PUNJAB VIDHAN SABHA

DEBATES

21st January, 1971

(Afternoon Sitting)

Vol. I–No. 6

OFFICIAL REPORT

LEGISLATIVE ASSEMBLY
PUNJAB

CONETNTS

Thursday, the 21st January, 1971
(Afternoon Sitting)

Punjab Vidhan Sabha Secretariat, Chandigarh.

Price. Rs. 6.10

ERRATA

To

PUNJAB VIDHAN SABHA DEBATES,

Dated the 21st January, 1971 (Afternoon Sitting)

Vol. I-No. 6.

Read	For	Page	Line
reply please see	rerly see	(6) 7	2nd from below
schemes	shcemes	(6) 8	7
improvement	iinprovemcnt	(6) 8	3rd from below
ਸੂਬਾ	ਸਬਾ	(6) 11	17
ਇੰਡੀਵਿਜੁਅਲ	ਇਨਡੀਵੀਜੁਅਲਦ	(6' 12	10
cases	crases	(6) 14	1
ਕੇਸਿਜ਼	ਕੇਮਿਜ	(6) 15	7
Minister of State	Minister of the State	(6) 15	7th from below
etc.	ete.	(6) 30	last
and	ond	(6) 31	3rd from below
TABLE	TABEL	(6) 41	Heading
ਹਨ	ਕਨ	(6) 64	last but one
Vote-on-Account	Vote-on Acocunt	(6) 67	Top Heading

Between Lines 8th & 9th from below read as under :

Mr. Chirman : These should not form part of the proceedings.

(Interruptions) (Noise)		(6) 67	
1969	969	(6) 69	15th from below
60-70% ਆਮਦਨੀ	60-70%	(6) 72	3rd from below
particularly	particulary	(6) 75	last but one
Shri Tandon	Tandon	(6) 79	2
ਪਾਰਟੀ	ਪਾਰਚੀ	(6) 81	2
ਚੀਫ਼ ਮਨਿਸਟਰ ਸਾਹਿਬ	ਚੀਫ਼ ਮਿ ਸਟਰ ਸਾਹਿਬ	(6) 84	19
ਚਾਹੀਦਾ	ਦਾਹੀਦਾ	(6) 84	20
1965	1 65	(6) 85	5th from below
laid	aid	(6) 87	8th from below
two	to	(6) 88	10th from below
ਹਮਦਰਦੀ	ਹਮਦਦਰਦੀ	(6) 95	4
ਵਿਖਾਇਆ	ਵਿਖਾਖਿਆ	(6) 96	3

PUNJAB VIDHAN SABHA

Thursday, the 21st January, 1971

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 2.00 P. M. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

STARRED QUESTION NO. *2171

ਸ੍ਰੀ ਸਪੀਕਰ : ਸਟਾਰਡ ਸਵਾਲ ਨੰ: 2171.

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨਹੀਂ ਆਏ ।

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਬਾਵਾ ਜੀ ਨੂੰ ਕਈ ਦਫਾ ਮੌਕਾ ਮਿਲਣਾ ਸੀ ਇਸ ਸਵਾਲ ਤੇ ਸਪਲੀਮੈਂਟਰੀਜ਼ ਦੇ ਜਵਾਬ ਦੇਣ ਦਾ । ਕੀ ਇਸੇ ਕਰਕੇ ਹੀ ਤਾਂ ਉਹ ਇਥੇ ਨਹੀਂ ਹਾਲੇ ਤਕ ਆਏ ?

ਸ੍ਰੀ ਸਪੀਕਰ : ਨਹੀਂ, ਇਹ ਗਲ ਤਾਂ ਨਹੀਂ ਹੈ । ਉਹ ਤਾਂ ਮੀਂਹ ਦੀ ਖੁਸ਼ੀ ਮਨਾ ਰਹੇ ਹਨ । ਇਸ ਸਵਾਲ ਨੂੰ ਪੈਂਡਿੰਗ ਰਖ ਲੈਂਦੇ ਹਾਂ ਜਦੋਂ ਆ ਜਾਣਗੇ ਉਦੋਂ ਇਸ ਨੂੰ ਟੇਕ ਅੱਪ ਕਰ ਲਵਾਂਗੇ । (No, that is not the position. The hon. Minister might be celebrating the coming of the rains. This question is kept pending and will be taken up when the Minister concerned turns up.)

ਸਰਦਾਰ ਉਮਰਾਓ ਸਿੰਘ : ਪੈਂਡਿੰਗ ਜ਼ਰੂਰ ਰਖ ਲਵੋ ਲੇਕਿਨ ਮਨਿਸਟਰ ਸਾਹਿਬ ਨੂੰ ਹਾਜ਼ਰ ਜ਼ਰੂਰ ਰਹਿਣਾ ਚਾਹੀਦਾ ਹੈ ।

PROFIT EARNED BY CONSUMER CO-OPERATIVE STORE, AMRITSAR.

*2104. **Shri Gian Chand Kharbanda** : Will the Minister of State for Co-operatives and Civil Aviation be pleased to state :

(a) the total amount of profit declared by the Amritsar Consumer Co-operative Store during the financial years ending 31.3.69 and 31 3.70, separately;

(b) the total income earned by the said store on the sale of sugar to Govt. Fair Price Shops, Amritsar on the permits issued by the Civil Supplies Department;

(c) the amount of income derived by the said store from the sale of Banaspati secured through official assistance;

(d) the amount of profit earned by the said store from the sale and supply of weights and measures to the Market Committees in the State, as required under Govt. instructions;

---

*Starred Question No. 2171 & its reply appear at page 15 infra.

[Shri Gian Chand Kharbanda]

(e) the profit or loss of the said store after deducting the income as mentioned in parts (b), (c) & (d) above ?

Sardar Surjit Singh : (a) profits are not declared according to financial year. They are declared according to Co-operative year ending on the 30th June each year. The profits declared by the Amritsar Central Co-operative Consumers Store for 1968-69 were Rs. 32,951/-. The profits for the year ending 30.6.70 would be declared after the accounts have been audited. Tentatively, the profits work out to Rs. 1.21 lacs.

(b) The store had a gross income of Rs. 95,000/- approximately during the year ending 30.6.70 on the sale of sugar to Govt. Fair Price Shops. Amritsar on the permits issued by the Civil Supplies Department.

(c) The Amritsar Store is not obtaining any vegetable ghee for distribution through any special Government assistance. The Store is, however, obtaining vegetable ghee from the Companies and is distributing the same. Gross income from this business during 1969-70 was approximately Rs. 9200/-.

(d) During the year ending 30.6.70, the income from the sale of weights and measures was Rs. 27,000/- approximately and for this sale, there were no Government instructions, whereby the store was required to supply scales and weights to the Market Committees.

(e) During the year ending 30.6.70 gross income of the store after deducting items at (b), (c) and (d) above was Rs. 4 32 lacs (Total gross income was Rs. 5.63 lacs and gross income from (b), (c) & (d) was Rs. 1.31 lacs).

[(ੳ) ਲਾਭ ਮਾਲੀ ਸਾਲ ਅਨੁਸਾਰ ਘੋਸ਼ਿਤ ਨਹੀਂ ਕੀਤਾ ਜਾਂਦਾ, ਇਹ ਸਹਿਕਾਰੀ ਸਾਲ ਅਨੁਸਾਰ ਹਰ ਸਾਲ 30 ਜੂਨ ਤਕ ਕੀਤਾ ਹੁੰਦਾ ਹੈ । ਸਾਲ 1968-69 ਵਿਚ ਅੰਮ੍ਰਿਤਸਰ ਕੇਂਦਰੀ ਖਪਤਕਾਰ ਸਟੋਰ ਦਾ ਲਾਭ 32,951/- ਰੁਪਏ ਹੋਇਆ ਸੀ । 30.6.70 ਨੂੰ ਖਤਮ ਹੋਣ ਵਾਲੇ ਸਾਲ ਦਾ ਲਾਭ ਸਟੋਰ ਦੇ ਹਿਸਾਬ ਕਿਤਾਬ ਦੀ ਪੜਤਾਲ ਪਿਛੋਂ ਘੋਸ਼ਿਤ ਕੀਤਾ ਜਾਵੇਗਾ । ਪਰ ਅਣ ਅੰਤਮ ਲਾਭ 12,1,000/- ਬਣਦਾ ਹੈ ।

(ਅ) ਸਟੋਰ ਨੂੰ 30.3.70 ਨੂੰ ਖ਼ਤਮ ਹੋਣ ਵਾਲੇ ਸਾਲ ਵਿਚ ਸਿਵਲ ਸਪਲਾਈ ਮਹਿਕਮੇ ਦੇ ਪਰਮਿਟਾਂ ਰਾਹੀਂ ਸਰਕਾਰੀ ਫ਼ੇਅਰ ਪਰਾਈਸ ਸ਼ਾਪਸ ਤੇ ਖੰਡ ਵੇਚਣ ਤੋਂ ਕੁਲ ਆਮਦਨੀ ਲੱਗ ਭੱਗ 95,000/- ਰੁਪਏ ਹੋਈ ।

(ੲ) ਇਸ ਸਟੋਰ ਨੂੰ ਕਿਸੇ ਖਾਸ ਸਰਕਾਰੀ ਸਹਾਇਤਾ ਨਾਲ ਬਨਾਸਪਤੀ ਘੀ ਨਹੀਂ ਮਿਲਦਾ ਹੈ । ਫਿਰ ਵੀ ਸਟੋਰ ਸਿਧਾ ਕੰਪਨੀਆਂ ਤੋਂ ਲੈਂਦਾ ਹੈ ਤੇ ਵੇਚਦਾ ਹੈ । ਇਸ ਕੰਮ ਤੋਂ ਸਾਲ 1969-70 ਵਿਚ ਲੱਗ ਭੱਗ 92,00/- ਰੁਪਏ ਕੁੱਲ ਆਮਦਨੀ ਹੋਈ ਹੈ ।

(ਸ) 30.6.70 ਨੂੰ ਖਤਮ ਹੋਣ ਵਾਲੇ ਸਾਲ ਵਿਚ ਤੱਕੜੀ ਵੱਟੇ ਵੇਚਣ ਤੋਂ ਲੱਗ ਭੱਗ 27000/-ਰੁਪਏ ਆਮਦਨ ਹੋਈ ਹੈ ਅਤੇ ਸਰਕਾਰ ਵਲੋਂ ਤੱਕੜੀ ਵੱਟੇ ਮਾਰਕਿਟ ਕਮੇਟੀਆਂ ਨੂੰ ਵੇਚਣ ਲਈ ਕੋਈ ਹਦਾਇਤ ਨਹੀਂ ਸੀ ।

(ਹ) 30.6.70 ਨੂੰ ਖਤਮ ਹੋਣ ਵਾਲੇ ਸਾਲ ਵਿਚ ਉੱਪਰ ਲਿਖੇ (ਅ) (ਏ) (ਸ) ਨੂੰ ਕੱਢ ਕੇ ਕੁੱਲ ਆਮਦਨ 4.32 ਲੱਖ ਹੋਈ ਸੀ (ਕੁਲ ਆਮਦਨ 5.63 ਲੱਖ ਅਤੇ (ਅ) (ਏ) (ਸ) ਤੋਂ ਕੁੱਲ ਆਮਦਨ 1.31 ਲੱਖ।)

ਸ੍ਰੀ ਗਿਆਨ ਚੰਦ ਖਰਬੰਦਾ : ਜੇ ਮਨਿਸਟਰ ਸਾਹਿਬ ਦੀ ਸਟੇਟਮੈਂਟ ਨੂੰ ਵੇਖੀਏ ਤਾਂ ਪਤਾ ਲਗਦਾ ਹੈ ਕਿ ਸਪਲਾਈ ਮਹਿਕਮੇ ਦੇ ਪਰਮਿਟ ਤੇ ਸਰਕਾਰੀ ਫੇਅਰ ਪ੍ਰਾਈਸ ਸ਼ਾਪਸ ਤੇ ਖੰਡ ਵੇਚਣ ਤੋਂ 95 ਹਜ਼ਾਰ ਰੁਪਏ ਦੀ ਆਮਦਨੀ ਹੋਈ। ਅੰਮ੍ਰਿਤਸਰ ਦਾ ਸਟੋਰ ਬਜਾਏ ਨਫ਼ੇ ਦੇ ਨੁਕਸਾਨ ਵਿਚ ਕਿਉਂ ਜਾ ਰਿਹਾ ਹੈ ?

ਰਾਜ ਮੰਤਰੀ : ਠੀਕ ਹੈ ਜੀ, ਇਸ ਵਿਚ ਮਾਰਜਨ ਆਫ ਪਰਾਫਿਟ ਐਟ ਕਾਸਟ ਪ੍ਰਾਈਸ ਦਿਤਾ ਗਿਆ ਸੀ।

ਸ੍ਰੀ ਬਲਰਾਮ ਦਾਸ ਟੰਡਨ : ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਆਮ ਤੌਰ ਤੇ ਸਭ ਜਗ੍ਹਾ ਕਨਜ਼ਿਊਮਰ ਸਟੋਰਜ਼ ਘਾਟੇ ਵਿਚ ਜਾ ਰਹੇ ਹਨ। ਸਿਰਫ ਕਿਤਾਬਾਂ ਵਿਚ ਹੀ ਮਨਾਫਾ ਦਿਖਾਇਆ ਗਿਆ ਹੈ। ਕੀ ਗੌਰਮਿੰਟ ਇਨ੍ਹਾਂ ਸਟੋਰਾਂ ਨੂੰ ਇਸ ਹਾਲਤ ਵਿਚ, ਜਦ ਕਿ ਇਹ ਘਾਟੇ ਵਿਚ ਜਾ ਰਹੇ ਹਨ, ਜਾਰੀ ਰਖੇਗੀ ਜਾਂ ਕਿ ਬੰਦ ਕਰ ਦੇਵੇਗੀ ?

ਰਾਜ ਮੰਤਰੀ : ਇਸ ਮਾਮਲੇ ਵਿਚ ਗੌਰਮਿੰਟ ਜ਼ਰੂਰ ਇਨਕੁਆਇਰੀ ਕਰਾਵੇਗੀ ਕਿ ਇਨ੍ਹਾਂ ਸਟੋਰਾਂ ਵਿਚੋਂ ਬੈਨੀਫਿਟ ਹੁੰਦਾ ਹੈ ਜਾਂ ਕਿ ਨਹੀਂ ਹੁੰਦਾ । ਇਹ ਜਿਹੜਾ ਦਸਿਆ ਗਿਆ ਹੈ ਕਿ ਗਲਤ ਪਰਾਫਿਟ ਸ਼ੋ ਕੀਤਾ ਜਾਂਦਾ ਹੈ, ਇਸ ਦੇ ਬਾਰੇ ਵਿਚ ਵੀ ਦੇਖਿਆ ਜਾਵੇਗਾ।

ਕਾਮਰੇਡ ਸੱਤ ਪਾਲ ਡਾਂਗ : ਕੀ ਇਹ ਗਲ ਠੀਕ ਹੈ ਕਿ ਅੰਮ੍ਰਿਤਸਰ ਦੇ ਸਟੋਰ ਦੇ ਬਾਰੇ ਸੀਰੀਅਸ ਐਲੀਗੇਸ਼ਨਜ਼ ਲਗ ਕੇ ਸਰਕਾਰ ਕੋਲ ਆਏ ਪਏ ਹਨ ? ਇਹ ਇਸ ਦੀ ਇਨਕੁਆਇਰੀ ਕਰ ਲੈਣ ਗੱਲ ਸਾਫ ਹੋ ਜਾਵੇਗੀ।

ਰਾਜ ਮੰਤਰੀ : ਇਹ ਐਲੀਗੇਸ਼ਨਜ਼ ਮੇਰੇ ਕੋਲ ਨਹੀਂ ਆਏ। ਜੇ ਮੈਨੂੰ ਦੇ ਦੇਣਗੇ ਤਾਂ ਜ਼ਰੂਰ ਇਨਕੁਆਇਰੀ ਕਰਾ ਲਵਾਂਗੇ ਅਤੇ ਐਕਸ਼ਨ ਲਵਾਂਗੇ।

चौधरी बलबीर सिंह : तकरीबन जितने भी स्टोरज़ हैं वह सभी के सभी घाटे में हैं। जो हुशियारपुर का कनज़्यूमर स्टोर है वह 35,000/- रुपए सालाना घाटे में जा रहा है, प्राफिट का तो सवाल ही पैदा नहीं होता। क्या सरकार कोई ऐसी स्कीम बनाएगी जिस से सरकार को घाटा बर्दाश्त न करना पड़े ?

ਰਾਜ ਮੰਤਰੀ : ਇਹ ਚੀਜ਼ ਜਲਦੀ ਤੋਂ ਜਲਦੀ ਕਰਾਂਗੇ।

ਸਰਦਾਰ ਸਰੂਪ ਸਿੰਘ : ਜਦੋਂ ਬੈਲੈਂਸ ਸ਼ੀਟ ਬਣਾਉਂਦੇ ਹਨ ਉਸ ਵੇਲੇ ਜਿਹੜਾ ਮਾਲ ਪਿਆ ਹੁੰਦਾ ਹੈ ਉਹਦਾ ਜ਼ਿਆਦਾ ਰੇਟ ਲਗਾ ਕੇ ਮੁਨਾਫਾ ਸ਼ੋ ਕਰਦੇ ਹਨ। ਕੀ ਕੋਈ ਐਸਾ ਤਰੀਕਾ ਅਪਣਾਉਗੇ ਜਿਸ ਨਾਲ ਇਹ ਹੇਰਾ ਫੇਰੀ ਬੰਦ ਹੋ ਜਾਵੇ ਅਤੇ ਬਿਲ ਦੇ ਮੁਤਾਬਿਕ ਕੀਮਤ ਲਗ ਸਕੇ ਅਤੇ ਪਰਾਫਿਟ ਅਤੇ ਲਾਸ ਦਾ ਪਤਾ ਲਗ ਸਕੇ ?

ਰਾਜ ਮੰਤਰੀ : ਜੇ ਕੋਈ ਇਹੋ ਜਿਹੀ ਕਾਰਵਾਈ ਮੇਰੇ ਨੋਟਿਸ ਵਿਚ ਲਿਆਂਦੀ ਜਾਵੇਗੀ ਤਾਂ ਜ਼ਰੂਰ ਐਕਸ਼ਨ ਲਿਆ ਜਾਵੇਗਾ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮਨਿਸਟਰ ਸਾਹਿਬ ਨੂੰ ਇਸ ਗਲ ਦਾ ਇਲਮ ਹੈ ਕਿ ਜਿਹੜਾ ਅੰਮ੍ਰਿਤਸਰ ਦਾ ਸਟੋਰ ਹੈ ਉਸ ਨੂੰ ਬਾਜ਼ਾਰ ਵਿਚੋਂ ਕਰੈਡਿਟ ਤੇ ਮਾਲ ਘਟ ਮਿਲਦਾ ਹੈ ? (ਵਿਘਨ)

[ਸ੍ਰੀ ਗਿਆਨ ਚੰਦ ਖਰਬੰਦਾ]

ਮਿਲਾਂ ਦੇ ਮਾਲਕ ਇਹ ਕਹਿੰਦੇ ਹਨ ਕਿ ਪਹਿਲਾਂ ਐਡਵਾਂਸ ਦਿਉ ਤਾ ਫੇਰ ਮਾਲ ਮਿਲ ਸਕੇਗਾ ।

ਰਾਜ ਮੰਤਰੀ : ਇਸ ਦੀ ਇਨਕੁਆਇਰੀ ਕਰਾ ਲਵਾਂਗੇ ।

THRIFT AND CREDIT SOCIETIES

*2152. **Sardar Gurbanta Singh** : Will the Minister of State for Co-operatives and Civil Aviation be pleased to state :

(a) the number of Thrift and Credit Societies in the State at present alongwith the number of members thereof;

(b) the factors taken into account while fixing the limit of maximum amount of loans for the said Societies;

(c) whether it is a fact that the limit of maximum amount of loans for Harijan members of such Societies has been lowered ?

Sardar Surjit Singh : (a) The number of agricultural as well as on-agricultural Thrift and Credit Societies as on 30.6.1970 is 2406 and their membership is 1.55 lacs.

(b) The maximum borrowing limits of these societies are fixed keeping in view the total of borrowing eligibility of members and resources available with the Central Co-operative Banks.

(c) No.

[(ਏ) ਜ਼ਿਮੀਂਦਾਰਾਂ ਤੇ ਗੈਰ ਜ਼ਿਮੀਦਾਰਾਂ, ਕਰਜ਼ਾ ਤੇ ਕਿਫ਼ਾਇਤ ਸੁਆਰੀ ਸਹਿਕਾਰੀ ਸਭਾਵਾਂ ਦੀ ਗਿਣਤੀ ਮਿਤੀ 30.6.70 ਨੂੰ 2406 ਅਤੇ ਉਹਨਾਂ ਦੇ ਮੈਂਬਰਾਂ ਦੀ ਗਿਣਤੀ 1.55 ਲੱਖ ਹੈ ।

(ਬੀ) ਇਹਨਾਂ ਸਭਾਵਾਂ ਦਾ ਹੱਦ ਕਰਜ਼ਾ, ਕਰਜ਼ਾ ਲੈਣ ਵਾਲੇ ਮੈਂਬਰਾਂ ਦੇ ਨਿਯਮ ਅਨੁਸਾਰ ਉਧਾਰ ਲੈਣ ਦੀ ਯੋਗਤਾ ਬਣਦੀ ਅਤੇ ਸਬੰਧਤ ਕੇਂਦਰੀ ਸਹਿਕਾਰੀ ਬੈਂਕ ਦੇ ਵਿੱਤੀ ਸਾਧਨਾਂ ਨੂੰ ਧਿਆਨ ਵਿਚ ਰਖ ਕੇ, ਨੀਯਤ ਕੀਤਾ ਜਾਂਦਾ ਹੈ ।

(ਸੀ) ਨਹੀਂ ।]

ਸਰਦਾਰ ਗੁਰਬੰਤਾ ਸਿੰਘ : ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਇਨ੍ਹਾਂ ਸਭਾਵਾਂ ਦਾ ਹੱਦ ਕਰਜ਼ਾ ਨੀਯਤ ਕਰ ਦਿਤਾ ਸੀ । ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕਿਸੇ ਸੋਸਾਇਟੀ ਵਿਚ ਚਲੇ ਜਾਉ ਇਨਸਪੈਕਟਰਾਂ ਨੇ ਇਹ ਕਿਹਾ ਹੈ ਕਿ ਰਿਜ਼ਰਵ ਬੈਂਕ ਆਫ਼ ਇੰਡੀਆ ਨਹੀਂ ਮੰਨਦਾ ਇਸ ਕਰਕੇ ਇਹ ਕਰਜ਼ੇ ਦੀ ਹੱਦ ਘਟ ਕਰ ਦਿਤੀ ਹੈ । ਇਹ ਗਲ ਤਾਂ ਫੇਰ ਠੀਕ ਨਹੀਂ ਹੈ ।

ਰਾਜ ਮੰਤਰੀ : ਅਜਿਹੀ ਗੱਲ ਤਾਂ ਨਹੀਂ ਹੈ । ਪਰ ਫੇਰ ਵੀ ਜੇ ਕੋਈ ਚੀਜ਼ ਸਾਡੇ ਨੋਟਿਸ ਵਿਚ ਲਿਆਂਦੀ ਜਾਵੇ ਤਾਂ ਜ਼ਰੂਰ ਐਕਸ਼ਨ ਲਵਾਂਗੇ ।

ਖੇਤੀ ਬਾੜੀ ਮੰਤਰੀ : ਪਿੰਡਾਂ ਵਿਚ ਜਿਹੜੀਆਂ ਕੋਆਪ੍ਰੇਟਿਵ ਸੁਸਾਇਟੀਆਂ ਹਨ, ਪਹਿਲੇ ਉਥੋਂ ਫਰਟੇਲਾਈਜ਼ਰ ਅਤੇ ਐਗਰੀਕਲਚਰ ਦੇ ਇੰਪਲੀਮੈਂਟਸ ਲਈ ਜਿਹੜੇ ਕਰਜ਼ੇ ਦਿਤੇ ਜਾਂਦੇ ਸਨ, ਹੁਣ ਉਨ੍ਹਾਂ ਕਰਜ਼ਿਆਂ ਦੀ ਹੱਦ ਵਧਾ ਦਿਤੀ ਹੈ । ਕਿਸੇ ਦਾ ਹਜ਼ਾਰ ਕਿਸੇ ਦਾ ਡੇਢ ਹਜ਼ਾਰ, ਅਤੇ ਕਿਸੇ ਦਾ 4 ਹਜ਼ਾਰ ਰੁਪਿਆ

ਹੋ ਗਿਆ ਹੈ। ਉਸ ਦੇ ਵਿਚ, ਜਿਸ ਦੀ ਜ਼ਮੀਨ ਹੈ, ਹਰੀਜਨ ਵੀ ਹੋ ਸਕਦਾ ਹੈ ਹੋਰ ਕੋਈ ਵੀ ਹੋ ਸਕਦਾ ਹੈ ਉਹ ਕਰਜ਼ਾ ਲੈ ਸਕਦਾ ਹੈ। ਸੋ ਕਰਜ਼ੇ ਘਟਾਏ ਨਹੀਂ ਗਏ।

ਸਰਦਾਰ ਗੁਰਬੰਤਾ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੋਆਪ੍ਰੇਟਿਵ ਸੁਸਾਇਟੀਆਂ ਅਤੇ ਬੈਂਕਾਂ ਨੇ ਜਿਹੜੇ ਕਰਜ਼ੇ ਮਨਜ਼ੂਰ ਕੀਤੇ ਸਨ, ਉਹ ਘਟਾਏ ਕਿਉਂ ਗਏ ਹਨ ?

ਖੇਤੀ ਬਾੜੀ ਮੰਤਰੀ : ਕੋਈ ਨਹੀਂ ਘਟਾਏ ਗਏ। ਅਗਰ ਕੋਈ ਘਟਾਇਆ ਗਿਆ ਹੈ ਔਰ ਤੁਹਾਡੇ ਨੋਟਿਸ ਵਿਚ ਹੈ ਤਾਂ ਦਸੋ, ਇਨਕੁਆਇਰੀ ਕਰਵਾ ਲਵਾਂਗੇ।

ਸਰਦਾਰ ਸੰਤੋਖ ਸਿੰਘ ਰੰਧਾਵਾ : ਕੀ ਵਜ਼ੀਰ ਸਾਹਿਬ ਦੱਸਣ ਦੀ ਕ੍ਰਿਪਾਲਤਾ ਕਰਨਗੇ ਕਿ ਜਿਸ ਤਰ੍ਹਾਂ ਇਹ ਕਹਿੰਦੇ ਹਨ ਕਿ ਹੱਦ ਕਰਜ਼ੇ ਵਧਾਏ ਹਨ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਹ ਹੱਦ ਕਰਜ਼ੇ ਵਧਾਏ ਹਨ ਕੀ ਇਹ ਇਸ ਰਕਮ ਨੂੰ ਛਿਮਾਹੀ ਦੀ ਬਜਾਏ ਸਾਲ ਜਾਂ ਡੇਢ ਸਾਲ ਵਿਚ ਵਾਪਿਸ ਲੈਣ ਦੀ ਕੋਸ਼ਿਸ਼ ਕਰਨਗੇ। ਕਿਉਂ ਕਿ ਜ਼ਿਮੀਂਦਾਰ ਦਾ ਜਿਹੜਾ ਆਨਾਜ ਆਉਂਦਾ ਹੈ ਉਹ ਤੁਸੀਂ ਬਾਹਰਲੇ ਸੂਬਿਆਂ ਨੂੰ ਵੇਚਦੇ ਹੋ ਅਤੇ ਪੰਜਾਬ ਨੂੰ ਆਮਦਨ ਹੁੰਦੀ ਹੈ। ਇਹ ਸਾਰੀਆਂ ਚੀਜ਼ਾਂ, ਜਿਸ ਤਰ੍ਹਾਂ ਤੁਸੀਂ ਉਨ੍ਹਾਂ ਨੂੰ ਖਾਦ ਦੀ ਰਾਹੀਂ ਕਰਜ਼ੇ ਦਿੰਦੇ ਹੋ, ਆਇਆ ਇਹ ਸਬਸੇਡਾਈਜ਼ ਕਰ ਕੇ ਐਗਰੀਕਲਚਰ ਪਰਪਜ਼ ਵਾਸਤੇ ਉਨ੍ਹਾਂ ਲਈ ਕੁਝ ਕਰੋਗੇ ?

ਖੇਤੀ ਬਾੜੀ ਮੰਤਰੀ : ਇਹ ਜਿਹੜਾ ਕਰਜ਼ਾ ਹੈ, ਇਸ ਨੂੰ ਫਸਲੀ ਕਰਜ਼ਾ ਕਿਹਾ ਜਾਂਦਾ ਹੈ। ਪਹਿਲੇ ਘੱਟ ਕਰਜ਼ਾ ਦਿੰਦੇ ਸੀ ਹੁਣ ਇਹ ਵਧਾਇਆ ਗਿਆ ਹੈ। ਹੁਣ ਇਸ ਦੇ ਵਿਚ ਨਕਦ ਕੈਸ਼ ਘੱਟ ਦਿੰਦੇ ਹਾਂ, ਉਸ ਨੂੰ ਖਾਦ ਅਤੇ ਹੋਰ ਜਿਹੜੀਆਂ ਯੂਜ਼ ਦੀਆਂ ਚੀਜ਼ਾਂ ਹਨ, ਉਹ ਦਿੰਦੇ ਹਾਂ। ਉਸ ਦਾ ਵਿਆਜ ਉਹੀ ਹੈ ਜੋ ਪਹਿਲੇ ਹੈ। ਸੋ ਘੱਟ ਕਰਨ ਦਾ ਸਵਾਲ ਨਹੀਂ। ਬਾਕੀ ਪਤਾ ਨਹੀਂ ਇਹ ਕਿਹੜੇ ਪਾਸੇ ਘੱਟ ਕਰਨ ਦੀ ਗੱਲ ਕਰਦੇ ਹਨ ? (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸੁਸਾਇਟੀਆਂ ਦੇ ਵਿਚ ਜਿਹੜੇ ਬੇਜ਼ਮੀਨੇ ਹਰੀਜਨ ਹਨ, ਉਨ੍ਹਾਂ ਨੂੰ ਘੱਟ ਤੋਂ ਘੱਟ ਕਿੰਨਾ ਕਰਜ਼ਾ ਮਿਲਦਾ ਹੈ ? ਔਰ ਜ਼ਿਲ੍ਹਾ ਪਟਿਆਲਾ ਦੇ ਵਿਚ ਮੈਂ ਚੈਲਿੰਜ ਕਰਦਾ ਹਾਂ ਕਿ ਉਥੇ ਹਰੀਜਨਾਂ ਨੂੰ ਉੱਕਾ ਹੀ ਕਰਜ਼ਾ ਨਹੀਂ ਮਿਲਦਾ। ਕੀ ਵਜ਼ੀਰ ਸਾਹਿਬ ਇਸ ਮਾਮਲੇ ਦੀ ਪੜਤਾਲ ਕਰਾ ਕੇ ਉਨ੍ਹਾਂ ਨੂੰ ਕਰਜ਼ਾ ਦਿਵਾਉਣਗੇ ?

ਰਾਜ ਮੰਤਰੀ ਸਹਿਕਾਰਤਾ ਅਤੇ ਸਿਵਲ ਏਵੀਏਸ਼ਨ : ਇਸ ਦੀ ਪੜਤਾਲ ਕਰਵਾ ਕੇ ਉਨ੍ਹਾਂ ਨੂੰ ਵਧ ਤੋਂ ਵਧ ਦਿਵਾਵਾਂਗੇ।

ਸਰਦਾਰ ਉਮਰਾਓ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਕਰਜ਼ੇ ਦੀ ਹੱਦ ਗੌਰਮਿੰਟ ਮੁਕੱਰਰ ਕਰਦੀ ਹੈ ਜਾਂ ਕਿ ਸੁਸਾਇਟੀ ਆਪ ਕਰਦੀ ਹੈ ?

ਖੇਤੀ ਬਾੜੀ ਮੰਤਰੀ : ਉਨ੍ਹਾਂ ਦੀ ਆਪਣੀ ਮੀਟਿੰਗ ਹੁੰਦੀ ਹੈ ਇਸ ਬਾਰੇ ਕੋਆਪਰੇਟਿਵ ਇੰਸਪੈਕਟਰ ਉਥੇ ਜਾਂਦਾ ਹੈ ਔਰ ਉਸ ਜ਼ਿਮੀਂਦਾਰ ਦੀ ਜ਼ਮੀਨ ਦੇਖ ਕੇ ਇਹ ਕੀਤਾ ਜਾਂਦਾ ਹੈ।

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਪੁਛਿਆ ਸੀ ਕਿ ਕਰਜ਼ਾ ਸੁਸਾਇਟੀ ਮੁਕੱਰਰ ਕਰਦੀ ਹੈ ਜਾਂ ਕਿ ਗੌਰਮਿੰਟ ਕਰਦੀ ਹੈ ? (ਵਿਘਨ) ਵਜ਼ੀਰ ਸਾਹਿਬ ਕਹਿੰਦੇ ਹਨ ਕਿ ਕਰਜ਼ੇ ਘਟਾਏ ਨਹੀਂ। ਮੈਂ ਕਹਿੰਦਾ ਹਾਂ ਕਿ ਕਰਜ਼ੇ ਸੁਸਾਇਟੀ ਮੁਕੱਰਰ ਕਰਦੀ ਹੈ ਜਾਂ ਗੌਰਮਿੰਟ ਕਰਦੀ ਹੈ। (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੂੰ ਵੀ ਇਸ ਦਾ ਪਤਾ ਹੋਣਾ ਚਾਹੀਦਾ ਹੈ। ਕਮ-ਅਜ਼ ਕਮ ਇਹ ਦੱਸਣ ਕਿ ਕਰਜ਼ਾ ਕੌਣ ਮੁਕੱਰਰ ਕਰਦਾ ਹੈ ?

ਸ੍ਰੀ ਸਪੀਕਰ : ਤੁਸੀਂ ਸਵਾਲ ਪੁਛਦੇ ਪਏ ਹੋ ਜਾਂ ਇਨਫਰਮੇਸ਼ਨ ਦਿੰਦੇ ਪਏ ਹੋ ? (Is the hon. Member putting question or giving information ?)

ਸਰਦਾਰ ਉਮਰਾਓ ਸਿੰਘ : ਮੈਂ, ਸਪੀਕਰ ਸਾਹਿਬ, ਇਸ ਲਈ ਪੁਛਿਆ ਹੈ ਕਿਉਂਕਿ ਇਹ ਇਨ੍ਹਾਂ ਦੇ ਮਹਿਕਮੇ ਦੀ ਗੱਲ ਹੈ । ਕਮ-ਅਜ਼-ਕਮ ਪਤਾ ਲੱਗੇ ਕਿ ਇਨ੍ਹਾਂ ਨੂੰ ਆਪਣੇ ਡੀਪਾਰਟਮੈਂਟ ਦੀ ਵਾਕਫੀਅਤ ਹੈ ।

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਦੋਨੋਂ ਮਨਿਸਟਰ ਵਾਰੀ ਵਾਰੀ ਜਵਾਬ ਦੇ ਰਹੇ ਹਨ। (ਹਾਸਾ) ਮੈਂ ਦੱਸਣਾ ਚਾਹੁੰਦਾ ਹਾਂ ਕਿ ਕਰਜ਼ਾ ਘਟਾ ਦਿਤਾ ਗਿਆ ਹੈ ਅਤੇ ਪਹਿਲੇ ਜਿਤਨਾ ਨਹੀਂ ਰਿਹਾ । (ਵਿਘਨ) ਇਕ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਮਾਸਟਰ ਜੀ ਤੁਹਾਨੂੰ ਭੁਲੇਖਾ ਲੱਗਾ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਰੀਜਨਾਂ ਦੀ ਤਰੱਕੀ ਕਰ ਰਹੇ ਹਨ ਜਾਂ ਉਨ੍ਹਾਂ ਨੂੰ ਥੱਲੇ ਸੁੱਟ ਰਹੇ ਹਨ ? (ਵਿਘਨ)

ਖੇਤੀ ਬਾੜੀ ਮੰਤਰੀ : ਜਿਹੜੀਆਂ ਕੋਆਪ੍ਰੇਟਿਵ ਸੁਸਾਇਟੀਜ਼ ਐਗਰੀਕਲਚਰ ਦੇ ਬਾਰੇ ਪਿੰਡਾਂ ਵਿਚ ਹਨ, ਔਰ ਜਿਹੜੇ ਹਰੀਜਨ ਹਨ ਜਾਂ ਕੋਈ ਵੀ ਹਨ ਜਿਨ੍ਹਾਂ ਦੇ ਕੋਲ ਜ਼ਮੀਨ ਨਹੀਂ, ਉਨ੍ਹਾਂ ਦਾ ਹੱਦ ਕਰਜ਼ਾ ਵਧਿਆ ਨਹੀਂ ਅਤੇ ਪਹਿਲਾਂ ਜਿੰਨਾ ਹੀ ਹੈ, ਕੋਈ ਘਟਿਆ ਵੀ ਨਹੀਂ । (ਵਿਘਨ)

ਸ੍ਰੀ ਸਪੀਕਰ : ਉਨ੍ਹਾਂ ਨੇ ਸਪੈਸੀਫਿਕ ਜਵਾਬ ਦੇ ਦਿਤਾ ਹੈ ਕਿ ਕਰਜ਼ਾ ਨਹੀਂ ਘਟਿਆ। ਪਰ ਜੇ ਇਸ ਦੇ ਉਲਟ ਕੋਈ ਗੱਲ ਹੈ ਤਾਂ ਦਸੋ । (The hon. Minister has given a categorical reply that the loan has not been decreased. If there is any mis-statement then the hon. Member may point it out.)

ਚੌਧਰੀ ਜਗਤ ਰਾਮ : ਪਰ, ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਹ ਕਰਜ਼ਾ ਘਟ ਕੇ ਢਾਈ ਸੌ ਰੁਪਏ ਹੋ ਗਿਆ ਹੈ ਔਰ ਇਨ੍ਹਾਂ ਨੂੰ ਇਸ ਗਲ ਦਾ ਪਤਾ ਨਹੀਂ ਹੈ ।

ਸਰਦਾਰ ਉਮਰਾਓ ਸਿੰਘ : ਇਹ ਸੁਸਾਇਟੀਆਂ ਨੇ ਨਹੀਂ ਘਟਾਇਆ, ਇਹ ਮਹਿਕਮੇ ਨੇ ਘਟਾਇਆ ਹੈ । (ਵਿਘਨ)

ਸਰਦਾਰ ਰਾਜਾ ਸਿੰਘ : ਕੀ ਕੋਆਪ੍ਰੇਸ਼ਨ ਸਟੇਟ ਮਨਿਸਟਰ ਸਾਹਿਬ ਦੱਸਣ ਦੀ ਕ੍ਰਿਪਾਲਤਾ ਕਰਨਗੇ ਕਿ ਜਿਹੜੇ ਸੁਸਾਇਟੀਆਂ ਦੇ ਹਰ ਮਹੀਨੇ ਜਾਂ ਹਰ ਸਾਲ 30 ਜੂਨ ਤਕ ਆਡਿਟ ਕਰਨ ਦੇ ਰੂਲਜ਼ ਬਣੇ ਹਨ, ਕੀ ਉਨ੍ਹਾਂ ਸੁਸਾਇਟੀਆਂ ਨੂੰ ਜਿਨ੍ਹਾਂ ਦੀ ਆਡਿਟ ਕੀਤੀ ਗਈ ਹੈ ਔਰ ਜਿਨ੍ਹਾਂ ਦੇ ਮੁਤੱਲਕ ਇਨਫਰਮੇਸ਼ਨ ਮਹਿਕਮੇ ਦੇ ਅਫਸਰਾਂ ਨੇ ਗਲਤ ਦਿਤੀ ਹੈ, ਕੀ ਇਹੋ ਜਿਹੇ ਕੇਸਿਜ਼ ਵਿਚ ਵਜ਼ੀਰ ਸਾਹਿਬ ਕੋਈ ਐਕਸ਼ਨ ਲੈਣ ਦਾ ਇਰਾਦਾ ਰੱਖਦੇ ਹਨ ?

ਰਾਜ ਮੰਤਰੀ ਸਹਿਕਾਰਤਾ ਅਤੇ ਸਿਵਲ ਏਵੀਏਸ਼ਨ : ਇਸ ਦੇ ਬਾਰੇ ਸੈਪੇਰੇਟ ਨੋਟਿਸ ਦੇ ਦਿਓ । ਜੇ ਕੋਈ ਐਸੀ ਗੱਲ ਹੈ ਤਾਂ ਐਕਸ਼ਨ ਲਵਾਂਗੇ ।

(ਇਸ ਸਮੇਂ ਸ੍ਰੀ ਸਪੀਕਰ ਨੇ ਡਾਕਟਰ ਸਾਧੂ ਰਾਮ ਨੂੰ ਕਾਲ ਅਪਾਨ ਕੀਤਾ ।)

ਸਰਦਾਰ ਰਾਜਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਵਜ਼ੀਰ ਸਾਹਿਬ ਦਾ ਧਿਆਨ ਸਵਾਲ ਨੰ: 2058 ਵੱਲ ਦਿਵਾਉਣਾ ਚਾਹੁੰਦਾ ਹਾਂ ਜੋ ਮੈਂ ਇਥੇ ਪੁੱਟ ਕੀਤਾ ਸੀ । ਉਸ ਦੇ ਸਬੰਧ ਵਿਚ ਸਪੀਕਰ ਸਾਹਿਬ, ਜੋ ਮਹਿਕਮੇ ਨੇ ਡੀਟੇਲਜ਼ ਸਪਲਾਈ ਕੀਤੀਆਂ ਹਨ, ਉਹ ਗਲਤ ਹਨ । ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਇਸ ਬਾਰੇ ਐਕਸ਼ਨ ਲੈਣਗੇ ?

Mr. Speaker : Please resume your seat.

ਡਾਕਟਰ ਸਾਧੂ ਰਾਮ : ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਹਰੀਜਨਾਂ ਕੋਲ ਜ਼ਮੀਨ ਨਹੀਂ ਉਨ੍ਹਾਂ ਨੂੰ ਇਹ ਜਿਹੜਾ ਢਾਈ ਸੌ ਰੁਪਿਆ ਦਿੰਦੇ ਹਨ, ਇਹ ਉਨ੍ਹਾਂ ਨੂੰ ਕਹਿੰਦੇ ਹਨ ਕਿ ਤੁਸੀਂ ਸੌ ਰੁਪਏ ਦੀ ਖਾਦ ਲਓ ਅਤੇ ਬਾਕੀ ਤੁਹਾਨੂੰ ਦਿਆਂਗੇ ਕੀ ਫਿਰ ਇਹ ਖਾਦ ਉਨ੍ਹਾਂ ਨੂੰ ਦੇਣਾ ਬੰਦ ਕਰਨਗੇ ?

ਖੇਤੀ ਬਾੜੀ ਮੰਤਰੀ : ਜਿਨ੍ਹਾਂ ਕੋਲ ਜ਼ਮੀਨ ਨਹੀਂ, ਭਾਵੇਂ ਉਹ ਹਰੀਜਨ ਹਨ ਭਾਵੇਂ ਕੋਈ ਹੋਣ, ਉਨ੍ਹਾਂ ਨੂੰ ਖਾਦ ਨਹੀਂ ਦਿਤੀ ਜਾਂਦੀ ।

ਸਰਦਾਰ ਸਰੂਪ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਸ ਸਾਲ ਵਿਚ ਸਰਦਾਰ ਨਿਰਮਲ ਸਿੰਘ, ਏ. ਆਰ. ਨੇ ਜਲੰਧਰ ਸੁਸਾਇਟੀ ਤੇ ਛਾਪਾ ਮਾਰਿਆ ਹੈ ਅਤੇ ਕੋਈ ਇਕ ਡੇਢ ਲੱਖ ਦਾ ਗ਼ਬਨ ਹੋਇਆ ਨਿਕਲਿਆ ਹੈ ਔਰ ਉਸ ਦੀ ਰੀਕਵਰੀ ਨਹੀਂ ਹੋ ਰਹੀ ਔਰ ਏ. ਆਰ. ਨੂੰ ਬਦਲਿਆ ਗਿਆ ਹੈ । ਕੀ ਵਜ਼ੀਰ ਸਾਹਿਬ ਇਸ ਪਾਸੇ ਧਿਆਨ ਦੇਣਗੇ ?

ਰਾਜ ਮੰਤਰੀ ਸਹਿਕਾਰਤਾ ਅਤੇ ਸਿਵਲ ਏਵੀਏਸ਼ਨ : ਇਸ ਦਾ ਸੈਪਰੇਟ ਨੋਟਿਸ ਦਿਓ । (ਵਿਘਨ)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਲੱਖਾਂ ਰੁਪਏ ਦਾ ਗ਼ਬਨ ਉਸ ਏ. ਆਰ. ਨੇ ਫੜਿਆ ਹੈ ਔਰ ਉਸ ਏ. ਆਰ. ਨੂੰ ਬਦਲਿਆ ਗਿਆ ਹੈ । ਇਹ ਬੜਾ ਸੀਰੀਅਸ ਮਾਮਲਾ ਹੈ । (ਵਿਘਨ) ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਉਹ ਇਸ ਦੀ ਪੜਤਾਲ ਕਰਵਾ ਲੈਣ । (ਵਿਘਨ) ਦੂਸਰੀ ਗੱਲ ਇਹ ਹੈ ਕਿ ਜਿਵੇਂ ਤਰ੍ਹਾਂ ਮੈਂਬਰ ਸਾਹਿਬਾਨ ਕਹਿੰਦੇ ਹਨ ਕਿ ਪੈਸੇ ਘਟਾਏ ਗਏ ਹਨ ਤਾਂ ਕਿਉਂ ਘਟਾਏ ਗਏ ਹਨ, ਵਜ਼ੀਰ ਸਾਹਿਬ ਇਸ ਦੀ ਪੜਤਾਲ ਕਰ ਲੈਣ ?

ਸ੍ਰੀ ਸਪੀਕਰ : ਵਜ਼ੀਰ ਸਾਹਿਬ ਨੇ ਤਾਂ ਕਿਹਾ ਹੈ ਕਿ ਤੁਸੀਂ ਜੇ ਕੋਈ ਐਸੀ ਗੱਲ ਹੈ ਤਾਂ ਉਨ੍ਹਾਂ ਦੇ ਨੋਟਿਸ ਵਿਚ ਲਿਆਉ । (The hon. Minister has stated that the hon. Member may bring to his notice if there is any such complaint.)

STARRED QUESTION No. 2226*

ਵਿਸ਼ਾ : ਸਾਲ 1968-69 ਵਿਚ ਮੈਡੀਕਲ ਕਾਲਜਾਂ ਵਿਚ ਵਿਦਿਆਰਥੀਆਂ ਦੇ ਦਾਖਲੇ ਬਾਰੇ ।

ਕੀ ਸਪੀਕਰ, ਪੰਜਾਬ ਵਿਧਾਨ ਸਭਾ, ਡਾਕਟਰ ਸਾਧੂ ਰਾਮ, ਐਮ. ਐਲ. ਏ., ਵਲੋਂ ਪੁਛੇ ਗਏ ਅਸੈਂਬਲੀ ਸਵਾਲ ਨੰ: 2226*, ਜਿਹੜਾ ਕਿ ਉਪਰੋਕਤ ਵਿਸ਼ੇ ਤੇ ਹੈ, ਵੱਲ ਧਿਆਨ ਦੇਣ ਦੀ ਕਿਰਪਾਲਤਾ ਕਰਨਗੇ ?

2. ਇਸ ਸਵਾਲ ਵਿਚ ਜੋ ਸੂਚਨਾ ਸ੍ਰੀ ਸਾਧੂ ਰਾਮ, ਐਮ. ਐਲ. ਏ., ਨੇ ਪੁੱਛੀ ਹੈ ਉਹ ਮੈਡੀਕਲ ਕਾਲਜਾਂ ਵਿਚੋਂ ਇਕੱਤਰ ਕੀਤੀ ਜਾ ਰਹੀ ਹੈ । ਇਹ ਸਵਾਲ ਵਿਧਾਨ ਸਭਾ ਦੇ ਅਜੰਡੇ ਅਨੁਸਾਰ ਮਿਤੀ 21-1-1971, ਨੂੰ ਡਿਊ ਹੈ; ਪਰ ਇਹ ਸੂਚਨਾ ਇਤਨੀ ਜਲਦੀ ਇਕੱਠੀ ਨਹੀਂ ਕੀਤੀ ਜਾ ਸਕਦੀ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਨੂੰ 3 ਦਿਨਾਂ ਲਈ ਅੱਗੇ ਪਾ ਦਿੱਤਾ ਜਾਵੇ ।

ਸਹੀ/–

ਰਾਜ ਮੰਤਰੀ, ਮੈਡੀਕਲ ਸਿੱਖਿਆ ਅਤੇ
ਸਥਾਨਕ ਸਰਕਾਰ, ਪੰਜਾਬ ।

ਸੇਵਾ ਵਿਖੇ, ਸਪੀਕਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ।
ਗੈ: ਸ: ਨੰ: 858-1ਸ 1—71, ਮਿਤੀ ਚੰਡੀਗੜ੍ਹ 20 ਜਨਵਰੀ, 1971.

---

*For Starred Question No. 2226 & its rerly see Punjab Vidhan Sabha Debates date 27.1.71

SCHEMES OF IMPROVEMENT TRUST, PATHANKOT

*2260. **Chaudhri Ram Singh** : Will the Minister of State for Medical Education and Local Government be pleased to state :

(a) the total number of schemes of Pathankot Improvement Trust so far sanctioned by the Government stating the details and the total expenditure involved;

(b) the time by which the above mentioned shcemes are expected to be completed ?

ਸਰਦਾਰ ਰਵੇਲ ਸਿੰਘ : (ੳ) ਲੋੜੀਂਦੀ ਸੂਚਨਾ ਸਦਨ ਦੇ ਮੇਜ਼ ਤੇ ਰੱਖ ਦਿਤੀ ਗਈ ਹੈ।

(ਅ) ਇਹ ਕਹਿਣਾ ਮੁਸ਼ਕਲ ਹੈ ਕਿ ਸਕੀਮਾਂ ਨੂੰ ਸਿਰੇ ਚਾੜ੍ਹਨ ਵਿਚ ਕਿੰਨਾ ਸਮਾਂ ਲਗੇਗਾ। ਮੇਜ਼ ਤੇ ਰਖੀ ਗਈ ਸੂਚਨਾ ਵਿਚ ਨੰ: 1 ਤੇ ਦਰਸਾਈ ਗਈ ਸਕੀਮ ਮੁਕੰਮਲ ਹੋ ਚੁਕੀ ਹੈ। ਨੰ: 2 ਤੇ ਦਰਸਾਈ ਗਈ ਸਕੀਮ ਮੁਕੰਮਲ ਕੀਤੀ ਜਾ ਰਹੀ ਹੈ। ਬਾਕੀ ਦੀਆਂ ਸਕੀਮਾਂ ਸਬੰਧੀ ਵੀ ਛੇਤੀ ਹੀ ਕਾਰਵਾਈ ਕੀਤੀ ਜਾਵੇਗੀ।

ANNEXURE I

	Detail of Scheme Framed by the Improvement Trust (Pathankot)	Expenditure involved
1.	Night Shelter for Kashmiri Labourers on Siali Road, Pathankot.	2,27,184/-
2.	Slum Clearance Scheme for the construction of 140 small two roomed single storeyed houses behind Municipal Temperence Hall, Pathankot.	5,11,000/-
3.	Slum Clearance Scheme for the construction of 104 small two roomed double storeyed tenements opposite Gandhi Nagar, Gurdaspur Road, Pathankot.	5,30,400/-
4.	Development Scheme for Area No. I Part-I bounded by Dalhousi Road, Link Road, Mission Road, and Municipal Limits.	Rs. 19,04,000/-
5.	Development Scheme of Anandpur Area.	Rs. 17,00,000/-
6.	Development Scheme of Area 2 & 3 Part-I known as Wah Stone Area.	Rs. 10,71,000/-
7.	Development Scheme of Area No. 2. & 3 Part-2 (Acquisition Part-Only) bounded by Area No. 2 & 3 Part-I, Gadi Khana Road, LIC Road, and Dhangu Road, Pathankot.	Rs. 16,00,000/-
8.	Street Scheme for the improvement of Dhangu Chowk, Pathankot.	Rs. 7,62,500/-
9.	Street Scheme for the improvemcnt of A.P.K. Road from F.P. 66/4 to M.S. 68/0 Pathankot.	Rs. 87,02,000/-
	Total :	Rs. 1,70,08,084/-

ਚੌਧਰੀ ਰਾਮ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੀਆਂ ਸਕੀਮਾਂ ਇਸ ਜਵਾਬ ਦੇ ਆਈਟਮ ਨੰ: 8 ਤੇ 9 ਤੇ ਦਰਜ਼ ਹਨ, ਉਨ੍ਹਾਂ ਤੋਂ ਇੰਪਰੂਵਮੈਂਟ ਟਰੱਸਟ ਨੇ ਨੀਲਾਮੀ ਕਰ ਕੇ ਪੈਸੇ ਵਸੂਲ ਕਰ ਲਏ ਹਨ ਔਰ ਲੋਕਾਂ ਨੂੰ ਨੋਟਿਸ ਦਿਤੇ ਗਏ ਹਨ । ਪਰ ਇਨ੍ਹਾਂ ਨੇ ਜਵਾਬ ਵਿਚ ਕਿਹਾ ਹੈ ਕਿ ਅਸੀਂ ਕਹਿ ਨਹੀਂ ਸਕਦੇ । ਕੀ ਇਸ ਦਾ ਜਵਾਬ ਦੇਣਗੇ ?

ਰਾਜ ਮੰਤਰੀ : ਇਹ ਬਹੁਤ ਸਾਰੀਆਂ ਥਾਵਾਂ ਹਨ । ਇਨ੍ਹਾਂ ਦੇ ਲੈਣ ਦੇ ਵਿਚ ਵੀ ਬਹੁਤ ਸਾਰੀਆਂ ਲੀਗਲ ਅੜਿਚਣਾ ਹੁੰਦੀਆਂ ਹਨ, ਜਦ ਉਹ ਅੜਿਚਣਾ ਦੂਰ ਹੋ ਜਾਂਦੀਆਂ ਹਨ ਤਾਂ ਫਿਰ ਉਨ੍ਹਾਂ ਨੂੰ ਲੈ ਕੇ ਉਨ੍ਹਾਂ ਤੇ ਕੰਮ ਸ਼ੁਰੂ ਹੋ ਜਾਂਦਾ ਹੈ ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਮਪਰੂਵਮੈਂਟ ਟਰੱਸਟ ਦੇ ਅਧੀਨ ਹਰੀਜਨ ਮੁਲਾਜ਼ਮਾਂ, ਛੋਟੇ ਮੁਲਾਜ਼ਮਾਂ ਅਤੇ ਗਰੀਬਾਂ ਵਾਸਤੇ ਕੋਈ ਸਪੈਸ਼ਲ ਤੌਰ ਤੇ ਕਾਲੋਨੀਜ਼ ਬਣਾਉਣਗੇ ਤਾਂ ਕਿ ਜਿਹੜੇ ਨਿਲਾਮੀ ਵਗੈਰਾ ਵਿਚ ਪਲਾਟ ਨਹੀਂ ਲੈ ਸਕਦੇ ਉਨ੍ਹਾਂ ਨੂੰ ਰਹਿਣ ਵਾਸਤੇ ਜਗ੍ਹਾ ਦਿੱਤੀ ਜਾਵੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਸਕੀਮ ਮੁਕੰਮਲ ਹੋ ਰਹੀ ਹੈ । ਬਾਕੀਆਂ ਵਾਸਤੇ ਅਗਰ ਕੁਝ ਇਹ ਚਾਹੁੰਦੇ ਹਨ ਤਾਂ ਸੈਪਰੇਟ ਨੋਟਿਸ ਦੇ ਦੇਣ ।

ਸ੍ਰੀ ਗੁਰਦਿਆਲ ਸੈਣੀ : ਕੀ ਮਨਿਸਟਰ ਸਾਹਿਬ ਦਸਣਗੇ ਕਿ ਜਲੰਧਰ ਵਿਚ ਗਾਂਧੀ ਨਗਰ, ਜਿਹੜੀ ਕਿ ਹਰੀਜਨਾਂ ਦੀ ਆਬਾਦੀ ਹੈ, ਉਥੇ 800 ਘਰਾਂ ਨੂੰ, ਇਮਪਰੂਵਮੈਂਟ ਟਰੱਸਟ, ਇਕ ਟਰੱਕਾਂ ਦਾ ਅੱਡਾ ਬਣਾਉਣ ਵਾਸਤੇ ਉਜਾੜ ਰਿਹਾ ਹੈ ? ਕੀ ਉਹ ਅੱਡਾ ਕਿਧਰੇ ਹੋਰ ਨਹੀਂ ਹੋ ਸਕਦਾ ਤਾਂ ਕਿ ਇਨ੍ਹਾਂ ਨੂੰ ਨਾ ਉਜਾੜਿਆ ਜਾਵੇ ? (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਤਾਂ ਇਸ ਸਵਾਲ ਵਿਚੋਂ ਨਹੀਂ ਉਠਦਾ।

ਸ੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਦਸਣਗੇ ਕਿ ਇਮਪਰੂਵਮੈਂਟ ਟਰੱਸਟ ਵਾਲੇ ਜਿਹੜੀਆਂ ਜ਼ਮੀਨਾਂ ਲੋਕਾਂ ਤੋਂ ਲੈਂਦੇ ਹਨ ਉਹ ਇਕ ਡੇਢ ਰੁਪਏ ਗਜ਼ ਲੈ ਕੇ ਫਿਰ ਲੋਕਾਂ ਤੋਂ 70/– ਰੁਪਏ ਗਜ਼ ਦੇ ਹਿਸਾਬ ਨਾਲ ਵਸੂਲ ਕਰਦੇ ਹਨ । ਕੀ ਇਹ ਮੁਨਾਸਬ ਨਹੀਂ ਹੋਵੇਗਾ ਕਿ ਜਿਹੜੇ ਕਿਸਾਨਾਂ ਜਾਂ ਲੋਕਾਂ ਤੋਂ ਜ਼ਮੀਨ ਲਈ ਜਾਂਦੀ ਹੈ ਉਨ੍ਹਾਂ ਨੂੰ ਵੀ ਵੱਧ ਪੈਸੇ ਦਿਤੇ ਜਾਣ ? (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਤਾਂ ਸਵਾਲ ਸਿਰਫ ਪਠਾਨਕੋਟ ਇੰਪਰੂਵਮੈਂਟ ਟਰੱਸਟ ਬਾਰੇ ਹੈ । ਬਾਕੀ ਜਿਹੜੀ ਚੀਜ਼ ਮਾਨਯੋਗ ਮੈਂਬਰ ਚਾਹੁੰਦੇ ਹਨ ਉਸ ਦੇ ਵਾਸਤੇ ਸੈਪੇਰੇਟ ਨੋਟਿਸ ਦੇ ਦੇਣ ।

ਸ੍ਰੀ ਬਲਰਾਮ ਦਾਸ ਟੰਡਨ : ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਜਿਹੜੀ ਇਮਪਰੂਵ-ਮੈਂਟ ਟਰੱਸਟ ਦੀ ਪਾਲਿਸੀ ਚਲਦੀ ਹੈ ਉਸ ਦੇ ਮਾਤਹਿਤ ਜਿਹੜੇ ਰੈਜ਼ੀਡੈਂਸ਼ਲ ਕੁਆਰਟਰਜ਼ ਹਨ ਉਹ ਜ਼ਿਆਦਾ ਤੋਂ ਜ਼ਿਆਦਾ ਬੋਲੀ ਤੇ ਦਿਤੇ ਜਾਂਦੇ ਹਨ । ਇਹ ਗਰੀਬ ਆਦਮੀ ਇਸ ਤਰ੍ਹਾਂ ਨਿਲਾਮੀ ਤੇ ਨਹੀਂ ਖਰੀਦ ਸਕਦੇ ਅਤੇ ਵਡੇ ਵਡੇ ਆਦਮੀ ਖਰੀਦ ਲੈਂਦੇ ਹਨ । ਕੀ ਜਿਸ ਤਰ੍ਹਾਂ ਦਿੱਲੀ ਅਥਾਰਟੀ ਨੇ ਰੇਟ ਫਿਕਸ ਕੀਤਾ ਹੈ ਉਸੇ ਤਰ੍ਹਾਂ ਹੀ ਇਥੇ ਕਰ ਦਿਤਾ ਜਾਵੇਗਾ ਤਾਂ ਕਿ ਗਰੀਬ ਆਦਮੀ ਨੂੰ ਵੀ ਕੁਝ ਮਿਲ ਸਕੇ ? ਕੀ ਇਹੋ ਜਿਹੀ ਕੋਈ ਪਾਲਿਸੀ ਬਣਾਉਣਗੇ ?

ਰਾਜ ਮੰਤਰੀ : ਇਸ ਗਲ ਤੇ ਵਿਚਾਰ ਕਰ ਲਵਾਂਗੇ । ਵੈਸੇ ਇਸ ਸਵਾਲ ਦੇ ਜੁਆਬ ਵਿਚ ਦਸਿਆ ਗਿਆ ਹੈ ਕਿ ਇਕ ਕਾਲੋਨੀ ਕਸ਼ਮੀਰੀ ਲੇਬਰਰਜ਼ ਦੀ ਰਿਹਾਇਸ਼ ਵਾਸਤੇ ਹੈ । (ਵਿਘਨ)

———

SECRETARIES TO GOVERNMENT, PUNJAB

*2052. **Comrade Satya Pal Dang** : Will the Chief Minister be pleased to state :

(a) the names of officers promoted as Secretaries to Government, Punjab during the period from 1.2.69 up to date with the date of promotion in each case;

(b) the total number of Secretaries to Government, Punjab as on 1.4.65, 1.4.66, 1.4.67. 1.4.68, 1.4.69, 1.4.70 and at present;

(c) the names of officers promoted/given the rank and grade of Commissioner during the period from 1.2.1969 upto date with the date of promotion in each case;

(d) the total number of officers in the Commissioner's rank as on 1.4.65, 1.4.66, 1.4.67, 1.4.68 ,1.4.69, 1.4.70 and at present ?

Sardar Parkash Singh Badal : A statement containing the requisite information is laid on the Table of the House.

(ਇਕ ਵਿਵਰਣ ਜਿਸ ਵਿੱਚ ਲੋੜੀਂਦੀ ਸੂਚਨਾ ਦਰਜ ਹੈ ਵਿਧਾਨ ਸਭਾ ਦੀ ਮੇਜ਼ ਤੇ ਰਖਿਆ ਜਾਂਦਾ ਹੈ ।)

STATEMENT

(a) Names of officers appointed as or given the rank of Secretaries from 1.2.1969 to-date.

1.	Shri R. S. Phoolka	18.2.69
2.	Shri Banwari Lal Kakkar	16.6.69
3.	Shri V.P. Malhotra	16.6.69
4.	Shri P.C. Suri	1.11.69
5.	Shri S.S. Bedi	3.11.69
6.	Shri K.S. Ahluwalia	10.4.70

(b) Total number of Secretaries to Government on the dates mentioned below ·

1.4.65	16 (one Special Secretary in addition)
1.4.66	16
1.4.67	10
1.4.68	10
1.4.69	10
1.4.70	10
At present	11

(c) Names of officers promoted/given the rank and grade of Commissioner from 1.2.69 to-date :

1. Mrs. Serla Grewal.	18.6.69
2. Shri G.R. Vij.	16.6.69
3. Shri Parmjit Singh.	24.4.70
4. Shri P.K. Kathpalia.	23.6.70

(d) Number of officers in Commissioner's rank on the dates given below :

1.4.65	8
1.4.66	14
1.4 67	6
1.4.68	6
1.4.69	5
1.4.70	5
At present	7

ਕਾਮਰੇਡ ਸੱਤ ਪਾਲ ਡਾਂਗ : ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਪੰਜਾਬ ਨਾਲੋਂ ਬਹੁਤ ਜ਼ਿਆਦਾ ਕਈ ਵਡਿਆਂ ਸੂਬਿਆਂ ਵਿਚ ਕਮਿਸ਼ਨਰ ਦਾ ਗਰੇਡ ਕਿਸੇ ਅਫ਼ਸਰ ਨੂੰ ਨਹੀਂ ਦਿਤਾ ਗਿਆ, ਪੰਜਾਬ ਜਦ ਕਿ ਛੋਟਾ ਜਿਹਾ ਸੂਬਾ ਹੈ ਇਸ ਵਿਚ 7 ਆਈ. ਏ. ਐਸ. ਸੈਕਟਰੀਜ਼ ਨੂੰ ਕਮਿਸ਼ਨਰ ਦਾ ਗਰੇਡ ਦੇਣ ਦੀ ਕਿਉਂ ਲੋੜ ਪਈ ?

ਮੁੱਖ ਮੰਤਰੀ : ਦੂਸਰੇ ਸੂਬਿਆਂ ਦਾ ਸਾਨੂੰ ਪਤਾ ਨਹੀਂ, ਅਸੀਂ ਆਪਣੀ ਜ਼ਰੂਰਤ ਦੇ ਮੁਤਾਬਕ ਕਰ ਦਿਤਾ ਹੈ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਫ਼ੁਰਮਾਇਆ ਹੈ ਕਿ ਦੂਸਰੇ ਸੂਬਿਆਂ ਦਾ ਤਾਂ ਸਾਨੂੰ ਪਤਾ ਨਹੀਂ ਆਪਣੀ ਜ਼ਰੂਰਤ ਦੇ ਮੁਤਾਬਕ ਕੀਤਾ ਹੈ । ਕੀ ਚੀਫ਼ ਮਨਿਸਟਰ ਸਾਹਿਬ ਮੈਨੂੰ ਸਮਝਾਉਣਗੇ ਕਿ ਜਿਨ੍ਹਾਂ ਸੈਕਟਰੀਜ਼ ਨੂੰ ਕਮਿਸ਼ਨਰਜ਼ ਬਣਾਇਆ ਹੈ ਜੇ ਉਨ੍ਹਾਂ ਨੂੰ ਕਮਿਸ਼ਨਰਜ਼ ਨਾ ਬਣਾਇਆ ਜਾਂਦਾ ਔਰ ਸੈਕਟਰੀਜ਼ ਦਾ ਰੈਂਕ ਹੀ ਰਹਿਣ ਦਿਤਾ ਜਾਂਦਾ ਤਾਂ ਕੰਮ ਵਿਚ ਕੀ ਫ਼ਰਕ ਪੈਣਾ ਸੀ ?

ਮੁੱਖ ਮੰਤਰੀ : ਪ੍ਰੋਮੋਸ਼ਨਜ਼ ਤਾਂ ਐਨਕਰੇਜਮੈਂਟ ਵਾਸਤੇ ਦੇਣੀ ਹੀ ਪੈਂਦੀ ਹੈ ।

ਚੌਧਰੀ ਤੁਲਸੀ ਰਾਮ ਚੌਹਾਨ : ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਇਸ ਵੇਲੇ ਪੰਜਾਬ ਦੇ ਵਿਚ ਕਮਿਸ਼ਨਰ ਕਿਤਨੇ ਹਨ ਅਤੇ ਪਹਿਲਾਂ ਪੁਰਾਣੇ ਪੰਜਾਬ ਵਿਚ ਕਿਤਨੇ ਕਮਿਸ਼ਨਰ ਹੁੰਦੇ ਸਨ ? (ਵਿਘਨ)

ਸ੍ਰੀ ਸਪੀਕਰ : ਚੌਹਾਨ ਸਾਹਿਬ, ਪੁਰਾਣੇ ਪੰਜਾਬ ਦਾ ਇਸ ਨਾਲ ਕੋਈ ਤੁਅੱਲਕ ਨਹੀਂ । (ਵਿਘਨ) (*Addressing Chaudhri Tulsi Ram Chauhan* : the information supplied by the hon. Minister has no connection with the erstwhile Punjab.) (Interruption)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਹੁਣੇ ਦਸਿਆ ਹੈ ਕਿ ਅਸੀਂ ਆਪਣੀ ਜ਼ਰੂਰਤ ਮੁਤਾਬਕ ਕਮਿਸ਼ਨਰ ਰਖੇ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ

[ਸਰਦਾਰ ਉਮਰਾਓ ਸਿੰਘ]

ਨੂੰ 7 ਕਮਿਸ਼ਨਰਜ਼ ਰਖਣ ਦੀ ਜ਼ਰੂਰਤ ਇਸ ਕਰਕੇ ਹੈ ਕਿ ਉਨ੍ਹਾਂ ਦੇ ਸਾਥੀ ਵਜ਼ੀਰ ਦੌਰੇ ਤੇ ਜ਼ਿਆਦਾ ਰਹਿੰਦੇ ਹਨ ਔਰ ਕੰਮ ਨਹੀਂ ਕਰਦੇ ਔਰ ਕੰਮ ਕਰਨ ਵਾਸਤੇ ਇਨ੍ਹਾਂ ਕਮਿਸ਼ਨਰਾਂ ਨੂੰ ਰਖਿਆ ਗਿਆ ਹੈ ? (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਜਦੋਂ ਸਰਦਾਰ ਉਮਰਾਓ ਸਿੰਘ ਦੀ ਪਾਰਟੀ ਦਾ ਰਾਜ ਸੀ ਤਾਂ ਉਸ ਵੇਲੇ 6 ਕਮਿਸ਼ਨਰਜ਼ ਹੁੰਦੇ ਸਨ ਹੁਣ ਅਸੀਂ 7 ਕਰ ਦਿਤੇ ਹਨ, ਸਿਰਫ ਇਕ ਹੀ ਵਧਾਇਆ ਹੈ। (ਵਿਘਨ)

ਸਰਦਾਰ ਕਿਰਪਾਲ ਸਿੰਘ : ਚੀਫ ਮਨਿਸਟਰ ਸਾਹਿਬ ਨੇ ਹੁਣੇ ਹੀ ਕਿਹਾ ਹੈ ਕਿ ਹੌਸਲਾ ਅਫ਼ਜ਼ਾਈ ਕਰਨੀ ਪੈਂਦੀ ਹੈ। ਹੌਂਸਲਾ ਅਫ਼ਜ਼ਾਈ ਕਿਸ ਗਲ ਦੀ ਬਿਨਾ ਤੇ ਕੀਤੀ ਜਾਂਦੀ ਹੈ ? ਕੀ ਇਨ੍ਹਾਂ ਕੋਲ ਹਰ ਇਨਡੀਵੀਜੂਅਲਦ ਦੇ ਕੇਸ ਵਿਚ ਜਸਟੀਫੀਕੇਸ਼ਨ ਹੈ ? ਜਿਸ ਦੀ ਇਨ੍ਹਾਂ ਨੇ ਹੌਸਲਾ ਅਫ਼ਜ਼ਾਈ ਕੀਤੀ ਹੈ ਉਹ ਕਿਸ ਬਿਨਾਤ ਤੇ ਕੀਤੀ ਗਈ ਹੈ ? (ਵਿਘਨ)

ਮੁੱਖ ਮੰਤਰੀ : ਐਕਸਾਈਜ਼ ਐਂਡ ਟੈਕਸੇਸ਼ਨ ਦਾ ਕੰਮ ਬਹੁਤ ਜ਼ਿਆਦਾ ਵੱਧ ਗਿਆ ਹੈ। ਇਸ ਲਈ ਇਸ ਅਸਾਮੀ ਦੀ ਜ਼ਿਮੇਵਾਰੀ ਨੂੰ ਦੇਖਦੇ ਹੋਏ ਕਮਿਸ਼ਨਰ ਦੇ ਰੈਂਕ ਦੀ ਕਰ ਦਿਤੀ ਹੈ। ਹੁਣ ਅਗੇ ਨਾਲੋਂ ਇਨਕਮ ਵੀ ਜ਼ਿਆਦਾ ਹੁੰਦੀ ਹੈ। ਇਸ ਤਰ੍ਹਾਂ ਉਸ ਦੇ ਮੁਤਾਬਕ ਪੋਸਟਾਂ ਦਾ ਰੈਂਕ ਵਧਾਇਆ ਗਿਆ ਹੈ। (ਵਿਘਨ)

ਸ੍ਰੀ ਬਲਰਾਮ ਦਾਸ ਟੰਡਨ : ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਕੀ ਕੋਈ ਐਸੀ ਤਜਵੀਜ਼ ਵੀ ਜ਼ੇਰੇ ਗੌਰ ਹੈ ਕਿ ਸਾਰੇ ਸੈਕਟਰੀਜ਼ ਨੂੰ ਕਮਿਸ਼ਨਰ ਰੈਂਕ ਦਾ ਬਣਾ ਦਿਤਾ ਜਾਵੇ ?

ਮੁੱਖ ਮੰਤਰੀ : ਅਜੇ ਐਸੀ ਕੋਈ ਤਜਵੀਜ਼ ਨਹੀਂ ਹੈ ਜੀ।

ਸਰਦਾਰ ਗੁਰਬੰਤਾ ਸਿੰਘ : ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਕੀ ਇਹ ਗੱਲ ਠੀਕ ਹੈ ਕਿ ਜੂਨੀਅਰ ਆਦਮੀ ਨੂੰ ਥਲਿਉਂ ਚੱਕ ਕੇ ਵੱਡਾ ਅਫ਼ਸਰ ਬਣਾ ਦਿਤਾ ਔਰ ਫਿਰ ਉਸ ਦੇ ਨਾਲੋਂ ਸੀਨੀਅਰ ਅਫ਼ਸਰਾਂ ਨੂੰ ਕਮਿਸ਼ਨਰ ਰੈਂਕ ਦੇਣਾ ਪਿਆ, ਕੀ ਇਹ ਗਲ ਠੀਕ ਹੈ ?

ਮੁੱਖ ਮੰਤਰੀ : ਨਹੀਂ ਇਹ ਗਲ ਠੀਕ ਨਹੀਂ ਜੀ।

ਚੌਧਰੀ ਰਾਮ ਸਿੰਘ : ਕੀ ਚੀਫ਼ ਮਨਿਸਟਰ ਸਾਹਿਬ ਇਹ ਦਸਣਗੇ ਕਿ ਪੰਜਾਬ ਦੇ ਵਿਚ ਇਕ ਐਡਮਨਿਸਟਰੇਟਿਵ ਰੀਫਾਰਮਜ਼ ਕਮਿਸ਼ਨਰ ਬਣਿਆ ਸੀ ਔਰ ਉਸ ਨੇ ਕਿਹਾ ਸੀ ਕਿ ਇਤਨੇ ਸੈਕਟਰੀਜ਼, ਇਤਨੇ ਅਫ਼ਸਰ ਔਰ ਇਤਨੇ ਵਜ਼ੀਰ ਹੋਣੇ ਚਾਹੀਦੇ ਹਨ। ਕੀ ਉਹ ਜਿਹੜੀ ਰਿਪੋਰਟ ਹੈ ਉਹ ਟੋਟਲੀ ਮਨਜ਼ੂਰ ਕਰੋਗੇ ਜਾਂ ਨਹੀਂ ? (ਵਿਘਨ)

(ਕੋਈ ਜਵਾਬ ਨਹੀਂ ਆਇਆ)

ਸ੍ਰੀ ਗੁਰਦਿਆਲ ਸੈਣੀ : ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਜਿਹੜੇ ਬਤੌਰ ਕਮਿਸ਼ਨਰ ਸਾਹਿਬਾਨ ਨੂੰ ਪ੍ਰੋਮੋਸ਼ਨ ਦਿਤੀ ਗਈ ਹੈ ਉਨ੍ਹਾਂ ਵਿਚੋਂ ਵਜ਼ੀਰਾਂ ਦੇ ਰਿਸ਼ਤੇਦਾਰ ਕਿਹੜੇ ਕਿਹੜੇ ਹਨ ?

ਮੁੱਖ ਮੰਤਰੀ : ਕੋਈ ਵੀ ਨਹੀਂ ਹੈ ਜੀ।

ਡਾਕਟਰ ਅਮੀਰ ਸਿੰਘ ਕਲਕਟ : ਕੀ ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁਛ ਸਕਦਾ ਹਾਂ ਕਿ ਜਿਹੜੇ ਅਫ਼ਸਰਾਂ ਨੂੰ ਪ੍ਰੋਮੋਸ਼ਨਾਂ ਦੇ ਕੇ ਸੀਨੀਅਰ ਗਰੇਡ ਵਿਚ ਲਾਇਆ ਜਾਂਦਾ ਹੈ, ਆਇਆ ਉਨ੍ਹਾਂ ਦੀ

ਸੀਨੀਆਰਟੀ ਦੇਖੀ ਜਾਂਦੀ ਹੈ, ਮੈਰਿਟ ਦੇਖੀ ਜਾਂਦੀ ਹੈ ਜਾਂ ਚਾ ਪਲੂਸੀ ਦੇਖੀ ਜਾਂਦੀ ਹੈ ਕਿ ਕਿਤਨੀ ਕਰ ਸਕਦੇ ਹਨ ?

ਮੁੱਖ ਮੰਤਰੀ : ਜਿਹੜੀਆਂ ਪਹਿਲੀਆਂ ਦੋ ਗਲਾਂ ਸੀਨੀਆਰਟੀ ਔਰ ਮੈਰਿਟ ਵਾਲੀਆਂ ਕਹੀਆਂ ਹਨ ਉਹ ਦੇਖੀਆਂ ਜਾਂਦੀਆਂ ਹਨ, ਤੀਸਰੀ ਗਲ ਗਲਤ ਹੈ ।

ਕਾਮਰੇਡ ਸੱਤ ਪਾਲ ਡਾਂਗ : ਚੀਫ਼ ਮਨਿਸਟਰ ਸਾਹਿਬ ਨੇ ਹੁਣੇ ਕਿਹਾ ਹੈ ਕਿ ਪ੍ਰੋਮੋਸ਼ਨਜ਼ ਕਰਨੀ ਪੈਂਦੀ ਹੈ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਕੋਈ ਕੋਟਾ ਮੁਕੱਰਰ ਹੈ ਕਿ ਇਤਨੇ ਪਰਸੈਂਟ ਕਮਿਸ਼ਨਰਜ਼ ਹੋਣਗੇ ਔਰ ਦੂਸਰਾ ਇਹ ਪੁਛਣਾ ਚਾਹੁੰਦਾ ਹਾਂ ਕਿ ਬੰਦਿਆਂ ਨੂੰ ਪ੍ਰੋਮੋਟ ਕੀਤਾ ਜਾਂਦਾ ਹੈ ਜਾਂ ਪੋਸਟਾਂ ਨੂੰ ਪ੍ਰੋਮੋਟ ਕੀਤਾ ਜਾਂਦਾ ਹੈ ?

ਮੁੱਖ ਮੰਤਰੀ : ਪੋਸਟਾਂ ਨੂੰ ਅੱਪ ਗਰੇਡ ਕੀਤਾ ਜਾਂਦਾ ਹੈ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਕਿਹੜੀਆਂ ਕਿਹੜੀਆਂ ਪੋਸਟਾਂ ਕਦੋਂ ਕਦੋਂ ਅੱਪ ਗਰੇਡ ਹੋਈਆਂ ?

ਮੁੱਖ ਮੰਤਰੀ : ਇਸ ਦੇ ਵਾਸਤੇ ਸੈਪੇਰੇਟ ਨੋਟਿਸ ਚਾਹੀਦਾ ਹੈ ।

CRIMINAL CASES REGISTERED IN THE STATE

*2115. **Shri Sardari Lal Kapur** : Will the Chief Minister be pleased to state :

(a) the number of criminal cases registered with the Police since the present Ministry took over charge district-wise in the State;

(b) the number of cases out of those mentioned in part (a) above challaned and the number of cases in which punishment was awarded;

(c) the number of such cases which went in appeal to the High Court and Supreme Court and the results thereof ?

Sardar Parkash Singh Badal: (a) (b) and (c) A statement is laid on the Table of the House.

[(ਏ) (ਬੀ) ਤੇ (ਸੀ) ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।]

STATEMENT SHOWING NUMBER OF CIMINAL CRASES REGISTERED WITH THE POLICE SINCE THE PRESENT MINISTRY TOOK OVER CHARGE.

	District	No. of criminal cases registered since present Ministry took over charge.	No. of cases out of (a) challaned.	No. of cases in which punishment was awarded.	No. of cases which went in appeal to the High Court and Supreme Court & results thereof.	
		(a)		(b)	(c)	
1.	Hoshiarpur	1821	1170	495	1	Result awaited
2.	Jullundur	3523	1911	954	7	—do—
3.	Ludhiana	4675	3519	2298	6	—do—
4.	Kapurthala	1177	442	280	1	—do—
5.	Amritsar	6464	5106	3944	36	—do—
6.	Ferozepore	5885	4752	2025	3	—do—
7.	Gurdaspur	2271	1770	1061	17	—do—
8.	Patiala	2196	1381	757	5	—do—
9.	Bhatinda	3298	2733	2067	11	—do—
10.	Sangrur	2524	1317	980	18	2 accepted; 1 rejected; 15 pending.
11.	Ropar	610	262	125	—	—

ਸ਼੍ਰੀ ਸਰਦਾਰੀ ਲਾਲ ਕਪੂਰ : ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਉਨ੍ਹਾਂ ਨੇ ਸੂਚੀ ਦਿਤੀ ਹੈ ਉਸ ਦੇ ਮੁਤਾਬਿਕ ਫ਼ਿਰੋਜ਼ਪੁਰ ਵਿਚ ਕਰੀਮਿਨਲ ਕੇਸਿਜ਼ ਪਿਛਲੇ ਸਾਲ ਨਾਲੋਂ ਜ਼ਿਆਦਾ ਹੋਏ ਹਨ । ਕੀ ਇਸ ਨੂੰ ਘਟਾਉਣ ਵਾਸਤੇ ਕੋਈ ਤਰੀਕਾ-ਕਾਰ ਅਖ਼ਤਿਆਰ ਕਰਨਗੇ ?

ਮੁੱਖ ਮੰਤਰੀ : ਮੇਰਾ ਖਿਆਲ ਹੈ ਕਿ ਆਨਰੇਬਲ ਮੈਂਬਰ ਨੇ ਹਿਸਾਬ ਨਹੀਂ ਲਗਾਇਆ, ਪਿਛਲੇ ਸਾਲ ਨਾਲੋਂ ਟੋਟਲ ਕੇਸਿਜ਼ ਘੱਟ ਹੋਏ ਹਨ ।

ਸਰਦਾਰ ਸੰਤੋਖ ਸਿੰਘ ਰੰਧਾਵਾ : ਕੀ ਚੀਫ਼ ਮਨਿਸਟਰ ਸਾਹਿਬ ਇਸ ਪਾਸੇ ਵਲ ਧਿਆਨ ਦੇਣਗੇ ਕਿ ਜਿਹੜੇ ਚੋਰੀਆਂ ਖੋਹਾਂ ਆਦਿ ਦੇ ਕੇਸਿਜ਼ ਹੁੰਦੇ ਹਨ ਅਤੇ ਲੋਕੀ ਜਦੋਂ ਪੁਲੀਸ ਚੌਕੀ ਵਿਚ ਪਰਚਾ ਕਟਾਉਣ ਜਾਂਦੇ ਹਨ, ਤਾਂ ਉਸ ਦਾ ਇੰਚਾਰਜ ਉਨ੍ਹਾਂ ਕੋਲੋਂ ਐਪਲੀਕੇਸ਼ਨ ਲੈ ਲੈਂਦਾ ਹੈ ਅਤੇ ਪਰਚਾ ਦਰਜ ਨਹੀਂ ਕਰਦਾ । ਉਹ ਜਿਹੜੀ ਐਪਲੀਕੇਸ਼ਨ ਲੈਂਦੇ ਹਨ ਉਹ ਜਥੇਦਾਰਾਂ ਦੇ ਕਹਿਣ ਤੇ ਬਾਦ ਵਿਚ ਖੁਰਦ ਬੁਰਦ ਕਰ ਦਿੰਦੇ ਹਨ । ਕੀ ਕੋਈ ਇਸ ਤਰ੍ਹਾਂ ਦੀਆਂ ਇੰਸਟਰਕਸ਼ਨਜ਼ ਜਾਰੀ ਕੀਤੀਆਂ ਜਾਣਗੀਆਂ ਕਿ ਐਪਲੀਕੇਸ਼ਨ ਲੈਣ ਦੀ ਬਜਾਏ ਪਰਚੇ ਦਰਜ ਕੀਤੇ ਜਾਇਆ ਕਰਨ ?

ਮੁੱਖ ਮੰਤਰੀ : ਇੰਸਟਰਕਸ਼ਨਜ਼ ਪਹਿਲੋਂ ਜਾਰੀ ਕੀਤੀਆਂ ਹੋਈਆਂ ਹਨ ।

ਸਰਦਾਰ ਉਮਰਾਓ ਸਿੰਘ : ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਪਿਛਲੇ ਦਿਨਾਂ ਵਿਚ ਸੰਤ ਚੰਨਣ ਸਿੰਘ ਦੀ ਲੱਖਾਂ ਰੁਪਏ ਦੀ ਚੋਰੀ ਹੋ ਗਈ ਸੀ ਅਤੇ ਸੀ. ਆਈ. ਡੀ. ਨੇ ਪਰਚਾ ਦਰਜ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਪੁਲੀਸ ਨੇ ਪਰਚਾ ਦਰਜ ਨਹੀਂ ਕੀਤਾ ?

ਮੁੱਖ ਮੰਤਰੀ : ਇਸ ਲਈ ਸੈਪੇਰੇਟ ਨੋਟਿਸ ਚਾਹੀਦਾ ਹੈ ।

ਚੌਧਰੀ ਰਾਮ ਸਿੰਘ : ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਜ਼ਿਲ੍ਹਾ ਗੁਰਦਾਸਪੁਰ ਵਿਚ 2271 ਕਰਾਈਮ ਹੋਏ ਔਰ ਸਿਰਫ਼ 1061 ਕੇਸਿਜ਼ ਹੀ ਚਲਾਨ ਦੇ ਕਾਬਿਲ ਹੋਏ । ਕੀ ਬਾਕੀ ਜਿਹੜੇ ਛੱਡ ਦਿਤੇ ਗਏ ਉਹ ਮਿਲੀ ਭਗਤ ਨਾਲ ਛਡੇ ਹਨ ?

ਮੁੱਖ ਮੰਤਰੀ : 1061 ਨੂੰ ਤਾਂ ਸਜ਼ਾ ਹੋਈ ਹੈ ।

ਸ਼੍ਰੀ ਗੁਰਦਿਆਲ ਸੈਣੀ : ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਲੰਧਰ ਵਿਚ ਇਕ ਗਊ-ਮਾਤਾ ਨੂੰ, ਜਿਸ ਨੂੰ ਜਨਸੰਘੀ ਵੀ ਮਾਤਾ ਕਹਿੰਦੇ ਹਨ (ਵਿਘਨ) ਉਸ ਦਾ ਮੂੰਹ ਬੰਨ੍ਹ ਕੇ ਉਸ ਨੂੰ ਮਾਰ ਦਿਤਾ ਗਿਆ ਔਰ ਮੈਂ ਸਮਝਦਾ ਹਾਂ ਕਿ 302 ਵਿਚ ਕੇਸ ਰਜਿਸਟਰ ਹੋਣਾ ਚਾਹੀਦਾ ਸੀ, ਮੈਂ ਇਹ ਵੀ ਸਮਝਦਾ ਹਾਂ ਕਿ ਗਊ ਨੂੰ ਮਾਰਨਾ ਆਦਮੀ ਮਾਰਨ ਦੇ ਬਰਾਬਰ ਹੈ, ਕੀ ਉਸ ਦੀ ਇਨਕੁਆਇਰੀ ਕੀਤੀ ਜਾਵੇਗੀ ?

ਮੁੱਖ ਮੰਤਰੀ : ਜ਼ਰੂਰ ਕਰਾ ਲਵਾਂਗੇ ।

DEVELOPMENT OF FORESTS IN THE STATE

*2171. **Sardar Surjit Singh Atwal** (Put by Sh. Sardari Lal Kapur) : Will the Minister of the State for Agriculture and Forests be pleased to state :

(a) whether the Govt. has drawn up any comprehensive plan to utilise areas along the river banks and other waste lands for the development of forests in the State;

(b) if the reply to part (a) above be in the affirmative, the full details of the said plan be laid on the Table of the House;

[Sardar Surjit Singh Atwal]

(c) the time by which the said Plan is likely to be fully implemented; and the funds earmarked for the purpose ?

ਬਾਵਾ ਹਰਨਾਮ ਸਿੰਘ : (ੳ) ਨਹੀਂ ਜੀ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ਜੀ।

(ੲ) ਸਵਾਲ ਹੀ ਪੈਦਾ ਨਹੀਂ ਹੁੰਦਾ ਜੀ।

[(a) No.

(b) Question does not arise.

(c) Question does not arise.]

ਸਰਦਾਰ ਉਮਰਾਓ ਸਿੰਘ : ਕੀ ਗੌਰਮਿੰਟ ਇਸ ਗੱਲ ਤੇ ਵਿਚਾਰ ਕਰਨ ਨੂੰ ਤਿਆਰ ਹੈ ਕਿ ਦਰਿਆਵਾਂ ਦੇ ਕੰਢਿਆਂ ਉਤੇ ਜਿਹੜੀ ਹਜ਼ਾਰਾਂ ਏਕੜ ਜ਼ਮੀਨ ਪਈ ਹੈ, ਉਸ ਤੇ ਦਰਖਤ ਲਾਏ ਜਾਣ ?

ਰਾਜ ਮੰਤਰੀ : ਵਿਚਾਰ ਕਰ ਲਵਾਂਗੇ, ਜੇ ਕਰ ਉਹ ਜ਼ਮੀਨ ਸਾਨੂੰ ਟਰਾਂਸਫਰ ਹੋ ਗਈ ਤਾਂ।

ਸਰਦਾਰ ਸੰਤੋਖ ਸਿੰਘ ਰੰਧਾਵਾ : ਡੇਰਾ ਬਾਬਾ ਨਾਨਕ ਦੇ ਕੋਲ ਜਿਹੜੀ ਨਿਕਾਸੀ ਜ਼ਮੀਨ ਇਕ ਹਜ਼ਾਰ ਏਕੜ ਦੇ ਕਰੀਬ ਸੀ ਅਤੇ ਉਹ ਬੜੀ ਫਰਟਾਈਲ ਜ਼ਮੀਨ ਸੀ, ਉਹ ਜੰਗਲਾਤ ਵਾਲਿਆਂ ਨੇ ਲੈ ਲਈ ਸੀ, ਪਰ ਉਸ ਜ਼ਮੀਨ ਦੀ ਜਦ ਤਕ ਹਰ ਸਾਲ ਪੁਟਾਈ ਨਾ ਕੀਤੀ ਜਾਏ ਤਾਂ ਉਥੇ ਬੇਲਾ ਬਣ ਜਾਂਦਾ ਹੈ, ਉਥੇ ਹੁਣ ਤਕ ਕੋਈ ਪਲਾਂਟੇਸ਼ਨ ਨਹੀਂ ਕੀਤੀ ਗਈ, ਕੀ ਉਹ ਜ਼ਮੀਨ ਉਨ੍ਹਾਂ ਲੋਕਾਂ ਨੂੰ ਵਾਪਸ ਕਰ ਦੇਣਗੇ ਜਿਨ੍ਹਾਂ ਤੋਂ ਲਈ ਸੀ ?

ਰਾਜ ਮੰਤਰੀ : ਇਸ ਦੇ ਲਈ ਸੈਪੇਰੇਟ ਨੋਟਿਸ ਚਾਹੀਦਾ ਹੈ।

ਡਾਕਟਰ ਸਾਧੂ ਰਾਮ : ਬਹੁਤ ਸਾਰੇ ਪਿੰਡਾਂ ਵਿਚ ਜੰਗਲਾਤ ਵਾਲਿਆਂ ਨੇ ਐਸੀਆਂ ਜ਼ਮੀਨਾਂ ਰੋਕੀਆਂ ਹੋਈਆਂ ਹਨ, ਜਿਨ੍ਹਾਂ ਤੇ ਉਹ ਪਲਾਂਟੇਸ਼ਨ ਨਹੀਂ ਕਰਦੇ, ਪਰ ਪੈਦਾਵਾਰ ਦੇ ਲਿਹਾਜ਼ ਨਾਲ ਬੜੀਆਂ ਚੰਗੀਆਂ ਜ਼ਮੀਨਾਂ ਹਨ, ਕੀ ਉਹ ਹਰੀਜਨਾਂ ਨੂੰ ਦਿਤੀਆਂ ਜਾਣਗੀਆਂ ?

ਰਾਜ ਮੰਤਰੀ : ਜੰਗਲਾਤ ਕੋਲ ਤਾਂ ਪਹਿਲੇ ਹੀ ਜ਼ਮੀਨ ਬਹੁਤ ਥੋੜ੍ਹੀ ਹੈ, ਘਟੋ ਘੱਟ 20% ਜ਼ਮੀਨ ਜੰਗਲਾਤ ਲਈ ਚਾਹੀਦੀ ਹੈ, ਪਰ ਹਾਲੇ ਤਕਰੀਬਨ ਇਹ 3% ਦੇ ਕਰੀਬ ਹੈ, ਇਸ ਲਈ ਤਾਂ ਹੋਰ ਰਕਬੇ ਦੀ ਜ਼ਰੂਰਤ ਹੈ।

ਸਰਦਾਰ ਗੁਰਬੰਤਾ ਸਿੰਘ : ਕੀ ਮਨਿਸਟਰ ਸਾਹਿਬ ਦਸਣਗੇ ਕਿ ਜੰਗਲਾਤ ਲਈ ਜਿਹੜੀ ਜ਼ਮੀਨ ਘੱਟ ਹੈ, ਇਸ ਦੀ ਕਮੀ ਪੂਰੀ ਕਰਨ ਲਈ ਜਿਹੜੇ ਵਡੇ ਵਡੇ ਜ਼ਿਮੀਦਾਰ ਜ਼ਮੀਨਾਂ ਤੇ ਛਾਪੇ ਮਾਰੀ ਬੈਠੇ ਹਨ, ਉਨ੍ਹਾਂ ਤੋਂ ਖੋਹ ਕੇ ਜੰਗਲਾਤ ਲਈ ਦੇਣਗੇ ?

ਸ੍ਰੀ ਸਪੀਕਰ : ਮਾਸਟਰ ਜੀ ਆਬਾਦ ਜ਼ਮੀਨਾਂ ਵਿਚ ਜੰਗਲਾਤ ਕਿਉਂ ਲਾਉਂਦੇ ਹੋ ? (I wonder why Master ji is interested in raising forests in fertile lands.)

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮਨਿਸਟਰ ਸਾਹਿਬ ਦਸਣਗੇ ਕਿ ਜਿਹੜੇ ਸਾਬਕਾ ਪੈਪਸੂ ਅਤੇ ਜ਼ਿਲ੍ਹਾ ਪਟਿਆਲੇ ਦੇ ਬੀੜਾਂ ਦੀ ਜ਼ਮੀਨ ਪਈ ਹੈ, ਉਹ ਹਰੀਜਨਾਂ ਨੂੰ ਦੇਣ ਲਈ ਤਿਆਰ ਹਨ ?

ਰਾਜ ਮੰਤਰੀ : ਜੰਗਲਾਤ ਤਾਂ ਬੰਜਰ ਜ਼ਮੀਨਾਂ ਨੂੰ ਠੀਕ ਕਰਨ ਲਈ ਲਾਏ ਜਾਂਦੇ ਹਨ। ਉਥੇ ਹੋਰ ਕੁਝ ਨਹੀਂ ਹੋ ਸਕਦਾ।

ਚੌਧਰੀ ਤੁਲਸੀ ਰਾਮ ਚੌਹਾਨ : ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਿਹੜੇ ਚੋਏ ਰੋਪੜ ਤੋਂ ਲੈ ਕੇ ਸ਼ਿਵਾਲਕ ਦੀਆਂ ਪਹਾੜੀਆਂ ਤਕ ਜਾਂਦੇ ਸੀ ਅਤੇ ਕਾਂਗੜੇ ਤਕ ਚਲੇ ਜਾਂਦੇ ਸੀ ਉਥੇ ਪਹਿਲੋਂ ਦਰਖ਼ਤ ਲਗਾਏ ਜਾਂਦੇ ਸੀ ਅਤੇ ਹੁਣ ਕਿਉਂ ਬੰਦ ਕਰ ਦਿਤੇ ਹਨ ?

ਰਾਜ ਮੰਤਰੀ : ਅਸੀਂ ਸਾਰੀਆਂ ਥਾਵਾਂ ਤੇ ਦਰਖ਼ਤ ਲਾਉਣ ਦੇ ਯਤਨ ਕਰ ਰਹੇ ਹਾਂ ਅਤੇ ਦਰਖ਼ਤ ਲਗਾ ਰਹੇ ਹਾਂ ।

ਸਰਦਾਰ ਗੁਰਬੰਤਾ ਸਿੰਘ : ਸਾਡੀ ਫ਼ੌਰੈਸਟ ਲਈ ਜ਼ਮੀਨ ਘੱਟ ਹੈ, ਇਹ ਕੀ ਗਲ ਹੈ ਕਿ ਪਟਿਆਲਾ ਵਿਚ ਮੋਤੀ ਮਹਿਲ ਪਾਸ ਜਿਹੜੀ ਜ਼ਮੀਨ ਪਈ ਸੀ ਉਹ ਪੰਜਾਬ ਦੇ ਤਿੰਨ ਵਡੇ ਵਡੇ ਜ਼ਿਮੀਦਾਰਾਂ ਨੂੰ ਐਲਾਟ ਕਰ ਦਿਤੀ ਹੈ, ਉਹ ਕਿਉਂ ਨਾ ਫ਼ੌਰੈਸਟ ਵਾਸਤੇ ਰਖ ਲਈ ?

ਰਾਜ ਮੰਤਰੀ : ਇਸ ਦੇ ਲਈ ਸੈਪੇਰੇਟ ਨੋਟਿਸ ਚਾਹੀਦਾ ਹੈ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕਿਤੇ ਜੰਗਲਾਤ ਵਧਾਉਂਦੇ ਸਮੇ ਬੇਜ਼ਮੀਨੇ ਜਾਂ ਹਰੀਜਨਾਂ ਨੂੰ ਤਾਂ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਬੇਦਖਲ ਨਹੀਂ ਕਰ ਦਿਤਾ ਜਾਵੇਗਾ ?

(ਕੋਈ ਜਵਾਬ ਨਾ ਦਿਤਾ ਗਿਆ)

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਜੋ ਜ਼ਮੀਨ ਜੰਗਲ ਦੀ ਮੋਤੀ ਮਹਿਲ ਦੇ ਨਾਲ ਪਈ ਸੀ ਉਹ ਅਕਾਲੀ ਪਾਰਟੀ ਦੇ ਕਿਸੇ ਵਡੇ ਜਥੇਦਾਰ, ਸਰਦਾਰ ਰਾੜੇਵਾਲਾ ਨੂੰ ਤਾਂ ਨਹੀਂ ਦੇ ਦਿਤੀ ?

ਰਾਜ ਮੰਤਰੀ : ਇਸ ਲਈ ਵਖਰਾ ਨੋਟਿਸ ਚਾਹੀਦਾ ਹੈ । (ਵਿਘਨ)

———

TRAFFIC ACCIDENTS

*2116. **Shri Sardari Lal Kapoor** : Will the Chief Minister be pleased to state :

(a) the number of traffic accidents which took place in the State during the years 1968-69 and 1969-70;

(b) the number of traffic accidents mentioned in part (a) above in which deaths took place;

(c) the action the Government propose to take to reduce the number of traffic accidents in the State ?

Sardar Prakash Singh Badal : (a) 686 during 1968-69 and 721 during 1969-70.

(b) 315 during 1968-69 and 342 during 1969-70.

(c) The following steps are being taken to reduce the number of accidents in the State :

(i) Intensive checking is being carried out for detecting the violations of the Motor Vehicles Act and Rules.

(ii) Police Constables are deployed for controlling the traffic on strategic crossings and turnings.

[Chief Minister]

(iii) The roads are being widened and obstructions on the highways which are considered hazardous to road safety, are removed.

(iv) Road safety weeks are being observed with a view to inculcate the spirit of road sense amongst drivers and travelling public.

(v) Educative propaganda is being carried out amongst masses for the observance of the rules of the road.

(vi) Night checking is made for enforcing the use of dipper and detecting the cases of drunkenness on the part of drivers, over-speeding and over-loading.

[(ੳ) 1968-69 ਵਿਚ 686 ਅਤੇ 1969-70 ਵਿਚ 721.

(ਅ) 1968-69 ਵਿਚ 315 ਅਤੇ 1969-70 ਵਿਚ 342.

(ੲ) ਪਰਾਂਤ ਵਿਚ ਹਾਦਸਿਆਂ ਦੀ ਗਿਣਤੀ ਘਟਾਉਣ ਲਈ ਹੇਠ ਲਿਖੇ ਉਪਾਏ ਕੀਤੇ ਜਾਂਦੇ ਹਨ :

1. ਮੋਟਰ ਵਹੀਕਲ ਐਕਟ ਅਤੇ ਰੂਲਜ਼ ਦੀ ਉਲੰਘਣਾ ਦੇ ਚਲਾਨ ਕਰਨ ਲਈ ਜ਼ੋਰਦਾਰ ਟਰੈਫ਼ਿਕ ਚੈਕਿੰਗ ਕੀਤੀ ਜਾਂਦੀ ਹੈ ।

2. ਹਾਦਸਿਆਂ ਲਈ ਖਤਰਨਾਕ ਮੋੜਾਂ ਤੇ ਅਤੇ ਚੌਕਾਂ ਤੇ ਟਰੈਫਿਕ ਤੇ ਕਾਬੂ ਪਾਉਣ ਲਈ ਪੁਲਿਸ ਕੰਸਟੇਬਲ ਲਗਾਏ ਜਾਂਦੇ ਹਨ ।

3. ਸੜਕਾਂ ਚੌੜੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਵਡੀਆਂ ਸੜਕਾਂ ਤੇ ਇਹੋ ਜਿਹੀਆਂ ਰੁਕਾਵਟਾਂ, ਜੋ ਬਚਾਓ ਲਈ ਖਤਰਨਾਕ ਹਨ, ਹਟਾਈਆਂ ਜਾ ਰਹੀਆਂ ਹਨ ।

4. ਸਫ਼ਰ ਕਰਨ ਵਾਲੀ ਜਨਤਾ ਅਤੇ ਡਰਾਈਵਰਾਂ ਦੇ ਦਿਲਾਂ ਵਿਚ ਸੜਕ ਤੇ ਚੱਲਣ ਦੀ ਸੂਝ ਬੂਝ ਉਤਪਨ ਕਰਨ ਲਈ ਬਚਾਓ ਲਈ ਖਾਸ "ਬਚਾਉ ਹਫਤੇ" ਮਨਾਏ ਜਾਂਦੇ ਹਨ ।

5. ਆਮ ਜਨਤਾ ਵਿਚ ਸੜਕ ਤੇ ਚੱਲਣ ਦੇ ਨਿਯਮਾਂ ਦੀ ਪਾਲਣਾ ਕਰਨ ਲਈ ਸਿਖਿਆ ਪੂਰਬਕ ਪਰਚਾਰ ਕੀਤਾ ਜਾਂਦਾ ਹੈ ।

6. ਤੇਜ਼ ਰਫਤਾਰੀ, ਓਵਰ ਲੋਡਿੰਗ ਅਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲੇ ਡਰਾਈਵਰਾਂ ਦੇ ਚਲਾਨ ਕਰਨ ਲਈ ਅਤੇ ਡਿਪਰ ਦੇ ਇਸਤੇਮਾਲ ਦੀ ਪਾਲਣਾ ਕਰਾਉਣ ਲਈ, ਰਾਤ ਨੂੰ ਟਰੈਫਿਕ ਦੀ ਚੈਕਿੰਗ ਕੀਤੀ ਜਾਂਦੀ ਹੈ ।]

ਸ਼੍ਰੀ ਸਰਦਾਰੀ ਲਾਲ ਕਪੂਰ : ਪਹਿਲਾਂ ਜੋ ਲਾਈਸੈਂਸ ਦਿਤਾ ਜਾਂਦਾ ਸੀ ਤਾਂ ਕਾਫੀ ਚੈਕਿੰਗ ਦੇ ਬਾਅਦ ਦਿਤਾ ਜਾਂਦਾ ਸੀ ਜਦ ਕਿ ਅਜ ਪੈਸੇ ਦੇ ਦਿਉ ਤਾਂ ਲਾਈਸੈਂਸ ਚੁਪ ਕਰ ਕੇ ਘਰ ਪਹੁੰਚ ਜਾਂਦਾ ਹੈ । ਇਸ ਤਰ੍ਹਾਂ ਪੂਰੀ ਟ੍ਰੇਨਿੰਗ ਨਾ ਹੋਣ ਕਰ ਕੇ ਜ਼ਿਆਦਾ ਐਕਸੀਡੈਂਟਸ ਹੁੰਦੇ ਹਨ । ਇਸ ਤਰ੍ਹਾਂ ਪੈਸੇ ਦੀ ਮਿਹਰਬਾਨੀ ਨਾਲ ਲਾਈਸੈਂਸ ਮਿਲਦੇ ਹਨ ।

ਮੁੱਖ ਮੰਤਰੀ : ਮੈਂ ਸਹਿਮਤ ਨਹੀਂ ਪਰ ਜੇਕਰ ਕੋਈ ਅਜਿਹਾ ਕੇਸ ਹੈ ਤਾਂ ਇਹ ਸਾਡੇ ਨੋਟਿਸ ਵਿਚ ਲਿਆ ਦੇਣ ਅਸੀਂ ਇਨਕੁਆਇਰੀ ਕਰਵਾ ਲਵਾਂਗੇ ।

ਸ਼੍ਰੀ ਬਲਰਾਮ ਦਾਸ ਟੰਡਨ : ਚੂੰਕਿ ਪੰਜਾਬ ਵਿਚ ਟ੍ਰੈਫਿਕ ਦਾ ਰਸ਼ ਵਧ ਗਿਆ ਹੈ ਤਾਂ ਕੀ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਕੀ ਸਰਕਾਰ ਸੈਂਟਰ ਦੀ ਜਾਂ ਸਟੇਟ ਦੀ, ਜੀ. ਟੀ. ਰੋਡ ਜਾਂ ਹੋਰ ਜ਼ਿਆਦਾ ਟਰੈਫਿਕ ਵਾਲੀਆਂ ਸੜਕਾਂ ਨੂੰ, ਚੌੜਾ ਕਰਨ ਦਾ ਪਰੋਗਰਾਮ ਬਣਾ ਰਹੀਆਂ ਹਨ ?

ਮੁੱਖ ਮੰਤਰੀ : ਜੀ. ਟੀ. ਰੋਡ ਤਾਂ ਸੈਂਟਰ ਦੇ ਤਹਿਤ ਹੈ । ਆਪ ਨੂੰ ਇਹ ਸੁਣ ਕੇ ਖ਼ੁਸ਼ੀ ਹੋਵੇਗੀ ਕਿ ਅਗਲੇ ਸਾਲ ਫੀਰੋਜ਼ਪੁਰ ਅਤੇ ਲੁਧਿਆਣੇ ਦੀ ਜੋ ਸੜਕ ਹੈ ਉਸ ਨੂੰ ਅਸੀਂ ਆਟੋਵਾਹਨ ਦੇ ਤਰੀਕੇ ਨਾਲ ਬਣਾਉਣ ਤੇ ਵਿਚਾਰ ਕਰ ਰਹੇ ਹਾਂ ਅਤੇ ਇਸ ਤਰ੍ਹਾਂ ਦੀ ਇਹ ਹਿੰਦੁਸਤਾਨ ਵਿਚ ਪਹਿਲੀ ਸੜਕ ਹੋਵੇਗੀ । (ਤਾੜੀਆਂ)

ਸ਼੍ਰੀ ਗਿਆਨ ਚੰਦ ਖਰਬੰਦਾ : ਕੀ ਮੁੱਖ ਮੰਤਰੀ ਜੀ ਇਹ ਦਸਣ ਦੀ ਕਿਰਪਾ ਕਰਨਗੇ ਕਿ ਸ਼ਰਾਬ ਪੀ ਕੇ ਮੋਟਰ ਜਾਂ ਹੋਰ ਗੱਡੀਆਂ ਚਲਾਉਣ ਵਾਲੇ ਡਰਾਈਵਰਾਂ ਦੇ ਪਿਛਲੇ ਸਾਲ ਵਿਚ ਕਿੰਨੇ ਚਲਾਨ ਕੀਤੇ ਗਏ ਅਤੇ ਕਿੰਨਿਆਂ ਨੂੰ ਸਜ਼ਾ ਹੋਈ ?

ਮੁੱਖ ਮੰਤਰੀ : ਇਸ ਲਈ ਸੈਪੇਰੇਟ ਨੋਟਿਸ ਚਾਹੀਦਾ ਹੈ ।

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਮੁੱਖ ਮੰਤਰੀ ਜੀ ਇਸ ਗਲ ਦਾ ਐਲਾਨ ਕਰਨਗੇ ਕਿ ਜਿਨ੍ਹਾਂ ਲੋਕਾਂ ਨੂੰ ਚਲਾਨ ਹੋਣ ਦੇ ਬਾਅਦ ਸਜ਼ਾ ਹੋਵੇ ਉਨ੍ਹਾਂ ਨੂੰ ਫਿਰ ਲਾਈਸੈਂਸ ਨਹੀਂ ਦਿਤਾ ਜਾਵੇਗਾ ?

ਮੁੱਖ ਮੰਤਰੀ : ਜਿਨ੍ਹਾਂ ਲੋਕਾਂ ਦਾ ਸ਼ਰਾਬ ਪੀਣ ਕਰ ਕੇ ਚਲਾਨ ਹੁੰਦਾ ਹੈ ਉਨ੍ਹਾਂ ਦਾ ਲਾਈਸੈਂਸ ਕੁਝ ਦੇਰ ਲਈ ਸਸਪੈਂਡ ਕੀਤਾ ਜਾਂਦਾ ਹੈ । (ਵਿਘਨ)

ਸਰਦਾਰ ਸੰਤੋਖ ਸਿੰਘ ਰੰਧਾਵਾ : ਕੀ ਇਨ੍ਹਾਂ ਨੂੰ ਪਤਾ ਹੈ ਕਿ ਰਾਤ ਨੂੰ ਟਰੱਕਾਂ ਵਾਲੇ ਡਿਪਰ ਕਤਈ ਨਹੀਂ ਮਾਰਦੇ ਅਤੇ ਇਨ੍ਹਾਂ ਦੇ ਟਰੈਫਿਕ ਵਾਲੇ 5 ਰੁਪਏ ਲੈ ਕੇ ਉਨ੍ਹਾਂ ਨੂੰ ਚਲਦਾ ਰਹਿਣ ਦਿੰਦੇ ਹਨ ? ਕੀ ਇਹ ਇਸ ਦੀ ਰੋਕ ਲਈ ਕੋਈ ਆਨੈਸਟ ਸੁਕਐਡ ਮੁਕੱਰਰ ਕਰਨਗੇ ਜੋ ਰਾਤ ਨੂੰ ਠੀਕ ਤਰ੍ਹਾਂ ਚੈਕਿੰਗ ਕਰੇ ਅਤੇ ਸ਼ਰਾਬ ਪੀ ਕੇ ਗਡੀ ਚਲਾਉਣ ਵਾਲਿਆਂ ਜਾਂ ਡਿਪਰ ਨਾ ਮਾਰਨ ਵਾਲਿਆਂ ਦਾ ਚਾਲਾਨ ਕਰਨ ?

ਮੁੱਖ ਮੰਤਰੀ : ਅਜਿਹੀਆ ਸ਼ਿਕਾਇਤਾਂ ਨੂੰ ਮੁੱਖ ਰਖਦੇ ਹੋਏ ਹੀ ਅਸੀਂ ਸੋਚ ਰਹੇ ਹਾਂ ਕਿ ਜੀ. ਟੀ. ਰੋਡ ਜਾਂ ਦੂਜੀਆਂ ਹੈਵੀ ਟਰੈਫਿਕ ਵਾਲੀਆਂ ਸੜਕਾਂ ਤੇ ਡੇ ਐਂਡ ਨਾਈਟ ਪੈਟਰੋਲਿੰਗ ਦਾ ਪਰਬੰਧ ਕਰੀਏ ।

ਕਾਮਰੇਡ ਬਾਬੂ ਸਿੰਘ ਮਾਸਟਰ : ਮਲੋਟ ਅਤੇ ਪਟਿਆਲਾ ਦੀ ਸੜਕ ਤੇ ਐਕਸੀਡੈਂਟਸ ਬਹੁਤ ਹੁੰਦੇ ਹਨ । ਇਸ ਗਲ ਨੂੰ ਮੁੱਖ ਰਖਦੇ ਹੋਏ ਕੀ ਇਹ ਦਸਣਗੇ ਕਿ ਇਸ ਸੜਕ ਨੂੰ ਚੌੜਾ ਕਰਨ ਜਾਂ ਐਕਸੀਡੈਂਟਸ ਨੂੰ ਘਟਾਉਣ ਦੀ ਕੋਈ ਸਕੀਮ ਇਨ੍ਹਾਂ ਦੇ ਜ਼ੇਰੇ ਗੌਰ ਹੈ ?

ਮੁੱਖ ਮੰਤਰੀ : ਮਲੋਟ-ਅਬੋਹਰ ਦੀ ਸੜਕ ਦੀ ਮੁਰੰਮਤ ਹੋ ਰਹੀ ਹੈ । (ਵਿਘਨ)

ਚੌਧਰੀ ਕੇਵਲ ਕ੍ਰਿਸ਼ਨ : ਕੀ ਇਹ ਦਸਣ ਦੀ ਕਿਰਪਾ ਕਰਨਗੇ ਕਿ ਪਿਛਲੇ ਸਾਲ ਕਿੰਨੇ ਡਰਾਈਵਰਾਂ ਦੇ ਚਾਲਾਨ ਹੋਏ ਅਤੇ ਕਿਸ ਕਰਕੇ ਹੋਏ ?

ਮੁੱਖ ਮੰਤਰੀ : ਇਹ ਤਾਂ ਬੜਾ ਵਡਾ ਸਵਾਲ ਕੀਤਾ ਹੈ, ਇਸ ਲਈ ਕਾਫ਼ੀ ਟਾਈਮ ਚਾਹੀਦਾ ਹੈ, ਨੋਟਿਸ ਦੇ ਦੇਣ ।

ਸਰਦਾਰ ਸਰੂਪ ਸਿੰਘ : ਕੀ ਇਹ ਦਸਣਗੇ ਕਿ ਜੋ ਟਰੈਫਿਕ ਐਕਸੀਡੈਂਟਸ ਹੋਏ ਉਨ੍ਹਾਂ ਕਰ ਕੇ ਕਿੰਨੀਆਂ ਮੌਤਾਂ ਹੋਈਆਂ ਅਤੇ ਸਰਕਾਰ ਨੂੰ ਅਦਾਲਤ ਦੇ ਫੈਸਲੇ ਕਰ ਕੇ ਕਿੰਨਾ ਰੁਪਿਆ ਅਦਾ ਕਰਨਾ ਪਿਆ ਹੈ ?

ਸਿੰਜਾਈ ਅਤੇ ਬਿਜਲੀ ਮੰਤਰੀ : ਚੀਫ਼ ਮਨਿਸਟਰ ਹੈ ਜਾਂ ਰੈਡੀ ਰੈਕਨਰ ? (ਹਾਸਾ)

ਸਰਦਾਰ ਮਹਿਤਾਬ ਸਿੰਘ ਢਿਲੋਂ : ਪਹਿਲਾਂ ਆਮ ਤੌਰ ਤੇ ਆਦਮੀਆਂ ਨੂੰ ਲਾਈਸੈਂਸ ਮਿਲਦੇ ਸਨ ਇਸ ਲਈ ਐਕਸੀਡੈਂਟ ਘਟ ਹੁੰਦੇ ਸਨ ਪਰ ਹੁਣ ਚੂੰਕਿ ਲਾਈਸੈਂਸ ਜਥੇਦਾਰਾਂ ਨੂੰ ਮਿਲਦੇ ਹਨ ਇਸ ਲਈ ਐਕਸੀਡੈਂਟ ਵਧ ਹੁੰਦੇ ਹਨ ?

ਮੁੱਖ ਮੰਤਰੀ : ਦੇਖਣ ਵਿਚ ਤਾਂ ਇਹ ਵੀ ਜੱਥੇਦਾਰ ਹੀ ਜਾਪਦੇ ਹਨ ।

STARRED QUESTION NO. 2148*

ਪਰਕਾਸ਼ ਸਿੰਘ,
ਮੁੱਖ ਮੰਤਰੀ, ਪੰਜਾਬ ।

ਅ: ਸ: ਪੱਤਰ ਨੰ: 819 ਬੀ. 5.
ਮਿਤੀ 20/1/71.
ਚੰਡੀਗੜ੍ਹ ।

ਪਿਆਰੇ ਸਰਦਾਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2148, ਜੋ ਮਿਤੀ 21 ਜਨਵਰੀ, 1971 ਲਈ ਸੁਆਲਾਂ ਦੀ ਸੂਚੀ ਵਿਚ ਸ੍ਰੀ ਸਰਦਾਰੀ ਲਾਲ ਕਪੂਰ ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਯੂਨਿਟਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 26 ਜਨਵਰੀ, 1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸਪਾਤਰ,
(ਪਰਕਾਸ਼ ਸਿੰਘ)

ਸ੍ਰੀ ਦਰਬਾਰਾ ਸਿੰਘ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

COMPLAINT AGAINST A. S. I. INCHARGE POLICE POST SUR SINGH, DISTRICT AMRITSAR,

*2236. **Comrade Dana Ram** : Will the Chief Minister be pleased to state :

(a) whether the Senior Superintendent of Police, Amritsar received a complaint dated 9.6.70 against A.S.I. Pritam Singh, Incharge Police Post Sur Singh, Thana Bhikhiwind, District Amritsar from one Shri Avtar Singh s/o S. Kundan Singh village Sur Singh

*For Starred Question No. 2148 and its reply please see P.V.S. Debate, dated. 27-1-71.

(Patti Mane ke) Thana Bhikhi Wind, District Amritsar, if so, a copy of the same be laid on the Table of the House;

(b) the action, if any, taken on the said complaint and the result thereof ?

ਸਰਦਾਰ ਪਰਕਾਸ਼ ਸਿੰਘ ਬਾਦਲ : (ਏ) ਜੀ ਹਾਂ, ਦਰਖ਼ਾਸਤ ਦੀ ਨਕਲ ਸਭਾ ਦੀ ਮੇਜ਼ ਉਤੇ ਰੱਖੀ ਜਾਂਦੀ ਹੈ ।

(ਬੀ) ਮਾਮਲਾ ਜ਼ਿਲ੍ਹਾ ਮਜਿਸਟਰੇਟ, ਅੰਮ੍ਰਿਤਸਰ, ਨੂੰ ਪੁਲਿਸ ਰੂਲ 16.38 ਦੇ ਅਧੀਨ ਏ.ਐਸ. ਆਈ. ਪ੍ਰੀਤਮ ਸਿੰਘ ਦੇ ਵਿਰੁੱਧ ਕਾਰਵਾਈ ਲਈ ਦਿਤਾ ਗਿਆ ਹੈ ਅਤੇ ਉਨ੍ਹਾਂ ਦੀ ਮਨਜ਼ੂਰੀ ਉਡੀਕੀ ਜਾ ਰਹੀ ਹੈ ।

COPY OF COMPLAINT

Copy to :— D.I.G.
Punjab Police,
Jullundur.

To

The Senior Supdt. of Police,
Amritsar.

Subject : Complaint against A.S.I. Pritam Singh, Incharge Police Post Sur Singh, Thana Bhikhiwind (Amritsar)

Application for an enquiry and action.

(Charged Rs. 170/- cash (currency notes) threatening and challenging the petitioner that he will plant one pistol on the petitioner and register case. On personal search he recovered the money and asked the petitioner to run away, hushed up the money (Personal search, injustice and lawlessness)

Sir,

Most respectfully I beg to state as under :

(1) That I belong to village Sur Singh, Thana Bhikhiwind Distt. Amritsar.

(2) On 8.6.70, I was returning from Amritsar on a Bus and I reached adda Sur Singh, at about 2-30 P.M. As soon as I came down from the Bus, the A.S.I Pritam Singh called me and took me in the Police Post.

(3) The A.S.I. took my personal search and recovered Rs. 170/-

(4) The A.S.I. showed one pistol to me and threatened me to plant it on me and challan me.

(5) I being innocent, requested him not to do so but in vain.

(6) The A.S.I. asked me that he will not pay me the money Rs. 170/- and I can go.

(7) The A.S.I. did not return the money and asked me to run away to my home.

[Chief Minister]

(8) This is injustice and lawlessness.

(9) The A.S.I. further threatened me that in case I will make any complaint and I will tell the said incident to any person he will again arrest me and challan me in the pistol case.

I, therefore, request your honour to look into the case personally and make proper inquiry. The amount of Rs. 170/- may also be recovered from him and returned to me.

Thanks. Yours faithfully,

Attested : Sd/- Avtar Singh.

Sd/- Dilbagh Singh Avtar Singh s/o S. Kundan Singh, Vill.

12.1.71. A.S.I./1 Sur Singh (Patti Mane Ke) Thana Bhikhiwind,

Date 9-6-70. Distt. Amritsar.

ਕਾਮਰੇਡ ਸੱਤ ਪਾਲ ਡਾਂਗ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਇਸ ਕੇਸ ਵਿਚ ਸ਼ਿਕਾਇਤ ਇਹ ਸੀ ਕਿ ਇਕ ਥਾਨੇਦਾਰ ਨੇ ਇਕ ਰਾਹਗੀਰ ਨੂੰ ਫੜ ਕੇ ਡਾਕਾ ਮਾਰਿਆ ਅਤੇ ਉਸ ਤੋਂ 170- ਰੁਪਏ ਖੋਹੇ ਗਏ । ਇਸ ਦੀ ਸ਼ਿਕਾਇਤ 9 6.70 ਨੂੰ ਕੀਤੀ ਗਈ ਸੀ । ਇਸ ਥਾਨੇਦਾਰ ਦੇ ਖਿਲਾਫ਼ ਕਾਰਵਾਈ ਕਰਨ ਲਈ ਡਿਸਟ੍ਰਿਕਟ ਮੈਜਿਸਟਰੇਟ ਪਾਸ ਕਿਸ ਤਰੀਕ ਨੂੰ ਇਜਾਜ਼ਤ ਮੰਗੀ ਗਈ ਸੀ ? (ਵਿਘਨ)

(ਇਕ ਆਵਾਜ਼ ਥਾਨੇਦਾਰ ਜ਼ਬੇਦਾਰ ਹੋਣਾ ਹੈ) (ਹਾਸਾ)

ਮੁੱਖ ਮੰਤਰੀ : ਸਹੀ ਡੇਟ ਤਾਂ ਮੇਰੇ ਪਾਸ ਨਹੀਂ, ਜੇਕਰ ਚਾਹੋ ਤਾਂ ਦੇਖ ਕੇ ਦਸ ਸਕਦਾ ਹਾਂ ।

ALLOTMENT OF 75% OF NATIONALISED ROUTES TO LIMITED COMPANIES OF HARIJANS.

*2175. **Sardar Surjit Singh Atwal** : Will the Chief Minister be pleased to state :

(a) whether it is a fact that Government have decided to allot 75% of nationalised routes to limited companies of Harijans under the aegis of the Punjab Scheduled Castes Land Development and Finance Corporation;

(b) if the reply to part (a) above be in the affirmative, the names of the such companies and the routes so far allotted to them;

(c) whether it is also a fact that Government propose to reserve issuing of 75% of permits for the running of tempos in the State for allotment to the Harijans wanting to enter this trade;

(d) if the answer to part (c) above be in the affirmative whether any applications have been received in this connection, if so, their number and the number of permits issued so far for the purpose ?

Sardar Parkash Singh Badal : (a) No Sir;

(b) Question does not arise.

(c) No Sir.

(d) Question does not arise.

[(ੳ) ਨਹੀਂ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

(ੲ) ਨਹੀਂ ਜੀ ।

(ਸ) ਸਵਾਲ ਹੀ ਪੈਦਾ ਨਹੀਂ ਹੁੰਦਾ ।]

ਚੌਧਰੀ ਰਾਮ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਪਠਾਨਕੋਟ ਦੇ ਜਿਹੜੇ ਆਪਰੇਟਰ ਹਨ ਜਿਨ੍ਹਾਂ ਨੇ ਪਿਛਲੀ ਪਾਕਿਸਤਾਨ ਨਾਲ ਹੋਈ ਜੰਗ ਵਿਚ ਗੋਲਿਆਂ ਦੀ ਮਾਰ ਵਿਚ ਅਸਲਾ ਅਤੇ ਜੰਗੀ ਸਾਮਾਨ ਬਾਰਡਰ ਤੇ ਪਹੁੰਚਾਇਆ ਸੀ ਅਤੇ ਆਪਣੀ ਜਾਨ ਦੀ ਪਰਵਾਹ ਨਹੀਂ ਸੀ ਕੀਤੀ ਉਨ੍ਹਾਂ ਨੂੰ ਵੀ ਕੋਈ ਰਾਈਟ ਦਿਤਾ ਜਾਵੇਗਾ ਕਿ ਉਨ੍ਹਾਂ ਨੂੰ ਵੀ ਰੂਟ ਪਰਮਿਟ ਦਿਤੇ ਜਾਣ ਤਾਂ ਕਿ ਉਹ ਵੀ ਮੁਲਕ ਦੀ ਅਤੇ ਸੂਬੇ ਦੀ ਵਧ ਚੜ੍ਹ ਕੇ ਸੇਵਾ ਕਰ ਸਕਣ ?

ਮੁੱਖ ਮੰਤਰੀ : ਇਸ ਦੇ ਬਾਰੇ ਵਿਚ ਸਰਕਾਰ ਦੀ ਇਕ ਡੈਫਿਨਿਟ ਪਾਲਿਸੀ ਹੈ 60:40 ਦੀ ਉਸ ਦੇ ਮੁਤਾਬਿਕ ਹੀ ਰੂਟ ਪਰਮਿਟ ਦਿਤੇ ਜਾਂਦੇ ਹਨ । ਇਸ ਤਰ੍ਹਾਂ ਦਾ ਕੋਈ ਕਰਾਇਟੇਰੀਆ ਅਜੇ ਤਕ ਨਹੀਂ ਬਣਾਇਆ ਜਿਵੇਂ ਕਿ ਮਾਨਯੋਗ ਮੈਂਬਰ ਨੇ ਕਿਹਾ ਹੈ ।

चौधरी बलबीर सिंह : क्या मुख्य मंत्री बताएंगे कि हरिजनों को रूट परमिट देने में रियायत सरकार देती है और अगर नहीं देती तो क्या रियायत देने के बारे में गौर करेगी ?

ਮੁੱਖ ਮੰਤਰੀ : ਜਿਹੜੇ 10% ਨਵੇਂ ਰੂਟ ਪਰਮਿਟ ਦਿਤੇ ਜਾਣੇ ਹਨ ਉਨ੍ਹਾਂ ਵਿਚ ਇਸ ਤਰ੍ਹਾਂ ਦੀਆਂ ਕੈਟੇਗਰੀਆਂ ਨੂੰ ਪ੍ਰੈਫਰੈਂਸ ਦਿਤੀ ਜਾਵੇਗੀ ।

ਸ੍ਰੀ ਬਲਰਾਮ ਦਾਸ ਟੰਡਨ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਜਿਹੜੇ ਨਵੇਂ ਰੂਟ ਬਣਾਏ ਜਾ ਰਹੇ ਹਨ ਜਿਨ੍ਹਾਂ ਲਈ ਪਰਮਿਟ ਐਕਸ-ਸਰਵਿਸਮੈਨਾਂ ਨੂੰ ਵੀ ਦਿਤੇ ਜਾਣਗੇ । (ਵਿਘਨ) ਐਕਸ-ਮਨਿਸਟਰਾਂ ਲਈ ਰਖੇ ਹੋਏ ਹਨ (ਹਾਸਾ)

ਮੁੱਖ ਮੰਤਰੀ : ਇਹਦਾ ਵੀ ਖਿਆਲ ਰਖ ਲਵਾਂਗੇ ।

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਇਨ੍ਹਾਂ ਨਵੇਂ ਰੂਟਾਂ ਨੂੰ ਦੇਣ ਲਗਿਆਂ ਕਿਹੜੀ ਅਥਾਰਿਟੀ ਮੁਕੱਰਰ ਕੀਤੀ ਗਈ ਹੈ-ਆਰ. ਟੀ. ਏ. ਜਾਂ ਐਸ. ਟੀ. ਸੀ. ਦੇ ਹਵਾਲੇ ਇਹ ਕੰਮ ਕੀਤਾ ਗਿਆ ਹੈ ?

ਮੁੱਖ ਮੰਤਰੀ : ਮੈਨੂੰ ਹਾਊਸ ਨੂੰ ਇਸ ਸਬੰਧ ਵਿਚ ਇਹ ਦਸਣ ਵਿਚ ਖੁਸ਼ੀ ਹੈ ਕਿ ਇਸ ਬਾਰੇ ਬਹੁਤ ਚੰਗਾ ਸਿਸਟਮ ਅਡਾਪਟ ਕੀਤਾ ਗਿਆ ਹੈ । ਇਕ ਇਮਪਲੀਮੈਂਟੇਸ਼ਨ ਕਮੇਟੀ ਬਣਾਈ ਗਈ ਹੈ ਜਿਸ ਵਿਚ ਟ੍ਰਾਂਸਪੋਰਟ ਅਫਸਰ, ਆਪਰੇਟਰਾਂ ਦੇ ਨੁਮਾਇੰਦੇ ਅਤੇ ਐਮ. ਐਲ. ਏਜ਼. ਵੀ ਲਏ ਗਏ ਹਨ । ਦੋ ਕਾਂਗਰਸ ਦੇ ਐਮ. ਐਲ. ਏਜ਼. ਵੀ ਕਮੇਟੀ ਵਿਚ ਲਏ ਗਏ ਹਨ । (ਵਿਘਨ)

ਸਿਰਦਾਰ ਕਪੂਰ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਇਨ੍ਹਾਂ ਨੇ ਜਿਹੜੇ ਨਵੇਂ ਰੂਟ ਪਰਮਿਟ ਦੇਣੇ ਹਨ ਉਨ੍ਹਾਂ ਵਿਚ ਅਸਾਡੇ ਪਿੰਡ ਦੇ ਆਦਮੀਆਂ ਲਈ ਵੀ ਕੁਝ ਰਾਖਵੇਂ ਰਖੇ ਜਾਣਗੇ ? (ਹਾਸਾ)

ਸਰਦਾਰ ਸੰਤੋਖ ਸਿੰਘ ਰੰਧਾਵਾ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਜਿਹੜੇ ਨਵੇਂ ਰੂਟ ਪਰਮਿਟ ਦੇਣੇ ਹਨ ਉਹ ਬਾਰਡਰ ਦੇ ਦਸ ਮੀਲ ਦੇ ਏਰੀਆ ਵਿਚ ਦੇਣ ਲਈ ਕੋਈ ਪਰੈਫਰੈਂਸ ਦਿਤੀ ਜਾਵੇਗੀ, ਟੈਂਪੋ ਜਾਂ ਦੂਜੇ ਪਰਮਿਟ ਦੇਣ ਵਿਚ ?

ਮੁੱਖ ਮੰਤਰੀ : ਇਸ ਦੇ ਬਾਰੇ ਵਿਚ ਮੈਂ ਪਹਿਲਾਂ ਹੀ ਅਰਜ਼ ਕੀਤਾ ਹੈ 60:40 ਦੀ ਰੇਸ਼ੋ ਮੁਕੱਰਰ ਕੀਤੀ ਗਈ ਹੈ। ਇਸ ਵਿਚੋਂ ਜਿਹੜੇ 10% ਹਨ ਉਨ੍ਹਾਂ ਦੇ ਬਾਰੇ ਵਿਚ ਜਿਹੜੇ ਨਵੇਂ ਲੋਕ ਐਪਲੀਕੇਸ਼ਨਾਂ ਦੇਣਗੇ ਉਨ੍ਹਾਂ ਤੇ ਵਿਚਾਰ ਕਰ ਕੇ ਦਿਤੇ ਜਾਣਗੇ।

ਚੌਧਰੀ ਸੁੰਦਰ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਜਿੰਨੇ ਵੀ ਨਵੇਂ ਰੂਟ ਪਰਮਿਟ ਹੁਣ ਤਕ ਦਿਤੇ ਗਏ ਹਨ ਇਨ੍ਹਾਂ ਵਿਚੋਂ ਕਿੰਨੇ ਹਰੀਜਨਾਂ ਨੂੰ ਦਿਤੇ ਗਏ ਹਨ ? ਕਿਉਂਕਿ ਟੈਂਪੋ ਦੇ ਬਾਰੇ ਵਿਚ ਇਹ ਫ਼ੈਸਲਾ ਸੀ ਕਿ ਇਹ 50% ਤਕ ਸ਼ੈਡੂਲਡ ਕਾਸਟਾਂ ਲਈ ਰੀਜ਼ਰਵ ਰਖੇ ਜਾਣਗੇ।

ਮੁੱਖ ਮੰਤਰੀ : ਜਿਨ੍ਹਾਂ ਨੂੰ ਚੌਧਰੀ ਸਾਹਿਬ ਰਿਕੁਮੈਂਡ ਕਰਨ ਉਨ੍ਹਾਂ ਨੂੰ ਜ਼ਰੂਰ ਪਰਮਿਟ ਦੇ ਦਿਆਂਗੇ। (ਹਾਸਾ)

चौधरी बलबीर सिंह : क्या मुख्य मंत्री महोदय बताएंगे कि यह जो दो कांग्रेस के मैम्बर इस कमेटी में लिए गए हैं यह कांग्रेस अकाली दल के नए समझौते की बिना पर लिए गए हैं या कोई और वजह है ? (हंसी)

ਚੌਧਰੀ ਜਗਤ ਰਾਮ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਇਹ ਜਿਹੜਾ ਇਨ੍ਹਾਂ ਨੇ ਚੌਧਰੀ ਸੁੰਦਰ ਸਿੰਘ ਨਾਲ ਵਚਨ ਕੀਤਾ ਹੈ ਕਿ ਜਿਨੇ ਉਹ ਰਿਕੁਮੈਂਡ ਕਰਨਗੇ ਦੇ ਦਿਤੇ ਜਾਣਗੇ। ਇਹ ਤਾਂ ਅਗਾਂਹ ਦੀ ਗੱਲ ਹੈ ਪਰ ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਪਿਛੇ ਕਿੰਨੇ ਰੂਟ ਪਰਮਿਟ ਹਰੀਜਨਾਂ ਨੂੰ ਦਿਤੇ ਗਏ ?

ਮੁੱਖ ਮੰਤਰੀ : ਇਸ ਦੇ ਬਾਰੇ ਵਿਚ ਨੋਟਿਸ ਦਿਓ ਪਤਾ ਕਰ ਕੇ ਦਸ ਦਿਤਾ ਜਾਵੇਗਾ।

STARRED QUESTION NO. 2228

ਅ. ਸ. ਨੰ: 515-4 ਉਸ (11)-71

ਮੰਤਰੀ,

ਆਬਕਾਰੀ ਅਤੇ ਕਰ ਵਿਭਾਗ, ਪੰਜਾਬ,

ਚੰਡੀਗੜ੍ਹ।

ਮਿਤੀ 20 ਜਨਵਰੀ, 1971.

ਨਰਿੰਦਰ ਸਿੰਘ

ਵਿਸ਼ਾ : ਸਟਾਰਡ ਸੁਆਲ ਨੰ: 2228, ਵਲੋਂ ਡਾ: ਸਾਧੂ ਰਾਮ, ਐਮ. ਐਲ. ਏ.

ਪਿਆਰੇ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2228, ਜੋ ਮਿਤੀ 21 ਜਨਵਰੀ, 1971 ਲਈ ਸੁਆਲਾਂ ਦੀ ਸੂਚੀ ਵਿਚ ਡਾ: ਸਾਧੂ ਰਾਮ, ਐਮ. ਐਲ. ਏ. ਦੇ ਨਾਂ ਹੇਠ (ਵਲੋਂ) ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ।

ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 25 ਜਨਵਰੀ, 1971 ਤੋਂ ਪਿਛੋਂ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਿਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪ ਜੀ ਦਾ ਵਿਸ਼ਵਾਸ਼ਪਾਤਰ,
(ਨਰਿੰਦਰ ਸਿੰਘ)

ਸ੍ਰੀ ਦਰਬਾਰਾ ਸਿੰਘ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

OWNERS' RATE IMPOSED IN VILLAGES KHALRA DODE AND KALSIAN KHURD IN DISTRICT AMRITSAR

*2313. **Sardar Kirpal Singh** : Will the Minister for Irrigation and and Power be pleased to state :

(a) whether any tax known as Owners' Rate has been imposed in villages Khalra Dode and Kalsian Khurd, tehsil Patti, district Amritsar, under Section 38 of the Northern India Canal and Drainage Act;

(b) if the reply to part (a) above be in the affirmative, the total area of land in question, categorywise, in each of the said villages and the rate of land revenue per acre in respect of each category before the tax referred to in part (a) above was imposed;

(c) whether the Irrigation Department enquired about the rate of land revenue in respect of the canal irrigated area in each of the said villages as required under Section 38 of the Act referred to in part (a) above before imposing the said tax; if not, the reasons therefor;

(d) whether the representation from the land owners of the said villages containing objections in respect of the said tax was forwarded by Sardar Sajjan Singh Margindpuri along with his letter No. 579 dated 23.12.70 to the Secretary, Irrigation Department under registered cover which was received by him between 25.10.70 and 30.12.70, if so, the exact date on which it was received;

(e) whether the objections raised in the said representation and the forwarding letter of Sardar Sajjan Singh have been scrutinised; if so, the conclusions arrived at by the Government thereon

(f) the final decision taken by Government in the case ?

Sardar Sohan Singh Bassi : (a) Yes.

(b) The Owners' Rate is imposed on the area matured per acre. The period/Crop for which this information is required has not been indicated. Reply, therefore, cannot be given. Information

[Minister for Irrigation and Power]

regarding the Land Revenue imposed before the imposition of Owner's rate be supplied by the Revenue Deptt.

(c) The owner's rate was levied in consultation with the Revenue Department under section 38 of the Northern India Canal & Drainage Act, 1873.

(d) Yes, on 28.12.1970.

(e) & (f) It is under consideration.

[(ੲ) ਹਾਂ ਜੀ ।

(ਬੀ) ਔਨਰਜ਼ ਰੇਟ ਮੈਚਿਉਰਡ ਏਰੀਏ ਤੇ ਪ੍ਰਤੀ ਏਕੜ ਦੇ ਹਿਸਾਬ ਲਗਦਾ ਹੈ । ਜਿਸ ਸਮੇਂ/ਫਸਲ ਬਾਰੇ ਇਹ ਸੂਚਨਾ ਚਾਹੀਦੀ ਹੈ ਉਹ ਨਹੀਂ ਦਸੀ ਗਈ । ਇਸ ਲਈ ਉਸ ਬਾਰੇ ਉੱਤਰ ਨਹੀਂ ਦਿੱਤਾ ਜਾ ਸਕਦਾ ।

ਔਨਰਜ਼ ਰੇਟ ਲਾਉਣ ਤੋਂ ਪਹਿਲਾਂ ਲਗਦੇ ਭੂਮੀ ਦੇ ਮਾਮਲੇ ਸਬੰਧੀ ਸੂਚਨਾ ਰੈਵੀਨਿਯੂ ਵਿਭਾਗ ਹੀ ਦਸ ਸਕਦਾ ਹੈ ।

(ਸੀ) ਔਨਰਜ਼ ਰੇਟ ਰੈਵੀਨਿਯੂ ਵਿਭਾਗ ਦੀ ਸਲਾਹ ਨਾਲ ਕੈਨਾਲ ਐਕਟ ਦੀ ਧਾਰਾ 38 ਅਧੀਨ ਲਗਾਇਆ ਗਿਆ ਸੀ ।

(ਡੀ) ਹਾਂ ਜੀ, 28-12-1970 ।

(ਈ) ਅਤੇ (ਐਫ਼) ਵਿਚਾਰ ਅਧੀਨ ਹੈ ।]

ਚੌਧਰੀ ਰਾਮ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਕਲ੍ਹ ਇਥੇ ਇਹ ਗਲ ਕਹੀ ਗਈ ਸੀ ਕਿ ਕਾਂਗਰਸ ਵਲੋਂ ਪੰਜਾਬੀ ਭਾਸ਼ਾ ਦਾ ਅਪਮਾਨ ਕੀਤਾ ਗਿਆ ਹੈ ਅਤੇ ਅਸੀਂ ਪੰਜਾਬੀ ਨੂੰ ਆਪਣੀ ਰਾਜ ਭਾਸ਼ਾ ਨਹੀਂ ਮੰਨਦੇ ਪਰ ਹੁਣ ਮਨਿਸਟਰ ਸਾਹਿਬ ਅੰਗਰੇਜ਼ੀ ਵਿਚ ਬੋਲ ਰਹੇ ਹਨ ਤੇ ਤੁਸੀਂ ਕੋਈ ਹਦਾਇਤ ਇਨ੍ਹਾਂ ਨੂੰ ਨਹੀਂ ਕਰ ਰਹੇ । ਹੁਣ ਇਹ ਆਪ ਅਪਮਾਨ ਪੰਜਾਬੀ ਦਾ ਨਹੀਂ ਕਰ ਰਹੇ ? ਅਜ ਤਾਂ ਟਰੇਯਰੀ ਬੈਂਚਾਂ ਵਲੋਂ ਕੋਈ ਇਤਰਾਜ਼ ਨਹੀਂ ਕੀਤਾ ਗਿਆ । ਅਸਾਡੇ ਵੇਲੇ ਤਾਂ ਇਹ ਕਿਹਾ ਜਾਂਦਾ ਸੀ ਕਿ ਅਸੀਂ ਪੰਜਾਬੀ ਦੀ ਬੇਇਜ਼ਤੀ ਨਹੀਂ ਬਰਦਾਸ਼ਤ ਕਰ ਸਕਦੇ । (ਵਿਘਨ)

(ਇਸ ਸਮੇਂ ਸ੍ਰੀ ਗੁਰਦਿਆਲ ਸੈਣੀ ਅਤੇ ਕੁਝ ਹੋਰ ਆਨਰੇਬਲ ਮੈਂਬਰ ਖੜੇ ਹੋ ਗਏ) (ਵਿਘਨ)

ਸ੍ਰੀ ਗੁਰਦਿਆਲ ਸੈਣੀ : * * * * *

ਸਰਦਾਰ ਸੰਤੋਖ ਸਿੰਘ : * * * *

ਸਰਦਾਰ ਸਰੂਪ ਸਿੰਘ : * * * *

ਸ੍ਰੀ ਸਪੀਕਰ : ਇਹ ਜੋ ਕੁਝ ਵਿਦਾਊਟ ਦੀ ਪਰਮਿਸ਼ਨ ਆਫ ਦੀ ਚੇਅਰ ਕਹਿ ਰਹੇ ਹਨ ਇਹ ਰੀਕਾਰਡ ਨਾ ਕੀਤਾ ਜਾਵੇ । (Whatever is being said by the hon. Members without the permission of the Chair should not be recorded.)

ਸਰਦਾਰ ਸਰੂਪ ਸਿੰਘ : ਚਲੋ ਜੀ ਪੜ੍ਹੋ ਉੜਾ । (ਵਿਘਨ)

*Not recorded as ordered by the Chair.

Mr. Speaker : Sardar Sarup Singh ... Order Please.

ਕੈਪਟਨ ਰਤਨ ਸਿੰਘ : ਜਨਾਬ ਸਪੀਕਰ ਸਾਹਿਬ, ਇਹ ਤਾਂ ਜਾਇਜ਼ ਹੈ ਕਿ ਡੀਬੇਟ ਵਿਚ ਥੋੜ੍ਹਾ ਨਮਕ ਮਿਰਚ ਲਗਾ ਦਿਤਾ ਜਾਵੇ । (ਵਿਘਨ)

ਸ੍ਰੀ ਸਪੀਕਰ : ਕੀ ਤੁਸੀਂ ਇਨ੍ਹਾਂ ਦੇ ਇਸ ਕਾਂਡਕਟ ਨੂੰ ਐਪਰੂਵ ਕਰਦੇ ਹੋ ? (ਵਿਘਨ) (Do you approve of this conduct of the hon. Members ?) (Interruptions) Order please.

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਹ ਜਿਹੜਾ ਟੈਕਸ ਹੈ ਇਸ ਵਿਚ ਲੋਕਲ ਰੇਟ 50% ਹੈ ਅਤੇ ਨੰਬਰਦਾਰੀ ਟੈਕਸ ਵੀ ਹੈ । ਕੀ ਇਹ ਟੈਕਸ ਨਹਿਰੀ ਹੈ ?

ਮੰਤਰੀ : ਇਹ ਵਾਟਰ ਰੇਟ ਹੈ ਇਸ ਵਿਚ ਕੋਈ ਨੰਬਰਦਾਰੀ ਟੈਕਸ ਸ਼ਾਮਿਲ ਨਹੀਂ ਤੇ ਨਾ ਹੀ ਕੋਈ ਸਵਾਲ ਪੈਦਾ ਹੁੰਦਾ ਹੈ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਹ ਗਲਤ ਇਨਫਰਮੇਸ਼ਨ ਦੇ ਰਹੇ ਹਨ । ਇਨ੍ਹਾਂ ਨੂੰ ਇਨ੍ਹਾਂ ਦੇ ਮਹਿਕਮੇ ਨੇ ਸਹੀ ਇਤਲਾਹ ਨਹੀਂ ਦਿਤੀ । ਇਸ ਵਿਚ ਸ਼ਾਮਿਲ ਹੈ 50% ਲੋਕਲ ਰੇਟ ਅਤੇ 3% ਨੰਬਰਦਾਰੀ ਟੈਕਸ ਲਗਾਇਆ ਗਿਆ ਹੈ । ਦੂਜੀ ਗਲ ਇਹ ਹੈ ਮੈਂ ਇਨ੍ਹਾਂ ਨੂੰ ਇਨਫਰਮੇਸ਼ਨ ਦੇ ਦਿਆਂ ਇਨ੍ਹਾਂ ਪਾਸ ਤਾਂ ਹੈ ਨਹੀਂ ਅਤੇ ਇਹ ਹਾਊਸ ਨੂੰ ਦੇ ਨਹੀਂ ਸਕੇ ਇਸ ਟੈਕਸ ਦੇ ਨਾਲ 1954 ਵਿਚ ਵਾਟਰ ਐਡਵਾਨਟਿਜ ਰੇਟ ਸੀ ਫਿਰ 1955 ਵਿਚ ਓਨਰਜ਼ ਰੇਟ ਅਤੇ ਫਿਰ 1959 ਵਿਚ ਇਸ ਰੇਟ ਦੀ ਦਰ ਵਧਾ ਦਿਤੀ ਗਈ ਅਤੇ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਪਰ ਪਹਿਲੇ 1954 ਦੇ ਦਰ ਦੇ ਨੋਟੀਫਿਕੇਸ਼ਨ ਨੂੰ ਕੈਂਸਲ ਨਹੀਂ ਕੀਤਾ ਗਿਆ ਅਤੇ 1955 ਵਿਚ ਐਸ. ਈ. ਨੇ ਹੀ ਆਰਡਰ ਪਾਸ ਕਰ ਦਿਤੇ ਕੈਨਾਲ ਐਕਟ ਦੀ ਧਾਰਾ 37/38 ਅਧੀਨ । ਇਸ ਦੇ ਕੀ ਕਾਰਨ ਹਨ ਕਿ ਪਹਿਲਾ ਨੋਟੀਫਿਕੇਸ਼ਨ ਕੈਂਸਲ ਨਹੀਂ ਕੀਤਾ ਗਿਆ ਅਤੇ ਐਸ. ਈ. ਨੇ ਕਿਸ ਤਰ੍ਹਾਂ ਆਰਡਰ ਪਾਸ ਕਰ ਦਿਤੇ ?

42	95 -Capital Outlay on Schemes of Agricultural improvement and Research ...	16,34,000	...	16,34,000
43	96—Capital Outlay on Industrial and Economic Development ..	1,28,18,700	...	1,28,18,700
44	98 - Capital Outlay on Multipurpose River Schemes ...	3,67,20,900	...	3,67,20,900
45	99—Capital Outlay on Irrigation, Navigation, Embankment and Drainage Works (Commercial) ...	1,28,23,600	...	1,28,23,600
46	103—Capital Outlay on Public Works ...	3,27,05,200	75,000	3,27,80,200
47	109 - Capital Outlay on other works ...	3,17,500	...	3,17,500
48	114—Capital Outlay on Road and Water Transport Schemes ...	44,96,200	...	44,96,200
49	120—Payment of Commuted value of Pensions ...	5,0000	...	50,000

[Mr. Speaker]

Demand number	Heads of Accounts	Amount required on Account Voted	Charged	Total
		Rs.	Rs.	Rs.
50	124—Capital Outlay on Schemes of Government Trading ...	1,25,00,00,000	...	1,25,00,00,000
	Total Capital Account outside the Revenue Account ...	1,35,15,66,100	75,000	1,35,16,41,100
	N—Public Debt			
	Public Debt ...	...	40,00,00,000	40,00,00,000
	Total Public Debt ...	...	40,00,00,000	40,00,00,000
	Q—Loans and Advances by the State, Union Territory Governments			
51	Loans to Local Funds—Private Parties, etc. Loans to Government Servants, etc.	11,60,00,000	...	11,60,00,000
	Total Q—Loans and Advances ..	11,60,00,000	...	11,60,00,000
	Grand Total	1,80,96,07,700	46,14,88,900	2 27,10,96,600

POINT OF ORDER RE. VOTE-ON-ACCOUNT BUDGET

ਕੈਪਟਨ ਰਤਨ ਸਿੰਘ (ਗੜ੍ਹ ਸ਼ੰਕਰ) : ਸਪੀਕਰ ਸਾਹਿਬ, ਮੇਰੇ ਦੋਸਤ ਫਾਈਨੈਂਨਸ ਮਨਿਸਟਰ ਸਰਦਾਰ ਬਲਵੰਤ ਸਿੰਘ ਨੇ ਇਹ ਜਿਹੜਾ ਬਜਟ ਵੋਟ ਆਨ ਅਕਾਊਂਟ ਫਾਰ ਥਰੀ ਮੰਥਸ ਸਾਡੇ ਕੋਲੋਂ ਪਾਸ ਕਰਾਉਣ ਲਈ ਇਸ ਸਦਨ ਵਿਚ ਪੇਸ਼ ਕੀਤਾ ਹੈ ਮੈਂ ਉਹਦੇ ਮੁਤਅੱਲਕ ਇਨ੍ਹਾਂ ਨੂੰ ਥੋੜ੍ਹੀ ਜਿਹੀ ਵਧਾਈ ਵੀ ਦਿੰਦਾ ਹਾਂ (ਥੰਪਿੰਗ) ਇਨ੍ਹਾਂ ਨੇ ਉਸ ਨੂੰ ਨਵੀਂ ਰੰਗਤ ਦਿਤੀ ਹੈ (ਵਿਘਨ) ਵਧਾਈ ਇਸ ਲਈ ਦਿਤੀ ਹੈ ਕਿ ਇਨ੍ਹਾਂ ਨੇ ਬੜੀਆਂ ਚੇਂਜਿਜ਼ ਲਿਆਂਦੀਆਂ ਹਨ । ਉਨ੍ਹਾਂ ਨੇ ਆਪਣੀ ਸਪੀਚ ਵਿਚ ਕੋਈ ਨਵੇਂ ਟੈਕਸ ਨਹੀਂ ਦਸੇ ਹਨ ਕਿਉਂਕਿ ਇਨ੍ਹਾਂ ਨੇ ਟੈਕਸ ਲਾਉਣ ਦੇ ਨਿਰਾਲੇ ਢੰਗ ਲਭੇ ਹਨ । ਉਹ ਹੈ ਟੈਕਸ ਬਾਈ-ਆਰਡੀਨੈਂਸ । ਪਿਛਲੀ ਵਾਰੀ ਵੀ ਇਨ੍ਹਾਂ ਨੇ ਇਸ ਤਰ੍ਹਾਂ ਕੀਤਾ ਹੈ ਅਤੇ ਹੁਣ ਵੀ ਇਸ ਤਰ੍ਹਾਂ ਹੀ ਕਰਨਾ ਹੈ । ਇਹ ਇਸ ਤਰ੍ਹਾਂ ਕਰਨਾ ਇਨ੍ਹਾਂ ਦੀ ਆਦਤ ਬਣ ਗਈ ਹੈ। (ਵਿਘਨ) ਜੇ ਕੁੱਤੇ ਦਾ ਮਾਸ ਵੇਚਣਾ ਹੋਵੇ ਤਾਂ ਦੁਕਾਨ ਦੇ ਬਾਹਰ ਬਕਰੇ ਦੀ ਖਲ ਟੰਗ ਦਿਓ । ਇਹ ਸਰਦਾਰ ਬਲਵੰਤ ਸਿੰਘ ਦੀ ਦਲੀਲ ਹੈ (ਵਿਘਨ) ਜਿਹੜੇ ਪਹਿਲਾਂ ਐਥਕਸ ਅਤੇ ਮੋਰਲਜ਼ ਹੁੰਦੇ ਸਨ ਉਦੋਂ ਲੋਕਾਂ ਦਾ ਖਿਆਲ ਰਖਦੇ ਹੁੰਦੇ ਸੀ ਪਰ ਅਜ ਕੱਲ੍ਹ ਇਹ ਚੀਜ਼ਾਂ ਨਹੀਂ ਰਹੀਆਂ ਹਨ । ਹੁਣ ਤਾਂ ਘਰ ਦਿਆਂ ਨੂੰ ਹੀ ਲੁਟਣ ਲਈ ਚੰਗੇ ਤੋਂ ਚੰਗੇ ਤਰੀਕੇ ਲਭੇ ਜਾਂਦੇ ਹਨ । ਜੇ ਮਾਰਲਜ਼ ਹੁੰਦਾ ਤਾਂ ਇਹ ਜਿਹੜੇ ਮੇਰੇ ਆਨਰੇਬਲ ਮੈਂਬਰਜ਼ ਮਨਿਸਟਰਜ਼ ਬਣੇ ਬੈਠੇ ਹਨ ਇਹ ਮਨਿਸਟਰਜ਼ ਨਾ ਬਣ ਸਕਦੇ ਕਿਉਂਕਿ ਇਨ੍ਹਾਂ 57 ਆਨਰੇਬਲ ਮੈਂਬਰਜ਼ ਵਿਚੋਂ 42 ਉਹ ਮੈਂਬਰਜ਼ ਹਨ ਜਿਹੜੇ ਕਿਸੇ ਨਾ ਕਿਸੇ ਵੇਲੇ ਕਿਸੀ ਪਾਰਟੀ ਵਿਚੋਂ ਡਿਫੈਕਟ ਹੋਏ ਹੋਏ ਹਨ । (ਥੰਪਿੰਗ) (ਵਿਘਨ) ਸਪੀਕਰ ਸਾਹਿਬ, ਫੇਰ ਤੁਸੀਂ ਇਹ ਸਵਾਲ ਕਰੋਗੇ ਕਿ ਇਨ੍ਹਾਂ ਦੀ ਮਦਦ ਕਿਉਂ ਕੀਤੀ ਗਈ ? ਇਹ ਬੜਾ ਵਾਜਬ ਸਵਾਲ ਹੈ । ਅਸੀਂ ਇਸ ਕਰ ਕੇ ਇਨ੍ਹਾਂ ਨੂੰ ਬਚਾਇਆ ਸੀ ਕਿਉਂਕਿ ਸਾਡੇ ਕੋਲ ਹੋਰ ਕੋਈ ਆਲਟਰ-ਨੇਟਿਵ ਨਹੀਂ ਸੀ । ਇਕ ਤਜਰਬਾ ਅਸੀਂ ਪਹਿਲਾਂ ਸਰਦਾਰ ਲਛਮਣ ਸਿੰਘ ਗਿੱਲ ਨਾਲ ਕੀਤਾ ਸੀ ਫੇਰ ਉਹ ਤਜਰਬਾ ਸਰਦਾਰ ਗੁਰਨਾਮ ਸਿੰਘ ਨਾਲ ਦੋਹਰਾਣਾ ਨਹੀਂ ਸੀ ਚਾਹੁੰਦੇ । ਇਸ ਲਈ ਸਾਡੇ ਕੋਲ ਕੋਈ ਚਾਰਾ ਨਹੀਂ ਸੀ । ਅਸੀਂ ਸੋਚਿਆ ਕਿ ਇਨ੍ਹਾਂ ਨੂੰ ਇਕ ਮੌਕਾ ਦੇ ਦਿਓ । ਇਹ ਜਿਹੜੇ ਸਿਖਾਂ ਦੇ ਨੁਮਾਇੰਦੇ ਹਨ, ਜਿਹੜੇ ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਦੇ ਨਾਮ ਲੇਵਾ ਹਨ, ਇਨ੍ਹਾਂ ਨੂੰ ਇਕ ਮੌਕਾ ਦੇ ਦਿਓ । ਅਸੀਂ ਚਾਹੁੰਦੇ ਸੀ ਕਿ ਸੂਬੇ ਵਿਚ ਇਕ ਸੁਚੱਜੀ, ਇਕ ਨੇਕ ਨੀਯਤ ਵਾਲੀ ਸਰਕਾਰ ਬਣੇ ਜਿਸ ਵਿਚ ਕਿ ਕੁਰਪਸ਼ਨ ਨਾ ਹੋਵੇ । ਅਸੀਂ ਇਹ ਸਮਝਦੇ ਸੀ ਕਿ ਇਨ੍ਹਾਂ ਦੇ ਨਾਅਰੇ ਸੱਚੇ ਹੋਣਗੇ । ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਕੁਰਪਸ਼ਨ ਕਾਂਗਰਸ ਗੌਰਮਿੰਟ ਵਿਚ ਵੀ ਹੁੰਦੀ ਸੀ, ਮੈਂ ਮੰਨਦਾ ਹਾਂ; ਲੇਕਿਨ ਉਸ ਵੇਲੇ ਕਾਂਗਰਸ ਦੇ ਮਨਿਸਟਰਜ਼ ਵਿਚ ਕੋਈ ਕੋਈ ਬਲੈਕ ਸ਼ੀਪ ਹੁੰਦੀ ਸੀ ਪਰ ਇਨ੍ਹਾਂ ਵਿਚ ਤਾਂ ਹੁਣ ਕੋਈ ਵਾਈਟ ਸ਼ੀਟ ਲਭਣੀ ਮੁਸ਼ਕਿਲ ਹੋ ਰਹੀ ਹੈ (ਵਿਘਨ) ਜੇ ਇਸ ਦਾ ਮਤਲਬ ਨਹੀਂ ਸਮਝੇ ਤਾਂ ਮੈਂ ਹੋਰ ਵੀ ਚੰਗੀ ਤਰ੍ਹਾਂ ਨਾਲ ਦਸ ਦਿੰਦਾ ਹਾਂ । ਸਾਡੀ ਕਾਂਗਰਸ ਗੌਰਮਿੰਟ ਵਿਚ ਕੁਰਪਟ ਮਨਿਸਟਰਜ਼ ਆਏ ਹਨ ਪਰ ਉਹ ਇਕ ਅੱਧ ਹੁੰਦਾ ਸੀ ਲੇਕਿਨ ਤੁਹਾਡੇ ਵਿਚੋਂ ਸੁਚੱਜੇ ਇਕ, ਦੋ ਜਾਂ ਤਿੰਨ ਮੁਸ਼ਕਿਲ ਨਾਲ ਦਿਸਦੇ ਹਨ (ਵਿਘਨ)

ਸਾਥੀ ਰੂਪ ਲਾਲ : ਆਨ ਏ ਪੁਆਇੰਟ ਆਫ ਅਰਡਰ, ਸਰ । ਮੇਰਾ ਪੁਆਇਟ ਆਫ਼ ਆਰਡਰ ਇਹ ਹੈ ਕਿ ਮੈਂ ਕੈਪਟਨ ਰਤਨ ਸਿੰਘ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਡਿਪਟੀ ਚੀਫ ਮਨਿਸਟਰੀ ਲਈ ਅਚਕਨ ਸਵਾਈ ਸੀ ਉਹ ਕਿਥੇ ਹੈ ? (ਸ਼ੋਰ) (ਵਿਘਨ)

ਕੈਪਟਨ ਰਤਨ ਸਿੰਘ : ਮੈਂ ਤਾਂ ਕਦੇ ਅਚਕਣ ਜ਼ਿੰਦਗੀ ਵਿਚ ਨਹੀਂ ਪਾਈ ਲੇਕਿਨ ਜੇ ਕਿਤੇ ਇਨ੍ਹਾਂ ਨੇ ਸਿਲਾਈ ਹੈ ਤਾਂ ਉਹ ਮੈਨੂੰ ਭੇਜ ਦੇਣ । ਮੈਂ ਅਰਜ਼ ਕਰ ਰਿਹਾ ਸੀ ਕਿ ਸਰਦਾਰ ਬਲਵੰਤ ਸਿੰਘ ਜੀ ਨੇ ਸਾਡੇ ਕੋਲ ਕਲ੍ਹ ਇਕ ਚੈਲਿੰਜ ਕੀਤਾ ਸੀ ਕਿ ਮੇਰਾ ਜਿਹੜਾ ਬਜਟ ਹੈ ਉਹ ਐਨਾ ਚੰਗਾ ਹੈ

[ਕੈਪਟਨ ਰਤਨ ਸਿੰਘ]

ਕਿ ਕੋਈ ਫਰੰਟ ਬੈਂਚਿਜ਼ ਵਾਲਿਆਂ ਵਿਚੋਂ ਬੋਲਿਆ ਹੀ ਨਹੀਂ । ਮੈਨੂੰ ਅਫਸੋਸ ਹੋਇਆ ਅਸੀਂ ਬੋਲੀਏ ਕੀ ਜੇ ਅਸੀਂ ਬੋਲੀਏ ਤਾਂ (ਵਿਘਨ) ਤੁਸੀਂ ਬੋਲਦੇ ਰਹਿਣਾ ਹੈ । (ਵਿਘਨ)

ਸਰਦਾਰ ਬਲਵੰਤ ਸਿੰਘ ਦਾ ਜਿਹੜਾ ਆਪਣਾ ਮਹਿਕਮਾ ਹੈ ਜੇ ਇਹ ਆਪਣੇ ਮਹਿਕਮੇ ਨੂੰ ਸੁਧਾਰ ਲੈਣ ਤਾਂ ਚੰਗਾ ਕੰਮ ਹੋਵੇਗਾ । ਬਜਟ ਪਾਸ ਕਰਾਉਣ ਲਈ, ਵੋਟ ਆਨ ਅਕਾਊਂਟ ਆਉਂਦੀ ਹੈ ਔਰ ਉਹ ਵੋਟ ਆਨ ਅਕਾਊਂਟ ਅਸੈਂਬਲੀ ਕਰਦੀ ਹੈ । ਸਕੀਮ ਪਹਿਲਾਂ ਫਾਈਨੈਂਸ ਡਿਪਾਰਟਮੈਂਟ ਨੇ ਸਕਰੂਟੀਨਾਈਜ਼ ਕਰਕੇ ਪਾਸ ਕਰਵਾ ਲਈ ਹੈ ਲੇਕਿਨ ਇਸ ਤੋਂ ਬਾਅਦ ਫਾਇਨੈਂਸ ਡਿਪਾਰਟਮੈਂਟ ਕੋਲ ਕੋਈ ਸੁਪਰ ਪਾਵਰਜ਼ ਨਹੀਂ ਕਿ ਉਹ ਅਸੈਂਬਲੀ ਤੋਂ ਪਾਸ ਹੋਈ ਮਨਜ਼ੂਰੀ ਦੇ ਰਸਤੇ ਵਿਚ ਰੋੜਾ ਅਟਕਾਵੇ । ਇਹਦੇ ਵਿਚ 'ਪੰਜਾਬ ਆਨ ਦੀ ਮਾਰਚ' ਵਿਚ ਕਿਹਾ ਹੈ ਕਿ ਕੰਡੀ ਏਰੀਆ ਵਿਚ ਟਿਊਬਵੈੱਲ ਲਗਾਉਣ ਲਈ ਰਿਗਜ਼ ਮਸ਼ੀਨਾਂ ਮੰਗਵਾਈਆਂ । ਇਕ ਬੜੀ ਸ਼ਾਨਦਾਰ ਰਿਗ ਜਿਸ ਦੇ ਲਈ 3 ਲਖ ਰੁਪਿਆ ਫ਼ਾਰਨ ਐਕਸਚੇਂਜ ਵਾਸਤੇ ਚਾਹੀਦਾ ਸੀ ਪੰਜਾਬ ਦੇ ਡਿਵੈਲਪਮੈਂਟ ਕਮਿਸ਼ਨਰ ਨੇ ਸੈਂਟਰ ਵਿਚ ਜਾ ਕੇ ਮਨਜ਼ੂਰ ਕਰਾਈ ਸੀ, ਉਹ ਰਿਗ ਆ ਗਈ ਹੈ (ਵਿਘਨ) ਲੇਕਿਨ ਉਸ ਦੇ ਲਈ ਐਫ. ਡੀ. ਪਾਸੋਂ (ਵਿਘਨ) ਸੈਂਕਸ਼ਨ ਨਹੀਂ ਮਿਲ ਰਹੀ । ਫੇਰ ਹੁਣ ਮੈਨੂੰ ਇਹ ਪਤਾ ਨਹੀਂ ਕਿ ਉਹ ਟਿਊਬਵੈੱਲ ਕਦੋਂ ਬੋਰ ਕਰਨਗੇ । ਫਾਈਨੈਂਸ ਡਿਪਾਰਟਮੈਂਟ ਸਾਡੀ ਤੌਹੀਨ ਕਰਦਾ ਹੈ । ਜਿਹੜੀ ਸਕੀਮ ਇਕ ਵਾਰੀ ਇਥੇ ਮਨਜ਼ੂਰ ਹੋ ਜਾਵੇ ਉਸ ਨੂੰ ਦੋਬਾਰਾ ਨਾ-ਮਨਜ਼ੂਰ ਕਰਨ ਦਾ ਇਨ੍ਹਾਂ ਨੂੰ ਕੋਈ ਹੱਕ ਨਹੀਂ ਹੈ । ਪਰ ਇਹ ਇਸ ਤਰ੍ਹਾਂ ਕਰਦੇ ਹਨ । ਇਥੇ ਛੀਨਾ ਸਾਹਿਬ ਬੈਠੇ ਹਨ, ਉਹ ਬੜੇ ਅੱਛੇ ਹਨ । ਪਰ ਉਨ੍ਹਾਂ ਦੇ ਵੇਲੇ ਦੇ ਪੁਰਾਣੇ ਅਫਸਰ ਪੁਰਾਣੀਆਂ ਰੁਚੀਆਂ ਵਿਚੋਂ ਹਾਲਾਂ ਨਹੀ ਨਿਕਲੇ । ਜਿਹੜੀ ਡੀਮਾਂਡ ਇਥੇ ਪਾਸ ਹੋ ਜਾਂਦੀ ਹੈ ਉਸ ਦੇ ਵਿਚ ਤਬਦੀਲੀ ਨਹੀਂ ਕਰਨੀ ਚਾਹੀਦੀ । ਇਨ੍ਹਾਂ ਨੇ ਇਕ ਸਪੈਸ਼ਲ ਇਨਕੁਆਇਰੀ ਏਜੰਸੀ ਬਣਾਈ ਹੈ । ਇਸ ਦਾ ਜ਼ਿਕਰ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਸਫ਼ਾ 2 ਤੇ ਵੀ ਕੀਤਾ ਗਿਆ ਹੈ । ਉਹ ਇਸ ਤਰ੍ਹਾਂ ਹੈ :

> "..Special Inquiry Agency has been re-organised and strengthened to make it more effective in tackling corruption......"

ਸੋ ਮੈਂ ਸਮਝਦਾ ਹਾਂ ਕਿ ਇਹ ਕਿਉਂ ਤੁਸੀਂ ਖਰਚ ਕਰਦੇ ਪਏ ਹੋ ਇਸ ਸਪੈਸ਼ਲ ਇਨਕੁਆਇਰੀ ਏਜੰਸੀ ਤੇ । ਇਸ ਦੀ ਕੋਈ ਲੋੜ ਨਹੀਂ, ਐਵੇਂ ਹੀ ਪੰਜਾਬ ਤੇ ਬੋਝ ਪਾਉਂਦੇ ਪਏ ਹੋ ਇਨਕੁਆਇਰੀ ਏਜੰਸੀ ਮੁਕੱਰਰ ਕਰ ਕੇ । ਜੇ ਕੋਈ ਐਕਸ਼ਨ ਹੀ ਨਹੀ ਲੈਣਾ ਤਾਂ ਫਿਰ ਇਸ ਨੂੰ ਕਿਉਂ ਬਣਾਉਂਦੇ ਪਏ ਹੋ । ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਦੋਂ ਸਰਦਾਰ ਗੁਰਨਾਮ ਸਿੰਘ ਜੀ ਚੀਫ ਮਨਿਸਟਰੀ ਤੋਂ ਲੱਥੇ ਤਾਂ ਇਨ੍ਹਾਂ ਨੂੰ ਬੜਾ ਗੁੱਸਾ ਸੀ । ਇਤਨਾ ਗੁੱਸਾ ਕਿ ਜਿਤਨਾ ਗੁੱਸਾ ਸਰਦਾਰ ਗੁਰਨਾਮ ਸਿੰਘ ਨੂੰ ਗਿੱਲ ਤੇ ਸੀ । ਸਰਦਾਰ ਗਿੱਲ ਨੂੰ ਸਰਦਾਰ ਗੁਰਨਾਮ ਸਿੰਘ ਨੇ ਅਰੈਸਟ ਕਰਵਾਇਆ, ਉਨ੍ਹਾਂ ਨੂੰ ਹੱਥਕੜੀ ਲਗਵਾਈ । (ਵਿਘਨ) ਮੈਂ ਸਪੀਕਰ ਸਾਹਿਬ, ਸਰਦਾਰ ਗੁਰਨਾਮ ਸਿੰਘ ਨੂੰ ਵਾਰਨਿੰਗ ਦਿਤੀ ਸੀ ਕਿ ਚੀਫ ਮਨਿਸਟਰੀ ਹੋਰ ਚੀਜ਼ ਹੈ ਔਰ ਤੂੰ ਉਤਨਾ ਕੰਮ ਕਰ ਜਿਤਨਾ ਜਚੇ ਪਰ ਉਨ੍ਹਾਂ ਨੇ ਮੇਰੀ ਗੱਲ ਮੰਨੀ ਨਹੀਂ । (ਵਿਘਨ) ਫਿਰ ਇਕ ਸਪੈਸ਼ਲ ਇਨਕੁਆਇਰੀ ਏਜੰਸੀ ਨੇ ਸਰਦਾਰ ਗੁਰਨਾਮ ਸਿੰਘ ਦੇ ਖਿਲਾਫ, ਜਦੋਂ ਉਹ ਚੀਫ ਮਨਿਸਟਰੀ ਤੋਂ ਲੱਥੇ ਤਾਂ, ਲਗੇ ਹੋਏ ਚਾਰਜਿਜ਼ ਤੇ ਇਨਕੁਆਇਰੀ ਕੀਤੀ । ਇਹ ਇਲਜ਼ਾਮ ਲਗਾਉਣ ਵਾਲਾ ਕੋਈ ਨੱਥੂ ਖੈਰਾ ਨਹੀਂ ਹੈ, ਕਾਂਗਰਸ ਨਹੀਂ ਹੈ, ਕੋਈ ਕਮਿਊਨਿਸਟ ਨਹੀਂ ਕਨ । ਪਰ ਕੌਣ ਹਨ ? ਇਹ 10-11 ਚਾਰਜਿਜ਼ ਲਗਾਉਣ ਵਾਲੇ ਐਕਸ-ਲੈਜਿਸਲੇਟਰਜ਼ ਔਰ ਸਿੱਖ ਲੈਜਿਸਲੇਟਰਜ਼ ਸਨ, ਉਨ੍ਹਾਂ ਨੇ ਲਗਾਏ । (ਵਿਘਨ)

(ਇਸ ਸਮੇਂ ਸਭਾਪਤੀਆਂ ਦੀ ਨਾਮਾਵਲੀ ਦੇ ਮੈਂਬਰ ਸਰਦਾਰ ਸ਼ਸ਼ਪਾਲ ਸਿੰਘ ਨੇ ਕੁਰਸੀ ਸੰਭਾਲੀ।) ਇਨ੍ਹਾਂ ਇਲਜ਼ਾਮਾਂ ਵਿਚ ਇਹ ਵੀ ਸੀ ਕਿ ਇਨ੍ਹਾਂ ਦੇ ਰਿਸ਼ਤੇਦਾਰਾਂ ਨੇ ਨਾਜਾਇਜ਼ ਤੌਰ ਤੇ ਪਿੰਡਾਂ ਵਿਚ ਜ਼ਮੀਨ ਆਪਣੇ ਨਾਮ ਤੇ ਅਲਾਟ ਕਰਾ ਲਈ। (ਵਿਘਨ) ਇਕ ਆਦਮੀ ਕਤਲ ਦੇ ਮੁਕੱਦਮੇ ਵਿਚ ਸਰਸੇ ਜੇਲ੍ਹ ਵਿਚ ਸੀ। ਉਥੇ ਇਨ੍ਹਾਂ ਦਾ ਇਕ ਰਿਸ਼ਤੇਦਾਰ ਗਿਆ। ਉਹ ਇਨ੍ਹਾਂ ਦਾ ਰਿਸ਼ਤੇਦਾਰ ਇਕ ਅਫ਼ਸਰ ਨੂੰ ਨਾਲ ਲੈ ਕੇ ਗਿਆ। ਉਥੇ ਜਾ ਕੇ ਉਨ੍ਹਾਂ ਨੇ ਕਿਹਾ ਕਿ ਸਰਦਾਰ ਗੁਰਨਾਮ ਸਿੰਘ ਤੁਹਾਡੇ ਕਤਲ ਵਿਚ ਵੀ ਮਦਦ ਕਰੇਗਾ ਅਤੇ ਜ਼ਮੀਨ ਇਥੇ ਤੁਹਾਨੂੰ ਅਲਾਟ ਕਰ ਦਿਆਂਗੇ ਅਤੇ ਫਿਰ ਜ਼ਮੀਨ ਚੰਗੇ ਭਾਅ ਤੇ ਵੇਚਾਂਗੇ। (ਵਿਘਨ) ਉਹ ਸਪੈਸ਼ਲ ਇਨਕੁਆਇਰੀ ਏਜੰਸੀ ਦੀ ਰਿਪੋਰਟ ਮੇਰੇ ਪਾਸ ਹੈ। (ਵਿਘਨ)

ਵਿੱਤ ਮੰਤਰੀ : ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਮੈਂ, ਤੁਹਾਡੇ ਰਾਹੀਂ ਕੈਪਟਨ ਸਾਹਿਬ ਦਾ ਧਿਆਨ ਰੂਲ 221 ਆਈਟਮ ਨੰ: 3, ਵਲ ਦਿਵਾਉਂਦਾ ਹਾਂ ਔਰ ਇਸ ਦੇ ਮੁਤਾਬਿਕ ਵੋਟ ਆਨ ਅਕਾਉਂਟ ਤੇ ਬੋਲਣ ਦਾ ਸਕੋਪ ਬੜਾ ਲਿਮਟਿਡ ਹੈ। ਰੂਲ ਬੜਾ ਕਲੀਅਰ ਹੈ। (ਵਿਘਨ) ਇਸ ਦੇ ਵਿਚ ਲਿਖਿਆ ਹੈ ਕਿ :

> "Discussion of a general character shall be allowed on the motion or any amendments moved thereto, but the details of the grant shall not be discussed further than is necessary to develop the general points"

Comrade Satya Pal Dang : This is no Point of Order.

Minister for Finance : It is for the Chairman to give ruling and not for you.

ਇਸ ਕਰ ਕੇ, ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਕੈਪਟਨ ਸਾਹਿਬ ਨੂੰ ਬੇਨਤੀ ਕੀਤੀ ਜਾਵੇ ਕਿ ਉਹ ਵੋਟ ਆਨ ਅਕਾਊਂਟ ਤੇ ਜਿਸ ਤਰ੍ਹਾਂ ਰੂਲਜ਼ ਪ੍ਰੋਵਾਈਡ ਕਰਦੇ ਹਨ, ਇਸ ਬਹਿਸ ਦਾ ਬੜਾ ਲਿਮਟਿਡ ਸਕੋਪ ਹੈ, ਉਸ ਹਿਸਾਬ ਨਾਲ ਬੋਲਣ। ਇਹ ਸਕੋਪ ਤੋਂ ਬੀਯਾਂਡ ਜਾ ਰਹੇ ਹਨ। ਸੋ ਇਨ੍ਹਾਂ ਨੂੰ ਬਾਹਰ ਨਾ ਜਾਣ ਦਿਤਾ ਜਾਵੇ। (ਵਿਘਨ)

ਕੈਪਟਨ ਰਤਨ ਸਿੰਘ : ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ 5 ਜੂਨ, 1970 ਨੂੰ ਡਾਇਰੈਕਟਰ, ਸਪੈਸ਼ਲ ਇਨਕੁਆਇਰੀ ਏਜੰਸੀ ਪੰਜਾਬ ਨੇ ਰਿਪੋਰਟ ਮੁੱਖ ਮੰਤਰੀ ਨੂੰ ਭੇਜੀ ਪਰ ਅੱਜ ਤਾਈਂ ਉਸ ਤੇ ਕੋਈ ਐਕਸ਼ਨ ਨਹੀਂ ਹੋਇਆ। ਸੋ ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਜੇ ਐਕਸ਼ਨ ਹੀ ਕੋਈ ਨਹੀਂ ਲੈਣਾ ਤਾਂ ਇਸ ਸਪੈਸ਼ਲ ਇਨਕੁਆਇਰੀ ਏਜੰਸੀ ਤੇ ਪੈਸਾ ਕਿਉਂ ਜ਼ਾਇਆ ਕੀਤਾ ਜਾਵੇ। (ਵਿਘਨ) ਜਾਂ ਸਰਦਾਰ ਗੁਰਨਾਮ ਸਿੰਘ ਨੂੰ ਆਪਣੇ ਪੰਜੇ ਵਿਚ ਲਿਆਉਣ ਲਈ ਇਹ ਧਮਕੀ ਨਾਲ ਕਿਉਂ ਕੰਮ ਕੀਤਾ ਜਾਵੇ। ਮੈਂ ਸਰਦਾਰ ਗੁਰਨਾਮ ਸਿੰਘ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੇ ਦੋਸਤਾਂ ਨੇ ਤੁਹਾਡੇ ਤੇ ਚਾਰਜਿਜ਼ ਲਗਾਏ, ਅਸੀਂ ਨਹੀਂ ਲਗਾਏ। (ਵਿਘਨ) ਤੁਸੀਂ ਤਾਂ ਬਚ ਗਏ ਪਰ ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਵਾਰਨਿੰਗ ਦਿੰਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਦੇ ਦਸਖ਼ਤ ਕਰਵਾ ਲੈਂਦੇ ਹਨ, ਤੁਸੀਂ ਬਚੋ ਸਰਦਾਰ ਗੁਰਨਾਮ ਸਿੰਘ ਤਾਂ ਬਚ ਗਏ ਹਨ ਪਰ ਤੁਹਾਨੂੰ ਕਿਸੇ ਨੇ ਸੱਤ ਸਾਲ ਤੱਕ ਨਹੀਂ ਛੱਡਣਾ। (ਕਾਂਗਰਸ ਪਾਰਟੀ ਵਲੋਂ ਤਾੜੀਆਂ) (ਵਿਘਨ)

ਸ੍ਰੀ ਸਭਾਪਤੀ : ਕੈਪਟਨ ਸਾਹਿਬ ਲੈਂਗੂਏਜ ਅੱਛੀ ਵਰਤੋ। (The hon. Member Captain Rattan Singh may please use parliamentary language)

ਕੈਪਟਨ ਰਤਨ ਸਿੰਘ : ਮੈਂ ਇਨ੍ਹਾਂ ਦੇ ਮਾਰੇਲ ਅਤੇ ਐਥਿਕਸ ਦੀ ਗੱਲ ਕਹਾਂ । ਸਾਡੇ ਐਮ. ਐਲ. ਏਜ਼, ਮਨਿਸਟਰਜ਼, ਪਬਲਿਕਮੈਂਨ ਦੀ ਜਿਹੜੀ ਸਾਡੀ ਹਾਲਤ ਹੈ, ਉਹ ਕਾਫ਼ੀ ਸ਼ਰਮਨਾਕ ਹੈ । ਸਾਨੂੰ ਮਾਰੇਲ ਲਿਆਉਣਾ ਚਾਹੀਦਾ ਹੈ । (ਵਿਘਨ) ਮੈਂ ਤੁਹਾਡੇ ਮਾਰੇਲ ਅਤੇ ਐਥਿਕ ਦੀ ਗੱਲ ਦਸਦਾ ਹਾਂ ਤੁਸੀਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਲੇਵਾ ਨਹੀਂ ਹੋ । ਤੁਸੀਂ ਜਿਹੜੀ ਅਕਾਲ ਤਖਤ ਤੇ ਸਹੁੰ ਖਾਧੀ ਸੀ ਉਸ ਨੂੰ ਭੁੱਲ ਗਏ ਹੋ । (ਵਿਘਨ) ਤੁਸੀਂ ਨਾ ਸਿੱਖ ਹੋ ਅਤੇ ਨਾ ਅਕਾਲੀ ਹੋ । (ਵਿਘਨ) (ਸ਼ੋਰ) ਤੁਸੀਂ ਗੁਰੂ ਨਾਨਕ ਦੇਵ ਜੀ ਦੇ ਪੁਜਾਰੀ ਨਹੀਂ ਹੋ । ਤੁਸੀਂ ਸਹੁੰ ਖਾਧੀ ਸੀ ... ... (ਇਸ ਸਮੇਂ ਹਾਊਸ ਵਿਚ ਕਾਫੀ ਸ਼ੋਰ ਸੀ । ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਆਪਣੀਆਂ ਸੀਟਾਂ ਤੇ ਖੜੇ ਹੋ ਗਏ ।)

ਸਿਰਦਾਰ ਕਪੂਰ ਸਿੰਘ : ਪੁਆਇੰਟ ਆਫ਼ ਆਰਡਰ, ਸਰ । ਚੇਅਰਮੈਨ ਸਾਹਿਬ, ਹੁਣੇ ਹੁਣੇ ਮਾਨਯੋਗ ਕੈਪਟਨ ਰਤਨ ਸਿੰਘ ਜੀ ਨੇ ਸਿੱਖਾਂ ਦੇ ਚਰਿਤਰ ਅਤੇ ਧਰਮ-ਨਿਸ਼ਠਾ ਦੀ ਗੱਲ ਕਰਦੇ ਹੋਏ ਕਿਹਾ ਹੈ ਕਿ, 'ਨਾ ਤੁਸੀਂ ਸਿੱਖ ਹੋ ਨਾ ਤੁਸੀਂ ਅਕਾਲੀ ਹੋ ਅਤੇ ਨਾ ਹੀ ਤੁਸੀਂ ਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ ਹੋ ।'' ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸ਼ਬਦ ਹੋਰ ਕਿਸੇ ਤੇ ਲਾਗੂ ਨਹੀਂ ਹੁੰਦੇ, ਇਹ ਤੁਹਾਡੇ ਤੇ ਲਾਗੂ ਹੁੰਦੇ ਹਨ, ਕਿਉਂਕਿ ਨਿਯਮਾਂ ਦੇ ਮੁਤਾਬਿਕ ਉਹ ਤੁਹਾਡੇ ਨਾਲ ਹੀ ਗੱਲ ਕਰ ਸਕਦੇ ਹਨ । ਇਸ ਕਾਰਣ ਜੋ ਸ਼ਬਦ ਉਨ੍ਹਾਂ ਨੇ ਕਹੇ ਹਨ, ਇਹ ਅਸੀਂ ਸਹਿਣ ਕਰਨ ਨੂੰ ਤਿਆਰ ਨਹੀਂ ।

ਸ੍ਰੀ ਸਭਾਪਤੀ : ਉਹ ਇਕ ਫੌਜੀ ਹੋਣ ਦੇ ਨਾਤੇ ਇਸ ਢੰਗ ਦੀਆਂ ਗੱਲਾਂ ਕਰਦੇ ਹਨ । (Being a military man he talks in this strain.)

ਕੈਪਟਨ ਰਤਨ ਸਿੰਘ : ਮੈਂ ਬੜਾ ਸਿਨਸੀਅਰ ਆਦਮੀ ਹਾਂ ਅਤੇ ਮੈਨੂੰ ਗੁੱਸਾ ਵੀ ਜਲਦੀ ਆ ਜਾਂਦਾ ਹੈ । ਮੈਂ ਤਾਂ ਇਹ ਦੱਸਦਾ ਹਾਂ ਕਿ ਗੁਰੂਆਂ ਦੇ ਦੱਸੇ ਰਸਤਿਆਂ ਤੇ ਚੱਲਣਾ ਚਾਹੀਦਾ ਹੈ ।

ਸਰਦਾਰ ਸਰੂਪ ਸਿੰਘ : ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਇਹ ਕਹਿੰਦੇ ਹਨ ਕਿ ਨਾ ਇਹ ਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ ਹਨ ਅਤੇ ਨਾ ਹੀ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਲੇਵਾ ਹਨ । ਇਹ ਠੀਕ ਹੈ ਕਿਉਂਕਿ ਇਨ੍ਹਾਂ ਨੇ ਤਾਂ ਸੰਤ ਫਤਹ ਸਿੰਘ ਕੋਲੋਂ ਸਹੁੰ ਖਾਧੀ ਸੀ ਇਹ ਤਾਂ ਉਨ੍ਹਾਂ ਦੇ ਪੁਜਾਰੀ ਹਨ । (ਵਿਘਨ)

ਸਰਦਾਰ ਮਹਿੰਦਰ ਸਿੰਘ ਬਬੇਹਾਲੀ : ਚੇਅਰਮੈਨ ਸਾਹਿਬ, ਇਹ ਅਜ ਮਾਰੇਲ ਦੀਆਂ ਗੱਲਾਂ ਕਰਦੇ ਹਨ ਮੈਂ ਦਸਦਾ ਹਾਂ ਕਿ ਜਗਿਆਣਾ ਦੇ ਸੀਡ ਫਾਰਮ ਵਿਚ ਇਨ੍ਹਾਂ ਕਾਂਗਰਸੀਆਂ ਨੇ ਲੱਖਾਂ ਰੁਪਏ ਦਾ ਹਾਈ ਬਰਿਡ ਮੇਜ਼ ਦਾ ਘਟੀਆ ਬੀਜ ਕਿਸਾਨਾਂ ਨੂੰ ਵੇਚਿਆ । ਕਿਸਾਨਾਂ ਦਾ ਕਿੰਨਾ ਨੁਕਸਾਨ ਹੋਇਆ । ਔਰ ਅੱਜ ਇਹ ਇਸ ਕਿਸਮ ਦੀਆਂ ਗੱਲਾਂ ਕਰਦੇ ਹਨ, ਇਹ ਠੀਕ ਨਹੀਂ । (ਵਿਘਨ)

ਸਾਥੀ ਰੂਪ ਲਾਲ : ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਕੈਪਟਨ ਸਾਹਿਬ, ਬੜੇ ਤਮਤਰਾਕ ਨਾਲ ਬੋਲ ਰਹੇ ਹਨ । ਮੈਂ ਤੁਹਾਨੂੰ ਦੱਸਦਾ ਹਾਂ ਕਿ ਕੈਪਟਨ ਰਤਨ ਸਿੰਘ ਪਹਿਲੇ ਬਰਮ੍ਹਾ ਵਿਚ ਫੌਜ ਵਿਚ ਕਲਰਕ ਹੁੰਦੇ ਸਨ । ਸੋ ਮੈਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਤੁਹਾਡਾ ਕੈਪਟਨ ਦਾ ਖਿਤਾਬ ਜਾਲ੍ਹੀ ਹੈ ਜਾਂ ਕਿ ਤੁਹਾਨੂੰ ਆਈ. ਐਨ. ਏ. ਵਿਚੋਂ ਮਿਲਿਆ ਹੈ ? (ਹਾਸਾ) (ਵਿਘਨ)

ਸਰਦਾਰ ਸੰਤੋਖ ਸਿੰਘ ਰੰਧਾਵਾ : ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਜਿਸ ਆਈ. ਐਨ. ਏ. ਦੀ ਕਿਰਪਾ ਨਾਲ ਸਾਡਾ ਦੇਸ਼ ਆਜ਼ਾਦ ਹੋਇਆ ਹੈ

ਉਸ ਦੇ ਇਕ ਸੀਨੀਅਰ ਮੈਂਬਰ ਤੇ ਇਸ ਤਰ੍ਹਾਂ ਦੇ ਇਲਜ਼ਾਮ ਲਗਾਉਣਾ ਠੀਕ ਨਹੀਂ ਹੈ। ਇਹ ਲਫ਼ਜ਼ ਉਨ੍ਹਾਂ ਨੂੰ ਵਿਦਡਰਾ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਇਨ੍ਹਾਂ ਨਾਲ ਧੱਕਾ ਹੈ। (ਵਿਘਨ)

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (ਵਿਘਨ) (It is no Point of Order.) (Interruptions)

ਸਾਥੀ ਰੂਪ ਲਾਲ : ਚੇਅਰਮੈਨ ਸਾਹਿਬ, ਜਨਰਲ ਮੋਹਨ ਸਿੰਘ ਨੇ ਇਨ੍ਹਾਂ ਦੇ ਰਿਸ਼ਤੇਦਾਰ ਹੋਣ ਕਰ ਕੇ ਇਨ੍ਹਾਂ ਨੂੰ ਆਈ. ਐਨ. ਏ. ਵਿਚ ਕੈਪਟਨ ਬਣਾਇਆ ਹੈ, ਵੈਸੇ ਇਨ੍ਹਾਂ ਨੇ ਦੇਸ਼ ਦੀ ਕੋਈ ਸੇਵਾ ਨਹੀਂ ਕੀਤੀ। (ਵਿਘਨ)

ਕੈਪਟਨ ਰਤਨ ਸਿੰਘ : ਚੇਅਰਮੈਨ ਸਾਹਿਬ, ਮੇਰੇ ਇਸ ਦੋਸਤ ਨੇ ਸਾਡੀ ਬੜੀ ਸੇਵਾ ਕੀਤੀ ਹੈ (ਵਿਘਨ) (ਸ਼ੋਰ)

ਰਾਜ ਮੰਤਰੀ ਆਬਕਾਰੀ ਅਤੇ ਕਰ (ਸਰਦਾਰ ਨਰਿੰਦਰ ਸਿੰਘ) : ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਜੋ ਮੇਰੇ ਦੋਸਤ ਕੈਪਟਨ ਰਤਨ ਸਿੰਘ ਜੀ ਨੇ ਹੀਟ ਜੈਨਰੇਟ ਕਰਨ ਵਾਸਤੇ ਸ਼ਬਦ ਕਹੇ ਹਨ ਮੈਂ ਉਨ੍ਹਾਂ ਦੇ ਬਾਰੇ ਵਿਚ ਅਰਜ਼ ਕਰਾਂਗਾ ਕਿ ਇਹ ਹਾਊਸ ਦਾ ਪ੍ਰੋਸੀਜਰ ਹੈ ਕਿ ਉਸ ਅਫ਼ਸਰ ਜਾਂ ਉਸ ਲੀਡਰ ਦਾ ਨਾਮ ਲੈ ਕੇ ਇਸ ਹਾਊਸ ਵਿਚ ਕੁਝ ਨਹੀਂ ਕਿਹਾ ਜਾ ਸਕਦਾ ਜੋ ਹਾਊਸ ਵਿਚ ਪ੍ਰੈਜ਼ੇਂਟ ਨਾ ਹੋਵੇ ਔਰ ਆਪਣੇ ਆਪ ਨੂੰ ਡੀਫੈਂਡ ਨਾ ਕਰ ਸਕਦਾ ਹੋਵੇ। ਇਨ੍ਹਾਂ ਨੂੰ ਹਾਊਸ ਦੇ ਡੈਕੋਰਮ ਨੂੰ ਕਾਇਮ ਰਖਣਾ ਚਾਹੀਦਾ ਹੈ। ਮੈਂ ਇਨ੍ਹਾਂ ਦੀ ਪਾਰਟੀ ਦੇ ਡਿਪਟੀ ਲੀਡਰ ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਕਹਿਣ ਇਹ ਆਪ ਵੀ ਡਿਪਟੀ ਲੀਡਰ ਰਹਿ ਚੁਕੇ ਹਨ, ਕਿ ਹਾਊਸ ਦੀ ਡਿਗਨਟੀ ਨੂੰ, ਹਾਊਸ ਦੇ ਡੈਕੋਰਮ ਨੂੰ ਕਾਇਮ ਰਖਿਆ ਜਾਵੇ ਐਵੇਂ ਹੀਟ ਜੈਨਰੇਟ ਨਾ ਕਰਨ। (ਵਿਘਨ) (ਸ਼ੋਰ)

ਸਰਦਾਰ ਸੰਤੋਖ ਸਿੰਘ ਰੰਧਾਵਾ : ਕਸਮਾਂ ਖਾ ਕੇ ਬਦਲ ਗਏ ਹੋ ਤੁਸੀਂ* । (ਵਿਘਨ) (ਸ਼ੋਰ) (ਬਹੁਤ ਸ਼ੋਰ)

ਰਾਜ ਮੰਤਰੀ ਆਬਕਾਰੀ ਅਤੇ ਕਰ : ਤੁਸੀਂ ਕਿਥੋਂ ਦੇ ਦੁਧ ਨ੍ਹਾਤੇ ਬਣ ਗਏ ਹੋ। (ਸ਼ੋਰ) (ਬਹੁਤ ਸ਼ੋਰ)

ਸਰਦਾਰ ਸੰਤੋਖ ਸਿੰਘ ਰੰਧਾਵਾ : ਮੈਂ ਤਾਂ ਕੁਰਬਾਨੀਆਂ ਦਿਤੀਆਂ ਹਨ। (ਸ਼ੋਰ) (ਬਹੁਤ ਸ਼ੋਰ) XX XX XX XX। (ਸ਼ੋਰ)

ਰਾਜ ਮੰਤਰੀ ਆਬਕਾਰੀ ਅਤੇ ਕਰ : X X X X (ਸ਼ੋਰ) (ਵਿਘਨ)

ਸਰਦਾਰ ਰਾਜੋ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। (ਵਿਘਨ) ਅੱਜ ਇਹ ਮੇਰਾ ਦੋਸਤ ਦਿਮਾਗ ਦਾ ਤੁਵਾਜ਼ਨ ਖੋ ਬੈਠਾ ਹੈ। (ਵਿਘਨ) (ਸ਼ੋਰ)

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ਼ ਆਰਡਰ, ਨਹੀਂ ਹੈ। (ਵਿਘਨ) (This is no Point of Order)

ਕੈਪਟਨ ਰਤਨ ਸਿੰਘ : ਚੇਅਰਮੈਨ ਸਾਹਿਬ, ਮੇਰੇ ਉਸ ਦੋਸਤ ਨੇ ਮੇਰੀ ਬੜੀ ਸੇਵਾ ਕੀਤੀ ਹੈ ਮੈਂ ਉਨ੍ਹਾਂ ਦਾ ਬੜਾ ਧੰਨਵਾਦੀ ਹਾਂ। ਇਨ੍ਹਾਂ ਨੇ ਮੇਰੇ ਤੇ ਚਾਰਜਿਜ਼ ਲਗਾਏ ਹਨ ਮੈਂ ਕਹਿੰਦਾ ਹਾਂ ਕਿ ਸਰਕਾਰ ਇਨ੍ਹਾਂ ਕੋਲ ਹੈ ਜੇ ਇਨ੍ਹਾਂ ਵਿਚ ਥੋੜ੍ਹੀ ਜਿਹੀ ਵੀ ਸਚਾਈ ਹੋਵੇ ਔਰ ਇਹ ਸਾਬਤ ਕਰ ਦੇਣ ਤਾਂ ਮੈਂ ਰੇਜ਼ਿਗਨੇਸ਼ਨ ਦੇਣ ਨੂੰ ਤਿਆਰ ਹਾਂ। (ਵਿਘਨ) (ਥੰਪਿੰਗ) ਚੇਅਰਮੈਨ ਸਾਹਿਬ, ਮੈਨੂੰ

***Expunged as ordered by the Chair.**

[ਕੈਪਟਨ ਰਤਨ ਸਿੰਘ]

ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਮੈਂ ਜਿਹੜੇ ਸ਼ਬਦ ਕਹੇ ਹਨ ਮੈਂ ਕਿਸੇ ਸਿੱਖ ਦੇ ਖਿਲਾਫ ਨਹੀਂ ਕਹੇ ਮੈਂ ਕਿਸੇ ਗੁਰੂ ਦੇ ਖਿਲਾਫ਼ ਨਹੀਂ ਕਹੇ, ਮੈਂ ਤਾਂ ਉਨ੍ਹਾਂ ਨੂੰ ਕਿਹਾ ਹੈ ਜਿਨ੍ਹਾਂ ਨੇ ਸਿੱਖਾਂ ਦਾ ਨਾਮ ਬਦਨਾਮ ਕੀਤਾ ਹੈ। ਉਨ੍ਹਾਂ ਨੂੰ ਮੈਂ ਬਰਦਾਸ਼ਤ ਨਹੀਂ ਕਰ ਸਕਦਾ, ਇਹ ਬਰਦਾਸ਼ਤ ਕਰ ਸਕਦੇ ਹਨ ਤਾਂ ਕਰੀ ਜਾਣ। (ਵਿਘਨ) (ਸ਼ੋਰ) ਚੇਅਰਮੈਨ ਸਾਹਿਬ, ਜਿਸ ਵੇਲੇ ਮੈਂ ਬੋਲਣ ਲਗਾ ਸੀ ਮੈਂ ਤਾਂ ਉਸ ਵੇਲੇ ਕਿਹਾ ਸੀ ਕਿ ਸਾਡੇ ਸਾਰਿਆਂ ਦਾ ਸਟੈਂਡਰਡ ਲੋ ਹੋ ਚੁਕਾ ਹੈ, ਸਾਡੇ ਕਾਨੂੰਨ ਖ਼ਤਮ ਹੋ ਚੁਕੇ ਹਨ ਇਨ੍ਹਾਂ ਗਲਾਂ ਨੂੰ ਪੂਰਾ ਕਰਨ ਲਈ ਸਾਨੂੰ ਕੋਈ ਸਹੁੰ ਚੁਕਣੀ ਚਾਹੀਦੀ ਹੈ। ਮੈਂ ਤਾਂ ਸਰਦਾਰ ਬਲਵੰਤ ਸਿੰਘ ਜੀ ਨੂੰ ਵੀ ਕਿਹਾ ਸੀ ਕਿ ਜਿਹੜੀਆਂ ਫਿਗਰਜ਼ ਬਜਟ ਵਿਚ ਦੇਣੀਆਂ ਹਨ ਉਹ ਬੜੇ ਧਿਆਨ ਨਾਲ ਦਿਉ। ਇਸ ਦੇ ਵਿਚ 4 ਕਰੋੜ ਰੁਪਏ ਦਾ ਘਾਟਾ ਸ਼ੋ ਕੀਤਾ ਹੈ। ਇਨ੍ਹਾਂ ਨੂੰ ਵੀ ਪਤਾ ਹੈ ਔਰ ਮੈਨੂੰ ਵੀ ਪਤਾ ਹੈ ਕਿ ਪਿਛਲੇ ਸਾਲ ਕਿਸ ਤਰ੍ਹਾਂ ਹੋਇਆ ਸੀ। ਜਿਸ ਤਰ੍ਹਾਂ ਪਿਛਲੇ ਸਾਲ ਹੋਇਆ ਕਿਧਰੇ ਹੁਣ ਵੀ ਇਸੇ ਤਰ੍ਹਾਂ ਨਾ ਹੋਵੇ। ਵਿਘਨ)

ਚੇਅਰਮੈਨ ਸਾਹਿਬ, ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਜਿਹੜੀ ਕਿ ਬੜੀ ਜ਼ਰੂਰੀ ਹੈ। ਉਹ ਇਹ ਹੈ ਕਿ 8 ਹਜ਼ਾਰ ਵਰਲਡ ਬੈਂਕ ਤੋਂ ਟਰੈਕਟਰਜ਼ ਆਉਣੇ ਹਨ। ਇਹ ਬੜੀ ਖੁਸ਼ੀ ਦੀ ਗਲ ਹੈ ਕਿ ਟਰੈਕਟਰਜ਼ ਆਉਣੇ ਹਨ। ਇਸ ਗਲ ਦਾ ਥਾਂ ਥਾਂ ਤੇ ਪਰਚਾਰ ਕੀਤਾ ਗਿਆ। ਪਰ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ 8 ਹਜ਼ਾਰ ਟਰੈਕਟਰਜ਼ ਵਿਚੋਂ ਇਕ ਟਰੇਕਟਰ ਵੀ ਕਿਸੇ ਖੇਤੀ ਕਰਨ ਵਾਲੇ ਕਿਸਾਨ ਨੂੰ ਨਹੀਂ ਮਿਲ ਸਕਦਾ। ਕਿਉਂਕਿ ਇਹ ਜਿਹੜਾ ਟਰੈਕਟਰਜ਼ ਵਾਸਤੇ ਕਰਜ਼ਾ ਵਗੈਰਾ ਮਿਲਣਾ ਹੈ ਇਹ ਉਸ ਆਦਮੀ ਨੂੰ ਮਿਲਣਾ ਹੈ ਜਿਸ ਦੀ ਜ਼ਮੀਨ 40 ਏਕੜ ਤੋਂ ਵੱਧ ਹੋਵੇ। ਇਨ੍ਹਾਂ ਨੇ ਵਰਲਡ ਬੈਂਕ ਨਾਲ ਵਾਸ਼ਿੰਗਟਨ ਵਿਚ ਇਕ ਐਗਰੀਮੈਂਟ ਕੀਤਾ ਹੋਇਆ ਹੈ ਜਿਸ ਦੇ ਅਨੁਸਾਰ ਉਸ ਆਦਮੀ ਨੂੰ ਇਹ ਟਰੈਕਟਰ ਵਾਸਤੇ ਲੋਨ ਨਹੀਂ ਮਿਲ ਸਕਦਾ ਜਿਸ ਦੀ ਜ਼ਮੀਨ 40 ਏਕੜ ਤੋਂ ਘੱਟ ਹੋਵੇ। (ਵਿਘਨ)

ਇਕ ਆਵਾਜ਼ : 30 ਸਟੈਂਡਰਡ ਏਕੜ ਤੇ ਸੀਲਿੰਗ ਹੈ। (ਵਿਘਨ)

ਕੈਪਟਨ ਰਤਨ ਸਿੰਘ : 30 ਸਟੈਂਡਰਡ ਏਕੜ ਤੇ ਸੀਲਿੰਗ ਹੈ ਤੇ ਦਸਤਖ਼ਤ ਇਨ੍ਹਾਂ ਨੇ ਉਥੇ ਕੀਤੇ ਹਨ 40 ਏਕੜ ਤੇ। ਇਸ ਦਾ ਮਤਲਬ ਇਹ ਹੈ ਕਿ ਕਿਸੇ ਛੋਟੇ ਕਿਸਾਨ ਨੂੰ ਇਹ ਲੋਨ ਨਹੀਂ ਮਿਲੇਗਾ। ਚੇਅਰਮੈਨ ਸਾਹਿਬ, ਇਹ ਚੀਜ਼ ਤੁਸੀਂ ਵੈਰੀਫਾਈ ਕਰ ਲਉ। (ਵਿਘਨ) ਮੈਨੂੰ ਇਸ ਗੱਲ ਦਾ ਕਿਸ ਤਰ੍ਹਾਂ ਪਤਾ ਲਗਿਆ। ਮੈਂ ਮੈਸੀਫਰਗੂਸਨ ਟਰੈਕਟਰਜ਼ ਵਾਲਿਆਂ ਪਾਸ ਇਕ ਦਿਨ ਗਿਆ ਤੇ ਉਨ੍ਹਾਂ ਨਾਲ ਟਰੈਕਰ ਦੇ ਬਾਰੇ ਵਿਚ ਗਲ ਕੀਤੀ ਤਾਂ ਉਨ੍ਹਾਂ ਨੇ ਮੈਨੂੰ ਕਿਹਾ ਕਿ ਤੁਹਾਡੀ ਜ਼ਮੀਨ 40 ਏਕੜ ਹੈ, ਤਾਂ ਮੈਂ ਪੁਛਿਆ ਕਿ ਇਹ ਕੀ ਗਲ ਹੈ ਤਾਂ ਉਨ੍ਹਾਂ ਦਸਿਆ ਕਿ 40 ਏਕੜ ਤੋਂ ਘੱਟ ਜਿਸ ਦੀ ਜ਼ਮੀਨ ਹੋਵੇ ਉਸ ਨੂੰ ਇਹ ਲੋਨ ਨਹੀਂ ਮਿਲ ਸਕਦਾ। ਮੈਂ ਫਿਰ ਦਿੱਲੀ ਗਿਆ ਔਰ ਇਸ ਗਲ ਦਾ ਦਿੱਲੀ ਤੋਂ ਪਤਾ ਕੀਤਾ ਤਾਂ ਪਤਾ ਲਗਿਆ ਕਿ ਵਾਸ਼ਿੰਗਟਨ ਵਿਚ ਕਿਸੇ ਨੇ ਇਸ ਤਰ੍ਹਾਂ ਦੇ ਐਗਰੀਮੈਂਟ ਤੇ ਸਾਈਨ ਕੀਤੇ ਹਨ। ਚੇਅਰਮੈਨ ਸਾਹਿਬ, ਇਸ ਤਰੀਕੇ ਨਾਲ ਕਿਸੇ ਗਰੀਬ ਕਿਸਾਨ ਨੂੰ ਟਰੈਕਟਰ ਨਹੀਂ ਮਿਲਣਾ। (ਵਿਘਨ)

ਚੇਅਰਮੈਨ ਸਾਹਿਬ, ਇਨ੍ਹਾਂ ਨੇ ਇਕ ਐਗਰੋ ਇੰਡਸਟਰੀ ਕਾਰਪੋਰੇਸ਼ਨ ਬਣਾਈ ਹੈ ਜਿਹੜੀ ਕਿ ਪੁਰਾਣੀ ਚਲੀ ਆ ਰਹੀ ਹੈ। ਮੇਰੇ ਪਾਸ ਮੈਮੋਰੈਂਡਮ ਹੈ ਜਿਸ ਵਿਚ ਇਹ ਹੈ ਕਿ ਡਾਇਰੈਕਟਰ ਐਪੁਆਇੰਟ ਕਰਨ ਦਾ ਰਾਈਟ ਸਿਰਫ ਗਵਰਨਰ ਸਾਹਿਬ ਨੂੰ ਹੈ।

Comrade Satya Pal Dang : The Governor as share-holder can appoint the Directors.

Captain Rattan Singh : Yes, the Governor as share-holder can appoint the Directors and no-body else.

ਚੇਅਰਮੈਨ ਸਾਹਿਬ, ਮੈਨੂੰ ਬੜੀ ਖੁਸ਼ੀ ਹੋਈ ਕਿ ਸਾਡੇ ਆਨਰੇਬਲ ਮੈਂਬਰ ਸਰਦਾਰ ਰਵੀਇੰਦਰ ਸਿੰਘ ਔਰ ਬੇਦੀ ਜੀ ਨੂੰ ਉਨ੍ਹਾਂ ਨੇ ਡਾਇਰੈਕਟਰਜ਼ ਬਣਾਇਆ ਔਰ ਮੈਨੂੰ ਇਸ ਗੱਲ ਦੀ ਵੀ ਬੜੀ ਖੁਸ਼ੀ ਹੈ ਕਿ ਉਹ ਇਸ ਕੰਮ ਦੇ ਯੋਗ ਵੀ ਹਨ ਲੇਕਿਨ ਇਹ ਜਿਹੜੇ ਡਾਇਰੈਕਟਰਜ਼ ਬਣਾਉਣੇ ਹਨ ਇਹ ਇਲਲੀਗਲ ਹੋਣਗੇ । ਚੇਅਰਮੈਨ ਸਾਹਿਬ, ਇਥੇ ਹੀ ਬੱਸ ਨਹੀਂ ਬੋਰਡ ਆਫ਼ ਡਾਇਰੈਕਟਰਜ਼ ਦੀ ਮੀਟਿੰਗ ਵਿਚ ਸਿਰਫ ਡਾਇਰੈਕਟਰਜ਼ ਹੀ ਮੀਟਿੰਗ ਅਟੈਂਡ ਕਰ ਸਕਦੇ ਹਨ ਪਰ ਉਸ ਦੇ ਵਿਚ ਪਾਰਲੀਮੈਂਟਰੀ ਸੈਕਟਰੀ, ਡਿਪਟੀ ਮਨਿਸਟਰਜ਼ ਔਰ ਮਨਿਸਟਰਜ਼ ਵੀ ਹਾਜ਼ਰ ਹੋ ਜਾਂਦੇ ਹਨ । (ਵਿਘਨ)

ਇਸ ਦੇ ਆਰਟੀਕਲਜ਼ ਆਫ ਐਸੋਸੀਏਸ਼ਨ ਦੀ ਦਫ਼ਾ 107 ਵਿਚ ਇਹ ਲਿਖਿਆ ਹੋਇਆ ਹੈ :

> "The Company shall not make any loan or guarantee any loan made to a Director of the Company or to a Firm of which such Director is a partner or to a private Company of which such Director is a Member or Director."

ਤੇ ਫਿਰ ਪੰਨਾ 10 ਤੇ 103 ਦਫ਼ਾ ਦੇ ਵਿਚ ਇਹ ਲਿਖਿਆ ਹੋਇਆ ਹੈ ਕਿ :

> "The Office of Director shall become vacant if—
>
> X X X
>
> he (whether by himself or by any person for his benefit or on his account) or any Firm in which he is a partner or any private Company of which he is a Member or Director accepts a loan or guarantee from the Company in contravention of Section 295 of the Act."

ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੀ ਥਰਡ ਐਨੂਅਲ ਰੀਪੋਰਟ ਐਂਡ ਅਕਾਊਂਟਸ 1968-69 ਦੇ ਵਿਚ ਇਸ ਦਾ ਜ਼ਿਕਰ ਹੈ ।

Sir, there is a balance sheet as on 31st May, 969 of the Punjab Agro Industries Corporation Limited signed by Shri Mehra Goel, Chartered Accountant, Shri R. D. Sharma, Accountant, and Shri M. R. Miglani, Assistant Secretary. There is a mention under the column Loans and Advances :

> "(Unsecured considered goods) Advances recoverable in cash or kind or for value to be received (includes Rs. 15,833 due from Managing Directors '

Sardar Pritmohinder Singh, Shri V.P. Malhotra, Shri S. S. Bedi and Sardar Hardial Singh are Director)."

ਯਾਨੀ ਇਕ ਆਈ. ਏ. ਐਸ. ਦਾ ਅਫਸਰ ਹੋਵੇ, ਉਸ ਕੰਪਨੀ ਦਾ ਡਾਇਰੈਕਟਰ ਹੋਵੇ ਅਤੇ ਬਾਈ ਲਾਜ਼ ਵਿਚ ਦਰਜ ਹੋਵੇ ਕਿ ਉਹ ਲੋਨ ਨਹੀਂ ਲੈ ਸਕਦਾ ਹੈ ਫਿਰ ਬੈਲੇਂਸ ਸ਼ੀਟ ਵਿਚ ਲਿਖਿਆ ਹੋਇਆ ਹੋਵੇ ਕਿ ਉਸ ਨੇ ਲੋਨ ਲਿਆ ਹੈ, ਮੇਰੀ ਅਕਲ ਤਾਂ ਕੰਮ ਨਹੀਂ ਕਰਦੀ ਕਿ ਉਸ ਦੇ ਖਿਲਾਫ ਐਕਸ਼ਨ ਕਿਉਂ ਨਾ ਲਿਆ ਜਾਵੇ, ਇਹ ਮੇਰੀ ਅਕਲ ਤੋਂ ਬਾਹਰ ਹੈ ਸ਼ਾਇਦ ਇਨ੍ਹਾਂ ਦੀ ਅਕਲ ... ... (ਵਿਘਨ) ਫਿਰ ਅਗੇ ਜਾ ਕੇ ਇਹ ਲਿਖਿਆ ਗਿਆ ਹੈ :

[Captain Rattan Singh]

"22nd meeting of the Board of Directors was held, the following attended the meeting :

1. Kanwar Lajinder Singh
3. Sardar Ravi Inder Singh
3. Shri S. S. Parmar, Director
4. Sardar Hardyal Singh, Managing Director
5 Sardar Harbans Singh, Dy Principal Secretary.

ਔਰ ਅਗੇ ਜਾ ਕੇ ਇਨ੍ਹਾਂ ਨੇ ਅਪੁਆਇੰਟਮੈਂਟਸ ਕੀਤੀਆਂ ਤਾਂ ਅਪੁਆਇੰਟ ਕੀਤਾ ਸ਼੍ਰੀ ਐਨ. ਐਸ. ਗਿੱਲ ਨੂੰ ਜਿਸ ਦੇ ਬਾਰੇ ਮੈਨੂੰ ਇਤਲਾਹ ਹੈ ਕਿ ਬੜਾ ਅੱਛਾ ਅਫ਼ਸਰ ਹੈ । ਮੈਨੂੰ ਜ਼ਾਤੀ ਤੌਰ ਤੇ ਇਨ੍ਹਾਂ ਨਾਲ ਕੋਈ ਗਿਲਾ ਨਹੀਂ । He is a very capable and a good officer. He is the brother-in-law of the Chief Secy. to the Govt. ਪਰ ਇਨ੍ਹਾਂ ਨੇ ਜਿਹੜੇ ਚਾਰ ਸੀਨੀਅਰ ਅਫ਼ਸਰਾਂ ਦੀਆਂ ਅਪੁਆਇੰਟਮੈਂਟਸ ਕੀਤੀਆਂ, ਮੈਂ ਉਨ੍ਹਾਂ ਦਾ ਨਾਂ ਨਹੀਂ ਲੈਣਾ ਚਾਹੁੰਦਾ, ਮੇਰੇ ਕੋਲ ਸਾਰਾ ਰਿਕਾਰਡ ਮੌਜੂਦ ਹੈ । (ਵਿਘਨ) ਉਨ੍ਹਾਂ ਦੀ ਇਸ ਗੌਰਮਿੰਟ ਦੇ ਰੁਕਨਾਂ ਨਾਲ ਰਿਸ਼ਤੇਦਾਰੀਆਂ ਹਨ (ਵਿਘਨ) ਨਹੀਂ ਜੀ ਮੈਂ ਉਨ੍ਹਾਂ ਦਾ ਨਾਂ ਨਹੀਂ ਲਿਆ ਮੈਂ ਤਾਂ ਕਿਹਾ ਹੈ ਕਿ ਉਨ੍ਹਾਂ ਦੀਆਂ ਐਪੁਆਇੰਟਮੈਂਟਸ ਕੀਤੀਆਂ ਗਈਆਂ ਹਨ । ਜਿਹੜਾ ਸ਼੍ਰੀ ਐਨ. ਐਸ. ਗਿਲ ਹੈ, ਉਸ ਦੇ ਬਾਰੇ ਮੈਂ ਪਹਿਲੋਂ ਵੀ ਕਿਹਾ ਹੈ ਕਿ ਮੈਂ ਇਨਕੁਆਇਰੀ ਕੀਤੀ ਹੈ ਅਤੇ ਉਹ ਬੜਾ ਅੱਛਾ ਅਫ਼ਸਰ ਹੈ ਅਤੇ ਇਸ ਲਈ ਮੈਨੂੰ ਕੋਈ ਇਤਰਾਜ਼ ਨਹੀਂ ਉਸ ਦੀ ਐਪੁਆਇੰਟਮੈਂਟ ਬਾਰੇ । ਚੇਅਰਮੈਨ ਸਾਹਿਬ, ਮੇਰੇ ਕੋਲ ਸਾਰਾ ਰਿਕਾਰਡ ਹੈ । ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਇੰਪੋਰਟਿਡ ਡਿਸਕਸ ਆਈਆਂ । ਇਕ ਦੀ ਪ੍ਰਾਈਸ 60 ਰੁਪਏ ਫ਼ਿਕਸ ਕੀਤੀ ਗਈ ਅਤੇ ਜਿਹੜੀ ਮਾਰਕਿਟ ਵਿਚ 160 ਰੁਪਏ ਦੀ ਵਿਕੀ । ਇਨ੍ਹਾਂ ਨੇ ਜਿਹੜੀ ਵੰਡੀ ਕੀਤੀ ਉਸ ਦੇ ਮੁਤਾਬਿਕ ਚੀਫ਼ ਮਨਿਸਟਰ 300, ਮਨਿਸਟਰ 150 ਅਤੇ ਪਾਰਲੀਮੈਂਟਰੀ ਸੈਕਟਰੀ 100 ਵੰਡਣਗੇ । ਇਸ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੇ ਮੁਤਅੱਲਕ ਰੀਪਰੇਜ਼ੈਂਟੇਸ਼ਨ ਆਈਆਂ, ਮੈਮੋਰੈਂਡਮ ਦਿਤੇ ਗਏ ਚੀਫ਼ ਮਨਿਸਟਰ ਸਾਹਿਬ ਨੂੰ, ਗਵਰਨਰ ਸਾਹਿਬ ਨੂੰ ਅਤੇ ਪ੍ਰੈਜ਼ੀਡੈਂਟ ਸਾਹਿਬ ਨੂੰ ਵੀ । ਇਸ ਦੇ ਇਲਾਵਾ ਲੋਕ ਸਭਾ ਵਿਚ ਇਸ ਬਾਰੇ ਸੁਆਲ ਉਠਾਇਆ ਗਿਆ । ਮੈਂ ਕਹਿੰਦਾ ਹਾਂ ਕਿ ਇਸ ਦੇ ਲਈ ਕੋਈ ਸਪੈਸ਼ਲ ਇਨਕੁਆਇਰੀ ਏਜੰਸੀ ਮੁਕੱਰਰ ਕਰੋ, ਪਰ ਇਹ ਨਹੀਂ ਕਰਦੇ । ਇਨ੍ਹਾਂ ਨੇ ਆਪਣੇ ਆਪ ਨੂੰ ਬਚਾਉਣ ਦੀ ਖ਼ਾਤਰ ਇਸ ਨੂੰ ਖ਼ਤਮ ਕਰ ਦਿਤਾ ਹਾਲਾਂਕਿ ਇਹ ਨਾ ਰੂਲਜ਼ ਅਲਾਊ ਕਰਦੇ ਹਨ ਅਤੇ ਨਾ ਹੀ ਬਾਈ-ਲਾਅਜ਼ ਅਲਾਊ ਕਰਦੇ ਹਨ, ਪਰ ਫ਼ਿਰ ਵੀ ਇਨ੍ਹਾਂ ਨੇ ਇਹ ਕੀਤਾ । ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਜਿਨ੍ਹਾਂ ਦੇ ਮੁਤੱਅਲਕ ਲੋਕਾਂ ਦੀ ਰਾਏ ਅੱਛੀ ਹੈ, ਜੇ ਕਰ ਇਸ ਤਰ੍ਹਾਂ ਧਾਂਧਲੀਆਂ ਮਚੀਆਂ ਰਹੀਆਂ ਤਾਂ ਉਹ ਵੀ ਬਚੇ ਨਹੀਂ ਰਹਿ ਜਾਣਗੇ, ਉਹ ਵੀ ਇਸ ਲਪੇਟ ਵਿਚ ਆ ਜਾਣਗੇ । Managing Director should not have been allowed to stay even for a single day. ਜਿਹੜਾ ਇਹ ਕਹਿੰਦਾ ਹੈ ਕਿ ਕੁਝ ਨਾਨ-ਆਫ਼ੀਸ਼ਲ ਮੈਂਬਰਜ਼ ਨੂੰ ਰੂਲਜ਼ ਦੀ ਵਾਕਫ਼ੀਅਤ ਨਹੀਂ ਜਾਂ ਸਮਝ ਨਹੀਂ ਇਸ ਬਾਰੇ ਮੈਂ ਕਹਾਂਗਾ ਕਿ ਇਗਨੋਰੈਂਸ ਆਫ਼ ਲਾਅ-ਇਜ਼-ਨੋ ਐਕਸਕਿਊਜ਼ । ਇਸ ਕਰ ਕੇ ਮੈਂ ਸਮਝਦਾ ਹਾਂ ਕਿ ਇਨ ਦਾ ਅਪੁਆਇੰਟਮੈਂਟਸ ਆਫ਼ ਡਾਇਰੈਕਟਰਜ਼ ਇਲਲੀਗੈਲਿਟੀ ਅਤੇ ਇਰਰੈਗੁਲੈਰਿਟੀ ਕੀਤੀ ਗਈ ਹੈ । ਚੇਅਰਮੈਨ ਸਾਹਿਬ, ਮੈਂ ਸੁਣੀ ਸੁਣਾਈ ਗੱਲ ਨਹੀਂ ਕਹਿੰਦਾ, ਜਿਹੜੀਆਂ ਗਲਾਂ ਲਾਬੀ ਵਿਚ ਸੁਣਦੇ ਹਾਂ ਉਹ ਤਾਂ ਮੈਂ ਇਥੇ ਨਹੀਂ ਕਹਿੰਦਾ । ਕਲ੍ਹ ਇਥੇ ਇਸ ਹਾਊਸ ਵਿਚ ਇਕ ਮੈਂਬਰ ਸਾਹਿਬ ਨੇ ਸਵਾਲ ਕੀਤਾ ਕਿ ਬਿਜਲੀ ਤਾਂ ਹੈ ਹੀ ਨਹੀਂ ਅਤੇ ਇਹ ਜਿਹੜੇ ਖੰਬੇ ਖੜੇ ਕੀਤੇ ਗਏ ਹਨ ਕੀ ਇਹ ਇਸ ਲਈ ਕੀਤੇ ਗਏ ਹਨ ਤਾਂ ਜੋ ਕਿਸੇ

ਵਿਸ਼ੇਸ਼ ਆਦਮੀ ਨੂੰ ਐਡਵਾਂਸ ਦਿਤਾ ਹੋਇਆ ਸੀ ਜਾਂ ਦੇਣਾ ਸੀ, ਪਰ ਉਸ ਦੇ ਜਵਾਬ ਵਿਚ ਕੋਈ ਵਿਸ਼ੇਸ਼ ਅਨਾਕਾਨੀ ਨਹੀਂ ਕੀਤੀ ਗਈ। ਸਰਦਾਰ ਸੋਹਨ ਸਿੰਘ ਬਾਸੀ, ਜਿਹੜੇ ਸਿੰਚਾਈ ਅਤੇ ਬਿਜਲੀ ਮੰਤਰੀ ਹਨ, ਉਨ੍ਹਾਂ ਨੇ 56 ਜੈਨਰੇਟਿੰਗ ਸੈਟਸ ਇੰਪੋਰਟ ਕਰਨ ਦੇ ਆਰਡਰਜ਼ ਕੀਤੇ ਹਨ। ਉਹ ਸੈਟਸ ਮੈਸਰਜ਼ Excavators India Ltd. ਨੇ ਇਮਪੋਰਟ ਕਰਨੇ ਹਨ। ਉਸ ਕੰਪਨੀ ਵਿਚ ਸ੍ਰੀ ਐਸ. ਐਸ. ਬੇਦੀ ਦੇ ਕਰੀਬੀ ਰਿਸ਼ਤੇਦਾਰ ਹਨ ਅਤੇ ਉਸ ਵਿਚ ਮੈਂ ਸਮਝਦਾ ਹਾਂ ਕਿ ਸ਼ਾਇਦ ਬਾਸੀ ਸਾਹਿਬ ਵੀ ਹਿਸੇਦਾਰ ਹਨ। In the import of those 56 Generating sets, about Rs. 20 lacs have changed hands. ਇਸ ਦੀ ਇਨਕੁਆਇਰੀ ਦੀ ਮੈਂ ਡਿਮਾਂਡ ਕਰਦਾ ਹਾਂ, ਗੌਰਮਿੰਟ ਇਕ ਛੋਟੇ ਮੁਲਾਜ਼ਮ ਨੂੰ ਤਾਂ ਫੜ ਲੈਂਦੀ ਹੈ, ਪਰ ਨਾ ਤੇ ਇਹ ਕਿਸੇ ਸੀਨੀਅਰ ਅਫ਼ਸਰ ਨੂੰ ਅਤੇ ਨਾ ਹੀ ਕਿਸੇ ਪੋਲਿਟੀਸ਼ਨ ਨੂੰ ਫੜਦੀ ਹੈ। ਪਿਛਲੇ ਸੈਸ਼ਨ ਵਿਚ ਸਰਦਾਰ ਬਲਵੰਤ ਸਿੰਘ ਨੇ ਸ੍ਰੀ ਬਲਰਾਮ ਜੀ ਦਾਸ ਟੰਡਨ ਤੇ ਕੁਝ ਚਾਰਜਿਜ਼ ਲਾਏ ਸੀ ਅਤੇ ਉਨ੍ਹਾਂ ਨੇ ਇਨ੍ਹਾਂ ਉਤੇ ਲਾਏ ਸੀ। ਇਥੇ ਇਸ ਦੇ ਲਈ ਹਾਊਸ ਦੀ ਕਮੇਟੀ ਬਣਾਉਣ ਲਈ ਕਿਹਾ ਗਿਆ ਸੀ, ਲੇਕਿਨ ਕੋਈ ਇਨਕੁਆਇਰੀ ਏਜੰਸੀ ਮੁਕਰੱਰ ਨਹੀਂ ਸੀ ਕੀਤੀ ਗਈ। ਸਚਾਈ ਦਾ ਕਿਸ ਤਰ੍ਹਾਂ ਪਤਾ ਲਗੇ ਕਿ ਕੌਣ ਸੱਚਾ ਹੈ ਅਤੇ ਕੌਣ ਝੂਠਾ ਹੈ (ਵਿਘਨ) ਮੈਂ ਤਾਂ ਇਹ ਵੀ ਕਹਿੰਦਾ ਹਾਂ ਕਿ ਜਿਹੜੇ 20:20 ਸਾਲ ਦੇ ਪੁਰਾਣੇ ਕੇਸਿਜ਼ ਵੀ ਹਨ ਉਨ੍ਹਾਂ ਦੇ ਵਿਚੋਂ ਜਿੰਨੇ ਵੀ ਜ਼ਿੰਦਾ ਹਨ, ਉਨ੍ਹਾਂ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। (ਵਿਘਨ) ਚੇਅਰਮੈਨ ਸਾਹਿਬ, ਮੈਂ ਤਾਂ ਹਾਲੇ ਬੱਜਟ ਤੇ ਆਉਣਾ ਹੈ, ਹਾਲੇ ਤਕ ਤਾਂ ਮੈਂ ਬਾਹਰ ਹੀ ਫਿਰਦਾ ਰਿਹਾ ਹਾਂ। (ਵਿਘਨ) ਮੈਂ ਹੁਣ ਬੱਜਟ ਦੇ ਬਾਰੇ ਗਲ ਕਰਾਂਗਾ। ਸਰਦਾਰ ਬਲਵੰਤ ਸਿੰਘ ਨੇ ਆਪਣੀ ਬੱਜਟ ਸਪੀਚ ਵਿਚ ਵਾਈਡ ਫਾਈਨੈਂਨਸ਼ਲ ਪਾਵਰਜ਼ ਦੀ ਮੰਗ ਕੀਤੀ ਹੈ ਕਿ ਕੰਮ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਸਾਨੂੰ ਕੋਈ ਇਤਰਾਜ਼ ਨਹੀਂ। ਪਰ ਜਿਹੜਾ ਪਿਛਲੇ ਦੋ ਤਿੰਨ ਦਿਨਾਂ ਵਿਚ ਅਖ਼ਬਾਰਾਂ ਵਿਚ ਨਿਕਲਦਾ ਰਿਹਾ ਹੈ, ਸਿਰਦਾਰ ਕਪੂਰ ਸਿੰਘ ਸਿਟਿੰਗ ਔਨ ਮਾਈ ਲੈਫ਼ਟ ਸਾਈਡ ਔਨ ਦਾ ਫ਼ਰੰਟ ਬੈਂਚਿਜ਼ ਨੇ ਕਲ੍ਹ ਹਾਊਸ ਵਿਚ ਕਿਹਾ ਸੀ ਕਿ ਉਹ ਇੰਡੀਪੈਂਡੈਂਟ ਮੈਂਬਰ ਹਨ। ਉਨ੍ਹ ਨੇ ਕਲ੍ਹ ਅਕਾਲੀ ਪਾਰਟੀ ਦੀ ਮੀਟਿੰਗ ਵਿਚ ਕਿਹਾ ਕਿ ਸਾਨੂੰ ਸਿੱਖ ਹੋਮਲੈਂਡ ਲੈਣਾ ਚਾਹੀਦਾ ਹੈ (ਵਿਘਨ) ਲੇਕਿਨ ਸਰਦਾਰ ਗੁਰਨਾਮ ਸਿੰਘ ਨੇ ਅਮੈਂਡਮੈਂਟ ਕੀਤੀ ਕਿ ਨਹੀਂ, ਸਾਨੂੰ ਐਟਾਨੋਮਸ ਸਟੇਟ ਚਾਹੀਦੀ ਹੈ (ਸਿਰਦਾਰ ਕਪੂਰ ਸਿੰਘ ਵਲੋਂ ਵਿਘਨ) ਮੈਂ ਪਬਲਿਕ ਨੂੰ ਵਾਰਨਿੰਗ ਦਿੰਦਾ ਹਾਂ ਕਿ ਇਹ ਸਿਲਸਿਲਾ ਮੁਲਕ ਅਤੇ ਸਟੇਟ ਲਈ ਅੱਛਾ ਨਹੀਂ। ਸਾਡਾ ਮੁਲਕ ਇਕੋ ਹੈ, ਸਾਡਾ ਕੰਟਰੀ ਵੀ ਇਕੋ ਹੈ (ਸਿਰਦਾਰ ਕਪੂਰ ਸਿੰਘ ਵਲੋਂ ਵਿਘਨ ਕਿ ਸਿੱਖ ਹੋਮਲੈਂਡ ਦੀ ਸਥਾਪਤੀ ਅਵਸ਼ ਹੈ) ਚੇਅਰਮੈਨ ਸਾਹਿਬ, ਮੈਂ ਸਿਰਦਾਰ ਕਪੂਰ ਸਿੰਘ ਜੀ ਨੂੰ ਕਹਿੰਦਾ ਹਾਂ ਕਿ ਉਹ ਸਿੱਖ ਹੋਮਲੈਂਡ ਲਈ ਕਹਿੰਦੇ ਹਨ (ਵਿਘਨ) (ਸ਼ੋਰ) ... ।

ਸ੍ਰੀ ਸਭਾਪਤੀ : ਕੈਪਟਨ ਸਾਹਿਬ, ਪਾਰਟੀ ਮੀਟਿੰਗ ਦੀ ਗੱਲ ਇਥੇ ਕਰਨੀ ਸ਼ੋਭਾ ਨਹੀਂ ਦਿੰਦੀ। (It does not behove Captain Sahib to make a reference to what has been said in a party meeting)

ਕੈਪਟਨ ਰਤਨ ਸਿੰਘ : ਚੇਅਰਮੈਨ ਸਾਹਿਬ, ਸਰਦਾਰ ਬਲਵੰਤ ਸਿੰਘ ਨੇ ਬਜਟ ਸਪੀਚ ਵਿਚ ਮੋਰ ਫਾਈਨਾਨਸ਼ਲ ਪਾਵਰਜ਼ ਮੰਗੀਆਂ ਹਨ ਅਤੇ ਕਿਹਾ ਹੈ ਕਿ ਵਿਦਾਊਟ ਦਾ ਫ਼ਾਈਨੈਂਸ਼ਲ ਪਾਵਰਜ਼ ਡਿਵੈਲਪਮੈਂਟ ਨਹੀਂ ਹੋ ਸਕਦੀ, ਪਰ ਜਿਹੜਾ ਲਾਅ ਅੰਡ ਆਰਡਰ ਹੈ ਇਹ ਤਾਂ ਸਟੇਟ ਦਾ ਸਬਜੈਕਟ ਹੈ। ਆਪ ਫਾਇਨੈਂਸ਼ਲ ਪਾਵਰਜ਼ ਲੈ ਲਉ, ਮੈਂ ਤਿਆਰ ਹਾਂ। ਪਰ ਅਗਰ ਆਪ ਇੰਟੈਗਰੇਸ਼ਨ ਚਾਹੁੰਦੇ ਹੋ ਤਾਂ ਸੈਂਟਰ ਦੀਆਂ ਪਾਵਰਜ਼ ਵਾਈਡਨ ਕਰਨੀਆਂ ਚਾਹੀਦੀਆਂ ਹਨ ਅਤੇ ਸਟੇਟਸ ਦੀਆਂ ਘੱਟ ਤਾਕਿ ਮੁਲਕ ਇਕੱਠਾ ਰਹੇ। (ਵਿਘਨ) ਸਰਦਾਰ ਆਤਮਾ ਸਿੰਘ ਹੋਰੀਂ ਬੜੇ ਚੰਗੇ ਆਦਮੀ ਹਨ... (ਘੰਟੀ)

ਸ੍ਰੀ ਸਭਾਪਤੀ : ਆਪ ਦਾ ਟਾਈਮ ਹੋ ਗਿਆ ਹੈ, ਵਾਈਂਡ ਅਪ ਕਰੋ । (Your time is over, please wind up.)

ਕੈਪਟਨ ਰਤਨ ਸਿੰਘ : ਜੋ ਬਜਟ ਪੇਸ਼ ਕੀਤਾ ਗਿਆ ਹੈ ਇਸ ਵਿਚ ਇਹ ਜੋ ਪਿਉਰ ਐਡ-ਮਨਿਸਟਰੇਸ਼ਨ ਦੇਣ ਦੀ ਗਲ ਕਿਹਾ ਕਰਦੇ ਸੀ ਉਹ ਨਜ਼ਰ ਨਹੀਂ ਆਈ. ਇਨ੍ਹਾਂ ਦੇ ਕੰਮਾਂ ਤੋਂ ਇਹ ਗਲ ਸਾਬਤ ਨਹੀਂ ਹੁੰਦੀ । ਜੋ ਬਾਈ-ਇਲੈਕਸ਼ਨ ਹੋਈ ਉਸ ਵਿਚ ਇਨ੍ਹਾਂ ਨੇ ਇਕ ਹੀ ਹਲਕੇ ਵਿਚ ਦੋ ਮਹੀਨਿਆਂ ਵਿਚ ਇਕ ਕਰੋੜ ਰੁਪਿਆ ਖਰਚ ਕਰ ਦਿਤਾ ਡਕਾਲਾ ਕਨਸਟੀਚੁਐਂਸੀ ਵਿਚ । ਮੈਨੂੰ ਇਤਰਾਜ਼ ਨਹੀਂ ਹੈ ਪਰ ਸਾਡੇ ਪਾਸੇ ਵਲ ਵੀ ਕਿਰਪਾ ਹੋ ਜਾਵੇ, 50 ਲੱਖ ਹੀ ਖਰਚ ਕਰ ਦਿਉ । ਸਾਡੇ ਵਲ ਤਾਂ ਇਹ ਹੋ ਰਿਹਾ ਹੈ ਕਿ ਹੁਸ਼ਿਆਰਪੁਰ ਵਿਚ 11 ਰੋਡ ਰੋਲਰ ਸਨ ਉਹ ਪਤਾ ਨਹੀਂ ਕਿਥੇ ਲੈ ਗਏ । ਹੋਰ ਵੀ ਗਲਾਂ ਵਿਚ ਹੁਸ਼ਿਆਰਪੁਰ ਅਤੇ ਰੋਪੜ ਨਾਲ ਵਿਤਕਰਾ ਹੋ ਰਿਹਾ ਹੈ । ਅਗਰ ਇਹ ਸਾਡੀ ਬੇਨਤੀ ਮਨਜ਼ੂਰ ਨਹੀਂ ਕਰਦੇ ਅਤੇ ਇਸੇ ਤਰ੍ਹਾਂ ਉਨ੍ਹਾਂ ਇਲਾਕਿਆਂ ਨਾਲ ਵਿਤਕਰਾ ਕੀਤਾ ਜਾਣਾ ਹੈ ਤਾਂ ਉਹ ਲੋਕ ਕਹਿੰਦੇ ਹਨ ਕਿ ਸਾਨੂੰ ਛੁਟੀ ਦਿਉ । ਮੈਂ ਦਿਲੋਂ ਇਹ ਕਹਿੰਦਾ ਹਾਂ ਕਿ ਅਸੀਂ ਇਨ੍ਹਾਂ ਦੇ ਨਾਲ ਹਾਂ । ਅਸੀਂ ਜਾਣਦੇ ਹਾਂ ਕਿ ਪੰਜਾਬ ਮਜ਼ਬੂਤ ਹੈ, ਪੰਜਾਬੀ ਬਹਾਦਰ ਹਨ ਪਰ ਸਚੇ ਵੀ ਹੋਣ ਤਾਂ ਕੰਮ ਚਲੇਗਾ । ਇਨ੍ਹਾਂ ਤਾਂ ਉਹ ਜੋ ਸੀਨੀਅਰ ਅਫਸਰ ਬੈਠੇ ਹਨ ਉਨ੍ਹਾਂ ਨੂੰ ਡੀਮਾਰਲਾਈਜ਼ ਕਰ ਛਡਿਆ ਹੈ, ਕਿਸੇ ਦੀ ਹਿੰਮਤ ਨਹੀਂ ਕਿ ਆਪ ਹੀ ਨੋਟ ਲਿਖ ਸਕੇ । ਅਗਰ ਉਹ ਰੂਲਜ਼ ਦੀ ਗਲ ਕਰਦੇ ਹਨ ਤਾਂ ਇਹ ਕਹਿੰਦੇ ਹਨ ਕਿ ਰੂਲਾਂ ਦੀ ਗਲ ਛਡੋ ਨਹੀਂ ਤਾਂ ਬੋਰੀਆ ਬਿਸਤਰ ਗੋਲ ਕਰੋ । ਇਸ ਤੋਂ ਵਧ ਕੀ ਗਲ ਹੋ ਸਕਦੀ ਹੈ ਕਿ ਇਥੇ ਇਨ੍ਹਾਂ ਦਾ ਇਕ ਡਿਪਟੀ ਮਿਨਿਸਟਰ ਮੈਂਬਰਜ਼ ਨੂੰ ਥਰੈਟਨ ਕਰ ਸਕਦਾ ਹੈ ਕਿ ਤੂੰ ਕਰ ਇਸ ਤਰ੍ਹਾਂ ਮੈਂ ਤੈਨੂੰ 6 ਮਹੀਨੇ ਲਈ ਅੰਦਰ ਕਰਾ ਦਿਆਂਗਾ । ਅਗਰ ਉਠ ਕੇ ਇਥੇ ਇਸ ਤਰ੍ਹਾਂ ਦੀਆਂ ਗਲਾਂ ਕਰ ਸਕਦੇ ਹਨ ਤਾਂ ਬਾਹਰ ਕੀ ਨਾ ਕਰਦੇ ਹੋਣਗੇ । (ਵਿਘਨ) (ਘੰਟੀ)

Mr. Chairman : Please wind up now.

ਕੈਪਟਨ ਰਤਨ ਸਿੰਘ : ਚੇਅਰਮੈਨ ਸਾਹਿਬ, ਮੈਂ ਤਾਂ ਹਾਲੇ ਇਕੋ ਪਾਸੇ ਹੀ ਰਿਹਾ ਹਾਂ । (ਵਿਘਨ) ਮੇਰੇ ਪਾਸ ਇਨਫਰਮੇਸ਼ਨ ਦੇ ਪ੍ਰਾਈਵੇਟ ਸੋਰਸਿਜ਼ ਨਹੀਂ ਹਨ । ਮਗਰ ਜੋ ਸਾਨੂੰ ਨਜ਼ਰ ਆਉਂਦਾ ਹੈ ਉਹ ਇਹ ਹੈ ਕਿ ਇਨ੍ਹਾਂ ਨੇ ਹਰ ਪਾਸੇ ਗੰਦ ਘੋਲਿਆ ਹੋਇਆ ਹੈ । ਇਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਇਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ ।

ਪੰਜਾਬ ਇਕ ਬਹਾਦਰ ਸੂਬਾ ਹੈ । ਇਸ ਨੇ ਸਪੋਰਟਸਮੈਨ ਪੈਦਾ ਕੀਤੇ ਹਨ ਜਿਨ੍ਹਾਂ ਨੇ ਮੁਲਕ ਦਾ ਨਾਂ ਚਮਕਾਇਆ ਹੈ । ਇਸ ਵਾਰ ਵੀ ਪੰਜਾਬ ਦੀ ਇਕ ਨੌਜਵਾਨ ਲੜਕੀ ਨੇ ਚਾਰ ਗੋਲਡ ਮੈਡਲ ਜਿਤੇ ਹਨ, ਇਨ੍ਹਾਂ ਨੇ ਉਨ੍ਹਾਂ ਲਈ ਜਾਂ ਸਪੋਰਟਸ ਲਈ ਕੀ ਕੀਤਾ ਹੈ ? ਅਫਸਰਾਂ ਦੀਆਂ ਤਨਖਾਹਾਂ ਤਾਂ ਰਖੀਆਂ ਹਨ, ਸਪੋਰਟਸ ਦੀ ਤਰੱਕੀ ਲਈ ਕਝ ਨਹੀਂ ਰਖਿਆ । ਪ੍ਰਧਾਨ ਮੰਤਰੀ ਜੀ ਨੇ ਤਾਂ ਉਨ੍ਹਾਂ ਨੂੰ ਚਾਹ ਪਿਆਈ, ਚੰਗੀ ਗੱਲ ਹੈ, ਬਾਹਰ ਤੋਂ ਲੋਕ ਆਏ ਸਨ. ਪਰ ਇਨ੍ਹਾਂ ਨੇ ਉਨ੍ਹਾਂ ਆਪਣੇ ਸਪੋਰਟਸਮੈਨਾਂ ਨੂੰ ਚਾਹ ਵੀ ਨਹੀਂ ਪਿਆਈ, ਉਨ੍ਹਾਂ ਦੀ ਸਟੇਟ ਲੈਵਲ ਤੇ ਇਜ਼ਤ ਦੇਣੀ ਤਾਂ ਇਕ ਪਾਸੇ । (ਵਿਘਨ)

ਫਿਰ ਮੈਂ ਕੁਝ ਐਗਰੀਕਲਚਰ ਦੀ ਗਲ ਕਰਦਾ ਹਾਂ । ਇਸ ਲਈ ਸਿਰਫ 6% ਖਰਚ ਰਖਿਆ ਗਿਆ ਹੈ ਹਾਲਾਂ ਕਿ ਇਹ ਮੰਨਦੇ ਹਨ ਕਿ ਪੰਜਾਬ ਦੀ 60-70% ਐਗਰੀਕਲਚਰ ਤੋਂ ਹੁੰਦੀ ਹੈ । ਫਿਰ ਡਾਇਰੈਕਟਰ ਆਫ ਐਗਰੀਕਲਚਰ ਦੀ ਐਪੁਆਇੰਟ ਦੀ ਗਲ ਹੈ ।...

Mr. Chairman : Please wind up.

ਕੈਪਟਨ ਰਤਨ ਸਿੰਘ : ਪੰਜਾਬ ਦੀ ਇਕਾਨੋਮੀ ਐਗਰੀਕਲਚਰ ਤੇ ਨਿਰਭਰ ਹੈ ਤੇ ਜੇਕਰ ਐਗਰੀਕਲਚਰ ਦਾ ਮਹਿਕਮਾ ਚੰਗੇ ਆਦਮੀ ਦੇ ਹਥ ਵਿਚ ਨਹੀਂ ਹੋਵੇਗਾ ਤਾਂ ਪੰਜਾਬ ਦੀ ਤਰੱਕੀ ਨਹੀਂ ਹੋ ਸਕਦੀ । ਅਸੀਂ ਦੇਖ ਰਹੇ ਹਾਂ ਕਿ ਵਜ਼ੀਰ ਵੀ ਇਸ ਕੰਮ ਵਿਚ ਪੂਰਾ ਧਿਆਨ ਨਹੀਂ ਦੇ ਰਹੇ । ਕਿਸੇ ਮਨਿਸਟਰ ਨੇ ਪਿਛਲੇ 6 ਮਹੀਨਿਆਂ ਵਿਚ ਕੋਈ ਸਕੀਮ ਨਹੀਂ ਇਨਸਪੈਕਟ ਕੀਤੀ । ਕਿਸੇ ਪ੍ਰਾਜੈਕਟ ਦਾ ਦੌਰਾ ਨਹੀਂ ਕੀਤਾ । ਇਹ ਤਾਂ ਬਸ ਇਥੋਂ ਪਿੰਡ ਅਤੇ ਪਿੰਡੋਂ ਚੰਡੀਗੜ੍ਹ ਹੀ ਰਹਿੰਦੇ ਹਨ । ਇਹ ਅਫ਼ਸਰਾਂ ਦਾ ਕੰਮ ਕਿਸ ਤਰ੍ਹਾਂ ਜਾਣ ਸਕਦੇ ਹਨ । ਇਨ੍ਹਾਂ ਨੂੰ ਕੀ ਪਤਾ ਹੈ ਕਿ ਕਿਹੜਾ ਅਫ਼ਸਰ ਡਾਇਰੈਕਟਰ ਦੇ ਫਿਟ ਹੈ । ਇਨ੍ਹਾਂ ਨੂੰ ਤਾਂ ਉਹੀ ਚੰਗਾ ਲਗੇਗਾ ਜੋ ਇਨ੍ਹਾਂ ਦੀ ਝੋਲੀ ਚੁਕੇਗਾ । ਇਨ੍ਹਾਂ ਗਲਾਂ ਨਾਲ ਇਨ੍ਹਾਂ ਨੂੰ ਕਿਸੇ ਅਫ਼ਸਰ ਦੇ ਮੈਰਿਟ ਦਾ ਪਤਾ ਨਹੀਂ ਲਗ ਸਕਦਾ । ਅਗਰ ਤੁਸੀਂ ਫੀਲਡ ਵਿਚ ਕੰਮ ਨਹੀਂ ਦੇਖਿਆ ਤਾਂ ਕਿਵੇਂ ਪਤਾ ਲਗ ਸਕਦਾ ਹੈ ਕਿ ਕਰਾਪਿੰਗ ਪੈਟਰਨ ਕਿਸ ਤਰ੍ਹਾਂ ਦਾ ਬਣਾਇਆ ਜਾਵੇ, ਜਾਂ ਪੋਲਟਰੀ, ਪਿਗਰੀ ਜਾਂ ਡੇਰੀ ਫਾਰਮ ਵਿਚ ਕਿਸ ਤਰ੍ਹਾਂ ਸੁਧਾਰ ਹੋ ਸਕਦੇ ਹਨ । ਇਸ ਤਰ੍ਹਾਂ ਠੀਕ ਕੰਮ ਨਹੀਂ ਚਲ ਸਕਦਾ । ਅਗਰ ਅਫ਼ਸਰ ਚੰਗਾ ਨਹੀਂ ਤਾਂ ਕੰਮ ਕੀ ਹੋਵੇਗਾ । ਅਗਰ ਕੋਈ ਚੰਗਾ ਕੰਮ ਹੋਇਆ ਵੀ ਤਾਂ ਉਹ ਕਿਤੇ ਹੋਰ ਚਲਾ ਜਾਵੇਗਾ । ਐਗਰੀਕਲਚਰ ਦੇ ਕੰਮ ਵਿਚ ਵਾਈਡ ਇਮੈਜੀਨੇਸ਼ਨ ਦੀ ਲੋੜ ਹੁੰਦੀ ਹੈ । 10-15 ਸਾਲ ਅਗੇ ਲਈ ਪਲੈਨਿੰਗ ਕਰਨੀ ਪੈਂਦੀ ਹੈ । ਸਟਡੀ ਕਰਨੀ ਪੈਂਦੀ ਹੈ । ਇਥੇ ਸਟਡੀ ਹੁੰਦੀ ਹੈ ਪਰ ਕੋਈ ਨਤੀਜੇ ਨਹੀਂ ਨਿਕਲਦੇ । ਕਮੇਟੀਆਂ ਬਣਦੀਆਂ ਹਨ, ਹਵਾਈ ਜਹਾਜ਼ਾਂ ਵਿਚ ਪੰਜਾਬ ਤੋਂ ਬਾਹਰ ਮੈਂਬਰ ਗਏ, ਇਹ ਦੇਖਣ ਲਈ ਕਿ ਬਾਕੀ ਸਟੇਟਸ ਵਿਚ ਕਮਯੂਨਿਟੀ ਡਿਵੈਲਪਮੈਂਟ ਦਾ ਕੰਮ ਕਿਵੇਂ ਹੁੰਦਾ ਹੈ ਮਗਰ ਅਜ ਤਕ ਉਸ ਦੀ ਕੋਈ ਰਿਪੋਰਟ ਨਹੀਂ ਆਈ । ਅਗਰ ਇਸ ਕਮੇਟੀ ਨੇ ਕੁਝ ਕੰਮ ਪੰਜਾਬ ਦੇ ਭਲੇ ਲਈ ਕੀਤਾ ਹੁੰਦਾ ਤਾਂ ਰਿਪੋਰਟ ਤਾਂ ਸਾਹਮਣੇ ਆਉਂਦੀ । ਸਾਡੇ ਚੀਫ਼ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਇਹ ਪਿੰਡਾਂ ਦੀ ਤਰੱਕੀ ਕਰਨਾ ਚਾਹੁੰਦੇ ਹਨ । ਬੜੀ ਚੰਗੀ ਗਲ ਹੈ, ਮਾਡਲ ਪਿੰਡ ਬਣਾਓ ਪਰ ਇਸ ਕੰਮ ਵਿਚ ਵਿਤਕਰੇ ਤਾਂ ਨਾ ਕਰੋ । ਹਰੀਜਨਾਂ ਦੀਆਂ ਬਸਤੀਆਂ ਪਿੰਡ ਤੋਂ ਬਾਹਰ ਨਹੀਂ ਹੋਣੀਆਂ ਚਾਹੀਦੀਆਂ । ਅਗਰ ਆਪ ਇੰਟੈਗਰੇਸ਼ਨ ਚਾਹੁੰਦੇ ਹੋ, ਸੋਸ਼ਲਿਜ਼ਮ ਲਿਆਉਣਾ ਚਾਹੁੰਦੇ ਹੋ ਤਾਂ ਉਨ੍ਹਾਂ ਦੇ ਘਰ ਪਿੰਡ ਦੇ ਵਿਚ ਹੋਣੇ ਚਾਹੀਦੇ ਹਨ । ਸਿਖ ਧਰਮ ਵੀ ਵਿਤਕਰੇ ਦੀ ਇਜਾਜ਼ਤ ਨਹੀਂ ਦਿੰਦਾ । ਇਹ ਅਜ ਹਰ ਪਿੰਡ ਵਿਚ ਨਜ਼ਰ ਆ ਰਿਹਾ ਹੈ, ਇਸ ਨੂੰ ਮਿਟਾਓ, ਪਿੰਡ ਨੂੰ ਬਿਲਕੁਲ ਨਵੇਂ ਸਿਰਿਉਂ ਹੀ ਬਣਾ ਦਿਓ, ਪੁਰਾਣਿਆਂ ਪਿੰਡਾਂ ਨੂੰ ਢਾਹ ਕੇ ਹਰੀਜਨਾਂ ਨੂੰ ਦੂਜਿਆਂ ਦੇ ਬਰਾਬਰ ਜਗ੍ਹਾ ਦਿਉ । ਵਰਨਾ ਆਪ ਦੀਆਂ ਸਕੀਮਾਂ ਦੇ ਵਿਚੋਂ ਤਾਂ ਪੈਸੇ ਖਾਧੇ ਹੀ ਜਾਣੇ ਹਨ ਅਤੇ ਇਹ ਨਾਅਰੇ ਫੋਕੇ ਰਹਿ ਜਾਣੇ ਹਨ । ਬਾਕੀ ਅਗਰ ਮੇਰੇ ਕਿਸੇ ਲਫ਼ਜ਼ ਤੇ ਕਿਸੇ ਸਾਥੀ ਨੂੰ ਇਤਰਾਜ਼ ਹੈ ਤਾਂ ਮੈਂ ਉਹ ਵਾਪਸ ਲੈਂਦਾ ਹਾਂ ਮਗਰ ਮੈਂ ਇਹ ਫੀਲ ਕਰਦਾ ਹਾਂ ਕਿ ਪੰਜਾਬ ਦੀ ਤਰੱਕੀ ਨਹੀਂ ਹੋ ਸਕਦੀ ਅਗਰ ਅਸੀਂ ਆਪਣੀ ਮੋਰੈਲਿਟੀ ਨੂੰ ਉਚਾ ਨਹੀਂ ਚੁਕਦੇ । ਇਸ ਦੇ ਬਿਨਾਂ ਅਸੀਂ ਪੰਜਾਬ ਦੀ ਸਹੀ ਮਾਅਨਿਆਂ ਵਿਚ ਸੇਵਾ ਨਹੀਂ ਕਰ ਸਕਦੇ ।

PERSONAL EXPLANATIONS BY IRRIGATION AND POWER MINISTER, SARDAR GURNAM SINGH AND CAPTAIN RATTAN SINGH

ਸਿੰਚਾਈ ਅਤੇ ਬਿਜਲੀ ਮੰਤਰੀ (ਸਰਦਾਰ ਸੋਹਨ ਸਿੰਘ ਬਾਸੀ) : ਆਨ ਏ ਪਰਸਨਲ ਐਕਸਪਲੇਨੇਸ਼ਨ, ਸਰ । ਚੇਅਰਮੈਨ ਸਾਹਿਬ, ਮੈਂ ਤਾਂ ਬਾਹਰ ਗਿਆ ਹੋਇਆ ਸੀ ਪਰ ਮੈਨੂੰ ਪਤਾ ਲਗਾ ਹੈ ਕਿ ਮੇਰੇ ਕਾਬਲ ਦੋਸਤ ਕੈਪਟਨ ਰਤਨ ਸਿਘ ਹੋਰਾਂ ਨੇ ਡੀਜ਼ਲ ਸੈਟਸ ਦੀ ਗਲ ਕੀਤੀ ਅਤੇ ਮੇਰਾ

[ਸਿੰਚਾਈ ਅਤੇ ਬਿਜਲੀ ਮੰਤਰੀ]

ਜ਼ਿਕਰ ਕੀਤਾ । ਇਸ ਬਾਰੇ ਅਰਜ਼ ਹੈ ਕਿ ਇਨ੍ਹਾਂ ਸੈਟਸ ਦੀ ਖਰੀਦ ਨਾਲ ਮੇਰਾ ਕੋਈ ਤੁਅਲੱਕ ਨਹੀਂ ਹੈ । ਇਲੈਕਟ੍ਰਿਸਿਟੀ ਬੋਰਡ ਵਿਦੇਸ਼ ਤੋਂ 27 ਜੈਨਰੇਟਿੰਗ ਸੈਟ ਖਰੀਦ ਰਿਹਾ ਹੈ । 18 ਜਰਮਨ ਡੈਮੋਕਰੈਟਿਕ ਰੀਪਬਲਿਕ ਤੋਂ; 4 ਰੂਸ ਤੋਂ ਅਤੇ 5 ਚੈਕੋਸਲੋਵਾਕੀਆ ਤੋਂ । ਉਨ੍ਹਾਂ ਨੇ ਕਿਹਾ ਕਿ ਬਾਸੀ ਸਾਹਿਬ ਨੇ ਆਪਣੇ ਦੋਸਤ ਜਾਂ ਉਸ ਦੀ ਕੰਪਨੀ ਦੇ ਜ਼ਰੀਏ ਇਸ ਡੀਲ ਵਿਚੋਂ 20 ਲਖ ਰੁਪਿਆ ਖਾਧਾ ਹੈ । ਮੈਂ ਇਨ੍ਹਾਂ ਨੂੰ ਚੈਲੰਜ ਕਰਦਾ ਹਾਂ ਕਿ ਅਗਰ ਇਹ ਸਾਬਤ ਕਰ ਦੇਣ ਕਿ ਮੈਂ ਇਕ ਵੀ ਪੈਸਾ ਲਿਆ ਹੈ ਤਾਂ ਮੈਂ ਰੀਜ਼ਾਈਨ ਕਰ ਦੇਵਾਂਗਾ ਨਹੀਂ ਤਾਂ ਇਹ ਰੀਜ਼ਾਈਨ ਕਰ ਦੇਣ । (ਵਿਘਨ) ਮੇਰਾ ਜਾਂ ਮੇਰੇ ਕਿਸੇ ਰਿਸ਼ਤੇਦਾਰ ਦਾ ਇਸ ਨਾਲ ਕੋਈ ਤੁਅੱਲਕ ਨਹੀਂ ਹੈ । (ਵਿਘਨ) ਇਸ ਨਾਲ ਕਿਸੇ ਫਰਮ ਦਾ ਤੁਅੱਲਕ ਨਹੀਂ ਹੈ । ਇਟ ਇਜ਼ ਏ ਗਵਰਨਮੈਂਟ ਟੂ ਗਵਰਨਮੈਂਟ ਆਰਡਰ । (ਵਿਘਨ)

ਸਰਦਾਰ ਗੁਰਨਾਮ ਸਿੰਘ (ਕਿਲ੍ਹਾ ਰਾਏ ਪੁਰ) : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ । ਚੇਅਰਮੈਨ ਸਾਹਿਬ, ਮੈਨੂੰ ਇਸ ਗੱਲ ਦਾ ਬੜਾ ਅਫਸੋਸ ਹੈ ਕਿ ਵੋਟ ਆਨ ਅਕਾਊਂਟ ਤੇ ਬਹਿਸ ਦੇ ਦੌਰਾਨ ਇਕ ਆਨਰੇਬਲ ਮੈਂਬਰ ਨੇ ਚਿਕੜ ਸੁਟਣ ਦੀ ਕੋਸ਼ਿਸ਼ ਕੀਤੀ ਹੈ । (ਵਿਘਨ) (ਚੌਧਰੀ ਜਗਤ ਰਾਮ : ਗਾਰੇ ਵਿਚੋਂ ਨਿਕਲ ਆਏ ਹੋ) (ਵਿਘਨ) (ਹਾਸਾ) ਤੁਸੀਂ ਵੀ ਗਾਰੇ ਵਿਚ ਚਲੇ ਜਾਉਗੇ । (ਵਿਘਨ) ਇਨ੍ਹਾਂ ਨੇ ਵੋਟ ਆਨ ਅਕਾਊਂਟ ਤੇ ਬਹਿਸ ਕਰਦਿਆਂ ਇਕ ਬੜੀ ਗੈਰ ਜ਼ਿਮੇਦਾਰਾਨਾ ਗਲ ਕੀਤੀ ਹੈ ਅਤੇ ਹਾਲਾਂ ਕਿ ਉਹ ਇਰਰੈਲੇਵੈਂਟ ਸੀ ਪਰ ਰਿਕਾਰਡ ਤੇ ਆ ਗਈ ਹੈ, ਕਿ ਮੈਂ ਕਿਸੇ ਆਪਣੇ ਰਿਸ਼ਤੇਦਾਰ ਦੇ ਨਾਂ ਤੇ ਜ਼ਮੀਨ ਅਲਾਟ ਕਰਾਈ । ਇਹ ਬਿਲਕੁਲ ਗ਼ਲਤ ਅਤੇ ਝੂਠ ਗੱਲ ਹੈ ਮੇਰੇ ਕਿਸੇ ਰਿਸ਼ਤੇਦਾਰ ਨੂੰ ਕੋਈ ਜ਼ਮੀਨ ਅਲਾਟ ਨਹੀਂ ਹੋਈ । (ਸਰਕਾਰੀ ਬੈਂਚਾਂ ਵਲੋਂ ਪ੍ਰਸ਼ੰਸਾ) ਫਿਰ ਇਹ ਕਿਹਾ ਗਿਆ ਕਿ ਉਹ ਜ਼ਮੀਨ ਅਲਾਟ ਕਰਾਉਣ ਲਈ ਮੈਂ ਇਕ ਕਾਤਲ ਨੂੰ ਛਡਾਉਣ ਦਾ ਵਾਹਦਾ ਕੀਤਾ । ਇਸ ਬਾਰੇ ਮੈਂ ਝੂਠ ਸ਼ਬਦ ਤਾਂ ਨਹੀਂ ਕਹਿੰਦਾ, ਅਨਪਾਰਲੀਮੈਂਟਰੀ ਹੈ ਪਰ ਇੰਨਾ ਕਹਿੰਦਾ ਹਾਂ ਕਿ ਇਸ ਤੋਂ ਜ਼ਿਆਦਾ ਬੇਹੂਦਾ ਗਲ ਹੋਰ ਨਹੀਂ ਹੋ ਸਕਦੀ । (ਸਰਕਾਰੀ ਬੈਂਚਾਂ ਵਲੋਂ ਪ੍ਰਸੰਸਾ) ਇਸ ਤੋਂ ਅਗੇ ਇਸ ਮੈਂਬਰ ਨੇ ਇਹ ਵੀ ਕਿਹਾ ਕਿ ਮੈਂ ਹਰਿਆਣੇ ਦੀ ਜੇਲ੍ਹ ਵਿਚ ਜਾ ਕੇ ਉਸ ਕਾਤਲ ਨੂੰ ਮਿਲਿਆ ਅਤੇ ਉਸ ਦੇ ਰਿਸ਼ਤੇਦਾਰਾਂ ਨਾਲ ਗਲ ਬਾਤ ਕੀਤੀ ਪਰ ਮੈਂ ਕਦੇ ਕਿਸੇ ਕਾਤਲ ਨੂੰ ਜੇਲ੍ਹ ਵਿਚ ਜਾ ਕੇ ਜਾਂ ਉਸ ਦੇ ਰਿਸ਼ਤੇਦਾਰ ਨੂੰ ਨਹੀਂ ਮਿਲਿਆ ਅਤੇ ਨਾ ਹੀ ਕਦੇ ਹਰਿਆਣੇ ਦੀ ਜੇਲ੍ਹ ਵਿਚ ਕਿਸੇ ਨੂੰ ਮਿਲਣ ਗਿਆ ਹਾਂ । ਇਹ ਗਲਤ ਗਲ ਹੈ । ਮੈਂ ਸਮਝਦਾ ਸੀ ਕਿ ਆਨਰੇਬਲ ਮੈਂਬਰ ਜ਼ਿਮੇਂਵਾਰ ਮੈਂਬਰ ਹਨ ਅਤੇ ਇਕ ਪਾਰਟੀ ਦੇ ਹਾਊਸ ਵਿਚ ਡਿਪਟੀ ਲੀਡਰ ਵੀ ਰਹੇ ਹਨ, ਉਹ ਜ਼ਿਮੇਦਾਰੀ ਨਾਲ ਗਲ ਕਰਨਗੇ । ਮੈਂ ਹੁਣ ਵੀ ਉਨ੍ਹਾਂ ਨੂੰ ਕਹਾਂਗਾ ਕਿ ਮੈਨੂੰ ਹੀ ਆ ਕੇ ਕਨਵਿੰਸ ਕਰਾ ਦੇਣ ਕਿ ਇਹ ਠੀਕ ਹੈ ਤਾਂ ਜੋ ਉਹ ਮੈਨੂੰ ਕਹਿਣ ਮੈਂ ਕਰਨ ਨੂੰ ਤਿਆਰ ਹਾਂ ।

ਇਨ੍ਹਾਂ ਨੇ ਇਹ ਕਿਹਾ ਕਿ ਇਨ੍ਹਾਂ ਪਾਸ ਕਿਸੇ ਸਪੈਸ਼ਲ ਇਨਕੁਆਇਰੀ ਏਜੰਸੀ ਦੀ ਰਿਪੋਰਟ ਹੈ ਮੈਨੂੰ ਤਾਂ ਕਿਸੇ ਨੇ ਨਹੀਂ ਪੁਛਿਆ ਇਨ੍ਹਾਂ ਕੋਲ ਪਤਾ ਨਹੀਂ ਰਿਪੋਰਟ ਕਿਸ ਤਰ੍ਹਾਂ ਆ ਗਈ, ਮੈਂ ਨਹੀਂ ਕਹਿ ਸਕਦਾ । ਮੈਂ ਚੀਫ ਮਨਿਸਟਰ ਰਿਹਾ ਹਾਂ ਅਤੇ ਮੇਰਾ ਰਿਕਾਰਡ ਸ਼ੀਸ਼ੇ ਵਰਗਾ ਹੈ । ਮੈਂ ਹੁਣ ਦੇ ਚੀਫ ਮਨਿਸਟਰ ਨੂੰ ਕਹਾਂਗਾ ਕਿ ਇਕ ਖੁਲ੍ਹੀ ਟ੍ਰਿਬੀਊਨਲ ਤੋਂ ਇਨਕੁਆਇਰੀ ਕਰਵਾ ਲੈਣ ਮੈਂ ਉਸ ਨੂੰ ਫੇਸ ਕਰਨ ਨੂੰ ਤਿਆਰ ਹਾਂ (ਪ੍ਰਸ਼ੰਸਾ) ਮੈਂ ਆਨਰੇਬਲ ਮੈਂਬਰ ਨੂੰ ਕਹਾਂਗਾ ਕਿ ਉਹ ਗਲਤ ਰਸਤੇ ਤੇ ਪੈ ਗਏ ਹਨ ਇਸ ਤਰ੍ਹਾਂ ਉਨ੍ਹਾਂ ਦੀ ਅਤੇ ਇਸ ਹਾਊਸ ਦੀ ਇਜ਼ਤ ਨਹੀਂ ਵਧੇਗੀ । (ਵਿਘਨ)

ਫਿਰ ਇਹ ਕਿਹਾ ਗਿਆ ਕਿ ਮੇਰੇ ਖਿਆਫ ਇਨਕੁਆਇਰੀ ਸ਼ੁਰੂ ਕਰਵਾ ਦਿਤੀ ਗਈ ਮੈਨੂੰ ਇਧਰ

ਇਸ ਪਾਰਟੀ ਵਿਚ ਲਿਆਉਣ ਲਈ । ਪਰ ਮੈਂ ਤਾਂ ਇਸ ਪਾਰਟੀ ਵਿਚ ਇਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਆਇਆ ਹਾਂ । ਅਕਾਲੀ ਦਲ ਵਿਚ ਕੁਝ ਝਗੜਾ ਸੀ ਅਸੀਂ ਆਪਿਸ ਵਿਚ ਨਿਪਟਾ ਲਿਆ ਅਤੇ ਇਕ ਹੋ ਗਏ ਪਰ ਇਹ ਆਪਣੀਆਂ ਕਾਂਗਰਸ ਦੀਆਂ ਦੋ ਪਾਰਟੀਆਂ ਵਿਚ ਅਜੇ ਤਕ ਝਗੜੇ ਨੂੰ ਨਹੀਂ ਨਿਪਟਾ ਸਕੇ । ਜੇਕਰ ਨਿਪਟਾ ਸਕਦੇ ਸਨ ਤਾਂ ਮੈਨੂੰ ਕੋਈ ਇਤਰਾਜ਼ ਨਹੀਂ (ਪ੍ਰਸ਼ੰਸਾ)

ਇਨ੍ਹਾਂ ਨੇ ਸ਼ਬਦ ਮੋਟਿਵ ਵਰਤਿਆ ਹੈ ਮੈਂ ਵੀ ਉਹ ਸ਼ਬਦ ਵਰਤਦਾ ਹਾਂ ਕਿ ਮੇਰਾ ਮੋਟਿਵ ਇਹ ਹੈ ਕਿ ਮੇਰੀ ਪਾਰਟੀ ਕਾਂਗਰਸ ਨਾਲ ਕੋਈ ਐਡਜਸਟਮੈਂਟ ਨਾ ਕਰੇ ਅਤੇ ਮੇਰੇ ਇਧਰ ਆਉਣ ਨਾਲ ਇਨ੍ਹਾਂ ਦੀ ਐਡਜਸਟਮੈਂਟ ਵਿਚ ਮੈਂ ਫਾਨਾ ਅੜਾ ਦਿਤਾ ਹੈ ਜਿਸ ਦਾ ਇਨ੍ਹਾਂ ਨੂੰ ਦੁਖ ਹੈ । (ਹਾਸਾ) (ਵਿਘਨ)

ਸ੍ਰੀ ਸਭਾਪਤੀ : ਪਰਸਨਲ ਐਕਸਪਲੇਨੇਸ਼ਨ ਲੈਂਗਥੀ ਨਹੀਂ ਹੋਣਾ ਚਾਹੀਦਾ । (The personal explanation should not be lengthy.)

ਸਰਦਾਰ ਗੁਰਨਾਮ ਸਿੰਘ : ਬਸ ਜੀ, ਮੈਂ ਖਤਮ ਹੀ ਕਰਨ ਲਗਾ ਹਾਂ (ਵਿਘਨ)

ਇਕ ਆਵਾਜ਼ : ਇਹ ਫਾਨਾ ਕਿਥੇ ਅੜਿਆ ਹੈ ? (ਵਿਘਨ) (ਹਾਸਾ)

ਸਰਦਾਰ ਗੁਰਨਾਮ ਸਿੰਘ : ਜੇਕਰ ਇਹ ਲਫਜ਼ ਠੀਕ ਨਹੀਂ ਤਾਂ ਮੈਂ ਇਸ ਨੂੰ ਵਾਪਸ ਲੈਂਦਾ ਹਾਂ (ਵਿਘਨ) ਅਤੇ ਇਸਦੀ ਜਗ੍ਹਾ ਰੁਕਾਵਟ ਪਾਈ ਕਹਿ ਦਿੰਦਾ ਹਾਂ । (ਸ਼ੋਰ)

ਸਰਦਾਰ ਸੰਤੋਖ ਸਿੰਘ : ਆਨ ਏ ਪੁਆਇੰਟ ਆਫ ਆਰਡਰ ।

ਸ੍ਰੀ ਸਭਾਪਤੀ : ਪਹਿਲਾਂ ਇਨ੍ਹਾਂ ਨੂੰ ਕਹਿ ਲੈਣ ਦਿਓ । (Let him finish with his personal explanation first.)

ਸਰਦਾਰ ਗੁਰਨਾਮ ਸਿੰਘ : ਚੇਅਰਮੈਨ ਸਾਹਿਬ, ਇਕ ਗਲ ਇਨ੍ਹਾਂ ਨੇ ਹੋਰ ਕਹੀ ਕਿ ਮੈਂ ਲਛਮਣ ਸਿੰਘ ਗਿੱਲ ਦੇ ਹਥਕੜੀ ਲਾਈ ਪਰ ਇਹ ਹਥਕੜੀ ਲਾਉਣ ਦਾ ਫੰਕਸ਼ਨ ਪੁਲਿਸ ਦਾ ਹੈ । ਪੁਲਿਸ ਨੇ ਇਕ ਕੇਸ ਦਰਜ ਕੀਤਾ ਉਸ ਦੀ ਇਨਵੈਸਟੀਗੇਸ਼ਨ ਕੀਤੀ ਅਤੇ ਹਥਕੜੀ ਲਾਈ ਇਸ ਵਿਚ ਮੇਰਾ ਕੋਈ ਤੁਅੱਲਕ ਨਹੀਂ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਪਾਸੋਂ ਆਗਿਆ ਲੈਂਦਾ ਹਾਂ ।

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ । ਚੇਅਰਮੈਨ ਸਾਹਿਬ, ਇਥੇ ਸਰਦਾਰ ਗੁਰਨਾਮ ਸਿੰਘ ਆਨਰੇਬਲ ਮੈਂਬਰ ਨੇ ਆਪਣਾ ਪਰਸਨਲ ਐਕਸਪਲੇਨੇਸ਼ਨ ਦਿੰਦਿਆਂ ਮੇਰੇ ਮੁਤੱਲਕ ਕੁਝ ਕਿਹਾ ਹੈ । ਉਸ ਦੇ ਬਾਰੇ ਵਿਚ ਮੈਂ ਇਹ ਬੇਨਤੀ ਕਰਾਂਗਾ ਕਿ ਜਿਹੜੇ ਚਾਰਜਿਜ਼ ਮੈਂ ਲਗਾਏ ਹਨ ਇਨ੍ਹਾਂ ਨੂੰ ਸਾਬਤ ਕਰਨ ਨੂੰ ਤਿਆਰ ਹਾਂ । ਇਹ findings ਡਾਇਰੈਕਟਰ ਸਪੈਸ਼ਲ ਇਨਕੁਆਇਰੀ ਏਜੰਸੀ ਦੇ ਹਨ ਜਿਨ੍ਹਾਂ ਨੇ ਇਨ੍ਹਾਂ ਦੇ ਬਾਰੇ ਵਿਚ ਰਿਪੋਰਟ ਪੇਸ਼ ਕੀਤੀ ਹੈ, ਮੈਂ ਉਸ ਵਿਚੋਂ ਹੀ ਪੜ੍ਹ ਕੇ ਕਿਹਾ ਸੀ । ਇਹ ਕੈਪਟਨ ਰਤਨ ਸਿੰਘ ਦੇ ਲਗਾਏ ਚਾਰਜਿਜ਼ ਨਹੀਂ । ਮੈਂ ਉਸ ਰਿਪੋਰਟ ਵਿਚੋਂ ਐਲੀਗੇਸ਼ਨ ਨੰ: 1 ਹਾਊਸ ਨੂੰ ਪੜ੍ਹ ਕੇ ਸੁਣਾਉਂਦਾ ਹਾਂ ।

"... Even though no evidence, orally or documentary is forthcoming to show that Sardar Gurnam Singh Ex- C. M. in any way intervened in this case yet it cannot be denied that Shri Daljit Singh Tehsildar Sales, Shri P. S. Sohal, S. D. O. (Civil) and Shri Ajit Singh Sahi, D.C. Ludhiana had shown undue haste in the matter of declaring the land under reference as evacuee property. They should have awaited the Government orders in the matter. The conduct of Shri Daljit Singh, Tehsildar Sales is particulary blame-worthy as he was the prime mover behind the scheme in this case and he actively

[Captain Rattan Singh]

helped in the finalisation of the deal between Shri Gulraj Singh and the heirs of Shri Karam Singh deceased. It is generally known that Shri Gulraj Singh and his mother are related to Sardar Gurnam Singh and are close to him. This fact weighed with the officers concerned."

ਇਸ ਵਿਚ 11 ਚਾਰਜਿਜ਼ ਸਨ ਇਹ ਕਿਸ ਨੇ ਲਗਾਏ ਜਿਨ੍ਹਾਂ ਦੇ ਬਾਰੇ ਵਿਚ ਇਸ ਸਪੈਸ਼ਲ ਇਨਕੁਆਰੀ ਏਜੰਸੀ ਨੇ ਰਿਪੋਰਟ ਦਿਤੀ, ਇਹ ਸਾਰੇ ਹੀ ਅਕਾਲੀ ਮੈਂਬਰ ਸਨ ਇਕ ਵੀ ਇਨ੍ਹਾਂ ਵਿਚ ਦਸਖਤ ਕਰਨ ਵਾਲਾ ਕਾਂਗਰਸ ਦਾ ਮੈਂਬਰ ਨਹੀਂ। ਇਹ ਰਿਪੋਰਟ ਮੇਰੀ ਨਹੀਂ ਇਹ ਫਾਈਂਡਿੰਗਜ਼ ਡਾਇਰੈਕਟਰ ਸਪੈਸ਼ਲ ਇਨਕੁਆਇਰੀ ਏਜੰਸੀ ਦੀ ਹੈ। (ਵਿਘਨ)

ਸਰਦਾਰ ਗੁਰਨਾਮ ਸਿੰਘ : ਇਨ੍ਹਾਂ ਨੇ ਇਹ ਚਾਰਜ ਲਗਾਇਆ ਹੈ ਕਿ ਇਹ ਜ਼ਮੀਨ ਅਲਾਟ ਹੋਈ ਹੈ। ਮੈਂ ਇਸ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਜਿਸ ਆਦਮੀ ਨੂੰ ਇਹ ਜ਼ਮੀਨ ਅਲਾਟ ਹੋਈ ਹੈ ਉਸ ਤੋਂ ਰਜਿਸਟਰੀ ਕਰਵਾ ਕੇ ਖਰੀਦੀ ਹੈ ਇਸ ਵਿਚ ਗੌਰਮਿੰਟ ਦਾ ਕੋਈ ਤੁਅੱਲਕ ਨਹੀਂ (ਵਿਘਨ)

ਕੈਪਟਨ ਰਤਨ ਸਿੰਘ : * * * *

ਸ੍ਰੀ ਸਭਾਪਤੀ : ਇਹ ਜੋ ਕੁਝ ਚੇਅਰ ਦੀ ਪਰਮਿਸ਼ਨ ਤੋਂ ਬਿਨਾਂ ਕਿਹਾ ਜਾ ਰਿਹਾ ਹੈ ਇਹ ਰੀਕਾਰਡ ਨਾ ਕੀਤਾ ਜਾਵੇ। (Whatever is being said by the hon. Member without the permission of the Chair should not be recorded.)

ਸ੍ਰੀ ਬਲਰਾਮ ਦਾਸ ਟੰਡਨ : ਚੇਅਰਮੈਨ ਸਾਹਿਬ, ਇਹ ਜਿਹੜਾ ਬਜਟ ਸਰਦਾਰ ਬਲਵੰਤ ਸਿੰਘ ਹੋਰਾਂ ਪੇਸ਼ ਕੀਤਾ ਹੈ ...... (ਵਿਘਨ)

ਚੌਧਰੀ ਤੁਲਸੀ ਰਾਮ ਚੌਹਾਨ : ਆਨ ਏ ਪੁਆਇੰਟ ਆਫ ਆਰਡਰ : ਇਹ ਹੁਣੇ ਹੀ ਸਰਦਾਰ ਗੁਰਨਾਮ ਸਿੰਘ ਹੋਰਾਂ ਕਿਹਾ ਹੈ ਕਿ ਮੇਰੇ ਖਿਲਾਫ ਜੇਕਰ ਚਾਰਜਿਜ਼ ਸਾਬਤ ਹੋ ਜਾਣ ਤਾਂ ਜੋ ਕਹੋ ਮੈਂ ਕਰਨ ਨੂੰ ਤਿਆਰ ਹਾਂ। ਮੈਂ ਇਕ ਚਾਰਜ ਲਗਾਂਦਾ ਹਾਂ ਕਿ ਲੁਧਿਆਣਾ ਦੇ ਇੰਡਸਟਰੀਅਲ ਏਰੀਆ ਨੰ: 1 ਵਿਚ ਇਨ੍ਹਾਂ ਨੇ ਆਪਣੀ ਇਕ ਰਿਸ਼ਤੇਦਾਰ ਪਰਕਾਸ਼ ਕੌਰ ਦੇ ਨਾਂ ਤੇ 7500 ਗਜ਼ ਜ਼ਮੀਨ ਅਲਾਟ ਕਰਾਈ ਫੈਕਟਰੀ ਦੇ ਨਾਮ ਤੇ ਅਤੇ ਇਸ ਦਾ ਰੇਟ ਲਗਾਇਆ 7 ਰੁਪਏ ਜਦ ਕਿ ਇਸੇ ਹੀ ਥਾਂ ਤੇ ਨਿਲਾਮੀ ਵਿਚ ਰੇਟ 85 ਰੁਪਏ ਗਜ਼ ਆਇਆ, ਇਹ ਫਾਈਲ ਤੇ ਨੋਟ ਵੀ ਹੈ ਅਤੇ ਉਥੇ ਅਜੇ ਵੀ ਖਾਲੀ ਥਾਂ ਹੀ ਪਈ ਹੋਈ ਹੈ ਅਤੇ ਕੋਈ ਇੰਡਸਟਰੀ ਕਾਇਮ ਨਹੀਂ ਕੀਤੀ ਗਈ। ਕੀ ਜੱਜ ਸਾਹਿਬ ਇਸ ਗੱਲ ਨੂੰ ਵੀ ਡਿਨਾਈ ਕਰਦੇ ਹਨ ਕਿ ਇਨ੍ਹਾਂ ਨੇ ਫੈਕਟਰੀ ਲਈ ਜ਼ਮੀਨ ਅਲਾਟ ਕੀਤੀ ਜਾਂ ਨਹੀਂ ?

ਸਰਦਾਰ ਗੁਰਨਾਮ ਸਿੰਘ : ਇਹ ਜ਼ਮੀਨ ਗਵਰਨਰ ਸਾਹਿਬ ਦੇ ਰੂਲ ਵਿਚ ਆਖਰੀ ਅਲਾਟ ਕੀਤੀ ਗਈ ਸੀ ਅਤੇ ਇਸ ਤੋਂ ਪਹਿਲਾਂ ਮੇਜਰ ਹਰਿੰਦਰ ਸਿੰਘ ਇੰਡਸਟਰੀ ਦੇ ਮਨਿਸਟਰ ਸਨ ਉਨ੍ਹਾਂ ਨੇ ਸਿਫਾਰਸ਼ ਕੀਤੀ ਸੀ ਅਤੇ ਇਹ ਗਲ ਮੇਰੇ ਚੀਫ ਮਨਿਸਟਰ ਬਣਨ ਤੋਂ ਪਹਿਲਾਂ ਦੀ ਹੈ ਅਤੇ ਉਥੇ ਫੈਕਟਰੀ ਲਗੀ ਹੋਈ ਹੈ ਅਤੇ ਇਹ ਗੱਲ ਗ਼ਲਤ ਹੈ ਕਿ ਇਹ ਜ਼ਮੀਨ ਸ੍ਰੀਮਤੀ ਪ੍ਰਕਾਸ਼ ਕੌਰ ਦੇ ਨਾਮ ਅਲਾਟ ਹੋਈ ਹੈ। (ਵਿਘਨ)

ਚੌਧਰੀ ਤੁਲਸੀ ਰਾਮ ਚੌਹਾਨ : ਜੇਕਰ ਉਥੇ ਫੈਕਟਰੀ ਹਣ ਲਗੀ ਹੋਈ ਹੋਵੇ ਤਾਂ ਮੈਂ ਇਸ

*Not recorded as ordered by the Chair.

ਸੀਟ ਤੋਂ ਰਿਜ਼ਾਇਨ ਕਰਨ ਨੂੰ ਤਿਆਰ ਹਾਂ । ਇਹ ਗਲ ਬੇਸ਼ਕ ਸਪੈਸ਼ਲ ਇਨਕੁਆਇਰੀ ਏਜੰਸੀ ਨੂੰ ਦਿਤੀ ਜਾਵੇ ਅੱਜ ਵੀ 7500 ਗਜ਼ ਥਾਂ ਖਾਲੀ ਪਈ ਹੋਈ ਹੈ । (ਵਿਘਨ)

ਕੈਪਟਨ ਰਤਨ ਸਿੰਘ : ਮੈਂ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਸਰਦਾਰ ਗੁਰਨਾਮ ਸਿੰਘ ਹੋਰਾਂ ਗੱਲ ਗਲਤ ਨਹੀਂ ਕਹੀ ਇਹ ਫਾਈਲ ਇੰਡਸਟਰੀ ਡਿਪਾਰਟਮੈਂਟ ਵਿਚ ਹੀ ਨਹੀਂ ਲਭੀ । ਇਹ ਤਾਂ ਕਹਿੰਦੇ ਹਨ ਕਿ ਮੇਜਰ ਹਰਿੰਦਰ ਸਿੰਘ ਹੋਰਾਂ ਨੇ ਆਰਡਰ ਕੀਤੇ ਇਹ ਉਨ੍ਹਾਂ ਦੇ ਆਰਡਰਾਂ ਦੀ ਗੱਲ ਨਹੀਂ ਮੇਰੇ ਪਾਸ ਤਾਂ ਸਪੈਸ਼ਲ ਇਨਕੁਆਇਰੀ ਏਜੰਸੀ ਦੀ ਪੂਰੀ ਰਿਪੋਰਟ ਹੈ ਅਤੇ ਮੈਂ ਇਸ ਨੂੰ ਜੇਕਰ ਆਪ ਦੀ ਆਗਿਆ ਹੋਵੇ ਤਾਂ ਹਾਊਸ ਦੀ ਮੇਜ਼ ਤੇ ਲੇ ਕਰਦਾ ਹਾਂ ਇਸ ਵਿਚ ਸਾਰੇ ਚਾਰਜਿਜ਼ ਸਾਬਤ ਕੀਤੇ ਹੋਏ ਹਨ ।

(ਇਸ ਸਮੇਂ ਕੈਪਟਨ ਰਤਨ ਸਿੰਘ ਨੇ ਰਿਪੋਰਟ ਦੀ ਕਾਪੀ ਸਭਾ ਦੀ ਮੇਜ਼ ਤੇ ਰੱਖ ਦਿਤੀ ਪਰ ਸਭਾਪਤੀ ਨੇ ਇਸ ਬਾਰੇ ਕੋਈ ਹੁਕਮ ਨਹੀਂ ਦਿੱਤਾ)

POINT OF ORDER RE:LAYING OF PAPERS ON THE TABLE OF THE HOUSE

ਸਰਦਾਰ ਰਾਜਾ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਆਪ ਦੀ ਮਾਰਫਤ ਇਹ ਜਾਣਨਾ ਚਾਹੁੰਦਾ ਹਾਂ ਕਿ ਗਵਰਮੈਂਟ ਦਾ ਇਕ ਸੀਕ੍ਰਿਟ ਡਾਕੂਮੈਂਟ ਹਾਊਸ ਦੀ ਟੇਬਲ ਤੇ ਕਿਸ ਤਰ੍ਹਾਂ ਲੇ ਹੋ ਸਕਦਾ ਹੈ, ਇਥੇ ਇਹ ਕਿਵੇਂ ਆ ਗਿਆ; ਇਨ੍ਹਾਂ ਦੀ ਪੁੱਛ-ਪੜਤਾਲ ਹੋਣੀ ਚਾਹੀਦੀ ਹੈ ?

ਸ੍ਰੀ ਸਭਾਪਤੀ : ਮੈਂ ਅਰਜ਼ ਕਰਦਾ ਹਾਂ ਕਿ ਹਾਊਸ ਦੀ ਟੇਬਲ ਤੇ ਕੋਈ ਕਾਗਜ਼ ਲੇ ਕਰਨ ਦਾ ਇਕ ਤਰੀਕਾ ਹੈ । ਪਹਿਲਾਂ ਇਹ ਸਪੀਕਰ ਦੇ ਨੋਟਿਸ ਵਿਚ ਲਿਆਂਦਾ ਜਾਂਦਾ ਹੈ, ਉਸ ਦੀ ਪਰਮਿਸ਼ਨ ਤੋਂ ਬਾਅਦ ਹਾਊਸ ਦੀ ਟੇਬਲ ਤੇ ਲੇ ਕੀਤਾ ਜਾਂਦਾ ਹੈ । ਮੈਂ ਤੁਹਾਨੂੰ ਪਰਿਮਸ਼ਨ ਨਹੀਂ ਦਿੱਤੀ । (There is a set procedure for laying any paper on the Table of the House. Such a paper is first brought to the notice of Hon'ble Speaker. After the permission of the Chair has been received, the paper is laid on the Table of the House. I did not give permission for that paper being laid on the Table.)

ਕੈਪਟਨ ਰਤਨ ਸਿੰਘ : ਜੇਕਰ ਤੁਸੀਂ ਇਜਾਜ਼ਤ ਨਹੀਂ ਦਿੰਦੇ ਤਾਂ ਇਹ ਮੈਨੂੰ ਵਾਪਸ ਕਰ ਦਿਓ, ਜੇਕਰ ਨਹੀਂ ਲੇ ਕਰਨ ਦੇਣਾ । ਮੈਂ ਇਸ ਨੂੰ ਅਖਬਾਰਾਂ ਦੇ ਵਿਚ ਪ੍ਰਿੰਟ ਕਰਾਉਣ ਲਈ ਦੇਵਾਂਗਾ ।

(ਇਸ ਵੇਲੇ ਆਨਰੇਬਲ ਮੈਂਬਰ ਨੂੰ ਕਾਗਜ਼ ਵਾਪਸ ਕਰ ਦਿਤੇ ਗਏ)

ਸਰਦਾਰ ਪਰਤਾਪ ਸਿੰਘ : ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਜੱਜ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਨ੍ਹਾਂ ਨੇ ਗਿੱਲ ਸਾਹਿਬ ਨੂੰ ਹੱਥਕੜੀ ਆਪਣੇ ਚੀਫ ਮਨਿਸਟਰੀ ਦੇ ਵਕਤ ਲਗਵਾਈ ਸੀ, ਭਾਵੇਂ ਉਨ੍ਹਾਂ ਦੀਆਂ ਜ਼ਮਾਨਤਾਂ ਵੀ ਹੋ ਸਕਦੀਆਂ ਸਨ, ਇਨ੍ਹਾਂ ਨੇ ਉਸ ਵੇਲੇ ਕੀ ਸੋਚਿਆ ਸੀ ?

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। Please resume your seat. (This is no point of order. Please resume your seat.)

ਸਾਥੀ ਰੂਪ ਲਾਲ : ਚੇਅਰਮੈਨ ਸਾਹਿਬ, ਜੱਜ ਸਾਹਿਬ ਸਰਦਾਰ ਗੁਰਨਾਮ ਸਿੰਘ ਨੇ ਇਥੇ ਆਪਣੀ ਇਕ ਪਰਸਨਲ ਐਕਸਪਲੇਨੇਸ਼ਨ ਦਿੱਤੀ। ਨਾਲ ਹੀ ਇਹ ਵੀ ਕਿਹਾ X X X X X (ਵਿਘਨ-ਸ਼ੋਰ)

(ਇਸ ਵੇਲੇ ਸਦਨ ਵਿਚ ਬਹੁਤ ਸ਼ੋਰ ਹੋਣ ਕਰ ਕੇ ਕੁਝ ਸੁਣਾਈ ਨਹੀਂ ਦਿਤਾ)

Mr. Chairman : This should not form part of the proceedings.

ਮੈਂ ਸਮਝਦਾ ਹਾਂ ਕਿ ਇਸ ਮੁਆਮਲੇ ਤੇ ਕਾਫ਼ੀ ਹੀਟ ਜੈਨਰੇਟ ਹੋਈ ਹੈ। ਇਸ ਮੁਆਮਲੇ ਨੂੰ ਏਥੇ ਹੀ ਛੱਡਦੇ ਹੋਏ ਸਾਨੂੰ ਹੁਣ ਆਪਣੀ ਡਿਊਟੀ ਵਲ ਧਿਆਨ ਦੇਣਾ ਚਾਹੀਦਾ ਹੈ। ਹੋਰ ਗੱਲਾਂ ਨੂੰ ਛੱਡਦੇ ਹੋਏ ਜਿਹੜਾ ਮੁਆਮਲਾ ਜ਼ੇਰ ਗੌਰ ਹੈ ਅਸੀਂ ਉਸ ਵਲ ਧਿਆਨ ਦੇਈਏ। (This should not form part of the proceedings. I am of the view that quite a lot of heat was generated in the House in connection with this matter. Leaving this matter here, we should now attend to our duty and proceed with the consideration of the matter which is before the House.)

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਜੋ ਤੁਸੀਂ ਅੱਜ ਗੱਲ ਕਰ ਰਹੇ ਹੋ ਇਸ ਦਾ ਕਲ੍ਹ ਨੂੰ ਪ੍ਰੀਸੀਡੈਂਸ ਬਣ ਸਕਦਾ ਹੈ। ਕਪਤਾਨ ਸਾਹਿਬ ਨੇ ਸਦਨ ਦੀ ਮੇਜ਼ ਤੇ ਇਕ ਕਾਗਜ਼, ਖੁਦ ਤੁਰ ਕੇ ਜਾ ਰਖਿਆ, ਪਰ 7-8 ਮਿੰਟਾਂ ਦੇ ਬਾਅਦ ਤੁਸੀਂ ਫਰਮਾਇਆ ਕਿ ਕੋਈ ਵੀ ਕਾਗਜ਼ ਸਦਨ ਦੀ ਮੇਜ਼ ਤੇ ਰੱਖਣਾ ਹੋਵੇ, ਉਸ ਦੇ ਲਈ ਪਹਿਲਾਂ ਸਪੀਕਰ ਦੀ ਇਜਾਜ਼ਤ ਲੈਣੀ ਚਾਹੀਦੀ ਹੈ। ਜਿਥੋਂ ਤੱਕ ਮੈਂ ਸਮਝਦਾ ਹਾਂ ਰੂਲਜ਼ ਦੇ ਮੁਤਾਬਿਕ ਹਾਊਸ ਦੀ ਟੇਬਲ ਤੇ ਕਾਗਜ਼ ਲੇ ਕੀਤਾ ਜਾ ਸਕਦਾ ਹੈ। ਤੁਸੀਂ ਉਸ ਨੂੰ ਅਲਾਓ ਕਰ ਦਿੰਦਾ ਜਾਂ ਨਹੀਂ, ਪਰ ਜਦੋਂ ਇਕ ਵਾਰ ਕਾਗਜ਼ ਹਾਊਸ ਦੀ ਟੇਬਲ ਤੇ ਲੇ ਕਰ ਦਿਤਾ ਗਿਆ ਉਸ ਨੂੰ ਮੁੜ ਚੁਕ ਕੇ ਵਾਪਸ ਦੇਣ ਦਾ ਤੁਹਾਨੂੰ ਕੋਈ ਅਧਿਕਾਰ ਨਹੀਂ।

ਸ੍ਰੀ ਸਭਾਪਤੀ : ਦਰਅਸਲ ਗੱਲ ਇਹ ਹੈ ਕਿ ਉਹ ਕਾਗਜ਼ ਮੇਰੀ ਪਰਮਿਸ਼ਨ ਦੇ ਨਾਲ ਨਹੀਂ ਸੀ ਰਖਿਆ ਗਿਆ। ਮੇਰੀ ਤਵੱਜੋ ਜਦੋਂ ਰੂਲਜ਼ ਵਲ ਦਿਵਾਈ ਗਈ ਕਿ ਪ੍ਰਾਪਰ ਪ੍ਰੋਸੀਜਰ ਅਡਾਪਟ ਹੋਣਾ ਚਾਹੀਦਾ ਹੈ, ਤਾਂ ਮੈਂ ਇਹ ਗੱਲ ਕਪਤਾਨ ਸਾਹਿਬ ਦੇ ਨੋਟਿਸ ਵਿਚ ਲਿਆ ਕੇ ਉਹ ਕਾਗਜ਼ ਵਾਪਸ ਕਰ ਦਿੱਤਾ। (Actually that paper was not placed on the Table with my permission. When relevant rules were brought to my notice, I returned the paper after discussing the matter with Captain Rattan Singh.)

ਕਾਮਰੇਡ ਸੱਤ ਪਾਲ ਡਾਂਗ : ਇਹ ਕਿਸ ਰੂਲ ਦੇ ਤਹਿਤ ਵਾਪਸ ਹੋ ਸਕਦਾ ਹੈ, ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ?

ਸ੍ਰੀ ਸਭਾਪਤੀ : ਰੂਲ ਦਸ ਦਿੱਤਾ ਜਾਵੇਗਾ, ਇਤਨੇ ਵਿਚ ਟੰਡਨ ਸਾਹਿਬ ਸਪੀਚ ਕਰਨ।

*Expunged as ordered by the Chair.

(I will let you Know the relevant Rule. In the meantime Sh. Tandon may proceed with his speech.)

ਸਰਦਾਰ ਉਮਰਾਓ ਸਿੰਘ : ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਰੂਲ ਪੜ੍ਹ ਕੇ ਸੁਣਾ ਦੇਂਦਾ ਹਾਂ, ਇਹ 106 ਅਤੇ 107 ਰੂਲ ਹਨ ਜਿਹੜੇ ਇਸ ਬਾਰੇ ਸਪਸ਼ਟ ਹਨ ... ... (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਮੈਂ ਆਪ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਜਦੋਂ ਪਹਿਲਾ ਪੁਆਇੰਟ ਸੈਟਲ ਨਾ ਹੋਵੇ ਦੂਸਰੀ ਗੱਲ ਕਹੀ ਜਾ ਸਕਦੀ ਹੈ ? ਤੁਸੀਂ ਟੰਡਨ ਸਾਹਿਬ ਨੂੰ ਬੋਲਣ ਦਾ ਮੌਕਾ ਦੇ ਦਿਤਾ ਹੈ । ... ... (ਸ਼ੋਰ) ਮੈਂ ਇਹ ਬੇਨਤੀ ਕਰਾਂਗਾ ਕਿ ਤੁਸੀਂ ਬਗੈਰ ਰੂਲ ਦੇ ਪੜ੍ਹਿਆਂ ਹੀ ਕਾਗਜ਼ ਵਾਪਸ ਕਰਨ ਦਾ ਜੋ ਡਿਸੀਜ਼ਨ ਦਿੱਤਾ ਹੈ ਉਹ ਕੋਈ ਚੰਗਾ ਨਹੀਂ ਕੀਤਾ।

ਸ੍ਰੀ ਸਭਾਪਤੀ : ਸਾਰੀ ਇਨਫਰਮੇਸ਼ਨ 5-10 ਮਿੰਟ ਦੇ ਵਿਚ ਦੇ ਦਿੱਤੀ ਜਾਵੇਗੀ। Please resume your seat now. (Full information will be given to you within 5 to 10 minutes. Please resume your seat now.)

VOTE-ON-ACCOUNT BUDGET, 1971-72 (RESUMPTION OF DISCUSSION)

ਸ੍ਰੀ ਬਲਰਾਮ ਦਾਸ ਟੰਡਨ (ਅੰਮ੍ਰਿਤਸਰ) : ਸਪੀਕਰ ਸਾਹਿਬ, ਜਿਹੜੀ ਵੋਟ-ਆਨ-ਅਕਾਊਂਟ ਦੀ ਮੋਸ਼ਨ ਅੱਜ ਫਾਈਨੈਂਸ ਮਨਿਸਟਰ ਸਾਹਿਬ ਨੇ ਪੇਸ਼ ਕੀਤੀ ਹੈ, ਮੈਂ ਉਸ ਦੇ ਬਾਰੇ ਵਿਚ ਕੁਝ ਕਹਿਣ ਦੇ ਲਈ ਖੜਾ ਹੋਇਆ ਹਾਂ। ਅੱਜ ਇਸ ਹਾਊਸ ਵਿਚ ਵੋਟ-ਆਨ-ਅਕਾਊਂਟ ਦੀ ਕੋਈ ਜ਼ਰੂਰਤ ਨਹੀਂ ਸੀ। ਇਹ ਗਲ ਸਿਰਫ ਇਸ ਵਾਸਤੇ ਕੀਤੀ ਗਈ ਹੈ ਕਿਉਂਕਿ ਅਕਾਲੀ ਪਾਰਟੀ ਇਕ ਕਾਰਨ ਕਰਕੇ ਜਾਂ ਦੂਸਰੇ ਕਾਰਨਾਂ ਕਰਕੇ ਮਾਰਚ ਵਿਚ ਅਸੈਂਬਲੀ ਸੈਸ਼ਨ ਨੂੰ ਬੁਲਾਉਣਾ ਨਹੀਂ ਚਾਹੁੰਦੀ। ਇਸ ਤਰ੍ਹਾਂ ਇਹ-ਵੋਟ ਆਨ-ਅਕਾਊਂਟ ਬਾਈ-ਕੈਮਰਲ ਯਾਨੀ ਦੋ ਹਿਸਿਆਂ ਦੇ ਵਿਚ ਲਿਆਉਣਾ ਚਾਹੁੰਦੇ ਹਨ। ਨਹੀਂ ਤਾਂ ਇਹ ਮਾਰਚ ਦੇ ਵਿਚ ਵੀ ਹੋ ਸਕਦਾ ਸੀ। ਇਹ ਕਿਉਂਕਿ ਮੀਟ ਨਹੀਂ ਕਰਨਾ ਚਾਹੁੰਦੇ, ਇਹ ਕਿਉਂਕਿ ਫੁੱਲ ਜਾਂ ਕੰਪਲੀਟ ਸੈਸ਼ਨ ਨੂੰ ਮੀਟ ਕਰਨ ਵਾਸਤੇ ਤਿਆਰ ਨਹੀਂ ਹਨ, ਇਸ ਲਈ ਮੈਂ ਸਮਝਦਾ ਹਾਂ ਕਿ ਇਹ ਕੋਈ ਮਾਰਲ ਜਸਟੀਫੀਕੇਸ਼ਨ ਨਹੀਂ ਹੈ। ਇਸ ਹਾਊਸ ਦੇ ਐਸੇ ਪ੍ਰੀਸੀਡੈਂਟਸ ਵੀ ਹਨ ਕਿ 26-27 ਮਾਰਚ ਨੂੰ ਵੀ ਵੋਟ ਆਫ ਅਕਾਊਂਟਸ ਹੋਏ ਹਨ, ਕੋਈ ਕਾਰਨ ਨਹੀਂ ਕਿ 3-4 ਮਹੀਨੇ ਵਾਸਤੇ ਇਹ ਇਸ ਤਰ੍ਹਾਂ ਕਰਨ ਜਦੋਂ ਕਿ ਇਲੈਕਸ਼ਨਾਂ ਦੀ ਡੇਟ ਵੀ 7 ਤੋਂ ਹਟਾ ਕੇ 5 ਮਾਰਚ ਹੋ ਗਈ ਹੈ ਅਤੇ ਹਾਊਸ ਮੁੜ 8 ਤਾਰੀਖ ਨੂੰ ਮੀਟ ਕਰ ਸਕਦਾ ਹੈ। ਮੈਂ ਸਮਝਦਾ ਹਾਂ ਕਿ ਫਾਈਨੈਂਸ ਮਨਿਸਟਰ ਸਾਹਿਬ ਜ਼ਰੂਰ ਇਸ ਗੱਲ ਤੇ ਰੌਸ਼ਨੀ ਪਾਉਣਗੇ ਕਿ ਅਜਿਹੇ ਕਿਹੜੇ ਸਰਕਮਸਟਾਂਸਿਜ਼ ਸੀ ਜਿਸ ਕਰ ਕੇ ਇਹ ਵੋਟ-ਆਨ-ਅਕਾਊਂਟ ਇਥੇ ਲੈ ਕੇ ਆਏ ਹਨ । ਅਕਾਲੀ ਪਾਰਟੀ ਦੀ ਐਬਸੋਲੂਟ ਮੈਜਾਰਟੀ ਹੈ। 6 ਮਹੀਨੇ ਦੀ ਕਾਨੂੰਨ ਦੀ ਰਿਕਵਾਇਰਮੈਂਟ ਸੀ ਇਸ ਲਈ ਕੁਝ ਦਿਨਾਂ ਦਾ ਸੈਸ਼ਨ ਕਰ ਕੇ ਅਤੇ ਕੁਝ ਜ਼ਰੂਰੀ ਬਿਜ਼ਨਿਸ ਕਰ ਕੇ ਇਹ ਸੈਸ਼ਨ ਉਠ ਜਾਂਦਾ ਕਿਉਂਕਿ ਕਈ ਨੋਟੀਫਿਕੇਸ਼ਨਾਂ ਜਾਂ ਆਰਡੀਨੈਂਸਾਂ ਦਾ ਵਕਤ ਸਮਾਪਤ ਹੋ ਜਾਂਦਾ ਹੈ ਇਸ ਲਈ ਅਜਿਹੀਆਂ ਜ਼ਰੂਰੀ ਚੀਜ਼ਾਂ ਪਾਸ ਕਰਵਾ ਲੈਂਦੇ । ਪਰ ਇਸ ਤਰ੍ਹਾਂ ਲਗਦਾ ਹੈ ਕਿ ਇਹ ਮਾਰਚ ਦਾ ਸਾਰਾ ਕੰਮ ਇਸੇ ਸੈਸ਼ਨ ਵਿਚ ਹੀ ਪੂਰਾ ਕਰਨਾ ਚਾਹੁੰਦੇ ਹਨ। ਇਹ ਕਹਿ ਕੇ ਕਿ ਐਮਰਜੰਸੀ ਹੈ ਕਿਉਂਕਿ ਪਾਰਲੀਮੈਂਟ ਦੀਆਂ ਚੋਣਾਂ ਹੋਣੀਆਂ ਹਨ। ਸ਼ਾਇਦ ਇਸੇ ਕਰ ਕੇ ਇਹ ਬਜਟ ਲੈ ਆਏ ਹਨ ਕਿ ਲੋਕਾਂ ਨੂੰ ਦਸਿਆ ਜਾ ਸਕੇ । ਮੈਂ ਅਰਜ਼ ਕਰਦਾ

[ਸ੍ਰੀ ਬਲਰਾਮ ਦਾਸ ਟੰਡਨ]
ਹਾਂ ਕਿ ਇਸ ਲਈ ਇਨ੍ਹਾਂ ਨੂੰ ਇਸ ਦੀ ਲੋੜ ਨਹੀਂ ਸੀ ਕਿਉਂਕਿ ਸਾਰੇ ਲੋਕਾਂ ਨੂੰ ਇਨ੍ਹਾਂ ਦੀਆਂ ਆਰਥਿਕ ਨੀਤੀਆਂ ਦਾ ਪਤਾ ਹੈ ਅਤੇ ਇਹ ਵੀ ਅਖ਼ਬਾਰਾਂ ਵਿਚ ਅਤੇ ਜਲਸਿਆਂ ਵਿਚ ਆਪਣੀ ਨੀਤੀ ਲੋਕਾਂ ਨੂੰ ਦਸਦੇ ਰਹਿੰਦੇ ਹਨ। ਇਸ ਲਈ ਇਸ ਵੋਟ-ਆਨ-ਅਕਾਊਂਟ ਦੀ ਕੋਈ ਮਾਰਲ ਜਸਟੀਫ਼ਿਕੇਸ਼ਨ ਨਹੀਂ ਬਣਦੀ।

ਦੂਸਰੀ ਗੱਲ, ਚੇਅਰਮੈਨ ਸਾਹਿਬ, ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਇਹ ਜੋ ਵੋਟ-ਆਨ ਅਕਾਊਂਟ ਪੇਸ਼ ਕੀਤਾ ਗਿਆ ਹੈ ਇਸ ਵਿਚ ਰਕਮ ਹੈ 2,27,10,96,000 ਰੁਪਏ ਦੀ ਇਸ ਦੇ ਨਾਲ ਜੋ ਇਕ ਕਿਤਾਬ 'ਪੰਜਾਬ ਬੱਜਟ ਐਟ ਏ ਗਲਾਂਸ' ਦਿਤੀ ਗਈ ਹੈ ਮੈਂ ਫ਼ਾਈਨੈਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਇਸ ਨੂੰ ਫਿਰ ਪੜ੍ਹਨ। ਚੇਅਰਮੈਨ ਸਾਹਿਬ, ਜੋ ਰੈਵੇਨਿਊ ਅਕਾਊਂਟ ਦਸਿਆ ਹੈ ਉਸ ਵਿਚ ਇਹ ਦਸਿਆ ਹੈ ਕਿ ਖਰਚ ਅਤੇ ਆਮਦਨ ਦੀਆਂ ਆਈਟਮਾਂ ਵਿਚ ਕਿਤਨਾ ਰੁਪਿਆ ਰਖਿਆ ਗਿਆ ਹੈ। ਇਸ ਵਿਚ, ਚੇਅਰਮੈਨ ਸਾਹਿਬ, ਸਾਰੇ ਸਾਲ ਲਈ ਜੋ ਕੁਝ ਖਰਚ ਕਰਨਾ ਹੈ ਉਹ ਹੈ 3 ਅਰਬ ਔਰ 14 ਕਰੋੜ ਰੁਪਏ। ਇਸ ਵਿਚੋਂ 2 ਅਰਬ ਅਤੇ 27 ਕਰੋੜ ਰੁਪਿਆ ਸਿਰਫ਼ ਪਹਿਲੇ 3 ਮਹੀਨੇ ਲਈ ਰਖਿਆ ਗਿਆ ਹੈ, ਇਸ ਦਾ ਕੀ ਮਤਲਬ ਹੈ। ਫ਼ਾਈਨੈਂਸ ਮਨਿਸਟਰ ਸਾਹਿਬ ਕਿਰਪਾ ਕਰਕੇ ਇਸ ਨੂੰ ਕਲੀਅਰ ਕਰ ਦੇਣ ਤਾਂ ਕਿ ਕਿਤੇ ਬਾਦ ਵਿਚ ਲੀਗਲ ਕੰਪਲੀਕੇਸ਼ਨਜ਼ ਨਾ ਖੜੀਆਂ ਹੋ ਜਾਣ। (ਵਿਘਨ)

ਚੇਅਰਮੈਨ ਸਾਹਿਬ, ਹੁਣ ਮੈਂ ਕੁਝ ਹੋਰ ਗੱਲਾਂ ਕਹਾਂਗਾ ਜਿਹੜੀਆਂ ਮੈਂ ਸਮਝਦਾ ਹਾਂ ਕਿ ਸਰਕਾਰ ਦੇ ਸਾਹਮਣੇ ਆਉਣੀਆਂ ਬਹੁਤ ਜ਼ਰੂਰੀ ਹਨ। ਚੇਅਰਮੈਨ ਸਾਹਿਬ, ਇਥੇ ਕੁਝ ਸਪੀਚਾਂ ਹੋਈਆਂ ਹਨ ਅਕਾਲੀ ਪਾਰਟੀ ਦੇ ਮੈਂਬਰਾਂ ਵਲੋਂ ਜਿਹੜੀ ਕਿ ਰੂਲਿੰਗ ਪਾਰਟੀ ਹੈ। ਇਸ ਦੇ ਨਾਲ ਲੋਕਾਂ ਨੂੰ ਇਨ੍ਹਾਂ ਦੇ ਮਨ ਦਾ ਪਤਾ ਲੱਗਾ ਹੈ। ਕੁਝ ਇਨ੍ਹਾਂ ਦੇ ਮਨ ਦਾ ਪਤਾ ਇਨ੍ਹਾਂ ਦੇ ਮੈਨੀਫੈਸਟੋ ਤੋਂ ਲਗਾ ਹੈ। ਇਥੇ ਗਵਰਨਰ ਐਡਰੈਸ ਪੇਸ਼ ਹੋਇਆ ਜਿਸ ਵਿਚ ਕਿ ਚੰਡੀਗੜ੍ਹ, ਫ਼ਾਜ਼ਿਲਕਾ ਅਤੇ ਅਬੋਹਰ ਦਾ ਜ਼ਿਕਰ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਦਾ ਹਰ ਆਦਮੀ ਇਸ ਖਿਆਲ ਦਾ ਹੈ ਕਿ ਪੰਜਾਬ ਵਡਾ ਹੋਵੇ, ਪੰਜਾਬ ਖੁਸ਼ਹਾਲ ਹੋਵੇ, ਕਿਉਂਕਿ ਪੰਜਾਬ ਦੇ ਲੋਕ ਹਿੰਮਤੀ ਹਨ, ਇਨੀਸ਼ੇਟਿਵ ਲੈਣ ਵਾਲੇ ਹਨ ਅਤੇ ਦੁਨੀਆ ਨੂੰ ਰਾਹ ਦਸਣ ਦੀ ਟੇਲੈਂਟ ਜੋ ਲੁਕਾਈ ਬੈਠੇ ਹਨ ਉਹ ਟੇਲੈਂਟ ਐਕਸਪਲਾਇਟ ਹੋਵੇ, ਉਨ੍ਹਾਂ ਨੂੰ ਇੰਪਲਾਇਮੈਂਟ ਮਿਲੇ। ਚੇਅਰਮੈਨ ਸਾਹਿਬ, ਅਜ ਪੰਜਾਬ ਦੇ ਸਜੇ ਅਤੇ ਖਬੇ ਜੋ ਦੋ ਸਟੇਟਾਂ ਹਨ ਹਰਿਆਣਾ ਅਤੇ ਹਿਮਾਚਲ ਉਥੇ ਇਨ੍ਹਾਂ ਲੋਕਾਂ ਲਈ ਦਰਵਾਜ਼ੇ ਬੰਦ ਕਰ ਦਿਤੇ ਗਏ ਹਨ ਇੰਪਲਾਇਮੈਂਟ ਦੇ। ਉਥੇ ਜੋ ਲੋਕ ਹਨ ਉਨ੍ਹਾਂ ਦੇ ਨਾਲ ਇਨ੍ਹਾਂ ਸਟੇਟਾਂ ਵਲੋਂ ਜੋ ਬੀਹੇਵੀਅਰ ਹੋ ਰਿਹਾ ਹੈ ਉਹ ਇਹ ਸੋਚ ਰਹੇ ਹਾਂ ਕਿ ਇਥੋਂ ਨਿਕਲ ਚਲੀਏ ਪਰ ਪੰਜਾਬ ਦੀ ਸਰਕਾਰ ਵੀ ਇਸ ਤਰੀਕੇ ਦੇ ਨਾਲ ਚਲ ਰਹੀ ਹੈ ਜਿਸ ਤਰੀਕੇ ਨਾਲ ਕਿ ਇਹ ਪਤਾ ਲਗਦਾ ਹੈ ਕਿ ਸਾਰੀ ਟੇਲੈਂਟ ਇਕ ਫਿਰਕੇ ਕੋਲ ਆ ਗਈ ਹੈ, ਇਕ ਧਰਮ ਵਾਲਿਆਂ ਕੋਲ ਆ ਗਈ ਹੈ ਅਤੇ ਚੰਦ ਲੋਕਾਂ ਤੋਂ ਬਿਨਾਂ ਕਿਸੇ ਵਿਚ ਟੇਲੈਂਟ ਨਹੀਂ ਹੈ। ਅੱਜ, ਚੇਅਰਮੈਨ ਸਾਹਿਬ ਜੋ ਸਰਵਿਸਜ਼ ਦੀ ਤਸਵੀਰ ਸਾਡੇ ਸਾਹਮਣੇ ਆਉਂਦੀ ਹੈ ਉਸ ਨੂੰ ਦੇਖ ਕੇ ਇਸ ਤਰਾਂ ਹੀ ਲਗਦਾ ਹੈ। ਪੰਜਾਬ ਵਿਚ ਸਰਵਿਸਜ਼ ਦੀ ਐਪਵਾਇੰਟਮੈਂਟ ਹੁੰਦੀ ਹੈ ਟਰਾਂਸਫਰਜ਼ ਹੁੰਦੀਆਂ ਹਨ ਪਰ ਜੋ ਤਸਵੀਰ ਸਾਹਮਣੇ ਆਉਂਦੀ ਹੈ ਉਸ ਨੂੰ ਦੇਖ ਕੇ ਪਤਾ ਲਗਦਾ ਹੈ, ਕਿ ਕਿਸ ਤਰ੍ਹਾਂ ਸੀਨੀਅਰ ਅਫ਼ਸਰ ਕਿਸੇ ਕੋਨੇ ਵਿਚ ਹਨ ਅਤੇ ਜੂਨੀਅਰ ਅਫ਼ਸਰ ਕਿਸ ਤਰ੍ਹਾਂ ਹਰ ਪਾਸੇ ਛਾਏ ਹੋਏ ਹਨ। ਚੇਅਰਮੈਨ ਸਾਹਿਬ, ਇਕ ਪਾਸੇ ਤਾਂ ਜਤਨ ਕਰ ਰਹੇ ਹਨ ਕਿ ਪੰਜਾਬ ਤੋਂ ਬਾਹਰ ਦੇ ਇਲਾਕੇ ਵੀ ਪੰਜਾਬ ਦੇ ਵਿਚ ਆ ਜਾਣ, ਪਰ ਇਹ ਇਸ ਤਰ੍ਹਾਂ ਨਹੀਂ ਹੋਣਾ ਜਦੋਂ ਤਕ ਉਨ੍ਹਾਂ ਲੋਕਾਂ ਦਾ ਮਨ ਨਹੀਂ ਬਣਾਉਣਗੇ, ਉਨ੍ਹਾਂ ਦੀਆਂ ਇਛਾਵਾਂ ਨਹੀਂ ਪੂਰੀਆਂ ਕਰਨਗੇ ਉਨਾਂ ਚਿਰ

ਸਿਰਫ ਕਲਪਨਾ ਕਰ ਲੈਣ ਨਾਲ ਹੀ ਉਹ ਇਲਾਕੇ ਅਤੇ ਲੋਕ ਸਾਡੇ ਨਾਲ ਨਹੀਂ ਆ ਮਿਲਣਗੇ। ਚੇਅਰਮੈਨ ਸਾਹਿਬ, ਇਹ ਅਕਾਲੀ ਪਾਰਟੀ ਜਿਸ ਦੀ ਕਿ ਇਸ ਵੇਲੇ ਸਰਕਾਰ ਹੈ, ਇਸ ਦੀ ਹਿਸਟਰੀ ਜੋ ਸਾਡੇ ਸਾਹਮਣੇ ਅਜੇ ਤਕ ਆਈ ਹੈ, ਜੋ ਹਿਸਟਰੀ ਇਸ ਨੇ ਕ੍ਰੀਏਟ ਕੀਤੀ ਹੈ, ਉਹ ਪੰਜਾਬ ਨੂੰ ਛੋਟਾ ਕਰਨ ਦੀ ਹੈ। ਇਸ ਨੂੰ ਵਧਾਉਣ ਦੀ ਨਹੀਂ। ਇਹ ਜੋ ਅੱਜ ਪੰਜਾਬ ਇਤਨਾ ਛੋਟਾ ਹੈ ਇਸ ਦੀ ਸਾਰੀ ਜ਼ਿਮੇਂਦਾਰੀ ਇਸ ਪਾਰਟੀ ਦੇ ਸਿਰ ਆਉਂਦੀ ਹੈ। ਇਥੇ ਚੰਡੀਗੜ੍ਹ ਦੀ ਗੱਲ ਹੋਈ। ਚੰਡੀਗੜ੍ਹ ਦੇ ਨਾਲ ਪੈਕੇਜ ਡੀਲ ਵਜੋਂ ਫਾਜ਼ਿਲਕਾ ਅਤੇ ਅਬੋਹਰ ਦੇ ਇਲਾਕੇ ਤੇ ਵੀ ਭੈੜੀ ਛਾਯਾ ਪੈ ਰਹੀ ਹੈ। ਪਤਾ ਨਹੀਂ ਉਨ੍ਹਾਂ ਦਾ ਕੀ ਬਣੇਗਾ ਅਸੀਂ ਸਾਰੇ ਚਾਹੁੰਦੇ ਹਾਂ ਕਿ ਉਹ ਇਲਾਕੇ ਪੰਜਾਬ ਵਿਚ ਰਹਿਣ ਸਗੋਂ ਬਾਕੀ ਦੇ ਇਲਾਕੇ ਵੀ ਜੋ ਨਾਲ ਲਗਦੇ ਹਨ, ਉਹ ਵੀ ਪੰਜਾਬ ਵਿਚ ਸ਼ਾਮਲ ਹੋਣ, ਪਰ ਇਥੇ ਤਾਂ ਪੈਕੇਜ ਡੀਲ ਹੋਇਆ ਹੈ ਚੰਡੀਗੜ੍ਹ ਬਾਰੇ, ਅਜੇ ਇਹ ਵੀ ਪੱਕਾ ਪਤਾ ਨਹੀਂ ਕਿ ਇਸ ਦਾ ਕੀ ਬਣੇਗਾ। ਇਹ ਵੀ ਕਿਸੇ ਵੀ ਵੇਲੇ ਤਬਦੀਲ ਹੋ ਸਕਦਾ ਹੈ। ਸਾਨੂੰ ਅਜੇ ਨਹੀਂ ਪਤਾ ਕਿ ਇਸ ਦਾ ਫਾਈਨਲ ਨਤੀਜਾ ਕੀ ਨਿਕਲੇਗਾ ?

ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਪੰਜਾਬ ਦੀ ਭਾਸ਼ਾ ਪੰਜਾਬੀ ਹੈ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਇਸ ਗੱਲ ਤੇ ਅਸੀਂ ਸਟੈਂਡ ਕਰਦੇ ਹਾਂ। ਪਰ ਮੈਂ ਸਮਝਦਾ ਹਾਂ ਕਿ ਜਿਤਨਾ ਪੰਜਾਬੀ ਭਾਸ਼ਾ ਨੂੰ ਨੁਕਸਾਨ ਇਨ੍ਹਾਂ ਅਕਾਲੀ ਪਾਰਟੀ ਦੇ ਦੋਸਤਾਂ ਨੇ ਪਹੁੰਚਾਇਆ ਹੈ, ਇਤਨਾ ਹੋਰ ਕਿਸੇ ਨੇ ਨਹੀਂ ਪਹੁੰਚਾਇਆ। ਅਗੇ ਰਾਜਸਥਾਨ ਦੀ ਹੱਦ ਤਕ ਲੋਹਾਰੂ ਤਕ ਅਤੇ ਇਧਰ ਦਿੱਲੀ ਤਕ ਅਤੇ ਇਧਰ ਕੁੱਲੂ ਮੰਡੀ ਤਕ ਸਾਰੇ ਬੱਚੇ ਪੰਜਾਬੀ ਪੜ੍ਹਦੇ ਸੀ ਪਰ ਹੁਣ ਸਿਰਫ ਇਨ੍ਹਾਂ ਦੋਸਤਾਂ ਦੀ ਮਿਹਰਬਾਨੀ ਕਰ ਕੇ ਇਹ ਰਾਜਪੁਰੇ ਦੀ ਤਹਿਸੀਲ ਤਕ ਅਤੇ ਉਧਰ ਪਠਾਨਕੋਟ ਤਕ, ਉਸ ਦੀਆਂ ਵੀ ਤਹਿਸੀਲਾਂ ਕੱਢ ਕੇ, ਬੱਚੇ ਪੰਜਾਬੀ ਪੜ੍ਹਦੇ ਹਨ। ਚੇਅਰਮੈਨ ਸਾਹਿਬ, ਮੈਨੂੰ ਡਰ ਹੈ ਕਿ ਜੇ ਇਹ ਇਸੇ ਤਰ੍ਹਾਂ ਹੀ ਕਰਦੇ ਰਹੇ ਤਾਂ ਇਹ ਪੰਜਾਬ ਹੋਰ ਵੀ ਛੋਟਾ ਹੋ ਜਾਵੇਗਾ। ਜੇ ਅਸੀਂ ਦੂਜਿਆਂ ਸੂਬਿਆਂ ਦੇ ਇਲਾਕੇ ਤੇ ਆਪਣਾ ਕਲੇਮ ਕਰਦੇ ਹਾਂ ਤਾਂ ਸਾਨੂੰ ਉਨਾਂ ਲੋਕਾਂ ਦੀਆਂ ਭਾਵਨਾਵਾਂ ਵਲ ਵੀ ਧਿਆਨ ਦੇਣਾ ਪਏਗਾ। ਚੇਅਰਮੈਨ ਸਾਹਿਬ, ਅਸੀਂ ਪੰਜਾਬੀ ਨੂੰ ਪੰਜਾਬ ਦੀ ਭਾਸ਼ਾ ਅਤੇ ਹਿੰਦੀ ਨੂੰ ਰਾਸ਼ਟਰ ਭਾਸ਼ਾ ਅਤੇ ਲਿੰਕ ਲੈਂਗੁਏਜ ਮੰਨਿਆ ਸੀ। ਇਹ ਮੰਨਦੇ ਹਨ ਕਿ ਹਿੰਦੀ ਲਿੰਕ ਲੈਂਗੁਏਜ ਹੈ ਅਤੇ ਪਰਯੋਗ ਦੀ ਭਾਸ਼ਾ ਹੈ। ਪਰ ਅਫਸੋਸ ਦੀ ਗੱਲ ਹੈ ਕਿ ਸਰਕਾਰ ਦੇ ਕਾਰਨਾਮੇ, ਇਸ ਸਰਕਾਰ ਦੀ ਹਰ ਇਕ ਗੱਲ, ਤੋਂ ਇਹ ਤਸਵੀਰ ਸਾਡੇ ਸਾਹਮਣੇ ਆਉਂਦੀ ਹੈ ਕਿ ਪੰਜਾਬ ਵਿਚ ਦੋ ਹੀ ਭਾਸ਼ਾਵਾਂ ਦੀ ਥਾਂ ਹੈ, ਇਕ ਪੰਜਾਬੀ ਦੀ ਅਤੇ ਦੂਜੀ ਅੰਗਰੇਜ਼ੀ ਦੀ। ਹਿੰਦੀ ਦੀ ਕੋਈ ਥਾਂ ਇਥੇ ਨਹੀਂ ਹੈ। ਕੁਝ ਦੋਸਤਾਂ ਨੇ ਤਾਂ ਇਥੇ ਤਕ ਵੀ ਕਿਹਾ ਹੈ ਕਿ ਇਥੇ ਉਰਦੂ ਦੀ ਥਾਂ ਹੋਣੀ ਚਾਹੀਦੀ ਹੈ, ਪਰ ਇਹ ਹਿੰਦੀ ਨੂੰ ਕੋਈ ਥਾਂ ਦੇਣ ਨੂੰ ਤਿਆਰ ਨਹੀਂ ਹਨ। ਇਨ੍ਹਾਂ ਨੇ ਡਾਇਰੀਆਂ ਅਤੇ ਕੈਲੰਡਰਾਂ ਤੋਂ ਹਿੰਦੀ ਹਟਾ ਦਿਤੀ ਹੈ। ਜੇ ਡਾਇਰੀਆਂ ਅਤੇ ਕੈਲੰਡਰਾਂ ਤੋਂ ਹਿੰਦੀ ਨਾ ਹਟਾਈ ਜਾਂਦੀ ਤਾਂ ਕੀ ਅਸਮਾਨ ਫਟ ਪੈਣਾ ਸੀ, ਕੀ ਪਹਾੜ ਡਿਗ ਪੈਣਾ ਸੀ। ਪਰ, ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਇਹ ਖਤਰਾ ਸੀ ਕਿ ਜੇ ਪਿੰਡਾਂ ਵਿਚ ਜਥੇਦਾਰਾਂ ਨੂੰ ਪਤਾ ਲੱਗ ਗਿਆ ਕਿ ਡਾਇਰੀਆਂ ਅਤੇ ਕੈਲੰਡਰਾਂ ਤੇ ਹਿੰਦੀ ਲਿਖੀ ਹੋਈ ਹੈ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਕਢ ਦੇਣਾ ਹੈ ਕਿ ਇਹ ਤਾਂ ਵਿਕ ਗਏ ਹਨ। (ਹਾਸਾ) (ਵਿਘਨ) ਉਹ ਇਨ੍ਹਾਂ ਲਈ ਜ਼ਹਿਮਤ ਬਣ ਕੇ ਖੜੇ ਹੋ ਜਾਣਗੇ। ਇਸ ਤੋਂ ਬਿਨਾਂ ਹਿੰਦੀ ਨੂੰ ਹਟਾਉਣ ਦੀ ਕੋਈ ਚੀਜ਼ ਨਜ਼ਰ ਨਹੀਂ ਆਉਂਦੀ।

ਚੇਅਰਮੈਨ ਸਾਹਿਬ, ਇਨ੍ਹਾਂ ਨੇ ਇਸ ਤਰੀਕੇ ਦੀਆਂ ਗੱਲਾਂ ਬਾਤਾਂ ਕੀਤੀਆਂ ਹਨ। ਪੰਜਾਬੀ ਯੂਨੀਵਰਸਿਟੀ ਵਿਚ ਹਿੰਦੀ ਵਾਸਤੇ ਕੋਈ ਥਾਂ ਨਹੀਂ ਕਿ ਇਸ (ਹਿੰਦੀ) ਨੂੰ ਬਤੌਰ ਕੰਪਲਸਰੀ ਸਬਜੈਕਟ ਜਾਂ ਮੀਡੀਅਮ ਆਫ ਇਨਸਟ੍ਰਕਸ਼ਨ ਦੇ ਤੌਰ ਤੇ ਲੈ ਸਕੀਏ। ਪੰਜਾਬੀ ਦੀ ਉਨਤੀ ਹੋਵੇ ਇਹ ਅਛੀ ਗੱਲ

[ਸ੍ਰੀ ਬਲਰਾਮ ਦਾਸ ਟੰਡਨ]

ਹੈ । ਸਾਡੀ ਰੀਜਨਲ ਭਾਸ਼ਾ ਹੈ, ਇਸ ਦੀ ਉੱਨਤੀ ਹੋਵੇ ਮੈਂ ਇਸ ਚੀਜ਼ ਦਾ ਸਵਾਗਤ ਕਰਦਾ ਹਾਂ । ਪਰ ਮੈਨੂੰ ਇਹ ਗੱਲ ਸਮਝ ਨਹੀਂ ਆਉਂਦੀ ਕਿ ਹਿੰਦੀ ਨੂੰ ਮੀਡੀਅਮ ਆਫ਼ ਇਨਸਟ੍ਰਕਸ਼ਨ ਦੇ ਤੌਰ ਤੇ ਨਾ ਲੈ ਸਕਣਾ ਜਾਂ ਕੰਪਲਸਰੀ ਸਬਜੈਕਟ ਦੇ ਤੌਰ ਤੇ ਨਾ ਲੈ ਸਕਣਾ ਇਹ ਕਿਧਰ ਦਾ ਇਨਸਾਫ਼ ਹੈ । ਹਿੰਦੀ ਨੂੰ ਤਾਂ ਇਨ੍ਹਾਂ ਨੇ ਜਿਵੇਂ ਜਰਮਨ, ਜਾਪਾਨੀ ਜਾਂ ਬਰ੍ਹਮੀ ਭਾਸ਼ਾਵਾਂ ਹਨ ਉਸ ਤਰ੍ਹਾਂ ਬਣਾ ਦਿਤਾ ਹੋਇਆ ਹੈ । ਅਗਰ ਅਸੀਂ ਹਿੰਦੀ ਵਿਚ ਆਪਣਿਆਂ ਬਚਿਆਂ ਨੂੰ ਅਛੀ ਟਰੇਨਿੰਗ ਨਹੀਂ ਦੇਵ ਗੇ ਤਾਂ ਚੇਅਰਮੈਨ ਸਾਹਿਬ, ਇਨ੍ਹਾਂ ਬੱਚਿਆਂ ਦੀ ਤਸਵੀਰ ਕੀ ਬਣੇਗੀ ? ਕਲ੍ਹ ਨੂੰ ਇਨ੍ਹਾਂ ਨੇ ਨੌਕਰੀਆਂ ਲੈਣੀਆਂ ਹਨ । ਪੰਜਾਬ ਵਿਚ ਤਾਂ ਅਗੇ ਹੀ ਅਨ-ਐਂਪਲਾਇਮੈਂਟ ਬਹੁਤ ਹੈ ਕਿਉਂਕਿ ਇਥੇ ਸਕੂਲ ਐਂਰ ਕਾਲਜ ਬਹੁਤ ਹਨ ਅਤੇ ਇਸ ਗੱਲ ਦੀ ਮੈਨੂੰ ਖੁਸ਼ੀ ਵੀ ਹੈ । ਸਵਾਏ ਇਕ ਅੱਧ ਸੂਬੇ ਦੇ ਬਾਕੀ ਸਾਰਿਆਂ ਸੂਬਿਆਂ ਨਾਲੋਂ ਵਿਦਿਆ ਦੇ ਖੇਤਰ ਵਿਚ ਅਸੀਂ ਅਗੇ ਹਾਂ, ਇਸ ਚੀਜ਼ ਦਾ ਮੈਨੂੰ ਮਾਨ ਹੈ । ਲੇਕਿਨ ਪੰਜਾਬ ਵਿਚ ਅਨ-ਐਂਪਲਾਇਮੈਂਟ ਨੂੰ ਦੇਖ ਕੇ ਰੋਣ ਆਉਂਦਾ ਹੈ । ਇਥੇ ਪੜ੍ਹੇ ਲਿਖੇ ਜ਼ਿਆਦਾ ਹਨ ਅਤੇ ਵੇਕੈਂਸੀਜ਼ ਉਸ ਦੇ ਮੁਤਾਬਿਕ ਘੱਟ ਹਨ । ਫਿਰ ਇਹ ਜ਼ਰੂਰੀ ਗੱਲ ਹੈ ਕਿ ਨੌਕਰੀਆਂ ਲੈਣ ਲਈ ਸਾਡੇ ਬੱਚਿਆਂ ਨੇ ਪੰਜਾਬ ਤੋਂ ਬਾਹਰ ਜਾਣਾ ਹੈ । ਪਰ ਜੇ ਇਹ ਬੱਚੇ ਓਪਨ ਕੰਪੀਟੀਸ਼ਨ ਵਿਚ ਚਾਹੇ ਉਹ ਹਰਿਆਣਾ ਵਿਚ ਹੋਣ, ਜਾਂ ਹਿਮਾਚਲ ਪਰਦੇਸ਼ ਵਿਚ ਹੋਣ ਜਾਂ ਦਿੱਲੀ ਵਿਚ ਹੋਣ, ਇਹ ਸਭ ਕੰਪੀਟੀਸ਼ਨ ਵਿਚ ਬੈਠਣ ਵਾਸਤੇ ਹਿੰਦੀ ਦਾ ਆਉਣਾ ਬਹੁਤ ਜ਼ਰੂਰੀ ਹੈ । ਅਤੇ ਜੇਕਰ ਇਥੇ ਹਿੰਦੀ ਦਾ ਯੋਗ ਪਰਬੰਧ ਨਾ ਕੀਤਾ ਗਿਆ ਤਾਂ ਸਾਡੇ ਬੱਚਿਆਂ ਲਈ ਨੌਕਰੀ ਦੇ ਸਭ ਰਸਤੇ ਬੰਦ ਹੋ ਜਾਣਗੇ । ਜਿਹੜੇ ਬੱਚੇ ਇਥੇ ਪੰਜਾਬੀ ਜਾਣਦੇ ਹਨ ਜਾਂ ਇੰਗਲਿਸ਼ ਜਾਣਦੇ ਹਨ, ਉਹ ਬੱਚੇ ਜਾਂ ਤਾਂ ਪੰਜਾਬ ਵਿਚ ਨੌਕਰੀ ਕਰ ਸਕਣਗੇ ਜਾਂ ਫੇਰ ਇੰਗਲੈਂਡ ਵਿਚ ਜਾ ਕੇ ਨੌਕਰੀ ਕਰਨਗੇ । ਚੇਅਰਮੈਨ ਸਾਹਿਬ, ਅੱਜ ਕਲ੍ਹ ਦੇ ਬੱਚਿਆਂ ਨੇ ਅੱਜ ਤੋਂ ਦਸ ਪੰਦਰਾਂ ਸਾਲ ਬਾਅਦ ਨੌਕਰੀ ਲਭਣੀ ਹੈ । ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਮੈਂ ਉਨ੍ਹਾਂ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਲੱਖਾਂ ਦੀ ਤਾਦਾਦ ਵਿਚ ਸਰਕਾਰੀ ਕਰਮਚਾਰੀ ਇਥੇ ਨਾ ਰਹੇ (ਵਿਘਨ) ਦੂਸਰੀਆਂ ਸਟੇਟਾਂ ਵਿਚ ਤਬਦੀਲ ਹੋ ਕੇ ਚਲੇ ਗਏ । ਜੇ ਇਹ ਨੀਤੀ ਨਾ ਬਦਲੀ ਤਾਂ ਆਉਣ ਵਾਲੇ ਬੱਚਿਆਂ ਵਾਸਤੇ ਕੀ ਬਣੇਗਾ । ਤਾਮਲ ਨਾਡੋ ਵਿਚ ਗੋਲੀਆਂ ਚੱਲੀਆਂ । ਉਥੇ ਦੇ ਲੋਕਾਂ ਨੇ ਕਿਹਾ ਕਿ ਅਸੀਂ ਅੰਗਰੇਜ਼ੀ ਨੂੰ ਲਿੰਕ ਭਾਸ਼ਾ ਮੰਨਣੀ ਹੈ । ਪਰ ਜੇ ਇਸ ਸੂਬੇ ਵਿਚ ਹਿੰਦੀ ਮੰਨ ਲਈਏ ਤਾਂ ਕੀ ਅਨ੍ਹੇਰ ਆ ਜਾਵੇਗਾ ? ਇਸ ਸਟੇਟ ਵਿਚ, ਇਸ ਅਕਾਲੀ ਰਾਜ ਵਿਚ ਹਿੰਦੀ ਲਈ ਕੋਈ ਜਗ੍ਹਾ ਨਹੀਂ ਹੈ ।

ਪਹਿਲਾਂ ਜਿਹੜੀਆਂ ਵੋਟਰ ਲਿਸਟਾਂ ਬਣੀਆਂ ਉਹ ਹਿੰਦੀ ਅਤੇ ਪੰਜਾਬੀ ਵਿਚ ਸਨ । ਪਰ ਹੁਣ ਇਹ ਸਾਰੇ ਦੇ ਸਾਰੇ ਤਰੀਕੇ ਨੂੰ ਡਿਨਾਈ ਕੀਤਾ ਜਾ ਰਿਹਾ ਹੈ ।

ਅੱਵਲ ਤਾਂ ਡਿਵੈਲਪਮੈਂਟ ਦੇ ਕੰਮ ਬਹੁਤ ਘੱਟ ਹੋ ਰਹੇ ਹਨ ਪਰ ਜਿਹੜੇ ਹੋ ਵੀ ਰਹੇ ਹਨ ਜਿਵੇਂ ਕਿ ਲੋਕਾਂ ਨੂੰ ਪੀਣ ਵਾਸਤੇ ਪਾਣੀ ਮਿਲਣਾ ਹੈ, ਬਿਜਲੀ ਵਾਸਤੇ ਪਰਬੰਧ ਕਰਨਾ ਹੈ, ਸੜਕਾਂ ਦਾ ਪਰਬੰਧ ਹੋ ਰਿਹਾ ਹੈ, ਇਸ ਵਲ ਵੇਖ ਕੇ ਬੜਾ ਅਫਸੋਸ ਹੁੰਦਾ ਹੈ ਕਿ ਜਿਤਨਾ ਇਹ ਕੰਮ ਕਰਨਾ ਚਾਹੀਦਾ ਹੈ ਉੱਨਾਂ ਨਹੀਂ ਹੋ ਰਿਹਾ ਹੈ ਅਤੇ ਇਸ ਵਿਚ ਵੀ ਸਵਾਏ ਕਮਿਊਨਲ ਆਊਟ ਲੁਕ ਦੇ ਹੋਰ ਕੋਈ ਗੱਲ ਨਹੀਂ ਹੈ । 1969 ਵਿਚ ਤਿੰਨ ਪਰਮੁਖ ਜਗ੍ਹਾ ਲਿਤੀਆਂ ਗਈਆ ਸਨ ਜਿਨ੍ਹਾਂ ਦੀ ਕਿ ਹਾਲਤ ਸੁਧਾਰਨੀ ਸੀ; ਜਿਥੇ ਕਿ ਲੱਖਾਂ ਦੀ ਤਾਦਾਦ ਵਿਚ ਲੋਕ ਜਾਂਦੇ ਹਨ, ਉਹ ਹੈ ਆਨੰਦਪੁਰ ਸਾਹਿਬ ਦਾ ਗੁਰਦੁਵਾਰਾ । ਇਸ ਤੋਂ ਇਲਾਵਾ ਮੇਰੇ ਆਨਰੇਬਲ ਮਨਿਸਟਰ ਦਾ ਬੜਾ ਵਡਾ ਗੁਰਦੁਆਰਾ ਹੈ ਅਤੇ ਉਸ ਦੇ ਬਾਅਦ ਰਾਮ ਤੀਰਥ ਦਾ ਅਸਥਾਨ ਹੈ । ਇਹ ਫੈਸਲਾ ਹੋਇਆ ਸੀ ਕਿ ਤਿੰਨੋ ਸਥਾਨ ਉਨਤ ਹੋਣੇ

ਚਾਹੀਦੇ ਹਨ । ਇਸ ਚੀਜ਼ ਨੂੰ ਵੇਖ ਕੇ ਮੇਰਾ ਸਿਰ ਸ਼ਰਮ ਨਾਲ ਝੁਕਦਾ ਹੈ ਕਿ ਰਾਮ ਤੀਰਥ ਦੇ ਅਸਥਾਨ ਲਈ ਦੋ ਸਾਲ ਬੀਤ ਗਏ ਹਨ ਇਕ ਪੈਸਾ ਵੀ ਖਰਚ ਨਹੀਂ ਕੀਤਾ ਗਿਆ ਹੈ । ਹੁਣ ਗੱਲਾਂ ਹੋ ਰਹੀਆਂ ਹਨ ਕਿ ਕਮਿਸ਼ਨ ਬਿਠਾ ਦਿਤਾ ਜਾਵੇ (ਵਿਘਨ) ਇਹ ਨਵੇਂ ਇਲਾਕੇ ਲੈਣ ਦੀ ਗੱਲ ਕਰਦੇ ਹਨ (ਵਿਘਨ) ਮੈਂ ਕਹਿੰਦਾ ਹ ਕਿ ਜੇ ਪੰਜਾਬ ਨੂੰ ਫਰਦਰ ਕਿਸੇ ਨੇ ਕਤਲ ਕੀਤਾ ਤਾਂ ਉਸ ਦੀ ਜ਼ੁਮੇਂਵਾਰੀ ਅਕਾਲੀ ਪਾਰਟੀ ਤੇ ਆਵੇਗੀ । (ਥੰਪਿੰਗ) ਇਨ੍ਹਾਂ ਗੱਲਾਂ ਵਲ ਮੁੜਕੇ ਵਿਚਾਰ ਕਰਨਾ ਚਾਹੀਦਾ ਹੈ । ਚੇਅਰਮੈਨ ਸਾਹਿਬ, ਕੁਝ ਗੱਲਾਂ ਸਿੱਖ ਸਟੇਟ ਬਾਰੇ ਵੀ ਹੁੰਦੀਆਂ ਹਨ । (ਵਿਘਨ) ਜਿਸ ਵੇਲੇ ਇਲੈਕਸ਼ਨਜ਼ ਆਉਂਦੇ ਹਨ ਤਾਂ ਚੇਅਰਮੈਨ ਸਾਹਿਬ, ਉਸ ਵੇਲੇ ਇਹ ਪਾਰਟੀ ਸਿੱਖ ਸਟੇਟ ਦਾ ਨਾਅਰਾ ਲਗਾ ਦੇਂਦੀ ਹੈ । ਇਨ੍ਹਾਂ ਦੇ ਮੈਨੀਫੈਸਟੋ ਵਿਚ ਇਹ ਵੀ ਗੱਲ ਆਈ ਕਿ ਸਿੱਖਾਂ ਵਾਸਤੇ ਯੂ. ਐਨ. ਓ. ਵਿਚ ਇਕ ਸੈਪਰੇਟ ਐਂਟਾਈਟੀ ਦੇ ਤੌਰ ਤੇ (ਵਿਘਨ) ਖੜਾ ਹੋਣ ਵਾਸਤੇ ਮੰਗ ਕਰਨੀ ਚਾਹੀਦੀ ਹੈ । ਇਸ ਤੋਂ ਬਾਅਦ ਫਾਈਨੈਂਸ ਮਨਿਸਟਰ ਸਾਹਿਬ ਨੇ, ਮੈਂ ਇਨ੍ਹਾਂ ਨੂੰ ਬੜੇ ਸਿਆਣੇ ਸਮਝਦਾ ਹਾਂ, ਇਸ ਗੱਲ ਦੀ ਮੰਗ ਕੀਤੀ ਹੈ ਕਿ ਸੈਂਟਰ ਵਿਚ ਜੋ ਵੀ ਗੱਲਾਂ ਹੋਣ ਜਾਂ ਡਿਸੀਜ਼ਨ ਲਏ ਜਾਣ, ਉਹ ਸਟੇਟ ਦੇ ਫਾਈਨੈਂਸ ਮਨਿਸਟਰ ਨੂੰ ਕਾਨਫੀਡੈਂਸ ਵਿਚ ਲਏ ਬਗੈਰ ਨਹੀਂ ਕਰਨੇ ਚਾਹੀਦੇ । ਇਸ ਦਾ ਮਤਲਬ ਕੀ ਹੈ, ਇਹ ਤਾਂ ਇਹੀ ਹੀ ਬਿਆਨ ਕਰਨਗੇ । ਪਰ ਐਟ ਦੀ ਫੇਸ ਔਫ ਇਟ ਇਸ ਨੂੰ ਦੇਖਦੇ ਹੋਏ ਜੋ ਭਾਵਨਾਂ ਨਿਕਲਦੀ ਹੈ ਉਨ੍ਹਾਂ ਗੱਲਾਂ ਨੂੰ ਸੋਚਣਾ ਚਾਹੀਦਾ ਹੈ । ਜੇ ਇਹ ਸੈਂਟਰ ਕੋਲੋਂ ਇਸ ਗਲ ਦੀ ਮੰਗ ਕਰਦੇ ਕਿ ਸਾਡੀ ਸਟੇਟ ਦੀ ਆਰਥਕ ਪੁਜ਼ੀਸ਼ਨ ਵਿਚ ਜ਼ਿਆਦਾ ਤੋਂ ਜ਼ਿਆਦਾ ਸਹਾਇਤਾ ਕੀਤੀ ਜਾਵੇ ਤਾਂ ਮੈਂ ਇਸ ਗਲ ਦਾ ਸਵਾਗਤ ਕਰਦਾ । ਮੈਂ ਆਪ ਖੁਦ ਇਨ੍ਹਾਂ ਨਾਲ ਸੈਂਟਰ ਕੋਲ ਜਾਂਦਾ, ਇਨ੍ਹਾਂ ਨਾਲ ਇਸ ਕੰਮ ਵਿਚ ਸਹਿਯੋਗ ਦਿੰਦਾ । ਲੇਕਿਨ ਜਿਸ ਢੰਗ ਨਾਲ ਇਹ ਗਲਾਂ ਕਰ ਰਹੇ ਹਨ ਇਸ ਦਾ ਨਤੀਜਾ ਕਲ੍ਹ ਨੂੰ ਸਾਡੇ ਸਾਹਮਣੇ ਆ ਜਾਵੇਗਾ । ਇਨ੍ਹਾਂ ਗਲਾਂ ਨੂੰ ਸੋਚਣਾ ਚਾਹੀਦਾ ਹੈ ।

ਇਸ ਤੋਂ ਇਲਾਵਾ ਅੱਜ ਚੀਫ ਮਨਿਸਟਰ ਸਾਹਿਬ ਨੇ ਇਹ ਵੀ ਗਲ ਕੀਤੀ ਹੈ ਕਿ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਬੜੀ ਚੰਗੀ ਹੈ, ਕਿਉਂਕਿ ਜਿਹੜੇ ਕੇਸਿਜ਼ ਰਜਿਸਟਰ ਹੋਏ ਹਨ ਉਨ੍ਹਾਂ ਦਾ ਨੰਬਰ ਘੱਟ ਹੈ । ਇਸ ਲਈ ਇਨ੍ਹਾਂ ਨੇ ਲਾਅ ਐਂਡ ਆਰਡਰ ਠੀਕ ਹੋਣ ਬਾਰੇ ਇਹ ਲੈਸ ਨੰਬਰ ਆਫ ਰਜਿਸਟਰੇਸ਼ਨ ਆਫ ਕੇਸਿਜ਼ ਦੀ ਜਸਟੀਫਿਕੇਸ਼ਨ ਦਿੱਤੀ ਹੈ । ਇਹ ਨੰਬਰ ਆਫ ਰਜਿਸਟਰੇਸ਼ਨ ਆਫ ਦੀ ਕੇਸਿਜ਼ ਦੇ ਅੰਕੜਿਆਂ ਨੂੰ ਵੇਖ ਕੇ ਲਾਅ ਐਂਡ ਆਰਡਰ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਹੈ । ਦੇਖਣ ਵਾਲੀ ਗਲ ਤਾਂ ਇਹ ਹੈ ਕਿ ਕੀ ਆਮ ਆਦਮੀ ਆਪਣੀ ਲਾਈਫ ਨੂੰ ਸਿਕਿਓਰ ਸਮਝਦਾ ਹੈ ? ਕੀ ਆਮ ਮੇਰੀ ਭੈਣ ਮੇਰੀ ਲੜਕੀ ਸ਼ਾਮ ਦੇ ਵੇਲੇ ਜਿਥੇ ਕਿ ਅਗੇ ਪਿਛੇ ਕੋਈ ਭਰਾ ਨਾ ਹੋਵੇ ਸੇਫਲੀ ਚਲ ਫਿਰ ਸਕਦੀ ਹੈ ? ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਐਮ. ਐਲ. ਏਜ਼ ਅਤੇ ਮਿਊਂਸਪਲ ਕਮਿਸ਼ਨਰਜ਼ ਦੇ ਕਤਲ ਹੋਏ । ਮੈਨੂੰ ਪਤਾ ਹੈ ਕਿ ਇਹੋ ਜਿਹੇ ਕੇਸਾਂ ਨੂੰ ਤਾਂ ਥਾਨੇ ਵਿਚ ਜਲਦੀ ਕੀਤੇ ਥਾਨੇਦਾਰ ਰਜਿਸਟਰ ਵੀ ਨਹੀਂ ਕਰਦਾ ਹੈ । ਜਿਸ ਤੋਂ ਕਿ ਇਹ ਗੌਰਮਿੰਟ ਲਾਅ ਐਂਡ ਆਰਡਰ ਦਾ ਅੰਦਾਜ਼ਾ ਲਗਾਉਂਦੀ ਹੈ । ਮੈਨੂੰ ਪਤਾ ਹੈ ਕਿ ਚਾਰ ਪੰਜ ਕੇਸਾਂ ਵਿਚ ਲੋਕ ਮੇਰੇ ਪਾਸ ਆਏ ਉਨ੍ਹਾਂ ਨੇ ਮੈਨੂੰ ਕਿਹਾ ਕਿ ਥਾਨੇ ਵਿਚ ਉਨ੍ਹਾਂ ਦੇ ਕੇਸ ਕੋਈ ਰਜਿਸਟਰ ਹੀ ਨਹੀਂ ਕਰਦਾ ਹੈ । ਮੈਂ ਥਾਨੇਦਾਰ ਨੂੰ ਕਿਹਾ ਕਿ ਇਹ ਕੇਸ ਰਜਿਸਟਰ ਕਰਨੇ ਚਾਹੀਦੇ ਹਨ (ਘੰਟੀ) (ਵਿਘਨ)

ਜੋ ਕੁਝ ਵੀ ਪੰਜਾਬ ਵਿਚ ਹੋ ਰਿਹਾ ਹੈ ਸਰਕਾਰੀ ਕਰਮਚਾਰੀਆਂ ਨਾਲ ਉਸ ਦਾ ਸਾਰਿਆਂ ਨੂੰ ਪਤਾ ਹੀ ਹੈ । ਇਸ ਬਾਰੇ ਕਈ ਮੈਂਬਰ ਸਾਹਿਬਾਨ ਨੇ ਇਥੇ ਕਿਹਾ ਵੀ ਹੈ । ਕਿਸ ਤਰ੍ਹਾਂ ਦਾ ਉਨ੍ਹਾਂ ਗਰੀਬ ਕਰਮਚਾਰੀਆਂ ਨਾਲ ਸਲੂਕ ਕੀਤਾ ਜਾ ਰਿਹਾ ਹੈ । ਉਨ੍ਹਾਂ ਨੂੰ ਫੜਿਆ ਜਾ ਰਿਹਾ ਹੈ । ਉਨ੍ਹਾਂ ਦੇ ਘਰ ਉਨ੍ਹਾਂ ਦੀਆਂ ਧੀਆਂ

[ਸ੍ਰੀ ਬਲਰਾਮ ਦਾਸ ਟੰਡਨ]

ਅਤੇ ਭੈਣਾਂ ਨੂੰ ਤੰਗ ਕੀਤਾ ਜਾ ਰਿਹਾ ਹੈ । ਇਕੋ ਦਿਨ ਹੀ ਵਾਰੰਟ ਕਢੇ ਹਨ ਅਤੇ ਉਸ ਦਿਨ ਹੀ ਫੜ ਲਿਆ ਗਿਆ ਹੈ । (ਵਿਘਨ) ਇਹ ਸਾਰਾ ਕੰਮ ਕਾਨੂੰਨ ਅਨੁਸਾਰ ਹੋਣਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਤੁਹਾਨੂੰ ਪਤਾ ਹੈ ਕਿ ਅੰਮ੍ਰਿਤਸਰ ਵਿਚ ਸਠਿਆਲਾ ਕਾਲਜ ਹੈ ਅਤੇ ਉਥੇ ਕੀ ਹੋ ਰਿਹਾ ਹੈ । ਅਕਾਲੀ ਪਾਰਟੀ ਉਥੇ ਕਿਸੇ ਤਰੀਕੇ ਨਾਲ ਆਪਣਾ ਕਬਜ਼ਾ ਕਰਨਾ ਚਾਹੁੰਦੀ ਹੈ । ਸਾਰੇ ਕਾਨੂੰਨ ਉਥੇ ਬਲਾਏ ਤਾਕ ਰਖ ਕੇ ਕਾਰਵਾਈ ਹੋ ਰਹੀ ਹੈ । ਕਈ ਬੰਦਿਆਂ ਨੂੰ ਉਥੇ ਸਸਪੈਂਡ ਕੀਤਾ ਗਿਆ ਹੈ ਅਤੇ ਪੁਲਿਸ ਉਨ੍ਹਾਂ ਨੂੰ ਜ਼ਬਰਦਸਤੀ ਫੜ ਫੜ ਕੇ ਲਿਆ ਰਹੀ ਹੈ । (ਵਿਘਨ) ਕਈ ਕੇਸਿਜ਼ ਸਿਵਿਲ ਕੋਰਟਸ ਵਿਚ ਚਲ ਰਹੇ ਹਨ । ਪਰ ਮੈਂ ਇਹ ਅਰਜ਼ ਕਰਦਾ ਹਾਂ ਕਿ ਇਹ ਸਭ ਕੰਮ ਨਾਰਮਲ ਰਸਤੇ ਰਾਹੀਂ ਹੋਣਾ ਚਾਹੀਦਾ ਹੈ । ਉਥੇ ਡੰਡਾ ਚਾਰਜ ਕੀਤਾ ਗਿਆ । ਇਹ ਚੰਗੀ ਗੱਲ ਨਹੀਂ ਹੈ । (ਵਿਘਨ)

ਥੋੜ੍ਹੇ ਜਿਹੇ ਅਰਸੇ ਵਿਚ ਸੈਂਕੜੇ ਜਗ੍ਹਾ ਤੇ ਨਿਸ਼ਾਨ ਸਾਹਿਬ ਲਹਿਰਾ ਕੇ ਕਬਜ਼ਾ ਕਰਨਾ, ਕਿਸੇ ਸਰਕਾਰੀ ਦੁਕਾਨ, ਕਿਸੇ ਪ੍ਰਾਈਵੇਟ ਜਗ੍ਹਾ, ਕੋਈ ਦੁਕਾਨ ਖਾਲੀ ਕਰਵਾਕੇ, ਜੇ ਨਹੀਂ ਖਾਲੀ ਕਰਦਾ ਤਾਂ ਉਸ ਨੂੰ ਢਾਹ ਲੈਣਾ । ਕੀ ਇਹ ਕੋਈ ਲਾਅ ਐਂਡ ਆਰਡਰ ਹੈ । ਇਹ ਕੋਈ ਲਾਅ ਐਂਡ ਆਰਡਰ ਨਹੀਂ । ਇਹ ਕਹਿੰਦੇ ਹਨ ਕਿ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਅੱਛੀ ਹੈ ਕਿਉਂ ਕਿ ਕੇਸ ਘੱਟ ਦਰਜ ਹੁੰਦੇ ਹਨ । । ਮੈਂ ਕਹਿੰਦਾ ਹਾਂ ਕਿ ਪੁਲਿਸ ਵਾਲੇ ਕੇਸ ਘੱਟ ਰਜਿਸਟਰਡ ਕੀਤੇ ਦਿਖਾ ਕੇ ਇਹ ਗਲ ਸਾਬਤ ਕਰਦੇ ਹਨ, ਲੇਕਿਨ ਇਸ ਤਰ੍ਹਾਂ ਪੰਜਾਬ ਦੇ ਲੋਕਾਂ ਦੀ ਤਸੱਲੀ ਨਹੀਂ ਹੋ ਸਕਦੀ । ਇਨ੍ਹਾਂ ਤਰੀਕਿਆਂ ਨੂੰ ਬਦਲਣਾ ਹੋਵੇਗਾ । ਇਹ ਤਾਂ ਪੰਜਾਬ ਦੇ ਲਾਅ ਐਂਡ ਆਰਡਰ ਦੀ ਮੂੰਹ ਬੋਲਦੀ ਤਸਵੀਰ ਹੈ । ਚੇਅਰਮੈਨ ਸਾਹਿਬ, ਇਤਨਾ ਹੀ ਨਹੀਂ ਮੈਂ ਐਫ. ਐਮ. ਸਾਹਿਬ ਨੂੰ ਜ਼ਰੂਰ ਕਹਾਂਗਾ ਕਿ ਉਨ੍ਹਾਂ ਨੂੰ ਬੜਾ ਸੀਰਿਅਸਲੀ ਸੋਚਣਾ ਚਾਹੀਦਾ ਹੈ ਅੱਜ ਦੀ ਪੁਲਿਸ ਦੇ ਕੰਡਕਟ ਦੇ ਬਾਰੇ ਵਿਚ । ਔਰ ਮੁਤੱਲਕਾ ਚੀਫ ਮਨਿਸਟਰ ਸਹਿਬ ਨੂੰ ਵੀ ਇਸ ਬਾਰੇ ਧਿਆਨ ਦੇਣਾ ਚਾਹੀਦਾ ਹੈ । ਅਗਰ ਇਸ ਪਾਸੇ ਧਿਆਨ ਨਾ ਦਿਤਾ, ਮੈਂ ਨਹੀਂ ਸਮਝਦਾ ਆਉਣ ਵਾਲੇ ਕਰਾਈਮਜ਼ ਨੂੰ ਇਹ ਕੰਟਰੋਲ ਕਰ ਲੈਣ । ਕਰਾਈਮਜ਼ ਦੇ ਤਰੀਕੇ ਬਦਲ ਰਹੇ ਹਨ, ਉਸ ਦੇ ਨਾਲ ਹੀ ਇਸ ਢਾਂਚੇ ਨੂੰ ਵੀ ਬਦਲਣਾ ਚਾਹੀਦਾ ਹੈ । (ਵਿਘਨ) ਜੋ ਪੁਲਿਸ ਬਾਬਾ ਆਦਮ ਦੇ ਵੇਲੇ ਦੇ ਹਿਸਾਬ ਨਾਲ ਚਲੀ ਆਉਂਦੀ ਹੈ, ਉਸੇ ਹਿਸਾਬ ਨਾਲ ਅੱਜ ਕੱਲ ਪੁਲਿਸ ਹੈ ਹਾਲਾਂ ਕਿ ਪਹਿਲੇ ਜਿਥੇ ਅੰਮ੍ਰਿਤਸਰ, ਜਲੰਧਰ, ਫਿਰੋਜ਼ਪੁਰ ਅਤੇ ਪਟਿਆਲਾ ਆਦਿ ਵਿਚ ਜਿਥੇ ਪਹਿਲੇ 50-50 ਹਜ਼ਾਰ ਦੀ ਆਬਾਦੀ ਸੀ ਅਤੇ ਹੁਣ ਉਥੇ ਆਬਾਦੀ 2-3 ਲੱਖ ਦੀ ਹੋ ਗਈ ਔਰ ਪੁਲਿਸ ਪਹਿਲੇ ਜਿਤਨੀ ਹੀ ਹੈ । ਜਿਸ ਤਰ੍ਹਾਂ ਫਾਰੇਨ ਕੰਟਰੀਜ਼ ਵਿਚ ਹੁੰਦਾ ਹੈ ਸਾਨੂੰ ਵੀ ਉਸੇ ਤਰ੍ਹਾਂ ਕਰਨਾ ਪਵੇਗਾ । ਇਹ ਠੀਕ ਹੈ ਕਿ ਸਾਡੇ ਪੰਜਾਬ ਵਿਚ ਲੋਕਾਂ ਦੀ ਪੁਜ਼ੀਸ਼ਨ ਕੁਝ ਚੰਗੀ ਹੋਈ ਹੈ । ਪਰ ਜ਼ਰੂਰਤ ਇਸ ਗੱਲ ਦੀ ਵੀ ਹੈ ਕਿ ਅਸੀਂ ਇਥੇ ਆਪਣੀ ਪੁਲਿਸ ਨੂੰ ਠੀਕ ਤਰੀਕੇ ਨਾਲ ਚਲਾਈਏ । ਮਾਡਲ ਥਾਣੇ ਜਾਂ ਪਿੰਡ ਬਣਾਉਣ ਨਾਲ ਕੁਝ ਨਹੀਂ ਹੋਣਾ । ਥਾਣਿਆਂ ਵਿਚ ਸਿਪਾਹੀ ਵੀ ਉਸੇ ਹਿਸਾਬ ਨਾਲ ਦੇਣੀਆਂ ਚਾਹੀਦੀਆਂ ਹਨ । ਲੇਕਿਨ ਚੇਅਰਮੈਨ ਸਾਹਿਬ, ਮੈਂ ਦਸਦਾ ਹਾਂ ਕਿ ਆਉਣ ਵਾਲੇ ਕਰਾਈਮਜ਼ ਜਿਸ ਤਰੀਕੇ ਨਾਲ ਬਦਲਣ ਵਾਲੇ ਹਨ, ਸਾਨੂੰ ਵੀ ਉਸ ਪੁਆਇੰਟ ਆਫ ਵਿਊ ਤੋਂ ਸੋਚ ਕੇ ਉਸ ਪਾਸੇ ਕਦਮ ਉਠਾਉਣਾ ਚਾਹੀਦਾ ਹੈ । (ਘੰਟੀ) ਬੱਸ ਜੀ ਚੇਅਰਮੈਨ ਸਾਹਿਬ, ਮੈਂ ਦੋ ਤਿੰਨ ਮਿੰਟ ਹੀ ਹੋਰ ਲੈਣੇ ਹਨ ।

ਚੇਅਰਮੈਨ ਸਾਹਿਬ, ਇਨ੍ਹਾਂ ਨੇ ਘਾਟੇ ਦਾ ਬੱਜਟ ਪੇਸ਼ ਕੀਤਾ ਹੈ । (ਵਿਘਨ) ਇਹ ਕਹਿੰਦੇ ਹਨ ਕਿ ਇਹ ਘਾਟਾ ਪਿਛਲੇ ਸਾਲ ਤੋਂ ਚਲਾ ਆ ਰਿਹਾ ਹੈ । ਐਫ. ਐਮ. ਸਾਹਿਬ ਨੇ ਪਿਛਲੇ ਸਾਲ ਤੋਂ ਕਦੇ ਸੱਤ ਕਰੋੜ ਦਾ ਘਾਟਾ (ਵਿਘਨ) ਫੇਰ ਹੁਣ ਇਨ੍ਹਾਂ ਦੀ ਆਪਣੀ ਸਟੇਟਮੈਂਟ ਦੇ ਮੁਤਾਬਿਕ 18 ਕਰੋੜ ਰੁਪਏ ਦਾ ਘਾਟਾ ਹੋ ਗਿਆ ਹੈ । ਚੇਅਰਮੈਨ ਸਾਹਿਬ, ਇਸ ਤਰ੍ਹਾਂ ਲੱਗਦਾ ਹੈ ਕਿ ਜੇ ਅੱਜ ਫਾਈਨੈਂਸ਼ਲ ਪੁਜ਼ੀਸ਼ਨ ਸਾਡੇ ਸਾਹਮਣੇ ਰੱਖੀ ਜਾਵੇ ਤਾਂ ਪਤਾ ਲਗਦਾ ਹੈ ਪੰਜਾਬ ਅੱਜ ਵੀ ਤਬਾਹ ਹੋਇਆ ਅਤੇ ਕਲ੍ਹ ਵੀ

ਤਬਾਹ ਹੋਇਆ। (ਵਿਘਨ) ਲੇਕਿਨ ਚੇਅਰਮੈਨ ਸਾਹਿਬ, ਤੁਸੀਂ ਇਹ ਦੇਖਿਆ ਹੈ ਕਿ ਇਨ੍ਹਾਂ ਨੇ ਜਿਹੜਾ ਰੀਵਾਈਜ਼ਡ ਬੱਜਟ ਪਿਛਲੇ ਸਾਲ ਦਾ ਪੇਸ਼ ਕੀਤਾ ਹੈ। ਉਹ ਪਿਛਲੇ ਸਾਲ ਦੇ ਮੁਤਾਬਿਕ 2 ਕਰੋੜ ਰੁਪਏ ਦਾ ਕੈਰੀ ਓਵਰ ਲੈ ਰਹੇ ਹਨ। ਅਤੇ 18 ਕਰੋੜ ਰੁਪਏ ਦਾ ਘਾਟਾ ਦਸਿਆ ਸੀ। (ਵਿਘਨ) ਇਸ ਹਿਸਾਬ ਨਾਲ ਤਾਂ ਪੰਜਾਬ ਮਰ ਗਿਆ। ਇਸ ਹਿਸਾਬ ਨਾਲ ਇਨ੍ਹਾਂ ਨੂੰ ਟੈਕਸ ਲਗਾਉਣ ਦਾ ਮੌਕਾ ਮਿਲਦਾ ਹੈ। ਗਰੀਬ ਇੰਪਲਾਈਜ਼, ਜਿਨ੍ਹਾਂ ਨਾਲ ਅਸੀਂ ਇਸ ਗੱਲ ਦਾ ਵਾਅਦਾ ਕੀਤਾ ਸੀ ਕਿ ਜਦ ਵੀ ਸੈਂਟਰ ਸਰਕਾਰ ਕਿਸੇ ਕਿਸਮ ਦਾ ਇੰਪਲਾਈਜ਼ ਦਾ ਡੀ. ਏ. ਵਧਾਏਗੀ, ਬੇਸਿਕ ਪੇ ਵਧਾਏਗੀ ਜਾਂ ਇੰਟੈਰਮ ਰੀਲੀਫ ਦੇਵੇਗੀ ਤਾਂ ਅਸੀਂ ਪੰਜਾਬ ਦੇ ਮੁਲਾਜ਼ਮ ਨੂੰ ਉਸ ਦੇ ਮੁਤਾਬਿਕ ਦਿਆਂਗੇ। ਇਸ ਗੱਲ ਦਾ ਫੈਸਲਾ ਇਨ੍ਹਾਂ ਸਾਰਿਆਂ ਨੇ ਕੀਤਾ ਸੀ। ਔਰ ਅਸੀਂ ਦੋ ਤਿੰਨ ਵਾਰੀ ਵਧਾਏ ਵੀ ਹਨ। ਇਸ ਲਈ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਜਦ ਵੀ ਆਪੋਜ਼ੀਸ਼ਨ ਜਾਂ ਹੋਰ ਕੋਈ ਪਾਰਟੀ ਇਨ੍ਹਾਂ ਨੂੰ ਅੱਛੇ ਸੁਜੈਸ਼ਨਜ਼, ਅੱਛੀ ਰਾਏ ਦੇਵੇ ਤਾਂ ਉਨ੍ਹਾਂ ਨੂੰ ਮੰਨ ਲੈਣਾ ਚਾਹੀਦਾ ਹੈ, ਇਨਕਾਰ ਨਹੀਂ ਕਰਨਾ ਚਾਹੀਦਾ। ਅਗਰ ਆਪਣੀ ਪਾਰਟੀ ਦੇ ਪ੍ਰਾਪੇਕਟਸ ਵਧਾਉਣੇ ਹਨ, ਕੋਈ ਹੋਰ ਚੀਜ਼ ਕਰਨੀ ਹੈ ਤਾਂ ਉਸ ਤੇ ਤਾਂ ਲੱਖਾਂ ਕਰੋੜਾਂ ਰੁਪਏ ਖਰਚ ਦੇਣਗੇ ਪਰ ਨੇਕ ਕੰਮ ਵਾਸਤੇ ਕਹਿ ਦਿੰਦੇ ਹਨ ਕਿ ਬੱਜਟ ਨਹੀਂ ਹੈ। ਰਾਮ ਤੀਰਥ ਵਾਸਤੇ ਕਹਿੰਦੇ ਹਨ ਕਿ ਫਾਈਨੈਂਸ ਇਜ਼ਾਜ਼ਤ ਨਹੀਂ ਦਿੰਦਾ। ਇਹ ਠੀਕ ਨਹੀਂ ਹੈ। (ਵਿਘਨ) ਤੁਸੀਂ ਪਿਛਲੇ ਪੰਜ ਸਾਲਾਂ ਦਾ ਬੱਜਟ ਵੇਖ ਲਵੋ, ਇਹ ਸਾਰੇ ਦੇ ਸਾਰੇ ਇਸ ਦੇ ਵਿਚ ਫਿੱਗਰਜ਼ ਦਿਤੇ ਹੋਏ ਹਨ, ਕੋਈ ਸਾਲ ਐਸਾ ਨਹੀਂ ਹੈ ਜਿਸ ਵੇਲੇ ਸਰਪਲੱਸ ਬੱਜਟ ਦੀ ਸ਼ਕਲ ਵਿਚ ਸਾਡੇ ਸਾਹਮਣੇ ਪੇਸ਼ ਨਾ ਹੋਇਆ ਹੋਵੇ। ਮੈਂ ਫਾਈਨੈਂਸ ਮਨਿਸਟਰ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਇਸ ਤਰੀਕੇ ਨਾਲ, ਗ਼ਲਤ ਢੰਗ ਨਾਲ, ਗ਼ਲਤ ਅੱਖਾਂ ਨਾਲ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਹੈ ਅਤੇ ਜਾਇਜ਼ ਮੰਗਾਂ ਨੂੰ ਮੰਨ ਕੇ ਉਨ੍ਹਾਂ ਤੇ ਪੈਸਾ ਲਗਾਉਣਾ ਚਾਹੀਦਾ ਹੈ।

(ਘੰਟੀ)

ਚੇਅਰਮੈਨ ਸਾਹਿਬ, ਹੁਣ ਮੈਂ ਫੋਕਲ ਪੁਆਇੰਟ ਵੱਲ ਆਉਂਦਾ ਹਾਂ। ਇੰਡਸਟਰੀ ਬਾਰੇ ਮੈਂ ਅੱਗੇ ਵੀ ਗੱਲ ਕੀਤੀ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ... ...।

ਕਾਮਰੇਡ ਬਾਬੂ ਸਿੰਘ ਮਾਸਟਰ : ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਕਿੰਨਾ ਕਿੰਨਾ ਟਾਈਮ ਮਿਲਦਾ ਹੈ ਔਰ ਗਿਲੋਟੀਨ ਕਿੰਨੇ ਵਜੇ ਲੱਗਣੀ ਹੈ, ਇਸ ਦੇ ਬਾਰੇ ਦੱਸ ਦਿਉ।

ਸ੍ਰੀ ਸਭਾਪਤੀ : 6 ਵਜੇ ਗਿਲੋਟੀਨ ਅਪਲਾਈ ਹੋਵੇਗੀ। (Guillotine will be applied at 6 00 P M.)

ਸ੍ਰੀ ਸਭਾਪਤੀ : ਟੰਡਨ ਸਾਹਿਬ, ਤੁਸੀਂ ਹੋਰ ਕਿੰਨੇ ਮਿੰਟ ਲਵੋਗੇ ? (Tandon Sahib, how much more time you are likely to take ?)

ਸ੍ਰੀ ਬਲਰਾਮ ਦਾਸ ਟੰਡਨ : ਬੱਸ ਜੀ ਮੈਂ ਦੋ ਮਿੰਟ ਹੋਰ ਲਵਾਂਗਾ।

ਚੇਅਰਮੈਨ ਸਾਹਿਬ, ਮੈਂ ਇਕ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਫੋਕਲ ਪੁਆਇੰਟ ਦੀ ਜਿਹੜੀ ਤਸਵੀਰ ਹੈ, ਮੈਂ ਦੱਸਦਾ ਹਾਂ ਕਿ 1965 ਦੀ ਜੰਗ ਦੇ ਬਾਅਦ ਅਸੀਂ ਸੋਚਿਆ ਔਰ ਅਸੀਂ ਸੋਚਣ ਲਈ ਮਜਬੂਰ ਹੋਏ ਕਿ ਜੇ ਇੰਡਸਟਰੀ ਵਲ ਧਿਆਨ ਨਾ ਦਿਤਾ ਤਾਂ ਇੰਡਸਟਰੀ ਖਤਮ ਹੋ ਜਾਵੇਗੀ। ਉਸ ਨੂੰ ਇੰਪੀਟਸ ਦੇਣ ਵਾਸਤੇ ਸੋਚਿਆ ਕਿ ਕਦਮ ਚੁੱਕਣੇ ਚਾਹੀਦੇ ਹਨ ਤਾਕਿ ਇੰਡਸਟਰੀ ਵਧ ਸਕੇ ਲੇਕਿਨ ਚੇਅਰਮੈਨ ਸਾਹਿਬ, ਇਹ ਗੱਲ ਸਾਡੇ ਪੰਜਾਬ ਵਿਚ ਨਹੀਂ ਹੋਈ। ਇਸ ਨਾਲ ਉਨ੍ਹਾਂ ਦਾ, ਸੂਬੇ ਦਾ ਭਲਾ ਹੋਣਾ ਹੈ, ਪਰ ਇਹ ਸਕੀਮ ਲਾਗੂ ਨਹੀ ਹੋਈ, ਇਸ ਗੱਲ ਦਾ ਅਫਸੋਸ ਹੈ।

[ਸ੍ਰੀ ਬਲਰਾਮ ਦਾਸ ਟੰਡਨ]

ਜੋ ਚੀਜ਼ ਪੜ੍ਹਾਈ ਸੀ ਉਸ ਨੂੰ 1 ਅਪ੍ਰੈਲ ਤੋਂ ਲਾਗੂ ਕੀਤਾ। (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਅੱਜ ਲੋਕਾਂ ਨੂੰ ਇਹ ਵਿਸ਼ਵਾਸ ਹੋ ਗਿਆ ਹੈ, ਜਿਹੜੇ ਫੋਕਲ ਪੁਆਇੰਟ ਦੇ ਵਿਚ ਬੈਠੇ ਹਨ, ਜਿਹੜੇ ਇੰਡਸਟਰੀ ਲਗਾ ਕੇ ਬੈਠੇ ਹਨ ਕਿ ਸਾਰੇ ਦੇ ਸਾਰੇ ਵਾਅਦੇ ਬੇਮਾਅਨੇ ਸਨ। ਡਿਪਾਰਟਮੈਂਟ ਇਸ ਵਾਸਤੇ ਕੋਈ ਸੀਰੀਅਸ ਨਹੀਂ। (ਘੰਟੀ) ਪਹਿਲਾਂ ਤਾਂ ਇਹ ਸੀ ਕਿ ਸਤੰਬਰ ਤੱਕ ਐਪਲੀਕੇਸ਼ਨ ਫਾਰਮਜ਼ ਲੈਣੇ ਹਨ ਕਿਉਂਕਿ ਫ਼ਾਈਨੈਂਸ਼ਲ ਸਾਲ ਖਤਮ ਹੋਣਾ ਸੀ। ਛੇ ਮਹੀਨੇ ਦਿਤੇ ਗਏ। ਪਰ ਇਨ੍ਹਾਂ ਨੇ ਕਿਹਾ ਕਿ ਸੇਲਜ਼ ਟੈਕਸ, ਬਿਜਲੀ ਆਦਿ ਰੀਫੰਡ ਦੇ ਸਾਰੇ ਅਕਾਊਂਟ ਬਣਾ ਕੇ 30 ਸਤੰਬਰ ਤੱਕ ਦੇ ਦਿਓ। ਲੇਕਿਨ ਇਹ ਸਾਰਾ ਕੁਝ ਹੋਣ ਦੇ ਬਾਵਜੂਦ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਦੇ ਬਾਅਦ ਫੰਡਜ਼ ਕੋਈ ਨਹੀਂ ਰਖੇ। ਜੇ ਰਖੇ ਹਨ ਤਾਂ ਇਨ੍ਹਾਂ ਦੇ ਰੂਲਜ਼ ਕੋਈ ਨਹੀਂ। ਇਸ ਲਈ ਇਹ ਸਾਰਾ ਬੇਮਾਅਨੇ ਹੋ ਗਿਆ। ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ। ਇਸ ਪਾਸੇ ਨਾ ਡਿਪਾਰਟਮੈਂਟ ਸੀਰੀਅਸ ਹੈ ਔਰ ਨਾ ਮਨਿਸਟਰ ਸਾਹਿਬ ਨੇ ਇਸ ਪਾਸੇ ਤਵੱਜੋ ਦਿਤੀ ਹੈ ਔਰ ਨਾ ਹੀ ਚੀਫ਼ ਮਨਿਸਟਰ ਸਾਹਿਬ ਨੇ ਤਵੱਜੋ ਦਿਤੀ ਹੈ। ਇਸ ਤਰ੍ਹਾਂ ਇੰਡਸਟਰੀ ਤਬਾਹ ਹੋ ਜਾਵੇਗੀ ਅਤੇ ਉਨ੍ਹਾਂ ਦਾ ਅਤੇ ਲੋਕਾਂ ਦਾ ਤੁਹਾਡੇ ਤੋਂ ਵਿਸ਼ਵਾਸ਼ ਉਠ ਜਾਵੇਗਾ। ਇਨ੍ਹਾਂ ਨੇ ਕਿਹਾ ਸੀ ਕਿ ਜੈਨਰੇਟਰਜ਼ ਲਗਾਵਾਂਗੇ। ਮਨਿਸਟਰ ਸਾਹਿਬ ਦੱਸਣ ਕਿ ਕੀ ਅੱਜ ਤੱਕ ਉਸ ਦੇ ਰੂਲਜ਼ ਬਣੇ, ਜੇ ਬਣੇ ਤਾਂ ਕਿਥੇ ਗਏ? (ਘੰਟੀ) ਡੀ. ਆਈ. ਓ. ਕੋਲ ਕੋਈ ਚੀਜ਼ ਨਹੀਂ ਪਹੁੰਚਦੀ, ਉਨ੍ਹਾਂ ਕੋਲ ਕੋਈ ਰੂਲਜ਼ ਨਹੀਂ ਹਨ। ਐਪਲੀਕੇਸ਼ਨ ਫ਼ਾਰਮਜ਼ ਉਨ੍ਹਾਂ ਕੋਲ ਕੋਈ ਨਹੀਂ। ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਕਿਤੇ ਪੰਜਾਬ ਦੀ ਇੰਡਸਟਰੀ ਤਬਾਹ ਨਾ ਹੋ ਜਾਵੇ। ਕਿਧਰੇ ਸਾਡੀਆਂ ਦਿਤੀਆਂ ਐਸ਼ੋਰੈਂਸਜ਼ ਖਤਮ ਨਾ ਹੋ ਜਾਣ। ਪੰਜਾਬ ਦੀ ਇਕਾਨੋਮੀ ਖਰਾਬ ਨਾ ਹੋ ਜਾਵੇ। (ਘੰਟੀ) ਚੇਅਰਮੈਨ ਸਾਹਿਬ, ਇੰਨੇ ਸ਼ਬਦ ਕਹਿ ਕੇ ਮੈਂ ਆਪਣੀ ਸੀਟ ਲੈਂਦਾ ਹੋਇਆ ਆਪ ਦਾ ਧੰਨਵਾਦ ਕਰਦਾ ਹਾਂ ਅਤੇ ਅਖੀਰ ਵਿਚ ਇਹ ਕਹਿੰਦਾ ਹਾਂ ਕਿ ਜੇ ਇੰਨਾ ਅੱਛਾ ਨਜ਼ਰੀਆ ਨਾ ਲਿਆ ਤਾਂ ਪੰਜਾਬ ਬਰਬਾਦ ਹੋ ਜਾਵੇਗਾ, ਇਸ ਦੀ ਤਬਾਹੀ ਹੋ ਜਾਵੇਗੀ। (ਵਿਘਨ) ਬਾਹਰ ਬੈਠ ਕੇ ਮੀਟਿੰਗ ਕਰ ਕੇ ਅਤੇ ਫਿਰ ਨਾਹਰੇ ਮਾਰਦੇ ਹੋ ਇਸ ਤਰ੍ਹਾਂ ਪੰਜਾਬ ਨਹੀਂ ਬਚਣਾ, ਅਸੀਂ ਪੰਜਾਬ ਬਚਾਉਣਾ ਹੈ, ਪੰਜਾਬ ਦੇ ਭਵਿੱਸ਼ ਨੂੰ ਬਚਾਉਣਾ ਹੈ। ਪੰਜਾਬ ਦੀ ਜਿਹੜੀ ਆਉਣ ਵਾਲੀ ਜੈਨਰੇਸ਼ਨ ਹੈ ਉਨ੍ਹਾਂ ਵਾਸਤੇ ਅੱਛੇ ਰਸਤੇ ਅਪਨਾਉਣੇ ਹਨ। ਸੋ ਇਸ ਵਾਸਤੇ ਅੱਛੀ ਤਰ੍ਹਾਂ ਸੋਚਣਾ ਚਾਹੀਦਾ ਹੈ।

———

POINT OF ORDER RE. LAYING OF PAPERS ON THE TABLE OF THE HOUSE. (RESUMPTION)

ਸ੍ਰੀ ਸਭਾਪਤੀ : ਵੋਟ-ਆਨ-ਅਕਾਊਂਟ ਬਹਿਸ ਜਾਰੀ ਕਰਨ ਤੋਂ ਪਹਿਲਾਂ ਮੈਂ ਡਾਂਗ ਸਾਹਿਬ, ਸਰਦਾਰ ਉਮਰਾਓ ਸਿੰਘ ਅਤੇ ਕੈਪਟਨ ਰਤਨ ਸਿੰਘ ਦੀ ਤਵੱਜੋ 'ਪ੍ਰੈਕਟਿਸ ਐਂਡ ਪ੍ਰੋਸੀਜ਼ਰ ਆਫ਼ ਪਾਰਲੀਮੈਂਟ' ਬਾਈ ਕੌਲ ਐਂਡ ਸ਼ਕਦਰ ਦੇ ਪੇਜ 803 ਵਲ ਦੁਆਉਣਾ ਚਾਹੁੰਦਾ ਹਾਂ। (ਵਿਘਨ) (Before we continue with the discussion on the Vote-On-Account, I would like to draw the attention of the hon. Members, Comrade Satya Pal Dang, Sardar Umrao Singh and Captain Rattan Singh towards page 803 of the 'Practice and Procedure of Parliament' by Kaul and Shakdher.) (Interruption)

ਸਰਦਾਰ ਉਮਰਾਓ ਸਿੰਘ : ਚੇਅਰਮੈਨ ਸਾਹਿਬ, ਇਹ ਅਸੀਂ ਪੜ੍ਹ ਲਿਆ ਹੈ ਇਹ ਲੋਕ ਸਭਾ ਲਈ ਹਨ।

Mr. Chairman : Let me first explain. The House is competent to take any decision.

ਕਾਮਰੇਡ ਸੱਤ ਪਾਲ ਡਾਂਗ : ਚੇਅਰਮੈਨ ਸਾਹਿਬ, ਤੁਹਾਨੂੰ ਅਸਾਨੀ ਹੋ ਜਾਵੇਗੀ ਸਾਨੂੰ ਸਮ- ਝਾਉਣ ਵਿਚ ਪਹਿਲਾਂ ਸਾਡੀ ਅਰਜ਼ ਸੁਣ ਲਓ । (ਵਿਘਨ) ਤੁਸੀਂ ਕੁਮੈਂਟਰੀ ਪੜ੍ਹਨ ਲਗੇ ਹੋ ਇਹ ਅਸੀਂ ਵੀ ਪੜ੍ਹ ਲਈ ਹੈ । ਰੂਲ ਦਸਿਆ ਜਾਵੇ । (ਵਿਘਨ)

Mr. Chairman : I would like to quote from 'Practice and Procedure in Parliament by Kaul and Shakdher, page, 803. It reads as under :—

"*Papers to be laid by Private Members :*

A private Member can also lay a document or paper on the Table but only with the previous permission of the Speaker.

ਇਹ ਇਕ ਲੈਟਰ 30 ਅਪਰੈਲ, 1965 ਦੀ ਹੈ ਜਿਸ ਦੇ ਰਾਹੀਂ ਕੁਝ ਡਾਇਰੈਕਸ਼ਨਜ਼ ਸਰਕੂਲੇਟ ਕੀਤੀਆਂ ਗਈਆਂ ਸਨ । ਇਸ ਦਾ ਪਾਰਟ 1 ਜੋ ਹੈ ਇਹ ਗੌਰਮਿੰਟ ਪੇਪਰਜ਼ ਦੇ ਮੁਤੱਲਕ ਹੈ । ਪਾਰਟ 2 ਦੇ ਮੁਤੱਲਕ ਮੈਂ ਤੁਹਾਡੀ ਤਵੱਜੋ ਦੁਆਉਣੀ ਚਾਹੁੰਦਾ ਹਾਂ : (Here is a letter of 30th April, 1965 through which some directions had been circulated to all the Members. Part I of this letter pertains to Government papers but I would like to draw the attention of the hon. Members to its second part) It reads :—

"2. A private Member may lay a paper on the Table of the House when he is authorised to do so by the Speaker.

3. If a private Member desires to lay a paper or document on the Table of the House he shall supply a copy thereof to the Speaker ordinarily 2 days in advance so as to enable him to decide whether permission should be given to lay the paper or document on the Table.

ਸਰਦਾਰ ਉਮਰਾਓ ਸਿੰਘ : ਇਹ ਡਾਇਰੈਕਸ਼ਨ ਕਿਹੜੇ ਰੂਲ ਥਲੇ ਹੈ ਜੀ ।

Mr. Chairman (Sardar Shashpal Singh) : Under Rule 120 of the Rules of Procedure and Conduct of Business in the Punjab Legislative Assembly

ਸਰਦਾਰ ਉਮਰਾਓ ਸਿੰਘ : ਇਹ ਜਨਾਬ. ਰੈਜ਼ੀਡਰੀ ਪਾਵਰਜ਼ ਦੇ ਮੁਤੱਲਕ ਹੈ । ਮੈਂ ਰੂਲ 106-107 ਪੜ੍ਹਿਆ ਹੈ ਜਿਹੜਾ ਕਿ ਮੈਂ ਤੁਹਾਡੇ ਗਿਆਤ ਲਈ ਪੜ੍ਹ ਦਿੰਦਾ ਹਾਂ ... ... ।

(1) A paper or document laid on the Table of the House shall be duly authenticated by the Member presenting it.

(2) All papers and documents aid on the Table shall be considered public.

ਇਸ ਦੇ ਵਿਚ ਕੋਈ ਰੂਲ ਨਹੀਂ ਹੈ ਕਿ ਸਪੀਕਰ ਸਾਹਿਬ ਦੀ ਪ੍ਰਮਿਸ਼ਨ ਹੋਣੀ ਚਾਹੀਦੀ ਹੈ । ਇਹ ਜਿਹੜੀ ਕੁਮੈਂਟਰੀ ਕੌਲ ਐਂਡ ਸ਼ਕਦਰ ਦੀ ਹੈ ਜਿਸ ਦੇ ਵਿਚ ਲਿਖਿਆ ਹੈ ਕਿ ਜੇ ਹਾਊਸ ਡੀਮਾਂਡ ਕਰੇ ਤਾਂ the papers shall be laid on the Table of the House.

ਤੇ ਮੇਰੀ ਗੁਜ਼ਾਰਿਸ਼ ਹੈ ਕਿ ਜਿਸ ਵੇਲੇ ਕੈਪਟਨ ਸਾਹਿਬ ਨੇ ਇਹ ਪੇਪਰ ਪੜ੍ਹਿਆ ਤਾਂ ਇਥੇ ਸਾਰੇ ਹਾਊਸ ਵਲੋਂ ਮੰਗ ਆਈ ਸੀ ... ... (ਵਿਘਨ)

(ਸਰਕਾਰੀ ਬੈਂਚਾਂ ਵਲੋਂ ਨੋ, ਨੋ, ਬਿਲਕੁਲ ਗਲਤ ਹੈ ਦੀਆਂ ਆਵਾਜ਼ਾਂ ।)

ਸਰਦਾਰ ਉਮਰਾਓ ਸਿੰਘ : ਤੁਸੀਂ ਕਿਸੇ ਨੇ ਆਬਜੈਕਟ ਨਹੀਂ ਕੀਤਾ। (ਵਿਘਨ) ਹੁਣ ਵੀ ਮੇਰੀ ਅਰਜ਼ ਹੈ ਕਿ ਹਾਊਸ ਦੀ ਕਨਸੈਂਟ ਲੈ ਲਓ। ਅਸੀਂ ਅੱਜ ਇਸ ਗੌਰਮਿੰਟ ਨੂੰ ਦੇਖਣਾ ਚਾਹੁੰਦੇ ਹਾਂ ਕਿ ਕੀ ਇਹ ਚਾਹੁੰਦੀ ਹੈ ਕਿ ਇਹ ਚੀਜ਼ ਜਨਤਾ ਦੇ ਸਾਹਮਣੇ ਆਵੇ ਜਾਂ ਨਾ। (ਵਿਘਨ)

Mr. Chairman : Let me interpret the rule.

Captain Rattan Singh : Point of Order, Mr. Chairman. My Point of Order is that anybody who is Presiding in the absence of the Speaker is considered Speaker at that time. Under rule 106, I could lay the papers. I specifically requested you to give me permission. Sir, I said in these words, "shall I be permitted to lay these papers on the Table of the House"? and no one objected to it. I walked towards the Table and placed the papers on it and sat down. Now after 8 minutes you say, I cannot lay the papers on the Table of the House without the permission of the Chairman.

ਸ੍ਰੀ ਸਭਾਪਤੀ : ਮੈਂ ਤੁਹਾਡਾ ਪੁਆਇੰਟ ਸਮਝ ਲਿਆ ਹੈ ... ... (ਵਿਘਨ) (I have caught the point of the hon. Member.) (Interruption)

ਕੈਪਟਨ ਰਤਨ ਸਿੰਘ : ਚੇਅਰਮੈਨ ਸਾਹਿਬ, ਇਸ ਦਾ ਨੁਕਸਾਨ ਕੋਈ ਨਹੀਂ ਹੋਵੇਗਾ। ਇਹ ਰਿਕਾਰਡ ਵਿਚ ਆ ਗਿਆ ਹੈ ... ... (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਤੁਸੀਂ ਰੂਲ ਕੋਟ ਕੀਤਾ ਹੈ 120, 120 ਰੂਲ ਵਿਚ ਲਿਖਿਆ ਹੈ —

> "All matters not specifically provided in these rules and all questions relating to the detailed working of these rules shall be regulated in such a manner as the Speaker may from time to time direct."

ਚੇਅਰਮੈਨ ਸਾਹਿਬ, ਗਲ ਤਾਂ ਸਿਰਫ ਇਤਨੀ ਹੈ ਕਿ ਇਹ ਜਿਹੜਾ ਮਾਮਲਾ ਮੇਜ਼ ਤੇ ਕਾਗਜ਼ ਰਖਣ ਦਾ ਹੈ ਇਹ ਰੂਲਜ਼ ਵਿਚ ਸਪੈਸ਼ਲੀ ਪ੍ਰੋਵਾਈਡਿਡ ਹੈ ਜਾਂ ਨਹੀਂ। ਜੇ ਇਹ ਪ੍ਰੋਵਾਈਡਿਡ ਹੈ ਔਰ ਇਸ ਦੇ ਵਿਚ ਅਗਰ ਕੋਈ ਇਮਬਿਗੂਟੀ ਹੈ ਤਾਂ ਸਪੀਕਰ ਸਾਹਿਬ ਟਾਈਮ ਟੂ ਟਾਈਮ ਦੂਰ ਕਰ ਸਕਦੇ ਹਨ। ਜੋ ਕੁਝ ਰੂਲ ਵਿਚ ਪ੍ਰੋਵਾਈਡਿਡ ਹੈ ਉਹ ਬੜਾ ਸਿੰਪਲ ਹੈ ... ... । It does not admit of to meanings. ਜਿਸ ਦੀ ਵਰਕਿੰਗ ਬਾਰੇ ਤੁਹਾਨੂੰ ਇਨਸਟਰੱਕਸ਼ਨ ਦੇਣ ਦੀ ਲੋੜ ਪਵੇ। ਮੈਂ ਤੁਹਾਡੀ ਤਵੱਜੋ 106-107 ਦੇ ਹੈਡਿੰਗ ਵਲ ਦਿਵਾਉਣੀ ਚਾਹੁੰਦਾ ਹਾਂ ... ... ।

> 'Papers quoted to be laid on the Table'

ਚੇਅਰਮੈਨ ਸਾਹਿਬ, ਵਰਡ ਮਾਰਕ ਕਰੋ। (ਵਿਘਨ) ਮਨਿਸਟਰ ਸਾਹਿਬਾਨ ਬੜੇ ਜ਼ਿਮੇਦਾਰ ਸਜਣ ਹੁੰਦੇ ਹਨ ਉਹ ਉਠ ਕੇ ਇਥੇ ਡਾਕੂਮੈਂਟ ਪੜ੍ਹਨ ਲਗ ਪੈਂਦੇ ਹਨ ਉਨ੍ਹਾਂ ਨੂੰ ਰੂਲ ਇਜਾਜ਼ਤ ਨਹੀਂ ਦਿੰਦਾ ਕਿ ਡਾਕੂਮੈਂਟ ਪੜ੍ਹ ਕੇ ਆਪਣੀ ਜੇਬ ਵਿਚ ਪਾ ਕੇ ਲੈ ਜਾਣ। (ਵਿਘਨ) ਤੁਸੀਂ ਉਨ੍ਹਾਂ ਨੂੰ ਹੁਕਮ ਦਿਓ ਜੋ ਡਾਕੂਮੈਂਟ ਤੁਸੀਂ ਕੋਟ ਕਰੋ ਉਹ ਪਬਲਿਕ ਪ੍ਰਾਪਰਟੀ ਬਣਾਓ। (ਵਿਘਨ) ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਤੁਸੀਂ ਰੂਲ 107 ਨੂੰ ਇੰਟਰਪਰੈਟ ਕਰਦੇ ਹੋ ਮਨਿਸਟਰ ਲਈ ਪਰ ਮੇਰੀ ਅਰਜ ਹੈ ਕਿ ਉਹ ਮਨਿਸਟਰਜ਼ ਤੋਂ ਇਲਾਵਾ ਮੈਂਬਰ ਸਾਹਿਬ ਨੂੰ ਵੀ ਅਪਲਾਈ ਕਰਦਾ ਹੈ। (ਵਿਘਨ) ਤੁਸੀਂ ਉਨ੍ਹਾਂ ਨੂੰ ਇਹ ਜਿਹੜੀ ਡਾਇਰੈਕਟਰਜ਼ ਸਪੈਸ਼ਲ ਇਨਕੁਆਇਰੀ ਏਜੰਸੀ ਦੀ ਰਿਪੋਰਟ

ਹੈ ਐਟ ਏ ਲੈਂਥ ਕੋਟ ਕਰਨ ਦੀ ਇਜਾਜ਼ਤ ਦਿਤੀ ਹੈ। ਮੇਰੀ ਅਰਜ਼ ਹੈ ਕਿ ਜੇ ਰੂਲ 106-107 ਮਿਲਾ ਕੇ ਇਕੱਠੇ ਪੜ੍ਹੋ ਤਾਂ ਤੁਹਾਡੇ ਲਈ ਇਹ ਲਾਜ਼ਮੀ ਹੈ ਕਿ ਜਿਸ ਵੇਲੇ ਇਹ ਉਨ੍ਹਾਂ ਨੇ ਕੋਟ ਕੀਤਾ ਸੀ ਉਸ ਵੇਲੇ ਰੋਕ ਦੇਣਾ ਸੀ। (ਵਿਘਨ)

ਸ੍ਰੀ ਸਭਾਪਤੀ : ਡਾਂਗ ਸਾਹਿਬ, ਤੁਸੀਂ ਕਾਫੀ ਕਹਿ ਲਿਆ ਹੈ, ਹੁਣ ਤਸ਼ਰੀਫ ਰਖੋ। (ਵਿਘਨ) (I would request the hon. Member Comrade Satya Pal Dang to resume his seat. He has already said a lot about this matter.)

ਕਾਮਰੇਡ ਸੱਤ ਪਾਲ ਡਾਂਗ : ਚੇਅਰਮੈਨ ਸਾਹਿਬ, ਰੂਲ 106-107 ਸੁਣ ਲਓ :

Rule 106 :

"If a Minister quotes in the Assembly a public or other State document which has not been presented to the Assembly he shall lay such document on the Table.

Rule 107 :

"A paper or document laid on the Table shall be duly authenticated by the Member presenting it."

ਚੇਅਰਮੈਨ ਸਾਹਿਬ, ਇਕ ਮੈਂਬਰ ਇਕ ਡਾਕੂਮੈਂਟ ਪ੍ਰੌਜ਼ੈਂਟ ਕਰਦਾ ਹੈ, ਉਸ ਤੇ ਸਿਰਫ ਇਕ ਕੰਡੀਸ਼ਨ ਲਗ ਸਕਦੀ ਹੈ ਕਿ ਉਹ ਐਥੰਟੀਕੇਟਿਡ ਹੋਵੇ, ਇਸ ਦੀ ਜ਼ਿਮੇਵਾਰੀ ਉਹ ਮੈਂਬਰ ਲਵੇ ਜਾਂ ਅਕਾਰਡਿੰਗ ਟੂ ਟਰੂ ਕਾਪੀ ਹੋਵੇ। ਵਨਸ ਏ ਪੇਪਰ ਇਜ਼ ਲੇਡ ਡਾਊਨ ......(ਵਿਘਨ)। ਮੈਂ ਪ੍ਰੈਸੀਡੈਂਟ ਦੀ ਗੱਲ ਕਰਦਾ ਹਾਂ 65 ਜਾਂ 51 ਕੋਟ ਨਹੀਂ ਕਰਦਾ। ਕਲ ਸਪੀਕਰ ਸਾਹਿਬ, ਇਥੇ ਚੇਅਰ ਤੇ ਬੈਠੇ ਸਨ ਜਦੋਂ ਮੈਂ ਆਪਣੀ ਤਕਰੀਰ ਦੇ ਦੌਰਾਨ ਇਕ ਐਜੀਟੇਸ਼ਨ ਦੇ ਸਿਲਸਿਲੇ ਵਿਚ ਬੈਠੇ ਕਮਿਸ਼ਨ ਦੇ ਮੁਤੱਲਕ ਕੋਟ ਕੀਤਾ ਅਤੇ ਉਹ ਡਾਕੂਮੈਂਟ ਹਾਊਸ ਦੀ ਟੇਬਲ ਤੇ ਲੇ ਕੀਤਾ, ਕਿਸੇ ਨੇ ਕੋਈ ਇਤਰਾਜ਼ ਨਹੀਂ ਸੀ ਕੀਤਾ। (ਵਿਘਨ) ਕੈਪਟਨ ਸਾਹਿਬ ਨੇ ਪੇਪਰ ਲੇ ਕਰਨ ਤੋਂ ਪਹਿਲਾਂ ਕਿਹਾ ਸੀ ਕਿ ਮੈਂ ਪੇਪਰ ਲੇ ਕਰਦਾ ਹਾਂ, ਤਾਂ ਕਿਸੇ ਨੇ ਕੋਈ ਇਤਰਾਜ਼ ਨਹੀਂ ਸੀ ਕੀਤਾ। ਚਾਹੇ ਹੁਣ ਇਹ ਪੇਪਰ ਗ਼ਲਤ ਰਖਿਆ ਗਿਆ ਜਾਂ ਠੀਕ, ਹੁਣ ਸਾਨੂੰ ਦਸ ਦਿਓ ਕਿ ਕਿਹੜਾ ਪ੍ਰੋਸੀਜਰ ਹੈ, ਜਿਹੜਾ ਇਸ ਨੂੰ ਇਜਾਜ਼ਤ ਨਹੀਂ ਦਿੰਦਾ। Once a paper is laid on the Table of the House it cannot be taken away after 7-8 minutes. You cannot permit the hon. Member to take the paper back. It has now become public property. If it has not been authenticated by the hon. Member then it can now be got authenticated from him.

ਸਰਦਾਰ ਕਿਰਪਾਲ ਸਿੰਘ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਸ ਦੇ ਵਿਚ ਇਕ ਹੋਰ ਗਲ ਹੈ ਜਿਹੜੀ ਡਾਂਗ ਸਾਹਿਬ ਨੇ ਕੋਟ ਨਹੀਂ ਕੀਤੀ।

"...... ਜੇ ਮੰਤਰੀ ਦੇ ਕਹਿਣ ਅਨੁਸਾਰ ਇਸ ਪ੍ਰਕਾਰ ਦਾ ਹੋਵੇ ਕਿ ਉਸ ਦਾ ਪੇਸ਼ ਕਰਨਾ ਲੋਕ ਹਿਤ ਵਿਰੁਧ ਹੋਵੇ ... ..."

ਅਗਰ ਕੋਈ ਐਸੀ ਗੱਲ ਸੀ ਤਾਂ ਮੰਤਰੀ ਰੋਕ ਸਕਦਾ ਸੀ ਇਸ ਪੇਪਰ ਨੂੰ ਲੇਡ ਡਾਊਨ ਕਰਨ ਲਈ ਕਿ ਇਹ ਲੋਕ ਹਿਤ ਵਿਰੁਧ ਹੈ (ਵਿਘਨ) ਇਸ ਦੇ ਨਾਲ ਮੈਂ ਇਹ ਵੀ ਕਹਿ ਦਿਆਂ ਕਿ ਜਿਹੜਾ ਪੈਰਾਗ੍ਰਾਫ ਕਿਸੇ ਨੂੰ ਜ਼ਿਆਦਾ ਤਕਲੀਫਦੇਹ ਸੀ, ਉਹ ਤਾਂ ਕੈਪਟਨ ਸਾਹਿਬ ਨੇ ਪੜ੍ਹ ਦਿਤਾ ਅਤੇ

[ਸਰਦਾਰ ਕਿਰਪਾਲ ਸਿੰਘ]

ਉਹ ਰਿਕਾਰਡ ਵਿਚ ਆ ਗਿਆ, ਪ੍ਰੈਸ ਕੋਲ ਚਲਾ ਗਿਆ। ਹੁਣ ਇਹ ਪੇਪਰ ਲੇ ਨਾ ਕਰਨਾ, ਜਿਸ ਮੈਂਬਰ ਦੇ ਵਿਰੁਧ ਜਾਂਦਾ ਹੈ, ਉਸ ਦੇ ਨਾਲ ਬੜੀ ਬੇ ਇਨਸਾਫੀ ਹੋਵੇਗੀ (ਵਿਘਨ) ਇਹ ਥੋੜ੍ਹਾ ਬਹੁਤ ਚੇਅਰ ਦੇ ਇਨਸਾਫ਼ ਦੇ ਖਿਲਾਫ਼ ਵੀ ਜਾਏਗਾ ਅਗਰ ਇਹ ਲੇ ਨਾ ਕਰਨ ਦਿਤਾ ਗਿਆ । ਕਿਉਂ ਕਿ ਲੇ ਕਰਨ ਵੇਲੇ ਚੇਅਰ ਵਲੋਂ ਵੀ ਕੋਈ ਇਤਰਾਜ਼ ਨਹੀਂ ਸੀ ਕੀਤਾ ਗਿਆ। ਇਸ ਤੋਂ ਇਲਾਵਾ 106 ਦੇ ਥਲੇ ਰੋਕਣ ਵਾਲੀ ਕਾਰਵਾਈ ਹੋ ਸਕਦੀ ਸੀ, ਪਰ ਕਿਸੇ ਮੰਤਰੀ ਨੇ ਨਾ ਕੀਤੀ । ਹੁਣ 107 ਥਲੇ ਕਿਹਾ ਜਾ ਸਕਦਾ ਹੈ ਕਿ ਇਹ ਜਿਹੜਾ ਪੇਪਰ ਹੈ ਇਸ ਦੀ ਐਥੈਂਟੀਕੇਸ਼ੀ ਦੀ ਜ਼ਿਮੇਂਵਾਰੀ ਮੈਂਬਰ ਸਾਹਿਬ ਲੈਣ। ਇਸ ਵਕਤ ਇਸ ਕਾਗਜ਼ ਦੇ ਰਖਣ ਦੀ ਇਜਾਜ਼ਤ ਨਾ ਦੇਣਾ ਗਲਤ ਗੱਲ ਹੈ। (ਵਿਘਨ)

ਸ਼੍ਰੀ ਮਨਮੋਹਨ ਕਾਲੀਆ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਪ੍ਰਾਈਵੇਟ ਟੀਚਰਜ਼ ਦੀ ਡੀਮਾਂਡ ਦਾ ਜਿਹੜਾ ਮੈਮੋਰੰਡਮ ਰਖਿਆ ਸੀ, ਉਸ ਵਕਤ ਵੀ ਆਪ ਨੇ ਕੋਈ ਇਤਰਾਜ਼ ਨਹੀਂ ਸੀ ਕੀਤਾ। ਮੈਂਬਰ ਇਸ ਤਰ੍ਹਾਂ ਪੇਪਰ ਹਾਊਸ ਦੀ ਟੇਬਲ ਤੇ ਰਖਦੇ ਆਏ ਹਨ ... ... (ਵਿਘਨ) । ਜੇ ਕਰ 106 ਵਿਚ ਇਹ ਨਹੀਂ ਆਉਂਦੀ ਤਾਂ ਜਿਹੜੀਆਂ ਰੈਜ਼ੂਡਰੀ ਪਾਵਰਜ਼ ਹਨ ... ... (ਵਿਘਨ) ।

ਸ਼੍ਰੀ ਸਭਾਪਤੀ : 106 ਅਤੇ 107 ਵਿਚ ਡਿਟੇਲਜ਼ ਨਹੀਂ ਹਨ । ਵਰਕਿੰਗ ਵਾਸਤੇ ਇਹ ਜਿਹੜੇ ਰੂਲਜ਼ ਹਨ, ਸਪੀਕਰ ਸਾਹਿਬ ਨੇ 1965 ਵਿਚ ਬਣਾਏ.. ... (ਵਿਘਨ)। ਇਹ ਡਾਇਰੈਕਸ਼ਨਜ਼ 1965 ਵਿਚ ਕੀਤੀਆਂ ਗਈਆਂ ਅਤੇ ਹੁਣ ਤਕ ਹੋਲਡ ਕਰਦੀਆਂ ਹਨ । ਜਿੰਨਾਂ ਚਿਰ ਤਕ ਹਾਊਸ ਇਨ੍ਹਾਂ ਨੂੰ ਤਬਦੀਲ ਨਾ ਕਰੇ, ਉਦੋਂ ਤਕ ਜਿਹੜਾ ਪ੍ਰੋਸੀਜਰ ਲੇ ਡਾਊਨ ਕੀਤਾ ਹੋਇਆ ਹੁੰਦਾ ਹੈ, ਉਹ ਰਹਿੰਦਾ ਹੈ । ਜਿੰਨੀ ਦੇਰ ਤਕ ਤੁਸੀਂ ਪਹਿਲਾਂ ਸਪੀਕਰ ਦੀ ਇਜਾਜ਼ਤ ਨਾ ਲੈ ਲਵੋ, ਪੇਪਰ ਲੇ ਨਹੀਂ ਕਰ ਸਕਦੇ। ਮੈਨੂੰ ਇਸ ਚੀਜ਼ ਦਾ ਪਤਾ ਨਹੀਂ ਸੀ .. ... (ਵਿਘਨ)।

(Voice : Ignorance of law is no excuse.)

ਮੈਂ ਉਸ ਵੇਲੇ ਨਾ ਹਾਂ ਆਖੀ ਸੀ ਅਤੇ ਨਾ ਨਾਂਹ । ਜਦੋਂ ਮੇਰੇ ਨੋਟਿਸ ਵਿਚ ਲਿਆਂਦਾ ਗਿਆ, ਮੈਨੂੰ ਉਦੋਂ ਪਤਾ ਲਗਾ ... ... (ਵਿਘਨ) । ਇਸ ਦੇ ਮੁਤੱਲਕ ਕਾਨੂੰਨ ਵੇਖ ਕੇ ਆਫ਼ਸ ਦੀ ਡਾਇਰੈਕਸ਼ਨ ਵੇਖ ਕੇ, ਆਈ ਐਮ ਆਫ਼ ਦੀ ਉਪੀਨੀਅਨ ਕਿ ਇਹ ਪੇਪਰ ਲੇ ਨਹੀਂ ਹੋ ਸਕਦਾ। ਇਸ ਦੀ ਕਾਪੀ ਅਕਾਰਡਿੰਗ ਟੂ ਰੂਲਜ਼ ਲੇ ਹੋਣੀ ਚਾਹੀਦੀ ਸੀ। (ਵਿਘਨ) (There are no details in rules 106 and 107. Mr. Speaker framed these Rules for regulating the working of the House in 1965 ... (interruption) These directions were issued in 1965 and hold good even now. Until these are amended by the House, the procedure laid there-in holds good. You cannot lay any paper on the Table without the prior permission of the Speaker. I was not aware of this Rule ... (interruption) ... At that time I had neither permitted the paper being placed on the Table nor had I refused that being done. When the relevant Rule was brought to my notice, I came to know of the proper procedure in this regard. ... (Interruption)...After consulting the relevant Rule and Office directions, I am of the opinion that that paper could not be laid on the Table of the House. A copy thereof should have been laid in accordance with the procedure embodied in the Rules.)

Comrade Satya Pal Dang : Sir, ignorance of law is no excuse. Once you allowed a paper to be laid on the Table of the House you cannot disallow it now.

(Interruptions and noise in the House)

Sardar Umrao Singh : Mr. Chairman, Sir, even after the paper has been laid on the Table of the House, the Speaker can give his consent...

ਮੇਰੀ ਗੁਜ਼ਾਰਸ਼ ਇਹ ਹੈ ਕਿ ਜੇ ਹਾਊਸ ਡਿਮਾਂਡ ਕਰੇ ਕਿ ਪੇਪਰ ਲੇ ਕੀਤਾ ਜਾਵੇ ਤਾਂ ਉਹ ਪੇਪਰ ਲੇ ਹੋਣਾ ਚਾਹੀਦਾ ਹੈ । ਇਸ ਤੋਂ ਇਲਾਵਾ ਇਹ ਪੇਪਰ ਲੇਡ ਡਾਊਨ ਕਰਨ ਤੋਂ ਪਹਿਲਾਂ ਚੇਅਰ ਦੇ ਨੋਟਿਸ ਵਿਚ ਲਿਆਂਦਾ ਗਿਆ ... (ਵਿਘਨ) ।

ਕਾਮਰੇਡ ਸੱਤ ਪਾਲ ਡਾਂਗ : ਚੇਅਰਮੈਨ ਸਾਹਿਬ, ਇਹ ਨਹੀਂ ਦਸਿਆ ਕਿ ਕਿਹੜੇ ਰੂਲ ਹੇਠਾਂ ਲੇਡ ਡਾਊਨ ਕੀਤਾ ਹੈ । ਜੇ ਤੁਹਾਡੇ ਕੋਲੋਂ ਗ਼ਲਤੀ ਹੋ ਗਈ ਹੈ ਤਾਂ ਪੇਪਰ ਵਾਪਸ ਕਿਸ ਤਰ੍ਹਾਂ ਕਰ ਸਕਦੇ ਹੋ ?

ਸ੍ਰੀ ਸਭਾਪਤੀ : ਪੇਪਰ ਲੇ ਕਰਨ ਵਾਸਤੇ ਮੈਂ ਆਪਣੀ ਉਪੀਨੀਅਨ ਨਹੀਂ ਦਿਤੀ ...... (ਵਿਘਨ) । (I never gave my consent to the laying of the Paper on the Table of the House.

5.16

(ਇਸ ਸਮੇਂ ਸਪੀਕਰ ਸਾਹਿਬ ਨੇ ਕੁਰਸੀ ਸੰਭਾਲੀ)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮਸਲਾ ਚਲਦਾ ਸੀ ਕਿ ਇਕ ਡਾਕੂਮੈਂਟ ਕਪਤਾਨ ਸਾਹਿਬ ਨੇ ਆਪਣੀ ਸਪੀਚ ਵਿਚ ਰੈਫ਼ਰ ਕੀਤਾ ਸੀ ਅਤੇ ਹਾਊਸ ਵਿਚ ਡਿਮਾਂਡ ਹੋਈ ਕਿ ਟੇਬਲ ਤੇ ਰਖਿਆ ਜਾਵੇ ...... (ਵਿਘਨ) । ਉਹ ਲੇ ਕਰ ਦਿਤਾ ਗਿਆ (ਵਿਘਨ) ।

Mr. Speaker : Was the paper laid on the Table of the House with the consent of the hon. Chairman ?

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਉਹ ਟੇਬਲ ਤੇ ਲੇ ਕਰ ਦਿਤਾ ਗਿਆ ਅਤੇ 5, 7 ਮਿੰਟ ਬਾਦ ਤਕ ਡਿਬੇਟ ਚਲਦੀ ਰਹੀ ...... (ਵਿਘਨ) ।

ਸ੍ਰੀ ਸਪੀਕਰ : ਚੇਅਰ ਦੀ ਆਗਿਆ ਤੋਂ ਬਿਨਾ ਕੋਈ ਪੇਪਰ ਲੇ ਨਹੀਂ ਕੀਤਾ ਜਾ ਸਕਦਾ । (ਵਿਘਨ) (No paper can be laid on the Table of the House, without the permission of the Chair (Interruption)

ਸਰਦਾਰ ਉਮਰਾਓ ਸਿੰਘ : ਕੈਪਟਨ ਸਾਹਿਬ ਨੇ ਕੰਟਸੈਂਟ ਮੰਗ ਕੀਤੀ ਅਤੇ ਰਿਫ਼ਿਊਜ਼ ਨਹੀਂ ਕੀਤਾ ਗਿਆ । ਪੇਪਰ ਲੇ ਹੋ ਗਿਆ, ਉਸ ਵੇਲੇ ਓਬਜੈਕਟ ਨਹੀਂ ਕੀਤਾ ਗਿਆ । ਉਸ ਦੇ 5 ਮਿੰਟ ਬਾਦ ਰਿਫ਼ਿਊਜ਼ ਕੀਤਾ । 5

ਸ੍ਰੀ ਸਪੀਕਰ : ਤੁਸੀਂ ਇਹ ਪੇਪਰ ਰਖ ਦਿਤਾ, ਚੇਅਰਮੈਨ ਸਾਹਿਬ ਨੇ ਐਗਜ਼ਾਮਿਨ ਕੀਤਾ ਅਤੇ ਰਿਫ਼ਿਊਜ਼ ਕਰ ਦਿਤਾ । (You placed the paper there. The Chairman then examined it and thereafter he refused the permission to place it on the Table of the House.)

ਸਰਦਾਰ ਉਮਰਾਓ ਸਿੰਘ : ਪੰਜ ਮਿੰਟ ਬਾਦ ਉਨ੍ਹਾਂ ਦੇ ਸੈਕਰੀਟੇਰੀਏਟ ਨੇ ਉਨ੍ਹਾਂ ਦੇ ਨੋਟਿਸ ਵਿਚ ਲਿਆਂਦਾ। ਮੈਂ ਸਮਝਦਾ ਹਾਂ ਕਿ ਸੈਕਰੀਟੇਰੀਏਟ ਦੀ ਕੋਈ ਡਿਊਟੀ ਨਹੀਂ। ਸੈਕਰੀਟੇਰੀਏਟ ਹੈਲਪ ਕਰਨ ਵਾਸਤੇ ਹੈ ਗਾਈਡ ਕਰਨ ਵਾਸਤੇ ਨਹੀਂ।

Sir, the Secretariat has exceeded its limit. It is to assist the Speaker and not to guide the Speaker.

Captain Rattan Singh : On a point of order Sir. My submission is that, Sir, Rule 107 specifically permits an hon. Member to lay a paper on the Table of the House.

Mr. Speaker : It can only be laid on the Table of the House with the consent of the Chair.

Captain Rattan Singh : I had specifically made a request to the Chairman "Am I permitted to lay a paper on the Table of the House" ?

Mr. Speaker : Did the Chairman give you permission to lay a paper on the Table of the House ?

ਕੈਪਟਨ ਰਤਨ ਸਿੰਘ : ਅਲ ਖਾਮੋਸ਼ੀ ਨੀਮ ਰਜ਼ਾ (ਵਿਘਨ) Sir, neither he permitted nor refused.

ਸ਼੍ਰੀ ਸਪੀਕਰ : ਇਹ ਤੁਹਾਡੇ ਕਹਿਣ ਦੇ ਮੁਤਾਬਕ ਵੀ ਨੀਮ ਰਜ਼ਾ ਸੀ, ਕੰਪਲੀਟ ਕੰਨਸੈਂਟ ਨਹੀਂ ਸੀ। (According to the hon. Member himself it was "Neem Raza" (half consent) and not complete consent.)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਇਕ ਆਨਰੇਬਲ ਮੈਂਬਰ ਦਾ ਹੱਕ ਹੈ, ਜੇ ਕਰ ਕੋਈ ਮੈਂਬਰ ਆਪਣੀ ਸਪੀਚ ਵਿਚ ਕੋਈ ਡਾਕੂਮੈਂਟ ਰੈਫਰ ਕਰਦਾ ਹੈ, ਅਤੇ ਮੈਂ ਉਸ ਨੂੰ ਕਹਾਂ ਕਿ ਪੇਪਰ ਟੇਬਲ ਤੇ ਰਖਿਆ ਜਾਵੇ। ਅਸੀਂ ਮੰਗ ਕੀਤੀ ਤੇ ਕੈਪਟਨ ਸਾਹਿਬ ਨੇ ਮੇਜ਼ ਤੇ ਉਹ ਪੇਪਰ ਰੱਖ ਦਿਤਾ। ਕਿਸੇ ਨੇ ਓਬਜੈਕਟ ਨਹੀਂ ਕੀਤਾ। ਇਸ ਬਾਰੇ ਤੁਹਾਡੀ ਰੂਲਿੰਗ ਕਲੀਅਰ ਹੈ ਕਿ ਹਾਊਸ ਦੀ ਮੰਗ ਤੇ ਹਾਊਸ ਦੀ ਕੰਨਸੈਂਟ ਨਾਲ ਪੇਪਰ ਲੇ ਕੀਤਾ ਜਾ ਸਕਦਾ ਹੈ। ਕੌਲ ਅਤੇ ਸ਼ਕਦਰ ਵਿਚ ਕਲੀਅਰਲੀ ਲਿਖਿਆ ਹੋਇਆ ਹੈ ਕਿ ਦੀ ਸਪੀਕਰ ਇਜ਼ ਟੂ ਐਕਟ ਐਕੌਰਡਿੰਗ ਟੂ ਦੀ ਕਨਸੈਂਸਸ ਆਫ਼ ਦੀ ਹਾਊਸ। ਅਗਰ ਸਾਰਾ ਹਾਊਸ ਚਾਹੁੰਦਾ ਹੈ ਕਿ ਪੇਪਰ ਰਖ ਦਿਤਾ ਜਾਏ, ਔਰ ਪੇਪਰ ਰਖ ਦਿਤਾ ਗਿਆ ਚਾਹੇ ਗ਼ਲਤ ਹੈ ਚਾਹੇ ਸਹੀ, ਹੁਣ ਉਸ ਵਿਚ ਕਿਹੜਾ ਪਹਾੜ ਡਿਗਣ ਲਗਾ ਹੈ। ਅਤੇ ਫ਼ਿਰ ਇਹ ਪੇਪਰ ਪੜ੍ਹਨ ਤੋਂ ਬਾਅਦ ਲੇ ਕੀਤਾ ਗਿਆ ਹੈ ...।

(Interruptions and noise in the House).

Mr. Speaker : I would like to bring to the notice of the House the direction which was issued by one of my predecessors on 30.4.1965 on this subject, It says :—

> "If in the course of his speech, a Member wishes to lay a paper or document on the Table without previously supplying a copy thereof to the Speaker, he may hand it over at the Table but it will not be deemed to have been laid on the Table unless the Speaker, after examination, accords the necessary permission. (Cheers).

If the Speaker does not accord the necessary permission, the paper or document shall be returned to the Member and the fact indicated in the printed debate."

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਸ ਮਾਮਲੇ ਨੂੰ ਹਾਲੇ ਪੈਂਡਿੰਗ ਰਖ ਲਓ ... (ਵਿਘਨ) ਆਪ ਐਗਜ਼ਾਮਿਨ ਕਰ ਲਓ ।

ਸਰਦਾਰ ਉਮਰਾਓ ਸਿੰਘ : ਆਪ ਦੇ ਪਰੈਡੀਸੈਸਰ ਨੇ ਜੋ ਕਿਹਾ ਸੀ ਉਹ ਆਪ ਐਗਜ਼ਾਮਿਨ ਕਰ ਲਓ, ਪਰੀਸੀਡੈਂਟਸ ਦੇਖ ਲਓ ।

ਸ਼੍ਰੀ ਸਪੀਕਰ : ਉਹ ਕਹਿੰਦੇ ਹਨ ਕਿ ਮੈਂ ਕਨਸੈਂਟ ਨਹੀਂ ਦਿਤੀ । ਉਨ੍ਹਾਂ ਦੀ ਚੁਪ ਨੂੰ ਅਗਰ ਨੀਮ ਰਜ਼ਾ ਸਮਝਣਾ ਹੈ ਤਾਂ ਨੀਮ ਰਜ਼ਾ ਅਤੇ ਰਜ਼ਾ ਵਿਚ ਫਰਕ ਹੈ (ਵਿਘਨ) ਉਹ ਰੂਲਿੰਗ ਦੇ ਚੁਕੇ ਹਨ । (The Chairman says that he did not give the consent for laying the paper on the Table of the House. If the hon. Member has taken his silence as half consent, then there is a difference between half consent and actual consent. (Interruption) He has already given his Ruling.)

Sardar Umrao Singh : Sir, the matter may be kept pending till you have examined the paper.

ਸ਼੍ਰੀ ਸਪੀਕਰ : ਚੇਅਰਮੈਨ ਸਾਹਿਬ ਰੂਲਿੰਗ ਦੇ ਚੁਕੇ ਹਨ— । (Mr. Chairman has already given his Ruling.)

There is also a precedent of Lok Sabha on this subject. I would like to quote from the book entitled 'Practice and Procedure of Parliament' by Kaul and Shakdher. At page 800 of this book, it has been stated—

"Generally-speaking, a private member is not allowed to lay a document or paper on the Table. He can, however, do so if he is so authorised by the Speaker."

VOTE-ON-ACCOUNT BUDGET, 1971-72 (RESUMPTION OF DISCUSSION)

ਸਰਦਾਰ ਰਾਜਾ ਸਿੰਘ : (ਮੋਰਿੰਡਾ, ਐਸ. ਸੀ.) ਸਰਦਾਰ ਉਮਰਾਓ ਸਿੰਘ ਪਹਿਲਾਂ ਫੈਸਲਾ ਕਰ ਲਓ ਕਿ ਆਪ ਦੀ ਪਾਰਟੀ ਦਾ ਐਲ. ਆਰ. ਕਿਹੜਾ ਹੈ—ਆਪ ਜਾਂ ਕੈਪਟਨ ਰਤਨ ਸਿੰਘ ... (ਵਿਘਨ) ਸਪੀਕਰ ਸਾਹਿਬ, ਇਸ ਸਦਨ ਦੀ ਮੇਜ਼ ਤੇ ... ।

ਸ਼੍ਰੀ ਸਪੀਕਰ : ਆਪ ਨੂੰ 5 ਮਿੰਟ ਦਾ ਸਮਾਂ ਦਿਤਾ ਹੈ । (The hon. Member is given five minutes for his speech.)

ਸਰਦਾਰ ਰਾਜਾ ਸਿੰਘ : ਸਪੀਕਰ ਸਾਹਿਬ, ਸਾਡੀ ਪਾਰਟੀ ਨੂੰ ਤਾਂ ਟਾਈਮ ਹੀ ਨਹੀਂ ਮਿਲਿਆ । (ਵਿਘਨ) ਸਪੀਕਰ ਸਾਹਿਬ, ਇਹ ਜੋ 319.19 ਕਰੋੜ ਰੁਪਏ ਦਾ ਜੋ ਟੈਕਸ ਫਰੀ ਬਜਟ ਮੇਰੀ ਅਕਾਲੀ ਪਾਰਟੀ ਦੀ ਸਰਕਾਰ ਨੇ ਪੇਸ਼ ਕੀਤਾ ਹੈ ਇਸ ਸਬੰਧ ਵਿਚ ਮੈਂ ਆਪਣੇ ਫਾਈਨੈਂਸ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ । (ਤਾੜੀਆਂ) ਇਹ ਇਕ ਇਨਕਲਾਬੀ ਬਜਟ ਹੈ ਅਤੇ ਇਹ ਉਨਾਂ ਨੇ

[ਸਰਦਾਰ ਰਾਜਾ ਸਿੰਘ]

ਪੇਸ਼ ਕਰ ਕੇ ਕਮਾਲ ਕੀਤਾ ਹੈ । (ਵਿਘਨ) ਬਗੈਰ ਕਿਸੇ ਟੈਕਸ ਲਾਏ ਇਹ ਬਜਟ ਪੇਸ਼ ਕਰ ਕੇ ਸਰਕਾਰ ਨੇ ਪੰਜਾਬ ਦੇ ਲੋਕਾਂ ਦੀ ਪੁਰਾਣੀ ਮੰਗ ਨੂੰ ਪੂਰਾ ਕੀਤਾ ਹੈ । ਇਥੇ ਅਪੋਜ਼ੀਸ਼ਨ ਦੇ ਦੋਸਤਾਂ ਨੇ ਆਪਣੀਆਂ ਸਪੀਚਾਂ ਵਿਚ ਕਈ ਗੱਲਾਂ ਕੀਤੀਆਂ ਹਨ । ਇਹ ਅਫ਼ਸੋਸ ਦੀ ਗੱਲ ਹੈ ਕਿ ਜਿਸ ਪਾਰਟੀ ਨੇ ਇਥੇ 20 ਸਾਲ ਰਾਜ ਕੀਤਾ ਹੋਵੇ ਅਤੇ ਜਿਸ ਦਾ ਹਾਲੇ ਵੀ ਸੈਂਟਰ ਵਿਚ ਰਾਜ ਹੋਵੇ ਉਸ ਦੇ ਮੈਂਬਰ ਇਸ ਤਰ੍ਹਾਂ ਦੀਆਂ ਗੱਲਾਂ ਕਰਨ । ਇਥੇ ਇਹ ਜਿੰਨੇ ਵੀ ਸੱਜਣ ਬੋਲੇ ਹਨ ਉਨ੍ਹਾਂ ਨੇ ਇਸ ਬੱਜਟ ਦੀਆਂ ਖਾਮੀਆਂ ਦਾ ਜ਼ਿਕਰ ਕੀਤਾ ਹੈ ਪਰ ਕੋਈ ਵੀ ਚੰਗਾ ਸੁਝਾ ਨਹੀਂ ਦਿਤਾ । ਉਨ੍ਹਾਂ ਦੀਆਂ ਸਪੀਚਾਂ ਤੋਂ ਪਤਾ ਲਗਦਾ ਸੀ ਕਿ 'ਵਕਤੋਂ ਖੁੰਝੀ ਡੂਮਨੀ ਗਾਵੇ ਆਲ ਬੇਤਾਲ' ਇਥੇ ਇਨ੍ਹਾਂ ਦੇ ਇਕ ਮੈਂਬਰ ਨੇ ਕਿਹਾ ਕਿ ਜੇ ਕੁਤੇ ਦਾ ਮਾਸ ਵੇਚਣਾ ਹੋਵੇ ਤਾਂ ਬਕਰੇ ਦੀ ਖਲੜੀ ਬਾਹਰ ਲਟਕਾਈਦੀ ਹੈ । ਇਸ ਤਰ੍ਹਾਂ ਦੀਆ ਗੱਲਾਂ ਕਹੀਆਂ ਗਈਆਂ । ਜਿਸ ਮੈਂਬਰ ਸਾਹਿਬ ਨੇ ਇਹ ਗਲ ਕਹੀ ਉਨ੍ਹਾਂ ਨੂੰ ਦਰਅਸਲ ਮਾਸ ਅਤੇ ਡੰਗਰਾਂ ਨਾਲ ਪਿਆਰ ਹੈ । ਉਹ ਆਪ ਵੀ ਪੰਜਾਬ ਦੇ ਰਾਜਭਾਗ ਦੇ ਹਿੱਸੇਦਾਰ ਰਹੇ ਹਨ । ਜਦੋਂ ਇਹ ਡਿਪਟੀ ਮਨਿਸਟਰ ਸਨ ਤਾਂ ਇਨ੍ਹਾਂ ਨੇ ਲੋਕਾਂ ਨੂੰ ਸਸਤੇ ਭਾ ਤੇ ਬੀਜ ਦੇਣ ਦੀ ਸਕੀਮ ਦੇ ਤਹਿਤ ਲੋਕਾਂ ਨੂੰ ਸਸਤੇ ਭਾ ਤੇ ਬੀਜ ਸਪਲਾਈ ਕਰਨ ਦੇ ਨਾਂ ਤੇ ਬਲੈਕ ਵਿਚ ਬੀਜ ਵੇਚ ਕੇ ਆਪਣੀ ਤਜੋਰੀ ਭਰੀ (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਮੇਰੇ ਦੋਸਤ ਨੇ ਇਕ ਡੇਰੀ ਫਾਰਮ ਬਣਾਇਆ ਅਤੇ ਉਸ ਲਈ ਪੰਜਾਬ ਸਰਕਾਰ ਤੋਂ ਕਰਜ਼ਾ ਲਿਆ । ਕਰਜ਼ੇ ਨਾਲ ਮਝਾਂ ਨਹੀਂ ਖਰੀਦੀਆਂ ਸਗੋਂ ਨਾਲ ਦੇ ਪਿੰਡ ਤੋਂ ਮਝਾਂ ਦੇ ਸਿੰਗ ਤੇ ਖੱਲਾਂ ਵਿਖਾ ਕੇ ਉਸ ਕਰਜ਼ ਨੂੰ ਰਾਈਟ ਆਫ਼ ਕਰਾਉਣ ਦੀ ਕੋਸ਼ਿਸ਼ ਕੀਤੀ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਇਹ ਕਰੈਕਟਰ ਹੈ ਇਨ੍ਹਾਂ ਦਾ । ਸਰਦਾਰ ਲਛਮਣ ਸਿੰਘ ਵੇਲੇ ਜੋ ਪੰਜਾਬ ਦੀ ਹਾਲਤ ਹੋਈ ਸੀ ... ਮੈਂ ਉਨ੍ਹਾਂ ਦਾ ਨਾਂ ਦੁਹਰਾਣਾ ਨਹੀਂ ਚਾਹੁੰਦਾ । (ਵਿਘਨ) ਸਰਦਾਰ ਗੁਰਨਾਮ ਸਿੰਘ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਪਿਛਲੀ ਵਾਰ ਜਦੋਂ ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਫਾਲ ਹੋਈ ਸੀ ਤਾਂ ਇਹੀ ਭਾਈ ਸਰਦਾਰ ਗੁਰਨਾਮ ਸਿੰਘ ਨੂੰ ਦੁਧ ਧੋਤਾ ਸਮਝਦੇ ਸਨ ਅਤੇ ਪੈਰੀਂ ਪੈਂਦੇ ਸੀ ਕਿ ਤੁਸੀਂ ਫਿਰ ਮੁੱਖ ਮੰਤਰੀ ਬਣ ਜਾਓ । ਪਰ ਸਰਦਾਰ ਗੁਰਨਾਮ ਸਿੰਘ ਨੇ ਇਨ੍ਹਾਂ ਨੂੰ ਦੁਰਕਾਰ ਦਿਤਾ ਅਤੇ ਕੇਲੇ ਦੀ ਛਿਲ ਵਾਂਗ ਲਾਹ ਕੇ ਸੁਟ ਦਿਤਾ । (ਤਾੜੀਆਂ) ਮੈਂ ਬਜਟ ਨੂੰ ਇਨਕਲਾਬੀ ਅਤੇ ਕਰਾਮਾਤੀ ਬਜਟ ਕਹਿੰਦਾ ਹਾਂ । ਇਸ ਲਈ ਇਸ ਰਾਹੀਂ ਅੰਗਰੇਜ਼ਾਂ ਦੇ ਵਕਤ ਤੋਂ ਚਲੀ ਆ ਰਹੀ ਹਰੀਜਨਾਂ ਤੇ ਲੱਗੇ ਚੌਕੀਦਾਰੇ ਦੀ ਲਾਅਨਤ ਨੂੰ ਦੂਰ ਕੀਤਾ ਹੈ । 1872 ਵਿਚ ਚੌਕੀਦਾਰਾ ਐਕਟ ਬਣਿਆ, 1921 ਵਿਚ ਪੰਜਾਬ ਸਰਕਾਰ ਨੇ ਇਸ ਨੂੰ ਪਰੈਕਟੀਕਲ ਸ਼ੇਪ ਦਿਤੀ । ਅੰਗਰੇਜ਼ ਤਾਂ ਵਿਦੇਸ਼ੀ ਸਨ ਪਰ ਇਹ ਭਾਈ ਜੋ 20 ਸਾਲ ਇਥੇ ਬੈਠੇ ਰਹੇ ਇਹ ਤਾਂ ਮਹਾਤਮਾ ਗਾਂਧੀ ਦਾ ਨਾਮ ਲੈਣ ਦਾ ਦਮ ਭਰਦੇ ਸਨ । ਇਹ ਜੋ ਉਨ੍ਹਾਂ ਦੀ ਸੇਵਾ ਕਰਨ ਦੇ ਦਾਅਵੇ ਕਰਦੇ ਸਨ ਇਨ੍ਹਾਂ ਤੋਂ ਇਹ ਲਾਅਨਤ ਦੂਰ ਨਹੀਂ ਹੋਈ ਸਗੋਂ ਉਨ੍ਹਾਂ ਦੀ ਜ਼ਿੰਦਗੀ ਇਨ੍ਹਾਂ ਨੇ ਕਿਸਮ ਕਿਸਮ ਦੇ ਟੈਕਸਾਂ ਦੇ ਭਾਰ ਨਾਲ ਦੂਭਰ ਬਣਾਈ ਹੋਈ ਸੀ । ਇਨ੍ਹਾਂ ਦੀ ਸਰਕਾਰ, ਜੋ ਇਥੇ 20 ਸਾਲ ਰਹੀ, ਨੇ ਲੋਕਾਂ ਤੇ ਬਹੁਤ ਸਾਰੇ ਇਨਡਾਇਰੈਕਟ ਟੈਕਸ ਲਾਏ ਅਤੇ ਲੋਕਾਂ ਨੂੰ ਇਹ ਲੁਟਦੇ ਰਹੇ । ਇਨਡਾਇਰੈਕਟ ਟੈਕਸ ਇਸ ਲਈ ਲਾਏ ਕਿ ਲੋਕਾਂ ਤੇ ਭਾਰ ਤਾਂ ਪਵੇ ਪਰ ਇਨ੍ਹਾਂ ਦਾ ਚਿਹਰਾ ਬੇਨਕਾਬ ਨਾ ਹੋਵੇ । ਪਰ ਇਸ ਮੇਰੀ ਪੰਜਾਬ ਸਰਕਾਰ ਨੇ ਡਾਇਰੈਕਟ ਟੈਕਸ ਲਾ ਕੇ ਆਮ ਜਨਤਾ ਦੀ ਸੇਵਾ ਕੀਤੀ ਹੈ । ਇਹ ਟੈਕਸ ਮੋਟੇ ਲੋਕਾਂ ਤੇ ਲਾਏ ਗਏ ਹਨ । ਪਹਿਲਾਂ ਸਿਨਮਿਆਂ ਤੇ ਟੈਕਸ ਹੁੰਦਾ ਸੀ ਜੋ ਆਮ ਲੋਕਾਂ ਤੇ ਪੈਂਦਾ ਸੀ ਇਸ ਸਰਕਾਰ ਨੇ ਸਿਨਮਾ ਸ਼ੋਜ਼ ਤੇ ਟੈਕਸ ਲਾ ਕੇ ਕਮਾਲ ਕੀਤਾ । ਗ਼ਰੀਬਾਂ ਲਈ ਖਜ਼ਾਨੇ ਵਿਚ ਪੈਸਾ ਵੀ ਆਇਆ ਅਤੇ ਗ਼ਰੀਬਾਂ ਤੇ ਭਾਰ ਵੀ ਨਹੀਂ ਪਾਇਆ । ਫਿਰ ਸਟੇਜ਼ ਗਡੀਆਂ ਤੇ ਅਤੇ ਜੰਗਲੀ ਜਾਨਵਰਾਂ ਤੇ ਟੈਕਸ ਲਾ ਕੇ ਠੀਕ ਗੱਲ ਕੀਤੀ ਹੈ, ਕੁਝ ਹੀ ਮੋਟੇ ਲੋਕਾਂ ਤੇ ਟੈਕਸ ਲਾ ਕੇ ਗਰੀਬਾਂ ਨੂੰ ਛਡਿਆ ਹੈ । ਫਿਰ

ਜੋ ਖਾਦ ਫੈਕਟਰੀ ਹੈ। ਜਦੋਂ ਇਨ੍ਹਾਂ ਭਾਈਆਂ ਦਾ ਰਾਜਭਾਗ ਸੀ ਤਾਂ ਇਨ੍ਹਾਂ ਨੇ ਪੰਜਾਬ ਦੀ ਸਾਰੀ ਬਿਜਲੀ ਕੁਝ ਦਿੱਲੀ ਨੂੰ ਤੇ ਕੁਝ ਰਾਜਸਥਾਨ ਨੂੰ ਦੇ ਛੱਡੀ।

ਇਹ ਜਿਹੜੇ ਦਿੱਲੀ ਵਿਚ ਬੈਠੇ ਭਰਾਵਾਂ ਨੂੰ ਖੁਸ਼ ਕਰਦੇ ਰਹੇ ਕਿ ਇਨ੍ਹਾਂ ਦੇ ਪਖਿਆਂ ਦੀ ਸਪੀਡ ਨਾ ਘਟ ਜਾਵੇ ਜਾਂ ਇਹਨਾਂ ਦੇ ਹੀਟਰਾਂ ਵਿਚ ਸੇਕ ਨਾ ਘਟ ਜਾਵੇ, ਇਨ੍ਹਾਂ ਨੂੰ ਕੀ ਹਮਦਦਰਦੀ ਸੀ ਪੰਜਾਬ ਦੇ ਲੋਕਾਂ ਨਾਲ। ਪੰਜਾਬ ਦੇ ਕਿਸਾਨ ਨਾਲ, ਪਰ ਅੱਜ ਮੇਰੇ ਪੰਜਾਬ ਦੀ ਸਰਕਾਰ ਨੇ ਖਾਦ ਫੈਕਟਰੀ ਦੀ ਬਿਜਲੀ ਦੀ ਕੰਜ਼ਪਸ਼ਨ ਤੇ ਡਿਊਟੀ ਵਧਾ ਕੇ ਚੰਗਾ ਫਾਇਦਾ ਕੀਤਾ ਹੈ ਅਤੇ ਇਹ ਜਿਹੜਾ ਰੁਪਿਆ ਇਕੱਠਾ ਹੋਵੇਗਾ ਇਹ ਪੰਜਾਬ ਦੀ ਡਿਵੈਲਪਮੈਂਟ ਤੇ ਖਰਚ ਕੀਤਾ ਜਾਵੇਗਾ ਇਸ ਲਈ ਮੈਂ ਕਿਉਂ ਨਾ ਇਸ ਬਜਟ ਨੂੰ ਇਨਕਲਾਬੀ ਬਜਟ ਕਹਾਂ। ਅਤੇ ਕਿਉਂ ਨਾ ਸਰਦਾਰ ਬਲਵੰਤ ਸਿੰਘ ਨੂੰ ਇਸ ਬਜਟ ਦੇ ਪੇਸ਼ ਕਰਨ ਤੇ ਵਧਾਈ ਦੇਵਾਂ।

ਇਸ ਤੋਂ ਅਗੇ ਮੈਂ ਸਪੀਕਰ ਸਾਹਿਬ, ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੇਰਾ ਖਿਆਲ ਸੀ ਕਿ ਕਾਂਗਰਸੀ ਭਰਾ ਜਿਹੜੇ ਬੋਲਣਗੇ ਇਹ ਕੁਝ ਠੋਸ ਤਜਵੀਜ਼ਾਂ ਸਾਹਮਣੇ ਲਿਆਉਣਗੇ ਪਰ ਇਨ੍ਹਾਂ ਨੇ ਤਾਂ ਡੂਮਣੀ ਵਾਲਾ ਰੋਣਾ ਹੀ ਪਿਟਿਆ ਹੈ ਇਨ੍ਹਾਂ ਨੇ ਪੰਜਾਬ ਦੀ ਇੰਡਸਟਰੀ ਨੂੰ ਤਰੱਕੀ ਦੇਣ ਲਈ ਹਰੀਜਨਾਂ ਦੇ ਕਲਿਆਣ ਦੇਣ ਲਈ ਕੋਈ ਸਕੀਮ ਜਾਂ ਤਜਵੀਜ਼ ਪੇਸ਼ ਨਹੀਂ ਕੀਤੀ। ਇਨ੍ਹਾਂ ਨੂੰ ਤਾਂ ਕੇਵਲ ਕੁਰਸੀਆਂ ਕਾਇਮ ਕਰਨ ਦੀ ਹਵਸ ਹੈ ਜਿਹੜੀਆਂ ਕਿ ਇਨ੍ਹਾਂ ਤੋਂ ਖੁਸ ਗਈਆਂ ਹਨ ਅਤੇ ਹੁਣ ਇਹ ਪੂਰੀ ਨਹੀਂ ਹੋਣ ਵਾਲੀ। ਇਨ੍ਹਾਂ ਦਾ ਤਾਂ ਕਲੇਮ ਹੁਣ ਟਾਇਮ ਬਾਰਡ ਹੋ ਗਿਆ ਹੈ। ਮੈਂ ਇਸ ਪੰਜਾਬ ਸਰਕਾਰ ਨੂੰ ਵਧਾਈ ਕਿਉਂ ਨਾ ਦੇਵਾਂ ਕਿ ਇਨ੍ਹਾਂ ਨੇ 10 ਕਰੋੜ ਰੁਪਿਆ ਸੜਕਾਂ ਲਈ ਰਖਿਆ ਹੈ (ਵਿਘਨ) ਇਸ ਸਰਕਾਰ ਨੇ ਇਸ 10 ਕਰੋੜ ਰੁਪਏ ਨਾਲ 11983 ਕਿਲੋ ਮੀਟਰ ਸੜਕਾਂ ਤਿਆਰ ਕਰਨੀਆਂ ਹਨ (ਪ੍ਰਸੰਸਾ) ਇਨ੍ਹਾਂ ਸੜਕਾਂ ਦੇ ਤਿਆਰ ਹੋ ਜਾਣ ਨਾਲ ਪੰਜਾਬ ਦੀ ਕਾਯਾ ਕਲਪ ਹੋ ਜਾਵੇਗੀ। ਸਪੀਕਰ ਸਾਹਿਬ, ਮੈਂ ਤਾਂ ਇਹ ਕਹਾਂਗਾ ਕਿ ਸੜਕਾਂ "ਦੀ ਕੈਨਾਲਜ਼ ਆਫ ਸਿਵਲੀਜ਼ੇਸ਼ਨ" ਹਨ ਇਸ ਸਭਯਤਾ ਦੇ ਮੰਬੇ ਹਨ। ਇਨ੍ਹਾਂ ਨਾਲ ਲੋਕਾਂ ਨੂੰ ਆਵਾਜਾਈ ਵਿਚ ਆਰਾਮ ਮਿਲੇਗਾ ਅਤੇ ਕਿਸਾਨ ਦੀ ਉਪਜ ਨੂੰ ਗਡੀਆਂ ਵਿਚ ਲਿਜਾਣ ਵਿਚ ਸਹੂਲਤ ਮਿਲੇਗੀ ਇਸ ਦੇ ਨਾਲ ਹੀ ਸੜਕਾਂ ਇੰਨਡਸਟਰੀ ਦੇ ਵਿਕਾਸ ਵਿਚ ਸਹਾਈ ਹੋਣਗੀਆਂ।

ਇਕ ਬੇਨਤੀ ਕਰਾਂਗਾਂ ਕਿ ਮੇਰੇ ਸਾਹਮਣੇ ਬੈਠੇ ਵੀਰ ਰੌਲਾ ਪਾਉਂਦੇ ਫਿਰਦੇ ਹਨ ਪਰ ਇਨ੍ਹਾਂ ਨੇ ਵੀਹ ਸਾਲਾਂ ਵਿਚ ਸ਼ਹਿਰੀ ਹਲਕਿਆਂ ਨੂੰ ਫਾਇਦਾ ਪਹੁੰਚਾਣ ਦੇ ਯਤਨ ਕੀਤੇ ਹਨ। ਅਤੇ ਹਮੇਸ਼ਾ ਸ਼ਹਿਰਾਂ ਦੇ ਮੁਫਾਦ ਨੂੰ ਸਾਹਮਣੇ ਰਖਿਆ ਹੈ ਅਤੇ ਪਿੰਡਾਂ ਦੇ ਹਿਤਾਂ ਨੂੰ ਇਗਨੋਰ ਕੀਤਾ ਹੈ। ਮੈਨੂੰ ਇਸ ਗਲ ਦਾ ਦੁਖ ਨਹੀਂ ਕਿ ਸ਼ਹਿਰਾਂ ਵਲ ਕਿਉਂ ਧਿਆਨ ਦਿਤਾ ਗਿਆ ਹੈ ਅਤੇ ਇਨ੍ਹਾਂ ਵਲ ਧਿਆਨ ਦੇਣਾ ਚਾਹੀਦਾ ਸੀ ਪਰ ਇਸ ਦੇ ਨਾਲ ਹੀ ਪਿਡਾਂ ਦੇ ਹਿਤਾਂ ਨੂੰ ਅਖੋਂ ਉਹਲੇ ਰਖਿਆ ਗਿਆ ਹੈ ਪਰ ਇਹ ਜਿਹੜਾ ਬਜਟ ਸਰਦਾਰ ਬਲਵੰਤ ਸਿੰਘ ਹੋਰਾਂ ਪੇਸ਼ ਕੀਤਾ ਹੈ ਇਸ ਵਿਚ 80% ਖਰਚ ਗ਼ਰੀਬਾਂ ਦੀ ਭਲਾਈ ਲਈ ਕੀਤਾ ਜਾਣਾ ਹੈ ਗ਼ਰੀਬ ਲੋਕਾਂ ਤਕ ਪਹੁੰਚਣ ਲਈ ਕੀਤਾ ਗਿਆ ਹੈ। (ਪ੍ਰਸੰਸਾ) ਇਸ ਸਬੰਧ ਵਿਚ ਇਸ ਸਰਕਾਰ ਨੇ 1 ਲਖ 20 ਹਜ਼ਾਰ ਟਿਯੂਬਵੈੱਲ ਲਗਾਣ ਦਾ ਫੈਸਲਾ ਕੀਤਾ ਹੈ। ਪੰਜਾਬ ਦਾ ਕਿਸਾਨ ਪਾਣੀ ਤੋਂ ਬਿਨਾ ਰਹਿੰਦਾ ਰਿਹਾ। ਪਰ ਇਸ ਸਰਕਾਰ ਨੇ ਇਹ ਇਕ ਯੋਗ ਕਦਮ ਉਠਾਇਆ ਹੈ ਮੈਂ ਕਿਉਂ ਨਾ ਇਸ ਸਰਕਾਰ ਨੂੰ ਵਧਾਈ ਦੇਵਾਂ। ਜਿਹੜੇ ਗ਼ਰੀਬ ਲੋਕ ਪਾਣੀ ਦੇ ਕਤਰੇ ਨੂੰ ਤਰਸਦੇ ਸਨ ਅਤੇ ਜੇਕਰ ਕੁਦਰਤੀ ਪਾਣੀ ਦਾ ਤੁਬਕਾ ਨਹੀਂ ਸੀ ਆਂਦਾ ਤਾਂ ਉਨ੍ਹਾਂ ਦੇ ਚਿਹਰੇ ਮੁਰਝਾ ਜਾਂਦੇ ਸਨ ਅਤੇ ਇਸ ਗਲ ਨੂੰ ਸਾਹਮਣੇ ਰਖ ਕੇ ਲੋਕਾਂ ਨੇ ਇਸ ਸਰਕਾਰ ਲਈ ਆਪਣਾ ਵਰਡਿਕਟ ਦਿਤਾ ਅਤੇ ਇਹ ਸਰਕਾਰ ਪਾਵਰ ਵਿਚ ਆਈ ਇਸ ਨੇ ਉਨ੍ਹਾਂ ਦੇ ਹਿਤ ਨੂੰ ਸਾਹਮਣੇ

[ਸਰਦਾਰ ਰਾਜਾ ਸਿੰਘ]

ਰਖ ਕੇ ਇਹ ਫੈਸਲਾ ਟਿਊਬਵੈਲਾਂ ਦੇ ਬਾਰੇ ਵਿਚ ਕੀਤਾ ਹੈ । ਪੰਜਾਬ ਸਰਕਾਰ ਨੇ ਜਿਹੜਾ ਵਾਹਿਦਾ ਵੋਟਰਾਂ ਨਾਲ ਕੀਤਾ ਸੀ ਉਸ ਨੂੰ ਪੂਰਾ ਕਰ ਵਿਖਾਖਿਆ ਹੈ ।

ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਹ ਇਕ ਅਗਾਂਹ ਵਧੂ ਬੱਜਟ ਹੈ । ਜਿਸ ਵਿਚ ਸਰਕਾਰ ਨੇ ਟਿਊਬਵੈਲ ਲਗਾਣ ਦਾ ਫੈਸਲਾ ਕੀਤਾ ਹੈ ਤਾਂ ਕਿ ਕਿਸਾਨ ਨੂੰ ਖੇਤੀ ਲਈ ਪਾਣੀ ਮਿਲ ਸਕੇ ।

ਫਿਰ ਇਸ ਸਰਕਾਰ ਨੇ ਪਿੰਡਾਂ ਨੂੰ ਸਵਰਗ ਬਣਾਉਣ ਦਾ ਫੈਸਲਾ ਕੀਤਾ ਹੈ । ਜਦ ਅਸੀਂ ਸ਼ਹਿਰਾਂ ਵਿਚ ਜਾਂਦੇ ਸੀ ਤਾਂ ਉਥੇ ਮਾਡਲ ਟਾਊਨ ਵੇਖਦੇ ਸੀ ਤਾਂ ਦੁਖ ਹੁੰਦਾ ਸੀ ਕਿ ਪਿੰਡਾਂ ਵਾਲੇ ਸਹੀ ਤਾਕਤ ਇਨ੍ਹਾਂ ਨੂੰ ਦਿੰਦੇ ਹਨ ਅਤੇ ਖਜ਼ਾਨੇ ਵਿਚ ਸਾਰਿਆਂ ਤੋਂ ਵਧ ਟੈਕਸ ਦਿੰਦੇ ਸਨ ਪਰ ਲਾਭ ਸ਼ਹਿਰਾਂ ਨੂੰ ਪਹੁੰਚਾਇਆ ਜਾਂਦਾ ਸੀ ਇਸ ਗੱਲ ਵੱਲ ਕਿਸੇ ਵੀ ਪਹਿਲੀਆਂ ਸਰਕਾਰਾਂ ਨੇ ਕੋਈ ਧਿਆਨ ਨਹੀਂ ਦਿਤਾ । ਪਰ ਇਸ ਸਰਕਾਰ ਨੇ ਮਾਡਲ ਗ੍ਰਾਮ ਬਨਾਣ ਦਾ ਫ਼ੈਸਲਾ ਕੀਤਾ ਹੈ ਇਸ ਦੇ ਬਾਰੇ ਵਿਚ ਮੈਂ ਕੁਝ ਸੁਜੈਸ਼ਨਾਂ ਵੀ ਸਰਕਾਰ ਨੂੰ ਭੇਜਾਂਗਾ ਕਿ ਕਿਸ ਤਰ੍ਹਾਂ ਇਨ੍ਹਾਂ ਨੂੰ ਕਾਇਮ ਕੀਤਾ ਜਾਵੇ ਪਰ ਮੈਂ ਇਸ ਸਮੇਂ ਸਮੁਚੇ ਤੌਰ ਤੇ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਸ ਨੇ ਮਾਡਲ ਗ੍ਰਾਮਾਂ ਲਈ 10 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ । (ਘੰਟੀ)

ਮੈਂ ਬਸ ਵਾਇੰਡ ਅਪ ਹੀ ਕਰਨ ਲਗਾ ਹਾਂ ਹੋਰ 5 ਮਿੰਟਾਂ ਵਿਚ ਮੁਕਾ ਲਵਾਂਗਾ । ਇਥੇ ਬਿਰਲਾ ਸੀਡ ਫਾਰਮ ਦੇ ਪਟੇ ਦੀ ਮਨਸੂਖੀ ਦੀ ਗੱਲ ਕੀਤੀ ਗਈ ਹੈ । ਇਸ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਸਾਹਮਣੇ ਬੈਠੇ ਵੀਰਾਂ ਦੀ ਉਸ ਨਾਲ ਯਾਰੀ ਸੀ ਪਰ ਇਸ ਸਰਕਾਰ ਨੇ ਇਹ ਯਾਰੀ ਤੋੜ ਦਿੱਤੀ ਹੈ ਇਸ ਦੇ ਬਾਰੇ ਵਿਚ ਪਟਾ ਕੈਂਸਲ ਕਰ ਦਿਤਾ ਗਿਆ ਹੈ ਇਸ ਸੰਬੰਧ ਵਿਚ ਮੈਂ ਇਹ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਕਿਆ ਚੰਗਾ ਹੋਵੇ ਕਿ ਇਹ ਜ਼ਮੀਨ ਸ਼ਡੂਲਡ ਕਾਸਟ ਦੇ ਸੰਬੰਧ ਵਿਚ ਜਿਹੜੀ ਕਾਰਪੋਰੇਸ਼ਨ ਬਣਾਈ ਗਈ ਹੈ ਉਸ ਨੂੰ ਦੇ ਦਿੱਤੀ ਜਾਵੇ ਤਾਂ ਕਿ ਗ਼ਰੀਬ ਲੋਕ ਉਸ ਤੋਂ ਫਾਇਦਾ ਉਠਾ ਸਕਣ ।

ਸਪੀਕਰ ਸਾਹਿਬ, ਮੈਂ ਇਸ ਤੋਂ ਅਗੇ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਵੀਹ ਸਾਲ ਤਕ ਹਰੀਜਨਾਂ ਅਤੇ ਗ਼ਰੀਬ ਲੋਕਾਂ ਨੂੰ ਇਹ ਐਕਸਪਲਾਇਟ ਕਰਦੇ ਰਹੇ ਹਨ ਇਸ ਨੂੰ ਖਤਮ ਕੀਤਾ ਹੈ ਤਾਂ ਅਕਾਲੀ ਦਲ ਦੀ ਸਰਕਾਰ ਨੇ । ਇਹ ਕੀ ਕਰਦੇ ਹੁੰਦੇ ਸਨ ਕਿ ਵੋਟਾਂ ਲੈਣ ਤੋਂ ਪਹਿਲਾਂ ਪਿੰਡਾਂ ਵਿਚ ਜਾਇਆ ਕਰਦੇ ਸਨ ਅਤੇ ਵਾਹਦਾ ਕਰਦੇ ਸਨ ਕਿ ਇਥੇ ਧਰਮਸਾਲਾ ਬਣਾ ਦਿੱਤੀ ਜਾਵੇਗੀ ਪਰ ਚੋਣਾ ਜਿਤ ਕੇ ਇਕ ਇੱਟ ਵੀ ਕਦੇ ਇਨ੍ਹਾਂ ਨਹੀਂ ਸੀ ਲਗਾਈ । ਇਸ ਤਰ੍ਹਾਂ ਦੀ ਇਹ ਡਰਾਮਾ ਬਾਜ਼ੀ ਹਰ ਵੇਰ ਚੋਣਾਂ ਵਿਚ ਕਰਦੇ ਸਨ । ਪਰ ਮੇਰੀ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਗਰੀਬ ਲੋਕਾਂ ਨੂੰ ਇਕੱਠੇ ਬੈਠਣ ਦਾ ਮੌਕਾ ਦਿੱਤਾ ਜਾਵੇ । ਇਸ ਲਈ ਇਨ੍ਹਾਂ ਨੇ ਧਰਮਸਾਲਾਂ ਬਨਾਣ ਲਈ ਪਿਛਲੇ ਸਾਲ 25 ਲੱਖ ਰੁਪਿਆ ਰੱਖਿਆ ਸੀ ਇਸ ਸਾਲ 50 ਲੱਖ ਕਰ ਦਿੱਤਾ ਹੈ ਅਤੇ ਅਗਲੇ ਸਾਲ ਵਿਚ ਇਸ ਰਕਮ ਨੂੰ ਵਧਾ ਕੇ 75 ਲੱਖ ਕਰ ਦਿਤਾ ਗਿਆ ਹੈ । (ਪ੍ਰਸੰਸਾ) ਇਹ ਇਕ ਸ਼ਲਾਘਾ ਯੋਗ ਕਦਮ ਹੈ ।

ਇਸ ਤੋਂ ਅੱਗੇ ਇਹ ਸਾਹਮਣੇ ਬੈਠੇ ਵੀਰ 20 ਸਾਲ ਤਕ ਨਾਹਰਾ ਲਗਾਂਦੇ ਰਹੇ ਕਿ ਰੋਟੀ ਕਪੜਾ ਮਕਾਨ ਦਿਆਂਗੇ ਪਰ ਕੀਤਾ ਕੁਝ ਵੀ ਨਹੀਂ । ਪੰਜੋਤਰੇ ਤੋਂ ਬਿਨਾਂ ਹਰੀਜਨਾਂ ਨੂੰ ਨੰਬਰਦਾਰੀਆਂ ਦਿੱਤੀਆਂ ਇਹ ਥਾਨੇਦਾਰਾਂ ਦੇ ਹੁੱਕੇ ਭਰਨ ਤੇ ਬੂਟ ਪਾਲਸ਼ ਕਰਨ ਲਈ ਮਜਬੂਰ ਕਰਦੇ ਰਹੇ ਪਰ ਹੁਣ ਇਨ੍ਹਾਂ

ਦੇ ਭਲੇ ਲਈ ਇਸ ਸਰਕਾਰ ਨੇ 5 ਕਰੋੜ ਦੀ ਰਕਮ ਲਗਾ ਕੇ ਕਾਰਪੋਰੇਸ਼ਨ ਬਣਾ ਦਿੱਤੀ ਹੈ ਜਿਥੇ ਕਿ ਜੁਤੀਆਂ ਬਨਾਣ ਵਾਲਿਆਂ, ਕਪੜੇ ਬੁਨਣ ਵਾਲਿਆਂ ਅਤੇ ਗ਼ਰੀਬਾਂ ਨੂੰ ਟਿਊਬਵੈਲਾਂ ਲਈ ਸਹੂਲਤਾਂ ਦਿੱਤੀਆਂ ਜਾਣਗੀਆਂ। ਇਨ੍ਹਾਂ ਨੇ ਉਨ੍ਹਾਂ ਗ਼ਰੀਬ ਵਰਗ ਦੇ ਲੋਕਾਂ ਨਾਲ ਕੀਤਾ ਵਾਅਦਾ ਪੂਰਾ ਕੀਤਾ ਹੈ। (ਪ੍ਰਸ਼ੰਸਾ)

ਮੇਰੀ ਸਰਕਾਰ ਵਧਾਈ ਦੀ ਮੁਸਤਹਿਕ ਹੈ ਕਿ 5 ਕਰੋੜ ਰੁਪਿਆ ਹਰੀਜਨਾਂ ਦੀ ਭਲਾਈ ਲਈ ਰਖਿਆ ਹੈ। ਇਸ ਨਾਲ ਦਸਤਕਾਰੀ ਨੂੰ ਤਰੱਕੀ ਮਿਲੇਗੀ ਅਤੇ ਗ਼ਰੀਬਾਂ ਦੇ ਹਿੱਤ ਨੂੰ ਸਾਹਮਣੇ ਰਖਿਆ ਜਾਵੇਗਾ। (ਵਿਘਨ) (ਘੰਟੀ) ਮੈਂ ਇਕ ਹੀ ਗੱਲ ਕਹਿ ਕੇ ਖ਼ਤਮ ਕਰਦਾ ਹਾਂ। ਜਿਹੜਾ ਇਨ੍ਹਾਂ ਨੇ ਹਰੀਜਨ ਦੇ ਵਜੀਫਿਆਂ ਦਾ ਰੇਟ ਸਿਰਫ਼ 6 ਰੁਪਏ ਰਖਿਆ ਸੀ, ਜਿੰਨੇ ਸਾਲ ਇਹ ਰਹੇ ਇਨ੍ਹਾਂ ਨੇ ਰੇਟ ਨਹੀਂ ਵਧਾਇਆ ਹਾਲਾਂ ਕਿ ਕੀਮਤਾਂ ਕਿਥੇ ਤਕ ਪਹੁੰਚ ਗਈਆਂ ਹਨ ਅਤੇ ਇਹ ਵਜੀਫਾ ਨੌਵੀਂ ਜਮਾਤ ਦਾ ਸੀ ਜਿਸ ਦੀ ਇਕ ਕਿਤਾਬ ਸੋਸ਼ਲ ਸਟੱਡੀ ਦਾ ਇਕ ਭਾਗ ਵੀ 6 ਰੁਪਏ ਨੂੰ ਨਹੀਂ ਆਉਂਦਾ ਕਿੰਨੇ ਅਫ਼ਸੋਸ ਦੀ ਗੱਲ ਸੀ ਪਰ ਇਹ ਇਸ ਤੇ ਬੜਾ ਮਾਣ ਕਰਿਆ ਕਰਦੇ ਸਨ। ਮੈਂ ਇਸ ਸਰਕਾਰ ਨੂੰ ਵਧਾਈ ਕਿਉਂ ਨਾ ਦੇਵਾਂ ਕਿ ਇਸ ਸਰਕਾਰ ਨੇ ਇਸ ਰੇਟ ਨੂੰ ਵਧਾ ਕੇ 10 ਰੁਪਏ ਕਰ ਦਿਤਾ ਹੈ ਮੈਂ ਇਸ ਨਾਲ ਵੀ ਸੰਤੁਸ਼ਟ ਨਹੀਂ, ਇਹ ਘਟੋ ਘੱਟ 25 ਰੁਪਏ ਹੋਣਾ ਚਾਹੀਦਾ ਹੈ 10ਵੀਂ ਤਕ ਅਤੇ ਇਸ ਤੋਂ ਅਗੇ ਬੀ. ਏ., ਐਮ. ਏ., ਵਿਚ 100 ਜਾਂ 150 ਰੁਪਏ ਤਕ ਜਾਣਾ ਚਾਹੀਦਾ ਹੈ ਤਾਂ ਹੀ ਪਛੜੇ ਵਰਗ ਦਾ ਸਹੀ ਮਹਿਨਿਆਂ ਵਿਚ ਫਾਇਦਾ ਹੋ ਸਕਦਾ ਹੈ।

Mr. Speaker : Please resume your seat.

ਸਰਦਾਰ ਰਾਜਾ ਸਿੰਘ : ਮੈਂ ਬਸ ਇਕ ਹੀ ਜ਼ਰੂਰੀ ਗੱਲ ਕਹਿ ਕੇ ਖਤਮ ਕਰਦਾ ਹਾਂ ਕਿ ਮੈਂ ਜੋ ਕੁਝ ਕਹਿਣਾ ਚਾਹੁੰਦਾ ਸੀ ਉਹ ਕਹਿ ਨਹੀਂ ਸਕਿਆ ਕਿਉਂਕਿ ਵਕਤ ਥੋੜ੍ਹਾ ਸੀ। ਇਸ ਵਿਚ ਕੁਝ ਗੱਲਾਂ ਮੇਰੇ ਵੀਰਾ ਨੂੰ ਚੁਭੀਆਂ ਹੋਣਗੀਆਂ ਅਤੇ ਚੁਭਣੀਆਂ ਵੀ ਚਾਹੀਦੀਆਂ ਸਨ ਅਤੇ ਇਨ੍ਹਾਂ ਵਲ ਆਸ ਹੈ ਸਰਦਾਰ ਬਲਵੰਤ ਸਿੰਘ ਇਫੈਕਟਿਵ ਤੌਰ ਤੇ ਧਿਆਨ ਦੇਣਗੇ। ਮੈਂ ਫਿਰ ਇਨਾਂ ਨੂੰ ਇਸ ਬੱਜਟ ਦੇ ਪੇਸ਼ ਕਰਨ ਲਈ ਵਧਾਈ ਦਿੰਦਾ ਹਾਂ।

Mr. Speaker : The Finance Minister.

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਇਥੇ ਰੌਲਾ ਪਿਆ ਹੋਇਆ ਹੈ ਕਿ ਚੌਕੀਦਾਰਾ ਬਿਲ ਆ ਰਿਹਾ ਹੈ, ਤੁਹਾਨੂੰ ਆਪਣੇ ਐਪ੍ਰੋਪ੍ਰੀਏਸ਼ਨ ਬਿਲ ਦੀ ਪਈ ਹੈ। ਹਰ ਬਚੀ ਖੁਚੀ ਗੱਲ ਮੁੜ ਘਿੜ ਕੇ ਹਰੀਜਨਾਂ ਦੇ ਨਾਉਂ ਜਿਵੇਂ ਬਚੀਆਂ ਖੁਚੀਆਂ ਗਾਜਰਾਂ ਮੂਲੀਆਂ ਹਰੀਜਨਾਂ ਵਾਸਤੇ ਹੀ ਸੁਟੀਆਂ ਜਾਂਦੀਆਂ ਹਨ।

ਕਾਮਰੇਡ ਬਾਬੂ ਸਿੰਘ ਮਾਸਟਰ : ਸਪੀਕਰ ਸਾਹਿਬ, ਮੈਨੂੰ ਪਹਿਲਾਂ ਇਕ ਦੋ ਮਿੰਟ ਬੋਲ ਲੈਣ ਦਿਉ ਫਿਰ ਵਜ਼ੀਰ ਸਾਹਿਬ ਬੋਲ ਲੈਣ। ਪਹਿਲਾਂ ਤੁਸੀਂ ਘੰਟਾ ਘੰਟਾ ਹੋਰਨਾਂ ਮੈਂਬਰਾਂ ਨੂੰ ਬੋਲਣ ਲਈ ਟਾਈਮ ਦੇ ਦਿੰਦੇ ਹੋ, ਤੁਹਾਨੂੰ ਸਾਡਾ ਵੀ ਕੁਝ ਖਿਆਲ ਕਰਨਾ ਚਾਹੀਦਾ ਹੈ।

ਸ੍ਰੀ ਸਪੀਕਰ : ਹੁਣ ਸਿਰਫ ਫਾਈਨੈਂਸ ਮਨਿਸਟਰ ਹੀ ਬੋਲਣਗੇ। (Only the Finance Minister will speak now.)

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਮੈਂ ਬੜੇ ਧਿਆਨ ਨਾਲ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਸੁਣਿਆ ਹੈ, ਮੇਰਾ ਖਿਆਲ ਸੀ ਕਿ ਮੈਂਬਰ ਸਾਹਿਬਾਨ ਕੋਈ ਕਨਸਟਰਕਟਿਵ ਸੁਜੇਸ਼ਨ ਦੇਣਗੇ। ਮੈਨੂੰ ਇਸ ਗੱਲ ਦਾ ਬੜਾ ਦੁਖ ਹੋਇਆ ਹੈ ਕਿ ਸਿਵਾਏ ਸਰਦਾਰ ਰਾਜਾ ਸਿੰਘ ਦੇ ਕਿਸੇ ਨੇ ਵੀ ਕੋਈ ਕਨਸਟਰਕਟਿਵ ਸੁਜੇਸ਼ਨ ਨਹੀਂ ਦਿੱਤਾ। ਮੈਨੂੰ ਇਸ ਗੱਲ ਦਾ ਵੀ ਅਫ਼ਸੋਸ ਹੁੰਦਾ ਹੈ ਕਿ ਬਹੁਤ

[ਵਿੱਤ ਮੰਤਰੀ]

ਸਾਰੇ ਮੈਂਬਰ ਸਾਹਿਬਾਨ ਨੇ ਬੜੇ ਟੁਇਸਟ ਕਰ ਕੇ ਫੈਕਟਸ ਰਖੇ ਹਨ । ਕਪਤਾਨ ਸਾਹਿਬ ਹਿਸਾਬ ਕਿਤਾਬ ਦੀ ਉਲਝਨ ਦੇ ਵਿਚ ਪੈ ਗਏ, ਇਕ ਹੋਰ ਮੈਂਬਰ ਸਾਹਿਬ ਜਿਹੜੇ ਇਸ ਵਕਤ ਇਥੇ ਬੈਠੇ ਨਹੀਂ ਹਨ ਉਹ ਲੈਂਗੁਏਜ ਦੇ ਮਸਲੇ ਵਿਚ ਪੈ ਗਏ ਉਹ ਕੋਈ ਕਨਸਟਰਕਟਿਵ ਸੁਜੈਸ਼ਨ ਦੇ ਨਹੀਂ ਸਕੇ ।

ਸਪੀਕਰ ਸਾਹਿਬ, ਮੈਨੂੰ ਇਹ ਗੱਲ ਦੱਸ ਕੇ ਬੜੀ ਹੀ ਖੁਸ਼ੀ ਹੁੰਦੀ ਹੈ ਕਿ ਜਿਥੋਂ ਤਕ ਹਿੰਦੀ ਤੇ ਖਰਚ ਕਰਨ ਦਾ ਤੁਅੱਲਕ ਹੈ, ਜਿਹੜੀ ਰਕਮ ਪਿਛਲੇ ਸਾਲ ਰੱਖੀ ਗਈ ਸੀ, ਅਤੇ ਉਹ ਬੱਜਟ ਜਨ ਸੰਘ ਦੇ ਇਕ ਫਾਈਨੈਂਸ ਮਨਿਸਟਰ ਨੇ ਪੇਸ਼ ਕੀਤਾ ਸੀ, ਭਾਵੇਂ ਮੇਰੀ ਵੀ ਉਸ ਵੇਲੇ ਉਨ੍ਹਾਂ ਦੇ ਨਾਲ ਜੁਆਇੰਟ ਰਿਸਪੌਂਸੀਬਿਲਟੀ ਸੀ, ਇਹ ਉਸ ਦੇ ਨਾਲੋਂ ਕਿਤੇ ਵਧ ਹੈ । ਹਿੰਦੀ ਦੀ ਡੀਵੈਲਪਮੈਂਟ ਦੇ ਵਾਸਤੇ ਜਿਹੜਾ ਰੁਪਿਆ ਮਹਾਸ਼ਾ ਕ੍ਰਿਸ਼ਨ ਲਾਲ ਜੀ ਨੇ ਰੱਖਿਆ ਸੀ, ਇਹ ਉਸ ਦੇ ਨਾਲੋਂ ਵੀ 7% ਜ਼ਿਆਦਾ ਹੈ । ਅੱਜ ਉਨ੍ਹਾਂ ਸਾਹਮਣੇ ਬੈਂਚਾਂ ਤੇ ਬੈਠੇ ਮੈਂਬਰਾਂ ਨੂੰ ਹਿੰਦੀ ਦੇ ਨਾਲ ਪਿਆਰ ਜਾਗ ਪਿਆ ਹੈ । ਮੈਂ ਉਨ੍ਹਾ ਨੂੰ ਦੱਸ ਦੇਵਾਂ ਕਿ ਇਸ ਤਰ੍ਹਾਂ ਦੀਆਂ ਗੱਲਾਂ ਕਰ ਕੇ ਹਿੰਦੀ ਨੂੰ ਤਰੱਕੀ ਨਹੀਂ ਮਿਲ ਸਕਦੀ । ਇਸੇ ਤਰ੍ਹਾਂ ਕੈਪਟਨ ਰਤਨ ਸਿੰਘ ਵਰਲਡ ਬੈਂਕ ਦੀ ਉਲਝਣ ਵਿਚ ਪੈ ਗਏ ਕਿ ਇਸ ਤਰ੍ਹਾਂ ਦੀ ਗੱਲ ਹੋ ਗਈ ਹੈ ਕਿ ਕੋਈ ਗਰੀਬ ਆਦਮੀ ਟਰੈਕਟਰ ਇਸਤੇਮਾਲ ਹੀ ਨਹੀਂ ਕਰ ਸਕਦਾ, ਗ਼ਲਤ ਐਗਰੀਮੈਂਟ ਇਹ ਹੋਇਆ ਹੈ ਕਿ ਸਿਰਫ ਉਹੀ ਲੋਕ ਟਰੈਕਟਰ ਵਰਤ ਸਕਣਗੇ ਜਿਨ੍ਹਾਂ ਦੇ ਪਾਸ 40 ਕਿਲੇ ਤੋਂ ਵਧ ਜ਼ਮੀਨ ਹੈ । ਮੈਂ ਹਾਉਸ ਦੀ ਵਾਕਫੀਅਤ ਦੇ ਲਈ ਜੋ ਐਗਰੀਮੈਂਟ ਵਰਲਡ ਬੈਂਕ, ਵਾਸ਼ਿੰਗਟਨ ਨਾਲ ਹੋਇਆ ਹੈ ਉਹ ਪੜ੍ਹ ਕੇ ਸੁਣਾ ਦੇਂਦਾ ਹਾਂ । ਇਸ ਦੇ ਵਿਚ ਸਾਫ ਦਰਜ ਹੈ ਕਿ ਟਰੈਕਟਰਾਂ ਦੀ ਮੈਕਸੀਮਮ ਯੂਟੇਲਾਈਜ਼ੇਸ਼ਨ ਹੋਵੇ । ਜਿਸ ਕਿਸਾਨ ਨੂੰ ਇਹ ਟਰੈਕਟਰ ਮਿਲੇ ਉਹ ਘੱਟ ਤੋਂ ਘੱਟ ਇਕ ਹਜ਼ਾਰ ਘੰਟਾ ਜ਼ਰੂਰ ਇਸਤੇਮਾਲ ਕਰੇ, ਭਾਵੇਂ ਉਹ ਕਪਤਾਨ ਸਾਹਿਬ ਹਨ, ਜਾਂ ਉਹ ਅਟਵਾਲ ਸਾਹਿਬ ਹਨ ਜਾਂ ਬਲਵੰਤ ਸਿੰਘ ਹੈ । ਇਹ ਇਕ ਬਹੁਤ ਹੀ ਅੱਛਾ ਐਗਰੀਮੈਂਟ ਹੈ ਜਿਸ ਦੇ ਨਾਲ ਟਰੈਕਟਰਾਂ ਦੀ ਮੈਕਸੀਮਮ ਯੂਟੇਲਾਈਜ਼ੇਸ਼ਨ ਹੋ ਸਕਦੀ ਹੈ । ਉਹ ਲੋਕ ਜਿਹੜੇ ਐਗਰੀਕਲਚਰਲ ਪਲੈਨਿੰਗ ਨੂੰ ਸਮਝਦੇ ਹਨ, ਉਹ ਇਸ ਐਗਰੀਮੈਂਟ ਨੂੰ ਜਾਣਦੇ ਹਨ ਕਿ ਕਿਤਨਾ ਅੱਛਾ ਹੋਇਆ ਹੈ । ਇਸ ਦੀਆਂ ਅਖਰਲੀਆਂ ਕੁਝ ਲਾਈਨਾਂ ਦੇ ਵਿਚ ਲਿਖਿਆ ਹੋਇਆ ਹੈ :

> In making such loans, the primary banks and the participating banks shall work towards applying as a norm for appraisal that a beneficiary shall be able to demonstrate that the tractor can be used for cultivating not less than 40 hectares of cropped area per year or for 1000 hours of productive work in agriculture per year.

ਇਹ ਟੋਟਲ ਰਕਬਾ 40 ਏਕੜ ਇਸ ਵਿਚ ਹੈ, ਇਸ ਨੂੰ 30, ਜਾਂ 20 ਏਕੜ ਵਾਲਾ ਵੀ ਇਸਤੇਮਾਲ ਕਰੇਗਾ, ਉਹ ਜੇ ਹੋਰ ਨਹੀਂ ਤਾਂ 1000 ਘੰਟਾ ਹੋਰ ਚਲਾਏਗਾ । ਇਸ ਕਿਸਮ ਦੇ ਟਵਿਸਟਿੰਗ ਫੈਕਟਸ ਰੱਖੇ ਹਨ ਕਿ ਹਾਉਸ ਵਿਚ ਕਨਫਿਊਜ਼ਨ ਫੈਲ ਜਾਏ । ਟੰਡਨ ਸਾਹਿਬ ਵੀ ਫਿਗਰਜ਼ ਦੇ ਝਮੇਲੇ ਦੇ ਵਿਚ ਪਏ ਰਹੇ ਕੋਈ ਕੰਨਸਟਰਕਟਿਵ ਸੁਜੈਸ਼ਨ ਉਹ ਦੇ ਹੀ ਨਹੀਂ ਸਕੇ । ਪਤਾ ਨਹੀਂ ਇਨ੍ਹਾਂ ਨੇ ਕਿਥੋਂ ਫਿਗਰਜ਼ ਇਕੱਠੀਆਂ ਕੀਤੀਆਂ ਹਨ, ਬੱਜਟ ਕਾਪੀਜ਼ ਇਨ੍ਹਾਂ ਨੂੰ ਵੀ ਮਿਲੀਆਂ ਹਨ, ਇਹ ਗਰਾਸ ਬੱਜਟ 500 ਕਰੋੜ ਦਾ ਹੈ ਅਤੇ ਇਸ ਵਿਚ ਵੋਟ ਆਨ ਅਕਾਊਂਟ 227 ਕਰੋੜ ਦੀ ਹੈ । ਇਹ ਕਹਿੰਦੇ ਹਨ ਵੋਟ-ਆਨ-ਅਕਾਊਂਟ ਦੀਆਂ ਫਿਗਰਜ਼ ਇਕ ਚੌਥਾਈ ਨਹੀਂ ਬਣੀਆਂ. ਇਹ ਉਨ੍ਹਾਂ ਦੀ ਵਾਕਫੀਅਤ ਵਾਸਤੇ ਮੈਂ ਦਸ ਦਿਆਂ ਕਿ ਕੁਝ ਡੀਪਾਰਟਮੈਂਟਸ ਦੇ ਸਰਕਮਸਟਾਂਸਿਜ਼ ਐਸੇ ਹਨ ਕਿ ਸ਼ੁਰੂ ਦੇ ਵਿਚ ਉਨ੍ਹਾਂ ਨੂੰ ਪੈਸਾ ਵਧ ਚਾਹੀਦਾ ਹੈ, ਇਸ ਲਈ

ਇਹ ਟੋਟਲ ਅਮਾਊਂਟ ਦਾ ਇਕ ਚੋਥਾਈ ਨਹੀਂ ਹੋ ਸਕਿਆ ।

Shri Balram Dass Tandon : On a Point of Order, Mr. Speaker. This is a question of serious financial irregularity.

Mr. Speaker : You cannot interrupt the hon. Finance Minister like this.

Shri Balram Dass Tandon : Sir, I am speaking on a Point of Order.

ਸਪੀਕਰ ਸਾਹਿਬ, ਮੈਂ ਬੜੇ ਅਦਬ ਨਾਲ ਅਰਜ਼ ਕਰਦਾ ਹਾਂ, ਇਹ ਜਿਹੜਾ ਪੰਜਾਬ ਬਜਟ ਐਟ ਗਲਾਂਸ ਮਿਲਿਆ ਹੈ, ਇਹਦੇ ਵਿਚ ਜੋ ਕੁਝ ਵੀ ਛਪਿਆ ਹੈ, ਇਹ ਅਥਾਂਟੀਕੇਟਿਡ ਚੀਜ਼ ਹੈ, ...

ਸ੍ਰੀ ਸਪੀਕਰ : ਤੁਸੀਂ ਇਸ ਸਬੰਧ ਦੇ ਵਿਚ ਜੇ ਕੋਈ ਰੂਲ ਕੋਟ ਕਰ ਸਕਦੇ ਹੋ ਤਾਂ ਦੱਸੋ । (The hon. Member may quote any rule in this respect.)

ਸ੍ਰੀ ਬਲਰਾਮ ਦਾਸ ਟੰਡਨ : ਰੂਲ ਦਾ ਇਸ ਦੇ ਵਿਚ ਕੀ ਸਵਾਲ ਹੈ, ਮੈਂ ਇਕ ਪੁਆਇੰਟ ਆਫ ਆਰਡਰ ਤੇ ਬੋਲ ਰਿਹਾ ਹਾਂ ।

ਸ੍ਰੀ ਸਪੀਕਰ : ਟੰਡਨ ਸਾਹਿਬ, ਤੁਸੀਂ ਕੋਈ ਰੂਲ ਵੀ ਨਹੀਂ ਜਾਣਦੇ ਫਿਰ ਵੀ ਬੋਲੀ ਜਾ ਰਹੇ ਹੋ । (*Addressing Shri Balram Dass Tandon* : You know of no rules that permit you to interrupt like this, yet you go on speaking.)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਇਹਨਾਂ ਨੇ ਆਪਣੀ ਸਪੀਚ ਵਿਚ 500 ਕਰੋੜ ਰੁਪਏ ਦਾ ਟੋਟਲ ਬਜਟ ਦੱਸਿਆ ਹੈ । ਪਰ ਜੋ ਬੁਕਸ ਵਿਚ ਰੈਵਨਿਊ ਕੈਪੀਟਲ ਅਤੇ ਹੋਰ ਅਮਾਊਂਟਸ ਲਗਾ ਕੇ ਵੇਖਿਆ ਜਾਵੇ ਤਾਂ ਇਹ ਓਵਰ ਆਲ ਬਜਟ 314 ਕਰੋੜ ਅਤੇ 90 ਲੱਖ ਦਾ ਬਣਦਾ ਹੈ । ਇਹ 500 ਕਰੋੜ ਕਿਸ ਤਰ੍ਹਾਂ ਕਹਿੰਦੇ ਹਨ । ਇਹ ਮੈਨੂੰ ਸਮਝਾਉਣ ਤਾਂ ਸਹੀ ਇਹ ਇਕ ਬੜੀ ਸੀਰੀਅਸ ਫਾਈਨੈਂਸ਼ਲ ਇਰੇਗੁਲੈਰੇਟੀ ਹੈ ।

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਇਹ ਮੈਂ ਸਮਝ ਗਿਆ ਹਾਂ ਇਨ੍ਹਾਂ ਨੇ ਐਤਕੀ 325 ਕਰੋੜ ਕਣਕ ਖਰੀਦਣ ਦੇ ਵਾਸਤੇ ਰਖਿਆ ਹੈ । (ਹਾਸਾ)

ਵਿੱਤ ਮੰਤਰੀ : ਮੈਨੂੰ ਖੁਸ਼ੀ ਹੈ ਕਿ ਸਰਦਾਰ ਉਮਰਾਓ ਸਿੰਘ ਸਾਰੀ ਗੱਲ ਸਮਝ ਗਏ ਹਨ । (ਹਾਸਾ) ਸਪੀਕਰ ਸਾਹਿਬ, ਜੋ ਕੁਝ ਟੰਡਨ ਸਾਹਿਬ ਨੇ ਕਿਹਾ ਹੈ ਉਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਇਹ ਜੋ ਸ਼ਡੀਊਲ ਦਿਤਾ ਗਿਆ ਹੈ ਇਸ ਵਿਚ ਇਕ ਖਾਨਾ ਹੈ ਬਜਟ ਦੇ ਗਰੋਸ ਟੋਟਲ ਦਾ, ਇਸ ਵਿਚ ਕੁਲ ਬਜਟ ਦੀ ਰਕਮ ਦਿੱਤੀ ਹੋਈ ਹੈ, 5 ਅਰਬ 11 ਕਰੋੜ 55 ਲੱਖ ਰੁਪਏ ਅਤੇ ਇਸ ਤੋਂ ਅਗੇ ਇਕ ਹੋਰ ਖਾਨਾ ਹੈ ਜਿਸ ਵਿਚ ਲਿਖਿਆ ਹੈ ਨੈਟ ਇਨਕਮ ਇਸ ਵਿਚ ਰਕਮ ਦਿੱਤੀ ਹੋਈ ਹੈ 319 ਕਰੋੜ 18 ਲੱਖ 76 ਹਜ਼ਾਰ ਅਤੇ 9 ਸੌ ਰੁਪਏ । ਜਿਹੜਾ ਵੋਟ-ਆਨ-ਅਕਾਊਂਟ ਇਥੇ ਪੇਸ਼ ਕੀਤਾ ਗਿਆ ਹੈ ਉਹ ਹੈ 2 ਅਰਬ 27 ਲੱਖ 96 ਹਜ਼ਾਰ ਰੁਪਏ ਦਾ । ਟੰਡਨ ਸਾਹਿਬ ਇਹ ਕਹਿੰਦੇ ਹਨ ਕਿ ਇਹ ਕਿਉਂਕਿ 3 ਮਹੀਨਿਆਂ ਦਾ ਹੈ, ਇਸ ਲਈ ਇਹ ਵਨ ਫੋਰਥ ਤੋਂ ਵਧ ਹੈ । ਮੈਂ, ਸਪੀਕਰ ਸਾਹਿਬ, ਇਸ ਬਾਰੇ ਅਰਜ਼ ਕਰਦਾ ਹਾਂ ਕਿ ਗੌਰਮਿੰਟ ਤੇ ਕੁਝ ਫਾਈਨੈਂਸ਼ਲ ਲਾਇਬਿਲਟੀਜ਼ ਹਨ । 125 ਕਰੋੜ ਰੁਪਿਆ ਤਾਂ ਕਣਕ ਦੀ ਖਰੀਦ ਲਈ ਰਖਿਆ ਹੈ, ਕਿਉਂਕਿ ਇਹ ਫ਼ਸਲ ਅਪਰੈਲ ਵਿਚ ਆ ਜਾਂਦੀ ਹੈ ਇਸ ਲਈ ਇਹ ਰਕਮ ਤਾਂ ਇਕ ਮਹੀਨੇ ਦੇ ਵਿਚ ਹੀ ਖਰਚ ਕਰਨੀ ਪੈਣੀ ਹੈ ।

[ਵਿੱਤ ਮੰਤਰੀ]

ਇਸੇ ਤਰ੍ਹਾਂ ਸਰਕਾਰੀ ਮੁਲਾਜ਼ਮਾਂ ਨੂੰ ਲੋਨ ਅਤੇ ਅਡਵਾਂਸ ਦੇਣੇ ਹਨ ਇਹ ਰਕਮ ਵੀ ਲੱਗਭਗ 3 ਲੱਖ ਰੁਪਏ ਬਣਦੀ ਹੈ। (ਘੰਟੀ) ਸਪੀਕਰ ਸਾਹਿਬ, ਮੈਂ ਥੋੜ੍ਹੀ ਦੇਰ ਹੀ ਹੋਰ ਲਵਾਂਗਾ।

ਸ਼੍ਰੀ ਬਲਰਾਮ ਦਾਸ ਟੰਡਨ : ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ਼੍ਰੀ ਸਪੀਕਰ : ਤੁਸੀਂ ਹਾਲੇ ਤਕ ਰਕਮਾਂ ਦੇ ਹਿਸਾਬ ਕਿਤਾਬ ਵਿਚ ਹੀ ਉਲਝੇ ਹੋਏ ਹੋ ? (ਹਾਸਾ) (Is the hon. Member still involved in figures ?)

ਸ਼੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਅਸੀਂ ਇਸ ਨੂੰ ਪਾਸ ਕਰਨਾ ਹੈ, ਇਸ ਲਈ ਉਲਝਣਾ ਪੈਂਦਾ ਹੀ ਹੈ। ਇਨ੍ਹਾਂ ਨੇ 3 ਮਹੀਨਿਆਂ ਲਈ ਵੋਟ-ਆਨ-ਅਕਾਊਂਟ ਪੇਸ਼ ਕੀਤਾ ਹੈ, ਇਹ ਵਨ ਫੋਰਥ ਜਾਂ ਵਧ ਤੋਂ ਵਧ ਵਨ ਥਰਡ ਹੋਣਾ ਚਾਹੀਦਾ ਸੀ ਪਰ ਇਹ ਬਹੁਤ ਵਧ ਹੈ। 319 ਕਰੋੜ ਵਿਚੋਂ 227 ਕਰੋੜ ਇਹ ਤਿੰਨ ਮਹੀਨਿਆਂ ਵਿਚ ਹੀ ਖਰਚ ਕਰਨ ਦੀ ਸੋਚ ਰਹੇ ਹਨ। (ਵਿਘਨ) ਇਹ ਕੋਈ ਅਜ ਪਹਿਲੀ ਵਾਰ ਇਥੇ ਨਹੀਂ ਆਇਆ ਹਮੇਸ਼ਾ ਇਥੇ ਵੋਟ-ਆਨ-ਅਕਾਊਂਟ ਪਾਸ ਹੁੰਦੇ ਰਹੇ ਹਨ ਪਰ ਇਹ ਕੋਈ ਨਵਾਂ ਹੀ ਪ੍ਰੋਸੀਜਰ ਲੈ ਆਏ ਹਨ। (ਵਿਘਨ)

ਸ਼੍ਰੀ ਸਪੀਕਰ : ਇਸੇ ਨੂੰ ਤਾਂ ਇਹ ਇਨਕਲਾਬੀ ਬਜਟ ਕਹਿੰਦੇ ਹਨ। (ਹਾਸਾ) (That is why he calls it Revolutionary Budget.) (*laughter*)

ਸ਼੍ਰੀ ਬਲਰਾਮ ਦਾਸ ਟੰਡਨ : ਕੀ ਇਨਕਲਾਬੀ ਬਜਟ ਇਸੇ ਨੂੰ ਕਹਿ ਸਕਦੇ ਹਨ ਜਿਸ ਦਾ ਕੋਈ ਨਾ ਸਿਰ ਹੈ ਨਾ ਪੈਰ ? (ਹਾਸਾ)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਟੰਡਨ ਸਾਹਿਬ ਨੂੰ ਕਹਾਂਗਾ ਕਿ ਉਹ ਮੈਮੋਰੈਂਡਮ ਅਤੇ ਸ਼ਡੀਊਲ ਨੂੰ ਦੇਖ ਲੈਣ ਮੈਨੂੰ ਉਮੀਦ ਹੈ ਕਿ ਉਨ੍ਹਾਂ ਦੀ ਸੈਟਿਸਫੈਕਸ਼ਨ ਹੋ ਜਾਵੇਗੀ। ਮੈਂ ਸਪੀਕਰ ਸਾਹਿਬ ... ...।

ਸ਼੍ਰੀ ਬਲਰਾਮ ਦਾਸ ਟੰਡਨ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਇਹ ਜੋ ਸ਼ੈਡੀਊਲ ਦਿਤਾ ਗਿਆ ਹੈ ਇਹ ਸੈਲਫ਼ ਐਕਸਪਲੇਨੇਟਰੀ ਨਹੀਂ ਹੈ ਜਦੋਂ ਕਿ ਰੂਲਜ਼ ਦੇ ਮੁਤਾਬਿਕ ਸ਼ੈਡੀਊਲ ਨੂੰ ਸੈਲਫ਼ ਐਕਸਪਲੇਨੇਟਰੀ ਹੋਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਟੰਡਨ ਸਾਹਿਬ, ਤੁਸੀਂ ਸਿਰਫ਼ 'ਬਜਟ ਐਟ ਏ ਗਲਾਂਸ' ਹੀ ਦੇਖ ਰਹੇ ਹੋ, ਤੁਸੀਂ ਸਾਰੇ ਡਾਕੂਮੈਂਟ ਜੋ ਸਪਲਾਈ ਕੀਤੇ ਗਏ ਹਨ ਪੜ੍ਹੋ ਤਾਂ ਤੁਹਾਡੀ ਤਸੱਲੀ ਹੋ ਜਾਵੇਗੀ। (The hon. Member Shri Tandon is referring to only 'Budget At a Glance' but if he studies the other documents, supplied to him, I think he will be satisfied.)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਟੰਡਨ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਾਰ ਡਾਕੂਮੈਂਟਸ ਨੂੰ ਧਿਆਨ ਦੇ ਨਾਲ ਦੇਖਣ। ਹੁਣ, ਸਪੀਕਰ ਸਾਹਿਬ, ਜਿਹੜਾ ਇਕ ਇੰਪਾਰਟੈਂਟ ਪੁਆਇੰਟ ਮੈਂ ਹਾਊਸ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ ਉਹ ਹੈ ਸਟੇਟਸ ਨੂੰ ਵਾਈਡਰ ਫਾਈਨੈਂਸ਼ਲ ਪਾਵਰ ਦੇ ਬਾਰੇ ਵਿਚ ... ...।

ਸ਼੍ਰੀ ਬਲਰਾਮ ਦਾਸ ਟੰਡਨ : ਆਨ ਏ ਪੁਆਇੰਟ ਆਫ਼ ਆਰਡਰ, ਸਰ ... (ਹਾਸਾ)

ਸ਼੍ਰੀ ਸਪੀਕਰ : "ਯਾ ਰੱਬ ਨਾ ਵੋਹ ਸਮਝੇ ਹੈਂ, ਨਾ ਸਮਝੇਂਗੇ ਮੇਰੀ ਬਾਤ।
ਦੇ ਔਰ ਦਿਲ ਉਨਕੋ ਜੋ ਨਾ ਦੇ ਮੁਝ ਕੋ ਜ਼ਬਾਂ ਔਰ।" (ਹਾਸਾ)

ਸ਼੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਜੇ ਕਣਕ ਦੀ ਖਰੀਦ ਲਈ ਰਖਿਆ ਪੈਸਾ ਕਢ ਵੀ ਦੇਈਏ ਤਾਂ ਵੀ ਬਾਕੀ ਦੀ ਰਕਮ ਸਾਰੇ ਬਜਟ ਦੀ ਵਨ ਫੋਰਥ ਨਹੀਂ ਬਣਦੀ।

ਵਿੱਤ ਮੰਤਰੀ : ਸਪੀਕਰ ਸਾਹਿਬ, ਇਸ ਵੋਟ ਆਨ ਅਕਾਊਂਟ ਦੇ ਰਾਹੀਂ ਸਰਕਾਰ ਨੇ ਤਿੰਨ ਮਹੀਨਿਆਂ ਵਿਚ ਜੋ ਕੁਝ ਖਰਚ ਕਰਨਾ ਹੈ, ਉਸ ਦੀ ਮਨਜ਼ੂਰੀ ਲੈਣੀ ਹੈ, ਇਹ ਕੋਈ ਜ਼ਰੂਰੀ ਨਹੀਂ ਕਿ ਉਹ ਬਜਟ ਦਾ ਵਨ ਫੋਰਥ ਜਾਂ ਵਨ ਥਰਡ ਹੋਵੇ । (ਤਾੜੀਆਂ) ਤੇ, ਸਪੀਕਰ ਸਾਹਿਬ, ਮੈਂ ਸਟੇਟਸ ਨੂੰ ਜ਼ਿਆਦਾ ਫਾਈਨੈਂਸ਼ਲ ਪਾਵਰ ਦੇਣ ਦੇ ਬਾਰੇ ਜ਼ਿਕਰ ਕਰ ਰਿਹਾ ਸੀ । ਸਪੀਕਰ ਸਾਹਿਬ, ਟੈਕਸਾਂ ਦੇ ਰਾਹੀਂ ਜੋ ਰੁਪਿਆ ਕੇਂਦਰੀ ਸਰਕਾਰ ਇਕੱਠਾ ਕਰਦੀ ਹੈ, ਉਸ ਦੀ ਸਿਰਫ 30% ਸਟੇਟ ਵਿਚ ਮੁੜ ਕੇ ਆਉਂਦਾ ਹੈ ਬਾਕੀ ਦਾ 70% ਕੇਂਦਰੀ ਸਰਕਾਰ ਦੀ ਮਰਜ਼ੀ ਤੇ ਖਰਚ ਹੁੰਦਾ ਹੈ। ਇਸ ਕਰ ਕੇ ਸਟੇਟਾਂ ਉਨਤੀ ਨਹੀਂ ਕਰ ਸਕਦੀਆਂ ਕਿਉਂਕਿ ਸਾਰੀਆਂ ਫਾਈਨੈਂਸ਼ਲ ਪਾਵਰਾਂ ਕੇਂਦਰੀ ਸਰਕਾਰ ਕੋਲ ਹਨ । ਸਪੀਕਰ ਸਾਹਿਬ, ਮੈਂ ਬਾਸੀ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਦੇ ਨਾਲ ਪਲੈਨਿੰਗ ਕਮਿਸ਼ਨ ਦੇ ਕੋਲ ਗਿਆ । ਅਸੀਂ ਉਥੇ ਥੀਨ ਡੈਮ ਦੀ ਉਸਾਰੀ ਲਈ ਇਕ ਕਰੋੜ ਰੁਪਏ ਦੀ ਸਕੀਮ ਕਮਿਸ਼ਨ ਦੇ ਸਾਹਮਣੇ ਰੱਖੀ ਪਰ ਸਾਨੂੰ ਉਸਦੀ ਇਜਾਜ਼ਤ ਨਹੀਂ ਮਿਲੀ ਕਿ ਇਹ ਸਕੀਮ ਇਕ ਕਰੋੜ ਰੁਪਏ ਦੀ ਹੈ, ਇਸ ਲਈ ਤੁਸੀਂ ਇਸ ਨੂੰ ਨਹੀਂ ਕਰ ਸਕਦੇ । ਇਸ ਤਰ੍ਹਾਂ ਫਾਈਨੈਂਸ਼ਲ ਪਾਵਰਜ਼ ਦੇ ਨਾਲ ਨਾਲ ਟੈਕਨੀਕਲ ਪਾਵਰਜ਼ ਵੀ ਕੇਂਦਰੀ ਸਰਕਾਰ ਨੇ ਆਪਣੇ ਕੋਲ ਰੱਖੀ ਹੋਈ ਹੈ । ਇਸ ਤਰ੍ਹਾਂ ਹੀ ਮਾਡਲ ਪਿੰਡਾਂ ਦੀ ਸਕੀਮ ਅਸੀਂ ਤਿਆਰ ਕੀਤੀ । ਪੰਜਾਬ ਦੇ ਲੋਕ ਇਸ ਵਾਸਤੇ ਬੜੇ ਇਨਸਪਾਇਰ ਹੋਏ ਪਰ ਕੇਂਦਰੀ ਸਰਕਾਰ ਵਲੋਂ ਉਸ ਸਕੀਮ ਦੀ ਵੀ ਇਜਾਜ਼ਤ ਨਾ ਮਿਲੀ । ਇਸ ਤਰ੍ਹਾਂ ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਤਕ ਫਾਇਨੈਂਸ਼ਲ ਅਟਾਨਮੀ ਸਟੇਟਾਂ ਨੂੰ ਨਹੀਂ ਦਿੱਤੀ ਜਾਂਦੀ ਉਤਨਾ ਚਿਰ ਤਕ ਸਟੇਟ ਦੇ ਲੋਕਾਂ ਦਾ ਭਲਾ ਨਹੀਂ ਹੋ ਸਕਦਾ । ਸਪੀਕਰ ਸਾਹਿਬ, ਇਹ ਬੜੀ ਅਜੀਬ ਗੱਲ ਹੈ ਕਿ ਬਿਜਲੀ ਦੇਣੀ ਜਾਂ ਸੜਕਾਂ ਬਣਾਉਣੀਆਂ ਸਟੇਟ ਗੌਰਮਿੰਟ ਦੀ ਡਿਊਟੀ ਹੈ, ਪਰ ਜਦੋਂ ਪੈਸੇ ਦੀ ਗੱਲ ਆਵੇ ਤਾਂ ਸੈਂਟਰ ਦੀ ਸਰਕਾਰ ਕੋਲੋਂ ਇਜਾਜ਼ਤ ਲੈਣੀ ਪੈਂਦੀ ਹੈ ਜਿਸ ਕਰ ਕੇ ਸਟੇਟ ਗੌਰਮਿੰਟ ਆਪਣੀ ਡਿਊਟੀ ਚੰਗੀ ਤਰ੍ਹਾਂ ਨਹੀਂ ਪ੍ਰਫਾਰਮ ਕਰ ਸਕਦੀ । ਇਸ ਲਈ ਸਪੀਕਰ, ਸਾਹਿਬ, ਮੇਰਾ ਇਹ ਸੁਝਾਵ ਹੈ ਕਿ ਸਾਡੇ ਕੰਸਟੀਚਿਊਸ਼ਨ ਦੇ ਪਾਰਟ 12 ਦੇ ਚੈਪਟਰ (1) ਦੀਆਂ ਕਲਾਜ਼ਾਂ 264 ਤੋਂ 291 ਤਕ ਮੇਜਰ ਚੇਂਜਿਜ਼ ਦੀ ਲੋੜ ਹੈ । ਇਸ ਤਰ੍ਹਾਂ ਆਰਟੀਕਲ 292 ਤੋਂ 300 ਤਕ ਵਿਚ ਵੀ ਮੇਜਰ ਚੇਂਜਿਜ਼ ਦੀ ਬੜੀ ਭਾਰੀ ਲੋੜ ਹੈ । ਸਪੀਕਰ ਸਾਹਿਬ, ਜਦੋਂ ਸਟੇਟ ਗੌਰਮਿੰਟ ਕਿਸੇ ਹੋਰ ਸੰਸਥਾ ਤੋਂ ਜਾਂ ਬੈਂਕ ਤੋਂ ਲੋਨ ਲੈਣਾ ਚਾਹੁੰਦੀ ਹੈ ਤਾਂ ਵੀ ਉਹ ਨਹੀਂ ਲੈ ਸਕਦੀ । ਅਸੀਂ ਐਲ. ਆਈ. ਸੀ. ਵਿਚੋਂ ਕਰਜ਼ਾ ਲੈਣ ਦੀ ਕੋਸ਼ਿਸ਼ ਕੀਤੀ । ਅਸੀਂ ਸਾਰੀਆਂ ਕੰਡੀਸ਼ਨਜ਼ ਫੁਲ-ਫਿਲ ਕਰਦੇ ਸੀ ਪਰ ਉਨ੍ਹਾਂ ਨੇ ਸਾਨੂੰ ਕਰਜ਼ਾ ਨਹੀਂ ਦਿਤਾ ਅਤੇ ਕਿਹਾ ਕਿ ਪਹਿਲਾਂ ਕੇਂਦਰੀ ਸਰਕਾਰ ਦੀ ਪ੍ਰਮਿਸ਼ਨ ਲੈ ਲਉ । ਇਸ ਤਰ੍ਹਾਂ ਸਟੇਟ ਗੌਰਮਿੰਟ ਦੀਆਂ ਸਾਰੀਆਂ ਫਾਈਨੈਂਸ਼ਲ ਪਾਵਰਜ਼ ਕੇਂਦਰੀ ਸਰਕਾਰ ਨੇ ਕਰਬ ਕਰ ਰੱਖੀਆਂ ਹਨ । ਇਸ ਲਈ ਜਦੋਂ ਤਕ ਜਿਵੇਂ ਕਿ ਮੈਂ ਸੁਜੈਸ਼ਨ ਦਿਤੀ ਹੈ ਇਨਾਂ ਆਰਟੀਕਲਾਂ ਵਿਚ ਮੇਜਰ ਤਬਦੀਲੀ ਨਹੀਂ ਕੀਤੀ ਜਾਂਦੀ ਉਤਨੀ ਦੇਰ ਤਕ ਸਟੇਟ ਗੌਰਮਿੰਟ ਫਰੀਲੀ ਆਪਣੇ ਲੋਕਾਂ ਦੀ ਭਲਾਈ ਦੇ ਕੰਮ ਨਹੀਂ ਕਰ ਸਕਦੀ । ਜਿਹੜੇ ਮੇਰੇ ਦੋਸਤ ਇਥੇ ਬੈਠੇ ਹੋਏ ਹਨ ਔਰ ਯੂਨੀਫਾਰਮੇਟਰੀ ਸਰਕਾਰ ਦੇ ਹਾਮੀ ਹਨ ਉਹ ਵੀ ਮੇਰੀ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਜਦੋਂ ਤਕ ਸਟੇਟਾਂ ਨੂੰ ਫਾਈਨੈਂਸ਼ਲ ਅਟਾਨਮੀ ਨਹੀਂ ਦਿਤੀ ਜਾਂਦੀ ਉਤਨੀ ਦੇਰ ਤਕ ਸੂਬਿਆਂ ਦੀਆਂ ਸਰਕਾਰਾਂ ਆਪਣੇ ਆਪਣੇ ਸੂਬਿਆਂ ਦੀ ਤਰੱਕੀ ਨਹੀਂ ਕਰ ਸਕਣਗੀਆਂ ।

Mr. Speaker : Question is —

That Vote-on-Account for three months (viz., April, May and June, 1971) amounting to Rs. 2,27,10,96,600 as detailed in the Schedule thereto be taken into consideration at once and passed.

SCHEDULE

Demand number	Heads of Accounts	Amount required on Account		
		Voted	*Charged*	Total
		Rs.	Rs.	Rs.
	EXPENDITURE MET FROM REVENUE			
	A—Collection of Taxes, Duties and other Principal Heads of Revenues			
1	9—Land Revenue ...	49,46,400	16,600	49,63,000
2	10—State Excise Duties ...	6,62,500	5,000	6,67,500
3	11—Taxes on Vehicles ...	1,95,200	...	1,95,200
4	12—Sales Tax ...	14,45,700	2,500	14,48,200
5	13—Other Taxes and Duties ...	7,58,700	700	7,59,400
6	14—Stamps ...	1,65,000	...	1,65,000
7	15—Registration Fees ...	13,900	...	13,900
	Total	81,87,400	24,800	82,12,200
	B—Debt Services			
	16—Interest on Debt and other Obligations ...	...	5,88,09,700	5,88,09,700
	17—Appropriation for Reduction or Avoidance of Debt ...	...	...	...
	Total ...	...	5,88,09,700	5,88,09,700
	C—Administrative Services			
8	18—Parliament, State and Union Territory Legislatures ...	11,74,400	16,400	11,90,800
9	19—General Administration ...	1,24,91,200	2,85,100	1,27,76,300
10	21—Administration of Justice ...	21,14,300	6,15,400	27,29,700
11	22—Jails ...	31,64,300	...	31,64,300
12	23—Police ...	2,23,45,200	7,500	2,23,52,700
13	25—Supplies and Disposals ...	1,25,600	2,500	1,28,100
14	26—Miscellaneous Departments ...	22,42,800	...	22,42,800
	Total ...	4,36,57,800	9,26,900	4,45,84,700

Demand number	Heads of Accounts	Amount required in Account		
		Voted	*Charged*	Total
		Rs.	Rs.	Rs.
	D—Social and Developmental Services			
15	27—Scientific Departments ...	1,47,200	...	1,47,200
16	28—Education ...	8,08,84,200	14,85,200	8,23,70,000
17	29—Medical ...	1,48,66,000	59,200	1,49,25,200
18	30—Public Health ...	1,32,77,400	1,200	1,32,78,600
19	30.A—Family Planning ...	41,32,500	...	41,32,500
20	31—Agriculture ...	1,63,84,200	...	1,63,84,200
21	33—Animal Husbandry ...	61,43,800	...	61,43,800
22	34—Co-operation ...	39,03,400	700	39,04,100
23	35—Industries ...	44,36,600	...	44,36,600
24	37—Community Development Projects, National Extension Services and Local Development Works ...	1,59,55,600	...	1,59,55,600
25	38—Labour and Employment ...	60,54,000	...	60,54,000
26	39—Miscellaneous, Social and Developmental Organisations ...	28,19,300	...	28,19,300
	Total	16,90,04,800	15,46,300	17,05,51,100
	E—Multipurpose River Schemes, Irrigation and Electricity Schemes			
27	42—Multipurpose River Schemes—Working expenses ...	1,16,55,300	...	1,16,55,300
	Total ...	1,16,55,300	...	1,16,55,300

[Mr. Speaker]

Demand number	Heads of Accounts	Amount required on Account Voted	Charged	Total
		Rs.	Rs.	Rs.
28	43—Irrigation, Navigation, Embankment and Drainage Works (Commercial) 44—Irrigation, Navigation, Embankment and Drainage Works (Non-Commercial)	1,50,49,200	...	1,50,49,200
29	—Charges on Irrigation Establishment ...	85,35,900	...	85,35,900
	Total ...	2,35,85,100	...	2,35,85,100
	F—Public Works (including Roads and Schemes of Miscellaneous Public Improvements)			
30	50—Public Works ...	1,95,42,200	42,500	1,95,84,700
31	Charges on Buildings and Roads Establishment ...	42,59,500	12,500	42,72,000
32	52—Capital Outlay on Public Works ..	1,08,10,000		1,08,10,000
	Total ...	3,46,11,700	55,000	3,46,66,700
	G—Transport and Communications (Other than Roads)			
33	57—Road and Water Transport Schemes ..	2,23,86,000	...	2,23,86,000
	Total ...	2,23,86,000	...	2,23,86,000
	I-Miscellaneous			
34	64—Famine Relief ...	28,78,300	...	28,78,300
35	65—Pension and Other Retirement Benefits ...	49,47,200	31,200	49,78,400
36	67—Privy Purses and Allowances of Indian Rulers ...	1,63,200	...	1,63,200
37	68—Stationery and Printing ...	34,93,600	19,500	35,13,100
38	70—Forests ...	35,29,000	500	35,29,500
39	71—Miscellaneous ...	1,38,96,100	...	1,38,96,100
	Total ...	2,89,07,400	51,200	2,89,58,600

Demand number	Heads of Accounts	Amount required on Account Voted	Charged	Total
		Rs	Rs.	Rs.
	J—Contribution and Miscellaneous Adjustments			
40	76—Other Miscellaneous Compensations and Assignments ...	45,600	...	45,600
	Total ..	45,600		45,600
	K—Extraordinary items			
41	78—Pre-Partition Payments ...	500	...	500
	Total ...	500	...	500
	Total Revenue Expenditure	34,20,41,600	6,14,13,900	40,34,55,500
	Capital Accounts outside the Revenue Account			
42	95—Capital Outlay on Schemes of Agricultural improvement and Research ...	16,34,000	...	16,34,000
43	96—Capital Outlay on Industrial and Economic Development ...	1,28,18,700	...	1,28,18,700
44	98—Capital Outlay on Multipurpose River Schemes ...	3,67,20,900	...	3,67,20,900
45	99—Capital Outlay on Irrigation, Navigation, Embankment and Drainage Works (Commercial) ...	1,28,23,600	...	1,28,23,600
46	103—Capital Outlay on Public Works ...	3,27,05,200	75,000	3,27,80,200
47	109—Capital Outlay on other works ...	3,17,500	...	3,17,500
48	114—Capital Outlay on Road and Water Transport Schemes ...	44,96,200	...	44,96,200
49	120—Payment of Commuted value of Pensions ...	5,0000	...	50,000

[Mr. Speaker]

Demand number	Heads of Accounts	Amount required on Account Voted	Charged	Total
		Rs.	Rs.	Rs.
50	124—Capital Outlay on Schemes of Government Trading ...	1,25,00,00,000	...	1,25,00,00,000
	Total Capital Account outside the Revenue Account ...	1,35,15,66,100	75,000	1,35,16,41,100
	N—Public Debt			
	Public Debt ...	...	40,00,00,000	40,00,00,000
	Total Public Debt ...	...	40,00,00,000	40,00,00,000
	Q—Loans and Advances by the State, Union Territory Governments			
51	Loans to Local Funds—Private Parties, etc. Loans to Government Servants, etc.	11,60,00,000	...	11,60,00,000
	Total Q—Loans and Advances ...	11,60,00,000	...	11,60,00,000
	Grand Total ...	1,80,96,07,700	46,14,88,900	2,27,10,96,600

The motion was carried.

Mr. Speaker : The House stands adjourned till 9.00 am. on Friday, the 22nd January, 1971.

6. 02. PM.

(*The Sabha then adjourned till 9.00 AM. on Friday, the 22nd January, 1971*)

APPENDIX

To

PUNJAB VIDHAN SABHA DEBATE

Dated 2[illegible]th January, 1971 (A. S.)

Vol. I No. 6

CONSOLIDATION OPERATIONS IN VILLAGE MOOL CHAK, DISTRICT AMRITSAR.

*2267. 1. **Comrade Kulwant Singh**)
2. **Comrade Satya Pal Dang**) : Will the Minister of State for Rehabilitation, Consolidation and Welfare with reference to the reply to Starred Question No. 1867 included in the list of Starred Questions; for 30. 3. 70 (converted into an Unstarred) be pleased to state :

(a) whether the second stay order is still in operation; if so, the reasons for not deciding the matter for more than a year;

(b) if the second stay order has been vacated, the date of vacation thereof;

(c) the present position with regard to the consolidation proceedings in the village ?

Shri Atma Singh (Revenue and Consolidation Minister) : (a) No.

(b) The stay order has been vacated on 25. 1. 71.

(c) The Director Consolidation of Holdings has been asked to start consolidation operations in the village.

[(ੳ) ਨਹੀਂ ਜੀ ।

(ਅ) ਰੋਕ ਹੁਕਮ 25. 1. 71 ਨੂੰ ਖੋਲ੍ਹ ਦਿੱਤਾ ਗਿਆ ਹੈ ।

(ੲ) ਡਾਇਰੈਕਟਰ ਚੱਕਬੰਦੀ ਨੂੰ ਇਸ ਪਿੰਡ ਵਿਚ ਚੱਕਬੰਦੀ ਸ਼ੁਰੂ ਕਰਨ ਲਈ ਆਖਿਆ ਗਿਆ ਹੈ ।]

S. D. Press, Mani Majra.

"C" 1969
Published under the authority of the Punjab Vidhan Sabha
Printed by :
SANATAN DHARAM PRESS,
Mani Majra.
(Chandi Garh)

PUNJAB VIDHAN SABHA

DEBATES

22nd January, 1971

Vol. I—No. 7

OFFICIAL REPORT

CONTENTS

Friday, the 22nd January, 1971

Punjab Vidhan Sabha Sectt.

Rs. 24/75 P.

ERRATA

TO

PUNJAB VIDHAN SABHA DEBATES

Dated 22nd January, 1971

Vol. I—No. 7

Read	*For*	*Page*	*Line*
ਵਸੂਲੀ	ਵਸਲੀ	(7)4	16
ਕਾਮਰੇਡ ਸੱਤ ਪਾਲ ਡਾਂਗ	ਕਾਮਰੇਲ ਸੱਤ ਪਾਲ ਡਾਂਗ	(7)8	6
ਕਾਮਰੇਡ ਸੱਤ ਪਾਲ ਡਾਂਗ	ਕਾਮਰੇਡ ੱਤ ਪਾਲ ਡਾਂਗ	(7)9	4
ਰਿਜ਼ਰਵੇਸ਼ਨ	ਰਿਜ਼ਵਰਵੇਸ਼ਨ	(7)12	7th from below
ਨਿਯੋਜਨ	ਨਿਯ ਜਨ	(7)15	6
Sardar Umrao Singh	ar ar Umrao Singh	(7)16	15th from below
ਮੁੱਖ ਮੰਤਰੀ	ਮਖ ਮੰਤਰੀ	(7)27	15
by	b	(7)33	13th from below
ਸ਼੍ਰੀ ਮਨਮੋਹਨ ਕਾਲੀਆ	ਸ਼੍ਰੀ ਮਨਮਹਨ ਕਾਲੀਆ	(7)45	15
Statement	Statment	(7)48	1
Mr. Speaker	Mr. Speker	(7)51	12th from below
Now	Hom	(7)51	12th from below
ਆਦਮੀ	ਆਦਮ	(7)54	11
ਕਾਮਰੇਡ ਬਾਬੂ ਸਿੰਘ ਮਾਸਟਰ	ਕਾਮਰੇਡ ਬਾਬ ਸਿੰਘ ਮਾਸਟਰ	(7)54	19
ਪੂਰਨਿਆਂ	ਪਰਨਿਆਂ	(7)57	9th from below
ਚੀਜ਼	ਜ਼	(7)61	1
ਕਿਹੜੀ	ਕਹਿੜੀ	(7)61	10
discussed	disussed	(7)61	4th from below

PUNJAB VIDHAN SABHA
DEBATES

Friday, the 22nd January, 1971

The Vidhan Sabha met in the Hall of the Punjab Vidhan Sabha, Vidhan Bhavan, Sector 1 Chandigarh at 9-00 a.m. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

ARREARS OF SALES TAX ETC.

***2114. Shri Sardari Lal Kapur :** Will the Minister of **State** for Excise and Taxation be pleased to state —

(a) the amount of arrears of Sales Tax and Excise Tax recoverable by the State Government still outstanding in each district for the last three years;

(b) the action taken by the Government for speedy realisation of these arrears ?

Sardar Narinder Singh : (a) A statement giving the required information is placed on the Table of the House.

(b) Steps for the recovery of these arrears are taken according to Law. Progress regarding recovery of dues of the Excise and Taxation Department is reviewed by the Minister of State for Excise and Taxation/ Financial Commissioner Taxation/Excise and Taxation Commissioner in periodical meetings of the Officers of the Department. The position of these arrears is also reviewed by the Council of Ministers every month.

[(ੳ) ਲੋੜੀਂਦੀ ਸੂਚਨਾ ਵਿਵਰਣ ਦੇ ਨਾਲ ਸਭਾ ਦੇ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਇਨ੍ਹਾਂ ਬਕਾਇਆਂ ਦੀ ਉਗਰਾਹੀ ਦੇ ਯਤਨ ਕਾਨੂੰਨ ਦੇ ਮੁਤਾਬਿਕ ਕੀਤੇ ਜਾਂਦੇ ਹਨ ਆਬਕਾਰੀ ਤੇ ਕਰ ਵਿਭਾਗ ਦੀਆਂ ਬਣਦੀਆਂ ਰਕਮਾਂ ਦੀ ਵਸੂਲੀ ਸਬੰਧੀ ਪ੍ਰਗਤੀ ਦਾ ਰੀਵੀਊ ਮੰਤਰੀ ਆਬਕਾਰੀ ਤੇ ਕਰ/ਫ਼ਾਇਨੈਨਸ਼ਲ ਕਮਿਸ਼ਨਰ ਕਰ/ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ ਮਹਿਕਮੇ ਦੇ ਅਫ਼ਸਰਾਂ ਨਾਲ ਨਿਯਤਕਾਲੀ ਮੀਟਿੰਗਾਂ ਵਿੱਚ ਕਰਦੇ ਹਨ । ਇਨ੍ਹਾਂ ਬਕਾਇਆਂ ਦਾ ਰੀਵੀਊ ਹਰ ਮਹੀਨੇ ਮੰਤਰੀ ਮੰਡਲ ਵਿੱਚ ਵੀ ਕੀਤਾ ਜਾਂਦਾ ਹੈ ।]

STATEMENT

Showing the arrears under the Sales Tax Act, and Excisc Act for the last three years as on 1st October, 1970

Sr. No.	Name of the district	SALES TAX ACT — Name of the year 1967-68	1968-69	1969-70	EXCISE ACT — Name of the year 1967-68	1968-69	1969-70
1	2	3	4	5	6	7	8
1.	Hoshiarpur	—	—	2,632	6,050	21,53,046	32,652
2.	Jullundur	1,29,392	63,262	3,16,438	58,912	67,46,431	14,59,401
3.	Ferozepur	1,05,161	6,95,510	37,79,312	—	44,03,852	7,48,089
4.	Amritsar	1,03,319	1,83,308	10,71,128	—	97,13,028	6,21,359
5.	Gurdaspur	252	15,662	25,136	—	61,64,630	7,74,464
6.	Kapurthala	424	1,545	3,31,676	—	15,25,250	57,477
7.	Patiala	196	48,192	1,36,327	—	1,46,77,020	1,14,421
8.	Bhatinda	6,006	97,508	17,33,551	—	74,34,530	17,56,539
9.	Sangrur	4,573	1,200	—	—	84,60,715	96,805
10.	Ludhiana	73,310	25,423	4.84,842	—	86,63,901	8,79,075
11.	Rupar	16,776	13,411	77,472	—	37,82,426	1,18,602
	Total	4,39,409	11,44,991	79,58,514	64,962	7,37,24,829	66,58,884

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਇਹ ਜਿਹੜੇ ਏਰੀਅਰਜ਼ ਹਨ ਇਹ ਇਸ ਕਰਕੇ ਵਸੂਲ ਨਹੀਂ ਹੁੰਦੇ ਕਿਉਂਕਿ ਜਿਹੜੇ ਇਨਸਪੈਕਟਰ ਹੁੰਦੇ ਹਨ ਜਿਸ ਵੇਲੇ ਉਹ ਜਾਂਦੇ ਹਨ ਉਹ ਉਨ੍ਹਾਂ ਕੋਲੋਂ ਪੈਸੇ ਲੈ ਲੈਂਦੇ ਹਨ ਅਤੇ 2 ਮਹੀਨੇ ਦੀ ਹੋਰ ਤਰੀਕ ਪਾ ਆਉਂਦੇ ਹਨ ? ਮੈਂ ਕਹਿੰਦਾ ਹਾਂ ਕਿ ਜੇ ਗੌਰਮਿੰਟ ਆਪਣੇ ਏਰੀਅਰਜ਼ ਵਸੂਲ ਕਰੇ ਤਾਂ ਨਵੇਂ ਟੈਕਸ ਲਗਾਉਣ ਦੀ ਜ਼ਰੂਰਤ ਨਹੀਂ ?

ਰਾਜ ਮੰਤਰੀ, ਆਬਕਾਰੀ ਤੇ ਕਰ : ਕੁਝ ਹੱਦ ਤਕ ਠੀਕ ਹੈ ਤੁਹਾਡੀ ਗੱਲ । ਲੇਕਿਨ ਇਹ ਜਿਹੜੇ ਏਰੀਅਰਜ਼ ਹਨ ਜਿਸ ਤਰ੍ਹਾਂ ਕਿ ਹਾਊਸ ਦੀ ਟੇਬਲ ਤੇ ਸਟੇਟਮੈਂਟ ਰੱਖੀ ਹੈ, ਉਸ ਦੇ ਵਿੱਚ ਜਿਹੜੇ ਫਿਗਰਜ਼ ਦਿੱਤੇ ਗਏ ਹਨ, ਉਸ ਦੇ ਮੁਤਾਬਿਕ ਇਹ ਜ਼ਿਆਦਾ ਏਰੀਅਰਜ਼ 1968-69 ਦੇ ਹਨ, ਜਿਸ ਦੇ ਵਿੱਚ ਲੋਕਾਂ ਨੇ ਵਧ ਚੜ੍ਹ ਕੇ ਬੋਲੀ ਦੇ ਦਿੱਤੀ । ਵੈਸੇ ਇਸ ਦੀ ਵਸੂਲੀ ਵਾਸਤੇ ਅਸੀਂ ਮੰਥਲੀ ਮੀਟਿੰਗ ਵਿੱਚ ਆਪਣੇ ਅਫ਼ਸਰਾਂ ਨੂੰ ਪੁਲ ਅਪ ਕਰਦੇ ਹਾਂ । ਪਰ ਜਿਸ ਤਰ੍ਹਾਂ ਕਹਿੰਦੇ ਹੋ ਇਨਸਪੈਕਟਰ ਪੈਸੇ ਲੈ ਕੇ ਦੋ ਚਾਰ ਮਹੀਨੇ ਦੀ ਤਰੀਕ ਪਾ ਆਉਂਦਾ ਹੈ, ਐਸੀ ਕੋਈ ਗੱਲ ਨਹੀਂ ਹੈ

ਡਾਕਟਰ ਅਮੀਰ ਸਿੰਘ ਕਲਕਟ : ਅੱਗੇ ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਨੇ 4 ਕਰੋੜ ਰੁਪਿਆ ਠੇਕੇਦਾਰਾਂ ਨੂੰ ਛਡਿਆ ਸੀ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਵੀ ਛੱਡੋਗੇ ?

ਰਾਜ ਮੰਤਰੀ : ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਮਿਊਜ਼ਿਕ ਉਨ੍ਹਾਂ ਨੂੰ ਹਾਊਸ ਵਿੱਚ ਫੇਸ ਕਰਨਾ ਪਿਆ ਸੀ, ਉਹ ਅਸੀਂ ਨਹੀਂ ਕਰਨਾ ਚਾਹੁੰਦੇ । (ਹਾਸਾ)

ਸਰਦਾਰ ਸਰੂਪ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਜਵਾਬ ਵਿੱਚ ਦੱਸਿਆ ਹੈ ਕਿ ਫਿਰੋਜ਼ਪੁਰ ਵਿੱਚ ਸੇਲਜ਼ ਟੈਕਸ ਦਾ 1967-68 ਦਾ 1,05,161 ਤੇ 1968-69 ਦਾ 6,95,510 ਔਰ 1969-70 ਦਾ 37,79,312 ਰੁਪਏ ਬਕਾਇਆ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਜਦ ਕੁਆਰਟਲੀ ਰੀਟਰਨ ਜਾਂਦੀ ਹੈ ਅਤੇ ਫਿਰ ਦੂਜੀ ਜਾਂਦੀ ਹੈ ਤਾਂ ਜਦ ਤਕ ਪੈਸੇ ਵਸੂਲ ਨਹੀਂ ਕੀਤੇ ਜਾਂਦੇ ਤਾਂ ਦੂਜੀ ਰੀਟਰਨ ਕਿਸ ਤਰ੍ਹਾਂ ਉਹ ਲੈ ਲੈਂਦੇ ਹਨ । ਕੀ ਇਨ੍ਹਾਂ ਦੇ ਆਦਮੀ ਉਨ੍ਹਾਂ ਦੇ ਨੋਟਿਸ ਵਿੱਚ ਨਹੀਂ ਲਿਆਉਂਦੇ ਕਿ ਤੁਹਾਡੇ ਪੈਸੇ ਬਕਾਇਆ ਹਨ ? (ਵਿਘਨ) ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੁਆਰਟਲੀ ਰੀਟਰਨ ਜਦ ਜਾਂਦੀ ਹੈ ਉਸ ਦੇ ਪਹਿਲਾਂ ਕੀ ਇਹ ਇਸ ਚੀਜ਼ ਨੂੰ ਨਹੀਂ ਦੇਖਦੇ ਕਿ ਉਨ੍ਹਾਂ ਦੇ ਪਹਿਲੇ ਸਾਰ ਏਰੀਅਰਜ ਵਸੂਲ ਹੋ ਗਏ ਹਨ । ਇਸ ਲਈ ਇਹ ਦੇਖ ਲੈਣ ਕਿ ਉਨ੍ਹਾਂ ਦੇ ਚੈਕ ਦੀ ਪੇਮੈਂਟ ਹੋਈ ਹੈ ਕਿ ਨਹੀਂ । ਕੀ ਇਸ ਦੇ ਬਾਰੇ ਵਜ਼ੀਰ ਸਾਹਿਬ ਵਿਚਾਰ ਕਰਨਗੇ ?

ਰਾਜ ਮੰਤਰੀ : ਜੋ ਸੁਜੈਸ਼ਨ ਇਨ੍ਹਾਂ ਨੇ ਦਿੱਤਾ ਹੈ, ਬੜਾ ਮਾਕੂਲ ਹੈ। ਲੇਕਿਨ ਅਸੀਂ ਵਪਾਰੀਆਂ ਨਾਲ ਬੜੀ ਨਰਮੀ ਨਾਲ ਵਰਤਦੇ ਹਾਂ । ਤੁਹਾਡੇ ਵਲੋਂ ਅਤੇ ਸਾਡੇ ਵਲੋਂ ਇਹ ਤਾਂ ਕਿਹਾ ਜਾਂਦਾ ਹੈ ਕਿ ਡੀਪਾਰਟਮੈਂਟ ਟੈਕਸੇਸ਼ਨ ਵਿੱਚ ਬੜੀ ਹੈਰਾਸਮੈਂਟ ਕਰਦਾ ਹੈ । ਪਰ ਮੈਂ ਕਹਿੰਦਾ ਹਾਂ ਕਿ ਐਸੀ ਕੋਈ ਗੱਲ ਨਹੀਂ ਔਰ ਅਸੀਂ ਕੋਈ ਸਖਤੀ ਨਹੀਂ ਕੀਤੀ ।

ਸ੍ਰੀ ਗਿਆਨ ਚੰਦ ਖਰਬੰਦਾ : ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਬਿਜਲੀ ਦਾ ਬੜਾ ਸੰਕਟ ਹੈ ਅਤੇ ਇਸ ਦੇ ਨਾਲ ਵਿਉਪਾਰੀ ਵਿਚਾਰਾ ਮਰ ਗਿਆ ਹੈ । ਕੀ ਇਹ ਸੇਲਜ਼ ਟੈਕਸ ਤੋਂ ਕੋਈ ਛੋਟ ਦੇਣਗੇ ? .

ਰਾਜ ਮੰਤਰੀ : ਇਹ ਠੀਕ ਹੈ ਸਖਤੀ ਕਰਨੀ ਨਹੀਂ ਚਾਹੀਦੀ ਅਤੇ ਨਾਂ ਹੀ ਕਰਦੇ ਹਾਂ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਵੱਧ ਤੋਂ ਵੱਧ ਪੁਰਾਣੇ ਅਤੇ ਨਵੇਂ ਏਰੀਅਰਜ਼ ਵਸੂਲ ਹੋ ਜਾਣ ਅਤੇ ਉਨ੍ਹਾਂ

[ਰਾਜ ਮੰਤਰੀ]

ਨੂੰ ਸਹੂਲਤ ਵੀ ਦਿੱਤੀ ਜਾਵੇ । ਅਗਰ ਇਸ ਮਹੀਨੇ ਵਿੱਚ ਕੁਆਰਟਰਲੀ ਰੀਟਰਨ ਨਹੀਂ ਦੇ ਸਕਦੇ ਤਾਂ ਅਗਲੇ ਵਿੱਚ ਦੇ ਦੇਣ ।

ਚੌਧਰੀ ਰਾਮ ਸਿੰਘ : ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਕੋਈ 30 ਲੱਖ ਦੇ ਕਰੀਬ ਅਸੀਂ ਟੈਕਸ ਜੰਮੂ ਐਂਡ ਕਸ਼ਮੀਰ ਕੋਲੋਂ ਲੈਣਾ ਹੈ ਕੀ ਇਹ ਉਸ ਦੀ ਰੀਕਵਰੀ ਦੀ ਕੋਸ਼ਿਸ਼ ਕਰ ਰਹੇ ਹਨ, ਕਿਉਂਕਿ ਪਿਛਲੀ ਸਰਕਾਰ ਨੇ ਕਿਹਾ ਸੀ ਕਿ ਅਸੀਂ ਗੱਲ ਬਾਤ ਕਰ ਰਹੇ ਹਾਂ ।

ਰਾਜ ਮੰਤਰੀ : ਇਸ ਸਵਾਲ ਵਿੱਚੋਂ ਤਾਂ ਇਹ ਪੈਦਾ ਨਹੀਂ ਹੁੰਦਾ । ਪਰ ਮੈਂ ਦੱਸਦਾ ਹਾਂ ਕਿ ਇਕ ਗੌਰਮਿੰਟ ਦੂਜੀ ਗੌਰਮਿੰਟ ਦੇ ਨਾਲ ਗੌਰਮਿੰਟ ਲੈਵਲ ਤੇ ਕੋਸ਼ਿਸ਼ ਕਰ ਰਹੀ ਹੈ ।

ਚੌਧਰੀ ਤੁਲਸੀ ਰਾਮ ਚੌਹਾਨ : ਕੀ ਵਜ਼ੀਰ ਸਾਹਿਬ ਦੇ ਨੋਟਿਸ ਵਿੱਚ ਹੈ ਕਿ ਇਹ ਏਰੀਅਰਜ਼ ਇਸ ਕਰਕੇ ਰੀਕਰਵਰ ਨਹੀਂ ਹੋ ਰਹੇ ਕਿ ਇਨ੍ਹਾਂ ਦੇ ਸਟਾਫ ਦੇ ਆਦਮੀ ਉਨ੍ਹਾਂ ਕੋਲੋਂ ਰਿਸ਼ਵਤਾਂ ਲੈ ਲੈਂਦੇ ਹਨ ਅਤੇ ਕਰਦੇ ਕੁਝ ਨਹੀਂ ਅਤੇ ਇਸ ਤਰ੍ਹਾਂ ਇਹ ਪੈਂਡਿੰਗ ਚਲੇ ਆ ਰਹੇ ਹਨ । ਕੀ ਇਸ ਬਾਰੇ ਕੋਈ ਗੌਰ ਕਰਨਗੇ ?

ਰਾਜ ਮੰਤਰੀ : ਇਹੋ ਜਿਹੀ ਕੋਈ ਗੱਲ ਨਹੀਂ ਹੈ । ਇਸ ਦੇ ਵਿੱਚ ਕਈ ਅੜਿਚਣਾਂ ਹੁੰਦੀਆਂ ਹਨ । ਕੀ ਇਨ੍ਹਾਂ ਵਿੱਚੋਂ ਕਈ ਲੋਕ ਜ਼ਿਲ੍ਹਾ ਛੱਡ ਕੇ ਚਲੇ ਜਾਂਦੇ ਹਨ ਅਤੇ ਕਈ ਹਾਈ ਕੋਰਟ ਵਿੱਚ ਜਾ ਕੇ ਸਟੇ ਲੈ ਲੈਂਦੇ ਹਨ । ਸੋ ਨਾ ਇਹ ਕਿਸੇ ਅਫ਼ਸਰ ਨੂੰ ਔਰ ਨਾ ਹੀ ਮੈਨੂੰ ਕੋਈ ਅਧਿਕਾਰ ਹੈ ਕਿ ਵਸਲੀ ਨੂੰ ਮੁਲਤਵੀ ਕਰ ਸਕੇ । ਇਹ ਤਾਂ ਕਾਨੂੰਨ ਦੇ ਮੁਤਾਬਿਕ ਹੀ ਕੀਤਾ ਜਾਂਦਾ ਹੈ ।

ਸ੍ਰੀ ਮਨਮੋਹਨ ਕਾਲੀਆ : ਕੀ ਮਨਿਸਟਰ ਸਾਹਿਬ ਦੇ ਨੋਟਿਸ ਵਿੱਚ ਇਹ ਗੱਲ ਹੈ ਕਿ ਇਸ ਰੀਕਵਰੀ ਵਿੱਚੋਂ ਕੁਝ ਬੈਡ ਡੈਟਸ ਫਰਮਾਂ ਵੀ ਹਨ ਜਿਹੜੀਆਂ ਉਸ ਵਕਤ ਵਜੂਦ ਵਿੱਚ ਨਹੀਂ ਸਨ ਔਰ ਇਸ ਤਰ੍ਹਾਂ ਉਨ੍ਹਾਂ ਨੇ ਸੇਲਜ਼ ਟੈਕਸ ਦੀ ਹੇਰਾ ਫੇਰੀ ਕਰਕੇ ਪੈਸਾ ਕਮਾਇਆ । ਅਤੇ ਉਨ੍ਹਾਂ ਦੇ ਜ਼ਿਮੇ ਬਕਾਇਆ ਹੈ । ਇਸ ਤਰੀਕੇ ਨਾਲ ਅੰਮ੍ਰਿਤਸਰ ਦੇ ਇਕ ਪੱਲੇਦਾਰ ਵਲ 8-10 ਲੱਖ ਰੁਪਿਆ ਬਕਾਇਆ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਸ ਬੈਡ ਡੈਟਸ ਦੀ ਇਸ ਏਰੀਅਰਜ਼ ਵਿੱਚ ਰੇਸ਼ੋ ਕੀ ਹੈ ?

ਰਾਜ ਮੰਤਰੀ : ਇਹ ਰੇਸ਼ੋ ਤਾਂ ਮੈਂ ਨਹੀਂ ਕਹਿ ਸਕਦਾ । ਇਸ ਪੱਲੇਦਾਰ ਦੇ ਬਾਰੇ ਇੰਡਸਟਰੀ ਮਨਿਸਟਰ ਨੇ ਵੀ ਕੋਸ਼ਿਸ਼ ਕੀਤੀ ਸੀ, ਟੰਡਨ ਸਾਹਿਬ ਵੀ ਇੰਡਸਟਰੀ ਮਨਿਸਟਰ ਰਹੇ ਹਨ ਉਨ੍ਹਾਂ ਨੇ ਵੀ ਕੋਸ਼ਿਸ਼ ਕੀਤੀ ਸੀ, ਪਰ ਉਹ ਕੋਈ ਲੀਗਲ ਪਰੋਟੈਕਸ਼ਨ ਲੈ ਲੈਂਦੇ ਹਨ । ਅਸੀਂ ਸਪੈਸ਼ਲ ਸਟਾਫ ਦੀ ਡਿਊਟੀ ਵੀ ਲਗਾਈ ਸੀ । ਅਸੀਂ ਕੋਸ਼ਿਸ਼ ਵੀ ਕੀਤੀ ਸੀ ਕਿ ਉਸ ਦੇ ਖਿਲਾਫ਼ ਕਾਰਵਾਈ ਕੀਤੀ ਜਾਵੇ।

ਸ੍ਰੀ ਸਰਦਾਰੀ ਲਾਲ ਕਪੂਰ : ਜਿਸ ਵੇਲੇ ਠੇਕਿਆਂ ਦੀ ਨੀਲਾਮੀ ਹੁੰਦੀ ਹੈ ਤਾਂ ਉਸ ਵੇਲੇ ਡਮੀ ਆਦਮੀ ਖੜੇ ਕੀਤੇ ਜਾਂਦੇ ਹਨ ਅਤੇ ਫਿਰ ਉਨ੍ਹਾਂ ਕੋਲੋਂ ਵਸੂਲੀ ਨਹੀਂ ਕੀਤੀ ਜਾਂਦੀ ਅਤੇ ਇਸ ਦੇ ਨਾਲ ਕਾਫੀ ਰੁਪਿਆ ਗੌਰਮਿੰਟ ਦਾ ਜ਼ਾਇਆ ਹੁੰਦਾ ਹੈ । ਕੀ ਵਜ਼ੀਰ ਸਾਹਿਬ ਇਸ ਪਾਸੇ ਧਿਆਨ ਦੇਣਗੇ ?

ਰਾਜ ਮੰਤਰੀ : ਇਹ ਵੀ ਠੀਕ ਹੈ । ਸ਼ਰਾਬ ਦੇ ਠੇਕੇ ਲੈਣ ਵਾਲੇ ਥੋੜ੍ਹੇ ਹੁੰਦੇ ਹਨ । (ਵਿਘਨ) ਸਾਰੇ ਪੁਰਾਣੇ ਏਰੀਅਰਜ਼ ਰੀਕਵਰ ਕਰਨ ਵਾਸਤੇ ਉਨ੍ਹਾਂ ਲੋਕਾਂ ਨੂੰ ਕੁਝ ਨਾ ਕੁਝ ਤਾਂ ਰਿਆਇਤ ਦੇਣੀ ਹੀ ਪੈਂਦੀ ਹੈ । ਫਿਰ ਵੀ ਵੱਧ ਤੋਂ ਵੱਧ ਇਹੀ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਆਦਮੀਆਂ ਦੀ ਜਾਇਦਾਦ ਹੋਵੇ ਉਨ੍ਹਾਂ ਨੂੰ ਠੇਕੇ ਦਿੱਤੇ ਜਾਣ ਤਾਂ ਕਿ ਮਗਰੋਂ ਰੀਕਵਰੀ ਵੀ ਕੀਤੀ ਜਾ ਸਕੇ ।

ਕਦੀ ਵਿਚਾਰੇ ਸਾਡੇ ਤੁਹਾਡੇ ਵਰਗੇ ਨਵੇਂ ਵਿਉਪਾਰੀ ਵਿੱਚ ਫਸ ਜਾਂਦੇ ਹਨ ਅਤੇ ਮਗਰੋਂ ਉਨ੍ਹਾਂ ਦੀਆਂ ਪਰਾ ਪਾਰਟੀਆਂ ਫਸ ਜਾਂਦੀਆਂ ਹਨ ।

ਚੌਧਰੀ ਕੇਵਲ ਕ੍ਰਿਸ਼ਨ : ਵਜ਼ੀਰ ਸਾਹਿਬ ਨੇ ਹੈਰਾਸਮੈਂਟ ਦੀ ਗੱਲ ਕੀਤੀ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਡੀਪਾਰਟਮੈਂਟ ਦੇ ਇਨਸਪੈਕਟਰ ਨੇ ਵਿਉਪਾਰੀਆਂ ਨੂੰ ਹੈਰਾਸ ਕਰਕੇ ਅਤੇ ਉਨ੍ਹਾਂ ਤੇ ਦਬਾਅ ਪਾ ਕੇ ਉਨ੍ਹਾਂ ਤੋਂ ਪੈਸੇ ਲੈਂਦੇ ਹਨ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੋਈ ਇਸ ਕਿਸਮ ਦਾ ਇਨ੍ਹਾਂ ਨੇ ਕੇਸ ਫੜਿਆ ਹੈ ਅਤੇ ਕੀ ਇਸ ਦਾ ਕੋਈ ਇੰਤਜ਼ਾਮ ਕਰੋਗੇ ?

ਰਾਜ ਮੰਤਰੀ : ਕੇਸ ਕੋਈ ਨਹੀਂ ਫੜਿਆ । ਵੈਸੇ ਮੈਂ ਦਸਦਾ ਹਾਂ ਕਿ ਜਦ ਕੋਈ ਵਿਉਪਾਰੀ ਕਹੇ ਕਿ ਮੈਨੂੰ ਘਾਟਾ ਪੈ ਗਿਆ ਹੈ ਤਾਂ ਸਮਝੋ ਕਿ ਉਸ ਦੇ ਡਿਊੜੇ ਹੋ ਗਏ । (ਹਾਸਾ) ਇਸ ਖਿਆਲ ਨਾਲ ਹਰ ਵਿਉਪਾਰੀ ਕਹਿੰਦਾ ਹੈ ਕਿ ਹੈਰਾਸਮੈਂਟ ਹੁੰਦੀ । ਵਿਉਪਾਰੀ ਕੁਲੈਕਟਿਵ ਏਜੰਸੀ ਇਹੋ ਜਿਹੀ ਹੈ ਜਿਹੜੇ ਕਦੀ ਨਹੀਂ ਕਹਿੰਦੇ ਕਿ ਸਾਡੇ ਨਾਲ ਹੈਰਾਸਮੈਂਟ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਪਾਸੋਂ ਸੇਲਜ਼ ਟੈਕਸ ਵਸੂਲ ਕਰਨਾ ਹੁੰਦਾ ਹੈ । ਅਸੀਂ ਤਾਂ ਰਿਆਇਤ ਦਿੰਦੇ ਹਾਂ ਕਿ 4 ਮਹੀਨੇ ਸਰਕਾਰੀ ਪੈਸਾ ਯੂਟੇਲਾਈਜ਼ ਕਰੋ ਅਤੇ 4 ਮਹੀਨੇ ਬਾਅਦ ਦੇ ਦਿਓ ਪਰ ਉਹ ਫਿਰ ਵੀ ਨਹੀਂ ਦਿੰਦੇ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਏਰੀਅਰਜ਼ ਕੋਈ ਨਹੀਂ ਰਹੇ । ਇਹ ਇਕ ਕੰਟੀਨਿਊਸ ਪਰੋਸੈਸ ਹੈ, ਬੈਡ ਡੈਟਸ, ਉਸ ਦੇ ਬਾਰੇ ਵੀ ਕੈਬਨਿਟ ਵਿੱਚ ਗੱਲ ਆਵੇਗੀ, ਅਸੀਂ ਮੰਥਲੀ ਮੀਟਿੰਗ ਵਿੱਚ ਵੀ ਲਿਆਉਂਦੇ ਹਾਂ ।

ਸਰਦਾਰ ਸੰਤੋਖ ਸਿੰਘ ਰੰਧਾਵਾ : ਕੀ ਮਨਿਸਟਰ ਸਾਹਿਬ ਦਸਣਗੇ ਕਿ ਕੁਝ ਵਪਾਰੀਆਂ ਨੇ ਦੋਹਰੇ ਹਿਸਾਬ ਕਿਤਾਬ ਰਖੇ ਹੋਏ ਹਨ ਔਰ ਉਸਦੇ ਵਿੱਚ ਬੇਈਮਾਨੀ ਕਰਦੇ ਹਨ ਜਿਸ ਦੇ ਨਾਲ ਕਿ ਸੂਬੇ ਨੂੰ ਨੁਕਸਾਨ ਪਹੁੰਚਦਾ ਹੈ ਔਰ ਨਵੇਂ ਟੈਕਸ ਲਾਉਣੇ ਪੈਂਦੇ ਹਨ । ਦੂਸਰਾ ਜੇ ਇਹ ਕੁਆਟਰਲੀ ਪੈਸੇ ਨਹੀਂ ਜਮ੍ਹਾਂ ਕਰਾਉਂਦੇ ਤਾਂ ਮੈਂ ਸਮਝਦਾ ਹਾਂ ਕਿ ਜਦੋਂ ਉਨ੍ਹਾਂ ਦੀ ਦੂਸਰੀ ਰਿਟਰਨ ਆਉਂਦੀ ਹੈ ਤਾਂ ਉਨ੍ਹਾਂ ਦੇ ਜਿਹੜੇ ਲਾਇਸੰਸ ਵਗੈਰਾ ਹਨ ਉਨ੍ਹਾਂ ਨੂੰ ਕੈਂਸਲ ਕਰਨ ਲਈ ਕੋਈ ਤਵੱਜੋ ਦੇਣ ਤਾਂ ਕਿ ਜਿਹੜੇ ਆਦਮੀ ਨਾਜਾਇਜ਼ ਫਾਇਦਾ ਉਠਾਉਂਦੇ ਹਨ ਔਰ ਬੇਈਮਾਨੀ ਕਰਦੇ ਹਨ ਉਹ ਖਤਮ ਕੀਤੀ ਜਾ ਸਕੇ ਔਰ ਫਿਰ ਦੂਸਰਾ ਜਿਹੜਾ ਇਹ ਘਾਟਾ ਪੂਰਾ ਕਰਨ ਵਾਸਤੇ ਨਵੇਂ ਟੈਕਸ ਲਾਉਂਦੇ ਹਨ ਉਹ ਚੀਜ਼ ਘਟ ਸਕੇ ? (ਵਿਘਨ)

ਰਾਜ ਮੰਤਰੀ : ਤੁਹਾਡੇ ਖਿਆਲ ਦੇ ਮੁਤਾਬਕ ਵਪਾਰੀ ਬੇਈਮਾਨ ਹੋਵੇਗਾ ਮੈਂ ਤਾਂ ਵਪਾਰੀ ਨੂੰ ਬੇਈਮਾਨ ਨਹੀਂ ਸਮਝਾਂਗਾ । (ਵਿਘਨ)

STARRED QUESTION No. 2347

ਸ੍ਰੀ ਸਪੀਕਰ : ਸਟਾਰਡ ਸਵਾਲ ਨੰਬਰ 2347 ਅੱਗੇ ਪਾਉਣ ਲਈ ਕਿਹਾ ਗਿਆ ਹੈ । (ਵਿਘਨ) (Extension has been asked for in respect of Starred Question No. 2347). (Interruption)

ਸ੍ਰੀ ਸਰਦਾਰੀ ਲਾਲ ਕਪੂਰ : ਇਸ ਦੇ ਅੱਗੇ ਪਾਉਣ ਵਿੱਚ ਕੀ ਖਾਸ ਗੱਲ ਹੈ । (ਵਿਘਨ) ਇਹ ਸਾਰੇ ਲੋਕਾਂ ਦੇ ਇਖਲਾਕ ਖਰਾਬ ਕਰ ਰਹੇ ਹਨ । (ਵਿਘਨ) (ਸ਼ੋਰ)

ਸਰਦਾਰ ਸੰਤੋਖ ਸਿੰਘ ਰੰਧਾਵਾ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਅੰਮ੍ਰਿਤਸਰ ਤੋਂ 7.00 ਵਜੇ ਬਸ ਚਲਦੀ ਹੈ । ਆਮ ਤੌਰ ਤੇ ਡਾਂਗ ਸਾਹਿਬ, ਖਰਬੰਦਾ ਸਾਹਿਬ ਅਤੇ ਮੈਂ ਉਸ

[ਸਰਦਾਰ ਸੰਤੋਖ ਸਿੰਘ ਰੰਧਾਵਾ]

ਬਸ ਵਿੱਚ ਆਉਂਦੇ ਹਾਂ। ਉਹ ਬਸ ਇਕ ਹੋਟਲ ਦੇ ਸਾਹਮਣੇ ਖੜੀ ਹੁੰਦੀ ਹੈ ਜਿਸ ਦੇ ਬਾਹਰ ਲਿਖਿਆ ਹੁੰਦਾ ਹੈ ਕਿ ਸਾਢੇ ਨੌਂ ਵਜੇ ਡਾਂਸ ਸ਼ੁਰੂ ਹੋਵੇਗਾ। ਅਸੀਂ ਡਰਦੇ ਮਾਰੇ ਉਸ ਟਾਈਮ ਰੋਟੀ ਨਹੀਂ ਖਾਣ ਜਾਂਦੇ ਜਾਂ ਉਸ ਤੋਂ ਪਹਿਲਾਂ ਪਹਿਲਾਂ ਕਈ ਵਾਰ ਖਾ ਆਉਂਦੇ ਹਾਂ। (ਵਿਘਨ) (ਸ਼ੋਰ)

ਸਰਦਾਰ ਸਰੂਪ ਸਿੰਘ : ਸਪੀਕਰ ਸਾਹਿਬ, ਜਿਹੜੇ ਹੋਟਲ ਦਾ ਜ਼ਿਕਰ ਆਇਆ ਹੈ ਉਥੇ ਬਾਰ ਵੀ ਹੈ। ਉਥੇ ਸ਼ਰਾਬ ਪੀਤੀ ਵੀ ਜਾਂਦੀ ਹੈ ਔਰ ਨੰਗਾ ਡਾਂਸ ਵੀ ਹੁੰਦਾ ਹੈ। ਇਸ ਗੱਲ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। (ਵਿਘਨ)

ਸ੍ਰੀ ਸਪੀਕਰ : ਸਰਦਾਰ ਸਰੂਪ ਸਿੰਘ ਜੀ ਨੇ ਜਿਹੜੀ ਜਾਣਕਾਰੀ ਦਿੱਤੀ ਹੈ ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਉਸ ਤੇ ਜ਼ਰੂਰ ਕੋਈ ਐਕਸ਼ਨ ਲੈਣ। (ਵਿਘਨ) (I would request the honourable Minister to take necessary action with regard to the information given by the honourable Member Sardar Sarup Singh) (*Interruption*)

ਚੌਧਰੀ ਕੇਵਲ ਕ੍ਰਿਸ਼ਨ : ਕੀ ਇਸ ਸਵਾਲ ਦਾ ਇਸੇ ਸੈਸ਼ਨ ਵਿੱਚ ਜਵਾਬ ਆ ਜਾਵੇਗਾ ਜੀ ?

ਸ੍ਰੀ ਸਪੀਕਰ : ਜ਼ਰੂਰ ਆਵੇਗਾ ਜੀ। (ਵਿਘਨ) ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਉਹ ਜ਼ਰੂਰ ਕੋਸ਼ਿਸ਼ ਕਰਨ ਕਿ ਜਵਾਬ ਆ ਜਾਵੇ। (ਵਿਘਨ) (The reply would certain by come during this Session. I would request the honourable Minister concerned to send the reply to this question).

ਅੱਧ ਸਰਕਾਰੀ ਨੰ: 1609/ਕ,

ਪਰਕਾਸ਼ ਸਿੰਘ

Chief Minister, Punjab

ਚੰਡੀਗੜ੍ਹ, ਮਿਤੀ 21 ਜਨਵਰੀ, 1971

ਪਿਆਰੇ ਸਰਦਾਰ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰਬਰ 2347, ਜੋ ਮਿਤੀ 22 ਜਨਵਰੀ, 1971 ਲਈ ਸੁਆਲਾਂ ਦੀ ਸੂਚੀ ਵਿੱਚ ਸ੍ਰੀ ਚੌਧਰੀ ਕੇਵਲ ਕ੍ਰਿਸ਼ਨ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿੱਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 26 ਜਨਵਰੀ, 1971 ਤੋਂ ਪਿੱਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿੱਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪ ਦਾ ਵਿਸ਼ਵਾਸ਼ਪਾਤਰ,
ਸਹੀ/—
(ਪਰਕਾਸ਼ ਸਿੰਘ)

ਸ੍ਰੀ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ।

DOCTORS DEPUTED TO GANGA NAGAR TO ATTEND ANY PATIENT

*2272. **Comrade Kulwant Singh , Comrade Satya Pal Dang :** Will the Minister of State for Industries and Health be pleased to state—

(a) whether during the second half of the year 1970 any doctors of V. J. Hospital, Amritsar, and Professors/Assistant Professors/ Senior Lecturers of Medical College, Amritsar were required to go and/or did go to Ganga Nagar to attend on any patients;

(b) if the answer to part (a) above be in the affirmative,the names of such Doctors /Professors/Assistant Professors/ Lecturers and the periods for which they were at Ganga Nagar stating the precise duty performed by each one of them and the names of the patients on whom they attended;

(c) whether during the period spent at Ganganagar, each of these doctors was considered as on duty?

ਸਰਦਾਰ ਰਵੇਲ ਸਿੰਘ (ਰਾਜ ਮੰਤਰੀ) : (ੲ) ਹਾਂ ਜੀ, ਮੈਡੀਕਲ ਕਾਲਜ, ਅੰਮ੍ਰਿਤਸਰ, ਦੇ ਤਿੰਨ ਪਰੋਫੈਸਰ ਸੰਤ ਚੰਨਣ ਸਿੰਘ ਜੀ ਦੀ ਦੇਖ-ਭਾਲ ਲਈ ਗੰਗਾਨਗਰ ਗਏ ਸਨ ।

(ਬ) ਪਰੋਫੈਸਰਾਂ ਦੇ ਨਾਂ ਅਤੇ ਜਿਨ੍ਹੇ ਸਮੇਂ ਉਹ ਗੰਗਾਨਗਰ ਵਿੱਚ ਰਹੇ ਹੇਠ ਲਿਖੇ ਜਾਂਦੇ ਹਨ:—

(1) ਡਾ: ਹਰਚਰਨ ਸਿੰਘ,ਪਰੋਫੈਸਰ ਮੈਡੀਸਨ, ਮੈਡੀਕਲ ਕਾਲਜ, ਅੰਮ੍ਰਿਤਸਰ— ਮਿਤੀ 17 ਅਕਤੂਬਰ, 1970 ਸ਼ਾਮ ਤੋਂ 18 ਅਕਤੂਬਰ, 1970 ਤਕ (ਸਥਾਨ ਛੱਡਣ ਦੀ ਛੁੱਟੀ ਤੇ) । ਡਾ: ਹਰਚਰਨ ਸਿੰਘ, ਪਰੋਫੈਸਰ, ਮੈਡੀਸਨ, ਮੈਡੀਕਲ ਕਾਲਜ, ਅੰਮ੍ਰਿਤਸਰ ਇਤਫਾਕੀਆ ਛੁੱਟੀ ਤੇ ਅਤੇ ਨਾਲ ਲਗਦੀਆਂ 27 ਅਕਤੂਬਰ, 1970 ਤੋਂ 31 ਅਕਤੂਬਰ, 1970 ਦੀਆਂ ਛੁੱਟੀਆਂ ਮਿਲਾ ਕੇ ਤੇ 9 ਨਵੰਬਰ, 1970 ਸ਼ਾਮ ਤੋਂ ਲੈ ਕੇ 10 ਨਵੰਬਰ, 1970 ਸਵੇਰ ਤਕ ਸਥਾਨ ਛੱਡਣ ਦੀ ਛੁੱਟੀ ।

(2) ਡਾ: ਪ੍ਰੀਤਮ ਸਿੰਘ, ਪਰੋਫੈਸਰ ਐਨਥੀਸੀਆ, ਮੈਡੀਕਲ ਕਾਲਜ, ਅੰਮ੍ਰਿਤਸਰ,ਇਤ-ਫਾਕੀਆ ਛੁੱਟੀ ਤੇ ਅਤੇ ਨਾਲ ਲਗਦੀਆਂ 27 ਅਕਤੂਬਰ, 1970 ਤੋਂ 31 ਅਕਤੂਬਰ, 1970 ਦੀਆਂ ਛੁੱਟੀਆਂ ਮਿਲਾ ਕੇ ।

(3) ਡਾ. ਵਾਈ. ਸਚਦੇਵਾ, ਪਰੋਫੈਸਰ ਆਫ ਸਰਜਰੀ ਅਤੇ ਪ੍ਰਿੰਸੀਪਲ, ਮੈਡੀਕਲ ਕਾਲਜ, ਅੰਮ੍ਰਿਤਸਰ, ਇਤਫਾਕੀਆ ਛੁੱਟੀ ਤੇ ਅਤੇ ਨਾਲ ਲਗਦੀਆਂ 27 ਅਕਤੂਬਰ, 1970 ਤੋਂ 31 ਅਕਤੂਬਰ, 1970 ਦੀਆਂ ਛੁੱਟੀਆਂ ਮਿਲਾ ਕੇ ।

ਆਪਣੀਆਂ ਮਹਾਰਤਾਂ (Specialities) ਦੇ ਅਨੁਸਾਰ ਉਨ੍ਹਾਂ ਨੇ ਸੰਤ ਚੰਨਣ ਸਿੰਘ ਦੀ ਦੇਖ ਭਾਲ ਕੀਤੀ ।

(ਸੀ) ਨਹੀਂ ।

ਕਾਮਰੇਡ ਸੱਤ ਪਾਲ ਡਾਂਗ: ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕੀ ਇਹ ਹਕੀਕਤ ਨਹੀਂ ਕਿ ਇਨ੍ਹਾਂ ਤਿੰਨ ਪਰੋਫੈਸਰਾਂ ਤੋਂ ਇਲਾਵਾ ਸੀਨੀਅਰ ਲੈਕਚਰਰਜ਼ ਔਰ ਜੂਨੀਅਰ ਡਾਕਟਰਜ਼ 15-15 ਦਿਨ ਉਥੇ ਰਹੇ ਔਰ ਜਦੋਂ ਅਸੀਂ ਇਸ ਗੱਲ ਦਾ ਰੌਲਾ ਪਾਇਆ ਤਾਂ ਰਿਕਾਰਡ ਟੈਂਪਰ ਵਿਦ ਕਰਕੇ ਉਨ੍ਹਾਂ ਦੀਆਂ ਫਿਰ ਛੁੱਟੀਆਂ ਸ਼ੋ ਕੀਤੀਆਂ ਗਈਆਂ (ਵਿਘਨ)

ਰਾਜ ਮੰਤਰੀ : ਮੇਰੇ ਨੋਟਿਸ ਵਿੱਚ ਐਸੀ ਕੋਈ ਗੱਲ ਨਹੀਂ ਹੈ ।

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਜਿਹੜੇ ਤਿੰਨ ਡਾਕਟਰ ਇਹ ਮੰਨਦੇ ਹਨ ਇਨ੍ਹਾਂ ਨੂੰ ਸੰਤ ਚੰਨਣ ਸਿੰਘ ਨੇ ਪ੍ਰਾਈਵੇਟ ਤੌਰ ਤੇ ਬੁਲਾਇਆ ਜਾਂ ਚੀਫ਼ ਮਨਿਸਟਰ ਸਾਹਿਬ ਨੇ ਟੈਲੀਫੋਨ ਕੀਤਾ ਸੀ ਕਿ ਫੌਰੀ ਤੌਰ ਤੇ ਵੱਡੇ ਵੱਡੇ ਡਾਕਟਰ ਗੰਗਾ ਨਗਰ ਭੇਜੇ ਜਾਣ । (ਵਿਘਨ)

ਰਾਜ ਮੰਤਰੀ : ਉਹ ਤਾਂ ਛੁੱਟੀ ਲੈ ਕੇ ਗਏ ਹਨ । (ਵਿਘਨ)

ਸ੍ਰੀ ਮਨਮੋਹਨ ਕਾਲੀਆ : ਕੀ ਮਨਿਸਟਰ ਸਾਹਿਬ ਦਸਣਗੇ ਕਿ ਆਇਆ ਇਹ ਡਾਕਟਰ ਜਿਹੜੇ ਛੁੱਟੀ ਲੈ ਕੇ ਗਏ ਸੀ ਉਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਗਰੀਬ ਮਰੀਜ਼ਾਂ ਦਾ ਕੀ ਕੀਤਾ ਗਿਆ ਸੀ, ਕੋਈ ਉਨ੍ਹਾਂ ਵਾਸਤੇ ਪ੍ਰਬੰਧ ਵਗੈਰਾ ਕੀਤਾ ਗਿਆ ਸੀ ? (ਵਿਘਨ)

ਰਾਜ ਮੰਤਰੀ : ਡਾਕਟਰ ਹਮੇਸ਼ਾ ਛੁੱਟੀ ਜਾਂਦੇ ਰਹਿੰਦੇ ਹਨ ਔਰ ਉਨ੍ਹਾਂ ਦੀ ਥਾਂ ਤੇ ਪ੍ਰਬੰਧ ਹੁੰਦੇ ਰਹਿੰਦੇ ਹਨ ।

ਡਾਕਟਰ ਅਮੀਰ ਸਿੰਘ ਕਲਕਟ : ਕੀ ਮਨਿਸਟਰ ਸਾਹਿਬ ਦਸਣਗੇ ਕਿ ਸਰਜਰੀ ਤੇ ਐਨਥੀਸੀਆ ਦੇ ਸਪੈਲਿਸ਼ਟ ਦੀ ਉਥੇ ਕੀ ਲੋੜ ਸੀ ਜਦ ਕਿ ਸੰਤ ਚੰਨਣ ਸਿੰਘ ਜੀ ਨੂੰ ਹਾਰਟ ਅਟੈਕ ਹੁੰਦਾ ਹੈ । (ਵਿਘਨ)

ਰਾਜ ਮੰਤਰੀ : ਇਹ ਤਾਂ ਜੀ ਸੰਤ ਚੰਨਣ ਸਿੰਘ ਜੀ ਨੂੰ ਹੀ ਪਤਾ ਹੋਵੇਗਾ । (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਦਸਣਗੇ ਕਿ ਇਹ ਜਿਹੜੇ ਤਿੰਨ ਡਾਕਟਰ ਉਹ ਮੰਨੇ ਹਨ ਉਨ੍ਹਾਂ ਵਿੱਚੋਂ ਡਾਕਟਰ ਹਰਚਰਨ ਸਿੰਘ 9 ਦਿਨ, ਡਾਕਟਰ ਪ੍ਰੀਤਮ ਸਿੰਘ 5 ਦਿਨ ਅਤੇ ਡਾਕਟਰ ਸਚਦੇਵਾ 5 ਦਿਨ ਲਈ ਉਥੇ ਰਹੇ । ਚਾਰ ਦਿਨ ਦੀ ਆਊਟ ਆਫ਼ ਸਟੇਸ਼ਨ ਦੀ ਛੁੱਟੀ ਲੈ ਕੇ ਗਏ ਸੀ ਔਰ ਬਾਕੀ ਦਿਨਾਂ ਦੀ ਕੈਜ਼ੂਅਲ ਲੀਵ ਲੈ ਲਈ । ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਹੈ ਕਿ ਰੂਲਜ਼ ਦੇ ਮੁਤਾਬਕ ਛੁੱਟੀ ਲੈਣੀ ਹੋਵੇ ਤਾਂ ਡਿਊਟੀ ਆਫ਼ ਦੀ ਵੀ ਛੁੱਟੀ ਲੈਣੀ ਹੁੰਦੀ ਹੈ ਔਰ ਆਊਟ ਆਫ਼ ਸਟੇਸ਼ਨ ਲਈ ਵੀ ਛੁੱਟੀ ਲੈਣੀ ਹੁੰਦੀ ਹੈ । ਇਨ੍ਹਾਂ ਨੇ ਚਾਰ ਦਿਨਾਂ ਲਈ ਆਊਟ ਆਫ਼ ਸਟੇਸ਼ਨ ਲਈ ਕਿਹਾ ਹੈ ਕੀ ਬਾਕੀਆਂ ਦਿਨਾਂ ਦੀ ਆਊਟ ਆਫ਼ ਸਟੇਸ਼ਨ ਜਾਣ ਲਈ ਉਨ੍ਹਾਂ ਦੀਆਂ ਅਰਜ਼ੀਆਂ ਆਈਆਂ ਹਨ ? (ਵਿਘਨ)

ਰਾਜ ਮੰਤਰੀ : ਇਸ ਦੇ ਲਈ ਨੋਟਿਸ ਦੇ ਦਿਓ ।

ਚੌਧਰੀ ਜਗਤ ਰਾਮ : ਮਨਿਸਟਰ ਸਾਹਿਬ ਨੇ ਫੁਰਮਾਇਆ ਹੈ ਕਿ ਡਾਕਟਰ ਛੁੱਟੀ ਲੈ ਕੇ ਗਏ ਹਨ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹੌਂਸਲੇ ਨਾਲ ਇਸ ਹਾਊਸ

ਵਿਚ ਇਹ ਗਲ ਮੰਨਣ ਲਈ ਤਿਆਰ ਹਨ ਕਿ ਅਸੀਂ ਇਸ ਕੇਸ ਵਿਚ ਜੁਡੀਸ਼ਲ ਇਨਕੁਆਇਰੀ ਕਰਾਉਣ ਲਈ ਤਿਆਰ ਹਾਂ। (ਵਿਘਨ)

ਰਾਜ ਮੰਤਰੀ : ਛੁੱਟੀ ਲਈ ਜੁਡੀਸ਼ਲ ਇਨਕੁਆਰੀ ਦੀ ਕੀ ਲੋੜ ਹੈ। (ਵਿਘਨ) (ਸ਼ੋਰ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਜਦੋਂ ਸਰਦਾਰ ਪ੍ਰਤਾਪ ਸਿੰਘ ਲਈ ਇਕ ਡਾਕਟਰ ਆਇਆ ਸੀ ਤਾਂ ਇਤਨਾ ਰੌਲਾ ਪਿਆ ਸੀ ਔਰ ਉਸ ਦੇ ਲਈ ਦਾਸ ਕਮਿਸ਼ਨ ਬੈਠਾ ਸੀ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਸ ਦੇ ਵਿਚ ਕੋਈ ਇਹੋ ਜਿਹੀ ਗਲ ਨਹੀਂ। (ਵਿਘਨ) (ਸ਼ੋਰ)

ਜੇ ਸੰਤ ਚੰਨਣ ਸਿੰਘ ਜੀ ਵਾਸਤੇ ਪ੍ਰਾਈਵੇਟ ਤੌਰ ਤੇ ਡਾਕਟਰ ਕੋਈ ਦੇਖ ਭਾਲ ਕਰਨ ਲਈ ਚਲੇ ਗਏ ਤਾਂ ਇਹ ਕੋਈ ਮਾੜੀ ਗਲ ਨਹੀਂ ਹੋਈ (ਵਿਘਨ) ਇਸ ਨੂੰ ਦਾਸ ਕਮਿਸ਼ਨ ਨਾਲ ਮਿਲਾਣਾ ਠੀਕ ਨਹੀਂ (ਵਿਘਨ) (ਸ਼ੋਰ) (There is nothing objectionable if some doctor went to attend on Sant Channan Singh privately. You should not connect this matter with the Dass Commission.)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਚੈਲੇਂਜ ਕਰਦਾ ਹਾਂ ਕਿ ਤੁਸੀਂ ਇਸ ਗਲ ਦੀ ਇਨਕੁਆਇਰੀ ਕਰਾਓ।

It is a case 10 times worse than the case which was referred to Dass Commission in the case of Sardar Partap Singh Kairon.

ਮੈਂ ਚੈਲੇਂਜ ਕਰਦਾ ਹਾਂ ਕਿ 15 ਡਾਕਟਰ ਪਟਿਆਲੇ ਔਰ ਅੰਮ੍ਰਿਤਸਰੋਂ ਗਏ ਔਰ ਉਨ੍ਹਾਂ ਦੀ ਹਸਪਤਾਲ ਵਿਚ ਹਾਜ਼ਰੀ ਲਗੀ ਔਰ ਰੂਲਜ਼ ਦੇ ਖਿਲਾਫ ਉਹ ਆਪਣੇ ਨਾਲ ਦਵਾਈਆਂ ਵਗੈਰਾ ਲਿਆਏ। (ਵਿਘਨ) ਸੰਤ ਚੰਨਣ ਸਿੰਘ ਕਾਨੂੰਨ ਦੀਆਂ ਨਜ਼ਰਾਂ ਵਿਚ ਇਕ ਆਰਡੀਨਰੀ ਸਿਟੀਜ਼ਨ ਹੈ। ਚੀਫ ਮਨਿਸਟਰ ਸਾਹਿਬ ਦਾ ਇਸ ਦੇ ਲਈ ਟੈਲੀਫੋਨ ਗਿਆ ਔਰ 20 ਦਿਨ ਅੰਮ੍ਰਿਤਸਰ ਦੇ ਹਸਪਤਾਲ ਡਾਕਟਰਾਂ ਖੁਣੋਂ ਖਾਲੀ ਪਏ ਰਹੇ। (ਵਿਘਨ)

ਸ੍ਰੀ ਸਪੀਕਰ : ਇਹ ਤਾਂ ਹਿਊਮਨ ਅਪਰੋਚ ਨਹੀਂ ਹੈ। (ਵਿਘਨ) ਇਕ ਆਦਮੀ ਅਗਰ ਕੋਈ ਬੀਮਾਰ ਪੈ ਜਾਂਦਾ ਹੈ ਤਾਂ ਉਸ ਨੂੰ ਸਹੂਲਤ ਦੇਣੀ ਕੋਈ ਮਾੜੀ ਗਲ ਨਹੀਂ। (ਵਿਘਨ) (ਸ਼ੋਰ) (It is not the human approach. (*Interruption*) If some body falls ill it is not bad to give him certain facilities. (*Interruption*) (*Noise*)

Comrade Satya Pal Dang : Sir, this is the worst type of corruption of the Akali Government.

ਸ੍ਰੀ ਸਪੀਕਰ : ਡਾਂਗ ਸਾਹਿਬ, ਕਿਸੇ ਦੀ ਜਾਨ ਬਚਾਣਾ ਵੀ ਕੁਰੱਪਸ਼ਨ ਹੈ ? (Dang Sahib, to save some one's life is not a corruption?)

ਚੌਧਰੀ ਤੁਲਸੀ ਰਾਮ ਚੌਹਾਨ : ਸਪੀਕਰ ਸਾਹਿਬ, ਇਕ ਆਦਮੀ ਦੀ ਜਾਨ ਬਚਾਣ ਪਿਛੇ ਸਾਰੇ ਹਸਪਤਾਲ ਦੇ ਮਰੀਜ਼ਾਂ ਨੂੰ ਮਾਰ ਦੇਣਾ ਕਿਥੋਂ ਦਾ ਇਨਸਾਫ ਹੈ ? (ਵਿਘਨ)

(ਕੋਈ ਉਤਰ ਨਹੀਂ ਆਇਆ)

ਸਾਥੀ ਰੂਪ ਲਾਲ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜੇ ਕਾਂਗਰਸ ਦਾ ਕੋਈ ਵੱਡਾ ਲੀਡਰ ਦਿਲ ਦੀ ਬੀਮਾਰੀ ਨਾਲ ਪੈ ਜਾਏ ਤਾਂ ਕੀ ਉਥੇ ਡਾਕਟਰ ਭੇਜਣਗੇ ?

ਰਾਜ ਮੰਤਰੀ : ਰਬ ਨਾ ਕਰੇ ਜੇ ਕਰ ਐਸੀ ਗੱਲ ਹੋ ਜਾਵੇ, ਅਤੇ ਡਾਕਟਰ ਛੁੱਟੀ ਲੈ ਕੇ ਜਾਣਾ ਚਾਹੇ ਤਾਂ ਕੀ ਹਰਜ ਹੈ ।

ਸਰਦਾਰ ਮਹਿਤਾਬ ਸਿੰਘ ਢਿਲੋਂ : ਸਪੀਕਰ ਸਾਹਿਬ, ਡਾਕਟਰ ਤਾਂ ਜਿਹੜੇ ਗਏ ਸੋ ਗਏ, ਲੇਕਿਨ ਸਾਰੇ ਵਜ਼ੀਰ ਕਿਉਂ ਇੰਨਾ ਚਿਰ ਉਥੇ ਜਾਂਦੇ ਰਹੇ, ਇਹ ਦੌਰਾ ਤਾਂ ਪਾਂਦੇ ਰਹੇ ਅਬਹੋਰ ਦਾ, ਦੋ ਦੋ ਦਿਨ ਉਥੇ ਰੈਸਟ ਹਾਊਸ ਵਿਚ ਰਹੇ (ਵਿਘਨ)

ਸ੍ਰੀ ਸਪੀਕਰ : ਜੇ ਤੁਹਾਡਾ ਬਜ਼ੁਰਗ ਬੀਮਾਰ ਹੋ ਜਾਏ ਤਾਂ ਤੁਸੀਂ ਕੀ ਉਨ੍ਹਾਂ ਦੀ ਮਜ਼ਾਜਪੁਰਸ਼ੀ ਲਈ ਨਹੀਂ ਜਾਓਗੇ । (ਵਿਘਨ) (Will the hon. Member not go to enquire about the health of his elder if he is not feeling well?) (*Irterruption*)

ਸ੍ਰੀ ਗਿਆਨ ਚੰਦ ਖਰਬੰਦਾ : ਕੀ ਇਸ ਗਲ ਦੀ ਇਨਕੁਆਇਰੀ ਕਰਾਉਣ ਲਈ ਇਹ ਤਿਆਰ ਹਨ ਕਿ ਡਾਕਟਰਾਂ ਦੀ ਅਦਮ ਮੌਜੂਦਗੀ ਵਿਚ ਜਿਹੜੇ ਹਸਪਤਾਲਾਂ ਵਿਚ ਮਰੀਜ਼ ਸਨ, ਉਨ੍ਹਾਂ ਦਾ ਇਲਾਜ ਦਾ ਠੀਕ ਪ੍ਰਬੰਧ ਨਹੀਂ ਕੀਤਾ ਗਿਆ ?

ਰਾਜ ਮੰਤਰੀ : ਡਾਕਟਰ ਸਮੇਂ ਸਮੇਂ ਛੁੱਟੀ ਜਾਂਦੇ ਹੀ ਰਹਿੰਦੇ ਹਨ (ਵਿਘਨ)

STUDENTS RECOMMENDED FOR ADMISSIONS IN MEDICAL COLLEGES OUTSIDE THE STATE

***2049 Comrade Satya Pal Dang** : Will the Chief Minister be pleased to state—

(a) the names of students who were recommended by the Government for admissions to Government Medical College, Srinagar and other Medical Colleges in the country this year together with the names of the fathers/guardians of such students and their full addresses;

(b) the names of the Colleges in which the said students were granted admissions;

(c) the criteria adopted while making the selection of students for the purpose;

(d) the number of female students out of those mentioned in pait (a) above and of those who were Harijans separately?

ਸਰਦਾਰ ਰਵੇਲ ਸਿੰਘ:—

(ੳ) ਮੈਡੀਕਲ ਕਾਲਜ, ਸ੍ਰੀ ਨਗਰ

1. ਸ੍ਰੀ ਬਲਬੀਰ ਸਿੰਘ ਸਪੁਤਰ ਸ੍ਰੀ ਸਾਧੂ ਸਿੰਘ ਭੌਰਾ, ਜਥੇਦਾਰ ਸ੍ਰੀ ਅਕਾਲ ਤੱਖਤ ਸਾਹਿਬ, ਅੰਮ੍ਰਿਤਸਰ ।

2. ਸ੍ਰੀਮਤੀ ਗੁਲਜੀਤ ਕੌਰ ਸਪੁਤਰੀ ਸ੍ਰੀ ਤ੍ਰਲੋਚਨ ਸਿੰਘ ਰਿਆਸਤੀ, 7 ਏ ਸਿਵਲ ਲਾਈਨਜ਼, ਬਠਿੰਡਾ ।

3. ਸ੍ਰੀ ਗੁਰਦੀਪ ਸਿੰਘ ਸਿਧੂ ਮਾਰਫਤ ਮਲਕੀਅਤ ਸਿੰਘ, ਸਿੱਧੂ ਐਡਵੋਕੇਟ, ਮੋਗਾ ।

4. ਸ੍ਰੀ ਕਰਿਸ਼ਨ ਦੱਤ ਸ਼ਰਮਾ ਸਪੁਤਰ ਸ੍ਰੀ ਯਗਯਾ ਦੱਤ ਸ਼ਰਮਾ, ਐਮ.ਪੀ. ਪਿੰਡ ਤਖਤਗੜ੍ਹ (ਰੋਪੜ)

5. ਸ੍ਰੀ ਬਲਦੇਵ ਸਿੰਘ ਸਪੁਤਰ ਸ੍ਰੀ ਇਕਵਾਰ ਸਿੰਘ, ਪਿੰਡ ਕੌਨੀ, ਤਹਿਸੀਲ ਮੁਕਤਸਰ (ਫਿਰੋਜ਼ਪੁਰ)

6. ਸ੍ਰੀ ਅਸ਼ੋਕ ਕੁਮਾਰ ਸਿੰਗਲਾ ਮਾਰਫਤ ਸ੍ਰੀ ਯਸ਼ ਪਾਲ ਸਿੰਗਲਾ ਐਂਡ ਕੰਪਨੀ, ਗਿਦੜਬਾਹਾ (ਫਿਰੋਜ਼ਪੁਰ)

7. ਸ੍ਰੀ ਸਤ ਪਾਲ ਬਾਂਸਲ ਸਪੁਤਰ ਸ੍ਰੀ ਰਾਮਜੀ ਦਾਸ ਬਾਂਸਲ ਮਾਰਫ਼ਤ ਫੈਂਸੀ ਕਲਾਥ ਸਟੋਰ ਗਿਦੜਬਾਹਾ (ਫਿਰੋਜ਼ਪੁਰ) ।

ਦਯਾ ਨੰਦ ਮੈਡੀਕਲ ਕਾਲਜ, ਲੁਧਿਆਣਾ

1. ਸ੍ਰੀ ਸੁਰਿੰਦਰ ਕੁਮਾਰ ਸਪੁਤਰ ਸ੍ਰੀ ਸਰਵਨ ਰਾਮ, ਰੀਟਾਇਰਡ ਟੀਚਰ, ਕਿਲਾਂਵਾਲੀ (ਡਬੱਵਾਲੀ) ਜ਼ਿਲਾ ਫਿਰੋਜ਼ਪੁਰ ।

2. ਸ੍ਰੀਮਤੀ ਹਰਜੀਤ ਕੌਰ ਸਪੁਤਰੀ ਸ੍ਰੀ ਜਗਤ ਸਿੰਘ, ਸਰਪੰਚ ਪਿੰਡ ਲਧਾਨਾਝੀਕਾ, ਜ਼ਿਲ੍ਹਾ ਜਲੰਧਰ ।

(ਬੀ) 1. ਮੈਡੀਕਲ ਕਾਲਜ ਸ੍ਰੀਨੱਗਰ 2. ਦਯਾ ਨੰਦ ਮੈਡੀਕਲ ਕਾਲਜ, ਲੁਧਿਆਣਾ ।

(ਸੀ) ਇਹ ਮੁੱਖ ਮੰਤਰੀ ਦਾ ਡਿਸਕਰੀਸ਼ਨਰੀ ਕੋਟਾ ਹੈ । ਇਸ ਲਈ ਵਿਦਿਆਰਥੀ ਨੌਮੀਨੇਟ ਕਰਨ ਵੇਲੇ ਉਸ ਦੀ ਯੋਗਤਾ ਅਤੇ ਉਸ ਦੇ ਗਾਰਡੀਅਨ ਦੀ ਮਾਲੀ ਹਾਲਤ ਧਿਆਨ ਵਿਚ ਰੱਖੀ ਜਾਂਦੀ ਹੈ ।

(ਡੀ) (1) 2 (ਦੋ)
(2) ਕੋਈ ਨਹੀਂ ।

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਇਨ੍ਹਾਂ ਨੇ ਫਰਮਾਇਆ ਹੈ ਕਿ ਚੀਫ਼ ਮਨਿਸਟਰ ਸਾਹਿਬ ਦਾ ਡਿਸਕਰੀਸ਼ਨਰੀ ਕੋਟਾ ਹੈ । ਡਿਸਕਰੀਸ਼ਨ ਦਾ ਮਤਲਬ ਡਿਸਾਈਸਿਵ ਹੁੰਦਾ ਹੈ ਆਰਬੀ-ਟਰੇਰੀ ਨਹੀਂ ਹੁੰਦਾ ਹੈ । ਇਸ ਕੇਸ ਵਿਚ ਮਾਲੀ ਹਾਲਤ ਅਤੇ ਯੋਗਤਾ ਵੇਖਣੀ ਹੁੰਦੀ ਹੈ ਇਨ੍ਹਾਂ ਨੇ ਜਿਹੜੇ ਸਟੂਡੈਂਟ ਭੇਜੇ ਹਨ ਉਨ੍ਹਾ ਵਿੱਚੋਂ ਇਕ ਅਕਾਲ ਤਖਤ ਦੇ ਜਥੇਦਾਰ ਦੇ ਪੁਤਰ ਨੂੰ ਭੇਜਿਆ, ਜਨਸੰਘ ਦੇ ਸ੍ਰੀ ਯਗ ਦਤ ਸ਼ਰਮਾ ਦੇ ਸਪੁਤਰ ਨੂੰ ਭੇਜਿਆ ਫਿਰ ਇਕ ਠੇਕੇਦਾਰ ਦੇ ਬਚੇ ਨੂੰ ਨਾਮੀਨੇਟ ਕੀਤਾ ਅਤੇ ਬਾਕੀ ਵੀ ਇਹੋ ਜਿਹੇ ਸਜਨ ਭੇਜੇ ਹਨ ਕੀ ਉਨ੍ਹਾਂ ਸਾਰਿਆਂ ਦੀ ਮਾਲੀ ਹਾਲਤ

[ਕਾਮਰੇਡ ਸਤਪਾਲ ਡਾਂਗ]

ਖ਼ਰਾਬ ਹੈ, ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ। ਯੋਗਤਾ ਬਾਰੇ ਕੀ ਮਨਿਸਟਰ ਸਾਹਿਬ ਦਸਣਗੇ ਕਿ ਜਿਹੜੀਆਂ ਐਪਲੀਕੇਸ਼ਨਜ਼ ਆਈਆਂ, ਜਿਹੜੇ ਸਟਰੇਟ ਮੈਰਿਟ ਤੇ ਐਡਮਿਸ਼ਨ ਮੈਡੀਕਲ ਕਾਲਜਾਂ ਵਿੱਚ ਨਹੀਂ ਲੈ ਸਕੇ ਉਹ ਕਿਹੜੀਆਂ ਡਿਗਰੀਆਂ ਲੈ ਕੇ ਵੜੇ ਹਨ, ਮੇਰੇ ਕਹਿਣ ਦਾ ਮਤਲਬ ਹੈ ਕਿ ਉਨ੍ਹਾਂ ਦੀ ਕੀ ਡਿਵੀਜ਼ਨ ਸੀ ?

ਰਾਜ ਮੰਤਰੀ : ਇਹ ਤਾਂ ਡਿਸਕਰੀਸ਼ਨਰੀ ਕੋਟਾ ਹੈ, ਚੀਫ ਮਨਿਸਟਰ ਸਾਹਿਬ ਨੇ ਸਾਰੇ ਹਾਲਾਤ ਵੇਖ ਕੇ ਹੀ ਕੀਤਾ ਹੈ ।

ਡਾਕਟਰ ਅਮੀਰ ਸਿੰਘ ਕਲਕਟ : ਕੀ ਇਸ ਗੱਲ ਤੇ ਗੌਰ ਕੀਤਾ ਜਾਏਗਾ ਕਿ ਇਹ ਜਿਹੜੀ, ਮੈਡੀਕਲ ਇੰਸਟੀਟਿਊਸ਼ਨਾਂ ਵਿੱਚ ਐਡਮਿਸ਼ਨ ਹੋਵੇ ਉਹ ਮੈਰਿਟ ਤੇ ਹੋਵੇ, ਡਿਸਕਰੀਸ਼ਨ ਤੇ ਨਾ ਹੋਵੇ ਇਕ ਤਾਂ ਇਸ ਦੇ ਨਾਲ ਨਾ ਤਾਂ ਸਰਕਾਰ ਸਾਰਿਆਂ ਨੂੰ ਖ਼ੁਸ਼ ਕਰ ਸਕਦੀ ਹੈ, ਦੂਸਰੇ ਉਹ ਜਿਹੜੇ ਥਰਡ ਕਲਾਸ ਵਾਲੇ ਭੇਜੇ ਜਾਂਦੇ ਹਨ, ਉਹ ਕਾਬਲ ਡਾਕਟਰ ਨਹੀਂ ਬਣ ਸਕਦੇ ?

(ਕੋਈ ਉੱਤਰ ਨਹੀਂ ਆਇਆ)

ਕਾਮਰੇਡ ਸੱਤ ਪਾਲ ਡਾਂਗ: ਇਸ ਗਲ ਦੇ ਪੇਸ਼ੇ ਨਜ਼ਰ ਇਹ ਜਿਹੜਾ ਕੋਟਾ ਹੈ, ਇਹ ਫ਼ੇਵਰ-ਟਇਜ਼ਮ ਅਤੇ ਨਿਪੋਟਇਜ਼ਮ ਦਾ ਸੋਰਸ ਬਣ ਗਿਆ ਹੈ, ਕਿਉਂਕਿ ਇਸ ਵਿੱਚ ਤਾਂ ਕੋਈ ਚੀਫ਼ ਮਨਿਸਟਰ ਸਾਹਿਬ ਦਾ ਬੰਦਾ ਹੈ ਅਤੇ ਕੋਈ ਕਿਸੇ ਹੋਰ ਦਾ ਅਤੇ ਜੋ ਕਾਂਗਰਸ ਦਾ ਰਾਜ ਸੀ ਤਾਂ ਇਸ ਕੋਟੇ ਵਿੱਚ ਕਾਂਗਰਸ ਦੇ ਪ੍ਰਧਾਨ ਦਾ ਬਚਾ ਜਾ ਰਿਹਾ ਸੀ, ਕੀ ਇਸ ਹਾਲਤ ਵਿੱਚ ਇਹ ਕੋਟਾ ਬੰਦ ਕਰਨਗੇ ਤਾਂ ਕਿ ਮੈਰਿਟ ਤੇ ਐਡਮਿਸ਼ਨਜ਼ ਹੋ ਸਕਣ ।

ਰਾਜ ਮੰਤਰੀ : ਇਹ ਤਾਂ ਸ਼ੁਰੂ ਤੋਂ ਚਲਾ ਆਉਂਦਾ ਹੈ । ਡਾਂਗ ਸਾਹਿਬ ਦੇ ਸਮੇਂ ਵੀ ਸੀ ਅਤੇ ਹੋਰ ਥਾਵਾਂ ਤੇ ਵੀ ਹੈ ।

ਸਾਥੀ ਰੂਪ ਲਾਲ : ਕੀ ਮਨਿਸਟਰ ਸਾਹਿਬ ਇਸ ਗਲ ਦਾ ਖਿਆਲ ਰਖਣਗੇ ਕਿ ਇਹ ਜਿਹੜਾ ਕੋਟਾ ਹੈ, ਇਸ ਵਿੱਚ ਲੜਕੀਆਂ ਦਾ ਹਿੱਸਾ ਜ਼ਿਆਦਾ ਹੋਵੇ, ਕਿਉਂ ਜੋ ਉਨ੍ਹਾਂ ਨੂੰ ਵਿਆਹ ਸ਼ਾਦੀਆਂ ਵੇਲੇ ਕਈ ਦਿਕਤਾਂ ਆਉਂਦੀਆਂ ਹਨ ?

ਮੁੱਖ ਮੰਤਰੀ : ਜ਼ਰੂਰ ਖਿਆਲ ਰਖਿਆ ਜਾਵੇਗਾ ।

ਰਾਜ ਮੰਤਰੀ : ਇਹ ਜਿਹੜਾ ਕੋਟਾ ਹੈ ਚੀਫ ਮਨਿਸਟਰ ਸਾਹਿਬ ਦਾ ਡਿਸਕਰੀਸ਼ਨਰੀ ਕੋਟਾ ਹੈ ਅਤੇ ਸਾਰੇ ਹਾਲਾਤ ਵੇਖ ਕੇ ਹੀ ਕਰਦੇ ਹਨ ।

ਸ੍ਰੀ ਤੁਲਸੀ ਰਾਮ ਚੌਹਾਨ : ਕੀ ਇਸ ਕੋਟੇ ਵਿੱਚ ਕੋਈ ਹਰੀਜਨਾਂ ਲਈ ਰਿਜ਼ਰਵੇਸ਼ਨ ਵੀ ਹੈ ? ਅਤੇ ਕੀ ਕੋਈ ਹਰੀਜਨ ਸਟੂਡੈਂਟ ਵੀ ਭੇਜਿਆ ਹੈ ? (ਵਿਘਨ)

(ਕੋਈ ਉੱਤਰ ਨਹੀਂ ਆਇਆ)

ਡਾਕਟਰ ਸਾਧੂ ਰਾਮ : ਅਸੀਂ ਇਸ ਅਸੰਬਲੀ ਵਿੱਚ 23 ਮੈਂਬਰ ਹਾਂ, ਹਰ ਥਾਂ ਸਾਡੀ ਰਿਜ਼ਰਵੇਸ਼ਨ ਰਖੀ ਜਾਂਦੀ ਹੈ ਪਰ ਇਸ ਵਿੱਚ ਕੋਈ ਰਿਜ਼ਰਵੇਸ਼ਨ ਨਹੀਂ ਰਖੀ ਗਈ। ਕੀ ਕੋਈ ਹਰੀਜਨ ਜਥੇਦਾਰ ਨਹੀਂ ਮਿਲਿਆ ਇਨ੍ਹਾਂ ਨੂੰ ?

(ਕੋਈ ਉੱਤਰ ਨਹੀਂ ਆਇਆ)

ਕਾਮਰੇਡ ਸੱਤ ਪਾਲ ਡਾਂਗ : ਮਨਿਸਟਰ ਸਾਹਿਬ ਨੇ ਫ਼ਰਮਾਇਆ ਹੈ ਕਿ ਕੋਟਾ ਸ਼ੁਰੂ ਤੋਂ ਚਲਿਆ ਆਉਂਦਾ ਹੈ ਮੇਰੇ ਵੇਲੇ ਵੀ ਸੀ ਅਤੇ ਹੁਣ ਵੀ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਦੀ ਇਨਫਰਮੇਸ਼ਨ ਵਿੱਚ ਹੈ ਕਿ 1967 ਦੇ ਯੁਨਾਈਟਿਡ ਫਰੰਟ ਵਿੱਚ ਅਤੇ ਜਦੋਂ ਮੈਂ ਮਨਿਸਟਰ ਸੀ, ਉਸ ਵੇਲੇ ਜ਼ਬਾਨੀ ਵੀ ਅਤੇ ਲਿਖ ਕੇ ਮੈਂ ਦਿਤਾ ਸੀ ਕਿ ਇਹ ਕੋਟਾ ਅਬਾਲਿਸ਼ ਹੋ ਜਾਣਾ ਚਾਹੀਦਾ ਹੈ, ਸਰਦਾਰ ਗੁਰਨਾਮ ਸਿੰਘ ਹੋਰੀਂ ਤਾਂ ਨਹੀਂ ਸਨ ਮੰਨੇ, ਕੀ ਸ਼੍ਰੀ ਬਾਦਲ ਜੀ ਮੰਨਣ ਨੂੰ ਤਿਆਰ ਹਨ ?

ਰਾਜ ਮੰਤਰੀ : ਕਈ ਕੇਸਿਜ਼ ਡਿਜ਼ਰਵਿੰਗ ਆ ਜਾਂਦੇ ਹਨ ।

ਡਾ. ਅਮੀਰ ਸਿੰਘ ਕਲਕਟ : ਕੀ ਵਜ਼ੀਰ ਸਾਹਿਬ ਦਸਣਗੇ ਕਿ ਅਗਰ ਇਹ ਕੋਈ ਮੈਰਿਟ ਤੇ ਨਹੀਂ ਜਾਣਾ ਤਾਂ ਕੀ ਇਹ ਉਨ੍ਹਾਂ ਹਰੀਜਨਾਂ ਅਤੇ ਬੈਕਵਰਡ ਏਰੀਆਜ਼ ਲਈ ਜਾਂ ਪਛੜੀਆਂ ਜਾਤੀਆਂ ਲਈ ਸੀਟਾਂ ਰੀਜ਼ਰਵ ਕਰਨਗੇ ਜੋ ਆਪਣੇ ਬਚਿਆਂ ਨੂੰ ਗਰੀਬੀ ਕਰਕੇ ਤਾਲੀਮ ਨਹੀਂ ਦਿਵਾ ਸਕਦੇ ?

ਸ਼੍ਰੀ ਸਪੀਕਰ : ਹਾਏ ਇਸ ਜ਼ੂਦ ਪਸ਼ੇਮਾਂ ਕਾ ਪਸ਼ੇਮਾਂ ਹੋਣਾ । ਆਪ 20 ਸਾਲ ਰਾਜ ਕੀਤਾ ਤਾਂ ਉਨ੍ਹਾਂ ਨੂੰ ਯਾਦ ਨਹੀਂ ਕੀਤਾ । (You have woken up late. Your party was in power for 20 years during which period you did not think of these backward people.)

ਸਰਦਾਰ ਗੁਰਬੰਤਾ ਸਿੰਘ : ਕੀ ਇਨ੍ਹਾਂ ਨੂੰ ਇਸ ਗਲ ਦਾ ਪਤਾ ਹੈ ਕਿ ਅਜ ਤੋਂ 9 ਸਾਲ ਪਹਿਲਾਂ ਇਕ ਲੜਕਾ ਜਿਸ ਦੇ ਦੋ ਨੰਬਰ ਘਟ ਸਨ ਚਲਾ ਗਿਆ ਸੀ ਜਿਸ ਤੇ ਐਜੀਟੇਸ਼ਨ ਹੋਈ ਅਤੇ ਉਸ ਨੂੰ ਵਾਪਸ ਬੁਲਾਉਣਾ ਪਿਆ ? (ਵਿਘਨ) ਸਪੀਕਰ ਸਾਹਿਬ ਆਪ ਨੇ ਕਿਹਾ ਹੈ ਕਿ ਆਪ ਦੇ ਰਾਜ ਵਿੱਚ ਇਹ ਨਹੀਂ ਹੋਇਆ । ਮੈਂ ਦਸਣਾ ਚਾਹੁੰਦਾ ਹਾਂ ਕਿ ਅਸੀਂ ਜਿੰਨਿਆਂ ਨੂੰ ਭੇਜਦੇ ਰਹੇ ਹਾਂ ਮੈਰਿਟ ਤੇ ਭੇਜਦੇ ਰਹੇ ਹਾਂ ।

ਸ਼੍ਰੀ ਸਪੀਕਰ : ਅਗਰ ਮੈਰਿਟ ਤੇ ਹੀ ਭੇਜਣੇ ਸਨ ਤਾਂ ਡਿਸਕਰੀਸ਼ਨਰੀ ਕੋਟੇ ਨੂੰ ਹੀ ਐਬਾਲਿਸ਼ ਕਰ ਦਿੰਦੇ । (You could have abolished the discretionary quota, if only merit was to be kept in view.)

ਸਰਦਾਰ ਉਮਰਾਓ ਸਿੰਘ : ਇਸ ਦੀ ਗਵਰਨਮੈਂਟ ਆਫ ਇੰਡੀਆ ਵਲੋਂ ਇਜ਼ਾਜ਼ਤ ਹੈ.. .. (ਵਿਘਨ)

ਸ਼੍ਰੀ ਸਪੀਕਰ : ਇਹ ਕਹਿੰਦੇ ਹਨ ਕਿ ਗਵਰਨਮੈਂਟ ਆਫ ਇੰਡੀਆ ਨੇ ਐਲਾਉ ਕੀਤਾ ਹੋਇਆ ਹੈ (ਵਿਘਨ) (He says that this discretionary quota is allowed by the Govt. of India.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ ਆਪ ਡੀਫੈਂਡਰ ਬਣੇ ਹੋਏ ਹੋ ਅਕਾਲੀ ਪਾਰਟੀ ਦੀ ਕੁਰਪਸ਼ਨ ਦੇ । (ਵਿਘਨ)

ਸ਼੍ਰੀ ਸਪੀਕਰ : ਮੈਂ ਤਾਂ ਆਪਣੀ ਹੀ ਗਲ ਕਰਦਾ ਹਾਂ ਉਨ੍ਹਾਂ ਦੀ ਨਹੀਂ ਕਰਦਾ ।

[ਸ੍ਰੀ ਸਪੀਕਰ]

(It is my point of view. I am not speaking on behalf of the Akali Party.)

ਸਰਦਾਰ ਸਰੂਪ ਸਿੰਘ : ਤੁਹਾਡਾ ਲੜਕਾ ਤਾਂ ਨਹੀਂ ਐਫ.ਐਸ. ਸੀ ਵਿੱਚ ਪੜ੍ਹਦਾ, ਉਸ ਨੂੰ ਵੀ ਮਤੇ ਤੁਸੀਂ ਦਾਖਲ ਕਰਵਾਉਣਾ ਹੋਵੇ । (ਹਾਸਾ)

ਸ੍ਰੀ ਸਪੀਕਰ : ਮੇਰਾ ਕੋਈ ਲੜਕਾ ਹੈ ਹੀ ਨਹੀਂ । (ਵਿਘਨ) (I have no son.)

ਇਕ ਆਵਾਜ਼ : ਸਾਥੀ ਰੂਪ ਲਾਲ ਨੂੰ ਮੁਤਬੰਨਾ ਬਣਾ ਲਓ । (ਹਾਸਾ)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਕਿਸੇ ਹਰੀਜਨਾਂ ਦੇ ਲੜਕੇ ਨੇ ਐਪਲਾਈ ਕੀਤਾ ਸੀ ?

(ਕੋਈ ਉੱਤਰ ਨਹੀਂ ਆਇਆ)

ਸਰਦਾਰ ਗੁਰਬੰਤਾ ਸਿੰਘ : ਆਨ ਏ ਪਰਸਨਲ ਐਕਸਪਲੇਨੇਸ਼ਨ । ਪਤੰਗ ਸਾਹਿਬ ਨੇ ਕਿਹਾ ਸੀ ਮੇਰਾ ਲੜਕਾ ਵਲੈਤ ਗਿਆ ਹੈ (ਵਿਘਨ) ਇਨ੍ਹਾਂ ਨੂੰ ਕੀ ਪਤਾ ਹੈ ਕਿ ਮੇਰਾ ਲੜਕਾ ਕਿਥੇ ਗਿਆ ਹੈ । (ਵਿਘਨ) ਮੇਰਾ ਕੋਈ ਲੜਕਾ ਇੰਗਲੈਂਡ ਨਹੀਂ ਗਿਆ ।

ਸ੍ਰੀ ਸਪੀਕਰ : ਇਹ ਪਰਸਨਲ ਐਕਸਪਲੇਨੇਸ਼ਨ ਨਹੀਂ । (It is no personal explanation.)

POSTS OF ASSISTANT PROFESSORS CREATED IN GOVERNMENT MEDICAL COLLEGES AMRITSAR AND PATIALA.

*2273. Comrade Kulwant Singh & Comrade Satya Pal Dang ; Will the Minister of State for Medical Education and Local Government be pleased to state whether any new posts of Assistant Professors were created during the year 1969 and 1970 in Government Medical Colleges, Amritsar and Patiala; if so, the details of the same as also the names of the persons appointed against these posts ?

ਸਰਦਾਰ ਰਵੇਲ ਸਿੰਘ : ਹਾਂ ਜੀ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :—

ਅਸਿਸਟੈਂਟ ਪ੍ਰੋਫੈਸਰਾਂ ਦੀਆਂ ਆਸਾਮੀਆਂ ਦੀ ਰਚਨਾ ਜਿਹੜੀ ਸਾਲ 1969 ਵਿੱਚ ਕੀਤੀ ਗਈ ।

ਮੈਡੀਕਲ ਕਾਲਜ ਅੰਮ੍ਰਿਤਸਰ		ਡਾਕਟਰ ਦਾ ਨਾਂ
1. ਸੋਸ਼ਲ ਅਤੇ ਪਰੀਵੈਂਟਿਵ ਮੈਡੀਸਨ ..	1	ਡਾ. (ਮਿਸਿਜ਼) ਉਰਮਲਾ ਲਖਣਪਾਲ
2. ਸਕਨਿ ਅਤੇ ਵੀ. ਡੀ. ..	1	ਡਾ. ਆਰ. ਸੀ. ਸਰੀਨ
3. ਟੀ. ਬੀ. ..	1	ਇਹ ਪੋਸਟਾਂ ਕਮਿਸ਼ਨ ਵਲੋਂ ਐਡਵਰਟਾਈਜ਼ ਕੀਤੀਆਂ ਗਈਆਂ ਹਨ ਪਰ ਅਜੇ ਤਕ ਕਿਸੇ ਡਾਕਟਰ ਦੀ ਨਿਯੁਕਤੀ ਨਹੀਂ ਕੀਤੀ ਗਈ ।

4. ਅਨਾਟਮੀ	2	ਕਮਿਸ਼ਨ ਵਲੋਂ ਪੋਸਟਾਂ ਐਡਵਰਟਾਈਜ਼ ਕੀਤੀਆਂ ਗਈਆਂ ਹਨ ।
5. ਫਾਰਮਾਕਾਲੋਜੀ	1	ਕੋਈ ਨਿਯੁਕਤੀ ਨਹੀਂ ਕੀਤੀ ਗਈ ।
	ਸਾਲ 1970	
1. ਔਬਸਟਰੀਕ ਅਤੇ ਗਾਈਨਾਕਲੋਜੀ (ਪਰਵਾਰ ਨਿਯਜਨ)	1	ਡਾ. ਗੁਰਚਰਨ ਕੌਰ
2. ਆਡੀਆਲੋਜੀ (ਈ. ਐਨ. ਟੀ.)	.. 1	ਡਾ. ਸੋਮ ਨਾਥ ਗੁਪਤਾ
3. ਪੀਡੀਆਟਰਿਕ ਸਰਜਰੀ	.. 1	ਅਜੇ ਸਰਕਾਰ ਦੇ ਵਿਚਾਰ ਅਧੀਨ ਹੈ
4. ਨੀਰੋ ਸਰਜਰੀ	.. 1	,,
5. ਗੈਸਟਰੋਅਨਟਾਲੋਜੀ	.. 1	,,
6. ਯੁਰਾਲੋਜੀ	.. 1	,,
7. ਆਪਥਮਾਲੋਜੀ	.. 1	,,
ਮੈਡੀਕਲ ਕਾਲਜ, ਪਟਿਆਲਾ	ਸਾਲ 1969	ਡਾਕਟਰ ਦਾ ਨਾਂ
1, ਰੇਡੀਆਲੋਜੀ	.. 1	ਕੋਈ ਨਹੀਂ
2. ਅਨਾਟਮੀ	.. 1	ਡਾ. ਐਸ. ਪੀ. ਥਾਪੜ
3. ਫ਼ਾਰਮਾਕਾਲੋਜੀ	.. 1	ਕੋਈ ਨਹੀਂ
4. ਈ. ਐਨ. ਟੀ.	.. 1	ਡਾ. ਜੀ. ਕੇ. ਪੁਰੀ
	ਸਾਲ 1970	
1 ਆਡੀਆਲੋਜੀ (ਈ. ਐਨ. ਟੀ.)	.. 1	ਡਾ. ਬਲਵੰਤ ਸਿੰਘ ਗਰੇਵਾਲ
2 ਪੀਡੀਆਟਰਿਕ ਸਰਜਰੀ	.. 1	ਸਰਕਾਰ ਦੇ ਵਿਚਾਰ ਅਧੀਨ ਹੈ
3 ਆਪਥਾਮਲੋਜੀ	.. 1	,,

ਕਾਮਰੇਡ ਸੱਤ ਪਾਲ ਡਾਂਗ : ਕੀ ਇਸ ਗਲ ਦੀ ਰੋਸ਼ਨੀ ਵਿੱਚ ਕਿ ਇਸ ਸਦਨ ਵਿੱਚ ਵੀ ਅਤੇ ਇਸ ਤੋਂ ਬਾਹਰ ਵੀ ਬ੍ਰਿਲੀਐਂਟ ਪਰੋਫੈਸਰਾਂ ਦੇ ਇਕ ਡੈਪੂਟੇਸ਼ਨ ਨੇ ਮਨਿਸਟਰ ਸਾਹਿਬ ਤੇ ਇਹ ਐਲੀਗੇਸ਼ਨਜ਼ ਲਾਏ ਹਨ ਕਿ ਕੁਝ ਅਜਿਹੇ ਪਰੋਫੈਸਰਜ ਨੂੰ ਜੋ ਜੂਨੀਅਰ ਹਨ ਮਗਰ ਵੱਡੇ ਵੱਡੇ ਆਦਮੀਆਂ ਦੇ ਰਿਸ਼ਤੇਦਾਰ ਹਨ ਉਨ੍ਹਾਂ ਤੋਂ ਸੀਨੀਅਰ ਪਰੋਫੈਸਰਾਂ ਨੂੰ ਸੁਪਰਸੀਡ ਕਰਕੇ ਅਨਨੈਸਸਰੀ ਪੋਸਟਾਂ ਕਰੀਏਟ ਕਰਕੇ ਅਪਗਰੇਡ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿੰਨੀਆਂ ਵੀ ਪੋਸਟਾਂ ਹਾਲੇ ਖਾਲੀ ਪਈਆਂ ਹਨ ਕੀ ਇਹ ਉਨ੍ਹਾਂ ਬਾਰੇ ਐਸ਼ੋਰੈਂਸ ਦੇਣਗੇ ਕਿ ਉਨ੍ਹਾਂ ਨੂੰ ਉਂਨੀ ਦੇਰ ਭਰਿਆ ਨਹੀਂ ਜਾਵੇਗਾ ਜਿੰਨੀ ਦੇਰ ਕਿ ਉਨ੍ਹਾਂ ਐਲੀਗੇਸ਼ਨਜ਼ ਦਾ ਫੈਸਲਾ ਹੋ ਕੇ ਇਹ ਪਤਾ ਨਹੀਂ ਲਗ ਜਾਂਦਾ ਕਿ ਅਸਲੀਅਤ ਕੀ ਹੈ ?

ਰਾਜ ਮੰਤਰੀ : ਠੀਕ ਹੈ ਜੀ ਪੜਤਾਲ ਕਰਕੇ ਹੀ ਕਾਰਵਾਈ ਕੀਤੀ ਜਾਵੇਗੀ ।

ਡਾ, ਅਜੀਰ ਸਿੰਘ ਕਲਕਟ : ਕਿਉਂਕਿ ਨੇਸ਼ਨ ਲਈ ਡਾਕਟਰਜ਼ ਪੈਦਾ ਕਰਨ ਦਾ ਕੰਮ ਬੜਾ ਅਹਿਮ ਹੈ ਅਤੇ ਇਹ ਉਦੋਂ ਤਕ ਪੈਦਾ ਨਹੀਂ ਹੋ ਸਕਦੇ ਜਦ ਤਕ ਕਿ ਇਨ੍ਹਾਂ ਨੂੰ ਪੜ੍ਹਾਉਣ ਵਾਲੇ ਕਾਬਲ ਟੀਚਰ ਨਾ ਹੋਣ, ਕੀ ਇਹ ਇਸ ਡਿਸਕਰੀਸ਼ਨਰੀ ਪੋਸਟਾਂ ਨੂੰ ਖਤਮ ਕਰਨਗੇ ?

(ਕੋਈ ਉਤਰ ਨਹੀਂ ਆਇਆ)

ਸ੍ਰੀ ਬਲਰਾਮ ਦਾਸ ਟੰਡਨ : ਇੰਡੀਅਨ ਮੈਡੀਕਲ ਕੌਂਸਲ ਨੇ ਕੁਝ ਬੇਸਿਜ਼ ਤੇ ਹੀ ਕੀਤੇ ਹੋਏ ਹਨ ਕਿ ਹੈਡ ਆਫ ਦੀ ਡਿਪਾਰਟਮੈਂਟ ਕਿਵੇਂ ਬਣੇਗਾ ਇਹ ਇੰਨੇ ਸਟੂਡੈਂਟਸ ਦੇ ਪਿਛੇ ਹੋਵੇਗਾ ਉਨ੍ਹਾਂ ਬੇਸਿਜ਼ ਨੂੰ ਬਾਈਪਾਸ ਕਰਕੇ ਪਟਿਆਲੇ ਅਤੇ ਅੰਮ੍ਰਿਤਸਰ ਵਿੱਚ ਹੋਰ ਹੈਡ ਆਫ ਦੀ ਡਿਪਾਰਟ ਮੈਂਟਸ ਬਣਾਉਣ ਦੀ ਕੀ ਵਜ੍ਹਾ ਹੈ ?

ਰਾਜ ਮੰਤਰੀ : ਇਹ ਸਾਰੀ ਚੀਜ਼ ਵਿਚਾਰ ਅਧੀਨ ਹੈ ।

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਮੈਂ ਪੁਛਿਆ ਸੀ ਕਿ ਇੰਡੀਅਨ ਮੈਡੀਕਲ ਕੌਂਸਲ ਜੋ ਸਾਰੇ ਮੈਡੀਕਲ ਕਾਲਜਾਂ ਦੀ ਗਾਈਡਿੰਗ ਬਾਡੀ ਹੈ, ਉਸ ਨੇ ਕੁਝ ਨਿਯਮ ਬਣਾਏ ਹੋਏ ਹਨ ਕਿ ਕਿਵੇਂ ਪਰੋਫੈਸਰ ਬਨਣਗੇ ਅਤੇ ਕਿਵੇਂ ਹੈਡ ਆਫ ਦੀ ਡਿਪਾਰਟਮੈਂਟ ਬਨਣਗੇ। ਮੈਂ ਪੁਛਿਆ ਕਿ ਉਨ੍ਹਾਂ ਰੂਲਜ਼ ਨੂੰ ਬਾਈਪਾਸ ਕਰਕੇ ਪੰਜਾਬ ਦੇ ਮੈਡੀਕਲ ਕਾਲਜਾਂ ਵਿੱਚ ਪਰੋਫੈਸਰਾਂ ਜਾਂ ਹੈਡ ਆਫ ਦੀ ਡਿਪਾਰਟਮੈਂਟਸ ਕਿਉਂ ਬਣਾਏ ਗਏ ਹਨ, ਇਹ ਕਹਿੰਦੇ ਹਨ ਕਿ ਗਲ ਵਿਚਾਰ ਅਧੀਨ ਹੈ ।

ਸ੍ਰੀ ਸਪੀਕਰ : ਕੀ ਇਹ ਮੈਕਸੀਮਮ ਅਤੇ ਮਿਨੀਮਮ ਨੰਬਰ ਲਈ ਹੁੰਦੇ ਹਨ ? (Is any maximum and minimum number fixed for these posts ?)

ਸ੍ਰੀ ਬਲਰਾਮ ਦਾਸ ਟੰਡਨ : ਆਪ ਟੂ ਹੈਂਡਰਡ ਅਤੇ ਐਬਵ ਵਨ ਹੰਡਰਡ ਰਖਿਆ ਹੈ । ਮੈਂ ਪੁਛਿਆ ਕਿ ਇਹ ਪੋਸਟਾਂ ਵਧਾਈਆਂ ਕਿਉਂ ਹਨ ਤਾਂ ਇਹ ਕਹਿੰਦੇ ਹਨ ਕਿ ਵਿਚਾਰ ਅਧੀਨ ਹੈ ।

ਰਾਜ ਮੰਤਰੀ : ਸਵਾਲ ਅਸਿਸਟੈਂਟ ਪਰੋਫੈਸਰਾਂ ਦੀਆਂ ਅਸਾਮੀਆਂ ਭਰਨ ਬਾਰੇ ਹੈ, ਬਾਕੀ ਬਾਰੇ ਪੜਤਾਲ ਕਰ ਲਵਾਂਗੇ ।

ELECTION OF THE PRESIDENT OF MUNICIPAL COMMITTEE SUNAM, DISTRICT SANGRUR.

*2305. Sardar Umrao Singh : Wiil the Minister of State for Medical Education and Local Government be pleased to state—

(a) the name of the person elected as the President of the Municipal Committee, Sunam, District Sangrur;

(b) whether the election of the new President has been gazetted by the Government; if not, the reasons, thereof ?

Sardar Ravel Singh : (a) Shri Krishan Chandar Vashist.

(b) (i) No.

(ii) the matter is under inquiry by an Inquiry Commission appointed under rule 68 of the Punjab Municipal Election Rules, 1952.

[(ਏ) ਸ੍ਰੀ ਕਿਸ਼ਨ ਚੰਦਰ ਵਸ਼ਿਸ਼ਟ :

(ਬੀ) (i) ਨਹੀਂ :

(ii) ਮਾਮਲਾ ਪੰਜਾਬ ਮਿਉਂਸਪਲ ਇਲੈਕਸ਼ਨ ਰੂਲਜ਼ 1952 ਦੇ ਰੂਲ 68 ਅਧੀਨ ਨਿਯੁਕਤ ਹੋਏ ਇਨਕੁਆਰੀ ਕਮੀਸ਼ਨ ਦੇ ਵਿਚਾਰ ਅਧੀਨ ਹੈ]

(ii) ਮਾਮਲਾ ਪੰਜਾਬ ਮਿਊਂਸਪਲ ਇਲੈਕਸ਼ਨ ਰੂਲਜ਼, 1952 ਦੇ ਰੂਲ 68 ਅਧੀਨ ਨਿਯੁਕਤ ਹੋਏ ਇਨਕੁਆਰੀ ਕਮਿਸ਼ਨ ਦੇ ਵਿਚਾਰ ਅਧੀਨ ਹੈ ।]

ਕਾਮਰੇਡ ਸਤਪਾਲ ਡਾਂਗ : ਕੀ ਇਹ ਦਸਣਗੇ ਕਿ ਇਲੈਕਸ਼ਨ ਕਿਸ ਤਰੀਕ ਨੂੰ ਹੋਈ ਸੀ ?

ਰਾਜ ਮੰਤਰੀ : ਨਵੰਬਰ, 1970 ਵਿੱਚ ।

ਸਰਦਾਰ ਉਮਰਾਓ ਸਿੰਘ : ਕੀ ਇਹ ਦਸਣਗੇ ਕਿ ਕਿਸ ਵਜ੍ਹਾ ਕਰਕੇ ਇਹ ਨਾਮ ਗਜ਼ਟ ਨਹੀਂ ਹੋਇਆ ਅਤੇ ਇਹ ਇਨਕਵਾਇਰੀ ਕਿਉਂ ਹੋ ਰਹੀ ਹੈ ?

ਰਾਜ ਮੰਤਰੀ : 3 ਮੈਂਬਰਾਂ ਨੇ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਨੂੰ ਬਾਕਾਇਦਾ ਨੋਟਿਸ ਨਹੀਂ ਮਿਲੇ । ਇਸ ਲਈ ਡਿਪਟੀ ਕਮਿਸ਼ਨਰ ਨੂੰ ਲਿਖਿਆ ਗਿਆ ਸੀ ਕਿ ਉਹ ਇਨਕਵਾਇਰੀ ਕਰਨ । ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਲਈ ਬਾਕਾਇਦਾ ਨਿਯੁਕਤ ਕੀਤਾ ਜਾਵੇ ਤਾਂ ਉਹ ਇਨਕਵਾਇਰੀ ਕਰਨਗੇ । ਫਿਰ ਦੋਬਾਰਾ ਉਨ੍ਹਾਂ ਨੂੰ ਇਨਕਵਾਇਰੀ ਕਰਨ ਲਈ ਕਿਹਾ ਗਿਆ ਹੈ । ਇਨਕਵਾਇਰੀ ਮਗਰੋਂ ਯੋਗ ਫੈਸਲਾ ਕੀਤਾ ਜਾਵੇਗਾ ।

ਸਰਦਾਰ ਉਮਰਾਓ ਸਿੰਘ : ਕੀ ਇਹ ਦਸਣਗੇ ਕਿ ਅਗਰ ਕਿਸੇ ਇਲੈਕਸ਼ਨ ਬਾਰੇ ਇਕ ਜਾਂ ਦੋ ਮੈਂਬਰ ਲਿਖ ਦੇਣ ਤਾਂ ਕੀ ਇਹ ਜਮਹੂਰੀਅਤ ਹੈ ਕਿ ਉਸ ਇਲੈਕਸ਼ਨ ਨੂੰ ਸੱਟੇ ਕਰ ਦਿੱਤਾ ਜਾਵੇ ?

ਰਾਜ ਮੰਤਰੀ : ਮੈਂਬਰ ਦੇ ਕਹਿਣ ਤੇ ਇਨਕਵਾਇਰੀ ਤਾਂ ਕਰਵਾਈ ਹੀ ਜਾਂਦੀ ਹੈ ।

ਸ੍ਰੀ ਮਨਮੋਹਨ ਕਾਲੀਆ: ਕੀ ਵਜ਼ੀਰ ਸਾਹਿਬ ਦਸਣਗੇ ਕਿ ਪੰਜਾਬ ਹਾਈ ਕੋਰਟ ਨੇ ਇਸ ਸਬੰਧ ਵਿੱਚ ਇਕ ਫੈਸਲਾ ਦਿੱਤਾ ਹੈ ਕਿ ਜਦ ਮਿਊਨਿਸਪਲ ਪਰੈਜ਼ੀਡੈਂਟ ਚੁਣਿਆ ਜਾਵੇ ਤਾਂ ਗੌਰਮੈਂਟ ਨੋਟਿਫਿਕੇਸ਼ਨ ਇਕ ਫਾਰਮਲ ਐਕਟ ਹੀ ਬਾਕੀ ਰਹਿ ਜਾਂਦਾ ਹੈ ਅਤੇ ਉਹ ਪਰੈਜ਼ੀਡੈਂਟ ਦਾ ਆਫਿਸ ਅਜ਼ਯੂਮ ਕਰ ਲੈਂਦਾ ਹੈ ਅਤੇ ਗਜ਼ਟ ਨੋਟਿਫਿਕੇਸ਼ਨ ਨੂੰ ਗੌਰਮੈਂਟ ਵਿਦਹੋਲਡ ਨਹੀਂ ਕਰ ਸਕਦੀ । ਕੀ ਸਰਕਾਰ ਇਸ ਫੈਸਲੇ ਨੂੰ ਸਾਹਮਣੇ ਰਖ ਕੇ ਅਮਲ ਕਰਨ ਨੂੰ ਤਿਆਰ ਹੈ ?

ਰਾਜ ਮੰਤਰੀ : ਇਸ ਹਾਈ ਕੋਰਟ ਦੇ ਰੂਲਿੰਗ ਨੂੰ ਵੀ ਦੇਖ ਲਵਾਂਗੇ । ਇਸ ਤਰ੍ਹਾਂ ਦੇ ਫੈਸਲਿਆਂ ਤੇ ਤਾਂ ਅਮਲ ਕਰਨਾ ਹੀ ਪੈਂਦਾ ਹੈ ।

ਸਰਦਾਰ ਸਰੂਪ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਦ ਇਲੈਕਸ਼ਨ ਹੋਈ ਤਾਂ ਡੀ. ਸੀ. ਸਾਹਿਬ ਨੇ ਪੂਰੀ ਰਿਪੋਰਟ ਇਨ੍ਹਾਂ ਨੂੰ ਨਹੀਂ ਸੀ ਭੇਜੀ ਅਤੇ ਕੀ ਉਸ ਵਿੱਚ ਇਹ ਨਹੀਂ ਸੀ ਲਿਖਿਆ ਹੋਇਆ ਕਿ ਇਲੈਕਸ਼ਨਾਂ ਠੀਕ ਹੋਈਆਂ ਹਨ ? (ਵਿਘਨ)

ਸ੍ਰੀ ਸਪੀਕਰ : ਪਰ ਇਸ ਕੇਸ ਵਿੱਚ ਤਾਂ ਤਿੰਨ ਮੈਂਬਰਾਂ ਨੂੰ ਏਜੰਡਾ ਹੀ ਇਸ਼ੂ ਨਹੀਂ ਸੀ ਕੀਤਾ ਗਿਆ । ਕਿਸ ਤਰ੍ਹਾਂ ਜਮਹੂਰੀਅਤ ਦੀ ਮਿੱਟੀ ਪਲੀਤ ਕੀਤੀ ਗਈ ਹੈ, ਇਸ ਦੇ ਬਾਰੇ ਵਿੱਚ ਰਾਜ ਮੰਤਰੀ ਸਾਹਿਬ ਨੇ ਦਸਿਆ ਹੈ ਕਿ ਪੰਜਾਬ ਮਿਊਨਿਸਪਲ ਇਲੈਕਸ਼ਨ ਰੂਲਜ਼, 1952 ਦੇ ਰੂਲ 68 ਹੇਠਾਂ, ਇਨਕੁਆਇਰੀ ਕੀਤੀ ਜਾ ਰਹੀ ਹੈ । (ਵਿਘਨ) (But in this case the agenda was not issued to three members. You can well imagine how the democratic procedure was flouted The honourable Minister of State has informed the House that an inquiry is being made under rule 68 of the Punjab Municipal Election Rules, 1952).

ਸਰਦਾਰ ਉਮਰਾਓ ਸਿੰਘ : ਸਪਲੀਮੈਂਟਰੀ ਸਰ (ਵਿਘਨ)

Mr. Speaker : Next Question please.

ਸਰਦਾਰ ਉਮਰਾਓ ਸਿੰਘ : ਇਕ ਹੋਰ ਸਪਲੀਮੈਂਟਰੀ ਕਰਨ ਦੀ ਆਗਿਆ ਦਿਓ । (ਵਿਘਨ)

Mr. Speaker : Kindly take your seat. (*Interruption*)

ਸਰਦਾਰ ਉਮਰਾਓ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਕੇਵਲ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਤਿੰਨ ਮੈਂਬਰਾਂ ਨੇ ਐਪਲੀਕੇਸ਼ਨ ਦਿੱਤੀ ਹੈ ਕਿ ਉਨ੍ਹਾਂ ਨੂੰ ਏਜੰਡਾ ਨਹੀਂ ਮਿਲਿਆ ਜੇਕਰ ਇਹ ਗਲਤ ਸਾਬਤ ਹੋਵੇ ਤਾਂ ਉਸ ਆਦਮੀ ਦੇ ਖਿਲਾਫ਼ ਵਜ਼ੀਰ ਸਾਹਿਬ ਐਕਸ਼ਨ ਲੈਣਗੇ ਜਿਸ ਨੇ ਇਹ ਇਲੈਕਸ਼ਨ ਰੁਕਵਾਈ ਹੈ ? (ਵਿਘਨ)

Mr. Speaker : Please resume your seat. (*Interruption*)

CARS PROVIDED TO THE MINISTERS

***2113. Shri Sardari Lal Kapur :** Will the Chief Minister be pleased to state ;

(a) the cost of car provided to each of the Ministers, State Ministers, Deputy Ministers and the Parliamentary Secretaries, since the present Ministry took over charge;

(b) the amount of expenditure incurred on each car, referred to in part (a) above, on petrol and mobil oil consumed therein and towards their maintenance and repairs to date;

(c) the check, if any, imposed by the Government to ensure that these cars are not used for private purposes;

(d) whether it has come to the notice of the Government that some of these cars are actually used for private purposes; if so, the action taken by the Government in the matter ?

Sardar Parkash Singh Badal : (a) and (b) The requisite information is placed on the Table of the House as at Annexure 'A' and 'B' respectively.

(c) Private journeys are entered in the log book by the Private Secretaries of concerned Ministers.

(d) No, Sir. When any Minister uses Government car for private journey, he is required to pay propulsion charges for that journey.

[(ਏ) ਅਤੇ (ਬੀ) ਲੋੜੀਂਦੀ ਸੂਚਨਾ ਜੋ ਅਨੁਲਗ "ਏ" ਅਤੇ "ਬੀ" ਵਿੱਚ ਦਰਜ ਹੈ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਸੀ) ਪਰਾਈਵੇਟ ਸਫ਼ਰ ਦਾ ਵੇਰਵਾ ਸਬੰਧਤ ਮੰਤਰੀ ਦੇ ਪਰਾਈਵੇਟ ਸਕੱਤਰ ਵਲੋਂ ਲਾਗ ਬੁੱਕ ਵਿੱਚ ਦਰਜ ਕੀਤਾ ਜਾਂਦਾ ਹੈ ।

(ਡੀ) ਨਹੀਂ ਜੀ । ਜਦੋਂ ਕੋਈ ਮੰਤਰੀ ਸਰਕਾਰੀ ਕਾਰ ਵਿੱਚ ਪਰਾਈਵੇਟ ਸਫ਼ਰ ਕਰਦੇ ਹਨ ਤਾਂ ਖਰਚ ਉਨ੍ਹਾਂ ਪਾਸੋਂ ਵਸੂਲ ਕੀਤਾ ਜਾਂਦਾ ਹੈ ।]

ANNEXURE 'A'

	Name of Minister	Car allotted as on 31-12-70	Cost	Replacement of car, if any, after 31-12-70
	(1)	(2)	(3)	(4)
			Rs.	
1.	Sardar Parkash Singh Badal, Chief Minister, Punjab	PUR 27 (Mercedes)	75893-36	Replaced by new Impala car DHA 7577 on 7-1-71
2.	S. Sohan Singh Bassi I.P.M.	PND 4 „	91049-97	Surrendered in lieu of new Impala car and car No. PUR 27 put on duty of I.P.M.
3.	S. Balwant Singh F.M.	PUR 28 (Chevy)	77118-00	
4.	Dr. Bhagat Singh S.W.M.	PUR 58 (Ambassador)	18476-08	Replaced by new Ford Framont Car on 15-1-71
5.	S. Surjit Singh E.M.	PUR 96 „	18557-48	
6.	Shri Radha Kishan A.M.	PUR 60 . „	18476-08	
7.	S. Atma Singh R.M.	PUR 94 „	18498-18	
State Ministers				
1.	S. Tara Singh Lyallpuri	PUR 59 (Ambassador)	18476-08	
2.	S. Mohan Singh Tur	PUR 67 „	-do-	

1		2	3	4
State Ministers—concld.			Rs	
3.	S. Jagdev Singh	PUR 63 (Ambassador)	18,476-08	
4.	S. Satnam Singh Bajwa	PUR 62 ,,	-do-	
5.	S. Randhir Singh Cheema	PUR 64 ,,	-do-	
6.	Raja Narinder Singh	PUR 56 ,,	-do-	
7.	S. Gurmit Singh	PUR 57 ,,	-do-	
8.	S. Tarlochan Singh Riasti	PUR 61 ,,	-do-	
9.	S. Jasdev Singh Sandhu	PUR 47 ,,	-do-	
10.	Bawa Harnam Singh	PUR 48 ,,	-do-	
11.	S. Teja Singh	PUR 92 ,,	18498-18	
12.	S. Surjit Singh	PNE 5464 (Mercedes)	69373-90	Condemned on 8-1-71 and new Car provided in its place
13.	S. Ravel Singh	PUR 89 (Ambassador)	18498-18	
Deputy Ministers				
1.	S. Devinder Singh	PUR 46 (Ambassador)	18557-48	
2.	S. Kartar Singh Vaid	PUR 91 ,,	18499-18	
3.	S. Karam Singh Jagirdar	PUR 98 ,,	18557-48	
Parliamentary Secretaries				
1.	Basant Singh Khalsa	PUR 17 ,,	17834-43	

2. S. Balbir Singh	PUR 18	(Ambassador)	17,834.43	Replaced by Ambassador Cars released by cabinet Ministers.
3. S. M.S. Behla	PUR 432	„	18449-30	
4. S. Pritam Singh Samana	PUR 360	„	17865-18	

(ii) In addition there have remained the following cars as 40% reservd for relief duty:—

1.	PNE 5981	(Mercedes)	44694-33	Have since been condemned
2.	PNE 4022	(Ambassador)	17924-40	
3.	PNO 4024	(Ambassador)	17924-40	and replaced by cars released by Parliamentary Secretaries
4.	PUR 269	„	17860-00	
5.	PUR 270	„	-do-	
6.	PUR 290	„	17834-34	
7.	PUR 358	„	17865-18	
8.	PUR 359	„	-do-	
9.	PUR 433	„	18449-30	
10.	PUR 97	„	18557-48	
11.	PUR 86	„	-do-	

ANNEXURE 'B'

Car No.	Date of allotment	Amount of expenditure incurred on Petrol and Mobil oil upto 31-12-1970 (inclusive of expenditure on relief cars)	Amount of expenditure incurred towards maintenance and repairs (excluding bills of Govt. Central Workshop for the months of 6/70, 10,11 and 12/70
1	2	3	4
		Rs. P.	Rs.
PUR 27	28-3-70	10920-96	4994-10
PUR 28	-do-	10844-68	2663-58
PND 4	5-6-70	8420-68	5948-53
PUR 58	9-7-70	4920-52	641-14
PUR 96	15-12-70	5127-67	3896-46
PUR 60	12-7-70	4739-37	1010-72
PUR 94	15-12-70	840-87	107-91
PUR 59	9-7-70	6375-54	1671-94
PUR 67	-do-	5110-21	1179-88
PUR 67	-do-	4879-62	1942-09
PUR 62	-do-	5342-45	522-35

1	2	3	4
PUR 64	9-7-70	5356-49	730-13
PUR 56	-do-	5778-65	1840-46
PUR 57	-do-	6433-99	1078-08
PUR 61	10-7-70	5277-49	2231-03
PUR 47	15-9-70	3446-87	743-49
PUR 48	21-9-70	4328-45	530-43
PUR 92	15-12-70	5714-33	2351-85
PNE 5464	3-7-70	7191-37	7674-29
PUR 89	15-12-70	661-74	52-60
PUR 46	21-9-70	5161-48	831-46
PUR 91	10-12-70	4953-88	2207-49
PUR 98	-do-	4178-93	798-59
PUR I7	15-7-70	5827-75	1868-80
PUR 269	25-9-70	4573-40	467-48
PUR 482	10-7-70	4934-65	1384-32
PUR 360	12-11-70	1631-83	118-47

[ਅਨੁਲਗ ੲੇ

ਮੰਤਰੀ ਦਾ ਨਾਂ	31-12-1970 ਨੂੰ ਅਲਾਟ ਹੋਈ ਕਾਰ	ਕੀਮਤ	31-12-1970 ਤੋਂ ਬਾਅਦ ਕਾਰ ਜੋ ਬਦਲੀ ਗਈ
1. ਸ: ਪਰਕਾਸ਼ ਸਿੰਘ ਬਾਦਲ, ਸੀ. ਐਮ.	ਪੀ. ਯੂ. ਆਰ. 27 ਮਰਸਡੀਜ਼	75,893.36	7 ਜਨਵਰੀ, 1971 ਨੂੰ ਨਵੀਂ ਇੰਪਾਲਾ ਕਾਰ ਦਿੱਤੀ ਗਈ
2. ਸ: ਸੋਹਨ ਸਿੰਘ ਬਾਸੀ, ਆਈ. ਪੀ. ਐਮ.	ਪੀ. ਐਨ. ਡੀ. 4 ਮਰਸਡੀਜ਼	91049.97	ਨਵੀਂ ਇੰਪਾਲਾ ਕਾਰ ਦੇ ਬਦਲੇ ਸਰੰਡਰ ਕਰ ਦਿੱਤੀ ਗਈ ਅਤੇ ਇਸ ਦੀ ਥਾਂ ਕਾਰ ਨੰ: 27, ਆਈ. ਪੀ. ਐਮ. ਸਾਹਿਬ ਦੀ ਡਿਊਟੀ ਤੇ ਹਾਜ਼ਰ ਕਰ ਦਿੱਤੀ ।
3. ਸ: ਬਲਵੰਤ ਸਿੰਘ, ਐਫ. ਐਮ.	ਪੀ. ਯੂ. ਆਰ. 28 ਸ਼ੈਵੀ	77,118.00	
4. ਡਾ. ਭਗਤ ਸਿੰਘ, ਐਸ. ਡਬਲ ਯੂ. ਐਮ.	,, 58 ਅੰਬੈਸਡਰ	18,476.08	15 ਜਨਵਰੀ, 1971 ਤੋਂ ਫੋਰਡ ਫੈਰਾਮੰਟ ਕਾਰ ਅਲਾਟ ਕੀਤੀ ਗਈ ।
5. ਸ: ਸੁਰਜੀਤ ਸਿੰਘ, ਈ. ਐਮ.	,, 96 ,,	18,557.48	
6. ਸ਼੍ਰੀ ਰਾਧਾ ਕਿਸ਼ਨ, ਏ. ਐਮ.	,, 60 ,,	18,476.06	
7. ਸ: ਆਤਮਾ ਸਿੰਘ, ਆਰ. ਐਮ.	,, 94 ,,	18,498.18	

ਸਟੇਟ ਮਨਿਸਟਰ

1. ਸ: ਤਾਰਾ ਸਿੰਘ ਲਾਇਲਪੁਰੀ	ਪੀ. ਯੂ.ਆਰ. 59 ਅੰਬੈਸਡਰ	18,476.08	
2. ਸ: ਮੋਹਨ ਸਿੰਘ ਤੁੜ	,, 67	ਉਪਰੋਕਤ	
3. ਸ: ਜਗਦੇਵ ਸਿੰਘ	,, 63	ਉਪਰੋਕਤ	
4. ਸ: ਸਤਨਾਮ ਸਿੰਘ	,, 62	ਉਪਰੋਕਤ	
5. ਸ: ਰਣਧੀਰ ਸਿੰਘ ਚੀਮਾ	,, 64	ਉਪਰੋਕਤ	
6. ਰਾਜਾ ਨਰਿੰਦਰ ਸਿੰਘ	,, 56	ਉਪਰੋਕਤ	
7. ਸ: ਗੁਰਮੀਤ ਸਿੰਘ	,, 57	ਉਪਰੋਕਤ	
8. ਸ: ਤਰਲੋਚਨ ਸਿੰਘ	,, 61	ਉਪਰੋਕਤ	

9.	ਸ: ਜਸਦੇਵ ਸਿੰਘ	ਪੀ.ਯੂ.ਆਰ. 47 ਐਂਬੈਸਡਰ	18,476.08	
10.	ਬਾਵਾ ਹਰਨਾਮ ਸਿੰਘ	,, 48	ਉਪਰੋਕਤ	
11.	ਸ: ਤੇਜਾ ਸਿੰਘ	,, 92	18,498.18	
12.	ਸ: ਸੁਰਜੀਤ ਸਿੰਘ	ਪੀ. ਐਨ. ਈ. 5464 ਮੂਸਡੀਜ਼	69,373.90	8 ਜਨਵਰੀ, 1971 ਨੂੰ ਨਕਾਰਾ ਕੀਤੀ ਗਈ ਤੇ ਨਵੀਂ ਕਾਰ ਦਿੱਤੀ ਗਈ ।
13.	ਸ: ਰਵੇਲ ਸਿੰਘ	ਪੀ. ਐਨ. ਯੂ. ਐਮਬੈਸਡਰ 89	18,498.18	

ਉਪ-ਮੰਤਰੀ

1.	ਸ: ਦੇਵਿੰਦਰ ਸਿੰਘ	ਪੀ. ਯੂ. ਆਰ. 46 ਐਮਬੈਸਡਰ	18,557.48	
2.	ਸ: ਕਰਤਾਰ ਸਿੰਘ ਵੈਦ	,, ,,91	18,498.18	
3.	ਸ: ਕਰਮ ਸਿੰਘ	,, 98 ,,	18,557.48	

ਪਾਰਲੀਮੈਂਟਰੀ ਸਕੱਤਰ

1.	ਸ: ਬਸੰਤ ਸਿੰਘ	ਪੀ.ਯੂ. ਆਰ. 17 ਐਮਬੈਸਡਰ	17,834.43	ਕੈਬਨਿਟ ਮੰਤਰੀਆਂ ਵਲੋਂ ਵਾਪਸ ਕੀਤੀਆਂ ਕਾਰਾਂ ਦਿੱਤੀਆਂ
2.	ਸ: ਬਲਬੀਰ ਸਿੰਘ	,, 18 ,,	17,834.43	
3.	ਸ: ਐਮ. ਐਸ. ਬਹਲਾ	,, 432 ,,	18,449.30	
4.	ਸ: ਪ੍ਰੀਤਮ ਸਿੰਘ	,, 360 ,,	17,865.18	

ਉਪਰੋਕਤ ਕਾਰਾਂ ਤੋਂ ਇਲਾਵਾ ਹੇਠ ਲਿਖੀਆਂ ਕਾਰਾਂ 40 ਰਿਜ਼ਰਵ ਕੋਟੇ ਵਿੱਚੋਂ ਹਨ :—

1.	ਪੀ.ਐਨ.ਈ. 5981	(ਮਰਸਡੀਜ਼)	44,694.33	ਨਕਾਰਾ ਹੋਈਆਂ ਹਨ ਤੇ ਇਨ੍ਹਾਂ ਦੀ ਥਾਂ ਪਾਰਲੀਮੈਂਟਰੀ ਸਕੱਤਰਾਂ, ਦੀਆਂ ਕਾਰਾਂ ਵਰਤੀਆਂ ਜਾਂਦੀਆਂ ਹਨ ।
2.	ਪੀ.ਐਨ.ਓ. 4022	(ਐਮਬੈਸਡਰ)	17,924.40	
3.	,, 4024	,,	17,924.40	
4.	ਪੀ. ਯੂ. ਆਰ. 269	,,	17,860.00	
5.	,, 270	,,	17,860.00	
6.	,, 290	,,	17,834.34	
7.	,, 358	,,	17,865.18	
8.	,, 359	,,	17,865.18	
9.	,, 433	,,	18,449.30	
10.	,, 97	,,	18,557.48	
11.	,, 86	,,	18,557.48	

ਅਨੁਲਗ ਬੀ

ਕਾਰ ਦਾ ਨਾਂ		ਕਾਰ ਅਲਾਟ ਹੋਣ ਦੀ ਮਿਤੀ	ਤੇਲ ਦੇ ਖਰਚ ਦੀ ਲਾਗਤ (ਰਲੀਫ ਕਾਰਾਂ ਸਮੇਤ) 31-12-70 ਤੱਕ	ਕਾਰਾਂ ਦੀ ਮੁਰੱਮਤ ਦਾ ਖਰਚ (ਸਰਕਾਰੀ ਕੇਂਦਰੀ ਵਰਕਸ਼ਾਪ ਦੇ ਜੂਨ, ਅਕਤੂਬਰ, ਨਵੰਬਰ ਤੇ ਦਸੰਬਰ, 1970 ਦੇ ਮਹੀਨੇ ਛੱਡ ਕੇ)
			ਰੁ:	ਰੁ.
ਪੀ. ਯੂ. ਆਰ.	27	28-3-70	10,920.96	4,994.10
,,	28	28-3-70	10,844.68	2,663.58
ਪੀ. ਐਨ.ਡੀ.	4	6-6-70	8,420.68	5,948.53
ਪੀ. ਯੂ. ਆਰ.	58	9-7-70	4,920.52	641.14
,,	96	15-12-70	5,127.67	3,898.46
,,	60	12-7-70	4,739.37	1,010.72
,,	94	15-12-70	840.87	107.91
,,	59	9-7-70	6,375.54	1,671.94
,,	67	9-7-70	5,110.21	1,179.88
,,	63	9-7-70	4,879.62	1,942.09
,,	62	9-7-70	5,342.45	522.35
,,	64	9-7-70	5,356.49	730.13
,,	56	9-7-70	5,778.65	1,840.46
,,	57	9-7-70	6,433.99	1,078.08
,,	61	10-7-70	5,277.49	2,231.03
,,	47	15-9-70	3,446.87	743.49
,,	48	21-9-70	4,328.45	530.43
,,	92	15-12-70	5,714.33	2,351.85
ਪੀ. ਐਨ. ਈ.	5464	3-7-70	7,191.37	7,674.29
ਪੀ. ਯੂ. ਆਰ.	89	15-12-70	661.74	52.60
,,	46	21-9-70	5,161.48	831.46
,,	91	10-12-70	4,953.88	2,207.49
,,	98	10-12-70	4,178.93	798.59
,,	17	15-7-70	5,827.75	1,868.80
,,	269	25-9-70	4,573.40	467.48
,,	432	10-7-70	4,934.62	1,384.32
,,	360	12-11-70	1,681.83	118.47

ਸ੍ਰੀ ਸਰਦਾਰੀ ਲਾਲ ਕਪੂਰ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਇਨ੍ਹਾਂ ਨੇ ਜਿਹੜੀ ਲਿਸਟ ਦਿੱਤੀ ਹੈ ਇਸ ਵਿਚ ਕਾਲਮ 12 ਦੇ ਅਗੇ ਸਰਦਾਰ ਸੁਰਜੀਤ ਸਿੰਘ ਦੇ ਨਾਮ ਅਗੇ ਮਰਸੀਡੀਜ਼ ਦੀ ਕੀਮਤ ਦਸੀ ਹੈ 69,373.90 ਅਤੇ ਇਸ ਦੇ ਅਗਲੇ ਕਾਲਮ ਵਿਚ ਲਿਖਿਆ ਹੈ ਕਿ ਇਸ ਨੂੰ 8-1-71 ਨੂੰ ਕਨਡੈਮ ਕੀਤਾ ਗਿਆ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਹ ਕਾਰ ਖਰੀਦੀ ਕਦ ਗਈ ਸੀ ? (ਵਿਘਨ)

ਮੁੱਖ ਮੰਤਰੀ : ਜੇਕਰ ਚਾਹੋ ਤਾਂ ਪਤਾ ਕਰਕੇ ਦਸ ਸਕਦਾ ਹਾਂ। (ਵਿਘਨ)

ਸਰਦਾਰ ਉਮਰਾਓ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਬਾਸੀ ਸਾਹਿਬ ਦੀ ਕਾਰ ਦੀ ਕੀਮਤ ਤਾਂ 91,049.97 ਹੋਵੇ ਤੇ ਚੀਫ ਮਨਿਸਟਰ ਦੀ ਕਾਰ ਦੀ ਕੀਮਤ 75,893.36 ਹੋਵੇ ਇਸ ਦੇ ਕੀ ਕਾਰਨ ਹਨ ? (ਹਾਸਾ) (ਵਿਘਨ)

ਮੁੱਖ ਮੰਤਰੀ : ਕਾਰਾਂ ਨਾਲ ਤਾਂ ਕੋਈ ਫਰਕ ਨਹੀਂ ਪੈਂਦਾ। ਇਹ ਐਸ. ਟੀ. ਸੀ. ਤੋਂ ਖਰੀਦੀਆਂ ਜਾਂਦੀਆਂ ਹਨ ਇਸ ਲਈ ਕੀਮਤਾਂ ਵਿਚ ਫਰਕ ਹੁੰਦਾ ਹੈ। (ਵਿਘਨ)

ਕਾਮਰੇਡ [illegible] : ਕੀ ਮੁਖ ਮੰਤਰੀ ਸਾਹਿਬ ਦਸਣਗੇ ਕਿ ਕੀ ਇਹ ਹਕੀਕਤ ਹੈ ਕਿ 5 ਨਵੀਆਂ ਕਾਰਾਂ ਇਕ ਲਖ 10 ਹਜਾਰ ਰੁਪਏ ਦੀਆਂ ਇਮਪੋਰਟ ਕੀਤੀਆਂ ਗਈਆਂ ਹਨ ਅਤੇ ਇਸ ਤੇ ਫਾਰਨ ਐਕਸਚੇਂਜ ਵੀ ਵਰਤਿਆ ਗਿਆ ਹੈ ?

ਮੁਖ ਮੰਤਰੀ : ਸਰਕਾਰ ਨੇ ਕੋਈ ਗਡੀ ਇਮਪੋਰਟ ਨਹੀਂ ਕੀਤੀ ।

ਸ੍ਰੀ ਮਨਮੋਹਨ ਕਾਲੀਆ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਕੋਈ ਵਜ਼ੀਰ ਜਾਂ ਡਿਪਟੀ ਵਜ਼ੀਰ ਜਾਂ ਪਾਰਲੀਮੈਂਟਰੀ ਸੈਕਟਰੀ ਬੇਕਾਰ ਵੀ ਹਨ ? (ਹਾਸਾ) ਇਹ ਬੜਾ ਸੀਰੀਅਸ ਸਵਾਲ ਹੈ ਜੀ ਇਸ ਦਾ ਜਵਾਬ ਆ ਜਾਣਾ ਚਾਹੀਦਾ ਹੈ। (ਵਿਘਨ)

ਆਵਾਜ਼ਾਂ : ਕੁਝ ਮਨਿਸਟਰ ਬੇਕਾਰ ਬੈਠੇ ਹਨ। (ਵਿਘਨ)

ਇਕ ਮਾਨਯੋਗ ਮੈਂਬਰ : ਐਕਸ ਮਨਿਸਟਰ ਜ਼ਰੂਰ ਬੇਕਾਰ ਹਨ। (ਹਾਸਾ)

ਡਾਕਟਰ ਅਮੀਰ ਸਿੰਘ ਕਲਕਟ : ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਜਿਹੜਾ ਇਕ ਗੱਡੀ, ਬਾਸੀ ਸਾਹਿਬ ਦੀ, ਤੇ 91 ਹਜ਼ਾਰ ਰੁਪਿਆ ਖਰਚ ਕੀਤਾ ਗਿਆ ਹੈ ਕੀ ਇਸ ਦੀ ਥਾਂ ਤੇ ਇੰਡੀਅਨ ਮੇਡ ਕਾਰਾਂ ਪੰਜ ਨਹੀਂ ਸਨ ਮਿਲ ਸਕਦੀਆਂ। ਇਹ ਕਿਉਂ ਇੰਡੀਆ ਮੇਡ ਕਾਰਾਂ ਨੂੰ ਨਹੀਂ ਅਪਣਾਂਦੇ ? ਇਮਪੋਰਟਿਡ ਕਾਰਾਂ ਦੀ ਕੀ ਲੋੜ ਹੈ ? ਕੀ ਸਰਕਾਰ ਇਸ ਨੂੰ ਪਾਲੇਸੀ ਬਨਾਣ ਵਲ ਧਿਆਨ ਦੇਵੇਗੀ ਕਿ ਇਮਪੋਰਟਿਡ ਕਾਰਾਂ ਦੀ ਥਾਂ ਇੰਡੀਅਨ ਕਾਰਾਂ ਇਸਤੇਮਾਲ ਕੀਤੀਆਂ ਜਾਇਆ ਕਰਨ ?

ਮੁੱਖ ਮੰਤਰੀ : ਇਹ ਕਾਰਾਂ ਗੌਰਮਿੰਟ ਆਫ਼ ਇੰਡੀਆ ਹਰ ਸਟੇਟ ਨੂੰ ਐਲੋਕੇਟ ਕਰਦੀ ਹੈ ਅਤੇ ਐਸ. ਟੀ. ਸੀ. ਰਾਹੀਂ ਪਰਚੇਜ਼ ਕੀਤੀਆਂ ਜਾਂਦੀਆਂ ਹਨ। (ਵਿਘਨ) ਸਰਕਾਰ ਨੇ ਇਨ੍ਹਾਂ ਬਾਰੇ ਇਹ ਫੈਸਲਾ ਕੀਤਾ ਸੀ ਕਿ ਜਿਹੜੇ ਕੈਬੀਨਟ ਰੈਂਕ ਦੇ ਵਜ਼ੀਰ ਹਨ ਉਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗੱਡੀਆਂ ਸਪਲਾਈ ਕੀਤੀਆਂ ਜਾਣ। (ਵਿਘਨ)

ਸਰਦਾਰ ਉਮਰਾਓ ਸਿੰਘ : ਕੀ ਚੀਫ਼ ਮਨਿਸਟਰ ਸਾਹਿਬ ਦਸਣਗੇ ਕਿ ਜਦ ਪੰਜਾਬ ਵਡਾ ਸੀ ਤਾਂ ਕਾਰਾਂ ਛੋਟੀਆਂ ਸਨ ਅਤੇ ਜਦ ਪੰਜਾਬ ਛੋਟਾ ਹੋ ਗਿਆ ਹੈ ਤਾਂ ਕਾਰਾਂ ਵਡੀਆਂ ਹੋ ਗਈਆਂ ਹਨ ? (ਵਿਘਨ)

ਕਾਮਰੇਡ ਸਤਪਾਲ ਡਾਂਗ : ਕੀ ਚੀਫ ਮਨਿਸਟਰ ਸਾਹਿਬ ਦਸਣਗੇ ਇਨ੍ਹਾਂ ਨੇ ਕਿਹਾ ਹੈ ਕਿ ਕੋਈ ਕਾਰ ਇਮਪੋਰਟ ਨਹੀਂ ਕੀਤੀ ਤਾਂ ਕੀ ਜਿਹੜੀਆਂ ਕਾਰਾਂ ਇਸ ਸਮੇਂ ਵਜ਼ੀਰ ਯੂਜ਼ ਕਰ ਰਹੇ ਹਨ ਇਨ੍ਹਾਂ ਵਿਚ ਕੋਈ ਇਮਪੋਰਟਿਡ ਕਾਰ ਨਹੀਂ ?

ਮੁੱਖ ਮੰਤਰੀ : ਇਹ ਕਾਰਾਂ ਇਮਪੋਰਟ ਨਹੀਂ ਕਰਦੇ । ਇਹ ਕਾਰਾਂ ਐਸ.ਟੀ.ਸੀ. ਦੇ ਥਰੂ ਅਸਾਨੂੰ ਮਿਲਦੀਆਂ ਹਨ ।

ਸ੍ਰੀ ਤੁਲਸੀ ਰਾਮ ਚੋਹਾਨ : ਕੀ ਚੀਫ ਮਨਿਸਟਰ ਸਾਹਿਬ ਦਸਣਗੇ ਕਿ ਜਿਹੜੀਆਂ ਗਡੀਆਂ ਐਸ. ਟੀ. ਸੀ. ਪਾਸੋਂ ਖਰੀਦੀਆਂ ਗਈਆਂ ਹਨ ਇਨ੍ਹਾਂ ਨੂੰ ਅਕਾਲੀ ਪਾਰਟੀ ਦੇ ਇਲੈਕਸ਼ਨਾਂ ਵਿਚ ਇਹ ਮਨਿਸਟਰ ਇਸਤੇਮਾਲ ਕਰ ਸਕਦੇ ਹਨ ? (ਵਿਘਨ)

ਚੌਧਰੀ ਸਤਯ ਦੇਵ : ਕੀ ਚੀਫ ਮਨਿਸਟਰ ਸਾਹਿਬ ਇਹ ਦਸਣਗੇ ਕਿ ਅਬੋਹਰ ਫਾਜ਼ਿਲਕਾ ਰੋਡ ਤੇ ਜਿਹੜੀ ਇਸ ਤਰ੍ਹਾਂ ਦੀ ਗੱਡੀ ਖੁਲੀ ਫਿਰਦੀ ਹੈ ਅਤੇ ਜਿਸ ਤੇ ਬੰਦ ਝੰਡੀ ਹੁੰਦੀ ਹੈ ਖੁਲੀ ਝੰਡੀ ਨਹੀਂ ਹੁੰਦੀ ਉਹ ਕਿਸ ਮਨਿਸਟਰ ਦੀ ਹੈ ਅਤੇ ਹਰ ਹਫਤੇ ਉਥੇ ਕਿਉਂ ਫਿਰਦੀ ਰਹਿੰਦੀ ਹੈ ? (ਵਿਘਨ) ਇਸ ਗੱਡੀ ਵਿਚ ਜ਼ਿਆਦਾ ਔਰਤਾਂ ਹੀ ਨਜ਼ਰ ਆਉਂਦੀਆਂ ਹਨ। ਇਹ ਕੀ ਧੰਧਾ ਹੈ ਅਤੇ ਇਹ ਮਨਿਸਟਰ ਦੀ ਕਾਰ ਸਿਰਫ ਫਾਜ਼ਿਲਕਾ -ਅਬੋਹਰ ਲਈ ਹੀ ਹੈ, ਜੋ ਕਿ ਹਰ ਵੇਲੇ ਪ੍ਰਾਈਵੇਟ ਤੌਰ ਤੇ ਇਸਤੇਮਾਲ ਹੁੰਦੀ ਹੈ ?

ਸ੍ਰੀ ਸਪੀਕਰ : ਗਵਾਂਢੀਆਂ ਨਾਲ ਸ਼ਰੀਕਾ ਨਹੀਂ ਕਰੀਦਾ । (We should not be jealous of our neighbours.)

ਸਰਦਾਰ ਸਰੂਪ ਸਿੰਘ : ਕੀ ਚੀਫ ਮਨਿਸਟਰ ਸਾਹਿਬ ਦਸਣਗੇ ਕਿ ਜਿਹੜੇ ਮਨਿਸਟਰ ਇਨ੍ਹਾਂ ਗੱਡੀਆਂ ਤੇ ਪਰਾਈਵੇਟ ਸਫਰ ਕਰਦੇ ਹਨ ਜਾਂ ਆਪਣੇ ਨਿਜੀ ਕੰਮਾਂ ਲਈ ਲੈ ਜਾਂਦੇ ਹਨ ਤਾਂ ਕਿੰਨੀ ਰਕਮ ਉਹ ਸਰਕਾਰ ਨੂੰ ਦਿੰਦੇ ਹਨ ਅਤੇ ਕੀ ਇਹ ਦਸ ਸਕਦੇ ਹਨ ਕਿ ਕਿਨ੍ਹਾਂ ਨੇ ਇਨ੍ਹਾਂ ਗੱਡੀਆਂ ਨੂੰ ਪਰਾਈਵੇਟ ਕੰਮਾਂ ਲਈ ਵਰਤਿਆ ਅਤੇ ਕਿੰਨੀ ਰਕਮ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾਈ ?

ਮੁੱਖ ਮੰਤਰੀ : ਮੇਰੇ ਪਾਸ ਸਾਰਾ ਰਿਕਾਰਡ ਤਾਂ ਇਸ ਵੇਲੇ ਹੈ ਨਹੀਂ ਪਰ ਮੈਂ ਆਪ 626.50 ਪੈਸੇ ਪਰਾਈਵੇਟ ਸਫਰ ਦੇ ਜਮ੍ਹਾਂ ਕਰਵਾਏ ਹਨ ਅਤੇ ਬਾਕੀ ਵਜ਼ੀਰ ਸਾਹਿਬਾਨ ਨੇ ਵੀ ਕਰਾਏ ਹੋਣਗੇ। (ਵਿਘਨ)

ਵਿੱਤ ਮੰਤਰੀ : ਮੈਂ ਵੀ ਸਪੀਕਰ ਸਾਹਿਬ ਪ੍ਰਾਈਵੇਟ ਸਫਰ ਦੀ ਗੁਰਦਾਸਪੁਰ ਅਤੇ ਗੰਗਾਨਗਰ ਜਾਣ ਦੀ ਰਕਮ ਜਮ੍ਹਾਂ ਕਰਵਾਈ ਹੈ । (ਵਿਘਨ)

(ਇਸ ਸਮੇਂ ਕੁਝ ਮਾਨਯੋਗ ਮੈਂਬਰ ਸਪਲੀਮੈਂਟਰੀਜ਼ ਕਰਨ ਲਈ ਖੜੇ ਹੋ ਗਏ) (ਵਿਘਨ)

ਸ੍ਰੀ ਗੁਰਦਿਆਲ ਸੈਣੀ : ਕੀ ਵਜ਼ੀਰ ਸਾਹਿਬ ਦੱਸਣਗੇ ......(ਵਿਘਨ)

ਸਰਦਾਰ ਸੰਤ ਸਿੰਘ : ਸਪਲੀਮੈਂਟਰੀ, ਸਰ...... (ਵਿਘਨ)

ਸਰਦਾਰ ਸਤਨਾਮ ਸਿੰਘ ਬਾਜਵਾ (ਰਾਜ ਮੰਤਰੀ) : ਮੈਂ ਸਪੀਕਰ ਸਾਹਿਬ, ਇਹ ਪੁਛਣਾ ਚਾਹੁੰਦਾ ਹਾਂ ... (ਹਾਸਾ) (ਵਿਘਨ)

Mr Speaker : Please resume your seat,

ਸ੍ਰੀ ਗੁਰਦਿਆਲ ਸੈਣੀ : ਕੀ ਚੀਫ ਮਨਿਸਟਰ ਸਾਹਿਬ ਦਸਣਗੇ ਅਨੰਦਪੁਰ ਸਾਹਿਬ ਅਤੇ ਡਕਾਲਾ ਦੀ ਬਾਈ ਇਲੈਕਸ਼ਨ ਵਿਚ ਜਿਹੜੀਆਂ ਕਾਰਾਂ ਚੰਡੀਗੜ੍ਹ ਅਤੇ ਇਨ੍ਹਾਂ ਹਲਕਿਆਂ ਵਿਚ ਵਜ਼ੀਰਾਂ ਦੀਆਂ ਫਿਰਦੀਆਂ ਰਹੀਆਂ ਹਨ ਕੀ ਇਹ ਪ੍ਰਾਈਵੇਟ ਖਰਚ ਤੇ ਫਿਰਦੀਆਂ ਰਹੀਆਂ ਜਾਂ ਗੌਰਮੈਂਟ ਖਰਚ ਤੇ ਫਿਰਦੀਆਂ ਰਹੀਆਂ ਸਨ ? (ਵਿਘਨ) (ਸ਼ੋਰ)

ਮੁੱਖ ਮੰਤਰੀ : ਸ਼ੋਰ ਇੰਨਾ ਸੀ ਕਿ ਸਵਾਲ ਮੇਰੀ ਸਮਝ ਵਿਚ ਨਹੀਂ ਆਇਆ ਜ਼ਰਾ ਫਿਰ ਪੁਛ ਲੈਣ !

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਦੋਂ ਅਨੰਦਪੁਰ ਸਾਹਿਬ ਅਤੇ ਡਕਾਲੇ ਦੀਆਂ ਚੋਣਾਂ ਸੀ ਸਾਰੇ ਹੀ ਵਜ਼ੀਰ ਸਾਹਿਬਾਨ ਮਹੀਨਾ ਭਰ ਚੰਡੀਗੜ੍ਹ ਤੋਂ ਆਉਂਦੇ ਜਾਂਦੇ ਰਹੇ ਹਨ, ਉਨ੍ਹਾਂ ਨੇ ਉਸ ਸਮੇਂ ਕਿਤਨੇ ਪੈਸੇ ਆਪਣੀ ਜੇਬ ਦੇ ਵਿੱਚੋਂ ਦਿੱਤੇ ਹਨ ?

ਮੁੱਖ ਮੰਤਰੀ : ਇਸ ਦੇ ਲਈ ਸੈਪਰੇਟ ਨੋਟਿਸ ਆਉਣਾ ਚਾਹੀਦਾ ਹੈ ।

ਮੇਜਰ ਹਰਿੰਦਰ ਸਿੰਘ : ਕੀ ਚੀਫ ਮਨਿਸਟਰ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਉਹ ਕਿਹੜੇ ਟੂਰ ਨੂੰ ਪਰਾਈਵੇਟ ਤਸੱਵਰ ਕਰਦੇ ਹਨ ਅਤੇ ਕਿਹੜੇ ਸਫਰ ਨੂੰ ਆਫ਼ੀਸ਼ਲ ਤਸੱਵਰ ਕਰਦੇ ਹਨ ?

ਮੁੱਖ ਮੰਤਰੀ : ਜਦੋਂ ਕੋਈ ਸਰਕਾਰੀ ਕੰਮ ਲਈ ਕਾਰ ਵਰਤੇ ਉਹ ਆਫੀਸ਼ਲ ਹੈ ਅਤੇ ਜਦੋਂ ਕੋਈ ਪ੍ਰਾਈਵੇਟ ਕੰਮ ਲਈ ਵਰਤੇ ਉਹ ਪ੍ਰਾਈਵੇਟ ਟੂਰ ਹੈ । ਇਲੈਕਸ਼ਨਾਂ ਵਗੈਰਾ ਦੇ ਲਈ ਸਭ ਪਰਾਈਵੇਟ ਸਫ਼ਰ ਹੁੰਦਾ ਹੈ ।

ਕਾਮਰੇਡ ਸਤਪਾਲ ਡਾਂਗ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਸ ਵੇਲੇ ਪੰਜਾਬ ਸਰਕਾਰ ਦੇ ਪਾਸ ਕਿਤਨੀਆਂ ਇਮਪੋਰਟਿਡ ਕਾਰਾਂ ਹਨ ਅਤੇ ਕਿਸ ਕਿਸ ਨੂੰ ਦਿੱਤੀਆਂ ਹੋਈਆਂ ਹਨ ?

ਮੁੱਖ ਮੰਤਰੀ : ਇਸ ਵੇਲੇ 4 ਇੰਪੋਰਟਿਡ ਕਾਰਾਂ ਹਨ ਅਤੇ ਇਹ ਕੈਬਨਿਟ ਰੈਂਕ ਦੇ ਮਨਿਸਟਰਜ਼ ਨੂੰ ਦਿੱਤੀਆਂ ਹੋਈਆਂ ਹਨ ।

ਸਰਦਾਰ ਉਮਰਾਓ ਸਿੰਘ : ਕੀ ਵਜ਼ੀਰ ਸਾਹਿਬ ਜਦੋਂ ਸਮਗਲਿੰਗ ਲਈ ਕਾਰਾਂ ਵਰਤਦੇ ਨੇ ਉਹ ਪ੍ਰਾਈਵੇਟ ਟੂਰ ਹੁੰਦਾ ਹੈ ? (ਹਾਸਾ)

Mr. Speaker : Supplementary disallowed.

ਡਾਕਟਰ ਅਮੀਰ ਸਿੰਘ ਕਲਕਟ : ਇਹ ਜਿਹੜੀ ਇਕ ਮਜ਼ਹਬ ਦੀ ਸਰਕਾਰ ਹੈ, ਕੀ ਚੀਫ ਮਨਿਸਟਰ ਸਾਹਿਬ ਸਾਰੇ ਮਨਿਸਟਰਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਸੌਂਹ ਖਵਾਕੇ ਕਹਿਣਗੇ ਕਿ ਉਹ ਆਪਣੇ ਟੂਰਜ਼ ਵਿੱਚ ਕਾਰਾਂ ਦਾ ਮਿਸਯੂਜ਼ ਨਹੀਂ ਕਰਨਗੇ ।

ਸ਼੍ਰੀ ਸਪੀਕਰ : ਕੀ ਆਨਰੇਬਲ ਮੈਂਬਰ ਖੁਦ ਇਕ ਮਜ਼ਹਬ ਦੀ ਸਰਕਾਰ ਦੀ ਹਮਾਇਤ ਨਹੀਂ ਕਰਦੇ ? (ਹਾਸਾ) (Does the hon. Member himself not support the Govt. of a particular religious party ?) (Laughter)

ਸਰਦਾਰ ਸ਼ਸ਼ਪਾਲ ਸਿੰਘ : ਨਵੀਆਂ ਕਾਰਾਂ ਤਾਂ ਸਰਕਾਰ ਦੇ ਵਜ਼ੀਰਾਂ ਨੂੰ ਦੇ ਦਿੱਤੀਆਂ ਹਨ ਕੀ ਵਜ਼ੀਰ ਸਾਹਿਬ ਪੁਰਾਣੀਆਂ ਕਾਰਾਂ ਐਕਸ ਮਨਿਸਟਰ ਸਾਹਿਬਾਨ ਨੂੰ ਦੇਣ ਦੀ ਖੇਚਲ ਕਰਨਗੇ ? (ਹਾਸਾ)

ਕਾਮਰੇਡ ਸੱਤਪਾਲ ਡਾਂਗ : ਮੇਰਾ ਖਿਆਲ ਹੈ ਕਮੇਟੀਆਂ ਦੇ ਐਕਸ ਚੇਅਰਮੈਨਾਂ ਨੂੰ ਦਿੱਤੀਆਂ ਜਾਣ ਤਾਂ ਠੀਕ ਹੋਵੇਗਾ (ਹਾਸਾ) ਜਿਸ ਤਰ੍ਹਾਂ ਪਾਂਧੀ ਸਾਹਿਬ ਜਾਂ ਸਰਦਾਰ ਸ਼ਸ਼ਪਾਲ ਸਿੰਘ ਜੀ ਹਨ । (ਹਾਸਾ)

— — — —

REVIVAL OF THE PUNJAB SUBORDINATE SERVICES SELECTION BOARD

*2304. **Chaudhri Satya Dev** : Will the Chief Minister be pleased to state :—

(a) whether the Punjab Government have decided to revive the Punjab Subordinate Services Selection Board for recruitment of employees for posts carrying a salary upto Rs. 150/- per month.

(b) whether it is fact that the said Board was abolished by the First United Front Ministry headed by Sardar Gurnam Singh in 1967 in pursuance of the acceptance of the recommendations of the Administrative Reforms Commission; if so, the reasons which impelled Punjab Government to revive the Board together with the anticipated expenditure on the functioning of the Board ?

Sardar Parkash Singh Badal : (a) Yes, Sir. The Board when constituted will make recruitment to posts carrying initial salaries within the range of Rs. 91/- and 299/- P.M.

(b) No, Sir. The Board was abolished in October, 1966 during President's Rule. It was revived in January, 1968 but was again abolished in September, 1968 during President's Rule. In order to maintain a uniform standard of recruitment in all Departments and to ensure proper representation of Scheduled Castes Tribes and Backward Classes in various departments, it has again been decided to set up a Centralised Recruiting Agency for recruitment to subordinate services.

The anticipated annual expenditure would be Rs. 3,75,000.

[(ੲ) ਹਾਂ ਜੀ, ਜਦੋਂ ਬੋਰਡ ਸਥਾਪਤ ਕੀਤਾ ਜਾਵੇਗਾ ਤਾਂ ਸ਼ੁਰੂ ਦੀ ਤਨਖਾਹ 91 ਰੁਪਏ ਮਹੀਨੇ ਤੋਂ 299 ਰੁਪਏ ਮਹੀਨੇ ਦੀਆਂ ਆਸਾਮੀਆਂ ਭਰੇਗਾ ।

(ਬੀ) ਨਹੀਂ ਜੀ, ਬੋਰਡ ਅਕਤੂਬਰ, 1966 ਵਿਚ ਰਾਸ਼ਟਰਪਤੀ ਰਾਜ ਵਿਚ ਭੰਗ ਕੀਤਾ ਗਿਆ ਸੀ । ਜਨਵਰੀ, 1968 ਵਿਚ ਮੁੜ ਸਥਾਪਤ ਕੀਤਾ ਗਿਆ ਪਰ ਸਤੰਬਰ, 1968 ਵਿਚ ਦੁਬਾਰਾ ਰਾਸ਼ਟਰਪਤੀ ਰਾਜ ਵੇਲੇ ਭੰਗ ਕੀਤਾ ਗਿਆ । ਇਸ ਤਰ੍ਹਾਂ ਹਰ ਵਿਭਾਗ ਵਿਚ ਭਰਤੀ ਸਮੇਂ ਇਕਸਾਰਤਾ ਦਾ ਮਿਆਰ ਕਾਇਮ ਕਰਨ ਲਈ ਅਤੇ ਵੱਖ ਵੱਖ ਵਿਭਾਗਾਂ ਵਿਚ ਪਛੜੀਆਂ ਸ਼ਰੇਣੀਆਂ/ਕਬੀਲਿਆਂ ਵਿਮੁਕਤ ਜਾਤੀਆਂ ਨੂੰ ਯੋਗ ਪ੍ਰਤੀਨਿਧਤਾ ਦੇਣ ਵਾਸਤੇ ਅਧੀਨ ਸੇਵਾਵਾਂ ਭਰਨ ਲਈ ਇਕ ਕੇਂਦਰੀ ਭਰਤੀ-ਕਰਨ ਅਜੰਸੀ ਸਥਾਪਤ ਕਰਨ ਦਾ ਦੁਬਾਰਾ ਫੈਸਲਾ ਕੀਤਾ ਗਿਆ ਹੈ ।

ਆਸ ਹੈ ਕਿ ਸਾਲਾਨਾ ਖਰਚ ਰੁਪਏ 3,75,000 ਹੋਵੇਗਾ ।]

ਸ੍ਰੀ ਬਲਰਾਮ ਦਾਸ ਟੰਡਨ : ਕੀ ਮੁੱਖ ਮੰਤਰੀ ਮਹੋਦਯ ਇਹ ਦਸਣ ਦੀ ਕਿਰਪਾ ਕਰਨਗੇ ਕਿ ਜਦੋਂ ਅਕਾਲੀ ਪਾਰਟੀ ਦੀ ਹਕੂਮਤ ਸੀ, ਇਹਦੇ ਵਿਚ ਇਹ ਫੈਸਲਾ ਕੀਤਾ ਗਿਆ ਸੀ, ਗਿੱਲ ਸਾਹਿਬ ਦੇ ਵੇਲੇ, ਕਿ ਸਬਾਰਡੀਨੇਟ ਸਰਵਿਸਿਜ਼ ਸੀਲੈਕਸ਼ਨ ਬੋਰਡ ਕਾਇਮ ਕੀਤਾ ਜਾਵੇ, ਪਰ ਗਵਰਨਰੀ ਰਾਜ ਵਿਚ ਇਹ ਖਤਮ ਕਰ ਦਿੱਤਾ ਗਿਆ ਸੀ, ਕੀ ਅਕਾਲੀ ਪਾਰਟੀ ਉਸ ਫੈਸਲੇ ਨੂੰ ਮੁੜ ਰੀਵਾਈਜ਼ ਕਰਨ ਵਾਸਤੇ ਤਿਆਰ ਹੈ ?

ਮੁੱਖ ਮੰਤਰੀ : ਹਾਂ ਜੀ, ਇਹ ਫੈਸਲਾ ਹੁਣ ਫੇਰ ਰੀਵਾਈਜ਼ ਕਰ ਲਿਆ ਗਿਆ ਹੈ ।

ਸ੍ਰੀ ਬਲਰਾਮ ਦਾਸ ਟੰਡਨ : ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਕਈ ਡੀਪਾਰਟਮੈਂਟਸ ਦੀ ਇਹ ਸ਼ਿਕਾਇਤ ਸੀ ਕਿ ਸਬਾਰਡੀਨੇਟ ਬੋਰਡ ਰਾਹੀਂ ਸੀਲੈਕਸ਼ਨ ਫੇਅਰ ਨਹੀਂ ਹੁੰਦੀ ? ਕੀ ਸਰਕਾਰ ਬੋਰਡ ਦੀ ਕਾਇਮੀ ਵੇਲੇ ਉਨ੍ਹਾਂ ਗੱਲਾਂ ਦਾ ਧਿਆਨ ਕਰੇਗੀ ?

ਮੁੱਖ ਮੰਤਰੀ : ਜੀ ਹਾਂ, ਜ਼ਰੂਰ ਕਰਾਂਗੇ । ਅਸੀਂ ਇਹ ਬੋਰਡ ਪਹਿਲਾਂ ਬਣਾ ਦੇਣਾ ਸੀ ਪਰ ਪਹਿਲਿਆਂ ਵਿਚੋਂ ਇਕ ਮੈਂਬਰ ਨੇ ਸੁਪਰੀਮ ਕੋਰਟ ਤੋਂ ਸਟੇ ਆਰਡਰ ਲੈ ਲਏ ਸੀ ।

ਚੌਧਰੀ ਸਤਯ ਦੇਵ : ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਿਹੜਾ ਅਮਲਾ ਗਵਰਨਰੀ ਰਾਜ ਵਿਚ ਹਟਾਇਆ ਗਿਆ ਸੀ ਉਨ੍ਹਾਂ ਨੂੰ ਬਹਾਲ ਕੀਤਾ ਜਾਵੇਗਾ ਜਾਂ ਨਵਾਂ ਭਰਤੀ ਕੀਤਾ ਜਾਵੇਗਾ ?

ਮੁੱਖ ਮੰਤਰੀ : ਅਜੇ ਸਟਾਫ ਬਾਰੇ ਕੋਈ ਫੈਸਲਾ ਨਹੀਂ ਕੀਤਾ ਗਿਆ ।

ਚੌਧਰੀ ਸਤਯਦੇਵ : ਜਿਸ ਮੈਂਬਰ ਨੂੰ ਸਟੇ ਮਿਲੀ, ਸਟੇ ਦਾ ਕਾਰਨ ਕੀ ਹੈ ?

ਮੁੱਖ ਮੰਤਰੀ : ਕਾਰਨ ਦਾ ਪਤਾ ਤਾਂ ਕੋਰਟ ਨੂੰ ਹੀ ਹੋ ਸਕਦਾ ਹੈ ।

ਕਾਮਰੇਡ ਸੱਤਪਾਲ ਡਾਂਗ : ਜਿਹੜਾ ਸਬਾਰਡੀਨੇਟ ਸੀਲੈਕਸ਼ਨ ਬੋਰਡ ਬਨਣਾ ਹੈ ਕੀ ਉਸ ਦੇ ਮੈਂਬਰਾਂ ਦੇ ਨਾਵਾਂ ਦਾ ਫੈਸਲਾ ਸਰਕਾਰ ਨੇ ਕਰ ਲਿਆ ਹੈ ਜਾਂ ਅਜੇ ਇਹ ਅੰਡਰ ਕੰਸਿਡਰੇਸ਼ਨ ਹਨ ?

ਮੁੱਖ ਮੰਤਰੀ : ਇਹ ਅਜੇ ਅੰਡਰ ਕਨਸਿਡਰੇਸ਼ਨ ਹਨ ।

ਸਾਥੀ ਰੂਪ ਲਾਲ : ਜਦੋਂ ਪਹਿਲਾਂ ਭਰਤੀ ਕੀਤੀ ਗਈ ਸੀ, ਉਸ ਵਿਚ ਬੜੀ ਕੁਰੱਪਸ਼ਨ ਹੋਈ ਸੀ । ਜਿਹੜੇ ਉਸ ਵੇਲੇ ਇਲਜ਼ਾਮਾਤ ਲੱਗੇ ਕੀ ਸਰਕਾਰ ਉਨ੍ਹਾਂ ਦੀ ਇਨਕੁਆਇਰੀ ਕਰੇਗੀ ?

ਮੁੱਖ ਮੰਤਰੀ : ਤੁਸੀਂ ਸਾਡੇ ਨੋਟਿਸ ਵਿਚ ਲਿਆ ਦਿਓ ਅਸੀਂ ਵੇਖ ਲਵਾਂਗੇ ।

ਸਰਦਾਰ ਉਮਰਾਓ ਸਿੰਘ : ਕੀ ਚੀਫ ਮਨਿਸਟਰ ਸਾਹਿਬ ਇਹ ਦਸਣ ਦੀ ਕਿਰਪਾ ਕਰਨਗੇ ਕਿ ਜਿਹੜਾ ਮੌਜੂਦ ਸਿਸਟਮ ਐਪਆਇੰਟਮੈਂਟਸ ਦਾ ਹੈ ਇਹ ਕਿਉਂ ਫੇਲ੍ਹ ਹੋਇਆ ਹੈ ਅਤੇ ਜਿਸ ਕਰਕੇ ਰੀਵਾਈਜ਼ ਕਰਨ ਦੀ ਸਲਾਹ ਬਣਾਈ ਹੈ ?

ਮੁੱਖ ਮੰਤਰੀ : ਇਸ ਬਾਰੇ ਪੂਰੀ ਤਸੱਲੀ ਨਹੀਂ ਹੈ ਅਤੇ ਹਰੀਜਨ ਮੈਂਬਰਾਂ ਦੀ ਮੰਗ ਹੈ ਜਿਸ ਕਰਕੇ ਬੋਰਡ ਦੀ ਸਥਾਪਨਾ ਕੀਤੀ ਗਈ ਹੈ ।

ਸ੍ਰੀ ਗਿਆਨ ਚੰਦ ਖਰਬੰਦਾ : ਜਿਹੜੀਆਂ ਡੀਪਾਰਮੈਂਟਲ ਸੀਲੈਕਸ਼ਨਾਂ ਦੇ ਖਿਲਾਫ ਸ਼ਿਕਾਇਤਾਂ ਹਨ ਕੀ ਸਰਕਾਰ ਉਨ੍ਹਾਂ ਦੀ ਇਨਕੁਆਇਰੀ ਕਰੇਗੀ ?

ਮੁੱਖ ਮੰਤਰੀ : ਮੇਰੇ ਪਾਸ ਐਸੀ ਕੋਈ ਸ਼ਕਾਇਤ ਨਹੀਂ ਹੈ ।

ਮੇਜਰ ਹਰਿੰਦਰ ਸਿੰਘ : ਜਿਸ ਤਰ੍ਹਾਂ ਸਰਕਾਰ ਨੇ ਬੋਰਡ ਨੂੰ ਰੀਵਾਈਵ ਕਰਨ ਦਾ ਫੈਸਲਾ ਕੀਤਾ ਹੈ, ਕੀ ਸਰਕਾਰ ਮੈਂਬਰ ਸਾਹਿਬਾਨ ਦੀ ਸੀਲੈਕਸ਼ਨ ਸਬੰਧੀ ਵੀ ਇਹ ਖਿਆਲ ਕਰੇਗੀ ਕਿ ਉਹ ਪੜ੍ਹੇ ਲਿਖੇ ਹੋਣ ਕਿਉਂ ਜੋ ਉਨ੍ਹਾਂ ਨੇ ਪੜ੍ਹੇ ਲਿਖਿਆਂ ਨਾਲ ਇੰਟਰਵੀਊ ਕਰਕੇ ਸੀਲੈਕਸ਼ਨ ਕਰਨੀ ਹੁੰਦੀ ਹੈ ।

ਮੁੱਖ ਮੰਤਰੀ : ਇਹ ਜ਼ਰੂਰ ਖਿਆਲ ਰਖਿਆ ਜਾਵੇਗਾ ।

ਸਰਦਾਰ ਕਿਰਪਾਲ ਸਿੰਘ : ਕੀ ਮੁੱਖ ਮੰਤਰੀ ਸਾਹਿਬ ਇਹ ਦਸਣ ਦੀ ਕਿਰਪਾ ਕਰਨਗੇ ਕਿ ਜਿਹੜੇ ਮੈਂਬਰ ਸਾਹਿਬਾਨ ਨਾਮੀਨੇਟ ਕੀਤੇ ਜਾਣਗੇ ਉਨ੍ਹਾਂ ਵਿਚ ਇਕ ਹਰੀਜਨ ਮੈਂਬਰ ਵੀ ਨਾਮੀਨੇਟ ਕੀਤਾ ਜਾਵੇਗਾ ?

ਮੁੱਖ ਮੰਤਰੀ : ਇਹ ਜ਼ਰੂਰ ਕੀਤਾ ਜਾਵੇਗਾ ।

Mr. Speaker : The Question Hour is over. The remaining questions will be deemed to have been answered under rule 45 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE UNDER RULE 45

CASES OF MURDERS OF CHILDREN BY ISSUELESS WOMEN ETC.

***2043. Comrade Satya Pal Dang :** Will the Chief Minister be please d to :—

(a) state the number of children reported to have been murdered in the State during the period from 1st January, 1969 uptodate by issueless women or women without any male issue or the husbands of such women in the hope that such murders followed by some ceremony will result in a child or male child being born to them;

(b) lay on the Table of the House a statement giving the details of such murders, i.e., the names , sex and age of the children murdered , the addresses of the parents of the deceased and the manner in which the murders were committed;

(c) state the number of such cases in which the culprits have been arrested and challaned;

(d) state the number of such cases in which the culprits include those on whose advice the murders were committed;

(e) state the steps, if any, taken by the Government to prevent such murders in future ?

Sardar Parkash Singh Badal : (a) Two children are reported to have been murdered in this manner from 1st January, 1969 to 15th December, 1970.

(b) A statement giving details of these two murders is laid on the Table of the House.

(c) In both the cases the accused were arrested and challaned.

(d) Nil.

(e) The Police are expected to exercise vigilance and also to bring culprits to book and thereby deter others from committing such crimes.

[(ੳ) ਇਸ ਤਰੀਕੇ ਨਾਲ ਦੋ ਬੱਚੇ 1 ਜਨਵਰੀ, 1969 ਤੋਂ 15 ਦਸੰਬਰ, 1970 ਤਕ ਕਤਲ ਹੋਏ ।

(ਅ) ਇਨ੍ਹਾਂ ਦੋ ਕਤਲਾਂ ਦਾ ਵੇਰਵਾ ਸਦਨ ਦੇ ਮੇਜ਼ ਤੇ ਰਖਿਆ ਜਾਂਦਾ ਹੈ ।

(ੲ) ਦੋਨਾਂ ਕੇਸਾਂ ਵਿਚ ਦੋਸ਼ੀ ਗਰਿਫਤਾਰ ਕੀਤੇ ਗਏ ਸੀ ਅਤੇ ਚਲਾਂਨ ਕੀਤਾ ਗਿਆ ਹੈ ।

(ਸ) ਨਾਂ ਜੀ ।

(ਹ) ਪੁਲਿਸ ਤੋਂ ਇਸ ਗੱਲ ਦੀ ਆਸ ਕੀਤੀ ਜਾਂਦੀ ਹੈ ਕਿ ਉਹ ਚੌਕਸ ਰਹੇ ਅਤੇ ਦੋਸ਼ੀਆਂ ਨੂੰ ਸਜ਼ਾ ਦੁਆਵੇ ਤਾਂ ਕਿ ਹੋਰ ਲੋਕੀ ਵੀ ਅਪਰਾਧ ਕਰਨ ਦੀ ਦਲੇਰੀ ਨਾ ਕਰ ਸਕਣ ।

Statement giving the details of murders i.e. the names, sex and age of the children the addresses of the parents of the deceased and the manner in which the murders were committed.

Name of child	Sex of child	Age of child	Address of the parents of the deceased child
1. Raju	Male	2 years	Madan Lal, Nai Abadi, Amritsar.
2. Kulwinder Singh	-do-	6 years	Kala Singh Ramgarhia, village Makhanwindi, P.S. Jandiala, Distt. Amritsar.

(1) In the case of Raju the murder was committed by throwing him into a Nallah.

(2) In the case of Kulwinder Singh, the murder was committed b throttling his neck.

[ਕਤਲਾਂ ਦਾ ਵੇਰਵਾ ਜਿਸ ਵਿਚ ਬੱਚਿਆਂ ਦੇ ਨਾਂ, ਸੈਕਸ, ਉਮਰਾਂ, ਅਤੇ ਉਨ੍ਹਾਂ ਪੇਰੈਂਟਸ ਦੇ ਪਤੇ ਅਤੇ ਕਿਸ ਤਰ੍ਹਾਂ ਕਤਲ ਹੋਏ ਦਿੱਤਾ ਹੈ ।

ਬੱਚੇ ਦਾ ਨਾਂ	ਬੱਚੇ ਦਾ ਸੈਕਸ	ਬੱਚੇ ਦੀ ਉਮਰ	ਮਰਨ ਵਾਲੇ ਬੱਚਿਆਂ ਦੇ ਪੇਰੈਂਟਸ ਦੇ ਪਤੇ
(1) ਰਾਜੂ	ਮਰਦ	2 ਸਾਲ	ਮਦਨ ਲਾਲ, ਨਈ ਆਬਾਦੀ, ਅੰਮ੍ਰਿਤਸਰ ।
(2) ਕੁਲਵਿੰਦਰ ਸਿੰਘ	ਮਰਦ	6 ਸਾਲ	ਕਾਲਾ ਸਿੰਘ ਰਾਮਗੜ੍ਹੀਆ, ਪਿੰਡ ਮੱਖਣ ਵਿੰਡੀ, ਥਾਨਾ ਜੰਡਿਆਲਾ, ਅੰਮ੍ਰਿਤਸਰ ।

(1) ਰਾਜੂ ਨੂੰ ਨਾਲੇ ਵਿਚ ਸੁੱਟ ਕੇ ਕਤਲ ਕੀਤਾ ਗਿਆ ।

(2) ਕੁਲਵਿੰਦਰ ਸਿੰਘ ਨੂੰ ਗਲਾ ਘੁੱਟ ਕੇ ਕਤਲ ਕੀਤਾ ਗਿਆ ।]

DEATH OF SHRI RAMESHWAR DASS, A JAN SANGH WORKER OF MUNICIPAL COMMITTEE, PATIALA

***2322. Shri Gian Chand Vaid :** Will the Chief Minister be pleased to state—

(a) whether it is a fact that Shri Rameshwar Dass, a former Jan Sangh member of Municipal Committee, Patiala, was stabbed to death in his shop in Gur Mandi, Patiala ;

(b) if the answer to part (a) above be in the affirmative; whether the Government appointed any Police Officer to conduct investigations in the case; if so, the name of the Police Officer; whether the culprits have been apprehended so far; if not, the reasons therefor;

(c) the name of the Police Officer deputed by the Government to investigate the case ?

Sardar Parkash Singh Badal : (a) Yes Sir.

(b) & (c) The investigation of the case is being made by City Inspector Baldev Singh with the assistance of Inspector, C.I.A. Patiala and under the supervision of D.S.P. Prithi Singh of Patiala Police. No culprit has been arrested as no clue of the accused responsible for this murder has been traced so far.

[(ੲੇ) ਹਾਂ ਜੀ।

(ਬੀ ਤੇ ਸੀ) ਇਸ ਕੇਸ ਦੀ ਤਫ਼ਤੀਸ਼ ਸਿਟੀ ਇਨਸਪੈਕਟਰ ਸ੍ਰੀ ਬਲਦੇਵ ਸਿੰਘ ਕਰ ਰਹੇ ਹਨ, ਜਿਨ੍ਹਾਂ ਦੀ ਮਦਦ ਇਨਸਪੈਕਟਰ ਸੀ. ਆਈ. ਏ. ਪਟਿਆਲਾ ਕਰਦੇ ਹਨ। ਇਸ ਤਫ਼ਤੀਸ਼ ਦੀ ਨਿਗਰਾਨੀ ਡੀ. ਐਸ. ਪੀ. ਪ੍ਰਿਥੀ ਸਿੰਘ ਪਟਿਆਲਾ ਪੁਲੀਸ, ਕਰ ਰਹੇ ਹਨ। ਇਸ ਕਤਲ ਦੇ ਦੋਸ਼ੀਆਂ ਦੀ ਅਜੇ ਤਕ ਕੋਈ ਸੂਹ ਨਹੀਂ ਲਗੀ। ਇਸ ਕਰਕੇ ਕੋਈ ਗਿਰਫਤਾਰੀ ਨਹੀਂ ਹੋਈ।]

STRIKE BY GOVERNMENT EMPLOYEES ON THE 16TH DECEMBER, 1970

***2345. Comrade Babu Singh Master,**
Comrade Satya Pal Dang : Will the Chief Minister be pleased to state—

(a) the demands, to press which, the Punjab Government employees went on strike on the 16th December, 1970;

(b) whether the Government have considered the said demands, if so, the decision, if any, taken thereon ?

Sardar Parkash Singh Badal : (a) The main demand of Punjab Subordinate Services Federation was grant of interim relief. Other demands of general nature are removal of anomalies in pay scales, vacation of alleged victimization and recognition of Punjab Subordinate Services Federation etc.

(b) The demand relating to interim relief has not been accepted as a case for its grant was not made out. Other demands as and when made have been/are considered with due despatch.

[(ੲ) ਪੰਜਾਬ ਸਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੀ ਮੁੱਖ ਮੰਗ ਅੰਤ੍ਰਮ ਰਲੀਫ ਮਨਜ਼ੂਰ ਕਰਨ ਸਬੰਧੀ ਸੀ। ਦੂਜੀਆਂ ਹੋਰ ਆਮ ਮੰਗਾਂ ਇਹ ਹਨ, ਤਨਖਾਹ ਸਕੇਲਾਂ ਵਿਚ ਤਰੁਟੀਆਂ ਨੂੰ ਦੂਰ ਕਰਨਾ, ਕਰਮਚਾਰੀਆਂ ਵਿਰੁਧ ਕੇਸ ਵਾਪਸ ਲੈਣਾ, ਅਤੇ ਉਪਰੋਕਤ ਫੈਡਰੇਸ਼ਨ ਨੂੰ ਮਾਨਤਾ ਦੇਣਾ, ਇਤਿਆਦੀ।

(ਬੀ) ਅੰਤਰਮ ਰਲੀਫ ਦੀ ਮੰਗ ਨੂੰ ਪਰਵਾਨ ਨਹੀਂ ਕੀਤਾ ਗਿਆ ਕਿਉਂਕਿ ਇਹ ਦੇਣਾ ਉਚਿਤ ਨਹੀਂ ਸੀ; ਦੂਜੀਆਂ ਮੰਗਾਂ ਜਦੋਂ ਵੀ ਸਾਹਮਣੇ ਆਈਆਂ ਹਨ ਉਨ੍ਹਾਂ ਤੇ ਯੋਗ ਵਿਚਾਰ ਕੀਤੀ ਗਈ ਹੈ ਅਤੇ ਅੱਗੋਂ ਵੀ ਕੀਤੀ ਜਾਵੇਗੀ।]

PUNJABI BOOK "MELE AIAN TIN JANIAN"

*2094. **Shri Gian Chand Kharbarda** : Will the Chief Minister be pleased to state—

(a) whether it has come to notice of the Government that the book entitled "Mele Aian Tin Janian" contains indecent and humiliating words against "Mata Sita" which has resulted in agitation—both in the press and from the platform by the worshippers of 'Mata Sita';

(b) if the reply to (a) above be in the affirmative, whether action has been taken against the author and the publishers of the said book for injuring religious feelings of the Hindus and if no action has been taken, the reasons therefor ?

Sardar Parkash Singh Badal : (a) Yes Sir.

(b) The impugned remarks are not actionable under any law according to the opinion of the Law Department. The Government have, however, considered these remarks to be not in good taste and orders have been issued for the deletion of objectionable remarks in the copies of the books maintained in the Government and Semi-Government Institutions. The objectionable words have however been omitted in the new edition of the book.

[(ੲ) ਹਾਂ ਜੀ।

(ਬੀ) ਕਾਨੂੰਨੀ ਵਿਭਾਗ ਦੀ ਰਾਏ ਅਨੁਸਾਰ ਇਤਰਾਜ਼ ਯੋਗ ਸ਼ਬਦ ਕਿਸੇ ਕਾਨੂੰਨ ਅਧੀਨ ਕਾਰਵਾਈ ਯੋਗ ਨਹੀਂ ਸਨ। ਪ੍ਰੰਤੂ ਸਰਕਾਰ ਨੇ ਇਸ ਮੁਆਮਲੇ ਤੇ ਵਿਚਾਰ ਕਰਨ ਤੇ ਇਹ ਮਹਿਸੂਸ ਕੀਤਾ ਕਿ ਇਨ੍ਹਾਂ ਸ਼ਬਦਾਂ ਦੀ ਵਰਤੋਂ ਠੀਕ ਨਹੀਂ ਹੈ। ਪੁਸਤਕ ਦੀਆਂ ਉਨ੍ਹਾਂ ਕਾਪੀਆਂ ਵਿਚੋਂ ਜਿਹੜੀਆਂ ਕਿ ਸਰਕਾਰੀ ਲਾਇਬਰੇਰੀਆਂ ਅਤੇ ਅੱਧ ਸਰਕਾਰੀ ਸੰਸਥਾਵਾਂ ਵਿੱਚ ਪਈਆਂ ਹਨ ਅਯੋਗ ਸ਼ਬਦ ਕੱਢਣ ਲਈ ਹੁਕਮ ਜਾਰੀ ਕਰ ਦਿੱਤਾ ਹੈ। ਕਿਤਾਬ ਦੇ ਨਵੇਂ ਐਡੀਸ਼ਨ ਵਿਚੋਂ ਇਤਰਾਜ਼ ਯੋਗ ਸ਼ਬਦ ਕੱਢ ਦਿਤੇ ਗਏ ਹਨ।]

COMPULSORY GRATUITY SCHEME FOR INDUSTRIAL WORKERS

*2040. **Comrade Satya Pal Dang :** Will the Chief Minister be pleased to state whether the Government has any proposal under its consideration to introduce a compulsory gratuity scheme for Industrial workers in the State; if so, the details thereof and the time by which it is likely to be implemented?

ਸਰਦਾਰ ਪਰਕਾਸ਼ ਸਿੰਘ ਬਾਦਲ : ਉਦਯੋਗਿਕ ਕਾਮਿਆਂ ਲਈ ਕੰਪਲਸਰੀ ਗਰੈਚਿਉਟੀ ਸਕੀਮ ਬਣਾਉਣ ਲਈ ਮਾਮਲਾ ਹਾਲੇ ਸਰਕਾਰ ਦੇ ਵਿਚਾਰ ਅਧੀਨ ਹੈ ।

PROPOSAL TO CONSTRUCT ROAD FROM MAKHU (TEHSIL ZIRA) TO WAHIKE MILITARY POST

*2218. **Sardar Mehtab Singh** Dhillon : Will the Minister for Irrigation and Power be pleased to state—

(a) whether it is a fact that the Government have abandoned the proposal to construct a road from Makhu (Tehsil Zira) to Wahike Military Post;

(b) if the reply to part (a) above be in the affirmative, the reasons for which the construction of this road has been abandoned;

(c) whether it is a fact that the Union Government was prepared to bear the expenses of the said road but the Punjab Government did not agree to the construction of the said road, if so, the reasons therefor.

Sardar Sohan Singh Bassi : (a) No.
(b) Question does not arise.
(c) No.

[(ੲ) ਨਹੀਂ ਜੀ ।
(ਬੀ) ਸਵਾਲ ਹੀ ਨਹੀਂ ਉਠਦਾ ।
(ਸੀ) ਨਹੀਂ ਜੀ ।]

LINK ROAD BETWEEN GILL ROAD AND G.T. ROAD IN LUDHIANA

*2135. **Shri Sardari Lal Kapur :** Will the Minister for Irrigation and Power be pleased to state—

(a) whether the Government is aware of the fact that the sanitary condition of the link road between Gill Road and G.T. Road in Ludhiana is very unsatisfactory;

(b) whether it has also come to the notice of the Government that the said road has not been properly maintained, if so, the reasons therefor;

(c) whether the Government is also aware of the heavy traffic on this road;

(d) if the answer to parts (a) to (c) above be in the affirmative the steps proposed to be taken by the Government to ensure its proper maintenance ?

Sardar Sohan Singh Bassi : (a) The area through which this road passes is within the Municipal limit of Ludhiana. As such P.W.D. is not concerned with sanitary condition obtaining in the area.

(b) It is being properly maintained.

(c) Yes.

(d) The work of improving and widening the road from Bharat Nagar to Dholewal Chowk is being taken in hand and material for the same has been collected.

[(ਏ) ਜਿਸ ਏਰੀਏ ਵਿਚੋਂ ਇਹ ਸੜਕ ਲੰਘਦੀ ਹੈ ਉਹ ਨਗਰ ਪਾਲਿਕਾ ਲੁਧਿਆਣਾ ਦੀ ਹਦ ਵਿਚ ਹੈ ਇਸ ਲਈ ਲੋਕ ਨਿਰਮਾਣ ਵਿਭਾਗ ਇਸ ਏਰੀਏ ਦੀ ਸਫਾਈ ਸਬੰਧੀ ਤੱਲਕ ਨਹੀਂ ਰਖਦਾ ਹੈ ।

(ਬੀ) ਇਸ ਦੀ ਠੀਕ ਤੌਰ ਤੇ ਦੇਖ ਭਾਲ ਕੀਤੀ ਜਾ ਰਹੀ ਹੈ ।

(ਸੀ) ਹਾਂ ਜੀ ।

(ਡੀ) ਭਾਰਤ ਨਗਰ ਤੋਂ ਢੋਲੇਵਾਲ ਚੌਕ ਤਕ ਸੁਧਾਰ ਅਤੇ ਚੌੜਾ ਕਰਨ ਦਾ ਕੰਮ ਹੱਥ ਵਿਚ ਲਿਆ ਜਾ ਰਿਹਾ ਹੈ ਅਤੇ ਇਸ ਲਈ ਸਮਗਰੀ ਇਕਠੀ ਕੀਤੀ ਜਾ ਚੁਕੀ ਹੈ ।]

LAND PURCHASED/ACQUIRED FOR THE GURU NANAK UNIVERSITY AT AMRITSAR

***2093. Shri Gian Chand Kharbanda :** Will the Minister for Education be pleased to state :—

(a) the name of the owner of the land where the foundation stone of Guru Nanak University, Amritsar was laid by the President of India;

(b) whether the Government obtained the consent of the owner of the said land to use it for the above purpose, if so, on what conditions and if not, the reasons therefor;

(c) whether the above mentioned land has been purchased or acquired by the Government for the University; if so, at what rate and the area thereof in acres; alongwith the rate per acre demanded by the owner of the said land;

(d) the stage at which the question of construction of the building of the Guru Nanak University stands at present?

Sardar Surjit Singh : (a) Khalsa College, Amritsar.

(Education Minister)

(b) Yes. On the condition that the land would be acquired/purchased.

(c) The land has been acquired. The rates are being worked out by the Collector, Amritsar. Out of the total area of 500 acres which has been acquired, about 304 acres, belonged to the Khalsa College and the remaining 196 acres to different individuals.

(d) The construction work of the building of the University will be taken in hand very soon.

[(ਏ) ਖਾਲਸਾ ਕਾਲਜ, ਅੰਮ੍ਰਿਤਸਰ ।

(ਬੀ) ਜੀ ਹਾਂ । ਇਸ ਸ਼ਰਤ ਤੇ ਕਿ ਜ਼ਮੀਨ ਉਨ੍ਹਾਂ ਦੀ ਖਰੀਦੀ/ਐਕੁਆਇਰ ਕੀਤੀ ਜਾਵੇਗੀ ।

(ਸੀ) ਜ਼ਮੀਨ ਐਕੁਆਇਰ ਕੀਤੀ ਗਈ ਹੈ । ਇਸ ਦੇ ਦਰ ਕੱਢੇ ਜਾ ਰਹੇ ਹਨ । 500 ਏਕੜ ਜ਼ਮੀਨ ਵਿਚੋਂ ਜੋ ਕਿ ਐਕੁਆਇਰ ਕੀਤੀ ਗਈ ਹੈ, 304 ਏਕੜ ਦੇ ਕਰੀਬ ਜ਼ਮੀਨ ਖਾਲਸਾ ਕਾਲਜ ਦੀ ਮਲਕੀਅਤ ਸੀ ਅਤੇ ਬਾਕੀ 196 ਏਕੜ ਜ਼ਮੀਨ ਹੋਰ ਵਿਭਿੰਨ ਆਦਮੀਆਂ ਦੀ ਮਲਕੀਅਤ ਸੀ ।

(ਡੀ) ਯੂਨੀਵਰਸਟੀ ਦੀ ਇਮਾਰਤ ਦੀ ਉਸਾਰੀ ਦਾ ਕੰਮ ਬਹੁਤ ਛੇਤੀ ਹਥਾਇਆ ਜਾਏਗਾ ।]

STARRED QUESTION NO. 2254*

ਸਿਖਿਆ ਮੰਤਰੀ,
ਸਿਖਿਆ ਵਿਭਾਗ, ਪੰਜਾਬ,
ਚੰਡੀਗੜ੍ਹ ।

ਸੁਰਜੀਤ ਸਿੰਘ

ਅ: ਸ: ਨੰ: 399-1ਸਿ 2-71/1807
ਮਿਤੀ 20 ਜਨਵਰੀ, 1971

ਪਿਆਰੇ ਸ੍ਰ. ਦਰਬਾਰਾ ਸਿੰਘ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2254,ਜੋ ਮਿਤੀ 22 ਜਨਵਰੀ, 1971 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਕੁਲਵੰਤ ਸਿੰਘ ਦੇ ਵੱਲੋਂ ਦਰਜ ਹੈ, ਉਸਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਸੁਆਲ ਨੂੰ ਮਿਤੀ 28 ਜਨਵਰੀ, 1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਹਿਤੂ,
ਸਹੀ/-
(ਸੁਰਜੀਤ ਸਿੰਘ)

ਸ਼੍ਰੀ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ ।

---

*For Starred Question No. 2254 and reply there to, please see Appendix to this Debate.

STARRED QUESTION NO. 2319

ਅ: ਸ. ਨੰ: 726-1 ਸਿ-11-71/1759.

ਸਿਖਿਆ ਮੰਤਰੀ, ਪੰਜਾਬ,
ਚੰਡੀਗੜ੍ਹ
21 ਜਨਵਰੀ, 1971

ਸੁਰਜੀਤ ਸਿੰਘ

ਪਿਆਰੇ ਸ੍ਰ: ਦਰਬਾਰਾ ਸਿੰਘ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2319 ਜੋ ਮਿਤੀ 22 ਜਨਵਰੀ, 1971 ਲਈ ਸੁਆਲਾਂ ਦੀ ਸੂਚੀ ਵਿਚ ਚੌਧਰੀ ਕੇਵਲ ਕ੍ਰਿਸ਼ਨ ਦੇ ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸੰਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 28 ਜਨਵਰੀ, 1971 ਤੋਂ ਪਿੱਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਹਿਤੂ,
ਸਹੀ/-
(ਸੁਰਜੀਤ ਸਿੰਘ)

ਸ੍ਰੀ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ ।

SELECTION OF TEACHERS FOR GOVERNMENT SCHOOLS

***2320. Chaudhri Kewal Krishan :** Will the Minister for Education be pleased to state :—

(a) whether any Committee has been constituted by the Government for selecting B.A., B.T., B.Sc., B.T. etc. teachers for filling of vacancies in the Government Middle, High and Higher Secondary Schools;

(b) if the reply to part (a) above be in the affirmative, the date when the said Committee was constituted; the number and names of members thereof ;

(c) the total number of applications received by the said Committee for the said posts, the criteria kept in view for selecting the said teachers, the number of teachers, selected, districtwise, upto 31st December, 1970 and the number of teachers selected on merit holding first, second and third divisions separately ?

Sardar Surjit Singh :(a) Yes.

(b) The selection Committee was constituted on 6th November, 1959 which consisted of :—

(1) Shri A.S. Shante, Deputy Director (Schools Administration) .. Chairman

(Minister for Education)

(2) Shri Banta Singh Assistant Secretary Education .. Member

(3) Shri M. R. Bhagat, Under Secretary Welfare.. Member

Consequent upon the appointment of Shri A.S. Shante as Joint Director Project, Sangrur, the above referred Committee was dissolved and other reconstituted on 18th September, 1970 with the followings:—

1. Deputy Director (Schools Administration) .. Chairman
2. Shri Iqbal Singh, Under Secretary Services .. Member
3. Shri Joginder Singh, Deputy Labour Commissioner .. Member

(c) *Number of Applications*: About 12000

Criteria.—A criteria has been fixed by allotment of marks for academic qualifications and grades obtained in various University Examinations, teaching experience, sports and other curricular activities.

Selection.—The number cannot be given as interview is still going on. Final selection will be made after the interview is over.

STARRED QUESTION NO. 2321*

ਅ.ਸ.ਨੰ: 724-ਸਿ. 2 (4) 71/1615

ਸੁਰਜੀਤ ਸਿੰਘ,

ਸਿਖਿਆ ਮੰਤਰੀ,

ਸਿਖਿਆ ਵਿਭਾਗ, ਪੰਜਾਬ ਚੰਡੀਗੜ੍ਹ।

ਮਿਤੀ 21, ਜਨਵਰੀ, 1971

ਪਿਆਰੇ ਸ੍ਰ: ਦਰਬਾਰਾ ਸਿੰਘ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2321, ਜੋ ਮਿਤੀ 22 ਜਨਵਰੀ, 1971 ਲਈ ਸੁਆਲਾਂ ਦੀ ਸੂਚੀ ਵਿਚ ਸ੍ਰੀ ਮਨਮੋਹਨ ਕਾਲੀਆ, ਐਮ. ਐਲ. ਏ. ਵੱਲੋਂ ਦਰਜ ਹੈ ਦਾ ਜੁਆਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 2 ਫਰਵਰੀ, 1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਹਿਤੂ,

ਸਹੀ-ਸੁਰਜੀਤ ਸਿੰਘ

ਸ੍ਰੀ ਦਰਬਾਰਾ ਸਿੰਘ,
ਸਪੀਕਰ, ਪੰਜਾਬ ਵਿਧਾਨ ਸਭਾ।

*For starred Question No. 2321 and reply thereto please see Appendix to this Debate.

PRINTING OF GOVERNMENT CALENDARS AND DIARIES

***2306. Shri Balmukand Sharma :** Will the Minister for Social Welfare be pleased to state—

(a) whether the State Government has passed orders for printing Government calendars and diaries in the Punjabi and English Languages only; if so a copy of such orders be placed on the Table of the House;

(b) whether it is a fact that hithertofore Government calendars and diaries were printed in Punjabi and Hindi; if so the reasons which have impelled the Government to ignore Hindi Language in the matter of printing of Government diaries and calendars ?

ਸਰਦਾਰ ਸੁਰਜੀਤ ਸਿੰਘ (ਸਿਖਿਆ ਮੰਤਰੀ): (ੳ) ਨਹੀਂ ਜੀ। ਸਰਕਾਰ ਨੇ 1971 ਦੇ ਸਰਕਾਰੀ ਕਲੰਡਰ ਅਤੇ ਡਾਇਰੀਆਂ ਵਿਚ ਕੇਵਲ ਪੰਜਾਬੀ ਭਾਸ਼ਾ ਵਰਤੀ ਜਾਣ ਦਾ ਫੈਸਲਾ ਕੀਤਾ ਹੈ ।

(ਅ) ਹਾਂ ਜੀ। ਪੰਜਾਬ ਰਾਜ ਭਾਸ਼ਾ ਐਕਟ, 1967 ਦੀ ਧਾਰਾ 4 ਅਧੀਨ 9 ਫਰਵਰੀ, 1968 ਨੂੰ ਜਾਰੀ ਹੋਈ ਅਧਿਸੂਚਨਾ ਅਨੁਸਾਰ 13 ਅਪਰੈਲ, 1968 ਤੋਂ ਪੰਜਾਬੀ ਰਾਜ ਦੀ ਨਿਰੋਲ ਸਰਕਾਰੀ ਜਬਾਨ ਬਣ ਜਾਣ ਕਰਕੇ ਇਹ ਫੈਸਲਾ ਕੀਤਾ ਗਿਆ ਹੈ ਕਿ ਅੱਗੇ ਤੋਂ ਸਰਕਾਰੀ ਕਲੰਡਰ ਅਤੇ ਡਾਇਰੀਆਂ ਕੇਵਲ ਪੰਜਾਬੀ ਵਿਚ ਹੀ ਛਪਵਾਈਆਂ ਜਾਣ। ਸਾਲ 1969 ਅਤੇ 1970 ਵਿਚ ਸਰਕਾਰੀ ਕਲੰਡਰ ਅਤੇ ਡਾਇਰੀਆਂ ਹੌਲੀ ਹੌਲੀ ਪੰਜਾਬੀ ਪ੍ਰਚਾਲਣ ਦੇ ਮਨੋਰਥ ਨਾਲ ਹਿੰਦੀ ਵਿਚ ਵੀ ਛਪਵਾਈਆਂ ਗਈਆਂ ਸਨ ।

RELIEF TO UNEMPLOYED

***2346. Comrade Babu Singh Master,**

Comrade Satya Pal Dang : Will the Minister for Social Welfare be pleased to State—

(a) whether there is any Scheme under the consideration of the Government to provide relief to the unemployed in the State; if so, the basic features of the Scheme;

(b) the period since when this scheme has been under the consideration of the Government together with the time by which final decision is likely to be taken in this connection ?

Dr. Bhagat Singh : (a) The matter is still under consideration of Government, No concrete proposal has yet been formulated.

(b) Question does not arise.

[(ਏ) ਇਹ ਮਾਮਲਾ ਹਾਲੇ ਵਿਚਾਰ ਅਧੀਨ ਹੈ। ਕੋਈ ਖਾਸ ਤਜਵੀਜ਼ ਹਾਲੇ ਤਕ ਨਹੀਂ ਬਣੀ।
(ਬੀ) ਸਵਾਲ ਪੈਦਾ ਨਹੀਂ ਹੁੰਦਾ ।]

CONSTRUCTION OF NEW GRAIN MARKET AT AMRITSAR

*2095. **Shri Gian Chand Kharbanda** : Will the Minister for Agriculture be pleased to state —

(a) the stage at which the question of construction of the New Grain Market at Amritsar, in place of the existing two markets stand at present;

(b) whether any land has been selected/approved by the Government for the purpose; if so, its area and location; if not, the reasons therefor;

(c) the time by which the matter is likely to be decided finally;

(d) whether the Improvement Trust, Amritsar has been approached by the Government for acquiring land for the said purpose ?

ਸਰਦਾਰ ਰਵੇਲ ਸਿੰਘ (ਰਾਜ ਮੰਤਰੀ ਮੈਡੀਕਲ ਸਿੱਖਿਆ ਅਤੇ ਸਥਾਨਕ ਸਰਕਾਰ) : (ਏ) ਇਹ ਅਨਾਜ ਮੰਡੀ ਦੀ ਸਥਾਪਨਾ ਦਾ ਮਾਮਲਾ ਹਾਲੇ ਇਮਪਰੂਵਮੈਂਟ ਟ੍ਰਸਟ ਅੰਮ੍ਰਿਤਸਰ ਦੇ ਵਿਚਾਰ ਅਧੀਨ ਹੈ ;

(ਬੀ) ਅਨਾਜਮੰਡੀ ਦੀ ਸਥਾਪਨਾ ਬਾਰੇ ਭਗਤਾਂ ਵਾਲਾ ਗੇਟ ਦੇ ਬਾਹਰ ਲੱਗਭਗ 212 ਏਕੜ ਜ਼ਮੀਨ ਦੀ ਚੋਣ ਕਰ ਲਿੱਤੀ ਗਈ ਹੈ ;

(ਸੀ) ਅਜੇ ਕੋਈ ਸਮਾਂ ਪੱਕੀ ਤਰ੍ਹਾਂ ਨਿਸਚਿਤ ਨਹੀਂ ਕੀਤਾ ਜਾ ਸਕਦਾ ਕਿਉਂ ਜੋ ਟ੍ਰਸਟ ਵੱਲੋਂ ਸਕੀਮ ਆਉਣ ਤੇ ਹੀ ਇਹ ਗੱਲ ਦੱਸੀ ਜਾ ਸਕਦੀ ਹੈ ;

(ਡੀ) ਜੀ ਨਹੀਂ ।

STARRED QUESTION NO. 2261 †

ਮੰਤਰੀ,
ਮਾਲ ਵਿਭਾਗ, ਪੰਜਾਬ,
ਚੰਡੀਗੜ੍ਹ

ਆਤਮਾ ਸਿੰਘ

ਅਧ: ਸ: ਨੰ: 253–ਆਰ2–70/527
ਚੰਡੀਗੜ੍ਹ, ਮਿਤੀ 21 ਜਨਵਰੀ, 1971

ਵਿਸ਼ਾ :—ਸਟਾਰਡ ਵਿਧਾਨ ਸਭਾ ਸਵਾਲ ਨੰ: 2261 ਵਲੋਂ ਮੇਜਰ ਹਰਿੰਦਰ ਸਿੰਘ ਐਮ.ਐਲ.ਏ. ਬਾਬਤ ਇੰਤਕਾਲ ।

ਪਿਆਰੇ ਸਰਦਾਰ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 2261 ਜੋ ਮਿਤੀ 22 ਜਨਵਰੀ, 1971 ਲਈ ਸਵਾਲ ਦੀ ਸੂਚੀ ਵਿਚ ਮੇਜਰ ਹਰਿੰਦਰ ਸਿੰਘ ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ

† For Started Question No. 2261 and reply thereto please see Appendix to this Debate.

ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 30 ਜਨਵਰੀ, 1971 ਤੋਂ ਪਿੱਛੋਂ ਦੀ ਕਿਸੇ ਮਿਤੀ ਲਈ ਸਵਾਲ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਹਿਤੂ,
ਸਹੀ/-
(ਆਤਮਾ ਸਿੰਘ)

ਸ੍ਰੀ ਦਰਬਾਰਾ ਸਿੰਘ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਨੰ: 253-ਆਰ-71
ਚੰਡੀਗੜ੍ਹ, ਮਿਤੀ 21 ਜਨਵਰੀ, 1971

ਇਸ ਦੀ ਇਕ ਕਾਪੀ ਸੰਸਦੀ ਮਾਮਲਿਆਂ ਦੇ ਮੰਤਰੀ ਜੀ ਨੂੰ ਸੂਚਨਾ ਲਈ ਭੇਜੀ ਜਾਂਦੀ ਹੈ ।

ਸਹੀ/-
ਮਾਲ ਅਤੇ ਚੱਕ ਬੰਦੀ ਮੰਤਰੀ,
ਪੰਜਾਬ ।

STARRED QUESTION No. 2266

ਆਤਮਾ ਸਿੰਘ,
ਮਾਲੀਆ ਅਤੇ ਚੱਕਬੰਦੀ ਮੰਤਰੀ,
ਪੰਜਾਬ ।

ਅ.ਸ.ਨੰ: 280-ਭਸ-5-71/1040
ਚੰਡੀਗੜ੍ਹ, ਮਿਤੀ 21 ਜਨਵਰੀ, 1971

ਵਿਸ਼ਾ :—ਸਟਾਰਡ ਵਿਧਾਨ ਸਭਾ ਸਵਾਲ ਨੰ: 2266 ਵੱਲੋਂ ਮੇਜਰ ਹਰਿੰਦਰ ਸਿੰਘ ਐਮ.ਐਲ.ਏ. ।

ਪਿਆਰੇ ਸਰਦਾਰ ਜੀ,

ਪੰਜਾਬ ਵਿਧਾਨ ਸਭਾ ਦੇ ਸੁਆਲ ਨੰ: 2266, ਜੋ ਮਿਤੀ 22 ਜਨਵਰੀ, 1971 ਲਈ ਸੁਆਲਾਂ ਦੀ ਸੂਚੀ ਵਿਚ ਮੇਜਰ ਹਰਿੰਦਰ ਸਿੰਘ, ਐਮ.ਐਲ.ਏ. ਦੇ ਵੱਲੋਂ ਦਰਜ ਹੈ, ਦਾ ਜਵਾਬ ਅਤੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ ਅਤੇ ਇਹ ਸੂਚਨਾ ਵਿਸਥਾਰ ਪੂਰਬਕ ਹੋਣ ਕਾਰਨ ਇਸ ਦੇ ਇਕੱਤਰ ਹੋਣ ਵਿਚ ਕਾਫੀ ਸਮਾਂ ਲਗੇਗਾ, ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜੁਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 5 ਫਰਵਰੀ ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪਦਾ ਵਿਸ਼ਵਾਸਪਾਤਰ,
ਸਹੀ/-
(ਆਤਮਾ ਸਿੰਘ)

ਸ੍ਰੀ ਦਰਬਾਰਾ ਸਿੰਘ,
ਸਪੀਕਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ।

PERSONAL EXPLANATION BY SHRI BALRAM DASS TANDON

ਸ੍ਰੀ ਬਲਰਾਮ ਜੀ ਦਾਸ ਟੰਡਨ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ । ਸਪੀਕਰ ਸਾਹਿਬ, ਪਰਸੋਂ ਜਦੋਂ ਮੈਂ ਹਾਊਸ ਵਿਚ ਨਹੀਂ ਸੀ, ਡਾਂਗ ਸਾਹਿਬ ਨੇ ਮੇਰੇ ਤੇ ਕੁਝ ਇਲਜ਼ਾਮ ਲਗਾਏ ਸੀ ....

ਕਾਮਰੇਡ ਸਤਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ ਮੈਂ ਇਲਜ਼ਾਮ ਪਰਸੋਂ ਲਗਾਏ ਸੀ । ਇਹ ਕਲ ਵੀ ਹਾਊਸ ਵਿਚ ਆਏ ਸੀ, ਇਨ੍ਹਾਂ ਨੇ ਉਨ੍ਹਾਂ ਇਲਜ਼ਾਮਾਂ ਦੀ ਤਰਦੀਦ ਨਹੀਂ ਕੀਤੀ, ਅਜ ਇਨ੍ਹਾਂ ਨੂੰ ਕਿਵੇਂ ਜਾਗ ਆ ਗਈ ਹੈ ? (ਵਿਘਨ)

ਸ੍ਰੀ ਸਪੀਕਰ : ਕਲ ਤੁਸੀਂ ਸਪੀਚ ਕਰ ਚੁਕੇ ਹੋ, ਉਸ ਵਕਤ ਇਨ੍ਹਾਂ ਦੇ ਇਲਜ਼ਾਮ ਦਾ ਜਵਾਬ ਦੇ ਸਕਦੇ ਸੀ, ਇਸ ਲਈ ਅਜ ਇਹ ਅਲਾਓ ਨਹੀਂ ਕੀਤਾ ਜਾਂਦਾ । (The hon. Member made a speech yesterday and he could give his personal explanation at that time. Hence, it is not allowed.)

ਸ੍ਰੀ ਬਲਰਾਮ ਜੀ ਦਾਸ ਟੰਡਨ : ਸਪੀਕਰ ਸਾਹਿਬ, ਪਰਸੋਂ ਮੈਂ ਹਾਊਸ ਵਿਚ ਨਹੀਂ ਸੀ । ਕਲ ਸ਼ਾਮੀ ਮੈਨੂੰ ਅਖਬਾਰ ਪੜ੍ਹ ਕੇ ਪਤਾ ਲਗਾ ਅਤੇ ਫਿਰ ਮੈਂ ਕਾਰਵਾਈ ਦੇਖ ਕੇ ਅਜ ਆਪਣਾ ਪਰਸਨਲ ਐਕਸਪਲੇਨੇਸ਼ਨ ਦੇਣ ਲਗਾ ਹਾਂ ।

ਸ੍ਰੀ ਸਪੀਕਰ : ਕਲ ਤੁਸੀਂ ਹਾਊਸ ਦਾ ਟਾਈਮ ਸਭ ਤੋਂ ਜ਼ਿਆਦਾ ਲਿਆ ਹੈ ......(The hon. Member took more time than any other hon. Member yesterday....)

ਸ੍ਰੀ ਬਲਰਾਮ ਜੀ ਦਾਸ ਟੰਡਨ : ਪਰ ਸਪੀਕਰ ਸਾਹਿਬ, ਮੈਨੂੰ ਤਾਂ ਪਤਾ ਹੀ ਕਲ ਸ਼ਾਮ ਨੂੰ ਲਗਾ ਹੈ (ਵਿਘਨ) ਪਰਸਨਲ ਐਕਸਪਲੇਨੇਸ਼ਨ ਦੇਣ ਤੇ ਤਾਂ ਕੋਈ ਪਾਬੰਦੀ ਨਹੀਂ ਹੈ (ਵਿਘਨ) ਮੈਨੂੰ ਨਹੀਂ ਪਤਾ ਕਿ ਕੋਈ ਇਨ ਬਿਟਵੀਨ ਗਲ ਹੋਵੇ ਤਾਂ.........

ਸ੍ਰੀ ਸਪੀਕਰ : ਪਰ ਕਲ ਜੋ ਤੁਹਾਨੂੰ ਇਤਨਾ ਸਮਾਂ ਦੇ ਦਿੱਤਾ ਸੀ । (But the hon. Member was given enough time yesterday.)

ਸ੍ਰੀ ਬਲਰਾਮ ਜੀ ਦਾਸ ਟੰਡਨ : ਸਪੀਕਰ ਸਹਿਬ, ਮੈਂ ਅਰਜ਼ ਕਰ ਰਿਹਾ ਹਾਂ ਕਿ ਮੈਨੂੰ ਕਲ ਸ਼ਾਮ ਨੂੰ ਅਖਬਾਰ ਦੇ ਰਾਹੀਂ ਪਤਾ ਲਗਾ ਹੈ। ਡਾਂਗ ਸਾਹਿਬ ਨੇ ਮੇਰੇ ਤੇ ਇਹ ਇਲਜ਼ਾਮ ਲਗਾਇਆ ਹੈ ਕਿ ਰਾਜਪੁਰੇ ਦੀ ਫੈਕਟਰੀ ਦੋ ਵਾਰ ਗਵਰਨਰੀ ਰਾਜ ਵਿਚ ਫੋਕਲ ਪੁਆਇੰਟਸ ਮੰਨੇ ਜਾਣ ਤੋਂ ਰਿਜੈਕਟ ਹੋ ਚੁਕੀ ਸੀ ਅਤੇ ਮੈਂ ਆਕੇ ਉਸ ਦੇ ਆਰਡਰ ਕੀਤੇ ਸੀ। ਸਪੀਕਰ ਸਾਹਿਬ ਮੈਂ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਉਸ ਦੇ ਆਰਡਰ ਤਾਂ ਸਾਡੀ ਮਨਿਸਟਰੀ ਦੀ ਓਥ ਲੈਣ ਤੋਂ ਪਹਿਲੇ ਹੀ ਗਵਰਨਰੀ ਰਾਜ ਦੇ ਸਮੇਂ ਹੀ ਹੋ ਗਏ ਸੀ, ਇਸ ਬਾਰੇ ਮੇਰੇ ਕੋਈ ਆਰਡਰ ਨਹੀਂ ਹਨ। ਇਸ ਲਈ ਜਿਹੜੇ ਇਲਜ਼ਾਮ ਇਨ੍ਹਾਂ ਨੇ ਲਗਾਏ ਹਨ ਉਹ ਗਲਤ ਅਤੇ ਝੂਠੇ ਹਨ ।

CALL ATTENTION NOTICES

ਸ੍ਰੀ ਮਨਮੋਹਨ ਕਾਲੀਆ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਸੀ ਨੰ: 74 ਉਹ ਤੁਸੀਂ ਡਿਸਅਲਾਓ ਕਰ ਦਿੱਤੀ ਹੈ। ਉਸ ਦੇ ਜਵਾਬ ਵਿਚ ਤੁਸੀਂ ਲਿਖਿਆ ਹੈ ਕਿ :

'The an action is taken under the law'

ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਅਗਰ ਕਿਸੇ ਥਾਂ ਤੇ ਪੁਲੀਸ ਲਾਠੀ ਚਾਰਜ ਵੀ ਕਰਦੀ ਹੈ ਤਾਂ ਉਹ ਵੀ ਅਕਾਰਡਿੰਗ -ਟੂ ਲਾਅ ਹੁੰਦਾ ਹੈ । ਪਰ ਸਪੀਕਰ ਸਾਹਿਬ, ਸਵਾਲ ਤਾਂ ਐਕਸੈਸ ਪਾਵਰ ਇਸਤੇਮਾਲ ਕਰਨ ਦਾ ਹੈ। ਇਹ ਕੋਈ ਆਰਡੀਨਰੀ ਕੇਸ ਨਹੀਂ ਹੈ...... ਵਿਘਨ)

ਸ਼੍ਰੀ ਸਪੀਕਰ : ਤੁਸੀਂ ਮੇਰੇ ਚੈਂਬਰ ਵਿਚ ਤਸ਼ਰੀਫ਼ ਲੈ ਆਉਣਾ ਉਥੇ ਡਿਸਕਸ ਕਰ ਲਵਾਂਗੇ। (The hon. Member may come to my Chamber and we will discuss it there.)

ਸ਼੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ ਰੂਲ 73 ਦੇ ਹੇਠਾਂ ਕਾਲ ਅਟੈਨਸ਼ਨ ਮੋਸ਼ਨ ਤੇ ਅਜਿਹੀ ਕੋਈ ਪਾਬੰਦੀ ਨਹੀਂ ਹੈ, ਹਾਂ ਕੁਐਸਚਨ ਆਵਰ ਵਿਚ ਅਜਿਹੀ ਲਿਮੀਟੇਸ਼ਨ ਜ਼ਰੂਰ ਹੈ। (ਵਿਘਨ) ਇਨ੍ਹਾਂ ਨੇ ਕੋਈ ਇਕ ਕਮੇਟੀ ਨਹੀਂ ਤੋੜੀ ਸਗੋਂ ਜਿਹੜੀਆਂ ਜਿਹੜੀਆਂ ਵੀ ਮਿਉਨਿਸਪਲ ਕਮੇਟੀਆਂ ਗੈਰ ਅਕਾਲੀ ਹਨ ਉਹ ਸਾਰੀਆਂ ਤੋੜੀਆਂ ਜਾ ਰਹੀਆਂ ਹਨ।(ਵਿਘਨ) ਇਹ ਐਕਸੈਸ ਪਾਵਰ.....

ਸ਼੍ਰੀ ਸਪੀਕਰ : ਕਾਲੀਆ ਸਾਹਿਬ, ਤੁਸੀਂ ਬੈਠ ਜਾਓ। ਜੇ ਕੋਈ ਕਾਰਵਾਈ ਇਲਲੀਗਲ ਹੈ ਤਾਂ ਉਸ ਦੀ ਰੈਮੇਡੀ ਹੈ ਕਿ ਤੁਸੀਂ ਕੋਰਟ ਵਿਚ ਜਾਓ । (The hon. Member may resume his seat. If there is any illegality then he may go to the Court.)

ਸ਼੍ਰੀ ਮਨਮਹਨ ਕਾਲੀਆ : ਸਪੀਕਰ ਸਾਹਿਬ ਇਸ ਕਾਰਵਾਈ ਦੇ ਨਾਲ ਲੋਕਾਂ ਦੇ ਮਨ ਅਲਾਰਮਡ ਹੋ ਗਏ ਹਨ, ਇਸ ਲਈ ਇਹ ਮੋਸ਼ਨ ਐਡਮਿਟ ਹੋਣੀ ਚਾਹੀਦੀ ਸੀ (ਵਿਘਨ)

ਸ਼੍ਰੀ ਸਪੀਕਰ : ਕਾਲੀਆ ਸਾਹਿਬ ਤੁਸੀਂ ਬੈਠ ਜਾਓ। (The hon. Member may resume his seat.)

PERSONAL EXPLANATION BY MAJOR HARINDER SINGH

ਮੇਜਰ ਹਰਿੰਦਰ ਸਿੰਘ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ ਸਰ। ਸਪੀਕਰ ਸਹਿਬ, ਬਦਕਿਸਮਤੀ ਦੇ ਨਾਲ ਕਲ ਮੈਂ ਸਿਹਤ ਦੀ ਖਰਾਬੀ ਦੇ ਕਾਰਨ ਦੁਪਹਿਰ ਦਾ ਸੈਸ਼ਨ ਅਟੈਂਡ ਨਹੀਂ ਕਰ ਸਕਿਆ । ਉਸ ਵੇਲੇ ਇਥੇ ਜ਼ਿਕਰ ਆਇਆ ਕਿ ਮੈਂ ਬਤੌਰ ਇੰਡਸਟਰੀ ਮਨਿਸਟਰ ਦੇ ਕਿਸੇ ਨੂੰ ਕੋਈ ਪਲਾਟ ਅਲਾਟ ਕੀਤਾ ਸੀ। ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਂ ਤਿੰਨ ਸਾਲ ਇੰਡਸਟਰੀ ਮਨਿਸਟਰ ਰਿਹਾ ਹਾਂ ਔਰ ਆਪਣੇ ਰਿਕਾਰਡ ਤੇ ਮੈਨੂੰ ਫ਼ਖਰ ਹੈ, ਭਾਵੇਂ ਮੈਂ ਜਾਣਦਾ ਹਾਂ ਕਿ ਸੈਲਫ਼ ਪਰੇਜ਼ ਇਜ਼ ਨੋ ਰਿਕਮੈਂਡੇਸ਼ਨ। ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੇਰਾ ਕਿਰਦਾਰ ਐਜ਼ ਏ ਮਨਿਸਟਰ ਸ਼ੀਸ਼ੇ ਦੀ ਤਰ੍ਹਾਂ ਸਾਫ ਹੈ (ਤਾੜੀਆਂ) ਮੇਰੇ ਹੁਕਮ ਫਾਈਲਾਂ ਤੇ ਬੜੇ ਸਾਫ ਹਨ। ਮੈਂ ਕਾਨੂੰਨ ਦੇ ਵਿਰੁਧ ਕੁਝ ਨਹੀਂ ਕੀਤਾ ਅਤੇ ਨਾਂਹ ਹੀ ਕਿਸੇ ਨੂੰ ਕੋਈ ਪਲਾਟ ਅਲਾਟ ਕੀਤਾ ਹੈ । ਜੇ ਕੋਈ ਅਜਿਹੀ ਗੱਲ ਹੈ ਤਾਂ ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਪੜਤਾਲ ਕਰਕੇ ਮੇਰੇ ਤੇ ਮੁਕਦਮਾ ਚਲਾਉਣ। (ਤਾੜੀਆਂ)

ਰਾਜਾ ਨਰਿੰਦਰ ਸਿੰਘ : ਮੁਕਦਮੇ ਚਲਾਉਣ ਦਾ ਸਾਡੇ ਕੋਈ ਰਿਵਾਜ਼ ਨਹੀਂ ਹੈ । (ਹਾਸਾ) ।

CALL ATTENTION NOTICES (Resumption)

Mr. Speaker : Call Attention Notice No. 82 by S. Santokh Singh Randhawa.

(ਮਾਨਯੋਗ ਮੈਂਬਰ ਇਸ ਸਮੇਂ ਹਾਊਸ ਵਿਚ ਹਾਜ਼ਰ ਨਹੀਂ ਸਨ ।)

Mr. Speaker : Call Attention Notice No. 88 stands in the name of Giani Kundan Singh Patang.

ਕ੍ਰਮ ਨੰ: 88

ਗਿਆਨੀ ਕੁੰਦਨ ਸਿੰਘ ਪਤੰਗ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ,ਅਰਥਾਤ ਨਹਿਰੀ ਮਹਿਕਮੇ ਦੀ ਅਣਗਹਿਲੀ ਕਾਰਨ ਪਿੰਡ ਬੁਗਰੇ ਜ਼ਿਲ੍ਹਾ ਸੰਗਰੂਰ ਦੇ ਲਾਗੇ ਤੋਂ ਨਹਿਰ ਟੁੱਟ ਗਈ, ਜਿਸ ਕਰਕੇ ਪਿੰਡ ਬੁਗਰਾ, ਧੰਧੀਵਾਲ, ਰਣੀਕੇ, ਮੂਲੋਵਾਲ ਅਤੇ ਰਾਜੋਮਾਜਰਾ ਆਦਿ ਦੀਆਂ ਫਸਲਾਂ ਪਾਣੀ ਨਾਲ ਬਿਲਕੁਲ ਤਬਾਹ ਹੋ ਗਈਆਂ ਹਨ ਉਨ੍ਹਾਂ ਪਿੰਡਾਂ ਨੂੰ ਵੱਧ ਤੋਂ ਵੱਧ ਸਹਾਇਤਾ ਦਿੱਤੀ ਜਾਵੇ । ਕਰਜ਼ੇ ਲੰਮੇ ਸਮੇਂ ਲਈ ਦਿੱਤੇ ਜਾਣ ਤੇ ਅਣਗਹਿਲੀ ਕਰਨ ਵਾਲੇ ਮਹਿਕਮੇ ਦੀ ਪੜਤਾਲ ਕਰਵਾਈ ਜਾਵੇ । ਸਰਕਾਰ ਬਿਆਨ ਦੇਕੇ ਉਨ੍ਹਾਂ ਪਿੰਡਾਂ ਨੂੰ ਧੀਰਜ ਦਿਵਾਵੇ

ਸ਼੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The Minister concerned may please make a statement.)

ਸਰਦਾਰ ਸੰਤੋਖ ਸਿੰਘ ਰੰਧਾਵਾ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਹੈ ਨੰ: 82 ਇਹ ਐਕਸੈਪਟ ਵੀ ਕੀਤੀ ਹੋਈ ਹੈ ......

ਸ਼੍ਰੀ ਸਪੀਕਰ : ਪਰ ਉਸ ਵੇਲੇ ਤੁਸੀਂ ਹਾਊਸ ਵਿਚ ਹਾਜ਼ਰ ਨਹੀਂ ਸੀ । (But the hon. Member was not present in the House.)

ਸਰਦਾਰ ਸੰਤੋਖ ਸਿੰਘ ਰੰਧਾਵਾ : ਜਨਾਬ, ਮੈਂ ਉਸ ਵੇਲੇ ਕਿਸੇ ਜ਼ਰੂਰੀ ਕੰਮ ਗਿਆ ਹੋਇਆ ਸੀ ।

Mr. Speaker : Call Attention Notice No. 82.

Sardar Santokh Singh Randhawa : I beg to draw the attention of the Government towards an urgent matter of public importance, namely, it has been the policy of the State Government to give concessions to the residents of border areas,within a radius of ten miles, in the matter of remission of land revenue preference in giving tube-wells, electric connection, education, and remission of school fees. But none of these concessions have been given to the residents of Dera Baba Nanak and its contiguous areas. The Government should make a statement in the House in this regard.

ਸ਼੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The Minister concerned may please make a statement.)

(ਇਸ ਵੇਲੇ ਸਰਦਾਰ ਉਮਰਾਓ ਸਿੰਘ ਮੁੱਖ ਮੰਤਰੀ ਦੇ ਨਾਲ ਦੀ ਸੀਟ ਤੇ ਬੈਠੇ ਹੋਏ ਸੀ।)

ਸ੍ਰੀ ਸਪੀਕਰ : ਕੀ ਸਰਦਾਰ ਉਮਰਾਓ ਸਿੰਘ ਜੀ ਡਿਪਟੀ ਚੀਫ ਬਣ ਗਏ ਹਨ ? (ਹਾਸਾ) (Has Sardar Umrao Singh become Deputy Chief Minister ?) (Laughter)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਤੁਸੀਂ ਹੀ ਦੱਸੋ ਕਿ ਉਹ ਡਿਜ਼ਰਵ ਕਰਦੇ ਹਨ ਕਿ ਨਹੀਂ। (ਹਾਸਾ)

ਸ੍ਰੀ ਸਪੀਕਰ : ਮੈਂ ਉਨ੍ਹਾਂ ਦੀ ਜ਼ੋਰਦਾਰ ਸਿਫਾਰਸ਼ ਕਰਦਾ ਹਾਂ।(ਹਾਸਾ)(I strongly recommend his name.) (Laughter)

ਸ੍ਰੀ ਗਿਆਨ ਚੰਦ ਖਰਬੰਦਾ : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਨੰ: 90 ਸੀ।

ਸ੍ਰੀ ਸਪੀਕਰ : ਉਹ ਡਿਸ ਅਲਾਓ ਕਰ ਦਿੱਤੀ ਗਈ ਹੈ। (That has been disallowed.)

(ਕ੍ਰਮ ਨੰ: 95)

ਸਰਦਾਰ ਲਛਮਣ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ ਤਸੀਲ ਫਿਰੋਜ਼ਪੁਰ ਦੇ ਵਿਚੋਂ ਗੋਲੂਵਾਲਾ ਦੇ ਨਾਮ ਦਾ ਇਕ ਸੇਮ ਨਾਲਾ ਹੈ ਜੋ ਗਜਨੀ ਵਾਲਾ ਤੋਂ ਦਰਿਆ ਸਤਲੁਜ ਵਿਚ ਪੈਂਦਾ ਹੈ। ਉਸ ਤੇ ਕੰਮ ਪਿੰਡ ਮਤੜਕੇ ਦੇ ਵਿਚ ਸ਼ੁਰੂ ਕੀਤਾ ਗਿਆ ਹੈ। ਇਸ ਵਕਤ ਕੰਮ ਨਹੀਂ ਹੋ ਰਿਹਾ ਹੈ। ਇਸ ਦੇ ਕੀ ਕਾਰਨ ਹਨ ? ਸਰਕਾਰ ਇਸ ਸਬੰਧੀ ਧਿਆਨ ਦੇਵੇ ।

ਸ੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾ ਕਰਨ। (Admitted. The Minister concerned may please make a statement.)

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਨੰ: 91 ਸੀ।

ਸ੍ਰੀ ਸਪੀਕਰ : ਉਹ ਡਿਸਅਲਾਓ ਕਰ ਦਿਤੀ ਹੈ। (That has been disallowed).

(ਕ੍ਰਮ ਨੰ: 93)

ਕਾਮਰੇਡ ਦਰਸ਼ਨ ਸਿੰਘ ਝਬਾਲ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ,ਅਰਥਾਤ, ਪੰਜਾਬ ਸਰਕਾਰ ਵਲੋਂ ਨਕਾਸੀ ਜ਼ਮੀਨ ਹਰੀਜਨਾਂ ਨੂੰ ਬੋਲੀ ਤੇ ਦਿੱਤੀ ਗਈ ਜਿਸ ਦੇ ਬਾਰੇ ਵਿਚ ਹਾਊਸ ਵਿਚ ਬਾਰ ਬਾਰ ਕਿਹਾ ਗਿਆ ਸੀ ਕਿ ਬੋਲੀ ਤੇ ਜ਼ਮੀਨ ਦੇਣ ਨਾਲ ਕਾਬਜ਼ ਹਰੀਜਨਾਂ ਨੂੰ ਬੇਦਖਲ ਹੋਣਾ ਪਵੇਗਾ। ਵੇਖਣ ਵਿਚ ਆਇਆ ਹੈ ਕਿ ਹਰੀਜਨਾਂ ਦੇ ਨਾਂ ਥੱਲੇ ਗੈਰ-ਹਰੀਜਨਾਂ ਵਿਚ ਜ਼ਮੀਨ ਬੋਲੀ ਤੇ ਦਿੱਤੀ ਗਈ ਹੈ ਇਸ ਦੀ ਪੜਤਾਲ ਕਰਕੇ ਐਕਸ਼ਨ ਲੈਣ ਦੀ ਸਖਤ ਲੋੜ ਹੈ। ਇਸ ਨਜਾਇਜ਼ ਬੋਲੀ ਦੇ ਖਿਲਾਫ ਹਰੀਜਨਾਂ, ਖੇਤ ਮਜ਼ਦੂਰਾਂ ਵਿਚ ਸਖਤ ਬੇਚੈਨੀ ਪੈਦਾ ਹੋ ਰਹੀ ਹੈ। ਸਰਕਾਰ ਆਪਣੀ ਪੁਜੀਸ਼ਨ ਸਪਸ਼ਟ ਕਰੇ।

ਸ੍ਰੀ ਸਪੀਕਰ : ਪ੍ਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The Minister concerned may please make a statement.)

Statment re Call Attention Notice No. 93 and Question there-on

ਰਾਜ ਮੰਤਰੀ, ਮੁਰੱਬਾਬੰਦੀ : **(ਸਰਦਾਰ ਤਾਰਾ ਸਿੰਘ ਲਾਇਲਪੁਰੀ)** : ਸਪੀਕਰ ਸਾਹਿਬ, ਮੈਂ ਝਬਾਲ ਸਾਹਿਬ ਦੀ ਕਾਲ ਅਟੈਨਸ਼ਨ ਮੋਸ਼ਨ ਨੰ: 93 ਦਾ ਜਵਾਬ ਹੁਣੇ ਹੀ ਦੇ ਦਿੰਦਾ ਹਾਂ। ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਉਸ ਜ਼ਮੀਨ ਦੀ ਕੋਈ ਬੇਨਾਮੀ ਬੋਲੀ ਨਹੀਂ ਹੋਈ ਅਤੇ ਹੁਣ ਉਹ ਜ਼ਮੀਨ ਨਹੀਂ ਕੋਈ ਅਗੇ ਵੇਚ ਜਾਂ ਖਰੀਦ ਸਕੇਗਾ। ਕਿਉਂਕਿ ਗੌਰਮਿੰਟ ਨੇ ਇਹ ਪਾਬੰਦੀ ਲਾ ਦਿੱਤੀ ਹੈ ਕਿ ਅਜਿਹੀ ਜ਼ਮੀਨ ਪ੍ਰਾਪਤ ਕਰਨ ਵਾਲਾ ਹਰੀਜਨ 20 ਸਾਲਾਂ ਤਕ ਉਸ ਨੂੰ ਅਗੇ ਵੇਚ ਨਹੀਂ ਸਕੇਗਾ।

ਕਾਮਰੇਡ ਦਰਸ਼ਨ ਸਿੰਘ ਝਬਾਲ : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਬੇ ਨਾਮੀ ਬੋਲੀ ਕੋਈ ਨਹੀਂ ਹੋਈ ਹੈ। ਲੇਕਿਨ ਮੈਂ ਇਸ ਚੀਜ਼ ਦਾ ਸਬੂਤ ਦੇ ਸਕਦਾ ਹਾਂ ਕਿ ਬੇ ਨਾਮੀ ਬੋਲੀਆਂ ਹੋਈਆਂ ਹਨ। ਕੀ ਫੇਰ ਇਹ ਅਜਿਹੇ ਕੇਸਿਜ਼ ਤੇ ਐਕਸ਼ਨ ਲੈਣਗੇ ਅਤੇ ਸਜ਼ਾਵਾਂ ਦੇਣਗੇ ?

ਰਾਜ ਮੰਤਰੀ : ਪਹਿਲੀ ਗੱਲ ਤਾਂ ਇਹ ਹੈ ਕਿ...(ਵਿਘਨ)

ਸ੍ਰੀ ਸਪੀਕਰ : ਇਧਰ ਧਿਆਨ ਕਰਕੇ ਜਵਾਬ ਦਿਉ। (ਸ਼ੋਰ) (ਵਿਘਨ) (Please address the Chair.)

ਰਾਜ ਮੰਤਰੀ : ਇਸ ਚੀਜ਼ ਨੂੰ ਮੈਂ ਚੈਕ ਕੀਤਾ ਹੈ ਅਤੇ ਕੋਈ ਐਸੀ ਗਲ ਨਜ਼ਰ ਨਹੀਂ ਆਈ ਹੈ। ਜੇ ਕੋਈ ਅਜਿਹੀ ਗਲ ਕਿਤੇ ਹੋਈ ਹੈ ਤਾਂ ਉਹ ਮੇਰੇ ਨੋਟਿਸ ਵਿਚ ਲਿਆਂਦੀ ਜਾਵੇ, ਜ਼ਰੂਰ ਐਕਸ਼ਨ ਲਿਆ ਜਾਵੇਗਾ। (ਸ਼ੋਰ) (ਵਿਘਨ)

ਆਵਾਜ਼ : ਲਾਇਲਪੁਰੀ ਨੂੰ ਵਧਾਈ ਦਿੰਦੇ ਹਾਂ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਤਾਰਾ ਸਿੰਘ ਜੀ, ਤੁਹਾਨੂੰ ਬੜੀ ਵਧਾਈ ਪੇਸ਼ ਕੀਤੀ ਜਾ ਰਹੀ ਹੈ, ਇਹ ਕਿਸ ਚੀਜ਼ ਦੀ ਵਧਾਈ ਦੇ ਰਹੇ ਹਨ। (ਵਿਘਨ) (Sardar Tara Singh ji, for what purpose these congratulations are being given to you ?)

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਇਨ੍ਹਾਂ ਦੇ ਦੋ ਮੁੰਡੇ ਜੌੜੇ ਜੰਮੇ ਹਨ, ਇਸ ਗਲ ਦੀ ਵਧਾਈ ਇਨ੍ਹਾਂ ਨੂੰ ਦੇ ਰਹੇ ਹਾਂ। ਹਰੀਜਨ ਹੋਣ ਦੇ ਨਾਤੇ ਇਨ੍ਹਾਂ ਨੂੰ ਵਧਾਈ ਦੇ ਰਹੇ ਹਾਂ। (ਵਿਘਨ) (ਹਾਸਾ)

Mr. Speaker : Call Attention Notice No. 96 by Shri Gurdial Saini.

(Serial No. 96)

Shri Gurdial Saini : I beg to draw the attention of the Government towards an urgent matter of public importance, namely, the Improvement Trust, Jullundur, has given notices to the owners of 800 houses in Gandhi Nagar, Jullundur, that those 800 houses shall be demolished and a Truck Stand shall be built on that land. These houses have been built by the poor Harijans, who are residing there for the last twenty years. It is a great harassment for the poor people and, therefore, it is a fit case to be discussed, on the floor of the House, through this Call Attention Motion.

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement in this respect).

ਸ਼੍ਰੀ ਮਨਮੋਹਨ ਕਾਲੀਆ : ਪੁਆਇੰਟ ਆਫ ਆਰਡਰ ਸਰ, ਸਪੀਕਰ ਸਾਹਿਬ, ਮੈਨੂੰ ਬੜੀ ਖੁਸ਼ੀ ਹੈ ਇਹ ਜਿਹੜੀ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਕੀਤੀ ਹੈ (ਵਿਘਨ)

ਸ਼੍ਰੀ ਸਪੀਕਰ : ਇਹ ਕੀ ਧੰਨਵਾਦ ਦਾ ਪੁਆਇੰਟ ਆਫ ਆਰਡਰ ਹੈ। (Is it also point of order to offer thanks?)

ਸ਼੍ਰੀ ਮਨਮੋਹਨ ਕਾਲੀਆ : ਮੇਰੀ ਜਿਹੜੀ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਨਹੀਂ ਕੀਤੀ, ਉਸ ਬਾਰੇ ਜਨਾਬ ਨੇ ਲਿਖਿਆ ਹੋਇਆ ਹੈ ਕਿ "ਐਕਸ਼ਨ ਇਜ਼ ਅਕਾਰਡਿੰਗ ਟੂ ਲਾਅ"। ਮੇਰੀ ਇਹ ਬੇਨਤੀ ਹੈ ਕਿ ਇਹ ਦਸਿਆ ਜਾਵੇ ਕਿ ਇਸ ਵਿਚ ਕਿਹੜਾ ਲੀਗਲ ਪੁਆਇੰਟ ਹੈ ਜਿਸ ਕਰਕੇ ਕਿ ਇਹ (ਵਿਘਨ) ਐਡਮਿਟ ਨਹੀਂ ਹੋ ਸਕੀ ? (ਵਿਘਨ)

ਸ਼੍ਰੀ ਸਪੀਕਰ : ਕਾਲੀਆ ਜੀ ਤੁਸੀਂ ਤਸਰੀਫ ਰੱਖੋ। ਕਾਲ ਅਟੈਨਸ਼ਨ ਮੋਸ਼ਨ ਨੰ: 97 ਬਾਈ ਚੌਧਰੀ ਕੇਵਲ ਕ੍ਰਿਸ਼ਨ। (I would request the hon. Member Mr. Kalia to please resume his seat. Call Attention Motion No. 97 by Chaudhri Kewal Krishan.)

क्रम सं. 97

चौधरी केवल कृष्ण : मैं सरकार का ध्यान लोक महत्ता के ज़रूरी मामले की ओर दिलाता हूं। अर्थात पंजाब राज्य में स्कूलों का विस्तार अवश्य हुआ है। परंतु 75% स्कूलों की इमारतें अधूरी हैं। हज़ारों विद्यार्थियों को धूप और वर्षा से बचाव के लिये कोई जगह नहीं मिलती। जिस कारण स्कूलों में छुट्टी कर दी जाती है। देश का धन बच्चे अपनी शिक्षा को पूरा करने में असमर्थ रहते हैं। सरकार को सारे काम छोड़ कर भी हज़ारों बच्चों के भविष्य को मद्दे नजर रखते हुए स्कूलों की इमारतों को तुरंत बनाना चाहिए। सरकार इस सम्बन्ध में सदन में ब्यान देकर अपनी नीति स्पष्ट करे।

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted, The hon. Minister concerned may please make a statement in this respect.)

ਸ਼੍ਰੀ ਗਿਆਨ ਚੰਦ ਖਰਬੰਦਾ : ਸਪੀਕਰ ਸਾਹਿਬ, ਕਲ ਮੇਰੀ ਕਾਲ ਅਟੈਨਸ਼ਨ ਮੋਸ਼ਨ ਇਸੇ ਮਜ਼ਮੂਨ ਤੇ ਡਿਸਅਲਾਓ ਹੋਈ ਹੈ (ਵਿਘਨ)

ਸ਼੍ਰੀ ਸਪੀਕਰ : ਖਰਬੰਦਾ ਸਾਹਿਬ ਕਲ ਤੁਹਾਡੀ ਵਾਰੀ ਆਊਟ ਆਫ਼ ਕੋਟਾ ਸੀ। (Kharbanda Sahib, it was beyond the quota for yesterday.)

ਸ਼੍ਰੀ ਗਿਆਨ ਚੰਦ ਖਰਬੰਦਾ : ਜਿਹੜਾ ਮੈਨੂੰ ਜਵਾਬ ਆਇਆ ਹੈ ਉਸ ਵਿਚ ਤਾਂ (ਵਿਘਨ) ਇਸ ਦਾ ਜ਼ਿਕਰ ਨਹੀਂ ਹੈ ਕਿ ਇਹ ਆਊਟ ਆਫ਼ ਕੋਟਾ ਹੈ। (ਵਿਘਨ)

ਸ਼੍ਰੀ ਬਲਰਾਮ ਦਾਸ ਟੰਡਨ : ਤੁਸੀਂ ਆਪਣੇ ਸੈਕਰੇਟੇਰੀਏਟ ਵਿਚ ਦੇਖੋ ਕਿ ਕਿਹੜੀਆਂ ਅਲਾਓ ਹੋ ਰਹੀਆਂ ਹਨ ਅਤੇ ਕਿਹੜੀਆਂ ਡਿਸਅਲਾਓ ਹੋ ਰਹੀਆਂ ਹਨ। ਕਿਤੇ ਐਂਵੇਂ ਤਾਂ ਨਹੀਂ

look into the matter. Call

ਸ਼੍ਰੀ ਸਪੀਕਰ : ਅਟਵਾਲ ਜੀ, ਮੈਂ ਪਹਿਲਾਂ ਬਾਬੂ ਸਿੰਘ ਜੀ ਨੂੰ ਕਾਲ ਅਪੌਨ ਕਰ ਚੁਕਿਆ ਹਾਂ । (Atwal Jee, Comrade Babu Singh ji has already been called upon to speak.)

ਕਾਮਰੇਡ ਬਾਬੂ ਸਿੰਘ ਮਾਸਟਰ (ਫੂਲ) : ਸਪੀਕਰ ਸਾਹਿਬ, ਇਹ ਬਹੁਤ ਅਹਿਮ ਸੈਸ਼ਨ ਹੈ, ਜਿਸ ਦੇ ਵਿਚ ਸਾਰੇ ਪੰਜਾਬ ਦੀ ਹਾਲਤ ਨੂੰ ਇਸ ਦੇ ਵਿਚ ਵਿਚਾਰਿਆ ਜਾਂਦਾ ਹੈ । ਕਿਸਾਨਾਂ ਅਤੇ ਗਰੀਬਾਂ, ਮਜ਼ਦੂਰਾਂ ਦੀ ਭਲਾਈ ਲਈ ਸੋਚਿਆ ਜਾਂਦਾ ਹੈ । ਇਹ ਸਭ ਕੁਝ ਸਾਡਾ ਬੱਜਟ ਹੀ ਦੱਸ ਸਕਦਾ ਹੈ । ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਇਕ ਪਾਸੇ ਤਾਂ ਅਕਾਲੀ ਪਾਰਟੀ ਦੀ ਸਰਕਾਰ ਡੈਮੋਕਰੇਸੀ ਦਾ ਨਾਹਰਾ ਦਿੰਦੀ ਹੈ ਅਤੇ ਇਸ ਤਰ੍ਹਾਂ ਦੇ ਢੌਂਗ ਰਚਾਉਂਦੀ ਹੈ ਪਰ ਦੂਜੇ ਪਾਸੇ ਮੈਂ ਕਹਿੰਦਾ ਹਾਂ ਕਿ ਸਾਡੀ ਹਿਸਟਰੀ ਦੇ ਵਿਚ ਇਹ ਪਹਿਲਾ ਸਾਲ ਹੀ ਹੋਵੇਗਾ ਕਿ ਜਿਸ ਦਾ ਆਟਮ ਸੈਸ਼ਨ ਬੰਦ ਕੀਤਾ ਗਿਆ ਹੋਵੇ । ਕਦੇ ਵੀ ਆਟਮ ਸੈਸ਼ਨ ਬੰਦ ਨਹੀਂ ਸੀ ਹੋਇਆ, ਜ਼ਰੂਰ ਬੁਲਾਇਆ ਜਾਂਦਾ ਸੀ ਔਰ ਸਪਲੀਮੈਂਟਰੀ ਡੀਮਾਂਡਜ਼ ਪਾਸ ਕੀਤੀਆਂ ਜਾਂਦੀਆਂ ਹਨ । ਪਰ ਇਹ ਪਹਿਲਾ ਸੈਸ਼ਨ ਹੈ ਜਦ ਕਿ ਆਟਮ ਸੈਸ਼ਨ ਖਤਮ ਕੀਤਾ ਗਿਆ ਹੈ । (ਵਿਘਨ)

ਸ਼੍ਰੀ ਸਪੀਕਰ : ਤੁਸੀਂ ਐਪ੍ਰੋਪਰੀਏਸ਼ਨ ਬਿੱਲ ਤੇ ਬੋਲੋ । (The hon. Member may confine himself to the Appropriation Bill.)

ਕਾਮਰੇਡ ਬਾਬੂ ਸਿੰਘ ਮਾਸਟਰ : ਇਹ ਠੀਕ ਨਹੀਂ ਹੈ ਕਿ ਇਸ ਨੂੰ ਪਾਸ ਕਰਾ ਕੇ ਔਰ ਉਸ ਦੇ ਬਾਅਦ ਸੈਸ਼ਨ ਉਠਾ ਦਿਤਾ, ਇਹ ਕੋਈ ਅੱਛੀ ਗੱਲ ਨਹੀਂ ਹੈ । ਪਾਰਲੀਮੈਂਟ ਦਾ ਇਜਲਾਸ 6-7 ਮਹੀਨੇ ਚਲਦਾ ਹੈ । ਸੋ ਤੁਸੀਂ ਇਥੇ ਵੱਧ ਤੋਂ ਵੱਧ ਸਕੀਮਾਂ ਲਿਆਓ ਉਨ੍ਹਾਂ ਨੂੰ ਪਾਸ ਕਰਾਓ ਅਤੇ ਫਿਰ ਸਰਕਾਰ ਉਨ੍ਹਾਂ ਨੂੰ ਇੰਪਲੀਮੈਂਟ ਕਰੇ, ਫਿਰ ਤਾਂ ਠੀਕ ਹੈ । (ਵਿਘਨ) ਸਪੀਕਰ ਸਾਹਿਬ, ਐਫ. ਐਮ. ਸਾਹਿਬ ਬੜੇ ਸਿਆਣੇ ਹਨ ਅਤੇ ਉਹ ਬੜੇ ਪਰੋਗਰੈਸਿਵ ਖਿਆਲਾਂ ਦੇ ਕਹਿਲਾਉਂਦੇ ਹਨ, ਮੈਂ ਉਨ੍ਹਾਂ ਦੀ ਦਾਦ ਦਿੰਦਾ ਜੇ ਕਿਤੇ ਅਲਾਊਂਸਿਜ਼ ਆਫ ਇੰਡੀਅਨ ਰੂਲਰਜ਼ ਨੂੰ ਖਤਮ ਕਰ ਦਿੰਦੇ ਤਾਂ ਬਹੁਤ ਸਾਰੀ ਸੇਵਿੰਗ ਹੋ ਸਕਦੀ ਸੀ । ਇਸ ਦੇ ਵਿਚ ਰੂਲਰਜ਼ ਅਤੇ ਉਨ੍ਹਾਂ ਦੇ ਸਬੰਧੀਆਂ ਨੂੰ ਅਲਾਊਂਸਿਜ਼ ਦੇਣ ਵਾਸਤੇ 1,63,200 ਰੁਪਏ ਰੱਖੇ ਗਏ ਹਨ । ਅਸੈਂਬਲੀ ਉਸ ਨੂੰ ਖਤਮ ਵੀ ਕਰ ਸਕਦੀ ਹੈ । ਇਕ ਗੱਲ ਆਉਂਦੀ ਹੈ ਕਿ ਸੈਂਟਰ ਵਾਲਿਆਂ ਨੇ ਪਾਸ ਕੀਤਾ ਸੀ ਇਸ ਦੇ ਵਿਚ ਸੁਪਰੀਮ ਕੋਰਟ ਦਾ ਫੈਸਲਾ ਜਾਂ ਕੋਈ ਹੋਰ ਅੜਿਕਾ ਨਹੀਂ ਪਾਇਆ ਜਾਣਾ ਚਾਹੀਦਾ । ਇਸ ਦੇ ਵਿਚ ਸੇਵਿੰਗ ਹੋ ਸਕਦੀ ਹੈ । ਪਰ ਇਸ ਪਾਸੇ ਧਿਆਨ ਨਹੀਂ ਦਿਤਾ ਗਿਆ । (ਵਿਘਨ) ਇਹ ਗੁਰੂ ਨਾਨਕ ਦੇਵ ਜੀ ਦੇ ਨਾਮ ਨੂੰ ਘੜੀਸਦੇ ਹਨ ਉਨ੍ਹਾਂ ਦੇ ਅਸੂਲਾਂ ਤੇ ਅਮਲ ਨਹੀਂ ਕਰਦੇ । ਗੁਰੂ ਜੀ ਨੇ ਕਿਹਾ ਸੀ :

"ਰਾਜੇ ਸ਼ੀਂਹ ਮੁਕੱਦਮ ਕੁੱਤੇ" ।

ਉਨ੍ਹਾਂ ਨੇ ਰਾਜਿਆਂ ਨੂੰ ਇਸ ਤਰ੍ਹਾਂ ਪੁਕਾਰਿਆ ਸੀ । ਪਰ ਅੱਜ ਵੱਡੇ ਵੱਡੇ ਬਿਸਵੇਦਾਰਾਂ ਨੂੰ ਅਤੇ ਵੱਡੇ ਵੱਡੇ ਆਦਮੀਆਂ ਨੂੰ ਇਹ ਸਰਕਾਰ ਪਾਲਦੀ ਹੈ । ਮੈਨੂੰ ਇਨ੍ਹਾਂ ਦੀ ਨੀਤੀ ਦੀ ਸਮਝ ਨਹੀਂ ਆਉਂਦੀ । ਇਹ ਗੁਰੂਆਂ ਦੀ ਨੀਤੀ ਤੇ ਨਹੀਂ ਚੱਲਦੇ ।

ਸਿਰਦਾਰ ਕਪੂਰ ਸਿੰਘ : ਸਪੀਕਰ ਸਾਹਿਬ, ਗੁਰੂ ਮਹਾਰਾਜ ਨੇ ਸਾਰੇ ਰਾਜਿਆਂ ਬਾਰੇ ਇਸ ਤਰ੍ਹਾਂ ਨਹੀਂ ਸੀ ਕਿਹਾ,ਉਨ੍ਹਾਂ ਨੇ ਤਾਂ ਆਪਣੇ ਸਮੇਂ ਦੇ ਜ਼ਾਲਮ ਰਾਜਿਆਂ ਨੂੰ ਇਸ ਤਰ੍ਹਾਂ ਕਿਹਾ ਸੀ ਜਿਸ ਤਰ੍ਹਾਂ ਇਹ ਗੱਲ ਕਹਿ ਰਹੇ ਹਨ, ਇਹ ਠੀਕ ਨਹੀਂ ।

ਸ਼੍ਰੀ ਸਪੀਕਰ : ਇਨ੍ਹਾਂ ਨੂੰ ਪੁੱਛਕੇ ਦੇਖੋ ਕੀ ਇਹ ਵੀ ਉਨ੍ਹਾਂ ਤੇ ਅਮਲ ਕਰਦੇ ਹਨ। (Ask the hon. Member Com. Babu Singh Master, if he himself follows the teachings of Guru Nanak.)

ਕਾਮਰੇਡ ਬਾਬੂ ਸਿੰਘ ਮਾਸਟਰ : ਵਿੱਤ ਮੰਤਰੀ ਸਾਹਿਬ ਨੇ ਕਿਹਾ ਕਿ ਅਸੀਂ ਗਰੀਬਾਂ ਤੇ ਭਾਰ ਨਹੀਂ ਪਾਉਣਾ ਅਸੀਂ ਸਿੱਧੇ ਟੈਕਸ ਲਾਵਾਂਗੇ । ਪਰ ਜੇ ਇਸ ਚੀਜ਼ ਨੂੰ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ 2 ਆਨੇ ਸਿੱਧੇ ਟੈਕਸ ਅਤੇ 14 ਆਨੇ ਇਨਡਾਇਰੈਕਟ ਟੈਕਸ ਹਨ । ਫਿਰ ਉਸ ਦੇ ਇਲਾਵਾ ਜੇ ਜੀ ਪ੍ਰਤੀ ਡਾਇਰੈਕਟ ਟੈਕਸ ਲਈਏ ਤਾਂ ਉਹ 8 ਰੁਪਏ 32 ਨਵੇਂ ਪੈਸੇ ਬਣਦਾ ਹੈ ਅਤੇ ਇਨਡਾਇ-ਰੈਕਟਲੀ 57 ਰੁਪਏ 23 ਨਵੇਂ ਪੈਸੇ ਹੈ । ਜੇ ਸਮੁੱਚੇ ਤੌਰ ਤੇ ਪਰਸੈਂਟੇਜ ਲਈਏ ਤਾਂ ਟੋਟਲ 78% ਹੈ ਮੈਂ ਸੇਲਜ਼ ਟੈਕਸ ਅਤੇ ਐਕਸਾਈਜ਼ ਟੈਕਸ ਦੇ ਬਾਰੇ ....(ਵਿਘਨ)

ਸਰਦਾਰ ਬੇਅੰਤ ਸਿੰਘ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਕਾਮਰੇਡ ਬਾਬੂ ਸਿੰਘ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਸ ਚੀਜ਼ ਤੇ ਬੋਲ ਰਹੇ ਹਨ । ਬਹਿਸ ਤਾਂ ਐਪ੍ਰੋਪਰੀਏਸ਼ਨ ਬਿੱਲ ਤੇ ਹੈ ।

ਕਾਮਰੇਡ ਬਾਬੂ ਸਿੰਘ ਮਾਸਟਰ : ਮੈਂ ਇਸੇ ਤੇ ਹੀ ਬੋਲ ਰਿਹਾ ਹਾਂ । ਸੇਲਜ਼ ਟੈਕਸ ਦਾ 21% ਬਣਦਾ ਹੈ ਜਿਸ ਦੇ ਵਿਚ 33 ਕਰੋੜ ਕੁਝ ਹੋਰ ਇਨ੍ਹਾਂ ਨੇ ਲੈਣਾ ਹੈ । ਐਕਸਾਈਜ਼ ਦਾ 23% ਦਾ ਬਣਦਾ ਹੈ ਔਰ 21 ਕਰੋੜ 26 ਲੱਖ ਇਨ੍ਹਾਂ ਨੇ ਹੋਰ ਲੈਣਾ ਹੈ । (ਵਿਘਨ)

ਸਪੀਕਰ ਸਾਹਿਬ, ਹਰੀਜਨਾਂ ਦੀ ਬਾਬਤ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਜਿਸ ਜਿਸ ਜਗ੍ਹਾ ਤੇ ਪੰਚਾਇਤਾਂ ਵਿਚ ਇਨ੍ਹਾਂ ਦੇ ਅਕਾਲੀ ਭਾਈ ਹਨ ਉਥੇ ਹਰੀਜਨਾਂ ਦਾ ਬਾਈਕਾਟ ਹੋ ਰਿਹਾ ਹੈ । ਮੈ ਹਰੀਜਨਾਂ ਦੀ ਮੰਦੀ ਹਾਲਤ ਦੇਖੀ ਹੈ । ਮੈਂ ਸਰਕਾਰ ਪਾਸੋਂ ਆਸ ਕਰਾਂਗਾ ਉਹ ਇਸ ਬਾਈਕਾਟ ਨੂੰ ਔਫੈਂਸ ਕਰਾਰ ਦੇਣ ਅਤੇ ਜੋ ਉਨ੍ਹਾਂ ਤੇ ਜ਼ੁਲਮ ਕਰਦੇ ਹਨ ਉਨ੍ਹਾਂ ਨੂੰ ਸਜ਼ਾ ਦਿਤੀ ਜਾਵੇ । ਤਾਂ ਹੀ ਸਾਡੇ ਹਰੀਜਨਾਂ ਦਾ ਭਲਾ ਹੋ ਸਕਦਾ ਹੈ ।

ਇਸ ਤੋਂ ਅੱਗੇ ਮੈਂ ਨਿਕਾਸੀ ਜ਼ਮੀਨ ਦੇ ਮੁਤੱਲਕ ਦੱਸਦਾ ਹਾਂ । ਮੇਰੇ ਨਾਲ ਬਾਦਲ ਸਾਹਿਬ ਸਹਿਮਤ ਹੋਣਗੇ, ਤੁਸੀਂ ਪੜਤਾਲ ਕਰਕੇ ਦੇਖ ਲਵੋਂ ਹਰੀਜਨ ਗਰੀਬ ਜਿਹੜੇ ਜ਼ਮੀਨ ਦੇ ਵਾਹਕ ਹਨ, ਉਨ੍ਹਾਂ ਨੂੰ ਜ਼ਮੀਨ ਨਹੀਂ ਮਿਲਦੀ । ਕਿਤੇ ਡੀ. ਐਸ. ਪੀ. ਦਾ ਫਾਰਮ ਹੈ, ਕਿਤੇ ਐਸ. ਪੀ. ਅਤੇ ਕਿਤੇ ਐਸ. ਡੀ. ਓ. ਦੇ ਫਾਰਮ ਹਨ । ਨਿਕਾਸੀ ਜ਼ਮੀਨ ਵੱਡੇ ਵੱਡੇ ਅਫਸਰਾਂ ਕੋਲ ਹੈ । ਸ਼ਾਮਲਾਟਾਂ ਦੀ ਜ਼ਮੀਨ 1/3 ਹਿੱਸਾ ਹੁੰਦੀ ਹੈ। ਕਾਨੂੰਨ ਪਾਸ ਹੋ ਗਿਆ ਕਿ 1/3 ਹਿੱਸੇ ਨੂੰ ਗਰੀਬ ਹਰੀਜਨਾਂ ਨੂੰ ਦਿਤਾ ਜਾਵੇਗਾ ਲੇਕਿਨ ਉਸ ਤੇ ਅਮਲ ਕੋਈ ਨਹੀਂ ਹੋਇਆ ਔਰ ਉਨ੍ਹਾਂ ਨੂੰ ਜ਼ਮੀਨ ਨਹੀਂ ਮਿਲਦੀ । ਇਸ ਤੇ ਸਰਕਾਰ ਨੂੰ ਸਖਤੀ ਨਾਲ ਕਾਰਵਾਈ ਕਰਨੀ ਚਾਹੀਦੀ ਹੈ । ਜੋ ਹਰੀਜਨਾਂ ਦੀ ਭਲਾਈ ਵਾਸਤੇ ਫੈਸਲਾ ਕਰਦੇ ਹੋ ਉਸ ਤੇ ਅਮਲ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਜ਼ਮੀਨ ਆਦਿ ਮਿਲਣੀ ਚਾਹੀਦੀ ਹੈ ।

ਸਪੀਕਰ ਸਾਹਿਬ, ਮੈਂ ਬਠਿੰਡੇ ਦੀ ਤੁਹਾਨੂੰ ਗੱਲ ਦੱਸਦਾ ਹਾਂ । ਉਥੇ ਇਕ ਬਾਘਾ ਪਿੰਡ ਹੈ । ਉਥੋਂ ਦੀ ਇਕ ਹਰੀਜਨ ਔਰਤ ਨੂੰ ਉਧਾਲਿਆ ਗਿਆ ਅਤੇ ਨਾਲ ਹੀ ਉਸ ਦੇ 8-10 ਸਾਲ ਦੀ ਦਿਉਰ ਜਾਂ ਜੇਠ ਦੀ ਲੜਕੀ ਵੀ ਸੀ । ਇਸ ਦੇ ਬਾਰੇ ਰਿਪੋਰਟ ਵੀ ਲਿਖਾਈ ਗਈ । ਡਾਕਟਰ ਭਗਤ ਸਿੰਘ ਹੋਰਾਂ ਨੂੰ ਕਿਹਾ ਗਿਆ । ਪਰ ਐਸ. ਪੀ. ਬਠਿੰਡਾ ਨੇ ਇਸ ਕੇਸ ਨੂੰ ਟਾਲਿਆ ਅਤੇ

[ਕਾਮਰੇਡ ਬਾਬੂ ਸਿੰਘ ਮਾਸਟਰ]

ਸਾਰੀ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰ ਦਿਤਾ.ਹੈ ਜਿਸ ਦੇ ਨਾਲ ਸੂਬੇ ਨੂੰ ਕਾਫੀ ਆਮਦਨੀ ਹੋ ਗਈ ਹੈ ।.ਇਸੇ ਤਰ੍ਹਾਂ ਸਪੀਕਰ ਸਾਹਿਬ, ਸਾਨੂੰ ਸਟੇਟ ਟਰੇਡਿੰਗ ਵਲ ਧਿਆਨ ਦੇਣਾ ਚਾਹੀਦਾ ਸੀ ਪਰ ਪਤਾ ਨਹੀਂ ਸਾਡੀ ਸਰਕਾਰ ਇਸ ਗੱਲ ਨੂੰ ਕਿਉਂ ਨਹੀਂ ਸੋਚਦੀ । (ਘੰਟੀ)

ਬਸ ਜੀ, ਸਪੀਕਰ ਸਾਹਿਬ, ਮੈਂ ਦੋ ਮਿੰਟ ਵਿਚ ਹੀ ਵਾਈਂਡ ਅੱਪ ਕਰ ਦਿੰਦਾ ਹਾਂ । ਕਲ ਵੀ ਸਪੀਕਰ ਸਾਹਿਬ, ਮੈਂ ਸਿਟ ਸਟੈਂਡ ਹੀ ਕਰਦਾ ਰਿਹਾ, ਮੈਨੂੰ ਟਾਈਮ ਨਹੀਂ ਦਿਤਾ ਗਿਆ । (ਵਿਘਨ)

ਫਿਰ ਸਪੀਕਰ ਸਾਹਿਬ, ਮੈਂ ਕੁਝ ਕੁ ਗੱਲਾਂ ਐਗਰੀਕਲਚਰ ਦੇ ਮੁਤੱਲਕ ਕਹਿਣਾ ਚਾਹੁੰਦਾ ਹਾਂ। ਐਗਰੀਕਲਚਰ ਦੇ ਬਾਰੇ ਸਪੀਕਰ ਸਾਹਿਬ, ਮੈਨੂੰ ਕੋਈ ਖ਼ਤਰਾ ਜਾਪਦਾ ਹੈ । ਇਹ ਠੀਕ ਹੈ ਕਿ ਕਣਕ ਹੁਣ ਕਾਫੀ ਪੈਦਾ ਹੋ ਰਹੀ ਹੈ ਪਰ ਦਾਲਾਂ ਦੀ ਪੈਦਾਵਾਰ ਵਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ ਹੈ ਔਰ ਮੈਨੂੰ ਸ਼ਕ ਹੈ ਕਿ ਆਉਣ ਵਾਲੇ ਸਾਲਾਂ ਵਿਚ ਦਾਲਾਂ ਦਾ ਕਾਲ ਪੈ ਜਾਣਾ ਹੈ ਔਰ ਦਾਲਾਂ ਬੜੀਆ ਮਹਿੰਗੀਆਂ ਹੋ ਜਾਣੀਆਂ ਹਨ । ਇਸ ਕਰਕੇ ਇਸ ਵਲ ਵੀ ਸਰਕਾਰ ਨੂੰ ਕੋਈ ਧਿਆਨ ਦੇਣਾ ਚਾਹੀਦਾ ਹੈ ਔਰ ਕੋਈ ਇਸ ਕਿਸਮ ਦੇ ਬੀਜ ਮੁਹਈਆ ਕਰਨੇ ਚਾਹੀਦੇ ਹਨ ਜਿਸ ਦੇ ਨਾਲ ਇਨ੍ਹਾਂ ਦੀ ਪੈਦਾਵਾਰ ਵਿਚ ਵਾਧਾ ਹੋਵੇ ।

ਇਸ ਤੋਂ ਇਲਾਵਾ ਸਪੀਕਰ ਸਾਹਿਬ ਗੰਨੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ । ਗੰਨੇ ਬਾਰੇ ਸਰਦਾਰ ਪਰਤਾਪ ਸਿੰਘ ਜੀ ਨੇ ਕਿਹਾ ਸੀ ਕਿ ਗੰਨੇ ਦੀ ਕਾਸ਼ਤ ਲਈ ਪੰਜਾਬ ਦੇ ਕਿਸਾਨ ਨੂੰ ਗੰਨੇ ਦੇ ਕੋਈ ਵਧੀਆ ਸੀਡ ਲਿਆ ਕੇ ਦੇਵਾਂਗੇ । ਮੈਂ ਬਾਦਲ ਸਾਹਿਬ ਨੂੰ ਅਰਜ਼ ਕਰਾਂਗਾ ਕਿ ਗੰਨੇ ਦੀ ਉਪਜ ਨੂੰ ਵੀ ਵਧਾਉਣ ਦੀ ਕੋਸ਼ਿਸ਼ ਕਰਨ ਅਤੇ ਉਸ ਦੇ ਵਾਸਤੇ ਕੋਈ ਵਧੀਆ ਸੀਡ ਵਗੈਰਾ ਮੁਹੱਈਆ ਕਰਨ । (ਘੰਟੀ)

ਇਸ ਤੋਂ ਇਲਾਵਾ ਸਪੀਕਰ ਸਾਹਿਬ, ਮੱਕੀ ਦੀ ਜੋ ਹਾਲਤ ਹੈ, ਬਾਜਰੇ ਦੀ ਜੋ ਹਾਲਤ ਹੈ ਉਸ ਵਲ ਵੀ ਉਚੇਚੇ ਤੌਰ ਤੇ ਸਰਕਾਰ ਨੂੰ ਸੋਚਣ ਦੀ ਲੋੜ ਹੈ ।

ਇੰਡਸਟਰੀਜ਼ ਵਾਸਤੇ ਸਪੀਕਰ ਸਾਹਿਬ, ਇਹ ਆਪ ਮੰਨੇ ਹਨ ਕਿ ਸਾਡਾ ਧਿਆਨ ਘੱਟ ਗਿਆ ਹੈ। ਉਸ ਵਲ ਵੀ ਉਚੇਚਾ ਧਿਆਨ ਦੇਣ। ਮੈਂ ਸਮਝਦਾ ਹਾਂ ਕਿ ਜੇ ਕਿਸਾਨ ਨੂੰ, ਮਜ਼ਦੂਰ ਨੂੰ ਅਸੀਂ ਉਚਾ ਚੁਕਣਾ ਚਾਹੁੰਦੇ ਹਾਂ ਤਾਂ ਉਨ੍ਹਾਂ ਦੀ ਭਲਾਈ ਵਲ ਸੋਚੀਏ । ਜੇ ਇਹ ਸਰਕਾਰ ਸਹੀ ਮਾਨਿਆਂ ਵਿਚ ਸਿੱਖੀ ਅਸੂਲਾਂ ਤੇ ਆਪਣੇ ਆਪ ਨੂੰ ਚਲਾਉਣ ਦਾ ਦਾਵਾ ਕਰਦੀ ਹੈ ਤਾਂ ਉਨ੍ਹਾਂ ਨੂੰ ਸਿੱਖਾਂ ਦੇ ਅਸੂਲਾਂ ਤੇ ਗੁਰੂ ਨਾਨਕ ਦੇ ਅਸੂਲਾਂ ਤੇ ਚਲਣਾ ਚਾਹੀਦਾ ਹੈ ਔਰ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਿਆਂ ਵਾਸਤੇ ਸੋਚਣਾ ਚਾਹੀਦਾ ਹੈ ਔਰ ਉਨ੍ਹਾਂ ਦਾ ਭਲਾ ਕਰਨਾ ਚਾਹੀਦਾ ਹੈ ਔਰ ਜਿਹੜੇ ਵਡੇ ਵਡੇ ਅਮੀਰ ਆਦਮੀ ਹਨ ਜੋ ਮਲਕ ਭਾਗੋਆਂ ਦੇ ਰੂਪ ਵਿਚ ਗਰੀਬਾਂ ਦਾ ਲਹੂ ਚੂਸ ਰਹੇ ਹਨ ਉਨ੍ਹਾਂ ਨੂੰ ਖ਼ਤਮ ਕਰਨਾ ਚਾਹੀਦਾ ਹੈ । (ਘੰਟੀ)

ਅੰਤ ਵਿਚ ਸਪੀਕਰ ਸਾਹਿਬ, ਮੈਂ ਇਕ ਅਰਜ਼ ਇਹ ਵੀ ਇਸ ਸਰਕਾਰ ਨੂੰ ਕਰਾਂਗਾ ਕਿ ਇਹ ਜਿਹੜੀ ਐਡਮਿਨਿਸਟਰੇਸ਼ਨ ਵਿਚ ਇਨਟਰਫੀਰੈਂਸ ਹੈ ਇਸ ਨੂੰ ਵੀ ਰੋਕਣਾ ਚਾਹੀਦਾ ਹੈ । ਸਪੀਕਰ ਸਾਹਿਬ, ਬਦਲੀਆਂ ਵਿਚ ਇਨਟਰਫੀਰੈਂਸ ਬਹੁਤ ਹੋ ਰਹੀ ਹੈ, ਇਕ ਜਥੇਦਾਰ ਜਾਂਦਾ ਹੈ ਕਿਸੇ ਦੀ ਬਦਲੀ ਕਰਵਾ ਲਿਆਂਦਾ ਹੈ, ਦੂਜਾ ਜਾਂਦਾ ਹੈ ਉਹ ਕਿਸੇ ਹੋਰ ਦੀ ਕਰਵਾ ਲਿਆਂਦਾ ਹੈ । ਹਾਲਤ ਇਹ ਹੈ ਕਿ ਇਕ ਜੇ. ਬੀ. ਟੀ. ਦੀ ਥਾਂ ਤੇ ਬੀ. ਏ., ਬੀ. ਐਡ. ਦੀ ਬਦਲੀ ਕਰਵਾ ਲਈ ਜਾਂਦੀ ਹੈ ਔਰ

ਬੀ.ਏ., ਬੀ.ਐਡ. ਦੀ ਥਾਂ ਤੇ ਜੇ. ਬੀ. ਟੀ. ਦੀ ਕਰਵਾ ਲਈ ਜਾਂਦੀ ਹੈ। ਸੋ ਇਹ ਜਿਹੜੀ ਇਨਟਰ-ਫ਼ੀਰੈਂਸ ਹੈ ਉਹ ਘਟਾਉਣੀ ਚਾਹੀਦੀ ਹੈ । (ਵਿਘਨ) ਫਿਰ ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਇਹ ਅਰਜ਼ ਕਰਾਂਗਾ ਕਿ ਅੱਜ ਇਕ ਸਿਪਾਹੀ ਮਾਰਿਆ ਹੈ ਇਸੇ ਤਰ੍ਹਾਂ ਹੋਰ ਵੀ ਕੋਈ 15-16 ਆਦਮੀ ਮਰੇ ਹਨ । ਸੋ ਮੇਰੀ ਬੇਨਤੀ ਹੈ ਕਿ ਇਨ੍ਹਾਂ ਚੀਜ਼ਾਂ ਦਾ ਹੱਲ ਲਭਣਾ ਚਾਹੀਦਾ ਔਰ ਪਾਰਟੀ ਪਾਲਿਟਿਕਸ ਤੋਂ ਉਪਰ ਉਠ ਕੇ ਇਸ ਦਾ ਕੋਈ ਹਲ ਕਰਨਾ ਚਾਹੀਦਾ ਹੈ ਔਰ ਐਕਸ਼ਨ ਲੈਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ।

ਸਰਦਾਰ ਸੁਰਜੀਤ ਸਿੰਘ ਅਟਵਾਲ (ਫਿਲੌਰ) : ਸਪੀਕਰ ਸਾਹਿਬ, ਇਹ ਜੋ ਐਪਰੋਪ੍ਰੀਏਸ਼ਨ ਬਿਲ ਫਾਰ ਦੀ ਈਅਰ 1971 ਆਇਆ ਹੈ ....

ਸ਼੍ਰੀ ਬਾਮ ਦੇਵ ਐਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਤੇ ਇਥੇ ਕਿਸੇ ਮੈਂਬਰ ਨੇ ਇਲਜ਼ਾਮ ਲਗਾਇਆ ਸੀ ਕਿ ਅਸੀਂ ਅਕਾਲੀ ਕੈਂਡੀਡੇਟ ਦੀ ਮਦਦ ਕੀਤੀ ਹੈ, ਇਹ ਬਿਲਕੁਲ ਗਲਤ ਗੱਲ ਹੈ। ਜਿਸ ਜੈਨਰਲ ਸੈਕਟਰੀ ਨੇ ਮਦਦ ਕੀਤੀ ਸੀ ਉਸ ਨੂੰ ਪਾਰਟੀ ਵਿਚੋਂ ਸਸਪੈਂਡ ਕਰ ਦਿਤਾ ਗਿਆ ਹੈ । (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਐਪਰੋਪ੍ਰੀਏਸ਼ਨ ਬਿਲ ਦੇ ਰਾਹੀਂ ਅਸੀਂ ਗੌਰਮਿੰਟ ਨੂੰ ਕੋਈ ਸਾਢੇ 46 ਕਰੋੜ ਰੁਪਏ ਖਰਚ ਕਰਨ ਵਾਸਤੇ ਅਲਾਓ ਕਰ ਰਹੇ ਹਾਂ। ਮਗਰ ਕਲ ਜਿਸ ਤਰ੍ਹਾਂ ਸਰਦਾਰ ਬਲਵੰਤ ਸਿੰਘ ਜੀ ਵੋਟ ਆਨ ਅਕਾਊਂਟ ਦੀ ਬਹਿਸ ਦੇ ਜਵਾਬ ਵਿਚ ਬੋਲ ਰਹੇ ਸਨ ਤਾਂ ਇਸ ਤਰ੍ਹਾਂ ਮਹਿਸੂਸ ਹੁੰਦਾ ਸੀ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਕਿਹੜਾ ਖਰਚ ਕਿਥੇ ਕਰਨਾ ਹੈ ਅਤੇ ਕਿਹੜਾ ਕਿਥੇ। ਉਹ ਬੜੇ ਕਨਫਿਊਜ਼ਡ ਸਨ ਕਿ ਕਿਹੜੀ ਗੱਲ ਕਰਨੀ ਹੈ ਅਤੇ ਕਿਹੜੀ ਨਹੀਂ ਕਰਨੀ। (ਵਿਘਨ) ਸਪੀਕਰ ਸਾਹਿਬ, ਇਸ ਖਰਚ ਵਾਸਤੇ ਜੋ ਇਹ ਮੰਗ ਕਰਦੇ ਹਨ ਇਸ ਦੇ ਉਤੇ ਮੈਂ ਬਾਦ ਵਿਚ ਦਸਾਂਗਾ ਪਰ ਪਹਿਲਾਂ ਮੈਂ 2-3 ਗੱਲਾਂ ਹੋਰ ਆਪ ਨੂੰ ਦਸਣਾ ਚਾਹੁੰਦਾ ਹਾਂ । ਤਿੰਨ ਦਿਨ ਹੋਏ ਮੇਰੇ ਮਿੱਤਰ, ਸਰਦਾਰ ਗੁਰਮੀਤ ਸਿੰਘ ਨੇ ਗਵਰਨਰ ਸਾਹਿਬ ਦੇ ਐਡਰੈਸ ਦੀ ਬਹਿਸ ਵਿਚ ਇਨਟਰਵੀਨ ਕਰਦਿਆਂ ਹੋਇਆਂ ਇਹ ਕਿਹਾ ਸੀ ਕਿ ਇਹ ਜਿਹੜੀ ਸਾਡੀ ਅਕਾਲੀ ਹਕੂਮਤ ਹੈ ਇਹ ਗੁਰੂ ਨਾਨਕ ਦੇ ਪੂਰਨਿਆਂ ਤੇ ਚਲ ਰਹੀ ਹੈ ਅਤੇ ਅੱਜ ਅਸੀਂ ਹਰ ਕੰਮ ਗੁਰੂ ਨਾਨਕ ਦੇ ਪਾਏ ਪੂਰਨਿਆਂ ਤੇ ਚਲਕੇ ਹੀ ਕਰ ਰਹੇ ਹਾਂ । ਪਰ ਮੈਂ ਇਨ੍ਹਾਂ ਸਾਹਮਣੇ ਟਰੈਜ਼ਰੀ ਬੈਂਚਾ ਤੇ ਬੈਠੇ ਸਜਣਾ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਸਚ ਮੁਚ ਗੁਰੂ ਨਾਨਕ ਦੇ ਪਾਏ ਪਰਨਿਆਂ ਤੇ ਚਲ ਰਹੇ ਹਨ ...(ਵਿਘਨ)

ਮਾਲ ਮੰਤਰੀ : ਬਿਲਕੁਲ ਚਲ ਰਹੇ ਹਾਂ ....(ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਝੂਠ ਬੋਲ ਕੇ ..... (ਵਿਘਨ)

ਸ਼੍ਰੀ ਸਪੀਕਰ : ਇਹ 'ਝੂਠ' ਸ਼ਬਦ ਪਾਰਲੀਮੈਂਟਰੀ ਨਹੀਂ ਹੈ । (ਵਿਘਨ) (The word 'Jhooth' is unparliamentary.) (*Interruption*)

ਸਰਦਾਰ ਸੁਰਜੀਤ ਸਿੰਘ ਅਟਵਾਲ : ਮੈਂ ਇਹ ਲਫ਼ਜ਼ ਵਾਪਸ ਲੈਂਦਾ ਹਾਂ ਜੀ । (ਵਿਘਨ) ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਹ ਲੋਕਾਂ ਦੀਆਂ ਜ਼ਮੀਨਾਂ ਤੇ ਕਬਜ਼ਾ ਕਰ ਲੈਣ, ਲੋਕਾਂ ਨੂੰ ਨਾਜਾਇਜ਼ ਤੌਰ ਤੇ ਦੁਖੀ ਕਰਨ ਕੀ ਇਹ ਸਾਰੀ ਗੁਰੂ ਨਾਨਕ ਦੀ ਥੀਊਰੀ ਹੈ ? (ਵਿਘਨ)

ਸ਼੍ਰੀ ਸਪੀਕਰ : ਵਾਇਦੇ ਕਰਕੇ ਮੁਕਰ ਜਾਣਾ ਕੀ ਇਹ ਗੁਰੂ ਨਾਨਕ ਦੀ ਥੀਊਰੀ ਹੈ ? (ਵਿਘਨ) (Is it the theory of Guru Nanak to back out from the promise ?) (*Interruption*)

ਸਰਦਾਰ ਸੁਰਜੀਤ ਸਿੰਘ ਅਟਵਾਲ : ਤੁਸੀਂ ਫਿਕਰ ਨਾ ਕਰੋ ਜੀ ਮੈਂ ਉਸ ਗੱਲ ਵਲ ਵੀ ਆ ਰਿਹਾ ਹਾਂ । (ਵਿਘਨ) ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਗੁਰੂ ਨਾਨਕ ਦੇ ਨਜ਼ਰੀਏ ਅਨੁਸਾਰ ਸਾਡੀ ਪਾਰਟੀ ਹਕੂਮਤ ਚਲਾਉਂਦੀ ਹੈ । (ਵਿਘਨ) ਸਾਡੇ ਇਕ ਮਾਨਯੋਗ ਮੈਂਬਰ ਸਿਰਦਾਰ ਕਪੂਰ ਸਿੰਘ, ਜੋ ਇਸ ਵੇਲੇ ਹਾਊਸ ਵਿਚ ਹਾਜ਼ਰ ਨਹੀਂ ਹਨ, ਹਮੇਸ਼ਾਂ ਸਿਖ ਹੋਮ ਲੈਂਡ ਦਾ ਨਾਹਰਾ ਲਾਉਂਦੇ ਹਨ। ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਦਿੱਲੀ ਵਿਚ ਸੀਸ ਗੰਜ ਗੁਰਦੁਆਰੇ ਦੇ ਵਿਚ ....(ਵਿਘਨ)

ਸ਼੍ਰੀ ਸਪੀਕਰ : ਦਿੱਲੀ ਬਾਰੇ ਤਾਂ ਇਸ ਬਜਟ ਵਿਚ ਕੋਈ ਗੱਲ ਹੈ ਨਹੀਂ.........(ਵਿਘਨ) (There is no mention of Delhi in this Budget.) (*Interruption*)

ਸਰਦਾਰ ਸੁਰਜੀਤ ਸਿੰਘ ਅਟਵਾਲ : (ਵਿਘਨ) ਹਾਂ ਜੀ ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਕਿਸ ਤਰ੍ਹਾਂ ਦਾ ਸਿਖ ਹੋਮ ਲੈਂਡ ਚਾਹੁੰਦੇ ਹਨ । (ਵਿਘਨ)

ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਦਿੱਲੀ ਦੇ ਗੁਰਦੁਆਰੇ ਵਿਚ ਜਿਥੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਕੁਰਬਾਨੀ ਦਿੱਤੀ, ਜ਼ੁਲਮਾ ਦੇ ਅਗੇ ਉਫ਼ ਤਕ ਨਾ ਕੀਤੀ ਅਤੇ ਚੁਪ ਸਾਧ ਕੇ ਸਭ ਕੁਝ ਸਹਿਆ ਹੱਥ ਤਕ ਨਾ ਉਠਾਇਆ । ਉਥੇ ਇਸ ਅਕਾਲੀ ਦਲ ਦੀ, ਜਿਸ ਦੀ ਕਿ ਇਥੇ ਹਕੂਮਤ ਹੈ, ਵਰਕਿੰਗ ਕਮੇਟੀ ਨੇ ਲਿਖ ਕੇ ਦਿਤਾ ਉਸ ਪਵਿੱਤਰ ਗੁਰਦੁਆਰੇ ਦੇ ਦਰਵਾਜ਼ੇ ਤੋੜ ਦਿਤੇ ਜਾਣ (ਵਿਘਨ) ਜੇਕਰ ਵਰਕਿੰਗ ਕਮੇਟੀ ਲਿਖ ਕੇ ਦੇਵੇ ਤਾਂ ਉਥੇ ਦੀ ਸਰਕਾਰ ਨੂੰ ਇਹ ਕਰਨਾ ਪੈਂਦਾ ਹੈ । (ਵਿਘਨ) ਮੈਂ ਅਰਜ਼ ਕਰ ਰਿਹਾ ਸੀ ਕਿ ਅਕਾਲੀ ਪਾਰਟੀ ਜਿਹੜੀ ਪੰਜਾਬ ਦੇ ਉਤੇ ਹੁਕਮਰਾਨ ਹੈ,ਉਸ ਅਕਾਲੀ ਪਾਰਟੀ ਦੀ ਮੇਨ ਵਰਕਿੰਗ ਕਮੇਟੀ ਦੇ ਨੁਮਾਇੰਦਿਆਂ ਨੇ ਲਿਖ ਕੇ ਦਿਤਾ (ਵਿਘਨ)

ਸ਼੍ਰੀ ਸਪੀਕਰ : ਕੀ ਤੁਸੀਂ ਲਾ ਐਂਡ ਆਰਡਰ ਦਿੱਲੀ ਦਾ ਡਿਸਕਸ ਕਰ ਰਹੇ ਹੋ ? (ਵਿਘਨ) (Is the hon. Member discussing the law and order position of Delhi ?) (*Interruption*)

ਸ਼੍ਰੀ ਤੁਲਸੀ ਰਾਮ ਚੌਹਾਨ : ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਿਹੜੇ ਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ ਸਿੱਖ ਹਨ, ਜਿਹੜੇ ਗੁਰਦੁਆਰਿਆਂ ਵਿਚ ਦਾਖਲ ਹੁੰਦੇ ਹਨ, ਉਹ ਕਿਹੜਾ ਅਨਸਰ ਹੈ (ਵਿਘਨ)

ਸ਼੍ਰੀ ਸਪੀਕਰ : ਇਹ ਅਟਵਾਲ ਜੀ ਨੂੰ ਪੁਛੋ । (ਵਿਘਨ) (Ask Mr. Atwal about it.) (*interruption*)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ, ਅਤੇ ਮੈਂ ਦਸਣਾ ਚਾਹੁੰਦਾ ਹਾਂ ਕਿ ਅਗਰ ਇਨ੍ਹਾਂ ਦਾ ਸਿੱਖ ਹੋਮ ਲੈਂਡ ਇਸ ਢੰਗ ਦਾ ਹੀ ਹੋਣਾ ਹੈ, ਜਿਸ ਦੇ ਵਿਚ ਸਿਰਫ ਅਕਾਲੀ ਹਕੂਮਤ ਹੋ ਸਕਦੀ ਹੈ ਅਤੇ ਜਿਸ ਦੇ ਵਿਚ ਕੇਵਲ ਨੀਲੀਆਂ ਪਗੜੀਆਂ

ਵਾਲੇ ਹੀ ਰਹਿ ਸਕਦੇ ਹਨ ਤਾਂ ਅਸੀਂ ਸਿਖ ਹੋਮ ਲੈਂਡ ਦੇ ਸਖਤ ਵਿਰੁਧ ਹਾਂ । ਅਕਾਲੀ ਸਿਖਾਂ ਤੋਂ ਇਲਾਵਾ ਇਥੇ ਉਹ ਲੋਕ ਵੀ ਰਹਿੰਦੇ ਹਨ ਜਿਨ੍ਹਾਂ ਦੀ ਆਬਾਦੀ ਤਕਰੀਬਨ 45% ਹੈ। ਜੇ ਉਹ ਇਥੇ ਨਹੀਂ ਰਹਿ ਸਕਦੇ ਅਤੇ ਜੇ ਕਰ ਉਨ੍ਹਾਂ ਦੇ ਹਕ ਮਹਿਫੂਜ਼ ਨਹੀਂ ਹੋ ਸਕਦੇ ਤਾਂ ਉਨ੍ਹਾਂ ਨੂੰ ਇਹੋ ਜਿਹੇ ਸਿਖ ਹੋਮ ਲੈਂਡ ਦੀ ਕੋਈ ਲੋੜ ਨਹੀਂ, ਇਹ ਨਠ ਜਾਣ ਜਿਧਰ ਜਾਣਾ ਚਾਹੁੰਦੇ ਹਨ ਸਾਨੂੰ ਇਨ੍ਹਾਂ ਦੀ ਕੋਈ ਜ਼ਰੂਰਤ ਨਹੀਂ । (ਵਿਘਨ)

ਕਲ ਸਰਦਾਰ ਗੁਰਨਾਮ ਸਿੰਘ ਐਕਸ ਚੀਫ਼ ਮਨਿਸਟਰ ਸਾਹਿਬ, ਕਿਸੇ ਮੌਕੇ ਤੇ ਬੋਲਣਾ ਚਾਹੁੰਦੇ ਸੀ ਤਾਂ ਸਪੀਕਰ ਸਾਹਿਬ ਨੇ ਉਨ੍ਹਾਂ ਨੂੰ ਇਕ ਲਫ਼ਜ਼ ਮੂੰਹ ਵਿਚੋਂ ਕਢਣ ਨਹੀਂ ਦਿਤਾ ਸੀ । (ਵਿਘਨ) ਮੈਂ ਉਸ ਵੇਲੇ ਦੀ ਗੱਲ ਕਰ ਰਿਹਾ ਹਾਂ ਜਦੋਂ ਉਹ ਐਕਸ ਚੀਫ਼ ਮਨਿਸਟਰ ਹੋਏ ਤਾਂ ਉਸ ਦੇ ਦੋ ਦਿਨਾਂ ਦੇ ਬਾਦ ਉਹ ਆਪਣੀ ਪਰਸਨਲ ਐਕਸਪਲਾਨੇਸ਼ਨ ਦੇਣਾ ਚਾਹੁੰਦੇ ਸਨ, ਉਨ੍ਹਾਂ ਨੂੰ ਅਲਾਊ ਨਹੀਂ ਕੀਤਾ ਗਿਆ ਸੀ, ਉਹ ਕਲ ਇਥੇ ....(ਵਿਘਨ) ।

ਸ਼੍ਰੀ ਸਪੀਕਰ : ਉਨ੍ਹਾਂ ਨੇ ਜ਼ਾਬਤਾ ਪੂਰਾ ਨਹੀਂ ਕੀਤਾ ਸੀ ਰੂਲਜ਼ ਦੇ ਮੁਤਾਬਕ । ਉਨ੍ਹਾਂ ਨੂੰ ਸਟੇਟਮੈਂਟ ਦੇਣ ਲਈ ਕਿਹਾ ਗਿਆ ਸੀ ਲਿਖਤ ਵਿਚ, ਪਰ ਉਨ੍ਹਾਂ ਨੇ ਨਹੀਂ ਦਿੱਤੀ ਸੀ। ਇਹ ਗੱਲ ਸ਼ਾਇਦ ਤੁਸੀਂ ਭੁੱਲ ਗਏ ਹੋ, ਕੋਈ ਬੇਜ਼ਾਬਤਗੀ ਨਹੀਂ ਕੀਤੀ ਗਈ ਸੀ । (ਵਿਘਨ) (The hon. Member did not submit the statement in writing according to the rules. The hon. Member Mr. Atwal might have forgotten this. No violation of rules was committed.) (Interruption)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਤਾਂ ਕਿਹਾ ਹੈ ਕਿ ਅਲਾਓ ਨਹੀਂ ਕੀਤਾ ਸੀ ਮੈਂ ਬੇਜ਼ਾਬਤਗੀ ਦੇ ਮੁਤਅੱਲਕ ਕੁਝ ਨਹੀਂ ਕਿਹਾ। (ਵਿਘਨ) ਇਨ੍ਹਾਂ ਨੇ ਇਥੇ ਕਲ ਕਾਂਗਰਸ ਪਾਰਟੀ ਬਾਰੇ ਵਿਚ ਕਿਹਾ ਕਿ ਇਹ ਖਤਮ ਹੋਣੀ ਚਾਹੀਦੀ ਹੈ ਅਤੇ ਅਕਾਲੀ ਪਾਰਟੀ ਦੇ ਬਾਰੇ ਅਜ ਇਨ੍ਹਾਂ ਨੂੰ ਇਤਨਾ ਦਰਦ ਉਠਿਆ ਕਿ ਇਹ ਕਹਿਣ ਲਗੇ ਕਿ ਇਹ ਕਾਇਮ ਰਹਿਣੀ ਚਾਹੀਦੀ ਹੈ ਅਤੇ ਰਹੇਗੀ । ਇਨ੍ਹਾਂ ਨੇ ਕਲ ਕਿਹਾ ਕਿ ਉਹ ਅਕਾਲੀ ਪਾਰਟੀ ਵਿਚ ਮੁੜ ਆਏ ਹਨ ਅਤੇ ਫਾਨਾ ਠੋਕ ਕੇ ਵਾਪਸ ਆਏ ਹਨ । (ਵਿਘਨ) (ਕਈ ਮੈਂਬਰਾਂ ਵਲੋਂ ਅਵਾਜ਼ਾਂ: ਉਨ੍ਹਾਂ ਨੇ ਫਾਨਾ ਸ਼ਬਦ ਵਾਪਸ ਲੈ ਲਿਆ ਸੀ) ਮੈਂ ਫਾਨਾ ਸ਼ਬਦ ਵਾਪਸ ਲੈਂਦਾ ਹਾਂ ।

ਸ਼੍ਰੀ ਸਪੀਕਰ : ਅਟਵਾਲ ਸਾਹਿਬ ਜਦੋਂ ਸਰਦਾਰ ਗੁਰਨਾਮ ਸਿੰਘ ਨੂੰ ਅਲਾਊ ਨਹੀਂ ਕੀਤਾ ਸੀ ਤਾਂ ਉਸ ਵੇਲੇ ਤੁਸੀਂ ਬੜੀਆਂ ਆਹਾਂ ਭਰਦੇ ਸੀ, ਪਰ ਹੁਣ ਤੁਸੀਂ ਕੁਝ ਹੋਰ ਕਹਿ ਰਹੇ ਹੋ । ਅਸਲ ਗੱਲ ਦਸੋ ਕਿ ਕੀ ਹੈ ....(ਵਿਘਨ) (The hon. Member felt it very much, when Sardar Gurnam Singh was not allowed to make his personal explanation. Now the hon. Member is speaking in a different vein. He may let the House know the facts.)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਸਰਦਾਰ ਗੁਰਨਾਮ ਸਿੰਘ ਨੇ ਆਪਣੀ ਨਵੀਂ ਪਾਰਟੀ ਬਣਾਈ ਤਾਂ ਇਥੇ ਆਮ ਤੌਰ ਤੇ ਕਿਹਾ ਜਾਂਦਾ ਸੀ ਕਿ ਫ਼ਾਜ਼ਲਕਾ ਅਤੇ ਅਬੋਹਰ ਕਾਂਗਰਸ ਪਾਰਟੀ ਨੇ ਹਰਿਆਣਾ ਨੂੰ ਦੇ ਦਿਤਾ ਹੈ । ਮੈਂ ਸਾਰਿਆਂ

[ਸਰਦਾਰ ਸੁਰਜੀਤ ਸਿੰਘ ਅਟਵਾਲ]

ਨੂੰ ਦਸਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਗਿਆਨੀ ਭੁਪਿੰਦਰ ਸਿੰਘ ਨੇ ਕੌਮੀ ਏਕਤਾ ਦੇ ਜ਼ਰੀਏ ਇਕ ਆਪਣਾ ਸਟੇਟਮੈਂਟ ਦੇ ਕੇ ਸੰਤ ਫਤਿਹ ਸਿੰਘ ਅਤੇ ਸਰਦਾਰ ਗੁਰਨਾਮ ਸਿੰਘ ਨੂੰ ਕਿਹਾ ਕਿ ਤੁਸੀਂ ਦੱਸੋ ਕਿ ਕੀ ਮੁੜ ਕੇ ਏਕਤਾ ਕਰ ਲਈ ਅਤੇ ਫ਼ਾਜ਼ਿਲਕਾ ਅਤੇ ਅਬੋਹਰ ਕਿਸ ਨੇ ਸਰੰਡਰ ਕੀਤਾ, ਉਹ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ.........(ਵਿਘਨ) ।

ਸ਼੍ਰੀ ਸਪੀਕਰ : ਅਟਵਾਲ ਸਾਹਿਬ, ਤੁਹਾਡੀ ਕਾਂਗਰਸ ਵਿਚ ਬੜੀ ਸੇ ਹੈ,ਅਗਰ ਉਸ ਫੈਸਲੇ ਤੇ ਗੁਰਨਾਮ ਸਿੰਘ ਦੇ ਦਸਤਖ਼ਤ ਹਨ ਤਾਂ ਉਸ ਦੀ ਔਥੰਟੀਕੇਟਿਡ ਕਾਪੀ ਸਦਨ ਦੀ ਮੇਜ਼ ਤੇ ਰਖ ਦਿਓ (ਵਿਘਨ) ਅਗਰ ਕੋਈ ਡਾਕੂਮੈਂਟਰੀ ਪਰੂਫ ਹੈ ਤਾਂ ਉਹ ਦੱਸ ਦਿਓ । (The hon. Member Mr. Atwal has a big say in the Congress Party He may place on the Table an authenticated copy of the documents if the signatures of Sardar Gurnam Singh are there. (Interruption) Please present some documentary proof.)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਗਿਆਨੀ ਜੀ ਇਸ ਵਿਚ ਕਹਿੰਦੇ ਹਨ ਕਿ "ਮੈਂ ਬੜੇ ਪਿਆਰ ਤੇ ਅਦਬ ਨਾਲ ਇਕ ਗੱਲ ਸ: ਗੁਰਨਾਮ ਸਿੰਘ ਅਤੇ ਸੰਤ ਫ਼ਤਿਹ ਸਿੰਘ ਨੂੰ ਕਹਿਣੀ ਚਾਹੁੰਦਾ ਹਾਂ ਕਿ ਕੇਵਲ ਦਸਾਂ ਵਿਅਕਤੀਆਂ ਦੇ ਸਮਝੌਤੇ ਨਾਲ ਮਸਲਾ ਹਲ ਨਹੀਂ ਹੋ ਗਿਆ । ਤੁਸੀਂ ਅਗਰ ਐਸਾ ਸਮਝਦੇ ਹੋ ਤਾਂ ਭੁਲੇਖੇ ਵਿਚ ਹੋ । ਇਹ ਠੀਕ ਹੈ ਕਿ ਅਡਰੇ ਕੇਵਲ ਦਸ ਸਜਣ ਹੀ ਹੋਏ ਸਨ, ਪਰ ਇਨ੍ਹਾਂ ਦਸਾਂ ਨੇ ਇਕ ਜਥੇਬੰਦੀ ਦੇ ਸਹਾਰੇ ਪੂਰੇ ਨੌਂ ਮਹੀਨੇ ਲੋਕਾਂ ਵਿਚ ਪਰਚਾਰ ਕੀਤਾ ਹੈ, ਭਰੋਸੇ ਦਿਵਾਏ ਹਨ, ਇਕਰਾਰ ਕੀਤੇ ਹਨ, ਜਦ ਤਕ ਸਾਰੇ ਵਰਕਰਾਂ ਹਿਤੈਸ਼ੀਆਂ, ਹਮਦਰਦਾਂ ਤੇ ਆਮ ਜਨਤਾ ਦੀ ਤਸੱਲੀ ਨਹੀਂ ਕਰਦੇ, ਮਸਲਾ ਹਲ ਨਹੀਂ ਹੋਣਾ । ਲੋਕ ਇਕ ਸਿੱਧਾ ਤੇ ਸਾਦਾ ਜਿਹਾ ਸੁਆਲ ਪੁਛਦੇ ਹਨ ਕਿ ਸੰਤ ਪੰਜੀ ਨਵੰਬਰ ਤਕ ਬੜੇ ਅਹੰਕਾਰੀ ਸਨ, ਅਹੰਕਾਰ ਦੀ ਅਗ 'ਚ ਜਲ ਰਹੇ ਸਨ, ਕੀ ਅਜ ਉਹ ਨਿੰਮ੍ਰਤਾ ਦੇ ਪੁੰਜ ਬਣ ਗਏ ਹਨ, ਸ਼ਾਂਤ ਹੋ ਗਏ ਹਨ ? ਕਲ ਤਕ ਸੰਤ ਅਨਪੜ੍ਹ ਮੂਰਖ ਤੇ ਉਜੱਡ ਸਨ ਕਿ ਹੁਣ ਇਨ੍ਹਾਂ ਪੀ. ਐਚ. ਡੀ. ਕਰ ਲਈ ਹੈ, ਅਕਲਮੰਦ ਦੇ ਭਦਰ ਪੁਰਸ਼ ਹੋ ਗਏ ਹਨ ? ਸੰਤਾਂ ਤੇ ਡਿਕਟੇਟਰ ਬਣਨ ਦਾ ਦੋਸ਼ ਸੀ, ਕੀ ਇਨ੍ਹਾਂ ਆਪਣਾ ਡਿਕਟੇਟਰੀ ਵਤੀਰਾ ਛਡ ਦਿੱਤਾ ਹੈ, ਤੇ ਪੰਚਾਇਤੀ ਅਸੂਲਾਂ ਤੇ ਤੁਰਨ ਦੀ ਪ੍ਰਤਿਗਿਆ ਕਰ ਲਈ ਹੈ ? ਇਨ੍ਹਾਂ ਤੇ ਸ਼ਹੀਦ ਸ: ਦਰਸ਼ਨ ਸਿੰਘ ਫੇਰੂਮਾਨ ਦੇ ਕਾਤਲ ਹੋਣ ਦਾ ਸੰਗੀਨ ਦੂਸ਼ਨ ਸੀ, ਕੀ ਸੰਤ ਜੀ ਦੇ ਮੱਥੇ ਤੋਂ ਇਹ ਕਲੰਕ ਅਜ ਧੁਲ ਗਿਆ ਹੈ ? ਸੰਤਾਂ ਨੇ ਆਪਣੀ ਜਾਨ ਲਈ ਚੰਡੀਗੜ੍ਹ ਬਦਲੇ ਫ਼ਾਜ਼ਲਕਾ ਤੇ ਅਬੋਹਰ ਵਰਗੇ ਜ਼ਰਖੇਜ਼ ਇਲਾਕੇ ਦੇਣੇ ਮੰਨ ਕੇ ਪੰਜਾਬ ਤੇ ਪੰਜਾਬੀਆਂ ਨਾਲ ਭਾਰੀ ਗ਼ੱਦਾਰੀ ਤੇ ਜ਼ੁਲਮ ਕੀਤਾ ਸੀ । ਕੀ ਇਨ੍ਹਾਂ ਇਲਾਕਿਆਂ ਨੂੰ ਦੇ ਦੇਣ ਦੀ ਜ਼ਿੰਮੇਵਾਰੀ ਅਜ ਕਿਸੇ ਹੋਰ ਨੇ ਆਪਣੇ ਉਪਰ ਲੈ ਲਈ ਹੈ ਜਾਂ ਇਲਾਕਿਆਂ ਦਾ ਹਰਿਆਣੇ ਨੂੰ ਜਾਣ ਥਾਂ ਪੰਜਾਬ ਵਿਚ ਹੀ ਰਹਿਣ ਦਾ ਯਕੀਨ ਹੋ ਗਿਆ ਹੈ ? ਸੰਤਾਂ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਕੀਤਾ ਪ੍ਰਣ ਪੂਰੇ ਹੋਣ ਤੋਂ ਬਿਨਾਂ ਹੀ ਜੂਸ ਦਾ ਗਲਾਸ ਪੀ ਕੇ ਤੋੜਿਆ ਸੀ, ਕੀ ਅਜ ਇਹ ਪ੍ਰਣ ਪੂਰਾ ਹੋ ਗਿਆ ਹੈ ? ਸੰਤਾਂ ਨੇ ਸਿਆਸਤ ਵਿਚ ਆ ਕੇ ਆਪਣੀ ਲੀਡਰੀ ਖਾਤਰ ਸਿਖੀ ਤੇ ਪੰਜਾਬ ਦਾ ਕਦੇ ਪੂਰਾ ਨਾ ਹੋਣ ਵਾਲਾ ਨੁਕਸਾਨ ਕੀਤਾ ਹੈ, ਸਿਖੀ ਤੇ ਪੰਜਾਬ ਨੂੰ ਤਬਾਹ ਕਰਕੇ ਰਖ ਦਿਤਾ ਹੈ ....(ਵਿਘਨ)

ਵਿੱਤ ਮੰਤਰੀ : ਸਪੀਕਰ ਸਾਹਿਬ ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕੀ ਇਹ ਇਕ ਐਸੀ ਚੀਜ਼ ਪੜ੍ਹ ਸਕਦੇ ਹਨ, ਜਿਹੜੀ ਕਿ ਅਥੰਟੀਕੇਟਿਡ ਰਿਕਾਰਡ ਨਾ ਹੋਵੇ । ਸਿਟਫ ਪਾਰਟੀ ਬੇਸਿਸ ਤੇ ਜੇ ਕਿਸੇ ਆਦਮੀ ਨੇ ਪਬਲਿਸੀਟੀ ਕੀਤੀ ਹੋਵੇ ਤਾਂ ਕੀ ਰੂਲਜ਼ ਦੇ ਮੁਤਾਬਕ ਐਸੀ ਚੀਜ਼ ਹਾਊਸ ਵਿਚ ਪੜ੍ਹੀ ਜਾ ਸਕਦੀ ਹੈ ?

ਸ੍ਰੀ ਸਪੀਕਰ : ਜੇ ਉਸ ਬਿਲ ਨਾਲ ਉਹ ਜ਼ਿ ਰੈਲੇਵੈਂਟ ਹੋਵੇ ਤਾਂ ਇਸ ਤਰ੍ਹਾਂ ਕਰ ਸਕਦੇ ਹਨ । (The hon. Member can do so, if it is relevant to the Bill under consideration.)

ਵਿੱਤ ਮੰਤਰੀ : ਸਪੀਕਰ ਸਾਹਿਬ, ਇਕ ਡਾਕੂਮੈਂਟਰੀ ਪਰੂਫ ਨਹੀਂ, ਇਹ ਇਕ ਪਬਲਿਸਿਟੀ ਹੈ । ਅਗਰ ਗੌਰਮੈਂਟ ਨੇ ਕੋਈ ਫ਼ੈਸਲਾ ਕੀਤਾ ਸੀ ਤਾਂ ਉਹ ਅਥੈਂਟਿਕੇਟਡ ਪਰੂਫ ਉਥੋਂ ਲਿਆ ਕੇ ਸਦਨ ਦੀ ਮੇਜ਼ ਤੇ ਰਖ ਦੇਣ ।

ਸਰਦਾਰ ਬੇਅੰਤ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅਟਵਾਲ ਸਾਹਿਬ ਐਪਰੋਪਰੀਏਸ਼ਨ ਬਿਲ ਤੇ ਬੋਲ ਰਹੇ ਹਨ, ਪਰ ਇਨ੍ਹਾਂ ਨੇ ਡਿਮਾਂਡ ਤੇ ਇਕ ਅਖਰ ਵੀ ਨਹੀਂ ਬੋਲਿਆ ਅਤੇ ਜਿਹੜਾ ਕੁਝ ਬੋਲ ਰਹੇ ਹਨ, ਇਹ ਇਰਰੈਲੇਵੈਂਟ ਹੈ । ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਕਹਾਂਗਾ ਕਿ ਰੈਲੇਵੈਂਟ ਗੱਲ ਕਰਨ । ਇਹ ਦਸਣ ਕਿ ਇਹ ਕਿਹੜੀ ਡਿਮਾਂਡ ਤੇ ਬੋਲ ਰਹੇ ਹਨ ?

ਸ੍ਰੀ ਸਪੀਕਰ : ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਇਹ ਕਾਂਗਰਸ ਦੇ ਡਿਪਟੀ ਲੀਡਰ ਨੇ ਗਿਆਨੀ ਭੁਪਿੰਦਰ ਸਿੰਘ ਦੀ ਵਕਾਲਤ ਕਿਸ ਤਰ੍ਹਾਂ ਸ਼ੁਰੂ ਕਰ ਦਿਤੀ .... (ਵਿਘਨ) । (I cannot understand, how the Deputy Leader of the Congress Party has started arguing the case of Giani Bhupinder Singh.)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਤਾਂ ਫ਼ਾਜ਼ਲਕਾ ਔਰ ਅਬੋਹਰ ਦੇ ਮੁਤਾਲਕ ਕਹਿ ਰਿਹਾ ਸੀ ।

Mr. Speaker : In this connection, I read out Rule 225(4) and (5) of the Rules of Procedure and Conduct of Business in the Punjab Legislative Assembly which are as under :—

> The debate on an Appropriation Bill shall be restricted to matters of public importance or administrative policy implied in the grants covered by the Bill which have not already been raised while the relevant demands for grants were under consideration.
>
> The Speaker may, in order to avoid repetition of debate, require members desiring to take part in discussion on an Appropriation Bill to give advance intimation of the specific points they intend to raise and he may with-hold permission for raising such of the points as in his opinion appear to be repetition of the matters disussed on a demand for grant or as may not be of sufficient public importance.

ਇਸ ਦਾ ਸਕੋਪ ਰੈਸਟ੍ਰਿਕਟਿਡ ਹੈ । (The scope of discussion on an Appropriation Bill is restricted.)

ਸਰਦਾਰ ਸੁਰਜੀਤ ਸਿੰਘ ਅਟਵਾਲ : ਮੈਂ ਇਹ ਗੱਲਾਂ ਨਹੀਂ ਕਹੀਆਂ ਕਿ ਫਾਜ਼ਿਲਕਾ ਤੇ ਅਬੋਹਰ ਦਾ ਇਲਾਕਾ ਕਿਸ ਨੇ ਦਿਤਾ ਹੈ । ਕਾਂਗਰਸ ਪਾਰਟੀ ਦੇ ਹੱਥ ਵਿਚ ਕੁਝ ਨਹੀਂ ਸੀ । ਸਰਦਾਰ ਗੁਰਨਾਮ ਸਿੰਘ ਦੀ ਇਸ ਸਟੇਟਮੈਂਟ ਤੋਂ ਇਹ ਗੱਲ ਸਾਬਤ ਹੋ ਗਈ ਹੈ ਕਿ ਅਗਰ ਇਹ ਇਲਾਕਾ ਪੰਜਾਬ ਵਿਚੋਂ ਕਿਸੇ ਨੇ ਕਢਿਆ ਹੈ ਤਾਂ ਇਹ ਅਕਾਲੀ ਪਾਰਟੀ ਨੇ ਕਢਿਆ ਹੈ । (ਤਾੜੀਆਂ) (ਵਿਘਨ) ਅਗਰ ਇਹ ਸਹੀਆਂ ਚਾਹੁੰਦੇ ਹਨ ਤਾਂ ਮੈਂ ਸਹੀਆਂ ਵਾਲੇ ਕਾਗਜ਼ ਵੀ ਹਾਜ਼ਰ ਕਰ ਦਿਆਂਗਾ । (ਵਿਘਨ) ਮੈਂ ਤਾਂ ਕਦੇ ਕਿਸੇ ਨੂੰ ਨਹੀਂ ਟੋਕਿਆ ।

ਸ੍ਰੀ ਸਪੀਕਰ : ਨਹੀਂ ਟੋਕਿਆ ਜਾਂ ਨਹੀਂ ਟੋਕੋਗੇ । (Have you not interrupted or will not interrupt ?)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਰਦਾਰ ਗੁਰਨਾਮ ਸਿੰਘ ਹੋਰਾਂ ਨੇ ਜੋ ਕੁਝ ਕਿਹਾ ਅਤੇ ਜੋ ਅਖਬਾਰ ਵਿਚ ਛਪਿਆ ਹੈ ਸੰਤਾਂ ਦੇ ਬਾਰੇ, ਮੈਂ ਤਾਂ ਇਹ ਸੋਚ ਵੀ ਨਹੀਂ ਸਕਦਾ । ਪਰ ਹੁਣ ਸਰਦਾਰ ਗੁਰਨਾਮ ਸਿੰਘ ਨੂੰ ਉਨ੍ਹਾਂ ਨਾਲ ਪਿਆਰ ਹੋ ਗਿਆ ਹੈ, ਅਕਾਲੀ ਪਾਰਟੀ ਬਹੁਤ ਪਿਆਰੀ ਹੋ ਗਈ ਹੈ । ਇਹ ਕਿਸ ਤਰ੍ਹਾਂ ਹੋ ਗਿਆ, ਹੁਣ ਇਹ ਅਕਾਲੀ ਪਾਰਟੀ ਪਾਸ ਭੱਜ ਕਿਉਂ ਆਏ ਹਨ ? ਇਹ ਇਸ ਲਈ ਭਜ ਆਏ ਹਨ ਕਿ ਇਥੇ ਜੋ ਮੇਰੇ ਮਾਨਯੋਗ ਮਿਤਰ ਕੈਪਟਨ ਰਤਨ ਸਿੰਘ ਨੇ ਇਨ੍ਹਾਂ ਤੇ ਚਾਰਜਿਜ਼ ਲਾਏ ਹਨ ਇਹ ਉਨ੍ਹਾਂ ਤੋਂ ਬਚਣ ਲਈ ਅਕਾਲੀ ਪਾਰਟੀ ਵਿਚ ਆਏ ਹਨ......(ਵਿਘਨ) ਕਿਉਂਕਿ ਅਕਾਲੀ ਪਾਰਟੀ ਦੀ ਹਕੂਮਤ ਇਕ ਅੱਡਾ ਬਣੀ ਹੋਈ ਹੈ ਜਿਥੇ ਚੋਰਾਂ ਅਤੇ ਡਾਕੂਆਂ ਨੂੰ ਛੁਪਾਇਆ ਜਾ ਸਕਦਾ ਹੈ ...(ਸ਼ੋਰ) (ਤਾੜੀਆਂ)

ਸਰਦਾਰ ਬੇਅੰਤ ਸਿੰਘ : ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ ਮੇਰੀ ਅਰਜ਼ ਹੈ ਕਿ ਅਟਵਾਲ ਸਾਹਿਬ ਗਲਤ ਬਿਆਨੀ ਕਰ ਰਹੇ ਹਨ. ਇਨ੍ਹਾਂ ਨੂੰ ਰੋਕਿਆ ਜਾਵੇ, ਇਹ ਗਲਤ ਗੱਲ ਕਰ ਰਹੇ ਹਨ । (ਵਿਘਨ)

ਜਥੇਦਾਰ ਹਰਦਿਤ ਸਿੰਘ ਪੂਹਲੀ : ਆਨ ਏ ਪੁਆਇੰਟ ਆਫ ਆਰਡਰ, ਸਰ । ਇਹ ਜੋ ਮੇਰੇ ਦੋਸਤ ਬੋਲ ਰਹੇ ਹਨ ਇਨ੍ਹਾਂ ਨੂੰ ਗੁਰਸਿੱਖੀ ਦੀ ਸਮਝ ਨਹੀਂ ਹੈ ......(ਵਿਘਨ) ਦਸਵੇਂ ਪਾਤਸ਼ਾਹ ਨੇ ਪੰਜ ਪਿਆਰਿਆਂ ਨੂੰ ਰਬ ਮੰਨਿਆ ਸੀ ......(ਵਿਘਨ) ਇਨ੍ਹਾਂ ਨੇ ਕਿਹਾ ਕਿ ਸੰਤਾਂ ਨੇ ਪ੍ਰਣ ਤੋੜਿਆਂ ....(ਵਿਘਨ) ਪੰਜਾਂ ਪਿਆਰਿਆਂ ਨੇ ......(ਵਿਘਨ) ਰਬ ਰੂਪ ਹੋਕੇ ਸੰਤਾਂ ਦਾ ਵਰਤ ਖੁਲਵਾਇਆ ....(ਵਿਘਨ) ਉਨ੍ਹਾਂ ਨੇ ਪੰਜਾਂ ਪਿਆਰਿਆਂ ਦਾ ਹੁਕਮ ਮੰਨਿਆਂ ।

ਸਰਦਾਰ ਸੁਰਜੀਤ ਸਿੰਘ ਅਟਵਾਲ : ਮੈਂ ਤਾਂ ਇਹ ਗੱਲ ਨਹੀਂ ਕਹੀ ਕਿ ਸੰਤਾਂ ਨੇ ਪ੍ਰਣ ਤੋੜਿਆ, ਮੈਂ ਤਾਂ ਸੰਤਾਂ ਨੂੰ ਖਰਾਬ ਨਹੀਂ ਕਿਹਾ ਪਰ ਸਰਦਾਰ ਗੁਰਨਾਮ ਸਿੰਘ ਹੋਰਾਂ ਨੇ ਉਨ੍ਹਾਂ ਨੂੰ ਜੋ ਕਿਹਾ ਹੈ ....(ਵਿਘਨ) ਨਚਾਰ ਅਤੇ ਹੋਰ ਕੀ ਕੀ ਕੁਝ ਕਿਹਾ ਹੈ ......(ਵਿਘਨ) ਐਸੇ ਐਸੇ ਲਫਜ ਕਹੇ ਹਨ......ਸਰਦਾਰ ਗੁਰਨਾਮ ਸਿੰਘ ਨੇ ਉਨ੍ਹਾਂ ਦੇ ਮੁਤਅੱਲਕ ਕਿਹਾ ਹੈ ......

ਮਾਲ ਮੰਤਰੀ : ਇਨ੍ਹਾਂ ਨੂੰ ਸਰਦਾਰ ਗੁਰਨਾਮ ਸਿੰਘ ਦੇ ਲਫ਼ਜ਼ ਬਹੁਤ ਚੁਭਦੇ ਹਨ......

ਸ੍ਰੀ ਸਪੀਕਰ : ਇਹ ਇਸ ਕਰਕੇ ਤਾਂ ਨਹੀਂ ਚਭਦੇ ਕਿਉਂਕਿ ਅਕਾਲੀ ਪਾਰਟੀ ਦੇ ਏਕੇ ਨਾਲ ਇਨ੍ਹਾਂ ਨੂੰ ਪੁਲੀਟੀਕਲੀ ਸੈਟ ਬੈਕ ਹੋਇਆ ਹੈ ? (ਵਿਘਨ) (Do these words

pinch because of the political set back to the hon. Member's party resulting from unity achieved in the Akali party ?)

ਵਿੱਤ ਮੰਤਰੀ : ਫਾਨਾ ਚੁਭਦਾ ਹੈ........ਉਹ ਨਿਕਲਿਆ ਨਹੀਂ ।

ਸਰਦਾਰ ਸੁਰਜੀਤ ਸਿੰਘ ਅਟਵਾਲ : ਇਹ ਫਾਨਾ ਜੋ ਠੁਕਿਆ ਹੈ ਇਹ ਕਾਂਗਰਸ ਪਾਰਟੀ ਦਾ ਕੁਝ ਵਿਗਾੜਨ ਲਈ ਨਹੀਂ ਠੋਕਿਆ ਗਿਆ। ਇਹ ਤਾਂ ਅਕਾਲੀ ਪਾਰਟੀ ਨੂੰ ਤਬਾਹ ਕਰਨ ਲਈ ਠੋਕਿਆ ਗਿਆ ਹੈ । (ਵਿਘਨ)

ਸ਼੍ਰੀ ਸਪੀਕਰ : ਆਪ ਨੂੰ ਬੜੀ ਹਮਦਰਦੀ ਹੈ ਅਕਾਲੀ ਪਾਰਟੀ ਨਾਲ, ਬਹੁਤ ਬਹੁਤ ਮੁਬਾਰਕ ਹੋਵੇ । (ਹਾਸਾ) (I congratulate the hon. Member for having such a sympathy for the Akali Party.)

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ ਮੇਰੀ ਅਰਜ਼ ਹੈ ਕਿ ਇਹ ਜੋ ਸ਼ਬਦ "ਫਾਨੇ" ਵਰਤਿਆ ਗਿਆ ਹੈ ਇਹ ਅਨਪਾਰਲੀਮੈਂਟਰੀ ਹੈ ।

ਸ਼੍ਰੀ ਸਪੀਕਰ : ਫਾਨੇ ਦਾ ਇੰਗਲਿਸ਼ ਟਰਾਂਸਲੇਸ਼ਨ ਹੁੰਦਾ ਹੈ ਵੈਜ । (Its English equivalent is 'wedge'.)

ਕੈਪਟਨ ਰਤਨ ਸਿੰਘ : ਮੈਨੂੰ ਇਸ ਤੇ ਇਤਰਾਜ਼ ਨਾ ਹੁੰਦਾ ਅਗਰ ਇਥੇ ਲੇਡੀ ਮੈਂਬਰ ਨਾ ਬੈਠੀ ਹੁੰਦੀ । ਸਰਦਾਰ ਗੁਰਨਾਮ ਸਿੰਘ ਹੋਰਾਂ ਨੇ ਵੀ ਇਹ ਲਫਜ਼ ਵਿਦਡਰਾ ਕਰ ਲਿਆ ਸੀ (ਵਿਘਨ) ਮੈਂ ਕਹਾਂਗਾ ਕਿ ਇਹ ਵੀ ਇਸ ਦਾ ਇਸਤੇਮਾਲ ਬੰਦ ਕਰ ਦੇਣ ਅਤੇ ਸਰਦਾਰ ਬਲਵੰਤ ਸਿੰਘ ਹੋਰੀ ਵੀ ਇਸ ਦਾ ਇਸਤੇਮਾਲ ਨਾ ਕਰਨ । ਜੇ ਕਰਨਾ ਹੀ ਹੋਵੇ ਤਾਂ ਬਾਹਰ ਜਾਕੇ ਕਰਨ ।

ਸ੍ਰੀ ਸਪੀਕਰ : ਜ਼ਖਮ ਅੱਲੇ ਹੋਣ ਕਰਕੇ ਕਸ਼ਟ ਜ਼ਿਆਦਾ ਹੁੰਦਾ ਹੈ । (Fresher the injury, the more the pain.)

ਸਰਦਾਰ ਸੁਰਜੀਤ ਸਿੰਘ ਅਟਵਾਲ : ਮੈਂ ਇਹ ਲਫ਼ਜ਼ ਵਾਪਸ ਲੈ ਲੈਂਦਾ ਹਾਂ, ਪਰ ਫਾਇਨੈਂਸ ਮਨਿਸਟਰ ਸਾਹਿਬ ਨੇ 3-4 ਵਾਰ ਰੀਪੀਟ ਕੀਤੀ ਹੈ। ਆਪ ਨੇ ਵੀ ਕੁਝ ਕਿਹਾ ਸੀ । ਮੈਂ ਵੀ ਸੋਚਿਆ ਕਿ ਅਗਰ ਇਸੇ ਤਰ੍ਹਾਂ ਹੋਣਾ ਹੈ ਤਾਂ ਇਦਾਂ ਹੀ ਸਹੀ ।

ਸਰਦਾਰ ਸ਼ਸ਼ਪਾਲ ਸਿੰਘ : ਇਸ ਲਫਜ਼ ਨੂੰ ਗਿਆਨੀ ਜ਼ੈਲ ਸਿੰਘ ਹੋਰਾਂ ਤੋਂ ਸਪੱਸ਼ਟ ਕਰਾ ਲਓ । (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਲਾ ਐਂਡ ਆਰਡਰ ਬਾਰੇ ਅਰਜ਼ ਕਰ ਰਿਹਾ ਸੀ । ਇਥੇ ਲਾ ਐਂਡ ਆਰਡਰ ਇਤਨਾ ਹੈ ਕਿ ਇਸ ਦੇ ਖਿਲਾਫ਼ ਪਰੋਟੈਸਟ ਕਰਦਿਆਂ ਹੋਇਆ ਸਰਦਾਰ ਰਾਜਾ ਸਿੰਘ ਜੋ ਟਰੈਯਰੀ ਬੈਂਚਿਜ਼ ਤੇ ਬੈਠਦੇ ਹਨ ਨੂੰ ਵਾਕ ਆਊਟ ਕਰਨਾ ਪਿਆ । ਇਨ੍ਹਾਂ ਦੀ ਹਕੂਮਤ ਵਿਚ ਲਾ ਐਂਡ ਆਰਡਰ ਤਾਂ ਰਿਹਾ ਹੀ ਨਹੀਂ, ਅਗਰ ਕੁਝ ਰਿਹਾ ਹੈ ਤਾਂ ਬਸ ਦਫ਼ਾ 107/151 ਹੈ ਜੋ ਜਿਸਤੇ ਜੀ ਕਰਦਾ ਹੈ ਲਾਗੂ ਕਰ ਦਿੰਦੇ ਹਨ । (ਵਿਘਨ) ਇਨ੍ਹਾਂ

[ਸਰਦਾਰ ਸੁਰਜੀਤ ਸਿੰਘ ਅਟਵਾਲ]

ਦੇ ਗੁਰੂ ਸਰਦਾਰ ਗੁਰਨਾਮ ਸਿੰਘ ਨੇ ਇਸ ਦਾ ਸਿਲਸਿਲਾ ਸ਼ੁਰੂ ਕੀਤਾ ਸੀ ਅਤੇ ਇਹ ਫਾਲੋ ਕਰਦੇ ਜਾ ਰਹੇ ਹਨ । ਸਾਰੇ ਦੇ ਸਾਰੇ ਹੀ ਵਜ਼ੀਰ ਇਸ ਦਫਾ ਨੂੰ ਲਾਗੂ ਕਰਨ ਦੇ ਹੁਕਮ ਦਿੰਦੇ ਹਨ......

ਮਾਲ ਮੰਤਰੀ : ਤੁਸੀਂ ਪੰਜਾਬੀ ਸੂਬਾ ਲਹਿਰ ਵਿਚ 60,000 ਬੰਦਿਆਂ ਤੇ ਇਹ ਦਫਾ ਲਾਈ ਸੀ . .।(ਵਿਘਨ)

ਸ੍ਰੀ ਸਪੀਕਰ : ਤੁਹਾਨੂੰ ਬੋਲਦਿਆਂ ਨੂੰ 25 ਮਿੰਟ ਹੋ ਗਏ ਹਨ । (You have taken 25 minutes.)

ਸਰਦਾਰ ਸੁਰਜੀਤ ਸਿੰਘ ਅਟਵਾਲ : ਮੈਨੂੰ ਤਾਂ 5 ਮਿੰਟ ਹੀ ਮਿਲੇ ਹਨ ਬਾਕੀ ਤਾਂ ਇਹ ਤਮਾਸ਼ਾ ਹੀ ਲਾਉਂਦੇ ਰਹੇ ਹਨ.........(ਵਿਘਨ)

ਜਥੇਦਾਰ ਗੁਰਬਚਨ ਸਿੰਘ : ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ, ਇਨ੍ਹਾਂ ਦੀਆਂ ਜੇਲ੍ਹਾਂ ਬਣਾਈਆਂ ਹੋਈਆਂ ਹਨ, ਇਨ੍ਹਾਂ ਤੇ ਉਨ੍ਹਾਂ ਦੇ ਨੀਂਹ ਪੱਥਰ ਰਖੇ ਹੋਏ ਹਨ, ਅਗਰ ਨਾ ਭਰੀਏ ਤਾਂ ਮੁਸ਼ਕਲ, ਤੇ ਜੇ ਭਰੀਏ ਤਾਂ ਇਹ ਨਰਾਜ਼ ਹੁੰਦੇ ਹਨ । (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਰਦਾਰ ਸਾਹਿਬ ਨੂੰ ਤਾਂ ਰਾਤ ਦਿਨ ਜੇਲ੍ਹਾਂ ਹੀ ਨਜ਼ਰ ਆਉਂਦੀਆਂ ਹਨ ਤਾਕਿ ਲੋਕਾਂ ਨੂੰ ਫੜ ਫੜ ਅੰਦਰ ਕੀਤਾ ਜਾਵੇ ।

ਸ੍ਰੀ ਸਪੀਕਰ : ਆਪ ਦਾ ਜ਼ਰੂਰ ਖਿਆਲ ਰਖਣਗੇ ।(ਹਾਸਾ) (He will surely keep you in mind.)

ਸਰਦਾਰ ਸੁਰਜੀਤ ਸਿੰਘ ਅਟਵਾਲ : ਬੜਾ ਰਖਦੇ ਹਨ । ਮੈਂ ਲਾ ਐਂਡ ਆਰਡਰ ਦੀ ਹਾਲਤ ਬਾਰੇ ਅਰਜ਼ ਕਰ ਰਿਹਾ ਸੀ। ਇਸ ਨੂੰ ਦੇਖ ਕੇ ਤਾਂ ਗੁਰੂ ਨਾਨਕ ਦੇਵ ਜੀ ਵੀ ਕਹਿੰਦੇ ਹੋਣੇ ਨੇ ਕਿ ਇਨ੍ਹਾਂ ਨੂੰ ਰਾਜ ਦੇ ਕੇ ਗਲਤੀ ਕੀਤੀ । ਇਹ ਕਹਿੰਦੇ ਹਨ ਕਿ ਸਿਖਾਂ ਨੂੰ ਇਹ ਕੁਝ ਮਿਲਣਾ ਚਾਹੀਦਾ ਹੈ ਪਰ ਇਨ੍ਹਾਂ ਦੇ ਚੰਗੇ ਰਾਜ ਦਾ ਨਮੂਨਾ ਇਹ ਹੈ ਕਿ ਇਸ ਰਾਜ ਵਿਚ ਤਾਂ ਲਾ ਐਂਡ ਆਰਡਰ ਦੀ ਮਿੱਟੀ ਪਲੀਤ ਹੋ ਰਹੀ ਹੈ ।......(ਵਿਘਨ)

ਸ੍ਰੀ ਸਪੀਕਰ : ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਦੇ ਨਾਂ ਹਕੂਮਤ ਦਾ ਫੁਰਮਾਨ ਜਾਰੀ ਕੀਤਾ ਸੀ ? (Did Guru Nanak issue any Command bestowing Government on the Sikhs ?)

ਸਰਦਾਰ ਸੁਰਜੀਤ ਸਿੰਘ ਅਟਵਾਲ : ਇਹ ਕਹਿੰਦੇ ਹਨ ਕਿ ਹਕੂਮਤ ਇਨ੍ਹਾਂ ਨੂੰ ਅਰਦਾਸ ਨਾਲ ਮਿਲੀ ਹੈ । (ਵਿਘਨ) ਮੈਂ ਸਿਖ ਜ਼ਰੂਰ ਹਾਂ ਪਰ ਇਸ ਤਰ੍ਹਾਂ ਦੀ ਹਕੂਮੱਤ ਦੇ ਨਾਲ ਨਹੀਂ ਚਲ ਸਕਦਾ । ਜਿਸ ਤਰ੍ਹਾਂ ਦੀ ਇਹ ਬੈਠੀ ਹੈ ।

ਫੇਰ ਸਪੀਕਰ ਸਾਹਿਬ ਬਜਟ ਪੇਸ਼ ਕਰਦਿਆਂ, ਅਸਾਡੇ ਵਿੱਤ ਮੰਤਰੀ ਸਾਹਿਬ ਨੇ ਇਹ ਕਿਹਾ ਕਿ ਜਿੰਨੀਆਂ ਵੀ ਅਸੀਂ ਚੰਗੀਆਂ ਗੱਲਾਂ ਇਸ ਵਿਚ ਪੇਸ਼ ਕੀਤੀਆਂ ਹਨ ਇਹ ਸਾਰੀਆਂ ਹੀ ਲੋਕਾਂ ਦੀ ਭਲਾਈ ਲਈ ਹਨ । ਇਨ੍ਹਾਂ ਨੂੰ ਸਟੇਟ ਦੇ ਗਰੀਬ ਲੋਕਾਂ ਦਾ ਬਹੁਤ ਫਿਕਰ ਹੈ ਅਤੇ ਫਿਰ ਇਨ੍ਹਾਂ ਨੇ ਕਝ ਅੰਕੜੇ ਵੀ ਪੇਸ਼ ਕੀਤੇ ਹਨ । ਬਾਜੀ ਸਾਹਿਬ ਦੇ ਵਿਭਾਗ ਬਿਜਲੀ ਵਲੋਂ ਵੀ ਆਂਕੜੇ ਆਏ

ਹਨ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਹ ਤਾਂ ਵੇਖ ਲਿਆ ਕਰਨ ਕਿ ਇਹ ਕੀ ਫਿਗਰਜ਼ ਪੇਸ਼ ਕਰ ਰਹੇ ਹਨ ਅਤੇ ਕਿਸ ਤਰ੍ਹਾਂ ਦੀਆਂ ਫਿਗਰਜ਼ ਇਸ ਵਿਚ ਹਨ । ਇਕ ਦੂਜੇ ਨਾਲ ਮੇਲ ਹੀ ਨਹੀਂ ਖਾਂਦੀਆਂ । ਬਿਜਲੀ ਦੀ ਪੰਜਾਬ ਦੀ ਲੋੜ ਬਾਰੇ ਵਿੱਤ ਮੰਤਰੀ ਸਾਹਿਬ ਨੇ ਫਿਗਰਜ਼ ਦਿਤੀਆਂ ਹਨ ਕਿ ਇੰਨੀ ਪੰਜਾਬ ਨੂੰ ਲੋੜ ਹੋਵੇਗੀ ਅਤੇ ਇੰਨੀ ਅਸਾਡੇ ਪਾਸ ਹੈ । ਵਿੱਤ ਮੰਤਰੀ ਸਾਹਿਬ ਨੇ ਆਪਣੀ ਬਜਟ ਸਪੀਚ ਦੇ ਪੰਨਾ 24 ਤੇ ਇਹ ਕਿਹਾ ਸੀ ਕਿ

"ਇਸ ਸਮੇਂ ਪੰਜਾਬ ਵਿਚ ਕੇਵਲ 184 ਮੈਗਾਵਾਟ ਬਿਜਲੀ ਪ੍ਰਾਪਤ ਹੈ ਜਦੋਂ ਕਿ ਸਾਡੀ ਲੋੜ 502 ਮੈਗਾਵਾਟ ਹੈ । ਇਸ ਤਰ੍ਹਾਂ 318 ਮੈਗਾਵਾਟ ਦੀ ਕਮੀ ਰਹਿ ਜਾਂਦੀ ਹੈ"।

ਅਤੇ ਇਸੇ ਹੀ ਸਬੰਧ ਵਿਚ ਪੰਜਾਬ ਆਨ ਦੀ ਮਾਰਚ ਵਿਚ ਇਨ੍ਹਾਂ ਨੇ ਫਿਗਰਜ਼ ਦਿੱਤੀਆਂ ਹੋਈਆਂ ਹਨ । ਪਾਵਰ ਹੈਡ ਥਲੇ ਪੰਨਾ 60 ਤੇ ਉਥੇ ਇਹ ਲਿਖਿਆ ਹੋਇਆ ਹੈ ।

"The present installed capacity available in Punjab to meet its current needs is only 300 M.W. against our firm demand of 2,000 M.W.

ਇਹ ਤੁਸੀਂ ਆਪ ਹੀ ਅੰਦਾਜ਼ਾ ਲਗਾਓ ਕਿ ਕਿਸ ਤਰ੍ਹਾਂ ਇਹ ਬਜਟ ਪੇਸ਼ ਕਰਦੇ ਹਨ ਅਤੇ ਜਿਹੜੇ ਅੰਕੜੇ ਪੇਸ਼ ਕੀਤੇ ਜਾਂਦੇ ਹਨ ਉਨ੍ਹਾਂ ਦੀ ਸੋਧ ਨਹੀਂ ਕੀਤੀ ਜਾਂਦੀ । ਇਕ ਪਾਸੇ ਤਾਂ ਹਕੂਮਤ ਇਹ ਕਹਿੰਦੀ ਹੈ ਕਿ 184 ਮੈਗਾਵਾਟ ਬਿਜਲੀ ਹੈ ਅਤੇ ਦੂਜੇ ਪਾਸੇ ਇਹ ਕਿਹਾ ਜਾਂਦਾ ਹੈ ਕਿ 300 ਮੈਗਾਵਾਟ ਹੈ ਇਸ ਤਰ੍ਹਾਂ ਇਹ ਬਜਟ ਪੇਸ਼ ਕਰਕੇ ਲੋਕਾਂ ਨੂੰ ਭੁਲੇਖਾ ਪਾਂਦੇ ਹਨ । ਜੇਕਰ ਆਂਕੜਿਆਂ ਦੀ ਇਹ ਹਾਲਤ ਏ ਤਾਂ ਬਿਜਲੀ ਦਾ ਕੀ ਹਾਲ ਹੋਵੇਗਾ ।

ਫਿਰ ਕੋਈ ਗੱਲ ਮਾੜੀ ਹੋਵੇ ਤਾਂ ਇਹ ਕਿਹਾ ਜਾਂਦਾ ਹੈ ਕਿ ਦਿੱਲੀ ਦੀ ਸਰਕਾਰ ਮਾੜੀ ਹੈ ਪਰ ਇਹ ਆਪਣੀ ਗਲਤੀ ਕਦੇ ਨਹੀਂ ਮੰਨਦੇ । ਦਿੱਲੀ ਦੀ ਸਰਕਾਰ ਨੂੰ ਕੋਸਦੇ ਹਨ (ਵਿਘਨ)

ਸ਼੍ਰੀ ਸਪੀਕਰ : ਤੁਸੀਂ ਤਾਂ ਆਪ ਇਨਜੀਨਿਰਿੰਗ ਠੇਕੇਦਾਰ ਹੋ ਅਜਿਹੀ ਗੱਲ ਤਾਂ ਆਪ ਹੀ ਫੜ੍ਹ ਸਕਦੇ ਹੋ । (ਹਾਸਾ) (The hon. Member is himself an engineering contractor and only he can detect such discrepancies.)

ਸਰਦਾਰ ਸੁਰਜੀਤ ਸਿੰਘ ਅਟਵਾਲ : ਮੈਂ ਇਹ ਗੱਲ ਇਨ੍ਹਾਂ ਸਾਰੀਆਂ ਫਿਗਰਜ਼ ਨੂੰ ਪੜ੍ਹ ਕੇ ਹੀ ਕਰ ਰਿਹਾ ਹਾਂ । ਇਹ ਇਸ ਗੱਲ ਦਾ ਕਰੈਡਿਟ ਲੈਣਾ ਚਾਹੁੰਦੇ ਹਨ ਕਿ ਪੰਜਾਬ ਦੇ ਭਲੇ ਦੀ ਗੱਲ ਸਿਰਫ਼ ਇਹੀ ਸੋਚਦੇ ਹਨ ਹੋਰ ਕੋਈ ਨਹੀਂ ਸੋਚ ਸਕਦਾ ਪਰ ਇਹ ਆਪਣਾ ਕੇਸ ਵੀ ਚੰਗੀ ਤਰ੍ਹਾਂ ਨਾਲ ਤਿਆਰ ਨਹੀਂ ਕਰ ਸਕਦੇ । ਜੇਕਰ ਕਿਸੇ ਨੂੰ ਜਾਕੇ ਕਹਿਣਾ ਹੋਵੇ ਤਾਂ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ ਜਦ ਕਿ ਇਨ੍ਹਾਂ ਦੇ ਆਪਣੇ ਹੀ ਆਂਕੜੇ ਹੀ ਗਲਤ ਹੋਣ । (ਵਿਘਨ)

Mr. Speaker : Please wind up now.

ਸਰਦਾਰ ਸੁਰਜੀਤ ਸਿੰਘ ਅਟਵਾਲ : ਮੈਂ ਦੋ ਚਾਰ ਮਿੰਟ ਹੋਰ ਲਵਾਂਗਾ । ਮੈਂ ਇਹ ਅਰਜ਼ ਕਰਦਾ ਹਾਂ ਕਿ ਜੇਕਰ ਇਹ ਕੋਈ ਚੀਜ਼ ਜਿਹੜੀ ਕਿ ਪੰਜਾਬ ਲਈ ਜ਼ਰੂਰੀ ਹੈ ਸਹੀ ਤੌਰ ਤੇ ਤਿਆਰ ਕਰਕੇ ਲਿਆਉਣ ਤਾਂ ਅਸੀਂ ਆਪ ਇਨ੍ਹਾਂ ਦੇ ਨਾਲ ਸ਼ਾਨਾ-ਬ-ਸ਼ਾਨਾ ਜਾ ਕੇ ਸੈਂਟਰ ਦੀ ਸਰਕਾਰ ਤੋਂ ਮੰਗ ਕਰਨ ਨੂੰ ਤਿਆਰ ਹਾਂ ਅਤੇ ਅਸਾਡੀ ਪਾਰਟੀ ਇਨ੍ਹਾਂ ਦੇ ਨਾਲ ਹੋਵੇਗੀ ਪਰ ਇਸ ਤਰੀਕੇ ਨਾਲ ਨਹੀਂ ਕਿ ਫਿਗਰਜ਼ ਹੀ ਗਲਤ ਦਿਤੀਆਂ ਜਾਣ । ਇਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਇਨ੍ਹਾਂ ਪਾਸ ਹੈ ਕੀ ਅਤੇ ਮੰਗਣ ਕੀ ਜਾਣਾ ਹੈ । (ਵਿਘਨ)

[ਸਰਦਾਰ ਸੁਰਜੀਤ ਸਿੰਘ ਅਟਵਾਲ]

(**ਕੈਪਟਨ ਰਤਨ ਸਿੰਘ** : ਇਨ੍ਹਾਂ ਦਾ ਕੰਮ ਵਾਹਿਗੁਰੂ ਦੇ ਆਸਰੇ ਚਲਦਾ ਹੈ ।) (ਹਾਸਾ)

ਫਿਰ ਇਥੇ ਸਪੀਕਰ ਸਾਹਿਬ, ਇਨ੍ਹਾਂ ਨੇ ਟਿਯੂਬਵੈਲ ਕਾਰਪੋਰੇਸ਼ਨ ਦੇ ਬਾਰੇ ਵਿਚ ਜ਼ਿਕਰ ਕੀਤਾ ਹੈ । ਇਸ ਦੇ ਬਾਰੇ ਵਿਚ ਮੈਨੂੰ ਜਾਤੀ ਤਜਰਬਾ ਹੈ ਕਿ ਇਹ ਕੀ ਕਰਦੇ ਹਨ । ਮੈਨੂੰ ਪਾਣੀ ਨਹੀਂ ਸੀ ਮਿਲਦਾ ਤੇ ਬਿਜਲੀ ਵੀ ਨਹੀਂ ਸੀ ਮਿਲ ਰਹੀ । ਸੋ ਮੈਂ ਡੀਜ਼ਲ ਇੰਜਨ ਲੈ ਆਂਦਾ ਅਤੇ ਇਨ੍ਹਾਂ ਨੂੰ ਕਿਹਾ ਕਿ ਟਿਯੂਬਵੈਲ ਬੋਰ ਕਰ ਦਿਓ ਪਰ ਇਹ ਕਹਿ ਕੇ ਮੈਂ ਇਸ ਕਾਰਪੋਰੇਸ਼ਨ ਪਾਸ ਫਸ ਗਿਆ । ਤਿੰਨਾਂ ਮਹੀਨਿਆਂ ਵਿਚ ਇਹ ਸਿਰਫ 20 ਫੁਟ ਬੋਰ ਕਰ ਸਕੇ । ਇਹ ਹਾਲਤ ਹੈ ਇਸ ਕਾਰਪੋਰੇਸ਼ਨ ਦੀ । ਕਹਿ ਇਹ ਦਿਤਾ ਜਾਂਦਾ ਹੈ ਕਿ ਹਜ਼ਾਰਾਂ ਹੀ ਟਿਯੂਬਵੈਲ ਲਗਾਏ ਜਾਣਗੇ ਪਰ ਕਿਸ ਤਰ੍ਹਾਂ ਲਗ ਜਾਣਗੇ ਜੇਕਰ ਇਹ ਹਾਲਤ ਹੈ ਇਨ੍ਹਾਂ ਦੇ ਕੰਮ ਦੀ । (ਵਿਘਨ) ਇਸ ਲਈ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਕੁਝ ਤਾਂ ਲੋਕਾਂ ਨੂੰ ਸਹੀ ਦਸੋ, ਇਸ ਤਰ੍ਹਾਂ ਗਲਤ ਫਿਗਰਜ਼ ਦੇ ਕੇ ਉਨ੍ਹਾਂ ਨੂੰ ਧੋਖਾ ਨਾ ਦਿਓ । (ਵਿਘਨ)

Mr. Speaker : The strata of your land must be abnormal.

ਕੈਪਟਨ ਰਤਨ ਸਿੰਘ : ਤੁਹਾਡੀ ਜ਼ਮੀਨ ਦਾ ਸਟ੍ਰਾਟਾ ਤਾਂ ਬਹੁਤ ਚੰਗਾ ਹੈ, ਤੁਸੀਂ ਖ਼ੁਸ਼ਕਿਸਮਤ ਹੋ ।

ਸਰਦਾਰ ਸੁਰਜੀਤ ਸਿੰਘ ਅਟਵਾਲ : ਫਿਰ ਸਪੀਕਰ ਸਾਹਿਬ ਇਨ੍ਹਾਂ ਨੇ ਇਥੇ ਮਾਡਲ ਗ੍ਰਾਮ ਬਣਾਨ ਦਾ ਜ਼ਿਕਰ ਕੀਤਾ ਹੈ ਕਿ ਇਹ ਪਿੰਡਾਂ ਦੀ ਡਿਵੈਲਪਮੈਂਟ ਕਰ ਰਹੇ ਹਨ ਉਥੇ ਇਨ੍ਹਾਂ ਨੂੰ ਮੈ ਇਹ ਕਹਾਂਗਾ ਕਿ ਪਿੰਡ ਨੂੰ ਘਟ ਤੋਂ ਘੱਟ 3 ਲੱਖ ਰੁਪਿਆ ਚਾਹੀਦਾ ਹੈ । ਇਕ ਲੱਖ ਨਾਲ ਤਾਂ ਕੋਈ ਪਿੰਡ ਪੂਰੀ ਤਰ੍ਹਾਂ ਡਿਵੈਲਪ ਨਹੀਂ ਹੋ ਸਕਦਾ । ਫਿਰ ਜਿਹੜਾ ਇਕ ਲੱਖ ਦੇਣਾ ਹੈ ਉਸ ਵਿਚੋਂ ਵੀ 50 ਤੋਂ ਜ਼ਿਆਦਾ ਡਿਵੈਲਪਮੈਂਟ ਤੇ ਖਰਚ ਨਹੀਂ ਹੋਣਾ ਕਿਉਂਕਿ ਬਾਕੀ ਦਾ ਖਰਚ ਐਡਮਨਿਸਟਰੇਸ਼ਨ ਤੇ ਲਗ ਜਾਣਾ ਹੈ ਜਿਹੜਾ ਕਿ ਇਸ ਰਕਮ ਵਿਚ ਇਨ੍ਹਾਂ ਨੇ ਸ਼ਾਮਿਲ ਕੀਤਾ ਹੋਇਆ ਹੈ । (ਵਿਘਨ)

(**ਅਵਾਜ਼** : ਅਧੋ ਅਧ ਸਵਾਹਾ ਹੋ ਜਾਣਾ ਹੈ) (ਹਾਸਾ)

ਸ੍ਰੀ ਸਪੀਕਰ : ਤੁਸੀਂ ਹੋਰ ਪੈਸੇ ਸੈਂਟਰ ਤੋਂ ਇਨ੍ਹਾਂ ਨੂੰ ਲਿਆ ਦਿਓ ਇਹ ਹੋਰ ਖਰਚ ਕਰ ਦੇਣਗੇ । (The hon. Member may procure for them more funds from the Centre, so that they may spend more on Model Village scheme.)

ਸਰਦਾਰ ਸੁਰਜੀਤ ਸਿੰਘ ਅਟਵਾਲ : ਮੈਂ ਤਾਂ ਇਹ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਸਹੀ ਫਿਗਰਜ਼ ਦੇਣੀਆਂ ਚਾਹੀਦੀਆਂ ਹਨ ਅਤੇ ਰਕਮ ਵੀ ਸਹੀ ਰਖਣੀ ਚਾਹੀਦੀ ਹੈ ਤਾਂ ਕਿ ਕੰਮ ਠੀਕ ਤਰੀਕੇ ਨਾਲ ਪੂਰਾ ਕੀਤਾ ਜਾ ਸਕੇ ਅਤੇ ਪਿੰਡਾਂ ਦੀ ਨੁਹਾਰ ਨੂੰ ਸੰਵਾਰਿਆ ਜਾ ਸਕੇ । (ਵਿਘਨ) ਮੈਂ ਬਾਸੀ ਸਾਹਿਬ ਨੂੰ ਕਹਾਂ

(ਇਸ ਸਮੇਂ ਹਾਊਸ ਵਿਚ ਬਿਜਲੀ ਬੰਦ ਹੋ ਗਈ ।) (ਵਿਘਨ)

ਚੌਧਰੀ ਜਗਤ ਰਾਮ : ਬੋਲੇ ਸੋ ਨਿਹਾਲ । (ਵਿਘਨ) ਹੋਰ ਲਓ ਬਾਸੀ ਸਾਹਿਬ ਦਾ ਨਾਮ

Mr. Speaker : Order please.

ਸਰਦਾਰ ਸੁਰਜੀਤ ਸਿੰਘ ਅਟਵਾਲ : ਬਾਸੀ ਸਾਹਿਬ ਨੇ ਕਿਹਾ ਹੈ ਕਿ ਸੜਕਾਂ ਲਈ ਰਕਮ ਰਖੀ ਗਈ ਹੈ, ਪਰ ਕਿੰਨੇ ਅਫਸੋਸ ਦੀ ਗੱਲ ਹੈ ਕਿ ਸੜਕਾਂ ਖਾਸ ਇਲਾਕੇ ਵਿਚ ਦਿਤੀਆਂ ਜਾ ਰਹੀਆਂ ਹਨ । ਫਿਰ ਇਨ੍ਹਾਂ ਦਾ ਪ੍ਰੋਗਰਾਮ ਜਿਸ ਤਰ੍ਹਾਂ ਬਣਾਇਆ ਜਾਂਦਾ ਹੈ ਅਤੇ ਜਿਵੇਂ ਉਸ ਉਤੇ ਅਮਲ ਕੀਤਾ ਜਾਂਦਾ ਹੈ ਇਹ ਆਪ ਦੇ ਸਾਹਮਣੇ ਹੈ । ਮਾਡਲ ਵਿਲੇਜ ਸਕੀਮ ਅਧੀਨ ਕੰਮ ਆਪ ਦੇ ਸਾਹਮਣੇ ਹੈ ਜਿਸ ਤਰ੍ਹਾਂ ਕਿ ਇਹ ਕੀਤਾ ਗਿਆ ਹੈ । ਡਕਾਲਾ ਇਲੈਕਸ਼ਨ ਸੀ ਤਾਂ ਇਨ੍ਹਾਂ ਨੇ ਇੱਟਾਂ ਸੁਟਾਣੀਆਂ ਸ਼ੁਰੂ ਕਰ ਦਿਤੀਆਂ ਅਤੇ ਕਿਸ ਕਿਸਮ ਦੀਆਂ ਸਿੱਟੀਆਂ ਮੈਂ ਇਸ ਦੇ ਬਾਰੇ ਵਿਚ ਕੁਝ ਨਹੀਂ ਕਹਿਣਾ ਚਾਹੁੰਦਾ । (ਵਿਘਨ)

ਸ਼੍ਰੀ ਸਪੀਕਰ : ਇਹ ਕਿਧਰੇ ਪਰੋਫੈਸ਼ਨਲ ਜੈਲੇਸੀ ਤਾਂ ਨਹੀਂ ਠੇਕੇਦਾਰਾਂ ਦੀ ? (ਹਾਸਾ) (Is it not the professional jealousy of contractors ?)

ਸਰਦਾਰ ਸੁਰਜੀਤ ਸਿੰਘ ਅਟਵਾਲ : ਡਕਾਲੇ ਦੀ ਇਲੈਕਸ਼ਨ ਵਿਚ ਇਹ ਹੁਕਮ ਦਿਤਾ ਗਿਆ ਕਿ 200 ਮੀਲ ਲੰਬੀਆਂ ਸੜਕਾਂ ਤਿਆਰ ਕੀਤੀਆਂ ਜਾਣ ਅਤੇ ਫਿਰ ਇੱਟਾਂ ਸੁੱਟ ਦਿਤੀਆਂ ਗਈਆਂ ਪਰ ਜਦ ਇਲੈਕਸ਼ਨ ਦਾ ਰੀਜ਼ਲਟ ਆ ਗਿਆ ਤਾਂ ਫਿਰ ਚੁਕਣੀਆਂ ਸ਼ੁਰੂ ਕਰ ਦਿਤੀਆਂ । (ਵਿਘਨ)

ਸ਼੍ਰੀ ਸਪੀਕਰ : ਤੁਸੀਂ ਬਿਲਕੁਲ ਨਾ ਚੁਕਣ ਦਿਓ । (ਹਾਸਾ) (ਵਿਘਨ) (Do not let them lift the bricks back.)

ਸਰਦਾਰ ਸਤੂ ਸਿੰਘ : ਇਨ੍ਹਾਂ ਇੱਟਾਂ ਚੁਕੀਆਂ ਨੇ, ਇਨ੍ਹਾਂ ਨੂੰ ਰਬ ਚੁਕੇ (ਹਾਸਾ)

ਸਰਦਾਰ ਸੁਰਜੀਤ ਸਿੰਘ ਅਟਵਾਲ : ਇਨ੍ਹਾਂ ਨੇ ਪਿੰਡਾਂ ਵਿਚ ਲਿੰਕ ਰੋਡਜ਼ ਬਣਾਨ ਦੇ ਬਾਰੇ ਵਿਚ ਇਲਾਨ ਕੀਤਾ ਕਿ ਪਿੰਡਾਂ ਨੂੰ ਲਿੰਕ ਰੋਡਜ਼ ਨਾਲ ਮਿਲਾ ਦਿਤਾ ਜਾਵੇਗਾ ਪਰ ਇਸ ਤੇ ਅਮਲ ਕੀ ਹੋਇਆ ? ਉਥੇ ਇਹ ਰੋਲਰ ਹੀ ਨਹੀਂ ਭੇਜਦੇ । ਸਰਦਾਰ ਬਲਵੰਤ ਸਿੰਘ ਕਹਿੰਦੇ ਹਨ ਕਿ ਪੈਸੇ ਹੀ ਨਹੀਂ ਹਨ । ਫਿਰ ਇਨ੍ਹਾਂ ਨੂੰ ਕਿਹਾ ਗਿਆ ਕਿ ਜੇਕਰ ਪੈਸੇ ਹੀ ਨਹੀਂ ਤਾਂ ਇਹ ਸੜਕਾਂ ਕਿਥੋਂ ਬਣਾਓਗੇ ਤੁਸੀਂ ਇਨ੍ਹਾਂ ਦੇ ਖਰਚ ਨੂੰ ਘਟਾਓ ਫਿਰ ਇਨ੍ਹਾਂ ਇਹ ਹੁਕਮ ਦਿਤਾ ਕਿ ਇਨ੍ਹਾਂ ਸੜਕਾਂ ਦੀਆਂ ਸਪੈਸੀਫਿਕੇਸ਼ਨਾਂ ਨਵੀਆਂ ਤਿਆਰ ਕੀਤੀਆਂ ਜਾਣ । ਇਨਜੀਨੀਅਰਾਂ ਨੇ ਨਵੀਆਂ ਸਪੈਸਿਫਿਕੇਸ਼ਨਾਂ ਤਿਆਰ ਕਰ ਦਿਤੀਆਂ ਅਤੇ ਕੀਮਤਾਂ ਘਟਾ ਦਿਤੀਆਂ ਤਾਂ ਕਿ ਖਰਚਾ ਘਟ ਹੋਵੇ ਪਰ ਨਾਲ ਹੀ ਇਹ ਕਹਿ ਦਿਤਾ ਕਿ ਇਸ ਤਰ੍ਹਾਂ ਬਣਾਈਆ ਸੜਕਾਂ ਤਿੰਨ ਸਾਲ ਤਕ ਚਲ ਸਕਦੀਆਂ ਹਨ । ਤੁਸੀਂ ਸਪੀਕਰ ਸਾਹਿਬ ਸੋਚੋ ਕਿ ਜੇਕਰ ਇਨ੍ਹਾਂ ਸੜਕਾਂ ਨੂੰ ਤਿੰਨਾਂ ਸਾਲਾਂ ਬਾਦ ਨਵੇਂ ਸਿਰੇ ਤੋਂ ਬਨਾਣਾਂ ਪਿਆ ਤਾਂ ਇਨ੍ਹਾਂ ਤੇ ਕਿੰਨਾਂ ਖਰਚਾ ਆਵੇਗਾ । ਇਹ ਬਾਸੀ ਸਾਹਿਬ ਦਾ ਮਹਿਕਮਾ ਹੈ ਇਸ ਪਾਸੇ ਸ਼ਾਇਦ ਆਪ ਧਿਆਨ ਭੀ ਰਖਦੇ ਹਨ ਪਰ ਪਤਾ ਨਹੀਂ ਇਹ ਕਿਸ ਤਰ੍ਹਾਂ ਇਸ ਢੰਗ ਨਾਲ ਸੜਕਾਂ ਤਿਆਰ ਕਰਨਗੇ ਇਨ੍ਹਾਂ ਮਾਡਲ ਗ੍ਰਾਮ ਕਿਸ ਤਰ੍ਹਾਂ ਬਣਾ ਲੈਣੇ ਹਨ ਇਕ ਲਖ ਰੁਪਏ ਨਾਲ, ਜਦ ਕਿ ਘਟੋ ਘਟ ਤਿੰਨ ਲਖ ਚਾਹੀਦਾ ਹੈ ।

Mr. Speaker : Please wind up now.

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਦੋ ਚੀਜ਼ਾਂ ਹੋਰ ਕਹਿਣੀਆਂ ਹਨ । ਇਕ ਗੱਲ ਤਾਂ ਇਹ ਕਿ ਸਰਕਾਰ ਹਰੀਜਨਾਂ ਨੂੰ ਵੀ ਖ਼ੁਸ਼ ਨਹੀਂ ਕਰ ਸੰਕੀ,ਇਥੇ ਇਕ ਅਕਾਲੀ ਮੈਂਬਰ

[ਸਰਦਾਰ ਸੁਰਜੀਤ ਸਿੰਘ ਅਟਵਾਲ]

ਪਾਂਧੀ ਜੀ ਨੇ ਬੋਲਦਿਆਂ ਕਿਹਾ ਕਿ ਧੀਰੋ ਕੀ ਮਾਜ਼ਰੀ ਦੀਆਂ ਇਹ ਪੱਕੀਆਂ ਸੜਕਾਂ ਤੱਕ ਵੀ ਨਹੀਂ ਬਣਾ ਸਕੇ । ਪਰ ਜਦੋਂ ਡਕਾਲੇ ਦੀਆਂ ਚੋਣਾਂ ਆਈਆਂ ਤਾਂ ਓਥੋਂ ਦੀਆਂ ਸੜਕਾਂ ਵੀ ਪੱਕੀਆਂ ਹੋ ਗਈਆਂ ਅਤੇ ਹੋਰ ਵੀ ਉਥੋਂ ਦੇ ਕੰਮ ਹੋਏ ।

ਦੂਸਰੀ ਗੱਲ ਜੋ ਮੈਂ ਕਹਿਣੀ ਹੈ, ਉਹ ਇਹ ਕਿ ਮੇਰੀ ਇਕ ਪਰੋਪੋਜ਼ਲ ਹੈ । ਇਕ ਤਾਂ ਇਹ ਕਿ ਪੰਜਾਬ ਰੋਡਵੇਜ਼ ਨੂੰ ਪ੍ਰਾਈਵੇਟ ਸੈਕਟਰ ਦੇ ਵਿਚ ਹੁਣ ਰੱਖਣ ਦੀ ਜ਼ਰੂਰਤ ਨਹੀਂ ਹੈ । ਇਸ ਨੂੰ ਨੈਸ਼ਨਲਾਈਜ਼ ਕੀਤਾ ਜਾਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਉਹ ਤਾਂ ਅਗੇ ਹੀ ਨੈਸ਼ਨੇਲਾਈਜ਼ਡ ਹਨ । (Punjab Roadways is already nationalised.)

ਸਰਦਾਰ ਸੁਰਜੀਤ ਸਿੰਘ ਅਟਵਾਲ : ਪੰਜਾਬ ਰੋਡਵੇਜ਼ ਦੇ ਵਰਕਰਜ਼ ਨੂੰ ਪ੍ਰਾਫਿਟ ਦੇ ਵਿਚ ਸ਼ੇਅਰਹੋਲਡਰਜ਼ ਬਣਾਉਣਾ ਚਾਹੀਦਾ ਹੈ ਤਾਂ ਜੋ ਉਹ ਹੋਰ ਦਿਲਚਸਪੀ ਅਤੇ ਜ਼ੁਮੇਵਾਰੀ ਨਾਲ ਕੰਮ ਕਰਨ ਇਹ ਵੀ ਮੈਂ ਦਸ ਦਿਆਂ, ਪੰਜਾਬ ਰੋਡਵੇਜ਼ ਨੂੰ 8 ਕਰੋੜ ਰੁਪਿਆ ਦੇਣ ਤੇ ਮਹਿਜ਼ 43 ਹਜ਼ਾਰ ਦੀ ਰੀਟਰਨ ਆਈ ਹੈ ਜਿਥੇ ਕਿ ਹਰਿਆਣਾ ਰੋਡਵੇਜ਼ ਨੇ 5 ਕਰੋੜ ਦੇ ਨਾਲ 2 ਕਰੋੜ ਰੁਪਿਆ ਕਮਾਇਆ ਹੈ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਇਨ੍ਹਾਂ ਦਾ ਜੋ ਸਿਸਟਮ ਹੈ ਉਹ ਠੀਕ ਨਹੀਂ,ਇਕ ਗੱਲ ਮੈਂ ਮਾਨ ਯੋਗ ਫਾਰੈਸਟ ਮਨਿਸਟਰ ਸਾਹਿਬ ਦੀ ਖਿਦਮਤ ਦੇ ਵਿਚ ਵੀ ਅਰਜ਼ ਕਰਦਿਆਂ ਕਿ ਉਨ੍ਹਾਂ ਪਾਸ 8400 ਹੈਕਟੇਅਰਜ਼ ਜ਼ਮੀਨ ਫਾਰੈਸਟਸ ਦੀ ਹੈ,ਹਰੀਜਨ ਲੇਬਰ ਲਗਾ ਕਰਕੇ ਇਹ ਫਾਰੈਸਟਸ ਕਟਾਏ ਜਾਣ ਅਤੇ ਜੋ ਜੰਗਲਾਤ ਦੀ ਪਰੋਡੀਊਸ ਹੋਵੇ ਉਸ ਦੀ ਵਰਤੋਂ ਲਈ ਪੇਪਰ ਇੰਡਸਟਰੀ ਅਤੇ ਹੋਰ ਇੰਡਸਟਰੀਜ਼ ਲਗਾਈਆਂ ਜਾਣ ਅਤੇ ਜ਼ਮੀਨ ਹਰੀਜਨਾਂ ਨੂੰ ਅਲਾਟ ਕੀਤੀ ਜਾਵੇ ਤਾਂ ਜੋ ਐਗਰੀਕਲਚਰਲ ਪਰੋਡੀਊਸ ਦੇ ਵਿਚ ਵੀ ਵਾਧਾ ਹੋਵੇ ।

ਸ਼੍ਰੀ ਸਪੀਕਰ : ਆਪਣੀ ਸਪੀਚ ਖਤਮ ਕਰੋ ਜੀ and resume your seat (Please finish your speech now and resume your seat.)

ਸਰਦਾਰ ਸੁਰਜੀਤ ਸਿੰਘ ਅਟਵਾਲ : ਅਛਾ ਜੀ, ਮੈਨੂੰ ਜ਼ਰਾ ਧੰਨਵਾਦ ਕਰਨ ਦੀ ਤਾਂ ਇਜਾਜ਼ਤ ਦੇ ਦਿਉ, ਮੈਂ ਬੈਠ ਜਾਂਦਾ ਹਾਂ । ਆਖੀਰ ਵਿਚ ਮੈਂ ਧੰਨਵਾਦ ਕਰਦਾ ਹੋਇਆ ਸਾਰੇ ਮਨਿਸਟਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਜੇ ਤੁਸੀਂ ਸਿਖੀ ਅਸੂਲਾਂ ਤੇ ਚਲਣਾ ਹੈ ਅਤੇ ਦਿਲੋਂ ਇਸ ਸਟੇਟ ਦੀ ਬੇਹਤਰੀ ਚਾਹੁੰਦੇ ਹੋ ਤਾਂ ਇਕ ਦੂਜੇ ਦੀਆਂ ਲੱਤਾਂ ਨਾ ਘਸੀਟੋ । ਸਹੀ ਰਸਤੇ ਤੇ ਚਲੋ, ਇਸ ਵਿਚ ਹੀ ਸਾਰੀ ਸਟੇਟ ਦਾ ਭਲਾ ਹੈ । ਫਾਈਨੈਂਸ ਮਨਿਸਟਰ ਸਾਹਿਬ ਕਈ ਦਫਾ ਗ਼ਲਤ ਚੀਜ਼ਾਂ ਕਹਿ ਜਾਂਦੇ ਹਨ । ਸਾਰਿਆਂ ਨੂੰ ਸਹੀ ਰਸਤਾ ਇਖਤਿਆਰ ਕਰਨਾ ਚਾਹੀਦਾ ਹੈ ।

11.12 A.M. (ਇਸ ਵੇਲੇ ਸਰਦਾਰ ਸ਼ਸ਼ਪਾਲ ਸਿੰਘ ਜੀ ਸਭਾਪਤੀ ਦੀ ਕੁਰਸੀ ਤੇ ਬੈਠੇ)।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ) : ਚੇਅਰਮੈਨ ਸਾਹਿਬ, ਇਹ ਜਿਹੜਾ ਐਪਰੋ-ਪਰੀਏਸ਼ਨ ਬਿਲ ਇਸ ਵਕਤ ਹਾਊਸ ਦੇ ਸਾਹਮਣੇ ਪੇਸ਼ ਹੈ ਇਸ ਦੇ ਵਿਚ 4-5 ਮੋਟੇ ਪੁਆਇੰਟ ਹਨ ਜਿਨ੍ਹਾਂ ਦੇ ਮੁਤਾਲਿਕ ਮੈਂ ਕੁਝ ਅਰਜ਼ ਕਰਾਂਗਾ । ਇਕ ਮਦ ਤਾਂ ਇਹ ਕਿ ਰੋਡਵੇਜ਼ ਦੇ ਵਾਸਤੇ ਜਿਹੜਾ ਗੱਡੀਆਂ ਖਰੀਦਣ ਵਾਸਤੇ, ਜੀਪਾਂ ਖਰੀਦਣ ਵਾਸਤੇ ਅਤੇ ਕੁਝ ਮਨਿਸਟਰਜ਼ ਲਈ ਕਾਰਾਂ ਖਰੀਦਣ ਵਾਸਤੇ ਪੈਸਾ ਰਖਿਆ ਗਿਆ ਹੈ । ਇਸ ਤੋਂ ਇਲਾਵਾ ਕੁਝ ਪਬਲਿਕ ਵਰਕਸ ਦੇ ਕੰਮ

ਨੇ ਕੁਝ ਚੈਕ ਬੈਰੀਅਰਜ਼ ਦੇ ਖਰਚੇ ਨੇ ਕੁਝ ਸਮਾਲ ਸੇਵਿੰਗ ਦੇ ਵਿਚ ਇਨਾਮ ਦੇਣ ਵਾਸਤੇ ਰੁਪਿਆ ਰਖਿਆ ਹੈ । ਇਸੇ ਤਰ੍ਹਾਂ ਕੁਝ ਰੁਪਿਆ ਮਾਡਲ ਵਿਲੇਜ ਸਕੀਮਾਂ ਤੇ ਵੀ ਖਰਚ ਹੋਣਾ ਹੈ । ਮੈਂ ਇਨ੍ਹਾਂ ਦੀ ਬਹੁਤ ਡੀਟੇਲ ਦੇ ਵਿਚ ਨਹੀਂ ਜਾਂਦਾ ਸਿਰਫ਼ ਇਤਨਾ ਹੀ ਅਰਜ਼ ਕਰਾਂਗਾ ਕਿ ਗੌਰਮੈਂਟ ਦੇ ਕੋਲ ਜ਼ਰਾਏ ਹੁੰਦੇ ਹਨ ਅਤੇ ਉਨ੍ਹਾਂ ਦੇ ਲਈ ਮੁਖਤਲਿਫ਼ ਕੰਮ ਵੀ ਹੁੰਦੇ ਹਨ, ਪਰ ਉਨ੍ਹਾਂ ਜ਼ਰਾਏ ਨੂੰ ਵਰਤਣ ਲੱਗਿਆਂ ਮੁਖਤਲਿਫ ਨਜ਼ਰੀਆ ਅਪਨਾਇਆ ਜਾਂਦਾ ਹੈ । ਜਿਵੇਂ ਮਿਸਾਲ ਦੇ ਤੌਰ ਤੇ ਅੰਮ੍ਰਿਤਸਰ ਮਿਊਂਸਪਲ ਕਮੇਟੀ ਹੈ, ਇਥੇ ਜਨਸੰਘੀ ਕੀ ਕਰਦੇ ਹਨ ਕਿ ਉਹ ਆਪਣੇ ਹਲਕੇ ਵਿਚ ਹੀ ਸੜਕਾਂ ਬਣਾਉਂਦੇ ਹਨ । ਜੇ ਦੂਸਰੇ ਹਲਕੇ ਵਿਚ ਬਣਾਉਣ ਦਾ ਸਵਾਲ ਆਉਂਦਾ ਹੈ ਤਾਂ ਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਇਸ ਦਾ ਉਨ੍ਹਾਂ ਦੀ ਆਪਣੀ ਭਾਈਵਾਲੀ ਤੇ ਅਸਰ ਪੈਂਦਾ ਹੈ । ਮਾਡਲ ਵਿਲੇਜ਼ ਬਣਾਉਣ ਦੀ ਸਕੀਮ ਚਲੀ ਹੈ । ਪਰ ਕਈ ਥਾਵਾਂ ਤੇ ਇਸ ਤਰ੍ਹਾਂ ਹੋਇਆ ਹੈ ਕਿ ਉਥੇ ਉਦਘਾਟਨ ਹੋਏ ਹਨ, ਨੀਂਹ ਪੱਥਰ ਰਖੇ ਗਏ ਹਨ ਹੋਰ ਵੀ ਕਈ ਜਲਸੇ ਜਲੂਸਾਂ ਤੇ ਖਰਚ ਕੀਤਾ ਗਿਆ ਹੈ । ਉਨ੍ਹਾਂ ਲੋਕਾਂ ਦਾ ਕਾਫੀ ਖਰਚਾ ਵੀ ਹੋ ਗਿਆ ਹੈ ਪਰ ਇਹ ਲੋਕ ਅਜੇ ਤੱਕ ਕਿਸੇ ਸਕੀਮ ਦੇ ਪਾਇਆ-ਤਕਮੀਲ ਤੱਕ ਨਹੀਂ ਪੁਜ ਸਕੇ । ਖੁਸ਼ ਜ਼ਰੂਰ ਹਨ ਕਿ ਉਨ੍ਹਾਂ ਦੇ ਕੋਈ ਸਕੀਮ ਚਾਲੂ ਹੈ ਪਰ ਜਿਨ੍ਹਾਂ ਦੇ ਬਣਨਾ ਸੀ ਉਹ ਬਣ ਚੁਕਾ ਹੈ ਪਰ ਦੂਸਰੇ ਅਜੇ ਇੰਤਜ਼ਾਰ ਵਿਚ ਹੀ ਹਨ ਕਿ ਇਸ ਤਰ੍ਹਾਂ ਦੀ ਤਮੀਜ਼ ਨਹੀਂ ਹੋਣੀ ਚਾਹੀਦੀ । ਜਿਸ ਤਰ੍ਹਾਂ ਇਕ ਸ਼ਾਇਰ ਨੇ ਕਿਹਾ ਹੈ ਕਿ :—

ਮਹਿਫਲੇ ਆਸ਼ਕ ਮੇਂ ਸਾਕੀ ਨੇ ਖੁਦ ਕਰਦੀ ਤਮੀਜ਼,
ਜਾਮ ਭਰ ਕਰ ਕਹਿ ਦੀਆ ਤੇਰਾ, ਤੁਮਹਾਰਾ, ਆਪਕਾ ।

ਅਸੀਂ ਵੇਖਦੇ ਹਾਂ ਕਿ ਇਨ੍ਹਾਂ ਜ਼ਰਾਇਆਂ ਨੂੰ ਇਸਤੇਮਾਲ ਕਰਨ ਦੇ ਵਿਚ ਤੇਰਾ ਔਰ ਤੁਮਹਾਰਾ ਕਹਿਕੇ ਤਮੀਜ਼ ਹੋ ਰਹੀ ਹੈ ।

ਇਕ ਮੈਂ ਹੋਰ ਅਰਜ਼ ਕਰਾਂ ਕਿ ਇਥੇ ਕੁਝ ਅਫਸਰਾਂ ਦੇ ਵਾਸਤੇ ਜੀਪਾਂ 2,20,000 ਦੀਆਂ ਖਰੀਦ ਕਰਨ ਦੇ ਲਈ ਮੰਗ ਕੀਤੀ ਗਈ ਹੈ, ਇਹ ਜੀਪਾਂ ਅਲਗ ਅਲਗ ਅਫਸਰਾਂ ਨੂੰ ਦਿੱਤੀਆਂ ਜਾ ਰਹੀਆਂ ਹਨ ਅਲਗ ਅਲਗ ਡੀਪਾਰਟਮੈਂਟਸ ਦੇ ਵਾਸਤੇ, ਮੈਂ ਸਮਝਦਾ ਹਾਂ ਇਸ ਤਰ੍ਹਾਂ ਬਹੁਤ ਜ਼ਿਆਦਾ ਖਰਚ ਹੁੰਦਾ ਹੈ ਅਤੇ ਇਨ੍ਹਾਂ ਗਡੀਆਂ ਦੀ ਨਾਜਾਇਜ਼ ਵਰਤੋਂ ਵੀ ਹੁੰਦੀ ਹੈ । ਇਨ੍ਹਾਂ ਨੂੰ ਬਕਾਇਦਾ ਤੌਰ ਤੇ ਜ਼ਿਲੇਵਾਰ ਪੂਲ ਕੀਤਾ ਜਾਵੇ ਅਤੇ ਇਨ੍ਹਾਂ ਤੇ ਕੋਈ ਟਰਾਂਸਪੋਰਟ ਆਫੀਸਰ ਮੁਕਰਰ ਕੀਤਾ ਜਾਵੇ ਜਿਹੜਾ ਜ਼ਰੂਰਤ ਅਨੁਸਾਰ ਆਫੀਸਰਜ਼ ਨੂੰ ਵੇਹਕਲਜ਼ ਵੀ ਦੇਵੇ ਅਤੇ ਮੇਨਟੇਨੈਂਸ ਦਾ ਇੰਤਜ਼ਾਮ ਵੀ ਕਰੇ । ਇਸ ਤਰ੍ਹਾਂ ਸਾਰੀ ਏਜੈਂਸੀ ਨੂੰ ਚੈਨੇਲਾਈਜ਼ ਕਰਨਾ ਚਾਹੀਦਾ ਹੈ । ਜੀਪਾਂ ਹਰ ਸਾਲ ਡੀ. ਸੀ. ਅਤੇ ਉਸ ਦੇ ਸਟਾਫ ਦੇ ਵਾਸਤੇ ਖਰੀਦ ਹੁੰਦੀਆਂ ਹਨ, ਪਰ ਜੇ ਇਨ੍ਹਾਂ ਦਾ ਇਸਤੇਮਾਲ ਬਕਾਇਦਾ ਪੂਲ ਕਰਕੇ ਕੀਤਾ ਜਾਵੇ ਤਾਂ ਇਸ ਦੇ ਨਾਲ ਬਹੁਤ ਖਰਚਾ ਘੱਟ ਸਕਦਾ ਹੈ । ਪਰ ਹਾਲਾਤ ਇਹ ਹਨ ਕਿ ਕਿਸੇ ਕੰਮ ਦੇ ਵਿਚ ਇਕਾਨੋਮੀ ਲਈ ਡੀਪਾਰਟਮੈਂਟ ਖੋਲ੍ਹੇ ਨਹੀਂ ਜਾਂਦੇ । ਸਵਾਲ ਇਹ ਹੁੰਦਾ ਹੈ ਕਿ ਪਹਿਲਾਂ ਪੋਸਟ ਕਰੀਏਟ ਕਰਨੀ ਹੈ ਕਿਸੇ ਖ਼ਾਸ ਸ਼ਖਸ ਦੇ ਲਈ, ਫੇਰ ਉਸ ਦੇ ਲਈ ਅਮਲਾ ਤਿਆਰ ਕਰਨਾ ਹੁੰਦਾ ਹੈ । ਉਸ ਦੇ ਲਈ ਫੇਰ ਜ਼ਾਰਾਏ ਲਭੇ ਜਾਂਦੇ ਹਨ । ਐਸੇ ਹਾਲਾਤ ਵਿਚ ਜਿਉਂ ਜਿਉਂ ਅਫਸਰਾਂ ਦੀ ਭਰਤੀ ਹੁੰਦੀ ਹੈ ਤਾਂ ਨਾਲ ਦੀ ਨਾਲ ਉਨ੍ਹਾਂ ਦੇ ਲਈ ਫੈਸਿਲਟੀਜ਼ ਦਾ ਸਵਾਲ ਪੈਂਦਾ ਹੁੰਦਾ ਹੈ । ਇਨ੍ਹਾਂ ਹਾਲਾਤ ਦੇ ਵਿਚ ਇਕਾਨਮੀ ਦਾ ਕੋਈ ਸਵਾਲ ਹੀ ਨਹੀਂ । ਇਹ ਤਦ ਹੀ ਹੋ ਸਕਦਾ ਹੈ ਜੇ ਸਾਰਾ ਕੰਮ ਪੂਲ ਕਰਕੇ ਕੀਤਾ ਜਾਵੇ ।

ਇਸੇ ਤਰ੍ਹਾਂ ਚੈਕ ਬੈਰੀਅਰਜ਼ ਤੇ ਜਿਹੜਾ ਸਟਾਫ ਹੈ ਇਸ ਦੇ ਮੁਤਾਲਿਕ ਬਹੁਤ ਸਾਰੀਆਂ ਗੱਲਾਂ ਡੀਟੇਲ ਦੇ ਨਾਲ ਉਸ ਵੇਲੇ ਹਾਊਸ ਦੇ ਸਾਹਮਣੇ ਆਉਣਗੀਆਂ ਜਦੋਂ ਕਿ ਐਸਟੀਮੇਟਸ ਕਮੇਟੀ

[ਸਰਦਾਰ ਕਿਰਪਾਲ ਸਿੰਘ]

ਦੀ ਰਿਪੋਰਟ ਹਾਊਸ ਵਿਚ ਪੇਸ਼ ਕੀਤੀ ਜਾਵੇਗੀ । ਏਥੇ ਮੈਂ ਇਤਨਾ ਹੀ ਅਰਜ਼ ਕਰਾਂਗਾ ਕਿ ਇਕ ਪਾਸੇ ਚੁੰਗੀ ਦਾ ਸਟਾਫ ਹੈ ਜੋ ਚੈਕ ਬੈਰੀਅਰਜ਼ ਤੇ ਲਗਾ ਹੋਇਆ ਹੈ ਇਕ ਪਾਸੇ ਇਹੋ ਕਾਰਕਰਦਗੀ ਸੇਲਜ਼ ਟੈਕਸ ਦੇ ਸਟਾਫ ਦੇ ਇਨਸਪੈਕਟਰਜ਼ ਅਤੇ ਸਬ-ਇਨਸਪੈਕਟਰਜ਼ ਕਰ ਰਹੇ ਹਨ । ਇਹ ਸਾਰੀ ਦੀ ਸਾਰੀ ਦਿਹਾੜੀ ਭੌਂਕਦੇ ਫਿਰਦੇ ਰਹਿੰਦੇ ਹਨ ਪਰ ਦੋ ਤਿੰਨ ਕੇਸਿਜ਼ ਤੋਂ ਵੱਧ ਨਹੀਂ ਕਰਦੇ, ਹਰ ਵਕਤ ਇਹ ਏਜੰਟਾਂ ਦੀ ਮਾਰਫਤ ਸੌਦੇ ਬਾਜ਼ੀ ਦੇ ਵਿਚ ਲਗੇ ਰਹਿੰਦੇ ਹਨ । ਜੇ ਸੌਦਾ ਹੋ ਜਾਵੇ ਤਾਂ ਠੀਕ ਹੈ ਜੇ ਨਹੀਂ ਹੁੰਦਾ ਤਾਂ ਕੇਸ ਸਿਰੇ ਹੀ ਨਹੀਂ ਚੜ੍ਹਦਾ । ਜੇਕਰ ਸੇਲਜ਼ ਟੈਕਸ ਅਤੇ ਚੁੰਗੀ ਵਾਲਿਆਂ ਦੇ ਜ਼ਰਾਏ ਇਕੱਠੇ ਕਰਨ ਦੀ ਕੋਸ਼ਸ਼ ਕੀਤੀ ਜਾਵੇ ਤਾਂ ਇਸ ਦੇ ਨਾਲ ਜਿਹੜੀ ਟੈਕਸ ਦੀ ਚੋਰੀ ਹੋ ਰਹੀ ਹੈ ਉਹ ਸੇਫ ਹੋ ਸਕਦੀ ਹੈ । ਇਸ ਕੰਟਰੀ ਦੀ ਜੋ ਇਕਾਨੋਮੀ ਤਬਾਹ ਹੋਈ ਹੈ ਇਸ ਦਾ ਸੱਭ ਤੋਂ ਵੱਡਾ ਕਾਰਨ ਇਹ ਹੈ ਕਿ ਜਦੋਂ ਪੰਜਾਬ ਵਿਚ ਕਾਂਗਰਸੀਆਂ ਦੀ ਹਕੂਮਤ ਸੀ ਤਾਂ ਉਨ੍ਹਾਂ ਨੇ ਸ਼ਹਿਰੀ ਔਰ ਦਿਹਾਤੀ ਦੀ ਤਮੀਜ਼ ਨਾਲ ਹਕੂਮਤ ਕਰਨੀ ਚਾਹੀ, ਇਸੇ ਤਰ੍ਹਾਂ ਜਿਹੜੀਆਂ ਅਕਾਲੀ ਜਨਸੰਘ ਦੀ ਕੋਲੀਸ਼ਨ ਅਤੇ ਅਕਾਲੀਆਂ ਦੀਆਂ ਸਰਕਾਰਾਂ ਆਈਆਂ ਉਹ ਵੀ ਇਸ ਤਰ੍ਹਾਂ ਹੀ ਚਲਦੀਆਂ ਰਹੀਆਂ ਭਾਵੇਂ ਇਹ ਸਾਰੀਆ ਸਰਕਾਰਾਂ ਸ਼ਰਮਾਇਦਾਰਾਂ ਦੀ ਨੁਮਾਇੰਦਗੀ ਕਰਦੀਆਂ ਹਨ ਪਰ ਜਨਸੰਘ ਨੇ ਜੋ ਰੋਲ ਪਲੇ ਕੀਤਾ ਉਹ ਬਿਲਕੁਲ ਆਪਣੇ ਹਲਕੇ ਦੀ ਤਮੀਜ਼ ਕਰਦਿਆਂ, ਹਰ ਸੂਬੇ ਵਿਚ ਉਨ੍ਹਾਂ ਨੇ ਆਪਣੀ ਪੁਰਾਣੀ ਪਾਲੀਸੀ ਕਾਇਮ ਰਖੀ । ਕਲ ਮੇਰੇ ਵੀਰ ਟੰਡਨ ਸਾਹਿਬ ਨੇ ਜਦੋਂ ਐਪ੍ਰਪਰੀਏਸ਼ਨ ਬਿਲ ਤੇ ਭਾਸ਼ਨ ਦਿਤਾ ਤਾਂ ਉਨ੍ਹਾਂ ਨੇ ਫੇਰ ਉਹੀ ਪੁਰਾਣੀ ਸ਼ਰਾਬ ਦੀਆਂ ਬੋਤਲਾਂ ਨਵੇਂ ਲੇਵਲਾਂ ਰਾਹੀਂ ਪੇਸ਼ ਕਰਨੀਆਂ ਚਾਹੀਆਂ । ਜਿਨ੍ਹਾਂ ਗੱਲਾਂ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਉਹ ਪੰਜਾਬ ਦੀ ਜਨਤਾ ਨੂੰ ਇਸ ਗੰਦੇ ਚਿਕੜ ਵਿਚੋਂ ਨਿਕਲਣ ਨਹੀਂ ਦੇਣਾ ਚਾਹੁੰਦੇ ਸੀ ਜਿਹੜਾ ਕਿ ਬਹੁਤ ਹੀ ਜ਼ਰੂਰੀ ਹੈ । ਇਥੇ ਬੈਰੀਅਰ ਸਟਾਫ ਦੀ ਗੱਲ ਚਲ ਰਹੀ ਸੀ । ਦਰਅਸਲ ਗੱਲ ਇਹ ਹੈ ਕਿ ਜਿਹੜਾ ਸੇਲਜ਼ ਟੈਕਸ ਦਾ ਸਟਾਫ ਹੈ ਉਸਨੂੰ ਬੈਰੀਅਰ ਦੇ ਸਟਾਫ ਦੀ ਨਿਸਬਤ ਬਹੁਤ ਸਾਰੀਆਂ ਪਾਵਰਜ਼ ਹਨ । ਪਰ ਬੈਰੀਅਰ ਦੇ ਸਟਾਫ ਨੂੰ ਇਹ ਪਾਵਰ ਨਹੀਂ ਕਿ ਉਹ ਜਿਹੜੀਆਂ ਟਰਾਂਸਪੋਰਟ ਕੰਪਨੀਆਂ ਹਨ ਉਨ੍ਹਾਂ ਦੇ ਹਿਸਾਬ ਚੈਕ ਕਰ ਸਕਣ । ਜਿਨ੍ਹਾਂ ਨੂੰ ਸੇਲਜ਼ ਟੈਕਸ ਵਾਲੇ ਹੀ ਫੜ ਸਕਦੇ ਹਨ । ਇਸ ਤਰ੍ਹਾਂ ਜੇ ਚੈਕ ਪੋਸਟਾਂ ਵਾਲੇ ਅਤੇ ਸੇਲਜ਼ ਟੈਕਸ ਵਾਲਿਆਂ ਨੂੰ ਮਿਲ ਕੇ ਇਖਤਿਆਰਾਤ ਵਰਤਣ ਲਈ ਕੋਈ ਹੁਕਮ ਕੀਤਾ ਜਾਵੇ ਤਾਂ ਇਸ ਤਰੀਕੇ ਨਾਲ ਬਹੁਤ ਹਦ ਤੱਕ ਟੈਕਸ ਦੀ ਚੋਰੀ ਬਚ ਸਕਦੀ ਹੈ । ਫਿਰ ਇਕ ਖਰਚਾ ਇਥੇ ਮੰਗੀਆ ਗਿਆ ਹੈ ਵਜ਼ੀਰਾਂ ਦੀਆਂ ਕਾਰਾਂ ਦੇ ਲਈ । ਵੈਸੇ ਤਾਂ ਚੇਅਰਮੈਨ ਸਾਹਿਬ ਇਹ ਤਾਂ ਹੈ ਹੀ ਬੇਹੂਦਗੀ ਕਿ ਇਤਨੇ ਮਨਿਸਟਰ ਬਣਾ ਲਏ ਜਾਣ । ਭਾਵੇਂ ਅਜ ਸਾਰੇ ਹਿੰਦੁਸਤਾਨ ਵਿਚ ਸਾਰੇ ਸੂਬੇ ਇਸ ਹਮਾਮ ਦੇ ਵਿਚ ਨੰਗੇ ਹਨ । ਪਰ ਫਿਰ ਵੀ ਕੁਝ ਸਜਣ ਹਨ ਜੋ ਸੂਬੇ ਦੇ ਭਲੇ ਲਈ ਸੋਚਦੇ ਹਨ, ਉਨ੍ਹਾਂ ਨੂੰ ਇਹ ਗੱਲ ਮੌਜੂ ਨਹੀਂ ਲਗਦੀ । ਮੇਰਾ ਇਕ ਦੋਸਤ ਸਾਇਰ ਹੈ ਉਸ ਨੇ ਮੈਨੂੰ ਇਕ ਸ਼ੇਅਰ ਸੁਣਾਇਆ :

"ਕਿਸੀ ਨਾ-ਅਹਿਲ ਸੇ ਹਰਗਿਜ਼ ਨਾ ਉਲਝਨਾ ਬੇਦਾਰ,
ਬਹੁਤ ਮੁਮਕਿਨ ਹੈ ਕਲ ਯਿਹੀ ਮਨਿਸਟਰ ਹੋ ਜਾਏ ।" (ਹਾਸਾ)

ਆਖਿਰ ਇਹ ਕੀ ਕਾਰਣ ਹੈ ਕਿ ਮਨਿਸਟਰਾਂ ਨੂੰ ਲੋਕਾਂ ਨੇ ਆਪਣੇ ਸ਼ੇਅਰਾਂ ਦੇ ਵਿਚ ਨਾ-ਅਹਿਲ ਕਹਿਣਾ ਸ਼ੁਰੂ ਕਰ ਦਿਤਾ ਹੈ । ਅਜ ਹਰ ਕੋਈ ਮਨਿਸਟਰ ਬਣਨਾ ਚਾਹੁੰਦਾ ਹੈ ਅਤੇ ਜੇ ਨਹੀਂ ਬਣਾਇਆ ਜਾਂਦਾ ਤਾਂ ਪਾਰਟੀ ਨੂੰ ਛੱਡਣ ਦੀ ਕਰਦਾ ਹੈ :

"ਮਹਿਫਲੇ ਆਸ਼ਕ ਮੇਂ, ਸਾਕੀ ਨੇ ਖੁਦ ਕਰ ਦੀ ਤਮੀਜ਼,
ਜਾਮ ਭਰ ਕੇ ਕਹਿ ਦੀਆ, ਤੇਰਾ, ਤੁਮਹਾਰਾ, ਆਪਕਾ ।"

ਅਜ ਹਰ ਕੋਈ ਆਸ਼ਕ ਬਣਨ ਨੂੰ ਫਿਰਦਾ ਹੈ । ਇਹ ਲੰਮੀ ਚੌੜੀ ਗੱਲ ਹੈ । ਜਿਸ ਨੂੰ ਵਜ਼ੀਰ ਨਹੀਂ ਬਣਾਇਆ ਜਾਂਦਾ ਉਹ ਪਾਰਟੀ ਛਡਣ ਤਕ ਜਾਂਦਾ ਹੈ ਅਤੇ ਕਈ ਤਾਂ ਛੱਡ ਕੇ ਫਿਰ ਮੁੜ ਆਏ ਹਨ, ਪਥਰ ਚਟ ਕੇ ਮੁੜਨ ਦੀ ਗੱਲ ਹੋਈ ਹੈ । ਇੰਨੇ ਇੰਨੇ ਵਜ਼ੀਰ ਬਣਾਉਣ ਦੇ ਨਾਲ ਸਿਰਫ ਰੂਲਿੰਗ ਪਾਰਟੀ ਦੀ ਹੀ ਨਹੀਂ ਸਗੋਂ ਸਟੇਟ ਦੀ ਬਦਨਾਮੀ ਹੁੰਦੀ ਹੈ ਅਤੇ ਇਹ ਬਦਨਾਮੀ ਕਿਸੇ ਪਾਰਟੀ ਦੇ ਲਈ ਹਮੇਸ਼ਾਂ ਲਈ ਰਿਕਾਰਡ ਬਣ ਜਾਂਦਾ ਹੈ । ਕਿਉਂਕਿ ਬਜਟ ਦੇ ਵਿਚ ਇਹ ਖਰਚਾ ਛਪ ਜਾਣਾ ਹੈ ਅਤੇ ਹਮੇਸ਼ਾਂ ਦੇ ਲਈ ਨੁਕਤਾਚੀਨੀ ਦਾ ਇਹ ਮੌਜ਼ੂ ਬਣਿਆ ਰਹਿੰਦਾ ਹੈ । ਇਥੇ ਬਾਸੀ ਸਾਹਿਬ ਨੇ ਫੈਮਲੀ ਪਲੈਨਿੰਗ ਬਾਰੇ ਗੱਲ ਆਖੀ । ਉਨ੍ਹਾਂ ਨੇ 2 ਲਫਜ਼ਾਂ ਦੇ ਵਿਚ ਬੜੀ ਖੂਬਸੂਰਤ ਗੱਲ ਆਖੀ ਸੀ ਕਿ ਇਸ ਵਜ਼ਾਰਤ ਦੀ ਵੀ ਫੈਮਲੀ ਪਲੈਨਿੰਗ ਹੋਣੀ ਚਾਹੀਦੀ ਹੈ । ਮੈਂ ਉਨ੍ਹਾਂ ਨੂੰ ਕਹਾਂਗਾ ਕਿ ਜੇ ਤੁਸੀਂ ਮਨਿਸਟਰੀ ਨੂੰ ਘਟਾ ਦਿਓਗੇ ਤਾਂ ਜਿਥੇ ਸੂਬੇ ਦੀ ਨੇਕਨਾਮੀ ਹੋਵੇਗੀ ਉਥੇ ਤੁਹਾਡੀ ਪਾਰਟੀ ਦੀ ਵੀ ਬੜੀ ਨੇਕਨਾਮੀ ਹੋਵੇਗੀ। ਕਿਉਂਕਿ ਹਰ ਆਦਮੀ ਨੂੰ ਭਾਵੇਂ ਦੁਨੀਆਂ ਦੀਆਂ ਦੌਲਤਾਂ ਮਿਲ ਜਾਣ, ਉਸ ਵਿਚ ਇਕ ਛੁਪੀ ਹੋਈ ਖਾਹਸ਼ ਹੁੰਦੀ ਹੈ ਕਿ ਮੇਰੀ ਸਿਫ਼ਤ ਹੋਵੇ । ਵਜ਼ਾਰਤ ਘਟਾਣ ਨਾਲ ਉਨ੍ਹਾਂ ਦੀ ਤਾਰੀਫ ਹੋਵਗੀ । ਆਖਿਰ ਕਿਉਂ ਪਾਰਟੀ ਦਾ ਹਰ ਆਦਮੀ ਵਜ਼ੀਰ ਬਣਨ ਲਈ ਇਤਨਾ ਕਾਹਲਾ ਹੋਵੇ। ਫਿਰ ਇਹ ਤਾਂ ਗੱਲ ਕਰਨ ਲਗਿਆ ਧਰਮ ਦਾ ਨਾਂ ਲੈਂਦੇ ਹਨ, ਪੰਥ ਦਾ ਨਾਂ ਲੈਂਦੇ ਹਨ ਮੈਂ ਅਰਜ਼ ਕਰਦਾ ਹਾਂ ਕਿ ਧਰਮ ਅਤੇ ਪੰਥ ਦਾ ਨਾਂ ਲੈਣ ਤੋਂ ਇਨ੍ਹਾਂ ਨੂੰ ਕੋਈ ਰੋਕ ਨਹੀਂ ਸਕਦਾ। ਪਰ ਮੈਂ ਇਹ ਦਸਣਾ ਚਾਹੁੰਦਾ ਤਾਂ ਕਿ ਇਸ ਤਰ੍ਹਾਂ ਲੋਕ ਧਰਮ ਅਤੇ ਪੰਥ ਨੂੰ ਵੀ ਉਸੇ ਗਜ਼ ਨਾਲ ਮਿਣਨ ਲਗ ਪੈਂਦੇ ਹਨ ਜਿਸ ਨਾਲ ਕਿ ਇਨ੍ਹਾਂ ਨੂੰ ਮਿਣਦੇ ਹਨ ।

ਫਿਰ ਇਨ੍ਹਾਂ ਨੇ ਸਮਾਲ ਸੇਵਿੰਗ ਵਿਚ ਹਿੱਸਾ ਲੈਣ ਵਾਲਿਆਂ ਨੂੰ ਇਨਾਮ ਦੇਣ ਲਈ ਰੁਪਿਆ ਮੰਗਿਆ ਹੈ । ਚੇਅਰਮੈਨ ਸਾਹਿਬ, ਲੋਕ ਕਰਦੇ ਕੀ ਹਨ ਕਿ ਮਾਰਚ ਵਿਚ ਪੈਸੇ ਜਮ੍ਹਾ ਕਰਾ ਦਿੰਦੇ ਹਨ ਅਤੇ ਅਪਰੈਲ ਵਿਚ ਕਢਾ ਲੈਂਦੇ ਹਨ । ਜੇ ਸਾਰੇ ਸਾਲ ਦੀ ਬੈਲੈਂਸ ਸ਼ੀਟ ਦੇਖੀ ਜਾਵੇ ਤਾਂ ਅਪਰੈਲ ਵਿਚ ਉਨ੍ਹਾਂ ਦਾ ਬੈਂਕ ਵਿਚ ਕੋਈ ਪੈਸਾ ਨਹੀਂ ਹੁੰਦਾ । ਇਸ ਤਰ੍ਹਾਂ ਇਹ ਤਰੀਕਾ ਇਨਅਫੈਕਟਿਵ ਹੋ ਗਿਆ ਹੈ । ਚੇਅਰਮੈਨ ਸਾਹਿਬ ਇਸ ਬਾਰੇ ਮੈਂ ਇਨ੍ਹਾਂ ਨੂੰ ਇਕ ਸੁਝਾਉ ਦਿਆਂਗਾ ਕਿ ਇਨ੍ਹਾਂ ਨੇ ਜੋ ਇਕ ਲਖ ਰੁਪਏ ਲਗਾਉਣ ਦੀ ਸ਼ਰਤ ਰਖੀ ਹੈ, ਉਹ ਹਟਾ ਦੇਣ । ਇਸ ਦੇ ਨਾਲ ਕਈ ਮਿਊਨਸਪਲ ਕਮੇਟੀ ਅਤੇ ਬੋਰਡ ਇਸ ਖਾਤੇ ਵਿਚ ਆਪਣਾ ਪੈਸਾ ਜਮਾਂ ਕਰਵਾਉਣਗੇ । ਭਾਵੇਂ ਇਹ ਸਕੀਮ ਸੈਂਟਰ ਦੀ ਸਰਕਾਰ ਦੀ ਹੈ ਪਰ ਇਹ ਵੀ ਉਸ ਨੂੰ ਇਹ ਗੱਲਾਂ ਸੁਜੈਸਟ ਕਰ ਸਕਦੇ ਹਨ । ਫਿਰ ਚੇਅਰਮੈਨ ਸਾਹਿਬ ਇਥੇ ਕਈ ਦੋਸਤਾਂ ਨੇ ਮਾਡਲ ਵਿਲੇਜਿਜ਼ ਦੀ ਗਲ ਕੀਤੀ ਹੈ । ਮੈਂ ਸਮਝਦਾ ਹਾਂ ਕਿ ਮਾਡਲ ਪਿੰਡ ਬਣਾਉਣ ਦੇ ਨਾਲੋਂ ਜੇ ਹਰ ਇਕ ਪਿੰਡ ਦੇ ਵਿਚ ਅਪਰੋਚ ਰੋਡ ਪਹੁੰਚਾ ਦਿਤੀ ਜਾਵੇ ਤਾਂ ਸਾਰੇ ਹੀ ਪਿੰਡ ਮਾਡਲ ਬਣ ਸਕਦੇ ਹਨ । ਇਸ ਦੇ ਨਾਲ ਹੀ ਕੁਝ ਪਿੰਡਾਂ ਦੀ ਜੋ ਉਨਤੀ ਹੁੰਦੀ ਹੈ ਅਤੇ ਸਰਕਾਰ ਤੇ ਡਿਸਕ੍ਰਿਮੇਨੇਸ਼ਨ ਦਾ ਇਲਜ਼ਾਮ ਲਾਇਆ ਜਾਂਦਾ ਹੈ ਕਿ ਇਹ ਕੁਝ ਪਿੰਡਾਂ ਨੂੰ ਉਨਤ ਕਰ ਰਹੀ ਹੈ ਅਤੇ ਕੁਝ ਪਿੰਡਾਂ ਦੇ ਵਿਚ ਹੀ ਧਰਮਸ਼ਾਲਾਵਾਂ ਬਣਾ ਰਹੀ ਹੈ ਇਹ ਇਤਰਾਜ਼ ਵੀ ਹਟ ਜਾਵੇਗਾ ।

ਫਿਰ ਚੇਅਰਮੈਨ ਸਾਹਿਬ, ਇਨ੍ਹਾਂ ਨੇ ਮਾਲਵਾ ਸ਼ੂਗਰ ਮਿਲ ਨੂੰ ਦੇਣ ਲਈ ਰੁਪਏ ਮੰਗੇ ਹਨ । ਮੈਂ ਅਰਜ਼ ਕਰਦਾ ਹਾਂ ਕਿ ਇਹ ਨਹੀਂ ਦਸਿਆ ਕਿ ਇਹ ਮਿਲ ਵਿਚ ਪੈਸੇ ਲਗਾਣੇ ਘਾਟੇਵੰਦੇ ਹਨ ਜਾਂ ਲਾਭਵੰਦੇ ਅਤੇ ਕੀ ਇਹ ਪੈਸੇ ਦੇ ਕੇ ਸਰਕਾਰ ਦਾ ਕੰਟਰੋਲ ਹੋਰ ਵਧ ਜਾਵੇਗਾ ਕਿ ਨਹੀਂ । ਜੇ ਇਤਨੇ ਪੈਸੇ ਦੇ ਕੇ ਵੀ ਕਿਸੇ ਅਮੀਰ ਆਦਮੀ ਜਾਂ ਸ਼ਰਮਾਏਦਾਰ ਦਾ ਹੀ ਕੰਟਰੋਲ ਰਹੇ ਤਾਂ ਇਸ ਪੈਸੇ ਦੇ ਲਾਉਣ ਦਾ ਕੋਈ ਫਾਇਦਾ ਨਹੀਂ। ਮੇਰੀ ਆਪਣੀ ਇਤਲਾਹ ਹੈ ਕਿ ਇਹ ਮਿਲ ਘਾਟੇ ਵਿਚ ਚਲ

[ਸਰਦਾਰ ਕਿਰਪਾਲ ਸਿੰਘ]

ਰਹੀ ਹੈ । ਸਿਵਾਏ ਇਕ ਅਧੇ ਸਾਲ ਦੇ ਮਜ਼ਮੂਈ ਤੌਰ ਤੇ ਇਸ ਦੀ ਬੈਲੈਂਸਸ਼ੀਟ ਘਾਟੇ ਵਾਲੀ ਹੈ । ਇਸ ਤਰ੍ਹਾਂ ਘਾਟੇ ਵਾਲੀ ਮਿਲ ਵਿਚ ਪੈਸੇ ਲਾਉਣੇ ਆਪਣੇ ਪੈਸੇ ਨੂੰ ਖਤਰੇ ਵਿਚ ਪਾਉਣਾ ਹੈ ।

ਇਸ ਤੋਂ ਅਗਲੀ ਗੱਲ ਮੈਂ ਪੰਜਾਬ ਰੋਡਵੇਜ਼ ਦੀਆਂ ਬਸਾਂ ਦੇ ਬਾਰੇ ਕਰਨਾ ਚਾਹੁੰਦਾ ਹਾਂ । ਚੇਅਰਮੈਨ ਸਾਹਿਬ ਇਨ੍ਹਾਂ ਦੀਆਂ ਵਰਕਸ਼ਾਪਾਂ ਇਤਨੀਆਂ ਨਾਕਸ ਹਨ ਕਿ ਇਹ ਹਰ ਥਾਂ ਤੇ ਪੰਜਾਬ ਰੋਡਵੇਜ਼ ਨੂੰ ਬਦਨਾਮ ਕਰ ਰਹੀਆਂ ਹਨ । ਅਸੀਂ ਟਿਕਟ ਲੈਂਦੇ ਸਮੇਂ ਆਮ ਲੋਕਾਂ ਨੂੰ ਕਹਿੰਦੇ ਸੁਣਿਆ ਹੈ ਕਿ ਅਜੇ ਠਹਿਰ ਜਾ ਇਹ ਪੰਜਾਬ ਰੋਡਵੇਜ਼ ਦੀ ਬਸ ਜਾ ਰਹੀ ਹੈ । ਇਸ ਤੋਂ ਅਗਲੀ ਪ੍ਰਾਈਵੇਟ ਬਸ ਜਾਵੇਗੀ, ਉਸ ਤੇ ਚਲਾਂਗੇ । ਇਸ ਰੋਡਵੇਜ਼ ਦੀ ਬਸ ਦਾ ਕੋਈ ਪਤਾ ਨਹੀਂ ਕਿ ਦੋ ਮੀਲ ਚਲ ਕੇ ਕਿਸੇ ਥਾਂ ਤੇ ਮੂੰਹ ਅੜ ਕੇ ਖੜੀ ਹੋ ਜਾਵੇ । ਸੋ ਚੇਅਰਮੈਨ ਸਾਹਿਬ ਇਸ ਤਰ੍ਹਾਂ ਇਹ ਰੋਡਵੇਜ਼ ਬਦਨਾਮ ਹੋਈ ਪਈ ਹੈ । ਹੋ ਸਕਦਾ ਹੈ ਕਿ ਪ੍ਰਾਈਵੇਟ ਓਪਰੇਟਰਾਂ ਨੇ ਇਸ ਨੂੰ ਜਾਣ ਬੁਝਕੇ ਬਦਨਾਮ ਕਰਨ ਲਈ ਸਾਬੋਟੇਜ਼ ਕੀਤਾ ਹੋਵੇ, ਪਰ ਸਰਕਾਰੀ ਵਰਕਸ਼ਾਪਾਂ ਦਾ ਹਾਲ ਬਹੁਤ ਮਾੜਾ ਹੈ ਹੁਣ ਤਾਂ ਬਿਨਾ ਸਟੈਪਨੀ ਤੋਂ ਵੀ ਕਈ ਬਸਾਂ ਕਈ ਵਾਰ ਚਲ ਪੈਂਦੀਆਂ ਹਨ ਅਤੇ ਰਸਤੇ ਵਿਚ ਪੰਚਰ ਹੋ ਕੇ ਖੜੀਆਂ ਹੁੰਦੀਆਂ ਹਨ । ਮੁਸਾਫਰ ਆਪਣੀ ਬੇਬਸੀ ਤੇ ਰੋ ਰਹੇ ਹੁੰਦੇ ਹਨ, ਡਰਾਈਵਰ ਆਪਣੀ ਬੇਬਸੀ ਤੇ ਰੋ ਰਿਹਾ ਹੁੰਦਾ ਹੈ ਅਤੇ ਬਸ ਆਪਣੇ ਵਿਭਾਗ ਵਾਲਿਆਂ ਦੀ ਲਾਪ੍ਰਵਾਹੀ ਤੇ ਰੋ ਰਹੀ ਹੁੰਦੀ ਹੈ । ਇਸ ਲਈ ਇਸ ਦਾ ਸੁਧਾਰ ਕਰਨਾ ਚਾਹੀਦਾ ਹੈ ।

ਸ੍ਰੀ ਸਭਾਪਤੀ : ਤੁਹਾਡਾ ਟਾਈਮ ਹੋ ਗਿਆ ਹੈ । (The time allocated to the hon. Member is over.)

ਸਰਦਾਰ ਕਿਰਪਾਲ ਸਿੰਘ : ਚੇਅਰਮੈਨ ਸਾਹਿਬ, ਮੈਂ ਇਕ ਹੋਰ ਗੱਲ ਕਹਿਣੀ ਹੈ । ਤੁਸੀਂ ਜਾਣਦੇ ਹੋ ਕਿ ਮੇਰੀ ਆਦਤ ਨਹੀਂ ਕਿ ਬਦੋ ਬਦੀ ਕੁਝ ਕਹਾਂ । ਮੈਂ ਇਥੇ ਉਹ ਗੱਲ ਕਰਨ ਲਗਾ ਹਾਂ ਜਿਹੜਾ ਕਿ ਮੇਰਾ ਕਾਮਨ ਮਜ਼ਮੂਨ ਹੈ । ਇਥੇ ਸਟੇਟ ਦੀ ਆਮਦਨੀ ਨੂੰ ਲੈ ਕੇ ਸ਼ਰਾਬ ਦਾ ਬੜਾ ਪਰਚਾਰ ਕੀਤਾ ਗਿਆ ਹੈ ਅਤੇ ਕਰ ਉਹ ਰਹੇ ਹਨ, ਜਿਨ੍ਹਾਂ ਨੂੰ ਅੰਮ੍ਰਿਤ ਦਾ ਪਰਚਾਰ ਕਰਨਾ ਚਾਹੀਦਾ ਸੀ ਪਰ ਹੁਣ ਤਾਂ ਇਧਰ ਧਿਆਨ ਮਾਰੋ :

"ਫਸਲੇ ਬਹਾਰ ਆਈ ਹੈ, ਪੀਓ ਸੂਫੀਓ ਸ਼ਰਾਬ,
ਬਸ ਹੋ ਚੁਕੀ ਨਮਾਜ਼, ਮੁਸੱਲਾ ਉਠਾਈਏ ।"

ਹੁਣ ਤਾਂ ਇਸ ਪਾਸੇ ਸਿਰਫ ਇਕ ਦੋ ਸੱਜਣਾਂ ਦੇ ਜਿਵੇਂ ਕਿ ਜੱਥੇਦਾਰ ਤੁੜ, ਰਵੇਲ ਸਿੰਘ ਜਾਂ ਆਤਮਾ ਸਿੰਘ ਵਰਗੇ ਹੀ ਹਨ ਜੋ ਕਿ ਮਨਿਸਟਰ ਹੋ ਕੇ ਵੀ ਸ਼ਰਾਬ ਨਹੀਂ ਪੀਂਦੇ ਅਤੇ ਲੋਕਾਂ ਤੋਂ ਇਹ ਤਾਹਨੇ ਸੁਣਦੇ ਹਨ ਕਿ ਮਨਿਸਟਰ ਹੋ ਕੇ ਵੀ ਸ਼ਰਾਬ ਨਹੀਂ ਪੀਂਦੇ ਅਤੇ ਫਿਰ ਵੀ ਜੀਂਦੇ ਹਨ (ਵਿਘਨ) ਹਾਂ ਡਾਕਟਰ ਭਗਤ ਸਿੰਘ ਵਰਗੇ ਵੀ ਥੋੜੇ ਹੀ ਹਨ । (ਵਿਘਨ) ਮੈਂ ਜਥੇਦਾਰ ਤੁੜ ਦਾ ਨਾਂ ਸਭ ਤੋਂ ਪਹਿਲਾਂ ਲਿਆ ਸੀ । ਨਹੀਂ ਤਾਂ ਇਨ੍ਹਾਂ ਸਜਣਾਂ ਦਾ ਦਸਤਰਖਾਨ ਤਾਂ ਰੰਗ ਬਰੰਗੀਆਂ ਮੈਆਂ ਦੇ ਨਾਲ ਹੀ ਸਜਦਾ ਹੈ ਔਰ ਇਸ ਤਰ੍ਹਾਂ ਇਹ ਕਲਚਰ ਨੂੰ ਉਨਤ ਕਰਦੇ ਹਨ । ਪਤਾ ਨਹੀਂ ਇਹ ਕਿਹੜੀ ਕਲਚਰ ਹੈ ਅਤੇ ਜਿਹੜੀ ਕਲਚਰ ਗੁਰੂ ਗੋਬਿੰਦ ਸਿੰਘ ਜੀ ਨੇ ਦਸੀ ਸੀ ਇਹ ਉਸ ਨਾਲ ਕਿਤਨੀ ਕੁ ਇੰਟਰਡਿਊਸਡ ਹੈ । (ਵਿਘਨ) ਚੇਅਰਮੈਨ ਸਾਹਿਬ ਮੈਨੂੰ ਤਕਲੀਫ ਮਹਿਜ਼ ਇਸ ਕਰਕੇ ਹੁੰਦੀ ਹੈ ਕਿ ਮੈਂ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਖ ਹਾਂ । ਸਿਖ ਉਹ ਹੈ ਜੋ ਬੇਤੁਅਸਬ ਹੋਵੇ, ਸਿਖ ਉਹ ਹੈ ਜਿਸ ਦਾ ਕੋਈ ਕਰੈਕਟਰ ਹੋਵੇ । ਸਿਖੀ ਨਾਂ ਹੈ ਚਲਣ ਦਾ । ਮਿੱਠੀ ਜ਼ਬਾਨ ਹੋਵੇ ਹੱਥਾਂ ਦੇ ਨਾਲ ਕੰਮ ਕਰੇ ਅਤੇ ਸਾਰੇ ਸੰਸਾਰ ਨੂੰ ਪਿਆਰ ਕਰੇ । ਜੇ ਇਹ ਗੁਣ ਨਹੀਂ ਤਾਂ ਉਹ ਸਿਖੀ ਨਹੀਂ

ਭਰਮ ਹੈ, ਫਰੇਬ ਹੈ, ਪਾਖੰਡ ਹੈ, ਵਿਖਾਵਾ ਹੈ । ਇਹ ਬੰਦ ਹੋਣੇ ਚਾਹੀਦੇ ਹਨ ਅਤੇ ਸਿਖੀ ਦੀ ਠੇਕੇਦਾਰੀ ਖਤਮ ਹੋਣੀ ਚਾਹੀਦੀ ਹੈ ।

ਸ੍ਰੀ ਸਭਾਪਤੀ : ਤੁਹਾਡਾ ਟਾਈਮ ਖਤਮ ਹੋ ਗਿਆ ਹੈ । ਇਸ ਲਈ ਬੈਠ ਜਾਓ । (The time allocated to the hon. Member is over. He may please resume his seat.)

ਸਰਦਾਰ ਕਿਰਪਾਲ ਸਿੰਘ : ਚੇਅਰਮੈਨ ਸਾਹਿਬ, ਇਹ ਜੋ ਸਪਲੀਮੈਂਟਰੀ ਐਸਟੀਮੇਟ ਹੈ, ਇਹ ਸਟੇਟ ਦੀਆਂ ਜ਼ਰੂਰੀ ਲੋੜਾਂ ਤੇ ਖਰਚ ਹੋਣਾ ਹੈ । ਪਰ ਇਸ ਦੇ ਪਰਬੰਧ ਵਿੱਚ ਇਕ ਬੜਾ ਭਾਰਾ ਨੁਕਸ ਹੈ । ਬਾਹਰੋਂ ਜੋ ਦੁਧ ਆਉਂਦਾ ਸੀ ਉਸ ਦਾ ਬੜਾ ਚਰਚਾ ਹੁੰਦਾ ਰਿਹਾ ਕਿ ਉਹ ਬਜ਼ਾਰਾਂ ਵਿੱਚ ਵਿਕਦਾ ਹੈ।ਹੁਣ ਤਾਂ ਬੋਤਲਾਂ ਦਾ ਸਿਸਟਮ ਸ਼ੁਰੂ ਹੋ ਗਿਆ ਹੈ ਇਸ ਲਈ ਹੋ ਸਕਦਾ ਹੈ ਕਿ ਇਹ ਵਿਕਣਾ ਹੁਣ ਬੰਦ ਹੋ ਗਿਆ ਹੋਵੇ । ਪਰ ਇਸ ਦੁਧ ਦੇ ਜੋ ਅਸਲੀ ਹਕਦਾਰ ਹਨ, ਬੱਚੇ, ਉਨ੍ਹਾਂ ਤਕ ਇਹ ਦੁਧ ਨਹੀਂ ਪਹੁੰਚਦਾ । ਜੇ ਅਸੀਂ ਇਸ ਪੈਸੇ ਨੂੰ ਜੋ ਕਿ ਇਸ ਦੇ ਰਾਹੀਂ ਲਿਆ ਜਾ ਰਿਹਾ ਹੈ ਠੀਕ ਹਥਾਂ ਦੇ ਵਿੱਚ ਨਹੀਂ ਦੇ ਸਕਦੇ ਤਾਂ ਸਾਡੇ ਵਿੱਚ ਕੋਈ ਕਮਜ਼ੋਰੀ ਹੈ ਤਾਂ ਇਹ ਸਭ ਤੋਂ ਵਧ ਜ਼ੁਲਮ ਉਨ੍ਹਾਂ ਲੋਕਾਂ ਤੇ ਹੋਵੇਗਾ, ਜਿਹੜੇ ਕਿ ਇਸ ਸਟੇਟ ਦੇ ਰੈਵਨਿਊ ਵਿੱਚ ਹਿੱਸਾ ਪਾਉਂਦੇ ਹਨ ।

ਸਰਦਾਰ ਬੇਅੰਤ ਸਿੰਘ (ਪਾਇਲ) : ਚੇਅਰਮੈਨ ਸਾਹਿਬ (ਵਿਘਨ)

(ਇਸ ਵੇਲੇ ਕਾਮਰੇਡ ਦਰਸ਼ਨ ਸਿੰਘ ਝਬਾਲ ਵੀ ਆਪਣੀ ਸੀਟ ਤੇ ਖੜੇ ਹੋਏ)

ਸ੍ਰੀ ਸਭਾਪਤੀ : ਕਾਮਰੇਡ ਦਰਸ਼ਨ ਸਿੰਘ ਝਬਾਲ ਜੀ ਤੁਹਾਡੀ ਵਾਰੀ ਇਨ੍ਹਾਂ ਤੋਂ ਬਾਅਦ ਆਵੇਗੀ । (Comrade Darshan Singh Jhabal, will be called upon to speak after Sardar Beant Singh.)

ਸਰਦਾਰ ਬੇਅੰਤ ਸਿੰਘ : ਚੇਅਰਮੈਨ ਸਾਹਿਬ ਜਿਹੜਾ ਕੰਸਾਲੀਡੇਸ਼ਨ ਫੰਡ ਵਿੱਚੋਂ 46,43,80,360 ਰੁਪਿਆ ਮੰਗਿਆ ਹੈ ਮੈਂ ਸਮਝਦਾ ਹਾਂ ਕਿ ਇਸ ਨੂੰ ਮੁਸ਼ਤਰਕਾ ਤੌਰ ਤੇ ਪਾਸ ਕਰ ਦੇਣਾ ਚਾਹੀਦਾ ਸੀ । ਲੇਕਿਨ ਬਹੁਤ ਬਹਿਸ ਹੋਈ ਹੈ । ਸਾਡੇ ਆਪੋਜੀਸ਼ਨ ਵਾਲਿਆਂ ਨੇ, ਮੈਂ ਇਹ ਸਮਝਦਾ ਹਾਂ, ਕਿ ਉਨ੍ਹਾਂ ਨੇ ਇਹ ਤਾਂ ਨਹੀਂ ਕਿਹਾ ਕਿ ਇਹ ਪੈਸੇ ਕਢਵਾਉਣੇ ਨਹੀਂ ਚਾਹੀਦੇ ਹਨ । ਪਰ ਉਨ੍ਹਾਂ ਭਰਾਵਾਂ ਨੇ ਇਸ ਗਲ ਨੂੰ ਸਿਆਸੀ ਤੌਰ ਤੇ ਕਿਸੇ ਹੋਰ ਪਾਸੇ ਹੀ ਲਿਜਾਣ ਦੀ ਕੋਸ਼ਿਸ਼ ਕੀਤੀ ਹੈ । ਜਦੋਂ ਅਟਵਾਲ ਜੀ ਇਸ ਗੱਲ ਤੇ ਬੋਲੇ ਤਾਂ ਉਨ੍ਹਾਂ ਨੇ ਕਿਹਾ ਕਿ ਅਕਾਲੀ ਪਾਰਟੀ ਨੇ ਇਹ ਕੀਤਾ, ਉਹ ਕੀਤਾ ਪਰ ਚੰਗੀ ਗਲ ਹੁੰਦੀ ਜੇ ਉਹ ਕਿਸੇ ਡਿਮਾਂਡ ਉਤੇ ਬੋਲਦੇ । ਡਿਮਾਂਡ ਨੰ: 1 ਵਿੱਚ ਪੈਸੇ ਮੰਗੇ ਗਏ ਹਨ । ਇਸ ਬਾਰੇ ਸਰਦਾਰ ਕਿਰਪਾਲ ਸਿੰਘ ਨੇ ਜ਼ਿਕਰ ਕੀਤਾ ਹੈ, ਟਰਾਂਸ-ਪੋਰਟ ਦੀਆਂ ਗੱਡੀਆਂ ਅਤੇ ਜੀਪਾਂ ਖਰੀਦਣ ਵਾਸਤੇ । ਇਸ ਸਿਲਸਿਲੇ ਵਿੱਚ ਮੈਂ ਅਰਜ਼ ਕਰਦਾ ਹਾਂ ਕਿ ਜਿਹੜੇ ਇਸ ਸਰਕਾਰ ਨੇ ਜ਼ਿਲ੍ਹਿਆਂ ਵਿੱਚ ਟਰਾਂਸਪੋਰਟ ਅਫਸਰ ਲਾਏ ਹਨ, ਇਹ ਇਕ ਬੜਾ ਅਛਾ ਕੰਮ ਕੀਤਾ ਹੈ । ਪਹਿਲਾਂ ਬੜੀ ਭੈੜੀ ਗੱਲ ਹੋ ਰਹੀ ਸੀ ਅਤੇ ਟਰੈਫਿਕ ਦੇ ਥਾਨੇਦਾਰ ਆਪਣੀ ਆਪਣੀ ਜੀਪ ਲਈ ਫਿਰਦੇ ਸੀ, ਕੋਈ ਕੰਮ ਨਹੀਂ ਸੀ ਕਰਦੇ । ਟਰਕਾਂ ਆਦਿ ਨੂੰ ਰੋਕ ਕੇ ਇਹ ਲੋਕ ਆਪਣੇ ਪੈਸੇ ਬਣਾਈ ਜਾਂਦੇ ਸੀ । ਸਾਡੀ ਸਰਕਾਰ ਨੇ ਡਿਸਟ੍ਰਿਕਟ ਟਰਾਂਸਪੋਰਟ ਅਫਸਰ ਲਗਾ ਕੇ ਬੜਾ ਅਛਾ ਕੰਮ ਕੀਤਾ ਹੈ ਸਾਰੀਆਂ ਏਜੰਸੀਆਂ ਇਕੱਠੀਆਂ ਕਰ ਦਿੱਤੀਆਂ ਹਨ, ਅਤੇ ਜਿਹੜੇ ਪਹਿਲਾਂ ਟਰੈਫਿਕ ਦੇ ਨਾਜਾਇਜ਼ ਕੰਮ ਹੋ ਰਹੇ ਸਨ, ਉਨ੍ਹਾਂ ਨੂੰ ਰੋਕਨ ਦਾ ਯਤਨ ਕੀਤਾ ਹੈ । (ਵਿਘਨ)

ਚੌਧਰੀ ਤੁਲਸੀ ਰਾਮ ਚੌਹਾਨ : ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੇ ਦੋਸਤ ਕੋਲੋਂ ਇਹ ਜ਼ਰੂਰ ਜਾਨਣਾ ਚਾਹਾਂਗਾ ਕਿ ਜਿਹੜੇ ਹਣ ਜ਼ਿਲ੍ਹਿਆਂ ਵਿੱਚ ਟਰਾਂਸਪੋਰਟ ਅਫ਼ਸਰ ਲਗ ਗਏ ਹਨ, ਕੀ ਇਨ੍ਹਾਂ ਦੇ ਲਗਣ ਕਾਰਨ ਪੁਲਿਸ ਕੋਲੋਂ ਚਲਾਨ ਕਰਨ ਦੇ ਅਖਤਿਆਰ ਖੋਹ ਲਏ ਗਏ ਹਨ ?

Mr. Chairman : It is no point of order.

ਸਰਦਾਰ ਬੇਅੰਤ ਸਿੰਘ : ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ੇਸ਼ਨ ਕਰਨ ਦੇ ਸਬੰਧ ਵਿੱਚ ਵੀ ਜਿਹੜੀ ਸਾਡੀ ਸਰਕਾਰ ਨੇ 60 : 40 ਦੀ ਰੇਸ਼ੋ ਵਾਲੀ ਸਕੀਮ ਬਣਾਈ ਹੈ, ਉਹ ਬੜੀ ਚੰਗੀ ਗਲ ਕੀਤੀ ਗਈ ਹੈ । ਇਨ੍ਹਾਂ ਕਾਂਗਰਸ ਵਾਲਿਆਂ ਨੇ ਪਹਿਲਾਂ ਵੀਹ ਸਾਲ ਦੀ ਹਕੂਮਤ ਵਿੱਚ ਇਸ ਪਾਸੇ ਕੀ ਕੀਤਾ ਹੈ ? ਇਨ੍ਹਾਂ ਨੇ ਇਲਾਨ ਕਰ ਦਿੱਤਾ ਸੀ ਕਿ ਪੈਪਸੂ ਵਿੱਚ ਸੈਂਟ ਪਰਸੈਂਟ ਬਸਿਜ਼ ਨੈਸ਼ਨਲਾਈਜ਼ ਕਰ ਦਿੱਤੀਆਂ ਹਨ, ਪਰ ਅਸਲ ਗੱਲ ਇਹ ਸੀ ਕਿ ਸਿਰਫ 30 ਪੈਪਸੂ ਰੋਡਵੇਜ਼ ਦੀਆਂ ਬਸਾਂ ਸਨ ਅਤੇ ਬਾਕੀ 70 ਹੋਰ ਪਰਾਈਵੇਟ ਬਸਾਂ ਸਨ । ਸਾਡੀ ਸਰਕਾਰ ਨੇ ਨਵੀਆਂ ਬਸਾਂ ਖਰੀਦਨ ਵਾਸਤੇ ਡਿਮਾਂਡ ਨੰ: 19 ਵਿੱਚ ਇਹ ਦਸਿਆ ਹੈ ਕਿ ਨਵੀਆਂ ਸੜਕਾਂ ਬਨਣ ਕਾਰਨ ਪਹਿਲਾਂ ਜਿਹੜੀਆਂ ਕਿ 120 ਨਵੀਆਂ ਬਸਾਂ ਖਰੀਦਣੀਆਂ ਸਨ ਹੁਣ 152 ਬਸਾਂ ਖਰੀਦਣੀਆਂ ਹਨ । ਇਸ ਲਈ ਇਸ ਡਿਮਾਂਡ ਤਹਿਤ ਪੈਸੇ ਵਧਾਏ ਗਏ ਹਨ । ਇਸ ਗੱਲ ਦੀ ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ (ਥੰਪਿੰਗ) (ਵਿਘਨ) ਸਤ ਸਾਲ ਵਿੱਚ ਗੌਰਮੈਂਟ ਦੀ ਸਕੀਮ ਹੈ ਕਿ ਸਾਰੀ ਨੈਸ਼ਨਲਾਈਜ਼ੇਸ਼ਨ ਕੰਪਲੀਟ ਕਰ ਲੈਣੀ ਹੈ । ਕਾਂਗਰਸ ਪਾਰਟੀ ਦੀ ਹਕੂਮਤ ਵੇਲੇ ਇਨ੍ਹਾਂ ਨੇ ਪਰਾਈਵੇਟ ਬਸਾਂ ਵਾਲਿਆਂ ਨੂੰ ਰੂਟ ਦੇ ਕੇ ਵੱਡੇ ਵੱਡੇ ਟਰਾਂਸਪੋਰਟਰਜ਼ ਪਾਲੇ ਹੋਏ ਸਨ ਅਤੇ ਇਲੈਕਸ਼ਨਜ਼ ਵੇਲੇ ਇਨ੍ਹਾਂ ਤੋਂ ਪੈਸਾ ਲਿਆ ਜਾਂਦਾ ਸੀ । ਹੁਣ ਮੁਸ਼ਕਿਲ ਨਾਲ ਇਸ ਸਰਕਾਰ ਨੇ 60 : 40 ਦੀ ਰੇਸ਼ੋ ਨਾਲ ਨੇਸ਼ਨਲਾਈਜ਼ੇਸ਼ਨ ਕੀਤੀ ਹੈ ਅਤੇ ਇਸ ਨਾਲ ਸਰਕਾਰ ਨੂੰ ਆਮਦਨੀ ਹੋਵੇਗੀ । ਸਰਦਾਰ ਕਿਰਪਾਲ ਸਿੰਘ ਨੇ ਕਿਹਾ ਹੈ ਕਿ ਸਰਕਾਰ ਦੀਆਂ ਬਸਾਂ ਨਾਕਸ ਹਨ । ਇਸ ਸਿਲਸਿਲੇ ਵਿੱਚ ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਚੀਜ਼ ਨੂੰ ਸੁਧਾਰਿਆ ਜਾ ਰਿਹਾ ਹੈ ਅਤੇ ਨਵੀਆਂ ਬਸਾਂ ਖਰੀਦੀਆਂ ਜਾ ਰਹੀਆਂ ਹਨ । ਪਰ ਪਰਾਈਵੇਟ ਬਸਾਂ ਵਾਲੇ ਤਾਂ ਸਿਰਫ ਆਪਣੀ ਆਮਦਨੀ ਵਲ ਹੀ ਧਿਆਨ ਰੱਖਦੇ ਹਨ ਉਨ੍ਹਾਂ ਨੂੰ ਸਵਾਰੀਆਂ ਨਾਲ ਕੀ ਵਾਸਤਾ ਹੋ ਸਕਦਾ ਹੈ । ਇਹ ਪਰਾਈਵੇਟ ਬਸਾਂ ਵਾਲੇ ਤਾਂ ਜਿੱਥੇ ਪਕੀਆਂ ਸੜਕਾਂ ਬਣ ਵੀ ਗਈਆਂ ਹਨ, ਉਥੇ ਹਾਲੇ ਤਕ ਵੀ ਕੱਚੇ ਰੂਟ ਦੇ ਰੇਟ ਤੇ ਪੈਸੇ ਸਵਾਰੀਆਂ ਤੋਂ ਲਈ ਜਾਂਦੇ ਹਨ । ਸਾਰਿਆਂ ਨੂੰ ਪਤਾ ਹੀ ਹੈ ਕਿ ਕਚੇ ਰੂਟ ਤੇ ਟਿਕਟ ਦੇ ਪੈਸੇ ਪਕੀ ਸੜਕ ਦੇ ਰੂਟ ਨਾਲੋਂ ਜ਼ਿਆਦਾ ਹੁੰਦੇ ਹਨ । ਪਰਾਈਵੇਟ ਬਸਾਂ ਵਾਲੇ ਟੈਕਸ ਵਿੱਚ ਵੀ ਚੋਰੀ ਕਰਦੇ ਹਨ । ਸਾਡੀ ਸਰਕਾਰ ਨੇ ਡਿਮਾਂਡ ਨੰ: 2 ਤਹਿਤ ਬੇਰੀਅਰਜ਼ ਲਗਾਕੇ ਸਰਕਾਰ ਦੀ ਇਨਕਮ ਵਿੱਚ ਕਾਫੀ ਵਾਧਾ ਕੀਤਾ ਹੈ । ਇਹ ਚੰਗਾ ਅਤੇ ਸ਼ਲਾਘਾਯੋਗ ਕੰਮ ਹੈ ।

ਇਸ ਤੋਂ ਬਾਅਦ ਚੇਅਰਮੈਨ ਸਾਹਿਬ ਮੈਂ ਅਰਜ਼ ਕਰਾਂਗਾ ਕਿ ਸੈਂਟਰ ਦੀ ਸਰਕਾਰ ਨੇ ਜ਼ਿਮੀਂ-ਦਾਰਾਂ ਬਾਰੇ ਫੋਕਾ ਨਾਰਾ ਲਗਾਇਆ ਹੈ । ਜ਼ਿਮੀਂਦਾਰਾਂ ਲਈ ਫਰਟੇਲਾਈਜ਼ਰ ਦੇ ਭਾ ਵਿੱਚ ਵਾਧਾ ਕਰ ਦਿੱਤਾ ਹੈ । ਡੀਜ਼ਲ ਦੇ ਭਾ ਅਤੇ ਕਣਕ ਦੇ ਭਾ ਸੈਂਟਰਲ ਸਰਕਾਰ ਮੁਕੱਰਰ ਕਰਦੀ ਹੈ । ਇਹ ਭਾਅ ਮੁਕੱਰਰ ਕਰਨ ਵੇਲੇ ਕਦੇ ਸਾਡੀ ਸਰਕਾਰ ਨੂੰ ਨਹੀਂ ਪੁਛਿਆ ਜਾਂਦਾ ਹੈ ਅਤੇ ਕਦੇ ਸੈਂਟਰ ਦੀ ਸਰਕਾਰ ਮੌਕਾ ਨਹੀਂ ਦਿੰਦੀ ਕਿ ਸਾਡੀ ਸਰਕਾਰ ਵੀ ਆਪਣੇ ਕੇਸ ਦੀ ਉਥੇ ਜਾ ਕੇ ਐਡਵੋਕੇਸੀ ਕਰੇ । ਅੱਜ ਜ਼ਿਮੀਂਦਾਰ ਸਾਡੇ ਨਾਲੋਂ ਜ਼ਿਆਦਾ ਹਾਰਡ-ਹਿਟ ਹਨ । ਜੇ ਡੀਜ਼ਲ ਫਰਟੇ-ਲਾਈਜ਼ਰ ਅਤੇ ਬਿਜਲੀ ਦੇ ਭਾ ਨੂੰ ਦੇਖਿਆ ਜਾਵੇ ਤਾਂ ਕੋਈ ਵੀ ਜ਼ਿਮੀਂਦਾਰਾ ਕਰਨ ਨੂੰ ਤਿਆਰ ਨਹੀਂ

ਹੋਵੇਗਾ ਪਰ ਜ਼ਿਮੀਂਦਾਰੀ ਦੇ ਸਦਕੇ ਅਤੇ ਦੇਸ਼ ਦੇ ਹਿੱਤਾਂ ਨੂੰ ਮੁੱਖ ਰਖਦੇ ਹੋਏ ਇਹ ਲੋਕ ਇਹ ਪੇਸ਼ਾ ਕਰ ਰਹੇ ਹਨ (ਵਿਘਨ) ਇਹ ਗੱਲ ਦੇਖ ਕੇ ਬੜੀ ਖੁਸ਼ੀ ਹੁੰਦੀ ਹੈ ਕਿ ਐਨੀਆਂ ਔਕੜਾਂ ਦੇ ਹੁੰਦੇ ਹੋਏ ਵੀ ਪੰਜਾਬ ਦੇ ਜ਼ਿਮੀਂਦਾਰਾਂ ਨੇ ਦੇਸ਼ ਦੇ ਭੰਡਾਰੇ ਵਿੱਚ ਜਿੱਥੇ ਕਿ ਕੁੱਲ 37 ਲਖ ਟਨ ਦਾ ਭੰਡਾਰਾ ਬਨਾਉਣਾ ਸੀ, ਉਸ ਵਿੱਚ ਇਕੱਲੇ ਪੰਜਾਬ ਨੇ 19 ਲਖ ਟਨ ਦਾ ਭੰਡਾਰਾ ਦਿੱਤਾ ਹੈ। (ਥੰਪਿੰਗ) (ਘੰਟੀ) ਸੈਂਟਰ ਦੀ ਸਰਕਾਰ ਨੂੰ ਪੰਜਾਬ ਦੇ ਜ਼ਿਮੀਂਦਾਰ ਦੀ ਔਕੜਾਂ ਵਲ ਦੇਖਣਾ ਚਾਹੀਦਾ ਹੈ। ਜਿਵੇਂ ਕਿ ਸਰਦਾਰ ਬਲਵੰਤ ਸਿੰਘ ਨੇ ਆਪਣੀ ਬਜਟ ਸਪੀਚ ਵਿੱਚ ਕਿਹਾ ਹੈ ਕਿ ਅਸੀਂ ਸੈਂਟਰ ਦੀ ਸਰਕਾਰ ਨੂੰ ਆਖਾਂਗੇ ਕਿ ਇਹ ਜਿਹੜੇ ਭਾਅ 76 ਰੁਪਏ ਕਣਕ ਦੇ ਅਤੇ 45 ਰੁਪਏ ਮੱਕੀ ਦੇ ਰਖ ਦਿੱਤੇ ਹਨ ਇਹ ਸਾਨੂੰ ਵਾਰਾ ਨਹੀਂ ਖਾਂਦੇ ਹਨ। ਸੈਂਟਰ ਵਾਲਿਆਂ ਨੂੰ ਸਾਡੀਆਂ ਗੱਲਾਂ ਮੰਨਣੀਆਂ ਚਾਹੀਦੀਆਂ ਹਨ। ਉਹ ਤਾਂ ਇਹ ਸੋਚਦੇ ਹਨ ਕਿ ਪੰਜਾਬ ਦਾ ਜ਼ਿਮੀਂਦਾਰ ਅਮੀਰ ਹੈ ਅਤੇ ਉਹ ਟੈਕਸ ਅਦਾ ਕਰ ਸਕਦਾ ਹੈ। ਇਹ ਬੜੀ ਚੰਗੀ ਗੱਲ ਹੋਵੇਗੀ ਜੇ ਉਹ ਇਥੇ ਦੇ ਜ਼ਿਮੀਂਦਾਰਾਂ ਨੂੰ ਉਤਸ਼ਾਹ ਦੇਣ। ਇਹ ਨਹੀਂ ਹੋਣਾ ਚਾਹੀਦਾ ਜਿਵੇਂ ਕਿ ਪਿਛੇ ਜਿਹੇ ਹਰਿਆਣਾ ਵਿੱਚ, ਜਿੱਥੇ ਕਿ ਕਾਂਗਰਸ ਦੀ ਸਰਕਾਰ ਹੈ, ਉਥੇ ਜਿਹੜੇ ਪੰਜਾਬੀ ਜਾਂ ਸਿਖ ਸਨ ਜਿਨ੍ਹਾਂ ਨੇ ਜ਼ਮੀਨਾਂ ਪੱਟੇ ਤੇ ਲਿਤੀਆਂ ਹੋਈਆਂ ਸਨ, ਉਨ੍ਹਾਂ ਦੇ ਪੱਟੇ ਮਨਸੂਖ ਕਰ ਦਿੱਤੇ ਸੀ ਅਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਪੰਜਾਬ ਵਿੱਚ ਜਾ ਕੇ ਜ਼ਿਮੀਂਦਾਰਾ ਕਰਨ। (ਵਿਘਨ) ਇਸੇ ਤਰ੍ਹਾਂ ਯੂ. ਪੀ. ਵਿੱਚ ਪੰਜਾਬੀਆਂ ਨੇ ਜੰਗਲਾਤ ਕਟਕੇ ਜ਼ਿਮੀਂ-ਦਾਰਾ ਸ਼ੁਰੂ ਕੀਤਾ ਸੀ ਅਤੇ ਰਾਜਿਸਥਾਨ ਵਿੱਚ ਪੰਜਾਬੀਆਂ ਨੇ ਟਿੱਬਿਆਂ ਨੂੰ ਠੀਕ ਕਰਕੇ ਖੇਤੀ ਬਾੜੀ ਸ਼ੁਰੂ ਕੀਤੀ ਸੀ, ਪਰ ਅੱਜ ਇਨ੍ਹਾਂ ਪੰਜਾਬੀਆਂ ਦੀ ਲਾਈਫ ਵੀ ਉਥੇ ਸਿਕਿਉਰ ਨਹੀਂ ਹੈ। (ਵਿਘਨ) ਪੰਜਾਬ ਵਿੱਚ ਜ਼ਿਮੀਂਦਾਰਾਂ ਨੂੰ ਸੈਂਟਰ ਵਲੋਂ ਜੋ ਔਕੜਾਂ ਪਾਈਆਂ ਹੋਈਆਂ ਹਨ ਉਹ ਦੂਰ ਕਰਨੀਆਂ ਚਾਹੀਦੀਆਂ ਹਨ ਅਤੇ ਯੂ. ਪੀ. ਅਤੇ ਰਾਜਿਸਥਾਨ, ਹਰਿਆਣਾ ਅਤੇ ਹੋਰ ਪੰਜਾਬ ਤੋਂ ਬਾਹਰ ਸੂਬਿਆਂ ਵਿੱਚ ਵਸਦੇ ਪੰਜਾਬੀਆਂ ਨੂੰ ਇਨਸੈਂਟਿਵ ਦੇਣਾ ਚਾਹੀਦਾ ਹੈ ਤਾਂ ਜੋ ਉਹ ਜ਼ਿਮੀਂਦਾਰ ਚੰਗੀ ਤਰ੍ਹਾਂ ਨਾਲ ਜ਼ਿਮੀਂਦਾਰਾ ਕਰ ਸਕਣ ਅਤੇ ਦੇਸ਼ ਦੀ ਫੂਡ ਪਰਾਬਲਮ ਨੂੰ ਹਲ ਕਰਨ ਵਿੱਚ ਸਹਿਯੋਗ ਦੇ ਸਕਣ। (ਘੰਟੀ)

ਸਾਡੀ ਸਰਕਾਰ ਨੇ ਇਹ ਬੜੀ ਅਛੀ ਸਕੀਮ ਬਣਾਈ ਹੈ। ਸੰਗਰੂਰ, ਫਿਰੋਜ਼ਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਕਿ ਜਿਸ ਕੋਲ ਤਿੰਨ ਹੈਕਟਰ ਜ਼ਮੀਨ ਹੋਵੇ, ਉਹ ਸੁਸਾਇਟੀ ਦਾ ਮੈਂਬਰ ਬਣ ਸਕਦਾ ਹੈ ਅਤੇ ਉਸ ਨੂੰ ਲੋਨਜ਼ ਮਿਲਣਗੇ, 20% ਸਬਸਿਡੀ ਮਿਲੇਗੀ। ਪੰਜਾਬ ਸਰਕਾਰ ਅਗੇ ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ ਜ਼ਿਮੀਂਦਾਰੀ ਉਤੇ ਡਿਪੈਂਡ ਕਰਦੇ ਹਨ ਉਨ੍ਹਾਂ ਨੂੰ ਕਿਸੇ ਨਾ ਕਿਸੇ ਸ਼ਕਲ ਵਿੱਚ ਸੁਪਰ ਫਾਸਫੇਟ (ਵਿਘਨ) ਫਰਟੀਲਾਈਜ਼ਰ ਲਈ ਸਬਸਿਡੀ ਮਿਲਣੀ ਚਾਹੀਦੀ ਹੈ। ਜੇ ਇਸ ਤਰ੍ਹਾਂ ਹੋ ਗਿਆ ਤਾਂ ਜ਼ਿਮੀਂਦਾਰ ਇਹ ਮਹਿਸੂਸ ਕਰਨਗੇ ਕਿ ਪੰਜਾਬ ਦੀ ਸਰਕਾਰ ਉਨ੍ਹਾਂ ਦੀ ਆਪਣੀ ਸਰਕਾਰ ਹੈ। (ਘੰਟੀ)

ਸ਼੍ਰੀ ਸਭਾਪਤੀ : ਹੁਣ ਵਾਈਂਡ ਅਪ ਕਰ ਦਿਓ। (Please wind up now.)

ਸਰਦਾਰ ਬੇਅੰਤ ਸਿੰਘ : ਮਾਡਲ ਵਿਲੇਜਿਜ਼ ਦੇ ਬਾਰੇ ਵਿੱਚ (ਵਿਘਨ)

ਸ਼੍ਰੀ ਸਭਾਪਤੀ : ਫੇਰ ਬੋਲ ਲੈਣਾ। (The hon. Member may please speak about these matters on some other occasion.)

ਸਰਦਾਰ ਬੇਅੰਤ ਸਿੰਘ : ਮੈਂ ਤਾਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਾਡਲ ਵਿਲੇਜਿਜ਼ ਦੀ ਸਕੀਮ ਵਾਸਤੇ ਕਾਫੀ ਰੁਪਿਆ ਸਪਲੀਮੈਂਟਰੀ ਐਸਟੀਮੇਟਸ ਵਿਚ ਰਖਿਆ ਗਿਆ ਹੈ। ਇਸ ਨਾਲ

[ਸਰਦਾਰ ਬੇਅੰਤ ਸਿੰਘ]

ਪਿੰਡਾਂ ਦੇ ਲੋਕਾਂ ਨੂੰ ਪਹਿਲੀ ਵਾਰ ਸੁਖ ਦਾ ਸਾਹ ਮਿਲਿਆ ਹੈ। ਕਾਂਗਰਸ ਦਾ ਵੀਹ ਸਾਲ ਰਾਜ ਰਿਹਾ, ਉਸ ਵੇਲੇ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰੀਸ਼ਦ ਬਣੇ ਪਰ ਜੋ ਸੁਖ ਪਿੰਡ ਵਾਲੇ ਹੁਣ ਮਾਡਲ ਵਿਲੇਜਿਜ਼ ਦੇ ਬਣਨ ਨਾਲ ਮਹਿਸੂਸ ਕਰ ਰਹੇ ਹਨ ਉਹ ਪਹਿਲਾਂ ਉਨ੍ਹਾਂ ਲਈ ਕੁਝ ਵੀ ਨਹੀਂ ਹੋ ਸਕਿਆ। (ਵਿਘਨ) ਅਜ ਪਿੰਡਾਂ ਵਿਚ ਸੜਕਾਂ ਬਣ ਗਈਆਂ ਹਨ ਅਤੇ ਹੋਰ ਅਜਿਹੇ ਕੰਮ ਹੋਏ ਹਨ ਜਿਸ ਨਾਲ ਪਿੰਡ ਦੇ ਲੋਕਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ। (ਘੰਟੀ) ਮੈਂ ਇਸ ਗੱਲ ਤੇ ਗੌਰਮੈਂਟ ਨੂੰ ਵਧਾਈ ਦਿੰਦਾ ਹਾਂ। (ਥੰਪਿੰਗ) ਮੈਂ ਸਿਰਫ ਇਕ ਗੱਲ ਹੋਰ ਸੜਕਾਂ ਬਾਰੇ ਕਹਿ ਕੇ ਫੇਰ ਬੰਦ ਕਰਾਂਗਾ। ਪਿੰਡ ਦੇ ਗਰੀਬ ਹਰੀਜਨ ਅਤੇ ਹੋਰ ਲੋਕਾਂ ਨੂੰ ਪਹਿਲਾਂ ਸੜਕਾਂ ਨਾ ਬਣਨ ਕਾਰਨ ਆਪਣਾ ਮਾਲ ਮੰਡੀਆਂ ਵਿਚ ਲਿਆਉਣ ਵਿਚ ਬੜੀ ਮੁਸ਼ਕਿਲ ਪੇਸ਼ ਆਉਂਦੀ ਸੀ। ਪਰ ਹੁਣ ਸੜਕਾਂ ਬਣਨ ਨਾਲ ਉਨਾਂ ਦਾ ਮਾਲ ਮੰਡੀਆਂ ਵਿਚ ਆਸਾਨੀ ਨਾਲ ਆਉਣ ਲਗ ਪਿਆ ਹੈ ਅਤੇ ਉਨ੍ਹਾਂ ਨੇ ਸੁਖ ਦਾ ਸਾਹ ਲਿਆ ਹੈ। (ਵਿਘਨ)

ਸਾਡੀ ਸਰਕਾਰ ਨੇ ਅਗਲੇ ਸਾਲ ਲਈ ਬੱਜਟ ਦੇ ਵਿਚ ਜਿਹੜਾ 6 ਕਰੋੜ ਦਾ ਸੜਕਾਂ ਵਾਸਤੇ ਬੱਜਟ ਰੱਖਿਆ ਹੈ, ਉਹ 10 ਕਰੋੜ ਦਾ ਰੇਜ਼ ਕਰਕੇ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਸੜਕਾਂ ਸਾਰੀਆਂ ਪੱਕੀਆਂ ਬਣ ਜਾਣਗੀਆਂ। ਇਕ ਇਕ ਪਿੰਡ ਸੜਕ ਨਾਲ ਲਿੰਕ ਹੋ ਜਾਵੇਗਾ। ਔਰ ਪਿੰਡਾਂ ਦੇ ਬੱਚੇ ਜਿਹੜੇ ਅੱਗੇ ਕੱਚੇ ਰਸਤੇ ਵਿਚ ਦੀ ਪੜ੍ਹਨ ਜਾਂਦੇ ਸਨ ਉਹ ਹੁਣ ਪੱਕੀ ਸੜਕ ਤੇ ਐਜੂਕੇਸ਼ਨ ਲੈਣ ਵਾਸਤੇ ਜਾਇਆ ਕਰਨਗੇ ਅਤੇ ਕਿਸਾਨਾਂ ਨੂੰ ਵੀ ਮੰਡੀਆਂ ਵਿਚ ਅਨਾਜ ਲਿਆਉਣ ਅਤੇ ਆਉਣ ਜਾਣ ਵਿਚ ਸੌਖ ਹੋ ਜਾਵੇਗੀ। ਇਹ ਬੜਾ ਅੱਛਾ ਕੰਮ ਸਰਕਾਰ ਨੇ ਕੀਤਾ ਹੈ। (ਘੰਟੀ) ਇਹ ਸੜਕਾਂ ਜਿਹੜੀਆਂ ਅਸੀਂ ਬਣਾਉਣੀਆਂ ਹਨ, ਕਾਂਗਰਸ ਸਰਕਾਰ ਨੇ 5-7 ਸਾਲਾਂ ਵਿਚ ਸਿਰਫ ਸੌ ਮੀਲ ਸੜਕ ਬਣਾਈ ਸੀ। ਉਨ੍ਹਾਂ ਨੂੰ ਇਸ ਗੱਲ ਦੀ ਸ਼ਰਮ ਹੋਣੀ ਚਾਹੀਦੀ ਹੈ। ਅੱਜ ਇਹ ਇਸ ਤਰ੍ਹਾਂ ਨੁਕਤਾ-ਚੀਨੀ ਕਰਦੇ ਹਨ। ਅਸੀਂ ਤਾਂ ਬਹੁਤ ਕੁਝ ਕੀਤਾ ਹੈ ਅਤੇ ਕਰ ਰਹੇ ਹਾਂ ਪਰ ਇਨ੍ਹਾਂ ਨੇ ਕੁਝ ਨਹੀਂ ਸੀ ਕੀਤਾ ਇਹ ਤਾਂ ਸਾਡੇ ਕੁੱਛੜ ਬਹਿ ਕੇ ਦਾੜ੍ਹੀ ਪੱਟਦੇ ਹਨ। (ਹਾਸਾ)

ਕਾਮਰੇਡ ਦਰਸ਼ਨ ਸਿੰਘ ਝਬਾਲ (ਅਟਾਰੀ ਐਸ.ਸੀ.): ਇਹ ਜਿਹੜਾ ਐਪਰੋਪਰੀਏਸ਼ਨ ਬਿੱਲ ਲਿਆਂਦਾ ਗਿਆ ਹੈ, ਜਿਸ ਤੇ ਆਪੋਜ਼ੀਸ਼ਨ ਵੱਲੋਂ ਅਤੇ ਸਰਕਾਰੀ ਬੈਂਚਿਜ਼ ਵੱਲੋਂ ਵੀ ਤਕਰੀਰਾਂ ਹੋਈਆਂ ਹਨ, ਮੈਨੂੰ ਇਸ ਗੱਲ ਦੀ ਹੈਰਾਨਗੀ ਹੈ ਕਿ ਕੱਲ ਮੇਰੇ ਕੁਝ ਮਾਨਯੋਗ ਮੈਂਬਰਾਂ ਨੇ, ਜਿਹੜੇ ਕਿ ਸਰਕਾਰੀ ਬੈਂਚਾਂ ਤੇ ਹਨ, ਨੇ ਤਕਰੀਰਾਂ ਕੀਤੀਆਂ, ਜਦ ਉਹ ਤਕਰੀਰਾਂ ਕਰਦੇ ਪਏ ਸਨ ਤਾਂ ਉਨ੍ਹਾਂ ਨੂੰ ਇਥੇ ਵਿਜ਼ਟਰਜ਼ ਗੈਲਰੀ ਵਿਚ ਬੈਠੇ ਵਿਜ਼ਟਰਜ਼ ਨੇ ਉਨ੍ਹਾਂ ਨੂੰ ਤਕਰੀਰਾਂ ਕਰਦੇ ਹੋਏ ਵੇਖਿਆ। ਉਹ ਉਨ੍ਹਾਂ ਦੀਆਂ ਤਕਰੀਰਾਂ ਤੋਂ ਅੰਦਾਜ਼ਾ ਲਗਾ ਸਕਦੇ ਹਨ।(ਵਿਘਨ)

ਮੈਂ ਸਰਦਾਰ ਰਾਜਾ ਸਿੰਘ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦ ਉਹ ਚੀਮਾਂ ਸਾਹਿਬ ਦੇ ਪਿੱਛੇ ਬੈਠੇ ਸਨ ਤਾਂ ਉਨ੍ਹਾਂ ਦੀ ਤਕਰੀਰ ਹੋਰ ਸੀ ਅਤੇ ਜਦੋਂ ਉਨ੍ਹਾਂ ਨੇ ਸੀਟ ਚੇਂਜ ਕਰ ਲਈ ਤਾਂ ਉਨ੍ਹਾਂ ਦੀ ਤਕਰੀਰ ਹੋਰ ਸੀ। (ਵਿਘਨ) ਇਹ ਤਾਂ ਉਹ ਗੱਲ ਹੋਈ ਕਿ ਜਿਸ ਤਰ੍ਹਾਂ ਜੇਲ੍ਹ ਵਿਚ ਨੰਬਰਦਾਰ ਵਲੋਂ ਸਭ ਅੱਛਾ ਕਿਹਾ ਜਾਂਦਾ ਹੈ ਭਾਵੇਂ ਸਭ ਕੈਦੀ ਬੀਮਾਰ ਹੋਣ ਜਾਂ ਮਰੇ ਹੋਏ ਹੋਣ .... (ਵਿਘਨ)

ਸ੍ਰੀ ਸਭਾਪਤੀ : ਤੁਸੀਂ 10 ਮਿੰਟ ਵਿਚ ਆਪਣੀ ਸਪੀਚ ਖਤਮ ਕਰੋ। (Please wind up within ten minutes.)

ਕਾਮਰੇਡ ਦਰਸ਼ਨ ਸਿੰਘ ਝਬਾਲ : ਜਦ ਇਹ ਗੱਲ ਸਾਹਮਣੇ ਆਉਂਦੀ ਹੈ ਤਾਂ ਬੜਾ ਦੁੱਖ ਹੁੰਦਾ ਹੈ। ਅੱਜ ਕਾਂਗਰਸ ਪਾਰਟੀ ਦੇ ਮੈਂਬਰ ਜਦੋਂ ਤਕਰੀਰ ਕਰਦੇ ਹਨ ਤਾਂ ਕਹਿੰਦੇ ਹਨ ਕਿ ਜੋ ਅੱਜ ਬੁਰਾਈ

ਹੋ ਰਹੀ ਹੈ ਉਹ ਪਹਿਲੇ ਨਹੀਂ ਸੀ ਅਤੇ ਇਸ ਦੀ ਜ਼ਿਮੇਵਾਰੀ ਰੂਲਿੰਗ ਪਾਰਟੀ ਤੇ ਸੁੱਟਦੇ ਹਨ। ਪਰ ਜਦ ਅਕਾਲੀ ਪਾਰਟੀ ਦੇ ਮੈਂਬਰ ਤਕਰੀਰਾਂ ਕਰਦੇ ਹਨ ਤਾਂ ਉਹ ਕਹਿੰਦੇ ਹਨ ਇਹ ਸਭ ਕੁਝ ਕਾਂਗਰਸ ਪਾਰਟੀ ਵਲੋਂ ਕਰਦੇ ਰਹੇ ਹਨ ਅਤੇ ਇਸ ਦੀ ਸਾਰੀ ਜ਼ਿਮੇਵਾਰੀ ਕਾਂਗਰਸ ਤੇ ਸੁੱਟਦੇ ਹਨ। ਪਰ ਇਹ ਗੱਲ ਠੀਕ ਨਹੀਂ ਹੈ।

ਅੱਜ ਵੀ ਉਹੀ ਮਸ਼ੀਨਰੀ ਹੈ ਜਿਹੜੀ 20 ਸਾਲਾਂ ਵਿਚ ਕਾਂਗਰਸ ਦੇ ਰਾਜ ਵਿਚ ਸੀ । ਚੇਅਰਮੈਨ ਸਾਹਿਬ, ਜੇ ਕਾਂਗਰਸ ਦੇ 20 ਸਾਲਾਂ ਦੇ ਰਾਜ ਵਿਚ ਲੋਕਾਂ ਦੀ ਬਿਹਤਰੀ ਨਹੀਂ ਹੋਈ ਜਾਂ ਚੰਗਾ ਇਨਸਾਫ ਨਹੀਂ ਮਿਲਿਆ ਜਾਂ ਭਰਿਸ਼ਟਾਚਾਰ ਖਤਮ ਨਹੀਂ ਹੋਇਆ ਤਾਂ ਇਸ ਦਾ ਭਾਵ ਇਹ ਨਹੀਂ ਕਿ ਅਕਾਲੀ ਸਰਕਾਰ ਤੇ ਜ਼ੁਮੇਵਾਰੀ ਨਹੀਂ ਆਉਂਦੀ ਅਕਾਲੀ ਪਾਰਟੀ ਪਿਛਲੀਆਂ ਚੋਣਾਂ ਵਿਚ ਇਸ ਕਰਕੇ ਇਲੈਕਸ਼ਨ ਜਿੱਤ ਕੇ ਆਈ ਸੀ ਕਿ ਕਾਂਗਰਸ ਦਾ 20 ਸਾਲਾਂ ਦਾ ਰਾਜ ਲੋਕਾਂ ਦਾ ਰਾਜ ਨਹੀਂ ਰਿਹਾ। ਇਸ ਨੇ ਲੋਕਾਂ ਤੇ ਜ਼ੁਲਮ ਕੀਤੇ। ਇਨ੍ਹਾਂ ਕਿਹਾ ਲੋਕੋ ਵੋਟਾਂ ਸਾਨੂੰ ਪਾਓ ਅਸੀਂ ਤੁਹਾਨੂੰ ਸਾਫ ਸੁਥਰਾ ਰਾਜ ਪ੍ਰਬੰਧ ਦਿਆਂਗੇ। ਇਹ ਅਕਾਲੀ ਪਾਰਟੀ ਕਹਿ ਕੇ ਆਈ ਸੀ । ਪਰ ਜੋ ਇਹ ਲੋਕਾਂ ਨਾਲ ਵਾਅਦੇ ਕਰਕੇ ਆਏ ਸਨ ਉਹ ਪੂਰੇ ਨਹੀਂ ਕਰ ਰਹੇ। ਵੋਟਰਾਂ ਦੀਆਂ ਜੋ ਆਸਾਂ ਸਨ ਪੂਰੀਆਂ ਹੁੰਦੀਆਂ ਨਜ਼ਰ ਨਹੀਂ ਆਉਂਦੀਆਂ । ਵੋਟਰ ਇਹ ਵੇਖਦੇ ਸਨ ਕਿ ਆਉਣ ਵਾਲੇ ਬੱਜਟ ਵਿਚ ਲੋਕਾਂ ਦੀ ਬਿਹਤਰੀ ਵਾਸਤੇ ਕੁਝ ਕੀਤਾ ਜਾਵੇਗਾ ਪਰ ਚੇਅਰਮੈਨ ਸਾਹਿਬ, ਜਦ ਬੱਜਟ ਬਣਾਇਆ ਜਾਂਦਾ ਹੈ ਤਾਂ ਇਸ ਗੱਲ ਨੂੰ ਸਾਹਮਣੇ ਰੱਖਿਆ ਜਾਂਦਾ ਹੈ ਕਿ ਅਪੋਜ਼ੀਸ਼ਨ ਦੇ ਮੈਂਬਰ ਜਾਂ ਰੂਲਿੰਗ ਪਾਰਟੀ ਦੇ ਮੈਂਬਰ ਜਾਂ ਵਜ਼ੀਰ ਜਦੋਂ ਪਿੰਡਾਂ ਵਿਚ ਜਾਂਦੇ ਹਨ ਤਾਂ ਲੋਕਾਂ ਦੀਆਂ ਤਕਲੀਫਾਂ ਨੂੰ ਦੇਖਕੇ, ਉਨ੍ਹਾਂ ਦੀ ਰੌਸ਼ਨੀ ਵਿਚ ਬੱਜਟ ਬਣਾਇਆ ਜਾਂਦਾ ਹੈ। ਪਰ ਇਹ ਬੱਜਟ, ਜਿਹੜਾ ਕਿ ਸਰਦਾਰ ਬਲਵੰਤ ਸਿੰਘ ਜੀ ਨੇ ਪੇਸ਼ ਕੀਤਾ ਹੈ, ਇਸ ਦੇ ਵਿਚ ਇਹ ਗੱਲ ਨਜ਼ਰ ਨਹੀਂ ਆਉਂਦੀ। ਇਹ ਬੱਜਟ ਲੋਕਾਂ ਦੀ ਭਲਾਈ ਦਾ ਨਹੀਂ, ਇਹ ਬੱਜਟ ਗਰੀਬਾਂ ਅਤੇ ਆਮ ਜਨਤਾ ਨੂੰ ਤਰੱਕੀ ਦੇਣ ਵਾਲਾ ਬੱਜਟ ਨਜ਼ਰ ਨਹੀਂ ਆਉਂਦਾ। ਚੇਅਰਮੈਨ ਸਾਹਿਬ, ਅਸੀਂ ਦੇਖਦੇ ਹਾਂ ਕਿ ਜੇ ਸਚਮੁਚ ਇਹ ਦਿਲ ਵਿਚ ਹੋਵੇ ਕਿ ਅਸੀਂ ਪੰਜਾਬ ਦੀ ਤਰੱਕੀ ਕਰਨੀ ਹੈ, ਅਸੀਂ ਪੰਜਾਬ ਦੇ ਆਮ ਵਰਗ ਦੀ ਤਰੱਕੀ ਕਰਨੀ ਹੈ ਤਾਂ ਇਹ ਗੱਲਾਂ ਨਾਲ ਨਹੀਂ ਹੋ ਸਕਦੀ,ਕੁਝ ਅਮਲ ਵੀ ਕਰਨਾ ਪਵੇਗਾ। ਕਾਂਗਰਸ ਵਾਲੇ ਵੀ ਗੱਲਾਂ ਬਹੁਤ ਕਰਦੇ ਰਹੇ ਪਰ ਅਮਲ ਨਹੀਂ ਕੀਤਾ । ਜੇ ਵਜ਼ੀਰ ਜਾਂ ਅਕਾਲੀ ਪਾਰਟੀ ਦੇ ਲੀਡਰ ਗੱਲਾਂ ਕਰਕੇ ਕਹਿ ਦੇਣ ਕਿ ਸਭ ਕੁਝ ਠੀਕ ਹੋ ਜਾਵੇਗਾ ਤਾਂ ਇਹ ਕਿਸੇ ਤਰ੍ਹਾਂ ਵੀ ਨਹੀਂ ਹੋਵੇਗਾ । ਇਹ ਬੁਨਿਆਦੀ ਸਵਾਲ, ਜਿਹੜੀਆਂ ਇਸ ਸਮਾਜ ਨੂੰ ਤਰੱਕੀ ਵੱਲ ਲੈਜਾਣ ਵਿਚ ਰੁਕਾਵਟਾਂ ਆਉਂਦੀਆਂ ਹਨ, ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਗੱਲਾਂ ਕਰਕੇ ਪੰਜਾਬ ਦੀ ਤਰੱਕੀ ਨਹੀਂ ਹੋਵੇਗੀ। ਅੱਜ ਸਾਡੇ ਪੰਜਾਬ ਦੇ ਸਾਹਮਣੇ ਕਾਫੀ ਮਸਲੇ ਹਨ। ਬੇਰੁਜ਼ਗਾਰੀ ਦਾ ਮਸਲਾ ਬੜਾ ਅਹਿਮ ਮਸਲਾ ਹੈ । ਅੱਜ ਪੰਜਾਬ ਦੇ ਵਿਚ ਕਾਫੀ ਪੜ੍ਹੇ ਲਿਖੇ ਬੇਕਾਰ ਹਨ । ਜਿਨ੍ਹਾਂ ਨੇ ਟਰੇਨਿੰਗ ਕੀਤੀ ਹੈ ਜਿਸ ਤਰ੍ਹਾਂ ਕੇ ਜੇ.ਬੀ. ਟੀ. ਟੀਚਰਜ਼ ਹਨ, ਉਹ 30 ਹਜ਼ਾਰ ਦੇ ਕਰੀਬ ਹਨ, ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਪੜ੍ਹੇ ਲਿਖੇ ਬੇਕਾਰ ਹਨ ਉਹ ਸਾਰੇ ਮੰਗ ਕਰਦੇ ਹਨ ਕਿ ਸਾਨੂੰ ਨੌਕਰੀ ਦਿਓ। ਜੇ ਇਹ ਬੇਰੁਜ਼ਗਾਰੀ ਦਾ ਮਸਲਾ ਹੱਲ ਨਾ ਹੋਇਆ ਤਾਂ ਲੋਕ ਬੇਮੁਹਾਰੇ ਹੋ ਕੇ ਉਠ ਪੈਣਗੇ ਅਤੇ ਲੋਕ ਉਠ ਵੀ ਰਹੇ ਹਨ । ਪਰ ਮੌਜੂਦਾ ਸਰਕਾਰ ਉਨ੍ਹਾਂ ਨੂੰ ਡੰਡਿਆਂ ਨਾਲ ਦਬਾਉਂਦੀ ਹੈ । ਉਨ੍ਹਾਂ ਨੂੰ ਡਾਂਗਾਂ ਮਾਰੀਆਂ ਜਾਂਦੀਆਂ ਹਨ ਅਤੇ ਗੋਲੀਆਂ ਚਲਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਗੋਲੀਆਂ ਚਲਾਇਆਂ ਇਹ ਮਸਲੇ ਹੱਲ ਨਹੀਂ ਹੋਣ ਲੱਗੇ। ਇਹ ਜਿਹੜਾ ਆਰਥਕਤਾ ਦਾ ਸਵਾਲ ਹੈ ਜੇ ਇਸ ਦਾ ਸੁਧਾਰ ਨਾ ਕੀਤਾ ਤਾਂ ਪੜ੍ਹਿਆਂ ਲਿਖਿਆਂ ਵਿਚੋਂ ਬੇਚੈਨੀ ਦੂਰ ਨਹੀਂ ਹੋਣੀ। ਨੈਕਸਲਾਈਟਸ ਦਾ ਜਿਕਰ ਅਖਬਾਰਾਂ ਵਿਚ ਆਉਂਦਾ ਹੈ। ਇਹ ਸਰਕਾਰ ਕਹਿੰਦੀ ਹੈ ਕਿ ਅਸੀਂ ਨੈਕਸਲਾਈਟ ਮੁਵਮੈਂਟ ਨੂੰ ਖਤਮ ਕਰ ਦੇਣਾ ਹੈ। ਮੈਂ ਕਹਿੰਦਾ ਹਾਂ ਕਿ ਤੁਹਾਨੂੰ ਇਸ ਦਾ ਸਹੀ ਹੱਲ ਲੱਭਣਾ ਚਾਹੀਦਾ ਹੈ । ਉਸ ਦੇ ਬਾਰੇ ਕੁਝ ਸੋਚੋ। ਤੁਸੀਂ ਰੁਜ਼ਗਾਰ ਦੇਣ ਦੇ ਸਾਧਨ ਪੈਦਾ ਨਹੀਂ ਕਰਦੇ, ਉਨ੍ਹਾਂ ਨੂੰ ਰੁਜ਼ਗਾਰ ਨਹੀਂ ਦਿਵਾਉਂਦੇ ਤਾਂ ਫਿਰ

[ਕਾਮਰੇਡ ਦਰਸ਼ਨ ਸਿੰਘ ਝਬਾਲ]

ਉਨ੍ਹਾਂ ਨੂੰ ਮੌਕਾ ਮਿਲਦਾ ਹੈ ਅਜਿਹੀਆਂ ਕਾਰਵਾਈਆਂ ਕਰਨ ਦਾ। ਮੈਂ ਪੰਜਾਬ ਦੀ ਪੁਲਿਸ ਬਾਰੇ ਦੱਸਦਾ ਹਾਂ ਜਿਸ ਨੇ ਸਾਡੀ, ਜਨਤਾ ਦੀ ਰਾਖੀ ਕਰਨੀ ਹੈ। ਉਹ ਲੋਕਾਂ ਨੂੰ ਡੰਡੇ ਨਾਲ ਦਬਾਉਂਦੀ ਹੈ ਅਤੇ ਲੋਕਾਂ ਨੂੰ ਗੋਲੀਆਂ ਨਾਲ ਉਡਾਇਆ ਜਾਂਦਾ ਹੈ। ਅੰਗਰੇਜ਼ਾਂ ਦੇ ਵੇਲੇ ਜੋ ਕੋਈ ਬਦਮਾਸ਼ ਹੁੰਦਾ ਸੀ ਉਸ ਨੂੰ ਵੀ ਗੋਲੀ ਨਾਲ ਨਹੀਂ ਸੀ ਮਾਰਦੇ, ਕਾਂਗਰਸ ਵੇਲੇ ਵੀ ਸਿਆਸੀ ਆਦਮੀਆਂ ਨੂੰ ਗੋਲੀ ਨਹੀਂ ਸੀ ਮਾਰੀ ਜਾਂਦੀ ਸਗੋਂ ਉਸ ਤੇ ਮੁਕੱਦਮਾ ਚਲਾਇਆ ਜਾਂਦਾ ਸੀ। ਪਰ ਅਕਾਲੀ ਪਾਰਟੀ ਦੀ ਸਰਕਾਰ ਵੇਲੇ ਸਿਆਸੀ ਆਦਮੀਆਂ ਨੂੰ ਫੜਕੇ ਗੋਲੀ ਮਾਰਕੇ ਕਹਿ ਦਿੱਤਾ ਕਿ ਪੁਲਿਸ ਦਾ ਮੁਕਾਬਲਾ ਕੀਤਾ ਅਤੇ ਮਰ ਗਿਆ, ਅਤੇ ਦੂਜੇ ਪਾਸੇ ਪੁਲਿਸ ਨੂੰ ਮੁਕਾਬਲੇ ਵਿਚ ਕੋਈ ਚੋਟ ਨਹੀਂ ਆਉਂਦੀ। ਜਿਸ ਤਰ੍ਹਾਂ ਮੈਂ ਕਿਹਾ ਸੀ ਕਿ ਪੜ੍ਹਿਆਂ ਲਿਖਿਆਂ ਵਿਚ ਬੇਰੋਜ਼ਗਾਰੀ ਦਾ ਮਸਲਾ ਹੈ ਇਸੇ ਤਰ੍ਹਾਂ ਅਨਪੜ੍ਹ, ਖੇਤ ਮਜ਼ਦੂਰਾਂ ਦਾ ਵੀ ਮਸਲਾ ਹੈ। ਨਵੀਆਂ ਮਸ਼ੀਨਾਂ ਕਟਾਈ, ਗਹਾਈ ਅਤੇ ਉਡਾਈ ਆਦਿ ਦੀਆਂ ਆਉਣ ਕਰਕੇ ਖੇਤ ਮਜ਼ਦੂਰ, ਜਿਹੜੇ ਖੇਤੀ ਨਾਲ ਸਬੰਧ ਰੱਖਦੇ ਹਨ ਉਹ ਵਿਹਲੇ ਹੋ ਗਏ, ਬੇਰੁਜ਼ਗਾਰ ਹੋ ਗਏ ਹਨ। ਸਰਕਾਰ ਉਨ੍ਹਾਂ ਨੂੰ ਕੋਈ ਕੰਮ ਦੇਣ ਦਾ ਸਾਧਨ ਨਹੀਂ ਸੋਚ ਰਹੀ। ਨਿਰੀਆਂ ਤਕਰੀਰਾਂ ਨਾਲ ਕੁਝ ਨਹੀਂ ਹੋਣਾ, ਕੁਝ ਕਰਨਾ ਵੀ ਪਏਗਾ। ਜਿਹੜੀਆਂ ਤੁਸੀਂ ਜ਼ਮੀਨਾਂ ਬਾਰੇ 30 ਸਟੈਂਡਰਡ ਏਕੜ ਹੱਦ ਬਾਰੇ ਤਕਰੀਰਾਂ ਕਰਦੇ ਹੋ ਮੈਂ ਕਹਿੰਦਾ ਹਾਂ ਕਿ ਇਹ 30 ਸਟੈਂਡਰਡ ਏਕੜ ਦੀ ਸਕੀਮ ਕਾਗਜ਼ਾਂ ਵਿਚ ਤਾਂ ਭਾਵੇਂ ਹੋਵੇ ਪਰ ਕੀਤਾ ਕੁਝ ਵੀ ਨਹੀਂ। ਪਹਿਲੇ ਦੀ ਤਰ੍ਹਾਂ ਜਗੀਰਦਾਰਾਂ ਪਾਸ ਜ਼ਮੀਨਾਂ ਕਬਜ਼ੇ ਵਿਚ ਹਨ। ਜ਼ਗੀਰਦਾਰਾਂ ਨੇ ਲੱਖਾਂ ਮੁਜ਼ਾਰਿਆਂ ਨੂੰ ਬੇਦਖਲ ਕਰ ਦਿੱਤਾ ਹੈ। ਜੇ ਇਹ ਕਹਿੰਦੇ ਹਨ ਇਹ ਗੈਰ-ਕਾਨੂੰਨੀ ਹਨ ਤਾਂ ਫਿਰ ਜੇ ਕੋਈ ਕਬਜ਼ਾ ਕਰਦਾ ਹੈ ਤਾਂ ਉਨ੍ਹਾਂ ਤੇ ਡਾਂਗਾਂ ਕਿਉਂ ਮਾਰਦੇ ਹੋ, ਦਫਾ 144 ਕਿਉਂ ਲਗਾਉਂਦੇ ਹੋ। ਇਹ ਉਨ੍ਹਾਂ ਦਾ ਕਾਨੂੰਨੀ ਹੱਕ ਹੈ ਕਿ ਫਾਲਤੂ ਜ਼ਮੀਨ ਉਹ ਲੈ ਲੈਣ। ਪਰ ਕਿਉਂਕਿ ਅਕਾਲੀ ਪਾਰਟੀ ਦੀ ਇਹ ਨੀਤੀ ਹੈ ਕਿ ਜਗੀਰਦਾਰਾਂ ਨੂੰ ਕਾਇਮ ਰੱਖਣਾ ਹੈ, ਉਨ੍ਹਾਂ ਦੀ ਜਾਇਦਾਦਾਂ ਦੀ ਰਾਖੀ ਕਰਨੀ ਹੈ ਔਰ ਜਿਹੜਾ ਇਹ ਕਹਿ ਰਹੇ ਹਨ ਕਿ ਅਸੀਂ ਹਰੀਜਨਾਂ, ਗਰੀਬਾਂ ਨੂੰ ਉਚਿਆਂ ਕਰਨਾ ਹੈ, ਇਹ ਇਕ ਫਰਾਡ ਹੈ, ਇਹ ਇਕ ਢੋਂਗ ਹੈ। ਇਕ ਪਾਸੇ ਜ਼ਗੀਰਦਾਰਾਂ ਦੀ ਰਾਖੀ ਕੀਤੀ ਜਾਵੇ ਅਤੇ ਦੂਸਰੇ ਪਾਸੇ ਕਹਿੰਦੇ ਹਨ ਕਿ ਅਸੀਂ ਗਰੀਬਾਂ ਲਈ ਬਹੁਤ ਕੁਝ ਕਰਦੇ ਹਾਂ, ਇਹ ਦੋ ਗਲਾਂ ਕਿਸ ਤਰ੍ਹਾਂ ਹੋ ਸਕਦੀਆਂ ਹਨ। ਇਹ ਤਾਂ ਜੰਗਲ ਦੇ ਕਾਨੂੰਨ ਵਰਗੀ ਗੱਲ ਹੋ ਸਕਦੀ ਹੈ। ਇਕ ਪਾਸੇ ਜਾਗੀਰਦਾਰਾਂ ਨੂੰ ਕਹਿ ਦੇਣਾ ਕਿ ਤੁਹਾਨੂੰ ਮੁਜ਼ਾਰੇ ਬੇਦਖਲ ਕਰਨ ਦਾ ਹੱਕ ਹੈ ਔਰ ਦੂਸਰੇ ਪਾਸੇ ਮੁਜ਼ਾਰਿਆਂ ਨੂੰ ਕਹਿ ਦੇਣਾ ਕਿ ਤੁਸੀਂ ਬੇਦਖਲ ਨਹੀਂ ਹੋ ਸਕਦੇ।

ਚੇਅਰਮੈਨ ਸਾਹਿਬ, ਬਾਰਡਰ ਦੇ ਇਲਾਕੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ। ਤੁਹਾਡਾ ਵੀ ਬਾਰਡਰ ਦਾ ਇਲਾਕਾ ਹੈ। ਮੇਰੀ ਬੇਨਤੀ ਹੈ ਕਿ 1967 ਵਿਚ ਜਦੋਂ ਸਰਦਾਰ ਗੁਰਨਾਮ ਸਿੰਘ ਦੀ ਸਰਕਾਰ ਸੀ ਤਾਂ ਸਰਕਾਰ ਨੇ ਕਿਹਾ ਸੀ ਕਿ ਅਸੀਂ ਬਾਰਡਰ ਦੇ ਲੋਕਾਂ ਨੂੰ ਉਤਸ਼ਾਹਤ ਕਰਨ ਲਈ ਕੋਈ ਉਚੇਚੀਆਂ ਸਹੂਲਤਾਂ ਦੇਵਾਂਗੇ। ਇਸ ਸਬੰਧ ਵਿਚ ਪਿਛਲੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਔਰ ਬਜਟ ਸਪੀਚ ਵਿਚ ਵੀ ਕਿਹਾ ਗਿਆ ਸੀ ਕਿ ਬਾਰਡਰ ਦੇ ਇਲਾਕੇ ਨੂੰ ਸਹੂਲਤਾਂ ਦਿੱਤੀਆਂ ਜਾਣੀਆਂ ਹਨ ਪਰ ਹੁਣ ਤਕ ਕੁਝ ਨਹੀਂ ਕੀਤਾ ਗਿਆ। ਚੇਅਰਮੈਨ ਸਾਹਿਬ, ਮੈਨੂੰ ਹੁਣ ਇਹ ਗੱਲ ਬੜੇ ਦੁਖ ਨਾਲ ਫਿਰ ਕਹਿਣੀ ਪੈਂਦੀ ਹੈ ਕਿ ਇਸ ਸਾਲ ਗਵਰਨਰ ਸਾਹਿਬ ਦੇ ਐਡਰੈਸ ਵਿਚ ਔਰ ਨਾ ਬਜਟ ਸਪੀਚ ਵਿਚ ਕੋਈ ਜ਼ਿਕਰ ਆਇਆ ਹੈ ਕਿ ਇਹ ਜਿਹੜੇ ਬਾਰਡਰ ਦੇ ਇਲਾਕੇ ਫਿਰੋਜ਼ਪੁਰ, ਅੰਮ੍ਰਿਤਸਰ ਔਰ ਗੁਰਦਾਸਪੁਰ ਵਗੈਰਾ ਹਨ ਉਨ੍ਹਾਂ ਨੂੰ ਇਹ ਸਹੂਲਤਾਂ ਦਿੱਤੀਆਂ ਜਾਣਗੀਆਂ। ਮੈਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਅਸਾਨੂੰ ਇਸ ਗੱਲ ਤੇ ਬੜਾ ਖਦਸ਼ਾ ਹੈ ਔਰ ਇਹ ਗੱਲ ਆਪਣੇ ਜਵਾਬ ਵਿਚ ਕਹਿਣ ਕਿ ਅਸੀਂ ਬਾਰਡਰ ਦੇ ਇਲਾਕਿਆਂ ਵਿਚ ਵਸਦੇ ਲੋਕਾਂ ਨੂੰ ਉਚੇਚੀਆਂ ਸਹੂਲਤਾਂ ਦੇਵਾਂਗੇ ਔਰ ਅਮਲੀ ਤੌਰ ਤੇ ਦੇਵਾਂਗੇ। ਚੇਅਰਮੈਨ ਸਾਹਿਬ, ਇਕ ਗਲ ਸਰਕਾਰ ਨੇ ਬੜੀ ਚੰਗੀ ਕੀਤੀ ਹੈ ਜਿਸ ਦੀ ਕਿ

ਮੈਂ ਪ੍ਰਸ਼ੰਸਾ ਕਰਦਾ ਹਾਂ ਕਿ ਇਹ ਜਿਹੜਾ ਹਰੀਜਨਾਂ ਤੋਂ ਚੌਕੀਦਾਰਾ ਟੈਕਸ ਮਾਫ ਕਰ ਦਿੱਤਾ ਹੈ ਭਾਵੇਂ ਇਨ੍ਹਾਂ ਨੂੰ ਇਹ ਗੱਲ ਮਜਬੂਰ ਹੋ ਕੇ ਕਰਨੀ ਪਈ ਪਰ ਤਾਂ ਵੀ ਅਸੀਂ ਕਹਿੰਦੇ ਹਾਂ ਕਿ ਇਨ੍ਹਾਂ ਨੇ ਬੜਾ ਚੰਗਾ ਕੰਮ ਕੀਤਾ ਹੈ ਪਰ ਨਾਲ ਹੀ ਮੇਰੀ ਅਰਜ਼ ਹੈ ਕਿ ਕਿਧਰੇ ਇਸ ਨੂੰ ਉਸ ਤਰ੍ਹਾਂ ਹੀ ਨਾ ਕੀਤਾ ਜਾਵੇ ਕਿ ਜਿਹੜੀ ਪਹਿਲਾਂ 5 ਏਕੜ ਜ਼ਮੀਨ ਦਾ ਮਾਲੀਆ ਮਾਫ਼ ਕਰ ਦਿੱਤਾ ਔਰ ਲੋਕਾਂ ਦੀ ਵਾਹ ਵਾਹ ਲੈ ਲਈ ਪਰ ਅਜੇ ਤਕ ਵੀ ਉਹ ਮਾਲੀਆ ਉਗਰਾਹਿਆ ਜਾ ਰਿਹਾ ਹੈ। ਇਹ ਗੱਲ ਵੀ ਕਿਧਰੇ ਇਸ ਤਰ੍ਹਾਂ ਨਾ ਹੋਵੇ ਮੇਰੀ ਅਰਜ਼ ਹੈ ਕਿ ਇਸ ਨੂੰ ਅਮਲੀ ਤੌਰ ਤੇ ਕਰਨਾ ਚਾਹੀਦਾ ਹੈ ਔਰ ਜੋ ਵੀ ਸਰਕਾਰ ਕਦਮ ਚੁਕੇ ਉਹ ਅਮਲੀ ਤੌਰ ਤੇ ਹੋਣੇ ਚਾਹੀਦੇ ਹਨ ।

ਚੇਅਰਮੈਨ ਸਾਹਿਬ, ਜਿਥੋਂ ਤਕ ਹਰੀਜਨ ਭਰਾਵਾਂ ਦੀ ਬੇਹਤਰੀ ਦਾ ਸਵਾਲ ਹੈ ਉਹ ਮੈਂ ਤੁਹਾਡੇ ਸਾਹਮਣੇ ਰਖਣਾ ਚਾਹੁੰਦਾ ਹਾਂ। ਇਹ ਇਸ ਗੱਲ ਦਾ ਦਾਹਵਾ ਕਰਦੇ ਹਨ ਕਿ ਹਰੀਜਨ ਭਰਾਵਾਂ ਦੀ ਬੇਹਤਰੀ ਵਾਸਤੇ ਅਸੀਂ ਬਹੁਤ ਕੁਝ ਕਰ ਰਹੇ ਹਾਂ। ਇਥੇ ਮੇਰੇ ਵੀਰ ਅਕਾਲੀ ਭਰਾ ਵੀ ਬੋਲੇ ਹਨ ਉਨ੍ਹਾਂ ਨੇ ਵੀ ਕਹਿ ਦਿੱਤਾ ਹੈ ਕਿ ਹਰੀਜਨਾਂ ਦੀ ਬੇਹਤਰੀ ਹੋ ਰਹੀ ਹੈ। ਪਰ ਮੇਰੀ ਅਰਜ਼ ਹੈ ਕਿ ਨਿਰੀਆਂ ਗੱਲਾਂ ਨਾਲ ਜਾਂ ਨਿਰੇ ਬਿਆਨਾਂ ਨਾਲ ਹਰੀਜਨਾਂ ਦੀ ਬੇਹਤਰੀ ਨਹੀਂ ਹੋਣੀ ਉਨ੍ਹਾਂ ਦਾ ਭਲਾ ਨਹੀਂ ਹੋਣਾ ਜੇ ਉਨ੍ਹਾਂ ਦਾ ਭਲਾ ਕਰਨਾ ਹੈ, ਜੇ ਉਨ੍ਹਾਂ ਦੀ ਬੇਹਤਰੀ ਕਰਨੀ ਹੈ ਤਾਂ ਉਨ੍ਹਾਂ ਨੂੰ ਜ਼ਮੀਨ ਦਿਓ, ਉਨ੍ਹਾਂ ਨੂੰ ਰੁਜ਼ਗਾਰ ਦਿਓ। ਚੇਅਰਮੈਨ ਸਾਹਿਬ, ਨਿਕਾਸੀ ਜ਼ਮੀਨ ਦੀ ਬੋਲੀ ਦੀ ਗੱਲ ਹੈ ਇਹ ਆਪ ਮੰਨੇ ਹਨ ਕਿ ਬੋਲੀ ਦਾ ਤਰੀਕਾ ਠੀਕ ਨਹੀਂ ਰਿਹਾ (ਵਿਘਨ) ਚੇਅਰਮੈਨ ਸਾਹਿਬ, ਹਰੀਜਨਾਂ ਦੀ ਬੇਹਤਰੀ ਬਾਰੇ ਮੈਂ ਆਪ ਨੂੰ ਦਸਣਾ ਚਾਹੁੰਦਾ ਹਾਂ ਕਿ ਮੇਰੇ ਪਾਸ ਚਿਠੀ ਹੈ ਜਿਸ ਦੇ ਵਿਚ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ 12 ਹਜ਼ਾਰ ਰੁਪਏ ਹਰੀਜਨਾਂ ਨੂੰ ਸਸਤੇ ਕਰਜ਼ੇ ਦੇਣ ਦਾ ਜ਼ਿਕਰ ਹੈ। ਚੇਅਰਮੈਨ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਮੈਂ ਕਮੇਟੀ ਦਾ ਮੈਂਬਰ ਸੀ । ਜਦੋਂ ਰੁਪਏ ਵੰਡਣ ਦਾ ਸਵਾਲ ਆਇਆ ਤਾਂ ਮੈਂ ਡੀ.ਸੀ. ਸਾਹਿਬ ਨੂੰ ਕਿਹਾ ਸੀ ਕਿ ਰਿਉੜੀਆਂ ਲਿਆ ਕੇ ਇਨ੍ਹਾਂ ਨੂੰ ਵੰਡ ਦਿਓ। ਇਸ ਰੁਪਏ ਨਾਲ ਹਰੀਜਨਾਂ ਦਾ ਕੁਝ ਨਹੀਂ ਬਣਨਾ। ਚੇਅਰਮੈਨ ਸਾਹਿਬ, ਕਲਿਆਣ ਫੰਡ ਚੋਂ ਤਹਿਸੀਲ ਅੰਮ੍ਰਿਤਸਰ ਲਈ 20 ਹਜ਼ਾਰ , ਤਰਨਤਾਰਨ ਲਈ 20 ਹਜ਼ਾਰ ਰੁਪਿਆ, ਅਜਨਾਲਾ ਤਹਿਸੀਲ ਲਈ 40 ਹਜ਼ਾਰ ਰੁਪਿਆ ਪੱਟੀ ਤਹਿਸੀਲ ਲਈ 40 ਹਜ਼ਾਰ ਰੁਪਿਆ ਰਖਿਆ ਹੈ। ਇਹ ਕੋਈ ਵੱਡੀ ਰਕਮ ਨਹੀਂ ਜਿਸ ਦੇ ਨਾਲ ਹਰੀਜਨਾਂ ਦੀ ਬੇਹਤਰੀ ਹੋ ਸਕਦੀ ਹੈ। ਇਸ ਲਈ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਹਰੀਜਨਾਂ ਦੀ ਬੇਹਤਰੀ ਕਰਨਾ ਚਾਹੁੰਦੇ ਹੋ ਤਾਂ ਉਨ੍ਹਾਂ ਵਿਚਾਰਿਆਂ ਨੂੰ ਜ਼ਮੀਨ ਮਿਲਣੀ ਚਾਹੀਦੀ ਹੈ, ਉਨ੍ਹਾਂ ਨੂੰ ਰੁਜ਼ਗਾਰ ਮਿਲਣਾ ਚਾਹੀਦਾ ਹੈ ਜਾਂ ਕੋਈ ਹੋਰ ਐਸਾ ਪ੍ਰਬੰਧ ਕਰਨਾ ਚਾਹੀਦਾ ਹੈ ਜਿਸ ਨਾਲ ਉਨ੍ਹਾਂ ਦੀ ਤਰੱਕੀ ਹੋ ਸਕੇ । (ਘੰਟੀ)

ਇਕ ਗੱਲ ਚੇਅਰਮੈਨ ਸਾਹਿਬ, ਮੈਂ ਮੁਲਾਜ਼ਮਾਂ ਦੇ ਬਾਰੇ ਵਿਚ ਕਹਿਣੀ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਜਾਇਜ਼ ਮੰਗਾਂ ਤੇ ਸਰਕਾਰ ਨੇ ਉਨ੍ਹਾਂ ਨਾਲ ਕੀ ਵਰਤਾਉ ਕੀਤਾ ? ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ। ਇਸ ਗੱਲ ਨਾਲ ਉਨ੍ਹਾਂ ਨੇ ਸਰਦਾਰ ਲਛਮਣ ਸਿੰਘ ਗਿੱਲ ਔਰ ਕਾਂਗਰਸ ਰਾਜ ਨੂੰ ਯਾਦ ਕਰਵਾਇਆ ਹੈ ਔਰ ਕਾਂਗਰਸੀਆਂ ਨੂੰ ਪਰਚਾਰ ਕਰਨ ਦਾ ਮੌਕਾ ਦਿੱਤਾ ਹੈ। ਮੁਲਾਜ਼ਮਾਂ ਦੇ ਖਿਲਾਫ਼ ਜੋ ਕੇਸ ਹਨ ਉਨ੍ਹਾਂ ਨਾਲ ਜੋ ਜ਼ੁਲਮ ਕੀਤੇ ਗਏ ਹਨ ਉਹ ਨਾਜਾਇਜ਼ ਹੋਏ ਔਰ ਉਨ੍ਹਾਂ ਤੇ ਜੋ ਸਖਤੀ ਕੀਤੀ ਗਈ ਹੈ ਉਹ ਇਸ ਸਰਕਾਰ ਨੂੰ ਨਹੀਂ ਸੀ ਕਰਨੀ ਚਾਹੀਦੀ। ਉਨ੍ਹਾਂ ਦੇ ਖਿਲਾਫ਼ ਜੋ ਕੇਸਿਜ਼ ਹਨ, ਜੋ ਐਕਸ਼ਨ ਲਿਆ ਗਿਆ ਹੈ ਉਹ ਵਾਪਸ ਹੋਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੀ ਇਹ ਮੰਗ ਬਿਲਕੁਲ ਜਾਇਜ਼ ਹੈ ਔਰ ਪੂਰੀ ਕਰਨੀ ਚਾਹੀਦੀ ਹੈ। (ਘੰਟੀ) ਪੰਜਾਬ ਦੇ ਲੋਕ ਉਨ੍ਹਾਂ ਦੇ ਨਾਲ ਹਨ ਔਰ ਉਨ੍ਹਾਂ ਦੀਆਂ ਮੰਗਾਂ ਪਰਵਾਨ ਹੋਣੀਆਂ ਚਾਹੀਦੀਆਂ ਹਨ। ਜੇ ਸਰਕਾਰ ਦਾ ਇਹੀ ਵਤੀਰਾ

[ਕਾਮਰੇਡ ਦਰਸ਼ਨ ਸਿੰਘ ਝਬਾਲ]

ਰਿਹਾ ਤਾਂ ਇਹ ਗੱਲ ਠੀਕ ਨਹੀਂ ਹੋਵੇਗੀ। ਮੁਲਾਜ਼ਮ ਆਪਣੀਆਂ ਮੰਗਾਂ ਮੰਨਵਾ ਕੇ ਰਹਿਣਗੇ ਔਰ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਕੋਈ ਰੋਕ ਨਹੀਂ ਸਕਦਾ । (ਵਿਘਨ) ਬਸ ਚੇਅਰਮੈਨ ਸਾਹਿਬ, ਇਤਨਾ ਕਹਿਕੇ ਮੈਂ ਆਪਦਾ ਧੰਨਵਾਦ ਕਰਦਾ ਹਾਂ ।

ਚੌਧਰੀ ਤੁਲਸੀ ਰਾਮ ਚੌਹਾਨ (ਬਲਾਚੌਰ) : ਚੇਅਰਮੈਨ ਸਾਹਿਬ, ਇਹ ਜਿਹੜਾ ਐਪਰੋਪ੍ਰੀਏਸ਼ਨ ਬਿਲ ਫਾਈਨੈਂਸ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ ਉਨ੍ਹਾਂ ਨੇ ਇਸ ਨੂੰ ਇਕ ਸ਼ੋਸ਼ਲਿਸਟਿਕ ਪੈਟਰਨ ਦਾ ਬਿਲ ਦੱਸਿਆ ਹੈ। ਪਰ ਮੈਨੂੰ ਇਸ ਗੱਲ ਤੇ ਬੜਾ ਅਫਸੋਸ ਹੈ ਕਿ ਉਨ੍ਹਾਂ ਨੇ ਇਸ ਬਿਲ ਨੂੰ ਸੋਸ਼ਲਿਸਟਿਕ ਪੈਟਰਨ ਦਾ ਬਿਲ ਦਸਿਆ ਹੈ। ਚੇਅਰਮੈਨ ਸਾਹਿਬ, ਇਸ ਦੇ ਬਾਰੇ ਮੈਂ ਕੁਝ ਮੋਟੀਆਂ ਮੋਟੀਆਂ ਗੱਲਾਂ ਆਪ ਨੂੰ ਦਸਣਾ ਚਾਹੁੰਦਾ ਹਾਂ, ਇਨ੍ਹਾਂ ਨੇ ਕੁਝ ਰੁਪਿਆ ਜ਼ਿਲ੍ਹਿਆਂ ਦੇ ਟਰਾਂਸਪੋਰਟ ਕੰਟਰੋਲਰਜ਼ ਕਾਇਮ ਕਰਨ ਲਈ ਰੱਖਿਆ ਹੈ । ਇਨ੍ਹਾਂ ਨੇ ਇਹ ਟਰਾਂਸਪੋਰਟ ਕੰਟਰੋਲਰਜ਼ ਜ਼ਿਲ੍ਹਿਆਂ ਤੇ ਇਸ ਲਈ ਲਾਏ ਤਾਂ ਕਿ ਸਟੇਟ ਵਿਚ ਟਰਾਂਸਪੋਰਟ ਅੱਛੀ ਹੋ ਜਾਵੇ। ਲੇਕਿਨ ਇਹ ਟਰਾਂਸਪੋਰਟ ਕੰਟਰੋਲਰਜ਼ ਕਿਉਂ ਲਾਏ ਗਏ, ਇਹ ਕਿਸ ਲਈ ਰਖੇ ਗਏ ਇਹ ਇਕ ਬੜੀ ਖਤਰਨਾਕ ਗੱਲ ਹੈ । ਚੇਅਰਮੈਨ ਸਾਹਿਬ, ਇਨ੍ਹਾਂ ਦੇ ਪਾਸ 20-25 ਪੀ.ਸੀ.ਐਸ. ਅਫਸਰ ਫਾਲਤੂ ਪਏ ਸੀ, ਇਹ ਕਿਸ ਤਰ੍ਹਾਂ ਫਾਲਤੂ ਪਏ ਸੀ। ਆਪ ਨੂੰ ਪਤਾ ਹੈ ਕਿ ਪੰਜਾਬੀ ਸੂਬਾ ਬਣਿਆ ਤਾਂ ਦੂਸਰਿਆਂ ਸੂਬਿਆਂ ਤੋਂ ਇਹ ਅਫਸਰ ਆਏ । ਇਹ ਜ਼ਿਲ੍ਹਾ ਛੋਟਾ ਹੋਣ ਕਰਕੇ ਸਾਰੇ ਪੀ.ਸੀ. ਐਸ. ਅਫਸਰ ਆਬਜ਼ਾਰਬ ਨਾ ਹੋ ਸਕੇ। ਇਸ ਲਈ ਹੁਣ ਇਨ੍ਹਾਂ ਨੇ ਉਨ੍ਹਾਂ ਨੂੰ ਡਿਸਟ੍ਰਿਕਟ ਟਰਾਂਸਪੋਰਟ ਕੰਟਰੋਲਰਜ਼ ਲਾ ਦਿੱਤਾ ਹੈ। ਔਰ ਉਨ੍ਹਾਂ ਦਾ ਕੰਮ ਕੀ ਹੋਵੇਗਾ ਉਹ ਅਫਸਰ ਬੱਸਾਂ ਚੈਕ ਕਰਨਗੇ ਪਰ ਬੜੇ ਅਫਸੋਸ ਦੀ ਗਲ ਹੈ ਕਿ ਇਹ ਇਸ ਬਿਲ ਨੂੰ ਸੋਸ਼ਲਿਸਟਿਕ ਪੈਟਰਨ ਦਾ ਬਿਲ ਦਸਦੇ ਹਨ । ਬਿਹਤਰ ਇਹ ਹੁੰਦਾ ਜੇ ਉਨ੍ਹਾਂ ਨੂੰ ਉਨ੍ਹਾਂ ਦੀ ਕੁਆਲੀਫੀਕੇਸ਼ਨ ਦੇ ਮੁਤਾਬਿਕ ਕੋਈ ਯੋਗ ਕੰਮ ਦਿੱਤਾ ਜਾਂਦਾ। ਇਹ ਉਨ੍ਹਾਂ ਦੀ ਯੋਗਤਾਂ ਦੇ ਮੁਤਾਬਕ ਕੰਮ ਨਹੀਂ ਹੈ । ਇਸ ਤਰ੍ਹਾਂ ਇਹ ਸਰਕਾਰ ਪੰਜਾਬ ਦੀ ਜਨਤਾ ਦਾ ਪੈਸਾ ਬਰਬਾਦ ਕਰ ਰਹੀ ਹੈ ਔਰ ਉਸ ਦੀ ਵਰਤੋਂ ਠੀਕ ਤਰੀਕੇ ਨਾਲ ਨਹੀਂ ਕਰ ਰਹੀ। (ਵਿਘਨ)

ਫਿਰ ਚੇਅਰਮੈਨ ਸਾਹਿਬ, ਮੈਂ ਆਪ ਨੂੰ ਦਸਣਾ ਚਾਹੁੰਦਾ ਹਾਂ ਕਿ 10 ਲੱਖ ਰੁਪਿਆ ਇਕ ਸ਼ੂਗਰ ਮਿਲ ਨੂੰ ਦਿੱਤਾ ਜਾ ਰਿਹਾ ਹੈ। ਇਹ ਸਰਕਾਰ ਜਨਤਾ ਦਾ ਪੈਸਾ ਐਵੇਂ ਜ਼ਾਇਆ ਕਰ ਰਹੀ ਹੈ। ਚੇਅਰਮੈਨ ਸਾਹਿਬ, ਇਹ ਸ਼ੂਗਰ ਮਿਲ ਅਗੇ ਹੀ 32 ਲੱਖ ਰੁਪਏ ਨੁਕਸਾਨ ਦੇ ਵਿਚ ਹੈ ਔਰ ਇਸ ਮਿਲ ਦੇ ਵਿਚ ਸਾਡੀ ਸਟੇਟ ਗੌਰਮਿੰਟ ਪਾਰਟਨਰ ਹੈ ਲੇਕਿਨ ਮੈਂ ਦਸਣਾ ਚਾਹੁੰਦਾ ਹਾਂ ਕਿ ਇਸ ਮਿਲ ਤੇ ਸਟੇਟ ਗੌਰਮਿੰਟ ਦਾ ਕੋਈ ਕੰਟਰੋਲ ਨਹੀਂ ਔਰ ਇਸ ਤੇ ਕੰਟਰੋਲ ਪ੍ਰਾਈਵੇਟ ਲੋਕਾਂ ਦਾ ਹੈ। ਸਾਡੀ ਸਟੇਟ ਗੌਰਮਿੰਟ ਇਸ ਕਰਕੇ ਇਹ 10 ਲੱਖ ਰੁਪਿਆ ਉਸ ਮਿਲ ਨੂੰ ਦੇ ਰਹੀ ਹੈ ਤਾਂ ਕਿ ਉਹ ਮਿਲ ਫੇਲ ਨਾ ਹੋ ਜਾਵੇ। ਪਰ ਚੇਅਰਮੈਨ ਸਾਹਿਬ ਇਤਨਾ ਰੁਪਿਆ ਦੇਣ ਦੇ ਬਾਵਜੂਦ ਵੀ ਕੋਈ ਗਰੰਟੀ ਨਹੀਂ ਕਿ ਇਹ ਮਿਲ ਚਲਦੀ ਰਹੇਗੀ ਜਾਂ ਨਹੀਂ ? ਸੋ ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਇਹ ਸਟੇਟ ਦਾ ਪੈਸਾ ਜ਼ਾਇਆ ਕਰ ਰਹੇ ਹਨ ।

ਚੇਅਰਮੈਨ ਸਾਹਿਬ, ਫਿਰ ਮੈਂ ਆਪ ਨੂੰ ਦਸਣਾ ਚਾਹੁੰਦਾ ਹਾਂ ਕਿ ਕਈ ਲੱਖ ਰੁਪਿਆ ਸਾਡੇ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰਾਂ ਦੀਆਂ ਕੋਠੀਆਂ ਤੇ ਖਰਚ ਕੀਤਾ ਜਾ ਰਿਹਾ ਹੈ । ਚੇਅਰਮੈਨ ਸਾਹਿਬ, 10 ਲੱਖ ਰੁਪਿਆ ਇਸ ਕਰਕੇ ਰਖਿਆ ਗਿਆ ਹੈ ਕਿ ਉਨ੍ਹਾਂ ਕੋਠੀਆਂ ਵਿਚ ਕੂਲਰ ਲਾਏ ਜਾਣ ਔਰ ਉਹ ਕੋਠੀਆਂ ਏਅਰ-ਕੰਡੀਸ਼ਨਜ਼ ਬਣਾਈਆਂ ਜਾਣ ।ਫਿਰ ਸਾਡੇ ਫਾਈਨੈਂਸ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਇਹ ਸ਼ੋਸ਼ਲਿਸਟਿਕ ਪੈਟਰਨ ਦਾ ਬਿਲ ਲਿਆਂਦਾ ਹੈ। ਇਕ ਪਾਸੇ ਤਾਂ ਮਲਾਜ਼ਮਾਂ ਨੂੰ ਦੇਣ ਵਾਸਤੇ ਇਨ੍ਹਾਂ ਨੇ ਬਜਟ ਵਿਚ ਕੋਈ ਪਰੋਵੀਜ਼ਨ ਨਹੀਂ ਕੀਤਾ ਔਰ ਉਨ੍ਹਾਂ ਦੀ ਜਿਹੜੀ ਇਨਟੈਰਿਮ ਰੀਲੀਫ ਦੀ ਮੰਗ ਹੈ ਉਸਨੂੰ ਮੰਨਿਆ ਨਹੀਂ ਜਾ ਰਿਹਾ ਔਰ ਇਹ ਕਹਿੰਦੇ ਹਨ ਕਿ ਸਾਡੇ ਪਾਸ ਪੈਸਾ ਹੈ ਨਹੀਂ ਪਰ ਦਸਰੇ ਪਾਸੇ ਲੱਖਾਂ

ਰੁਪਿਆ ਜ਼ਾਇਆ ਕੀਤਾ ਜਾ ਰਿਹਾ ਹੈ ਔਰ ਇਸ ਗੱਲ ਤੇ ਖਰਚ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਦੀ ਕੋਠੀਆਂ ਏਅਰ-ਕੰਡੀਸ਼ਨਜ਼ ਕੀਤੀਆਂ ਜਾਣ । ਕੀ ਸਾਡੀ ਗੌਰਮਿੰਟ ਦਾ ਪੰਜਾਬੀ ਸੂਬਾ ਬਨਾਉਣ ਦਾ ਇਹੀ ਨਿਸ਼ਾਨਾ ਸੀ। (ਵਿਘਨ) ਇਹ ਗੁਰੂ ਨਾਨਕ ਦੇ ਅਸੂਲਾਂ ਤੇ ਉਨ੍ਹਾਂ ਦੇ ਪੂਰਨਿਆਂ ਤੇ ਚਲਣ ਦਾ ਦਾਵਾ ਕਰਦੇ ਹਨ ......

ਮੈਂ ਕਹਿੰਦਾ ਹਾਂ ਕਿ ਜਿਹੜੇ ਅਸੂਲ ਉਨ੍ਹਾਂ ਨੇ ਬਣਾਏ ਸੀ ਸਾਡੀ ਸਟੇਟ ਗੌਰਮਿੰਟ ਉਨ੍ਹਾਂ ਤੇ ਅਮਲ ਕਰੇ। ਗੁਰੂ ਨਾਨਕ ਦੇਵ ਜੀ ਨੇ 'ਵੰਡ ਛੱਕ' ਆਦਿ ਕਈ ਅੱਛੇ ਅੱਛੇ ਸ਼ਬਦ ਕਹੇ ਸੀ, ਪਰ ਇਨ੍ਹਾਂ ਦਾ ਅਮਲ ਉਨ੍ਹਾਂ ਤੋਂ ਉਲਟ ਹੈ। ਇਹ ਅਫਸਰਾਂ ਲਈ ਤਾਂ ਏਅਰ-ਕੰਡੀਸ਼ਨ ਕੋਠੀਆਂ ਬਣਾਉਣ ਲਗੇ ਹਨ ਅਤੇ ਜਿਹੜੇ ਛੋਟੇ ਛੋਟੇ ਮੁਲਾਜ਼ਮ ਹਨ ਅਤੇ ਜਿਹੜੇ ਸਟੇਟ ਦੀ ਰੀਹੜ ਦੀ ਹੱਡੀ ਹਨ ਉਨ੍ਹਾਂ ਨੂੰ ਕੋਈ ਵੀ ਪੈਸਾ ਦੇਣ ਲਈ ਇਹ ਤਿਆਰ ਨਹੀਂ ਅਤੇ ਇਹ ਕਹਿੰਦੇ ਹਨ ਕਿ ਉਨ੍ਹਾਂ ਲਈ ਕੋਈ ਸਰਮਾਇਆ ਨਹੀਂ।

ਚੇਅਰਮੈਨ ਸਾਹਿਬ, ਇਕ ਗੁਜ਼ਾਰਸ਼ ਮੈਂ ਹੋਰ ਕਰਾਂਗਾ ਕਿ ਇਥੇ ਬੜਾ ਰੌਲਾ ਪਾਇਆ ਜਾ ਰਿਹਾ ਹੈ ਇਨ੍ਹਾਂ ਵੱਲੋਂ ਕਿ ਮਾਡਲ ਵਿਲੇਜਿਜ਼ ਬਣਾਉਣ ਲਈ ਬੜੀ ਰਕਮ ਰਖੀ ਗਈ ਹੈ। ਅਤੇ ਕਹੀ ਜਾਂਦੇ ਹਨ ਕਿ ਸਾਰੇ ਪਿੰਡਾਂ ਨੂੰ ਮੌਡਲ ਵਿਲੇਜ ਬਣਾ ਦਿੱਤਾ ਜਾਵੇਗਾ । ਬੜੀ ਖੁਸ਼ੀ ਦੀ ਗੱਲ ਹੈ ਸਟੇਟ ਦਾ ਨਕਸ਼ਾ ਜੇ ਬਦਲ ਜਾਵੇ ਅਤੇ ਸਾਰੇ ਲੋਕ ਅਗਰ ਸੁਚਜੇ ਢੰਗ ਨਾਲ ਜਿਉਣਾ ਸ਼ੁਰੂ ਕਰ ਦੇਣ, ਪਰ ਮੈਂ ਸਮਝਦਾ ਹਾਂ ਕਿ ਇਹ ਮੌਡਲ ਵਿਲੇਜਿਜ਼ ਨਹੀਂ ਬਣਾ ਰਹੇ ਬਲਕਿ ਇਹ ਸਿਆਸੀ ਰਿਸ਼ਵਤ ਦਿਤੀ ਜਾ ਰਹੀ ਹੈ। ਪਛੜੇ ਹੋਏ ਇਲਾਕੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬਲਾਚੌਰ ਕੰਸਟੀਚੁਐਂਸੀ ਵਿਚ ਦੋ ਪਿੰਡਾਂ ਨੂੰ ਮੌਡਲ ਗਰਾਮ ਬਣਾਇਆ, ਉਨ੍ਹਾਂ ਵਿਚ ਇਕ ਪਿੰਡ, ਸਗੁਮੜਾ ਹੈ। ਉਸ ਪਿੰਡ ਦੇ ਵਿਚ ਇਕ ਅਕਾਲੀ ਮੈਂਬਰ ਹਨ ਜਿਹੜੇ ਐਸ.ਪੀ.ਜੀ.ਸੀ. ਦੇ ਮੈਂਬਰ ਹਨ ਅਤੇ ਇਕ ਹੋਰ ਪਿੰਡ ਬਣਾਇਆ ਉਸ ਪਿੰਡ ਵਿਚ ਅਕਾਲੀ ਪਾਰਟੀ ਦੀ ਸੈਂਟਰਲ ਕਮੇਟੀ ਦੇ ਮੈਂਬਰ ਸਾਹਿਬ ਰਹਿੰਦੇ ਹਨ। ਉਨ੍ਹਾਂ ਦੋ ਅਕਾਲੀਆਂ ਦੇ ਪਿੰਡ ਮੌਡਲ ਬਣਾ ਦਿੱਤੇ ਅਤੇ ਕਹਿ ਦਿੱਤਾ ਕਿ ਪੰਜਾਬ ਦੇ ਸਾਰੇ ਪਿੰਡ ਮੌਡਲ ਬਣਾ ਦਿੱਤੇ, ਇਹ ਗਲਤ ਗੱਲ ਹੈ ,। ਇਹ ਤਾਂ ਸਿਆਸੀ ਰਿਸ਼ਵਤ ਹੈ। ਸਾਡੇ ਸਮੁੱਚੇ ਪੰਜਾਬ ਦਾ ਇਕ ਇਕ ਪੈਸਾ ਟੈਕਸ ਵੱਜੋਂ ਗਰੀਬਾਂ ਤੋਂ ਕਠਾ ਕੀਤਾ ਹੋਇਆ ਖ਼ਜ਼ਾਨੇ ਵਿਚ ਆਉਂਦਾ ਹੈ ਅਤੇ ਉਸ ਖ਼ਜ਼ਾਨੇ ਦੀ ਵਰਤੋਂ ਇਹ ਜਿਸ ਢੰਗ ਨਾਲ ਕਰ ਰਹੇ ਹਨ, ਇਹ ਠੀਕ ਨਹੀਂ ਹੈ। ਇਹ ਇਕ ਪਿੰਡ ਦੀ ਖ਼ਾਤਰ ਸੌ ਸੌ ਪਿੰਡਾਂ ਦਾ ਸਤਿਆਨਾਸ ਕਰ ਰਹੇ ਹਨ। ਸੌ ਪਿੰਡਾਂ ਦੀ ਡਿਵੈਲਪਮੈਂਟ ਰੋਕ ਕੇ ਇਕ ਪਿੰਡ ਤੇ ਸਾਰਾ ਪੈਸਾ ਲਾ ਦੇਣਾ ਅਤੇ ਉਹ ਵੀ ਸਿਆਸੀ ਰਿਸ਼ਵਤ ਦੇ ਤੌਰ ਤੇ ਇਹ ਸਰਕਾਰ ਨੂੰ ਕਰੈਡਿਟ ਨਹੀਂ ਦੁਆ ਸਕਦਾ ।

ਇਹ ਗੁਜ਼ਾਰਿਸ਼ ਮੈਂ ਹੋਰ ਕਰਨਾ ਚਾਹੁੰਦਾ ਹਾਂ ਕਿ ਇਸ ਪੰਜਾਬ ਦੀ ਧਰਤੀ ਤੇ ਹੁਣ ਵੀ ਜ਼ਿਲ੍ਹਾ ਹੁਸ਼ਿਆਰਪੁਰ ਦੀ ਬਲਾਚੌਰ ਕੰਸਟੀਚੁਐਂਸੀ ਵਿਚ ਕੋਈ ਕਾਲਜ ਨਹੀਂ, ਕੋਈ ਹਸਪਤਾਲ ਨਹੀਂ, ਕੋਈ ਸੜਕਾਂ ਨਹੀਂ ਬਣਾਈਆਂ ਗਈਆਂ। ਅਸੀਂ ਗੌਰਮਿੰਟ ਆਫ਼ ਇੰਡੀਆ ਨੂੰ ਕਹਾਂਗੇ ਅਤੇ ਉਥੋਂ ਕੋਆਪਰੇਸ਼ਨ ਵੀ ਲਵਾਂਗੇ , ਪਰ ਪੰਜਾਬ ਗੌਰਮੈਂਟ ਲਈ ਇਹ ਚੀਜ਼ ਠੀਕ ਨਹੀਂ । ਇਸ ਨੂੰ ਆਪਣੇ ਨਜ਼ਰੀਏ ਬਦਲਣੇ ਚਾਹੀਦੇ ਹਨ ।

ਇਕ ਹੋਰ ਗਲ ਮੈਂ ਇਥੇ ਦਸਣਾ ਚਾਹੁੰਦਾ ਹਾਂ ਕਿ ਇਥੇ ਇਨ੍ਹਾਂ ਦੇ ਕੁਝ ਮੈਂਬਰਾਂ ਦੇ ਮੂੰਹ ਤੋਂ ਸੁਣਿਆ ਗਿਆ ਹੈ ਕਿ ਇਹ ਜਿਹੜੇ ਪਹਾੜਾਂ ਦੇ ਨਾਲ ਦੇ ਇਲਾਕੇ ਹਨ, ਸਾਨੂੰ ਉਨ੍ਹਾਂ ਤੋਂ ਕੋਈ ਆਮਦਨ ਨਹੀਂ ਇਸ ਲਈ ਸਾਨੂੰ ਉਨ੍ਹਾਂ ਇਲਾਕਿਆਂ ਦੀ ਕੋਈ ਲੋੜ ਨਹੀਂ ਰਹੀ ਹੈ। ਇਸ ਤਰ੍ਹਾਂ ਦਾ ਨਜ਼ਰੀਆ, ਇਸ ਤਰ੍ਹਾਂ ਦਾ ਰੁਜਹਾਨ, ਪੈਦਾ ਕਰਨ ਵਾਲੇ ਨੂੰ ਰੋਕਣਾ ਚਾਹੀਦਾ ਹੈ। ਇਹ ਸਰਕਾਰ ਇਨ੍ਹਾਂ ਇਲਾਕਿਆਂ ਨੂੰ ਬਾਹਰ ਕਢਣਾ ਚਾਹੁੰਦੀ ਹੈ। ਮੈਂ ਅਰਜ਼ ਕਰਾਂ ਕਿ ਮਹਾਰਾਜਾ ਰਣਜੀਤ ਸਿੰਘ ਸਿਖ ਸਟੇਟ ਦਾ ਇਕ ਮਹਾਨ ਨੇਤਾ ਰਿਹਾ ਹੈ, ਉਸ ਨੇ ਹਜ਼ਾਰਾਂ ਨੌਜਵਾਨ ਮਰਾ ਦਿੱਤੇ ਸੀ ਅਤੇ ਇਲਾਕੇ ਫਤਿਹ

[ਚੌਧਰੀ ਤੁਲਸੀ ਰਾਮ ਚੌਹਾਨ]

ਕੀਤੇ ਸੀ, ਪਰ ਸਾਡੀ ਸਰਕਾਰ ਧੜਾ ਧੜ ਉਹ ਇਲਾਕੇ ਕਢਣ ਲਈ ਤੁਲੀ ਹੋਈ ਹੈ । ਜਿਸ ਤਰ੍ਹਾਂ ਇਹ ਉਨ੍ਹਾਂ ਇਲਾਕਿਆਂ ਦੀ ਡੀਵੈਲਪਮੈਂਟ ਲਈ ਕੋਈ ਬਜਟ ਪਰੋਵਾਈਡ ਨਹੀਂ ਕਰ ਰਹੇ, ਅਤੇ ਉਨ੍ਹਾਂ ਲੋਕਾਂ ਨੂੰ ਹਰ ਗਲ ਲਈ ਮਜਬੂਰ ਕਰ ਰਹੇ ਹਨ, ਮੈਨੂੰ ਡਰ ਹੈ ਕਿ ਉਹ ਲੋਗ ਇਹ ਸੋਚਣ ਤੇ ਮਜ਼ਬੂਰ ਹੋ ਜਾਣਗੇ ਕਿ ਉਹ ਪੰਜਾਬੀ ਸੂਬੇ ਤੋਂ ਬਾਹਰ ਚਲੇ ਜਾਣ। ਮੈਂ ਅਪਣੇ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹੋ ਜਿਹਾ ਨਜ਼ਰੀਆ ਰਖਣ ਵਾਲੇ ਲੋਕਾਂ ਨੂੰ ਆਪਣੀ ਸਰਕਾਰ ਵਿਚੋਂ ਬਾਹਰ ਕਢ ਦੇਣ। ਜੇ ਕਰ ਅਕਾਲੀ ਪਾਰਟੀ ਦਾ ਇਹੋ ਰਵਈਆਂ ਰਿਹਾ ਅਤੇ ਉਨ੍ਹਾਂ ਇਲਾਕਿਆਂ ਨਾਲ ਇਹੋ ਸਲੂਕ ਰਿਹਾ ਤਾਂ ਸ਼ਾਇਦ ਇਸ ਅਕਾਲੀ ਪਾਰਟੀ ਨੂੰ ਉਹ ਬੁਰੇ ਦਿਨ ਦੇਖਣ ਵਾਸਤੇ ਨਸੀਬ ਹੋਣਗੇ ਜਿਨ੍ਹਾਂ ਕਰਕੇ 20 ਸਾਲਾਂ ਦਾ ਰਾਜ ਕਾਂਗਰਸ ਕੋਲੋਂ ਚਲਾ ਗਿਆ । ਜਿਹੜੀਆਂ ਕਮਜ਼ੋਰੀਆਂ ਕਾਂਗਰਸ ਰਾਜ ਵਿਚ ਆ ਗਈਆਂ ਸਨ, ਹੁਣ ਉਨ੍ਹਾਂ ਤੋਂ ਵੀ ਜ਼ਿਆਦਾ ਇਸ ਸਰਕਾਰ ਵਿਚ ਆ ਗਈਆਂ ਹਨ । ਮੈਂ ਇਕ ਮਿਸਾਲ ਦਿੰਦਾ ਹਾਂ ਰਿਸ਼ਵਤ ਦੇ ਮੁਤਅਲਕ । ਲੋਕ ਆਪਣਾ ਕੰਮ ਕਰਾਉਣ ਵਾਸਤੇ ਤਾਂ ਰਿਸ਼ਵਤ ਦਿੰਦੇ ਸੀ , ਪਿਛੇ ਵੀ ਦਿੰਦੇ ਸੀ ਅਤੇ ਹੁਣ ਵੀ ਉਹ ਦਿੰਦੇ ਹਨ, ਲੇਕਿਨ ਹੁਣ ਇਕ ਨਵੀਂ ਚੀਜ਼ ਵੇਖੀ ਜਾਂਦੀ ਹੈ ਕਿ ਮੁਲਾਜ਼ਮਾਂ ਤੇ ਤਬਦੀਲੀਆਂ ਕਰਾਉਣ ਲਈ ਰਿਸ਼ਵਤ ਲਈ ਜਾ ਰਹੀ ਹੈ ਅਤੇ ਮੁਲਾਜ਼ਮ ਦੇ ਰਹੇ ਹਨ। 20 ਸਾਲ ਦੇ ਬਾਅਦ ਇਕ ਨਵਾਂ ਯੁਗ ਆਇਆ ਕਿ ਮੁਲਾਜ਼ਮ ਆਪਣਾ ਕੰਮ ਕਰਾਉਣ ਲਈ ਰਿਸ਼ਵਤ ਦੇਣ ।

ਹੁਣ ਮੈਂ ਇੰਡਸਟਰੀ ਵਲ ਪੰਜਾਬ ਸਰਕਾਰ ਦਾ ਧਿਆਨ ਦਿਲਾਉਂਦਾ ਹਾਂ ਕਿ ਇਸ ਸਰਕਾਰ ਨੇ ਇੰਡਸਟਰੀ ਦੀ ਉਹ ਹਾਲਤ ਕਰ ਦਿੱਤੀ ਹੈ ਕਿ ਪੰਜਾਬ ਦੀ ਸਾਰੀ ਇੰਡਸਟਰੀ ਧੜਾ ਧੜ ਪੰਜਾਬ ਤੋਂ ਬਾਹਰ ਜਾ ਰਹੀ ਹੈ, ਪਰ ਇਸ ਸਰਕਾਰ ਨੇ ਇਸ ਵਲ ਕੋਈ ਤਵਜੋ ਨਹੀਂ ਦਿੱਤੀ । ਹੋ ਸਕਦਾ ਹੈ ਕਿ ਸਾਡਾ ਜਿਹੜਾ ਪੰਜਾਬ ਹੈ ਜਾਂ ਦੇਸ਼ ਹੈ ਐਗਰੀਕਲਚਰ ਤੇ ਨਿਰਭਰ ਹੈ, ਅਤੇ ਜ਼ਰਾਇਤ ਵਲ ਧਿਆਨ ਦੇਣਾ ਚਾਹੀਦਾ ਹੈ , ਪਰ ਜਿਹੜਾ ਕਾਂਗਰਸ ਸਰਕਾਰ ਨੇ ਇਕ ਕੰਮ ਸ਼ੁਰੂ ਕੀਤਾ ਸੀ ਇੰਡਸਟਰੀ ਦੇ ਬਾਰੇ, ਉਸ ਨੂੰ ਇਹ ਤਬਾਹ ਕਰ ਰਹੇ ਹਨ । ਕਾਂਗਰਸ ਸਰਕਾਰ ਨੇ ਹਰ ਜ਼ਿਲੇ ਵਿਚ ਇੰਡਸਟਰੀ ਏਰੀਆ ਬਣਾਏ, ਜ਼ਮੀਨਾਂ ਐਕੁਆਇਰ ਕੀਤੀਆਂ ਲੋਕਾਂ ਨੂੰ ਕਰਜ਼ੇ ਦਿੱਤੇ ਗਏ ਅਤੇ ਹਜ਼ਾਰਾਂ ਯੂਨਿਟ ਖੜੇ ਕਰ ਦਿੱਤੇ । ਤੁਸੀਂ ਲੁਧਿਆਣਾ, ਅੰਮ੍ਰਿਤਸਰ, ਜਲੰਧਰ ਹੁਸ਼ਿਆਰਪੁਰ ਆਦਿ ਇਸ ਬਾਰੇ ਵੇਖ ਸਕਦੇ ਹੋ, ਪਰ ਇਨ੍ਹਾਂ ਨੇ ਆਪਣੇ ਰਜੀਮ ਵਿਚ ਕੀ ਕੁਝ ਇਸ ਖੇਤਰ ਵਿਚ ਕੀਤਾ ਸ਼ਾਇਦ ਅਗੇ ਆਉਣ ਵਾਲੇ ਦਿਨਾਂ ਵਿਚ ਲੋਗ ਇਨ੍ਹਾਂ ਤੋਂ ਪੁਛ ਲੈਣਗੇ । (ਵਿਘਨ)

ਚੇਅਰਮੈਨ ਸਾਹਿਬ, ਹੁਣ ਮੈਂ ਇਕ ਗੁਜ਼ਾਰਸ਼ ਐਗਰੀਕਲਚਰ ਦੇ ਬਾਰੇ ਕਰਾਂਗਾ ਕਿ ਬਲਾਚੌਰ ਦੇ ਕੋਲ ਬੇਟ ਦੀ ਜ਼ਮੀਨ ਸੇਮ ਨਾਲ ਤਬਾਹ ਹੁੰਦੀ ਜਾ ਰਹੀ ਹੈ, ਪਰ ਇਸ ਬਜਟ ਵਿਚ ਸੇਮ ਲਈ ਇਕ ਪੈਸੇ ਦਾ ਪਰੋਵੀਜ਼ਨ ਨਹੀਂ ਕੀਤਾ ,। ਇਹ ਕਹਿੰਦੇ ਹਨ ਕਿ ਇਹ ਜਿਹੜਾ ਬਜਟ ਹੈ ਇਹ ਸੋਸ਼ਲਿਸਟਕ ਪੈਟਰਨ ਦਾ ਹੈ। ਮੈਂ ਕਹਿੰਦਾ ਹਾਂ ਕਿ ਇਹ ਸੋਸ਼ਲਿਸਟਕ ਪੈਟਰਨ ਨਾਲ ਕਿੰਨਾ ਮਜ਼ਾਕ ਹੈ। ਕਿਨੀ ਪਛੜੇ ਹੋਏ ਇਲਾਕਿਆਂ ਨਾਲ ਬੇਇਨਸਾਫੀ ਕੀਤੀ ਗਈ ਹੈ । ਇਹ ਜਿਹੜਾ ਬਜਟ ਹੈ ਇਹ ਪੁਰਾਣੀ ਰਜਵਾੜਾ ਸ਼ਾਹੀ ਦੀ ਪੂੜੀ ਹੈ । ਗਰੀਬਾਂ ਦੇ ਜ਼ਖ਼ਮਾਂ ਤੇ ਨਮਕ ਛਿੜਕਿਆ ਗਿਆ ਹੈ।

ਸ੍ਰੀ ਸਭਾਪਤੀ : ਚੌਧਰੀ ਰਾਧਾ ਕ੍ਰਿਸ਼ਨ ਜੀ । (Chaudhari Radha Krishan may speak now.)

ਚੌਧਰੀ ਜਗਤਰਾਮ : * * * * * * *

*Expunged as ordered by the Chair.

ਸ੍ਰੀ ਗੁਰਦਿਆਲ ਸੈਣੀ : [* x x x x]

Mr. Chairman : Whatever has been said without the permission of the Chair, should not from part of the proceedings.

ਖੇਤੀਬਾੜੀ ਮੰਤਰੀ (ਚੌਧਰੀ ਰਾਧਾ ਕ੍ਰਿਸ਼ਨ) : ਚੇਅਰਮੈਨ ਸਾਹਿਬ, ਸਦਨ ਦੇ ਵਿਚ ਜਿਹੜੀ ਚਰਚਾ ਚਲ ਰਹੀ ਹੈ, ਉਸ ਦੇ ਵਿਚ ਅਕਾਲੀ ਪਾਰਟੀ ਦੀ ਸਰਕਾਰ ਉਤੇ ਅਜੀਬ ਕਿਸਮ ਦੇ ਇਲਜ਼ਾਮਾਤ ਲਗਾਏ ਗਏ ਹਨ। (ਵਿਘਨ) ਮੈਂ ਇਹ ਸਮਝਦਾ ਹਾਂ ਕਿ ਅਕਾਲੀ ਪਾਰਟੀ ਨੇ ਇਸ ਪੰਜਾਬ ਦੇ ਵਿਚ ਪੰਜਾਬੀ ਜ਼ਬਾਨ ਲਾਗੂ ਕਰਨ ਲਈ ਸਾਰਿਆਂ ਤੋਂ ਜ਼ਿਆਦਾ ਜਦੋ ਜਹਿਦ ਕੀਤੀ ਹੈ। (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਅਜ ਇਸ ਸਦਨ ਦੇ ਵਿਚ ਫ਼ਾਜ਼ਲਕਾ ਅਤੇ ਅਬੋਹਰ ਦੇ ਮਾਮਲੇ ਅਤੇ ਚੰਡੀਗੜ੍ਹ ਦੇ ਮਾਮਲੇ ਤੇ ਬੜੀ ਚਰਚਾ ਹਰ ਪਾਸੇ ਤੋਂ ਹੋਈ ਹੈ। ਮੈਂ ਫ਼ਾਜ਼ਲਕਾ ਦਾ ਨੁਮਾਇੰਦਾ ਹਾਂ, ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸਾਰਾ ਵਾਤਾਵਰਣ ਪੈਦਾ ਹੋਇਆ ਹੈ, ਜਿਸ ਤਰ੍ਹਾਂ ਦੀ ਗਲ ਹੋਈ ਹੈ, ਮੈਂ ਥੋੜੇ ਸਮੇਂ ਵਿਚ ਹੀ ਦਸ ਦਿੰਦਾ ਹਾਂ। ਸਾਰਾ ਮੁਲਕ ਸਾਰਾ ਹਿੰਦੁਸਤਾਨ ਵਖਰੀ ਵਖਰੀ ਬੋਲੀ ਬੋਲਣ ਵਾਲਾ ਮੁਲਕ ਹੈ। ਸਾਰੇ ਸਮਝਦੇ ਹਨ ਕਿ ਇਥੇ ਪੰਜਾਬੀ, ਗੁਜਰਾਤੀ, ਮਰਾਠੀ, ਤੇਲਗੂ, ਹਿੰਦੀ, ਸਾਰੀਆਂ ਬੋਲੀਆਂ ਬੋਲੀਆਂ ਜਾਂਦੀਆਂ ਹਨ। ਅੰਗਰੇਜ਼ੀ ਰਾਜ ਵੇਲੇ ਉਸ ਵੇਲੇ ਦੀ ਕਾਂਗਰਸ ਨੇ, ਜਿਹੜੀ ਉਸ ਵੇਲੇ ਸਾਰੇ ਹਿੰਦੁਸਤਾਨ ਦੀ ਪਾਰਟੀ ਸੀ, ਕਰਾਚੀ ਵਿਚ ਇਕ ਰੈਜ਼ੋਲਿਊਸ਼ਨ ਪਾਸ ਕੀਤਾ ਸੀ ਕਿ ਅਗਰ ਹਿੰਦੁਸਤਾਨ ਵਿਚ ਕਾਂਗਰਸ ਰਾਜ ਆਇਆ ਤਾਂ ਅਸੀਂ ਲੋਕਾਂ ਨੂੰ ਉਨ੍ਹਾਂ ਦੀ ਭਾਸ਼ਾ ਵਿਚ ਪੜ੍ਹਨ ਦੀ ਅਤੇ ਰਾਜ ਪਰਬੰਧ ਚਲਾਉਣ ਦੀ ਸਹੂਲਤ ਦੇਵਾਂਗੇ। ਮਗਰ ਜੋ ਹਾਲਤ ਹੈ ਉਹ ਆਪ ਦੇ ਸਾਹਮਣੇ ਹੈ। ਪੰਜਾਬੀ ਭਾਸ਼ਾ ਨੂੰ ਭਾਰਤ ਦੀਆਂ ਬੋਲੀਆਂ ਵਿਚੋਂ ਇਕ ਹੋਣ ਦੇ ਨਾਤੇ ਵਿਧਾਨ ਵਿਚ ਜਗ੍ਹਾ ਮਿਲੀ। ਸਾਰੇ ਹਿੰਦੋਸਤਾਨ ਵਿਚ ਬੋਲੀਆਂ ਦੇ ਆਧਾਰ ਤੇ ਸੂਬੇ ਬਣੇ। ... (ਵਿਘਨ)

ਸ੍ਰੀ ਗੁਰਦਿਆਲ ਸੈਣੀ : ਆਨ ਏ ਪੁਆਇੰਟ ਆਫ ਆਰਡਰ, ਸਰ, ਚੇਅਰਮੈਨ ਸਾਹਿਬ, ਮਿਨਿਸਟਰ ਸਾਹਿਬ ਹਿੰਦੋਸਤਾਨ ਦੇ ਦੂਜੇ ਸੂਬਿਆਂ ਅਤੇ ਕਰਾਚੀ ਦੀਆਂ ਗਲਾਂ ਕਰ ਰਹੇ ਹਨ, ਇਨ੍ਹਾਂ ਦਾ ਐਪਰੋਪਰੀਏਸ਼ਨ ਬਿਲ ਨਾਲ ਤਲੱਕ ਨਹੀਂ ਹੈ।

ਸ੍ਰੀ ਸਭਾਪਤੀ : (ਸਰਦਾਰ ਸ਼ਸ਼ਪਾਲ ਸਿੰਘ) : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਖੇਤੀ ਬਾੜੀ ਮੰਤਰੀ : ਚੇਅਰਮੈਨ ਸਾਹਿਬ, ਇਥੇ ਹਿੰਦੀ ਬਾਰੇ ਇਤਰਾਜ਼ ਕੀਤਾ ਗਿਆ ਹੈ ਉਸ ਦਾ ਜਵਾਬ ਦੇਣਾ ਜ਼ਰੂਰੀ ਹੈ। ਮੈਂ ਅਰਜ਼ ਕਰ ਰਿਹਾ ਸੀ ਕਿ ਜਿਸ ਪਾਰਟੀ ਨੇ ਵਾਦਾ ਕੀਤਾ ਸੀ ਕਿ ਜ਼ਬਾਨ ਦੇ ਆਧਾਰ ਤੇ ਸੂਬੇ ਬਣਾਵਾਂਗੇ ਉਸ ਨੇ ਪੰਜਾਬੀ ਬੋਲੀ ਦਾ ਸੂਬਾ ਨਾ ਬਣਾਇਆ। ਇਸ ਲਈ ਅਕਾਲੀ ਪਾਰਟੀ ਨੂੰ ਜੱਦੋ ਜਹਿਦ ਕਰਨੀ ਪਈ ਅਤੇ ਉਸ ਨੇ ਪੰਜਾਬੀ ਸੂਬਾ ਹਾਸਲ ਕੀਤਾ। ਕਾਂਗਰਸ ਪਾਰਟੀ ਅਤੇ ਜਨਸੰਘ ਪਾਰਟੀ ਜਿਸ ਦੇ ਕਿ ਮੈਂਬਰ ਇਸ ਵੇਲੇ ਇਥੇ ਬੈਠੇ ਨਹੀਂ ਹਨ ਨੇ ਇਥੇ ਹਾਊਸ ਵਿਚ ਬੋਲਦੇ ਹੋਏ ਇਸ ਵਿਸ਼ੇ ਬਾਰੇ ਕਾਫੀ ਕੁਝ ਕਿਹਾ ਹੈ ਮਗਰ ਜਦੋਂ ਪੰਜਾਬੀ ਸੂਬੇ ਲਈ ਜਦੋ ਜਹਿਦ ਚਲ ਰਹੀ ਸੀ ਤਾਂ ਇਨ੍ਹਾਂ ਨੇ ਪੰਜਾਬ ਵਿਚ ਅੱਗਾਂ ਲਾਈਆਂ...

(ਸਰਦਾਰ ਦਰਸ਼ਨ ਸਿੰਘ ਕੇ. ਪੀ. ਵੱਲੋਂ ਵਿਘਨ)

ਇਨ੍ਹਾਂ ਵਿਚ ਸੁਣਨ ਦੀ ਹਿੰਮਤ ਨਹੀਂ ਹੈ। (ਵਿਘਨ) ਮੈਂ ਅਰਜ਼ ਕਰਾਂ ਕਿ ਅਕਾਲੀ ਪਾਰਟੀ ਨੇ ਪੰਜਾਬੀ ਸੂਬਾ ਹਾਸਲ ਕਰਨ ਤੋਂ ਮਗਰੋਂ ਜਿਨ੍ਹਾਂ ਨੇ ਇਸ ਦਾ ਵਿਰੋਧ ਕੀਤਾ ਸੀ ਉਨ੍ਹਾਂ ਨੂੰ ਖੁਲੇ ਦਿਲ ਨਾਲ ਗਲੇ ਲਾਇਆ ਮਗਰ ਅਫਸੋਸ ਦੀ ਗਲ ਹੈ ਕਿ ਉਨ੍ਹਾਂ ਲੋਕਾਂ ਨੂੰ ਜਦੋਂ ਤਕ ਤਾਂ ਉਹ ਵਜ਼ਾਰਤ ਵਿਚ ਸ਼ਾਮਿਲ

---

*Expunged as ordered by the Chair.

[ਖੇਤੀਬਾੜੀ ਮੰਤਰੀ]

ਰਹੇ, ਹਿੰਦੀ ਅਤੇ ਹਿੰਦੂ ਨੂੰ ਕੋਈ ਖਤਰਾ ਨਹੀਂ ਆਇਆ, ਕਿਸੇ ਹਿੰਦੂ ਕਰਮਚਾਰੀ ਨੂੰ ਖਤਰਾ ਨਜ਼ਰ ਨਹੀਂ ਆਇਆ ਮਗਰ ਜਦੋਂ ਇਨ੍ਹਾਂ ਦੀਆਂ ਨਾ ਮੰਨੀਆਂ ਜਾਣ ਵਾਲੀਆਂ ਡੀਮਾਂਡਜ਼ ਕਰਕੇ ਇਨ੍ਹਾਂ ਨੂੰ ਵਜ਼ਾਰਤ ਵਿਚੋਂ ਕਢਿਆ ਗਿਆ ਤਾਂ ਇਹ ਹੁਣ ਮੁੜਕੇ ਪੰਜਾਬ ਵਿਚ ਦੋਬਾਰਾ ਉਹੀ ਮਸਲੇ ਖੜੇ ਕਰਨਾ ਚਾਹੁੰਦੇ ਹਨ। ਅਜ ਇਨ੍ਹਾਂ ਨੂੰ ਅਕਾਲੀ ਦਲ ਵਲੋਂ ਹਿੰਦੀ ਨੂੰ ਬਹੁਤ ਖਤਰਾ ਨਜ਼ਰ ਆਉਣ ਲਗ ਪਿਆ ਹੈ, ਅਜ ਇਨ੍ਹਾਂ ਨੂੰ ਨਜ਼ਰ ਆਉਣ ਲਗ ਪਿਆ ਹੈ ਕਿ ਅਕਾਲੀ ਪਾਰਟੀ ਵਲੋਂ ਹਿੰਦੂ ਅਤੇ ਹਿੰਦੀ ਤੇ ਜ਼ੁਲਮ ਹੋ ਰਹੇ ਹਨ । ਇਨ੍ਹਾਂ ਵਲੋਂ ਇਸ ਤਰ੍ਹਾਂ ਦੇ ਬਿਆਨ ਆਏ ਹਨ ਹਾਊਸ ਵਿਚ...... (ਵਿਘਨ) ਮੈਂ ਚੈਲੰਜ ਕਰਦਾ ਹਾਂ ਕਿ ਅਗਰ ਇਹ ਇਕ ਵੀ ਇਸ ਤਰ੍ਹਾਂ ਦਾ ਕੇਸ ਨੋਟਿਸ ਵਿਚ ਲਿਆ ਦੇਣ ਕਿ ਜਿਸ ਵਿਚ ਕਿਸੇ ਹਿੰਦੂ ਅਫਸਰ ਜਾਂ ਕਰਮਚਾਰੀ ਨੂੰ ਇਸ ਲਈ ਨੌਕਰੀ ਤੋਂ ਕੱਢਿਆ ਗਿਆ ਹੋਵੇ ਕਿਉਂਕਿ ਉਹ ਹਿੰਦੂ ਹੈ ਤਾਂ ਜੋ ਆਪ ਕਹੋਗੇ ਮੈਂ ਸਜ਼ਾ ਭੁਗਤਣ ਲਈ ਤਿਆਰ ਹੋਵਾਂਗਾ । (ਤਾੜੀਆਂ) ਇਹ ਨਹੀਂ ਕਿ ਇਸ ਹਕੂਮਤ ਦੇ ਚੰਗੇ ਕੰਮਾਂ ਦੀ ਹਿਮਾਇਤ ਕਰਦੇ ਅਤੇ ਪੰਜਾਬ ਦੀ ਤਰੱਕੀ ਦੇ ਸੁਝਾ ਦਿੰਦੇ ਸਗੋਂ ਆਉਣ ਵਾਲੀਆਂ ਚੋਣਾਂ ਦੇ ਪੇਸ਼ੇ ਨਜ਼ਰ ਆਪਣੀ ਸਾਖ ਕਾਇਮ ਕਰਨ ਲਈ ਇਸ ਤਰ੍ਹਾਂ ਦੇ ਪ੍ਰਲੀਟੀਕਲ ਮਸਲੇ ਉਠਾ ਰਹੇ ਹਨ ਜਿਵੇਂ ਕਿ ਪੰਜਾਬ ਵਿਚ ਅਗਰ ਕੋਈ ਹਿੰਦੀ ਦਾ ਹਾਮੀ ਹੈ ਤਾਂ ਬਸ ਇਹੀ ਹਨ। ਮੈਂ ਅਰਜ਼ ਕਰਾਂ ਕਿ ਭਾਰਤ ਵਿਚ ਬਹੁਤ ਸਾਰੀਆਂ ਬੋਲੀਆਂ ਦੇ ਸੂਬੇ ਦੇਖ ਕੇ ਸੈਂਟਰਲ ਗਵਰਨਮੈਂਟ ਨੂੰ ਇਕ ਫਾਰਮੂਲਾ ਬਣਾਉਣਾ ਪਿਆ ਅਤੇ ਉਸ ਨੇ ਬਣਾਇਆ ਅਤੇ ਉਸ ਦੇ ਮੁਤਾਬਿਕ ਪੰਜਾਬ ਸਰਕਾਰ ਨੇ ਹਿੰਦੀ ਨੂੰ ਜਗ੍ਹਾ ਦਿੱਤੀ ਹੈ, ਉਸ ਫਾਰਮੂਲੇ ਨੂੰ ਮੰਨਿਆ ਹੈ। ਆਪ ਸੁਣ ਕੇ ਹੈਰਾਨ ਹੋਵੋਗੇ ਕਿ ਬਾਕੀ ਗੈਰ ਹਿੰਦ ਵਾਲੇ ਸੂਬੇ ਹਨ ਉਨ੍ਹਾਂ ਨੇ ਹਿੰਦੀ ਦੀ ਪੜ੍ਹਾਈ ਨੂੰ ਲਾਜ਼ਮੀ ਨਹੀਂ ਕੀਤਾ ਮਗਰ ਪੰਜਾਬ ਸਰਕਾਰ ਨੇ ਇਸ ਦੀ ਪੜ੍ਹਾਈ ਸਕੂਲਾਂ ਵਿਚ 4-5 ਕਲਾਸ ਤੋਂ ਲਾਜ਼ਮੀ ਕੀਤੀ ਹੈ ਅਤੇ ਇਹ ਹਰ ਬੱਚੇ ਨੂੰ ਪੜ੍ਹਨੀ ਪੈਂਦੀ ਹੈ । ਫਿਰ ਜੋ ਪਰਾਈਵੇਟ ਸਕੂਲ ਹਨ ਅਤੇ ਜਿਨ੍ਹਾਂ ਨੂੰ ਪੰਜਾਬ ਸਰਕਾਰ ਤੋਂ 95 ਪ੍ਰਤੀਸ਼ਤ ਗਰਾਂਟ ਮਿਲਦੀ ਹੈ ਉਨ੍ਹਾਂ ਨੂੰ ਇਹ ਖੁਲ੍ਹ ਹੈ ਕਿ ਉਨ੍ਹਾਂ ਦੀ ਮਰਜ਼ੀ ਹੋਵੇ ਤਾਂ ਉਹ ਹਿੰਦੀ ਨੂੰ ਪੜ੍ਹਾਈ ਦਾ ਮਾਧਿਅਮ ਬਣਾ ਸਕਦੇ ਹਨ, ਉਨ੍ਹਾਂ ਤੇ ਇਸ ਬਾਰੇ ਕੋਈ ਪਾਬੰਦੀ ਨਹੀਂ। ਜਦ ਤਕ ਆਪ ਇਸ ਸਰਕਾਰ ਵਿਚ ਸ਼ਾਮਿਲ ਰਹੇ ਤਾਂ ਕੋਈ ਖਤਰਾ ਨਹੀਂ ਸੀ ਪਰ ਜਦੋਂ ਕੁਰਸੀ ਖੁਸ ਗਈ ਤਾਂ ਹਿੰਦੀ ਅਤੇ ਹਿੰਦੂ ਨੂੰ ਖਤਰਾ ਹੋ ਗਿਆ। ਇਸ ਤਰ੍ਹਾਂ ਦੇ ਮਸਲੇ ਨੂੰ ਹੁਣ ਉਠਾਉਣੇ ਇਕ ਹਾਸੋਹੀਣੀ ਗਲ ਹੈ । (ਤਾੜੀਆਂ)

ਫਿਰ ਕੈਪਟਨ ਸਾਹਿਬ ਨੇ ਮੇਰੇ ਮਹਿਕਮੇ ਦੇ ਮੁਤੱਲਕ ਕਿਹਾ ਸੀ ਕਿ ਐਗਰੋ-ਇੰਡਸਟਰੀਜ਼ ਕਾਰਪੋ-ਰੇਸ਼ਨ ਵਿਚ ਘਪਲਾ ਚਲ ਰਿਹਾ ਹੈ, ਐਗਰੀਕਲਚਰ ਮਨਿਸਟਰ ਮਹਿਕਮੇ ਦੇ ਕੰਮ ਦਾ ਖਿਆਲ ਨਹੀਂ ਕਰਦਾ, ਘਰੋਂ ਦਫਤਰ ਤੇ ਦਫਤਰੋਂ ਘਰ ਚਲਿਆ ਜਾਂਦਾ ਹੈ। ਹੋਰ ਕਿਤੇ ਨਹੀਂ ਜਾਂਦਾ । ਇਹ ਬਜ਼ੁਰਗ ਹਨ ਪਤਾ ਨਹੀਂ ਇਸ ਤਰ੍ਹਾਂ ਦੀਆਂ ਗਲਾਂ ਕਿਉਂ ਕਹਿੰਦੇ ਹਨ। ਇਹ ਆਪ ਵੀ ਇਸ ਮਹਿਕਮਾ ਦੇ ਕਿਸੇ ਵਕਤ ਇੰਚਾਰਜ ਰਹੇ ਹਨ। ਇਨ੍ਹਾਂ ਨੇ ਇਹ ਜੋ ਗਲਾਂ ਕਹੀਆਂ ਹਨ ਇਹ ਠੀਕ ਨਹੀਂ ਹਨ। ਇਸ ਮਹਿਕਮਾ ਨੇ ਪਿਛਲੇ ਦੋ ਤਿੰਨ ਸਾਲਾਂ ਵਿਚ ਜੋ ਕੰਮ ਕੀਤਾ ਹੈ ਉਹ ਸੂਰਜ ਵਾਂਙ ਚਮਕ ਰਿਹਾ ਹੈ (ਤਾੜੀਆਂ) ਅਜ ਸਭ ਨੂੰ ਪਤਾ ਹੈ ਕਿ ਭਾਰਤ ਦੇ ਭੰਡਾਰ ਵਿਚ ਜੋ ਜੋ ਕਣਕ ਇਕਠੀ ਕੀਤੀ ਜਾਂਦੀ ਹੈ ਉਸ ਵਿਚੋਂ 70% ਪੰਜਾਬ ਪੂਰੀ ਕਰਦਾ ਹੈ। ਸੂਬੇ ਦੀ ਖੇਤੀ ਬਾੜੀ ਦੀ ਤਰੱਕੀ ਲਈ ਮਹਿਕਮਾ ਜ਼ਰਾਇਤ ਨੇ ਬਹੁਤ ਕੰਮ ਕੀਤਾ ਹੈ । ਆਪ ਨੂੰ ਪਤਾ ਹੈ ਕਿ ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ ਸੈਂਟਰਲ ਗਵਰਨਮੈਂਟ ਦੀ ਰਾਹੀਂ 8,000 ਟਰੈਕਟਰ ਪਰਾਪਤ ਕਰਨ ਦਾ ਪਰਬੰਧ ਕਰ ਰਹੀ ਹੈ। ਇਸ ਸਿਲਸਿਲੇ ਵਿਚ ਮੈਂ ਦਸਣਾ ਚਾਹੁੰਦਾ ਹਾਂ ਕਿ ਜੋ ਇਹ ਇਲਜ਼ਾਮ ਲਾਇਆ ਗਿਆ ਸੀ ਕੀ ਸੌ ਏਕੜ ਤੋਂ ਘਟ ਵਾਲੇ ਨੂੰ ਟਰੈਕਟਰ ਨਹੀਂ ਦਿੱਤਾ ਜਾਵੇਗਾ ।

ਇਕ ਆਵਾਜ਼ : 40 ਏਕੜ ।

ਖੇਤੀ ਬਾੜੀ ਮੰਤਰੀ : ਚਲੋ ਇਸੇ ਤਰ੍ਹਾਂ ਹੀ ਸਹੀ । ਮੈਂ ਦਸਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀ ਕੋਈ ਸ਼ਰਤ ਨਹੀਂ ਹੈ। ਮੈਂ ਉਹ ਮੁਆਇਦਾ ਪੜ੍ਹਿਆ ਹੈ . .

ਸਰਦਾਰ ਦਰਸ਼ਨ ਸਿੰਘ ਕੇ.ਪੀ. : ਝੂਠ ਬੋਲਦਾ ਹੈ..., (ਵਿਘਨ)

ਖੇਤੀ ਬਾੜੀ ਮੰਤਰੀ : ਝੂਠ ਬੋਲਣ ਦੀ ਆਦਤ ਆਪ ਨੂੰ ਹੈ...(ਵਿਘਨ) ਬੈਠ ਓਏ... (ਸ਼ੋਰ)

ਸਰਦਾਰ ਦਰਸ਼ਨ ਸਿੰਘ ਕੇ. ਪੀ. : ਇਨ੍ਹਾਂ ਨੇ 40 ਏਕੜ ਕਿਹਾ ਹੈ ਜੋ 40 ਏਕੜ ਸੀ... (ਵਿਘਨ) ਇਨ੍ਹਾਂ ਨੂੰ ਕਹੋ ਕਿ ਇਹ 'ਓਏ' ਦਾ ਸ਼ਬਦ ਵਾਪਸ ਲੈਣ...(ਵਿਘਨ)

ਸ੍ਰੀ ਸਭਾਪਤੀ : ਇਹ ਲਫਜ਼ ਅਨਪਾਰਲੀਮੈਂਟਰੀ ਹੈ, ਇਹ ਵਾਪਸ ਲਓ । (This word is unparliamentary. Please withdraw it.)

ਖੇਤੀ ਬਾੜੀ ਮੰਤਰੀ : ਮੈਂ ਇਹ ਲਫਜ਼ ਵਿਦਡਰਾ ਕਰਦਾ ਹਾਂ, ਇਨ੍ਹਾਂ ਨੂੰ ਵੀ ਕਹੋ ਕਿ ਇਹ ਝੂਠ ਦਾ ਲਫਜ਼ ਵਿਦਡਰਾ ਕਰਨ ।

ਸਰਦਾਰ ਦਰਸ਼ਨ ਸਿੰਘ ਕੇ.ਪੀ. : 40 ਏਕੜ ਕਿਹਾ ਸੀ...(ਵਿਘਨ)

ਖੇਤੀ ਬਾੜੀ ਮੰਤਰੀ : ਮੈਂ ਅਰਜ਼ ਕਰ ਰਿਹਾ ਸੀ ਕਿ ਮੈਂ ਉਹ ਮੁਆਹਿਦਾ ਪੜ੍ਹਿਆ ਹੈ । ਲੈਂਡ ਮਾਰਗੇਜ਼ ਬੈਂਕ ਨੇ ਟਰੈਕਟਰ ਦੇਣ ਲਈ ਸ਼ਰਤ ਜੋ ਪਹਿਲਾਂ ਹੀ ਰਖੀ ਹੋਈ ਹੈ ਉਹ 40 ਜਾਂ 100 ਏਕੜ ਦੀ ਮਲਕੀਅਤ ਦੀ ਪਾਬੰਦੀ ਨਹੀਂ ਬਲਕਿ ਇਹ ਹੈ ਕਿ ਟਰੈਕਟਰ ਉਸ ਨੂੰ ਦਿੱਤਾ ਜਾਵੇਗਾ ਜੋ ਉਸ ਤੋਂ ਜ਼ਮੀਨ ਉੱਤੇ ਸਾਲ ਵਿਚ 1000 ਘੰਟੇ ਕੰਮ ਲਵੇਗਾ। ਇਹ ਇਕ ਕਿਸਮ ਦਾ ਨਿਸ਼ਾਨਾ ਹੈ ਕਿ ਟਰੈਕਟਰ ਸਿਰਫ ਕਾਸ਼ਤਕਾਰ ਨੂੰ ਦਿੱਤਾ ਜਾਵੇ। ਮੈਂ ਇਹ ਗਲ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ 40 ਜਾਂ 100 ਏਕੜ ਦੀ ਕੋਈ ਸ਼ਰਤ ਨਹੀਂ ਹੈ ਸ਼ਰਤ ਉਹੀ ਹੈ ਜੋ ਲੈਂਡ ਮਾਰਗੇਜ਼ ਬੈਂਕ ਨੇ ਰਖੀ ਹੋਈ ਹੈ ।

ਇਕ ਜਨਸੰਘ ਦੇ ਮੈਂਬਰ ਨੇ ਕਿਹਾ ਸੀ ਕਿ ਫਾਜ਼ਿਲਕਾ ਦੇ ਵਜ਼ੀਰ ਨੇ ਇਕ ਸ਼ਾਦੀ ਵਿਚ 3-4 ਲਖ ਰੁਪਿਆ ਵਸੂਲ ਕੀਤਾ । ਮੈਂ ਬੜਾ ਹੈਰਾਨ ਹਾਂ ਕਿ ਮੇਰੇ ਤੇ ਬਿਨਾ ਸੋਚੇ ਸਮਝੇ ਇਸ ਤਰ੍ਹਾਂ ਦਾ ਝੂਠਾ ਇਲਜ਼ਾਮ ਲਾਇਆ ਗਿਆ। ਸਿਰਫ ਮੈਨੂੰ ਬਦਨਾਮ ਕਰਨ ਲਈ ਜਨਸੰਘੀ ਮੈਂਬਰ ਨੇ ਇਲਜ਼ਾਮ ਲਾਇਆ ਹੈ ਕਿਉਂਕਿ ਜਨਸੰਘ ਨਾਲ ਸਾਡਾ ਕੁਦਰਤੀ ਪਿਆਰ ਹੈ ...(ਵਿਘਨ)

ਸਰਦਾਰ ਸਰੂਪ ਸਿੰਘ : ਇਹ ਕਹਿੰਦੇ ਹਨ 4-5 ਲਖ ਰੁਪਿਆ ਲੈਣ ਦਾ ਇਲਜ਼ਾਮ ਲਾਇਆ ਹੈ। ਇਹ ਅਕਾਲੀ ਮਨਿਸਟਰੀ ਵਿਚ ਹਨ, ਅਕਾਲੀ ਤਾਂ ਇਕ ਹੀ ਸਵਾ ਲੱਖ ਦਾ ਹੁੰਦਾ ਹੈ ਤਾਂ ਉਸ ਦੇ ਮੁਤਾਬਿਕ ਹੀ ਲੈਣਾ ਸੀ...(ਵਿਘਨ)

ਖੇਤੀ ਬਾੜੀ ਮੰਤਰੀ : ਇਹ ਬਿਲਕੁਲ ਗਲਤ ਗੱਲ ਹੈ, ਝੂਠੀ ਗੱਲ ਕਹੀ ਗਈ ਹੈ, ਸਿਰਫ ਮੈਨੂੰ ਬਦਨਾਮ ਕਰਨ ਲਈ ਕਹੀ ਗਈ ਹੈ। ਜਨਸੰਘ ਵਾਲੇ ਸਮਝਦੇ ਹਨ ਕਿ ਪੰਜਾਬ ਵਿਚ ਹਿੰਦੂਆਂ ਦੇ ਨੁਮਾਇੰਦੇ ਅਸੀਂ ਹੀ ਹਾਂ । ਮਗਰ ਅਸਲੀਅਤ ਇਹ ਹੈ ਕਿ ਇਹ ਪੰਜਾਬ ਦੇ ਹਾਲਾਤ ਨੂੰ ਖਰਾਬ ਕਰਨਾ ਚਾਹੁੰਦੇ ਹਨ...

ਚੌਧਰੀ ਤੁਲਸੀ ਰਾਮ ਚੌਹਾਨ : ਆਨ ਏ ਪੁਆਇੰਟ ਆਫ ਆਰਡਰ ਸਰ । ਇਨ੍ਹਾਂ ਨੇ ਕਿਹਾ ਹੈ ਕਿ ਜਨ ਸੰਘੀਆਂ ਨੇ ਕਿਹਾ ਹੈ ਕਿ ਇਨ੍ਹਾਂ ਨੇ ਪੈਸਾ ਲਿਆ ਹੈ। ਲਿਆ ਹੈ ਜਾਂ ਨਹੀਂ ਲਿਆ ਇਸ ਗਲ ਨੂੰ ਛਡ ਕੇ ਕੋਈ ਹੋਰ ਚੰਗੀ ਗਲ ਵੀ ਦਸਣ ਪੰਜਾਬ ਬਾਰੇ ।

ਖੇਤੀ ਬਾੜੀ ਮੰਤਰੀ : ਜਿਹੜੀ ਗਲ ਇਥੇ ਕੀਤੀ ਜਾਂਦੀ ਹੈ ਉਸ ਦਾ ਜਵਾਬ ਦੇਣਾ ਫਰਜ਼ ਬਣਦਾ ਹੈ ।

ਚੇਅਰਮੈਨ ਸਾਹਬ, ਟਯੂਬ ਵੈਲਜ਼ ਦਾ ਮੈਂਬਰ ਸਾਹਿਬਾਨ ਨੇ ਬਾਰ ਬਾਰ ਜ਼ਿਕਰ ਕੀਤਾ ਹੈ ਕਿ ਥੋੜੇ ਲਗਾਏ ਗਏ ਹਨ ।

ਇਹ ਜਿਹੜੀ ਟਯੂਬਵੈਲ ਕਾਰਪੋਰੇਸ਼ਨ ਹੈ ਇਹ ਸਰਕਾਰੀ ਟਯੂਬਵੈਲ ਲਗਾਂਦੀ ਹੈ ਟਯੂਬਵੈਲ ਤਾਂ ਹੋਰ ਲਗਦੇ ਹੀ ਰਹਿੰਦੇ ਹਨ ਇਹ ਕੰਮ ਮੇਰੇ ਮਹਿਕਮੇ ਵਿਚ ਹੀ ਹੋ ਰਿਹਾ ਹੈ । ਇਸ ਦਾ ਇਕ ਫੰਕਸ਼ਨ ਇਹ ਹੈ ਕਿ ਟਰਾਇਲ ਬੋਰ ਕੀਤੇ ਜਾਣ ਜਿਥੇ ਕਿ ਟਯੂਬਵੈਲ ਕਾਮਯਾਬ ਨਹੀਂ ਹੁੰਦੇ ਅਤੇ ਜੇਕਰ ਕਾਮਯਾਬ ਹੋ ਜਾਣ ਤਾਂ ਖਰਚਾ ਲਿਆ ਜਾਂਦਾ ਹੈ ਜੇਕਰ ਪਾਣੀ ਨਾ ਆਵੇ ਤਾਂ ਕੋਈ ਖਰਚਾ ਕਿਸਾਨ ਪਾਸੋਂ ਨਹੀਂ ਵਸੂਲ ਕੀਤਾ ਜਾਂਦਾ। ਕਿਉਂਕਿ ਪਹਿਲਾਂ ਤਾਂ ਇਹ ਪਤਾ ਨਹੀਂ ਹੁੰਦਾ ਕਿਸਾਨ ਨੂੰ ਕਿ ਪਾਣੀ ਖਾਰਾ ਹੈ ਜਾਂ ਕੀ ਹੈ ਅਤੇ ਕਿੰਨੇ ਦੂਰ ਹੈ ਅਤੇ ਹੇਠਾ ਪਾਣੀ ਦਾ ਕੀ ਸਟਰੇਟਾ ਹੈ, ਠੀਕ ਹੈ ਜਾਂ ਨਹੀਂ । ਇਸ ਲਈ ਜਿਹੜਾ ਇਨ੍ਹਾਂ ਨੇ ਕਿਹਾ ਹੈ ਇਹ ਦਰੁਸਤ ਨਹੀਂ ਇਥੇ ਬਲਾਚੌਰ ਦਾ ਵੀ ਇਸ ਸਬੰਧ ਵਿਚ ਜ਼ਿਕਰ ਕੀਤਾ ਗਿਆ ਹੈ। ਇਸ ਦੇ ਸਬੰਧ ਵਿਚ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਸਰਕਾਰ ਇਸ ਪਾਸੇ ਧਿਆਨ ਦੇ ਰਹੀ ਹੈ ਮੈਂ ਇਕ ਸਵਾਲ ਦੇ ਜਵਾਬ ਵਿਚ ਵੀ ਦਸਿਆ ਸੀ ਕਿ ਉਸ ਇਲਾਕੇ ਵਿਚ ਜ਼ਮੀਨ ਸਖਤ ਹੈ ਅਤੇ ਬੋਰਿੰਗ ਠੀਕ ਨਹੀਂ ਹੋ ਸਕਦੀ ਇਸ ਲਈ ਸਪੈਸ਼ਲ ਰਿਗ ਮਸ਼ੀਨਾਂ ਮੰਗਵਾਈਆਂ ਜਾ ਰਹੀਆਂ ਹਨ ਤਾਂ ਕਿ ਸ਼ਿਵਾਲਿਕ ਅਤੇ ਬਲਾਚੌਰ ਦੇ ਅਰਧ ਪਹਾੜੀ ਇਲਾਕਿਆਂ ਵਿਚ ਡੀਪ ਬੋਰ ਕੀਤੇ ਜਾ ਸਕਣ ਅਤੇ ਇਸ ਇਲਾਕੇ ਵਿਚ ਪਾਣੀ ਪਹੁੰਚਾਇਆ ਜਾ ਸਕੇ। ਇਸ ਪਾਸੇ ਖਾਸ ਤੌਰ ਤੇ ਧਿਆਨ ਦਿੱਤਾ ਗਿਆ ਹੈ ਕਿਉਂਕਿ ਨਹਿਰ ਦਾ ਪਾਣੀ ਇਸ ਇਲਾਕੇ ਵਿਚ ਨਹੀਂ ਜਾ ਸਕਦਾ ਇਸ ਲਈ ਟਯੂਬਵੈਲ ਬੋਰ ਕਰਕੇ ਇਸ ਇਲਾਕੇ ਵਿਚ ਪਾਣੀ ਦਿਤਾ ਜਾਵੇ ਇਹ ਸਕੀਮ ਹੈ ।

ਫਿਰ ਇਥੇ ਬੇਦੀ ਫਾਰਮ ਦਾ ਜ਼ਿਕਰ ਕੀਤਾ ਗਿਆ ਕਿ ਇਨ੍ਹਾਂ ਨੇ ਜ਼ਮੀਨ ਸਾਂਭ ਕੇ ਰਖੀ ਹੋਈ ਹੈ ਇਸ ਦੇ ਬਾਰੇ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਆਪ ਵੀ ਉਸ ਇਲਾਕੇ ਦਾ ਹਾਂ ਫਾਜ਼ਿਲਕਾਂ ਦਾ ਅਤੇ ਇਸ ਸਾਰੇ ਕੇਸ ਨੂੰ ਜਾਣਦਾ ਹਾਂ । ਇਸ ਦੇ ਬਾਰੇ ਮੂਵਮੈਂਟ ਵੀ ਕਮੂਨਿਸਟਾਂ ਨੇ ਚਲਾਈ ਸੀ ਮੂਵਮੈਂਟ ਤਾਂ ਇਹ ਸੀ ਕਿ ਪ੍ਰਾਈਵੇਟ ਜਾਇਦਾਦ ਨੂੰ ਧਕੇ ਨਾਲ ਆਪਣੇ ਕਬਜ਼ੇ ਵਿਚ ਕਰ ਲਿਆ ਜਾਵੇ ਪਰ ਬੇਦੀ ਫਾਰਮ ਦੀ ਗਲ ਇਸ ਤਰ੍ਹਾਂ ਦੀ ਕੋਈ ਪਰਾਈਵੇਟ ਜਾਇਦਾਦ ਦੀ ਨਹੀਂ । ਇਹ ਫਾਰਮ ਛੋਟੇ ਛੋਟੇ ਮਾਲਕਾਂ ਦੀ ਹੈ ਜਿਨ੍ਹਾਂ ਨੇ ਰਲ ਕੇ ਜਾਇੰਟ ਫਾਰਮਿੰਗ ਕੀਤੀ ਹੈ। ਇਹ ਮੈਂ ਸਮਝਦਾ ਹਾਂ ਕਿ ਇਹ ਇਕ ਇਕਲੇ ਦੀ ਨਹੀਂ । (ਵਿਘਨ)

ਸਰਦਾਰ ਸਰੂਪ ਸਿੰਘ : ਕੀ ਤੁਸੀਂ ਸਮਝਦੇ ਹੋ ਜਾਂ ਐਕਚੁਅਲੀ ਇਹ ਛੋਟੇ ਛੋਟੇ ਮਾਲਕਾਂ ਦੀ ਹੈ ?

ਖੇਤੀ ਬਾੜੀ ਮੰਤਰੀ : ਇਸ ਦੇ ਬਾਰੇ ਵਿਚ ਮੇਰੇ ਪਾਸ ਰਿਕਾਰਡ ਮੌਜੂਦ ਹੈ। ਇਹ ਐਕਚੂਅਲ ਗਲ ਹੈ (ਵਿਘਨ)

ਸ੍ਰੀ ਸਭਾਪਤੀ : ਇਹ ਇਨ੍ਹਾਂ ਦਾ ਤਕੀਆ ਕਲਾਮ ਹੈ। (ਹਾਸਾ) (This is his way of expression.)

ਖੇਤੀ ਬਾੜੀ ਮੰਤਰੀ : ਇਹ ਲੋਕ ਪਾਕਿਸਤਾਨ ਤੋਂ ਉਜੜ ਕੇ ਆਏ ਅਤੇ ਵਖਰੇ ਵਖਰੇ ਪਿੰਡਾਂ ਤੋਂ ਆਏ ਇਥੇ ਇਨ੍ਹਾਂ ਨੂੰ ਜ਼ਮੀਨ ਇਕਠੀ ਇਕ ਥਾਂ ਤੇ ਅਲਾਟ ਹੋ ਗਈ (ਵਿਘਨ)

ਸ੍ਰੀ ਸਭਾਪਤੀ : ਤੁਸੀਂ ਹੁਣ ਵਾਇੰਡ ਅਪ ਕਰੋ ਜੀ। (Please wind up now.)

ਖੇਤੀ ਬਾੜੀ ਮੰਤਰੀ : ਮੈਂ ਇਕ ਦੋ ਮਿੰਟ ਵਿਚ ਹੀ ਖਤਮ ਕਰ ਦਿਆਂਗਾ। ਇਨ੍ਹਾਂ ਨੂੰ ਇਕਠੇ ਜ਼ਮੀਨ ਅਲਾਟ ਕੀਤੀ ਗਈ ਇਕ ਹੀ ਪਿੰਡ ਵਿਚ ਇਨ੍ਹਾਂ ਛੋਟੇ ਛੋਟੇ ਮਾਲਕਾਂ ਨੇ ਇਕਠੇ ਹੋ ਕੇ ਫਾਰਮਿੰਗ ਸ਼ੁਰੂ ਕਰ ਦਿੱਤੀ। ਮੈਨੂੰ ਹੈਰਾਨੀ ਹੁੰਦੀ ਹੈ ਜਦੋਂ ਇਹ ਕਹਿੰਦੇ ਹਨ ਕਿ ਇਕ ਵੱਡਾ ਫਾਰਮ ਹੈ ਇਹ ਤਾਂ ਵੱਖ ਵੱਖ ਮਾਲਕਾਂ ਦਾ ਫਾਰਮ ਹੈ ਅਤੇ ਇਸ ਨੂੰ ਇਕ ਪੋਲੀਟੀਕਲ ਗਲ ਬਣਾ ਕੇ ਪੇਸ਼ ਕੀਤਾ ਗਿਆ ਹੈ ਅਤੇ ਗਲਤ ਢੰਗ ਵਿਚ ਦਸਿਆ ਗਿਆ ਹੈ। ਇੰਨਾਂ ਕਹਿਕੇ ਮੈਂ ਆਪਣੀ ਗਲ ਖਤਮ ਕਰਦਾ ਹਾਂ।

ਸਰਦਾਰ ਦਰਸ਼ਨ ਸਿੰਘ ਕੇ.ਪੀ. (ਜਮਸ਼ੇਰ ਐਸ. ਸੀ) : ਚੇਅਰਮੈਨ ਸਾਹਿਬ ਅਜ ਜਿਹੜੀ ਬਹਿਸ ਇਸ ਐਪਰੋਪਰੀਏਸ਼ਨ ਬਿਲ ਤੇ ਹੋ ਰਹੀ ਹੈ ਇਸ ਦੇ ਸਬੰਧ ਵਿਚ ਮੈਂ ਆਪਣੀ ਰਾਏ ਅਤੇ ਲੋਕਾਂ ਦੀ ਰਾਏ ਹਾਊਸ ਵਿਚ ਪੇਸ਼ ਕਰਨੀ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਇਸ ਸੂਬੇ ਵਿਚ ਲਾ ਐਂਡ ਆਰਡਰ ਦੀ ਹਾਲਤ ਹੈ ਅਤੇ ਕੀ ਕੁਝ ਹੋ ਰਿਹਾ ਹੈ ਅਸਾਡੇ ਜ਼ਿਲ੍ਹੇ ਵਿਚ ਖਾਸ ਤੌਰ ਤੇ ਇਹ ਦੱਸਣਾ ਚਾਹੁੰਦਾ ਹਾਂ। (ਵਿਘਨ)

ਸ੍ਰੀ ਸਭਾਪਤੀ : ਮੈਂ ਆਨਰੇਬਲ ਮੈਂਬਰ ਪਾਸ ਬੇਨਤੀ ਕਰਾਂਗਾ ਕਿ ਸਰਦਾਰ ਉਮਰਾਓ ਸਿੰਘ ਚੀਫ ਵਿਪ ਵਲੋਂ ਚਿਟ ਆਈ ਹੈ ਇਸ ਅਨੁਸਾਰ ਤੁਹਾਡਾ 5 ਮਿੰਟ ਦਾ ਸਮਾਂ ਮੁਕਰਰ ਹੈ। (ਵਿਘਨ) (I may tell the hon. Member that the time allotted by the Chief Whip of his party is only 5 minutes.)

ਸਰਦਾਰ ਦਰਸ਼ਨ ਸਿੰਘ ਕੇ.ਪੀ. : 5 ਮਿੰਟ ਦਾ ਸਮਾਂ ਤਾਂ ਬਹੁਤ ਥੋੜਾ ਹੈ। ਮੈਂ ਜਲਦ ਹੀ ਆਪਣੀ ਗੱਲ ਕਹਿ ਲਵਾਂਗਾ। ਇਥੇ ਇਸ ਹਾਊਸ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਨਾਂ ਲਿਆ ਜਾਂਦਾ ਹੈ ਅਤੇ ਬਾਰ ਬਾਰ ਹਰ ਗੱਲ ਵਿਚ ਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਕ ਉਚੇ ਅਤੇ ਚੰਗੇ ਕੈਰੈਕਟਰ ਦਾ ਉਪਦੇਸ਼ ਦਿੱਤਾ ਸੀ ਅਤੇ ਇਹ ਜਿਹੜਾ ਉਨ੍ਹਾਂ ਤੋਂ ਸਿਖਿਆ ਲੈਣ ਵਾਲੇ ਆਪਣੇ ਆਪ ਨੂੰ ਮੰਨਦੇ ਹਨ ਇਹ ਕੀ ਕਰ ਰਹੇ ਹਨ ਇਹ ਮੈਂ ਆਪ ਦੇ ਸਾਹਮਣੇ ਪੇਸ਼ ਕਰਦਾ ਹਾਂ। ਗੁਰੂ ਨਾਨਕ ਦੇਵ ਜੀ ਦੇ ਸਾਹਵੇਂ ਸਾਰੇ ਇਕੋ ਜਿਹੇ ਸਨ ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ। ਉਨ੍ਹਾਂ ਨੇ ਆਪ ਬਚਨ ਕਹੇ ਹਨ ਕਿ :—

"ਪਾਂਚ ਤੱਤ ਕਾ ਪੁਤਲਾ ਨਾਨਕ ਮੇਰਾ ਨਾਓ"

ਉਨ੍ਹਾਂ ਨੇ ਤਾਂ ਸਾਰਿਆਂ ਨੂੰ ਇਕੋ ਕੜੇ ਵਿਚ ਪਰੋ ਕੇ ਰਖਿਆ ਹੋਇਆ ਸੀ ਪਰ ਇਥੇ ਇਸ ਸਟੇਟ ਵਿਚ ਕੀ ਹੋ ਰਿਹਾ ਹੈ ਗੁਰੂ ਸਾਹਿਬ ਦੇ ਨਾਂ ਤੇ ਯੂਨੀਵਰਸਿਟੀ ਕਾਇਮ ਕੀਤੀ ਗਈ ਹੈ। ਗੁਰੂ ਸਾਹਿਬ ਦੇ ਨਾਂ ਤੇ ਹੋਸਟਲ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਨਾਚ ਅਤੇ ਗੰਦੇ ਕੰਮ ਹੁੰਦੇ ਹਨ ਜਿਹੜੇ ਕਿ ਨਹੀਂ ਹੋਣੇ ਚਾਹੀਦੇ (ਸ਼ੇਮ ਸ਼ੇਮ) ਇਨ੍ਹਾਂ ਦੇ ਅਕਾਲੀ ਭਰਾ ਇਹ ਕਹਿੰਦੇ ਹਨ ਕਿ ਕਾਂਗਰਸ ਨੇ ਆਪਣੇ 20 ਸਾਲ ਦੇ ਰਾਜ ਵਿਚ ਕੁਝ ਨਹੀਂ ਕੀਤਾ ਪਰ ਇਨ੍ਹਾਂ ਨੇ ਸ਼ਾਇਦ ਇਸ ਪਖ ਵਲ ਨਜ਼ਰ ਨਹੀਂ ਮਾਰੀ ਕਿ ਕਾਂਗਰਸ ਸਰਕਾਰ ਨੇ ਕੀ ਕੁਝ ਕੀਤਾ। ਜੇਕਰ ਕਾਂਗਰਸ ਰਾਜ ਨੇ ਕੁਝ ਨਾ ਕੀਤਾ ਹੁੰਦਾ ਤਾਂ ਅਜ ਇਹ ਆਪ ਵੀ ਇਨ੍ਹਾਂ ਸੀਟਾਂ ਤੇ ਨਾ ਬੈਠੇ ਹੁੰਦੇ। ਇਹ ਕਾਂਗਰਸ ਸਰਕਾਰ ਦਾ ਹੀ ਸਦਕਾ ਹੈ ਕਿ ਚੰਡੀਗੜ੍ਹ ਬਣ ਗਿਆ, ਭਾਖੜਾ ਡੈਮ ਤਿਆਰ ਕੀਤਾ ਗਿਆ ਨੰਗਲ ਖਾਦ ਫੈਕਟਰੀ ਸੈਟ ਅਪ ਕੀਤੀ ਗਈ ਪੰਜਾਬੀ ਯੂਨੀਵਰਸਿਟੀ ਪਟਿਆਲੇ ਵਿਚ ਅਤੇ ਹਿੰਦੀ ਯੂਨੀਵਰਸਿਟੀ ਕੁਰੂਕਸ਼ੇਤਰ ਵਿਚ ਕਾਇਮ ਕੀਤੀਆਂ ਗਈਆਂ ਇਸ ਦੇ ਨਾਲ ਹੀ ਐਗਰੀਕਲਚਰ ਯੂਨੀਵਰਸਿਟੀ ਬਣਾਈ ਗਈ। ਰਿਫਿਊਜੀਆਂ ਨੂੰ ਦੁਬਾਰਾ ਵਸਾਇਆ ਗਿਆ ਅਤੇ ਕਮਿਊਨਿਟੀ ਡਿਵੈਲਪਮੈਂਟ ਬਲਾਕ ਸੈਟ ਅਪ ਕੀਤੇ ਗਏ। (ਵਿਘਨ)

[ਸਰਦਾਰ ਦਰਸ਼ਨ ਸਿੰਘ ਕੇ.ਪੀ.]

(ਇਕ ਆਵਾਜ਼ : ਸਰਦਾਰ ਦਰਸ਼ਨ ਸਿੰਘ ਐਮ. ਐਲ.ਏ. ਬਣ ਗਏ) ਫਿਰ ਇਸ ਕਾਂਗਰਸ ਸਰਕਾਰ ਨੇ ਹੀ ਸਰਵਿਸਾਂ ਵਿਚ ਹਰੀਜਨਾਂ ਲਈ ਰੀਜ਼ਰਵੇਸ਼ਨ ਅਤੇ ਪਰੋਮੋਸ਼ਨ ਵਿਚ ਰਿਜ਼ਰਵੇਸ਼ਨ ਰਖੀ। ਅਜ ਕਲ ਕੀ ਹੋ ਰਿਹਾ ਹੈ ਕਿ ਧਰਮ ਨੂੰ ਨਾਲ ਲੈ ਕੇ ਅਤੇ ਨਾਮ ਲੈ ਕੇ ਹਰ ਪਾਸੇ ਹਨੇਰਾ ਫੈਲਾਇਆ ਜਾ ਰਿਹਾ ਹੈ ਅਤੇ ਲੋਕਾਂ ਨੂੰ ਗਲਤ ਰਸਤੇ ਤੇ ਪਾਇਆ ਜਾ ਰਿਹਾ ਹੈ ਅਤੇ ਵਰਗਲਾਇਆ ਜਾ ਰਿਹਾ ਹੈ ਚੇਅਰਮੈਨ ਸਾਹਿਬ, ਹਿੰਦੀ ਪੰਜਾਬੀ ਦਾ ਰੌਲਾ ਪਾਇਆ ਜਾ ਰਿਹਾ ਹੈ। ਅੰਗਰੇਜ਼ੀ ਦਾ ਵੀ ਝਗੜਾ ਹੈ। ਇਸ ਦੇ ਬਾਰੇ ਵਿਚ ਸਾਰਿਆਂ ਨੂੰ ਪਤਾ ਹੈ ਸਰਕਾਰ ਨੂੰ ਵੀ ਪਤਾ ਹੈ ਕਿ ਦੇਸ਼ ਦੀ ਰਾਸ਼ਟਰ ਭਾਸ਼ਾ ਹਿੰਦੀ ਹੈ। ਇਥੇ ਇਹ ਕਿਹਾ ਗਿਆ ਕਿ ਕਰਾਚੀ ਰੈਜ਼ੂਲੇਸ਼ਨ ਅਨੁਸਾਰ ਪੰਜਾਬ ਦੀ ਮਾਦਰੀ ਭਾਸ਼ਾ ਪੰਜਾਬੀ ਮੰਨੀ ਗਈ ਹੈ। ਇਸ ਨੂੰ ਸਾਰਿਆਂ ਨੇ ਮੰਨਿਆ ਹੈ। ਚੌਧਰੀ ਰਾਧਾ ਕ੍ਰਿਸ਼ਨ ਵੀ ਸਾਡੇ ਨਾਲ ਸਨ ਜਦ ਗਿਲ ਸਰਕਾਰ ਬਣੀ ਸੀ ਅਤੇ ਪੰਜਾਬੀ ਨੂੰ ਆਫੀਸ਼ਲ ਲੈਂਗੁਏਜ ਬਣਾਇਆ ਗਿਆ ਸੀ । (ਵਿਘਨ)

ਗਿਆਨੀ ਕੁੰਦਨ ਸਿੰਘ ਪਤੰਗ : ਆਨ ਏ ਪੁਆਇੰਟ ਆਫ਼ ਆਰਡਰ ਸਰ । ਇਹ ਰਾਸ਼ਟਰੀ ਗੌਰਵ ਦੀਆਂ ਗਲਾਂ ਕਰਦੇ ਹਨ ਅਤੇ ਭਾਸ਼ਾ ਦੀਆਂ ਗਲਾਂ ਕਰਦੇ ਹਨ ਕਿ ਹਿੰਦੀ ਹੋਣੀ ਚਾਹੀਦੀ ਹੈ ਪਰ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਹ ਆਪ ਜਾ ਕੇ ਵੇਖਣ ਕਿ ਕੇਰਲਾ ਵਿਚ, ਗੋਆ ਵਿਚ, ਇਕ ਵੀ ਫੱਟਾ ਹਿੰਦੀ ਵਿਚ ਨਹੀਂ। ਟਰੈਵੰਡਰਮ ਵਿਚ ਇਕ ਵੀ ਫੱਟਾ ਹਿੰਦੀ ਵਿੱਚ ਨਹੀਂ ਅਤੇ ਦੱਖਣੀ ਭਾਰਤ ਵਿਚ ਕਿਸੇ ਵੀ ਰਾਜ ਵਿਚ ਕੋਈ ਫੱਟਾ ਹਿੰਦੀ ਵਿੱਚ ਨਹੀਂ ਜਿਸ ਦੇ ਬਾਰੇ ਵਿਚ ਇਹ ਚਰਚਾ ਕਰਦੇ ਹਨ। ਬੰਬਈ ਵਿਚ ਭਾਵੇਂ ਕਿਤੇ ਕੋਈ ਹੋਵੇ ਤਾਂ ਮੈਂ ਕਹਿ ਨਹੀਂ ਸਕਦਾ। (ਵਿਘਨ)

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । (This is no point of order.)

ਸਰਦਾਰ ਦਰਸ਼ਨ ਸਿੰਘ ਕੇ.ਪੀ. : ਇਹ ਗਲਤ ਗੱਲਾਂ ਕਰਦੇ ਹਨ । ਅਸੀਂ ਪੰਜਾਬੀ ਹਾਂ ਅਤੇ ਪੰਜਾਬੀ ਬੋਲਦੇ ਹਾਂ ,। ਪਰ ਰਾਸ਼ਟਰ ਭਾਸ਼ਾ ਸਾਡੀ ਹਿੰਦੀ ਹੈ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਇਹ ਗਲਤ ਤਕਰੀਰਾਂ ਕਰਦੇ ਹਨ। (ਵਿਘਨ)

ਸਿਰਦਾਰ ਕਪੂਰ ਸਿੰਘ : ਮੈਂ ਇਹ ਬੇਨਤੀ ਕਰਦਾ ਹਾਂ ਕਿ ਰਾਸ਼ਟਰ ਭਾਸ਼ਾ ਦਾ ਕੋਈ ਜ਼ਿਕਰ ਸੰਵਿਧਾਨ ਵਿਚ ਨਹੀਂ, ਇਹ ਪੜ੍ਹ ਕੇ ਵੇਖ ਲੈਣ । ਹਿੰਦੀ ਸੰਪਰਕ ਭਾਸ਼ਾ ਹੈ । ਇਸ ਦੇ ਬਾਰੇ ਵਿਚ ਸਵਰਗੀ ਪੰਡਤ ਜਵਾਹਰ ਲਾਲ ਨਹਿਰੂ ਨੇ ਪਾਰਲੀਮੈਂਟ ਵਿਚ ਵੀ ਮੇਰੇ ਬੈਠਿਆਂ ਕਿਹਾ ਸੀ । (ਵਿਘਨ) (ਸ਼ੋਰ)

ਸਰਦਾਰ **ਦਰਸ਼ਨ** ਸਿੰਘ ਕੇ. ਪੀ. : ਮੈਂ ਤਾਂ ਆਪਣੇ ਮਨ ਦੀ ਗਲ ਕਹੀ ਹੈ (ਵਿਘਨ)

ਚੌਧਰੀ ਤੁਲਸੀ ਰਾਮ **ਚੌਹਾਨ** : ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸਰਦਾਰ ਕਪੂਰ ਸਿੰਘ ਜੀ ਠੀਕ ਨਹੀਂ ਕਹਿ ਰਹੇ। ਹਿੰਦੀ ਰਾਸ਼ਟਰ ਭਾਸ਼ਾ ਹੈ। ਸੰਵਿਧਾਨ ਵਿਚ ਇਸਦੇ ਬਾਰੇ ਵਿਚ ਸਾਫ ਲਿਖਿਆ ਹੋਇਆ ਹੈ ।

ਸਿਰਦਾਰ ਕਪੂਰ ਸਿੰਘ : ਚਅਰਮਨ ਸਾਹਿਬ, ਮੈਂ ਇਸ ਤੇ ਆਪ ਦੀ ਰੂਲਿੰਗ ਚਾਹੁੰਦਾ ਹਾਂ ਕਿ ਕੀ ਸਵਿਧਾਨ ਵਿਚ ਕਿਸੇ ਰਾਸ਼ਟਰ ਭਾਸ਼ਾ ਦਾ ਜ਼ਿਕਰ ਹੈ ? (ਵਿਘਨ)

ਸ੍ਰੀ **ਸਭਾਪਤੀ** : ਮੈਂ ਕਾਨਸਟੀਚੂਸ਼ਨ ਵੇਖ ਕੇ ਅਰਜ਼ ਕਰ ਦਿਆਂਗਾ । (I will give my ruling after consulting the Constitution.)

ਸਰਦਾਰ ਦਰਸ਼ਨ ਸਿੰਘ ਕੇ.ਪੀ. : ਇਥੇ ਹੀ ਬਸ ਨਹੀਂ ਜਿਹੜੀਆਂ ਗੱਲਾਂ ਹੋਈਆਂ ਮੈਂ ਉਨ੍ਹਾਂ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਇਹ ਕੀ ਕਰਦੇ ਹਨ । ਜੁਲਾਈ ਦੇ ਮਹੀਨੇ ਵਿਚ ਅਸੀਂ ਦਿਲੀ ਗਏ ਸ੍ਰੀ ਜਗਜੀਵਨ ਰਾਮ ਹੋਰਾਂ ਨੂੰ ਮਿਲਣ ਤਾਂ ਸਰਦਾਰ ਬਲਵੰਤ ਸਿੰਘ ਹੋਰੀਂ ਕੋਠੀ ਦੇ ਬਾਹਰ ਖੜੇ ਸਨ । ਸ੍ਰੀ ਜਗਜੀਵਨ ਰਾਮ ਜੀ ਅਸਾਨੂੰ ਜਫੀਆਂ ਪਾ ਕੇ ਮਿਲੇ । ਸਰਦਾਰ ਬਲਵੰਤ ਸਿੰਘ ਹੋਰਾਂ ਮੈਨੂੰ ਕਿਹਾ ਕਿ ਦਰਸ਼ਨ ਸਿੰਘ ਵੇਖੀਂ ਵਧ ਘਟ ਗੱਲ ਨਾ ਕਹਿ ਦੇਵੀਂ ਸਾਡਾ ਕੰਮ ਖਰਾਬ ਨਾ ਹੋ ਜਾਵੇ । ਕੁਲੀਸ਼ਨ ਨਾਲ ਹੀ ਪੰਜਾਬ ਵਿਚ ਸਰਕਾਰ ਸਟੇਬਲ ਰਹਿ ਸਕਦੀ ਹੈ ਜੇਕਰ ਪੰਜਾਬ ਵਿਚ ਕਾਂਗਰਸ ਅਤੇ ਅਕਾਲੀ ਦਲ ਦੀ ਹੋ ਜਾਵੇ ਤਾਂ ਇਹ ਇਨਾਂ ਨੇ ਮੈਨੂੰ ਕਿਹਾ ਕਿ ਇਹ ਇਸ ਤਰ੍ਹਾਂ ਸਮਝਤੇ ਹਨ । (ਵਿਘਨ)

ਅਜ ਕਲ ਦੇ ਹਾਲਾਤ ਸਟੇਟ ਦੇ ਵਿਚ ਇਸ ਤਰ੍ਹਾਂ ਦੇ ਹਨ ਕਿ ਇਕ ਪਾਸੇ ਤਾਂ ਹਰੀਜਨਾਂ ਤੇ ਜ਼ੁਲਮ ਹੋ ਰਿਹਾ ਹੈ। ਸਾਡੇ ਦਕੋਹਾ ਪਿੰਡ ਦੀ 16 ਸਾਲ ਹਰੀਜਨ ਕੁੜੀ ਨੂੰ ਚੁਕ ਕੇ ਲੈ ਗਏ । ਉਸ ਨੂੰ ਪੁਲਿਸ ਦੀ ਮਾਰਫਤ ਜਾ ਛਡਾਇਆ । ਕਿਸੇ ਨੂੰ ਗਰਿਫਤਾਰ ਨਾ ਕੀਤਾ ਜਦੋਂ ਉਸ ਲੜਕੀ ਨੇ ਬਿਆਨ ਦਿੱਤਾ ਤਾਂ ਉਸ ਦੇ ਕਹਿਣ ਤੇ ਵੀ ਇਕ ਆਦਮੀ ਨੂੰ ਫੜਿਆ ਚਾਰ ਆਦਮੀਆਂ ਨੂੰ ਫੜਿਆ ਹੀ ਨਹੀਂ । ਐਸ. ਪੀ. ਐਸ. ਡੀ. ਐਮ. ਆਪਸ ਵਿਚ ਮਿਲੇ ਹੋਏ ਹਨ, ਨਾ ਕੋਈ ਪੁਲੀਸ ਹੀ ਕਰਦੀ ਹੈ ਨਾ ਕਿਸੇ ਨੂੰ ਕੋਈ ਇਨਸਾਫ ਹੀ ਮਿਲਦਾ ਹੈ । ਹਰੀਜਨਾਂ ਨਾਲ ਖਾਸ ਤੌਰ ਤੇ ਜ਼ੁਲਮ ਹੋ ਰਿਹਾ ਹੈ ।

ਜੋ ਇਹ ਅਕਾਲੀ ਸਰਕਾਰ ਹਰੀਜਨਾਂ ਤੇ ਜ਼ੁਲਮ ਕਰਦੀ ਹੈ ਤਾਂ ਹੀ 15 ਤਾਰੀਖ ਨੂੰ ਹਰੀਜਨ ਨੌਜਵਾਨਾਂ ਵੱਲੋਂ ਇਸ ਸਰਕਾਰ ਦੇ ਖਿਲਾਫ ਜ਼ੋਰਦਾਰ ਮੁਜ਼ਾਹਰਾ ਕੀਤਾ ਗਿਆ । ਇਥੇ ਪੰਜਾਬੀ ਸੂਬਾ ਵੀ ਬਣਿਆ ਅਤੇ ਹਰਿਆਣਾ ਸਰਕਾਰ ਵੀ ਬਣੀ ਪਰ ਇਸ ਦਾ ਕੀ ਫਾਇਦਾ ਹੋਇਆ ਕਿ ਲੋਕਾਂ ਤੇ ਜ਼ੁਲਮ ਜਾਰੀ ਰਿਹਾ । ਗਰੀਬਾਂ ਦੀ ਕੋਈ ਨਹੀਂ ਸੁਣਦਾ । ਸ਼ਰੇ-ਆਮ ਸ਼ਰਾਬਾਂ ਪੀਂਦੀਆਂ ਜਾਂਦੀਆਂ ਹਨ, ਅਤੇ ਬਦਮਾਸ਼ੀਆਂ ਕੀਤੀਆਂ ਜਾਂਦੀਆਂ ਹਨ ।

ਇਕ ਹੋਰ ਨਵਾਂ ਤਰੀਕਾ ਇਹ ਇਖਤਿਆਰ ਕੀਤਾ ਹੈ ਕਿ ਜਿਸ ਨਾਲ ਵੀ ਦੁਸ਼ਮਣੀ ਹੋਵੇ ਤਾਂ ਉਸ ਨੂੰ ਨੈਕਸਲਾਈਟ ਕਹਿ ਕੇ ਮਰਵਾ ਦਿੱਤਾ ਜਾਂਦਾ ਹੈ । ਜਾਲੰਧਰ ਵਿਚ ਇਕ ਸ੍ਰੀ ਹਾਂਡਾ ਤੇ ਉਸਦੀ ਬੀਵੀ ਨੂੰ ਪੁਲਿਸ ਦੀ ਹਿਰਾਸਤ ਵਿਚੋਂ ਰਿਹਾ ਕਰਵਾਇਆ ਜਮਾਨਤ ਤੇ, ਇਹ 5-7 ਯੂਨੀਅਨਾਂ ਦਾ ਪ੍ਰਧਾਨ ਸੀ, ਪਰ ਇਸ ਨੂੰ ਨੈਕਸੇਲਾਈਟ ਕਹਿਕੇ ਮਰਵਾਇਆ ਗਿਆ । ਇਸੇ ਤਰ੍ਹਾਂ ਚੇਅਰਮੈਨ ਸਾਹਿਬ, ਤੁਸੀਂ ਤੁਸੀਂ ਅਖਬਾਰਾਂ ਦੇ ਵਿਚ ਵੀ ਪੜ੍ਹਿਆ ਹੋਵੇਗਾ ਕਿ ਸੁਰਜੀਤ ਸਿੰਘ ਛਿਦਾ ਇਸ ਕਰਕੇ ਨੈਕਸੇਲਾਈਟ ਕਹਿਕੇ ਮਰਵਾਇਆ ਗਿਆ ਕਿਉਂਕਿ ਉਹ ਜੱਟਾਂ ਦਾ ਮੁੰਡਾ ਸੀ ਉਸ ਦੇ ਘਰ ਸੈਣੀਆਂ ਦੀ ਲੜਕੀ ਸੀ । ਮੈਂ ਤੁਹਾਨੂੰ ਕੀ ਦਸਾਂ ਇਸ ਤਰ੍ਹਾਂ ਦੇ ਪੰਜਾਬ ਵਿਚ ਜ਼ੁਲਮ ਹੋ ਰਹੇ ਹਨ ਕਿ ਸੁਣੇ ਵੀ ਨਹੀਂ ਜਾਂਦੇ । ਲਾ ਐਂਡ ਆਰਡਰ ਇਤਨਾ ਕਮਜ਼ੋਰ ਹੈ ਕਿ ਅਕਾਲੀਆਂ ਦੀ ਸਰਕਾਰ ਨਾਲੋਂ ਭਾਵੇਂ ਕੋਈ ਵੀ ਹੋਰ ਸਰਕਾਰ ਬਣਾ ਦਿੱਤੀ ਜਾਂਦੀ ਫਿਰ ਵੀ ਚੰਗੀ ਹੁੰਦੀ । ਨਾ ਇਹ ਸੋਸ਼ਲਿਜ਼ਮ ਹੈ ਨਾ ਕੋਈ ਹੋਰ ਹੈ । ਹਿੰਦੁਸਤਾਨ ਦੇ ਪ੍ਰਾਈਮ ਮਨਿਸਟਰ ਨੇ ਜਦੋਂ ਇਹ ਵੇਖਿਆ ਕਿ ਲੋਕਾਂ ਦੇ ਹਕ ਉਨ੍ਹਾਂ ਨੂੰ ਦਿੱਤੇ ਜਾਣ ਭਾਵੇਂ ਉਹ ਗਰੀਬ ਹੋਣ ਜਾਂ ਕੋਈ ਹੋਰ । ਸੁਪਰੀਮ ਕੋਰਟ ਵਿਚ ਜਦੋਂ ਬਿਰਲਿਆਂ ਟਾਟਿਆਂ ਨੇ ਆਪਣੀ ਚਲਾਉਣੀ ਚਾਹੀ ਤਾਂ ਸਾਡੇ ਪ੍ਰਾਈਮ ਮਨਿਸਟਰ ਨੇ ਦੁਬਾਰਾ ਚੋਣਾਂ ਲੜਨ ਦਾ ਐਲਾਨ ਕੀਤਾ । ਲੋਕਾਂ ਨੇ ਅਜ ਸੋਸ਼ਲਿਜ਼ਮ ਦੇ ਨਾਉਂ ਤੇ ਵੋਟਾਂ ਦੇਣੀਆਂ ਹਨ । ਕਿਉਂ ਜੋ ਇਨ੍ਹਾਂ ਨੇ ਹੀ ਲੋਕਾਂ ਨੂੰ ਰੋਟੀ ਕਪੜਾ ਅਤੇ ਹੋਰ ਲੋੜਾਂ ਨੂੰ ਪੂਰਾ ਕਰਨਾ ਹੈ ।

ਚੇਅਰਮੈਨ ਸਾਹਿਬ, ਸਾਨੂੰ ਇਸ ਗਲ ਦਾ ਬੜਾ ਦੁਖ ਹੈ ਕਿ ਦੇਸ਼ ਦੇ ਵਿਚ ਲੋਕਾਂ ਨੂੰ ਇਨਸਾਫ ਨਹੀਂ ਮਿਲਦਾ । ਇਥੇ ਜਿਤਨੇ ਵੀ ਮਨਿਸਟਰ ਹਨ ਉਹ ਨੌਕਰੀਆਂ ਤੇ ਆਪਣੇ ਰਿਸ਼ਤੇਦਾਰਾਂ ਨੂੰ ਪਾਲ ਰਹੇ ਹਨ ।

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਕੋਈ ਕਿਸੇ ਦਾ ਭਾਈ ਹੈ, ਕੋਈ ਮਾਮਾ ਹੈ ਤੇ ਕੋਈ ਭਤੀਜਾ, ਇਸ ਚੀਜ਼ ਨੂੰ ਬੰਦ ਕਰਨਾ ਚਾਹੀਦਾ ਹੈ, ਜੇ ਇਸੇ ਤਰ੍ਹਾਂ ਹੀ ਚਲਦਾ ਰਿਹਾ ਤਾਂ ਮੁਲਕ ਦਾ ਬੁਰਾ ਹਾਲ ਹੋ ਜਾਵੇਗਾ । ਇਹ ਕਹਿੰਦੇ ਹਨ ਕਿ ਅਸੀਂ ਹਰ ਮਹਿਕਮੇ ਦੇ ਵਿਚ ਰਿਜ਼ਰਵੇਸ਼ਨ ਕਾਇਮ ਕੀਤੀ ਹੋਈ ਹੈ, ਮੈਂ ਏਥੇ ਦਸਾਂ ਕਿ ਐਸ. ਡੀ. ਐਮ. ਦੇ ਮਹਿਕਮੇ ਵਿਚ 9 ਪੋਸਟਾਂ ਹਰੀਜਨਾਂ ਦੇ ਲਈ ਸਨ, ਇਨ੍ਹਾਂ ਵਿਚੋਂ ਸਿਰਫ 3 ਭਰੀਆਂ ਗਈਆਂ ਹਰੀਜਨਾਂ ਦੇ ਵਿਚੋਂ, ਬਾਕੀ ਹੋਰ ਜ਼ਾਤਾਂ ਦੇ ਲਏ ਗਏ। ਹਰੀਜਨਾਂ ਨੂੰ ਪੂਰੀ ਰੀਜ਼ਰਵੇਸ਼ਨ ਮਿਲਣੀ ਚਾਹੀਦੀ ਹੈ। ਮੇਰੇ ਇਲਾਕੇ ਦਾ ਤਾਂ ਇਹੋ ਜਿਹਾ ਹਾਲ ਹੈ ਕਿ ਦੋ ਪਾਰਟੀਆਂ ਆਪਸ ਵਿਚ ਲੜ ਪਈਆਂ ਇਕੋ ਘਰ ਦੀਆਂ । ਇਕ ਪਾਸੇ ਚਾਚਾ ਸੀ ਅਤੇ ਦੂਸਰੇ ਪਾਸੇ ਉਸ ਦਾ ਭਤੀਜਾ ਸੀ, ਐਵੇਂ ਲੜਾਈ ਹੋ ਗਈ ਕੋਈ ਖ਼ਾਸ ਗਲ ਵੀ ਨਹੀਂ ਸੀ । ਪਰ ਇਨ੍ਹਾਂ ਜਥੇਦਾਰਾਂ ਨੇ ਹਿਸਾ ਪਾ ਲਿਆ ਇਕ ਚਾਚੇ ਵੱਲ ਹੋ ਗਿਆ ਅਤੇ ਇਕ ਭਤੀਜੇ ਵਲ ਹੋ ਗਿਆ । ਦੋਨਾਂ ਨੇ 20-20 ਹਜ਼ਾਰ ਇਨ੍ਹਾਂ ਗਰੀਬਾਂ ਤੋਂ ਖਾ ਲਿਆ । ਇਥੇ ਬਾਦਲ ਸਾਹਿਬ ਨਹੀਂ ਹਨ, ਮੈਂ ਦਸਦਾ ਕਿ ਚੀਫ ਮਨਿਸਟਰ ਸਾਹਿਬ ਦੇ ਆਪਣੇ ਦਫਤਰ ਵਿਚ ਕੀ ਹੋ ਰਿਹਾ ਹੈ । ਜਥੇਦਾਰ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ ਕਿ ਸੀ. ਐਸ. ਦੇ ਸਟਾਫ ਦੇ ਵਿਚ ਇਕ ਨੋਟ ਲਗਦਾ ਹੈ, ਮੇਰੇ ਆਪਣੇ ਹਲਕੇ ਦਾ ਇਕ ਐਮ. ਐਲ.ਏ. . .। (ਵਿਘਨ)

ਸ੍ਰੀ ਸਭਾਪਤੀ : ਬਸ ਜੀ, ਟਾਈਮ ਹੋ ਗਿਆ ਹੈ ਹੁਣ ਬੈਠ ਜਾਓ । (Please resume your seat. The time at his disposal is up.)

ਸਰਦਾਰ ਦਰਸ਼ਨ ਸਿੰਘ ਕੇ.ਪੀ. : ਬਹੁਤ ਅੱਛਾ ਜੀ, ਆਪਦਾ ਸ਼ੁਕਰੀਆ ।

(ਇਸ ਵੇਲੇ ਸਭਾਪਤੀ ਵਲੋਂ ਵਿੱਤ ਮੰਤਰੀ ਨੂੰ ਬੋਲਣ ਲਈ ਕਿਹਾ)

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਸਾਡਾ ਵੀ 4 ਨੰਬਰ ਤੇ ਨਾਉਂ ਤੁਹਾਡੇ ਪਾਸ ਆਇਆ ਹੋਇਆ ਹੈ ।

ਸ੍ਰੀ ਸਭਾਪਤੀ : ਨਹੀਂ ਜੀ ਹੁਣ ਹੋਰ ਵਕਤ ਸਪੀਚਜ਼ ਦੇ ਲਈ ਨਹੀਂ ਦਿੱਤਾ ਜਾ ਸਕਦਾ । (No please. No more time can be given to the Members for the speeches.)

ਸ੍ਰੀ ਗੁਰਦਿਆਲ ਸੈਣੀ : ਜੇ 15 ਮਿੰਟ ਨਹੀਂ ਤਾਂ 10 ਮਿੰਟ ਹੀ ਦੇ ਦੇਓ , ਆਖਿਰ ਸਾਨੂੰ ਬੋਲਣ ਲਈ ਮੌਕਾ ਤਾਂ ਮਿਲਣਾ ਚਾਹੀਦਾ ਹੈ ।

ਸ੍ਰੀ ਸਭਾਪਤੀ : ਨਹੀਂ ਜੀ । (No please.)

ਸਰਦਾਰ ਪਰਤਾਪ ਸਿੰਘ : ਸਪੀਕਰ ਸਾਹਿਬ, ਇਥੇ ਰੀਫਿਊਜ਼ੀਆਂ ਦੇ ਵਸਾਉਣ ਬਾਰੇ ਇਕ ਗੱਲ ਚਲੀ ਸੀ, ਮੈਂ ਸਾਰੇ ਹਾਊਸ ਦੀ ਵਾਕਫੀਅਤ ਲਈ ਦਸ ਦੇਣਾ ਚਾਹੁੰਦਾ ਹਾਂ ਕਿ ਰੀਫਿਊਜ਼ੀਆਂ ਨੂੰ ਕਿਸੇ ਨੇ ਨਹੀਂ ਵਸਾਇਆ ਉਹ, ਆਪਣੀ ਹਿੰਮਤ ਦੇ ਨਾਲ ਵਸੇ । ਇਹ ਗੱਲ ਇਨ੍ਹਾਂ ਅਕਾਲੀ ਭਰਾਵਾਂ ਤੋਂ ਜਿਹੜੇ ਕਿ ਰੀਫਿਊਜ਼ੀ ਹਨ, ਪੁੱਛੀ ਜਾ ਸਕਦੀ ਹੈ । ਬਾਜਵਾ ਜੀ ਮੇਰੀ ਇਸ ਗਲ ਦੀ ਪੂਰੀ ਤਸਦੀਕ ਕਰਨਗੇ ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਚੇਅਰਮਨ ਸਾਹਿਬ, ਮੈਂ ਬੜੇ ਧਿਆਨ ਦੇ ਨਾਲ ਆਨਰੇਬਲ ਮੈਂਬਰ ਸਾਹਿਬਾਨ ਦੀਆਂ ਤਕਰੀਰਾਂ ਸੁਣੀਆਂ ਹਨ । ਇਨ੍ਹਾਂ ਵਿਚੋਂ ਕਾਮਰੇਡ ਬਾਬੂ ਸਿੰਘ

ਮਾਸਟਰ ਨੇ ਪੰਜਾਬ ਸਰਕਾਰ ਤੇ ਇਹ ਦੋਸ਼ ਲਗਾਇਆ ਹੈ ਕਿ ਅਕਾਲੀਆਂ ਦੀ ਸਰਕਾਰ ਨੇ ਪ੍ਰਿੰਸਿਜ਼ ਦੇ ਅਲਾਊਂਸਿਜ਼ ਮੁੜ ਦੇਣ ਦਾ ਫੈਸਲਾ ਕੀਤਾ ਹੈ। ਮੈਂ ਉਨ੍ਹਾਂ ਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਸ਼ਰੋਮਣੀ ਅਕਾਲੀ ਦਲ ਹਿੰਦੁਸਤਾਨ ਦੀ ਸਭ ਤੋਂ ਜ਼ਿਆਦਾ ਪਰੋਗਰੈਸਿਵ ਸਰਕਾਰ ਹੈ ਜਿਸ ਨੇ ਪ੍ਰਿੰਸਿਜ਼ ਨੂੰ ਸਭ ਤੋਂ ਪਹਿਲਾਂ ਡੀ-ਰਿਕੁਗਨਾਈਜ਼ ਕੀਤਾ। ਉਨ੍ਹਾਂ ਦੇ ਪ੍ਰੀਵੀ ਪਰਸਿਜ਼ ਬੰਦ ਕੀਤੇ, ਸਾਡੇ ਤੋਂ ਬਾਅਦ ਰਾਜਸਥਾਨ ਅਤੇ ਹੋਰ ਸਟੇਟਾਂ ਨੇ ਕੀਤੇ।

ਕਾਮਰੇਡ ਬਾਬੂ ਸਿੰਘ ਮਾਸਟਰ : ਜੇ ਬੰਦ ਕੀਤੇ ਸੀ ਤਾਂ 1,15 000/- ਦੀ ਫੇਰ ਇਹ ਰਕਮ ਕਿਉਂ ਰਖੀ ਹੈ ?

ਵਿੱਤ ਮੰਤਰੀ : ਜਦੋਂ ਅਸੀਂ ਅਲਾਊਂਸਿਜ਼ ਬੰਦ ਕਰ ਦਿੱਤੇ ਤਾਂ ਸਾਨੂੰ ਦਿੱਲੀ ਦੀ ਸਰਕਾਰ ਨੇ ਇਕ ਡਾਇਰੈਕਟਿਵ ਦਿੱਤਾ 18 ਅਕਤੂਬਰ, 1970 ਨੂੰ ਜਿਸ ਤੇ ਮਜਬੂਰ ਹੋਕੇ ਸਾਨੂੰ ਇਹ ਖੋਲ੍ਹਣੇ ਪਏ। ਉਨ੍ਹਾਂ ਦੇ ਡਾਇਰੈਕਟਿਵ ਦਾ ਹਾਊਸ ਦੀ ਵਾਕਫੀਅਤ ਵਾਸਤੇ ਮੈਂ ਆਖਰੀ ਪੈਰਾ ਪੜ੍ਹਨਾ ਚਾਹੁੰਦਾ ਹਾਂ

> 'Apart from the legal position, these allowances which have been paid for over two decades are only for the life time of the beneficiaries and consequently the expenditure on them has been decreasing and is likely to decrease at a progressively faster rate as the years pass. In the circumstances the Government of India suggest that allowances paid by the State Governments of Union Territories from their revenues may be continued on the existing terms and conditions'

ਸਰ ਇਸ ਡਾਰੈਕਟਿਵ ਦੇ ਥੱਲੇ ਸਾਨੂੰ ਮਜਬੂਰਨ ਉਹ ਅਲਾਊਂਸਿਜ਼ ਦੇਣੇ ਪਏ। ਸਿਰਫ ਇਸ ਕਰਕੇ ਇਹ ਅਮਾਊਂਟ ਸਾਨੂੰ ਇਸ ਸੈਪਲੀਮੈਂਟਰੀ ਵਿਚ ਲਿਆਉਣਾ ਪਿਆ ਨਹੀਂ ਤਾਂ ਅਸੀਂ ਪਹਿਲਾਂ ਇਸ ਨੂੰ ਨਹੀਂ ਸੀ ਲਿਆ ਰਹੇ। ਅਸੀਂ ਚਾਹੁੰਦੇ ਹਾਂ ਕਿ ਗੌਰਮਿੰਟ ਆਫ਼ ਇੰਡੀਆ ਵੀ ਸਾਡੀ ਇਹ ਅਗਾਂਹਵਧੂ ਥਿੰਕਿੰਗ ਮੰਨ ਲਵੇ (ਤਾੜੀਆਂ)

ਫਿਰ ਕਾਮਰੇਡ ਬਾਬੂ ਸਿੰਘ ਜੀ ਮਾਸਟਰ ਨੇ ਕਿਹਾ ਹੈ ਕਿ ਸ਼ਹਿਰੀ ਜਾਇਦਾਦਾਂ ਤੇ ਸੀਲਿੰਗ ਲਗਾਉਣ ਚਾਹੀਦੀ ਹੈ। ਮੈਂ ਉਨ੍ਹਾਂ ਨੂੰ ਇਹ ਦਸ ਦਿਆਂ ਚੇਅਰਮੈਨ ਸਾਹਿਬ ਤੁਹਾਡੇ ਰਾਹੀਂ ਕਿ ਸਾਡਾ ਅਕਾਲੀ ਦਲ ਦੀ ਸਰਕਾਰ ਇਸ ਗਲ ਲਈ 100 ਪ੍ਰਤੀਸ਼ਤ ਕੁਮਿਟਿਡ ਹੈ (ਥੰਪਿੰਗ)। ਇਤਨਾ ਹੀ ਨਹੀਂ ਅਸੀਂ ਇਸ ਸਬੰਧ ਵਿਚ ਕੁਝ ਕਦਮ ਹੋਰ ਵਧੇ ਹਾਂ। ਅਸੀਂ ਇਕ ਅਫਸਰਾਂ ਦੀ ਕਮੇਟੀ ਬਣਾਈ ਹੈ ਜੋ ਇਹ ਦੇਖੇਗੀ ਕਿ ਕੋਈ ਲੀਗਲ ਹਿਚ ਨਾ ਹੋਵੇ। ਚੇਅਰਮੈਨ ਸਾਹਿਬ ਮੈਂ ਤੁਹਾਡੇ ਰਾਹੀਂ ਇਹ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਆਈਟਮ ਕਨਕਰੈਂਟ ਲਿਸਟ ਤੇ ਹਨ। ਇਹ ਕਨਕਰੈਂਟ ਲਿਸਟ ਐਸੀ ਹੁੰਦੀ ਹੈ ਕਿ ਇਸ ਤੇ ਅਸੀਂ ਵੀ ਲੈਜਿਸਲੇਸ਼ਨ ਪਾਸ ਕਰ ਸਕਦੇ ਹਾਂ ਅਤੇ ਸੈਂਟਰ ਦੀ ਸਰਕਾਰ ਵੀ ਲੈਜਿਸਲੇਸ਼ਨ ਪਾਸ ਕਰ ਸਕਦੀ ਹੈ। ਪਰ ਜਦੋਂ ਕਿਸੇ ਸੂਬੇ ਦੀ ਸਰਕਾਰ ਨੇ ਇਸ ਪ੍ਰਕਾਰ ਦੀ ਲੈਜਿਸਲੇਸ਼ਨ ਲਿਆਉਣੀ ਹੋਵੇ, ਤਾਂ ਉਸ ਨੂੰ ਪਰੈਜ਼ੀਡੈਂਟ ਦੀ ਕੰਨਸੈਂਟ ਲੈਣੀ ਪੈਂਦੀ ਹੈ। ਅਸੀਂ ਇਹ ਵੀ ਚਾਹੁੰਦੇ ਹਾਂ ਕਿ ਗੌਰਮਿੰਟ ਆਫ਼ ਇੰਡੀਆ ਜੋ ਕਿ ਆਪਣੇ ਆਪ ਨੂੰ ਪਰੋਗਰੈਸਿਵ ਸਰਕਾਰ ਅਖਵਾਉਂਦੀ ਹੈ ਅਤੇ ਮੈਂ ਵੀ ਉਸ ਨੂੰ ਪਰੋਗਰੈਸਿਵ ਸਰਕਾਰ ਮੰਨਦਾ ਹਾਂ, ਕੋਈ ਅਜਿਹਾ ਲੈਜਿਸਲੇਸ਼ਨ ਸਾਰੇ ਦੇਸ਼ ਵਾਸਤੇ ਯੂਨੀਫਾਰਮ ਬਣਾਵੇ ਤਾਂ ਕਿ ਪੰਜਾਬ ਦੇ ਲੋਕਾਂ ਨਾਲ ਕੋਈ ਧਕਾ ਨਾ ਹੋਵੇ।

ਫਿਰ ਚੇਅਰਮੈਨ ਸਾਹਿਬ ਕਾਮਰੇਡ ਬਾਬੂ ਸਿੰਘ ਜੀ ਨੇ ਕਿਹਾ ਹੈ ਕਿ ਇਹ ਸਰਕਾਰ ਪਿਛਾਂਹ ਖਿਚੂ ਹੈ ਕਿਉਂਕਿ ਇਹ ਸਟੇਟ ਟਰੇਡਿੰਗ ਨਹੀਂ ਲਾਗੂ ਕਰਦੀ। ਚੇਅਰਮੈਨ ਸਾਹਿਬ ਮੈਂ ਤੁਹਾਡੇ ਰਾਹੀਂ ਹਾਊਸ ਦੇ ਸਾਹਮਣੇ ਕੁਝਫਿਗਰਜ਼ ਇਸ ਸਬੰਧ ਵਿਚ ਰਖਣਾ ਚਾਹੁੰਦਾ ਹਾਂ ਜੋ ਕਿ ਹੁਣੇ ਹੀ ਮੈਨੂੰ ਸਰਦਾਰ ਗੁਰਮੀਤ ਸਿੰਘ ਜੀ ਨੇ ਦਿੱਤੀਆਂ ਹਨ ਜੋ ਕਿ ਫੂਡ ਮਨਿਸਟਰ ਹਨ। ਇਨ੍ਹਾਂ ਫ਼ਿਗਰਜ਼ ਦੇ ਅਨੁਸਾਰ ਪਿਛਲੇ ਸਾਲ

[ਵਿੱਤ ਮੰਤਰੀ]

ਰਾਜ ਵਿਚ ਕਣਕ ਦੀ ਕੁਲ ਜੋ ਖਰੀਦ ਹੋਈ ਉਸ ਵਿਚੋਂ 97 ਪ੍ਰਤੀਸ਼ਤ ਸਰਕਾਰੀ ਏਜੰਸੀਆਂ ਰਾਹੀਂ ਖਰੀਦੀ ਗਈ । (ਥੰਪਿੰਗ) ਅਤੇ ਕੇਵਲ 3 ਪ੍ਰਤੀਸ਼ਤ ਹੀ ਪ੍ਰਾਈਵੇਟ ਏਜੰਸੀਆਂ ਖਰੀਦ ਸਕੀਆਂ। ਕੁਲ ਕਣਕ ਜੋ ਸਰਕਾਰੀ ਏਜੰਸੀਆਂ ਦੇ ਰਾਹੀਂ ਖਰੀਦੀ ਗਈ ਉਹ ਸੀ 23.62 ਲਖ ਟਨ ਅਤੇ ਜੋ ਪ੍ਰਾਈਵੇਟ ਏਜੰਸੀਆਂ ਨੇ ਖਰੀਦੀ ਉਹ ਸੀ ਸਿਰਫ 48 ਹਜ਼ਾਰ ਟਨ । ਇਸੇ ਤਰ੍ਹਾਂ ਜੋ ਚਾਵਲ ਹਨ ਉਨ੍ਹਾਂ ਦਾ 82 ਪ੍ਰਤੀਸ਼ਤ ਸਰਕਾਰੀ ਏਜੰਸੀਆਂ ਦੇ ਰਾਹੀਂ ਖਰੀਦਿਆ ਗਿਆ ਹੈ । ਓਵਰਆਲ ਜੋ ਫੂਡਗਰੇਨ ਪੰਜਾਬ ਵਿਚ ਹੋਇਆ ਉਸ ਦਾ 85 ਪ੍ਰਤੀਸ਼ਤ ਸਰਕਾਰੀ ਏਜੰਸੀਆਂ ਦੇ ਰਾਹੀਂ ਖਰੀਦਿਆ ਗਿਆ ਅਤੇ ਕੇਵਲ 15 ਪ੍ਰਤੀਸ਼ਤ ਪ੍ਰਾਈਵੇਟ ਏਜੰਸੀਆਂ ਖਰੀਦ ਸਕੀਆਂ । ਇਸ ਤੋਂ ਵਧ ਹੋਰ ਸਟੇਟ ਟਰੇਡਿੰਗ ਕੀ ਹੋ ਸਕਦੀ ਹੈ, ਇਹ ਮੈਨੂੰ ਸਮਝ ਨਹੀਂ ਆਉਂਦੀ । ਹਾਂ ਇਕ ਕਸਰ ਜ਼ਰੂਰ ਰਹਿ ਗਈ ਹੈ ਕਿ ਇਨ੍ਹਾਂ ਦੀ ਪਾਰਟੀ ਦੇ ਹਥ ਟਰੇਡਿੰਗ ਦੇ ਦਈਏ ਤਾਂ ਸ਼ਾਇਦ ਉਸ ਨੂੰ ਸਟੇਟ ਟਰੇਡਿੰਗ ਮੰਨ ਲੈਣ, ਬਾਕੀ ਤਾਂ ਕੋਈ ਕਸਰ ਮੈਨੂੰ ਨਜ਼ਰ ਨਹੀਂ ਆਉਂਦੀ। (ਹਾਸਾ)

ਫਿਰ ਚੇਅਰਮੈਨ ਸਾਹਿਬ ਮੇਰੇ ਸਾਮ੍ਹਣੇ ਬੈਂਚਾਂ ਤੋਂ ਕਾਂਗਰਸ ਪਾਰਟੀ ਦੇ ਡਿਪਟੀ ਲੀਡਰ ਸਾਹਿਬ ਨੇ ਇਥੇ ਕੌਮੀ ਏਕਤਾ ਅਖਬਾਰ ਪੜ੍ਹਨੀ ਸ਼ੁਰੂ ਕਰ ਦਿੱਤੀ। ਪਤਾ ਨਹੀਂ ਇਹ ਕਿਥੋਂ ਲੈ ਆਏ ਹਨ,ਸਾਡੇ ਤਾਂ ਇਹ ਨੋਟਿਸ ਵਿਚ ਨਹੀਂ ਆਈ, ਇਸ ਦੇ ਅਨੁਸਾਰ ਫਾਜ਼ਲਕਾ ਦਾ ਬੜਾ ਚਰਚਾ ਹੋਇਆ । ਚੇਅਰਮੈਨ ਸਾਹਿਬ ਮੈਨੂੰ ਯਾਦ ਹੈ ਕਿ ਜਦੋਂ ਫਾਜ਼ਿਲਕਾ ਦਾ ਫੈਸਲਾ ਹੋਇਆ ਸੀ ਤਾਂ ਹਰ ਪੰਜਾਬੀ ਬੜਾ ਡਿਸਟਰਬ ਸੀ ਅਤੇ ਇਸ ਤਰ੍ਹਾਂ ਲਗਦਾ ਸੀ ਕਿ ਪੰਜਾਬ ਦੇ ਵਿਚ ਕੋਈ ਤੂਫਾਨ ਆਉਣ ਵਾਲਾ ਹੈ। ਗੌਰਮਿੰਟ ਆਫ਼ ਇੰਡੀਆ ਵੀ ਇਸ ਬਾਰੇ ਬੜੀ ਕੰਨਸਰਨਡ ਸੀ ਅਤੇ ਇਸ ਲਈ ਉਸ ਨੇ ਹਾਈ ਲੈਵਲ ਦੀਆਂ ਮੀਟਿੰਗਜ਼ ਬੁਲਾਈਆਂ ਸਨ। ਸਾਰੀਆਂ ਪੁਲੀਟੀਕਲ ਪਾਰਟੀਆਂ ਨੇ ਉਸ ਵੇਲੇ ਸਰਕਾਰ ਦਾ ਸਾਥ ਦਿੱਤਾ ਸੀ, ਮੈਨੂੰ ਇਹ ਮੰਨਣ ਵਿਚ ਕੋਈ ਸੰਗ ਨਹੀਂ ਆਉਂਦੀ ਕਿ ਉਸ ਵੇਲੇ ਅਕਾਲੀ ਪਾਰਟੀ, ਕਾਂਗਰਸ ਪਾਰਟੀ, ਕਮਿਊਨਿਸਟ ਪਾਰਟੀ, ਜਨ ਸੰਘ ਅਤੇ ਹੋਰ ਸਾਰੀਆਂ ਪਾਰਟੀਆਂ ਇਸ ਮਸਲੇ ਤੇ ਇਕ ਮੁਠ ਸੀ । ਇਸ ਹਾਊਸ ਵਿਚ ਇਕ ਰੈਜ਼ੋਲਿਊਸ਼ਨ ਵੀ ਪਾਸ ਹੋਇਆ ਸੀ ਜਿਸ ਦੇ ਰਾਹੀਂ ਕਿ ਕੇਂਦਰੀ ਸਰਕਾਰ ਤੇ ਪਰੈਸ਼ਰ ਪਾਇਆ ਗਿਆ ਸੀ ਕਿ ਉਹ ਚੰਡੀਗੜ੍ਹ ਪੰਜਾਬ ਨੂੰ ਦੇਵੇ । ਇਸ ਬਾਰੇ ਕਿਧਰੇ ਕੋਈ ਡਿਫ਼ਰੈਂਟ ਵਿਊਜ਼ ਨਹੀਂ ਸੀ। ਉਸ ਵੇਲੇ ਗੌਰਮਿੰਟ ਆਫ਼ ਇੰਡੀਆ ਨੇ ਇਕ ਡਿਸੀਜ਼ਨ ਦੇ ਦਿੱਤਾ ਜਿਸ ਦੇ ਅਨੁਸਾਰ ਚੰਡੀਗੜ੍ਹ, ਪੰਜਾਬ ਨੂੰ ਅਤੇ ਫਾਜ਼ਲਕਾ ਅਤੇ ਅਬੋਹਰ ਦਾ ਇਲਾਕਾ ਹਰਿਆਣੇ ਨੂੰ ਦੇ ਦਿੱਤਾ । ਪਰ ਇਕ ਗਲ ਮੈਂ ਇਸ ਬਾਰੇ ਸਾਫ ਕਰ ਦੇਵਾਂ ਕਿ ਇਹ ਪੈਕੇਜ਼ ਡੀਲ ਨਹੀਂ ਸੀ ਜਿਸ ਤਰ੍ਹਾਂ ਕਿ ਇਥੇ ਕਈ ਮੈਂਬਰਾਂ ਨੇ ਕਿਹਾ ਹੈ । ਗੌਰਮਿੰਟ ਆਫ਼ ਇੰਡੀਆ ਨੇ ਹਰਿਆਣੇ ਦੇ ਲੋਕਾਂ ਦੀਆਂ ਮੰਗਾਂ ਨੂੰ ਮੁੱਖ ਰਖ ਕੇ ਅਤੇ ਪੰਜਾਬ ਦੇ ਲੋਕਾਂ ਦੀਆਂ ਮੰਗਾਂ ਨੂੰ ਮੁਖ ਰਖ ਕੇ ਇਕ ਡਿਸੀਜਨ ਦਿੱਤਾ, ਮੈਂ ਕਹਿ ਸਕਦਾ ਹਾਂ ਕਿ ਇਹ ਫੈਸਲਾ ਅਲਟੀ-ਮੇਟਲੀ ਸਾਡੇ ਤੇ ਠੋਸਿਆ ਗਿਆ । ਇਸ ਬਾਰੇ ਇਕ ਮੀਟਿੰਗ ਅੰਮ੍ਰਿਤਸਰ ਵਿਚ ਹੋਈ ਜਿਸ ਵਿਚ ਹਰ ਪਾਰਟੀ ਦੇ ਨੁਮਾਇੰਦੇ ਸ਼ਾਮਿਲ ਹੋਏ । ਕਾਂਗਰਸ ਵੱਲੋਂ ਵੀ ਦੋ ਲੀਡਰ ਆਏ। ਕਮਿਊਨਿਸਟ ਪਾਰਟੀ ਵਲੋਂ ਡਾਂਗ ਸਾਹਿਬ ਆਏ, ਜਨਸੰਘ ਵਲੋਂ ਡਾ: ਬਲਦੇਵ ਪ੍ਰਕਾਸ਼ ਆਏ ਅਤੇ ਇਸ ਤਰ੍ਹਾਂ ਬਾਕੀ ਪਾਰਟੀਆਂ ਦੇ ਲੀਡਰ ਵੀ ਆਏ। ਉਥੇ ਇਕ ਰੈਜ਼ੋਲੀਊਸ਼ਨ ਪਾਸ ਕੀਤਾ ਗਿਆ ਕਿ ਚੰਡੀਗੜ੍ਹ ਦੇ ਮੁਤਾਲਕ ਜੋ ਫੈਸਲਾ ਕੀਤਾ ਗਿਆ ਹੈ ਅਸੀਂ ਇਸ ਨੂੰ ਖੁਸ਼ਆਮਦੀਦ ਕਹਿੰਦੇ ਹਾਂ ਅਤੇ ਫਾਜ਼ਿਲਕਾ ਦਾ ਜੋ ਡਿਸੀਜ਼ਨ ਹੈ ਇਸਦੇ ਬਾਰੇ ਵਿਚ ਅਸੀਂ ਪਰੋਟੈਸਟ ਕਰਦੇ ਹਾਂ। (ਵਿਘਨ) ਚੇਅਰਮੈਨ ਸਾਹਿਬ ਜੇ ਤੁਸੀਂ ਮੈਨੂੰ ਇਜਾਜ਼ਤ ਦਿਓ ਤਾਂ ਮੈਂ ਅਗਲੀ ਵਾਰ ਜਦੋਂ ਐਪਰੋਪ੍ਰੀਏਸ਼ਨ ਦਾ ਬਿਲ ਪੇਸ਼ ਕਰਾਂ ਤਾਂ ਉਹ ਰੈਜ਼ੋਲੀਊਸ਼ਨ ਦੀ ਕਾਪੀ ਸਦਨ ਦੀ ਮੇਜ਼ ਤੇ ਲੈ ਕੇ ਕਰ ਦਿਆਂ (ਵਿਘਨ) ਸਾਡੇ ਕੋਲ ਅਜੇ ਤਕ ਉਹ ਓਰੀਜਨਲ ਰੈਜ਼ੋਲੀਊਸ਼ਨ ਪਿਆ ਹੋਇਆ ਹੈ।

ਆਵਾਜ਼ਾਂ : ਫਿਰ ਦੀਪ ਮਾਲਾ ਕਿਉਂ ਕੀਤੀ ਗਈ ਸੀ ? (ਵਿਘਨ) ਛੁਟੀ ਕਿਉਂ ਕੀਤੀ ਗਈ ਸੀ ? (ਵਿਘਨ) (ਸ਼ੋਰ)

ਵਿੱਤ ਮੰਤਰੀ : ਦੀਪ ਮਾਲਾ ਇਨ੍ਹਾਂ ਨੇ ਆਪਣੇ ਆਪਣੇ ਮਕਾਨਾਂ ਤੇ ਕੀਤੀ ਹੋਏ ਤਾਂ ਪਤਾ ਨਹੀਂ ਹੋਰ ਤਾਂ ਕਿਧਰੇ ਨਹੀਂ ਹੋਈ । (ਵਿਘਨ)

ਸਰਦਾਰ ਸਰੂਪ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਚੇਅਰਮੈਨ ਸਾਹਿਬ, ਮੈਂ ਸਰਦਾਰ ਬਲਵੰਤ ਸਿੰਘ ਜੀ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਜਦੋਂ ਅੰਮ੍ਰਿਤਸਰ ਵਿਚ ਮੀਟਿੰਗ ਹੋਈ ਸੀ ਤਾਂ ਉਥੇ ਸਰਦਾਰ ਪਰੇਮ ਸਿੰਘ ਲਾਲਪੁਰਾ ਨੇ, ਸਰਦਾਰ ਗੁਰਨਾਮ ਸਿੰਘ ਨੇ ਅਤੇ ਸਰਦਾਰ ਬਲਵੰਤ ਸਿੰਘ ਨੇ ਉਥੇ ਮਿੰਨਤਾਂ ਕੀਤੀਆਂ ਸੀ ਕਿ ਅੱਜ ਤਾਂ ਸਾਡੀ ਗੱਲ ਮੰਨ ਲਓ, ਹੋਰ ਕੋਈ ਰੈਜ਼ੋਲਿਊਸ਼ਨ ਨਹੀਂ ਸੀ ਪੇਸ਼ ਹੋਇਆ । (ਵਿਘਨ)

ਸ੍ਰੀ ਸਭਾਪਤੀ : ਸਰਦਾਰ ਸਰੂਪ ਸਿੰਘ ਜੀ, ਸਾਰੇ ਕੰਮ ਮਿੰਨਤਾ ਦੇ ਨਾਲ ਹੀ ਹੁੰਦੇ ਹਨ, (ਹਾਸਾ) ਵੋਟਾਂ ਵੀ ਤਾਂ ਮਿੰਨਤਾ ਦੇ ਨਾਲ ਹੀ ਮਿਲਦੀਆਂ ਹਨ । (ਹਾਸਾ) (I would like to point out to S. Sarup Singh that everything can be got done through requests only. Votes can also be secured through this device.) (Laughter)

ਸਾਥੀ ਰੂਪ ਲਾਲ : ਆਨ ਏ ਪੁਆਇੰਟ ਆਫ਼ ਆਰਡਰ ਸਰ । ਚੇਅਰਮੈਨ ਸਾਹਿਬ ਕਾਂਗਰਸ ਵਾਲੇ ਕਹਿੰਦੇ ਹਨ ਕਿ ਫਾਜ਼ਲਕਾ ਬਾਰੇ ਜੋ ਫੈਸਲਾ ਹੋਇਆ ਹੈ ਇਹ ਠੀਕ ਨਹੀਂ ਹੋਇਆ, ਮੈਂ ਅਰਜ਼ ਕਰਦਾ ਹਾਂ ਕਿ ਇਹ ਫੈਸਲਾ ਬੀਬੀ ਇੰਦਰਾ ਨੇ ਕੀਤਾ ਹੈ । ਇਸ ਲਈ ਹੁਣ ਵਕਤ ਹੈ ਬੀਬੀ ਇੰਦਰਾਂ ਨੂੰ ਭਜਾ ਦਿਓ, ਫਿਰ ਕੋਈ ਗੱਲ ਹੀ ਨਹੀਂ ਰਹਿ ਜਾਂਦੀ । (ਥੰਪਿੰਗ)

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਵਿੱਤ ਮੰਤਰੀ : ਫਿਰ ਚੇਅਰਮੈਨ ਸਾਹਿਬ, ਇਕ ਗੱਲ ਇਥੇ ਕਾਂਗਰਸ ਦੇ ਡਿਪਟੀ ਲੀਡਰ ਵਲੋਂ ਖਾਸ ਤੌਰ ਤੇ ਕਹੀ ਕਿ ਫਾਈਨੈਂਸ ਮਨਿਸਟਰ ਮੈਂਟਲੀ ਕੰਫੀਊਜ਼ਡ ਹੈ ਕਿਉਂਕਿ ਫ਼ਿਗਰਜ਼ ਗਲਤ ਦਿੱਤੀਆਂ ਹਨ । ਇਸ ਦੇ ਲਈ ਉਨ੍ਹਾਂ ਨੇ "ਪੰਜਾਬ ਆਨ ਦੀ ਮਾਰਚ" ਅਤੇ ਬਜਟ ਸਪੀਚ ਵਿਚੋਂ ਮਿਸਾਲਾਂ ਦਿਤੀਆਂ ਹਨ ਕਿ ਬਜਟ ਸਪੀਚ ਵਿਚ ਕਿਹਾ ਗਿਆ ਹੈ ਕਿ ਸਾਡੇ ਕੋਲ 184 ਮੈਗਾਵਾਟ ਬਿਜਲੀ ਹੈ ਅਤੇ ਪੰਜਾਬ ਆਨ ਦੀ ਮਾਰਚ ਵਿਚ ਦਸਿਆ ਗਿਆ ਹੈ ਕਿ ਸਾਡੇ ਕੋਲ 300 ਮੈਗਾਵਾਟ ਬਿਜਲੀ ਹੈ । ਮੈਂ ਅਰਜ਼ ਕਰਦਾ ਹਾਂ ਕਿ ਫਾਇਨੈਂਸ ਮਨਿਸਟਰ ਤਾਂ ਕੰਨਫੀਊਜ਼ਡ ਨਹੀਂ ਪਰ ਉਹ ਆਪ ਜ਼ਰੂਰ ਕੰਨਫੀਊਜ਼ਡ ਹਨ । ਚੇਅਰਮੈਨ ਸਾਹਿਬ ਇਹ ਇਕ ਕਲੀਅਰ ਲਿਖਿਆ ਹੋਇਆ ਹੈ ਕਿ ਪੰਜਾਬ ਵਿਚ ਭਾਖੜੇ ਤੋਂ 300 ਮੈਗਾਵਾਟ ਬਿਜ਼ਲੀ ਪੈਦਾ ਹੁੰਦੀ ਹੈ, ਜਿਸ ਵਿਚੋਂ ਪੰਜਾਬ ਦੇ ਹਿਸੇ ਵਿਚ ਕੁਲ 184 ਮੈਗਾਵਾਟ ਆਉਂਦੀ ਹੈ ਜਦੋਂ ਕਿ ਸਾਡੀ ਅਜ ਦੀ ਲੋੜ 501 ਮੈਗਾਵਾਟ ਦੀ ਹੈ । ਅਤੇ ਦਿਨੋਂ ਦਿਨ ਇਹ ਲੋੜ ਵਧਦੀ ਜਾ ਰਹੀ ਹੈ। ਚੇਅਰਮੈਨ ਸਾਹਿਬ ਸਾਡਾ ਇਹ ਵਿਸ਼ਵਾਸ ਹੈ ਕਿ ਜਿਤਨਾ ਚਿਰ ਪੰਜਾਬ ਵਿਚ ਨੀਊਕਲੀਅਰ ਜਾਂ ਅਟਾਮਿਕ ਪਲਾਂਟ ਨਹੀਂ ਲਗ ਜਾਂਦਾ ਸਾਡੀਆਂ ਲੋੜਾਂ ਪੂਰੀਆਂ ਨਹੀਂ ਹੋ ਸਕਦੀਆਂ, ਅਤੇ ਇਨ੍ਹਾਂ ਪਲਾਟਾਂ ਦੇ ਲਗਣ ਦੇ ਨਾਲ ਹੀ ਪੰਜਾਬ ਦੀ ਸਿਰ ਦਰਦੀ ਖਤਮ ਹੋ ਸਕਦੀ ਹੈ । ਮੈਨੂੰ ਆਸ ਹੈ ਕਿ ਸਾਰੀਆਂ ਪੁਲੀਟੀਕਲ ਪਾਰਟੀਆਂ ਇਸ ਗਲ ਤੇ ਸਹਿਮਤ ਹੋਕੇ ਗੌਰਮਿੰਟ ਆਫ਼ ਇੰਡੀਆਂ ਤੇ ਜ਼ੋਰ ਪਾਉਣਗੀਆਂ ਕਿ ਉਹ ਇਥੇ ਅਜਿਹਾ ਪਲਾਂਟ ਲਗਾਵੇ । ਮੈਂ ਅਰਜ਼ ਕਰ ਦੇਣਾ ਚਾਹੁੰਦਾ ਹਾਂ ਕਿ ਗੌਰਮੈਂਟ ਆਫ਼ ਇੰਡੀਆ ਦੇ ਲੇਵਲ ਤੇ ਸਾਰੇ ਡਿਸੀਜ਼ਨ ਕੋਈ ਇਕਨਾਮਿਕ

[ਵਿਤ ਮੰਤਰੀ]

ਕੰਡੀਸ਼ਨਜ਼ ਜਾਂ ਪਲਾਨ ਦੇ ਮੁਤਾਬਕ ਨਹੀਂ ਹੁੰਦੇ ਸਗੋਂ ਜ਼ਿਆਦਾ ਡਿਸੀਜ਼ਨ ਪੁਲੀਟੀਕਲ ਹੁੰਦੇ ਹਨ । ਇਸ ਲਈ ਇਹ ਵੀ ਆਪਣੀ ਸੈਂਟਰ ਦੀ ਸਰਕਾਰ ਤੇ ਪਰੈਸ਼ਰ ਪਾਉਣ ਕਿ ਉਹ ਇਥੇ ਅਜਿਹਾ ਅਟਾਂਮਿਕ ਜਾਂ ਨੀਊਕਲੀਅਰ ਪਲਾਂਟ ਲਗਾਏ ।

ਸ੍ਰੀ ਸਰਦਾਰੀ ਲਾਲ ਕਪੂਰ : ਆਨ ਏ ਪੁਆਇੰਟ ਆਫ ਆਰਡਰ ਸਰ । ਚੇਅਰਮੈਨ ਸਾਹਿਬ ਮੈਂ ਆਪ ਦੋ ਵਾਰ ਬਾਸੀ ਸਾਹਿਬ ਕੋਲ ਗਿਆ ਕਿ ਕੋਈ ਡਰਾਫਟ ਇਸ ਬਾਰੇ ਲਿਖੋ ਤਾਂ ਕਿ ਅਸੀਂ ਸੈਂਟਰ ਦੀ ਸਰਕਾਰ ਤੇ ਜ਼ੋਰ ਪਾਈਏ ਪਰ ਇਨ੍ਹਾਂ ਨੇ ਕੋਈ ਡਰਾਫਟ ਅਜ ਤਕ ਨਹੀਂ ਲਿਖਿਆ

ਵਿਤ ਮੰਤਰੀ : ਇਥੇ ਅਨ-ਐਂਪਲਾਇਮੈਂਟ ਦੇ ਬਾਰੇ ਗੱਲ ਕੀਤੀ ਗਈ ਹੈ। ਇਸ ਬਾਰੇ ਜੋ ਇਸ ਵੇਲੇ ਸਿਚੂਏਸ਼ਨ ਹੈ, ਇਸ ਸਬੰਧੀ ਪੰਜਾਬ ਗੌਰਮੈਂਟ ਬੜਾ ਕਨਸਰਨਡ ਫੀਲ ਕਰ ਰਹੀ ਹੈ । ਅਸੀਂ ਮਹਿਸੂਸ ਕਰ ਰਹੇ ਹਾਂ ਕਿ ਅਨ ਐਂਪਲਾਇਮੈਂਟ ਐਜੂਕੇਟਿਡ ਅਤੇ ਅਨਐਜੂਕੇਟਿਡ ਦੋਵਾਂ ਤਬਕਿਆਂ ਵਿਚ ਹੈ । ਐਜੂਕੇਟਿਡ ਵਿਚ ਗਰੈਜੂਏਟਸ, ਟੈਕਨੀਸ਼ੀਅਨਜ਼ ਅਤੇ ਇੰਜਨੀਅਰਜ਼ ਕਾਫੀ ਅਨਐਂਪਲਾਇਡ ਹਨ। ਇਸ ਗੱਲ ਦੀ ਬੜੀ ਸ਼ਰਮ ਹੈ ਕਿ ਇਨ੍ਹਾਂ ਲੋਕਾਂ ਨੂੰ ਨੌਕਰੀਆਂ ਨਹੀਂ ਮਿਲ ਰਹੀਆਂ ਹਨ । ਪਰ ਇਸ ਗੱਲ ਦਾ ਇਲਾਜ ਸਟੇਟ ਗੌਰਮੈਂਟ ਕੋਲ ਨਹੀਂ ਹੈ। ਜਿਸ ਤਰ੍ਹਾਂ ਕਿ ਮੈਂ ਅੱਗੇ ਵੀ ਬੇਨਤੀ ਕਰ ਚੁਕਾ ਹਾਂ ਇਸ ਚੀਜ਼ ਨੂੰ ਹਲ ਕਰਨ ਵਾਸਤੇ ਨੈਸ਼ਨਲ ਲੈਵਲ ਤੇ ਬਹੁਤ ਵਡੀ ਪਲੈਨ ਬਨਾਉਣੀ ਚਾਹੀਦੀ ਹੈ । ਜਿਨਾਂ ਚਿਰ ਨੈਸ਼ਨਲ ਲੈਵਲ ਉਤੇ, ਹਿੰਦੁਸਤਾਨ ਲੈਵਲ ਤੇ, ਇਸ ਚੀਜ਼ ਦਾ ਹੱਲ ਨਾ ਕਢਿਆ ਜਾਵੇਗਾ, ਕੋਈ ਐਸਾ ਪਰੋਗਰਾਮ ਨਾ ਬਣਾਇਆ ਜਾਵੇਗਾ, ਜਿਸ ਨਾਲ ਕਿ ਇੰਡਸਟਰੀ ਦੀ ਡਿਵੈਲਪਮੈਂਟ ਬੜੀ ਜਲਦੀ ਹੋ ਸਕੇ, ਉਨਾਂ ਚਿਰ ਅਨ-ਇੰਪਲਾਇਮੈਂਟ ਦਾ ਮਾਮਲਾ ਸਾਲਵ ਨਹੀਂ ਹੋ ਸਕੇਗਾ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਮੈਂ ਸੁਜੈਸਟ ਕਰਦਾ ਹਾਂ, ਕਿ ਗੌਰਮੈਂਟ ਆਫ ਇੰਡੀਆਂ ਇਸ ਚੀਜ਼ ਨੂੰ ਹੱਲ ਕਰਨ ਵਾਸਤੇ ਨੈਸ਼ਨਲ ਲੈਵਲ ਉਤੇ ਇਕ ਕਮੇਟੀ ਬਨਾਵੇ ਜਿਸ ਵਿਚ ਕਿ ਸਾਰੀਆਂ ਸਟੇਟਾਂ ਦੇ ਰਿਪਰੈਜ਼ੈਂਟੇਟਿਵ ਹੋਣੇ ਚਾਹੀਦੇ ਹਨ। ਜੇ ਇਸ ਪਰਾਬਲਮ ਨੂੰ ਠੀਕ ਢੰਗ ਨਾਲ ਸੁਲਝਾਇਆ ਨਾ ਗਿਆ ਤਾਂ, ਚੇਅਰਮੈਨ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਇਹ ਇਕ ਇਤਨੀ ਭਿਆਨਕ ਬਿਮਾਰੀ ਹੈ ਜਿਸ ਤੋਂ ਸਾਡੇ ਕੰਟਰੀ ਨੂੰ ਸਾਡੀ ਤਹਿਜ਼ੀਬੋਂ ਤਮੱਦਨ ਨੂੰ ਬੜਾ ਭਾਰੀ ਖਤਰਾ ਹੈ। ਇਸ ਲਈ ਗੌਰਮੈਂਟ ਆਫ ਇੰਡੀਆ ਇਕ ਐਸੀ ਕੌਂਸਲ ਬਣਾਵੇ, ਭਾਵੇਂ ਉਹਦਾ ਪਲੈਨਿੰਗ ਕਮਿਸ਼ਨ ਨਾਲ ਗਠਜੋੜ ਹੋਵੇ, ਭਾਵੇਂ ਫਾਈਨੈਂਸ ਮਨਿਸਟਰੀ ਨਾਲ ਤਾਲੁਕ ਹੋਵੇ, ਪਰ ਇਹ ਕੌਂਸਲ ਹਾਈਐਸਟ ਲੈਵਲ ਤੇ ਬਣਨੀ ਚਾਹੀਦੀ ਹੈ ਜਿਹੜੀ ਸਾਰੇ ਹਿੰਦੁਸਤਾਨ ਦੀ ਸਿਚੂਏਸ਼ਨ ਨੂੰ ਭਾਂਪੇ ਅਤੇ ਕੋਈ ਹੱਲ ਕਢੇ । ਜਿਥੋਂ ਤਕ ਪੰਜਾਬ ਦਾ ਤਾਲੁਕ ਹੈ, ਮੈਂ ਚੇਅਰਮੈਨ ਸਾਹਿਬ, ਅਰਜ਼ ਕਰਦਾ ਹਾਂ ਕਿ ਇਥੇ ਪੰਜਾਬ ਵਿਚ ਅਸੀਂ ਇਕ ਕਮੇਟੀ ਬਨਾਉਣ ਦਾ ਫੈਸਲਾ ਕੀਤਾਂ ਹੈ ਜਿਹੜੀ ਕਿ ਅਨ-ਐਂਪਲਾਇਮੈਂਟ ਦੇ ਬਾਰੇ ਸੋਚੇਗੀ ਅਤੇ ਸਟੇਟ ਲੈਵਲ ਤੇ ਜੋ ਕੁਝ ਅਸੀਂ ਕਰ ਸਕਦੇ ਹੋਵਾਂਗੇ ਉਸ ਨੂੰ ਧਿਆਨ ਵਿਚ ਰਖਦੇ ਹੋਏ, ਪੰਜਾਬ ਗੌਰਮੈਂਟ ਨੂੰ ਆਪਣੀ ਰਪੋਰਟ ਦੇਵੇਗੀ। ਇਨ੍ਹਾਂ ਲਫਜ਼ਾ ਨਾਲ ਮੈਂ ਐਪਰੋਪਰੀਏਸ਼ਨ ਬਿਲ ਪੇਸ਼ ਕਰਦਾ ਹਾਂ । (ਥੰਪਿੰਗ)

Mr. Chairman : It is 1-00 P.M. I apply the Guillotine. The question is..

ਸ੍ਰੀ ਗੁਰਦਿਆਲ ਸੈਨੀ : ਚੇਅਰਮੈਨ ਸਾਹਿਬ ਹਾਲੇ ਇਕ ਵਜਨ ਵਿਚ ਕੁਝ ਟਾਈਮ ਰਹਿੰਦਾ ਹੈ । ਗਿਲੋਟੀਨ ਤਾਂ ਇਕ ਵਜੇ ਲਗਣੀ ਸੀ । ਹੋਰ ਕੋਈ ਬੋਲਣ ਵਾਲੇ ਰਹਿੰਦੇ ਹਨ । (ਵਿਘਨ) (ਸ਼ੋਰ)

ਅਵਾਜ਼ਾਂ : ਹੁਣ ਕੋਈ ਨਹੀਂ ਬੋਲ ਸਕਦਾ । (ਸ਼ੋਰ) (ਵਿਘਨ)

Mr. Chairman (Sardar Shashpal Singh): Question is—

That the Punjab Appropriation Bill be taken into consideration at once.

The motion was carried.

Mr. Chairman : Now the House will proceed to consider the Bill clause by clause.

ਸ੍ਰੀ ਸਭਾਪਤੀ : ਜੇ ਇਜਾਜ਼ਤ ਦਿਉ ਤਾਂ ਸਾਰੀਆਂ ਇੱਕਠੀਆਂ ਹੀ ਕਲਾਜ਼ਾਂ ਲੈ ਲਈਏ । (ਵਿਘਨ) (ਸ਼ੋਰ) (If the House agrees all the clauses may be taken up together.)

Voices : Yes, Yes.

ਕਾਮਰੇਡ ਬਾਬੂ ਸਿੰਘ ਮਾਸਟਰ : ਇਹ ਜਿਹੜੀਆਂ ਬੁਲਟ ਪਰੂਫ ਕਾਰਾਂ ਮੰਗਵਾਉਣ ਦਾ ਆਈਟਮ ਹੈ ਉਸ ਨੂੰ ਛਡ ਕੇ ਬਾਕੀ ਦੀਆਂ ਲੈ ਲਵੋ । (ਸ਼ੋਰ) (ਵਿਘਨ)

ਡਾਕਟਰ ਸਾਧੂ ਰਾਮ : ਕਾਰਾਂ ਰਹਿਣ ਦਿਓ ਅਤੇ ਇਸ ਦੀ ਬਜਾਏ ਮੁਲਾਜ਼ਮਾਂ ਨੂੰ ਦੇ ਦਿਉ । (ਸ਼ੋਰ) (ਵਿਘਨ) ਕਾਰਾਂ ਵਾਲੀ ਆਈਟਮ ਰਹਿਣ ਦਿਉ । (ਸ਼ੋਰ) (ਵਿਘਨ)

ਆਵਾਜ਼ਾਂ : ਸਾਰੀਆਂ ਕਲਾਜ਼ਾਂ ਇਕੱਠੀਆਂ ਲੈ ਲਵੋ । (ਸ਼ੋਰ) (ਵਿਘਨ)

Mr. Chairman : Question is—

That clauses 2, 3, Schedule and clause 1 stand part of the Bill.

The motion was carried.

TITLE

Mr. Chairman : Question is——

That title be the title of the Bill.

The motion was carried.

Mr. Chairman : Question is——

That the Punjab Appropriation Bill be passed.

The motion was carried.

Mr. Chairman : The House stands adjourned till 2.00.P.M. on Wednesday, the 27th January, 1971.

1.07 P.M.

(The Sabha then adjourned till 2-00 *P.M. on Wednesday, the* 27th *January,* 1971)

PUNJAB VIDHAN SABHA

DEBATES

27th January, 1971

Vol. I—No. 8

OFFICIAL REPORT

CONTENTS

Wednesday, the 27th January, 1971

Punjab Vidhan Sabha Secretariat, Chandigarh.

Price Rs. 85-[illegible]

PUNJAB VIDHAN SABHA

Wednesday, the 27th January, 1971.

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 2-00 P. M. of the clock. Mr. Speaker. (Sardar Darbara Singh) in the Chair.

POSTPONED STARRED QUESTIONS AND ANSWERS

Mr. Speaker : Starred Question No. 2226 by Dr. Sadhu Ram.

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਡਾਕਟਰ ਸਾਧੂ ਰਾਮ ਹੋਰੀਂ ਬਸ ਮਿਸ ਕਰ ਗਏ ਹਨ, ਅਤੇ ਉਨ੍ਹਾਂ ਨੇ ਮੈਨੂੰ ਕਿਹਾ ਸੀ ਕਿ ਮੈਂ ਉਨ੍ਹਾਂ ਦਾ ਸਵਾਲ ਪੁਟ ਕਰ ਦੇਵਾਂ ।

(ਸ੍ਰੀ ਸਪੀਕਰ ਨੇ ਆਗਿਆ ਦੇ ਦਿੱਤੀ)

STUDENTS SELECTED FOR ADMISSIONS IN MEDICAL COLLEGES IN THE STATE DURING 1968-69

*2226. **Doctor Sadhu Ram** (Put by Sardar Gurbanta Singh): Will the Minister of State for Medical Education and Local Government be pleased to state—

(a) the method of selection adopted during 1968-69 for the admission of students to the Medical Colleges in the State;

(b) whether any instructions were issued by the Government in this behalf; if so, a copy thereof be laid on the Table of the House;

(c) whether the Government have made any nominations to any classes in the said colleges during 1968-69 ; if so, the names and addresses of the students nominated together with the criteria, if any, adopted for their nominations ?

ਸਰਦਾਰ ਰਵੇਲ ਸਿੰਘ : (ੲ) ਸਰਕਾਰੀ ਮੈਡੀਕਲ ਕਾਲਜਾਂ ਵਿਚ ਸਾਲ 1968-69 ਦੇ ਐਮ. ਬੀ. ਬੀ. ਐਸ. ਦੇ ਪਹਿਲੇ ਸਾਲ ਦੇ ਕੋਰਸ ਦਾ ਦਾਖਲਾ ਯੋਗਤਾ ਦੇ ਆਧਾਰ ਤੇ ਕੀਤਾ ਗਿਆ ।

(ਬੀ) ਸਰਕਾਰ ਵਲੋਂ ਕੋਈ ਵੀ ਨਵੀਆਂ ਹਦਾਇਤਾਂ ਜਾਰੀ ਨਹੀਂ ਕੀਤੀਆਂ ਗਈਆਂ ।

[Minister of State for Medical Education and Local Government]

(ਸੀ) ਸਰਕਾਰ ਵਲੋਂ ਸਾਲ 1968-69 ਵਿਚ ਇਸ ਕੋਰਸ ਦੇ ਦਾਖਲੇ ਲਈ 2 ਉਮੀਦਵਾਰਾਂ ਦਿਆ ਨਾਂ ਮੈਡੀਕਲ ਕਾਲਜ ਲੁਧਿਆਣਾ ਵਿਚ ਨਾਮਜ਼ਦ ਕੀਤੇ ਗਏ ਸਨ :—

(1) ਕੁਮਾਰੀ ਸੁਮਣ ਪੁਰੀ. ਸਪੁਤਰੀ ਸ੍ਰੀ ਸਤਿਆ ਪਾਲ ਪੁਰੀ, 225 ਏ, ਸੰਤ ਨਗਰ, ਸਿਵਲ ਲਾਇਨਜ਼, ਲੁਧਿਆਣਾ ।

(2) ਕੁਮਾਰੀ ਮਧੂ ਅਗਨੀਹੋਤਰੀ ਸਪੁਤਰੀ ਸ੍ਰੀ ਬਿਸ਼ਨ ਸਰੂਪ ਅਗਨੀਹੋਤਰੀ 79, ਰੱਖ ਬਾਗ, ਸਿਵਲ ਲਾਇਨਜ਼, ਲੁਧਿਆਣਾ ।

ਇਹ ਮੁੱਖ ਮੰਤਰੀ ਦਾ ਡਿਸਕਰੀਸ਼ਨਰੀ ਕੋਟਾ ਹੈ । ਇਸ ਲਈ ਵਿਦਿਆਰਥੀ ਨੌਮੀਨੇਟ ਕਰਨ ਵੇਲੇ ਉਸ ਦੀ ਯੋਗਤਾ ਅਤੇ ਉਸ ਦੇ ਗਾਰਡੀਅਨ ਦੀ ਮਾਲੀ ਹਾਲਤ ਧਿਆਨ ਵਿਚ ਰੱਖੀ ਜਾਂਦੀ ਹੈ ।

ਸਰਦਾਰ ਗੁਰਬੰਤਾ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜਾ ਇਨ੍ਹਾਂ ਨੇ ਦੱਸਿਆ ਹੈ ਕਿ ਐਨੇ ਲੜਕੇ ਦਾਖਲ ਹੋਏ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਦੇ ਵਿਚ ਹਰੀਜਨ ਲੜਕੇ ਅਤੇ ਲੜਕਿਆਂ ਕਿੰਨੇ ਦਾਖਲ ਹੋਏ ?

ਰਾਜ ਮੰਤਰੀ : ਇਹ ਦੋਵੇਂ ਹੀ ਹਨ, ਹੋਰ ਕੋਈ ਨਹੀਂ ।

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ 1947 ਤੋਂ ਪਹਿਲਾਂ ਜਿਹੜੇ ਪੁਲਿਟੀਕਲ ਸਫਰਰਜ਼ ਹੁੰਦੇ ਸਨ, ਉਨ੍ਹਾਂ ਨੂੰ ਪਹਿਲੇ ਸਰਵਿਸ ਆਦਿ ਵਿਚ ਪਹਿਲੇ ਕੋਈ ਕੋਟਾ ਹੁੰਦਾ ਸੀ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਹੁਣ ਸਟੈਂਡ ਕਰਦਾ ਹੈ ?

ਰਾਜ ਮੰਤਰੀ : ਇਹ ਜਿਹੜਾ ਚੀਫ ਮਨਿਸਟਰ ਸਾਹਿਬ ਦਾ ਕੋਟਾ ਹੈ, ਉਸ ਵਿਚ ਸਾਰੇ ਹਨ ।

चौधरी बलबीर सिंह : मैं वज़ीर साहिब से पूछना चाहता हूँ कि क्या इस में कुआलीफिकेशन की मिनीमम लिमिट भी मुक़र्रर है कि कितने परसैंट मार्क्स होने चाहिएं, तो वे लिये जाएंगे ?

ਰਾਜ ਮੰਤਰੀ : ਉਹ 50 ਪ੍ਰਤੀਸ਼ਤ ਹਨ ।

ਚੌਧਰੀ ਰਾਮ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਨੇ ਜਿਹੜੇ ਦੋ ਸਟੂਡੈਂਟਸ ਦੱਸੇ ਹਨ, ਉਹ ਕਿਹੜੀ ਡਵੀਜ਼ਨ ਵਿਚ ਪਾਸ ਹੋਏ ਹਨ ।

ਰਾਜ ਮੰਤਰੀ : ਇਸ ਦੇ ਬਾਰੇ ਨੋਟਿਸ ਦੀ ਲੋੜ ਹੈ ।

INQUIRIES HELD AGAINST POLICE OFFICERS ON CHARGES OF CORRUPTION.

*2148. **Shri Sardari Lal Kapur** : Will the Chief Minister be pleased to state—

(a) the number of Police officers in the State against whom inquiries have been held on charges of corruption since the present Ministry took over charge ;

(b) the number of the said Police Officers who were held guilty of corruption and the nature of punishment awarded to them ;

(c) the steps Government propose to take to reduce corruption amongst the Police Officers in the State ?

ਸਰਦਾਰ ਪਰਕਾਸ਼ ਸਿੰਘ ਬਾਦਲ:

(ਏ) 125

(ਬੀ) ਕੋਈ ਨਹੀਂ, 100 ਪੁਲਿਸ ਅਫਸਰਾਂ ਦੇ ਕੇਸ ਅਜੇ ਚਲ ਰਹੇ ਹਨ ।

(ਸੀ) ਪੰਜਾਬ ਸਰਕਾਰ ਨੇ ਸਪੈਸ਼ਲ ਇਨਕੁਆਰੀ ਏਜੰਸੀ, ਜਿਹੜੀ ਕਿ ਸਾਰੇ ਪੰਜਾਬ ਸਰਕਾਰ ਦੇ ਕਰਮਚਾਰੀ ਜਿਨ੍ਹਾਂ ਵਿੱਚ ਪੁਲਿਸ ਦੇ ਕਰਮਚਾਰੀ ਵੀ ਸ਼ਾਮਲ ਹਨ ਦਾ ਪੁਨਰਸੰਗਠਨ ਕੀਤਾ ਹੈ ਅਤੇ ਇਸ ਦੀ ਨਫਰੀ ਵਿਚ ਵੀ ਵਾਧਾ ਕੀਤਾ ਹੈ ਤਾਂ ਜੋ ਭ੍ਰਿਸ਼ਟਾਚਾਰ ਦੀ ਚੰਗੀ ਤਰ੍ਹਾਂ ਰੋਕਥਾਮ ਕੀਤੀ ਜਾਵੇ ।

चौधरी बलबीर सिंह : क्या सी. एम. साहिब बताएंगे कि यह जो केस पुलिस अफसरों के खिलाफ होते हैं इसके लिये कोई सैपरेट एजैंसी मुकर्रर करेंगे क्योंकि आम तौर पर जिनके खिलाफ इनक्वायरी होती है पुलिस वाले उस इनक्वायरी में उनको शैल्टर करते हैं और उस इनक्वायरी का कोई फायदा नहीं रह जाता ?

ਮੁੱਖ ਮੰਤਰੀ : ਸੈਪਰੇਟ ਏਜੈਂਸੀ ਤਾਂ ਕੋਈ ਮੁਕੱਰਰ ਕਰਨ ਦਾ ਸਵਾਲ ਨਹੀਂ। ਏਜੰਸੀ ਤਾਂ ਪਹਿਲੇ ਹੀ ਹੈ । ਇਨਕੁਆਇਰੀ ਵਿਚ ਜਿਹੜੇ ਕੇਸ ਪਰੂਵ ਹੋ ਗਏ ਹਨ, ਉਹ ਕੋਰਟ ਵਿਚ ਚਲੇ ਗਏ ਹਨ ।

ਸਰਦਾਰ ਰਾਜਾ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਡੀ. ਆਈ. ਜੀ., ਪਟਿਆਲਾ ਰੇਂਜ ਨੇ ਸੁਪਰਡੰਟ ਪੁਲਿਸ ਦੇ ਖਿਲਾਫ ਕੋਈ ਰੀਮਾਰਕਸ ਦਿੱਤੇ ਹੋਏ ਹਨ ਔਰ ਉਨ੍ਹਾਂ ਨੂੰ ਐਕਸਪੰਜ ਕਰਾਉਣ ਵਾਸਤੇ ਕੋਈ ਸਰਕਾਰੀ ਅਸਰ ਜਾਂ ਪੁਲਿਟੀਕਲ ਅਸਰ ਵਰਤਿਆ ਜਾ ਰਿਹਾ ਹੈ, ਕੀ ਇਨ੍ਹਾਂ ਦੇ ਨੋਟਿਸ ਵਿਚ ਇਹ ਹੈ ਅਤੇ ਇਸ ਨੂੰ ਦੇਖਣ ਦੀ ਕਿਰਪਾ ਕਰੋਗੇ ।

ਮੁੱਖ ਮੰਤਰੀ : ਮੇਰੇ ਤੱਕ ਤਾਂ ਅਸਰ ਕੋਈ ਨਹੀਂ ਪਹੁੰਚਿਆ ।

ਸਰਦਾਰ ਕਿਰਪਾਲ ਸਿੰਘ : ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਪੁਲਿਸ ਅਫ਼ਸਰਾਂ ਦੀ ਵੱਧ ਰਹੀ ਜਾਇਦਾਦ ਨੂੰ ਰੋਕਣ ਲਈ, ਕਿਉਂਕਿ ਆਮ ਤੌਰ ਤੇ ਉਨ੍ਹਾਂ ਦੇ ਘਰੀਂ ਬਹੁਤ ਦੌਲਤ ਆਉਂਦੀ ਹੈ , ਸੈਂਟਰਲ ਸਰਕਾਰ ਨਾਲ ਇਸ ਮਾਮਲੇ ਨੂੰ ਟੇਕ ਅਪ ਕਰਨਗੇ ਜਾਂ ਕੋਈ ਸਪੈਸ਼ਲ ਏਜੰਸੀ ਕਾਇਮ ਕਰਨਗੇ ਕਿਉਂਕਿ ਤੁਹਾਡੀ ਸਪੈਸ਼ਲ ਇਨਕੁਆਇਰੀ ਏਜੰਸੀ ਕੁਝ ਨਹੀਂ ਕਰ ਸਕੀ । ਕੀ ਮੁੱਖ ਮੰਤਰੀ ਜੀ ਇਸ ਪਾਸੇ ਧਿਆਨ ਦੇਣਗੇ ?

ਮੁੱਖ ਮੰਤਰੀ : ਜੇ ਕੋਈ ਖਾਸ ਕੇਸ ਦੱਸੋ ਤਾਂ ਇਸ ਦੇ ਬਾਰੇ ਇਨਕੁਆਇਰੀ ਹੋ ਸਕਦੀ ਹੈ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਜਿਹੜੀਆਂ ਪੁਲਿਸ ਅਫਸਰਾਂ ਦੇ ਖਿਲਾਫ ਇਨਕੁਆਇਰੀਜ਼ ਹੋ ਰਹੀਆਂ ਹਨ, ਉਹ ਛੇ ਛੇ ਮਹੀਨੇ, ਸਾਲ ਸਾਲ ਤੱਕ ਚਲੀਆਂ ਜਾਂਦੀਆਂ ਹਨ, ਜਦ ਤੋਂ ਸ਼ਿਕਾਇਤ ਕੀਤੀ ਜਾਂਦੀ ਹੈ, ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੋਈ ਐਸਾ ਤਰੀਕਾ ਅਪਣਾਉਣਗੇ ਕਿ ਜਿਸ ਦੇ ਨਾਲ ਇਨਕੁਆਇਰੀ ਜਲਦੀ ਖਤਮ ਹੋ ਜਾਇਆ ਕਰੇ ਅਤੇ ਇਸ ਸਿਲਸਿਲੇ ਵਿਚ ਇਨਕੁਆਇਰੀਜ਼ ਕਿਸੇ ਹੋਰ ਏਜੰਸੀ ਤੋਂ ਕਰਾਉਣਗੇ ?

ਮੁੱਖ ਮੰਤਰੀ : ਅੱਗੇ ਇਸ ਏਜੰਸੀ ਵਿਚ ਸਟਾਫ ਘੱਟ ਸੀ, ਪਰ ਹੁਣ ਇਹ ਏਜੰਸੀ ਬੜੀ ਮਜ਼ਬੂਤ ਕੀਤੀ ਗਈ ਹੈ। ਹਰ ਜ਼ਿਲ੍ਹੇ ਵਿਚ ਡੀ. ਐਸ. ਪੀ. ਦੇ ਰੈਂਕ ਦਾ ਅਫਸਰ ਲਗਾਇਆ ਗਿਆ ਹੈ, ਇਸ ਤਰ੍ਹਾਂ ਇਨਕੁਆਇਰੀ ਡੀਲੇ ਨਹੀਂ ਹੋਵੇਗੀ ।

ਚੌਧਰੀ ਰਾਮ ਸਿੰਘ : ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਏ. ਐਸ.ਆਈ. ਤੋਂ ਉਪਰ ਦੇ ਜਿੰਨੇ ਪੁਲਿਸ ਅਫਸਰ ਹਨ, ਉਨ੍ਹਾਂ ਦੀ ਜਾਇਦਾਦ ਦੀ ਕੋਈ ਸਟੇਟਮੈਂਟ ਇਥੇ ਹਾਊਸ ਵਿਚ ਰੱਖਣਗੇ ਤਾਕਿ ਪਤਾ ਲੱਗ ਸਕੇ ਕਿ ਉਨ੍ਹਾਂ ਦੀ ਪਹਿਲੇ ਜਾਇਦਾਦ ਕਿਤਨੀ ਸੀ ਅਤੇ ਨੌਕਰੀ ਦੇ ਬਾਅਦ ਉਨ੍ਹਾਂ ਦੀ ਜਾਇਦਾਦ ਕਿਤਨੀ ਸੀ ?

ਮੁੱਖ ਮੰਤਰੀ : ਕੋਈ ਐਸਾ ਪ੍ਰੋਗਰਾਮ ਨਹੀਂ ਹੈ ।

ਸ੍ਰੀ ਸਪੀਕਰ : ਇਸ ਸਵਾਲ ਨੰ: 2073 ਦਾ ਜਵਾਬ ਨਹੀਂ ਆਇਆ । (The reply to question No. 2073 has not been received.)

ਆਵਾਜ਼ਾਂ : ਜਵਾਬ ਆ ਗਿਆ ਹੈ ।

(ਕੋਈ ਮਨਿਸਟਰ ਸਾਹਿਬ ਜਵਾਬ ਦੇਣ ਲਈ ਨਹੀਂ ਉਠੇ ।)

चौधरी बलबीर सिंह : अध्यक्ष महोदय , अगर कोई मिनिस्टर वक्त पर नहीं आता तो उसकी जगह कोई और मिनिस्टर तैयार हो कर आ जाए और जवाब दे । इस तरह हाऊस में जवाब न देना हाऊस की और आप की तौहीन है ।

ਸਰਦਾਰ ਸਰੂਪ ਸਿੰਘ : ਸਪੀਕਰ ਸਾਹਿਬ, ਜੇ ਕੋਈ ਮਾਨਯੋਗ ਮੈਂਬਰ ਹਾਊਸ ਵਿਚ ਨਾ ਆਵੇ ਤਾਂ ਉਸ ਦਾ ਸਵਾਲ ਰਹਿ ਜਾਂਦਾ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਮਨਿਸਟਰ ਨਹੀਂ ਤਾਂ ਉਸ ਨੂੰ ਕੀ ਸਜ਼ਾ ਮਿਲਣੀ ਚਾਹੀਦੀ ਹੈ । (ਵਿਘਨ)

चौधरी बलबीर सिंह : अध्यक्ष महोदय, इसका जवाब आ चुका है पर सम्बन्धित मिनिस्टर हाज़िर नहीं है । आप को इसका नोटिस लेना चाहिए । (विघ्न)

(ਇਸ ਸਮੇਂ ਆਬਕਾਰੀ ਤੇ ਕਰ ਰਾਜ ਮੰਤਰੀ ਨੇ ਸਟਾਰਡ ਸਵਾਲ ਨੰਬਰ: 2073 ਦਾ ਜਵਾਬ ਪੜ੍ਹਿਆ ।)

INDUSTRIAL LOANS

*2073. **Shri Sardari Lal Kapur** : Will the Chief Minister be pleased to states :—

(a) the names of industrial concerns in the State which were advanced loans by the Industries Department during the financial years 1967-68 and 1969-70 separately, along with the amounts of loans so advanced in each case ;

(b) whether the amount of said loans has been recovered, if not, the reasons therefor ;

(c) the names of industrial concerns out of those mentioned in part (a) above which are in arrears as to the repayment of loan alongwith the amounts outstanding against them ;

(d) the steps the Government propose to take with regard to the recovery of loans from the industrial concerns which are on the verge of bankruptcy ?

Sardar Narinder Singh (State Minister for Excise and Taxation) : (a) The information is voluminous and it will not be commensurate with the labour involved ;

(b) The first instalment of loan advanced during the year 1967-68 has become due at the end of 1969-70 and has been recovered in most of the cases and action against the defaulters is being taken under the State Aid to Industries Act, 1935 and rules made thereunder. No instalment has become recoverable in respect of loans advanced during the year 1969-70 as the first instalment of the principal amount will become due at the end of the second year of the disbursement of the loan and interest is recoverable, at the end of the first year.

(c) The information is voluminous and it will not be commensurate with the labour involved.

(d) The loans under the Punjab State Aid to Industries Act, 1935 are advanced against tangible security/sureties. As such bankruptcy of loanees does not affect the interest of the Department. The loan can be recovered from the property pledged or from the sureties as the case may be.

[(ਏ) ਇਹ ਸੂਚਨਾ ਬਹੁਤ ਭਾਰੀ ਹੈ ਅਤੇ ਜਿੰਨੀ ਮਿਹਨਤ ਇਸ ਨੂੰ ਇਕੱਠਾ ਕਰਨ ਵਿਚ ਲਗੇਗੀ ਉਤਨਾ ਲਾਭ ਨਹੀਂ ਹੋਵੇਗਾ ?

(ਬੀ) 1967-68 ਵਿੱਚ ਜਿਹੜੇ ਕਰਜ਼ੇ ਵੰਡੇ ਗਏ ਹਨ ਉਨ੍ਹਾਂ ਦੇ ਮੂਲ ਦੀ ਪਹਿਲੀ ਕਿਸ਼ਤ 1969-70 ਦੇ ਅੰਤ ਵਿੱਚ ਲੈਣ ਯੋਗ ਹੋਈ ਹੈ ਅਤੇ ਕਾਫੀ ਹਦ ਤਕ ਵਸੂਲੀ ਹੋ ਚੁੱਕੀ ਹੈ । ਬਕਾਏ-ਦਾਰਾਂ ਦੇ ਖਿਲਾਫ ਸਟੇਟ ਏਡ ਟੂ ਇੰਡਸਟਰੀਜ਼ ਐਕਟ, 1935 ਅਤੇ ਰੂਲਾਂ ਦੇ ਅਧੀਨ ਕਾਰਵਾਈ ਕੀਤੀ ਜਾ ਰਹੀ ਹੈ । 1969-70 ਵਿਚ ਜਿਹੜਾ ਕਰਜ਼ਾ ਵੰਡਿਆ ਗਿਆ ਹੈ ਉਸ ਦੇ ਮੂਲ ਦੀ ਪਹਿਲੀ ਕਿਸ਼ਤ ਹਾਲੇ ਲੈਣ ਯੋਗ ਨਹੀਂ ਬਣੀ ਹੈ ਕਿਉਂਕਿ ਮੂਲ ਦੀ ਪਹਿਲੀ ਕਿਸ਼ਤ ਕਰਜਾ ਵੰਡਣ ਦੇ ਦੂਜੇ ਸਾਲ ਦੇ ਅੰਤ ਵਿਚ ਲੈਣ ਯੋਗ ਬਣਦੀ ਹੈ। ਪਹਿਲੇ ਸਾਲ ਵਿੱਚ ਕੇਵਲ ਸੂਦ ਦੀ ਰਕਮ ਹੀ ਵਸੂਲੀ ਯੋਗ ਹੁੰਦੀ ਹੈ।

(ਸੀ) ਇਹ ਸੂਚਨਾ ਬਹੁਤ ਭਾਰੀ ਹੈ ਅਤੇ ਜਿੰਨੀ ਮਿਹਨਤ ਇਸ ਨੂੰ ਇਕੱਠਾ ਕਰਨ ਵਿਚ ਲਗੇਗੀ ਉਤਨਾ ਲਾਭ ਨਹੀਂ ਹੋਵੇਗਾ :

[State Minister for Excise and Taxation]

[(ਡੀ) ਪੰਜਾਬ ਸਟੇਟ ਏਡ ਟੂ ਇੰਡਸਟਰੀਜ਼ ਐਕਟ, 1935 ਦੇ ਅਧੀਨ ਕਰਜ਼ੇ ਸਾਕਾਰ (tangible) ਜ਼ਮਾਨਤ/ਜ਼ਾਮਨ ਦੇ ਆਧਾਰ ਦੇ ਦਿੱਤੇ ਜਾਂਦੇ ਹਨ। ਇਸ ਲਈ ਕਿਸੇ ਕਰਜ਼ਦਾਰ ਦੇ ਦਿਵਾਲੀਏ ਹੋਣ ਨਾਲ ਵਿਭਾਗ ਦੇ ਹਿਤਾਂ ਤੇ ਕੋਈ ਅਸਰ ਨਹੀਂ ਪੈਂਦਾ ਅਤੇ ਕਰਜ਼ਾ ਜ਼ਮਾਨਤ ਤੇ ਰਖੀ ਜਾਇਦਾਦ ਜਾਂ ਜਾਮਨ ਤੋਂ ਜਿਸ ਤਰ੍ਹਾਂ ਦਾ ਕੇਸ ਹੋਵੇ ਵਸੂਲਿਆ ਜਾ ਸਕਦਾ ਹੈ।]

ਸ੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਦਸਣਗੇ ਕਿ ਜਿਹੜੇ ਕਰਜ਼ੇ ਲੋਕਾਂ ਨੇ ਵਸੂਲ ਕੀਤੇ ਹਨ, ਉਨ੍ਹਾਂ ਦੀ ਵਾਪਸੀ ਵਸੂਲੀ ਜਿਹੜੀ ਨਹੀਂ ਹੋਈ ਉਸ ਦੇ ਵਿਚ ਅਣਗਹਿਲੀ ਕਿਸ ਦੀ ਹੈ ? (ਵਿਘਨ)

ਰਾਜ ਮੰਤਰੀ (ਆਬਕਾਰੀ ਤੇ ਕਰ): ਅਣਗਹਿਲੀ ਦਾ ਕਾਰਨ ਪੁਛਿਆ ਹੈ। (ਵਿਘਨ) ਅਣਗਹਿਲੀ ਦਾ ਕਾਰਨ ਕੋਈ ਖਾਸ ਨਹੀਂ ਹੈ ਉਹ ਤਾਂ ਡਿਯੂ ਹੀ ਸਾਲ ਦੇ ਅਖੀਰ ਵਿਚ ਹੁੰਦਾ ਹੈ। (ਵਿਘਨ)

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਇਸ ਵਿਚ ਕਈ ਇਸ ਤਰ੍ਹਾਂ ਦੇ ਲੋਨ ਹਨ ਜਿਹੜੇ ਡੈਡ ਅਕਾਊਂਟ ਹੋ ਗਏ ਔਰ ਵਸੂਲ ਨਹੀਂ ਕੀਤੇ। ਮੈਂ ਇਸ ਸਵਾਲ ਵਿਚ ਅਮਾਊਂਟ ਦੇ ਬਾਰੇ ਪੁਛਿਆ ਹੈ ਉਹ ਨਹੀਂ ਦਸਿਆ ਗਿਆ ਔਰ ਜਵਾਬ ਕੋਈ ਇਸ ਕਿਸਮ ਦਾ ਦਿੱਤਾ ਹੈ ਜਿਸ ਤੋਂ ਕੁਝ ਪਤਾ ਨਾ ਲਗ ਸਕੇ। (ਵਿਘਨ) ਬਹੁਤ ਸਾਰਾ ਰੁਪਿਆ ਖੁਰਦ ਬੁਰਦ ਹੋ ਜਾਂਦਾ ਹੈ। (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਖੁਰਦ ਬੁਰਦ ਦਾ ਖਾਨਾ ਸਾਡੇ ਤੇ ਐਗਜ਼ਿਸਟ ਨਹੀਂ ਹੋਵੇਗਾ। ਕੋਈ ਪੈਸਾ ਖੁਰਦ ਬੁਰਦ ਨਹੀਂ ਹੋਵੇਗਾ, ਇਸ ਗਲ ਦਾ ਮੈਂ ਹਾਊਸ ਨੂੰ ਐਸ਼ੋਰ ਕਰਾਉਂਦਾ ਹਾਂ। (ਵਿਘਨ)

(ਇਸ ਵਕਤ ਰਾਜ ਮੰਤਰੀ, ਉਦਯੋਗ ਤੇ ਸੇਹਤ ਹਾਊਸ ਵਿਚ ਆਪਣੀ ਸੀਟ ਵਲ ਆ ਰਹੇ ਸਨ)

चौधरी बलबीर सिंह : स्पीकर साहिब पहले मिनिस्टर साहिब ने कहा था कि जवाब नहीं आया और फिर इसका जवाब दे दिया। इन दोनों बातों में से कौन सी ठीक है। (विघ्न)

ਸ੍ਰੀ ਸਪੀਕਰ : ਹੁਣ ਤਾਂ ਜਵਾਬ ਵੀ ਆ ਗਿਆ ਹੈ ਔਰ ਵਜ਼ੀਰ ਸਾਹਿਬ ਵੀ ਆ ਗਏ ਹਨ, ਦੋਵੇਂ ਗੱਲਾਂ ਹੋ ਗਈਆਂ ਹਨ। (ਵਿਘਨ) (Now the reply to the question and the hon. Minister both have come.)

चौधरी बलबीर सिंह : पहले कह दिया कि जवाब नहीं आया फिर उस के बाद जवाब देना शुरु कर दिया.........(विघ्न)

ਰਾਜ ਮੰਤਰੀ : ਮੈਂ ਕਿਹਾ ਸੀ ਕਿ ਮੇਰੇ ਪਾਸ ਜਵਾਬ ਨਹੀਂ ਆਇਆ, ਇਹ ਨਹੀਂ ਕਿਹਾ ਕਿ ਜਵਾਬ ਨਹੀਂ ਆਇਆ। (ਵਿਘਨ)

चौधरी बलबीर सिंह : अगर मिनिस्टर साहिबा जवाब देने नहीं आ सकते तो वह किसी और मिनिस्टर को डिप्यूट करें कि वह जवाब दें। अगर वह तैयार नहीं तो आपको इस बात का नोटिस लेना चाहिए। (विघ्न)

ਸ਼੍ਰੀ ਸਪੀਕਰ : ਗਲਤ ਫਹਿਮੀ ਹੋ ਸਕਦੀ ਹੈ । (ਵਿਘਨ) (Some misunderstanding can arise.)

चौधरी बलबीर सिंह : स्पीकर साहिब, यह गलत फहमी का सवाल नहीं। (विघ्न) आप इस चीज़ को लाइटली न लें ।। यह हाऊस की तौहीन है । (विघ्न)

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਨਸਪੈਕਟਰ ਆਮ ਤੌਰ ਤੇ ਜਿਹੜੇ ਝੂਠੇ ਯੂਟੇਲਾਈਜ਼ੇਸ਼ਨ ਸਰਟੀਫੀਕੇਟ ਇਸ਼ੂ ਕਰਦੇ ਹਨ ਔਰ ਰੁਪਿਆ ਜਿਹੜਾ ਹੈ ਉਹ ਸਿਰਫ ਵਿਆਜ ਦੀ ਦਰ ਖਾਣ ਵਾਸਤੇ ਹੀ ਵਰਤਿਆ ਜਾਂਦਾ ਹੈ, ਅਸਲ ਵਿਚ ਇੰਡਸਟਰੀ ਦੀ ਡਿਵੈਲਪਮੈਂਟ ਵਾਸਤੇ ਨਹੀਂ ਵਰਤਿਆ ਜਾਂਦਾ । ਅਜਿਹੇ ਕੇਸਿਜ਼ ਵਿਚ ਕੀ ਮਨਿਸਟਰ ਸਾਹਿਬ ਪਿਛਲੇ ਤਿੰਨ ਚਾਰ ਸਾਲਾਂ ਵਿਚ ਜੋ ਕਰਜ਼ੇ ਦਿਤੇ ਗਏ ਹਨ ਉਸ ਦੇ ਵਾਸਤੇ ਕੋਈ ਸਪੈਸ਼ਲ ਇਨਕੁਆਇਰੀ ਏਜੰਸੀ ਮੁਕਰਰ ਕਰਨਗੇ ਜਿਹੜੀ ਇਹ ਦੇਖ ਸਕੇ ਕਿ ਜੋ ਰੁਪਿਆ ਦਿ ਤਾ ਗਿਆ ਹੈ ਉਹ ਅਸਲ ਵਿਚ ਇੰਡਸਟਰੀ ਵਾਸਤੇ ਇਸਤੇਮਾਲ ਹੋਇਆ ਹੈ ਜਾਂ ਨਹੀਂ ? (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਕਰਜ਼ੇ ਦੀ ਵਸੂਲੀ ਦਾ ਸਵਾਲ ਹੈ ਉਹ 80 ਫੀਸਦੀ ਕਰਜ਼ਾ ਵਸੂਲ ਹੋ ਚੁੱਕਾ ਹੈ। ਜਿਥੋਂ ਤਕ ਮੈਂਬਰ ਸਾਹਿਬ ਨੇ ਇਹ ਗਲ ਦਸੀ ਹੈ ਕਿ ਕਿਸੇ ਇਨਸਪੈਕਟਰ ਦੀ ਅਨਗਹਿਲੀ ਨਾਲ ਕੋਈ ਹਾਲਤ ਡਿਸਬਰਸਮੈਂਟ ਲੋਨ ਦੀ ਹੋਈ ਹੈ ਉਸ ਦੀ ਇਨ-ਕੁਆਇਰੀ ਕਰਵਾ ਲਵਾਂਗੇ । (ਵਿਘਨ)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ । ਮੈਂ ਯੂਟੇਲਾਈਜ਼ੇਸ਼ਨ ਸਰਟੀਫਿਕੇਟ ਦੇ ਬਾਰੇ ਵਿਚ ਪੁਛਿਆ ਹੈ । (ਵਿਘਨ) ਜਿਹੜੇ ਇਨਸਪੈਕਟਰ ਯੂਟੇਲਾਈਜ਼ੇਸ਼ਨ ਸਰਟੀਫਿਕੇਟ ਝੂਠੇ ਦੇ ਦਿੰਦੇ ਹਨ ਉਸ ਦੇ ਮੁਤਲਕ ਅਰਜ਼ ਹੈ ਕਿ ਜਿਸ ਤਰ੍ਹਾਂ ਪਿਛਲੇ ਦੋ ਸਾਲਾਂ ਵਿਚ ਜੋ ਡਿਸਬਰਸਮੈਂਟ ਖਾਸ ਕਰਕੇ ਸੰਘੀ ਰਾਜ ਵਿਚ ਹੋਈ ਉਹ ਰੁਪਿਆ ਬਹੁਤ ਜ਼ਾਇਆ ਹੋਇਆ ਹੈ । ਕੀ ਮਨਿਸਟਰ ਸਾਹਿਬ ਕੋਈ ਸਪੈਸ਼ਲ ਇਨਕੁਆਇਰੀ ਏਜੰਸੀ ਮੁਕਰਰ ਕਰਨਗੇ ਜਿਹੜੀ ਇਹ ਲਭ ਸਕੇ ਕਿ ਜੋ ਲੋਨ ਦਿਤਾ ਗਿਆ ਹੈ ਉਹ ਪ੍ਰਾਪਰਲੀ ਯੂਟੇਲਾਈਜ਼ ਹੋਇਆ ਹੈ ਜਾਂ ਨਹੀਂ ? (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਸਪੈਸ਼ਲ ਇਨਕੁਆਇਰੀ ਏਜੰਸੀ ਮੁਕਰਰ ਕਰ ਦਿਆਂਗੇ ਅਗਰ ਕੋਈ ਐਸਾ ਹੋਇਆ ਹੈ ।

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਲੁਧਿਆਣੇ ਵਿਚ 34 ਲੱਖ ਰੁਪਏ ਦੇ ਲੋਨਜ਼ ਮਨਜ਼ੂਰ ਹੋ ਚੁਕੇ ਹਨ ਔਰ ਇਹ ਮਨਜ਼ੂਰ ਹੋਣ ਦੇ ਬਾਦ ਉਹ ਐਪਲੀਕੇਸ਼ਨਾਂ ਪਈਆਂ ਹਨ ਔਰ ਨਵੇਂ ਲੋਨ ਦੇ ਵਾਸਤੇ ਐਪਲੀਕੇਸ਼ਨਾਂ ਮਨਜ਼ੂਰ ਕੀਤੀਆਂ ਜਾ ਰਹੀਆਂ ਹਨ । ਪਹਿਲਾ ਰੁਪਿਆ ਹਾਲੀਂ ਦਿੱਤਾ ਨਹੀਂ ਗਿਆ ਔਰ ਨਵੇਂ ਲੋਨ ਲਈ ਐਪਲੀਕੇਸ਼ਨਾਂ ਲਈਆਂ ਜਾ ਰਹੀਆਂ ਹਨ। ਇਸ ਦਾ ਕੀ ਕਾਰਨ ਹੈ ? (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਹਰ ਸਾਲ ਸਪੈਸਫਿਕ ਅਲਾਟਮੈਂਟ ਲੋਨ ਦੇਣ ਵਾਸਤੇ ਹੁੰਦੀ ਹੈ ਉਸ ਦੇ ਵਿਚ ਹਰ ਸਾਲ ਦਾ ਅਮਾਊਂਟ ਈਅਰ ਮਾਰਕ ਕਰਕੇ ਹਰ ਜ਼ਿਲ੍ਹੇ ਨੂੰ ਦਿੱਤਾ ਜਾਂਦਾ ਹੈ । ਜਿਨ੍ਹਾਂ ਦੀਆਂ ਅਰਜ਼ੀਆਂ ਪਿਛਲੇ ਸਾਲ ਦੀਆਂ ਸੀ ਜਿਤਨਾ ਪਿਛਲੇ ਸਾਲ ਲੋਨ ਦਾ ਰੁਪਿਆ ਸੀ ਉਹ ਡਿਸਬਰਸ ਹੋ ਚੁੱਕਾ ਹੈ। ਹੁਣ ਇਸ ਸਾਲ ਨਵਾਂ ਲੋਨ ਦੇਣ ਵਾਸਤੇ ਨਵੀਆਂ ਐਪਲੀਕੇਸ਼ਨਾਂ ਆ ਰਹੀਆਂ ਹਨ ਔਰ ਉਨ੍ਹਾਂ ਦੇ ਮੁਤਾਬਕ ਲੋਨ ਦਿੱਤਾ ਜਾਵੇਗਾ।

ਡਾਕਟਰ ਅਮੀਰ ਸਿੰਘ ਕਲਕਟ : ਹੁਸ਼ਿਆਰਪੁਰ ਐਡਵਾਈਜ਼ਰੀ ਕਮੇਟੀ ਨੇ 90 ਹਜ਼ਾਰ ਰੁਪਿਆ ਡਿਸਬਰਸ ਕਰਨ ਲਈ ਕਿਹਾ ਸੀ। ਕੀ ਮਨਿਸਟਰ ਸਾਹਿਬ ਦਸਣਗੇ ਕਿ ਆਇਆ ਇਸ ਬੈਕਵਰਡ ਇਲਾਕੇ ਵਿਚ ਹੋਰ ਜ਼ਿਆਦਾ ਰੁਪਿਆ ਦੇਣ ਤੇ ਸਰਕਾਰ ਕੋਈ ਵਿਚਾਰ ਕਰੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, 90 ਹਜ਼ਾਰ ਰੁਪਿਆ ਕਿਸੇ ਡਿਸਟ੍ਰਿਕਟ ਵਾਸਤੇ ਨਹੀਂ ਰਖਿਆ ਗਿਆ। ਮੇਰਾ ਖਿਆਲ ਹੈ ਕਿ 3 ਲੱਖ ਰੁਪਿਆ ਤੋਂ ਘੱਟ ਕਿਸੇ ਡਿਸਟ੍ਰਿਕਟ ਨੂੰ ਨਹੀਂ ਦਿੱਤਾ ਗਿਆ।

ਚੌਧਰੀ ਸੁੰਦਰ ਸਿੰਘ : ਮਨਿਸਟਰ ਸਾਹਿਬ ਨੇ ਦਸਿਆ ਹੈ ਕਿ 12 ਲੱਖ ਰੁਪਿਆ ਜਲੰਧਰ ਵਾਸਤੇ ਰਖਿਆ ਹੈ ਕੀ ਮਨਿਸਟਰ ਸਾਹਿਬ ਦਸਣਗੇ ਕਿ ਗੁਰਦਾਸਪੁਰ ਵਾਸਤੇ ਕਿਤਨਾ ਰੁਪਿਆ ਰਖਿਆ ਹੈ ? (ਵਿਘਨ)

ਰਾਜ ਮੰਤਰੀ : ਇਸ ਦੇ ਵਾਸਤੇ ਨੋਟਿਸ ਦੇ ਦਿਓ। ਸਪੀਕਰ ਸਾਹਿਬ, 80 ਲੱਖ ਰੁਪਿਆ ਸਾਰਾ ਰਖਿਆ ਗਿਆ ਹੈ ਜਿਸ ਦੇ ਵਿਚੋਂ ਮੈਨੂੰ ਯਾਦ ਹੈ ਕਿ 14 ਲੱਖ ਰੁਪਿਆ ਲੁਧਿਆਣੇ ਵਾਸਤੇ ਔਰ 12 ਲੱਖ ਰੁਪਿਆ ਜਲੰਧਰ ਵਾਸਤੇ ਹੈ। ਬਾਕੀਆਂ ਬਾਰੇ ਮੈਨੂੰ ਇਸ ਵੇਲੇ ਯਾਦ ਨਹੀਂ। ਇਹ ਲਿਸਟ ਇਸ ਵੇਲੇ ਮੇਰੇ ਪਾਸ ਹੈ ਨਹੀਂ। ਇਹ ਨੋਟਿਸ ਦੇ ਦੇਣ ਇਨ੍ਹਾਂ ਨੂੰ ਦਸ ਦਿੱਤਾ ਜਾਵੇਗਾ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮਨਿਸਟਰ ਸਾਹਿਬ ਦਸਣਗੇ ਕਿ ਅੰਮ੍ਰਿਤਸਰ ਜ਼ਿਲੇ ਵਿਚ 90 ਹਜ਼ਾਰ ਰੁਪਿਆ ਛੋਟੇ ਕਰਜ਼ਿਆਂ ਵਾਸਤੇ ਹੈ ਔਰ ਐਪਲੀਕੇਸ਼ਨਾਂ ਜੋ ਹਨ ਉਸ ਦੇ ਮੁਤਾਬਕ ਤਕਰੀਬਨ 13 ਲੱਖ ਰੁਪਿਆ ਚਾਹੀਦਾ ਹੈ। ਕੀ ਜਿਹਨਾਂ ਦੀਆਂ ਐਪਲੀਕੇਸ਼ਨਾਂ ਮਨਜ਼ੂਰ ਹੋ ਚੁਕੀਆਂ ਹਨ ਉਨ੍ਹਾਂ ਨੂੰ ਇਸ ਫਾਈਨੈਂਸ਼ਲ ਈਅਰ ਵਿਚ ਰੁਪਿਆ ਦੇ ਦੇਣਗੇ ? (ਵਿਘਨ)

ਰਾਜ ਮੰਤਰੀ : ਇਹ ਅਮਾਊਂਟ 90 ਹਜ਼ਾਰ ਦੀ ਨਹੀਂ, ਮੇਰਾ ਖਿਆਲ ਹੈ ਕਿ ਇਸ ਤੋਂ ਜ਼ਿਆਦਾ ਹੈ। (ਵਿਘਨ) ਮੈਨੂੰ ਜ਼ਬਾਨੀ ਇਤਨਾ ਯਾਦ ਹੈ ਕਿ ਅਮਾਊਂਟ 8 ਲੱਖ ਰੁਪਏ ਤੋਂ ਘੱਟ ਨਹੀਂ ਹੈ। (ਵਿਘਨ)

• **चौधरी बलबीर सिंह** : क्या मिनिस्टर साहिब बतायेंगे कि यह जो कर्ज़े की रकम रखी गई है यह पिछले साल से कम है या उससे ज़यादा है ?

ਰਾਜ ਮੰਤਰੀ : ਪਿਛਲੇ ਸਾਲ ਜੋ ਕਰਜ਼ੇ ਲਈ ਰਕਮ ਰੱਖੀ ਗਈ ਹੈ ਉਸ ਦੀਆਂ ਮੇਰੇ ਪਾਸ ਫਿਗਰਜ਼ ਨਹੀਂ। ਮੇਰਾ ਖ਼ਿਆਲ ਹੈ ਕਿ ਪਿਛਲੇ ਸਾਲ ਇਕ ਕਰੋੜ ਰੁਪਿਆ ਰਖਿਆ ਗਿਆ ਸੀ ਔਰ ਇਸ ਸਾਲ 80 ਲੱਖ ਰੁਪਿਆ ਰਖਿਆ ਗਿਆ ਹੈ। (ਵਿਘਨ)

ਚੌਧਰੀ ਬਲਬੀਰ ਸਿੰਘ : ਇਸ ਦਾ ਮਤਲਬ ਇਹ ਹੋਇਆ ਕਿ ਐਤਕੀ ਘੱਟ ਹੈ। (ਵਿਘਨ)

ਸ੍ਰੀ ਮਨਮੋਹਨ ਕਾਲੀਆ : ਕੀ ਮਨਿਸਟਰ ਸਾਹਿਬ ਦਸਣਗੇ ਕਿ ਜਿਹੜੇ ਬਿਜਲੀ ਦੇ ਕੁਨੈਕਸ਼ਨ ਨਹੀਂ ਮਿਲ ਰਹੇ ਔਰ ਉਸ ਦੇ ਮੁਤਾਬਕ ਲੋਨ ਨਹੀਂ ਯੂਟੀਲਾਈਜ਼ ਹੋ ਰਹੇ, ਯਾਨੀ ਬਿਜਲੀ ਦੇ ਕੁਨੈਕਸ਼ਨ ਨਾ ਮਿਲਣ ਦੇ ਕਾਰਣ ਲੋਨਜ਼ ਯੂਟੇਲਾਈਜ਼ ਨਹੀਂ ਹੋ ਸਕੇ ਅਤੇ ਉਨ੍ਹਾਂ ਨੂੰ ਗੌਰਮਿੰਟ ਵਲੋਂ ਨੋਟਿਸ ਦਿੱਤੇ ਜਾ ਰਹੇ ਹਨ ਕਿ ਲੋਨਜ਼ ਯੂਟੇਲਾਈਜ਼ ਕਿਉਂ ਨਹੀਂ ਕੀਤੇ, ਕੀ ਉਹ ਜਿਹੜੀ ਕੰਡੀਸ਼ਨ ਹੈ ਇਨ੍ਹਾਂ ਚੀਜ਼ਾਂ ਦੇ ਮਦੇ ਨਜ਼ਰ ਵੇਵ ਕਰਨ ਤੇ ਵਿਚਾਰ ਕੀਤਾ ਜਾਏਗਾ ?

(ਕੋਈ ਉਤਰ ਨਹੀਂ ਦਿੱਤਾ ਗਿਆ)

GOVERNMENT INDUSTRIAL TRAINING CENTRES

*2228. **Doctor Sadhu Ram** : Will the Chief Minister be pleased to state—

(a) the total number of Government Industrial Training Centres in the State at present together with the dates on which each of those was established ;

(b) the total number of seats available for the trainees at present in the said institutions together with the details of the hostel accommodation with them;

(c) the details of the additions made to the building of the said institutions during the last nine years and the dates when these additions were made ;

(d) the dates when the said buildings were last white-washed in each case;

(e) the months in which the students studying in the said institutions were expected to get stipends during the last six years and the months in which they were actually given the same ?

Sardar Narinder Singh (State Minister for Excise & Taxation) :

(a) Five and these were established in the year (1) 1966, (2) 1959, (3) 1969, (4) 1970 & (5) 1970.

(b) 288. No hostel facility is available,

(c) No additions made as these Centres are housed in Private rented buildings.

(d) The exact dates of white washing are not available from Government record, as these are not Government buildings. Nevertheless, the private owners of these buildings get white washing done almost once a year.

(e) Stipends are awarded from the dates of admission after observing the requisite formalities. The information regarding payments of stipends during last six years being lengthy, is being collected.

[(ੳ) ਪੰਜ ਹਨ ਅਤੇ ਇਨ੍ਹਾਂ ਦੀ ਸਥਾਪਨਾ ਇਨ੍ਹਾਂ ਸਾਲਾਂ ਵਿਚੋਂ ਹੋਈ (1) 1966 (2) 1959, (3) 1969, (4) 1970 ਅਤੇ (5) 1970.

(ਅ) 288. ਹੋਸਟਿਲ ਸਹੂਲਤਾਂ ਨਹੀਂ ਹਨ ।

(ੲ) ਕੋਈ ਵਾਧਾ ਨਹੀਂ ਹੋਇਆ ਕਿਉਂਕਿ ਇਹ ਸੈਂਟਰ ਪਰਾਈਵੇਟ ਇਮਾਰਤਾਂ ਵਿਚ ਹਨ ।

[State Minister for Excise and Taxation]

(ਸ) ਸਰਕਾਰੀ ਰਿਕਾਰਡ ਵਿਚ ਕਲੀ ਕਰਾਉਣ ਦੀ ਠੀਕ ਮਿਤੀ ਨਹੀਂ ਮਿਲੀ ਕਿਉਂਕਿ ਇਹ ਸੈਂਟਰ ਸਰਕਾਰੀ ਇਮਾਰਤਾਂ ਵਿਚ ਨਹੀਂ ਹਨ । ਇਨ੍ਹਾਂ ਇਮਾਰਤਾਂ ਦੇ ਮਾਲਕ ਸਾਲ ਵਿਚ ਤਕਰੀਬਨ ਇਕ ਵਾਰੀ ਕਲੀ ਕਰਾਂਦੇ ਹਨ ।

(ਹ) ਵਜ਼ੀਫੇ ਦਾਖਲੇ ਦੀ ਮਿਤੀ ਤੋਂ ਦਿੱਤੇ ਜਾਂਦੇ ਹਨ ਅਤੇ ਮਿਥਿਆ ਪ੍ਰੋਸੀਜਰ ਪੂਰਾ ਹੋਣ ਮਗਰੋਂ । ਬਾਕੀ ਪਿਛਲੇ 6 ਸਾਲਾਂ ਵਿਚ ਦਿਤੇ ਗਏ ਵਜ਼ੀਫਿਆਂ ਦਾ ਵੇਰਵਾ ਬਹੁਤ ਲੰਮਾ ਹੈ ਇਸ ਲਈ ਇਹ ਸੂਚਨਾ ਇਕੱਠੀ ਕੀਤੀ ਜਾ ਰਹੀ ਹੈ ।]

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਉਨ੍ਹਾਂ ਦੇ ਵਿਚ ਇਸ ਸਮੇਂ ਦੇ ਵਿਚ ਕਿੰਨੇ ਹਰੀਜਨ ਸਟੂਡੈਂਟਸ ਦਾ ਦਾਖ਼ਲਾ ਹੋਇਆ, ਉਨ੍ਹਾਂ ਵਿਚੋਂ ਕਿੰਨਿਆਂ ਨੂੰ ਵਜ਼ੀਫਾ ਮਿਲਿਆ ਅਤੇ ਇਹੋ ਜਿਹੇ ਕਿੰਨੇ ਕੇਸਿਜ਼ ਹਨ ਜਿਨ੍ਹਾਂ ਨੂੰ ਵਜ਼ੀਫਾ ਨਹੀਂ ਮਿਲਿਆ ।

ਰਾਜ ਮੰਤਰੀ : ਇਨ੍ਹਾਂ 5 ਸੈਂਟਰਾਂ ਐਕਸਕਲੂਸਿਵਲੀ ਬੈਕਵਰਡ ਅਤੇ ਹਰੀਜਨਾਂ ਵਾਸਤੇ ਹੀ ਹਨ । ਇਨ੍ਹਾਂ ਵਿਚ ਦਾਖ਼ਲ ਹੋਣ ਵਾਲੇ ਹਰ ਟਰੇਨੀ ਨੂੰ 45 ਰੁਪਏ ਵਜ਼ੀਫੇ ਦੇ ਤੌਰ ਤੇ ਦਿਤੇ ਜਾਂਦੇ ਹਨ ।

चौधरी बलबीर सिंह : इस सिलसिले में क्या बज़ीर साहिब के नोटिस में है कि कुछ पालिटैकनिक होस्टलज़ में जगह खाली पड़ी है अगर गवर्नमैंट स्कूल अथवा कालिज वाले वह न लेते हों तो क्या वह जगह प्राईवेट स्कूल या कालज को देंगे ?

ਰਾਜ ਮੰਤਰੀ : ਇਸ ਦੇ ਵਿਚ ਇੰਡਸਟਰੀਅਲ ਸਕੂਲ ਆਉਂਦੇ ਹਨ, ਪਾਲੀਟੈਕਨਿਕ ਨਹੀਂ ।

ਸ੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਇਨ੍ਹਾਂ ਸੈਂਟਰਾਂ ਵਿਚ ਸਟੂਡੈਂਟਸ ਸਿਰਫ ਵਜ਼ੀਫੇ ਦੀ ਖਾਤਰ ਹੀ ਦਾਖ਼ਲ ਹੁੰਦੇ ਹਨ, ਅਤੇ ਟਰੇਨਿੰਗ ਦੇ ਬਾਦ ਉਨ੍ਹਾਂ ਨੂੰ ਕੋਈ ਐਮਪਲਾਇਮੈਂਟ ਨਹੀਂ ਮਿਲਦੀ ?

ਰਾਜ ਮੰਤਰੀ : ਲੁਧਿਆਣੇ ਵਿਚ ਇਨ੍ਹਾਂ ਦੀ ਮਿਹਰਬਾਨੀ ਨਾਲ ਸਾਰਾ ਕੰਮ ਚਲ ਰਿਹਾ ਹੈ । ਚਾਹੇ ਇਹ ਅਪ-ਟੂ-ਦੀ ਮਾਰਕ ਟਰੇਨਿੰਗ ਨਹੀਂ ਲੈ ਕੇ ਜਾਂਦੇ ਪਰ ਜਿਹੜੀ ਥੋੜੀ ਬਹੁਤੀ ਟਰੇਨਿੰਗ ਇਹ ਇਥੋਂ ਲੈ ਕੇ ਜਾਂਦੇ ਹਨ, ਉਸ ਦੇ ਬੇਸ ਤੇ ਹਰ ਇੰਡਸਟਰੀ ਯੂਨਿਟ ਵਿਚ ਇਹ ਦੂਸਰਿਆਂ ਨਾਲੋਂ ਜ਼ਿਆਦਾ ਪੈਸੇ ਲੈਂਦੇ ਹਨ ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਵਜ਼ੀਰ ਸਾਹਿਬ ਇਸ ਗਲ ਦੀ ਪੜਤਾਲ ਕਰਾਉਣ ਲਈ ਤਿਆਰ ਹਨ ਕਿ ਪ੍ਰੈਜ਼ੈਂਟ ਹਾਲਾਤ ਦੇ ਮੁਤਾਬਕ ਕਈ ਟਰੇਡਾਂ ਵਿਚ ਸਟੂਡੈਂਟਸ ਦੀ ਕਪੈਸਿਟੀ ਨਾਲੋਂ ਸੀਟਾਂ ਘੱਟ ਹੁੰਦੀਆਂ ਹਨ ? ਕਿਸੇ ਟਰੇਡ ਦੀ ਮੰਗ ਅਨੁਸਾਰ ਸੀਟਾਂ ਵਧਾਉਣ ਲਈ ਵਿਚਾਰ ਕਰਨਗੇ ?

ਰਾਜ ਮੰਤਰੀ : ਜਦੋਂ ਵੀ ਕੋਈ ਐਸੀ ਮੰਗ ਆਉਂਦੀ ਹੈ, ਸੀਟਾਂ ਵਧਾ ਦਿਤੀਆਂ ਜਾਂਦੀਆਂ ਹਨ । ਇਹੋ ਜਿਹੀ ਕੋਈ ਗੱਲ ਨਹੀਂ ਕਿ ਅਗਰ ਲੋਕਾਂ ਵਲੋਂ ਕਿਸੇ ਟਰੇਡ ਲਈ ਮੰਗ ਆਈ ਹੋਵੇ ਅਤੇ ਸੀਟਾਂ ਨਾ ਵਧਾਈਆਂ ਹੋਣ ।

ਚੌਧਰੀ ਰਾਮ ਸਿੰਘ: ਕੀ ਵਜ਼ੀਰ ਸਾਹਿਬ, ਸੈਂਟਰਲ ਗੌਰਮਿੰਟ ਜਾਂ ਪੰਜਾਬ ਦੇ ਇੰਸਟੀਚਿਊਸ਼ਨ ਨੂੰ ਹਦਾਇਤ ਜਾਰੀ ਕਰਨਗੇ ਕਿ ਜਦੋਂ ਵੀ ਭਰਤੀ ਹੋਵੇ ਤਾਂ ਇਨ੍ਹਾਂ ਡਿਪਲੋਮਾ ਹੋਲਡਰਜ਼ ਨੂੰ ਹੀ ਪਰੈਫ਼ਰੈਂਸ ਦਿੱਤੀ ਜਾਇਆ ਕਰੇ ?

ਰਾਜ ਮੰਤਰੀ : ਸੈਂਟਰਲ ਗੌਰਮੈਂਟ ਨੂੰ ਤਾਂ ਅਸੀਂ ਕੋਈ ਹਦਾਇਤਾਂ ਜਾਰੀ ਕਰ ਹੀ ਨਹੀਂ ਸਕਦੇ। ਦੂਸਰੇ ਮੈਂ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਕੋਈ ਅਜਿਹਾ ਕੇਸ ਹਾਲੇ ਤਕ ਨਹੀਂ ਆਇਆ ਕਿ ਕਿਸੇ ਨੇ ਆਕੇ ਕਿਹਾ ਹੋਵੇ, ਮੈਂ ਟਰੇਨਿੰਗ ਲਈ ਹੈ ਅਤੇ ਮੈਨੂੰ ਐਮਪਲਾਇਮੈਂਟ ਨਹੀਂ ਮਿਲੀ।

ਭਗਤ ਗੁਰਾਂ ਦਾਸ ਹੰਸ : ਜਿਹੜੀ ਟਰੇਨਿੰਗ ਦਿੱਤੀ ਜਾਂਦੀ ਹੈ ਉਸ ਦੇ ਲਈ ਮੌਜੂਦਾ ਪੀਰੀਅਡ ਬਹੁਤ ਥੋੜਾ ਹੈ । ਪੀਰੀਅਡ ਥੋੜਾ ਹੋਣ ਕਰਕੇ ਉਹ ਅੱਛੀ ਟਰੇਨਿੰਗ ਨਹੀਂ ਲੈ ਸਕਦੇ । ਅੱਛੀ ਟਰੇਨਿੰਗ ਪ੍ਰਾਪਤ ਕਰਨ ਲਈ ਕੀ ਇਹ ਪੀਰੀਅਡ ਵਧਾਉਣ ਲਈ ਵਿਚਾਰ ਕਰਨਗੇ ?

ਰਾਜ ਮੰਤਰੀ : ਚੰਗੀ ਸਲਾਹ ਹੈ, ਇਸ ਤੇ ਵਿਚਾਰ ਕਰ ਲਵਾਂਗੇ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਕੁਐਸਚਨ ਲਿਸਟ ਜਿਹੜੀ ਮੈਨੂੰ ਦਿਤੀ ਗਈ ਹੈ, ਇਸ ਦੇ ਵਿਚ ਭਾਗ 'ੲ' ਅਤੇ 'ਅ' ਜਿਹੜਾ ਮੇਰੇ ਕੋਲ ਹੈ, ਇਹ ਡਿਫਰੈਂਟ ਹੈ ਅਤੇ ਇਸ ਕਰਕੇ ਮੈਂ ਸਪਲੀਮੈਂਟਰੀ ਡਿਵੈਲਪ ਨਹੀਂ ਕਰ ਸਕਿਆ। ਇਸ ਦੀ ਕੀ ਵਜ੍ਹਾ ਹੈ ?

ਸ੍ਰੀ ਸਪੀਕਰ : ਤਸ਼ਰੀਫ ਰੱਖੋ, ਪੜਤਾਲ ਕਰ ਲਵਾਂਗੇ । (Please resume your seat. The matter will be examined.)

RENEWED SELECTION OF J. B. T. TEACHERS.

*2026. **Comrade Satya Pal Dang** : Will the Minister for Education be pleased to state :—

(a) the total number of J. B. T. teachers selected for appointment on substantive basis during the period from 1st April, 1969, to 30th June, 1970 together with the number of those who have actually been appointed ;

(b) whether the Government received any complaints-oral as well as written alleging irregularities, favouritism, etc. in the matter of selection for the said post ; if so their number ?

Sardar Surjit Singh :

(a) Selected 6834, Appointed 4408.

(b) Yes. 45.

[(ੲ) ਚੁਣੇ ਗਏ, 6834 । ਨਿਯੁਕਤ ਕੀਤੇ ਗਏ : 4408 ।

(ਬੀ) ਹਾਂ ਜੀ, 45 ।]

ਕਾਮਰੇਡ ਸੱਤ ਪਾਲ ਡਾਂਗ : ਇਸ ਗੱਲ ਦੇ ਪੇਸ਼ੇ ਨਜ਼ਰ ਕਿ ਜੇ. ਬੀ. ਟੀ. ਟੀਚਰਜ਼ ਬਹੁਤ ਬੇਕਾਰ ਹਨ, ਉਨ੍ਹਾਂ ਨੇ ਛੇ ਹਜ਼ਾਰ ਦੀ ਲਿਸਟ ਬਣਾਈ ਸੀ ਨਿਯੁਕਤ ਕਰਨ ਲਈ, ਪਰ ਨਿਯੁਕਤ ਕੀਤੇ ਸਿਰਫ ਚਾਰ ਹਜ਼ਾਰ । ਜਿਹੜੇ ਦੋ ਹਜ਼ਾਰ ਰਹਿ ਗਏ ਹਨ, ਉਨ੍ਹਾਂ ਦੀ ਨਿਯੁਕਤੀ ਕਦੋਂ ਤਕ ਕਰ ਦਿਤੀ ਜਾਵੇਗੀ ?

ਵਿਦਿਆ ਮੰਤਰੀ : ਜਦੋਂ ਪੋਸਟਾਂ ਖ਼ਾਲੀ ਹੋਣਗੀਆਂ, ਉਨ੍ਹਾਂ ਦੀਆਂ ਨਿਯੁਕਤੀਆਂ ਕਰ ਦਿਤੀਆਂ ਜਾਣਗੀਆਂ ।

चौधरी बलबीर सिंह : क्या मन्त्री महोदय इस सिलसिले में कोई प्रोगराम बनायेंगे कि जिससे जो इतने जे. बी. टी. टीचर्ज़ बेकार हैं, और दूसरी ओर स्कूलों में विद्यार्थियों की गिनती ज्यादा है और टीचर्ज की कम इसका इलाज किया जा सके ? यह सिलसिला मुकम्मल करके जितने स्टाफ़ की ज़रूरत है, इन में से नियुक्त कर दिया जायेगा ?

ਮੰਤਰੀ : ਇਹ ਅਸੀਂ ਦੋ ਤਰ੍ਹਾਂ ਨਾਲ ਹਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ । ਇਕ ਤਾਂ ਇਹ ਕਿ ਅਗੇ ਵਾਸਤੇ ਜੇ. ਬੀ. ਟੀ. ਦੇ ਦਾਖਲੇ ਬੰਦ ਕਰ ਦਿਤੇ ਗਏ । ਦੂਸਰੇ ਇਹ ਕਿ ਪਿਉਪਲਜ਼ ਅਤੇ ਟੀਚਰਜ਼ ਦੀ ਰੇਸ਼ੋ ਨੂੰ ਮੁਨਾਸਬ ਢੰਗ ਨਾਲ ਠੀਕ ਕੀਤਾ ਜਾਵੇ ।

ਕਾਮਰੇਡ ਸਤਪਾਲ ਡਾਂਗ : ਜਦੋਂ ਇਹ ਇੰਟਰਵਿਊ ਹੋਈ ਅਤੇ ਉਸ ਦੇ ਬਾਦ ਅਪੁ-ਆਇੰਟਮੈਂਟਸ ਹੋਈਆਂ ਤਾਂ ਟੀਚਰਾਂ ਨੇ ਇਕ ਵਡੀ ਐਜੀਟੇਸ਼ਨ ਕੀਤਾ ਸੀ ਕਿ ਵੱਡੇ ਪੈਮਾਨੇ ਤੇ ਫੇਵਰਟਇਜ਼ਮ ਹੋਈ ਹੈ । ਉਸ ਐਜੀਟੇਸ਼ਨ ਦੇ ਸਿਲਸਲੇ ਵਿਚ ਕੀ ਮਨਿਸਟਰ ਸਾਹਿਬ ਨੇ ਉਨ੍ਹਾਂ ਦੇ ਨੁਮਾਇੰਦਿਆਂ ਨਾਲ ਇਹ ਵਾਇਦਾ ਕੀਤਾ ਸੀ ਕਿ ਦੋ ਹਜ਼ਾਰ ਅਪੁਆਇੰਟਮੈਂਟਾਂ ਹੋਰ ਕਰ ਦਿਤੀਆਂ ਜਾਣਗੀਆਂ, ਜਿਨ੍ਹਾਂ ਦੇ ਨਾਲ ਬੇ-ਇਨਸਾਫੀ ਹੋਈ ਹੈ ? ਜੇ ਵਾਇਦਾ ਕੀਤਾ ਸੀ ਤਾਂ ਉਹ ਅਪੁਆਇੰਟਮੈਂਟਸ ਕਦੋਂ ਤਕ ਹੋ ਜਾਣਗੀਆਂ ?

ਮੰਤਰੀ : ਕੁਝ ਬੰਦਿਆਂ ਦੀਆਂ ਰੀਪ੍ਰੈਜ਼ੈਂਟੇਸ਼ਨਾਂ ਮਿਲੀਆਂ ਅਤੇ ਦੋ ਹਜ਼ਾਰ ਮੈਂਬਰਾਂ ਦੀ ਲਿਸਟ ਹੋਰ ਪਬਲਿਸ਼ ਕਰ ਦਿੱਤੀ ਸੀ ਅਤੇ ਜਦੋਂ ਜਦੋਂ ਵੇਕੈਂਸੀਆਂ ਹੋਣਗੀਆਂ, ਉਨ੍ਹਾਂ ਦੀ ਨਿਯੁਕਤੀ ਕਰ ਦਿੱਤੀ ਜਾਵੇਗੀ ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਇਸ ਗਲ ਦੇ ਪੇਸ਼ੇ ਨਜ਼ਰ ਪ੍ਰਾਈਮਰੀ ਅਤੇ ਹਾਈ ਸਕੂਲਾਂ ਦੇ ਵਿਚ ਸਟੂਡੈਂਟਸ ਜ਼ਿਆਦਾ ਹਨ ਅਤੇ ਟੀਚਰਜ਼ ਘੱਟ । ਇਹ ਸਿਲਸਲਾ ਠੀਕ ਕਰਨ ਲਈ ਉਨ੍ਹਾਂ ਸਕੂਲਾਂ ਵਿਚ ਹੋਰ ਮਾਸਟਰਾਂ ਦੀਆਂ ਨਿਯੁਕਤੀਆਂ ਇਨ੍ਹਾਂ ਵਿਚੋਂ ਕੀਤੀਆਂ ਜਾਣਗੀਆਂ ?

ਮੰਤਰੀ : ਜੇ ਕਰ ਉਨ੍ਹਾਂ ਦੀ ਲੋੜ ਹੋਈ ਤਾਂ ਉਨ੍ਹਾਂ ਵਿਚੋਂ ਅਪੁਆਇੰਟਮੈਂਟਸ ਕਰ ਦਿੱਤੀਆਂ ਜਾਣਗੀਆਂ ।

ਸ੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਕਈ ਸਟੇਟਾਂ ਵਿਚ ਗਰੇਡੇਸ਼ਨਜ਼ ਕੀਤੀਆਂ ਹੋਈਆਂ ਹਨ ਇੰਟਰਵਿਊ ਤੇ ਇਤਨੇ ਪਰਸੈਂਟ ਮਾਰਕਸ, ਓਰਲ ਇੰਟਰਵਿਊ ਵਾਸਤੇ 3 ਫੀਸਦੀ ਰਖੇ ਹੋਏ ਹਨ ਮੈਰਿਟ ਦੇ 4% ਵਿਡੋ ਲਈ ਅਤੇ ਹਰੀਜਨਾਂ ਲਈ ਵੀ ਕੁਝ ਇਸ ਤਰ੍ਹਾਂ ਦੇ ਮਾਰਕਸ ਰਖੇ ਹੋਏ ਹਨ ਤਾ ਕਿ ਫੇਵਰਟਇਜ਼ਮ ਦਾ ਸਕੋਪ ਮਿਨੀਮੱਮ ਹੋਵੇ । ਆਇਆ ਪੰਜਾਬ ਗੌਰਮੈਂਟ to eliminate corr uption and favouritism in the State ਕੋਈ ਐਸੀ ਗਰੇਡੇਸ਼ਨ ਕਰਨਗੇ ।

ਵਿਦਿਆ ਮੰਤਰੀ : ਸੀਲੈਕਸ਼ਨਜ਼ ਹੋ ਚੁਕੀਆਂ ਹਨ, ਨਵੀਆਂ ਨਹੀਂ ਹੋ ਰਹੀਆਂ। ਉਨ੍ਹਾਂ ਬਾਰੇ ਨੋਟਿਸ ਦੇ ਦਿਉ ।

ਸਰਦਾਰ ਗੁਰਮੇਜ ਸਿੰਘ : ਮੈਂ ਅਰਜ਼ ਕਰਦਾ ਹਾਂ ਕਿ ਅੰਮ੍ਰਿਤਸਰ ਵਿਚ ਜੋ ਇਟਰਵਿਊ ਹੋਏ ਸਨ... (ਵਿਘਨ) ਮੈਂ ਪੁਛਣਾ ਚਾਹੁੰਦਾ ਹਾਂ ਕਿ ਜੋ ਉਸ ਅਨੁਸਾਰ ਲਿਸਟ ਬਣੀ ਸੀ ਉਸ ਵਿਚ ਅੰਮ੍ਰਿਤਸਰ ਜ਼ਿਲ੍ਹੇ ਲਈ ਬਠਿੰਡੇ ਜ਼ਿਲ੍ਹੇ ਦੇ ਟੀਚਰ ਕਿਉਂ ਲਏ ਗਏ ਸਨ ਜਦ ਕਿ ਅੰਮ੍ਰਿਤਸਰ ਦੇ ਟੀਚਰਜ਼ ਨੇ ਵੀ ਇੰਟਰਵਿਊ ਦਿੱਤਾ ਸੀ ? ਕੀ ਇਹ ਇਸਦੀ ਪੜਤਾਲ ਕਰਕੇ ਕਾਰਵਾਈ ਕਰਨਗੇ ?

ਮੰਤਰੀ : ਇਸ ਬਾਰੇ ਨੋਟਿਸ ਦੇ ਦੇਣ ।

ਚੌਧਰੀ ਸੁੰਦਰ ਸਿੰਘ : ਇਸ ਵਿਚ ਜਿੰਨੀ ਹਨੇਰਗਰਦੀ ਹੈ, ਉਸ ਦੀ ਹਦ ਮੁਕ ਗਈ ਹੈ ।

ਸ੍ਰੀ ਸਪੀਕਰ : ਹੁਣ ਸਪਲੀਮੈਂਟਰੀ ਵੀ ਕਰ ਲਉ। (Now please put a supplementary question.)

ਚੌਧਰੀ ਸੁੰਦਰ ਸਿੰਘ : ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਹਰੀਜਨਾਂ ਨੇ ਇਹ ਜੇ.ਬੀ.ਟੀ. ਪਾਸ ਕੀਤੀ ਹੈ, ਉਨ੍ਹਾਂ ਵਿਚੋਂ ਕਿੰਨੇ ਲਗੇ ਹਨ ਅਤੇ ਕਿੰਨੇ ਇਗਨੋਰ ਕੀਤੇ ਗਏ ਹਨ ? ਕੀ ਹਰੀਜਨਾਂ ਦਾ ਕੋਟਾ ਪੂਰਾ ਕੀਤਾ ਗਿਆ ਹੈ ?

ਮੰਤਰੀ : ਇਹ ਇਸ ਵਿਚੋਂ ਐਗਾਈਜ਼ ਤਾਂ ਨਹੀਂ ਹੁੰਦਾ ਪਰ ਦਸ ਸਕਦਾ ਹਾਂ ਕਿ ਜਿੰਨੀਆਂ ਹਰੀਜਨ ਲੜਕੀਆਂ ਨੇ ਇਸ ਪਾਸੇ ਦਰਖਾਸਤਾਂ ਦਿੱਤੀਆਂ ਸਨ ਉਹ ਸਾਰੀਆਂ ਸੀਲੈਕਟ ਹੋ ਚੁਕੀਆਂ ਹਨ ਅਤੇ ਹਰੀਜਨ ਲੜਕੇ ਜਿਨ੍ਹਾਂ ਨੇ ਇਸ ਲਈ ਐਪਲੀਕੇਸ਼ਨਜ਼ ਦਿਤੀਆਂ ਸਨ ਉਹ ਵੀ ਪਰਸੈਂਟੇਜ ਦੇ ਮੁਤਾਬਿਕ ਬੜੀ ਵਡੀ ਤਾਦਾਦ ਵਿਚ ਸਿਲੈਕਟ ਕੀਤੇ ਗਏ ਹਨ ।

ਕਾਮਰੇਡ ਬਾਬੂ ਸਿੰਘ ਮਾਸਟਰ : ਪਾਰਟ 'ਬੀ' ਵਿਚ ਜਿਹੜਾ 45 ਦਾ ਨੰਬਰ ਦਸਿਆ ਹੈ, ਇਨ੍ਹਾਂ ਦੇ ਨਿਪਟਾਰੇ ਲਈ ਕੀ ਕੁਝ ਕੀਤਾ ਗਿਆ ਹੈ ਅਤੇ ਇਹ ਕਿਸ ਡੇਟ ਤਕ ਹੋ ਜਾਵੇਗਾ ?

ਮੰਤਰੀ : ਨਿਪਟਾਰੇ ਲਈ ਚੇਅਰਮੈਨ ਦੀ ਰਿਪੋਰਟ ਮੰਗੀ ਗਈ ਸੀ ਅਤੇ ਫੈਸਲਾ ਕੀਤਾ ਗਿਆ ਹੈ ਕਿ ਇਨ੍ਹਾਂ ਵਿਚੋਂ ਕੁਝ ਲਈ ਜਸਟੀਫਿਕੇਸ਼ਨ ਨਹੀਂ ਸੀ ।

ਸਰਦਾਰ ਰਾਜਾ ਸਿੰਘ : ਕੀ ਮੰਤਰੀ ਸਾਹਿਬ ਨੂੰ ਪਤਾ ਹੈ ਕਿ ਚੰਡੀਗੜ੍ਹ ਤੋਂ ਰੋਪੜ ਨੂੰ ਜਾਣ ਵਾਲੀ ਸੜਕ ਦੇ ਨਾਲ ਨਾਲ ਜਿੰਨੇ ਸਕੂਲ ਹਨ ਉਨ੍ਹਾਂ ਦੀਆਂ 80 ਪ੍ਰਤੀਸ਼ਤ ਆਸਾਮੀਆਂ ਤੇ ਚੰਡੀਗੜ੍ਹ ਤੋਂ ਜਾਣ ਵਾਲੇ ਅਧਿਆਪਕ/ਅਧਿਆਪਕਾਵਾਂ ਦਾ ਕਬਜ਼ਾ ਹੈ ਅਤੇ ਇਸ ਤਰ੍ਹਾਂ ਜੋ ਇਲਾਕੇ ਦੇ ਟੀਚਰਜ਼ ਬੇਕਾਰ ਫਿਰ ਰਹੇ ਹਨ ਅਤੇ ਉਨ੍ਹਾਂ ਨਾਲ ਬੇਇਨਸਾਫੀ ਹੋ ਰਹੀ ਹੈ ਇਸ ਨੂੰ ਦੂਰ ਕਰਨ ਲਈ ਉੱਦਮ ਕਰਨਗੇ ?

ਮੰਤਰੀ : ਇਸ ਤਰ੍ਹਾਂ ਦੀ ਗੱਲ ਮੇਰੇ ਨੋਟਿਸ ਵਿਚ ਨਹੀਂ ਹੈ, ਅਗਰ ਇਹ ਨੋਟਿਸ ਵਿਚ ਲਿਆਉਣਗੇ ਤਾਂ ਜ਼ਰੂਰ ਦੇਖਾਂਗੇ ।

चौधरी बलबीर सिंह : इन्होंने जो इन्टरव्यू के पर्सनैलटी के 40 प्रतिशत नम्बर रखे हुए थे, क्या इससे मैरिट इगनोर नहीं हुआ ?

ਮੰਤਰੀ : ਅਜਿਹੀ ਕੋਈ ਗੱਲ ਨਹੀਂ ਹੈ, ਮੈਰਿਟ ਇਗਨੋਰ ਨਹੀਂ ਹੋਇਆ ।

ਚੌਧਰੀ ਕੇਵਲ ਕ੍ਰਿਸ਼ਨ : ਕੀ ਇਹ ਦਸਣਗੇ ਕਿ ਇਨ੍ਹਾਂ ਟੀਚਰਜ਼ ਦੀਆਂ ਐਪਲੀਕੇਸ਼ਨਜ਼ ਦਾ ਨੰਬਰ ਕੀ ਸੀ ਅਤੇ ਜੋ ਇਨ੍ਹਾਂ ਵਿਚੋਂ ਰਹਿ ਗਏ ਹਨ ਉਹ ਕਦ ਤਕ ਨੌਕਰੀਆਂ ਵਿਚ ਐਬਜ਼ਾਰਬ ਹੋ ਜਾਣਗੇ ?

ਮੰਤਰੀ : ਨੰਬਰ ਜਾਣਨ ਲਈ ਫਰੈਸ਼ ਨੋਟਿਸ ਚਾਹੀਦਾ ਹੈ । ਜਦੋਂ ਨਵੀਆਂ ਪੋਸਟਾਂ ਨਿਕਲਦੀਆਂ ਹਨ ਜਾਂ ਕੋਈ ਖਾਲੀ ਹੁੰਦੀ ਹੈ ਤਾਂ ਇਨ੍ਹਾਂ ਵਿਚੋਂ ਭਰ ਲਈਆਂ ਜਾਂਦੀਆਂ ਹਨ ।

ਕਾਮਰੇਡ ਸੱਤਪਾਲ ਡਾਂਗ : ਇੰਟਰਵਿਊ ਲਈ ਜਿਹੜੀ ਨੰਬਰਾਂ ਦੀ ਡਿਵੀਜ਼ਨ ਹੁੰਦੀ ਹੈ ਉਸ ਵਿਚ ਪਹਿਲਾਂ ਪਰਸਨੈਲਿਟੀ ਲਈ 10–15 ਨੰਬਰ ਹੁੰਦੇ ਸਨ ਪਰ ਹੁਣ ਇਹ 40 ਕਰ ਦਿਤੇ ਗਏ ਹਨ । ਇਹ ਕਿਉਂ ਕੀਤਾ ਗਿਆ ਹੈ ? ਕੀ ਇਹ ਫੇਵਰੇਟਿਜ਼ਮ ਦਾ ਕਾਰਨ ਨਹੀਂ ਬਣਦੀ ?

ਮੰਤਰੀ : ਇਸ ਲਈ ਇਹ ਨੰਬਰ ਨਹੀਂ ਰਖੇ ਗਏ (ਵਿਘਨ) ਇਸ ਨਾਲ ਚੰਗੀ ਪਰਸਨੈਲਿਟੀ ਦੇ ਟੀਚਰ ਆਉਂਦੇ ਹਨ । (ਵਿਘਨ)

ਸ੍ਰੀ ਗਿਆਨ ਚੰਦ ਖਰਬੰਦਾ : ਇਨ੍ਹਾਂ ਨੇ ਦਸਿਆ ਹੈ ਕਿ 2000 ਵਿਚੋਂ ਕੁਝ ਸਿਲੈਕਟ ਹੋ ਗਏ ਹਨ ਬਾਕੀ ਦੇ ਹਾਲੇ ਵੀ ਡਿਸਕੰਟੈਂਟਿਡ ਲਾਟ ਹਨ । ਇਨ੍ਹਾਂ ਨੂੰ ਸੈਟਿਸਫਾਈ ਕਰਨ ਬਾਰੇ ਵੀ ਇਨ੍ਹਾਂ ਨੇ ਕਿਹਾ ਹੈ । ਕੀ ਇਹ ਦਸਣਗੇ ਕਿ ਇਹ ਕੰਮ ਕਦ ਤੱਕ ਮੁਕੰਮਲ ਹੋ ਜਾਵੇਗਾ ?

ਮੰਤਰੀ : ਆਪ ਸਮਝੇ ਨਹੀਂ । ਭਰਤੀ ਦਾ ਜ਼ਿਕਰ ਨਹੀਂ ਕੀਤਾ ਸੀ । ਦੋ ਹਜ਼ਾਰ ਦੀ ਲਿਸਟ ਪਬਲਿਸ਼ ਕੀਤੀ ਸੀ । ਪਹਿਲਾਂ 6800 ਦੀ ਕੀਤੀ ਸੀ । ਉਨ੍ਹਾਂ ਦੋ ਹਜ਼ਾਰ ਵਿਚੋਂ ਐਪੁਆਇੰਟਮੈਂਟਸ ਹੁੰਦੀਆਂ ਰਹਿੰਦੀਆਂ ਹਨ । (ਵਿਘਨ)

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਇਨ੍ਹਾਂ ਨੂੰ ਪਤਾ ਹੈ ਕਿ ਜ਼ਿਲ੍ਹਾ ਬਠਿੰਡਾ ਅਤੇ ਸੰਗਰੂਰ ਵਿਚ ਖਾਲੀ ਜਗ੍ਹਾ ਪਈਆਂ ਹਨ ਪਰ ਸੀਲੈਕਟ ਕੀਤੇ ਟੀਚਰ ਉਥੇ ਲਾਏ ਨਹੀਂ ਜਾਂਦੇ ?

ਮੰਤਰੀ : ਅਜਿਹੀ ਕੋਈ ਗੱਲ ਨੋਟਿਸ ਵਿਚ ਨਹੀਂ ਹੈ ।

STARRED QUESTION No. 2347

ਪਰਕਾਸ਼ ਸਿੰਘ

ਅੱਧ ਸਰਕਾਰੀ ਨੰ: 1609/ਕ,
ਮੁੱਖ ਮੰਤਰੀ, ਪੰਜਾਬ
ਚੰਡੀਗੜ੍ਹ, ਮਿਤੀ 21 ਜਨਵਰੀ, 1971

ਪਿਆਰੇ ਸਰਦਾਰ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 2347** ਜੋ ਮਿਤੀ 22 ਜਨਵਰੀ, 1971 ਲਈ ਸੁਆਲਾਂ ਦੀ ਸੂਚੀ ਵਿਚ ਸ੍ਰੀ ਚੌਧਰੀ ਕੇਵਲ ਕ੍ਰਿਸ਼ਨ, ਐਮ, ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿੱਚ ਵਾਧਾ ਕਰਨ ਅਤੇ

**For Starred Question No. 2347 and reply thereto please Appendix to this Debate.

ਇਸ ਸੁਆਲ ਨੂੰ ਮਿਤੀ 6 ਜਨਵਰੀ, 1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪ ਦਾ ਵਿਸ਼ਵਾਸਪਾਤਰ,
ਸਹੀ/-
(ਪਰਕਾਸ਼ ਸਿੰਘ)

ਸ੍ਰੀ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ ।

STARRED QUESTIONS AND ANSWERS

BURN UNIT IN V. J. HOSPITAL, AMRITSAR

*2274. 1. **Comrade Kulwant Singh**
2. **Comrade Satya Pal Dang** : Will the Minister of State for Industries and Health be pleased to state—

(a) whether there existed a burn unit in the V. J. Hospital, Amritsar ;

(b) whether the same has been closed, if so, since when and the reasons for the same ?

ਸਰਦਾਰ ਰਵੇਲ ਸਿੰਘ :

(ੲ) ਨਹੀਂ ।

(ਬੀ) ਸਵਾਲ ਹੀ ਪੈਦਾ ਨਹੀਂ ਹੁੰਦਾ ।

ਕਾਮਰੇਡ ਸਤਪਾਲ ਡਾਂਗ : ਇਨ੍ਹਾਂ ਨੇ ਕਿਹਾ ਹੈ ਕਿ ਅੰਮ੍ਰਿਤਸਰ ਦੇ ਵੀ. ਜੇ. ਹਸਪਤਾਲ ਵਿਚ ਬਰਨ ਯੂਨਿਟ ਹੁੰਦਾ ਹੀ ਨਹੀਂ ਸੀ। ਇਹ ਉਸ ਦਾ ਨਾਮ ਭਾਵੇਂ ਕੁਝ ਵੀ ਰਖ ਲੈਣ ਪਰ ਕੀ ਇਹ ਹਕੀਕਤ ਨਹੀਂ ਹੈ ਕਿ ਜਿਹੜੇ ਆਦਮੀ ਸੜ ਜਾਂਦੇ ਸਨ ਉਨ੍ਹਾਂ ਦਾ ਇਲਾਜ ਕਰਨ ਲਈ ਇਕ ਜੁਦਾ ਯੂਨਿਟ ਹੁੰਦਾ ਸੀ। ਹੁਣ ਉਹ ਜੁਦਾ ਯੂਨਿਟ ਨਹੀਂ ਹੈ ਅਤੇ ਉਨ੍ਹਾਂ ਨੂੰ ਵੀ ਦੂਜੇ ਵਾਰਡਾਂ ਵਿਚ ਰਖਿਆ ਜਾਂਦਾ ਹੈ। ਅਗਰ ਇਹ ਹਕੀਕਤ ਹੈ ਤਾਂ ਇਸ ਵਿਚ ਬਦਲੀ ਕਿਉਂ ਕੀਤੀ ਗਈ ਹੈ ?

ਰਾਜ ਮੰਤਰੀ : ਅਰਜ਼ ਹੈ ਕਿ ਡਾ: ਯੁਧਵੀਰ ਇਸ ਬਾਰੇ ਇਕ ਤਜਰਬਾ ਕਰ ਰਹੇ ਸਨ, ਇਸ ਲਈ ਇਹ ਇੰਤਜ਼ਾਮ ਜੁਦਾ ਸੀ। ਹੁਣ ਦਵਾਈ ਮਿਲ ਗਈ ਹੈ ਇਸ ਲਈ ਹੁਣ ਉਹ ਜੁਦਾ ਇੰਤਜ਼ਾਮ ਨਹੀਂ ਹੈ।

ਕਾਮਰੇਡ ਸੱਤਪਾਲ ਡਾਂਗ : ਕੀ ਇਹ ਗਲ ਇਨ੍ਹਾਂ ਦੀ ਨੌਲੇਜ ਵਿਚ ਹੈ ਕਿ ਜਦੋਂ ਸੜੇ ਹੋਏ ਮਰੀਜ਼ਾਂ ਨੂੰ ਜੁਦਾ ਰਖਿਆ ਜਾਂਦਾ ਸੀ ਤਾਂ ਉਨ੍ਹਾਂ ਦੀਆਂ ਮੌਤਾਂ ਘਟ ਹੁੰਦੀਆਂ ਸਨ ? ਉਹ ਯੂਨਿਟ ਇਸ ਲਈ ਬੰਦ ਕਰ ਦਿੱਤਾ ਗਿਆ ਕਿਉਂਕਿ ਇਕ ਡਾਕਟਰ ਦੇ ਮੁੰਡੇ ਨਾਲ ਫੇਵਰੇਟਿਜ਼ਮ ਕਰਨਾ ਸੀ। ਹੁਣ ਸੜੇ ਹੋਏ ਮਰਦੇ ਵੀ ਵਧ ਹਨ ਅਤੇ ਦੂਜੇ ਮਰੀਜ਼ਾਂ ਨੂੰ ਵੀ ਮਾਰਦੇ ਹਨ ?

ਰਾਜ ਮੰਤਰੀ : ਅਜਿਹੀ ਕੋਈ ਇਨਫਰਮੇਸ਼ਨ ਨਹੀਂ ਹੈ।

ਡਾਕਟਰ ਅਮੀਰ ਸਿੰਘ ਕਲਕਟ: ਹੁਣ ਚੂੰਕਿ ਇੰਡਸਟ੍ਰਿਅਲਾਈਜ਼ੇਸ਼ਨ ਵਧ ਰਹੀ ਹੈ ਤਾਂ ਕੀ ਸਰਕਾਰ ਇਸ ਤਰ੍ਹਾਂ ਦੇ ਯੂਨਿਟ ਖੋਲ੍ਹਣ ਤੇ ਵਿਚਾਰ ਕਰੇਗੀ ?

ਰਾਜ ਮੰਤਰੀ : ਯਤਨ ਕਰਾਂਗੇ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਇਨ੍ਹਾਂ ਨੂੰ ਇਲਮ ਹੈ ਕਿ ਸੈਕੰਡ ਸਟੋਰੀ ਤੇ ਜੋ ਡਾ: ਕਰਮ ਸਿਘ ਦਾ ਵਾਰਡ ਹੈ, ਉਥੇ ਇਸ ਸੈਕਸ਼ਨ ਦਾ ਬੋਰਡ ਲਗਾ ਹੋਇਆ ਹੈ ?

ਰਾਜ ਮੰਤਰੀ : ਇਹ ਮੇਰੇ ਨੋਟਿਸ ਵਿਚ ਨਹੀਂ ਹੈ।

ਸਰਦਾਰ ਕਿਰਪਾਲ ਸਿੰਘ : ਇਹ ਜੋ ਬਰਨ ਯੂਨਿਟ ਹੈ ਇਹ ਆਰਥੋਪੈਡਿਕ ਬਰਾਂਚ ਵਿਚ ਉਪਰਲੇ ਕਮਰੇ ਵਿੱਚ ਹੁੰਦਾ ਸੀ। ਕੀ ਉਸ ਯੂਨਿਟ ਵਿੱਚ ਮਰੀਜ਼ਾਂ ਦੀ ਤਾਦਾਦ ਇੰਨੀ ਨਹੀਂ ਸੀ ਕਿ ਉਸ ਯੂਨਿਟ ਨੂੰ ਜ਼ਿੰਦਾ ਰੱਖਿਆ ਜਾਂਦਾ ? ਉਸ ਨੂੰ ਬੰਦ ਕਰਨ ਦੀ ਕੀ ਜਸਟੀਫ਼ਿਕੇਸ਼ਨ ਸੀ ?

ਰਾਜ ਮੰਤਰੀ : ਮੈਂ ਅਰਜ਼ ਕੀਤੀ ਹੈ ਕਿ ਇਹ ਕੋਈ ਜੁਦਾ ਯੂਨਿਟ ਨਹੀਂ ਸੀ। ਡਾ: ਸਚਦੇਵਾ ਇਕ ਐਕਸਪੈਰੀਮੈਂਟ ਕਰ ਰਹੇ ਸਨ ਜੋ ਉਨ੍ਹਾਂ ਨੇ ਈਜਾਦ ਕੀਤੀ ਸੀ। ਉਹ ਐਕਸਪੈਰੀਮੈਂਟ ਖਤਮ ਹੋ ਗਿਆ ਤਾਂ ਉਹ ਗੱਲ ਵੀ ਖਤਮ ਹੋ ਗਈ। ਕੋਈ ਜੁਦਾ ਯੂਨਿਟ ਨਹੀਂ ਸੀ।

ਸਰਦਾਰ ਮਹਿਤਾਬ ਸਿੰਘ ਢਿੱਲੋਂ : ਕਿਉਂਕਿ ਪਹਿਲਾਂ ਮੰਤ ਹੋਰੀ ਹਮੇਸ਼ਾ ਸੜਨ ਦੀ ਗਲ ਕਰਦੇ ਹੁੰਦੇ ਸਨ ਇਸ ਲਈ ਇਹ ਯੂਨਿਟ ਰਖਿਆ ਹੋਇਆ ਸੀ ਪਰ ਹੁਣ ਇਸ ਨੂੰ ਇਸ ਲਈ ਖਤਮ ਕਰ ਦਿੱਤਾ ਹੈ ਕਿਉਂਕਿ ਉਹ ਗੱਲ ਖਤਮ ਹੋ ਗਈ ਹੈ ? (ਹਾਸਾ)

ਕਾਮਰੇਡ ਸੱਤਪਾਲ ਡਾਂਗ : ਇਨ੍ਹਾਂ ਨੇ ਕਿਹਾ ਕਿ ਇਕ ਤਜਰਬੇ ਲਈ ਇਹ ਯੂਨਿਟ ਖੋਲ੍ਹਿਆ ਗਿਆ ਸੀ। ਕੀ ਇਹ ਦੱਸਣਗੇ ਕਿ ਇਸ ਯੂਨਿਟ ਵਿਚ ਜਿਥੇ ਇਹ ਤਜਰਬਾ ਹੋ ਰਿਹਾ ਸੀ ਉਸ ਵਿਚ ਕਿਸ ਤਰੀਕ ਤੱਕ ਸੜੇ ਹੋਏ ਮਰੀਜ਼ ਦਾਖਲ ਹੁੰਦੇ ਰਹੇ ਹਨ ?

ਰਾਜ ਮੰਤਰੀ : ਯੂਨਿਟ ਤਾਂ ਨਹੀਂ ਸੀ, ਪਰ ਇਹ ਗੱਲ ਪਤਾ ਕਰਕੇ ਦੱਸ ਸਕਦਾ ਹਾਂ।

MUNICIPAL COMMITTEES SUPERSEDED IN THE STATE

*2154 **Sardar Gurbanta Singh :** Will the Minister of State for Medical Education and Local Government be pleased to state—

(a) the names of Municipal Committees superseded in the State during the period from 1st April, 1970 to 30th November, 1970 ;

(b) whether these Committees were served with any show-cause notices before their supersession ;

(c) whether any replier in regard to such notices were given by any of the said Committees, if so, copies of such notice along with their replies be laid on the Table of the House ?

ਸਰਦਾਰ ਰਵੇਲ ਸਿੰਘ :

(ਏ) ਜੈਤੋ
ਮਲੋਟ
ਲੁਧਿਆਣਾ
ਜਲੰਧਰ

(ਬੀ) ਹਾਂ ਜੀ ।

(ਸੀ) ਅਧਿਲੰਘਤ ਨਗਰਪਾਲਿਕਾਵਾਂ ਵਲੋਂ ਕਾਰਨ ਦੱਸੋ ਨੋਟਿਸਾਂ ਦੇ ਉੱਤਰ ਪੁਜੇ ਸਨ, ਜਿਨ੍ਹਾਂ ਤੇ ਪੂਰਣ ਵਿਚਾਰ ਕਰਨ ਪਿਛੋਂ ਹੀ ਅੰਤਿਮ ਫੈਸਲਾ ਕੀਤਾ ਗਿਆ ਸੀ। ਜਿਥੋਂ ਤਕ ਇਨ੍ਹਾਂ ਨੋਟਿਸਾਂ ਅਤੇ ਉੱਤਰ ਦੀਆਂ ਕਾਪੀਆਂ ਦਾ ਸਦਨ ਦੀ ਮੇਜ਼ ਤੇ ਰੱਖਣ ਦਾ ਸਬੰਧ ਹੈ, ਇਸ ਕੰਮ ਲਈ ਕੀਤੀ ਮਿਹਨਤ ਅਤੇ ਲੱਗੇ ਸਮੇਂ ਦੇ ਮੁਕਾਬਲੇ ਵਿਚ ਪ੍ਰਾਪਤ ਹੋਣ ਵਾਲਾ ਸਿੱਟਾ ਲਾਭਦਾਇਕ ਨਹੀਂ ਸਮਝਿਆ ਜਾਂਦਾ ।

ਸਰਦਾਰ ਗੁਰਬੰਤਾ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਲੰਧਰ ਮਿਊਨਿਸਪਲ ਕਮੇਟੀ ਨੂੰ ਤਾਂ ਇਨ੍ਹਾਂ ਨੇ ਇਥੋਂ ਫੋਨ ਦੇ ਰਾਹੀਂ ਹੁਕਮ ਦੇ ਕੇ ਤੋੜਿਆ ਹੈ। ਕੀ ਜਿਹੜਾ ਉਨ੍ਹਾਂ ਨੂੰ ਸ਼ੋ ਕਾਜ਼ ਨੋਟਿਸ ਦਿੱਤਾ ਗਿਆ ਸੀ ਉਸਦਾ ਜਿਹੜਾ ਜਵਾਬ ਆਇਆ ਉਸ ਨੂੰ ਵੀ ਵੇਖਿਆ ਗਿਆ ਸੀ ਜਾਂ ਨਹੀਂ ?

ਰਾਜ ਮੰਤਰੀ : ਮੈਂ ਪਹਿਲਾਂ ਹੀ ਕਿਹਾ ਹੈ ਕਿ ਇਨ੍ਹਾਂ ਨੂੰ ਸ਼ੋ-ਕਾਜ਼ ਨੋਟਿਸ ਦਿੱਤਾ ਗਿਆ ਸੀ ਅਤੇ ਉਸ ਨੂੰ ਐਗਜ਼ਾਮਿਨ ਕੀਤਾ ਗਿਆ ਉਸ ਤੋਂ ਬਾਦ ਹੀ ਤੋੜਨ ਦੀ ਕਾਰਵਾਈ ਕੀਤੀ ਗਈ ਹੈ।

ਸਰਦਾਰ ਗੁਰਬੰਤਾ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕੀ ਇਸ ਲਈ ਤਾਂ ਇਸ ਨੂੰ ਨਹੀਂ ਤੋੜਿਆ ਗਿਆ ਕਿ ਇਹ ਅਕਾਲੀ ਪਾਰਟੀ ਉਥੇ ਇਲੈਕਸ਼ਨਾਂ ਨਹੀਂ ਸਨ ਜਿਤ ਸਕੇ, ਜੇਕਰ ਇਹ ਗੱਲ ਨਹੀਂ, ਤਾਂ ਇਨ੍ਹਾਂ ਨੇ ਫੋਨ ਦੇ ਰਾਹੀਂ ਇਸ ਮਿਊਨਿਸਪਲ ਕਮੇਟੀ ਨੂੰ ਤੋੜਿਆ ਜੇਕਰ, ਨਹੀਂ ਤਾਂ ਕਦ ਇਨ੍ਹਾਂ ਨੇ ਸ਼ੋ ਕਾਜ਼ ਨੋਟਿਸ ਦੇ ਜਵਾਬ ਤੇ ਵਿਚਾਰ ਕੀਤਾ ਸੀ ?

(ਕੋਈ ਉੱਤਰ ਨਹੀਂ ਆਇਆ)

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜਾ ਇਹ ਸ਼ੋ-ਕਾਜ਼ ਨੋਟਿਸ ਦਿੰਦੇ ਹਨ ਅਤੇ ਜਿਹੜਾ ਜਵਾਬ ਕਿਸੇ ਕਮੇਟੀ ਵਲੋਂ ਆਉਂਦਾ ਹੈ ਕੀ ਕੋਈ ਆਲ ਪਾਰਟੀਜ਼ ਕਮੇਟੀ ਮੁਕੱਰਰ ਕਰਨਗੇ ਕਿ ਉਹ ਉਸ ਜਵਾਬ ਨੂੰ ਕਮੇਟੀ ਨੂੰ ਤੋੜਨ ਤੋਂ ਪਹਿਲਾਂ ਸਟਡੀ ਕਰੇ ਅਤੇ ਜੇਕਰ ਜਵਾਬ ਤੋਂ ਉਸ ਕਮੇਟੀ ਦੀ ਸੈਟਿਸਫੈਕਸ਼ਨ ਨਾ ਹੋਵੇ ਤਾਂ ਇਸ ਤਰ੍ਹਾਂ ਦੀ ਕਾਰਵਾਈ ਕੀਤੀ ਜਾਵੇ ?

ਰਾਜ ਮੰਤਰੀ: ਜਲੰਧਰ, ਲੁਧਿਆਣਾ ਦੀਆਂ ਮਊਨਿਸਪਲ ਕਮੇਟੀਆਂ ਨੇ ਹਾਈ ਕੋਰਟ ਵਿਚ ਰਿਟ ਕੀਤੀ ਹੈ ਜੋ ਹਾਈ ਕੋਰਟ ਦਾ ਫੈਸਲਾ ਹੋਵੇਗਾ ਉਸ ਨੂੰ ਸਾਹਮਣੇ ਰਖ ਕੇ ਅਗਲੀ ਕਾਰਵਾਈ ਕੀਤੀ ਜਾਵੇਗੀ।

ਸਰਦਾਰ ਸੰਤੋਖ ਸਿੰਘ ਰੰਧਾਵਾ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਗੁਰਦਾਸਪੁਰ ਅਤੇ ਪਠਾਨਕੋਟ ਦੀਆਂ ਮਿਊਨਿਸਪਲ ਕਮੇਟੀਆਂ ਨੂੰ ਤੋੜਨ ਦੇ ਪਿਛੇ ਕੋਈ ਪੁਲੀਟੀਕਲ ਮੋਟਿਵ ਤਾਂ ਨਹੀਂ। ਜੇਕਰ ਕਿਸੇ ਕਮੇਟੀ ਨੂੰ ਤੋੜਨਾ ਹੋਵੇ ਤਾਂ ਕੀ ਇਹ ਵੇਖਿਆ ਜਾਂਦਾ ਹੈ ਕਿ ਉਸਨੇ ਕਿਹੜੀਆਂ ਗਲ੍ਹਾਂ ਗਲਤ ਕੀਤੀਆਂ ਹਨ ਅਤੇ ਉਹ ਗੱਲਾਂ ਕੀ ਹਨ ?

ਰਾਜ ਮੰਤਰੀ : ਇਸ ਦੇ ਬਾਰੇ ਵਿਚ ਗਲਾਂ ਤਾਂ ਐਕਟ ਵਿਚ ਦਿਤੀਆਂ ਹੋਈਆਂ ਹਨ ਜਿਥੇ ਕੋਈ ਕਮੇਟੀ ਉਨ੍ਹਾਂ ਦਸੀਆਂ ਜ਼ਿਮੇਵਾਰੀਆਂ ਨੂੰ ਪੂਰਾ ਨਹੀਂ ਕਰਦੀ ਉਨ੍ਹਾਂ ਨੂੰ ਸ਼ੋ-ਕਾਜ਼ ਨੋਟਿਸ ਦਿਤਾ ਜਾਂਦਾ ਹੈ ਫਿਰ ਉਨ੍ਹਾਂ ਵਲੋਂ ਜਵਾਬ ਆਉਂਦਾ ਹੈ ਅਤੇ ਉਸ ਨੂੰ ਸਟਡੀ ਕਰਕੇ ਮੈਰਿਟ ਤੇ ਫੈਸਲਾ ਕੀਤਾ ਜਾਂਦਾ ਹੈ ਕਿ ਕਮੇਟੀ ਨੂੰ ਤੋੜਨਾ ਹੈ ਜਾਂ ਨਹੀਂ ।

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜੈਤੋ ਦੀ ਮਿਉਨਿਸਪਲ ਕਮੇਟੀ ਨੂੰ ਸ਼ੋ-ਕਾਜ਼ ਨੋਟਿਸ ਉਸ ਸਮੇਂ ਦਿਤਾ ਗਿਆ ਜਦ ਕਿ ਉਸ ਕਮੇਟੀ ਦਾ ਪਰਧਾਨ ਹੋਰ ਸੀ ਪਰ ਤੋੜੀ ਉਸ ਸਮੇਂ ਗਈ ਜਦ ਕਿ ਪਰਧਾਨ ਨਵਾਂ ਆ ਗਿਆ । ਇਸ ਦੇ ਕੀ ਕਾਰਨ ਹਨ । ਕਸੂਰ ਤਾਂ ਪਹਿਲੀ ਕਮੇਟੀ ਦਾ ਸੀ ਅਤੇ ਐਕਸ਼ਨ ਦੂਜੀ ਦੇ ਖਿਲਾਫ ਲਿਆ ਗਿਆ ? ਪਹਿਲੇ ਪਰਧਾਨ ਦੀ ਟਰਮ ਆਫ ਆਫਿਸ ਖਤਮ ਹੋ ਚੁਕੀ ਸੀ ਜਿਸ ਦੇ ਅਹਿਦ ਵਿਚ ਕਿ ਮਿਸਯੂਜ਼ ਆਫ ਪਾਵਰ ਹੁੰਦੀ ਰਹੀ ਸੀ ।

ਰਾਜ ਮੰਤਰੀ : ਪਰ ਕਮੇਟੀ ਤਾਂ ਉਹੀ ਸੀ ਕੋਈ ਨਵੀਂ ਕਮੇਟੀ ਨਹੀਂ ਸੀ ਚੁਣੀ ਗਈ ।

ਸ੍ਰੀ ਮਨਮੋਹਨ ਕਾਲੀਆ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਲੰਧਰ ਮਿਉਨਿਸਪਲ ਕਮੇਟੀ ਨੂੰ ਸ਼ੋ-ਕਾਜ਼ ਨੋਟਿਸ ਦਿੱਤਾ ਗਿਆ ਅਤੇ ਜਿਹੜਾ ਕਮੇਟੀ ਵਲੋਂ ਜਵਾਬ ਆਇਆ ਕੀ ਉਸ ਦੀ ਪੜਤਾਲ ਕੀਤੀ ਗਈ ?

ਰਾਜ ਮੰਤਰੀ : ਜੀ ਹਾਂ । ਇਹ ਐਕਸ਼ਨ ਜਵਾਬ ਦੀ ਜਾਂਚ ਤੋਂ ਬਾਅਦ ਹੀ ਲਿਆ ਗਿਆ ਸੀ ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਨੇ ਕਈ ਮਿਉਨਿਸਪਲ ਕਮੇਟੀਆਂ ਨੂੰ ਸੁਪਰਸੀਡ ਕਰ ਦਿੱਤਾ ਹੈ? ਕੀ ਕੋਈ ਜ਼ਿਲਾ ਪਰੀਸ਼ਦ ਵੀ ਸੁਪਰਸੀਡ ਸਰਕਾਰ ਨੇ ਕੀਤਾ ਹੈ, ਜੇਕਰ ਨਹੀਂ, ਤਾਂ ਕਿਉਂ ?

ਰਾਜ ਮੰਤਰੀ : ਇਸ ਦਾ ਇਸ ਸਵਾਲ ਦੇ ਨਾਲ ਤਾਂ ਕੋਈ ਸਬੰਧ ਨਹੀਂ ਜਾਪਦਾ ।

ਸ੍ਰੀ ਗੁਰਦਿਆਲ ਸੈਣੀ : ਕੀ ਵਜ਼ੀਰ ਸਾਹਿਬ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਇਹ ਕਮੇਟੀਆਂ ਨੂੰ ਸੁਪਰਸੀਡ ਕਰਨ ਦੀ ਨਵੀਂ ਹਵਾ ਵਡੇ ਵਡੇ ਸ਼ਹਿਰਾਂ ਵਿਚ ਹੀ ਸ਼ੁਰੂ ਇਸ ਲਈ ਕੀਤੀ ਗਈ ਹੈ ਕਿ ਸ਼ਹਿਰਾਂ ਵਿਚ ਅਕਾਲੀਆਂ ਦਾ ਜ਼ੋਰ ਨਹੀਂ ਅਤੇ ਇਸ ਤਰ੍ਹਾਂ ਸਰਕਾਰ ਨੂੰ ਪ੍ਰੈਸ਼ਰਾਇਜ਼ ਕਰਕੇ ਅਜੇਹੀਆਂ ਕਮੇਟੀਆਂ ਨੂੰ ਤੋੜਿਆ ਜਾ ਰਿਹਾ ਹੈ ?

ਰਾਜ ਮੰਤਰੀ : ਨਹੀਂ ਜੀ ਐਸੀ ਕੋਈ ਗੱਲ ਨਹੀਂ । ਬਦਕਿਸਮਤੀ ਇਹ ਹੈ ਕਿ ਇਹ ਕਮੇਟੀਆਂ ਬਹੁਤ ਪੁਰਾਣੀਆਂ ਚਲੀਆਂ ਆ ਰਹੀਆਂ ਸਨ ਅਤੇ ਇਨ੍ਹਾਂ ਵਿਚ ਕਈ ਤਰ੍ਹਾਂ ਦੀਆਂ ਖਰਾਬੀਆਂ ਆ ਗਈਆਂ ਸਨ ਇਨ੍ਹਾਂ ਨੂੰ ਆਪਣਾ ਕੰਮ ਸੁਧਾਰਨ ਦਾ ਕਾਫੀ ਮੌਕਾ ਦਿਤਾ ਗਿਆ ਅਤੇ ਫਿਰ ਪੂਰੀ ਜਾਂਚ ਤੋਂ ਬਾਦ ਹੀ ਇਨ੍ਹਾਂ ਨੂੰ ਸੁਪਰਸੀਡ ਕੀਤਾ ਗਿਆ ਹੈ । ਇਸ ਬਿਨਾ ਤੇ ਨਹੀਂ ਕਿ ਕਿਸੇ ਦਾ ਅਕਾਲੀ ਪਾਰਟੀ ਨਾਲ ਸਬੰਧ ਹੈ ਜਾਂ ਜਨ ਸੰਘ ਨਾਲ । (ਵਿਘਨ)

SALE OF PLOTS BY IMPROVEMENT TRUST, JULLUNDUR.

*2330 **Sardar Sarup Singh:** Will the Minister of State for Medical Education and Local Government be pleased to state :

(a) the names of the persons/firms to whom plots have been sold by the Jullundur Improvement Trust in the 24 Acre Scheme near Civil Hospital, Jullundur, up to 31st December, 1970, together with the sale price per marla and the area of plots in each case ;

(b) the number of plots reserved for the Members of Scheduled Castes and Backward Classes in the said scheme together with the rate per marla of such reserved plots ?

ਸਰਦਾਰ ਰਵੇਲ ਸਿੰਘ : (ਏ) ਲੋੜੀਂਦੀ ਸੂਚਨਾ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ ।

(ਬੀ) ਹਾਲੀ ਤੀਕ ਕੋਈ ਪਲਾਟ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਰਾਖਵਾਂ ਨਹੀਂ ਕੀਤਾ ਗਿਆ ਕਿਉਂਕਿ ਲੈਂਡ ਡਿਸਪੋਜ਼ਲ ਨਾਲ ਰੂਲਾਂ ਵਿਚ ਹਾਲੀ ਤੀਕ ਇਸ ਬਾਰੇ ਤਰਮੀਮ ਨਹੀਂ ਹੋਈ । ਇਸ ਸਕੀਮ ਅਧੀਨ ਟਰੱਸਟ ਨੇ ਰਾਖਵੇਂ ਪਲਾਟਾਂ ਦੀ ਪਰਸੈਂਟੇਜ ਅਤੇ ਫੀ ਮਰਲਾ ਕੀਮਤ ਨਿਸਚਿਤ ਨਹੀਂ ਕੀਤੀ ।

ANNEXURE—1

List of persons/firms whom plots have been allotted by the Improvement Trust Jullundur in its 84 acre scheme near Civil Hospital Jullundur.

Sr. No.	Name of allottee	Sale price per marla	Area of each plot		
			Kanal	Marla	S. Ft.
1.	Employees State	Rs. 230	6	16	0
	Insurance Hospital	Rs. 130	31	1	0
		Rs. 75	77	0	0
2.	Ohri Maternity Hospital	Rs. 701	35	6	108
3.	Ear, Nose & Throat Clinic	Rs. 701	10	7	81
4.	Shri Gurdass Mall	Rs. 701	3	0	0
5.	Shri Baldev Raj Verma	Rs. 701	3	0	0
6.	Smt. Pushpa Wanti Gujral	Rs. 701	2	10	0

ਸਰਦਾਰ ਸਰੂਪ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਨੇ ਆਪਣੇ ਜਵਾਬ ਵਿਚ ਜਿਹੜੀ ਲਿਸਟ ਦਿੱਤੀ ਹੈ ਉਸ ਦੇ ਨੰਬਰ 2 ਤੇ ਲਿਖਿਆ ਹੈ ਕਿ ਓਹਰੀ ਮੈਟਰਨਿਟੀ ਹਸਪਤਾਲ ਅਤੇ ਨੰਬਰ 3 ਤੇ ਲਿਖਿਆ ਹੈ ਈਅਰ ਨੋਜ਼ ਥਰੋਟ ਕਲਿਨਿਕ ਇਸ ਵਿਚ ਪਹਿਲੇ ਨੂੰ 35 ਕਨਾਲ 6 ਮਰਲੇ ਅਤੇ ਦੂਜੇ ਨੂੰ 10 ਕਨਾਲ 7 ਮਰਲੇ ਜ਼ਮੀਨ ਅਲਾਟ ਕੀਤੀ ਗਈ ਜਦ ਕਿ ਪਹਿਲਾਂ ਕਈ ਸਕੀਮਾਂ ਦਾ ਡਾਕਟਰਾਂ ਨੇ ਐਪਲਾਈ ਕੀਤਾ ਸੀ ਪਰ ਇਮਪਰੂਵਮੈਂਟ ਟ੍ਰਸਟ ਨੇ ਉਨ੍ਹਾਂ ਨੂੰ ਕੋਈ ਪਲਾਟ ਅਲਾਟ ਨਹੀਂ ਸੀ ਕੀਤਾ ਤੇ ਹੁਣ ਇਕ ਅਜੇਹੇ ਹਸਪਤਾਲ ਨੂੰ ਪਲਾਟ ਅਲਾਟ ਕੀਤਾ ਗਿਆ ਹੈ ਜਿਥੇ ਕਿ ਇਕ ਬੱਚੇ ਦੀ ਪੈਦਾਇਸ਼ ਲਈ 1,000 ਰੁਪਿਆ ਲਿਆ ਜਾਂਦਾ ਹੈ। ਕੀ ਇਸ ਵਿਚ ਇਸ ਪਾਰਟੀ ਨਾਲ ਮਿਲਕੇ ਵੀ ਉਸ ਨੇ ਗਬਨ ਨਹੀਂ ਕੀਤਾ, ਅਤੇ ਜੇਕਰ ਕੀਤਾ ਹੈ, ਤਾਂ ਕੀ ਇਹ ਸਰਕਾਰ ਇਸ ਗਲ ਦੀ ਪੜਤਾਲ ਕਰਾਵੇਗੀ ਕਿ ਕਿਨ੍ਹਾਂ ਹਾਲਾਤ ਵਿਚ ਇਹ ਜ਼ਮੀਨਾਂ ਇਨ੍ਹਾਂ ਦੋਹਾਂ ਨੂੰ ਅਲਾਟ ਕੀਤੀਆਂ ਗਈਆਂ । ਕੀ ਇਹ ਹਕੀਕਤ ਨਹੀਂ ਕਿ ਇਨ੍ਹਾਂ ਦੋਹਾਂ ਕੇਸਾਂ ਵਿਚ ਉਥੇ ਦੇ ਈ. ਓ. ਨੇ ਰੁਪਿਆ ਲੁਟ ਕੇ ਖਾਦਾ ਹੈ ? (ਵਿਘਨ)

ਕਾਮਰੇਡ ਸਤਪਾਲ ਡਾਂਗ: ਇਹ ਸਵਾਲ ਹੈ ਜਾਂ ਤਕਰੀਰ ? (ਹਾਸਾ)

ਰਾਜ ਮੰਤਰੀ : ਇਸ ਕੇਸ ਦੀ ਪੜਤਾਲ ਕਰਾਈ ਜਾ ਰਹੀ ਹੈ। ਤਿੰਨ ਟ੍ਰਸਟੀਆਂ ਦੇ ਨਾਵਾਂ ਤੇ ਅਲਾਟਮੈਂਟ ਨੂੰ ਗੌਰਮੈਂਟ ਨੇ ਕੈਂਸਲ ਕਰ ਦਿੱਤਾ ਹੈ।

ਸਰਦਾਰ ਸਰੂਪ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੇ ਹਰੀਜਨ ਜਾਂ ਦੂਜੀਆਂ ਪਛੜੀਆਂ ਸ਼ਰੇਣੀਆਂ ਹਨ ਉਨ੍ਹਾਂ ਨੂੰ ਕਿਉਂ ਕੋਈ ਪਲਾਟ ਅਲਾਟ ਨਹੀਂ ਕੀਤਾ ਗਿਆ ਜਦ ਕਿ 20 ਪ੍ਰਤੀਸ਼ਤ ਤਕ ਉਨ੍ਹਾਂ ਲਈ ਪਲਾਟ ਰੀਜ਼ਰਵ ਕਰਨੇ ਸਨ ਅਤੇ ਮੋਟੀਆਂ ਅਸਾਮੀਆਂ ਨੂੰ ਕਿਉਂ ਅਲਾਟ ਕਰ ਦਿਤੇ ਗਏ। ਹਰੀਜਨ ਵੀ ਇਸੇ ਰੇਟ ਤੇ ਜ਼ਮੀਨ ਲੈਣ ਨੂੰ ਤਿਆਰ ਸਨ ਤਾਂ ਕੀ ਕਾਰਨ ਹੈ ਕਿ ਉਨ੍ਹਾਂ ਨੂੰ ਪਲਾਟ ਅਲਾਟ ਨਹੀਂ ਕੀਤੇ ਗਏ ?

ਰਾਜ ਮੰਤਰੀ : ਅਸੀਂ ਸਾਰੇ ਇੰਮਪਰੂਵਮੈਂਟ ਟ੍ਰਸਟਾਂ ਨੂੰ ਸਰਕਲਰ ਜਾਰੀ ਕਰ ਦਿਤੇ ਹਨ ਕਿ ਪਛੜੀਆਂ ਸ਼ਰੇਣੀਆਂ ਲਈ ਪਾਲਟ ਰਾਖਵੇਂ ਕਰਨ ਲਈ ਲੈਂਡ ਡਿਸਪੋਜ਼ਲ ਰੂਲਾਂ ਵਿਚ ਤਰਮੀਮ ਕਰ ਦੇਣ। ਆਸ ਹੈ ਛੇਤੀ ਹੀ ਇਹ ਕਾਰਵਾਈ ਕਰ ਦਿੱਤੀ ਜਾਵੇਗੀ।

ਸਰਦਾਰ ਗੁਰਬੰਤਾ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਦੋ ਹਸਪਤਾਲਾਂ ਵਾਸਤੇ ਇੰਮਪਰੂਵਮੈਂਟ ਨੇ ਜ਼ਮੀਨ ਰੀਜ਼ਰਵ ਕਰ ਦਿੱਤੀ ਹੈ ਪਰ ਹਰੀਜਨ ਸਕੂਲ ਦੀ ਮੈਨੇਜਿੰਗ ਕਮੇਟੀ ਨੇ ਇਕ ਮਾਡਲ ਸਕੂਲ ਲਈ ਪਲਾਟ ਦੀ ਅਲਾਟਮੈਂਟ ਲਈ ਐਪਲਾਈ ਕੀਤਾ ਸੀ ਤਾਂ ਉਸ ਲਈ ਜ਼ਮੀਨ ਕਿਉਂ ਨਹੀਂ ਰੀਜ਼ਰਵ ਕੀਤੀ ਗਈ ਇਸ ਕਰਕੇ ਕਿ ਉਹ ਹਰੀਜਨ ਸਨ ?

ਰਾਜ ਮੰਤਰੀ : ਇਸ ਲਈ ਤਾਂ ਸਪੀਕਰ ਸਾਹਿਬ ਨੋਟਿਸ ਚਾਹੀਦਾ ਹੈ।

ਸਰਦਾਰ ਉਮਰਾਓ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਜਲੰਧਰ ਇੰਮਪਰੂਵਮੈਂਟ ਟ੍ਰਸਟ ਦੇ ਬਾਰੇ ਵਿਚ ਬਹੁਤ ਸਾਰੀਆਂ ਸ਼ਿਕਾਇਤਾਂ ਆਈਆਂ ਹਨ ਕੀ ਸਰਕਾਰ ਉਨ੍ਹਾਂ ਦੀ ਪੜਤਾਲ ਲਈ ਕੋਈ ਇਨਕੁਆਇਰੀ ਅਫਸਰ ਜਾਂ ਕੋਈ ਕਮਿਸ਼ਨ ਮੁਕਰੱਰ ਕਰੇਗੀ ? (ਵਿਘਨ)

ਸਰਦਾਰ ਸਰੂਪ ਸਿੰਘ : ਇਸ ਵਿਚ ਤਾਂ 50 ਲੱਖ ਰੁਪਏ ਦਾ ਗਬਨ ਹੋਇਆ ਹੈ। (ਵਿਘਨ)

ਰਾਜ ਮੰਤਰੀ : ਇਸ ਸਬੰਧ ਵਿਚ ਇਨਕੁਆਇਰੀ ਕਰਾਈ ਜਾਵੇਗੀ।

ਸ੍ਰੀ ਮਨਮੋਹਨ ਕਾਲੀਆ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਜਿਹੜੇ ਦੋ ਪਲਾਟ ਓਹਰੀ ਮੈਟਰਨਿਟੀ ਹਸਪਤਾਲ ਅਤੇ ਈਅਰ ਨੋਜ਼ ਐਂਡ ਥਰੋਟ ਕਲਿਨਿਕ ਨੂੰ ਦਿਤੇ ਗਏ ਹਨ ਇਨ੍ਹਾਂ ਨੂੰ ਕੀ ਕੀ ਰਿਆਇਤਾਂ ਦਿਤੀਆਂ ਗਈਆਂ ਹਨ ? ਕੀ ਕੀਮਤ ਘਟ ਲਈ ਗਈ ਹੈ ਜਾਂ ਮੁਫਤ ਪਲਾਟ ਅਲਾਟ ਕੀਤੇ ਗਏ ਹਨ ?

ਰਾਜ ਮੰਤਰੀ : ਇਨ੍ਹਾਂ ਨੂੰ ਪਲਾਟ ਕਾਸਟ ਪਰਾਇਸ ਤੇ ਦਿੱਤੇ ਗਏ ਹਨ। ਇਮਪਰੂਵਮੈਂਟ ਟ੍ਰਸਟ ਦਾ ਖਰਚਾ ਲਾ ਕੇ ਪਲਾਟ ਦਿਤੇ ਗਏ ਹਨ। (ਵਿਘਨ)

(ਇਸ ਸਮੇਂ ਕੁਝ ਮਾਨਯੋਗ ਮੈਂਬਰ ਸਪਲੀਮੈਂਟਰੀ ਕਰਨ ਲਈ ਖੜੇ ਹੋ ਗਏ ਇਨ੍ਹਾਂ ਵਿਚ ਸਰਦਾਰ ਸਰੂਪ ਸਿੰਘ ਅਤੇ ਸਾਥੀ ਰੂਪ ਲਾਲ ਵੀ ਸਨ)।

ਸ਼੍ਰੀ ਸਪੀਕਰ : ਸਰਦਾਰ ਸਰੂਪ ਸਿੰਘ : (ਵਿਘਨ)

ਸਾਥੀ ਰੂਪ ਲਾਲ : ਸਪੀਕਰ ਸਾਹਿਬ ਮੈਂ ਕਿਨੀ ਵੇਰ ਸਪਲੀਮੈਂਟਰੀ ਕਰਨ ਲਈ ਖੜਾ ਹੋਇਆ ਹਾਂ, ਪਰ ਮੈਨੂੰ ਛੋਟਾ ਬੰਦਾ ਜਾਣ ਕੇ ਸਵਾਲ ਪੁਛਣ ਨਹੀਂ ਦਿਤਾ ਜਾਂਦਾ। ਜੇਕਰ ਕਹੋ ਤਾਂ ਮੈਂ ਹਾਊਸ ਤੋਂ ਬਾਹਰ ਚਲਿਆ ਜਾਂਦਾ ਹਾਂ। (ਵਿਘਨ)

ਸ਼੍ਰੀ ਸਪੀਕਰ : ਇਹ ਸਵਾਲ ਤਾਂ ਜਲੰਧਰ ਇਮਪਰੂਵਮੈਂਟ ਟ੍ਰਸਟ ਦਾ ਹੈ ਅਤੇ ਜਲੰਧਰ ਦੇ ਮਾਨਯੋਗ ਮੈਂਬਰਾਂ ਨੂੰ ਮੌਕਾ ਦਿੱਤਾ ਗਿਆ ਹੈ, ਸਪਲੀਮੈਂਟਰੀ ਕਰਨ ਦਾ। ਤੁਸੀਂ ਤਸ਼ਰੀਫ਼ ਰਖੋ। (ਵਿਘਨ) (This question relates to Jullundur Improvement Trust and the hon. Members from that place have been allowed to put supplementaries. The hon. Member may please resume his seat.)

ਸਰਦਾਰ ਸਰੂਪ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਿਹੜੀ ਓਹਰੀ ਮੈਟਰਨਿਟੀ ਹਸਪਤਾਲ ਨੂੰ ਥਾਂ ਦਿੱਤੀ ਗਈ ਹੈ ਇਹ ਉਚੀ ਜਗਾਹ ਹੈ ਅਤੇ ਬਾਕੀ ਥਾਵਾਂ ਤੇ 10 ਫੁਟ ਤਕ ਭਰਨੀ ਪੈਂਦੀ ਹੈ ਜਿਨ੍ਹਾਂ ਦੀਆਂ ਨੀਂਹਾਂ ਭਰਨ ਤੇ ਵੀ ਬਹੁਤ ਖ਼ਰਚ ਆਵੇਗਾ, ਕੀ ਇਹ ਇਨ੍ਹਾਂ ਨਾਲ ਸਰਕਾਰ ਵਲੋਂ ਰਿਆਇਤ ਨਹੀਂ ਕੀਤੀ ਗਈ ?

ਰਾਜ ਮੰਤਰੀ : ਇਸ ਗਲ ਦੀ ਵੀ ਪੜਤਾਲ ਕਰਵਾ ਲਈ ਜਾਵੇਗੀ।

ਸਾਥੀ ਰੂਪ ਲਾਲ : ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਇਕ ਆਦਮੀ ਨੂੰ ਜਿਸ ਨੂੰ ਕਿ 35 ਕਨਾਲ ਜਗ੍ਹਾ ਅਲਾਟ ਹੋਈ ਹੈ, ਇਹ ਕੋਈ ਅਦਾਰਾ ਹੈ ਜਾਂ ਕੋਈ ਕੰਪਨੀ ਹੈ ? ਕੀ ਕਿਤੇ ਇਹ ਗੱਲ ਤਾਂ ਨਹੀਂ ਕਿ ਈ. ਓ. ਜਿਹੜਾ ਹੈ, ਉਹ ਜਨਸੰਘੀ ਹੈ ਅਤੇ ਉਹ ਅਕਾਲੀ ਸਰਕਾਰ ਨੂੰ ਬਦਨਾਮ ਕਰਨ ਲਈ ਇਸ ਤਰ੍ਹਾਂ ਦੀ ਕਾਰਵਾਈ ਕਰ ਰਿਹਾ ਹੈ ?

ਰਾਜ ਮੰਤਰੀ : ਇਸ ਮੁਆਮਲੇ ਤੇ ਪੜਤਾਲ ਕਰਵਾਈ ਜਾ ਰਹੀ ਹੈ।

ਸਰਦਾਰ ਉਮਰਾਓ ਸਿੰਘ : ਇਹ ਪੜਤਾਲ ਕਦੋਂ ਤਕ ਮੁਕੰਮਲ ਹੋ ਜਾਵੇਗੀ ?

ਰਾਜ ਮੰਤਰੀ : ਇਹ ਬਹੁਤ ਛੇਤੀ ਹੀ ਹੋ ਜਾਵੇਗੀ।

ਸ਼੍ਰੀ ਗੁਰਦਿਆਲ ਸੈਣੀ : ਮੰਤਰੀ ਮਹੋਦਯ ਨੇ ਦਸਿਆ ਹੈ ਕਿ ਇਹ ਅਲਾਟਮੈਂਟ 3 ਤਰ੍ਹਾਂ ਦੇ ਲੋਕਾਂ ਨੂੰ ਨਹੀਂ ਹੋ ਸਕੀ ....(ਸ਼ੋਰ)

ਰਾਜ ਮੰਤਰੀ : ਇਹ ਜਿਹੜੇ ਵੀ ਟਰਸਟੀ ਸਨ ਉਨ੍ਹਾਂ ਨੂੰ ਨਹੀਂ ਹੋ ਸਕੀ।

ਸਰਦਾਰ ਸਰੂਪ ਸਿੰਘ : ਕੀ ਮੰਤਰੀ ਜੀ ਦੱਸਣਗੇ ਕਿ ਜਿਹੜੀ ਜਗ੍ਹਾ ਈਅਰ, ਨੋਜ਼ ਅਤੇ ਆਈ ਕਲਿਨਿਕ ਨੂੰ ਦਿੱਤੀ ਗਈ ਹੈ ਇਹ ਕੋਈ ਇਮਪਰੂਵਮੈਂਟ ਟਰਸਟ ਹਨ ਜਾਂ ਕਿਸੇ ਇੰਡੀਵਿਜੁਅਲ ਦੇ ਅਦਾਰੇ ਹਨ ?

ਰਾਜ ਮੰਤਰੀ : ਇਹ ਕਿਸੇ ਇੰਡੀਵਿਜੁਅਲ ਦਾ ਜਾਪਦਾ ਹੈ। ਪੱਕੀ ਤਰ੍ਹਾਂ ਨਹੀਂ ਕਿਹਾ ਜਾ ਸਕਦਾ। ਪੜਤਾਲ ਕਰਕੇ ਦੱਸਿਆ ਜਾ ਸਕਦਾ ਹੈ।

ਸਰਦਾਰ ਗੁਰਬੰਤਾ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਹੁਣ ਵਜ਼ੀਰ ਸਾਹਿਬ ਇਥੇ ਕੋਈ ਜਗ੍ਹਾ ਹਰੀਜਨਾਂ ਦੇ ਸਕੂਲ ਵਾਸਤੇ ਅਲਾਟ ਕਰਨ ਲਈ, ਇੰਮਪਰੂਵਮੈਂਟ ਟਰਸਟ ਨੂੰ ਕੋਈ ਸੁਜੈਸ਼ਨ ਦੇਣਗੇ ?

ਰਾਜ ਮੰਤਰੀ : ਜ਼ਰੂਰ ਯਤਨ ਕੀਤਾ ਜਾਵੇਗਾ।

ਚੌਧਰੀ ਰਾਮ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਿਹੜੇ ਇਲਜ਼ਾਮ ਸਰਦਾਰ ਸਰੂਪ ਸਿੰਘ ਨੇ ਇੰਪਰੂਵਮੈਂਟ ਟਰਸਟ ਤੇ ਲਗਾਏ ਹਨ, ਕੀ ਸਰਕਾਰ ਉਨ੍ਹਾਂ ਦੀ ਵਿਜੀਲੈਂਸ ਡੀਪਾਰਟਮੈਂਟ ਰਾਹੀਂ ਇਨਕੁਆਇਰੀ ਕਰਵਾਏਗੀ ?

ਰਾਜ ਮੰਤਰੀ : ਮੇਰਾ ਖਿਆਲ ਹੈ ਇਹ ਇਨਕੁਆਇਰੀ ਵਿਜੀਲੈਂਸ ਡਿਪਾਰਟਮੈਂਟ ਵਲੋਂ ਹੋ ਰਹੀ ਹੈ, ਪਰ ਮੈਂ ਡੈਫੀਨਿਟ ਨਹੀਂ, ਇਨਕੁਆਇਰੀ ਜ਼ਰੂਰ ਹੋ ਰਹੀ ਹੈ।

ਸਰਦਾਰ ਸਰੂਪ ਸਿੰਘ : ਕੀ ਸਰਕਾਰ 5 ਅਤੇ 10 ਮਰਲੇ ਦੇ ਜਿਹੜੇ ਪਲਾਟ ਹਨ ਉਹ ਹਰੀਜਨਾਂ ਨੂੰ ਰਾਖਵੇਂ ਕਰਕੇ ਅਲਾਟ ਕੀਤੇ ਜਾਣਗੇ ?

ਰਾਜ ਮੰਤਰੀ : ਅਲਾਟਮੈਂਟ ਵਾਸਤੇ ਇਮਪਰੂਵਮੈਂਟ ਟਰਸਟ ਨੂੰ ਸਰਕੂਲਰ ਜਾਰੀ ਹੋ ਚੁੱਕਾ ਹੈ।

ਭਗਤ ਗੁਰਾਂ ਦਾਸ ਹੰਸ : ਜੇਕਰ ਤੁਸੀਂ ਵਜ਼ੀਰ ਸਾਹਿਬ ਫਰਾਖਦਿਲੀ ਵਿਖਾਓ ਤਾਂ ਹਰੀਜਨਾਂ ਨੂੰ ਕਾਫੀ ਜ਼ਮੀਨ ਮਿਲ ਸਕਦੀ ਹੈ, ਕੀ ਸਰਕਾਰ ਕੋਈ ਇਸ ਤਰ੍ਹਾਂ ਦੀਆਂ ਇਨਸਟਰੱਕਸ਼ਨਜ਼ ਉਨ੍ਹਾਂ ਨੂੰ ਦੇਵੇਗੀ ?

ਰਾਜ ਮੰਤਰੀ : ਇਹ ਸਾਰਾ ਕੁਝ ਇੰਮਪਰੂਵਮੈਂਟ ਟਰਸਟ ਨੇ ਹੀ ਕਰਨਾ ਹੈ। ਇਹ ਪਹਿਲੀ ਦਫਾ ਹੈ ਕਿ ਇਸ ਤਰ੍ਹਾਂ ਦਾ ਸਰਕੂਲਰ ਸਰਕਾਰ ਵੱਲੋਂ ਜਾਰੀ ਹੋਇਆ ਹੈ (ਤਾੜੀਆਂ) ਜਿਤਨਾ ਵੀ ਸਰਕਾਰ ਵਧ ਤੋਂ ਵਧ ਯਤਨ ਕਰ ਸਕਦੀ ਹੈ, ਉਹ ਕੀਤਾ ਹੈ।

ਸਰਦਾਰ ਸੰਤੋਖ ਸਿੰਘ ਰੰਧਾਵਾ : ਸਪੀਕਰ ਸਾਹਿਬ, ਇਸ ਕੁਐਸਚਨ ਵਿਚ ਤੁਸੀਂ 10 ਸਪਲੀ-ਮੈਂਟਰੀ ਅਲਾਉ ਕਰ ਦਿਤੇ ਹਨ ਪਰ ਸਾਨੂੰ ਤਾਂ ਤੁਸੀਂ 3 ਜਾਂ ਚਾਰ ਤੋਂ ਵਧ ਨਹੀਂ ਕਰਨ ਦਿੰਦੇ। ਇਸ ਤਰ੍ਹਾਂ ਅਗਲੇ ਸਵਾਲ ਰਹਿ ਜਾਣਗੇ।

ਸ੍ਰੀ ਸਪੀਕਰ : ਇਹ ਲਿਮਟ ਜੇ ਤੁਸੀਂ ਹੀ ਕਰ ਲਵੋ ਤਾਂ ਕਿਸੇ ਨੂੰ ਕੋਈ ਤਕਲੀਫ ਹੋਵੇ ਹੀ ਨਾ। (I don't think that there would be any trouble if hon'ble Member confines to this limit himself.)

ਸਰਦਾਰ ਸੰਤੋਖ ਸਿੰਘ ਰੰਧਾਵਾ : ਸਪੀਕਰ ਸਾਹਿਬ, ਜੇ ਤੁਸੀਂ ਵਾਧੂ ਸਪਲੀਮੈਂਟਰੀ ਕਰਨ ਦੀ ਇਜਾਜ਼ਤ ਨਾਂ ਹੀ ਦੇਓ ਤਾਂ ਲਿਮਟ ਆਪਣੇ ਆਪ ਕਾਇਮ ਰਹਿ ਸਕਦੀ ਹੈ।

ਸ੍ਰੀ ਸਪੀਕਰ : ਇਕ ਸਪਲੀਮੈਂਟਰੀ ਸਿਰਫ ਸ੍ਰੀ ਸਰਦਾਰੀ ਲਾਲ ਜੀ ਕਪੂਰ, ਸਾਡੇ ਬਜ਼ੁਰਗ ਮੈਂਬਰ ਕਰਨਗੇ ਹੋਰ ਅਲਾਉ ਨਹੀਂ ਕੀਤਾ ਜਾਵੇਗਾ। (Now one supplementary will be put by an old Member, Shri Sardari Lal Kapur. After that no supplementary will be allowed.)

ਸ਼੍ਰੀ ਸਰਦਾਰੀ ਲਾਲ ਕਪੂਰ : ਵਜ਼ੀਰ ਸਾਹਿਬ ਨੇ ਹੁਣੇ ਦਸਿਆ ਹੈ ਕਿ ਜਲੰਧਰ ਇਮਪਰੂਵਮੈਂਟ ਟਰਸਟ ਦੇ ਖਿਲਾਫ ਇਨਕੁਆਇਰੀ ਕਰਵਾਈ ਜਾਵੇਗੀ। ਮੈਂ ਮਨਿਸਟਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੇ ਹਾਲਾਤ ਜੇ ਹੋਰ ਇਮਪਰੂਵਮੈਂਟ ਟਰਸਟਾਂ ਦੇ ਹੋਣ ਤਾਂ ਕੀ ਸਰਕਾਰ ਉਨ੍ਹਾਂ ਦੀ ਵੀ ਇਨਕੁਆਇਰੀ ਕਰਾਉਣ ਦੇ ਵਾਸਤੇ ਤਿਆਰ ਹੈ ?

ਰਾਜ ਮੰਤਰੀ : ਇਹ ਤੁਹਾਡਾ ਇਕ ਜਨਰਲ ਜੇਹਾ ਕੁਐਸਚਨ ਹੈ। ਜੇ ਕੋਈ ਸਪੇਸੇਫਿਕ ਕੇਸ ਗਵਰਨਮੈਂਟ ਦੇ ਨੋਟਿਸ ਵਿਚ ਲਿਆਉਗੇ ਤਾਂ ਜ਼ਰੂਰ ਇਨਕੁਆਰੀ ਕਰਵਾ ਲਵਾਂਗੇ।

THE ELECTRICITY CHARGES IN RESPECT OF THE RESIDENCES OF MINISTERS

***2359. Comrade Babu Singh Master**: Will the Chief Minister be pleased to state the amount of electricity charges bills in respect of the official residences of each of the Ministers during the period from July, 1970 to 15th January, 1971?

Sardar Parkash Singh Badal: The required information is laid on the table of the House.

[ਲੋੜੀਂਦੀ ਸੂਚਨਾ ਸਭਾ ਦੇ ਸਾਹਮਣੇ ਪੇਸ਼ ਹੈ।]

Statement showing the amount of electricity charges bills in respect of the official residences of each of the Ministers during the period from July, 1970 to 15th January, 1971

Sr. No.	Name of the Minister	Electricity charges for the period from July, 1970 to December, 1970. (The electricity charges bills for the month of January, 1971 not received from Electricity Department, Chandigarh). (Rs.)
1	2	3
1.	Sardar Parkash Singh Badal, Chief Minister ..	1,418.36
2.	Sardar Sohan Singh Bassi, Minister ..	568.90
3.	Sardar Balwant Singh —do— ..	432.41
4.	Sardar Surjit Singh —do— ..	649.49
5.	Dr. Bhagat Singh —do— ..	654.27
6.	Shri Radha Krishan —do— ..	611.31
7.	Sardar Atma Singh —do— ..	73.21
8.	Sardar Tara Singh Lyallpuri, Minister of State ..	475.46
9.	Sardar Mohan Singh Tur Ditto ..	372.53

1	2		3
10.	Sardar Jagdev Singh	Minister of State ..	341.92
11.	Sardar Satnam Singh Bajwa	Ditto ..	325.55
12.	Sardar Randhir Singh Cheema	Ditto ..	266.74
13.	Raja Narinder Singh	Ditto ..	700.81
14.	Sardar Gurmit Singh	Ditto ..	235.80
15.	Sardar Tarlochan Singh Riasti	Ditto ..	560.83
16.	Sardar Jasdev Singh Sandhu	Ditto ..	326.21
17.	Bawa Harnam Singh	Ditto ..	473.02
18.	Sardar Teja Singh	Ditto ..	301.46
19.	Sardar Sarjit Singh	Ditto ..	233.23
20.	Sardar Ravel Singh	Ditto ..	(Bills not received as yet)
21.	Sardar Devinder Singh Bajwa	Deputy Minister ..	136.62
22.	Sardar Kartar Singh Vaid	Ditto ..	186.21
23.	Sardar Karam Singh Jagirdar	Ditto ..	97.20
24.	Sardar Basant Singh Khalsa,	Parliamentary Secretary ..	38.37
25.	Sardar Balbir Singh Banur	Ditto ..	225.06 (Bills for October and November, 1970 are awaited).
26.	Sardar Manjinder Singh Behla	Ditto ..	262.49
27.	Sardar Pritam Singh Samana	Ditto ..	45.66

CASES AGAINST GOVERNMENT EMPLOYEES WHO PARTICIPATED IN STRIKE ON 16TH DECEMBER, 1970

*2353. 1. Comrade Babu Singh Master } Will the Chief Minister
2. Comrade Satya Pal Dang }
be pleased to state—

(a) the total number of cases giving the names of the accused in each case registered by the Government against the State Government employees in connection with their one-day strike held on 16th December, 1970 together with the number of cases out of these which have been withdrawn as also of those which have not been withdrawn giving the total number and names of employees involved in both the categories;

(b) the total number of employees involved in the said strike;

(c) the reasons for which the cases referred to in para (a) above have not been withdrawn?

WRITTEN ANSWERS TO STARRED QUESTIONS LAID ON THE TABLE OF THE HOUSE UNDER RULE 45

STRENGTH OF POLICE FORCE IN LUDHIANA DISTRICT

*2122. **Shri Sardari Lal Kapur**: Will the Chief Minister be pleased to state—

(a) the strength of Police force in Ludhiana District, from S. P. to Constable, as on 15th August, 1947 ;

(b) the strength of Police force in the said district, from S. P. to Constable, at present ;

(c) whether the present strength of the Police force in Ludhiana District is adequate, keeping in view the increase in population ;

(d) whether the I.G. Police has recommended to the Government for the increase of Police force in the said district ; if so, the action taken in the matter ?

Sardar Parkash Singh Badal: (a) and (b) Statement "A" is laid on the table.

(c) The strength of Police for various Districts and particular places is sanctioned on a uniform basis for the whole of the State. The needs of cities and particular places for additional force ar examined from time to time. The increase in force is sanctioned to the extent the financial resources of the State permit.

(d) Yes. Some increase has been sanctioned.

[(ਏ) ਅਤੇ (ਬੀ) ਵੇਰਵਾ ਪੱਤਰ "ਏ" ਪੇਸ਼ ਹੈ ।

(ਸੀ) ਜ਼ਿਲਿਆਂ ਅਤੇ ਖਾਸ ਇਲਾਕੇ ਵਾਸਤੇ ਪੁਲਿਸ ਦੀ ਨਫਰੀ ਸਾਰੇ ਰਾਜ ਵਿਚ ਇਕਸਾਰ ਅਧਾਰ ਤੇ ਮੰਜ਼ੂਰ ਕੀਤੀ ਜਾਂਦੀ ਹੈ । ਸ਼ਹਿਰਾਂ ਅਤੇ ਹੋਰ ਖਾਸ ਇਲਾਕੇ ਵਾਸਤੇ ਵਾਧੂ ਫੋਰਸ ਦੀ ਜ਼ਰੂਰਤ ਸਮੇਂ ਸਮੇਂ ਵਿਚਾਰੀ ਜਾਂਦੀ ਹੈ । ਪੁਲਿਸ ਫੋਜ ਵਿਚ ਵਾਧਾ ਉਸ ਹੱਦ ਤੱਕ ਮੰਜ਼ੂਰ ਕੀਤਾ ਜਾਂਦਾ ਹੈ ਜਿਸ ਹੱਦ ਤੱਕ ਕਿ ਰਾਜ ਦੇ ਮਾਲੀ ਸਾਧਨ ਇਜਾਜ਼ਤ ਦਿੰਦੇ ਹੋਣ ।

(ਡੀ) ਜੀ ਹਾਂ । ਨਫਰੀ ਵਿਚ ਕੁਝ ਵਾਧਾ ਮੰਜ਼ੂਰ ਕੀਤਾ ਗਿਆ ਹੈ ।]

[Chief Minister]

'A

Statement showing sanctioned strength of Ludhiana district as it stood on

		16th August, 1947	31st December, 1970
Sr. Superintendent of Police	..	—	1
Superintendent of Police	..	1	1
D.S.Ps.	..	3	4
Inspectors	..	4	5
Sub Inspectors	..	29	31
Assistant Sub-Inspectors	..	43	64
Head Constables	..	97	142
Constables	..	711	1,224
Total all force	..	888	1,472

UNAUTHORISED USE OF LOUD-SPEAKERS IN THE STATE

*2123. **Shri Sardari Lal Kapur** : Will the Chief Minister be pleased to state —

(a) whether it has come to the notice of the Government that loud-speakers are still being used in towns and cities of the State inspite of the restrictions imposed by the Government on their use ;

(b) if the reply to part (a) above be in the affirmative the action the Government propose to take to stop the nuisance caused by indiscriminate use of loud-speakers which disturbs the students preparing for their annual examinations adversely affecting their studies ?

ਸਰਦਾਰ ਪਰਕਾਸ਼ ਸਿੰਘ ਬਾਦਲ : (ਏ) ਹਾਂ ਜੀ ।

(ਬੀ) ਪੰਜਾਬ ਇਨਸਟਰੂਮੈਨਟਸ (ਕੰਟਰੋਲ ਆਫ ਨਾਇਜ਼ੀਜ਼) ਐਕਟ, 1956 ਦੇ ਅਧੀਨ ਲਾਊਡ ਸਪੀਕਰਾਂ ਦੀ ਗਲਤ ਵਰਤੋਂ ਨੂੰ ਰੋਕਣ ਲਈ ਜ਼ਿਲਾ ਮੈਜਿਸਟਰੇਟਾਂ ਨੂੰ ਯੋਗ ਹਦਾਇਤਾਂ ਜਾਰੀ ਕੀਤੀਆਂ ਹਨ ।

PERSONS SHOT DEAD IN THE STATE

*2163. **Sardar Gurbanta Singh** : Will the Chief Minister be pleased to state—

(a) the total number of persons reported to have been shot dead by the Naxalites or others during the last 8 months in the State ;

Sardar Parkash Singh Badal: (a) 127 employees were arrested under section 107/150/151, Cr. P.C.

Out of the above, 22 have since been discharged by the courts, while the remaining are on bail.

The time and labour involved in collecting and compiling the information regarding the names of the accused, their parentage, addresses, etc., will not be commensurate with the benefits to be derived by the Hon'ble members from this information. The information is, however, available in various Kalandres prepared in connection with the arrests, which are public documents.

(b) The time and labour involved in collecting and compiling the required information will not be commensurate with the benefits to be derived by the Hon'ble members from this information.

[(ਏ) 127 ਕਰਮਚਾਰੀ ਜ਼ਾਬਤਾ ਫੌਜਦਾਰੀ ਦੀ ਧਾਰਾ 107/150/151 ਹੇਠ ਗ੍ਰਿਫਤਾਰ ਕੀਤੇ ਗਏ ਸਨ। ਉਪਰੋਕਤ ਵਿਚੋਂ 22 ਨੂੰ ਅਦਾਲਤਾਂ ਨੇ ਡਿਸਚਾਰਜ ਕਰ ਦਿਤਾ ਸੀ ਜਦਕਿ ਬਾਕੀ ਦੇ ਜ਼ਮਾਨਤ ਤੇ ਹਨ।

ਦੋਸ਼ੀਆਂ ਦੇ ਨਾਮ, ਪਿਤਾ ਦੇ ਨਾਮ ਅਤੇ ਪਤੇ ਆਦਿ ਬਾਰੇ ਸੂਚਨਾ ਇਕਠੀ ਕਰਨ ਤੇ ਜਿੰਨਾ ਸਮਾਂ ਅਤੇ ਲੇਬਰ ਲਗੇਗਾ ਉਹ ਉਸ ਲਾਭ ਤੋਂ ਕਿਤੇ ਜ਼ਿਆਦਾ ਹੈ ਜੋਕਿ ਆਨਰੇਬਲ ਮੈਂਬਰ ਨੂੰ ਇਸ ਸੂਚਨਾ ਤੋਂ ਪ੍ਰਾਪਤ ਹੋਵੇਗਾ। ਲੋੜੀਂਦੀ ਸੂਚਨਾ ਸਬੰਧਤ ਕਲੰਦਰਿਆਂ ਵਿਚ ਦਰਜ ਹੈ ਜੋ ਗ੍ਰਿਫਤਾਰੀਆਂ ਦੇ ਸਿਲਸਲੇ ਵਿਚ ਬਣਾਏ ਗਏ ਸਨ ਅਤੇ ਜੋ ਪਬਲਿਕ ਡਾਕੂਮੈਂਟ ਹਨ।

(ਬੀ) ਲੋੜੀਂਦੀ ਸੂਚਨਾ ਇਕੱਠੀ ਕਰਨ ਵਿਚ ਜੋ ਲੇਬਰ ਲੋੜੀਂਦੀ ਹੈ ਉਹ ਉਸ ਲਾਭ ਤੋਂ ਕਿਤੇ ਜ਼ਿਆਦਾ ਹੈ ਜੋ ਆਨਰੇਬਲ ਮੈਂਬਰ ਨੂੰ ਇਸ ਸੂਚਨਾ ਤੋਂ ਪ੍ਰਾਪਤ ਹੋਵੇਗਾ।

(ਸੀ) ਇਹ ਫ਼ੈਸਲਾ ਅਦਾਲਤਾਂ ਨੇ ਕਰਨਾ ਹੈ।]

ਕਾਮਰੇਡ ਸੱਤ ਪਾਲ ਡਾਂਗ : ਕੀ ਚੀਫ ਮਨਿਸਟਰ ਸਾਹਿਬ ਇਹ ਗੱਲ ਦਸਣਗੇ ਕਿ ਜਦੋਂ 16 ਦਸੰਬਰ ਦੀ ਇੰਮਪਲਾਈਜ਼ ਦੀ ਹੜਤਾਲ ਤੋਂ ਬਾਅਦ ਚੀਫ਼ ਮਨਿਸਟਰ ਸਾਹਿਬ ਨੇ ਐਲਾਨ ਕੀਤਾ ਸੀ ਜਾਂ ਨਹੀਂ ਕਿ ਇਨ੍ਹਾਂ ਇਮਪਲਾਈਜ਼ ਦੇ ਖਿਲਾਫ ਜਿਹੜੇ ਮੁਕੱਦਮੇ ਹਨ ਉਹ ਵਾਪਸ ਲਏ ਜਾਣਗੇ। ?

ਮੁੱਖ ਮੰਤਰੀ : ਇਸ ਤਰ੍ਹਾਂ ਦਾ ਐਲਾਨ ਮੈਂ ਕੋਈ ਨਹੀਂ ਕੀਤਾ।

ਕਾਮਰੇਡ ਸੱਤ ਪਾਲ ਡਾਂਗ : ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ ਕਿ 107/151 ਦੇ ਜਿਹੜੇ ਕੇਸਿਜ਼ ਹੋਏ ਹਨ, ਕੀ ਉਹ ਪੁਲੀਸ ਰਾਹੀਂ ਹੋਈ ਕਾਰਵਾਈ ਦਾ ਨਤੀਜਾ ਹੈ ਜਾਂ ਇਹ ਸਰਕਾਰ ਨੇ ਦਖਲ ਦਿੱਤਾ ਹੈ ? 107/151 ਦੀ ਵਰਤੋਂ ਕੀ ਮੌਜੂਦਾ ਸਰਕਾਰ ਜਾਇਜ਼ ਸਮਝਦੀ ਹੈ ਜਾਂ ਨਾਜਾਇਜ਼ ?

ਮੁੱਖ ਮੰਤਰੀ: ਇਹ ਤਾਂ ਕੇਸਿਜ਼ ਦੀ ਨੌਈਅਤ ਦੇ ਮੁਤਾਬਿਕ ਹੈ। ਜਿਸ ਤਰ੍ਹਾਂ ਲੋਕਲ ਪੁਲੀਸ ਨੇ ਠੀਕ ਸਮਝਿਆ ਉਸੇ ਤਰ੍ਹਾਂ ਐਕਸ਼ਨ ਲਿਆ।

ਕਾਮਰੇਡ ਸੱਤ ਪਾਲ ਡਾਂਗ : ਕੀ ਰਾਜ ਇਸ ਵੇਲੇ ਅਕਾਲੀ ਪਾਰਟੀ ਦਾ ਹੈ ਜਾਂ ਪੁਲੀਸ ਦਾ ਹੈ

(ਕੋਈ ਜਵਾਬ ਨਹੀਂ ਦਿੱਤਾ ਗਿਆ)

चौधरी बलबीर सिंह : स्पीकर साहिब, एक आबजर्वेशन हाईकोर्ट ने की थी कि दफा 107/151 के तहत ज़यादा अमाऊंट मांगी जाती है, जबकि कानून का मनशा ऐसा नहीं है।

ਮੁੱਖ ਮੰਤਰੀ : ਮੇਰੇ ਨੋਟਿਸ ਵਿਚ ਕੋਈ ਐਸੀ ਆਬਜ਼ਰਵੇਸ਼ਨ ਨਹੀਂ ਹੈ।

ਸ਼੍ਰੀ ਮਨਮੋਹਨ ਕਾਲੀਆ : ਕੀ ਜਦੋਂ ਫਰਸਟ ਇਨਫਾਰਮਰ ਨੇ ਰਿਪੋਰਟ ਲਾਜ ਕਰਵਾਈ, ਉਸ ਵੇਲੇ ਹੀ 107/151 ਦਾ ਕੇਸ ਦਾਇਰ ਕਰਕੇ ਅੰਦਰ ਕਰ ਦਿੱਤਾ ਗਿਆ ਜਾਂ ਬਾਅਦ ਵਿਚ ਜਦੋਂ ਡਿਊਟੀਆਂ ਤੇ ਲੋਕ ਆਏ ਫੇਰ ਪਰਚੇ ਚਾਕ ਕਰਕੇ ਉਨ੍ਹਾਂ ਦੇ ਖਿਲਾਫ 107/151 ਦੇ ਕੇਸਿਜ਼ ਦਾਇਰ ਕਰਕੇ ਗਰਿਫਤਾਰੀ ਹੋਈ। ਇਹ ਗਵਰਨਮੈਂਟ ਮਸ਼ੀਨਰੀ ਮੂਵ ਹੋਣ ਤੇ ਜਾਂ ਪੁਲੀਸ ਨੇ ਹੀ ਆਪਣੇ ਆਪ ਗਰਿਫਤਾਰੀਆਂ ਕੀਤੀਆਂ ?

ਮੁੱਖ ਮੰਤਰੀ : ਮੈਂ ਇਸ ਦੇ ਮੁਤਾਲਕ ਕੁਝ ਕਹਿ ਨਹੀਂ ਸਕਦਾ।

ਸਰਦਾਰ ਕਿਰਪਾਲ ਸਿੰਘ : ਕੀ ਸਰਕਾਰ ਇੰਪਲਾਈਜ਼ ਦੇ ਮੁਤਾਲਕ ਪਹਿਲਾਂ ਵਾਲਾ ਵਾਤਾ-ਵਰਨ ਕਰੀਏਟ ਕਰਨ ਲਈ ਤਿਆਰ ਹੈ, ਜਿਸ ਤਰ੍ਹਾਂ ਦਾ ਕਿ ਹੜ੍ਹਤਾਲ ਤੋਂ ਪਹਿਲਾਂ ਦਾ ਸੀ।

ਮੁੱਖ ਮੰਤਰੀ : ਸਰਕਾਰ ਕੋਈ ਵੀ ਕੰਮ ਵਿੰਡਿਕੇਟਿਵ ਹੋ ਕੇ ਨਹੀਂ ਕਰ ਰਹੀ। ਪਰ ਲਾਅ ਨੇ ਤਾਂ ਆਪਣਾ ਕੋਰਸ ਇਖਤਿਆਰ ਕਰਨਾ ਹੀ ਹੈ। ਸਰਕਾਰ ਇਸ ਵਿਚ ਕੀ ਕਰ ਸਕਦੀ ਹੈ ?

ਸਰਦਾਰ ਕਿਰਪਾਲ ਸਿੰਘ : ਮੈਂ ਇਹ ਪੁਛਿਆ ਸੀ ਕਿ ਸਰਕਾਰ ਪਹਿਲਾਂ ਵਾਲਾ ਵਾਤਾਵਰਨ ਬਣਾਉਣ ਦੇ ਲਈ ਤਿਆਰ ਹੈ। ਇਸ ਦਾ ਜਵਾਬ ਮੈਨੂੰ ਹਾਂ ਜਾਂ ਨਾਂ ਦੇ ਵਿਚ ਦਿੱਤਾ ਜਾਵੇ। ਮੈਂ ਹੋਰ ਕੁਝ ਨਹੀਂ ਸੁਣਨਾ।

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸਾਥੀ ਰੂਪ ਲਾਲ : ਕੀ ਚੀਫ਼ ਮਨਿਸਟਰ ਸਾਹਿਬ, 107/151 ਦੇ ਤਹਿਤ ਕੇਸ ਚਲਾਉਣ ਦੀ ਲਾਹਨਤ ਨੂੰ ਖਤਮ ਕਰਨਗੇ ਜਿਹੜੀ ਕਿ ਜਮਹੂਰੀ ਅਸੂਲਾਂ ਦੇ ਖਿਲਾਫ ਹੈ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸ਼੍ਰੀ ਗਿਆਨ ਚੰਦ ਖਰਬੰਦਾ : ਕੀ ਮੁੱਖ ਮੰਤਰੀ ਜੀ ਇਸ ਗਲ ਲਈ ਹਦਾਇਤ ਜਾਰੀ ਕਰਨਗੇ ਕਿ ਜਿਤਨੇ ਵੀ 107/151 ਰਾਹੀਂ ਜਾਂ ਹੋਰ ਢੰਗਾਂ ਦੇ ਨਾਲ ਕਿਸੇ ਕਿਸਮ ਦੇ ਕੇਸਿਜ਼ ਦਾਇਰ ਹੋਏ ਹਨ ਵਾਪਸ ਲਏ ਜਾਣ ਤਾਂ ਜੋ ਵਾਯੂ ਮੰਡਲ ਠੀਕ ਹੋ ਜਾਵੇ ?

ਮੁੱਖ ਮੰਤਰੀ : ਵਾਯੂ ਮੰਡਲ ਅਗੇ ਹੀ ਪੁਰਅਮਨ ਹੈ। ਘਬਰਾਉਣ ਦੀ ਲੋੜ ਨਹੀਂ। (ਹਾਸਾ)

Mr. Speaker: Question Hour is over. The remaining questions are deemed to have been answered under Rule 45 of the Rules of Procedure and Conduct of Business in the Punjab Legislative Assembly.

		1966	1967	1968	1969
June	..	53	39	59	54
July	..	41	48	62	55
August	..	42	42	40	61
September	..	41	45	64	74
October	..	42	53	40	47
November	..	30	37	31	37
December	..	43	38	37	40
Total	..	468	493	516	577

(b) Rapes

(ਜਬਰ ਜਨਾਹ)

		1966	1967	1968	1969
January	..	5	8	8	5
February	..	9	6	6	5
March	..	16	10	11	4
April	..	10	14	13	13
May	..	9	5	8	14
June	..	6	4	9	11
July	..	9	10	9	6
August	..	9	7	10	14
September	..	7	17	10	14
October	..	8	17	10	10
November	..	1	5	10	7
December	..	6	4	7	8
Total	..	95	107	111	111

(c) Robberies

(ਖੋਹ)

		1966	1967	1968	1969
January	..	—	4	2	2
February	..	2	3	3	—
March	..	1	3	2	1
April	..	1	1	2	—
May	..	—	—	1	2
June	..	5	1	2	2
July	..	—	3	2	3
August	..	—	2	5	1
September	..	6	2	2	2
October	..	3	2	—	1
November	..	—	—	1	1
December	..	7	1	—	3
Total	..	25	22	22	18

		1966	1967	1968	1969
(d) **Snatching of ornaments from the person of women and girls** (ਇਸਤਰੀਆਂ ਤੇ ਲੜਕੀਆਂ ਪਾਸੋਂ ਜ਼ੇਵਰ ਖੋਣੇ)					
January	..	—	—	—	—
February	..	—	—	—	1
March	..	1	1	—	1
April	..	1	—	—	1
May	..	1	—	2	1
June	..	2	—	—	1
July	..	—	—	—	3
August	..	—	—	—	2
September	..	1	2	2	3
October	..	—	—	1	2
November	..	—	—	1	—
December	..	—	1	—	—
Total	..	6	4	6	15

(e) Eve-teasing (ਇਸਤਰੀਆਂ ਨੂੰ ਛੇੜਨਾ)

		1966	1967	1968	1969
January	..	9	5	6	2
February	..	20	5	6	4
March	..	11	12	4	16
April	..	12	7	8	11
May	..	10	13	16	5
June	..	9	8	9	6
July	..	9	6	6	8
August	..	4	10	2	13
September	..	14	12	8	13
October	..	11	4	10	16
November	..	12	11	8	6
December	..	9	11	5	10
Total	..	130	104	88	110

(b) the number of cases out of those mentioned in part (a) above in which the assailants have been arrested together with the number of those in which the assailants have not yet been arrested ?

Sardar Parkash Singh Badal : (a) 108

(b) 92 cases have been registered in connection with these murders. In 83 cases accused have been arrested and in remaining 9 cases accused are being traced.

[(ੲ) 108

(ਬੀ) ਇਨ੍ਹਾਂ ਕਤਲਾਂ ਦੇ ਸਬੰਧ ਵਿਚ 92 ਕੇਸ ਦਰਜ ਹੋਏ ਹਨ । 83 ਕੇਸਾਂ ਵਿਚ ਦੋਸ਼ੀ ਪਕੜੇ ਗਏ ਹਨ ਅਤੇ ਬਾਕੀ ਦੇ 9 ਕੇਸਾਂ ਵਿਚ ਦੋਸ਼ੀਆਂ ਦੀ ਖੋਜ ਹੋ ਰਹੀ ਹੈ ।]

CASES LAUNCHED BY THE POLICE IN CONNECTION WITH LAND AGITATION

*2238. **Comrade Dana Ram** : Will the Chief Minister be pleased to state—

(a) whether any of the cases launched by the police in connection with the land agitation started by the CPI, the Kisan Sabha and the Khet Mazdoor Sabha in August/September, 1970 have not yet been withdrawn ; if so, the reasons therefor.

(b) the number of men and women involved in those cases ?

Sardar Parkash Singh Badal : (a) Only two cases in which the accused had indulged in acts of violence and assaults in the police have not been withdrawn.

(b) In all 96 men 10 women were involved. Cases against 10 women have since been withdrawn.

[(ੲ) ਸਿਰਫ 2 ਕੇਸਾਂ ਜਿਨ੍ਹਾਂ ਵਿਚ ਦੋਸ਼ੀਆਂ ਨੇ ਹਿੰਸਕ ਕਾਰਵਾਈਆਂ ਕੀਤੀਆਂ ਸਨ ਅਤੇ ਪੁਲਿਸ ਕਰਮਚਾਰੀਆਂ ਨੂੰ ਹੀ ਮਾਰ ਕੁਟਾਈ ਕੀਤੀ ਸੀ, ਵਾਪਿਸ ਨਹੀਂ ਲਏ ਗਏ ।

(ਬੀ) ਕੁਲ 96 ਆਦਮੀ ਅਤੇ 10 ਔਰਤਾਂ ਸ਼ਾਮਲ ਸਨ । 10 ਔਰਤਾਂ ਦੇ ਖਿਲਾਫ ਮੁਕਦਮੇ ਵਾਪਸ ਲੈ ਗਏ ।]

[Chief Minister]

STARRED QUESTION NO. 2331

ਪਰਕਾਸ਼ ਸਿੰਘ ਬਾਦਲ

ਅ. ਸ. ਪ. ਨੰ: 662-8ਗ-71/30
Chief Minister Punjab
ਮੁੱਖ ਮੰਤਰੀ, ਪੰਜਾਬ
ਜਨਵਰੀ, 25/27, 1971

ਵਿਸ਼ਾ :—ਪੰਜਾਬ ਵਿਧਾਨ ਸਭਾ ਸਟਾਰਡ ਸਵਾਲ ਨੰ: 2331**ਬਾਬਤ ਜਿਲ੍ਹਾ ਪਟਿਆਲਾ ਵਿਚ ਗੋਲੀ ਸਿੱਕਾ ਲਾਇਸੰਸਾਂ ਬਾਰੇ ।

ਪਿਆਰੇ ਸਰਦਾਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2331, ਜੋ ਮਿਤੀ 27 ਜਨਵਰੀ, 1971 ਲਈ ਸੁਆਲਾਂ ਦੀ ਸੂਚੀ ਵਿਚ ਸਰਦਾਰ ਸਰੂਪ ਸਿੰਘ ਐਮ. ਐਲ. ਏ. ਦੇ ਨਾਂ ਹੇਠ (ਵਲੋਂ) ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸੁਆਲ ਨੂੰ ਮਿਤੀ 27 ਜਨਵਰੀ, 1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਹਿਤੂ,

ਸਹੀ/-

(ਪਰਕਾਸ਼ ਸਿੰਘ ਬਾਦਲ)

CASES OF MURDER/RAPE, ETC.

*2348. **Chaudhri Kewal Krishan**: Will the Chief Minister be pleased to state the number of cases of (a) Murders, (b) Rapes, (c) Robberies, (d) snatching of ornaments from the persons of women and girls, (e) Eveteasing, (f) Kidnapping (g) Thefts, which occurred in the State during the years 1966, 1967, 1968 and 1969, month-wise?

ਸਰਦਾਰ ਪਰਕਾਸ਼ ਸਿੰਘ ਬਾਦਲ: ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(A statement is laid on the Table of the House.)

(a) Murders

(ਕਤਲ)

		1966	1967	1968	1969
January	..	27	30	25	36
February	..	34	36	38	36
March	..	30	34	42	49
April	..	39	41	39	38
May	..	46	50	39	50

**For Starred Question No. 2331 and reply thereto please see Appendix to this Debate.

		1966	1967	1968	1969
(f) Kidnapping (ਅਗਵਾ ਕਰਨਾ)					
January	..	17	20	23	17
February	..	26	20	30	16
March	..	25	24	35	20
April	..	23	22	27	34
May	..	25	29	23	29
June	..	21	22	38	24
July	..	24	37	33	42
August	..	31	39	29	22
September	..	24	28	23	31
October	..	19	14	22	26
November	..	21	30	15	17
December	..	13	32	23	20
Total	..	269	317	321	298
(g) Thefts (ਚੋਰੀ)					
Januaжy	..	225	282	299	231
February	..	219	218	273	193
March	..	234	274	251	276
April	..	331	291	253	279
May	..	236	256	218	275
June	..	265	252	246	217
July	..	239	272	254	272
August	..	320	297	263	267
September	..	320	272	259	313
October	..	326	314	243	259
November	..	319	280	279	209
December	..	277	504	306	270
Total	..	3311	3512	3144	3061

ਨਿਸ਼ਾਨ ਵਾਲਾ ਪ੍ਰਸ਼ਨ ਨੰ: 2349**

ਅ. ਸ. ਨੰ: 1766/ਕ
ਮੁੱਖ ਮੰਤਰੀ, ਪੰਜਾਬ
ਚੰਡੀਗੜ੍ਹ, ਮਿਤੀ 26 ਜਨਵਰੀ,1971

ਪਿਆਰੇ ਸਰਦਾਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 2349 ਜੋ ਮਿਤੀ 27 ਜਨਵਰੀ, 1971 ਲਈ ਸੁਆਲਾਂ ਦੀ ਸੂਚੀ ਵਿਚ ਚੌਧਰੀ ਕੇਵਲ ਕ੍ਰਿਸ਼ਨ ਐਮ. ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੇ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 28 ਜਨਵਰੀ, 1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪ ਦਾ ਵਿਸ਼ਵਾਸਪਾਤਰ,
ਸਹੀ/-
(ਪ੍ਰਕਾਸ਼ ਸਿੰਘ)

ਸ੍ਰੀ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ।

SHAH NAHAR

*2323. **Chaudhri Kewal Krishan**: Will the Minister for Irrigation and Power be pleased to state—

(a) whether it is a fact that Pong Dam is being constructed on the Beas River, and is likely to be completed in 1973;

(b) whether it is also a fact that a canal, named Shah Nahar whose head is Kachha has been taken out from river Beas and the said canal irrigates the villages of Mukerian and Dasuya Blocks;

(c) if the reply to parts (a) and (b) above be in the affirmative, the source from which the Shah Nahar would get water after the completion of Pong Dam, and the details of the Scheme, if any, formulated by the Government in this connection?

Sardar Sohan Singh Bassi: (a) Yes.

(b) Yes.

**For Starred Question No. 2349 and reply thereto please see appendix to this Debate.

(c) Shah Nahar Canal will continue to get water from river Beas after the completion of the Pong Dam. On completion of the Pong Dam, the flood water will be reduced. It is, therefore, proposed to construct a weir across River Beas for feeding Shah Nahar Canal.

[(ੳ) ਹਾਂ ਜੀ ।

(ਅ) ਹਾਂ ਜੀ ।

(ੲ) ਪੌਂਗ ਡੈਮ ਦੇ ਮੁਕੰਮਲ ਹੋ ਜਾਣ ਦੇ ਬਾਦ ਸ਼ਾਹ ਨਹਿਰ ਦਰਿਆ ਬਿਆਸ ਤੋਂ ਪਾਣੀ ਲੈਂਦੀ ਰਹੇਗੀ । ਪੌਂਗ ਡੈਮ ਦੇ ਮੁਕੰਮਲ ਹੋ ਜਾਣ ਤੇ ਹੜ੍ਹਾਂ ਦਾ ਪਾਣੀ ਘੱਟ ਹੋ ਜਾਵੇਗਾ । ਇਸ ਲਈ ਸ਼ਾਹ ਨਹਿਰ ਨੂੰ ਪਾਣੀ ਦੇਣ ਲਈ ਦਰਿਆ ਬਿਆਸ ਤੇ ਇਕ ਵਿਅਰ ਉਸਾਰਨ ਦੀ ਤਜਵੀਜ਼ ਹੈ ।]

SYPHON AT KIRAN NALA NEAR VILLAGE PADDE TEHSIL BATALA, DISTRICT GURDASPUR

*2333. **Sardar Santokh Singh Randhawa**: Will the Minister for Irrigation and Power be pleased to state—

(a) whether it is a fact that the syphon at Kiran Nala near village Padde, Tehsil Batala, district Gurdaspur, which was feeding the distributory from Aliwal to Ramdas, collapsed during the last floods ;

(b) if the reply to part (a) above be in the affirmative, the action the Government propose to take to rebuild the damaged syphon ?

Sardar Sohan Singh Bassi: (a) It was damaged in 1953 floods and not in any floods of last year.

(b) It is not being reconstructed as alternative arrangements of Canal water supplies to the affected areas have already been made.

[(ੳ) ਇਹ ਸਾਈਫਨ ਸਾਲ 1953 ਦੇ ਹੜ੍ਹਾਂ ਵਿਚ ਰੁੜ੍ਹਿਆ ਸੀ, ਪਿਛਲੇ ਸਾਲ ਦੇ ਹੜ੍ਹਾਂ ਵਿਚ ਨਹੀਂ ।

(ਅ) ਇਸ ਦੀ ਫਿਰ ਉਸਾਰੀ ਕਰਨ ਦੀ ਕੋਈ ਲੋੜ ਨਹੀਂ ਕਿਉਂਕਿ ਨਵੀਂ ਥਾਂ ਤੇ ਸਬੰਧਤ ਰਕਬੇ ਨੂੰ ਪਾਣੀ ਦੇਣ ਲਈ ਸੂਆ ਬਣਾ ਦਿੱਤਾ ਗਿਆ ਸੀ ।]

---

2 L. R. MINOR IN TEHSIL BATALA, DISTRICT GURDASPUR

*2334. **Sardar Satokh Singh Randhawa**: Will the Minister for Irrigation and Power be pleased to state—

(a) whether 2 L. R. Minor in Tehsil Batala, District Gurdaspur works for only six months in a year;

[Minister for Irrigation and Power]

(b) if the reply to (a) above be in the affirmative, whether there is any proposal under the consideration of the Government to see that this Minor works for the whole of the year ;

(c) whether it is a fact that digging for another Minor has been done in this area ; if so, the time by which it is likely to be completed ?

Sardar Sohan Singh Bassi: (a) Yes.

(b) This being a Kharif Channel can be made perennial only after the construction of Thein Dam.

(c) Yes. 2—R Minor is expected to be completed by June, 71.

[(ੳ) ਹਾਂ ਜੀ ।

(ਅ) ਇਹ ਮਾਈਨਰ ਛੇਮਾਈ ਹੈ ਅਤੇ ਇਸ ਨੂੰ ਥੀਨ ਡੈਮ ਦੀ ਉਸਾਰੀ ਉਪਰੰਤ ਸਾਲਾਨਾ ਕੀਤਾ ਜਾ ਸਕਦਾ ਹੈ ।

(ੲ) ਹਾਂ ਜੀ, ਦੋ ਆਰ ਮਾਈਨਰ ਜੂਨ, 1971 ਤਕ ਮੁਕੰਮਲ ਹੋਣ ਦੀ ਆਸ ਹੈ ।]

VADALA BANGAR DRAIN IN TEHSIL BATALA, DISTRICT GURDASPUR

*2335. **Sardar Santokh Singh Randhawa** : Will the Minister for Irrigation and Power be pleased to state whether it is a fact that Vadala Bangar Drain in Tehsil Batala, District Gurdaspur has not been properly dug with the result that it is incapable of throwing surplus water in Sakki Nala, if so, the action the Government propose to take to do the necessaty digging so that surplus water may be thrown in Sakki Nala ?

Sardar Sohan Singh Bassi : The Vadala Bangar Drain stands excavated in all its length except some strips in the rench R. D. 5000—9000, where the excavation could not be done due to stagnant water in the area. Steps are being taken for the excavation of the left over strips before the onset of next rainy season.

[ਵਡਾਲਾ ਬਾਂਗਰ ਡਰੇਨ ਦੀ ਸਾਰੀ ਖੁਦਾਈ ਸਵਾਏ, ਥੋੜੇ ਜਿਹੇ ਹਿੱਸੇ ਵਿਚ ਜੋ ਆਰ. ਡੀ. 5000—9000 ਵਿਚ ਹਨ, ਹੋ ਚੁਕੀ ਹੈ । ਇਸ ਹਿੱਸੇ ਵਿਚ ਪਾਣੀ ਖੜ੍ਹਾ ਹੋਣ ਦੇ ਕਾਰਨ ਖੁਦਾਈ ਨਹੀਂ ਹੋ ਸਕਦੀ । ਰਹਿ ਗਏ ਹਿੱਸੇ ਵਿਚ ਖੁਦਾਈ ਕਰਾਣ ਦਾ ਕੰਮ ਆਉਣ ਵਾਲੇ ਵਰਖਾ ਵਾਲੇ ਮੌਸਮ ਤੋਂ ਪਹਿਲਾਂ ਕਰਨ ਲਈ ਕਦਮ ਚੁਕੇ ਜਾ ਰਹੇ ਹਨ ।]

SECURITY CHARGED FOR ELECTRIC CONNECTIONS GIVEN FOR DOMESTIC PURPOSES

*2239. **Comrade Dana Ram**: Will the Minister for Irrigation and Power be pleased to state—

(a) the rates at which the security is taken at present from those who request for and are given electricity connections for domestic use by the Punjab State Electricity Board ;

(b) the date since when these rates have been in force ;

(c) the rates charged before that ;

(d) the reasons for the enhancement of the same ;

(e) whether the security is taken in cash or in some other form ;

(f) whether any interest is allowed by the Board to those who give these securities ; if not, the reasons therfor ?

Sardar Sohan Singh Bassi: (a) Rs. 20/- per K. W. of connected load or part thereof plus Rs. 20/- per meter ;

(b) 1-8-1970 ;

(c) Rs. 10/- per K.W. of connected load or part thereof plus Rs. 10/- per meter ;

(d) Due to introduction of bi-monthly billing scheme ;

(e) In cash only ;

(f) Yes, @ 4% per annum on Security deposit of Rs. 50 and above provided the connection is not disconnceted within one year of giving supply.

[(ੳ) ਕੁਨੈਕਟਿਡ ਲੋਡ ਤੇ 20 ਰੁਪਏ ਪ੍ਰਤੀ ਕਿਲੋਵਾਟ ਜਾਂ ਕਿਲੋਵਾਟ ਦਾ ਹਿੱਸਾ ਜਮ੍ਹਾਂ 20 ਰੁਪਏ ਮੀਟਰ ਦੇ ।

(ਅ) 1-8-1970 ।

(ੲ) ਕੁਨੈਕਟਿਡ ਲੋਡ ਤੇ 10 ਰੁਪਏ ਪ੍ਰਤੀ ਕਿਲੋਵਾਟ ਜਾਂ ਇਸ ਦਾ ਹਿੱਸਾ ਜਮ੍ਹਾਂ 10 ਰੁਪਏ ਮੀਟਰ ਦੇ ।

(ਸ) ਦੋ ਮਹੀਨਿਆਂ ਦਾ ਇਕੱਠਾ ਬਿਲ ਬਨਾਉਣ ਦੀ ਸਕੀਮ ਦੇ ਜਾਰੀ ਹੋਣ ਕਾਰਣ।

(ਹ) ਕੇਵਲ ਨਕਦੀ ਵਿਚ ।

(ਕ) ਹਾਂ ਜੀ, 50 ਰੁਪਏ ਜਾਂ ਇਸ ਤੋਂ ਅਧਿਕ ਰੁਪਏ ਦੀ ਸਿਕਿਉਰਟੀ ਡਿਪੋਜ਼ਿਟ ਤੇ 4 ਪ੍ਰਤੀਸ਼ਤ ਫੀ ਸਾਲ ਦੇ ਹਿਸਾਬ ਨਾਲ ਜੇਕਰ ਬਿਜਲੀ ਦੇਣ ਤੋਂ ਇਕ ਸਾਲ ਦੇ ਅੰਦਰ ਕੁਨੈਕਸ਼ਨ ਕਟਿਆ ਨਾਂ ਜਾਵੇ ।]

NEW ROADS

*2229. **Doctor Sadhu Ram**: Will the Minister for Irrigation and Power be pleased to state the names of places where new roads have been constructed in Kapurthala district during the year 1970. ?

Sardar Sohan Singh Bassi: The Following roads have been constructed in Kapurthala district during the year 1970 :—

1.	G. T. Road to Mauli up to Pharwa	.. 3.20 Km.
2.	Chaheru—Hardaspur	.. 1.60 Km.
3.	Sultanpur—Sherpur Sadan *via* Bhagorajn	.. 6.40 Km.
4.	App. to Pir Chawdhry Tombe	.. 0.65 Km.
5.	Kapurthala—Hamira *via* Lakhna	.. 9.65 Km.
6.	Sultanpur—Chaladha	.. 9.60 Km.
7.	Mangopur—Saidpur	.. 2.00 Km.
8.	Aujla—Jogi Road	.. 2.40 Km.

[ਸਾਲ 1970 ਵਿਚ ਹੇਠ ਲਿਖੀਆਂ ਸੜਕਾਂ ਜ਼ਿਲ੍ਹਾ ਕਪੂਰਥਲਾ ਵਿਚ ਬਣਾਈਆਂ ਗਈਆਂ —

1.	ਜੀ. ਟੀ. ਰੋਡ ਮੌਲੀ ਅਤੇ ਫਰਵਾ ਤਕ	.. 3.20 ਕਿ.ਮੀ.
2.	ਚਹੇਰੂ —ਹਰਦਾਸਪੁਰ	.. 1.60 ਕਿ.ਮੀ.
3.	ਸੁਲਤਾਨਪੁਰ —ਸ਼ੇਰਪੁਰ ਸਦਨਾ ਵਾਇਆ ਭਗੋਰੇਨ	.. 6.40 ਕਿ.ਮੀ.
4.	ਪੀਰ ਚੌਧਰੀ ਟੋਬਾ ਤਕ ਪਹੁੰਚ ਸੜਕ	.. 0.65 ਕਿ.ਮੀ.
5.	ਕਪੂਰਥਲਾ —ਹਮੀਰਾ ਵਾਇਆ ਲਖਨਾਂ	.. 9.65 ਕਿ.ਮੀ.
6.	ਸੁਲਤਾਨਪੁਰ—ਚਲਾਡਾ	.. 9.60 ਕਿ.ਮੀ.
7.	ਮੈਂਗੋਪੁਰ —ਸੈਦਪੁਰ	.. 2.00 ਕਿ.ਮੀ.
8.	ਔਜਲਾ ਜੋਗੀ ਰੋਡ	.. 2.40 ਕਿ.ਮੀ.]

ਨਿਸ਼ਾਨ ਵਾਲਾ ਪ੍ਰਸ਼ਨ ਨੰ: 2121**

ਅ.ਸ. ਨੰ: 1135-ਸਿ(2)-(4)71/
ਮੰਤਰੀ,
ਸਿਖਿਆ ਵਿਭਾਗ, ਪੰਜਾਬ, ਚੰਡੀਗੜ੍ਹ ।
ਜਨਵਰੀ 25, 1971

ਵਿਸ਼ਾ :—ਵਿਧਾਨ ਸਭਾ ਸਟਾਰਡ ਸੁਆਲ ਨੰ: 2121.

ਪਿਆਰੇ ਸ੍ਰ: ਦਰਬਾਰਾ ਸਿੰਘ ਜੀ,

ਸਭਾ ਦੇ ਸਟਾਰਡ ਸੁਆਲ ਨੰ: 2121 ਜੋ ਮਿਤੀ 27 ਜਨਵਰੀ, 1971 ਲਈ ਸੁਆਲਾਂ ਦੀ ਸੂਚੀ ਵਿਚ ਸ੍ਰੀ ਸਰਦਾਰੀ ਲਾਲ ਕਪੂਰ, ਐਮ.ਐਲ.ਏ. ਦੇ ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਇਹ ਸੂਚਨਾ ਸਪੀਕਰ ਸਾਹਿਬ ਦੀ ਸੇਵਾ ਵਿਚ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਕਾਰਜ-ਵਿਧੀ ਅਤੇ ਕਾਰਜ ਸੰਚਾਲਣ ਨਿਯਮ ਦੇ ਨਿਯਮ 21 ਦੇ ਉਪਬੰਧ (11) ਅਧੀਨ ਇਸ ਸੁਆਲ ਦੇ ਜਵਾਬ ਦੇਣ ਲਈ ਇਕ ਹਫਤੇ ਦੀ ਮੁਹਲਤ ਦਿਤੀ ਜਾਵੇ ।

ਹਿਤੂ,
ਸਹੀ/-
(ਸੁਰਜੀਤ ਸਿੰਘ)

ਸ੍ਰੀ ਦਰਬਾਰਾ ਸਿੰਘ,
ਸਪੀਕਰ, ਪੰਜਾਬ ਵਿਧਾਨ ਸਭਾ ।

ARREARS OF PAY OF THE STAFF OF PRIVATELY RECOGNISED SCHOOLS IN THE STATE

*2340. **Shri Gurdial Saini**: Will the Minister for Education be pleased to state—

(a) whether the grades of pay of the staff of privately managed Recognised Schools in the State have been brought at par with the grades of pay of the staff of Government Schools with effect from 1st December, 1967 ;

(b) if the answer to part (a) above be in the affirmative, whether the arrears of pay of staff of privately managed recognised schools in the revised grades have also been paid to it, if not, the reasons for delay in the payment of of the said arrears ?

Sardar Surjit Singh: (a) Yes, in case of teaching staff in aided schools which adopted Delhi Pattern grant-in-aid scheme with effect from 1st December, 1967.

(b) Yes. Only in case of teaching staff.

[(ਏ) ਹਾਂ ਜੀ, ਪੜ੍ਹਾਉਣ ਵਾਲੇ ਅਮਲੇ ਨੂੰ ਜਿਨ੍ਹਾਂ ਏਡਿਡ ਸਕੂਲਾਂ ਨੇ ਦਿੱਲੀ ਪ੍ਰਣਾਲੀ ਗ੍ਰਾਂਟ-ਇਨ-ਏਡ ਸਕੀਮ 1 ਦਸੰਬਰ, 1967 ਤੋਂ ਅਪਣਾ ਲਈ ਸੀ ।

(ਬੀ) ਹਾਂ ਜੀ । ਕੇਵਲ ਪੜ੍ਹਾਉਣ ਵਾਲੇ ਅਮਲੇ ਨੂੰ ।]

**For Starred Question No. 2121 and reply thereto please see Appendix to this Debate.

PROVIDING OF JEEPS TO THE DISTRICT EDUCATION OFFICERS IN THE STATE

*2344. **Chaudhri Ram Singh**: Will the Minister for Education be pleased to state whether the Government is considering any proposal to provide Jeeps to the District Education Officers of the State ?

Sardar Surjit Singh: Yes. Six jeeps have already been provided to the District Education Officers but every District Officer does not have a vehicle exclusively for his/her district. Four more Jeeps have since been sanctioned.

STARRED QUESTION NO. 2341**

ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2341 ਜੋ ਮਿਤੀ 27 ਜਨਵਰੀ, 1971 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਬਾਬੂ ਸਿੰਘ ਮਾਸਟਰ, ਐਮ.ਐਲ.ਏ. ਅਤੇ ਕਾਮਰੇਡ ਸੱਤ ਪਾਲ ਡਾਂਗ ਐਮ.ਐਲ.ਏ. ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਇਹ ਸੂਚਨਾ ਸਪੀਕਰ ਸਾਹਿਬ ਦੀ ਸੇਵਾ ਵਿਚ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਕਾਰਜ ਵਿਧੀ ਤੇ ਕਾਰਜ ਸੰਚਾਲਣ ਨਿਯਮ ਦੇ ਨਿਯਮ 41 ਦੇ ਉਪਬੰਧ (11) ਅਧੀਨ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਦੀ ਖੇਚਲ ਕੀਤੀ ਜਾਵੇ ।

ਸਹੀ/-
(ਤਾਰਾ ਸਿੰਘ ਲਾਇਲਪੁਰੀ)
ਰਾਜ ਮੰਤਰੀ,
ਪੁਨਰਵਾਸ, ਪੰਜਾਬ

ਸੇਵਾ ਵਿਚ

ਸਪੀਕਰ ਸਾਹਿਬ,
ਪੰਜਾਬ ਵਿਧਾਨ ਸਭਾ ।

ਗ.ਸ.ਨੰ: 75 ਮਿਤੀ 27 ਜਨਵਰੀ, 1971

ਨੰ: ਮਿਤੀ

ਇਸ ਦਾ ਇਕ ਉਤਾਰਾ ਸਕੱਤਰ ਸੰਸਦੀਯ ਕਾਰਜ ਜੀ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਸਹੀ/-
(ਤਾਰਾ ਸਿੰਘ ਲਾਇਲਪੁਰੀ)
ਰਾਜ ਮੰਤਰੀ ਪੁਨਰਵਾਸ, ਪੰਜਾਬ ।

**For Starred Question No. 2341 and reply thereto please see Appendix to this Debate.

STARRED QUESTION NO. 2155**

ਸਤਨਾਮ ਸਿੰਘ ਬਾਜਵਾ
ਵਿਕਾਸ ਤੇ ਪੰਚਾਇਤੀ ਰਾਜ ਮੰਤਰੀ,
ਪੰਜਾਬ ।

ਅ.ਸ. ਨੰ. ਜੀ-111-71/51,
ਚੰਡੀਗੜ੍ਹ, ਮਿਤੀ 27 ਜਨਵਰੀ, 1971

ਪਿਆਰੇ ਸ੍ਰ: ਦਰਬਾਰਾ ਸਿੰਘ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰ: 2155 ਜੋ ਮਿਤੀ 27 ਜਨਵਰੀ, 1971 ਲਈ ਸਵਾਲਾਂ ਦੀ ਸੂਚੀ ਵਿਚ ਸ: ਗੁਰਬੰਤਾ ਸਿੰਘ, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ ਦਾ ਜੁਆਬ ਅਜੇ ਤਿਆਰ ਨਹੀਂ ਹੋ ਸਕਿਆ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੇ ਇਕੱਤਰ ਕੀਤੀ ਜਾ ਰਹੀ, ਹੈ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦਾ ਜੁਆਬ 15 ਦਿਨਾਂ ਪਿਛੋਂ ਕਿਸੇ ਵੀ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸਪਾਤਰ,
for ਸਹੀ/- ਸ. ਸ. ਬਾਸੀ
ਸਤਿਨਾਮ ਸਿੰਘ ਬਾਜਵਾ

ਸ੍ਰੀ ਦਰਬਾਰਾ ਸਿੰਘ,
ਸਪੀਕਰ,
ਪੰਜਾਬ ਵਿਧਾਨ ਸਭਾ, ਚੰਡੀਗੜ੍ਹ ।

CLASSIFIED AND DISPLAY ADVERTISEMENTS IN THE NEWSPAPERS

*2357. **Sardar Sarup Singh**: Will the Minister of State for Public Relations and Tourism be pleased to state—

(a) the name of newspapers which were given classified and display advertisements separately during the period from 1st January, 1970 to date ;

(b) the criteria laid down by the Government for giving advertisements ?

ਸਰਦਾਰ ਤਰਲੋਚਨ ਸਿੰਘ ਰਿਆਸਤੀ: (ੳ) ਸਟੇਟਮੈਂਟ ਸਭਾ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਇਸ਼ਤਿਹਾਰ ਦੇਣ ਵੇਲੇ ਸਰਕਾਰ ਉਨ੍ਹਾਂ ਅਖਬਾਰਾਂ ਨੂੰ ਪਹਿਲ ਦਿੰਦੀ ਹੈ ਜਿਨ੍ਹਾਂ ਦੀ ਘੱਟ ਤੋਂ ਘੱਟ ਸਰਕੂਲੇਸ਼ਨ ਰੋਜ਼ਾਨਾ ਅਖਬਾਰਾਂ ਦੀ ਸੂਰਤ ਵਿਚ 2,000, ਹਫਤਾਵਾਰੀ ਸੂਰਤ ਵਿਚ 1,500 ਅਤੇ ਮਾਸਕ ਅਖਬਾਰਾਂ ਦੀ ਸੂਰਤ ਵਿਚ 1,000 ਹੋਵੇ । ਅਖਬਾਰ ਦਾ ਲਹਿਜ਼ਾ ਕਿਹੋ ਜਿਹਾ ਹੈ, ਇਸ ਦੀ ਨੀਤੀ ਕੀ ਹੈ, ਛੱਪਣ ਵਿਚ ਬਕਾਇਦਗੀ ਹੈ ਕਿ ਨਹੀਂ; ਇਸ ਵਿਚ ਕਿਹੋ ਜੇਹੀਆਂ ਖਬਰਾਂ ਛਪਦੀਆਂ ਹਨ ਅਤੇ ਇਸਦੀ ਆਮ ਪੱਧਤ ਕਿਹੋ ਜੇਹੀ ਹੈ ਆਦਿ ਗੱਲਾਂ ਨੂੰ ਵੀ ਧਿਆਨ ਵਿਚ ਰੱਖਿਆ ਜਾਂਦਾ ਹੈ ।

**For Starred Question No. 2155 and reply thereto please see Appendix to this Debate.

[Minister of State for Public Relations and Tourism]

ਉਹ ਅਖਬਾਰ ਅਤੇ ਰਸਾਲੇ ਜਿਨ੍ਹਾਂ ਨੂੰ 1 ਜਨਵਰੀ, 1970 ਤੋਂ 31 ਦਸੰਬਰ, 1970 ਤੱਕ ਕਲਾਸੀਫਾਈਡ ਅਤੇ ਡਿਸਪਲੇ ਇਸ਼ਤਿਹਾਰ ਦਿੱਤੇ ਗਏ ਹਨ ।

ਲੜੀ ਨੰ:	ਅਖਬਾਰ ਦਾ ਨਾਂ	ਕਲਾਸੀਫਾਈਡ ਇਸ਼ਤਿਹਾਰ	ਡਿਸਪਲੇ ਇਸ਼ਤਿਹਾਰ
1.	ਟ੍ਰਿਬਿਊਨ, ਚੰਡੀਗੜ੍ਹ	98,818.00	28,763.83
2.	ਨੈਸ਼ਨਲ ਹਰਲਡ , ਦਿੱਲੀ	4,989.20	3,458.40
3.	ਹਿੰਦੁਸਤਾਨ ਟਾਇਮਜ਼, ਨਵੀਂ ਦਿੱਲੀ	16,069.13	2,476.10
4.	ਟਾਇਮਜ਼ ਆਫ਼ ਇੰਡੀਆ, ਦਿੱਲੀ	4,694.83	4,755.30
5.	ਟਾਇਮਜ਼ ਆਫ਼ ਇੰਡੀਆ, ਬੰਬਈ	1,398.10	602.58
6.	ਇੰਡੀਅਨ ਐਕਸਪ੍ਰੈਸ, ਦਿੱਲੀ	10,973.16	10,629.08
7.	ਇੰਡੀਅਨ ਐਕਸਪ੍ਰੈਸ, ਬ ਬਈ	2,255.00	—
8.	ਇੰਡੀਅਨ ਐਕਸਪ੍ਰੈਸ, ਮਦਰਾਸ	982.00	—
9.	ਪੈਟਰੀਆਟ, ਦਿੱਲੀ	6,959.60	1,645.60
10.	ਹਿੰਦੁਸਤਾਨ ਸਟੈਂਡਰਡ , ਕਲਕੱਤਾ	2,921.60	—
11.	ਏ. ਬੀ. ਪਤ੍ਰਕਾ, ਕਲਕੱਤਾ	1,355.64	1,011.60
12.	ਹਿੰਦੂ, ਮਦਰਾਸ	2,587.20	—
13.	ਸਟੇਟਸਮੈਨ, ਦਿੱਲੀ	—	2,771.45
14.	ਨੈਸ਼ਨਲ ਹਰਲਡ, ਲਖਨਊ	211.80	208.00
15.	ਸਟੇਟਸਮੈਨ, ਕਲਕੱਤਾ	—	514.80
16.	ਫਰੀ ਪ੍ਰੈਸ ਜਨਰਲ, ਬੰਬਈ	—	95.04
17.	ਪੰਜਾਬ ਮੇਲ, ਚੰਡੀਗੜ੍ਹ	611 ਸਮ	837.76+849 ਸਮ
18.	ਨੈਸ਼ਨਲ ਸੌਲੀਡੈਰਿਟੀ, ਦਿੱਲੀ	209.72	—
19.	ਸੋਰਡ ਆਰਮ, ਚੰਡੀਗੜ੍ਹ	259.17	682.16

ਲੜੀ ਨੰ:	ਅਖਬਾਰ ਦਾ ਨਾਂ	ਕਲਾਸੀਫਾਈਡ ਇਸ਼ਤਿਹਾਰ	ਡਿਸਪਲੇ ਇਸ਼ਤਿਹਾਰ
20.	ਲਿੰਕ, ਦਿੱਲੀ	96.80	—
21.	ਸਪੋਕਸਮੈਨ, ਦਿੱਲੀ	2,805.43	418.88
22.	ਮੇਨ ਸਟਰੀਪ, ਦਿੱਲੀ	38.50	—
23.	ਸ਼ੰਕਰ, ਦਿੱਲੀ	55.44	1,064.25
24.	ਅਵਾਜ਼ੇ ਉਸਤਾਦ, ਚੰਡੀਗੜ੍ਹ	26.40	89.76
25.	ਇੰਡੀਅਨ ਟਾਇਮਜ਼, ਦਿੱਲੀ	—	180.52
26.	ਸਿੱਖ ਰਿਵਿਊ, ਕਲਕੱਤਾ	—	140.25
27.	ਕਰੰਟ, ਬੰਬਈ	—	650.00+128 ਸਮ
28.	ਬਲਿਟਜ਼, ਬੰਬਈ	—	1,430.00+128 ਸਮ
29.	ਇਲਸਟਰਡ ਵੀਕਲੀ, ਦਿੱਲੀ	—	1,100.00
30.	ਸਟੇਟਸ, ਦਿੱਲੀ	—	2,900.00+1 ਸਫਾ
31.	ਇੰਡੀਅਨ ਪ੍ਰੋਮੀਨੇਟ, ਦਿੱਲੀ	—	600.00
32.	ਟ੍ਰੈਬਲਰ ਟਾਇਮਜ਼, ਦਿੱਲੀ	—	600.00
33.	ਟੂਰਿਸਟ ਟਰੇਡ ਆਫ ਇੰਡੀਆ, ਬੰਬਈ	—	200.00
33.	ਟੂਰਿਸਟ ਟਰੇਡ ਇੰਡੀਆ, ਬੰਬਈ	—	200.00
34.	ਟੂਰ ਇੰਡੀਆ ਇੰਟਰ ਨੈਸ਼ਨਲ, ਬੰਬਈ	—	200.00
35.	ਕਾਰਵਾਂ, ਦਿੱਲੀ	—	240.00
36.	ਬਿਕਰਾਮ, ਬੰਬਈ	—	ਅੱਧ ਸਫਾ
37.	ਆਲ ਇੰਡੀਆ ਐਸੋਸੀਏਸ਼ਨ ਆਲ ਮੈਟਲ ਰਿਟਰੀਡੇਸ਼ਨ, ਦਿੱਲੀ	—	200.00
38.	ਰਫੀ ਅਹਿਮਦ ਕਿਦਮਾਈ, ਦਿੱਲੀ	—	500.00
39.	ਦੇਹਲੀ ਯੂਨੀਅਨ ਆਫ ਜਨਰਲਿਸਟ, ਦਿੱਲੀ	—	750.00
40.	ਧਰਮ ਰਾਜ, ਚੰਡੀਗੜ੍ਹ	—	400.00

[Minister of State for Public Relations and Tourism]

ਲੜੀ ਨੰ:	ਅਖ਼ਬਾਰ ਦਾਂ ਨਾਂ	ਕਲਾਸੀਫ਼ਾਈਡ ਇਸ਼ਤਿਹਾਰ	ਡਿਸਪਲੇ ਇਸ਼ਤਿਹਾਰ
41.	ਪਟਿਆਲਾ ਯੂਨੀਅਨ ਰੈਸਲਿੰਗ, ਪਟਿਆਲਾ	—	300.00
42.	ਪ੍ਰੈਸ ਇੰਸਟੀਚਿਊਟ ਆਫ ਦਿੱਲੀ	—	200.00
43.	ਮੇਜਰ ਇੰਡਸਟਰੀਜ਼ ਆਫ ਇੰਡੀਆ, ਬੰਬਈ	—	317.90
44.	ਨੈਸ਼ਨਲ ਬੁਕ ਆਫ ਔਰਗੇਨਾਈਜੇਸ਼ਨ, ਦਿੱਲੀ	—	225.00
45.	ਪ੍ਰਾਚੀਨ ਕਲਾ ਕੇਂਦਰ, ਚੰਡੀਗੜ੍ਹ	—	100.00
46.	ਇੰਨਫਾ, ਦਿੱਲੀ	—	500.00
47.	ਇੰਡੀਅਨ ਬੁਕ ਇੰਡਸਟਰੀਜ਼, ਦਿੱਲੀ	—	200.00
48.	ਟਾਇਮਜ਼ ਆਫ ਇੰਡੀਆ ਐਨੁਅਲ, ਬੰਬਈ	—	2,100.00
49.	ਸੀ ਇੰਡੀਆ, ਦਿੱਲੀ	—	775.00
50.	ਇੰਡੀਅਨ ਹੋਟਲਰ, ਕੇਟਲਰ ਦਿੱਲੀ	—	650.00
51.	ਇੰਡੀਆ ਦਿੱਲੀ	—	500.00
52.	ਐਗਰੀ ਕਲਚਰਲ ਡਾਈ ਜੈਸਟ, ਦਿੱਲੀ	—	200.00+1 ਸਫਾ
53.	ਲਿਟਰੇਰੀ ਟੰਡੀਜ਼, ਪਟਿਆਲਾ	—	200.00+1 ਸਫਾ
54.	ਰੁਪੀ ਟਰੇਡ, ਦਿੱਲੀ	—	400.00
55.	ਹਿੰਦੁਸਤਾਨ ਓਵਰਸੀਜ਼, ਦਿੱਲੀ	—	500.00
56.	ਟੀਚਰਜ਼ ਵਾਇਸ, ਬਟਾਲਾ	—	359.36
57.	ਇੰਡਸਟਰੀਏਜ਼ ਡਾਈਜੈਸਟ, ਲੁਧਿਆਣਾ	—	150.00
58.	ਲਾਈਨ ਕਲੱਬ, ਚੰਡੀਗੜ੍ਹ	—	100.00
59.	ਨਿਊਜ਼ ਕਰੋਨੀਕਲ, ਲੁਧਿਆਣਾ	—	359.10
60.	ਧਾਰਾ, ਦਿੱਲੀ	—	60.00
61.	ਪੰਜਾਬ ਫੁਟਬਾਲ ਐਸੋਸੀਏਸ਼ਨ, ਜਲੰਧਰ	—	300.00
62.	ਟ੍ਰਿਬਿਊਨ ਕਰਿਕਟ ਕਲੱਬ, ਚੰਡੀਗੜ੍ਹ	—	500.00
63.	ਇੰਡੀਅਨ ਰੈਡ ਕਰਾਸ ਸੋਸਾਇਟੀ, ਚੰਡੀਗੜ੍ਹ	—	250.00

ਲੜੀ ਨੰ:	ਅਖਬਾਰ ਦਾ ਨਾਂ	ਕਲਾਸੀਫਾਈਡ ਇਸ਼ਤਿਹਾਰ	ਡਿਸਪਲੇ ਇਸ਼ਤਿਹਾਰ
64.	ਡਿਪਾਰਟਮੈਂਟ ਆਫ ਇੰਡੀਅਨ ਥਿਏਟਰ, ਦਿੱਲੀ	—	200.00+200.00
65.	ਸਰਬ ਯੂਨੀਅਨ ਦੁਰਗਾ ਪੂਜਾ, ਚੰਡੀਗੜ੍ਹ	—	100.00
66.	ਹਿੰਦੁਸਤਾਨ ਸਮਾਚਾਰ, ਦਿੱਲੀ	—	500.00
67.	ਚੰਕੀਆ ਡਿਫੈਂਸ ਐਨੂਅਲ, ਅਲਾਹਾਬਾਦ	—	300.00
68.	ਬਟਾਲਾ ਸਮਾਚਾਰ, ਬਟਾਲਾ	—	119.68
69.	ਵੇਜ ਟੂ ਵਿਨ, ਦਿੱਲੀ	—	300.00
70.	ਕੰਕਰਰ, ਮਦਰਾਸ	—	1 ਸਫਾ
71.	ਮਾਰਕਿਟਿੰਗ ਐਂਡ ਇਕਨੌਮਿਕ ਰਿਸਰਚ, ਦਿੱਲੀ	—	300.00
72.	ਸੀ ਦਿੱਲੀ	—	1 ਸਫਾ
73.	ਸੈਕੂਲਰ ਡੈਮੋਕਰੇਸੀ, ਦਿੱਲੀ	—	387.00
74.	ਪੇਰੈਂਟ ਐਂਡ ਚਿਲਡਰਨ, ਦਿੱਲੀ	—	1 ਸਫਾ
75.	ਐਗਰੋ ਇੰਡਸਟਰੀਜ਼, ਦਿੱਲੀ	—	1 ਸਫਾ
76.	ਯੂਥ ਕਰੌਨੀਕਲ, ਦਿੱਲੀ	—	400.00
77.	10 ਆਲ ਇੰਡੀਆ ਪੰਜਾਬੀ ਕਾਨਫਰੰਸ, ਚੰਡੀਗੜ੍ਹ	—	500.00
78.	ਐਗਰੋ ਇੰਡਸਟਰੀਜ਼, ਦਿੱਲੀ	—	200.00
	ਹਿੰਦੀ ਅਖਬਾਰ		
1.	ਜਨ ਪ੍ਰਦੀਪ, ਜਲੰਧਰ	8,429.30	2,627.29
2.	ਪੰਜਾਬ ਕੇਸਰੀ, ਜਲੰਧਰ	10,949.45	2,585.73
3.	ਹਿੰਦੀ ਮਿਲਾਪ, ਜਲੰਧਰ	11,233.39	3,369.58
4.	ਵੀਰ ਪਰਤਾਪ, ਜਲੰਧਰ	3,932.40	585.28
5.	ਹਿੰਦੁਸਤਾਨ, ਹਿੰਦੀ, ਦਿੱਲੀ	11,344.40	1,273.50
6.	ਨਵ ਭਾਰਤ ਟਾਇਮਜ਼, ਦਿੱਲੀ	7,143.00	6,270.00
7.	ਹਰਿਆਣਾ ਪਤ੍ਰਕਾ, ਚੰਡੀਗੜ੍ਹ	1,493.25	321.05

[Minister of State for Public Relations and Tourism]

ਲੜੀ ਨੰ:	ਅਖਬਾਰ ਦਾ ਨਾਂ	ਕਲਾਸੀਫਾਈਡ ਇਸ਼ਤਿਹਾਰ	ਡਿਸਪਲੇ ਇਸ਼ਤਿਹਾਰ
8.	ਪਾਇਲਟ, ਬਠਿੰਡਾ	1,572.78	777.11
9.	ਅਮਰ ਭਾਰਤ, ਦਿੱਲੀ	358.60	478.72
10.	ਸੇਵਾ ਗਰਾਮ, ਦਿੱਲੀ	2,534.40	1,167.12
11.	ਵਿਸ਼ਾਲ ਹਰਿਆਣਾ	577.50	1,409.56
12.	ਭਾਰਤ, ਦਿੱਲੀ	—	100,00
13.	ਨਵ ਜੀਵਨ, ਸਹਾਰਨਪੁਰ	—	150.00
ਪੰਜਾਬੀ ਅਖਬਾਰ			
1.	ਅਜੀਤ, ਜਲੰਧਰ	25,330.45	6,198.20
2.	ਅਕਾਲੀ ਪਤ੍ਰਿਕਾ, ਜਲੰਧਰ	27,536.00	7,870.01
3.	ਕੌਮੀ ਦਰਦ, ਜਲੰਧਰ	29,050.99	4,680.05
6.	ਨਵਾਂ ਜ਼ਮਾਨਾ, ਜਲੰਧਰ	11,909.05	4,144.22
7.	ਜਥੇਦਾਰ, ਜਲੰਧਰ	6,696.24	2,188.77
8.	ਰਣਜੀਤ, ਪਟਿਆਲਾ	25,841.20	6,195.40
9.	ਸਿੱਖ, ਅੰਮ੍ਰਿਤਸਰ	101.20	—
10.	ਪ੍ਰਕਾਸ਼, ਪਟਿਆਲਾ	284.42	284.24
11.	ਕੁੰਦਨ, ਜਲੰਧਰ	2,062.45	1,077.12
12.	ਮੌਜੀ, ਜਲੰਧਰ	3,713.85	1,432.08
13.	ਸ਼ਮਸ਼ੀਰ ਹਿੰਦ, ਪਟਿਆਲਾ	2,883.90	1,810.78
14.	ਦਲੇਰ ਪੰਜਾਬ, ਪਟਿਆਲਾ	2,273.40	1,311.62
15.	ਪਹੁ ਫੁੱਟੀ, ਪਟਿਆਲਾ	1,402.30	2,874.24
16.	ਸਮੇਂ ਦੀ ਵੰਗਾਰ, ਪਟਿਆਲਾ	1,418.55	673.20
17.	ਗੈਰਤ, ਪਟਿਆਲਾ	2,074.05	935.00

ਲੜੀ ਨੰ:	ਅਖਬਾਰ ਦਾ ਨਾਂ	ਕਲਾਸੀਫਾਈ ਇਸ਼ਤਿਹਾਰ	ਡਿਸਪਲੇ ਇਸ਼ਤਿਹਾਰ
18.	ਇੰਤਕਾਮ, ਪਟਿਆਲਾ	2,127.20	1,257.20
19.	ਪੰਚਾਇਤ ਅਵਾਜ਼, ਪਟਿਆਲਾ	1,737.15	897.60
20.	ਖਾਲਸਾ ਸਮਾਚਾਰ, ਅੰਮ੍ਰਿਤਸਰ	1,980.24	594.66
21.	ਖਾਲਸਾ ਐਡਵੋਕੇਟ, ਅੰਮ੍ਰਿਤਸਰ	1,686.21	711.40
22.	ਮੇਲ ਮਿਲਾਪ, ਚੰਡੀਗੜ੍ਹ	3,133.00	1,392.24
23.	ਫਤੇਹ, ਦਿੱਲੀ	3,071.75	1,608.20
24.	ਅੰਮ੍ਰਿਤ ਪਤ੍ਰਕਾ, ਦਿੱਲੀ	5,651.78	1,711.06
25.	ਕਮੀ ਏਕਤਾ, ਦਿੱਲੀ	2,148.30	358.08
26.	ਪੰਥਕ ਏਕਤਾ, ਦਿੱਲੀ	1,072.91	642.56
27.	ਲਕ ਦਰਸ਼ਨ, ਦਿੱਲੀ	503.53	538.56
28.	ਮਾਨ ਸਰਵਰ, ਦਿੱਲੀ	798.16	143.00
29.	ਪਥ, ਦਿੱਲੀ	3,215.75	1,017.60
30.	ਅਜ਼ਾਦ, ਦਿੱਲੀ	724.35	209.44
31.	ਗਰਜ, ਦਿੱਲੀ	829.51	574.94
32.	ਪੰਜਾਬ ਕੋਆਪ੍ਰੇਸ਼ਨ, ਚੰਡੀਗੜ੍ਹ	162.00	561.00
33.	ਰਣਜੀਤ, ਬੰਬਈ	–	329.12
34.	ਦੇਸ਼ ਦਰਪਣ, ਕਲਕੱਤਾ	–	55.00+ 1 ਮੁਫ਼ਤ
35.	ਐਜੂਕੇਟਰ, ਦਿੱਲੀ	238.70	149.60
36.	ਰਣਜੀਤ ਨਗਾਰਾ, ਚੰਡੀਗੜ੍ਹ	768.62	635.80
37.	ਹਾਣੀ, ਜਲੰਧਰ	704.00	187.00
38.	ਸਮਰਾਟ, ਜਲੰਧਰ	—	74.80
39.	ਲੋਕ ਯੁੱਗ, ਚੰਡੀਗੜ੍ਹ	596.20	552.52
40.	ਪੰਜਾਬੀ ਰਤਨ, ਲੁਧਿਆਣਾ	781.00	261.80

[Minister of State for Public Relations and Tourism]

ਲੜੀ ਨੰ:	ਅਖਬਾਰ ਦਾ ਨਾਂ	ਕਲਾਸੀਫਾਈਡ ਇਸ਼ਤਿਹਾਰ	ਡਿਸਪਲੇ ਇਸ਼ਤਿਹਾਰ
41.	ਨਵਾਂ ਪਿੰਡ, ਦਿੱਲੀ	666.87	509.20
42.	ਕੌਮੀ ਲੀਡਰ, ਬੰਬਈ	—	65.00
43.	ਡਾਕਟਰ, ਅੰਮ੍ਰਿਤਸਰ	—	60.00
44.	ਲੋਕ ਰਾਏ, ਚੰਡੀਗੜ੍ਹ	363.00	149.60
45.	ਦਿਹਾਤੀ ਜਨਤਾ, ਜਲੰਧਰ	—	1 ਸਫਾ
46.	ਸਿਆਸੀ ਦੁਨੀਆਂ ਜਲੰਧਰ	175.25	60.00
47.	ਸੰਘਰਸ਼, ਅੰਮ੍ਰਿਤਸਰ	148.50	—
48.	ਪ੍ਰੀਤ ਲੜੀ	—	574.00
49.	ਭਾਰਤੀ ਨਾਰੀ, ਅੰਮ੍ਰਿਤਸਰ	—	154.80
50.	ਹੋਮਿਉਪੈਥਕ ਸਮਾਚਾਰ, ਅੰਮ੍ਰਿਤਸਰ	—	1 ਸਫਾ
51.	ਆਰਸੀ, ਦਿੱਲੀ	—	70.00
52.	ਤਸਵੀਰ, ਜਲੰਧਰ	—	300.00
53.	ਕੰਵਲ, ਅੰਮ੍ਰਿਤਸਰ	—	70.00
54.	ਪ੍ਰੀਤਮ, ਦਿੱਲੀ	—	80.00
55.	ਨਵਾਂ ਸਾਹਿਤ, ਦਿਲੀ	—	80.00
56.	ਬੀਬਾ ਰਾਣਾ, ਅੰਮ੍ਰਿਤਸਰ	—	80.00
ਉਰਦੂ ਅਖਬਾਰ			
1.	ਮਿਲਾਪ, ਜਲੰਧਰ	14,016.88	4,317.67
2.	ਪਰਤਾਪ, ਜਲੰਧਰ	4,403.60	1,757.97
3.	ਹਿੰਦ ਸਮਾਚਾਰ, ਜਲੰਧਰ	11,472.53	6,088.76
4.	ਪਰਦੀਪ, ਜਲੰਧਰ	9,202.60	3,455.96
5.	ਪਰਭਾਤ, ਜਲੰਧਰ	1,633.30	3,660.38
6.	ਤਰਜਮਾਨ, ਲੁਧਿਆਣਾ	609.08	933.04

ਲੜੀ ਨੰ:	ਅਖ਼ਬਾਰ ਦਾ ਨਾਂ	ਕਲਾਸੀਫਾਈਡ ਇਸ਼ਤਿਹਾਰ	ਡਿਸਪਲੇ ਇਸ਼ਤਿਹਾਰ
7.	ਰੋਹਜਾਨ, ਲੁਧਿਆਣਾ	439.56	674.94
8.	ਸਵੇਰਾ, ਦਿੱਲੀ	1,353.76	824.76
9.	ਤੇਜ, ਦਿੱਲੀ	2,950.44	1,283.98
10.	ਮਿਲਾਪ, ਦਿੱਲੀ	—	75.73
11.	ਸਦਾਕਤ, ਲੁਧਿਆਣਾ	—	142.00
12.	ਹਿੰਦੂ, ਜਲੰਧਰ	865.70	1,086.38
13.	ਹਰੀਜਨ, ਜਲੰਧਰ	587.40	478.92
14.	ਨੈਸ਼ਨਲ ਫਰੰਟ, ਲੁਧਿਆਣਾ	—	119.68
15.	ਪਰਬੋਧ ਜਗਤ, ਗੁਰਦਾਸਪੁਰ	187.00	409.04
16.	ਅਵਾਹਨ, ਬਟਾਲਾ	—	119.68
17.	ਤੂਫਾਨ, ਬਟਾਲਾ	138.60	119.68
18.	ਅਤਾਲੀਕ, ਦਿੱਲੀ	338.68	286.20
19.	ਹੁਸ਼ਿਆਰਪੁਰ ਟਾਇਮਜ਼, ਹੁਸ਼ਿਆਰਪੁਰ	—	278.76
[ਰੈਵਿਨਿਊ ਅਫ਼ਸਰਾਂ ਦੀਆਂ ਮੀਟਿੰਗਾਂ ਜੋ ਮੰਡਲ ਹੈਡ ਕੁਆਟਰਾਂ, ਪਟਿਆਲਾ ਤੇ ਜਲੰਧਰ ਵਿਖੇ 19 ਨਵੰਬਰ, 1970 ਅਤੇ 2 ਦਸੰਬਰ, 1970 ਕਰਮਵਾਰ ਨੂੰ ਹੋਈਆਂ ਸਨ, ਉਨ੍ਹਾਂ ਵਿਚ ਡਿਪਟੀ ਕਮਿਸ਼ਨਰ/ਕਮਿਸ਼ਨਰਾਂ ਤੇ ਜ਼ੋਰ ਦਿਤਾ ਗਿਆ ਸੀ ਕਿ ਸਰਕਾਰੀ ਮੁਤਾਲਬਿਆਂ ਦੇ ਪੁਰਾਣੇ ਬਕਾਇਆਂ ਦੀ ਵਸੂਲੀ ਛੇਤੀ ਤੋਂ ਛੇਤੀ ਕੀਤੀ ਜਾਵੇ । ਇਸ ਵਿਸ਼ੇ ਸਬੰਧੀ ਕਾਨੂੰਨ ਦੇ ਅਧੀਨ ਪੁਰਾਣੇ ਬਕਾਏ ਤੇ ਕੋਈ ਤਾਵਾਨ ਜਾਂ ਜੁਰਮਾਨਾ ਨਹੀਂ ਲਗ ਸਕਦਾ ਹੈ । ਪਰੰਤੂ ਪੰਜਾਬ ਲੈਂਡ ਰੈਵਿਨਿਊ ਐਕਟ, 1887 ਦੀ ਧਾਰਾ 65 ਦੇ ਤਹਿਤ ਕੋਈ ਜਬਰੀ ਅਮਲ ਜੋ ਜਾਰੀ ਕੀਤਾ ਜਾਵੇ, ਉਸ ਦੇ ਖਰਚੇ ਦੀ ਵਸੂਲੀ ਵੀ ਭੋਂ ਮਾਮਲੇ ਦੇ ਬਕਾਏ ਵਿਚ ਸ਼ਾਮਲ ਕਰਕੇ ਵਸੂਲ ਕੀਤੀ ਜਾ ਸਕਦੀ ਹੈ । ਰਾਜ ਸਰਕਾਰ (ਮਾਲ ਵਿਭਾਗ ਵਿਚ) ਪਾਸ ਕੋਈ ਐਸੀ ਸ਼ਿਕਾਇਤ ਨਹੀਂ ਪੁਜੀ ਹੈ ਕਿ ਜ਼ਿਮੀਦਾਰਾਂ ਪਾਸੋਂ ਤਾਵਾਨ ਜਾਂ ਜੁਰਮਾਨਾ, ਬਕਾਇਆ ਦੀ ਵਸੂਲੀ ਨਾਲ ਵਸੂਲ ਕੀਤਾ ਜਾ ਰਿਹਾ ਹੈ । ਇਸ ਲਈ ਇਸ ਧਿਆਨ ਦਿਵਾਓ ਨੋਟਿਸ ਵਿਚ ਕੋਈ ਸਚਾਈ ਨਹੀਂ ਹੈ ।]

(Serial No. 26)

Shri Gian Chand Kharbanda : to draw the attention of the Government towards an urgent matter of public importance, namely, great discontentment prevails in the Trade and Industry of Punjab because nothing has been done, so far, to remove their genuine grievances, in spite of the statement of Excise and Taxation Minister made on 23rd August, 1970 in the meeting of Punjab Beopar Mandal Delegates at Jullundur that sales tax shall not be charged on the trade discount and it would be kept at par with cash discount. He had also stated that agricultural spare parts would be exempted from the levy of sales tax as in the case of agricultural implements. Further, discontentment prevails among the industrialists because limit of registration of traders has not been raised with the result that trade is shifting from Punjab to Delhi and other States.

For these reasons, it is a fit matter to be discussed through this Call Attention Notice.

Reply to Call Attention Notice No. 26, by Shri Gian Chand Kharbanda, M. L. A. regarding levy of sales tax on trade discount and parts of Agriculture Implements etc.

Sardar Parkash Singh (Chief Minister) : According to Section 2 ( ) of the Punjab General Sales Tax Act, 1948, the expression "turnover" has been defined to include the aggregate of the amounts of sales and purchases and parts of sales/purchases actually made by any dealer during the given period less any sum allowed as cash discount according to the ordinary trade practice, but including any sum charged for anything done by the dealer in respect of the goods at the time of or before delivery thereof. Cash discount, as per Elementary Double Entry Book Keeping by J. R. Bottliby, 20th Edition, 1965, page 36, has been defined as an allowance made by the receiver of cash to the payer for prompt payment. In the same book "Trade Discount" has been defined as an allowance made by a wholesaler to a retailer of the catalogue or in invoice price. From these definitions it is evident that the definiton of the expression "turnover" given in the Act ibid only excludes "cash discount" and not "trade discount". On the persistent demand of the dealers that "trade discount" allowed by the dealers to their customers should not be included in their turnover for the purposes of levy of Sales Tax, it has been decided by the Government that "trade discount" be treated like "cash discount" and it should not be included in the turnover for the purpose of levy of sales tax. In order to implement this decision, amendment of the Act ibid is required. Necessary formalities to give legal shape to this decision are being completed.

[Chief Minister]

2. It has been decided by Government that spare parts of certain specified Agriculture Implements should be exempted from the levy of sales tax. A preliminary notification inviting objections/suggestions from the public, as required by law, will be issued very early.

3. The representation of the trading community regarding raising of financial limit from Rs. 40,000 for registration of dealers under the Act ibid is under the consideration of the Taxation Enquiry and Resources Committee, Punjab. The Report of the Committee is still awaited. Final decision in this respect will be taken on receipt of the recommendation of the Committee.

ਪੰਜਾਬ ਵਿਧਾਨ ਸਭਾ ਦਾ ਧਿਆਨ ਦਿਵਾਊ ਨੋਟਿਸ ਨੰ: 63.

ਚੌਧਰੀ ਬਲਬੀਰ ਸਿੰਘ : ਸਰਕਾਰ ਦਾ ਧਿਆਨ ਲੋਕ ਮਹਤਤਾ ਦੇ ਇਕ ਜ਼ਰੂਰੀ ਮਾਮਲ ਵੱਲ ਦਵਾਉਣਾ ਚਾਹੁੰਦੇ ਹਨ, ਅਰਥਾਤ, ਬੱਸੀ ਗੁਲਾਮ ਹੁਸੈਨ ਦੇ ਸਰਪੰਚ ਨੇ ਕੁਝ ਗੁੰਡਿਆਂ ਨੂੰ ਟਰੱਕ ਵਿਚ ਲਿਆ ਕੇ ਹੁਸ਼ਿਆਰਪੁਰ ਵਿਚ ਇਕ ਸੰਸਾਰ ਚੰਦ ਕੋਹਲੀ ਅਤੇ ਉਸ ਦੇ ਲੜਕਿਆਂ ਤੇ ਹਮਲਾ ਕਰ ਦਿਤਾ । ਬੰਦੂਕ ਨਾਲ ਗੋਲੀਆਂ ਵੀ ਚਲਾਈਆਂ ਗਈਆਂ । ਪੁਲਿਸ ਤੱਕ ਮਾਮਲਾ ਪੁਜਿਆ ਲੇਕਿਨ ਰਾਜਨੀਤਕ ਦਬਾਊ ਨਾਲ ਇਸ ਕੇਸ ਨੂੰ ਹਜ਼ਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਅਜ (20 ਜਨਵਰੀ, 1971) ਦੀ ਪਰਤਾਪ ਅਤੇ ਹਿੰਦ ਸਮਾਚਾਰ ਅਖਬਾਰ ਵਿਚ ਵੀ ਇਹ ਖਬਰ ਛੱਪੀ ਹੈ । ਇਹ ਸਰਪੰਚ ਪਹਿਲਾਂ ਵੀ ਸਜ਼ਾ ਕੱਟ ਚੁੱਕਾ ਹੈ । ਲੋਕਾਂ ਵਿਚ ਬੇਚੈਨੀ ਹੈ । ਸਰਕਾਰ ਇਸ ਬਾਰੇ ਕਾਰਵਾਈ ਕਰੇ ਅਤੇ ਬਿਆਨ ਦੇ ਕੇ ਲੋਕਾਂ ਦੀ ਬੇਚੈਨੀ ਦੂਰ ਕਰੇ ।

ਸਰਦਾਰ ਪਰਕਾਸ਼ ਸਿੰਘ (ਮੁੱਖ ਮੰਤਰੀ): ਇਸ ਸਬੰਧ ਵਿਚ ਪੜਤਾਲ ਤੋਂ ਪਤਾ ਲਗਾ ਹੈ ਕਿ ਮਿਤੀ 14 ਜਨਵਰੀ, 1971 ਨੂੰ ਸ੍ਰੀ ਸੰਸਾਰ ਚੰਦ ਕੋਹਲੀ ਨੇ ਥਾਣਾ ਸਿਟੀ ਹੁਸ਼ਿਆਰਪੁਰ ਵਿਚ ਰਿਪੋਰਟ ਦਰਜ ਕਰਵਾਈ ਕਿ ਉਸ ਨੇ ਆਪਣੇ ਮਕਾਨ ਵਾਕਿਆ ਬਹਾਦਰ ਪੁਰ ਰੋਡ ਹੁਸ਼ਿਆਰ ਪੁਰ ਸਹਿਰ ਦੇ ਬਾਹਰ ਬਹੁਤ ਉਚੀ ਅਵਾਜ ਸੁਣੀ ਅਤੇ ਜਦ ਉਹ ਆਪਣੇ ਮਕਾਨ ਤੋਂ ਬਾਹਰ ਆਇਆ ਉਸ ਨੇ ਸ੍ਰੀ ਉਂਕਾਰ ਨਾਥ ਸਰਪੰਚ ਬੱਸੀ ਕਲਾਂ ਦੇਖਿਆ ਜਿਸ ਨੇ ਉਸ ਨੂੰ ਦਸਿਆ ਕਿ ਉਹ ਆਪਣੇ ਨੌਕਰਾਂ ਨੂੰ ਉਚੀ ਅਵਾਜ਼ ਵਿਚ ਕੁਝ ਕਹਿ ਰਿਹਾ ਹੈ ਕਿਉਂਕਿ ਟਰੈਕਟਰ ਚਲਣ ਦੇ ਸ਼ੋਰ ਵਿਚ ਉਨ੍ਹਾਂ ਨੂੰ ਸੁਣਾਈ ਨਹੀਂ ਦਿੰਦਾ । ਸ੍ਰੀ ਸੰਸਾਰ ਚੰਦ ਨਾਲ ਉਸ ਨੂੰ ਕੋਈ ਗਿੱਲਾ ਨਹੀਂ ਹੈ । ਇਸ ਰਪਟ ਤੇ ਸੰਸਾਰ ਚੰਦ ਨੇ ਦਸਖਤ ਕਰ ਦਿਤੇ । ਥੋੜੀ ਦੇਰ ਬਾਦ ਸ੍ਰੀ ਉਂਕਾਰ ਨਾਥ ਨੇ ਥਾਣਾ ਸਿਟੀ ਹੁਸ਼ਿਆਰਪੁਰ ਵਿਚ ਰਿਪੋਰਟ ਕੀਤੀ ਕਿ ਉਸ ਦੇ ਨੌਕਰ ਤੋਤਾ ਰਾਮ ਨੇ ਸ਼ਰਾਬ ਪੀਤੀ ਸੀ ਜਿਸ ਤੇ ਉਸ ਨੇ ਤਤਾ ਰਾਮ ਨੂੰ ਡਾਂਟ ਡਪਟ ਕੀਤੀ ਸੀ । ਇਹ ਵੀ ਦਸਿਆ ਕਿ ਤਤਾ ਰਾਮ ਅਚਾਨਕ ਜ਼ਮੀਨ ਤੇ ਗਿਰ ਪਿਆ ਤੇ ਉਸ ਨੂੰ ਮਾਮੂਲੀ ਚੋਟਾਂ ਆਈਆਂ । ਸ੍ਰੀ ਉਂਕਾਰ ਨਾਥ ਨੇ ਰੋਜ਼ਨਾਮਚਾ ਰਪਟ ਤੇ ਦਸਖਤ ਕਰ ਦਿਤੇ । ਸ੍ਰੀ ਤਤਾ ਰਾਮ ਨੇ ਸ੍ਰੀ ਉਂਕਾਰ ਨਾਥ ਦੇ ਬਿਆਨ ਦੀ ਤਾਈਦ ਕੀਤੀ ਤੇ ਕਿਹਾ ਕਿ ਉਸ ਨੂੰ ਕਿਸੇ ਵਿਰੁੱਧ ਕੋਈ ਰੋਸ਼ ਨਹੀਂ ਹੈ । ਸ੍ਰੀ ਸੰਸਾਰ ਚੰਦ ਦੇ ਭਾਈ ਸ੍ਰੀ ਮੁਲਖ ਰਾਜ ਨੇ ਵੀ ਇਹ ਦਸਿਆ ਕਿ ਉਂਕਾਰ ਨਾਥ, ਸੰਸਾਰ ਚੰਦ ਦੇ ਮਕਾਨ ਦੇ ਅਗੇ ਦੀ ਆਪਣੇ ਟਰੈਕਟਰ ਵਿਚ ਗੁਜ਼ਰਿਆ । ਉਸ ਨੇ ਆਪਣੀ ਬੰਦੂਕ ਨਾਲ 2/3 ਫਾਇਰ ਕੀਤੇ ਅਤੇ ਤਤਾ ਰਾਮ ਅਚਾਨਕ ਜ਼ਮੀਨ ਤੇ ਗਿਰਿਆ । ਇਹ ਵੀ ਦਸਿਆ ਕਿ ਉਨ੍ਹਾਂ ਨੂੰ ਸ੍ਰੀ ਉਂਕਾਰ ਨਾਥ ਵਿਰੁੱਧ ਕੋਈ ਰੋਸ਼ ਨਹੀਂ ਹੈ ਅਤੇ ਇਸ ਬਿਆਨ ਸਬੰਧੀ ਰੋਜ਼ਨਾਮਚੇ ਦੀ ਰਪਟ ਤੇ ਦਸਖਤ ਕਰ ਦਿਤੇ । ਇਨ੍ਹਾਂ ਸਾਰੇ ਵਾਕਿਆਤ ਤੋਂ ਕਿਸੇ ਜੁਰਮ ਕਾਬਲੇ ਦਸਤਅੰਦਾਜ਼ੀ ਦਾ ਹੋਣਾ ਨਹੀਂ

ਪਾਇਆ ਗਿਆ ਸੀ ਪਰ ਫਿਰ ਵੀ ਇਹ ਜ਼ਾਹਿਰ ਹੁੰਦਾ ਸੀ ਕਿ ਦੋਨੋਂ ਪਾਰਟੀਆਂ ਸਚਾਈ ਨੂੰ ਛੁਪਾ ਰਹੀਆਂ ਹਨ। ਮਾਮਲੇ ਬਾਰੇ ਇਹ ਸੀਨੀਅਰ ਪੁਲਿਸ ਅਫਸਰ ਰਾਹੀਂ ਪੜਤਾਲ ਤੋਂ ਪਾਇਆ ਗਿਆ ਕਿ ਮਿਤੀ 14 ਜਨਵਰੀ, 1971 ਨੂੰ ਸ੍ਰੀ ਉਂਕਾਰ ਨਾਥ ਅਤੇ ਉਸ ਦੇ ਨੌਕਰ ਤੋਤਾ ਰਾਮ ਨੇ ਸ਼ਰਾਬੀ ਹਾਲਤ ਵਿਚ ਰਾਤ ਦੇ 10 ਵਜੇ ਜਦ ਉਹ ਆਪਣੇ ਟਰੈਕਟਰ ਵਿਚ ਬਹਾਦਰ ਪੁਰ ਰੋਡ ਹੁਸ਼ਿਆਰ-ਪੁਰ ਪੁਜੇ ਤਾਂ ਉਨ੍ਹਾਂ ਰੌਲਾ ਪਾਇਆ ਸੀ ਅਤੇ ਸ੍ਰੀ ਸੰਸਾਰ ਚੰਦ ਨਾਲ ਵੀ ਗਰਮਾ ਗਰਮੀ ਹੋਈ ਸੀ। ਇਸ ਤਰ੍ਹਾਂ ਦੋਨਾਂ ਪਾਰਟੀਆਂ ਦਾ ਝਗੜੇ ਸਬੰਧੀ ਇਹ ਐਕਟ ਇਨਸਾਨੀ ਜ਼ਿੰਦਗੀ ਤੇ ਪਬਲਿਕ ਸੇਫਟੀ ਲਈ ਖਤਰਾ ਹੋਣਾ ਪਾਇਆ ਗਿਆ ਕਿਉਂਕਿ ਸੰਘਣੀ ਵਸੋਂ ਵਿਚ ਗੋਲੀ ਵੀ ਚਲਾਈ ਗਈ ਸੀ ਜਿਸ ਤੇ ਮੁਕੱਦਮਾ ਨੰ: 49/71 ਅ/ਧ 336/337 ਭ: ਡ: ਦਰਜ ਕੀਤਾ ਗਿਆ ਅਤੇ ਜ਼ੇਰ ਤਫਤੀਸ਼ ਹੈ।

ਸ੍ਰੀ ਉਂਕਾਰ ਨਾਥ ਨੇ ਟਰੱਕ ਵਿਚ ਗੁੰਡੇ ਹੁਸਿਆਰਪੁਰ ਨਹੀਂ ਲਿਆਂਦੇ ਸਨ ਤੇ ਨਾਂ ਹੀ ਸ੍ਰੀ ਸੰਸਾਰ ਚੰਦ ਤੇ ਕੋਈ ਹਮਲਾ ਕੀਤਾ। ਇਸ ਕੇਸ ਨੂੰ ਦਬਾਉਣ ਲਈ ਕੋਈ ਰਾਜਸੀ ਦਬਾਉ ਨਹੀਂ ਪਾਇਆ ਗਿਆ। ਮਾਮਲੇ ਬਾਰੇ ਲੋਕਾਂ ਵਿਚ ਕੋਈ ਬੇਚੈਨੀ ਨਹੀਂ ਹੈ। ਸ੍ਰੀ ਉਂਕਾਰ ਨਾਥ ਸਰਪੰਚ ਪਹਿਲਾਂ ਦਾ ਸੱਜ਼ਾ ਯਾਫਤਾ ਨਹੀਂ ਹੈ ਫਿਰ ਵੀ ਉਸ ਦੇ ਅਸਲੇ ਦਾ ਲੈਸੰਸ ਮਨਸੂਖ ਕਰਵਾਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ।

PAPERS LAID ON THE TABLE OF THE HOUSE

Mr. Speaker : Now a Minister will lay papers on the Table.

Minister for Finance (Sardar Balwant Singh) : Sir, I beg to lay on the Table of the House the *Punjab Agricultural Produce Markets (Amendment) Ordinance, 1970 (Punjab Ordinance No. 7 of 1970).

RESOLUTION UNDER CLAUSE (2) (a) OF ARTICLE 213 OF THE CONSTITUTION DISAPPROVING THE PUNJAB ENTERTAINMENTS DUTY (AMENDMENT) ORDINANCE, 1970 (PUNJAB ORDINANCE No. 5 OF 1970)

AND

THE PUNJAB ENTERTAINMENTS DUTY (AMENDMENT) BILL, 1971.

Mr. Speaker : The Resolution disapproving the Punjab Entertainments Duty (Amendment) Ordinance, 1970 (Punjab Ordinance No. 5 of 1970) will be discussed along with the Bill seeking to replace the Ordinance. It is in accordance with the previous practice. Of course, at the time of voting, the resolution will be first put to the vote of the House and thereafter the various motions relating to the Bill itself will be put to the vote of the House.

Now, I call upon the hon. Member, Sardar Umrao Singh, to move his resolution disapproving the Ordinance.

---

* Placed in the Library.

Sardar Umrao Singh : Sir, I beg to move—

That this House disapproves the Punjab Entertainments Duty (Amendment) Ordinance, 1970 (Punjab Ordinance No.5 of 1970).

Minister of State for Excise and Taxation (Sardar Narinder Singh) : Sir, I beg to introduce the Punjab Entertainments Duty (Amendment) Bill 1971.

Sir, I also beg to move—

That the Punjab Entertainments Duty (Amendment) Bill be taken into considetration at once.

Mr. Speaker : Motion moved—

That the Punjab Entertainments Duty (Amendment) Bill be taken into consideration at once.

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ): ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਅੱਜ ਸਾਡੇ ਸਾਹਮਣੇ ਤਕਰੀਬਨ 7 ਬਿਲ ਹਨ ਅਤੇ ਛੇ ਐਸੇ ਆਰਡੀਨੈਂਸ ਹਨ ਜਿਨ੍ਹਾਂ ਉਤੇ ਸਰਦਾਰ ਉਮਰਾਉ ਸਿੰਘ ਹੋਰਾਂ ਨੇ ਡਿਸਅਪਰੂਵਲ ਦੇ ਨੋਟਸਿਜ਼ ਦਿਤੇ ਹੋਏ ਹਨ । ਜੇ ਤੁਸੀਂ ਇਜਾਜ਼ਤ ਦਿਉ । (ਸ਼ੋਰ) (ਵਿਘਨ)

ਸਰਦਾਰ ਸਰੂਪ ਸਿੰਘ : ਇਹ ਕਿਤੇ ਪੁਆਇੰਟ ਆਫ ਆਰਡਰ ਬਣਦਾ ਹੈ? ਇਹ ਤਾਂ ਪੁਆਇੰਟ ਆਫ ਇਨਫਰਮੇਸ਼ਨ ਹੈ ।

ਵਿੱਤ ਮੰਤਰੀ : ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਪੋਰਟ ਸੀ ਕਿ 30 ਤਾਰੀਖ ਤਕ ਹਾਊਸ ਚਲੇ ਅਤੇ ਇਸ ਨੂੰ ਹਾਊਸ ਨੇ ਵੀ ਅਪਰੂਵ ਕੀਤਾ ਕਿ ਲੈਜਿਸਲੇਸ਼ਨ ਦਾ ਕੰਮ ਸਾਰਾ ਅੱਜ ਹੀ ਖਤਮ ਹੋ ਜਾਵੇ । ਇਸ ਲਈ, ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਕੀ ਇਹ ਪਾਸੇਬਿਲਿਟੀ ਨੂੰ ਐਕਸਪਲੋਰ ਕੀਤਾ ਜਾ ਸਕਦਾ ਹੈ ਕਿ ਇਹ ਸਾਰੇ ਬਿਲ ਇਕੋ ਵਾਰੀ ਹੀ (ਵਿਘਨ) ਮੂਵ ਕਰਕੇ ਲੈ ਲਿਤੇ ਜਾਣ । (ਸ਼ੋਰ) (ਵਿਘਨ)

ਸ੍ਰੀ ਸਪੀਕਰ : ਇਹ ਰੂਲਜ਼ ਦੇ ਵਿਰੁੱਧ ਹੋਵੇਗਾ । (ਸ਼ੋਰ) (ਵਿਘਨ) (That would be against the rules) (*Noise*) (*Interruption*)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਇਸ ਆਰਡੀਨੈਂਸ ਉਤੇ ਬੋਲਾਂ ਮੈਂ ਜਿਹੜਾ ਸਰਦਾਰ ਬਲਵੰਤ ਸਿੰਘ ਹੋਰਾਂ ਨੇ ਪੁਆਇੰਟ ਆਫ ਆਰਡਰ ਰੇਜ਼ ਕੀਤਾ ਹੈ । (ਵਿਘਨ)

ਸ੍ਰੀ ਸਪੀਕਰ : ਇਹ ਤਾਂ ਮੈਂ ਅਗੇ ਹੀ ਰੂਲ ਆਊਟ ਕਰ ਚੁੱਕਾ ਹਾਂ । (I have already ruled it out.)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਜੇ ਇਹ ਅੱਜ ਨਾ ਵੀ ਮੁਕਿਆ (ਵਿਘਨ)

ਸ੍ਰੀ ਸਪੀਕਰ : ਇਹ ਤਾਂ ਅੱਜ ਹੀ ਮੁਕਾਉਣਾ ਪੈਣਾ ਹੈ । ਇਹ ਤਾਂ ਬਿਜ਼ਨੈਸ ਐਡਵਾਇਜ਼ਰ ਕਮੇਟੀ ਦੀ ਰਪੋਰਟ ਤੇ ਹਾਊਸ ਦਾ ਆਰਡਰ ਹੈ । (ਵਿਘਨ) (This is to be completed today. This is the order of the House on the report submitted by the Business Advisory Committee.)

ਸਰਦਾਰ ਉਮਰਾਓ ਸਿੰਘ : ਜਿਹੜਾ ਕੰਮ ਅੱਜ ਰਹਿ ਜਾਵੇ ਉਹ 29 ਜਨਵਰੀ, 1971 ਜਾਂ 30 ਜਨਵਰੀ, 1971 ਨੂੰ ਸੈਕਿੰਡ ਸਿਟਿੰਗ ਵਿਚ ਕੀਤਾ ਜਾ ਸਕਦਾ ਹੈ । (ਵਿਘਨ)

ਸ੍ਰੀ ਸਪੀਕਰ : ਮੈਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਜੋ ਕਿ ਅਡਾਪਟ ਹੋਈ ਹੈ ਉਸ ਦੇ ਵਿਚੋਂ 27 ਤਾਰੀਖ ਦਾ ਪਰੋਗਰਾਮ ਪੜ੍ਹ ਦਿੰਦਾ ਹਾਂ । (I read out the programme fixed for the 27th Jan, 1971, in the report submitted by the Business Advisory Committee, duly approved by the House).

"Wednesday, the 27th January	Legislative Business. (If necessary there will be a second sitting for the transaction of the remaining Legislative business.)"

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਮੇਰੀ ਇਹ ਅਰਜ਼ ਹੈ ਕਿ ਜਿਹੜਾ ਅੱਜ ਕੰਮ ਰਹਿ ਜਾਵੇ ਉਹ 29 ਜਾਂ 30 ਤਾਰੀਖ ਨੂੰ ਕੀਤਾ ਜਾ ਸਕਦਾ ਹੈ । (ਵਿਘਨ)

ਸ੍ਰੀ ਸਪੀਕਰ : ਮੈਂ ਤਾਂ ਜਿਹੜਾ ਹਾਊਸ ਦਾ ਹੁਕਮ ਹੈ ਉਸ ਦੀ ਪਾਲਣਾ ਕਰਨੀ ਹੈ । (I have to obey the orders of the House.)

ਸਰਦਾਰ ਉਮਰਾਓ ਸਿੰਘ : ਮੈਂ ਤਾਂ ਇਹ ਰਿਕੁਐਸਟ ਕਰਦਾ ਹਾਂ ਕਿ ਜਿਹੜਾ ਅੱਜ ਕੰਮ ਰਹਿ ਜਾਵੇ ਉਹ 29 ਜਾਂ 30 ਤਾਰੀਖ ਜਿਹੜੀ ਕਿ ਗੌਰਮੈਂਟ ਨੂੰ ਮਨਜ਼ੂਰ ਹੋਵੇ, ਉਸ ਦਿਨ ਕਰ ਲਿਆ ਜਾਵੇ ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ): ਸਰਦਾਰ ਉਮਰਾਓ ਸਿੰਘ, ਅਸੀਂ ਅੱਜ ਕੰਟੀਨੂਅਸ-ਸਿਟਿੰਗ ਕਰ ਲਵਾਂਗੇ । (ਵਿਘਨ)

ਸਰਦਾਰ ਉਮਰਾਓ ਸਿੰਘ : (ਬੜਾ ਪਿੰਡ) ਤੁਸੀਂ ਕਿਸੇ ਦੌਰੇ ਤੇ ਜਾਣਾ ਲਗਦਾ ਹੈ (ਵਿਘਨ) ਇਹ ਜਿਹੜੇ ਆਰਡੀਨੈਂਸ ਦੇ ਡਿਸਅਪਰੂਵਲ ਦਾ ਨੋਟ ਦਿਤਾ ਹੈ ਇਹ ਐਂਟਰਟੇਨਮੈਂਟ ਡਿਊਟੀ ਵਧਾਉਣ ਦੇ ਬਾਰੇ ਵਿਚ ਹੈ । ਪਿਛਲੇ ਸਾਲ ਜਦੋਂ ਸਰਦਾਰ ਬਲਵੰਤ ਸਿੰਘ ਹੋਰਾਂ ਨੇ ਬਜਟ ਪੇਸ਼ ਕੀਤਾ ਸੀ ਤਾਂ ਉਸ ਵੇਲੇ ਇਥੇ ਬੜੇ ਜ਼ੋਰ ਨਾਲ ਕਿਹਾ ਸੀ ਕਿ ਕੋਈ ਪੰਜਾਬ ਵਿਚ ਨਵੇਂ ਟੈਕਸ ਨਹੀਂ ਲਗਾਏ ਜਾਣਗੇ । ਸਾਰਾ ਸਾਲ ਸਰਦਾਰ ਬਲਵੰਤ ਸਿੰਘ ਅਤੇ ਚੀਫ ਮਨਿਸਟਰ ਸਾਹਿਬ ਇਹ ਇਲਾਨ ਕਰਦੇ ਰਹੇ ਕਿ ਅਸੀਂ ਕੋਈ ਨਵਾਂ ਟੈਕਸ ਨਹੀਂ ਲਗਾਉਣਾ ਹੈ । ਇਸ ਦਫਾ ਵੀ ਜੋ ਬਜਟ ਸਪੀਚ ਦਿਤੀ ਗਈ ਹੈ । ਉਸ ਵਿਚ ਵੀ ਕੋਈ ਨਵਾਂ ਟੈਕਸ ਲਗਾਉਣ ਬਾਰੇ ਨਹੀਂ ਕਿਹਾ ਗਿਆ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਨੇ ਕੋਈ ਨਵੇਂ ਟੈਕਸ ਨਹੀਂ ਲਗਾਉਣੇ ਤਾਂ ਫੇਰ ਇਹ ਬਿਲ ਟੈਕਸ ਲਗਾਉਣ ਵਾਲੇ ਕਿਉਂ ਲਿਆਉਂਦੇ ਗਏ ਹਨ । ਇਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਨਵੇਂ ਟੈਕਸ ਨਹੀਂ ਲਗਾਉਣੇ ਅਤੇ

[ਸਰਦਾਰ ਉਮਰਾਓ ਸਿੰਘ]

ਅਤੇ ਦੂਜੇ ਪਾਸੇ ਇਹ ਟੈਕਸ ਲਗਾਈ ਜਾਂਦੇ ਹਨ । ਇਹ ਦੋ ਗੱਲਾਂ ਕਰਨੀਆਂ ਠੀਕ ਨਹੀਂ ਹਨ । (ਵਿਘਨ) ਇਹ ਇੰਝ ਲਗਦਾ ਹੈ ਕਿ ਇਨ੍ਹਾਂ ਦੇ ਕਹਿਣੀ ਅਤੇ ਕੱਥਨੀ ਵਿਚ ਫਰਕ ਹੈ । ਇਹ ਕਹਿੰਦੇ ਤਾਂ ਕੁਝ ਹੋਰ ਹਨ ਅਤੇ ਕਰਦੇ ਕੁਝ ਹੋਰ ਹਨ । (ਵਿਘਨ) ਇਸ ਸਰਕਾਰ ਨੂੰ ਚਾਹੀਦਾ ਹੈ ਕਿ ਟੈਕਸ ਲਗਾਉਣ । ਬਾਕੀ ਦੀਆਂ ਸਰਕਾਰਾਂ ਵੀ ਤਾਂ ਟੈਕਸ ਲਗਾਉਂਦੀਆਂ ਰਹੀਆਂ ਹਨ । ਜੋ ਬਜਟ ਵਿਚ ਡੇਫੇਸਿਟ ਹਨ ਉਸ ਨੂੰ ਪੂਰਾ ਕਰਨ ਲਈ ਕਈ ਹੋਰ ਸਾਧਨ ਲਭੇ ਜਾ ਸਕਦੇ ਸਨ (ਵਿਘਨ) ਇਥੇ ਸਰਦਾਰ ਬਲਵੰਤ ਸਿੰਘ ਨੇ ਕਿਹਾ ਕਿ ਇਕ ਟੈਕਸੇਸ਼ਨ ਅਤੇ ਇਨਕੁਆਇਰੀ ਕਮੇਟੀ ਬਣਾਈ ਹੋਈ ਹੈ ਜੋ ਕਿ ਇਹ ਸਾਧਨ ਲਭੇਗੀ। ਇਸ ਕਮੇਟੀ ਦੇ ਚੇਅਰਮੈਨ ਸ੍ਰੀ ਬਲਦੇਵ ਪਰਕਾਸ਼ ਸਨ, ਇਨ੍ਹਾਂ ਨੂੰ ਤਨਖਾਹ ਤੋਂ ਇਲਾਵਾ, ਕਾਰਾਂ ਅਤੇ ਕੋਠੀਆਂ ਫਰੀ ਵੀ ਦਿਤੀਆਂ ਹੋਈਆਂ ਸਨ (ਵਿਘਨ)

ਚੌਧਰੀ ਬਲਬੀਰ ਸਿੰਘ : ਇਹ ਸਰਦਾਰ ਬਲਵੰਤ ਸਿੰਘ ਦੀ ਸਰਕਾਰ ਹੈ, ਅਕਾਲੀਆਂ ਦੀ ਸਰਕਾਰ ਹੈ, ਸੰਤ ਫਤਿਹ ਸਿੰਘ ਦੀ ਸਰਕਾਰ ਹੈ । (ਵਿਘਨ)

ਸਰਦਾਰ ਉਮਰਾਓ ਸਿੰਘ : ਇਹ ਕਮੇਟੀ ਅੱਜ ਵੀ ਐਗਜ਼ਿਸਟ ਕਰ ਰਹੀ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ..(ਵਿਘਨ)

ਸ੍ਰੀ ਸਪੀਕਰ : ਇਨ੍ਹਾਂ ਨੇ ਕਿਹਾ ਹੈ ਕਿ 'ਕਹਿਣੀ' ਅਤੇ 'ਕਥਨੀ' ਵਿਚ ਕਿੰਨਾ ਫਰਕ ਹੈ ਪਰ ਇਹ ਤਾਂ ਇਕੋ ਗਲ ਹੁੰਦੀ ਹੈ । (ਵਿਘਨ) (The hon. Member Sardar Umrao Singh has talked about the difference between 'Kahni' and 'Kathni'. But these are synonymous terms.)

ਸਰਦਾਰ ਉਮਰਾਓ ਸਿੰਘ : ਮੈਂ ਅਰਜ਼ ਕਰ ਰਿਹਾ ਸੀ ਕਿ ਜੇ ਤਾਂ ਟੈਕਸ ਲਗਾਉਣੇ ਹਨ ਤਾਂ ਤੇ ਇਹ ਵਾਜਬ ਤੌਰ ਤੇ ਟੈਕਸ ਲਗਾਉਣ । ਇਹ ਨਹੀਂ ਹੋਣਾ ਚਾਹੀਦਾ ਕਿ ਕਹਿਣਾ ਤਾਂ ਇਹ ਕਿ ਟੈਕਸ ਲਗਾਉਣੇ ਨਹੀਂ ਹਨ ਅਤੇ ਦੂਜੇ ਪਾਸੇ ਟੈਕਸ ਲਗਾ ਵੀ ਦੇਣੇ (ਵਿਘਨ) ਦੋ ਸਾਲ ਹੋਏ ਇਕ ਕਮੇਟੀ ਬਣਾਈ ਗਈ ਸੀ ਪਰ ਉਸ ਦੀ ਰਪੋਰਟ ਅੱਜ ਤਕ ਹਾਊਸ ਵਿਚ ਨਹੀਂ ਆਈ । ਪਿਛੇ ਜਿਹੇ ਅਖਬਾਰ ਵਿਚ ਪੜ੍ਹਿਆ ਸੀ ਕਿ ਇਸ ਕਮੇਟੀ ਨੇ ਆਪਣੀ ਇੰਟੇਰਿਮ ਰਪੋਰਟ ਸਰਕਾਰ ਨੂੰ ਦੇ ਦਿਤੀ ਹੈ (ਵਿਘਨ) ਇਹ ਕਮੇਟੀ ਕਿਸ ਲਈ ਬਣਾਈ ਗਈ ਹੈ, ਹਜ਼ਾਰਾਂ ਲੱਖਾਂ ਰੁਪਿਆ ਇਸ ਉਤੇ ਖਰਚ ਕੀਤਾ ਜਾਂਦਾ ਹੈ । ਮੈਂਬਰਾਂ ਨੂੰ ਅਲਾਊਂਸ ਦਿਤੇ ਜਾ ਰਹੇ ਹਨ । ਜਿਹੜੇ ਮੈਂਬਰਾਂ ਨੂੰ ਸਰਕਾਰ ਵਜ਼ੀਰ ਨਹੀਂ ਬਣਾ ਸਕਦੀ, ਜਾਂ ਜਿਹੜੇ ਇਲੈਕਸ਼ਨ ਵਿਚ ਹਾਰ ਜਾਂਦੇ ਹਨ ਉਨ੍ਹਾਂ ਨੂੰ ਇਥੇ ਅਕਾਮੋਡੇਟ ਕੀਤਾ ਜਾਂਦਾ ਹੈ। ਜੇ ਟੈਕਸ ਨਹੀਂ ਲਗਾਉਣੇ ਹਨ ਤਾਂ ਮੈਂ ਚੀਫ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਇਸ ਸੁਫੈਦ ਹਾਥੀ ਨੂੰ ਇਥੇ ਬਨ੍ਹਣ ਦੀ ਕੀ ਲੋੜ ਹੈ । (ਵਿਘਨ) ਇਸ ਕਮੇਟੀ ਦੀ ਹਾਲੇ ਕੋਈ ਰਪੋਰਟ ਨਹੀਂ ਆਈ ਹੈ । (ਵਿਘਨ)

ਇਕ ਆਵਾਜ਼ : ਇਹ ਤਾਂ ਸਿਆਸੀ ਯਤੀਮ ਖਾਨਾ ਹੈ (ਵਿਘਨ)

ਸਰਦਾਰ ਉਮਰਾਓ ਸਿੰਘ : ਜੇ ਇਨ੍ਹਾਂ ਨੇ ਟੈਕਸ ਲਗਾਉਣੇ ਹਨ ਤਾਂ ਇਸ ਚੀਜ਼ ਦੀ ਬਜਟ ਵਿਚ ਪਰੋਵੀਜ਼ਨ ਕਰ ਲੈਣ । ਇਹ ਚੀਜ਼ ਠੀਕ ਨਹੀਂ ਕਿ ਇਕ ਪਾਸੇ ਤਾਂ ਇਹ ਕਹਿਣਾ ਕਿ ਟੈਕਸ ਨਹੀਂ ਲਗਾਉਣੇ ਹਨ ਅਤੇ ਦੂਜੇ ਪਾਸੇ ਇਹ ਟੈਕਸ ਲਗਾਈ ਵੀ ਜਾਂਦੇ ਹਨ। ਇਹ ਦੋ ਗਲਾਂ ਬਿਲਕੁਲ ਮੁਤਜ਼ਾਦ ਹਨ । ਇਹ ਵਾਜਬ ਨਹੀਂ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜੋ ਟੈਕਸ ਪਿਛਲੇ ਸਾਲ ਆਰਡੀਨੈਂਸ ਰਾਹੀਂ ਲਗਾਏ ਗਏ ਹਨ (ਵਿਘਨ) ਇਨ੍ਹਾਂ ਨੂੰ ਸਰਦਾਰ ਬਲਵੰਤ ਸਿੰਘ

ਹੋਰੀਂ ਹੁਣ ਇਕੱਠੇ ਹੀ ਮੂਵ ਕਰਨ ਲਈ ਕਹਿ ਰਹੇ ਹਨ । ਇਹ ਕੋਈ ਇਨ੍ਹਾਂ ਦੀ ਮਰਜ਼ੀ ਤਾਂ ਨਹੀਂ ਹੈ ਕਿ 10, 15, 20 ਆਰਡੀਨੈਂਸਿਜ਼ ਨੂੰ ਇਕੋ ਵਾਰ ਹੀ ਮੂਵ ਕਰਨ ਲਈ ਕਹਿ ਦੇਣ, ਇਹ ਤਾਂ ਐਸੰਬਲੀ ਵਿਚ ਕਾਇਦੇ, ਕਾਨੂੰਨ ਅਤੇ ਕਾਂਸਟੀਚਿਊਸ਼ਨਲ ਪਰੋਸੀਜਰ ਨਾਲ ਹੀ ਹੋਣਾ ਚਾਹੀਦਾ ਹੈ । ਇਨ੍ਹਾਂ ਬਿਲਾਂ ਨੂੰ ਇਕਲੇ ਇੱਕਲੇ ਹੀ ਅਡਾਪਟ ਕਰਨਾ ਪਵੇਗਾ । ਇਹ ਬਿਲ ਇੱਕਠੇ ਮੂਵ ਕਰਨ ਨਾਲ ਇਨ੍ਹਾਂ ਦੀ ਇਨਟੈਨਸ਼ਨ ਦਾ ਪਤਾ ਲਗ ਰਿਹਾ ਹੈ (ਵਿਘਨ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ, ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਣਾ ਹੈ ਕਿ ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਵੇਲੇ ਜਦੋਂ ਬਾਰ੍ਹਾਂ ਤੇਰ੍ਹਾਂ ਆਰਡੀਨੈਂਸਿਜ਼ ਛੇ ਮਹੀਨੇ ਵਿਚ ਲਗਾਏ ਗਏ ਤਾਂ ਇਥੇ ਹਾਊਸ ਵਿਚ ਇਸ ਚੀਜ਼ ਦਾ ਇਤਰਾਜ਼ ਹੋਇਆ ਅਤੇ ਤੁਸੀਂ ਉਸ ਵੇਲੇ ਇਹ ਫਰਮਾਇਆ ਸੀ ਕਿ ਮੈਂ ਗੌਰਮੈਂਟ ਨੂੰ ਕਹਾਂਗਾ ਕਿ ਆਰਡੀਨੈਂਸਿਜ਼ ਐਨੇ ਨਹੀਂ ਕਰਨੇ ਚਾਹੀਦੇ ਹਨ । ਜਿਸ ਆਰਡੀਨੈਂਸ ਦੀ ਜ਼ਰੂਰਤ ਹੋਵੇ ਸਿਰਫ ਉਹੀ ਹੀ ਕਰਨਾ ਚਾਹੀਦਾ ਹੈ । ਹੁਣ ਇਹ ਆਰਡੀਨੈਂਸ ਤੁਹਾਡੇ ਸਾਹਮਣੇ ਹੈ, ਤੁਸੀਂ ਆਪ ਹੀ ਦੇਖ ਲਵੋ ਕਿ ਇਸ ਦੀ ਕੀ ਜ਼ਰੂਰਤ ਹੈ ? ਇਸ ਆਰਡੀਨੈਂਸ ਲਈ ਜੋ ਸਟੇਟਮੈਂਟ ਦਿਤੀ ਹੈ ਉਹ ਸਾਡੇ ਸਾਹਮਣੇ ਹੈ, ਇਸ ਵਿਚ ਕੋਈ ਚੀਜ਼ ਕਲੀਅਰ ਤੌਰ ਤੇ ਨਹੀਂ ਦਿਤੀ ਹੋਈ ਹੈ । (ਵਿਘਨ) ਸਾਡੀ ਲੋਕ ਸਭਾ ਵਿਚ ਇਹਦੇ ਬਾਰੇ ਇਕ ਪ੍ਰਿੰਸੀਪਲ ਹੈ ਅਤੇ ਇਥੇ ਵੀ ਇਕ ਗਲ ਮੰਨੀ ਹੋਈ ਹੈ ਕਿ ਜਦੋਂ ਕੋਈ ਆਰਡੀਨੈਂਸ ਲਿਆਇਆ ਜਾਵੇ ਉਸ ਆਰਡੀਨੈਂਸ ਦੇ ਇਲਾਨ ਦੀ ਸਟੇਟਮੈਂਟ ਕਲੀਅਰ ਤੌਰ ਤੇ ਦਸਣੀ ਚਾਹੀਦੀ ਹੈ । ਇਹ ਸਟੇਟਮੈਂਟ ਹਾਊਸ ਦੀ ਟੇਬਲ ਤੇ ਲੇ ਹੋਣੀ ਚਾਹੀਦੀ ਹੈ । ਤਾਂ ਕਿ ਹਾਊਸ ਉਸ ਤੇ ਵਿਚਾਰ ਕਰ ਸਕੇ ਅਤੇ ਮੈਂਬਰਜ਼ ਆਪਣੀ ਆਪਣੀ ਰਾਏ ਦੇ ਸਕਣ (ਵਿਘਨ) ਜੋ ਆਰਡੀਨੈਂਸ ਲਈ ਸਰਕਾਰ ਨੂੰ ਪਾਵਰ ਦਿਤੀ ਗਈ ਹੈ ਕੀ ਉਹ ਅਦਾਲਤੀ ਤੌਰ ਤੇ ਵਰਤੀ ਗਈ ਹੈ ਕਿ ਨਹੀਂ, ਇਸ ਚੀਜ਼ ਨੂੰ ਮੈਂਬਰਜ਼ ਦੇਖ ਸਕਣ । ਪਿਛਲਾ ਸੈਸ਼ਨ ਜੁਲਾਈ ਵਿਚ ਹੋਇਆ ਸੀ । ਫੇਰ ਛੇ ਮਹੀਨੇ ਸੈਸ਼ਨ ਨਹੀਂ ਕੀਤਾ ਗਿਆ । ਕੀ ਹਾਲਾਤ ਸਨ ਜਿਨ੍ਹਾਂ ਦੀ ਬਿਨਾਂ ਤੇ ਇਹ ਸੈਸ਼ਨ ਨਹੀਂ ਬੁਲਾ ਸਕੇ ? ਹਮੇਸ਼ਾਂ ਸੈਸ਼ਨ ਅਕਤੂਬਰ, ਨਵੰਬਰ ਵਿਚ ਵਿਧਾਨ ਸਭਾ ਦਾ ਹੁੰਦਾ ਰਿਹਾ ਹੈ, ਇਹ ਫਿਰ ਇਸ ਤਰ੍ਹਾਂ ਕਿਉਂ ਨਹੀਂ ਕੀਤਾ ਗਿਆ । (ਵਿਘਨ)

ਸ੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ "ਮੀਆਂ ਬੀਵੀ ਰਾਜ਼ੀ ਤਾਂ ਕੀ ਕਰੇਗਾ ਕਾਜ਼ੀ"।

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਪੁਆੜਾ ਤਾਂ ਇਸੀ ਗੱਲ ਦਾ ਹੈ । ਜੇ ਮੀਆਂ ਬੀਵੀ ਰਾਜ਼ੀ ਹੁੰਦੇ ਤਾਂ ਇਨ੍ਹਾਂ ਨੂੰ ਕੀ ਤਕਲੀਫ ਸੀ ਇਸ ਤਰ੍ਹਾਂ ਬਿਲ ਪਾਸ ਕਰਾਉਣ ਦੀ । ਅਸੀਂ ਤਾਂ ਰਾਜ਼ੀ ਸੀ ਪਰ ਇਨ੍ਹਾਂ ਦਾ ਦਿਲ, ਇਨ੍ਹਾਂ ਦੀ ਨੀਤੀ ਸਾਫ ਨਹੀਂ ਸੀ । ਮੈਂ ਅਰਜ਼ ਕਰਦਾ ਹਾਂ ਕਿ ਜਾਂ ਇਹ ਗੌਰਮਿੰਟ ਕਲੀਅਰ ਤੌਰ ਤੇ ਕਹੇ ਕਿ ਅਸੀਂ ਟੈਕਸ ਲਾਉਣੇ ਹਨ, ਮੋਟਰ ਵੈਹੀਕਲ ਤੇ ਟੈਕਸ, ਸਿਨਮੇ ਤੇ ਟੈਕਸ ਅਤੇ ਇਸ ਤਰ੍ਹਾਂ ਤਿੰਨ ਚਾਰ ਹੋਰ ਟੈਕਸ ਜਿਸ ਦੇ ਨਾਲ ਲੱਖਾਂ ਰੁਪਏ ਦੀ ਆਮਦਨ ਹੋਣੀ ਹੈ, ਇਸ ਦਾ ਅਸਰ ਗਰੀਬ ਜਨਤਾ ਤੇ ਹੀ ਪਵੇਗਾ । ਪਰ ਮੈਂ ਗੌਰਮਿੰਟ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਗੌਰਮਿੰਟ ਦੀ ਪਾਲਿਸੀ ਟੈਕਸ ਲਾਉਣ ਦੀ ਹੈ ਜਾਂ ਨਹੀਂ? ਇਨ੍ਹਾਂ ਨੂੰ ਇਸ ਬਾਰੇ ਕਲੀਅਰ ਕਰਨਾ ਚਾਹੀਦਾ ਹੈ । ਇਹ ਟੈਕਸ ਪਿਛਲੇ ਸਾਲ ਲਗਾਇਆ ਗਿਆ ਸੀ, ਔਰ ਇਹ ਇਕ ਸਾਲ ਲਈ ਸੀ ਪਰ ਇਹ ਤਾਂ ਹਮੇਸ਼ਾਂ ਲਈ ਲਗਾਇਆ ਗਿਆ ਹੈ । ਜਦ ਆਡਰੀਨੈਂਸ ਆਇਆ ਤਾਂ ਅਸੀਂ ਸਮਝਿਆ ਕਿ ਸ਼ਾਇਦ ਜਿਹੜਾ ਬੱਜਟ ਵਿਚ 7-8 ਕਰੋੜ ਰੁਪਏ ਦਾ ਘਾਟਾ ਹੈ । ਉਸ ਨੂੰ ਪੂਰਾ ਕਰਨ ਵਾਸਤੇ 5-6 ਮਹੀਨੇ ਲਈ ਲਗਾ ਦਿਤਾ ਹੋਵੇ ਪਰ ਇਹ ਤਾਂ ਪੱਕੇ ਤੌਰ ਤੇ ਕਰ ਦਿਤਾ ਗਿਆ ਹੈ । ਇਹ ਪਾਲਿਸੀ ਇਨ੍ਹਾਂ ਦੀ ਠੀਕ ਨਹੀਂ ਹੈ । ਐਂਟਰਟੇਨਮੈਂਟ ਡਿਊਟੀ 50% ਤੋਂ ਵਧਾ ਕੇ 60% ਕਰ ਦਿਤੀ ਹੈ । (ਵਿਘਨ) ਮੈਂ ਤਾਂ ਸਿਨਮਾ ਘੱਟ ਦੇਖਦਾ ਹਾਂ । ਸਪੀਕਰ ਸਾਹਿਬ,

[ਸਰਦਾਰ ਉਮਰਾਓ ਸਿੰਘ]

ਮੈਂ ਅਰਜ਼ ਕਰਦਾ ਹਾਂ ਕਿ ਇਸ ਦਾ ਅਸਰ ਸਿਨਮਾ ਵੇਖਣ ਵਾਲੀ ਆਮ ਗਰੀਬ ਜਨਤਾ ਤੇ ਪੈਣਾ ਹੈ । ਇਸ ਵਾਸਤੇ ਮੈਂ ਅਰਜ਼ ਕਰਦਾ ਹਾਂ ਕਿ ਇਹ ਜਿਹੜਾ ਟੈਕਸ ਹੈ, ਮੋਟਰ ਵੈਹੀਕਲ ਆਦਿ ਤੇ ਟੈਕਸ ਇਹ ਸਾਰੇ ਟੈਕਸ ਗਰੀਬ ਜਨਤਾ ਤੇ ਹਨ । ਇਹ ਸਾਰਾ ਟੈਕਸ ਗਰੀਬਾਂ ਤੇ ਲੱਗ ਰਿਹਾ ਹੈ । ਜਿਥੋਂ ਤੱਕ ਆਰਡੀਨੈਂਸ ਦਾ ਤੱਲਕ ਹੈ ਗਵਰਨਰ ਭਾਸ਼ਣ ਵਿਚ ਕਈ ਟੈਕਸੇਸ਼ਨ ਮਈਅਰਜ਼ ਹਨ, ਇਸ ਟੈਕਸੇਸ਼ਨ ਮਈਅਰਜ਼ ਰਾਹੀਂ ਮੈਂ ਕਹਿੰਦਾ ਹਾਂ ਕਿ ਇਹ ਹਾਊਸ ਅੱਗੇ ਸਿੱਧੇ ਅਖਤਿਆਰ ਖੋਹਣ ਵਾਲੀ ਗਲ ਹੈ । ਜਿਸ ਦੇ ਬਾਰੇ ਸ੍ਰੀ ਮਾਵਲੰਕਰ, ਜੋ ਕਿ ਲੋਕ ਸਭਾ ਦੇ ਸਪੀਕਰ ਰਹੇ ਹਨ, ਉਨ੍ਹਾਂ ਦੀਆਂ ਰੂਲਿੰਗਜ਼ ਹਨ, ਕੌਲ ਅਤੇ ਸ਼ਖਧਰ ਵਿਚ ਵੀ ਇਸ ਦੇ ਬਾਰੇ ਜ਼ਿਕਰ ਹੈ । ਉਨ੍ਹਾਂ ਨੇ ਕਈ ਵਾਰੀ ਲੋਕ ਸਭਾ ਵਿਚ ਪੰਡਿਤ ਨਹਿਰੂ ਨੂੰ ਕਿਹਾ ਸੀ ਕਿ ਜਿਥੋਂ ਤਕ ਆਰਡੀਨੈਂਸ ਦਾ ਤੁਅੱਲਕ ਹੈ, ਇਸ ਤਰ੍ਹਾਂ ਦੀ ਪਾਵਰਜ਼ ਲੈਣੀ, ਜਿਥੇ ਟੈਕਸ ਲਾਉਣਾ ਹੋਵੇ ਉਥੇ ਨਹੀਂ ਵਰਤਣੀ ਚਾਹੀਦੀ ਜਿਸ ਤਰ੍ਹਾਂ ਇਹ ਪੰਜ ਛੇ ਟੈਕਸ ਲਗਾਏ ਹਨ, ਇਹ ਕੋਈ ਜਮਹੂਰੀਅਤ ਦਾ ਤਰੀਕਾ ਨਹੀਂ ਹੈ । ਜੋ ਪਾਰਲੀਮੈਂਟਰੀ ਪਰੋਸੀਜਰ ਹੈ, ਜੋ ਵਿਧਾਨ ਹੈ, ਇਸ ਦੇ ਅਖਤਿਆਰ ਨੂੰ ਬਾਈ ਪਾਸ ਕਰਨ ਵਾਲੀ ਗੱਲ ਹੈ ।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਡਿਪਟੀ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਪਿਛੇ ਜਿਹੜਾ ਸੈਸ਼ਨ ਹੋਇਆ ਸੀ, ਉਸ ਦੇ ਵਿਚ ਮੁੱਖ ਮੰਤਰੀ ਨੇ ਕਿਹਾ ਸੀ ਕਿ ਇਸ ਸਾਲ ਵਿਚ ਫਿਰ ਸੈਸ਼ਨ ਬੁਲਾਵਾਂਗੇ ਔਰ ਉਨ੍ਹਾਂ ਨੇ ਕਿਹਾ ਸੀ ਕਿ ਜੋ ਬਿਜ਼ਨੈਸ ਹੋਇਆ, ਜੋ ਕੰਮ ਹੋਇਆ, ਉਸ ਨੂੰ ਖਤਮ ਕਰਨ ਵਾਸਤੇ ਜ਼ਰੂਰ ਸੈਸ਼ਨ ਬੁਲਾਇਆ ਜਾਵੇਗਾ । ਔਰ ਇਹ ਵੀ ਕਿਹਾ ਸੀ ਕਿ ਕੋਈ ਟੈਕਸ ਨਹੀਂ ਲਾਇਆ ਜਾਵੇਗਾ । ਬਲਕਿ ਆਰਡੀਨੈਂਸ ਦੇ ਜ਼ਰੀਏ ਤਾਂ ਟੈਕਸ ਬਿਲਕੁਲ ਨਹੀਂ ਲਾਇਆ ਜਾਵੇਗਾ। ਇਕ ਟੈਕਸ ਲਾਉਣਾ ਔਰ ਦੂਜਾ ਆਰਡੀਨੈਂਸ ਦੇ ਰਾਹੀਂ ਲਾਉਣਾ, ਮੈਂ ਦੱਸਦਾ ਹਾਂ ਕਿ ਸੀ. ਐਮ. ਸਾਹਿਬ ਨੇ ਜਿਹੜੀ ਐਸ਼ੋਰੈਂਸ ਦਿਤੀ ਸੀ, ਉਸ ਦੀ ਵਾਇਉਲੇਸ਼ਨ ਹੈ ਇਸ ਤਰੀਕੇ ਨਾਲ । ਮੈਂ ਚੀਫ਼ ਮਨਿਸਟਰ ਸਾਹਿਬ ਦੀ ਬੜੀ ਇਜ਼ਤ ਕਰਦਾ ਹਾਂ ਔਰ ਉਨ੍ਹਾਂ ਦਾ ਮਾਣ ਕਰਦਾ ਹਾਂ ਪਰ ਇਸ ਢੰਗ ਦੇ ਨਾਲ ਉਨ੍ਹਾਂ ਨੇ ਇਸ ਹਾਊਸ ਨੂੰ ਗਲਤ ਫਹਿਮੀ ਵਿਚ ਰੱਖਿਆ ਹੈ ਔਰ ਹਾਊਸ ਨੂੰ ਬਾਈ ਪਾਸ ਕਰਨ ਦੀ ਕੋਸ਼ਿਸ਼ ਕੀਤੀ ਹੈ । ਇਹ ਗੱਲ ਉਨ੍ਹਾਂ ਨੂੰ, ਨਾ ਉਨ੍ਹਾਂ ਦੀ ਪਾਰਟੀ ਅਤੇ ਨਾ ਹੀ ਪੰਜਾਬ ਨੂੰ ਇਸ ਦੀ ਸ਼ੋਭਾ ਮਿਲਦੀ ਹੈ । 8-10 ਆਰਡੀਨੈਂਸ ਲਿਆਉਣੇ ਅਤੇ ਫਿਰ ਇਹ ਕਹਿਣਾ ਕਿ ਇਹ ਸਾਰੇ ਇੱਕਠੇ ਪਾਸ ਹੋ ਜਾਣ ਇਹ ਬਿਲਕੁਲ ਕਿਸੇ ਵੀ ਢੰਗ ਦੇ ਨਾਲ ਠੀਕ ਨਹੀਂ ਹੈ । ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਹ ਕੋਈ ਚੰਗਾ ਤਰੀਕਾ ਨਹੀਂ ਹੈ ਪਾਰਲੀਮੈਂਟਰੀ ਪਰੋਸੀਜਰ ਨੂੰ ਅੱਪ-ਹੋਲਡ ਕਰਨ ਦਾ । ਇਸ ਆਰਡੀਨੈਂਸ ਨੂੰ ਇਹ ਵਾਪਿਸ ਲੈ ਲੈਣ ਔਰ ਇਸ ਤੇ ਵਿਚਾਰ ਕਰਕੇ, ਇਸ ਦੇ ਵਿਚ ਆਪਣੀ ਕਮੇਟੀ ਦੀਆਂ ਰਿਕੁਮੈਂਡੇਸ਼ਨ ਲੈ ਲੈਣ ਔਰ ਹਾਊਸ ਦੇ ਮੈਂਬਰਜ਼ ਨੂੰ ਕਨਫੀਡੈਂਸ ਵਿਚ ਲੈ ਕੇ ਇਸ ਤੇ ਦੁਬਾਰਾ ਵਿਚਾਰ ਕਰਨ, ਔਰ ਇਹ ਗੱਲ ਕਹਿਕੇ ਕਿ ਘਾਟਾ ਪੂਰਾ ਕਰਨ ਲਈ ਟੈਕਸ ਲਾਉਣੇ ਹਨ, ਜਾਂ ਤਾਂ ਇਸ ਨੂੰ ਦੁਬਾਰਾ ਫਿਰ ਇਸ ਤੇ ਸੋਚ ਕਰਕੇ ਅਤੇ ਫਿਰ ਨਵਾਂ ਬਿੱਲ ਲਿਆਉਣ ਤਾਂ ਫਿਰ ਅਸੀਂ ਉਸ ਦਾ ਸਵਾਗਤ ਕਰ ਸਕਦੇ ਹਾਂ । ਪਰ ਇਸ ਤਰ੍ਹਾਂ ਇਹ ਟੈਕਸ ਆਰਡੀਨੈਂਸ ਦੇ ਨਾਲ ਜਾਂ ਕਿਸੇ ਹੋਰ ਤਰੀਕੇ ਦੇ ਰਾਹੀਂ ਲਾਉਣਾ, ਅਸੀਂ ਇਸ ਦੀ ਸ਼ਲਾਘਾ ਨਹੀਂ ਕਰ ਸਕਦੇ ।

(ਇਸ ਵੇਲੇ ਸ੍ਰੀ ਡਿਪਟੀ ਸਪੀਕਰ ਨੇ ਕਾਮਰੇਡ ਸੱਤਪਾਲ ਡਾਂਗ ਨੂੰ ਬੋਲਣ ਲਈ ਕਿਹਾ ।)

ਸ੍ਰੀ ਮਨਮੋਹਨ ਕਾਲੀਆ : ਪੁਆਇੰਟ ਆਫ ਆਰਡਰ, ਸਰ । ਮੇਰੀ ਬੇਨਤੀ ਇਹ ਹੈ ਕਿ ਅਕਾਰਡਿੰਗ ਟੂ ਪਰੈਸੀਡੈਂਟ ਪਾਰਟੀ ਦੀ ਸਟਰੈਂਥ ਦੀ ਮੁਤਾਬਿਕ ਟਾਈਮ ਮਿਲਣਾ ਚਾਹੀਦਾ ਹੈ ਅੌਰ ਇਸ ਦੇ ਹਿਸਾਬ ਨਾਲ ਨੰਬਰ ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਸਾਡੀ ਪਾਰਟੀ ਦਾ ਥਰਡ ਨੰਬਰ ਹੈ।

ਸ੍ਰੀ ਡਿਪਟੀ ਸਪੀਕਰ : ਕਾਲੀਆ ਸਾਹਿਬ, ਇਹ ਜਿਹੜੀ ਅਮੈਂਡਮੈਂਟ ਹੈ, ਇਹ ਸਰਦਾਰ ਉਮਰਾਓ ਸਿੰਘ ਅਤੇ ਕਾਮਰੇਡ ਸਤਪਾਲ ਡਾਂਗ ਵੱਲੋਂ ਹੈ । ਇਸ ਲਈ ਬੜਾ ਜ਼ਰੂਰੀ ਹੈ ਕਿ ਉਹ ਬੋਲਣ । (Kalia Sahib, this amendment has been tabled by Sardar Umrao Singh and Comrade Satya Pal Dang. So it is necessary to allow them to speak.)

ਕਾਮਰੇਡ ਸੱਤਪਾਲ ਡਾਂਗ (ਅੰਮ੍ਰਿਤਸਰ ਪੱਛਮ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਕੋਲ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਆਰਡੀਨੈਂਸ ਨੂੰ ਮਨਜ਼ੂਰੀ ਨਹੀਂ ਮਿਲਣੀ ਚਾਹੀਦੀ ਅੌਰ ਆਰਡੀਨੈਂਸ ਦੀ ਲੈਣ ਲਈ ਜਿਹੜਾ ਬਿਲ ਪੇਸ਼ ਹੋਇਆ ਹੈ, ਇਹ ਨਾ-ਮਨਜ਼ੂਰ ਹੋਣਾ ਚਾਹੀਦਾ ਹੈ । ਮੇਰਾ ਇਤਰਾਜ਼ ਬੜਾ ਮੁਖਤਸਰ ਜਿਹਾ ਹੈ । ਮੇਰਾ ਪਹਿਲਾ ਇਤਰਾਜ਼ ਇਹ ਹੈ ਕਿ ਜਿਸ ਤਰ੍ਹਾਂ ਸਰਦਾਰ ਉਮਰਾਓ ਸਿੰਘ ਨੇ ਕਿਹਾ ਹੈ ਕਿ ਇਸ ਕਿਸਮ ਦੇ ਟੈਕਸ ਆਰਡੀਨੈਂਸ ਦੇ ਰਾਹੀਂ ਲਿਆਉਣਾ, ਵਿਧਾਨ ਦੀ ਜਿਹੜੀ ਮੱਦ ਹੈ, ਗਵਰਨਰ ਨੂੰ ਆਰਡੀਨੈਂਸ ਕਰਨ ਦਾ ਅਖਤਿਆਰ ਦਿੰਦਾ ਹੈ, ਉਸ ਦੀ ਹੱਦ ਤੋਂ ਜ਼ਿਆਦਾ ਦੂਰ ਵਰਤੋਂ ਹੈ । ਆਰਡੀਨੈਂਸ ਦੀ ਜਿਹੜੀ ਮੱਦ ਵਿਧਾਨ ਵਿਚ ਪਾਈ ਗਈ ਹੈ, ਉਸ ਦਾ ਅਸਲ ਮਕਸਦ ਹੈ ਕਿ ਸੈਸ਼ਨ ਹੋਵੇਗਾ ਫੌਰੀ ਤੌਰ ਤੇ ਨਾ ਸੱਦਿਆ ਜਾ ਸਕੇ, ਕੋਈ ਅਚਾਨਕ ਐਮਰਜੈਂਸੀ ਵਾਲਾ ਕੰਮ ਆ ਜਾਵੇ ਤਾਂ ਵਿਧਾਨ ਸਭਾ ਵਿਚ ਬਿੱਲ ਪੇਸ਼ ਨਾ ਹੋ ਸਕਦਾ ਹੋਵੇ ਕੋਈ ਇਜਲਾਸ ਨਾ ਹੋ ਰਿਹਾ ਹੋਵੇ ਤਾਂ ਗਵਰਨਰ ਸਾਹਿਬ ਪਾਸ ਸਰਕਾਰ ਪ੍ਰਾਰਥਨਾ ਕਰਕੇ ਆਰਡੀਨੈਂਸ ਕਰਾ ਲਵੇ । (ਵਿਘਨ) ਐਂਟਰਟੇਨਮੈਂਟ ਟੈਕਸ 50% ਤੋਂ ਵਧਾਕੇ 60% ਕਰ ਦਿਤਾ ਜਾਵੇ, ਇਸ ਦੇ ਲਈ ਆਰਡੀਨੈਂਸ ਕੀਤਾ ਜਾਵੇ ਇਹ ਆਰਡੀਨੈਂਸ ਕਰਨ ਦੀ ਪਾਵਰ ਦੀ ਹੱਦ ਤੋਂ ਜ਼ਿਆਦਾ ਦੁਰਵਰਤੋਂ ਹੈ । ਇਸ ਕਰਕੇ ਮੈਂ ਇਸ ਦੇ ਖਿਲਾਫ ਹਾਂ । ਡਿਪਟੀ ਸਪੀਕਰ ਸਾਹਿਬ, ਦੂਸਰੀ ਗਲ ਇਹ ਹੈ ਕਿ ਮੈਂ ਮੈਰਿਟਸ ਉਤੇ ਵੀ ਇਸ ਦੇ ਖਿਲਾਫ ਹਾਂ । ਵਜ਼ੀਰ ਖਜ਼ਾਨਾ ਨੇ ਆਪਣੀ ਤਕਰੀਰ ਵਿਚ ਕਰੈਡਿਟ ਕਲੇਮ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਮੈਂ ਤਾਂ ਸਿਰਫ ਉਹ ਟੈਕਸ ਲਾਵਾਂਗਾ ਜਿਹੜੇ ਟੈਕਸ ਅਮੀਰ ਤੇ ਪੈਂਦੇ ਹਨ ਅਤੇ ਟੈਕਸ ਗਰੀਬਾਂ ਤੇ ਨਹੀਂ ਲੱਗੇਗਾ । ਉਨ੍ਹਾਂ ਨੇ ਇਕ ਮਿਸਾਲ ਵੀ ਦਿਤੀ ਸੀ ਕਿ ਸ਼ੋ ਟੈਕਸ ਮੈਂ ਵਧਾ ਦਿਤਾ ਹੈ । ਸ਼ੋ ਟੈਕਸ ਜੋ ਇਨ੍ਹਾਂ ਨੇ ਵਧਾਇਆ ਹੈ ਜਿਸ ਵੇਲੇ ਉਹ ਆਵੇਗਾ ਮੈਂ ਬਿਲਕੁਲ ਉਸ ਦੀ ਹਮਾਇਤ ਕਰਾਂਗਾ । ਲੇਕਿਨ ਡਿਪਟੀ ਸਪੀਕਰ ਸਾਹਿਬ, ਮੁੱਖ ਤੌਰ ਤੇ ਇਸ ਸਰਕਾਰ ਨੇ ਜਿਹੜੇ ਨਵੇਂ ਟੈਕਸ ਲਾਏ, ਪਿਛਲੇ 2 ਸਾਲ ਦੇ ਵਿਚ ਭਾਵੇਂ ਜਦੋਂ ਸਰਦਾਰ ਗੁਰਨਾਮ ਸਿੰਘ ਚੀਫ ਮਨਿਸਟਰ ਸਨ, ਉਨ੍ਹਾਂ ਦੀ ਮਨਿਸਟਰੀ ਸੀ ਭਾਵੇਂ ਬਾਦਲ ਸਾਹਿਬ ਦੀ, ਇਹ ਟੈਕਸ ਉਹ ਹਨ ਜਿਹੜੇ ਗਰੀਬ ਲੋਕਾਂ ਤੇ ਪੈਂਦੇ ਹਨ । ਸਫਰ ਟੈਕਸ ਹੈ, ਅਨਾਜ ਉਤੇ ਵਿਕਰੀ ਟੈਕਸ ਹੈ ਇਹ ਜੋ ਟੈਕਸ ਵਧੇ ਹਨ, ਸਾਡੇ ਸਾਹਮਣੇ ਇਹ ਮਿਸਾਲਾਂ ਹਨ । ਐਂਟਰਟੇਨਮੈਂਟ ਡਿਊਟੀ ਵਧਾਈ ਹੈ, ਜਿਹੜਾ ਅਸਲ ਕਾਨੂੰਨ ਹੈ, ਜਿਸ ਨੂੰ ਇਹ ਆਰਡੀਨੈਂਸ ਕਰਦਾ ਹੈ, ਉਸ ਦੇ ਵਿਚ ਡਿਪਟੀ ਸਪੀਕਰ ਸਾਹਿਬ, ਸੈਕਸ਼ਨ 3 ਵਿਚ ਲਿਖਿਆ ਹੈ ਕਿ :

A person admitted to an entertainment shall be liable to pay entertainment duty at a rate not exceeding half of the payment for admission which the Govenment. may specify by a Notification in this behalf and the said duty shall be collected by the Proprietor and rendered to the Government. in the manner prescribed.

[ਕਾਮਰੇਡ ਸੱਤ ਪਾਲ ਡਾਂਗ]

ਮੂਲ ਐਕਟ ਵਿਚ ਇਹ ਸੀ ਕਿ ਜਦੋਂ ਕੋਈ ਆਦਮੀ ਐਂਟਰਟੇਨਮੈਂਟ ਲਈ ਆਵੇ ਤਾਂ ਉਸ ਤੋਂ ਐਂਟਰਟੇਨਮੈਂਟ ਡਿਊਟੀ 50% ਤੱਕ ਚਾਰਜ ਕੀਤੀ ਜਾਵੇਗੀ ਜੇਕਰ 2/- ਰੁਪਏ ਟਿਕਟ ਹੋਵੇ ਤਾਂ ਉਸ ਤੇ ਡਿਊਟੀ ਦੀ ਹੱਦ 1/- ਰੁਪਿਆ ਭਾਵੇ 50% ਤੱਕ ਮਾਲਕ ਚਾਰਜ ਕਰੇਗਾ ਅਤੇ ਗੌਰਮਿੰਟ ਨੂੰ ਦੇਵੇਗਾ। ਇਹ ਪ੍ਰਬੰਧ ਤਾਂ ਪਹਿਲਾਂ ਹੀ ਮੂਲ ਐਕਟ ਵਿਚ ਹੈ ਕਿ ਜਿਤਨੀ ਐਂਟਰਟੇਨਮੈਂਟ ਹੋਵੇ ਉਸ ਤੇ 50% ਤੱਕ ਸਰਕਾਰ ਆਪਣੇ ਆਪ ਹੀ ਡਿਊਟੀ ਲਗਾ ਸਕਦੀ ਸੀ। ਹੁਣ ਗੌਰਮਿੰਟ ਨੇ ਇਸ ਨੂੰ 50% ਤੋਂ ਵਧਾ ਕੇ 60% ਕਰਨ ਦਾ ਪ੍ਰਬੰਧ ਇਸ ਬਿੱਲ ਵਿਚ ਲਿਆਂਦਾ ਹੈ। ਇਸ ਦਾ ਨਤੀਜਾ ਇਹ ਹੋਵੇਗਾ ਕਿ ਐਂਟਰਟੇਨਮੈਂਟ ਲਈ ਦਾਖਲੇ ਦਾ ਰੇਟ ਵਧ ਜਾਵੇਗਾ ਅਤੇ ਇਹ ਰੇਟ ਜਿਵੇਂ ਜਿਵੇਂ ਟਿਕਟ ਦੀ ਦਰ ਵਧੇਗੀ ਤਿਵੇਂ ਤਿਵੇਂ ਹੋਰ ਵਧਦਾ ਜਾਵੇਗਾ। ਇਸ ਲਈ ਇਹ ਸਪਸ਼ਟ ਹੈ ਕਿ ਇਹ ਜਿਹੜੀ ਐਂਟਰਟੇਨਮੈਂਟ ਡਿਊਟੀ ਹੈ, ਇਹ ਗਰੀਬ ਲੋਕਾਂ ਤੇ ਪੈਂਦੀ ਹੈ ਔਰ ਇਸ ਦੇ ਵਿਚ ਕੋਈ ਕਿਸੇ ਨੂੰ ਭੁਲਖਾ ਨਹੀਂ। ਸਿਨਮਾ ਐਜੂਕੇਸ਼ਨ ਦਾ ਮੀਡੀਅਮ ਗਿਣਿਆ ਜਾਂਦਾ ਹੈ, ਗਰੀਬ ਲੋਕਾਂ ਲਈ ਰੀਕਰੀਏਸ਼ਨ ਦਾ ਸਾਧਨ ਹੈ, ਹੋਰ ਕੋਈ ਨਹੀਂ ......

(At this stage Shri Gian Chand Kharbanda crossed the Floor)

Mr. Deputy Speaker : I would request Mr. Kharbanda not to pass in between the Member, who is speaking, and the Chair.

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਕਹਿੰਦੇ ਹਨ ਕਿ ਅਸੀਂ ਸਿਨਮਾ ਤੇ ਟੈਕਸ ਲਗਾਇਆ ਹੈ, ਇਸ ਦਾ ਬੋਝ ਆਮ ਜਨਤਾ ਤੇ ਪੈਂਦਾ ਹੈ। ਮੈਂ ਪੇਰੈਂਟ ਐਕਟ ਦੀ ਧਾਰਾ 2 ਪੜ੍ਹਦਾ ਹਾਂ, ਜਿਸ ਦੇ ਵਿਚ ਐਂਟਰਟੇਨਮੈਂਟ ਨੂੰ ਡੀਫਾਈਨ ਕੀਤਾ ਗਿਆ ਹੈ :

"Entertainment includes any exhibition, performance, amusement, game, support or race to which persons are ordinarily admitted on payment."

ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਸਿਨਮੇ ਵੀ ਆਉਣਗੇ, ਇਸ ਦੇ ਵਿਚ ਥੀਏਟਰ ਵੀ ਆਉਣਗੇ ਔਰ ਇਸ ਵਿਚ ਐਗਜ਼ੀਬੀਸ਼ਨਜ਼ ਵੀ ਜੋ ਲੋਕਾਂ ਨੂੰ ਇਨਫਰਮੇਸ਼ਨ ਦੇਣ ਵਾਸਤੇ ਹਨ ਉਹ ਵੀ ਆਉਣਗੀਆਂ, ਇਸ ਦੇ ਵਿਚ ਸਪੋਰਟਸ ਵੀ ਆਉਣਗੀਆਂ ਔਰ ਇਸ ਦੇ ਵਿਚ ਗੇਮਜ਼ ਵੀ ਆਉਣਗੀਆਂ। ਇਹ ਰਿਕਰੀਏਸ਼ਨਜ਼ ਹਨ ਜਿਹੜੀਆਂ ਕਿ ਮਾੜੀਆਂ ਮੋਟੀਆਂ ਗਰੀਬਾਂ ਵਾਸਤੇ ਹਨ ਇਸ ਦੇ ਉਤੇ ਜਿਹੜੀ ਡਿਊਟੀ ਵਧਾਈ ਹੈ, ਇਹ ਨਹੀਂ ਸੀ ਵਧਾਉਣੀ ਚਾਹੀਦੀ। ਸਰਦਾਰ ਬਲਵੰਤ ਸਿੰਘ ਅਖਬਾਰਾਂ ਵਿਚ ਬੜਾ ਲੰਮਾ ਚੌੜਾ ਕਲੇਮ ਕਰਦੇ ਹਨ ਕਿ ਕੋਈ ਟੈਕਸ ਨਹੀਂ ਲਾ ਰਹੇ। ਤੁਸੀਂ ਝੂਠ ਜਿਤਨਾ ਮਰਜ਼ੀ ਮਾਰੀ ਜਾਓ ਲੋਕਾਂ ਨੇ ਇਹ ਗਲ ਮੰਨ ਲੈਣੀ ਹੈ। (ਵਿਘਨ) ਇਹ ਆਪਣੀਆਂ ਕਹੀਆਂ ਗਲਾਂ ਨੂੰ ਗਲਤ ਸਾਬਤ ਕਰ ਰਹੇ ਹਨ। ਇਸ ਲਈ ਮੇਰੀ ਅਰਜ਼ ਹੈ ਕਿ ਇਹ ਟੈਕਸ ਲਾਉਣਾ ਨਹੀਂ ਚਾਹੀਦਾ ਔਰ ਇਹ ਇਕ ਗਲਤ ਟੈਕਸ ਲੋਕਾਂ ਤੇ ਲਾਇਆ ਜਾ ਰਿਹਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਆਖ਼ਿਰ ਵਿਚ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ। ਇਹ ਕਹਿੰਦੇ ਹਨ ਕਿ ਸਰਕਾਰ ਦੀ ਆਮਦਨੀ ਵਧਾਉਣ ਵਾਸਤੇ ਅਸੀਂ ਇਹ ਟੈਕਸ ਲਾ ਰਹੇ ਹਾਂ ਔਰ ਇਹ ਇਨ੍ਹਾਂ ਨੇ 50% ਤੋਂ 60% ਕਰ ਦਿਤਾ ਹੈ। ਪਰ ਇਕ ਗੱਲ ਜਿਹੜੀ ਬਹੁਤ ਮਾੜੀ ਹੋ ਰਹੀ ਹੈ ਉਸ ਵੱਲ ਮੈਂ ਆਪ ਦਾ ਧਿਆਨ ਦੁਆਉਣਾ ਚਾਹੁੰਦਾ ਹਾਂ ਔਰ ਬਾਦਲ ਸਾਹਿਬ ਵੀ ਇਸ ਗੱਲ ਨੂੰ ਮੰਨਣਗੇ ਕਿ ਇਹ ਮਾੜਾ ਕੰਮ ਹੋ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਸਾਡੇ ਪੰਜਾਬ ਵਿਚ ਸਿਨਮ..

ਦੇਖਣ ਦੀ ਖੁਲ੍ਹੀ ਛੁੱਟੀ ਹੈ। ਸਿਨਮਾ ਸਵੇਰ ਦੇ 8.00 ਵਜੇ ਤੋਂ ਰਾਤ ਦੇ 12.00 ਵਜੇ ਤਕ ਦਿਖਾਇਆ ਜਾਂਦਾ ਹੈ । ਵਿਦਿਆਰਥੀ ਕਾਲਜਾਂ ਵਿਚ ਘੱਟ ਜਾਂਦੇ ਹਨ ਅੌਰ ਦਿਨ ਨੂੰ ਸਿਨਮੇ ਦੇਖਦੇ ਹਨ ਜਿਸ ਨਾਲ ਉਨ੍ਹਾਂ ਦੀ ਪੜ੍ਹਾਈ ਦਾ ਕਾਫੀ ਨੁਕਸਾਨ ਹੁੰਦਾ ਹੈ । ਮੇਰੀ ਅਰਜ਼ ਹੈ ਕਿ ਰਿਕ੍ਰਿਏਸ਼ਨ ਦੇ ਤੌਰ ਤੇ ਦੋ ਸ਼ੋ ਬਹੁਤ ਹਨ ਜੇ ਨਹੀਂ ਤਾਂ ਜ਼ਿਆਦਾ ਤੋਂ ਜ਼ਿਆਦਾ ਤਿੰਨ ਸ਼ੋ ਕਰ ਲੈਣ, ਦਿਨ ਦਾ ਸਿਨਮਾ ਬੰਦ ਹੋਣਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਆਰਡੀਨੈਂਸ ਦੀ ਮੁਖਾਲਫ਼ਤ ਕਰਦਾ ਹਾਂ ਅੌਰ ਇਹ ਜਿਹੜਾ ਬਿਲ ਹੈ ਇਸ ਦੀ ਵਿਰੋਧਤਾ ਕਰਦਾ ਹਾਂ ।

ਸ੍ਰੀ ਮਨਮੋਹਨ ਕਾਲੀਆ: (ਜਲੰਧਰ ਦੱਖਣ): ਡਿਪਟੀ ਸਪੀਕਰ ਸਾਹਿਬ, ਮੈਂ ਆਰਡੀਨੈਂਸ ਦੀ ਅੌਰ ਬਿਲ ਦੀ ਮੁਖਾਲਫਤ ਕਰਨ ਵਾਸਤੇ ਖੜਾ ਹੋਇਆ ਹਾਂ । ਇਸ ਲਿਸਟ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਇਹ ਸਰਕਾਰ ਆਰਡੀਨੈਂਸਾਂ ਦੀ ਸਰਕਾਰ ਹੈ ਜੋ ਕਿ ਹਰ ਗਲ ਆਰਡੀਨੈਂਸ ਦੇ ਜਰੀਏ ਕਰਨਾ ਚਾਹੁੰਦੀ ਹੈ । ਜਿਸ ਤਰੀਕੇ ਨਾਲ ਇਹ ਬਜਟ ਸੈਸ਼ਨ ਛੋਟਾ ਜਿਹਾ ਚਲ ਰਿਹਾ ਹੈ, ਅੌਰ ਹੋਰ ਛੋਟਾ ਇਸ ਤਰ੍ਹਾਂ ਹੁੰਦਾ ਹੁੰਦਾ ਹੋ ਸਕਦਾ ਹੈ ਕਿ ਇਤਨਾ ਛੋਟਾ ਹੋ ਜਾਏ ਕਿ ਬਜਟ ਵੀ ਆਰਡੀਨੈਂਸ ਦੇ ਰਾਹੀਂ ਪਾਸ ਕਰ ਦਿਤਾ ਅੌਰ ਇਕ ਦਿਨ ਵਾਸਤੇ ਸੈਸ਼ਨ ਬੁਲਾ ਲਿਆ ਅੌਰ ਇਹ ਸਾਰਾ ਕੁਝ ਕਰਵਾ ਕੇ ਸ਼ਾਮ ਨੂੰ ਗਵਰਨਰ ਸਾਹਿਬ ਕੋਲ ਚਲੇ ਗਏ ਅੌਰ ਹਾਊਸ ਪ੍ਰੋਰੋਗ ਕਰ ਦਿਤਾ ਤੇ ਉਸ ਦੇ ਬਾਅਦ ਮਾਮਲਾ ਖ਼ਤਮ ਹੋ ਗਿਆ । (ਵਿਘਨ) ਡਿਪਟੀ ਸਪੀਕਰ ਸਾਹਿਬ, ਜਿਸ ਤਰੀਕੇ ਨਾਲ ਮੇਰੇ ਪਹਿਲੇ ਦੋ ਦੋਸਤਾਂ ਨੇ ਕਿਹਾ ਹੈ ਜੋ ਪਾਰਲੀਮੈਂਟ ਦਾ ਆਈਨ ਹੈ ਉਸ ਦੀ ਲਿਟਰਲ ਸੈਨਸ ਵਲ ਨਹੀਂ ਜਾਣਾ ਚਾਹੀਦਾ ਜੋ ਲਾਜਿਕ ਹੈ ਉਹ ਇਹ ਹੈ ਕਿ ਤਾਕਤ ਲੋਕਾਂ ਦੇ ਅੰਦਰ ਹੈ, ਜਮਹਰੀਅਤ ਦੇ ਅੰਦਰ ਅਸੀਂ ਵਿਸ਼ਵਾਸ ਰਖਦੇ ਹਾਂ ਅੌਰ ਇਨ੍ਹਾਂ ਆਰਡੀਨੈਂਸਿਜ਼ ਦੇ ਰਾਹੀਂ ਫਾਈਨੈਂਸਿਜ਼ ਨੂੰ ਟੈਪ ਕਰਨਾ ਮੁਨਾਸਿਬ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਐਨਟਰਟੇਨਮੈਂਟ ਡਿਊਟੀ ਨੂੰ ਰਾਈਜ਼ ਕਰਨ ਦਾ ਪਰਮੁੱਖ ਕਾਰਨ ਜੋ ਹੈ ਉਹ ਰੈਵਨਿਯੂ ਨੂੰ ਵਧਾਉਣਾ ਹੈ ਲੇਕਿਨ ਡਿਪਟੀ ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਸਦਨ ਨੂੰ ਦਸਣਾ ਚਾਹੁੰਦਾ ਹਾਂ ਕਿ ਜਿਤਨਾ ਪੰਜਾਬ ਦੇ ਸਿਨਮਿਆਂ ਵਿਚ ਪਿਕਚਰਾਂ ਤੇ ਐਨਟਰ-ਟੇਨਮੈਂਟ ਡਿਊਟੀ ਮਾਫ ਕੀਤੀ ਜਾਂਦੀ ਹੈ ਉਤਨਾ ਕਿਸੇ ਦੂਸਰੇ ਸੂਬਿਆਂ ਵਿਚ ਨਹੀਂ ਕੀਤੀ ਜਾਂਦੀ । ਇਹ ਇਕ ਕੁਰਪੱਸ਼ਨ ਦਾ ਬੰਨ ਹੈ ਅੌਰ ਮੈਂ ਸਮਝਦਾ ਹਾਂ ਕਿ ਇਸ ਨੂੰ ਬੰਦ ਕਰਨਾ ਚਾਹੀਦਾ ਹੈ । ਇਹ ਜੋ ਐਨਟਰਟੇਨਮੈਂਟ ਡਿਊਟੀ ਪਿਕਚਰਾਂ ਦੀ ਮਾਫ ਕੀਤੀ ਜਾਂਦੀ ਹੈ ਇਹ ਨਹੀਂ ਹੋਣੀ ਚਾਹੀਦੀ । ਜੇ ਇਹ ਜੋ ਟੈਕਸ ਵਿਚ ਮਾਫੀ ਦਿਤੀ ਗਈ ਹੈ ਨਾ ਦਿਤੀ ਜਾਂਦੀ ਤਾਂ ਇਹ ਜੋ ਹੁਣ ਐਨਟਰਟੇਨਮੈਂਟ ਡੀਊਟੀ ਵਧਾ ਕੇ ਆਮਦਨੀ ਵਿਚ ਵਾਧਾ ਕੀਤਾ ਜਾ ਰਿਹਾ ਹੈ ਇਹ ਸ਼ਾਇਦ ਨਾ ਵਧਾਉਣਾ ਪੈਂਦਾ ਅੌਰ ਉਸ ਮਾਫੀ ਦੀ ਰਕਮ ਵਿਚ ਹੀ ਇਹ ਪੈਸਾ ਕਵਰ ਹੋ ਸਕਦਾ ਸੀ । ਫਿਰ ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਇਹ ਜਿਹੜਾ ਟੈਕਸ ਮਾਫ ਕੀਤਾ ਜਾਂਦਾ ਹੈ ਇਸ ਦੇ ਵਿਚ ਵਿਤਕਰਾ ਕੀਤਾ ਜਾਂਦਾ ਹੈ ਅੌਰ ਜਿਹੜੇ ਅਸਰ ਰਸੂਖ ਵਾਲੇ ਆਦਮੀ ਹੁੰਦੇ ਹਨ ਜਿਨ੍ਹਾਂ ਦਾ ਉਪਰ ਰਸੂਖ ਹੁੰਦਾ ਹੈ ਉਹ ਇਹ ਕੰਮ ਕਰਵਾ ਜਾਂਦੇ ਹਨ । ਜਿਸ ਤਰ੍ਹਾਂ ਕਿ ਜਲੰਧਰ ਵਿਚ ਫਿਲਮ ਇੰਡਸਟਰੀ ਹੈ, ਕੁਝ ਅਸਰ ਰਸੂਖ ਵਾਲੇ ਆਦਮੀ ਇਹ ਕਰਵਾ ਜਾਦੇ ਹਨ ਅੌਰ ਜਿਹੜੇ ਮੈਰਿਟ ਤੇ ਹਨ ਉਹ ਰਹਿ ਜਾਂਦੇ ਹਨ । ਇਸ ਲਈ ਮੇਰੀ ਅਰਜ਼ ਹੈ ਕਿ ਇਹ ਜਿਹੜੀ ਟੈਕਸ ਵਿਚ ਮਾਫੀ ਦਿਤੀ ਜਾਂਦੀ ਹੈ ਇਹ ਬੰਦ ਕਰਨੀ ਚਾਹੀਦੀ ਹੈ । ਅਗਰ ਸਰਕਾਰ ਕੋਈ ਅਵਾਰਡ ਦੇਣਾ ਚਾਹੁੰਦੀ ਹੈ ਅੌਰ ਫਿਲਮ ਬੜੀ ਅੱਛੀ ਹੈ ਤਾਂ ਉਸ ਨੂੰ ਇਨਸੈਨਟਿਵ ਕੈਸ਼ ਪ੍ਰਾਈਸ ਵਿਚ ਦੇ ਦੇਣ । (ਵਿਘਨ) ਜਿਸ ਤਰ੍ਹਾਂ ਇਥੇ ਇਕ ਫਿਲਮ 'ਨਾਨਕ ਨਾਮ ਜਹਾਜ਼' ਆਈ ਸੀ ਇਸੇ ਤਰ੍ਹਾਂ ਹੋਰ ਦੂਸਰੀਆਂ ਫਿਲਮਾਂ ਹਨ ਉਨ੍ਹਾਂ ਤੇ ਜੋ ਟੈਕਸ ਮਾਫ ਕੀਤਾ ਗਿਆ ਹੈ ਜੇ ਉਹ ਲਿਆ ਜਾਂਦਾ ਤਾਂ ਉਹ ਪੰਜਾਬ ਦੀ ਕਿਸੇ ਡੀਵੈਲਪਮੈਂਟ ਵਾਸਤੇ ਕੰਮ ਆ ਸਕਦਾ ਸੀ ।

[ਕਾਮਰੇਡ ਸੱਤ ਪਾਲ ਡਾਂਗ]

ਫਿਰ ਡਿਪਟੀ ਸਪੀਕਰ ਸਾਹਿਬ, ਜੋ ਟੈਕਸ ਮਾਫ ਕੀਤਾ ਜਾਂਦਾ ਹੈ ਉਸ ਦੇ ਵਿਚ ਵੀ ਬਲੈਕ ਮਾਰਕਿਟ ਚਲਦੀ ਹੈ ਔਰ ਇਸ ਤਰ੍ਹਾਂ ਫਿਰ ਕੋਈ ਸਕੈਂਡਲ ਖੜਾ ਹੋ ਜਾਂਦਾ ਹੈ। (ਚੌਧਰੀ ਬਲਬੀਰ ਸਿੰਘ ਵਲੋਂ ਵਿਘਨ)

ਡਿਪਟੀ ਸਪੀਕਰ ਸਾਹਿਬ, ਇਹ ਸਾਡੇ ਆਲ ਇੰਡੀਆਂ ਪਾਰਟੀ ਦੇ ਇਕਲੌਤੇ ਮੈਂਬਰ ਹਨ, ਇਨ੍ਹਾਂ ਨੂੰ ਤੁਸੀਂ ਬੋਲਣ ਤੋਂ ਬੰਦ ਕਰਾਓ। (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਤੁਹਾਡੇ ਰਾਹੀਂ ਇਤਨੀ ਗਲ ਕਹਿਣੀ ਚਾਹੁੰਦਾ ਹਾਂ ਕਿ ਫਿਲਮਾਂ ਦੇ ਉਪਰ ਐਨਟਰਟੇਨਮੈਂਟ ਟੈਕਸ ਪ੍ਰਿੰਸੀਪਲੀ ਮਾਫ਼ ਨਹੀਂ ਕਰਨਾ ਚਾਹੀਦਾ। ਜੇ ਕੋਈ ਫਿਲਮ ਅੱਛੀ ਹੈ ਔਰ ਉਸ ਨੂੰ ਕੋਈ ਇਨਸੈਨਟਿਵ ਦੇਣਾ ਹੈ ਤਾਂ ਉਹ ਇਨਸੈਨਟਿਵ ਕੈਸ਼ ਪ੍ਰਾਈਜ਼ ਦਾ ਦੇਣ ਇਸ ਨਾਲ ਇਕ ਤਾਂ ਕੁਰੱਪਸ਼ਨ ਦੇ ਸੋਰਸਿਜ਼ ਜਿਹੜੇ ਹਨ ਉਹ ਘੱਟਣਗੇ ਔਰ ਦੂਸਰਾ ਜਿਹੜੀ ਡਿਸਕਰੀਮੀਨੇਸ਼ਨ ਹੁੰਦੀ ਹੈ ਉਹ ਖ਼ਤਮ ਹੋ ਜਾਵੇਗੀ।

ਦੂਸਰੀ ਚੀਜ਼ ਡਿਪਟੀ ਸਪੀਕਰ ਸਾਹਿਬ, ਜਿਸ ਦੀ ਪੰਜਾਬ ਦੇ ਅੰਦਰ ਪ੍ਰਾਬਲਮ ਹੈ ਉਹ ਸਿਨਮਾ ਹਾਊਸਿਜ਼ ਦੀ ਹੈ। ਚਾਰ ਸੌ ਸਾਡੇ ਚਾਰ ਸੌ ਦੇ ਕਰੀਬ ਇੰਡੀਅਨ ਮੂਵੀ ਹਿੰਦੀ ਦੇ ਵਿਚ ਆਉਂਦੀਆਂ ਹਨ ਬਾਕੀ ਇੰਗਲਿਸ਼ ਫਿਲਮਾਂ ਵੀ ਹੁੰਦੀਆਂ ਹਨ ਲੇਕਿਨ ਪੰਜਾਬ ਵਿਚ ਸਿਨਮੇ ਸਿਰਫ 70-80 ਦੇ ਕਰੀਬ ਹਨ। ਇਹ ਜਿਹੜਾ ਸਿਨਮੇ ਦਾ ਰੈਂਟ ਹੈ ਇਹ ਵਡੇ ਸ਼ਹਿਰਾਂ ਦੇ ਵਿਚ 7 ਹਜ਼ਾਰ ਤੋਂ 10 ਹਜ਼ਾਰ ਰੁਪਏ ਹਫ਼ਤੇ ਤਕ ਦਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਅੰਮ੍ਰਿਤ-ਸਰ ਦੇ ਵਿਚ ਇਕ ਸਿਨਮਾ ਸਾਈਟ ਨੀਲਾਮ ਕੀਤੀ ਗਈ ਸੀ ਔਰ ਉਸ ਦੇ ਪਲੈਨ ਅਤੇ ਲਾਇਸੈਂਸ ਦੀ ਨੀਲਾਮੀ ਤਕਰੀਬਨ 17 ਲੱਖ ਰੁਪਿਆ ਦੀ ਕੀਤੀ ਗਈ ਸੀ ਔਰ ਇਸ ਦੇ ਵਿਚੋਂ 10-11 ਲੱਖ ਰੁਪਿਆ ਨੀਲਾਮੀ ਵਿਚੋਂ ਫਾਇਦਾ ਹੋਇਆ ਸੀ। ਮੇਰੀ ਅਰਜ਼ ਹੈ ਕਿ ਵਡੇ ਵਡੇ ਸ਼ਹਿਰਾਂ ਵਿਚ ਪੰਜ ਪੰਜ ਛੇ ਛੇ ਸਿਨਮੇ ਹੋਣ ਔਰ 50 ਦੇ ਕਰੀਬ ਪੰਜਾਬ ਵਿਚ ਹੋਰ ਸਿਨਮੇ ਖੜੇ ਕਰ ਦਿਤੇ ਜਾਣ ਤਾਂ ਇਸ ਨਾਲ ਸਰਕਾਰ ਦੀ ਰੈਗੂਲਰ ਆਮਦਨੀ ਵਿਚ ਵਾਧਾ ਹੋ ਸਕਦਾ ਹੈ ਔਰ ਇਹ ਜਿਹੜਾ ਐਨਟਰਟੇਨਮੈਂਟ ਡਿਊਟੀ ਵਿਚ ਵਾਧਾ ਕੀਤਾ ਜਾ ਰਿਹਾ ਹੈ ਇਸ ਦੇ ਵਾਧਾ ਕਰਨ ਦੀ ਲੋੜ ਹੀ ਨਾ ਪਵੇ। ਇਸ ਦੇ ਨਾਲ ਇਨਕਮ ਵਿਚ ਵਾਧਾ ਹੋ ਸਕਦਾ ਹੈ ਔਰ ਡੀਵੈਲਪਮੈਂਟ ਦੇ ਕੰਮ ਉਸ ਨਾਲ ਕਾਫੀ ਹੋ ਸਕਦੇ ਹਨ। (ਵਿਘਨ) ਇਹ ਜਿਹੜੀ ਚੀਜ਼ ਹੈ ਸਿੰਪਲੀ ਫਾਈਨੈਂਨਸਿਜ਼ ਨੂੰ ਵਧਾਉਣ ਵਾਸਤੇ ਕੀਤੀ ਗਈ ਹੈ ਜਿਸ ਦਾ ਗਰੀਬ ਆਦਮੀ ਤੇ ਬੋਝ ਪੈਣਾ ਹੈ ਔਰ ਉਹ ਆਲਰੈਡੀ ਟੈਕਸਾਂ ਨਾਲ ਬਰਡਨਡ ਹਨ। ਸਿਨਮਿਆਂ ਦੇ ਜੋ ਮਾਲਕ ਹਨ ਉਹ ਕਰਾਇਆ ਲੈ ਲੈਂਦੇ ਹਨ 7 ਹਜ਼ਾਰ ਜਾਂ 10 ਹਜ਼ਾਰ ਹਫ਼ਤੇ ਦਾ ਪਿਕਚਰ ਚਲੇ ਜਾਂ ਨਾ ਚਲੇ ਕਿਸੇ ਤਰੀਕੇ ਨਾਲ ਪ੍ਰੋਡਿਊਸਰ ਜੋ ਹੈ ਜਾਂ ਡਿਸਟਰੀਬਿਊਟਰ ਜੋ ਹੈ ਉਸ ਨੂੰ ਇਸ ਦੇ ਨਾਲ ਕੋਈ ਫਰਕ ਨਹੀਂ ਪੈਂਦਾ ਔਰ ਇਹ ਜੋ ਟੈਕਸ ਲਗਣਾ ਹੈ ਇਹ ਗਰੀਬ ਆਦਮੀ ਤੇ ਹੀ ਲਗਣਾ ਹੈ ਕਿਸੇ ਅਮੀਰ ਆਦਮੀ ਤੇ ਨਹੀਂ ਪੈਣਾ। ਡਿਪਟੀ ਸਪੀਕਰ ਸਾਹਿਬ, ਹੇਠਲੀ ਸ਼ਰੇਣੀ ਦੇ ਲੋਕਾਂ ਦਾ ਹੀ ਸਿਨਮਾ ਵਗੈਰਾ ਦਾ ਐਨਟਰਟੇਨਮੈਂਟ ਜੋ ਹੈ ਉਹੀ ਚੀਪੈਸਟ ਹੈ ਔਰ ਇਹ ਸਿਨੇਮਾ ਐਨਟਰਟੇਨਮੈਂਟ ਵਗੈਰਾ ਤੇ ਹੀ ਐਨਟਰਟੇਨਮੈਂਟ ਡਿਊਟੀ ਵਧਾ ਦੇਣ ਤਾਂ ਇਹ ਕੋਈ ਸੈਨਸ ਨਹੀਂ। ਜੇ ਅਸੀਂ ਫਾਇਨੈਂਸ ਨੂੰ ਵਧਾਉਣਾ ਚਾਹੁੰਦੇ ਹਾਂ ਤਾਂ ਬਜਾਏ ਇਸ ਦੇ ਕਿ ਐਨਟਰਟੇਨਮੈਂਟ ਡਿਊਟੀ ਵਧਾਈ ਜਾਵੇ ਇਸ ਗਲ ਵਲ ਧਿਆਨ ਦਿਤਾ ਜਾਵੇ ਕਿ ਫਿਲਮ ਇੰਡਸਟਰੀਜ਼ ਵਲ ਧਿਆਨ ਦਿਤਾ ਜਾਵੇ ਔਰ ਸਿਨਮਿਆਂ ਨੂੰ ਵਧਾਇਆ ਜਾਵੇ ਔਰ ਇਸ ਤਰ੍ਹਾਂ ਇਹ ਸਾਈਡ ਐਕਸਪੈਂਡ ਕਰਕੇ ਅਸੀਂ

ਆਪਣੀ ਰੈਗੂਲਰ ਆਮਦਨੀ ਵਿਚ ਵਾਧਾ ਕਰ ਸਕਦੇ ਹਾਂ । ਇਨ੍ਹਾਂ ਸ਼ਬਦਾਂ ਨਾਲ ਡਿਪਟੀ ਸਪੀਕਰ ਸਾਹਿਬ ਮੈਂ ਇਸ ਬਿਲ ਦੀ ਵਿਰੋਧਤਾ ਕਰਦਾ ਹਾਂ ।

चौधरी बलबीर सिंह : डिप्टी स्पीकर साहिब, जन संघ वालों को तकलीफ है कि मैं यहां ग्राल इण्डिया पार्टी का इकलौता मैम्बर हूं ।(विघ्न) यह किसी जगह इकलौते भी नहीं हैं । (विघ्न)

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ ਟਾਈਮ ਥੋੜਾ ਹੈ ਤੁਸੀਂ ਜ਼ਰਾ ਆਪਣੇ ਰਿਮਾਰਕਸ ਕਨਫਾਈਨ ਕਰੋ । (ਵਿਘਨ) (I would request the hon. Member to confine his remarks to the business before the House as the time at our disposal is very limited.)

चौधरी बलबीर सिंह (हुशियारपुर) : (विघ्न) डिप्टी स्पीकर साहिब, यह गऊ को माता कहते हैं लेकिन साहन को पिता नहीं कहते ।(विघ्न)

डिप्टी स्पीकर साहिब यह एक सब से सस्ती तफरीह है । ग्रगर ग्राप सिनेमा की तरफ जाकर देखें तो ग्रापको पता चलेगा कि वहां कौन लोग बैठे हैं । वहां पर लेबर क्लास, रिक्शा वाले, या वे लोग होंगे जिन की ग्रामदन के ज़रिये नहीं हैं ; उनके लिये सिवाए इस बात के कि इस जिंदगी की मुसीबतों को छुटकारे के लिये किसी जगह पर बैठ कर खुशी हासिल कर सकें।इसको मद्देनज़र रखते हुए यह तफरीह सस्ती होनी चाहिए । सरकार को तो यह कानून बनाना चाहिए कि सिनेमे वाले टिकट के पैसे न बढ़ा सकें ताकि जो लोग तफरीह करना चाहते हैं कर सकें । तफ्रीह के लिये बड़े ग्रादमियों के नये ढंग हैं, जिन पर टैकस नहीं लगाया । (विघ्न)... शायद सरदार बलवंत सिंह भी लुत्फग्रन्दाज़ होते होंगे । (विघ्न) ग्राप ग्रन्दाजा लगा लें कि पहले जिन होटलों के खाने के पांच रुपये लिये जाते थे, ग्रब दस रुपये लेते हैं । यही नहीं वे ग्रब घंटों के हिसाब से चार्ज करते हैं, जितने घंटे बैठोगे उतने पैसे देनें पड़ेंगे । वे खाने के पैसे नहीं बल्कि होटलों में जो नाच हो रहे हैं उस नाच के पैसे वसूल हो रहे हैं । यह ऐंट्रटेनमैंट डयूटी ग्रगर उन पर होती तो कोई हर्ज वाली बात नहीं थी । इस से ग्रामदन भी बढ़ सकती है । लाटरी द्वारा जुग्रा भी तो चल रहा है , ग्रगर गवर्नमैंट नाच घर खोल दे तो इसमें कोई हर्ज़ वाली बात नहीं यह टैक्स बड़े ग्रादमियों पर ही लगेगा । इससे ग्रामदनी में इज़ाफा हो सकता है ।

सरदार बलवंत सिंह ने इलान किया था कि ग़रीबों पर टैक्स नहीं लगाया जायगा) (विघ्न) यह जो एंट्रटेनमैंट डियूटी बढ़ाई है या पैसेंजर टैक्स बढ़ाया है, यह किस पर पड़ेगा । (विघ्न) गरीब लोग ही तो सिनेमा देखते हैं । यही तो ग़रीबों की तफ्रीह का एक साधन है । यह टैक्स ग्रार्डीनेंस के ज़रीये लगाया जाना ग़लत बात है । कांग्रेस सरकार ने ग्रार्डीनेंस के ज़रीये काम करने की बीमारी शुरु की थी, लकिन इन्होने तो ज्यादा ग्रमल करना शुरु कर दिया है । मैं इसकी मुखालफत करता हूँ ।

ਸ੍ਰੀ ਡਿਪਟੀ ਸਪੀਕਰ : ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਹੁਤ ਸਾਰੇ ਬਿਲ ਹਨ, ਜਿਨ੍ਹਾਂ ਤੇ ਅਸੀਂ ਕਾਰਵਾਈ ਕੰਪਲੀਟ ਕਰਨੀ ਹੈ, ਅਗਰ ਆਨਰੇਬਲ ਮੈਂਬਰਜ਼ ਦੀ ਇਜਾ-ਜ਼ਤ ਹੋਵੇ ਤਾਂ ਇਕ ਇਕ ਬਿਲ ਤੇ ਤਿੰਨ ਤਿੰਨ ਚਾਰ ਚਾਰ ਮੈਂਬਰ ਸਾਹਿਬਾਨ ਬੋਲ ਲੈਣ, ਇਸ ਤਰ੍ਹਾਂ ਸਾਰਿਆਂ ਨੂੰ ਹਿੱਸਾ ਮਿਲ ਜਾਣਾ ਹੈ, ਅਗਰ ਹਾਊਸ ਦੀ ਸਲਾਹ ਨਹੀਂ ਅਤੇ ਜੇਕਰ ਸਾਰੀ ਰਾਤ ਬੈਠਣਾ ਹੈ ਤਾਂ ਬੈਠੇ ਰਹੋ । (ਵਿਘਨ) (I want to make a submission that there are a number of Bills which are to be taken up and disposed of today. If the House agrees then three to four hon. Members only may speak on each Bill, so that every Member may have a chance to speak. In case the suggestion is not acceptable and the hon. Members want to sit for the whole night then they can do so.)

ਆਵਾਜ਼ : ਬੈਠਣ ਦਿਉ ਜੀ ।

ਸਰਦਾਰ ਕਿਰਪਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਇਕਲੇ ਇਕਲੇ ਬਿਲ ਤੇ ਟਾਈਮ ਫ਼ਿਕਸ ਕਰ ਦਿਉ ...(ਵਿਘਨ)

ਸ੍ਰੀ ਡਿਪਟੀ ਸਪੀਕਰ: ਸਾਰੇ ਬਿਲਾਂ ਦਾ ਟਾਈਮ ਫ਼ਿਕਸ ਕਰ ਦਿਤਾ ਜਾਏ, ਹਾਊਸ ਦੀ ਇਸ ਬਾਰੇ ਕੀ ਰਾਏ ਹੈ (ਵਿਘਨ)(I would like to have views of the House about earmarking the time for each the of bills).

(*Interruption.*)

ਚੌਧਰੀ ਬਲਬੀਰ ਸਿੰਘ : ਕੰਸਟੀਚਿਊਸ਼ਨ ਦੇ ਮੁਤਾਬਕ ਟਾਈਮ ਫ਼ਿਕਸ ਨਹੀਂ ਕੀਤਾ ਜਾ ਸਕਦਾ । (ਵਿਘਨ)

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ) : ਡਿਪਟੀ ਸਪੀਕਰ ਸਾਹਿਬ, ਇਸ ਆਰਡੀਨੈਂਸ ਰਾਹੀਂ ਜਿਹੜਾ ਕਿ ਅੱਜ ਬਿਲ ਬਣਨ ਵਾਸਤੇ ਇਸ ਹਾਊਸ ਵਿਚ ਪੇਸ਼ ਕੀਤਾ ਗਿਆ ਹੈ, ਮੈਂ ਆਪਣੇ ਦੋਸਤਾਂ ਨਾਲ ਇਸ ਗਲ ਤੇ ਸਹਿਮਤ ਹਾਂ ਕਿ ਆਰਡੀਨੈਂਸ ਰਾਹੀਂ ਇਸ ਤਰ੍ਹਾਂ ਟੈਕਸ ਲਗਾਉਣਾ ਬੜਾ ਬੇ ਲੋੜਾ ਅਤੇ ਬਹੁਤ ਹੀ ਨਜਾਇਜ਼ ਹੈ। ਜਿਸ ਤਰ੍ਹਾਂ ਕਿ ਅਗੇ ਵੀ ਇਕ ਹੋਰ ਆਰਡੀਨੈਂਸ ਆ ਰਿਹਾ ਹੈ 'ਬੇਗਰੀ' ਦਾ ਗੌਰਮਿੰਟ ਨੇ ਇਸ ਵੇਲੇ ਤਕ ਬੇਗਰੀ ਦੇ ਜੁਰਮ ਵਿਚ ਕੋਈ ਕਿਸੇ ਤੇ ਐਕਸ਼ਨ ਨਹੀਂ ਲਿਆ, ਲੇਕਿਨ ਆਰਡੀਨੈਂਸ ਜਾਰੀ ਕਰਵਾ ਦਿਤਾ, ਪਰ ਉਸ ਦੀ ਕੋਈ ਖਾਸ ਜ਼ਰੂਰਤ ਨਹੀਂ ਸੀ ਅਤੇ ਜੇ ਕਰ ਉਸ ਦੀ ਇਤਨੀ ਜ਼ਰੂਰਤ ਗੌਰਮਿੰਟ ਸਮਝਦੀ ਸੀ ਤਾਂ ਉਸ ਤੇ ਅਮਲ ਹੋਣਾ ਚਾਹੀਦਾ ਸੀ। ਇਸੇ ਤਰ੍ਹਾਂ ਹੀ ਮੈਂ ਸਮਝਦਾ ਹਾਂ ਕਿ ਇਸ ਐਂਟਰਟੇਨਮੈਂਟ ਟੈਕਸ ਦੇ ਆਰਡੀਨੈਂਸ ਦੀ ਕੋਈ ਜ਼ਰੂਰਤ ਨਹੀਂ ਸੀ। ਇਸ ਤਰ੍ਹਾਂ ਇਹ ਹੁਣੇ ਆਮਦਨ ਦੇ ਰਿਸੋਰਸਿਜ਼ ਵਧਾਉਣ ਦੀ ਗਲ ਕੀਤੀ ਗਈ ਹੈ, ਜਿਵੇਂ ਪਹਿਲੇ ਮੇਰੇ ਇਕ ਦੋਸਤ ਨੇ ਕਿਹਾ ਹੈ ਕਿ ਇਸ ਦੀ ਬਜਾਏ ਅਗਰ ਸ਼ੋ ਟੈਕਸ ਆਦਿ ਤੇ ਹੋਰ ਵੀ ਵਧਾਇਆ ਜਾਂਦਾ ਤਾਂ ਕੋਈ ਐਸੀ ਗਲ ਨਹੀਂ ਸੀ। ਮੈਂ ਇਸ ਗੱਲ ਲਈ ਗੌਰਮਿੰਟ ਦੇ ਨਾਲ ਸਹਿਮਤ ਹਾਂ ਅਤੇ ਗੌਰਮਿੰਟ ਨੂੰ ਸਪੋਰਟ ਕਰਦਾ ਹਾਂ ਕਿ ਸ਼ੋ ਟੈਕਸ ਵਧਾਇਆ ਜਾਵੇ, ਪਰ ਜਿਥੋਂ ਤੱਕ ਐਂਟਰਟੇਨਮੈਂਟ ਟੈਕਸ ਦਾ ਤੁਅਲਕ ਹੈ ਇਸ ਵਿਚ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਇਸ ਡਿਊਟੀ ਦਾ ਅਸਰ ਗਰੀਬਾਂ ਤੇ, ਰਿਕਸ਼ਾ ਵਾਲਿਆਂ ਅਤੇ ਫ਼ੈਕਟਰੀ ਮਜ਼ਦੂਰਾਂ ਅਤੇ ਦੀਗਰ ਲੋਕਾਂ ਤੇ ਪੈਂਦਾ ਹੈ । ਅਗਰ ਗੌਰਮਿੰਟ ਇਨ੍ਹਾਂ ਗਲਾਂ ਨੂੰ ਕਰਨ ਵਾਸਤੇ ਤਿਆਰ ਹੋਵੇ ਕਿ ਜਿਹੜੀ ਛੋਟੀ ਟਿਕਟ ਹੈ ਉਸ ਤੇ ਹੀ ਇਹ

ਡਿਊਟੀ ਮਾਫ਼ ਹੋਵੇਗੀ ਤੇ ਜਿਹੜੀ ਹਾਇਰ ਰੇਟਸ ਦੀ ਟਿਕਟ ਹੈ ਇਹ ਡਿਊਟੀ ਉਸ ਤੇ ਲਗਾਈ ਜਾਵੇਗੀ, ਮੈਂ ਸਮਝਦਾ ਹਾਂ ਕਿ ਗੌਰਮਿੰਟ ਦਾ ਇਹ ਕਦਮ ਪਰੋਗਰੈਸਿਵ ਅਤੇ ਤਾਮੀਰੀ ਹੋਵੇਗਾ। ਜਿਹੜੇ ਬੜੇ ਲੋਕ ਹਨ ਉਨ੍ਹਾਂ ਦੇ ਐਂਟਰਟੇਨਮੈਂਟ ਦੇ ਸਾਧਨ ਤਾਂ ਬੜੇ ਹਨ । ਉਨ੍ਹਾਂ ਵਾਸਤੇ ਤਾਂ ਕਲੱਬ ਹਨ ਹੋਟਲ ਹਨ, ਨਾਚਘਰ ਹਨ ਆਦਿ। ਉਨ੍ਹਾਂ ਵਾਸਤੇ ਤਾਂ ਬਹੁਤ ਕੁਝ ਜ਼ਰੀਏ ਹਨ। ਉਨ੍ਹਾਂ ਦੇ ਰੋਜ਼ਾਨਾ ਦੇ ਕੁਝ ਐਸੇ ਸ਼ੁਗਲ ਹਨ ਕਿ ਉਹ ਕੁਝ ਸਤਾਏ ਹੋਏ ਲੋਕਾਂ ਨੂੰ ਇਸ ਤਰ੍ਹਾਂ ਮਜਬੂਰ ਕਰ ਦਿੰਦੇ ਹਨ ਕਿ ਉਹ ਆਪਣੀ ਪੱਤ ਵੀ ਲੁਟਾ ਬੈਠਦੇ ਹਨ, ਗ਼ਲਤੀ ਵਿਚ ਜਾਂ ਪੈਸੇ ਦੀ ਖ਼ਾਤਰ ਔਰ ਸਰਮਾਇਦਾਰ ਉਨ੍ਹਾਂ ਦੀ ਜ਼ਿੰਦਗੀ ਨਾਲ ਐਂਟਰਟੇਨਮੈਂਟ ਕਰਦੇ ਹਨ । ਇਸ ਲਈ ਮੈਂ ਕਹਾਂਗਾ ਕਿ ਇਹ ਜਿਹੜਾ ਟੈਕਸ ਗਰੀਬਾਂ ਤੇ ਵਧਾਇਆ ਗਿਆ ਹੈ ਇਹ ਇਕ ਇਖ਼ਲਾਕੀ ਜੁਰਮ ਹੈ । ਮੈਂ ਗੌਰਮਿੰਟ ਨੂੰ ਕਹਾਂਗਾ ਕਿ ਇਹ ਜਿਹੜੇ ਟੈਕਸ ਹਨ ਇਹ ਇਹੋ ਜਿਹੇ ਵਡੇ ਲੋਕਾਂ ਤੇ ਕਿਉਂ ਨਹੀਂ ਲਾਏ ਜਾਂਦੇ ਇਹ ਤਾਂ ਕੁਝ ਇਸ ਤਰ੍ਹਾਂ ਦੀ ਗੱਲ ਹੈ :

"ਪੀਤੇ ਹੈਂ ਲਹੂ ਦੇਤੇ ਹੈਂ ਤਾਲੀਮੇ ਮੁਸਾਵਾਤ"

ਇਹ ਤਾਂ ਗਰੀਬਾਂ ਦਾ ਲਹੂ ਪੀ ਕੇ ਮਸਾਵਤ ਦੀ ਤਾਲੀਮ ਦਿੰਦੇ ਹਨ । ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਸਾਡੀ ਸਰਕਾਰ ਇਸ ਦੇ ਵਿਚ ਖ਼ੁਦ ਬਖ਼ੁਦ ਤਰਮੀਮ ਕਰ ਦੇਵੇ ਕਿ ਇਹ ਜਿਹੜੀ ਘੱਟ ਮੁੱਲ ਦੀ ਟਿਕਟ ਹੈ, ਜਿਹੜੀ ਆਮ ਲੋਕਾਂ ਲਈ ਹੈ, ਉਸ ਤੇ ਇਹ ਟੈਕਸ ਨਹੀਂ ਲਗੇਗਾ । ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਹ ਇੰਨੀ ਤਰਮੀਮ ਕਰ ਦੇਣਗੇ ਅਤੇ ਇਸ ਤਰਮੀਮ ਤੇ ਇਕ ਬਹੁਤ ਵਡਾ ਇਤਰਾਜ਼ ਖ਼ਤਮ ਹੋ ਜਾਏਗਾ । ਇਹ ਟੈਕਸ ਗਰੀਬਾਂ ਤੇ ਬੋਝ ਹੈ । ਮੈਂ ਇਨ੍ਹਾਂ ਲਫ਼ਜ਼ਾਂ ਦੇ ਨਾਲ ਆਪਣੀ ਸੁਜੈਸ਼ਨ ਗੌਰਮਿੰਟ ਨੂੰ ਦਿੰਦਾ ਹਾਂ ।

ਸ਼੍ਰੀ ਗਿਆਨ ਚੰਦ ਖਤਰੰਦਾ (ਅੰਮ੍ਰਿਤਸਰ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਬਿਲ, ਆਰਡੀਨੈਂਸ ਦੀ ਮੁਖ਼ਾਲਫ਼ਤ ਕਰਦਾ ਹਾਂ। ਮੈਂ ਇਕ ਦੋ ਪੁਆਇੰਟ ਹੀ ਤੁਹਾਡੇ ਸਾਹਮਣੇ ਰਖਣੇ ਹਨ । ਇਕ ਤਾਂ ਇਹ ਕਿ ਜਿਹੜਾ ਸਰਦਾਰ ਕਿਰਪਾਲ ਸਿੰਘ ਜੀ ਨੇ ਆਖਿਆ ਹੈ ਕਿ ਇਸ ਵਿਚ ਤਰਮੀਮ ਹੋਣੀ ਚਾਹੀਦੀ ਹੈ ਕਿ ਗਰੀਬਾਂ ਲਈ ਜਿਹੜੀ ਛੋਟੀ ਟਿਕਟ ਹੈ ਇਸ ਤੇ ਇਹ ਡਿਊਟੀ ਵਧਾਉਣੀ ਨਹੀਂ ਚਾਹੀਦੀ। ਇਹ ਟੈਕਸ ਗੈਲਰੀਆਂ, ਬੌਕਸਾਂ ਆਦਿ ਵਡੀ ਟਿਕਟ ਤੇ ਲਾਇਆ ਜਾਵੇ, ਇਹ ਬੋਝ ਗਰੀਬਾਂ ਦੀ ਥਾਂ ਤੇ ਸਰਮਾਇਆਦਾਰਾਂ ਤੇ ਪਵੇ ।

ਦੂਜਾ ਪੁਆਇੰਟ ਮੇਰਾ ਇਹ ਹੈ ਕਿ ਇਹ ਡਾਕਾ ਜਿਹੜਾ ਗਰੀਬ ਲੋਕਾਂ ਦੀ ਜੇਬ ਤੇ ਮਾਰਿਆ ਜਾਂਦਾ ਹੈ, ਇਹ ਬਚ ਸਕਦਾ ਹੈ ਅਗਰ ਇਹ ਗੌਰਮਿੰਟ ਜਿਹੜੀ ਆਪਣੇ ਰੈਵਿਨਿਊ ਤੇ ਆਪ ਡਾਕਾ ਮਾਰ ਰਹੀ ਹੈ ਤਫ਼ਰੀਹ ਟੈਕਸ ਦੀ ਛੋਟ ਦਾ ਇਸ ਨੂੰ ਬੰਦ ਕਰ ਦਿਤਾ ਜਾਵੇ । ਮੇਰੇ ਇਕ ਸੁਆਲ ਦੇ ਜਵਾਬ ਵਿਚ ਗੌਰਮਿੰਟ ਨੇ ਦਸਿਆ ਹੈ ਕਿ ਇਸ ਤਫ਼ਰੀਹ ਟੈਕਸ ਦੀ ਛੋਟ ਕਿਹੜੀਆਂ ਕਿਹੜੀਆਂ ਫ਼ਿਲਮਾਂ ਨੂੰ ਦਿਤੀ ਗਈ ਹੈ । ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਉਸ ਲਿਸਟ ਵਿਚ "ਹੀਰ ਰਾਂਝਾ" ਵਰਗੀ ਫ਼ਿਲਮ ਵੀ ਸੀ। ਇਸ ਵਾਸਤੇ ਮੈਂ ਅਰਜ਼ ਕਰਾਂਗਾ ਕਿ ਇਹੋ ਜਿਹੀਆਂ ਫਿਲਮਾਂ ਤੇ ਐਗਜ਼ੈਂਪਸ਼ਨ ਬੰਦ ਹੋਣੀ ਚਾਹੀਦੀ ਹੈ । ਮੇਰੀ ਇਨਫ਼ਰਮੇਸ਼ਨ ਦੇ ਮੁਤਾਬਕ ਇਸ ਤਰ੍ਹਾਂ ਦੀ ਛੋਟ ਦੇ ਕੇ ਗੌਰਮਿੰਟ ਦੀ ਆਮਦਨ ਵਿਚ ਲਖਾਂ ਰੁਪਏ ਦਾ ਘਾਟਾ ਪਿਆ । ਮੇਰੀ ਤਾਂ ਇਹ ਰਾਏ ਹੈ ਕਿ ਅੱਵਲ ਤਾਂ ਇਹ ਸਿਲਸਿਲਾ ਬੰਦ ਹੋਣਾ ਚਾਹੀਦਾ ਹੈ, ਅਗਰ ਇਹ ਐਗਜ਼ੈਂਪਸ਼ਨ ਦੇਣੀ ਵੀ ਹੈ ਤਾਂ ਇਹ ਉਨ੍ਹਾਂ ਫ਼ਿਲਮਾਂ ਲਈ ਹੋਣੀ ਚਾਹੀਦੀ ਹੈ ਜਿਹੜੀਆਂ ਨੈਸ਼ਨਲ ਕਰੈਕਟਰ ਦੀਆਂ ਹੋਣ, ਦੇਸ਼ ਪਿਆਰ ਦੀਆਂ ਹੋਣ, ਜਿਹੜੀਆਂ ਕਿ ਕੌਮੀ ਜਜ਼ਬਾਤ ਪੈਦਾ ਕਰਨ । ਅਜਿਹੇ ਕਿਸੇ ਖ਼ਾਸ ਹਾਲਾਤ

[ਸ਼੍ਰੀ ਗਿਆਨ ਚੰਦ ਖਰਬੰਦਾ]

ਵਿਚ ਐਗਜ਼ੈਂਪਸ਼ਨ ਦੇਣੀ ਚਾਹੀਦੀ ਹੈ । ਨਹੀਂ ਤਾਂ ਜੇਕਰ ਬੰਦ ਕਰਨ ਤਾਂ ਚੰਗਾ ਹੀ ਹੋਵੇਗਾ। ਅੱਜ ਹਾਲ ਇਹ ਹੈ ਕਿ 21 ਐਗਜ਼ਾਮਿਨ ਹੋ ਰਹੀਆਂ ਹਨ ਅਤੇ 5 ਦੇ ਕੇਸ ਵਿਚ ਮਾਫ ਵੀ ਹੋਇਆ ਹੈ । ਇਹ ਲੋਕਾਂ ਦੀਆਂ ਜੇਬਾਂ ਤੇ ਵੀ ਅਤੇ ਸਰਕਾਰ ਦੇ ਖਜ਼ਾਨੇ ਤੇ ਵੀ ਡਾਕਾ ਹੈ ।

ਫਿਰ ਜੋ ਸਕੂਲ ਜਾਣ ਵਾਲੇ ਬੱਚੇ ਹਨ ਉਨ੍ਹਾਂ ਦੀ ਪੜ੍ਹਾਈ ਦਾ ਸਵੇਰੇ ਦੇ ਸ਼ੋ ਕਰਕੇ ਬੜਾ ਨੁਕਸਾਨ ਹੁੰਦਾ ਹੈ । ਇਸ ਕਰਕੇ ਦਿਨ ਵਿਚ 3 ਤੋਂ ਵੱਧ ਸ਼ੋ ਨਹੀਂ ਹੋਣੇ ਚਾਹੀਦੇ । ਇਸ ਤਰ੍ਹਾਂ ਬਿਜਲੀ ਦਾ ਖਰਚ ਵੀ ਘਟਾਇਆ ਜਾ ਸਕਦਾ ਹੈ ਅਤੇ ਬਚਿਆਂ ਦੀ ਪੜ੍ਹਾਈ ਦਾ ਨੁਕਸਾਨ ਵੀ ਬੰਦ ਕੀਤਾ ਜਾ ਸਕਦਾ ਹੈ । ਇਸ ਲਈ ਸਵੇਰੇ ਦਾ ਸ਼ੋ ਬੰਦ ਹੋਣਾ ਚਾਹੀਦਾ ਹੈ । ਇੰਨਾ ਕਹਿ ਕੇ ਮੈਂ ਇਸ ਆਰਡੀਨੈਂਸ ਅਤੇ ਬਿਲ ਦੀ ਮੁਖਾਲਫਤ ਕਰਦਾ ਹਾਂ ।

ਡਾਕਟਰ ਸਾਧੂ ਰਾਮ (ਫਗਵਾੜਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਅਤੇ ਆਰਡੀਨੈਂਸ ਦੀ ਮੁਖਾਲਫਤ ਕਰਨ ਲਈ ਖੜਾ ਹੋਇਆ ਹਾਂ । ਇਸ ਵਿਚ ਕੋਈ ਸ਼ਕ ਨਹੀਂ ਕਿ ਇਹ ਲੋਕਾਂ ਤੇ ਬੋਝ ਹੈ ਫਿਰ ਇਸ ਦਾ ਫਾਇਦਾ ਵੀ ਕੋਈ ਨਹੀਂ । ਚੰਗਾ ਹੁੰਦਾ ਅਗਰ ਸਰਕਾਰ ਸਿਨਮਿਆਂ ਨੂੰ ਨੈਸ਼ਨੇਲਾਈਜ਼ ਹੀ ਕਰ ਲੈਂਦੀ । ਤਾਂ ਇਨ੍ਹਾਂ ਦਾ ਫਾਇਦਾ ਹੋ ਸਕਦਾ ਹੈ । ਸਿਨਮੇ ਕੋਈ ਗਰੀਬ ਜਾਂ ਛੋਟਾ ਮੁਲਾਜ਼ਮ ਨਹੀਂ ਲਾ ਸਕਦਾ, ਇਹ ਤਾਂ ਅਫਸਰ ਜਾਂ ਸਰਮਾਏਦਾਰ ਲਾਂਦੇ ਹਨ ਅਤੇ ਜਿਸ ਤਰ੍ਹਾਂ ਟਰੱਕਾਂ ਵਾਲਿਆਂ ਦੇ ਕਈਆਂ ਦੇ 4-5 ਟਰੱਕ ਹੁੰਦੇ ਹਨ ਇਸੇ ਤਰ੍ਹਾਂ ਕਈਆਂ ਵਡਿਆਂ ਦੇ 4-5 ਸਿਨਮੇ ਹੁੰਦੇ ਹਨ । ਇਸ ਲਈ ਮੈਂ ਕਹਿੰਦਾ ਹਾਂ ਕਿ ਅਗਰ ਕਿਸੇ ਦਾ ਇਕ ਤੋਂ ਵੱਧ ਸਿਨਮਾ ਹੈ ਤਾਂ ਉਹ ਸਰਕਾਰ ਲੈ ਲਵੇ । ਅਗਰ 5—6 ਸਾਂਝੀ ਹੋਣ ਫਿਰ ਤਾਂ ਠੀਕ ਹੈ, ਉਸ ਨੂੰ ਨਹੀਂ ਲੈਣਾ ਚਾਹੀਦਾ ਪਰ ਅਗਰ ਇਕ ਹੀ ਆਦਮੀ ਦਾ ਹੋਵੇ ਤਾਂ ਸਰਕਾਰ ਨੂੰ ਲੈ ਲੈਣਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਇਹ ਜੋ ਸਰਕਾਰ ਨੇ ਟੈਕਸ ਲਾਇਆ ਹੈ ਇਸ ਗਰੀਬਾਂ ਤੇ ਨਾਜਾਇਜ਼ ਬੋਝ ਹੈ । ਸਿਨਮੇ ਗਰੀਬ ਇਸ ਲਈ ਦੇਖਦਾ ਹੈ ਕਿ ਉਸ ਪਾਸ ਸੌਣ ਲਈ ਥਾਂ ਨਹੀਂ ਹੁੰਦੀ । ਉਹ ਸੋਚਦਾ ਹੈ ਕਿ ਡੇਢ੍ਹ ਰੁਪਿਆ ਖਰਚੋ 12.00 ਵਜ ਜਾਣਗੇ ਉਸ ਦੇ ਮਗਰੋਂ ਅਗ ਸੇਕ ਕੇ ਰਾਤ ਕਟ ਲਵਾਂਗਾ। ਕਮਰੇ ਅਤੇ ਮੰਜੇ ਲਈ 4-5 ਰੁਪਏ ਦਾ ਖਰਚ ਕਰਨਾ ਪੈਂਦਾ ਹੈ। ਇਥੇ ਡੇਢ੍ਹ ਰੁਪਏ ਵਿਚ ਸ਼ੁਗਲ ਦਾ ਸ਼ੁਗਲ ਤੇ ਨਾਲ ਰਾਤ ਕਟ ਜਾਂਦੀ ਹੈ । ਮਗਰ ਜੋ ਸਿਨਮੇ ਵਾਲੇ ਹਨ ਉਹ ਠੀਕ ਪਰਬੰਧ ਨਹੀਂ ਕਰਦੇ । ਮੈਂ ਚੀਫ ਸੈਕਟਰੀ ਅਤੇ ਚੀਫ ਮਿਨਿਸਟਰ ਸਾਹਿਬ ਨੂੰ ਚਿਠੀਆਂ ਲਿਖ ਚੁਕਾਂ ਹਾਂ । ਮਿਸਾਲ ਦੇ ਤੌਰ ਤੇ ਫਗਵਾੜੇ ਦੇ ਸਿਨਮਿਆਂ ਵਿਚ ਨਾ ਠੰਡੀ ਤੇ ਨਾ ਗਰਮ ਹਵਾ ਦਾ ਪਰਬੰਧ ਕੀਤਾ ਜਾਂਦਾ ਹੈ, ਆਵਾਜ਼ ਠੀਕ ਨਹੀਂ ਆਉਂਦੀ । ਮਗਰ ਸਰਕਾਰ ਇਸ ਪਾਸੇ ਵਲ ਧਿਆਨ ਨਹੀਂ ਦਿੰਦੀ । ਇਹ ਜਾਕੇ ਫਗਵਾੜੇ ਵਿਚ ਦੇਖ ਲੈਣ । (ਵਿਘਨ) ਮੈਂ ਤਾਂ ਨਹੀਂ ਦੇਖਦਾ ਪਰ ਜਿਹੜੇ ਦੇਖਦੇ ਹਨ ਉਹ ਦਸਦੇ ਤਾਂ ਹਨ । ਇਸ ਦਾ ਸੁਧਾਰ ਹੋਣਾ ਚਾਹੀਦਾ ਹੈ । ਮੈਂ ਇਸ ਆਰਡੀਨੈਂਸ ਦਾ ਵਿਰੋਧ ਕਰਦਾ ਹਾਂ । ਸਾਨੂੰ ਡਰ ਹੈ ਕਿ ਇਹ ਟੈਕਸ ਗਰੀਬਾਂ ਤੇ ਵੱਧਦਾ ਹੀ ਜਾਣਾ ਹੈ । ਜਿਸ ਦਾ ਇਕ ਤੋਂ ਵੱਧ ਸਿਨਮਾ ਚਲਦਾ ਹੈ ਉਹ ਸਰਕਾਰ ਨੂੰ ਲੈ ਲੈਣਾ ਚਾਹੀਦਾ ਹੈ । ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ।

ਰਾਜ ਮੰਤਰੀ, ਆਬਕਾਰੀ ਤੇ ਕਰ (ਸਰਦਾਰ ਨਰਿੰਦਰ ਸਿੰਘ): ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੇ ਖਦਸ਼ਾ ਜ਼ਾਹਰ ਕੀਤਾ ਹੈ ਕਿ ਗਰੀਬ ਆਦਮੀ ਤੇ ਟੈਕਸ ਲਗਾਇਆ ਗਿਆ ਹੈ। ਹੋਰ ਕੋਈ ਵੱਡੀ ਗਲ ਨਹੀਂ ਕਹੀ ਗਈ । ਮੈਂ ਆਪ ਦੀ ਗਵਾਹੀ ਪਵਾ ਲੈਂਦਾ ਪਰ ਆਪ ਨੇ ਕਿਹਾ ਹੈ ਕਿ ਆਪ ਸਿਨਮਾ ਨਹੀਂ ਦੇਖਦੇ । ਅਗਰ ਦੇਖਿਆ ਜਾਵੇ ਤਾਂ ਪੰਜਾਬ ਦਾ ਆਮ ਸ਼ਹਿਰੀ ਜੋ ਹੈ ਉਸ

ਦੀ ਹਾਲਤ ਪਹਿਲਾਂ ਨਾਲੋਂ ਚੰਗੀ ਹੋਈ ਹੈ । ਅਸੀਂ ਕੋਈ ਤਾਂ ਰੀਸੋਰਸਿਜ਼ ਟੈਪ ਕਰਨੇ ਹੋਏ । ਸਿਨਮਿਆਂ ਦਾ ਆਪ ਨੂੰ ਪਤਾ ਹੈ ਕਿ ਕੁਝ ਆਦਮੀ ਉਥੇ ਅਜਿਹੇ ਹੁੰਦੇ ਹਨ ਕਿ ਉਹ ਬਲੈਕ ਵਿਚ ਟਿਕਟਾਂ ਵੇਚਦੇ ਹਨ । ਜਿਥੇ ਇਹ ਹਾਲਤ ਹੋਵੇ ਕਿ ਟਿਕਟਾਂ ਬਲੈਕ ਵਿਚ ਵਿਕ ਜਾਣ ਉਥੇ ਅਗਰ 50 ਪੈਸੇ ਤੋਂ ਵਧਾਕੇ 60 ਪੈਸੇ ਟੈਕਸ ਕਰ ਦਿਤਾ ਜਾਵੇ ਤਾਂ ਕੀ ਬੁਰਾਈ ਹੈ । 10 ਪੈਸੇ ਦਾ ਫਰਕ ਕੋਈ ਵਡਾ ਫਰਕ ਨਹੀਂ ਹੈ। ਉਨ੍ਹਾਂ ਪਾਸ ਪੇ ਕਰਨ ਦੀ ਕਪੈਸਟੀ ਹੈ । ਬਲਕਿ ਇਸ ਨੂੰ ਤਾਂ ਟੈਕਸ ਕਹਿਣਾ ਹੀ ਅਜੀਬ ਗੱਲ ਹੈ । ਜੋ ਖਰਚ ਨਹੀਂ ਕਰ ਸਕਦਾ ਉਸ ਲਈ ਸਿਨਮਾ ਦੇਖਣਾ ਲਾਜ਼ਮੀ ਨਹੀਂ ਹੈ। ਜੋ ਸਿਨਮੇ ਜਾਵੇਗਾ ਉਸ ਤੇ ਇਹ ਟੈਕਸ ਲਗੇਗਾ । ਇਨ੍ਹਾਂ ਨੇ ਕਿਹਾ ਹੈ ਕਿ ਹੋਰ ਰਿਸੋ-ਰਸਿਜ਼ ਟੈਪ ਨਹੀਂ ਕੀਤੇ, ਮਗਰ ਇਹ ਗਲ ਨਹੀਂ ਹੈ ਇਸ ਦੇ ਨਾਲ ਹੀ ਸਿਨਮੇਟੋਗਰਾਫ ਦਾ ਦੂਜਾ ਬਿਲ ਆ ਰਿਹਾ ਹੈ, ਉਸ ਨੂੰ ਵੀ ਟੈਪ ਕੀਤਾ ਹੈ । ਦੋਵੇਂ ਬਿਲ ਆ ਰਹੇ ਹਨ । ਇਹ ਜਿਹੜਾ ਬਿਲ ਹੈ ਇਹ ਇਨੋਸੈਂਟ ਜਿਹਾ ਬਿਲ ਹੈ ਅਤੇ ਜੋ ਥੋੜਾ ਬਹੁਤ ਅਸੀਂ ਰੀਸੋਰਸ ਨੂੰ ਟੈਪ ਕਰ ਸਕਦੇ ਸੀ ਕੀਤਾ ਹੈ ।

ਸ੍ਰੀ ਮਨਮੋਹਨ ਕਾਲੀਆ : ਅੰਟਰਟੇਨਮੈਂਟ ਡਿਊਟੀ ਮਾਫ ਕਰਨ ਬਾਰੇ ਜੋ ਪਾਲਸੀ ਹੈ ਉਹ ਵੀ ਦੱਸ ਦਿਉ ।

ਰਾਜ ਮੰਤਰੀ : ਇਸ ਬਾਰੇ ਰੂਲਜ਼ ਬਣੇ ਹੋਏ ਹਨ ਉਸ ਦੇ ਅਨੁਸਾਰ ਇਹ ਡਿਊਟੀ ਮਾਫ ਕੀਤੀ ਜਾਂਦੀ ਹੈ ।

ਡਾਂਗ ਸਾਹਿਬ ਨੇ ਸਪੋਰਟਸ, ਗੇਮਜ਼, ਰੈਸਲਿੰਗ ਮੈਚਿਜ਼ ਦਾ ਜ਼ਿਕਰ ਕੀਤਾ ਸੀ । ਇਨ੍ਹਾਂ ਨੂੰ ਤਾਂ ਐਗਜ਼ੈਂਪਟ ਹੀ ਕਰਦੇ ਹਾਂ । ਵੱਧ ਤੋਂ ਵੱਧ 10% ਡਿਊਟੀ ਰੈਡ ਕਰਾਸ ਨੂੰ ਜਾਂਦਾ ਹੈ ਸਰਕਾਰ ਕੁਝ ਵਸੂਲ ਨਹੀ ਕਰਦੀ । ਉਹ ਤਕਰੀਬਨ ਸਾਰੇ ਫਰੀ ਹੀ ਜਾਂਦੇ ਹਨ । ਇਸ ਲਈ ਕਹਾਂਗਾ ਇਹ ਚੰਗਾ ਬਿਲ ਹੈ ਅਤੇ ਪਾਸ ਕਰ ਦੇਣਾ ਚਾਹੀਦਾ ਹੈ ।

Mr. Deputy Speaker : Question is—

That this House disapproves the Punjab Entertainments Duty (Amendment) Ordinance. 1970. (Punjab Ordinance No. 5 of 1970).

The Motion was lost.

Mr. Deputy Speaker : Question is—

That the Punjab Entertainments Duty (Amendment) Bill be taken into consideration at once.

The Motion was carried.

Mr. Deputy Speaker : Now the House will proceed to consider the Bill clause by clause.

Voices : All the clauses be put together to the vote of the House.

Mr. Deputy Speaker : Is it the pleasure of the House.

Voices : Yes, yes.

Mr. Deputy Speaker : All right.

CLAUSES 2, 3, 4 and 1

Mr. Deputy Speaker : Question is—

That Clauses 2, 3, 4 and 1 stand part of the Bill.

The motion was carried

Title

Mr. Deputy Speaker : Question is—

That Title be the Title of the Bill.

The motion was carried.

Minister of State for Excise and Taxation : Sir, I beg to move—

That the Punjab Entertainments Duty (Amendment) Bill, 1971 be passed.

Mr. Deputy Speaker : Motion moved—

That the Punjab Entertainments Duty (Amendment) Bill, 1971 be passed.

Mr. Deputy Speaker : Question is—

That the Punjab Entertainments Duty (Amendment) Bill, 1971 be passed.

The motion was carried.

RESOLUTION UNDER CLAUSE 2 (a) OF ARTICLE 213 OF THE CONSTITUTION DIS-APPROVINTING THE PUNJAB ENTERTAINMENTS TAX (CINEMATOGRAPH SHOWS) AMENDMENT ORDINANCE 1970 (ORDINANCE NO. 6 OF 1970) AND THE PUNJAB ENTERTAINMENTS TAX (CINEMATOGRAPH SHOWS) AMENDMENT BILL, 1971.

Mr. Deputy Speaker : Sardar Umrao Singh to move the Resolution disapproving the Punjab Entertainments Tax (Cinema to graph Shows) Amendment Ordinance, 1970.

(Sardar Umrao Singh was not in his seat)

Minister of State for Excise and Taxation : (Raja Narinder Singh)

Sir, I beg to introduce the Punjab Entertainments Tax (Cinema-to graph Shows) Amendment Bill.

Sir, I also move—

That the Punjab Entertainments Tax (Cinema to graph Shows) Amendment Bill be taken into consideration at once,

Mr. Deputy Speaker : Motion moved—

That the Punjab Entertainments Tax (Cinematograph Shows) Amendment Bill be taken into consideration at once.

चौधरी बलबीर सिंह (होशियारपुर) : उपाध्यक्ष महोदय, मैं तो इस बिल के हक में हूं । मैं यह कहूंगा कि 100/- रुपये की रकम को बढ़ा कर 200/- रुपया कर दी जाए क्योंकि सिनेमा वाले काफी रकम कमा रहे हैं और शो भी ज्यादा कर रहे हैं । इस लिये अगर उनसे पर शो ज्यादा रकम वसूल की जाए तो सरकार की आमदन बढ़ सकती है । इसलिये मेरा तो यही निवेदन था कि इस टैक्स की रकम को बढ़ा कर 200/- पर शो कर दिया जाए । (प्रशंसा)

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣ): ਡਿਪਟੀ ਸਪੀਕਰ ਸਾਹਿਬ ਜਿਹੜੀ ਤਜਵੀਜ਼ ਚੌਧਰੀ ਬਲਬੀਰ ਸਿੰਘ ਹੋਰਾਂ ਨੇ ਪੇਸ਼ ਕੀਤੀ ਹੈ ਮੈਂ ਇਸ ਦੀ ਤਾਈਦ ਕਰਦਾ ਹਾਂ ਇਸ ਟੈਕਸ ਨੂੰ ਵਧਾ ਕੇ 200 ਰੁਪਏ ਕਰ ਦੇਣਾ ਚਾਹੀਦਾ ਹੈ । ਪਹਿਲਾ ਜਿਹੜਾ ਟੈਕਸ ਬਿਲ ਸੀ ਉਸ ਦੇ ਬਾਰੇ ਵਿਚ ਸਰਕਾਰ ਨੇ ਇਹ ਨਹੀਂ ਦਸਿਆ ਕਿ ਬਚਿਆਂ ਨੂੰ ਸਿਨਮਾ ਸ਼ੋ ਤੇ ਜਾਣ ਤੋਂ ਰੋਕਣ ਲਈ ਕੀ ਉਪਰਾਲੇ ਕੀਤੇ ਗਏ ਹਨ । ਸਿਨਮੇ ਵਾਲੇ ਸਵੇਰ 8.00 ਵਜੇ ਤੋਂ ਲੈ ਕੇ ਰਾਤ ਦੇ 2.00 ਵਜੇ ਤਕ ਇਸ ਬਕਵਾਸ ਨੂੰ ਜਾਰੀ ਰਖਦੇ ਹਨ ਅਤੇ ਸਾਡੀ ਆਉਣ ਵਾਲੀ ਜਨਰੇਸ਼ਨ ਨੂੰ ਹਿਪੀ ਬਣਾਇਆ ਜਾ ਰਿਹਾ ਹੈ । ਇਸ ਲਈ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ । ਸਿਨਮੇ ਵਾਲਿਆਂ ਤੋਂ ਅਗਰ ਵੱਧ ਪੈਸੇ ਵੀ ਟੈਕਸ ਦੇ ਲਏ ਜਾਣ ਤਾਂ ਕੋਈ ਹਰਜ ਵਾਲੀ ਗਲ ਨਹੀਂ ।

ਸ੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ ਉੱਤਰ) : ਡਿਪਟੀ ਸਪੀਕਰ ਸਾਹਿਬ, ਇਸ ਬਿਲ ਦੇ ਬਾਰੇ ਵਿਚ ਮੇਰਾ ਕੋਈ ਵਿਰੋਧ ਨਹੀਂ ਮਗਰ ਇਕ ਗਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹੁਣੇ ਹੀ ਰਾਜਾ ਸਾਹਿਬ ਨੇ ਪਹਿਲੇ ਬਿਲ ਦੀ ਬਹਿਸ ਦਾ ਜਵਾਬ ਦਿੰਦਿਆਂ ਇਹ ਦਸਿਆ ਹੈ ਕਿ ਟਿਕਟਾਂ ਵਿਚ ਉਥੇ ਬਲੈਕ ਕੀਤੀ ਜਾਂਦੀ ਹੈ ਇਹ ਗਲ ਵੀ ਕੋਈ ਗੌਰਮਿੰਟ ਦੇ ਹੱਕ ਵਿਚ ਨਹੀਂ ਜਾਂਦੀ ਇਸ ਨੂੰ ਸਰਕਾਰ ਨੂੰ ਰੋਕਣਾ ਚਾਹੀਦਾ ਹੈ । ਇਸ ਦੇ ਨਾਲ ਹੀ ਇਹ ਕਹਾਂਗਾ ਕਿ ਸ਼ੋ ਘੱਟ ਹੋਣੇ ਚਾਹੀਦੇ ਹਨ ਕਿਉਂਕਿ ਸਕੂਲ ਦੇ ਟਾਈਮ ਦੇ ਜਿਹੜੇ ਸ਼ੋ ਚਲਦੇ ਹਨ ਉਨ੍ਹਾਂ ਵਿਚ ਸਟੂਡੈਂਟ ਸਵੇਰੇ ਹੀ ਚਲੇ ਜਾਂਦੇ ਹਨ ਇਸ ਨੂੰ ਰੋਕਣ ਦਾ ਯਤਨ ਕਰਨਾ ਚਾਹੀਦਾ ਹੈ ।

ਚੌਧਰੀ ਕੇਵਲ ਕ੍ਰਿਸ਼ਨ (ਮੁਕੇਰੀਆਂ): ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿਲ ਦੇ ਬਾਰੇ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਇਹ ਸ਼ੋ ਟੈਕਸ ਵਡੇ ਵਡੇ ਸ਼ਹਿਰਾਂ ਵਿਚ ਸਿਨਮਿਆਂ ਤੇ ਲਗਾਇਆ ਜਾਣਾ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਜਿਨ੍ਹਾਂ ਦੀਆਂ ਸੀਟਾਂ ਦੀ ਕਪੈਸਿਟੀ 1000 ਤਕ ਹੈ ਪਰ ਜਿਹੜੇ ਛੋਟੇ ਕਸਬੇ ਹਨ ਅਤੇ ਜਿਨ੍ਹਾਂ ਥਾਵਾਂ ਤੇ ਟੂਰਿੰਗ-ਟਾਕੀਜ਼ ਕੰਮ ਕਰ ਰਹੀਆਂ ਹਨ ਉਨ੍ਹਾਂ ਦੀ ਕਪੈਸਿਟੀ ਵੀ 100 ਤੋਂ ਵੱਧ ਨਹੀਂ ਹੁੰਦੀ ਜੇਕਰ ਉਨ੍ਹਾਂ ਤੇ ਵੀ ਇਹ ਟੈਕਸ ਲਗਾਇਆ ਜਾਣਾ ਹੈ ਤਾਂ ਮੈਂ ਇਸ ਦੀ ਵਿਰੋਧਤਾ ਕਰਦਾ ਹਾਂ। ਇਸ ਤਰਾਂ ਛੋਟੇ ਸਿਨਮੇ ਬੰਦ ਹੋ ਜਾਣਗੇ ਕਿਉਂਕਿ ਉਹ ਇਨਾਂ ਟੈਕਸ ਅਦਾ ਨਹੀਂ ਕਰ ਸਕਦੇ ਅਤੇ ਗਰੀਬ ਨੂੰ ਅਤੇ ਮਜ਼ਦੂਰ ਨੂੰ ਜਿਹੜੀ ਇਨ੍ਹਾਂ ਛੋਟੀਆਂ ਥਾਵਾਂ ਤੇ ਐਂਟਰਟੇਨਮੈਂਟ ਮਿਲਦੀ ਹੈ ਉਹ ਬੰਦ ਹੋ ਜਾਵੇਗੀ । ਇਸ ਲਈ ਮੇਰੀ ਸਰਕਾਰ ਪਾਸ ਇਹ ਸੁਝਾਵ ਹੈ ਕਿ ਸੀਟਾਂ ਦੀ ਕੈਟੇਗਰੀ ਕੋਈ ਮੁਕੱਰਰ ਕਰ ਦਿਤੀ ਜਾਵੇ ਅਤੇ ਉਸ ਅਨੁਸਾਰ ਇਹ ਟੈਕਸ ਵਸੂਲ ਕੀਤਾ ਜਾਵੇ ।

ਰਾਜ ਮੰਤਰੀ, ਆਬਕਾਰੀ ਅਤੇ ਕਰ (ਸਰਦਾਰ ਨਰਿੰਦਰ ਸਿੰਘ): ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਸਾਰੇ ਹਾਉਸ ਨੇ ਇਸ ਟੈਕਸ ਦੇ ਸਪੋਰਟ ਵਿਚ ਕਿਹਾ ਹੈ । ਇਕ ਖਦਸ਼ਾ ਡਾਕਟਰ ਕੇਵਲ ਕ੍ਰਿਸ਼ਨ ਸਾਹਿਬ ਨੇ ਪਰਗਟ ਕੀਤਾ ਹੈ ਇਸ ਦੇ ਬਾਰੇ ਵਿਚ ਮੈਂ ਅਰਜ਼ ਕਰਾਂ ਕਿ

[ਰਾਜ ਮੰਤਰੀ, ਆਬਕਾਰੀ ਤੇ ਕਰ]

ਅਸੀਂ ਪਹਿਲਾਂ ਹੀ ਕਲਾਸੀਫਿਕੇਸ਼ਨ ਕੀਤੀ ਹੋਈ ਹੈ ਏ, ਬੀ, ਸੀ, ਡੀ ਅਤੇ ਈ ਅਤੇ ਇਸ ਨੂੰ ਹੁਣ ਇਸ ਤਰ੍ਹਾਂ ਅਮੈਂਡ ਕਰ ਦਿਤਾ ਗਿਆ ਹੈ ਕਿ ਜਿਸ ਤਰ੍ਹਾਂ ਤੇ ਜਿਸ ਕੈਟੇਗਰੀ ਦੀ ਮਿਊਂਨਿਸਪਲ ਕਮੇਟੀ ਹੋਵੇਗੀ ਉਸੇ ਤਰਾਂ ਦੀ ਕਲਾਸੀਫੀਕੇਸ਼ਨ ਸਿਨਮਾ ਦੀ ਮੰਨੀ ਜਾਵੇਗੀ ਅਤੇ ਉਸ ਅਨੁਸਾਰ ਹੀ ਟੈਕਸ ਲਗਾਇਆ ਜਾਵੇਗਾ। ਰੇਟ ਇਸ ਪਰਕਾਰ ਮੁਕੱਰਰ ਕੀਤੇ ਹੋਏ ਹਨ ਕਿ 'ਏ' ਕੈਟਗਰੀ ਦੀ ਮਿਊਨਿਸਪਲ ਕਮੇਟੀ ਦੇ ਏਰੀਆ ਵਿਚ 2.62 ਰੁਪਏ ਪਰ 100 ਸੀਟ, 'ਬੀ' ਵਿਚ 1:75, 'ਸੀ' ਵਿਚ 1:30 ਅਤੇ 'ਈ' ਵਿਚ 87 ਪੈਸੇ। ਕਲਾਸੀਫਿਕੇਸ਼ਨ ਮਿਊਂਨਿਸਪਲ ਕਮੇਟੀ ਵਾਰ ਹੀ ਕਰ ਦਿਤੀ ਗਈ ਹੈ। ਅਤੇ ਉਸੇ ਤਰ੍ਹਾਂ ਟੈਕਸ ਲਿਆ ਜਾਵੇਗਾ। ਬਾਕੀ 10/- ਰੁਪਏ ਕਿ ਵਧਾ ਨੂੰ 100/- ਰੁਪਿਆ ਕੀਤਾ ਗਿਆ ਹੈ ਇਸ ਦੀ ਕਿਸੇ ਨੇ ਵਿਰੋਧਤਾ ਨਹੀਂ ਕੀਤੀ ਇਸ ਲਈ ਇਸ ਬਿਲ ਨੂੰ ਪਾਸ ਕਰ ਦੇਣਾ ਚਾਹੀਦਾ ਹੈ। (ਵਿਘਨ)

ਸ੍ਰੀ ਸਰਦਾਰੀ ਲਾਲ ਜੀ ਕਪੂਰ ਹੋਰਾਂ ਵਲੋਂ ਇਹ ਇਤਰਾਜ਼ ਕੀਤਾ ਗਿਆ ਕਿ ਬਚਿਆਂ ਨੂੰ ਕਿਸੇ ਤਰ੍ਹਾਂ ਜਾਣ ਤੋਂ ਰੋਕਿਆ ਜਾਵੇ ਪਰ ਇਹ ਸ਼ੋ ਘੱਟ ਕਰਨ ਨਾਲ ਤਾਂ ਨਹੀਂ ਰੁਕਣਗੇ ਇਸ ਦੇ ਬਾਰੇ ਵਿਚ ਇਕਠੇ ਬਹਿ ਕੇ ਇਨ੍ਹਾਂ ਨਾਲ ਵਿਚਾਰ ਕੀਤੀ ਜਾ ਸਕਦੀ ਹੈ। (ਵਿਘਨ) ਇਹ ਤਾਂ ਸੋਸ਼ਲ ਆਰਗੇਨਾਇਜ਼ੇਸ਼ਨਾਂ ਦਾ ਕੰਮ ਹੈ। (ਵਿਘਨ)

ਸਰਦਾਰ ਉਮਰਾਓ ਸਿੰਘ ਹੋਰਾਂ ਨੇ ਟਿਕਟਾਂ ਦਾ ਜ਼ਿਕਰ ਕੀਤਾ ਹੈ ਪਰ ਟਿਕਟਾਂ ਦਾ ਰੇਟ ਸਿਨਮੇ ਵਾਲੇ ਵੱਧ ਨਹੀਂ ਲੈ ਸਕਦੇ ਕਿਉਂਕਿ ਰੇਟ ਵੱਧ ਤਾਂ ਹੀ ਲਿਆ ਜਾ ਸਕਦਾ ਹੈ ਜੇਕਰ ਇਸ ਦੀ ਪਰਵਾਨਗੀ ਜ਼ਿਲ੍ਹਾ ਮੈਜਿਸਟ੍ਰੇਟ ਤੋਂ ਪਹਿਲਾਂ ਲਈ ਜਾਵੇ। (ਵਿਘਨ) ਕਾਲੀਆ ਸਾਹਿਬ ਨੇ ਜਿਕਰ ਕੀਤਾ ਹੈ ਸਿਨਮੇ ਵਧਾਣ ਬਾਰੇ ਇਸ ਵਲ ਸਰਕਾਰ ਧਿਆਨ ਦੇ ਰਹੀ ਹੈ ਤਾਂ ਕਿ ਸਰਕਾਰ ਨੂੰ ਆਮਦਨ ਵੱਧ ਹੋਵੇ। (ਵਿਘਨ) ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਬਿਲ ਨੂੰ ਪਾਸ ਕਰ ਦਿਤਾ ਜਾਵੇ।

Mr. Deputy Speaker: Question is—

That the Punjab Entertainments Tax (Cinematograph Shows) Amendment Bill be taken in to consideration at once.

The motion was carried.

Mr. Deputy Speaker: Now the House will proceed to consider the Bill clause by clause.

Voices: All the clauses should be put together to the vote of the House.

Mr. Deputy Speaker: Is it the pleasure of the House that all the clauses may be put together?

Voices: Yes.

CLAUSES 2, 3 and 1

Mr. Deputy Speaker: Question is—

That Clauses 2, 3 and 1 stand part of the Bill.

The motion was carried.

Title

Mr. Deputy Speaker : Question is—

> That Title be the Title of the Bill.

The motion was carried

Minister of State for Excise and Taxation : (Sardar Narinder Singh.) : Sir, I beg to move—

> That the Punjab Entertainments Tax (Cinematograph Shows) Amendment Bill be passed.

Mr. Deputy Speaker : Motion moved—

> That the Punjab Entertainments Tax (Cinematograph Shows) Amendment Bill be passed.

Mr. Deputy Speaker : Question is—

> That the Punjab Entertainments Tax (Cinematograph Shows) Amendment Bill be passed

The motion was carried.

THE PUNJAB URBAN IMMOVABLE PROPERTY TAX (AMENDMENT) BILL, 1971.

Minister of State for Excise and Taxation (Sardar Narinder Singh) : Sir, I beg to introduce the Punjab Urban Immovable Property Tax (Amendment) Bill,

Sir, I also beg to move—

> That the Punjab Urban Immovable Property Tax (Amendment) Bill be taken into consideration at once.

Mr Deputy Speaker : Motion moved—

> That the Punjab Urban Immovable Property Tax (Amendment) Bill be taken into consideration at once.

ਸਰਦਾਰ ਉਮਰਾਓ ਸਿੰਘ (ਬੜਾ ਪਿੰਡ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਆਰਡੀਨੈਂਸ ਦਾ ਡਿਸਐਪਰੂਵਲ ਹੈ, ਇਹ ਵਿਚ ਬੜਾ ਚੰਗਾ ਕੰਮ ਹੈ, ਮੈਨੂੰ ਇਸ ਗਲ ਦੀ ਬੜੀ ਖੁਸ਼ੀ ਹੈ। ਪਰ ਮੈਨੂੰ ਸਰਕਾਰ ਤੇ ਇਹ ਇਤਰਾਜ਼ ਹੈ ਕਿ ਦੋ ਸਾਲ ਹੋਏ 1969 ਦੀ ਬਜਟ ਸਪੀਚ ਦੇ ਵਿਚ ਪੰਜਾਬ ਸਰਕਾਰ ਨੇ ਇਹ ਅਸ਼ੋਰੈਂਸ ਦਿੱਤੀ ਸੀ ਕਿ ਪਰਾਪਰਟੀ ਟੈਕਸ ਸਾਰੇ ਦਾ ਸਾਰਾ ਮੁਆਫ ਕੀਤਾ ਜਾਵੇਗਾ। ਪਰ ਅੱਜ ਉਨ੍ਹਾਂ ਨੇ ਇਹ ਮੁਆਫ ਕਰਨ ਦੇ ਲਈ ਨਹੀਂ ਲਿਆਂਦਾ ਅਤੇ ਪਰਾਪਰਟੀ ਟੈਕਸ ਰਿਡਿਊਸ ਕਰਨ ਦੇ ਲਈ ਲਿਆਂਦਾ ਹੈ। ਫੇਰ ਜੇ ਘਟਾਉਣਾ ਵੀ ਹੈ ਤਾਂ ਇਕ ਦੋ ਸਾਲ ਦੇ ਵਿਚ ਨਹੀਂ ਇਹ ਇਨ੍ਹਾਂ ਨੇ 4 ਸਾਲ ਦੇ ਵਿਚ ਘਟਾਉਣਾ ਹੈ। ਇਸ ਦੇ ਵਿਚ ਗਰੈਜੂਅਲੀ ਘਟਾਉਣ ਦੀ ਕਿਹੜੀ ਗਲ ਹੈ। ਜਦੋਂ ਗਵਰਨਮੈਂਟ ਇਹ ਮਹਿਸੂਸ ਕਰਦੀ ਹੈ ਕਿ ਇਹ ਇਕ ਤਰ੍ਹਾਂ ਦਾ ਟੈਕਸ ਦਾ ਬੋਝ ਲੋਕਾਂ ਤੇ

[ਸਰਦਾਰ ਉਮਰਾਓ ਸਿੰਘ]

ਹੈ ਅਤੇ ਉਹ ਮਹਿਸੂਸ ਕਰਦੇ ਹਨ ਕਿ ਉਹ ਦੋ ਤਰ੍ਹਾਂ ਨਾਲ ਇਕੋ ਹੀ ਪ੍ਰਾਪਰਟੀ ਤੇ ਟੈਕਸ ਵਸੂਲ ਕਰ ਰਹੇ ਹਨ ਤਾਂ ਇਨ੍ਹਾਂ ਨੂੰ ਇਹ ਗ਼ਲਤੀ ਨੂੰ ਰੈਡਿਲੀ ਖਤਮ ਕਰਨਾ ਚਾਹੀਦਾ ਹੈ । ਪਰ ਇਹ ਗ਼ਲਤੀ ਮਹਿਸੂਸ ਕਰਦੇ ਹੋਏ ਵੀ ਰੀਮੂਵ ਨਹੀਂ ਕਰਨਾ ਚਾਹੁੰਦੇ । ਮੈਂ ਅਰਜ਼ ਕਰਾਂ ਜਦੋਂ ਇਨ੍ਹਾਂ ਨੂੰ ਪਿਛਲੇ ਸਾਲ ਅਹਿਸਾਸ ਹੋਇਆ ਤਾਂ ਇਨ੍ਹਾਂ ਇਕ-ਚੌਥਾਈ ਟੈਕਸ ਮੁਆਫ ਕਰਨ ਦੇ ਲਈ ਆਰਡੀਨੈਂਸ ਜਾਰੀ ਕੀਤਾ, ਅਗੇ ਦੇ ਲਈ ਇਹ ਹੁਣ ਅਧਾ ਹੀ ਰਹਿਣ ਦੇਂਦੇ, ਪਰ ਗਵਰਮੈਂਟ ਇਸ ਟੈਕਸ ਤੇ ਖਤਮ ਕਰਨ ਦੇ ਵਿਚ ਸਿੰਜੀਅਰ ਨਹੀਂ ਹੈ, ਇਹ ਅਜੇ ਵੀ ਕੁਝ ਨਾ ਕੁਝ ਲਗਿਆ ਹੀ ਰਹਿਣ ਦੇਣਾ ਚਾਹੁੰਦੇ ਹਨ । ਇਹ ਤਾਂ ਇਕ ਤਰ੍ਹਾਂ ਨਾਲ ਅਖਾਂ ਪੂੰਝਣ ਵਾਲੀ ਹੀ ਗੱਲ ਹੈ ਹੋਰ ਮੁਆਫੀ ਦਾ ਜਾਂ ਲੋਕਾਂ ਦੀ ਦੁਖ ਤਕਲੀਫ ਦਾ ਸਰਕਾਰ ਨੂੰ ਬਿਲਕੁਲ ਵੀ ਕੋਈ ਖਿਆਲ ਨਹੀਂ ਹੈ । ਇਨ੍ਹਾਂ ਦਾ ਜੇ ਇਰਾਦਾ ਨੇਕ ਹੁੰਦਾ ਤਾਂ ਇਸ ਨੂੰ ਉਸ ਵੇਲੇ ਹੀ ਜਦੋਂ ਇਨ੍ਹਾਂ ਨੂੰ ਇਹ ਗ਼ਲਤੀ ਦਾ ਅਹਿਸਾਸ ਹੋਇਆ ਸੀ ਕਿ ਅਸੀਂ ਡਬਲ ਚਾਰਜ ਕਰ ਰਹੇ ਹਾਂ, ਫੌਰਨ ਇਕ ਨੋਟੀਫੀਕੇਸ਼ਨ ਦੇ ਰਾਹੀਂ ਖਤਮ ਹੀ ਕਰ ਦੇਣਾ ਚਾਹੀਦਾ ਸੀ । ਇਹ ਜੇ ਚਾਹੁੰਦੇ ਤਾਂ ਮੈਂ ਅਪਰੀਸ਼ੀਏਟ ਕਰਦਾ ਕਿ ਕਮ-ਅਜ਼-ਕਮ ਅੱਧਾ ਟੈਕਸ ਤਾਂ ਇਸ ਦਫਾ ਮੁਆਫ ਕਰਦੇ ਤਾਂ ਜੋ ਇਨ੍ਹਾਂ ਨੇ ਜੋ ਅਸ਼ੋਰੈਂਸ ਦਿੱਤੀ ਸੀ ਉਹ ਹੀ ਪੂਰੀ ਹੋ ਸਕਦੀ । ਜਦੋਂ ਕਿ ਗਵਰਮੈਂਟ ਖੁਦ ਮਹਿਸੂਸ ਕਰਦੀ ਹੈ ਕਿ ਇਹ ਟੈਕਸ ਨਾਜਾਇਜ਼ ਹੈ । ਇਹ ਤਰੀਕਾ ਠੀਕ ਨਹੀਂ ।

ਕਾਮਰੇਡ ਸਤ ਪਾਲ ਡਾਂਗ (ਅੰਮ੍ਰਿਤਸਰ, ਪੱਛਮੀ): ਮੈਂ ਇਸ ਬਿਲ ਦੀ ਹਮਾਇਤ ਕਰਨ ਦੇ ਵਾਸਤੇ ਖੜ੍ਹਾ ਹੋਇਆਂ ਹਾਂ । ਮੈਂ ਸਰਕਾਰ ਦੀ ਤਵੱਜੋ ਇਸ ਗਲ ਦੇ ਵਲ ਦਵਾਉਣੀ ਚਾਹੁੰਦਾ ਹਾਂ ਕਿ ਸ਼ਹਿਰੀਆਂ ਦੇ ਜਿਹੜੇ ਮਕਾਨ ਹਨ ਅਤੇ ਦੂਜੀਆਂ ਜਿਹੜੀਆਂ ਬਿਲਡਿੰਗਾਂ ਨੇ ਉਨ੍ਹਾਂ ਉਤੇ ਇਸ ਵੇਲੇ ਦੋ ਟੈਕਸ ਲਗਦੇ ਹਨ । ਇਕ ਤਾਂ ਮਿਉਂਸੀਪੈਲਟੀ ਦੇ ਵੱਲੋਂ ਲਗਾਇਆ ਜਾਂਦਾ ਹੈ ਜਿਸ ਨੂੰ ਕਿ ਹਾਊਸ ਟੈਕਸ ਕਿਹਾ ਜਾਂਦਾ ਹੈ, ਦੂਸਰਾ ਹੈ ਪੰਜਾਬ ਅਰਬਨ ਇਮੂਵਏਬਲ ਪ੍ਰਾਪਰਟੀ ਟੈਕਸ ਜਿਹੜਾ ਕਿ ਪੰਜਾਬ ਸਰਕਾਰ ਦੇ ਵੱਲੋਂ ਲਾਇਆ ਜਾਂਦਾ ਹੈ । ਇਹ ਕਾਫੀ ਦੇਰ ਤੋਂ ਖਾਹਮਖਾਹ ਇਕੋ ਆਦਮੀ ਤੋਂ ਟੈਕਸ ਵਸੂਲੀ ਕਰਨ ਦੀ ਸਰਕਾਰ ਨੇ ਗ਼ਲਤੀ ਕੀਤੀ ਹੈ, ਇਹ ਸਰਾਸਰ ਨਾਜਾਇਜ਼ ਹੈ । ਇਕ ਟੈਕਸ ਹੋਣਾ ਚਾਹੀਦਾ ਹੈ । ਮੈਂ ਇਸ ਦੇ ਲਈ ਦੋ ਦਲੀਲਾਂ ਹਾਊਸ ਅਗੇ ਪੇਸ਼ ਕਰਨੀਆਂ ਚਾਹੁੰਦਾ ਹਾਂ । ਪਹਿਲੀ ਗਲ ਤਾਂ ਇਹ ਕਿ ਇਹ ਬੜੀ ਇਰਰੈਸ਼ਨਲ ਚੀਜ਼ ਹੈ ਪਹਿਲਾਂ ਇਕ ਮਕਾਨ ਤੇ ਮਿਉਂਸੀਪੈਲਟੀ ਟੈਕਸ ਲਾਉਂਦੀ ਹੈ ਫੇਰ ਉਸੇ ਤੇ ਪੰਜਾਬ ਸਰਕਾਰ ਲਗਾ ਦੇਂਦੀ ਹੈ । ਪੰਜਾਬ ਸਰਕਾਰ ਨੇ ਇਹ ਟੈਕਸ ਲਾ ਕੇ ਬੜੀ ਗ਼ਲਤੀ ਕੀਤੀ ਹੈ ਅਤੇ ਇਰਰੈਸ਼ਨਲ ਗਲ ਕੀਤੀ ਹੈ। ਦੂਸਰੀ ਦਲੀਲ ਇਹ ਕਿ ਜੇ ਟੈਕਸ ਲਾਇਆ ਜਾਵੇ ਉਹ ਇਕੋ ਹੀ ਹੋਣਾ ਚਾਹੀਦਾ ਹੈ । ਜਦੋਂ ਤਕ ਮੇਰੀ ਪਹਿਲੀ ਦਲੀਲ ਹੈ ਉਸ ਦੇ ਮੁਤੱਲਿਕ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਦੇ ਵਿਚ ਦੋ ਤਰ੍ਹਾਂ ਦੀਆਂ ਜਾਇਦਾਦਾਂ ਹੁੰਦੀਆਂ ਹਨ । ਇਕ ਤਰ੍ਹਾਂ ਦੇ ਮਾਲਕ ਤਾਂ ਉਹ ਹੁੰਦੇ ਹਨ ਜਿਨ੍ਹਾਂ ਨੂੰ ਏ ਕਲਾਸ ਕਹਿ ਲਓ ਜਿਨ੍ਹਾਂ ਪਾਸ ਬੜੀਆਂ ਬੜੀਆਂ ਕੋਠੀਆਂ, ਸਿਨਮਾ ਦੇ ਪਲਾਟ ਅਤੇ ਹੋਰ ਕਈ ਤਰ੍ਹਾਂ ਦੀਆਂ ਜਾਇਦਾਦਾਂ ਹਨ ਦੂਸਰੇ ਉਹ ਹੁੰਦੇ ਹਨ ਕਿ ਜਿਸ ਤਰ੍ਹਾਂ ਬੀ ਕਲਾਸ ਜਿਨ੍ਹਾਂ ਦੇ ਪਾਸ ਮਹਿਜ਼ ਦੋ-ਤਿੱਨ ਕਮਰਿਆਂ ਦਾ ਮਕਾਨ ਹੈ । ਇਕ ਪਾਸੇ ਤਾਂ ਉਹ ਹਨ ਜਿਨ੍ਹਾਂ ਨੂੰ ਕੋਠੀਆਂ ਦੇ ਕਰਾਏ ਤੋਂ ਇਲਾਵਾ ਦੁਕਾਨਾਂ ਦੇ ਕਰਾਏ ਅਤੇ ਹੋਰ ਬਹੁਤ ਸਾਰੀ ਜਾਇਦਾਦ ਤੋਂ ਲੱਖਾਂ ਰੁਪਏ ਦੀ ਆਮਦਨ ਹੈ । ਇਕ ਪਾਸੇ ਉਹ ਹਨ ਜਿਨ੍ਹਾਂ ਦੇ ਪਾਸ ਮਾਮੂਲੀ ਰਹਾਇਸ਼ ਲਈ ਜਾਇਦਾਦ ਹੈ। ਇਸ ਟੈਕਸ ਬਾਰੇ ਮੇਰੀ ਇਕ ਸਪਸ਼ਟ ਰਾਏ ਹੈ ਕਿ ਗਵਰਨਮੈਂਟ ਨੂੰ ਇਸ ਸਿਲਸਿਲੇ ਦੇ ਵਿਚ ਪ੍ਰੋਗਰੈਸਿਵ ਸਟੈਪਸ ਲੈਣੇ ਚਾਹੀਦੇ ਹਨ । ਅਤੇ ਦੂਜੀ ਕੈਟੇਗਰੀ ਦੇ ਲੋਕਾਂ ਨੂੰ ਪ੍ਰਾਪਰਟੀ ਟੈਕਸ ਤੋਂ ਬਿਲਕੁਲ ਛੋਟ ਮਿਲਣੀ ਚਾਹੀਦੀ ਹੈ । ਇਨ੍ਹਾਂ ਦੇ

ਮਾਲਕ ਉਹ ਹਨ ਜਿਹੜੇ ਕਿ ਮਿਡਲ ਕਲਾਸ ਦੇ ਨਾਲ ਸਬੰਧਤ ਹਨ । ਇਕ ਬੇਨਤੀ ਮੈਂ ਸਰਕਾਰ ਦੇ ਪਾਸ ਹੋਰ ਕਰਾਂ ਕਿ ਜਦੋਂ ਇਹ ਤਜਵੀਜ਼ ਸਰਕਾਰ ਦੇ ਸਾਹਮਣੇ ਆਈ ਤਾਂ ਉਸ ਵੇਲੇ ਕਾਫੀ ਬਹਿਸ ਹੋਈ ਅਤੇ ਸਰਕਾਰ ਕਨਵਿਨਸ ਹੋਈ ਸੀ ਅਤੇ ਇਹ ਫੈਸਲਾ ਹੋਇਆ ਸੀ ਕਿ ਪ੍ਰਾਪਰਟੀ ਟੈਕਸ ਖਤਮ ਕਰ ਦਿੱਤਾ ਜਾਵੇਗਾ । ਹਰ ਤਰਾਂ ਦੀ ਪਰਾਪਰਟੀ ਦੇ ਮਾਲਕ ਨੂੰ ਰੀਲੀਫ ਦੀ ਲੋੜ ਹੈ । ਇਕੋ ਤਰ੍ਹਾਂ ਦੀ ਜਾਇਦਾਦ ਹੈ, ਇਕ ਪਾਸੇ ਮਿਉਂਸੀਪਲ ਕਮੇਟੀ ਟੈਕਸ ਲਗਾ ਰਹੀ ਹੈ ਅਤੇ ਦੂਸਰੇ ਪਾਸੇ ਪੰਜਾਬ ਸਰਕਾਰ ਟੈਕਸ ਲਾ ਰਹੀ ਹੈ । ਇਕ ਪਾਸੇ ਹਿੰਦੁਸਤਾਨ ਦੀ ਸਰਕਾਰ ਕਹਿੰਦੀ ਹੈ ਕਿ ਸ਼ਹਿਰੀ ਜਾਇਦਾਦ ਦੇ ਵਿਚ ਹਦ ਹੋਣੀ ਚਾਹੀਦੀ ਹੈ, ਦੂਸਰੇ ਪਾਸੇ ਇਹ ਜਾਇਦਾਦਾਂ ਤੋਂ ਦੋ ਦੋ ਟੈਕਸ ਲੈ ਰਹੀ ਹੈ । ਪੰਜਾਬ ਸਰਕਾਰ ਨੂੰ ਇਸ ਪਾਸੇ ਪ੍ਰੋਗ੍ਰੈਸਿਵ ਸਟੇਟ ਬਣਕੇ ਵਿਖਾਉਣਾ ਚਾਹੀਦਾ ਹੈ ਅਤੇ ਟੈਕਸਾਂ ਦੀ ਮੈਕਸੀਮੱਮ ਲਿਮਟ ਦੀ ਛੋਟ ਕਰਨੀ ਚਾਹੀਦੀ ਹੈ । ਪਰ ਇਨ੍ਹਾਂ ਨੇ ਕਿਹਾ ਹੈ ਕਿ ਇਹ ਅਸੀਂ ਗਰੈਜੂਅਲੀ ਕਰਨਾ ਹੈ ਪਰ ਜਿੱਥੋਂ ਤੱਕ ਮੈਨੂੰ ਇਤਲਾਹ ਹੈ ਹਿੰਦੁਸਤਾਨ ਦੀ ਸਰਕਾਰ ਨੇ ਇਕ ਮਾਡਲ ਬਿਲ ਬਣਾਕੇ ਇਸ ਸਬੰਧ ਵਿਚ ਘਲਿਆ ਸੀ । ਇਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਪਾਸ ਕਰ ਦੇਂਦੇ ਤਾਂ ਸਾਰਾ ਝਗੜਾ ਹੀ ਮੁਕ ਜਾਣਾ ਸੀ । ਅਰਬਨ ਪ੍ਰਾਪਰਟੀ ਦੀ ਕੀ ਰੇਸ਼ੋ ਲਈ ਜਾ ਸਕਦੀ ਹੈ ਬਹੁਤ ਸਾਰੇ ਐਸੇ ਵੀ ਹਨ ਜਿਹੜੇ 3, 4 ਜਾਂ 5 ਲੱਖ ਤੱਕ ਦੀ ਜਾਇਦਾਦ ਦੇ ਵੀ ਮਾਲਕ ਹਨ ਅਤੇ ਇਹ ਵੀ ਹੈ ਕਿ ਕੋਈ 20, 20 ਲੱਖ ਤੱਕ ਦੀ ਜਾਇਦਾਦ ਦੇ ਵੀ ਮਾਲਕ ਹਨ । ਇਥੇ ਸਵਾਲ ਇਹ ਹੈ ਕੇ ਜੇ ਟੈਕਸ ਤੋਂ ਛੋਟ ਮਿਲੇ ਤਾਂ ਉਸ ਨੂੰ ਮਿਲੇ ਜਿਹੜਾ ਕਿ ਡਿਜ਼ਰਵਿੰਗ ਹੋਵੇ । ਪਰ ਏਥੇ ਇਹ ਗੱਲ ਨਹੀਂ । ਇਥੇ ਤਾਂ ਇਹ ਹੈ ਕਿ ਟੈਕਸ ਆਉਣਾ ਚਾਹੀਦਾ ਹੈ ਕਿਸੇ ਨੂੰ ਰੀਲੀਫ ਦੀ ਲੋੜ ਨਹੀਂ ਅਤੇ ਅੱਜ ਦਾ ਇਹ ਬਿਲ ਲਿਆ ਕੇ ਸਰਕਾਰ ਇਕ ਤਰ੍ਹਾਂ ਦੇ ਨਾਲ ਐਗਜ਼ੈਂਪਸ਼ਨ ਲੈਣਾ ਚਾਹੁੰਦੀ ਹੈ ਕਿ ਇਹ ਬਿਲ ਪਾਸ ਹੋ ਜਾਵੇ ਤਾਂ ਇਹ ਟੈਕਸ ਅਜੇ ਹੋਰ ਤਿੰਨ ਸਾਲ ਤੱਕ ਵਸੂਲ ਹੁੰਦੇ ਰਹਿਣ । ਇਨ੍ਹਾਂ ਨੂੰ ਇਹ ਸੁਜੈਸਟ ਕਰਾਂਗਾ ਕਿ ਹਾਊਸ ਟੈਕਸ ਵਿਚ ਸਰਕਾਰ ਨੂੰ $12\frac{1}{2}\%$ ਦੀ ਮੈਕਸੀਮੱਮ ਲਿਮਟ ਕਾਇਮ ਕਰਨੀ ਚਾਹੀਦੀ ਹੈ ਜਾਂ ਇਕ ਤਰ੍ਹਾਂ ਨਾਲ ਜਿਸ ਤਰ੍ਹਾਂ ਮੈਂ ਦੋ ਕਲਾਸਾਂ ਏ ਅਤੇ ਬੀ ਦੀ ਕੀਤੀਆਂ । ਇਸ ਵਿਚ ਟੈਕਸ ਦੀਆਂ ਸਲਾਈਡਿੰਗ ਸਕੇਲਜ਼ ਹੋਣੀਆਂ ਚਾਹੀਦੀਆਂ ਹਨ । ਉਹ ਇਹ ਕਿ ਜਿਨ੍ਹਾਂ ਦੀ 50 ਰੁਪਏ ਤੋਂ ਘਟ ਦੀ ਅਮਾਊਂਟ ਬਣਦੀ ਹੈ ਉਨ੍ਹਾਂ ਨੂੰ ਬਿਲਕੁਲ ਐਗਜ਼ੈਂਪਸ਼ਨ ਹੋਣੀ ਚਾਹੀਦੀ ਹੈ ਅਤੇ ਦੂਸਰਿਆਂ ਤੋਂ ਵਸੂਲੀ ਹੋਣੀ ਚਾਹੀਦੀ ਹੈ । ਹਾਊਸ ਟੈਕਸ ਦੀ ਮੈਕਸੀਮਮ ਲਿਮਟ $12\frac{1}{2}\%$ ਨਹੀਂ ਤਾਂ ਇਹ ਹਦ 20% ਭਾਵੇਂ ਕਰ ਦਿੱਤੀ ਜਾਵੇ ਪਰ ਇਸ ਤੋਂ ਵਧ ਨਹੀਂ ਹੋਣੀ ਚਾਹੀਦੀ । ਅਤੇ ਜੇ ਛੋਟ ਦੇਣੀ ਹੈ ਤਾਂ ਉਹ 50/ ਰੁਪਏ ਵਾਲੇ ਨੂੰ ਦੇਣੀ ਚਾਹੀਦੀ ਹੈ । ਜੇ ਸਰਕਾਰ ਪ੍ਰਾਪਰਟੀ ਟੈਕਸ ਅੱਜ ਖਤਮ ਹੀ ਕਰ ਦੇਵੇ ਤਾਂ ਕਿਸੇ ਨੂੰ ਰੀਲੀਫ ਦੀ ਕੋਈ ਲੋੜ ਨਹੀਂ । ਇਸ ਦੇ ਨਾਲ ਹੀ ਹਾਊਸ ਟੈਕਸ ਵਿਚ ਤਰਮੀਮ ਦਾ ਬਿਲ ਜੇ ਹੁਣ ਨਹੀਂ ਤਾਂ ਅਗਲੇ ਸ਼ੈਸ਼ਨ ਵਿਚ ਇਹ ਲੈ ਆਉਣ ।

चौधरी बलबीर सिंह (होशियारपुर) : उपाध्यक्ष महोदय, जो कुछ श्री डांग ने कहा है मैं उसकी हिमायत करता हूँ और इस बिल की इस बात में मुखालफत करता हूँ कि प्रापर्टी टैक्स हाऊस टैक्स की जगह ले ले । जिनकी लाखों रुपये की जायदाद है उनको टैक्स में ज्यादा हिस्सा देना ही चाहिए । बेशक वह इन्कम टैक्स भी देते हैं, परन्तु प्रापर्टी टैक्स भी उन्हें देना ही चाहिए । अगर सरकार यह टैक्स नहीं लेना चाहती तो म्यूनिस्पल कमेटियों को यह अधिकार दे देना चाहिए कि वह यह टैक्स वसूल कर सकें ।

दूसरी बात जो डांग साहिब ने 50 रुपये की हद मुकर्रर की है मैं इसकी मुखालफत करता हूं । यह हद 150 रुपये तक होनी चाहिए क्योंकि बड़े बड़े शहरों में तो 200 रुपये में केवल एक कमरा ही किराये पर मिलता है । इसलिये यह हद 150 रुपये तक होनी चाहिए ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ): ਡਿਪਟੀ ਸਪੀਕਰ ਸਾਹਿਬ ਮੈਂ ਇਹ ਅਰਜ਼ ਤੁਹਾਡੇ ਰਾਹੀਂ ਕਰਨਾ ਚਾਹੁੰਦਾ ਹਾਂ ਕਿ ਪਤਾ ਨਹੀਂ ਕਦੋਂ ਹਾਊਸ ਟੈਕਸ ਬਾਰੇ ਬਿਲ ਇਹ ਸਰਕਾਰ ਇਸ ਹਾਊਸ ਵਿਚ ਲਿਆਵੇਗੀ। ਪਰ ਇਸ ਬਿਲ ਦੇ ਰਾਹੀਂ ਸਰਕਾਰ ਜੋ ਅਖਤਿਆਰ ਆਪਣੇ ਕੋਲ ਲੈ ਰਹੀ ਹੈ, ਉਹ ਤਾਂ ਖੋਦਿਆ ਪਹਾੜ ਅਤੇ ਨਿਕਲਿਆ ਚੂਹਾ ਵਾਲੀ ਗੱਲ ਹੈ । ਇਹ ਜੋ 300 ਰੁਪਏ ਦੀ ਹੱਦ ਹੈ, ਇਹ ਕਲ ਨੂੰ ਇਨਕਰੀਜ਼ ਹੋ ਕੇ 400 ਜਾਂ 500 ਭੀ ਹੋ ਸਕਦੀ ਹੈ । ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਸ ਹਾਊਸ ਵਿਚ ਅੱਜ ਇਹ ਐਸ਼ੋਰੈਂਸ ਦੇਣੀ ਚਾਹੀਦੀ ਹੈ ਕਿ ਇਕ ਸਾਲ ਦੇ ਵਿਚ ਵਿਚ 2000 ਵਾਲਿਆਂ ਨੂੰ ਐਗਜ਼ੈਂਪਟ ਕਰ ਦੇਣਾ ਚਾਹੀਦਾ ਹੈ (ਵਿਘਨ) ਹਾਂ 150 ਰੁਪਏ ਮਹੀਨਾ ਜਾਂ 2,000 ਰੁਪਏ ਸਾਲਾਨਾ ਵਾਲੇ ਮਕਾਨਾਂ ਨੂੰ ਐਗਜ਼ੈਂਪਟ ਕਰ ਦੇਣਾ ਚਾਹੀਦਾ ਹੈ। ਜੇ ਸਰਕਾਰ ਇਨ੍ਹਾਂ ਲਾਈਨਾਂ ਤੇ ਕੰਮ ਨਹੀਂ ਕਰਦੀ ਤਾਂ ਇਹ ਕਲ ਨੂੰ 3,000 ਰੁਪਏ ਵਾਲੇ ਨੂੰ ਵੀ ਐਗਜ਼ੈਂਪਟ ਕਰ ਦਿਤਾ ਜਾਵੇਗਾ ਅਤੇ ਉਪਰਲੀ ਸ਼੍ਰੇਣੀ ਦੇ ਜਿਹੜੇ ਲੋਕ ਹਨ ਉਨ੍ਹਾਂ ਤੋਂ ਪੂਰਾ ਪੈਸਾ ਨਹੀਂ ਵਸੂਲਿਆ ਜਾਵੇਗਾ । ਡਿਪਟੀ ਸਪੀਕਰ ਸਾਹਿਬ, ਅਜ ਹਿੰਦੁਸਤਾਨ ਵਿਚ ਇਹ ਅਵਾਜ਼ ਉਠ ਰਹੀ ਹੈ ਕਿ ਸ਼ਹਿਰਾਂ ਦੀ ਜਾਇਦਾਦ ਦੀ ਲਿਮਟ ਮੁਕਰਰ ਕੀਤੀ ਜਾਵੇ ਅਤੇ ਸਾਡਾ ਸੋਸ਼ਲਿਜ਼ਮ ਦਾ ਨਾਹਰਾ ਵੀ ਤਾਂ ਹੀ ਕੁਝ ਮਾਇਨੇ ਰੱਖਦਾ ਹੈ ਜੇ ਇਹ ਗੱਲ ਹੋ ਜਾਵੇ ਨਹੀਂ ਤਾਂ ਇਹ ਨਾਹਰਾ ਮਹਿਜ਼ ਫਰੇਬ ਹੀ ਬਣ ਜਾਵੇਗਾ । ਮੈਂ ਅਰਜ਼ ਕਰਦਾ ਹਾਂ ਕਿ ਇਕ ਅਜਿਹਾ ਦੌਰ ਆ ਰਿਹਾ ਹੈ ਜਦੋਂ ਕਿ ਇਨ੍ਹਾਂ ਸੋਸ਼ਲਿਜ਼ਮ ਦਾ ਨਾਹਰਾ ਦੇਣ ਵਾਲਿਆਂ ਨੂੰ ਆਪਣੇ ਆਪ ਨੂੰ ਜਸਟੀਫਾਈ ਕਰਨਾ ਪਏਗਾ। ਗੌਰਮਿੰਟ ਨੂੰ ਗਰੀਬਾਂ ਤੋਂ ਇਹ ਬੋਝ ਲਾਹ ਦੇਣਾ ਚਾਹੀਦਾ ਹੈ । ਅਤੇ ਇਹ ਐਸ਼ੋਰੈਂਸ ਹਾਊਸ ਵਿਚ ਦੇਣੀ ਚਾਹੀਦੀ ਹੈ ਕਿ ਇਕ ਸਾਲ ਦੇ ਵਿਚ ਇਹ ਲਿਮਟ 2,000 ਰੁਪਏ ਸਾਲਾਨਾ ਕਰ ਦਿਤੀ ਜਾਵੇਗੀ। ਇਸ ਤੋਂ ਬਿਨਾਂ ਸੋਸ਼ਲਿਜ਼ਮ ਦਾ ਨਾਹਰਾ ਮਹਿਜ਼ ਇਕ ਫਰੇਬ ਹੀ ਸਾਬਤ ਹੋ ਵੇਗਾ ।

ਸ਼੍ਰੀ ਗਿਆਨ ਚੰਦ ਖਤਰੀਤਾ (ਅੰਮ੍ਰਿਤਸਰ ਪੂਰਬੀ): ਡਿਪਟੀ ਸਪੀਕਰ ਸਾਹਿਬ ਇਹ ਜੋ ਬਿਲ ਹਾਊਸ ਵਿਚ ਪੇਸ਼ ਹੋਇਆ ਹੈ ਇਸ ਬਾਰੇ ਮੈਂ ਕੁਝ ਅਰਜ਼ ਕਰਨਾ ਚਾਹੁੰਦਾ ਹਾਂ । ਮੈਂ ਸਮਝਦਾ ਹਾਂ ਕਿ ਪ੍ਰਾਪਰਟੀ ਟੈਕਸ ਅਤੇ ਹਾਊਸ ਟੈਕਸ ਵਿਚੋਂ ਜੇ ਸਰਕਾਰ ਇਕ ਨੂੰ ਖਤਮ ਕਰ ਦੇਵੇ ਤਾਂ ਇਹ ਇਕ ਬਹੁਤ ਵਡੀ ਖਿਦਮਤ ਨੂੰ ਸਰਅੰਜਾਮ ਦੇਵੇਗੀ । ਮੈਂ ਤੁਹਾਡੇ ਰਾਹੀਂ ਗੌਰਮਿੰਟ ਕੋਲ ਕੁਝ ਅਰਜ਼ਾਂ ਕਰਨੀਆਂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਜਿਸ ਆਦਮੀ ਕੋਲ ਇਕ ਮਕਾਨ ਹੈ, ਉਸਨੂੰ ਐਗਜ਼ੈਂਪਸ਼ਨ ਮਿਲਣੀ ਚਾਹੀਦੀ ਹੈ ਅਤੇ ਦੂਸਰੇ ਜਿਹੜੀਆਂ ਵਿਧਵਾ ਔਰਤਾਂ ਹਨ, ਉਨ੍ਹਾਂ ਤੇ ਵੀ ਇਹ ਟੈਕਸ ਨਹੀਂ ਲਗਣਾ ਚਾਹੀਦਾ । ਉਹ ਵੀ ਇਸ ਟੈਕਸ ਤੋਂ ਮੁਤਬਰਾ ਹੋਣੀਆਂ ਚਾਹੀਦੀਆਂ ਹਨ ।

ਚੌਧਰੀ ਬਲਬੀਰ ਸਿੰਘ : ਇਕੋ ਮਕਾਨ ਭਾਵੇਂ 10 ਲਖ ਦਾ ਹੋਵੇ । (ਵਿਘਨ)

ਸ਼੍ਰੀ ਗਿਆਨ ਚੰਦ ਖਤਰੀਤਾ : ਇਹੋ ਜਿਹਾ ਮਕਾਨ ਤਾਂ ਤੁਹਾਡਾ ਹੀ ਹੋ ਸਕਦਾ ਹੈ, ਮੈਂ ਤਾਂ ਐਵਰੇਜ ਆਦਮੀ ਦੀ ਗੱਲ ਕਰਦਾ ਹਾਂ । ਇਕ ਆਦਮੀ ਕੋਲ ਜੇ ਇਕ ਮਕਾਨ ਹੈ ਤਾਂ ਉਸ ਤੇ ਇਹ ਟੈਕਸ ਨਹੀਂ ਲਗਣਾ ਚਾਹੀਦਾ ।

ਫਿਰ ਡਿਪਟੀ ਸਪੀਕਰ ਸਾਹਿਬ ਜੇ ਤੁਸੀਂ ਪ੍ਰਾਪਰਟੀ ਟੈਕਸ ਦੇ ਦਫਤਰ ਦਾ ਰਿਕਾਰਡ ਦੇਖੋ ਤਾਂ ਉਥੇ 10,15, ਜਾਂ 20 ਰੁਪਏ ਦੇ ਏਰੀਅਰਜ਼ ਵਾਲਿਆਂ ਦੀਆਂ ਬਹੁਤ ਲਿਸਟਾਂ ਪਈਆਂ ਹਨ। ਲੋਕ ਇਹ ਸਮਝਦੇ ਹਨ ਕਿ ਇਹ ਟੈਕਸ ਮਾਫ ਹੋ ਗਿਆ ਹੈ ਪਰ ਲਿਸਟਾਂ ਬਣੀਆਂ ਹੋਈਆਂ ਹਨ । ਇਹ

ਉਹ ਰਕਮ ਹੈ ਜੋ ਕਿ ਵਸੂਲਣੀ ਵੀ ਮੁਸ਼ਕਿਲ ਨਹੀਂ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਇਹ ਲਿਸਟਾਂ ਤਾਂ ਖਤਮ ਕਰ ਦੇਣੀਆਂ ਚਾਹੀਦੀਆਂ ਹਨ ।

ਡਾਂਗ ਸਾਹਿਬ ਨੇ ਸੀਲਿੰਗ ਦਾ ਜ਼ਿਕਰ ਕੀਤਾ ਹੈ । ਮੈਂ ਇਸ ਗੱਲ ਦੇ ਹਕ ਵਿਚ ਹਾਂ । ਜੇ ਅਸੀਂ ਪ੍ਰੋਗ੍ਰੈਸਿਵ ਵਿਚਾਰ ਰੱਖਦੇ ਹਾਂ ਔਰ ਸੋਸ਼ਲਿਸਟਕ ਨਿਜ਼ਾਮ ਲਿਆਉਣਾ ਚਾਹੁੰਦੇ ਹਾਂ । ਤਾਂ ਸਾਨੂੰ ਸੀਲਿੰਗ ਲਾਉਣ ਦੇ ਹੱਕ ਵਿਚ ਹੋਣਾ ਚਾਹੀਦਾ ਹੈ । ਅਖੀਰ ਵਿਚ ਫਿਰ ਮੈਂ ਇਹ ਅਰਜ਼ ਕਰਦਾ ਹਾਂ ਕਿ ਵਿਧਵਾ ਅਤੇ ਜਿਨ੍ਹਾਂ ਦਾ ਇਕ ਮਕਾਨ ਹੈ, ਉਨ੍ਹਾਂ ਨੂੰ ਇਸ ਟੈਕਸ ਤੋਂ ਛੋਟ ਹੋਣੀ ਚਾਹੀਦੀ ਹੈ ।

ਡਾਕਟਰ ਸਾਧੂ ਰਾਮ (ਫਗਵਾੜਾ, ਐਸ. ਸੀ): ਡਿਪਟੀ ਸਪੀਕਰ ਸਾਹਿਬ, ਮੈਂ ਪ੍ਰਾਪਰਟੀ ਟੈਕਸ ਦੇ ਬਾਰੇ ਵਿਚ ਸਿਰਫ਼ ਇਤਨੀ ਗਲ ਕਹਿਣੀ ਚਾਹੁੰਦਾ ਹਾਂ ਕਿ ਵਿਧਵਾ ਇਸਤਰੀਆਂ ਅਤੇ ਉਨ੍ਹਾਂ ਲੋਕਾਂ ਨੂੰ ਇਸ ਟੈਕਸ ਤੋਂ ਛੋਟ ਹੋਣੀ ਚਾਹੀਦੀ ਹੈ ਜੋ ਕਿ ਨੀਫ਼ਾ ਅਤੇ ਲਦਾਖ ਵਿਚ ਬੈਠੇ ਹਨ । ਅਜਿਹੇ ਲੋਕਾਂ ਨੂੰ ਕੁਝ ਪੰਜਾਬ ਦੀ ਸਰਕਾਰ ਤੋਂ ਅਤੇ ਕੁਝ ਸੈਂਟਰ ਦੀ ਸਰਕਾਰ ਤੋਂ ਕਰਜ਼ੇ ਲੈ ਕੇ ਪਲਾਟ ਲਏ ਹਨ ਅਤੇ ਮਕਾਨ ਵੀ ਬਣਾ ਲਏ ਹਨ । ਮਕਾਨ ਦੇ ਬਣਨ ਦੇ ਨਾਲ ਉਨ੍ਹਾਂ ਤੇ ਵੀ ਪ੍ਰਾਪਰਟੀ ਟੈਕਸ ਲਗਣਾ ਸ਼ੁਰੂ ਹੋ ਜਾਂਦਾ ਹੈ । ਸੋ ਅਜਿਹੇ ਲੋਕਾਂ ਨੂੰ ਇਹ ਟੈਕਸ ਨਹੀਂ ਲਗਣਾ ਚਾਹੀਦਾ ।

ਫਿਰ ਮੈਂ ਅਰਜ਼ ਕਰਦਾ ਹਾਂ ਕਿ ਸਾਲ ਵਿਚ 2,000 ਰੁਪਏ ਦੀ ਆਮਦਨ ਵਾਲਿਆਂ ਨੂੰ ਛੋਟ ਹੋਣੀ ਚਾਹੀਦੀ ਹੈ । (ਵਿਘਨ) ਚਲੋ 150 ਰੁਪਏ ਮਹੀਨੇ ਦੇ ਹਿਸਾਬ ਨਾਲ ਹੋਏ 1,800 ਰੁਪਏ ਅਤੇ 200 ਰੁਪਏ ਹੋਰ ਜਮ੍ਹਾਂ ਕਰ ਲਓ । ਕਿਉਂਕਿ 200 ਰੁਪਏ ਦੇ ਨਾਲ ਤਾਂ ਇਕ ਕਮਰਾ ਹੀ ਅੱਜ ਕਲ ਸ਼ਹਿਰਾਂ ਦੇ ਵਿਚ ਆਉਂਦਾ ਹੈ । ਲਿਆਉਂਦੇ ਤਾਂ ਉਹ 600 ਰੁਪਏ ਹਨ । ਲੈਣ ਭਾਵੇਂ 200 ਰੁਪਏ ਹੀ । ਕਿਉਂਕਿ ਕਿਰਾਇਦਾਰ ਜਦੋਂ ਮਕਾਨ ਖਾਲੀ ਨਹੀਂ ਕਰਦਾ ਤਾਂ 600 ਰੁਪਏ ਮਹੀਨੇ ਦੇ ਹਿਸਾਬ ਨਾਲ ਕਿਰਾਇਆ ਨਹੀਂ ਦੇ ਸਕਦਾ ਤਾਂ ਮਕਾਨ ਉਸ ਨੂੰ ਖਾਲੀ ਕਰਨਾ ਹੀ ਪੈਂਦਾ ਹੈ । ਸੋ ਅਖੀਰ ਵਿਚ ਮੈਂ ਇਹ ਫਿਰ ਕਹਿਣਾ ਚਾਹੁੰਦਾ ਹਾਂ ਕਿ 150 ਰੁਪਏ ਦੀ ਆਮਦਨ ਵਾਲਿਆਂ ਨੂੰ; ਵਿਧਵਾਵਾਂ ਨੂੰ ਅਤੇ ਜੋ ਨੀਫ਼ਾ ਅਤੇ ਲਦਾਖ ਵਿਚ ਬੈਠੇ ਹਨ ਉਨ੍ਹਾਂ ਤੇ ਇਹ ਟੈਕਸ ਨਹੀਂ ਲਗਣਾ ਚਾਹੀਦਾ ।

ਚੌਧਰੀ ਤੁਲਸੀ ਰਾਮ ਚੌਹਾਨ (ਬਲਾਚੌਰ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਗੌਰਮਿੰਟ ਨੂੰ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਿਛਲੇ ਸੈਸ਼ਨ ਦੇ ਵਿਚ ਕਿਹਾ ਸੀ ਕਿ ਅਸੀਂ ਪ੍ਰਾਪਰਟੀ ਟੈਕਸ ਖਤਮ ਕਰਨਾ ਹੈ, ਇਸ ਲਈ ਇਸ ਨੂੰ ਇਹ ਮਾਫ਼ ਕਰ ਦੇਣਾ ਚਾਹੀਦਾ ਹੈ । ਫਿਰ ਇਕ ਹੋਰ ਗੱਲ ਵੱਲ ਮੈਂ ਖਾਸ ਤੌਰ ਤੇ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਕਈ ਕਰੋੜਪਤੀ ਜੋ ਹਨ, ਉਨ੍ਹਾਂ ਨੇ ਐਗਰੀਕਲਚਰਲ ਫ਼ਾਰਮ ਬਣਾ ਲਏ ਹਨ । ਤੁਸੀਂ ਅੰਮ੍ਰਿਤਸਰ ਜਾਂਦੇ ਹੋਏ ਰਾਹ ਵਿਚ ਦੇਖਿਆ ਹੋਵੇਗਾ ਕਿ "ਓਸਵਾਲ ਐਗਰੀਕਲਚਰਲ ਫ਼ਾਰਮ" ਬਣਿਆ ਹੋਇਆ ਹੈ । ਇਹ ਲੋਕ ਉਹ ਹਨ ਜੋ ਕਿ ਬਲੈਕ ਦਾ ਰੁਪਿਆ ਕਮਾਂਦੇ ਹਨ ਅਤੇ ਇਸ ਬਲੈਕ ਦੇ ਰੁਪਏ ਨੂੰ ਹੋਰ ਕਿਧਰੇ ਨਹੀਂ ਖਰਚ ਕਰ ਸਕਦੇ ਤਾਂ ਐਗਰੀਕਲਚਰਲ ਫ਼ਾਰਮ ਬਣਾ ਲੈਂਦੇ ਹਨ । ਵੈਸੇ ਇਨ੍ਹਾਂ ਦਾ ਐਗਰੀਕਲਚਰ ਨਾਲ ਕੋਈ ਤਲੱਕ ਨਹੀਂ ਹੁੰਦਾ । ਇਸ ਲਈ ਮੈਂ ਗੌਰਮਿੰਟ ਨੂੰ ਅਰਜ਼ ਕਰਾਂਗਾ ਕਿ ਇਸ ਪਾਸੇ ਵਲ ਖਾਸ ਤੌਰ ਤੇ ਧਿਆਨ ਦੇਵੇ । ਇਹੋ ਜਿਹੇ ਲੋਕਾਂ ਲਈ ਪ੍ਰਾਪਰਟੀ ਟੈਕਸ ਮਾਫ਼ ਨਹੀਂ ਹੋਣਾ ਚਾਹੀਦਾ । ਕੋਈ ਅਜਿਹੀ ਕੰਸਿਡਰੇਸ਼ਨ ਹੋਣੀ ਚਾਹੀਦੀ ਹੈ, ਕੋਈ ਅਜਿਹੀ ਅਮੈਂਡਮੈਂਟ ਆਉਣੀ ਚਾਹੀਦੀ ਹੈ, ਕੋਈ ਅਜਿਹੇ ਅਖਤਿਆਰ ਗੌਰਮਿੰਟ ਨੂੰ ਲੈਣੇ ਚਾਹੀਦੇ ਹਨ ਕਿ ਗਰੀਬਾਂ ਤੋਂ ਬੋਝ ਘਟੇ ਪਰ ਅਮੀਰਾਂ ਤੋਂ ਇਹ ਟੈਕਸ ਵਸੂਲ ਹੋਵੇ ।

ਸ੍ਰੀ ਡਿਪਟੀ ਸਪੀਕਰ : ਤੁਹਾਡੀਆਂ ਸਜੈਸ਼ਨਜ਼ ਚੰਗੀਆਂ ਹਨ, ਮੈਂ ਮਨਿਸਟਰ ਸਾਹਿਬ ਦਾ ਧਿਆਨ ਖਾਸ ਤੌਰ ਤੇ ਇਕ ਪਾਸੇ ਵਲ ਦਿਵਾਵਾਂਗਾ । *Addressing Chaudhri Tulsi Ram Chauhan.* Your suggestions are valuable. I will perticularly draw the attention of the hon. Minister towards these.)

ਚੌਧਰੀ ਤੁਲਸੀ ਰਾਮ ਚੌਹਾਨ : ਇਸ ਦੇ ਨਾਲ ਹੀ ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜੋ ਕਿਹਾ ਗਿਆ ਹੈ ਕਿ ਇਕ ਮਕਾਨ ਵਾਲੇ ਤੇ ਟੈਕਸ ਨਾ ਲਗੇ, ਇਸ ਦੇ ਬਾਰੇ ਮੈਂ ਇਹ ਹੀ ਅਰਜ਼ ਕਰਦਾ ਹਾਂ ਕਿ ਇਹ ਲਿਮਟ ਵੀ ਕਿਸੇ ਹਦ ਤਕ ਹੀ ਹੋਵੇ ਕਿ ਇਤਨੀ ਵੈਲਯੂ ਦਾ ਅਗਰ ਮਕਾਨ ਹੈ ਤਾਂ ਟੈਕਸ ਨਹੀਂ ਲਗੇਗਾ ਅਤੇ ਜੇ ਵਧ ਹੈ ਤਾਂ ਟੈਕਸ ਜ਼ਰੂਰ ਲੱਗਣਾ ਚਾਹੀਦਾ ਹੈ

ਸ੍ਰੀ ਹਰਬੰਸ ਲਾਲ (ਰਾਜਪੁਰਾ): ਡਿਪਟੀ ਸਪੀਕਰ ਸਾਹਿਬ, ਹਾਊਸ ਟੈਕਸ ਬਹੁਤ ਛੋਟੇ ਛੋਟੇ ਮਕਾਨਾਂ ਤੇ, ਜਿਸ ਦੇ ਦੋ ਦੋ ਕਮਰੇ ਹਨ ਤੇ ਮਾਮੂਲੀ ਜਿਹੀ ਰਸੋਈ ਹੈ, ਉਸ ਤੇ ਲਗਾਇਆ ਜਾ ਰਿਹਾ ਹੈ। ਅਤੇ ਅਜਿਹੇ ਮਕਾਨ ਦੀ ਅਸੈਸਮੈਂਟ ਮਿਊਂਸਪੈਲਿਟੀ ਨੇ 50 ਰੁਪਏ ਜਾਂ 60 ਰੁਪਏ ਮਹੀਨਾ ਕਰ ਦਿਤੀ ਹੈ । ਇਹ ਉਹ ਲੋਕ ਹਨ ਜਿਹੜੇ ਕਿ ਰਿਕਸ਼ਾ ਚਲਾਉਂਦੇ ਹਨ, ਜਾਂ ਖੋਂਚਾ ਲਗਾਉਂਦੇ ਹਨ ਜਾਂ ਰੇੜ੍ਹੀ ਲਗਾਉਂਦੇ ਹਨ । ਇਨ੍ਹਾਂ ਗਰੀਬ ਲੋਕਾਂ ਨੂੰ ਇਤਨਾ ਹਾਊਸ ਟੈਕਸ ਦੇਣਾ ਪੈ ਰਿਹਾ ਹੈ ਜਿਹੜਾ ਕਿ ਨਾਵਾਜਬ ਹੈ । ਮਿਸਾਲ ਦੇ ਤੌਰ ਤੇ ਰਾਜਪੁਰਾ ਦੀ ਨਈ ਅਬਾਦੀ ਵਿਚ ਤਕਰੀਬਨ ਸਾਰੇ ਹੀ ਰਿਫੂਜੀ ਜਾਂ ਬਾਹਰ ਤੋਂ ਆਏ ਹੋਏ ਲੋਕ ਵਸਦੇ ਹਨ ਜਿਨ੍ਹਾਂ ਦੇ ਉਥੇ ਛੋਟੇ ਛੋਟੇ ਮਕਾਨ ਹਨ। ਪਹਿਲਾਂ ਮਿਊਂਸਪਲ ਕਮੇਟੀ ਨੇ ਰੈਜ਼ੋਲੂਸ਼ਨ ਪਾਇਆ ਕਿ ਇਸ ਆਬਾਦੀ ਵਿਚ ਗਰੀਬ ਜਨਤਾ ਰਹਿੰਦੀ ਹੈ ਅਤੇ ਇਨ੍ਹਾਂ ਤੇ ਹਾਊਸ ਟੈਕਸ ਨਹੀਂ ਲਗਾਇਆ ਜਾਣਾ ਚਾਹੀਦਾ ਹੈ । ਇਕ ਦਫਾ ਤਾਂ ਉਸ ਦੇ ਸਟੇ ਆਰਡਰਜ਼ ਹੋਏ, ਇਸ ਤੋਂ ਬਾਅਦ ਪਤਾ ਨਹੀਂ ਲਗਿਆ ਕਿ ਕੀ ਬਣਿਆ । ਹੁਣ ਰਾਜਪੁਰਾ ਨਵੀਂ ਆਬਾਦੀ ਵਿਚ..(ਵਿਘਨ)

ਇਕ ਆਵਾਜ਼ : ਇਹ ਪਰਾਪਰਟੀ ਟੈਕਸ ਦਾ ਬਿਲ ਹੈ ਅਤੇ ਹਾਊਸ ਟੈਕਸ ਦਾ ਨਹੀਂ ਹੈ।

ਸ੍ਰੀ ਹਰਬੰਸ ਲਾਲ : ਹਾਊਸ ਟੈਕਸ ਦਾ ਵੀ ਇਸ ਨਾਲ ਸਬੰਧ ਹੈ। ਡਿਪਟੀ ਸਪੀਕਰ ਸਾਹਿਬ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਹਾਊਸ ਟੈਕਸ 600 ਰੁਪਿਆ ਸਾਲਾਨਾਂ ਜਿਸ ਘਰ ਦੀ ਰੈਂਟਲ ਵੈਲਿਯੂ ਹੋਵੇ, ਉਸ ਤੇ ਲਾਉਣਾ ਚਾਹੀਦਾ ਹੈ । (ਵਿਘਨ)

ਸਰਦਾਰ ਨਰਿੰਦਰ ਸਿੰਘ(ਰਾਜ ਮੰਤਰੀ ਆਬਕਾਰੀ ਤੇ ਕਰ): ਡਿਪਟੀ ਸਪੀਕਰ ਸਾਹਿਬ ਕੁਝ ਆਨਰੇਬਲ ਮੈਂਬਰ ਇਕ ਗੱਲ ਨੂੰ ਕਨਫਿਊਜ਼ ਕਰਦੇ ਰਹੇ ਹਨ । ਪਰਾਪਰਟੀ ਟੈਕਸ ਅਤੇ ਹਾਊਸ ਟੈਕਸ ਨੂੰ ਠੀਕ ਤਰ੍ਹਾਂ ਨਾਲ ਡਿਫਰੈਂਸ਼ੀਏਟ ਨਹੀਂ ਕਰ ਸਕੇ । (ਵਿਘਨ) ਇਸ ਸਬੰਧ ਵਿਚ ਮੈਂ ਅਰਜ਼ ਕਰਾਂ ਕਿ ਦਰਅਸਲ ਵਿਚ ਇਹ ਗੌਰਮੈਂਟ ਦੀ ਕਮਿਟਮੈਂਟ ਸੀ ਜਿਸ ਕਰਕੇ ਇਹ ਅਸੀਂ ਚਾਰ ਸਾਲਾਂ ਵਿਚ ਸੰਨ 1973 ਵਿਚ ਇਹ ਮੁਕੰਮਲ ਕਰ ਦੇਣਾ ਹੈ ਕਿ ਪਰਾਪਰਟੀ ਟੈਕਸ ਉਸ ਪਰਾਪਰਟੀ ਤੇ ਨਾਂ ਲਿਆ ਜਾਵੇ ਜਿਸ ਤੇ ਹਾਊਸ ਟੈਕਸ ਲਗਣਾ ਹੈ। (ਵਿਘਨ) ਇਕੋ ਚੀਜ਼ ਤੇ ਦੋ ਟੈਕਸ ਲੈਣੇ ਠੀਕ ਨਹੀਂ ਸੀ । ਜਿਵੇਂ ਕਿ ਇਕੋ ਪਰਾਪਰਟੀ ਤੇ ਹਾਊਸ ਟੈਕਸ ਵੀ ਲਗਦਾ ਸੀ ਅਤੇ ਪਰਾਪਰਟੀ ਟੈਕਸ ਵੀ ਲਗਦਾ ਸੀ। ਇਹ ਗੱਲ ਵਾਜਬ ਨਹੀਂ ਸੀ । ਇਸ ਕਰਕੇ ਇਹ ਕੀਤਾ ਗਿਆ ਹੈ । ਇਸ ਸਬੰਧ ਵਿਚ ਕਈ

ਮੈਂਬਰ ਸਾਹਿਬਾਨ ਨੇ ਆਪਣੇ ਵਿਚਾਰ ਰਖੇ ਹਨ । ਬਹੁਤ ਸਾਰਿਆਂ ਨੇ ਇਸ ਬਿਲ ਦੇ ਹੱਕ ਵਿਚ ਬੋਲਿਆ ਹੈ ਅਤੇ ਕੁਝ ਕੁ ਸੱਜਣ ਅਜਿਹੇ ਵੀ ਹਨ ਜਿਨ੍ਹਾਂ ਨੇ ਇਹ ਕਿਹਾ ਹੈ ਕਿ ਇਸ ਸਿਲਸਿਲੇ ਵਿਚ ਕੋਈ ਸਲੈਬ ਹੋਣੀ ਚਾਹੀਦੀ ਹੈ । ਜਿਹੜੀ ਕਲਾਸ ਪੇ ਕਰ ਸਕਦੀ ਹੈ, ਜਿਹੜੇ ਅਮੀਰ ਆਦਮੀਂ ਦੇ ਸਕਦੇ ਹਨ, ਉਨ੍ਹਾਂ ਤੋਂ ਲਾਜ਼ਮੀ ਇਹ ਟੈਕਸ ਲਿਆ ਜਾਣਾ ਚਾਹੀਦਾ ਹੈ। ਮੈਂ ਇਹ ਅਰਜ਼ ਕਰਾਂ ਕਿ ਇਸ ਵਿਚ ਕੋਈ ਚੇਂਜ ਲਿਆਉਣ ਦੀ ਗੱਲ ਨਹੀਂ ਬਣਦੀ ਹੈ । ਪ੍ਰਿੰਸੀਪਲੀ ਅਸੀਂ ਐਗਰੀ ਕਰਦੇ ਹਾਂ ਕਿ ਇਕ ਪਰਾਪਰਟੀ ਤੇ ਦੋ ਟੈਕਸ ਨਹੀਂ ਹੋਣੇ ਚਾਹੀਦੇ ਹਨ । ਪਰ ਜਿਹੜੇ ਸੁਝਾਉ ਕੁਝ ਮੈਂਬਰ ਸਾਹਿਬਾਨ ਵਲੋਂ, ਜਾਂ ਮੇਰੇ ਦੋਸਤਾਂ ਵਲੋਂ ਆਏ ਹਨ, ਕੁਝ ਸੁਝਾਉ ਸਾਡੀ ਪਾਰਟੀ ਦੇ ਮੈਂਬਰਜ਼ ਨੇ ਲਿਖ ਕੇ ਦਿਤੇ ਹਨ ਜਿਵੇਂ ਕਿ ਸਰਦਾਰ ਗੁਰਮੀਤ ਸਿੰਘ ਅਤੇ ਸਰਦਾਰ ਤੇਜਾ ਸਿੰਘ, ਨੇ ਲਿਖ ਕੇ ਆਪਣੇ ਸੁਝਾਉ ਦਿਤੇ ਹਨ, ਇਨ੍ਹਾਂ ਸੁਝਾਵਾਂ ਬਾਰ ਜ਼ਰੂਰ ਸੋਚਾਂਗੇ । (ਵਿਘਨ) ਇਕ ਪਰਾਪਰਟੀ ਤੇ ਦੋ ਟੈਕਸ ਨਹੀਂ ਲਗਾਉਣੇ, ਇਹ ਅਸੀਂ ਪ੍ਰਿੰਸੀਪਲੀ ਐਗਰੀ ਕੀਤਾ ਹੈ । ਜਿਹੜੇ ਸੁਝਾਉ ਆਏ ਹਨ, ਉਨ੍ਹਾਂ ਨੂੰ ਧਿਆਨ ਵਿਚ ਰਖਿਆ ਜਾਵੇਗਾ । (ਵਿਘਨ) ਮੇਰਾ ਖਿਆਲ ਹੈ ਕਿ ਇਹ ਬਿਲ ਪਾਸ ਕਰ ਦੇਣਾ ਚਾਹੀਦਾ ਹੈ ।

Mr. Deputy Speaker : Question is—

That the Punjab Urban Immovable Property Tax (Amendment) Bill be taken into consideration at once.

The motion was carried

Mr. Deputy Speaker : Now the House will proceed to consider the Bill, clause by clause.

Voices : All the clauses be put together to the vote of the House.

Mr. Deputy Speaker : Is it the pleasure of the House that all the clauses may be put together ?

Voices : Yes.

CLAUSES 2, 3, 4 and 1

Mr. Deputy Speaker : Question is—

That clauses 2, 3, 4 and 1 stand part of the Bill.

The motion was carried.

TITLE

Mr. Deputy Speaker : Question is—

That the Title be the Title of the Bill.

The motion was carried.

Minister of State for Excise and Taxation : Sir, I beg to move—

That the Punjab Urban Immovable Property Tax (Amendment) Bill be passed.

Mr. Deputy Speaker Motion moved—

That the Punjab Urban Immovable Property Tax (Amendment) Bill be passed.

Mr. Deputy Speaker : Question is—

That the Punjab Urban Immovable Property Tax (Amendment) Bill be passed.

The motion was carried.

ਚੌਧਰੀ ਬਲਬੀਰ ਸਿੰਘ : ਆਨ ਏ ਪੁਆਇੰਟ ਆਫ ਆਡਰਣਰ ਸਰ। (ਵਿਘਨ) ਅੰਧੇ ਕੋ ਅੰਧੇਰੇ ਮੇਂ ਦੂਰ ਕੀ ਸੂਝੀ। (ਵਿਘਨ) ਡਿਪਟੀ ਸਪੀਕਰ ਸਾਹਿਬ ਇਹਦੇ ਨਾਲ ਇਕ ਲਫਜ਼ ਹੋਰ ਐਡ ਕਰ ਦਿਆ ਕਰੋ ਕਿ 'ਬਿਲ ਇਜ਼ ਪਾਸਡ'। ਇਹ ਕਾਨੂੰਨ ਦੇ ਮੁਤਾਬਿਕ ਹੈ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਹ ਕਹਿੰਦੇ ਹਨ ਕਿ ਇਸ ਨੂੰ ਜਿੰਨਾ ਜ਼ਿਆਦਾ ਵਧਾਈ ਚਲੀਏ ਉਨਾ ਹੀ ਅੱਛਾ ਹੈ। (ਸ਼ੋਰ) (ਵਿਘਨ) (The hon. Member wants that its procedure to be made as lengthy as possible).

RESOLUTION UNDER CLAUSE 2 (A) OF ARTICLE 213 OF THE CONSTITUTION DISAPPROVING THE PUNJAB MOTOR VEHICLES TAXATION (AMENDMENT) ORDINANCE, 1970 AND THE PUNJAB MOTOR VEHICLES TAXATION (AMENDMENT) BILL, 1971

Sardar Umrao Singh : Sir, I beg to move—

That this House disapproves the Punjab Motor Vehicles Taxation (Amendment) Ordinance, 1970 (Punjab Ordinance No. 10 of 1970)

Mr. Deputy Speaker : Motion moved—

That this House disapproves the Punjab Motor Vehicles Taxation (Amendment) Ordinance, 1970 (Punjab Ordinance No. 10 of 1970).

Chief Minister (Sardar Parkash Singh Badal) : Sir, I beg to introduce the Punjab Motor Vehicles Taxation (Amendment), Bill.

Sir, I also beg to move—

That the Punjab Motor Vehicles Taxation (Amendment) Bill be taken into consideration at once.

Mr. Deputy Speaker : Motion moved—

That the Punjab Motor Vehicles Taxation (Amendment) Bill be taken into consideration at once.

Mr. Deputy Speaker : The Resolution given notice of and moved by Sardar Umrao Singh disapproving the Punjab Motor Vehicles Taxation (Amendment) Ordinance, 1970 will be discussed along with the Bill seeking to replace the ordinance. This is in accordance with the previous practice. Of course, at the time of voting the Resolution will be first put to the vote of the House and thereafter various motions relating to the Bill will be put to the vote.

ਅਪ੍ਰੈਲ, 1970 ... ਹੈ ਆਰਡੀਨੈਂਸ ਦੇ ਜ਼ਰੀਏ ਕੀਤਾ ਜਾਂਦਾ ਹੈ ਅਤੇ ਦੂਜੇ ਵਿੰਦ ਰਿਟਰਾਸਪੈਕਟਿਵ ਇਫੈਕਟ ਤੋਂ ਕੀਤਾ ਜਾਂਦਾ ਹੈ । ਮੇਰੀ ਗੁਜ਼ਾਰਿਸ਼ ਹੈ ਕਿ ਇਹ ਜਿਹੜਾ ਅਸੀਂ ਬਿਲ ਪਾਸ ਕਰਨਾ ਹੈ ਇਸ ਬਿਲ ਦੇ ਜ਼ਰੀਏ ਟੈਕਸ ਮਿਤੀ 1 ਅਪੈਰਲ, 1970 ਤੋਂ ਲੈਣਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਚੀਫ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਵਿਧਾਨ ਸਭਾ ਨਾਲ ਅਤੇ ਪੰਜਾਬ ਦੇ ਲੋਕਾਂ ਨਾਲ ਇਨਸਾਫ ਕਰਦੇ ਹਨ ? ਟੈਕਸ ਲਗਾ ਕੇ ਇਕ ਸਾਲ ਪਿਛੋਂ ਫੇਰ ਅਸੀਂ ਵਿਧਾਨ ਸਭਾ ਦੀ ਮਨਜ਼ੂਰੀ ਲਈ ਜਾਂਦੀ ਹੈ । ਇਹ ਕਿਥੋਂ ਦਾ ਡੈਮੋਕ੍ਰੇਟਿਕ ਪਰੋਸੀਜਰ ਹੈ । ਜਿਥੋਂ ਤਕ ਇਹਦੇ ਕਾਨੂੰਨੀ ਅਤੇ ਗੈਰ ਕਾਨੂੰਨੀ ਹੋਣ ਦਾ ਤਅੱਲੁਕ ਹੈ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਠੀਕ ਹੈ ਕਿ (ਵਿਘਨ) ਕਾਂਸਟੀਚੂਸ਼ਨ ਵਿਚ ਆਰਡੀਨੈਂਸ/ਮੇਕਿੰਗ ਪਾਵਰ ਦਿਤੀ ਗਈ ਹੈ । ਪਰ ਉਹ ਆਰਡੀਨੈਂਸ ਮੇਕਿੰਗ ਪਾਵਰ ਐਕਸੈਪਸ਼ਨਲ ਸਰਕਮਸਟਾਂਨਸਿਜ਼ ਲਈ ਹੈ । ਮੈਂ ਡਿਪਟੀ ਸਪੀਕਰ ਸਾਹਿਬ ਤੁਹਾਡਾ ਧਿਆਨ ਇਸ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਵਿਚ ਐਕਸੈਪਸ਼ਨਲ ਸਰਕਮਸਟਾਂਨਸਿਜ਼ ਕੀ ਹਨ? ਪਿਛਲੇ ਬਜਟ ਸੈਸ਼ਨ ਵਿਚ, ਮਾਰਚ ਦੇ ਮਹੀਨੇ ਵਿਚ ਫਾਈਨੈਂਸ ਮਨਿਸਟਰ ਸਾਹਿਬ ਨੇ ਆਪਣੀ ਬਜਟ ਸਪੀਚ ਵਿਚ ਇਹ ਕਿਹਾ ਸੀ ਕਿ ਮੋਟਰ ਵੈਹੀਕਲਜ਼ ਤੇ ਟੈਕਸ ਲਾਉਣਾ ਹੈ । ਉਹ ਸੈਸ਼ਨ ਹੋਇਆ ਪਰ ਇਹ ਬਿਲ ਨਹੀਂ ਲਿਆਂਦਾ ਗਿਆ । (ਵਿਘਨ) ਪਰੋਸੀਜਰ ਇਹ ਹੈ ਕਿ ਜੋ ਚੀਜ਼ ਬਜਟ ਸਪੀਚ ਵਿਚ ਕਹੀ ਜਾਵੇ ਉਹ ਉਸ ਸੈਸ਼ਨ ਵਿਚ ਕੀਤੀ ਜਾਂਦੀ ਹੈ । ਲੋਕ ਸਭਾ ਵਿਚ ਵੀ ਇਹੀ ਪਰੋਸੀਜਰ ਹੈ ।

ਜਿਹੜੀ ਕਿ ਪਰਪੋਜ਼ਲ ਬੱਜਟ ਸਪੀਚ ਵਿਚ ਆਉਂਦੀ ਹੈ, ਉਸ ਦਾ ਇਮੀਜ਼ੀਏਟਲੀ ਉਸ ਨੂੰ ਲਾਅ ਬਣਾ ਦਿਤਾ ਜਾਂਦਾ ਹੈ ਤਾਂਕਿ ਉਸ ਦੀ ਜੋ ਸਪਿਰਿਟ ਹੈ, ਉਸ ਨੂੰ ਕਾਇਮ ਰੱਖਿਆ ਜਾਵੇ । ਉਸ ਸੈਸ਼ਨ ਵਿਚ ਇਹ ਬਿੱਲ ਨਹੀਂ ਲਿਆਂਦਾ ਗਿਆ ਇਹ ਟੈਕਸ ਨਹੀਂ ਲਾਇਆ ਗਿਆ। ਉਸ ਦੇ ਬਾਅਦ ਫਿਰ ਇਕ ਸੈਸ਼ਨ ਆਇਆ ਜਿਹੜਾ ਕਿ ਜੁਲਾਈ ਦਾ ਸੈਸ਼ਨ ਸੀ। ਉਸ ਵਿਚ ਵੀ ਇਹ ਨਹੀਂ ਲਿਆਂਦਾ ਗਿਆ । ਉਸ ਤੋਂ ਬਾਅਦ ਫਿਰ 30 ਸਤੰਬਰ ਨੂੰ ਆਰਡੀਨੈਂਸ ਕਰ ਦਿਤਾ ਗਿਆ ਔਰ 30 ਸਤੰਬਰ ਨੂੰ ਚਾਹੀਦਾ ਤਾਂ ਇਹ ਸੀ ਕਿ ਜੇ ਕੋਈ ਅਮਰਜੈਂਸੀ ਪਹਿਲਾਂ ਨਹੀਂ ਸੀ ਤਾਂ ਆਰਡੀਨੈਂਸ ਕਿਉਂ ਜਾਰੀ ਕੀਤਾ ਗਿਆ ਅਤੇ ਇਸ ਨੂੰ ਪਹਿਲਾਂ ਤੋਂ ਲਾਗੂ ਕਰਨ ਦੀ ਕੀ ਲੋੜ ਸੀ । ਇਹ ਆਰਡੀਨੈਂਸ 30 ਸਤੰਬਰ, 1970 ਨੂੰ ਜਾਰੀ ਕੀਤਾ ਗਿਆ ਅਤੇ ਇਸ ਨੂੰ ਲਾਗੂ ਕੀਤਾ ਗਿਆ 1 ਅਪ੍ਰੈਲ ਤੋਂ। ਇਹ ਅਪਰੈਲ ਤੋਂ ਲਾਗੂ ਕੀਤਾ ਗਿਆ ਔਰ ਇਕ ਸਾਲ ਤੋਂ ਬਾਅਦ ਲਿਆਂਦਾ ਗਿਆ। ਇਕ ਸਾਲ ਟੈਕਸ ਸਰਕਾਰ ਤੇ ਲੱਖਾਂ ਰੁਪਏ ਦਾ ਬਗੈਰ ਵਿਧਾਨ ਸਭਾ ਦੀ ਮਨਜ਼ੂਰੀ ਦੇ ਵਸੂਲ ਕਰ ਕੇ ਕੰਸਟੀਚਿਊਸ਼ਨ ਦੀ ਸਪਿਰਿਟ ਨੂੰ ਤਬਾਹ ਕੀਤਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਲੋਕ ਸਭਾ ਦੇ ਜਿਹੜੇ ਸਵਰਗਵਾਸੀ ਸ੍ਰੀ ਸਪੀਕਰ, ਸ੍ਰੀ ਮਾਵਲੰਕਰ ਜੀ ਹਨ, ਉਨ੍ਹਾਂ ਦੀ ਕੁਟੇਸ਼ਨ ਪੜ੍ਹਦਾ ਹਾਂ । ਉਨ੍ਹਾਂ ਦੀ ਰੂਹ ਇਨ੍ਹਾਂ ਦੀਆਂ ਗੱਲਾਂ ਨੂੰ ਦੇਖਕੇ ਜ਼ਰੂਰ ਤੜਫਦੀ ਹੋਵੇਗੀ ਕਿ ਪੰਜਾਬ ਵਿਚ ਕਿਸ ਤਰ੍ਹਾਂ ਨਾਲ ਜਮਹੂਰੀਅਤ ਦਾ ਕਤਲੇਆਮ ਕੀਤਾ ਜਾਂਦਾ ਹੈ । ਇਸ ਸਰਕਾਰ ਨੇ ਹਰ ਇਕ ਦਾ ਕਤਲੇਆਮ

[ਸਰਦਾਰ ਉਮਰਾਓ ਸਿੰਘ]

ਕੀਤਾ ਹੈ, ਇਨਸਾਨੀ ਜ਼ਿੰਦਗੀ ਦਾ ਕਤਲੇਆਮ ਕੀਤਾ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, 'ਕੌਲ ਐਂਡ ਸ਼ਖਦਰ' ਦੇ ਸਫ਼ਾ 9 ਤੇ ਦਿਤਾ ਹੋਇਆ ਹੈ ਕਿ :

May I ask ycu, Sir, as the guardian of the interests of this House, to consider whether Government would be acting in the spirit of the constitution if they use the ordinance-making power to pass what is virtually a Money Bill. This is a matter of the utmost importance. Legislation dealing with financial matters would not be ordinary legislation. It will deal with a matter in regard to which there have been a series of struggles in many countries for obtaining popular control. Is the Government of India which claims to be a democratic Government, allowed to obtain money by promulgating an ordiance,-that is, virtually by executive authority ?

The Speaker thereupon observed;

........I myself do not like promulgation of ordiances. It is only in extreme cases that an ordinance should be issued: the ordinary rule should be 'No Ordinance'.

ਡਿਪਟੀ ਸਪੀਕਰ ਸਾਹਿਬ, ਲੋਕ ਸਭਾ ਦੇ ਸਪੀਕਰ ਦੇ ਇਹ ਰੀਮਾਰਕਸ ਹਨ । ਇਕ ਜਗ੍ਹਾ ਉਨ੍ਹਾਂ ਨੇ ਇਕ ਲੈਟਰ ਪੰਡਿਤ ਨਹਿਰੂ ਨੂੰ ਲਿਖੀ ਉਸ ਦੇ ਵਿਚ ਉਨ੍ਹਾਂ ਨੇ ਲਿਖਿਆ :

The issue of Ordinance is undemocratic and cannot be justified except in case of extreme urgency or emergency.

ਸੋ ਇਸ ਤਰੀਕੇ ਨਾਲ ਇਹ ਜੋ ਰੀਮਾਰਕਸ ਲੋਕ ਸਭਾ ਵਿਚ ਆਏ ਹਨ, ਇਹ ਅਸੀਂ ਅੱਜ ਗੌਰਮੈਂਟ ਦੇ ਧਿਆਨ ਵਿਚ ਲਿਆਉਣੇ ਚਾਹੁੰਦੇ ਹਾਂ । ਸੋ ਇਸ ਤਰ੍ਹਾਂ ਦੇ ਟੈਕਸ ਲਿਆਉਣੇ ਅਤੇ 6 ਹਜ਼ਾਰ ਤੋਂ 10 ਹਜ਼ਾਰ ਤੱਕ ਕਰ ਦੇਣਾ, ਜੇ ਤਾਂ ਇਹ ਹਜ਼ਾਰ-ਦੋ ਹਜ਼ਾਰ ਰੁਪਏ ਦਾ ਫਰਕ ਹੁੰਦਾ ਫਿਰ ਤਾਂ ਇਹ ਹੋਰ ਗੱਲ ਸੀ, ਪਰ ਮੈਂ ਇਸ ਗੱਲ ਵਿਚ ਨਹੀਂ ਜਾਣਾ ਚਾਹੁੰਦਾ ਕਿ ਇਹ ਜਿਹੜਾ ਇਨਕਰੀਜ਼ ਹੋਇਆ ਇਹ ਜਸਟੀਫਾਈਡ ਹੈ ਜਾਂ ਨਹੀਂ । ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ (ਵਿਘਨ) ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੀ ਗਾਈਡੈਂਸ ਚਾਹੁੰਦਾ ਹਾਂ ਅਤੇ ਤੁਹਾਡੀ ਵੱਲੋਂ ਗੌਰਮਿੰਟ ਨੂੰ ਹਦਾਇਤ ਹੋਣੀ ਚਾਹੀਦੀ ਹੈ ਕਿ ,ਇਸ ਆਰਡੀਨੈਂਸ ਨਾਲ ਟੈਕਸ ਲਾਉਣਾ ਔਰ ਰੀਟਰੋਸਪੈਕਟਿਵ ਡੇਟ ਤੋਂ ਲਾਉਣਾ, ਇਹ ਠੀਕ ਨਹੀਂ ਹੈ । ਜਾਂ ਤਾਂ ਇਹ ਚੀਜ਼ ਸੀ ਕਿ ਬਹੁਤ ਹੀ ਐਮਰਜੈਂਸੀ ਸੀ, ਪੰਜਾਬ ਤਬਾਹ ਹੋ ਗਿਆ ਸੀ ਅਤੇ ਆਰਡੀਨੈਂਸ ਨਾ ਆਉਣ ਕਰਕੇ ਪੰਜਾਬ ਦੀ ਅਕਾਨਮੀ ਖਤਮ ਹੋ ਜਾਣੀ ਸੀ ਅਤੇ ਇਸ ਦੀ ਡੀਵਲਪਮੈਂਟ ਸਤਿਆਨਾਸ ਹੋ ਜਾਣੀ ਸੀ ਜ ਆਰਡੀਨੈਂਸ ਨਾ ਕਰਦੇ । ਮੈਂ ਸਮਝਦਾ ਹਾਂ ਕਿ ਇਸ ਦੇ ਇਲਾਵਾ ਉਨ੍ਹਾਂ ਕੋਲ ਹੋਰ ਕੋਈ ਦਲੀਲ ਵੀ ਨਹੀਂ ਹੈ । ਜਿਸ ਵਕਤ ਬੱਜਟ ਸਪੀਚ ਕੀਤੀ ਸੀ ਉਸ ਵਕਤ ਇਹ ਬਿੱਲ ਲਿਆਉਂਦੇ । ਜੇ ਨਹੀਂ ਲਿਆਂਦਾ, ਤਾਂ ਇਸ ਦੇ ਵਿਚ ਇਨ੍ਹਾਂ ਦੀ ਬੇਅਕਲੀ ਜਾਂ ਇਨ੍ਹਾਂ ਦੀ ਨਾਅਹਿਲੀਅਤ ਹੋਰ ਕੀ ਹੋ ਸਕਦੀ ਹੈ । ਜੇ ਉਦੋਂ ਨਹੀਂ ਲਿਆਂਦਾ ਤਾਂ ਜੁਲਾਈ ਵਿਚ ਲਿਆਉਂਦੇ । ਜੇ ਉਦੋਂ ਨਹੀਂ ਸੀ ਲਿਆਂਦਾ ਤਾਂ ਫਿਰ ਕੋਈ ਵਜ੍ਹਾ ਨਹੀਂ ਸੀ ਅਗਜ਼ੈਕਟਿਵ ਅਥਾਰਿਟੀ ਨਾਲ ਇਸ ਨੂੰ ਪਾਸ ਕਰਕੇ (ਵਿਘਨ) ਔਰ ਇਸ ਵਿਚ ਇਕ ਪਨੈਲਿਟੀ ਹੈ । ਜਿਹੜੇ ਟੈਕਸ ਨਹੀਂ ਦਿੰਦੇ, ਉਸ ਨੂੰ ਪਨੈਲਿਟੀ ਲਗਦੀ ਹੈ । (ਵਿਘਨ) ਸੋ ਪਨੈਲਿਟੀਆਂ ਵੀ ਮੁਆਫ ਕਰ ਦਿਤੀਆਂ । (ਵਿਘਨ) ਸੋ ਮੈਂ ਅਰਜ਼ ਕਰਾਂਗਾ ਕਿ ਅੱਗੇ ਤੋਂ ਇਹ ਅਕਾਲੀਆਂ

ਦੀ ਸਰਕਾਰ, ਜਿਹੜੀ ਕਿ ਆਰਡੀਨੈਂਸਾਂ ਦੀ ਸਰਕਾਰ ਕਹਾਉਂਦੀ ਹੈ, ਇਸ ਤੇ ਗੌਰ ਕਰੇ । ਮੁੱਖ ਮੰਤਰੀ ਨੇ ਹਾਊਸ ਵਿਚ ਕਿਹਾ ਸੀ ਕਿ ਜੇ ਜ਼ਰੂਰਤ ਪਈ ਤਾਂ ਸੈਸ਼ਨ ਬੁਲਾਇਆ ਜਾਵੇਗਾ । ਮੈਨੂੰ ਸ਼ੰਕਾ ਹੈ ਕਿ ਜੇ 30 ਤਰੀਕ ਨੂੰ ਹਾਊਸ ਐਡਜਰਨ ਕਰ ਦਿਤਾ ਗਿਆ ਤਾਂ ਬਹੁਤ ਸਾਰਾ ਜਿਹੜਾ ਕੰਮ ਹੈ, ਉਹ ਰਹਿ ਜਾਵੇਗਾ। ਇਸੇ ਤਰ੍ਹਾਂ ਹੀ ਇਹ ਅੱਗੇ ਕਰਦੇ ਹਨ । ਕਿਉਂਕਿ ਪੰਚਾਇਤ ਐਕਟ (ਬਿੱਲ) ਔਰ ਹੋਰ ਕਈ ਬਿਲ ਨਹੀਂ ਲਿਆਂਦੇ ਜਾ ਰਹੇ । ਇਸ ਲਈ ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਜਿਹੜਾ ਵੀ ਬਿਜ਼ਨੈਸ ਹੈ,ਜਾਂ ਬਿੱਲ ਹਨ, ਇਸ ਹਾਊਸ ਨੂੰ 5-7 ਦਿਨ ਹੋਰ ਵਧਾਕੇ ਇਹ ਕੰਮ ਕਰ ਲਵੋ ਅਤੇ ਹਾਊਸ ਨੂੰ ਪਰੋਰੋਗ ਅੱਗੇ ਨਾਂ ਕਰੋ । ਅਤੇ ਇਸ ਤਰ੍ਹਾਂ ਆਰਡੀਨੈਂਸਾਂ ਦੀ ਵਰਤੋਂ ਘੱਟ ਕੀਤੀ ਜਾਵੇ

चौधरी बलबीर सिंह (होशियारपुर) : डिप्टी स्पीकर साहिब, मैं इस बिल की हिमायत करता हूँ । लेकिन दूसरी बात यह है कि यह इललीगल है, इस स्टेज पर टैक्स नहीं लग सकता । कोई आदमी जो अदालत में जाएगा (विघ्न) मतलब है कि बैक डेट से टैक्स नहीं लगता । इस में सरकार की गलती है । यह पहले लगना चाहिए था । यह कानून पहले बनना चाहिए था । पिछले बजट सैशन में यह पास नहीं किया गया । पर उसकी पैनेलिटी सूबा भुगतेगा ।

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪਛਮੀ): ਮੈਂ ਤਾਂ ਇਹ ਕਹਾਂਗਾ ਕਿ ਇਹ ਬੜਾ ਚੰਗਾ ਟੈਕਸ ਹੈ, ਮੈਂ ਇਸ ਦੀ ਪੂਰੀ ਪਰੋੜ੍ਹਤਾ ਕਰਦਾ ਹਾਂ। ਇਹ ਵੱਡੇ ਆਦਮੀਆਂ ਤੇ ਲੱਗਦਾ ਹੈ । ਫਾਈਨੈਂਸ਼ਲ ਯੀਅਰ ਅਪ੍ਰੈਲ ਤੋਂ ਸ਼ੁਰੂ ਹੁੰਦਾ ਹੈ । ਇਹ ਆਰਡੀਨੈਂਸ ਦੇ ਰਾਹੀਂ ਨਹੀਂ ਹੋਣਾ ਚਾਹੀਦਾ ਇਹ ਤਾਂ ਮੈਂ ਪਹਿਲਾਂ ਹੀ ਕਿਹਾ ਸੀ । ਮੈਂ ਸਰਦਾਰ ਉਮਰਾਓ ਸਿਘ ਨਾਲ ਸਹਿਮਤ ਹੁੰਦਾ ਜੇ ਉਹ ਮੈਰਿਟ ਉਤੇ ਇਸ ਟੈਕਸ ਦੀ ਹਮਾਇਤ ਕਰਦੇ ।

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ ਬਿੱਲ ਬੜਾ ਇਨੋਸੈਂਟ ਅਤੇ ਪਰੋਗਰੈਸਿਵ ਹੈ । ਇਹ ਬਿੱਲ ਬੜਾ ਚੰਗਾ ਹੈ । ਮੈਂ ਸਮਝਦਾ ਸੀ ਕਿ ਕੋਈ ਵੀ ਮੈਂਬਰ ਇਸ ਦੇ ਖਿਲਾਫ ਰਾਏ ਨਹੀਂ ਦੇਵੇਂਗਾ, ਲੇਕਿਨ ਸਰਦਾਰ ਉਮਰਾਓ ਸਿੰਘ ਨੇ ਟਰਾਂਸਪੋਰਟਰਜ਼ ਦੀ ਕਾਫੀ ਵਕਾਲਤ ਕੀਤੀ ਹੈ । (ਵਿਘਨ) (ਹਾਸਾ) ਮੈਂ ਸਮਝਦਾ ਹਾਂ ਕਿ ਇਹ ਬਿੱਲ ਆਉਣ ਨਾਲ ਕਾਫ਼ੀ ਰੁਪਏ ਸਾਨੂੰ ਮਿਲਣੇ ਹਨ ਜਦ ਕਿ ਕਾਫੀ ਰੁਪਿਆ ਉਨ੍ਹਾਂ ਪਾਸ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਇਸ ਤੇ ਕਾਫੀ ਬਹਿਸ ਦੀ ਲੋੜ ਨਹੀਂ ਅਤੇ ਇਹ ਬਿਲ ਪਾਸ ਕਰਨਾ ਚਾਹੀਦਾ ਹੈ ।

Mr. Deputy Speaker : Question is—

> That this House disapproves the Punjab Motor Vehicles Taxatio (Amendment) Ordinance, 1970 (Punjab Ordinace No. 10 of 1970)

The motion was lost.

Mr. Deputy Speaker : Question is—

> That the Punjab Motor Vehicles Taxation (Amendment) Bill be taken into consideration at once.

The Motion was carried.

Mr. Deputy Speaker : Now the House will proceed to consider the Bill clause by clause.

Voices : All the clauses may be put together.

Mr. Deputy Speaker : Is it the pleasure of the House that all the clauses be put together.

Voices : Yes.

CLAUSES 2, 3, 4, 5 AND 1

Mr. Deputy Speaker : Question is—

That Clauses 2, 3, 4, 5 and 1 stand part of the Bill.

The motion was carried.

TITLE

Mr. Deputy Speaker : Question is—

That Title be the title of the Bill.

The motion was carried.

Chief Minister (Sardar Parkash Singh Badal) : Sir, I beg to move—

That the Punjab Motor Vehicles Taxation (Amendment) Bill be passed.

Mr. Deputy Speaker : Motion moved—

That the Punjab Motor Vehicles Taxation (Amendment) Bill be passed

ਚੌਧਰੀ ਰਾਮ ਸਿੰਘ : ਆਨ ਏ ਪੁਆਇੰਟ ਆਫ ਆਰਡਰ ਸਰ । ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਿਲ ਪੇਸ਼ ਕੀਤਾ ਜਾ ਰਿਹਾ ਹੈ ਇਸ ਦੇ ਬਾਰੇ ਮੈਂ ਹਾਊਸ ਦੇ ਸਾਹਮਣੇ ਦੋ ਚਾਰ ਚੀਜ਼ਾਂ ਰਖਣਾ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ ਜਿਥੋਂ ਤਕ ਇਹ ਪੈਸੈਂਜਰ ਟੈਕਸ ਦੀ ਗਲ ਇਸ ਤੇ ਮੈਨੂੰ ਕੋਈ ਇਤਰਾਜ ਨਹੀਂ ਹੈ ਲੇਕਿਨ ਜੇ ਅਗੇ ਜਾ ਕੇ ਦੇਖੀਏ ਤਾਂ ਸਰਕਾਰ ਨੇ ਗੁਡਜ਼ ਤੇ ਟੈਕਸ ਲਾਉਣਾ ਹੈ ਤਾਂ ਇਹ ਉਨ੍ਹਾਂ ਨਾਲ ਟਰੱਕਾਂ ਵਾਲਿਆਂ ਨਾਲ ਜ਼ਿਆਦਤੀ ਹੋਵੇਗੀ । ਕਿਉਂਕਿ ਜਿਹੜੀ ਇਹ ਗੁਡਜ਼ ਟਰੈਫਿਕ ਹੈ ਇਸ ਨੇ ਪੰਜਾਬ ਦੇ ਵਿਚ ਇਕ ਬਹੁਤ ਅੱਛਾ ਪਾਰਟ ਪਲੇ ਕੀਤਾ ਹੈ । (ਵਿਘਨ)

ਮੁੱਖ ਮੰਤਰੀ : ਗੁਡਜ਼ ਤੇ ਨਹੀਂ ਹੈ ... (ਵਿਘਨ)

ਚੌਧਰੀ ਰਾਮ ਸਿੰਘ : ਫਿਰ ਠੀਕ ਹੈ ਜੀ । (ਵਿਘਨ)

Mr. Deputy Speaker : Question is—

That the Punjab Motor Vehicles Taxation (Amendment) Bill be passed.

The motion was carried

RESOLUTION UNDER CLAUSE 2 (A) OF ARTICLE 213 OF THE CONSTITUTION DISAPPROVING THE PUNJAB CONTINGENCY FUND (AMENDMENT) ORDINANCE, 1970 (PUNJAB ORDINANCE, No. 11 OF 1970) AND THE PUNJAB CONTINGENCY FUND (AMENDMENT) BILL, 1971.

Sardar Umrao Singh : Sir, I beg to move—

> That this House disapproves the Punjab Contingency Fund (Amendment) Ordinance, 1970 (Punjab ordinance No. 11 of 1970).

Mr. Deputy Speaker : Motion moved—

> That this House disapproves the Punjab Contingency Fund (Amendment) Ordinance, 1970 (Punjab Ordinance No. 11 of 1970).

Minister for Finance (Sardar Balwant Singh) : Sir, I beg to introduce the Punjab Contingency Fund (Amendment) Bill, 1971.

Sir, I also beg to move—

> That the Punjab Contingency Fund (Amendment) Bill, be taken into consideration at once.

Mr. Deputy Speaker : Motion moved—

> That the Punjab Contingency Fund (Amendment) Bill be taken into consideration at once.

Mr. Deputy Speaker : The Resolution by S. Umrao Singh, Comrade Satya Pal Dang, Shri Manmohan Kalia and Shri Balram Dass Tandon disapproving the Punjab Contingency Fund (Amendment) Ordinance 1970 (Punjab Ordinance No. 11 of 1970) will be discussed along with the Bill seeking to replace the Ordinance. This is in accordance with the previous practice. Of course, at the time of voting, the resolution will be first put to the vote of the House and thereafter the various motions relating to the Bill itself will be put to the vote of the House.

POINT OF ORDER RE. DRAWAL OF AMOUNT FROM THE CONTINGENCY FUND THROUGH AN ORDINANCE

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਆਰਡੀਨੈਂਸ ਹੈ ਇਹ ਬਿਲਕੁਲ ਅਨਕਾਨਸਟੀਚਿਊਸ਼ਨਲ ਹੈ ਔਰ ਮੈਂ ਤੁਹਾਡਾ ਧਿਆਨ ਕਾਨਸਟੀਚਿਊਸ਼ਨ ਦੀਆਂ ਇਨ੍ਹਾਂ ਆਰਟੀਕਲਜ਼ ਵਲ ਦਿਵਾਉਣਾ ਚਾਹੁੰਦਾ ਹਾਂ ...(ਵਿਘਨ)

ਇਕ ਆਵਾਜ਼ : ਤੁਸੀਂ ਪਹਿਲਾਂ ਪੁਆਇੰਟ ਆਫ਼ ਆਰਡਰ ਰੇਜ਼ ਕਰੋ । (ਵਿਘਨ)

ਸਰਦਾਰ ਉਮਰਾਓ ਸਿੰਘ : ਠੀਕ ਹੈ ਜੀ, ਇਹ ਮੈਂਬਰ ਸਾਹਿਬ ਠੀਕ ਕਹਿ ਰਹੇ ਹਨ । (ਵਿਘਨ) ਮੈਂ ਪਹਿਲਾਂ ਪੁਆਇੰਟ ਆਫ਼ ਆਰਡਰ ਰੇਜ਼ ਕਰਨਾ ਚਾਹੁੰਦਾ ਹਾਂ । (ਵਿਘਨ) ਤੁਸੀਂ ਕਾਨਸਟੀਚੂਸ਼ਨ ਵੀ ਮੰਗਵਾ ਲਓ ਔਰ ਕੌਲ ਐਂਡ ਸ਼ਕਦਰ ਦੀ ਕਿਤਾਬ ਵੀ ਮੰਗਵਾ ਲਓ । (ਵਿਘਨ) ਮੈਂ, ਡਿਪਟੀ ਸਪੀਕਰ ਸਾਹਿਬ ਪੁਆਇੰਟ ਆਫ ਆਰਡਰ ਤੇ ਬੋਲਣਾ ਚਾਹੁੰਦਾ ਹਾਂ । ਮੈਨੂੰ ਇਜਾਜ਼ਤ ਹ ।

ਸ਼੍ਰੀ ਡਿਪਟੀ ਸਪੀਕਰ: ਤੁਸੀਂ ਪੁਆਇੰਟ ਆਫ਼ ਆਰਡਰ ਕਰ ਲਓ ਮੈਂ ਰੂਲਿੰਗ ਦੇ ਦੇਵਾਂਗਾ। (ਵਿਘਨ) (*Adderssing Sardar Umrao Singh.* You may put your point of order and I will give my ruling on it.)

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕਾਨਸਟੀਚਿਊਸ਼ਨ ਦੀ ਜਿਹੜੀ ਦਫ਼ਾ ਹੈ ਜਿਸ ਦੇ ਮੁਤਾਬਕ ਕਨਟੀਜੈਨਸੀ ਫ਼ੰਡ ਰਖਿਆ ਹੈ ਉਹ 267 ਹੈ ਔਰ 267 ਆਰਟੀਕਲ ਦੇ ਮੁਤਾਬਕ ਇਹ ਬੜਾ ਕਲੀਅਰ ਹੈ ਕਿ

Sir, Article 267 (2) of the Constitution of India is as under :—

> "The legislature of a State may by law establish a Contingency Fund in the nature of an imprest to be entitled "the Contingency Fund of the State" into which shall be paid from time to time such sums as may be determined by such law, and the said Fund shall be placed at the disposal of the Governor of the State to enable advances to be made by him out of such Fund for the purposes of meeting unforeseen expenditure pending authorisation of such expenditure by the Legislature of the State by law under article 205 or article 206."

ਸੋ ਮੇਰੀ ਗੁਜ਼ਾਰਿਸ਼ ਹੈ ਕਿ ਇਹ ਆਰਟੀਕਲ ਬੜਾ ਕਲੀਅਰ ਹੈ ਕਿ ਕਨਟੀਜੈਨਸੀ ਫ਼ੰਡ ਕੀ ਹਵੇ ਗਾ ਔਰ ਕਿਸ ਤਰੀਕੇ ਨਾਲ ਹੋਵੇਗਾ ਇਸ ਦੇ ਬਾਰੇ ਬੜਾ ਕਲੀਅਰ ਲਿਖਿਆ ਹੋਇਆ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਲੈਜਿਸਲੇਟਿਵ ਅਸੰਬਲੀ ਨੇ 1950 ਵਿਚ ਪੰਜਾਬ ਕਨਟੀਜੈਨਸੀ ਫ਼ੰਡ ਐਕਟ ਬਣਿਆ ਹੈ ਔਰ ਉਸ ਐਕਟ ਰਾਹੀਂ ... (ਵਿਘਨ)

ਡਿਪਟੀ ਸਪੀਕਰ ਸਾਹਿਬ, 1950 ਵਿਚ ਪੰਜਾਬ ਦੀ ਅਸੰਬਲੀ ਨੇ ਕਨਟੀਜੈਨਸੀ ਐਕਟ ਬਣਾਇਆ ਔਰ ਉਸ ਐਕਟ ਦੇ ਨਾਲ 50 ਲੱਖ ਰੁਪਿਆ ਗਵਰਨਰ ਸਾਹਿਬ ਦੀ ਡਿਸਪੋਜ਼ਲ ਤੇ ਰਖਿਆ ਹੈ। (ਵਿਘਨ) ਉਸ ਦੇ ਬਾਦ ਮਰਜਰ ਹੋਇਆ ਔਰ ਉਹ 50 ਲੱਖ ਰੁਪਿਆ ਤੋਂ 1 ਕਰੜ ਰੁਪਿਆ ਕਰ ਦਿਤਾ ਗਿਆ। ਉਸ ਇਕ ਕਰੋੜ ਰੁਪਏ ਦਾ ਬਿਲ ਆਇਆ ਔਰ ਇਸ ਲੈਜਿਸਲੇਟਿਵ ਅਸੰਬਲੀ ਨੇ ਉਸਦੀ ਅਥਾਰਟੀ ਦਿਤੀ ਔਰ ਉਹ ਲਾਅ ਬਣਿਆ। ਇਸ ਤਰ੍ਹਾਂ ਇਹ ਸੱਮ 50 ਲੱਖ ਰੁਪਏ ਤੋਂ ਇਕ ਕਰੜ ਰੁਪਏ ਬਣੇ। ਹੁਣ ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਹ ਆਰਡੀਨੈਂਸ ਜੋ ਹੈ ਇਹ ਇਕ ਕਰੋੜ ਰੁਪਏ ਤੋਂ ਦ ਕਰੋੜ ਰੁਪਏ ਕਰਨ ਦਾ ਹੈ। ਇਹ ਜਿਹੜਾ ਇਕ ਕਰੋੜ ਦਾ ਵਾਧਾ ਹੋਇਆ ਹੈ ਇਹ ਰੁਪਿਆ ਕਿਥੋਂ ਆਇਆ ਮੈਂ ਇਹ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਇਕ ਕਰੜ ਰੁਪਿਆ ਵਧਾਇਆ ਗਿਆ ਹੈ ਉਹ ਕਨਸਾਲੀਡਟਿਡ ਫੰਡ ਵਿਚੋਂ ਹੈ। (ਵਿਘਨ) ਮੇਰੀ ਅਰਜ਼ ਹੈ ਕਿ ਤੁਸੀਂ ਇਸ ਤੇ ਰੂਲਿੰਗ ਜ਼ਰੂਰ ਦਿਓ। (ਵਿਘਨ)

Comrade Satya Pal Dang : Sir, the Presiding Officer connot give his ruling in relation to the constitutional validity. He can give his ruling only in regard to the Rules of Procedure and Conduct of Business in the Punjab Legislative Assembly. So far as the merits of particular Bill is concerned, it is the High Court or the Supreme Court to judge it,

Mr. Deputy Speaker : Comrade Satya Pal Dang has said exactly whatever I wanted to say.

Sardar Umrao Singh : Sir, I am stating the procedure laid down in the Constitution of India.

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਜਿਹੜਾ ਪ੍ਰੋਸੀਜਰ ਕਾਨਸਟੀਚਿਊਸ਼ਨ ਪ੍ਰੋਵਾਈਡ ਕਰਦਾ ਹੈ ਕਨਟਿਨਜੈਂਸੀ ਫੰਡ ਨੂੰ ਕਰੀਏਟ ਕਰਨ ਦਾ ਉਸ ਦੇ ਮੁਤੱਲਕ ਮੈਂ ਚੈਲੈਂਜ ਕਰਦਾ ਹਾਂ ਔਰ ਉਸ ਦੇ ਮੁਤੱਲਕ ਤੁਹਾਡੀ ਰੂਲਿੰਗ ਚਾਹੁੰਦਾ ਹਾਂ ।

Mr. Deputy Speaker : In this connection, I would like to draw your attention to Rule 112 (1) of the Rules of Procedure and Conduct of Business in the Punjab Legislative Assembly which is as under :—

> "A point of order shall relate to the interpretation or enforcement of these Rules or such Articles of the Constitution as regulate the business of the House and shall raise a question which is within the cognisance of the Speaker."

ਸਰਦਾਰ ਉਮਰਾਓ ਸਿੰਘ : ਮੈਂ ਇਸ ਦੇ ਅੰਦਰ ਹੀ ਕਹਾਂਗਾ । ਇਹ ਹਾਊਸ ਦੀ ਕਮਪੀਟੈਂਸੀ ਵਿਚ ਹੀ ਆਉਂਦਾ ਹੈ ਹੋਰ ਕੋਈ ਅਥਾਰਿਟੀ ਨਹੀਂ ਨਾ ਗਵਰਨਰ ਸਾਹਿਬ ਔਰ ਨਾ ਕੋਈ ਹੋਰ ਐਗਜ਼ੈਕਟਿਵ ਅਥਾਰਿਟੀ ਹੈ । (ਵਿਘਨ) ਇਸ ਦੇ ਵਿਚ ਦੋ ਪੁਆਇੰਟ ਹੀ ਇਨਵਾਲਵਡ ਹਨ । ਇਕ ਪੁਆਇੰਟ ਇਹ ਹੈ ਕਿ ਕਨਟਿਨਜੈਂਸੀ ਫੰਡ ਆਰਡੀਨੈਂਸ ਰਾਹੀਂ ਇਕ ਕਰੋੜ ਰੁਪਏ ਤੋਂ ਵਧਾ ਕੇ ਦੋ ਕਰੋੜ ਰੁਪਏ ਕੀਤਾ ਹੈ ਔਰ ਦੂਸਰਾ ਪੁਆਇੰਟ ਇਹ ਹੈ ਕਿ ਇਹ ਇਕ ਕਰੋੜ ਰੁਪਿਆ ਕਨਸੌਲੀਡੇਟਿਡ ਫੰਡ ਵਿਚੋਂ ਕਢਿਆ ਹੈ ......

ਡਿਪਟੀ ਸਪੀਕਰ ਸਾਹਿਬ ਆਰਟੀਕਲ 266 (3) ਵਿਚ ਬੜਾ ਕਲੀਅਰਲੀ ਲਿਖਿਆ ਹੋਇਆ ਹੈ :

> "(3) No moneys out of the Consolidated Fund of India or the Consolidated Fund of a State shall be appropriated except in accordance with law and for the purposes and in the manner provided in this Constitution."

ਡਿਪਟੀ ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਇਸ ਬਿਲ ਦੀ ਸਟੇਟਮੈਂਟ ਆਫ਼ ਔਬਜੈਕਟਸ ਐਂਡ ਰੀਜ਼ਨਜ਼ ਦਿਤੀ ਹੈ ਜੇ ਕਰ ਤੁਸੀਂ ਉਸ ਨੂੰ ਪੜ੍ਹੋਂ ਤਾਂ ... (ਵਿਘਨ)

Mr. Deputy Speaker : If any legislation is within the scope of the House then the Governor has got the power to promulgate an Ordinance.

Sardar Umrao Singh : Here, I disagree with you. To-morrow, you will say that the Governor has the power to pass an Appropriation Bill. My submission is that it is the Appropriation Bill.

Mr. Deputy Speaker : Let us hear the hon. Member Chaudhri Balbir Singh also.

चौधरी बलबीर सिंह : डिप्टी स्पीकर साहिब इस बात के बारे में जो प्वाइंट आफ आर्डर सरदार उमराव सिंह ने पेश किया है उसके बारे में मैं अर्ज करता हूँ कि आप इस बारे में डीसीज़न देने से पहले मेरी बात सुन लें (विघ्न) आप ने प्वायंट आफ आर्डर के बारे में अभी अभी सफा 62 पढ़ा। मैं कहना चाहता हूँ कि अगर हाऊस में कोइ प्रोसीजरल गलती हो रही हो

[चौधरी बलबीर सिंह]

तो उसके बारे में प्वायंट आफ आर्डर रेज़ किया जा सकता है। अगर कोई कन्स्टीच्यूशन के मुताबिक नहीं चल रहा अगर कोई चीज़ पास करने का अधिकार विधान सभा को नहीं है तो इसके बारे में डिप्टी स्पीकर के नोटिस में लाया जा सकता है। यह जो बात अब हो रही है यह गलत हो रही है। आप इसको रोकें, यह उस बात को कवर नहीं करता। सरदार उमराव सिंह ने प्वाइंट आफ आर्डर में जो सवाल उठाया है वह दरुस्त है। कन्स्टीच्यूशन ठीक है या गलत है इसके बारे में आपकी राय नहीं, बल्कि यह जो कानून पेश किया जा रहा है इसका ढंग गलत है। इस के बारे में आपके नोटिस में लाया जा सकता है।

ਸ਼੍ਰੀ ਡਿਪਟੀ ਸਪੀਕਰ : ਇਹ ਮੋਸ਼ਨ ਹਾਊਸ ਦੇ ਸਾਹਮਣੇ ਹੈ, ਜੇ ਆਪ ਮੰਨਦੇ ਹੋ ਕਿ ਇਹ ਅੱਨ ਕਾਂਸਟੀਚਿਊਸ਼ਨਲ ਹੈ ਤੇ ਆਪ ਇਸ ਨੂੰ ਰਿਜੈਕਟ ਵੀ ਕਰ ਸਕਦੇ ਹੋ ...(ਵਿਘਨ) (The Motion is before the House. If the House is of the opinion that this is unconstitutional, it can be rejected.)

ਚੌਧਰੀ ਬਲਬੀਰ ਸਿੰਘ : ਅਗਰ ਕੋਈ ਮੈਜਾਰਟੀ ਰੂਲਜ਼ ਐਂਡ ਰੈਗੁਲੇਸ਼ਨਜ਼ ਦੇ ਵਿਰੁਧ ਕੋਈ ਚੀਜ਼ ਪਾਸ ਕਰਨਾ ਚਾਹੇ ... (ਵਿਘਨ)

Mr. Deputy Speaker : Is it not democracy ?

(Interruptions and noise in the House. Many hon. Members rose to catch the eye of Mr. Deputy Speaker)

Mr. Deputy Speaker : One hon. Member at a time please.

ਚੌਧਰੀ ਬਲਬੀਰ ਸਿੰਘ : ਅਗਰ ਉਹ ਪਾਸ ਕਰ ਦੇਵੇ ਜਿਸ ਨੂੰ ਅਧੀਕਾਰ ਨਹੀਂ ਹੈ... (ਵਿਘਨ)

ਸ਼੍ਰੀ ਡਿਪਟੀ ਸਪੀਕਰ : ਮੈਂ ਪਹਿਲੇ ਕਿਹਾ ਹੈ ....(ਵਿਘਨ)(I have already said......*Interruption*)

ਚੌਧਰੀ ਬਲਬੀਰ ਸਿੰਘ : ਇਹ ਗਲਤ ਬਾਤ ਹੈ ...... (ਵਿਘਨ)

ਸ਼੍ਰੀ ਡਿਪਟੀ ਸਪੀਕਰ : ਕੀ ਮੇਰਾ ਬੋਲਣਾ ਹੀ ਗਲਤ ਹੈ ... (ਵਿਘਨ) (Is it wrong for me to speak ?)

ਸ਼੍ਰੀ ਮਨਮੋਹਨ ਕਾਲੀਆ : ਡਿਪਟੀ ਸਪੀਕਰ ਸਾਹਿਬ, ਜੇ ਕੋਈ ਗ਼ਲਤ ਕੰਮ ਮੈਜ਼ਾਰਟੀ ਨਾਲ ਕਰਾਉਣਾ ਚਾਹੇ (ਵਿਘਨ) ਤਾਂ ਪੁਆਇੰਟ ਆਫ਼ ਆਰਡਰ ਰਾਹੀਂ ਜਨਾਬ ਦੇ ਨੋਟਿਸ ਵਿਚ ਲਿਆਂਦਾ ਜਾ ਸਕਦਾ ਹੈ (ਵਿਘਨ) (ਸ਼ੋਰ)

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਆਰਡੀਨੈਂਸ ਰਾਹੀਂ ਅਪ੍ਰੋਪ੍ਰੀਏਸ਼ਨ ਬਿਲ ਪਾਸ ਕਰ ਸਕਦੇ ਹਨ? (ਵਿਘਨ) (ਵਿਤ ਮੰਤਰੀ ਵਲੋਂ ਆਵਾਜ਼: ਨਹੀਂ) ਡਿਪਟੀ ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਨੇ ਕਿਹਾ ਹੈ ਕਿ ਨਹੀਂ ਕਰ ਸਕਦੇ। ਮੈਂ ਇਹ ਸਾਬਤ ਕਰ ਰਿਹਾ ਹਾਂ ਕਿ ...... (ਵਿਘਨ)

Sir, it is the appropriation of money without the authority of the Legislature.

[ਸਰਦਾਰ ਉਮਰਾਓ ਸਿੰਘ]

ਡਿਪਟੀ ਸਪੀਕਰ ਸਾਹਿਬ ਇਹ ਅਪ੍ਰੋਪ੍ਰੀਏਸ਼ਨ ਹੈ ਮੰਨੀਂ ਦੀ, ਜਿਸਦੇ ਬਾਰੇ ਕੰਸਟੀਚਿਊਸ਼ਨ ਪ੍ਰੋਵਾਈਡ ਕਰਦਾ ਹੈ ......

"283 (2) The custody of the Consolidated Fund of a State, and the Contingency Fund of a State, the payment of moneys into such Funds, with withdrawal of moneys therefrom,——"

ਡਿਪਟੀ ਸਪੀਕਰ ਸਾਹਿਬ, ਫਿਨਾਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਆਰਡੀਨੈਂਸ ਰਾਹੀਂ ਅਪ੍ਰੋਪ੍ਰੀਏਸ਼ਨ ਨਹੀਂ ਹੋ ਸਕਦੀ ਮਨੀ ਦੀ। ਇਸ ਦੇ ਬਾਰੇ ਜਿਹੜਾ ਪ੍ਰੋਸੀਜ਼ਰ ਹੈ ...(ਵਿਘਨ)

"———of moneys therefrom, the custody of public moneys other than those credited to such Funds received by or on behalf of the Government of the State, their payment into the public account of the State and the withdrawal of moneys from such account and all other matters connected with or ancillary to matters aforesaid shall be regulated by law made by the Legislature of the State, and, provision in that behalf if so made, shall be regulated by rules made by the Governor of the State."

ਡਿਪਟੀ ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਆਰਟੀਕਲ 266 ਵਿਚ ਕਲੀਅਰਲੀ ਲਿਖਿਆ ਹੋਇਆ ਹੈ ਕਿ ਮਨੀ ਕੰਸੋਲੀਡੇਟਿਡ ਫ਼ੰਡ ਵਿਚੋਂ ਨਹੀਂ ਕਢੀ ਜਾ ਸਕਦੀ। 266(3) ਮੈਂ ਫਿਰ ਪੜ੍ਹ ਦਿੰਦਾ ਹਾਂ।

"(3) No money out of the Consolidated Fund of India or the Consolidated Fund of a State shall be appropriated except in accordance with law and for the purposes and in the manner provided in this Constitution."

ਹੁਣ ਮੇਰੇ ਫ਼ਾਜ਼ਲ ਦੋਸਤ ਕਹਿਣਗੇ ਕਿ ਆਰਡੀਨੈਂਸ ਇਕ ਲਾਅ ਹੁੰਦਾ ਹੈ ਇਸ ਕਰਕੇ ਇਸ ਦੇ ਜ਼ਰੀਏ ਇਹ ਕਰ ਦਿਤਾ ਗਿਆ ਹੈ। ਇਸ ਦੇ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਕੰਸਟੀਚਿਊਸ਼ਨ ਦਾ ਆਰਟੀਕਲ 283 ਜਿਹੜਾ ਹੈ, ਉਹ ਇਸ ਬਾਰੇ ਬੜਾ ਕਲੀਅਰਲੀ ਦਸਦਾ ਹੈ।

"Consolidated, etc. of Consolidated Funds, Contingency Funds and moneys credited to the public accounts."

ਇਹ ਬੜਾ ਕਲੀਅਰਲੀ ਦਸਦਾ ਹੈ ਕਿ ਕਨਸਾਲੀਡੇਟਿਡ ਫ਼ੰਡ ਵਿਚੋਂ ਮਨੀ ਕਢਣੀ ਔਰ ਉਸ ਵਿਚੋਂ ਪੈਸੇ ਇਧਰ ਦੇਣੇ।

Mr. Deputy Speaker : In 1968, an Ordinance was promulgated by the Governor under Article 213 for the purposes of law under Article 209, Article 209 reads—

"The Legislature of a State may, for the purpose of the timely completion of financial business regulate by law the procedure of, and the conduct of business in, the House or Houses of the Legislature of the State in relation to any financial matter or to any Bill for the appropriation of moneys out of the Consolidated fund of the State...."

Comrade Satya Pal Dang : Sir, this is in relation to procedure. This does not entitle the Governor to appropriate the sum by Ordinance. The point of the hon. Member Sardar Umrao Singh is correct. If this Ordinance is taken to the High Court, it will be thrown out. Procedure can be regulated. Time-table can be regulated. But the Governor has no power to issue the Ordinance by which the amount could be appropriated.

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਅਰਜ਼ ਕਰਦਾ ਹਾਂ ਕਿ ਇਕ ਸਿਮੀਲਰ ਲੋਕ ਸਭਾ ਵਿਚ ਆਇਆ ਇਹ ਕੌਲ ਐਂਡ ਸ਼ਕਦਰ ਦੇ ਕਿਤਾਬ ਦੇ ਸਫ਼ਾ 485 ਤੇ ਦਿਤਾ ਹੈ, ਮੈਂ ਪੜ੍ਹ ਦਿੰਦਾ ਹਾਂ ਗਲ ਪੂਰੀ ਤਰ੍ਹਾਂ ਕਲੀਅਰ ਹੋ ਜਾਂਦੀ ਹੈ । ਜਿਹੜਾ ਤੁਹਾਡਾ ਅਜ ਮਨ ਪ੍ਰੇਜੁਡਿਸ ਹੋਇਆ ਹੈ ... (ਵਿਘਨ)

I am sorry, Sir, I did not make any aspersion on the Chair.

'ORDINANCE FOR APPROPRIATION OUT OF CONSOLIDATED FUND'

> "An Ordinance for the appropriation of any moneys out of the Consolidated Fund is invalid if the relative demands for grants have not been placed before, considered and assented to by, Lok Sabha."

ਇਸ ਤੋਂ ਅਗੇ ਮੇਰੀ ਗੁਜ਼ਾਰਿਸ਼ ਇਹ ਹੈ ਕਿ (ਵਿਘਨ)

> "In March 4, 1961, in connection with the admissibility of a motion of adjournment tabled by a member, a question was raised whether the Governor had acted rightly in promulgating the Ordinance.
>
> The Home Minister explained that the Ordinance was not valid under the Constitution and no money had been drawn under its authority, and that the Government proposed to bring the supplementary demands for grants before Parliament which alone could sanction expenditure after the issue of the Proclamation by the President. The Speaker agreed with the Home Minister."

Mr. Deputy Speaker: What is the difference between the Consolidated Fund and the Contingency Fund ?

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਡਿਫਰੈਂਸ ਇਹ ਹੈ ਕਿ ਜਿਹੜਾ ਕੰਨਸਾਲੀਡੇਟਿਡ ਫੰਡ ਹੁੰਦਾ ਹੈ ਉਸ ਦੀ ਸਾਰੀ ਦੀ ਸਾਰੀ ਮਨੀ ਰੈਵਿਨਿਉ ਵਿਚ ਹੀ......(ਵਿਘਨ)

Mr. Deputy Speaker : How does it relate to the Contingency Fund ?

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਐਕਸਪਲੇਨ ਕਰਨ ਲਗਾ ਹਾਂ ਕਿ ਕੰਨਟੰਨਜੈਂਸੀ ਫੰਡ ਸੈਪਰੇਟ ਹੈ । ਇਸ ਦੇ ਵਿਚੋਂ ਉਹ ਖ਼ਰਚ ਹੁੰਦਾ ਹੈ ਜਿਹੜਾ ਅਨਫੋਰਸੀਨ ਹੁੰਦਾ ਹੈ, ਜਿਸ ਦੀ ਬਾਦ ਵਿਚ ਅਸੈਂਬਲੀ ਦੀ ਮਨਜ਼ੂਰੀ ਲਈ ਜਾਵੇ ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਕ ਕਰੋੜ

> ......such and such money is at the disposal of the Government, is at the disposal of the Governor for the appropriation of unforeseen charges.

ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਕ ਕਰੋੜ ਰੁਪਏ ਦੀ ਅਸੈਂਬਲੀ ਨੇ ਅਥਾਰਿਟੀ ਦਿਤੀ, ਲਾਅ ਨੇ ਇਕ ਕਰੋੜ ਰੁਪਏ ਦੀ ਅਥਾਰਿਟੀ ਦਿਤੀ । ਹੁਣ ਇਕ ਕਰੋੜ ਦੀ ਬਜਾਏ ਦੋ ਕਰੋੜ ਜਿਹੜਾ ਇਸ ਅਸੈਂਬਲੀ ਦੀ ਕੰਪੀਟੈਂਸੀ ਵਿਚ ਹੈ, ਉਸ ਦੀ ਕੰਪੀਟੈਂਸੀ ਨੂੰ ਆਰਡੀਨੈਂਸ ਰਾਹੀਂ ਯੂਜ਼ ਕਰਨਾ ਅਤੇ ਇਕ ਕਰੋੜ ਦਾ ਦੋ ਕਰੋੜ ਕਰ ਦੇਣ ਅਤੇ ਇਕ ਫੰਡ ਵਿਚੋਂ ਦੂਸਰੇ ਵਿਚ ਪਾ ਦੇਣਾ, ਇਹ ਗਲਤ ਹੈ. . .

Mr. Deputy Speaker: In the ease of Contingency Fund Act, there is no provision for the bringing in of Demands for Grants before the House, but in the case of Consolidated Fund, it is necessary.

I don't agree with you. I think you are talking more of Consolidated Fund than of Contingency Fund.

ਸਰਦਾਰ ਉਮਰਾਓ ਸਿੰਘ : ਮੈਂ ਪੜ੍ਹ ਦਿੰਦਾ ਹਾਂ। ਉਸ ਵਿਚ ਕਲੀਅਰਲੀ ਲਿਖਿਆ ਹੋਇਆ ਹੈ। ਇਹ ਇਕ ਕਰੋੜ ਰੁਪਿਆ ਕਿਥੋਂ ਆਉਂਦਾ ਹੈ । ਕਨਸਾਲੀਡੇਟਿਡ ਫੰਡ ਵਿਚੋਂ ਇਕ ਕਰੋੜ ਰੁਪਿਆ ਕਢਵਾਉਣ ਦੀ ਅਥਾਰਿਟੀ ਲੈਜਿਸਲੇਚਰ ਪਾਸ ਹੈ....(ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਹਿੰਦ ਸਰਕਾਰ ਦੇ ਹੋਮ ਮਨਿਸਟਰ ਨੇ ਮੰਨਿਆ ਅਤੇ ਉਨ੍ਹਾਂ ਨੇ ਆਪਣੀ ਮੋਸ਼ਨ ਵਾਪਸ ਲਈ ।

Mr. Deputy Speaker : Let us leave it to the High Court to decide it.

ਸਰਦਾਰ ਉਮਰਾਓ ਸਿੰਘ : ਮਨਿਸਟਰ ਸਾਹਿਬ ਇਹ ਗਲ ਸਮਝਾ ਦੇਣ ਕਿ ਇਕ ਕਰੋੜ ਰੁਪਿਆ ਕਿਥੋਂ ਆਉਣਾ ਹੈ। ਕੀ ਇਹ ਆਪਣੇ ਪਾਸ ਤੋਂ ਦੇਣਗੇ ? ਅਗਰ ਇਨ੍ਹਾਂ ਨੇ ਇਹ ਕਨਸਾਲੀਡੇਟਿਡ ਫੰਡ ਵਿਚੋਂ ਲੈਣਾ ਹੈ ਤਾਂ ਇਸ ਬਾਰੇ ਕਲੀਅਰਲੀ ਦਿਤਾ ਹੋਇਆ ਹੈ ਕਿ ਇਹ ਇਸ ਤਰ੍ਹਾਂ ਨਹੀਂ ਕਰ ਸਕਦੇ.। ਇਨ੍ਹਾਂ ਨੇ ਸਟੇਟਮੈਂਟ ਆਫ ਆਬਜੈਕਟਸ ਐਂਡ ਰੀਜ਼ਨਜ਼ ਵਿਚ ਲਿਖਿਆ ਹੈ :

> "———Owing to changing pattern of developmental, activities as a result of the needs for development, it is not possible to provide for such items of development, in the Budget the need for which may arise during the course of the year. The expenditure on such items, has therefore, to be met by advances from the Punjab Contingency Fund. The existing amount of the Contingency Fund of Rs. one crore has proved insufficient to meet the demands on accounts of unforeseen expenditure. In order, therefore, to provide funds for developmental schemes during the course of the year, it has been considered necessary to increase the Punjab Contingency Fund from Rs. one crore to Rs. two crores. Hence the Bill."

On Page 1 in the State of Objects and Reasons it has been written—

> "The Punjab Contingency Fund Act was accordingly enacted in the year 1950 whereby a sum of Rs. 50 lakhs out of the Consolidated Fund of the State, was placed at the credit of the Fund. This amount was increased to Rs. one crore after the integration of the erstwhile States of Punjab and Pepsu under the Punjab Laws (Extension No. 1) Act, 1957 and the new State of Punjab inherited the entire Contingency Fund of Rs. one crore on the 1st November, 1966."

ਸਰਦਾਰ ਉਮਰਾਓ ਸਿੰਘ : ਇਸ ਵਿਚ ਕਲੀਅਰਲੀ ਲਿਖਿਆ ਹੈ ਕਿ ਇਹ ਕਰੋੜ ਰੁਪਿਆ ਕਨਸਾਲੀਡੇਟਿਡ ਫੰਡ ਵਿਚੋਂ ਆਉਣਾ ਹੈ । ਅਗਰ ਤਾਂ ਇਹ ਕਹਿਣ ਕਿ ਕਨਸਾਲੀਡੇਟਿਡ ਫੰਡ ਵਿਚੋਂ ਨਹੀਂ ਆਉਣਾ ਤਾਂ ਗੱਲ ਦੂਜੀ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ ਮੇਰੀਆਂ ਦੋ ਆਬਜੈਕਸ਼ਨਜ਼ ਹਨ : ਇਕ ਇਹ ਕਿ ਕਨਸਾਲੀਡੇਟਿਡ ਫੰਡ ਵਿਚੋਂ ਇਕ ਕਰੋੜ ਰੁਪਏ ਦਾ ਕਢਵਾਉਣਾ ਅਤੇ ਦੂਜੀ ਹੈ ਆਰਡੀਨੈਂਸ ਰਾਹੀਂ ਕਨਟਿਨਜੈਂਸੀ ਫੰਡ ਨੂੰ ਵਧਾਉਣਾ । ਇਹ ਨਾਂ ਤਾਂ ਕਨਸਾਲੀਡੇਟਿਡ ਫੰਡ ਵਿਚੋਂ ਕਢਵਾ ਸਕਦੇ ਹਨ ਅਤੇ ਨਾ ਹੀ ਕਨਟਿਜੈਂਸੀ ਫੰਡ ਨੂੰ ਇਸ ਤਰ੍ਹਾਂ ਇਨਕਰੀਜ਼ ਕਰ ਸਕਦੇ 15 । ਇਹ ਮੇਰੀਆਂ ਦੋ ਸੈਪਰੇਟ ਆਬਜੈਕਸ਼ਨਜ਼ ਹਨ ਅਤੇ ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਬਾਰੇ ਆਪ ਰੂਲਿੰਗ ਦਿਉ । ਕੌਲ ਐਂਡ ਸ਼ਕਦਰ ਦੀ ਕਿਤਾਬ ਦੇ ਸਫਾ 485 ਤੇ ਲਿਖਿਆ ਹੈ :

> "The Home Minister explained that the Ordinance was not valid under the Constitution and no money had been drawn under its authority and that the Government proposed to bring the Supplementary Demands for Grants before the Parliament which alone could sanction the expenditure after the issue of the proclamation by the President. The Speaker agreed with the Home Minister."

[ਸਰਦਾਰ ਉਮਰਾਓ ਸਿੰਘ]

ਗਵਰਨਮੈਂਟ ਆਫ ਇੰਡੀਆ ਜੋ ਆਰਡੀਨੈਂਸ ਲਿਆਈ ਸੀ ਉਹ ਉਸ ਨੇ ਲੋਕ ਸਭਾ ਵਿਚ ਪਰੇਸ ਨਹੀਂ ਸੀ ਕੀਤਾ। ਇਹ ਕਲੀਅਰ ਵਾਇਲੇਸ਼ਨ ਆਫ ਦੀ ਪਰੋਵਿਯਨਜ਼ ਆਫ ਦੀ ਕਨਸਟੀਚਊਸ਼ਨ ਹੁੰਦੀ । ਆਰਟੀਕਲਜ਼ 283,266 ਅਤੇ 267 ਵਿਚ ਇਹ ਸਾਫ ਲਿਖਿਆ ਹੈ ਕਿ ਕਨਸਾਲੀਡੇਟਿਡ ਫੰਡ ਵਿਚੋਂ ਅਗਰ ਕੋਈ ਰੁਪਿਆ ਕਢਵਾਇਆ ਜਾ ਸਕਦਾ ਹੈ ਤਾਂ ਉਹ ਆਰਟੀਕਲਜ਼ 205 ਅਤੇ 206 ਵਿਚ ਲੇ ਕੀਤੇ ਪਰੋਸੀਜਰ ਮੁਤਾਬਿਕ ਹੀ ਕਢਵਾਇਆ ਜਾ ਸਕਦਾ ਹੈ । ਇਸ ਤੋਂ ਬਗੈਰ ਨਹੀਂ ਹੋ ਸਕਦਾ । ਇਸ ਵਿਚ ਪਰੋਸੀਜਰ ਲੇ ਕੀਤਾ ਹੈ ਕਿ ਕਨਸਾਲੀਡੇਟਿਡ ਫੰਡ ਵਿਚੋਂ ਕਿਸ ਤਰ੍ਹਾਂ ਰੁਪਿਆ ਲਿਆ ਜਾਂਦਾ ਹੈ । ਮੈਂ ਇਹ ਸੈਕਸ਼ਨਜ਼ ਫਿਰ ਪੜ੍ਹ ਦਿੰਦਾ ਹਾਂ । (ਵਿਘਨ) ਮੈਂ ਆਪ ਦੀ ਰੂਲਿੰਗ ਚਾਹੁੰਦਾ ਹਾਂ ਕਿ ਕਨਸਾਲੀਡੇਟਿਡ ਫੰਡ ਵਿਚੋਂ ਆਰਡੀਨੈਂਸ ਰਾਹੀਂ ਰੁਪਿਆ ਕਢਵਾਇਆ ਜਾ ਸਕਦਾ ਹੈ ਜਾਂ ਨਹੀਂ । ਇਸ ਵਿਚ ਕਲੀਅਰਲੀ ਲਿਖਿਆ ਹੈ ਕਿ ਇਸ ਤਰ੍ਹਾਂ ਨਹੀਂ ਕੀਤਾ ਜਾ ਸਕਦਾ ।

Mr. Deputy Speaker : Sardar Umrao Singh, I have understood your point. Your point is whether it is in accordance with the Constitution to draw this extra Rs. one crore from the Consolidated Fund and put it in the Contingency Fund.

चौधरी बलबीर सिंह : इस में पोजीशन बड़ी क्लीयर है । जैसे इन्होंने कहा है कन्टिनजैंसी फंड कहत, फ्लड या और दूसरी अनफोर्सीन बातों के लिये होता है । इन्होंने जो लिखा है वह अनफोर्सीन खर्च तो नहीं है ।

> "......Owing to changing pattern of developmental activities as a result of the needs for development......"

यह डवैल्पमैंट के काम हैं, अनफोर्सीन खर्च नहीं हैं । इन कामों के लिये तो सप्लीमैंट्री ऐस्टीमेटस पेश किये जाते हैं । वह पैसा अलग होता है, कन्टिनजैंसी फंड का नहीं होता । यह फंड तो किसी मुसीबत के लिये जिसका अंदाज़ा पहले न लगाया जा सके उन बातों के लिए होता है न कि रोज़ के खर्चों के लिए । जैसे डकाला सीट की इलैक्शन में इन्होंने हर गांव में सरायें बनाने और सड़कें बनाने का..........

Mr. Deputy Speaker : Please come to the legal aspect of the matter.

चौधरी बलबीर सिंह : यह कन्टिनजैंसी फंड में से एक करोड़ रुपये कहां से लेंगे । 1970-71 के बजट में इसके लिये एक करोड़ रुपये रख दिया । अब गवर्नर साहिब को एक करोड़ और निकालने का अधिकार कैसे दिया जा सकता है । यह आर्डिनैंस नाजायज़ और Illegal है, चालू नहीं हो सकता । यह पंजाब विधान सभा के राइट्स को usurp करने वाली बात है । जो ऐप्रोप्रियेशन बिल पास हुआ था उसके खिलाफ है।

ਸ੍ਰੀ ਡਿਪਟੀ ਸਪੀਕਰ : ਆਪ ਰੀਪੀਟ ਕਰ ਰਹੇ ਹੋ । (You are repeating your arguments.)

चौधरी बलबीर सिंह : ऐप्रोप्रियेशन बिल विधान सभा पास कर चुकी है । गवर्नर साहिब को अब आर्डीनैंस के जरिये पैसा नहीं दिया जा सकता ।

ਵਿੱਤ ਮੰਤਰੀ : (ਸਰਦਾਰ ਬਲਵੰਤ ਸਿੰਘ): ਡਿਪਟੀ ਸਪੀਕਰ ਸਾਹਿਬ, ਮੇਰੇ ਮੁਹਤਰਿਮ ਦੋਸਤ ਸਰਦਾਰ ਉਮਰਾਓ ਸਿੰਘ ਹੋਰਾਂ ਨੇ ਇਕ ਕਸਟੀਚਿਊਸ਼ਨਲ ਪੁਆਇੰਟ ਰੇਜ਼ ਕੀਤਾ ਹੈ ਕਿ ਕਨਟਿਨਜੈਂਸੀ ਫੰਡ ਕਨਸਟੀਚਿਊਸ਼ਨ ਦੀ ਧਾਰਾ 267 ਦੇ ਤਹਿਤ ਕਰੀਏਟ ਕੀਤਾ ਜਾਂਦਾ ਹੈ ਅਤੇ ਆਰਡੀਨੈਂਸ ਕਰਕੇ ਇਸ ਨੂੰ ਗਲਤ ਤੌਰ ਤੇ ਇਨਕਰੀਜ਼ ਕੀਤਾ ਗਿਆ ਹੈ । ਅਗਰ ਆਰਟੀਕਲ 267 ਨੂੰ ਦੇਖਿਆ ਜਾਵੇ.. (ਵਿਘਨ) ਸਰਦਾਰ ਉਮਰਾਓ ਸਿੰਘ ਹੋਰਾਂ ਨੇ ਵੀ ਪੜ੍ਹਿਆ ਹੈ । ਡਿਪਟੀ ਸਪੀਕਰ ਸਾਹਿਬ ਇਹ ਇਕ ਕਾਨੂੰਨ ਹੈ ਜੋ ਇਸ ਅਸੈਂਬਲੀ ਨੇ ਬਣਾਇਆ ਅਤੇ ਹੁਣ ਉਸ ਨੂੰ ਪੰਜਾਬ ਸਰਕਾਰ ਨੇ ਅਮੈਂਡ ਕਰਨਾ ਹੈ ।

ਇਸ ਕਾਨੂੰਨ ਵਿਚ ਅਮੈਂਡਮੈਂਟ ਕਾਨਸਟੀਚਿਊਸ਼ਨ ਦੇ ਆਰਟੀਕਲ 213 ਦੇ ਅਧੀਨ ਕੀਤੀ ਗਈ ਹੈ । ਆਰਟੀਕਲ 213 ਵਿਚ ਇਹ ਕਲੀਅਰਲੀ ਲਿਖਿਆ ਹੋਇਆ ਹੈ ਕਿ ਜੇ ਅਸੈਂਬਲੀ ਦਾ ਸ਼ੈਸਨ ਨਾ ਹੋਵੇ ਤਾਂ ਗਵਰਨਰ ਨੂੰ ਇਖਤਿਆਰ ਹੈ ਕਿ ਉਹ ਆਰਡੀਨੈਂਸ ਜਾਰੀ ਕਰੇ । ਇਸ ਵਿਚ ਇਹ ਸਾਫ ਲਿਖਿਆ ਹੋਇਆ ਹੈ ।

> "An Ordinance promulgated under this Article shall have the same force and effect as an Act of the Legislature of the State assented to by the Governor."

ਇਹ ਕਲੀਅਰਲੀ ਲਿਖਿਆ ਹੋਇਆ ਹੈ । ਫਿਰ ਇਸ ਦੇ ਹੇਠਾਂ ਕੁਝ ਕੰਡੀਸ਼ਨਾਂ ਦਿਤੀਆਂ ਹੋਈਆਂ ਹਨ । ਇਸ ਲਈ ਇਸ ਨੂੰ ਅਸੀਂ ਅਕਾਰਡਿੰਗ ਟੂ ਲਾ ਅਮੈਂਡ ਕੀਤਾ ਹੈ :

The powers of the Governor are co-extensive with the powers of the State Legislature. (*Interruption*)

Sardar Umrao Singh : I would like to know whether the power of the Governor is co-extensive with that of the State Legislature in regard to appropriation of money also.

ਸ੍ਰੀ ਮਨਮੋਹਨ ਕਾਲੀਆ : ਇਨ੍ਹਾਂ ਨੇ ਕੋ ਐਕਸਟੈਨਸਿਵ ਪਾਵਰਜ਼ ਦਾ ਜ਼ਿਕਰ ਕੀਤਾ ਹੈ ਕੀ ਇਹ ਦਸ ਸਕਦੇ ਹਨ ਕਿ ਕੀ ਗਵਰਨਰ ਕੰਟਿਨਜੈਂਸੀ ਫੰਡ ਕਰੀਏਟ ਕਰ ਸਕਦਾ ਹੈ ਜਾਂ ਨਹੀਂ? (ਵਿਘਨ)

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ ਮੇਰੇ ਦੋਸਤ ਕਾਲੀਆ ਸਾਹਿਬ ਨੇ ਮੇਰੇ ਪੁਾਇੰਟ ਨੂੰ ਫਾਲੋ ਨਹੀਂ ਕੀਤਾ । (ਵਿਘਨ) ਕੰਟਿਨਜੈਂਸੀ ਫੰਡ ਆਰਟੀਕਲ 267 ਹੇਠਾਂ ਕਰੀਏਟ ਕੀਤਾ ਜਾਂਦਾ ਹੈ । ਇਸ ਵਿਚ ਪਹਿਲਾਂ ਵੀ ਅਮੈਂਡਮੈਂਟ ਕੀਤੀ ਗਈ ਸੀ ਜਦ ਕਿ 50 ਲਖ ਤੋਂ ਰਕਮ ਵਧਾ ਕੇ 1 ਕਰੋੜ ਕੀਤੀ ਗਈ ਸੀ ਅਤੇ ਹੁਣ ਇਹ ਦੂਜੀ ਵੇਰ ਅਮੈਂਡ ਕਰਕੇ 1 ਕਰੋੜ ਦੀ ਥਾਂ ਤੇ 2 ਕਰੋੜ ਕੀਤਾ ਗਿਆ ਹੈ ਮੈਂ ਕਾਲੀਆ ਸਾਹਿਬ ਨੂੰ ਆਪ ਦੇ ਰਾਹੀ ਦੱਸਣਾ ਚਾਹੁੰਦਾ ਹਾਂ ਕਿ

This is the second amendment in the same Act.

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ ਆਨ ਏ ਪੁਆਇੰਟ ਆਫ ਇਨਫਾਰਮੇਸ਼ਨ । ਮੈਂ ਫਿਨਾਂਸ ਮਨਿਸਟਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਸ ਆਰਡੀਨੈਂਸ ਦੇ ਜਾਰੀ ਕਰਨ ਤੋਂ ਬਾਦ ਜਿਹੜਾ ਫੰਡ ਗਵਰਨਰ ਸਾਹਿਬ ਦੀ ਡਿਸਪੋਜ਼ਲ ਤੇ ਪਹਿਲਾਂ 1 ਕਰੋੜ ਦਾ ਸੀ ਉਸ ਵਿਚ ਹੋਰ 1 ਕਰੋੜ ਪਾਇਆ ਗਿਆ ਹੈ ਜਾਂ ਨਹੀਂ ਅਤੇ ਕੀ ਉਸ ਫੰਡ ਨੂੰ 2 ਕਰੋੜ ਕੀਤਾ ਗਿਆ ਜਾਂ ਨਹੀਂ ? (ਵਿਘਨ)

Minister for Finance (Sardar Balwant Singh) : We have not created the Contingency Fund. Contingency Fund Act already exists and we have simply amended it through ordinance and the power of promulgating ordinances vests in the Governor. There is nothing illegal in it.

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੇ ਇਹ ਨਹੀਂ ਦਸਿਆ ਕਿ 1 ਕਰੋੜ ਰੁਪਿਆ ਹੋਰ ਆਇਆ ਕਿਥੋਂ । ਇਹ ਹੋ ਸਕਦਾ ਹੈ ਕਿ ਇਨ੍ਹਾਂ ਪਾਸ ਰੁਪਿਆ ਬਹੁਤ ਹੈ ਇਨ੍ਹਾਂ ਨੇ ਆਪਣੇ ਕੋਲੋਂ ਪਾ ਦਿਤਾ ਹੋਵੇ ਪਰ ਇਸ ਗਲ ਨੂੰ ਹਾਊਸ ਨੂੰ ਕਿਉਂ ਨਹੀਂ ਦਸਿਆ ਜਾ ਰਿਹਾ ਕਿ ਇਕ ਕਰੋੜ ਦੀ 2 ਕਰੋੜ ਰੁਪਿਆ ਕਿਸ ਤਰ੍ਹਾਂ ਕੰਟਿਨਜੈਂਸੀ ਫੰਡ ਕੀਤਾ ਗਿਆ ।

Minister for Finance (Sardar Balwant Singh) : Sir, there is nothing confusing in it. I am sorry my friend is getting confused unnecessarily.

ਸਰਦਾਰ ਉਮਰਾਓ ਸਿੰਘ : ਮੈਂ ਇਹ ਗੁਜ਼ਾਰਿਸ਼ ਕਰਦਾ ਹਾਂ ਡਿਪਟੀ ਸਪੀਕਰ ਸਾਹਿਬ ਕਿ ਇਹ ਇਕ ਕਰੋੜ ਦੀ ਰਕਮ ਕਿਥੋਂ ਲਈ ਗਈ । (ਵਿਘਨ)

Mr. Deputy Speaker : I am not concerned with it. I have only to give my ruling on the point of order raised by you.

ਸਰਦਾਰ ਉਮਰਾਓ ਸਿੰਘ : ਇਸ ਤੋਂ ਪਹਿਲਾਂ ਕਿ ਤੁਸੀਂ ਆਪਣੀ ਰੂਲਿੰਗ ਦਿਓ ਮੈਂ ਇਹ ਬੇਨਤੀ ਕਰਾਂਗਾ ਕਿ ਇਹ ਇਕ ਬੜਾ ਇਮਪਾਰਟੈਂਟ ਪੁਆਇੰਟ ਹੈ ਕਾਨਸਟੀਚੂਸ਼ਨਲ ਕਿਉਂਕਿ ਐਫ. ਐਮ. ਸਾਹਿਬ ਨੇ ਕਿਹਾ ਹੈ ਕਿ ਗਵਰਨਰ ਦੀਆਂ ਪਾਵਰਜ਼ ਲੈਜਿਸਲੇਚਰ ਦੀਆਂ ਪਾਵਰਜ਼ ਦੇ ਬਰਾਬਰ ਹਨ । ਇਹ ਇਕ ਬਹੁਤ ਵੱਡੀ ਗੱਲ ਹੈ । ਇਹ ਸਾਡੇ ਕਾਨਸਟੀਚੂਸ਼ਨ ਵਿਚ ਤਾਂ ਨਹੀਂ ਹੋ ਸਕਦਾ ਹੈ ਕਿ ਇਹ ਕੋਈ ਅਕਾਲੀ ਦਲ ਦਾ ਕਾਨਸਟੀਚੂਸ਼ਨ ਬਣਾਉਣ ਤਾਂ ਇਸ ਤਰ੍ਹਾਂ ਦੀਆਂ ਪਾਵਰਜ਼ ਦਾ ਜ਼ਿਕਰ ਉਸ ਵਿਚ ਕਰਨ (ਹਾਸਾ) ਨਹੀਂ ਤਾਂ ਗਵਰਨਰ ਸਾਹਿਬ ਪਾਸ ਇਹ ਪਾਵਰਜ਼ ਨਹੀਂ ਇਹ ਪਾਵਰਜ਼ ਸਿਰਫ ਲੈਜਿਸਲੇਚਰ ਕੋਲ ਹੀ ਹਨ । ਇਸ ਲਈ ਡਿਪਟੀ ਸਪੀਕਰ ਸਾਹਿਬ ਇਹ ਗੁਜ਼ਾਰਿਸ਼ ਕਰਾਂਗਾ ਕਿ ਇਸ ਵਿਚ ਹਰੀ ਕਰਨ ਦੀ ਕੋਈ ਲੋੜ ਨਹੀਂ । ਇਹ ਇਕ ਅਹਿਮ ਮਸਲਾ ਹੈ ਇਸ ਲਈ ਐਡਵੋਕੇਟ-ਜਨਰਲ ਨੂੰ ਬੁਲਾ ਲਿਆ ਜਾਵੇ ਅਤੇ ਉਸ ਦਾ ਵਿਯੂ ਪੁਆਇੰਟ ਵੀ ਲੈ ਲਿਆ ਜਾਵੇ । ਜਕਰ ਤੁਸੀਂ ਐਡਵੋਕੇਟ-ਜਨਰਲ ਦੇ ਵਿਯੂ ਲੈਣ ਤੋਂ ਬਿਨਾਂ ਹੀ ਆਪਣਾ ਰੂਲਿੰਗ ਦੇਣਾ ਚਾਹੁੰਦੇ ਹੋ ਤਾਂ ਤੁਸੀਂ ਹਾਊਸ ਦੀਆਂ ਪਾਵਰਜ਼ ਜਿਹੜੀ ਕਿ ਕਾਨਸਟੀਚੂਸ਼ਨ ਰਾਹੀਂ ਮਿਲੀਆਂ ਹੋਈਆਂ ਹਨ ਨੂੰ ਕਾਇਮ ਨਹੀਂ ਰਖੋਗੇ । ਅਡਵੋਕੇਟ-ਜਨਰਲ ਨੂੰ ਹਾਊਸ ਦਾ ਮੈਂਬਰ ਇਸ ਲਈ ਹੀ ਬਣਾਇਆ ਜਾਂਦਾ ਹੈ ਕਿ ਜਦ ਇਸ ਤਰ੍ਹਾਂ ਦੀ ਕੋਈ ਗਲ ਕਾਨਸਟੀਚੂਸ਼ਨ ਨਾਲ ਸਬੰਧਤ ਹਾਊਸ ਦੇ ਸਾਹਮਣੇ ਆ ਜਾਵੇ ਤਾਂ ਉਹ ਹਾਊਸ ਵਿਚ ਆਪਣਾ ਵਿਯੂ ਪੁਆਇੰਟ ਦੇ ਸਕੇ । (ਵਿਘਨ)

ਵਿੱਤ ਮੰਤਰੀ : ਡਿਪਟੀ ਸਪੀਕਰ ਸਾਹਿਬ ਇਸ ਵਿਚ ਕੋਈ ਅਹਿਮ ਮਸਲਾ ਪੇਸ਼ ਨਹੀਂ ਆਂਦਾ । ਇਸ ਲਈ ਐਡਵੋਕੇਟ-ਜਰਨਲ ਨੂੰ ਬੁਲਾਉਣ ਦੀ ਕੋਈ ਲੋੜ ਨਹੀਂ । (ਵਿਘਨ)

ਸਰਦਾਰ ਉਮਰਾਓ ਸਿੰਘ : ਇਹ ਤਾਂ ਇਹ ਕਹਿੰਦੇ ਹਨ ਕਿ ਗਵਰਨਰ ਦੀਆਂ ਪਾਵਰਜ਼ ਵਿਦ ਰਿਗਾਰਡ ਟੂ ਐਪਰੋਪਰੀਏਸ਼ਨ ਆਫ ਮਨੀ ਲੈਜਿਸਲੇਚਰ ਦੇ ਬਰਾਬਰ ਹਨ ਜਿਹੜੀ ਕਿ ਠੀਕ ਪੋਜ਼ੀਸ਼ਨ ਨਹੀਂ । ਅਤੇ ਫਿਰ ਐਫ. ਐਮ. ਸਾਹਿਬ ਨੇ ਇਨਫਾਰਮੇਸ਼ਨ ਹਾਊਸ ਵਿਚ ਦੇਣ ਤੋਂ ਵਿਦਹੋਲਡ ਕੀਤਾ ਹੈ

ਕਿ 1 ਕਰੋੜ ਰੁਪਿਆ ਜਿਹੜਾ ਵਧਾਇਆ ਗਿਆ ਹੈ ਇਹ ਕਿਥੋਂ ਲਿਆਂਦਾ ਗਿਆ ਸੀ ਅਤੇ ਫਿਰ ਇਸ ਗੱਲ ਤੇ ਵੀ ਇਹ ਨਹੀਂ ਦਸ ਸਕੇ ਕਿ ਕੀ ਗਵਰਨਰ ਸਾਹਿਬ ਨੂੰ ਐਪਰੋਪਰੀਏਸ਼ਨ ਬਿਲ ਪਾਸ ਕਰਨ ਦਾ ਇਖਤਿਆਰ ਹੈ ਜਾਂ ਨਹੀਂ । ਇਨ੍ਹਾਂ ਨੇ ਨਹੀਂ ਦਸਿਆ ਕਿ ਕਿਹੜੀ ਕਲਾਜ਼ ਥਲੇ ਉਨ੍ਹਾਂ ਨੂੰ ਇਹ ਪਾਵਰਜ਼ ਹਨ । ਮੈਂ ਡਿਪਟੀ ਸਪੀਕਰ ਸਾਹਿਬ ਤੁਹਾਨੂੰ ਆਰਟੀਕਲ 203, 204 ਅਤੇ 205 ਦਾ ਹਵਾਲਾ ਦਿਤਾ ਹੈ ਜਿਹੜੇ ਕਿ ਅਪਰੋਪਰੀਏਸ਼ਨ ਦੇ ਮੁਤਾਲਿਕ ਬੜੇ ਕਲੀਅਰ ਹਨ ।

App opriation of money out of the Consolidated Fund of the State can be made with the authority of law passed by the Legislature.

ਇਹ ਬੜਾ ਕਲੀਅਰ ਹੈ । ਜੇਕਰ ਇਸ ਗੱਲ ਦੇ ਬਾਵਜੂਦ ਆਪ ਆਪਣਾ ਰੂਲਿੰਗ ਦੇਣਾ ਚਾਹੁੰਦੇ ਹੋ ਅਤੇ ਐਡਵੋਕੇਟ ਜਨਰਲ ਦੀ ਰਾਏ ਨਹੀਂ ਲੈਣਾ ਚਾਹੁੰਦੇ ਅਤੇ ਜੇਕਰ ਪਰਮਾਤਮਾ ਨਾ ਕਰੇ ਤੁਸੀਂ ਇਸ ਗੱਲ ਨੂੰ ਅਪਹੋਲਡ ਕਰੋ ਕਿ ਵਿਧਾਨ ਸਭਾ ਦੀਆਂ ਪਾਵਰਜ਼ ਗਵਰਨਰ ਸਾਹਿਬ ਨੂੰ ਹਨ ਤਾਂ ਇਹ ਕਾਨਸਟੀਚੂਸ਼ਨ ਦੀ ਉਲੰਘਣਾ ਹੋਵੇਗੀ । ਇਸ ਤਰ੍ਹਾਂ ਤਾਂ ਬਜਟ ਵੀ ਗਵਰਨਰ ਸਾਹਿਬ ਆਪ ਹੀ ਪਾਸ ਕਰ ਸਕਦੇ ਹਨ । ਇਹ ਬਜਟ ਤੋਂ ਕਿਸੇ ਤਰ੍ਹਾਂ ਵੀ ਘਟ ਨਹੀਂ ਕਿ ਫੰਡ ਵਿਚ 1 ਕਰੋੜ ਰੁਪਏ ਦਾ ਵਾਧਾ ਆਰਡੀਨੈਂਸ ਜਾਰੀ ਕਰਕੇ ਕਰ ਦਿਤਾ ਜਾਵੇ । (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ਡਿਪਟੀ ਸਪੀਕਰ ਸਾਹਿਬ ਕੀ ਸਾਰਾ ਟਾਇਮ ਇਨ੍ਹਾਂ ਨੇ ਹੀ ਲੈਣਾ ਹੈ । ਅਸੀਂ ਵੀ ਆਪਣਾ ਪੁਆਇੰਟ ਆਫ ਵਿਊ ਦੇਣਾ ਹੈ । (ਵਿਘਨ)

ਸਰਦਾਰ ਉਮਰਾਓ ਸਿੰਘ : ਪਾਂਧੀ ਸਾਹਿਬ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਕਨਸਾਲੀਡੇਟਿਡ ਫੰਡ ਆਫ ਦੀ ਸਟੇਟ ਦਾ ਕੀ ਮਤਲਬ ਹੈ ਅਤੇ ਜੇਕਰ ਇਹ ਦਸ ਦੇਣ ਤਾਂ ਮੈਂ ਅਸੈਂਬਲੀ ਦੀ ਸੀਟ ਤੋਂ ਅਸਤੀਫਾ ਦੇਣ ਲਈ ਤਿਆਰ ਹਾਂ । (ਵਿਘਨ) (ਹਾਸਾ) ਮੇਰੀ ਗੁਜ਼ਾਰਿਸ਼ ਇਹ ਹੈ ਕਿ ਪਾਂਧੀ ਸਾਹਿਬ ਨੂੰ ਸ਼ਾਇਦ ਇਸ ਗੱਲ ਦਾ ਤੌਖਲਾ ਹੈ ਕਿ ਮੇਰੇ ਆਰਗੂਮੈਂਟਸ ਤੁਹਾਡੇ ਤੇ ਪਰੀਵੇਲ ਨਾ ਕੀਤੇ ਜਾਣ (ਵਿਘਨ)

ਇਸ ਲਈ ਮੈਂ ਚਾਹੁੰਦਾ ਹਾਂ ਕਿ ਐਡਵੋਕੇਟ-ਜਨਰਲ ਨੂੰ ਬੁਲਾ ਕੇ ਉਸ ਦੇ ਵਿਊ ਪੁਆਇੰਟ ਨੂੰ ਸੁਣ ਕੇ ਇਸ ਪੁਆਇੰਟ ਨੂੰ ਕਲੀਅਰ ਕਰਵਾ ਲਿਆ ਜਾਵੇ ਅਤੇ ਫਿਰ ਆਪ ਰੂਲਿੰਗ ਦਿਓ । (ਵਿਘਨ)

Mr. Deputy Speaker : Now let me give my ruling.

Sardar Umrao Singh : Sir, the Finance Minister himself is not clear on this point. We should have the opinion of Advocate-General.

Mr. Deputy Speaker : I am quite clear in my mind about it.

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਦਾ ਇਕ ਵੇਟੀ ਪੁਆਇੰਟ ਹੈ ਇਸ ਦੇ ਬਾਕੀ ਪੱਖਾਂ ਤੇ ਮੈਂ ਰੈਜ਼ੋਲੇਸ਼ਨ ਤੇ ਬੋਲਦੇ ਸਮੇਂ ਡਿਸਕਸ ਕਰਾਂਗਾ ਹੁਣ ਤਾਂ ਮੇਰੀ ਬੇਨਤੀ ਇਹ ਹੈ ਕਿ ਕੀ ਇਹ ਸਬਸਟਾਂਸ ਦੇ ਮੈਟਰ ਹੈ ਕਿ ਕੀ ਇਹ ਕਾਨਸਟੀਚੂਸ਼ਨਲੀ ਵੈਲਿਡ ਹੈ ਜਾਂ ਨਹੀਂ ਇਸ ਕਰਕੇ ਆਪਣੀ ਰੂਲਿੰਗ ਦੇਣ ਤੋਂ ਪਹਿਲਾਂ ਜੇਕਰ ਆਪ ਐਡਵੋਕੇਟ-ਜਨਰਲ ਨੂੰ ਸਦ ਲਓ ਤਾਂ ਠੀਕ ਰਹੇਗਾ ਉਸ ਦਾ ਵਿਊ ਪੁਆਇੰਟ ਵੀ ਆ ਲੈਣ ਦਿਓ । (ਵਿਘਨ)

Mr. Deputy Speaker : There is certain. . (*interruption*)

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਐਡਵੋਕੇਟ-ਜਨਰਲ ਨੂੰ ਇਸੇ ਲਈ ਹਾਊਸ ਦਾ ਮੈਂਬਰ ਬਣਾਇਆ ਗਿਆ ਸੀ ਕਿ ਜਦੋਂ ਜ਼ਰੂਰਤ ਹੋਵੇ ਉਸ ਨੇ ਕਾਨਸਟੀਟੀਊਸ਼ਨ ਪੁਆਇੰਟ ਤੇ ਰਾਏ ਦੇਣੀ ਹੈ ।

Sir, there is a constitutional point and, I, therefore, request you to please call the Advocate-General to have his legal opinion in this regard.

Mr. Deputy Speaker : Sardar Umrao Singh, in this matter I am quite clear in my mind. There is no doubt on the point that where the Legislature has the power to enact a law, (*interruptions*), the Governor has the power to promulgate an Ordinance. (*interruptions*).

As regards the constitutionality or illegality of any measure, it is for the Court to determine its illegality. I cannot determine. This point was raised even at the Presiding Officers Conference and it was held there that it is the job of the Court and not of the Speaker to determine the constitutional validity of any measure.

As regards the desirability of enacting of law, this question has also been raised in the Lok Sabha and, in this connection, I would like to read from the Practice and Procedure of Parliament by Kaul & Shakdher from page 483 which is as under : —

> "The Ordinance-making power of the President has been a frequent point of discussion in Lok Sabha, but it has been held by the Speaker that promulgation of an Ordinance is in the discretion of the President and such discretion cannot be controlled by the House."

Now, I would request Sardar Umrao Singh to please speak on his motion.

Sardar Dalip Singh Pandhi : Point of order Sir.

Mr. Deputy Speaker : What is your point of order ?

(ਸਰਦਾਰ ਦਲੀਪ ਸਿੰਘ ਪਾਂਧੀ ਵੱਲੋਂ ਇੰਟਰਪਸ਼ਨ)

ਸਰਦਾਰ ਦਲੀਪ ਸਿੰਘ ਪਾਂਧੀ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਉਹ ਜਦੋਂ ਸਾਰੇ ਹਾਊਸ ਦੇ ਇਕ ਮੰਨੇ ਹੋਏ ਐਡਵੋਕੇਟ-ਜਰਨਲ ਹਨ, ਉਨ੍ਹਾਂ ਦਾ ਵਿਊ ਪੁਆਇੰਟ ਤਾਂ ਆ ਹੀ ਗਿਆ ਉਹ ਹੁਣ ਫੈਸਲਾ ਦੇਣ । (ਹਾਸਾ)

Mr. Deputy Speaker : This is no point of order.

ਸਰਦਾਰ ਉਮਰਾਓ ਸਿੰਘ (ਬੜਾ ਪਿੰਡ): ਅਰਜ਼ ਇਹ ਹੈ ਕਿ 1 ਕਰੋੜ ਤੋਂ 2 ਕਰੋੜ ਤੱਕ ਇਨ੍ਹਾਂ ਵੱਲੋਂ ਕੰਟਿੰਨਜੈਂਸੀ ਫੰਡ ਵਧਾਉਣ ਦੀ ਮੰਗ ਕੀਤੀ ਗਈ ਹੈ । ਜੇ ਕੋਈ ਐਮਰਜੈਂਸੀ ਦਾ ਸਵਾਲ

ਸੀ ਤਾਂ ਇਨ੍ਹਾਂ ਵੱਲੋਂ ਬੇਸ਼ਕ ਮੰਗ ਕੀਤੀ ਜਾਂਦੀ। ਇਹ ਦਸਣ ਕਿ ਕੀ ਕੋਈ ਡੀਵੈਲਪਮੈਂਟ ਸਕੀਮਾਂ ਹਨ, ਉਨ੍ਹਾਂ ਨੂੰ ਲਾਗੂ ਕਰਨ ਦੇ ਵਾਸਤੇ ਇਹ ਸਾਰਾ ਕੁਝ ਹੋ ਰਿਹਾ ਹੈ। ਪੰਜਾਬ ਦੇ ਵਿਚ 5 ਈਅਰ ਪਲੈਨ ਬਣੇ ਹਨ ਸਗੋਂ ਇਹ ਸਾਰੇ ਹਿੰਦੋਸਤਾਨ ਦੇ ਵਿਚ 5 ਈਅਰ ਪਲੈਨ ਹਨ, ਇਨ੍ਹਾਂ ਨੂੰ ਇਕਦਮ ਕੀ ਲੋੜ ਹੈ 2 ਕਰੋੜ ਦੀ, ਸਮਝ ਨਹੀਂ ਆਉਂਦੀ। ਜਿਸ ਵਕਤ ਵੀ ਬਜਟ ਬਣਦਾ ਹੈ ਉਹ ਸਾਰੀਆਂ ਗੱਲਾਂ ਜਿਹੜੀਆਂ ਨੀਅਰ ਫੀਊਚਰ ਬਜਟ ਤੇ ਅਸਰ ਅੰਦਾਜ਼ ਹੋਣੀਆਂ ਹਨ, ਫਾਈਨੈਂਸ ਮਨਿਸਟਰ ਵੱਲੋਂ ਧਿਆਨ ਦੇ ਵਿਚ ਰਖੀਆਂ ਜਾਂਦੀਆਂ ਹਨ। ਜੇ ਕੋਈ ਜਥੇਦਾਰ ਫਾਈਨੈਂਸ ਮਨਿਸਟਰ ਹੁੰਦਾ ਤਾਂ ਇਹ ਗਲ ਮੰਨ ਲਈ ਜਾਂਦੀ ਕਿ ਇਸ ਤਰ੍ਹਾਂ ਦੀ ਗਲਤੀ ਰਹਿ ਗਈ ਪਰ ਸਰਦਾਰ ਬਲਵੰਤ ਸਿੰਘ ਵਰਗਾ ਆਪਣੇ ਆਪ ਨੂੰ ਇਕਨਾਮਿਕਸ ਦਾ ਐਮ. ਏ. ਕਹਾਣ ਵਾਲਾ ਇਕ ਕਰੋੜ ਦਾ ਹੋਰ ਅਨਫੋਰਸੀਨ ਚਾਰਜਿਜ਼ ਕਿਵੇਂ ਛਡ ਗਿਆ? ਇਹ ਕੋਈ ਐਮਰਜੈਂਸੀ ਨਹੀਂ, ਇਹ ਕੋਈ ਐਕਸਕੀਊਜ਼ ਨਹੀਂ। ਜੇ ਕੋਈ ਡਿਫੀਕਲਟੀ ਇਨ੍ਹਾਂ ਨੂੰ ਨਜ਼ਰ ਵੀ ਆਉਂਦੀ ਸੀ ਤਾਂ ਉਹ ਆਰਡੀਨੈਂਸ ਰਾਹੀਂ ਦੂਰ ਹੋ ਸਕਦੀ ਸੀ, ਪਰ ਹੁਣ ਜਦੋਂ ਕਿ ਸਪਲੀਮੈਂਟਰੀ ਡੀਮਾਂਡ ਵੀ ਪਾਸ ਹੋ ਗਈ ਹੈ ਇਨ੍ਹਾਂ ਨੂੰ ਕੀ ਤਕਲੀਫ ਹੈ। ਇਹ ਬੇਸ਼ਕ 1 ਕਰੋੜ ਤੋਂ 2 ਕਰੋੜ ਕਰ ਦੇਂਦੇ ਜੇ ਹਾਊਸ ਦੇ ਸਾਹਮਣੇ ਸਪਲੀਮੈਂਟਰੀ ਗਰਾਂਟਸ ਨਾ ਆਉਂਦੀਆਂ, ਜੇ ਉਹ ਸਮਝਦੇ ਹਨ ਕਿ ਪੈਸੇ ਦੀ ਅੱਜ ਹੀ ਜ਼ਰੂਰਤ ਹੈ ਤਾਂ ਅੱਜ ਕਿਹੜਾ ਹਾਊਸ ਖਤਮ ਹੋ ਗਿਆ ਹੈ, ਉਹ ਅੱਜ ਵੀ ਸੈਸ਼ਨ ਵਿਚ ਹਨ ਅਤੇ ਉਹ ਡੀਮਾਂਡ ਰਾਹੀ ਇਹ ਅਮਾਂਊਟ ਪਾਸ ਕਰਵਾ ਸਕਦੇ ਹਨ। ਪਰ ਪਤਾ ਨਹੀਂ ਕਿਹੜੀ ਇਨ੍ਹਾਂ ਦੀ ਡੀਵੈਲਪਮੈਂਟ ਐਕਟਿਵਟੀ ਹੈ। ਅਸਲ ਗੱਲ ਤਾਂ ਇਹ ਹੈ ਕਿ ਪਾਰਲੀਮੈਂਟਰੀ ਇਲੈਕਸ਼ਨਾਂ ਆ ਰਹੀਆਂ ਹਨ, ਇਨ੍ਹਾਂ ਨੇ ਇਹ ਪੈਸਾ ਉਥੇ ਖ਼ਰਚ ਕਰਨਾ ਹੈ। ਕਿਸੇ ਨੂੰ ਸਕੂਲ ਦੇਣ ਦਾ ਵਾਇਦਾ, ਕਿਸੇ ਨੂੰ ਸੜਕ ਦੇਣ ਦਾ ਵਾਇਦਾ ਦੇਕੇ ਇਨ੍ਹਾਂ ਨੇ ਵੋਟਾਂ ਲੈਣੀਆਂ ਹਨ। ਹੋਰ ਕੋਈ ਐਮਰਜੈਂਸੀ ਨਹੀਂ। ਜਿਸ ਵੇਲੇ ਅਨੰਦਪੁਰ ਸਾਹਿਬ ਅਤੇ ਡਾਕਾਲੇ ਦੀ ਬਾਈ ਇਲੈਕਸ਼ਨ ਸੀ ਉਸ ਵੇਲੇ ਇਨ੍ਹਾਂ ਨੇ ਚੋਣਾ ਜਿਤਣ ਲਈ ਸਰਕਾਰ ਦਾ ਲੱਖਾਂ ਰੁਪਿਆ ਖ਼ਰਚ ਕੀਤਾ। ਇਹ ਹੁਣ ਵੀ ਉਨ੍ਹਾਂ ਆਉਣ ਵਾਲੀਆਂ ਪਾਰਲੀਮੈਂਟ ਦੀਆਂ ਅਲੈਕਸ਼ਨਾਂ ਲਈ ਕੰਟਿਨਜੈਂਸੀ ਫੰਡ ਵਧਾ ਕੇ ਲੈਣਾ ਚਾਹੁੰਦੇ ਹਨ। ਜੇ ਅਜ ਇਹ ਦੋ ਕਰੋੜ ਦੀ ਡੀਮਾਂਡ ਮੰਨ ਲਈ ਇਕ ਮਹੀਨੇ ਨੂੰ 2 ਕਰੋੜ ਹੋਰ ਮੰਗਣਗੇ, ਆਖਿਰ ਕਟਿਨਜੈਂਸੀ ਦੀ ਕੋਈ ਨਾ ਕੋਈ ਹਦ ਹੁੰਦੀ ਹੈ ਮੈਨੂੰ ਤਾਂ ਇਹ ਨਜ਼ਰ ਆਉਂਦਾ ਹੈ ਕਿ ਇਹ ਸਰਕਾਰ ਤੇ ਕੋਈ ਰੂਲਜ਼ ਨਹੀਂ ਇਨ੍ਹਾਂ ਦੀ ਕੋਈ ਕਨਸਟੀ-ਟੀਊਸ਼ਨਲ ਜ਼ਿਮੇਵਾਰੀ ਨਹੀਂ, ਇਨ੍ਹਾਂ ਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ। ਜਿਸ ਤਰ੍ਹਾਂ ਵੀ ਵਜ਼ੀਰ ਦੇ ਅਗੇ ਕਾਗਜ਼ ਰਖ ਦਿੱਤੇ ਦਸਤਖਤ ਕਰ ਦਿੱਤੇ। ਇਹ ਫੰਡਜ਼ ਤੇ ਨਜਾਇਜ਼ ਤਰੀਕੇ ਨਾਲ ਕੰਟਰੋਲ ਕਰਨਾ ਚਾਹੁੰਦੇ ਹਨ (ਇਕ ਮਾਨਯੋਗ ਮੈਂਬਰ: ਜਦੋਂ ਅਨੰਦਪੁਰ ਸਾਹਿਬ ਕੋਟ ਤੇ ਜਰਸੀਆਂ ਵੰਡੀਆਂ ਗਈਆਂ ਸਨ ਉਹ ਕਿਥੋਂ ਅਤੇ ਕਿਹੜੇ ਫੰਡ ਵਿਚੋਂ ਆਏ ਸਨ।) ਉਹ ਜਥੇਦਾਰ ਸਾਹਿਬਾਨ ਦੇ ਗੁਰ-ਦਵਾਰਿਆਂ ਦੇ ਫੰਡ ਵਿਚੋਂ ਜਾਂ ਸ੍ਰੋਮਣੀ ਕਮੇਟੀ ਦੇ ਫੰਡ ਵਿਚੋਂ ਜਾਂ ਗੁਰਦਵਾਰਾ ਕੇਸਗੜ੍ਹ ਦੇ ਫੰਡ ਵਿਚੋਂ ਆਏ ਸਨ। (ਹਾਸਾ) ਮੈਂ ਇਹ ਲਾਜ਼ਮੀ ਤੌਰ ਤੇ ਕਹਾਂਗਾ ਕਿ ਏਥੇ ਫੰਡ ਵਧਾਉਣ ਦੀ ਕੋਈ ਜਸਟੀ-ਫੀਕੇਸ਼ਨ ਨਹੀਂ ਹੈ। ਕਿਸੇ ਵੀ ਪਲੈਨ ਦੇ ਵਿਚ ਕੋਈ ਐਸਾ ਐਕਸਪੈਂਡੀਚਰ ਅਨਫੋਰਸੀਨ ਨਹੀਂ, ਜਿਹੜਾ ਕਿਸੇ ਪਲੈਨ ਰਾਹੀਂ ਖਰਚ ਹੋਣਾ ਹੈ। ਜਦੋਂ ਅਗਲੇ ਚਾਰ ਮਹੀਨੇ ਦਾ ਬਜਟ ਹੀ ਪਾਸ ਹੋ ਗਿਆ ਹੈ ਇਹ ਕਿਸੇ ਵੀ ਕੰਟਿਨਜੈਂਸੀ ਫੰਡ ਨੂੰ ਵਰਤ ਸਕਦੇ ਹਨ। ਇਸ ਸਟੇਜ ਦੇ ਵਧਾਉਣਾ ਇਕ ਅਨਕਨਸਟੀਟੀਊਸ਼ਨਲ ਤਰੀਕਾ ਨਜ਼ਰ ਆਉਂਦਾ ਹੈ। ਜੋ ਕੁਝ ਵੀ ਹਵੇ ਉਹ ਹਾਊਸ ਦੀ ਪਰਾਇਰ ਕੰਨਸੈਂਟ ਨਾਲ ਹੋਣਾ ਚਾਹੀਦਾ ਹੈ। ਪਰਾਇਰ ਕੰਨਸੈਂਟ ਦੇ ਵਾਸਤੇ ਹੀ ਕੰਟਿਨਜੈਂਸੀ ਫੰਡ ਰਖੇ ਸੀ ਪਰ ਉਨ੍ਹਾਂ ਨੇ ਇਸ ਕੰਟਿਨਜੈਂਸੀ ਫੰਡ ਨੂੰ ਦੋਨੋਂ ਹੱਥਾਂ ਦੇ ਨਾਲ ਲੁਟਣਾ ਸ਼ੁਰੂ ਕਰ ਦਿੱਤਾ ਹੈ। ਇਸ

[ਸਰਦਾਰ ਉਮਰਾਓ ਸਿੰਘ]

ਤਰ੍ਹਾਂ ਦਾ ਤਰੀਕਾ ਅਪਨਾ ਲਿਆ ਹੈ । ਜਿਹੜਾ ਕਿ ਕੰਸਟੀਚਿਊਸ਼ਨ ਦੀ ਸਪਿਰਟ ਦੇ ਬਿਲਕੁਲ ਖਿਲਾਫ ਹੈ । ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਹਾਊਸ ਦੀ ਪਰਾਇਰ ਸੈਂਕਸ਼ਨ ਤੋਂ ਬਗੈਰ ਇਕ ਪਾਈ ਵੀ ਖ਼ਰਚ ਨਹੀਂ ਹੋ ਸਕਦੀ, ਇਹ ਸੈਂਕਟਿਟੀ ਕਾਇਮ ਰਹਿਣੀ ਚਾਹੀਦੀ ਹੈ । ਜੇ ਇਹ ਕਾਇਮ ਨਹੀਂ ਰਖਦੇ ਤਾਂ ਕਮ ਅਜ਼ ਕਮ ਤੁਸੀਂ ਇਨ੍ਹਾਂ ਨੂੰ ਐਡਵਾਈਜ਼ ਕਰੋ ......

Minister for Finance (Sardar Balwant Singh) : Sir, it is a reflection on the Chair.

Sardar Umrao Singh : Sir, it is not a reflection on the Chair. It is a request for the protection of the sacred Constitution and the Rules and Procedure of this House.

ਅਪੋਜ਼ੀਸ਼ਨ ਵਾਲਿਆਂ ਨੇ ਇਸ ਕਨਸਟੀਊਸ਼ਨ ਨੂੰ ਬਣਾਇਆ ਹੈ ਅਤੇ ਅਸੀਂ ਇਸ ਨੂੰ ਮੱਥਾ ਟੇਕਦੇ ਹਾਂ, ਅਸੀਂ ਇਸ ਦੀ ਇਜ਼ਤ ਕਰਦੇ ਹਾਂ ......

ਚੌਧਰੀ ਬਲਬੀਰ ਸਿੰਘ : ਤੁਸੀਂ ਮੱਥੇ ਟੇਕਦੇ ਹੋ ਪਰ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਤਾਂ ਕਹਿੰਦੀ ਹੈ ਕਿ ਕਨਸਟਿਚਿਊਸ਼ਨ ਉਹਦੇ ਰਸਤੇ ਵਿਚ ਇਕ ਭਾਰੀ ਰੁਕਾਵਟ ਹੈ । (ਹਾਸਾ)

ਸਰਦਾਰ ਉਮਰਾਓ ਸਿੰਘ: ਇਹ ਠੀਕ ਹੈ ਕਿ ਜੇ ਕੋਈ ਰੁਕਾਵਟ ਇਸ ਜਨਤਾ ਦੇ ਭਲੇ ਵਾਸਤੇ ਆਉਂਦੀ ਹੋਵੇ ਉਹ ਅਸੀਂ ਕਨਸਟੀਚਿਊਸ਼ਨਲ ਢੰਗ ਨਾਲ ਅਮੈਂਡਮੈਂਟ ਲਿਆ ਕੇ ਦੂਰ ਕਰਨੀ ਹੈ। ਪਰ ਤੁਸੀਂ ਤਾਂ ਕਨਸਟੀਚਿਊਸ਼ਨ ਦਾ ਸਤਿਆਨਾਸ ਕਰਨਾ ਸ਼ੁਰੂ ਕਰ ਦਿੱਤਾ ਹੈ । ਤੁਸੀਂ ਅਸੈਂਬਲੀ ਦੇ ਮੈਂਬਰਜ਼ ਪਬਲਿਕ ਫੰਡ ਨੂੰ ਇਸ ਤਰੀਕੇ ਨਾਲ ਉੜਾਉਣਾ ਚਾਹੁੰਦੇ ਹੋ ਜਿਹੜਾ ਕਿ ਲੱਖਾਂ ਕਰੋੜਾਂ ਦੀ ਸ਼ਕਲ ਦੇ ਵਿਚ ਹੈ । ਮੈਂ ਹਾਊਸ ਦੀ ਵਾਕਫੀਅਤ ਲਈ ਅਰਜ਼ ਕਰ ਦੇਵਾਂ ਕਿ ਮੇਰੇ ਪਾਸ ਇਕ ਸਵਾਲ ਦਾ ਜਵਾਬ ਆਇਆ ਹੈ ਕਿ ਜਿਹੜਾ ਵੀ ਡਿਸਕਰਿਸ਼ਨਰੀ ਫੰਡ ਹਰ ਸਾਲ ਮਨਿਸਟਰਾਂ ਨੂੰ ਮਿਲਦਾ ਸੀ, ਉਹ ਅਸੀਂ ਵਧਾ ਕੇ ਡਬਲ ਕਰ ਦਿੱਤਾ ਹੈ । ......

ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕਿਹੜੀ ਐਮਰਜੈਂਸੀ ਜਾਂ ਕੰਨਟਿਨਜੈਂਸੀ ਅਰਾਈਜ਼ ਹੋਈ ਹੈ ਜਿਸ ਨਾਲ ਕਿ ਡਿਸਕਰੀਸ਼ਨਰੀ ਫੰਡ ਨੂੰ ਡਬਲ ਕਰਨਾ ਪੈ ਗਿਆ ਹੈ । ਪੰਜਾਬ ਦੀ ਜਨਤਾ ਇਸ ਗੱਲ ਦਾ ਜਵਾਬ ਮੰਗਦੀ ਹੈ । ਕੀ ਇਸ ਡਿਸਕ੍ਰੀਸ਼ਨਰੀ ਫੰਡ ਨੂੰ ਕਿਥੇ ਵਰਤਿਆ ਗਿਆ ਹੈ ? ਮਨਿਸਟਰੀ ਦਾ ਸਾਈਜ਼ ਡਬਲ ਨਹੀਂ ਸਗੋਂ ਤਿੰਨ ਗੁਣਾਂ ਹੋ ਗਿਆ ਹੈ । ਡਿਪਟੀ ਸਪੀਕਰ ਸਾਹਿਬ ਇਹ ਕਿਤਨੀ ਸ਼ਰਮ ਦੀ ਗੱਲ ਹੈ ਕਿ 57 ਮੈਂਬਰਾਂ ਦੀ ਪਾਰਟੀ ਹੋਵੇ ਅਤੇ 28 ਮਨਿਸਟਰ ਹੋਣ ਇਹੋ ਜਿਹੀ ਡੈਮੋਕ੍ਰੇਸੀ ਕਿਸੇ ਹੋਰ ਸਟੇਟ ਵਿਚ ਤਾਂ ਕੀ, ਵਰਲਡ ਦੇ ਕਿਸੇ ਮੁਲਕ ਵਿਚ ਨਹੀਂ ਹੈ। (ਵਿਘਨ)

ਵਿੱਤ ਮੰਤਰੀ : ਹਰਿਆਣੇ ਵਿਚ ਹੈ । (ਵਿਘਨ)

ਸਰਦਾਰ ਉਮਰਾਓ ਸਿੰਘ : ਹਰਿਆਣੇ ਦੇ ਵਿਚ ਵੀ ਇਹ ਰੋਸ਼ੇ ਨਹੀਂ । ਜੇ ਹਰਿਆਣੇ ਨੇ ਇਸ ਬਾਰੇ ਕੋਈ ਮਾੜਾ ਪ੍ਰੋਸੀਜਰ ਅਪਣਾਇਆ ਹੈ ਤਾਂ ਇਨ੍ਹਾਂ ਨੂੰ ਨਹੀਂ ਸੀ ਕਰਨਾ ਚਾਹੀਦਾ । ਮੈਂ ਇਨ੍ਹਾਂ ਨੂੰ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਾਰਨਿੰਗ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਹਾਲ ਵੀ ਟੀ. ਐਨ. ਸਿੰਘ ਦੀ ਮਨਿਸਟਰੀ ਵਾਲਾ ਹੀ ਹੋਵੇਗਾ । ਯੂ. ਪੀ. ਵਿਚ ਟੀ. ਐਨ. ਸਿੰਘ ਦੀ ਚੀੜ

ਮਨਿਸਟਰਸ਼ਿਪ ਵਿਚ ਵਡੀ ਮਨਿਸਟਰੀ ਬਣੀ ਸੀ ਤਾਂ ਉਸ ਦਾ ਹਸ਼ਰ ਕੀ ਹੋਇਆ ਹੈ ਕਿ ਟੀ.ਐਨ ਸਿੰਘ ਨੂੰ ਬਾਈ ਇਲੈਕਸ਼ਨ ਵਿਚ 16000 ਵੋਟਾਂ ਨਾਲ ਹਾਰ ਹੋਈ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਨੇ ਮਨਿਸਟਰੀ ਨਾ ਘਟਾਈ ਅਤੇ ਜਨਤਾ ਦੇ ਪੈਸੇ ਨੂੰ ਇਸੇ ਤਰ੍ਹਾਂ ਬਰਬਾਦ ਕਰਦੇ ਰਹੇ ਤਾਂ ਇਨ੍ਹਾਂ ਦਾ ਹਸ਼ਰ ਵੀ ਇਹੋ ਹੋਵੇਗਾ ।

ਕਾਮਰੇਡ ਸਤ ਪਾਲ ਡਾਂਗ :(ਅੰਮ੍ਰਿਤਸਰ ਪੱਛਮ) ਡਿਪਟੀ ਸਪੀਕਰ ਸਾਹਿਬ, ਇਹ ਜੋ ਆਰਡੀਨੈਂਸ ਇਸ਼ੂ ਹੋਇਆ ਹੈ ਇਹ ਇਕ ਨਿਹਾਇਤ ਹੀ ਅਫ਼ਸੋਸਨਾਕ ਹੈ । ਅੱਜ ਤਕ ਹਿੰਦੁਸਤਾਨ ਦੀ ਕਿਸੇ ਵੀ ਲੈਜਿਸਲੇਚਰ ਨੇ ਇਸ ਕੰਮ ਲਈ ਇਹੋ ਜਿਹਾ ਆਰਡੀਨੈਂਸ ਜਾਰੀ ਨਹੀਂ ਕੀਤਾ । ਇਹ ਕੰਸਟੀਚਿਊਸ਼ਨਲੀ ਵੈਲਿਡ ਹੈ ਜਾਂ ਨਹੀਂ ਇਹ ਇਕ ਸੈਪਰੇਟ ਸਵਾਲ ਹੈ। ਗੱਲ ਇਹ ਹੈ ਕਿ ਕੰਸਟੀਚਿਊਸ਼ਨ ਵਿਚ ਗਵਰਨਰ ਸਾਹਿਬ ਦੀ ਡਿਸਪੋਜ਼ਲ ਤੇ ਇਕ ਕੰਟਿਨਜੈਂਸੀ ਫੰਡ ਰਖਿਆ ਹੋਇਆ ਹੈ ਕਿ ਜੇ ਕੋਈ ਅਜਿਹਾ ਖ਼ਰਚ ਆ ਜਾਵੇ ਇਸ ਦੀ ਮਨਜ਼ੂਰੀ ਲੇਜਿਸਲੇਚਰ ਕੋਲੋਂ ਪ੍ਰਾਪਰ ਤਰੀਕੇ ਦੇ ਨਾਲ ਨਾ ਲਈ ਗਈ ਹੋਵੇ ਤਾਂ ਗਵਰਨਰ ਸਾਹਿਬ ਉਸ ਦੀ ਰਕਮ ਸਰਕਾਰ ਨੂੰ ਐਡਵਾਂਸ ਦੇ ਸਕਦੇ ਹਨ। ਜਦੋਂ ਲੈਜਿਸਲੇਚਰ ਦਾ ਇਜਲਾਸ ਹੋਵੇ ਤਾਂ ਉਹ ਖਰਚ ਸਪਲੀਮੈਂਟਰੀ ਡਿਮਾਂਡ ਦੇ ਰਾਹੀਂ ਲੈਜਿਸਲੇਚਰ ਕੋਲੋਂ ਮਨਜ਼ੂਰ ਕਰਵਾਇਆ ਜਾਵੇ ਅਤੇ ਉਸ ਹੈਡ ਦੇ ਥਲੇ ਆ ਜਾਵੇ ਜਿਸ ਦਾ ਕਿ ਉਹ ਖ਼ਰਚ ਸੀ ਅਤੇ ਉਹ ਐਡਵਾਂਸ ਮੁੜ ਕੇ ਗਵਰਨਰ ਸਾਹਿਬ ਦੇ ਕੰਨਟਿਨਜੈਂਸੀ ਫੰਡ ਵਿਚ ਚਲਾ ਜਾਵੇ ਅਤੇ ਉਹ ਫੰਡ ਉਤਨੇ ਦਾ ਉਤਨਾ ਹੀ ਰਹੇ । ਇਹ ਖ਼ਰਚ ਅਨਫੋਰਸੀਨ ਹੁੰਦਾ ਹੈ । ਇਹ ਸਰਕਾਰ ਨੂੰ ਸਿਰਫ਼ ਐਡਵਾਂਸ ਮਿਲਿਆ ਹੁੰਦਾ ਹੈ । ਇਸ ਦੇ ਲਈ ਇਕ ਕਰੋੜ ਰੁਪਿਆ ਬਹੁਤ ਹੈ । ਹੁਣ ਇਹ 2 ਕਰੋੜ ਕਰਵਾਉਣ ਦੀ ਮੰਗ ਕਰ ਰਹੇ ਹਨ । ਇਸ ਗੱਲ ਦੀ ਕੀ ਲੋੜ ਪੈ ਗਈ ਹੈ । ਇਸ ਗਲ ਵਲ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੀ ਤਵੱਜੋ ਦਿਵਾਉਣੀ ਚਾਹੁੰਦਾ ਹਾਂ । ਪਹਿਲੀ ਵਾਰੀ ਪੰਜਾਬ ਵਿਚ ਆਟਮ ਸੈਸ਼ਨ ਦੋ, ਤਿੰਨ ਦਿਨ ਦਾ ਪਿਛਲੇ ਸਾਲ ਹੋਇਆ ਹੈ । ਆਟਮ ਸੈਸ਼ਨ ਵਿਚ ਸਰਕਾਰ ਸਪਲੀਮੈਂਟਰੀ ਡਿਮਾਂਡਜ਼ ਪੇਸ਼ ਕਰਕੇ ਵਿਧਾਨ ਸਭਾ ਦੀ ਮਨਜ਼ੂਰੀ ਲੈਂਦੀ ਹੈ ਪਰ ਪਿਛਲੀ ਵਾਰੀ ਇਨ੍ਹਾਂ ਨੇ ਆਟਮ ਸੈਸ਼ਨ ਡਿਸਪੈਂਸ ਵਿਦ ਹੀ ਕਰ ਦਿਤਾ ਹੈ। ਕੰਸਟੀਚਿਊਸ਼ਨ ਵਿਚ ਪ੍ਰੋਵੀਜ਼ਨ ਹੈ ਕਿ ਸੈਸ਼ਨ 6 ਮਹੀਨੇ ਦੇ ਬਾਅਦ ਜ਼ਰੂਰ ਹੋਵੇ । ਇਨ੍ਹਾਂ ਨੇ ਕੰਸਟੀਚਿਊਸ਼ਨਲ ਪ੍ਰੋਵੀਜ਼ਨ ਪੂਰੀ ਕਰ ਲਈ ਹੈ । ਪਿਛਲੀ ਵਾਰੀ ਕਾਂਗਰਸ ਪਾਰਟੀ ਦੇ ਡਿਪਟੀ ਲੀਡਰ ਕੈਪਟਨ ਰਤਨ ਸਿੰਘ ਨੇ ਮੇਰੀ ਤਾਂ ਇਸ ਗੱਲ ਦੀ ਹਿਮਾਇਤ ਨਹੀਂ ਸੀ ਕੀਤੀ ਕਿਉਂਕਿ ਉਹ ਉਸ ਵੇਲੇ ਇਸ ਸਰਕਾਰ ਨੂੰ ਸਪੋਰਟ ਕਰ ਰਹੇ ਸੀ। ਪਰ ਇਕ ਗੱਲ ਉਨ੍ਹਾਂ ਨੇ ਇਹ ਚੰਗੀ ਕੀਤੀ ਸੀ ਕਿ ਉਨ੍ਹਾਂ ਨੇ ਸਰਕਾਰ ਤੋਂ ਇਹ ਐਸ਼ੋਰੈਂਸ ਮੰਗੀ ਸੀ ਕਿ ਉਹ ਫੁਲ ਫਲੈਜਡ ਸੈਸ਼ਨ ਸਪਲੀਮੈਂਟਰੀ ਡਿਮਾਂਡਜ਼ ਨੂੰ ਪਾਸ ਕਰਾਉਣ ਲਈ ਬੁਲਾਣਗੇ । ਪਰ ਚੀਫ਼ ਮਨਿਸਟਰ ਸਾਹਿਬ ਨੇ ਉਸ ਵੇਲੇ ਹੀ ਕੋਈ ਐਸ਼ੋਰੈਂਸ ਨਹੀਂ ਸੀ ਦਿਤੀ ਅਤੇ ਫਿਰ ਉਨ੍ਹਾਂ ਸਪਲੀਮੈਂਟਰੀ ਡਿਮਾਂਡਾਂ ਦੀ ਥਾਂ ਤੇ ਆਰਡੀਨੈਂਸ ਜਾਰੀ ਕਰਵਾ ਦਿਤਾ ਕਿ ਕੰਨਟਿਨਜੈਂਸੀ ਫੰਡ ਇਕ ਕਰੋੜ ਦੀ ਥਾਂ ਤੇ 2 ਕਰੋੜ ਕਰ ਦਿਤਾ ਹੈ। ਡਿਪਟੀ ਸਪੀਕਰ ਸਾਹਿਬ, ਬਜਟ ਪਾਸ ਹੋਣ ਤੋਂ ਬਾਅਦ ਕਈ ਵਾਰ ਤਬਦੀਲੀਆਂ ਕਰਨੀਆਂ ਪੈਂਦੀਆਂ ਹਨ । ਇਹ ਤਬਦੀਲੀਆਂ ਅਨਫੋਰਸੀਨ ਖਰਚਾਂ ਨੂੰ ਸਾਹਮਣੇ ਰੱਖ ਕੇ ਕੀਤੀਆਂ ਜਾਂਦੀਆਂ ਹਨ। ਇਹ ਤਬਦੀਲੀਆਂ ਕਰਨੀਆਂ ਹੀ ਪੈਂਦੀਆਂ ਹਨ । ਲੇਕਿਨ ਡੈਮੋਕ੍ਰੈਟਿਕ ਤਰੀਕਾ ਇਹ ਹੈ ਕਿ ਜਦੋਂ ਲੈਜਿਸਲਚਰ ਦਾ ਇਜਲਾਸ ਹੋਵੇ ਉਹ ਤਬਦੀਲੀਆਂ ਜੋ ਕੀਤੀਆਂ ਗਈਆਂ ਹਨ ਸਪਲੀਮੈਂਟਰੀ ਐਸਟੀਮੇਟ ਦੇ ਰਾਹੀਂ ਪੇਸ਼ ਕਰਕੇ ਵਿਧਾਨ ਸਭਾ ਦੀ ਮੰਜ਼ੂਰੀ ਲਈ ਜਾਵੇ, ਪਰ ਇਸ ਵਾਰੀ ਇਕ ਹੋਰ ਹੀ ਨਵਾਂ ਮੈਥਿਡ ਵਰਤਿਆ ਗਿਆ ਹੈ । ਬਜਟ ਕਿਉਂਕਿ ਆਰਡੀਨੈਂਸ ਦੇ ਰਾਹੀਂ ਪਾਸ ਨਹੀਂ ਹੋ ਸਕਦਾ ਅਤੇ ਬਦਕਿਸਮਤੀ ਦੇ ਨਾਲ ਕੰਸਟੀਚੂਸ਼ਨਲ ਪ੍ਰੋਵੀਜ਼ਨ ਹੈ ਕਿ 6 ਮਹੀਨੇ

[ਕਾਮਰੇਡ ਸੱਤ ਪਾਲ ਡਾਂਗ]

ਦੇ ਬਾਦ ਇਕ ਵਾਰ ਸੈਸ਼ਨ ਜ਼ਰੂਰ ਹੋਵੇ ਇਸ ਲਈ ਇਹ ਦੋ ਦਿਨ ਜਾਂ ਤਿੰਨ ਦਿਨ ਦਾ ਸੈਸ਼ਨ ਬੁਲਾ ਲੈਂਦੇ ਹਨ ਅਤੇ ਇਹ ਪ੍ਰੋਵੀਜ਼ਨ ਪੂਰੀ ਕਰਕੇ ਲਾਂਭੇ ਹੁੰਦੇ ਹਨ ਅਤੇ ਕਿਉਂਕਿ ਖਰਚੇ ਇਕ ਕਰੋੜ ਰੁਪਏ ਦੇ ਐਡਵਾਂਸ ਦੇ ਨਾਲ ਪੂਰੇ ਨਹੀਂ ਹੁੰਦੇ ਇਸ ਲਈ ਇਸ ਨੂੰ 2 ਕਰੋੜ ਕਰਨ ਲਈ ਆਰਡੀਨੈਂਸ ਜਾਰੀ ਕਰਵਾ ਦਿਤਾ ਹੈ। ਇਸ ਤੋਂ ਬਿਨਾਂ ਡਿਪਟੀ ਸਪੀਕਰ ਸਾਹਿਬ ਇਸ ਆਰਡੀਨੈਂਸ ਨੂੰ ਜਾਰੀ ਕਰਨ ਦੀ ਕੋਈ ਜਸਟੀਫੀਕੇਸ਼ਨ ਨਹੀਂ ਹੈ। ਕੋਈ ਐਕਸਪਲੇਨੇਸ਼ਨ ਨਹੀਂ ਹੈ। ਕੀ ਖਜ਼ਾਨਾ ਮੰਤਰੀ ਸਾਹਿਬ ਇਸ ਦੀ ਕੋਈ ਹੋਰ ਵਜ੍ਹਾ ਦਸਣਗੇ? ਮੈਂ ਸਮਝਦਾ ਹਾਂ ਕਿ ਇਹ ਇੰਮਪੋਸੀਬਲ ਹੈ ਡਿਪਟੀ ਸਪੀਕਰ ਸਾਹਿਬ ਮੈਂ ਕੰਟਰੋਵਰਸੀ ਦੇ ਵਿਚ ਨਹੀਂ ਪੈਣਾ ਚਾਹੁੰਦਾ। ਜਿਸ ਐਕਟ ਦੇ ਜਿਸ ਸੈਕਸ਼ਨ ਨੂੰ ਇਹ ਅਮੈਂਡ ਕਰਨਾ ਚਾਹੁੰਦੇ ਹਨ ਉਸ ਵਿਚ ਇਹ ਲਿਖਿਆ ਹੈ ਕਿ :

> "Whereas it is expedient to provide for the establishment and maintenance in the State of Punjab of a Contingency Fund to be placed at the disposal of the Governor, to enable him to make advances out of the Fund for the purposes of meeting unforeseen expenditure of the State pending authorisation of such expenditure by the Legislature of the State by law under Article 205 or Article 206——"

ਜਿਸ ਸੈਕਸ਼ਨ ਨੂੰ ਇਨ੍ਹਾਂ ਨੇ ਅਮੈਂਡ ਕੀਤਾ ਹੈ ਉਸ ਵਿਚ ਲਿਖਿਆ ਹੈ ਕਿ :

> "The State Government shall, on the commencement of this Act, appropriate a sum of one crore of rupees out of the Consolidated Fund of the State and place it at the credit of the Fund."

ਇਨ੍ਹਾਂ ਦੀ ਕੋਸ਼ਿਸ਼ ਹੈ ਕਿ ਐਪਰੋਪ੍ਰੀਏਸ਼ਨ ਦੇ ਰਾਹੀਂ ਇਹ ਕੰਨਟਿਨਜੈਂਸੀ ਫੰਡ ਇਕ ਕਰੋੜ ਤੋਂ 2 ਕਰੋੜ ਕਰ ਲਿਆ ਜਾਵੇ। ਇਹ ਸਮਝਦੇ ਹਨ ਕਿ ਜਿਸ ਤਰ੍ਹਾਂ ਵਿਧਾਨ ਸਭਾ ਕੋਲ ਲਾਅਮੇਕਿੰਗ ਦੀ ਪਾਵਰ ਹੈ ਇਸ ਤਰ੍ਹਾਂ ਹੀ ਗਵਰਨਰ ਕੋਲ ਹੈ। ਇਸ ਲਈ ਆਰਡੀਨੈਂਸ ਦੇ ਰਾਹੀਂ ਇਕ ਕਰੋੜ ਦੀ ਰਕਮ ਨੂੰ 2 ਕਰੋੜ ਕਰਵਾ ਲਿਆ ਹੈ। ਜੇ ਇਥੇ ਤਕ ਹੀ ਬਸ ਹੁੰਦੀ ਤਾਂ ਮੈਂ ਸਮਝਦਾ ਕਿ ਸਰਦਾਰ ਬਲਵੰਤ ਸਿੰਘ ਜੀ ਠੀਕ ਹਨ ਕਿ ਕੰਸਾਲੀਡੇਸ਼ਨ ਦਾ ਪ੍ਰੋਸੀਜ਼ਰ ਹੈ, ਬਜਟ ਵਿਚ ਆਇਆ ਹੈ, ਸਪਲੀਮੈਂਟਰੀ ਡਿਮਾਂਡਜ਼ ਵਿਚ ਆਇਆ ਹੈ, ਗ੍ਰਾਂਟਸ ਆਈਆਂ ਹਨ, ਉਨ੍ਹਾਂ ਤੇ ਬਹਿਸ ਹੋਈ ਹੈ, ਪਰ ਇਹ ਜੋ ਆਰਡੀਨੈਂਸ ਦੇ ਰਾਹੀਂ ਇਕ ਕਰੋੜ ਤੋਂ 2 ਕਰੋੜ ਕੀਤਾ ਗਿਆ ਹੈ ਇਹ ਮੈਂ ਸਮਝਦਾ ਹਾਂ ਕਿ ਡਾਊਟ-ਫੁਲ ਪੁਆਇੰਟ ਹੈ। ਕਿ ਇਕ ਕਰੋੜ ਦੀ ਰਕਮ ਨੂੰ ਅਪ੍ਰੋਪ੍ਰੀਏਸ਼ਨ ਰਾਹੀਂ 2 ਕਰੋੜ ਕਰਨ ਦੀ ਪਾਵਰ ਇਨ੍ਹਾਂ ਨੇ ਐਗਜ਼ੈਟਿਵ ਆਰਡਰ ਰਾਹੀਂ ਇਨ੍ਹਾਂ ਨੂੰ ਮਿਲ ਸਕਦੀ ਹੈ ਕਿ ਨਹੀਂ। ਇਸ ਤਰ੍ਹਾਂ ਡਿਪਟੀ ਸਪੀਕਰ ਸਾਹਿਬ ਇਹ ਇਲਲੀਗੈਲਿਟੀ ਕੁਮਿਟ ਕਰਦੇ ਰਹੇ ਹਨ ਮੈਂ ਆਪਣੀ ਰਾਏ ਇਸ ਬਾਰੇ ਦੇ ਸਕਦਾ ਹਾਂ। ਮੈਂ ਅਰਜ਼ ਕਰਦਾ ਹਾਂ 11 ਜ਼ਿਲ੍ਹਿਆਂ ਵਾਲੇ ਸਾਡੇ ਪੰਜਾਬ ਲਈ ਐਡਵਾਂਸ ਦੇਣ ਲਈ ਗਵਰਨਰ ਸਾਹਿਬ ਇਕ ਕਰੋੜ ਦਾ ਜੋ ਫੰਡ ਹੈ ਇਹ ਕਾਫ਼ੀ ਹੈ ਅਤੇ ਇਸ ਨੂੰ ਵਧਾਉਣ ਦੀ ਕੋਈ ਲੋੜ ਨਹੀਂ। ਮੈਂ ਸਮਝਦਾ ਹਾਂ ਕਿ ਵਿਧਾਨ ਸਭਾ ਨੂੰ ਜੋ ਡੈਮੋਕਰੇਟਿਕ ਸੈਟਅਪ ਵਿਚ ਕੰਸਟੀਚੂਸ਼ਨਲ ਪਾਵਰ ਮਿਲੀਆਂ ਹਨ ਕਿ ਬਜਟ ਪਾਸ ਕਰਨ ਦੀਆਂ ਇਹ ਆਰਡੀਨੈਂਸ ਰਾਹੀਂ ਸਰਕਾਰ ਨੂੰ ਨਹੀਂ ਲੈਣੀਆਂ ਚਾਹੀਦੀਆਂ। ਇਨ੍ਹਾਂ ਨੂੰ ਬਜਟ ਸੈਸ਼ਨ ਬੁਲਾ ਕੇ ਬਜਟ ਪਾਸ ਕਰਵਾਉਣਾ ਚਾਹੀਦਾ ਹੈ ਅਤੇ ਜੋ ਤਬਦੀਲੀਆਂ ਬਜਟ ਪਾਸ ਹੋਣ ਪਿਛੋਂ ਹੋਣ ਉਹ ਸਪਲੀਮੈਂਟਰੀ ਡਿਮਾਂਡਜ਼ ਦੇ ਰੂਪ ਵਿਚ ਹਾਊਸ ਦੇ ਸਾਹਮਣੇ ਆਉਣੀਆਂ ਚਾਹੀਦੀਆਂ ਹਨ।

(ਸ੍ਰੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਪਰ ਨਿਯਤ ਜਦੋਂ ਇਹ ਹੋਵੇ ਕਿ ਸੈਸ਼ਨ ਕਰਨਾ ਘੱਟ-ਤੋਂ-ਘੱਟ । ਤੁਸੀਂ ਸੁਣ ਲਿਆ ਹੋਣਾ ਹੈ, ਆਈ ਵਾਜ਼ ਸ਼ਾਕਡ, ਜਦੋਂ ਫਾਈਨੈਂਸ ਮਨਿਸਟਰ ਸਾਹਿਬ ਨੇ ਇਹ ਸੁਜੈਸ਼ਨ ਦਿਤੀ ਕਿ 12 ਬਿਲਾਂ ਉਤੇ ਇਕੱਠੇ ਹੀ ਡਿਸਕਸ਼ਨ ਕਰ ਲਈ ਜਾਵੇ । ਕਲ ਨੂੰ ਇਹ ਕਹਿਣਗੇ ਕਿ ਜਦੋਂ ਬਜਟ ਪੇਸ਼ ਹੋਇਆ ਕਿ ਪਾਸ ਹੈ ਜੀ ਪਾਸ ਹੈ ਜੀ ਚਲੋ ਬਜਟ ਪਾਸ ਹੋ ਗਿਆ । ਇਕ ਰੂਲਿੰਗ ਪਾਰਟੀ ਦਾ ਬੰਦਾ ਬਜਟ ਮੈਟੀਰੀਅਲ ਡੇਢ ਰੁਪਏ ਨੂੰ ਕਵਾੜੀ ਕੋਲ ਵੇਚ ਆਇਆ, ਜੋ ਕਿ ਸਾਡੇ ਕਾਮਰੇਡ ਨੇ ਦੋ ਰੁਪਏ ਨੂੰ ਖਰੀਦ ਲਿਆ ।(ਸ਼ੋਰ) (ਵਿਘਨ) ਇਹ ਵਿਧਾਨ ਸਭਾ ਇਸ ਤਰੀਕੇ ਨਾਲ ਫੰਕਸ਼ਨ ਕਰਨ ਲਗੇ ਹਨ । (ਸ਼ੋਰ) (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ (ਵਿਘਨ)

ਸ੍ਰੀ ਸਪੀਕਰ : ਡਾਂਗ ਸਾਹਿਬ ਕੀ ਤੁਹਾਨੂੰ ਇਸ ਗਲ ਦਾ ਪੂਰਾ ਸਬੂਤ ਹੈ ਕਿ ਆਨਰੇਬਲ ਮੈਂਬਰ ਵੇਚ ਕੇ ਆਇਆ ਹੈ । ਇਹ ਬੜਾ ਸੀਰੀਅਸ ਹੈ । (Dang Sahib have you got proof that the hon. Member has sold it ? It is a very serious matter.)

ਕਾਮਰੇਡ ਸਤ ਪਾਲ ਡਾਂਗ : ਇਹ ਡਾਕੂਮੈਂਟ ਕਿਸ ਕੋਲ ਹੁੰਦੇ ਹਨ । ਇਸ ਤੇ ਮੋਹਰਾਂ ਲੱਗੀਆਂ ਹੁੰਦੀਆਂ ਹਨ ਜਦੋਂ ਇਥੇ ਵੰਡਿਆ ਜਾਂਦਾ ਹੈ । (ਵਿਘਨ) ਜੇ ਇਹ ਕਵਾੜੀਆਂ ਕੋਲ ਵਿਕਦਾ ਹੋਵੇ ਤਾਂ ਇਸ ਦਾ ਮਤਲਬ ਹੋਰ ਕੀ ਹੈ ਜੇ ਮੈਂਬਰ ਨਹੀਂ ਵੇਚ ਕੇ ਆਇਆ, ਤਾਂ ਹੋਰ ਕੀ ਹੈ । (ਵਿਘਨ)

ਸ੍ਰੀ ਸਪੀਕਰ : ਤੁਸੀਂ ਬੜੇ ਸੁਲਝੇ ਹੋਏ ਮੈਂਬਰ ਹੋ, ਇਹੋ ਜਿਹੀਆਂ ਗਲਾਂ ਕਹਿਣੀਆਂ ਤੁਹਾਨੂੰ ਕੋਈ ਸ਼ੋਭਾ ਨਹੀਂ ਦਿੰਦੀਆਂ । (*Addressing Com. Satya Pal Dang*) : You are a seasoned parliamentarian, such utterances do not behove you.)

ਕਾਮਰੇਡ ਸਤਪਾਲ ਡਾਂਗ: ਇਹ ਜਾਂ ਤਾਂ ਕਿਸੇ ਅਫਸਰ ਨੇ ਜਾਂ ਕਿਸੇ ਆਨਰੇਬਲ ਮੈਂਬਰ ਨੇ ਵੇਚਿਆ ਹੋਵੇਗਾ । ਮੈਂ ਫੁਲ ਸੈਂਸ ਆਫ ਰਿਸਪਾਂਸੇਬਿਲਿਟੀ ਨਾਲ ਕਹਿੰਦਾ ਹਾਂ ਕਿ ਸਾਡੇ ਕਾਮਰੇਡ ਮੈਂਬਰ ਨੇ ਇਹ ਦੋ ਰੁਪਏ ਦਾ ਕਵਾੜੀਆਂ ਕੋਲੋਂ ਖਰੀਦ ਕੇ ਲਿਆਂਦਾ ਹੈ । (ਸ਼ੋਰ) (ਵਿਘਨ) (ਇਸ ਵੇਲੇ ਕੁਝ ਸੁਣਾਈ ਨਹੀਂ ਦੇਂਦਾ ਹੈ)

ਸ੍ਰੀ ਸਪੀਕਰ: ਡਾਂਗ ਸਾਹਿਬ ਇਹ ਕੋਈ ਵਪਾਰੀ ਸਭਾ ਦਾ ਮੈਂਬਰ ਤਾਂ ਨਹੀਂ ਸੀ । (Was he a member of trader's organisation ?)

ਇਕ ਆਵਾਜ਼ : (ਵਪਾਰੀ ਨਹੀਂ ਹੋ ਸਕਦਾ) (ਸ਼ੋਰ) (ਵਿਘਨ)

ਸਰਦਾਰ ਸਰੂਪ ਸਿੰਘ : ਬਜਟ ਸਪੀਚ ਦੀਆਂ ਕਾਪੀਆਂ ਸਾਰੀਆਂ ਪੰਜਾਬੀ ਵਿਚ ਹਨ, ਜਥੇਦਾਰ ਨੇ ਕਿਸੇ ਨੂੰ ਵੇਚੀਆਂ ਹੋਣੀਆਂ ਹਨ । (ਵਿਘਨ)

ਇਕ ਆਵਾਜ਼ : ਚੋਰ ਕੀ ਦਾੜ੍ਹੀ ਮੇਂ ਤਿਨਕਾ ।

ਸ੍ਰੀ ਸਪੀਕਰ : ਇਸ ਦਾ ਮਤਲਬ ਇਹ ਹੋਇਆ ਕਿ ਜਿਸ ਦੀ ਦਾੜ੍ਹੀ ਨਹੀਂ ਉਹ ਤਾਂ ਕਦੇ ਚੋਰ ਬਣਦਾ ਹੀ ਨਹੀਂ ਹੈ । (It does not mean that the man who has got no beard cannot become a thief.)

ਕਾਮਰੇਡ ਸਤ ਪਾਲ ਡਾਂਗ : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਤਰੀਕਾ ਕੰਨਟਿਨਜੈਂਸੀ ਫੰਡ ਨੂੰ ਇਕ ਕਰੋੜ ਤੋਂ ਦੋ ਕਰੋੜ ਕਰਨ ਦਾ ਇਹ ਜਿਸ ਮਕਸਦ ਲਈ ਕੀਤਾ ਗਿਆ ਹੈ ਉਹ ਸਪਸ਼ਟ ਹੈ ਕਿ ਵਿਧਾਨ ਸਭਾ ਘੱਟ ਤੋਂ ਘੱਟ ਹੋਵੇ (ਵਿਘਨ) ਇਹ ਮਾੜੀ ਗਲ ਹੈ। ਇਹ ਗੈਰ ਵਾਜਬ ਗਲ ਹੈ ਡੈਮੋਕ੍ਰੇਟਿਕ ਵਿਧਾਨ ਸਭਾ ਦੇ ਫੰਕਸ਼ਨਿੰਗ ਨੂੰ ਅੰਡਰ ਮਾਈਨ ਕਰਦਾ ਹੈ। ਔਰ ਇਹ ਟੈਂਡੈਨਸੀ ਜੋ ਕਿ ਰੂਲਿੰਗ ਪਾਰਟੀ ਵਿਚ ਵਧ ਰਹੀ ਹੈ, ਇਹ ਪੰਜਾਬ ਲਈ (ਵਿਘਨ) ਹੈਲਦੀ ਨਹੀਂ। ਇਹ ਆਰਡੀਨੈਂਸ ਨੂੰ ਜ਼ਰੂਰ ਆਪੋਜ਼ ਕਰਨਾ ਚਾਹੀਦਾ ਹੈ।

WALK OUT

ਸ੍ਰੀ ਸਪੀਕਰ : ਚੌਧਰੀ ਬਲਬੀਰ ਸਿੰਘ (Chaudhri Balbir Singh)

(ਇਸ ਵੇਲੇ ਚੌਧਰੀ ਬਲਬੀਰ ਸਿੰਘ ਆਪਣੀ ਸੀਟ ਤੇ ਖੜੇ ਹੋ ਗਏ)

ਸ੍ਰੀ ਮਨਮੋਹਨ ਕਾਲੀਆ : ਪਿਛਲੀ ਦਫਾ ਤੁਸੀਂ ਮੈਨੂੰ ਕਿਹਾ ਸੀ ਕਿ ਸਾਡੀ ਪਾਰਟੀ ਦਾ ਨੰਬਰ ਤੀਸਰੇ ਨੰਬਰ ਤੇ ਆਉਂਦਾ ਹੈ। (ਵਿਘਨ)

ਸ੍ਰੀ ਸਪੀਕਰ: ਇਹ ਪੰਜ ਮਿਨਟ ਦੀ ਗਲ ਹੈ। (It is a question of only five minutes).

Shri Manmohan Kalia : It is the question of privilege of the Member

ਸ੍ਰੀ ਸਪੀਕਰ : ਤੁਹਾਡੇ ਡਿਸਅਪਰੂਵਲ ਦੀ ਮੋਸ਼ਨ ਮੇਰੇ ਨੋਟਿਸ ਵਿਚ ਨਹੀਂ ਸੀ। (Your disapproval motion was not in my notice.)

ਸ੍ਰੀ ਮਨਮੋਹਨ ਕਾਲੀਆ : ਮੈਂ ਪਹਿਲਾਂ ਮੂਵ ਕਰਾਂਗਾ ਤਾਂ ਹੀ ਡਿਸਕਸ਼ਨ ਹੋਏਗੀ।

ਸ੍ਰੀ ਸਪੀਕਰ : ਚੌਧਰੀ ਬਲਬੀਰ ਸਿੰਘ ਤੁਸੀਂ ਬੈਠ ਜਾਉ। (Chaudhri Balbir Singh may please resume his seat.)

ਚੌਧਰੀ ਬਲਬੀਰ ਸਿੰਘ : ਤੁਸੀਂ ਮੈਨੂੰ ਪਹਿਲਾਂ ਬੋਲਣ ਲਈ ਕਿਹਾ ਸੀ। ਮੈਂ ਅਮੈਂਡਮੈਂਟ ਦਿਤੀ ਸੀ। ਪਰ ਤੁਸੀਂ ਕਿਸੇ ਹੋਰ ਨੂੰ ਬੁਲਾ ਲਿਆ ਹੈ। ਇਕ ਆਦਮੀ ਜਿਸ ਨੇ ਕਿ ਕੋਈ ਅਮੈਂਡਮੈਂਟ ਨਹੀਂ ਦਿਤੀ ਉਸ ਨੂੰ ਤੁਸੀਂ ਪਹਿਲਾਂ ਬੁਲਾ ਲਿਆ ਹੈ। (ਵਿਘਨ)

ਸ੍ਰੀ ਸਪੀਕਰ : ਚੌਧਰੀ ਸਾਹਿਬ ਤੁਹਾਨੂੰ ਪਰਾਰਥਨਾ ਕੀਤੀ ਜਾਂਦੀ ਹੈ ਤੁਸੀ ਬੈਠ ਜਾਓ। (ਵਿਘਨ) (I request you to resume your seat.) (*Interruption*)

ਚੌਧਰੀ ਬਲਬੀਰ ਸਿੰਘ : ਤਸੀਂ ਇਕ ਰੌਡ ਇਸਤੇਮਾਲ ਕਰੋ ਸਭਾ ਦੇ ਵਾਸਤੇ (ਵਿਘਨ)

ਸ੍ਰੀ ਸਪੀਕਰ : ਚੌਧਰੀ ਸਾਹਿਬ ਤਸ਼ਰੀਫ ਰਖੋ। ਤੁਹਾਡਾ ਧੰਨਵਾਦ। (Chaudhri Sahib, please resume your seat. Thank you).

ਚੌਧਰੀ ਬਲਬੀਰ ਸਿੰਘ : ਮੈਂ ਤੁਹਾਡੇ ਕਹਿਣ ਤੇ ਬੈਠ ਨਹੀਂ ਰਿਹਾ ਬਲਕਿ ਬਾਹਰ ਜਾ ਰਿਹਾ ਹਾਂ (ਵਿਘਨ)

(ਇਸ ਵੇਲੇ ਚੌਧਰੀ ਬਲਬੀਰ ਸਿੰਘ ਹਾਊਸ ਵਿਚੋਂ ਬਾਹਰ ਚਲੇ ਗਏ)

RESOLUTION UNDER CLAUSE 2(a) OF ARTICAL 213 OF THE CONSTITUTION DISAPPROVING THE PUNJAB COUNTINGENCY FUND (AMENDMENT) ORDINANCE, 1970 (PUNJAB ORDINANCE NO. 11 OF 1970) AND THE PUNJAB CONTINGENCY FUND (AMENDMENT) BILL, 1971 ((*Resumption of Discussion*)

ਸ੍ਰੀ ਮਨਮੋਹਨ ਕਾਲੀਆ : ਸਪੀਕਰ ਸਾਹਿਬ, ਮੈਂ ਇਸ ਬਿਲ ਲਈ, ਇਸ ਆਰਡੀਨੈਂਸ ਵਾਸਤੇ ਖੜਾ ਹੋਇਆ ਹਾਂ । ਇਹ ਕਾਂਸਟੀਚੂਸ਼ਨ ਦੇ ਅੰਦਰ ਜੋ ਪ੍ਰੋਵੀਜ਼ਨ ਹੈ ਕੰਸਾਲੀਡੇਟਿਡ ਫੰਡ ਦੀ ਇਹ ਇਸ ਕਰਕੇ ਰਖੀ ਗਈ ਸੀ ਕਿ ਜੋ ਵੀ ਹਿਸਾਬ ਦਾ ਲੇਖਾ ਪਤਾ ਜੋ ਵੀ ਹੈ ਉਹ ਰੈਗੂਲਰ ਹੁੰਦਾ ਰਹੇ ਅਤੇ ਇਸ ਦੇ ਉਪਰ ਆਡੀਟਰ ਐਂਡ ਕੰਟਰੋਲਰ ਜਰਨਲ ਇਸ ਦਾ ਵੇਰਵਾ ਵੇਖੇ । ਰੇਲਵੇ ਦਾ ਬਜਟ ਇਲੈਹਦਾ ਹੈ (ਵਿਘਨ) ਇਸੇ ਤਰ੍ਹਾਂ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਦਾ ਵੀ ਇਲੈਹਦਾ ਬਜਟ ਹੈ। ਇਹ ਇੰਡੀਅਨ ਇਲੈਕਟ੍ਰਿਸਿਟੀ ਐਕਟ ਦੇ ਤਹਿਤ ਹੋਇਆ ਕਿ ਡਿਫਰੈਂਟ ਬੋਰਡ ਬਣੇ ਕਿਉਂਕਿ ਕੁਝ ਇਨ੍ਹਾਂ ਚੀਜ਼ਾਂ ਦੀ ਡਿਵੈਲਪਮੈਂਟ ਵਾਸਤੇ ਜਿਹੜਾ ਰੁਪਿਆ ਕੰਸਾਲੀਡੇਟਿਡ ਫੰਡ ਵਿਚੋਂ ਜਾਂਦਾ ਸੀ ਉਸ ਦੇ ਵਾਸਤੇ ਸੈਪਰੇਟ ਅਕਾਊਂਟ ਨਹੀਂ ਰੱਖ ਸਕਦੇ ਸੀ । ਉਹ ਸਾਰੇ ਦਾ ਸਾਰਾ ਕੰਸਾਲੀ-ਡੇਟਿਡ ਫੰਡ ਵਿਚੋਂ ਜਾਣਾ ਸੀ, ਇਸ ਨੂੰ ਰੈਗੂਲੇਟ ਕਰਨ ਵਾਸਤੇ ਫੇਰ ਇਲੈਕਟ੍ਰਿਸਿਟੀ ਬੋਰਡ ਦੀ ਡਿਵੈਲਪਮੈਂਟ ਵਾਸਤੇ ਇੰਡੀਅਨ ਇਲੈਕਟ੍ਰਿਸਿਟੀ ਐਕਟ ਬਣਿਆ । ਇਹ ਸੈਪਰੇਟ ਬਾਡੀ ਮੰਨੀ ਗਈ ਤਦ ਹੀ ਕੰਸਾਲੀਡੇਟਿਡ ਫੰਡ ਤੋਂ ਇਲਾਵਾ ਫੰਡ ਕਰੀਏਟ ਕੀਤਾ ਜਾ ਸਕਦਾ ਸੀ । ਆਈਨ ਦੇ ਮੁਤਾਬਿਕ ਹੋਰ ਕੋਈ ਸੈਪਰੇਟ ਫੰਡ ਕਰੀਏਟ ਨਹੀਂ ਕਰ ਸਕਦੇ । ਕੰਟਨਿਜੈਂਸੀ ਫੰਡ ਵਾਸਤੇ ਥੋੜਾ ਜਿਹਾ ਕਨਸੈਸ਼ਨ ਦਿਤਾ ਗਿਆ ਸੀ ਉਹ ਵੀ ਕਨਸੈਸ਼ਨ ਸਬਜੈਕਟ ਟੂ ਦੀ ਲੈਜਿਸਲੇਸ਼ਨ ਹੈ । ਇਥੇ ਮੇਰੇ ਫਾਜ਼ਲ ਦੋਸਤਾਂ ਨੇ ਇਹ ਵਿਊਜ਼ ਰਖੇ ਹਨ ਕਿ ਇਸ ਲਈ ਗਵਰਨਰ ਦੀ ਪਾਵਰਜ਼ ਹਨ । ਪਰ ਆਰਟੀਕਲ 206 ਵਿਚ ਬਿਲਕੁਲ ਇਸ ਚੀਜ਼ ਨੂੰ ਕਲੀਅਰ ਕਰ ਦਿਤਾ ਗਿਆ ਹੈ । ਮੈਂ ਆਰਟੀਕਲ 206 ਪੜ੍ਹਦਾ ਹਾਂ —:

that the Legislature of a State may by law establish a Contingency Fund.

ਇਹ ਹੈ ਜਿਸ ਦੇ ਉਪਰ ਗਵਰਨਰ ਆਰਡੀਨੈਂਸ ਨਹੀਂ ਕਰ ਸਕਦਾ ਹੈ । ਜੇ ਇਸ ਤੇ ਆਰਡੀ-ਨੈਂਸ ਹੋ ਸਕਦਾ ਹੈ ਤਾਂ ਫੇਰ ਇਲੈਕਸ਼ਨ ਆਫ ਦੀ ਸਪੀਕਰ ਅਤੇ ਇਲੈਕਸ਼ਨ ਆਫ ਦੀ ਡਿਪਟੀ ਸਪੀਕਰ ਤੇ ਵੀ ਆਰਡੀਨੈਂਸ ਹੋ ਸਕਦਾ ਹੈ । (ਵਿਘਨ) ਦਿਸ ਇਜ਼ ਆਲਸੋ ਐਕਟ ਆਫ ਦੀ ਸਟੇਟ। ਇਹ ਵੀ ਗਵਰਨਰ ਬਣਾ ਸਕਦਾ ਹੈ । ਪਰ ਇਹ ਚੀਜ਼ ਨਹੀਂ ਹੈ ਲੈਜਿਸਲੇਸ਼ਨ ਨੇ ਇਹ ਚੀਜ਼ ਬਨਾਉਣੀ ਹੈ। ਇਸ ਵਿਚ ਗਵਰਨਰ ਆਪਣੇ ਆਪ ਆਰਡੀਨੈਂਸ ਕਰਕੇ ਕੰਟਨਿਜੈਂਸੀ ਫੰਡ ਕਰੀਏਟ ਨਹੀਂ ਕਰ ਸਕਦਾ ਹੈ। (ਵਿਘਨ)ਅਗਰ ਗਵਰਨਰ ਕੰਨਟਜੰਸੀ ਫੰਡ ਬਾਈ ਆਰਡੀਨੈਂਸ ਨਹੀਂ ਕਰੀਏਟ ਕਰ ਸਕਦਾ ਤਾਂ ਫੇਰ ਇਹ ਬਾਈ ਅਮੈਂਡਮੈਂਟ ਵੀ ਇਹ ਫੰਡ ਕਰੀਏਟ ਨਹੀਂ ਕਰ ਸਕਦਾ ਹੈ । (ਵਿਘਨ)

Mr. Speaker : Mr. Kalia, I would like to know from you whether the election of the Speaker is a legislative measure ?

Shri Manmohan Kalia : It is an act of the Legislature. Legislative measure is also an act of the Legislature.

ਕੁਅਸਚਨ ਤਾਂ ਇਹ ਹੈ ਕਿ ਫਾਈਨਲ ਚੀਜ਼ ਕੀ ਹੈ । (ਵਿਘਨ) ਇਹ ਗਵਰਨਰ ਦੇ ਅਖ-ਤਿਆਰ ਵਿਚ ਨਹੀਂ ਹੈ ਕਿ ਉਹ ਬਾਈ ਆਰਡੀਨੈਂਸ ਕੰਟਨਿਜੈਂਸੀ ਫੰਡ ਕਰੀਏਟ ਕਰ ਸਕੇ । ਇਹ ਰਾਈਟ ਦ੍ਰਿਤਾ ਗਿਆ ਹੈ ਸਟੇਟ ਲੇਜਿਸਲੇਚਰ ਨੂੰ ਉਹ ਬਣਾਉਣ ਜਾਂ ਨਾ ਬਣਾਉਣ,

ਸ਼੍ਰੀ ਮਨਮੋਹਨ ਕਾਲੀਆ]

ਉਸ ਦੇ ਉਪਰ ਸਾਰੇ ਮੈਂਬਰਜ਼ ਨੂੰ ਰਾਈਟ ਦਿਤਾ ਜਾਣਾ ਚਾਹੀਦਾ ਹੈ ਉਸ ਨੂੰ ਅਪੋਜ਼ ਕਰਨ ਦਾ ਜਾਂ ਸਪੋਰਟ ਕਰਨ ਦਾ । ਇਹ ਕਲੀਅਰਲੀ 206 ਵਿਚ ਹੈ ਕਿ :

The Legislature of the State may by law establish a Contingency Fund.

ਇਸ ਕਰਕੇ ਸਪੈਸਿਫੀਕਲੀ ਜਿਹੜਾ ਸਕੋਪ ਆਫ ਦੀ ਲੈਜਿਸਲੇਚਰ ਹੈ, ਗਵਰਨਰ ਬਾਈ ਆਰਡੀਨੈਂਸ ਨਹੀਂ ਕਰ ਸਕਦਾ ਅਤੇ ਇਸ ਦੀ ਜਿਹੜੀ ਅਮੈਂਡਮੈਂਟ ਹੈ, ਉਹ ਬਾਈ ਆਰਡੀਨੈਂਸ ਨਹੀਂ ਹੋ ਸਕਦੀ। ਦੂਸਰਾ ਪੁਆਇੰਟ ਇਹ ਹੈ ਕਿ ਜਿਹੜਾ ਕਨਸੋਲੀਡੇਟਿਡ ਫੰਡ ਨੂੰ ਐਪਰੋਪਰੀਏਟ ਕਰਨਾ ਹੈ, ਉਸਦੇ ਵਿਚ ਕੰਸਟੀਚਿਊਸ਼ਨ ਵਿਚ ਪਰੋਵਾਈਡਿਡ ਹੈ, ਇਹ ਵੀ ਬਾਈ ਆਰਡੀਨੈਂਸ ਨਹੀਂ ਹੋ ਸਕਦਾ। ਇਸ ਪੁਆਇੰਟ ਦੇ ਹਿਸਾਬ ਨਾਲ ਇਹ ਬਿਲਕੁਲ ਇਲਲੀਗਲ ਹੈ ਅਤੇ ਅਨਕੰਸਟੀਟਿਊਸ਼ਨਲ ਹੈ । ਪਰ ਫਿਰ ਉਸ ਦੇ ਬਾਅਦ ਜਿਹੜਾ ਮੈਮੋਰੈਂਡਮ ਹੈ, ਇਸ ਦੇ ਨਾਲ ਪੇਸ਼ ਹੁੰਦਾ ਹੈ । ਸਟੇਟਮੈਂਟ ਆਫ ਆਬਜੈਕਟਸ ਐਂਡ ਰੀਜ਼ਨਜ਼ ਦੇ ਨਾਲ ਇਸ ਦੇ ਵਿਚ ਜਿਹੜਾ ਕੰਟਨਜੈਂਸੀ ਦਾ ਜ਼ਿਕਰ ਕੀਤਾ ਗਿਆ ਹੈ, ਉਹ ਐਸੇ ਰੀਜ਼ਨਜ਼ ਹਨ ਕਿ ਅਨਫੋਰਸੀਨ ਹਨ । ਜਾਂ ਤਾਂ ਐਸੀ ਚੀਜ਼ ਹੋਵੇ ਕਿ ਟੈਰੇਟਰੀ ਪੰਜਾਬ ਨੂੰ ਮਿਲ ਗਈ ਹੋਵੇ, ਕੋਈ ਜੰਗਲ ਮਿਲ ਗਿਆ ਹੋਵੇ, ਕੋਈ ਐਸਾ ਇਲਾਕਾ ਮਿਲ ਗਿਆ ਹੋਵੇ, ਔਰ ਉਸ ਦੀ ਡਿਵੈਲਪਮੈਂਟ ਕਰਨੀ ਹੋਵੇ, ਪਰ ਐਸੀ ਕੋਈ ਗੱਲ ਨਹੀਂ, ਅਜਿਹੀਆਂ ਚੀਜ਼ਾਂ ਵਾਸਤੇ ਤਾਂ ਕੋਈ ਨਹੀਂ ਰੱਖਿਆ ਗਿਆ। ਪਲਾਂਨਾ, ਸੜਕਾਂ ਆਦਿ ਦੀ ਸਕੀਮਾਂ ਵਾਸਤੇ ਤਾਂ ਬੱਜਟ ਦੇ ਵਿਚ ਪਰੋ-ਵੀਜ਼ਨ ਰੱਖੀ ਗਈ ਹੈ, ਉਹ ਵੱਧ ਘੱਟ ਕਰਨੀ ਹੋਵੇ ਤਾਂ ਸਪਲੀਮੈਂਟਰੀ ਗਰਾਂਟਸ ਰਾਹੀਂ ਇਨ੍ਹਾਂ ਨੂੰ ਲੈਣ ਦਾ ਹੱਕ ਹੈ ।

Owing to changing pattern of developmental activities as a result of the needs for development, it is not possible to provide for such items of development, in the Budget, the need for which may arise during the course of the year.

ਪਰ ਡੀਵੈਲਪਮੈਂਟ ਬਾਰੇ ਕੁਝ ਨਹੀਂ । ਮੈਂ ਕਹਿੰਦਾ ਹਾਂ ਕਿ ਇਕ ਵੀ ਮਿਸਾਲ ਐਫ. ਐਮ. ਸਾਹਿਬ ਦੇ ਦੇਣ,ਬੱਜਟ ਵਿਚ ਇਸ ਕਿਸਮ ਦੀ ਡੀਵੈਲਪਮੈਂਟ ਬਾਰੇ ਕੋਈ ਨਹੀਂ ਰੱਖਿਆ ਗਿਆ ਔਰ ਹੁਣ ਜਿਹੜਾ ਇਹ ਕੀਤਾ ਜਾ ਰਿਹਾ ਹੈ ਇਹ ਕੀ ਐਮਰਜੈਂਸੀ ਸੀ ਇਸ ਤਰ੍ਹਾਂ ਕਰਨ ਦੀ, ਇਹ ਨਹੀਂ ਹੋ ਸਕਦਾ । ਮੈਂ ਕਹਿੰਦਾ ਹਾਂ ਕਿ ਐਮਰਜੈਂਸੀ ਇਹ ਹੈ ਕਿ ਦੋ ਇਲੈਕਸ਼ਨਾਂ ਹੋ ਗਈਆਂ ਹਨ ਅਤੇ ਰੁਪਏ ਦੀ ਲੋੜ ਪੈ ਗਈ । ਉਨ੍ਹਾਂ ਦੋਨਾਂ ਇਲਾਕਿਆਂ ਵਿਚ ਖਰਚ ਕੀਤਾ ਗਿਆ ਹੈ । ਪਿਛੇ ਜਿਹੇ ਇਕ ਸਵਾਲ ਜਦ ਪੁੱਛਿਆ ਸੀ ਕਿ ਧਰਮਸ਼ਾਲਾਵਾਂ ਕੰਸਟੀਚਿਊਐਂਸੀ ਵਾਈਜ਼ ਕਿੰਨੀਆਂ ਸੈਂਕਸ਼ਨ ਹੋਈਆਂ ਹਨ ਅਤੇ ਕਿਹੜੇ ਕਿਹੜੇ ਹਲਕੇ ਵਿਚ ਧਰਮਸ਼ਾਲਾਂ ਬਣਾਈਆਂ ਗਈਆਂ, ਪਰ ਇਹ ਨਹੀਂ ਦਸਿਆ ਗਿਆ। ਜਿਸ ਇਲਾਕੇ ਵਿਚ ਇਹ ਦੋ ਇਲੈਕਸ਼ਨਾਂ ਹੋਈਆਂ, ਉਨ੍ਹਾਂ ਵਿਚ ਇਸ ਦਾ ਮੇਜਰ ਪੋਰਸ਼ਨ ਖਰਚ ਕੀਤਾ ਗਿਆ । ਹੁਣ ਜੇ ਕਿਤੇ ਬਾਰਿਸ਼ ਨਾ ਹੋਵੇ, ਖੁਸ਼ਕਸਾਲੀ ਹੋ ਜਾਵੇ ਜਾਂ ਕੋਈ ਹੋਰ ਐਮਰਜੈਂਸੀ ਹੋ ਜਾਵੇ, ਫਿਰ ਤਾਂ ਇਹ ਉਸ ਦੇ ਵਾਸਤੇ ਦਿੱਤਾ ਜਾ ਸਕਦਾ ਹੈ, ਲੇਕਿਨ ਇਸ ਕਿਸਮ ਦੀ ਡੀਵੈਲਪਮੈਂਟ ਵਾਸਤੇ,ਜਿਹੜੀ ਤਰੀਕ ਤੋਂ ਉਨ੍ਹਾਂ ਨੇ ਇਹ ਪਰੋਗਰਾਮ ਫੋਰਸ ਕੀਤਾ (ਵਿਘਨ) ਐਫ. ਐਮ. ਸਾਹਿਬ ਦਸਣ ਕਿ ਉਸਦੇ ਬਾਅਦ (ਵਿਘਨ) ਨਾਂ ਤਾਂ ਸੜਕਾਂ ਦੀ ਡੀਵੈਲਪਮੈਂਟ ਦਾ ਪਰੋਗਰਾਮ ਸੀ, ਨਾ ਧਰਮਸ਼ਾਲਾਵਾਂ ਦੀ ਡੀਵੈਲਪਮੈਂਟ ਦਾ ਪਰੋਗਰਾਮ ਸੀ, ਨਾ ਸ਼ਹਿਰਾਂ ਦੀ ਡੀਵੈਲਪਮੈਂਟ ਕਰਨ ਦਾ ਪਰੋਗਰਾਮ ਸੀ, ਜਿਸ ਵਾਸਤੇ ਇਨ੍ਹਾਂ ਨੇ ਰੁਪਿਆ ਰਖਿਆ ਹੈ । ਸੀ. ਐਮ. ਸਾਹਿਬ ਨੇ ਕਿਹਾ ਸੀ ਕਿ 2 ਕਰੋੜ ਰੁਪਿਆ ਅੰਮ੍ਰਿਤਸਰ

ਅਤੇ 50 ਲੱਖ ਰੁਪਿਆ ਜਲੰਧਰ ਵਾਸਤੇ ਹਨ। ਇਹ ਸਾਰੇ ਦਾ ਸਾਰਾ ਕੰਸੋਲੀਡੇਟਿਡ ਫੰਡ ਵਿਚੋਂ ਆਇਆ। (ਵਿਘਨ) ਬਾਕੀ ਪਾਣੀ ਵਾਸਤੇ ਅਤੇ ਕੰਡੀ ਏਰੀਆ ਵਾਸਤੇ ਕਿਹਾ ਜਾਂਦਾ ਹੈ। ਉਹ ਸਕੀਮ ਤਾਂ ਪਹਿਲੇ ਅੰਡਰ ਕੰਸਿਡਰੇਸ਼ਨ ਸੀ। ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਜਿਹੜਾ 1 ਕਰੋੜ ਤੋਂ ਵਧਾ ਕੇ 2 ਕਰੋੜ ਕੀਤਾ ਗਿਆ ਹੈ,ਇਹ ਠੀਕ ਨਹੀਂ ਹੈ। ਇਹ ਜਿਸ ਤਰੀਕੇ ਨਾਲ ਇਸ ਨੂੰ ਬਣਾਇਆ ਗਿਆ ਹੈ, ਇਹ ਅਨਕੰਸਟੀਚਿਊਸ਼ਨਲ ਹੈ। ਇਤਨੇ ਸ਼ਬਦ ਕਹਿੰਦਾ ਹੋਇਆ ਔਰ ਇਸ ਬਿਲ ਦੀ ਮੁਖਾਲਫਤ ਕਰਦਾ ਹੋਇਆ, ਮੈਂ ਬੈਠ ਜਾਂਦਾ ਹਾਂ।

ਸ੍ਰੀ ਗਿਆਨ ਚੰਦ ਖਰਬੰਦਾ (ਅੰਮ੍ਰਿਤਸਰ, ਪੂਰਬੀ): ਸਪੀਕਰ ਸਾਹਿਬ, ਮੈਂ ਇਸ ਆਰਡੀਨੈਂਸ ਔਰ ਇਸ ਬਿਲ ਦੀ ਮੁਖਾਲਫਤ ਕਰਨ ਵਾਸਤੇ ਖੜਾ ਹੋਇਆ ਹਾਂ। ਮੈਂ ਇਸ ਤੋਂ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ ਹਾਂ ਕਿ ਕਿਉਂਕਿ ਇਸ ਦੇ ਬਾਰੇ ਸਾਡੀ ਪਾਰਟੀ ਦੇ ਚੀਫ ਵਿੱਪ੍ਹ ਨੇ ਕਾਫੀ ਕੁਝ ਕਹਿ ਦਿਤਾ ਹੈ। ਕੋਈ ਵਜ੍ਹਾ ਨਜ਼ਰ ਨਹੀਂ ਆਉਂਦੀ ਇਸ ਬਿੱਲ ਦੀ ਸਪਲੀਮੈਂਟਰੀ ਐਸਟੀਮੇਟ ਪਾਸ ਹੋਣ ਦੇ ਬਾਅਦ। ਸਿਵਾਏ ਇਸ ਦੇ ਕਿ ਅਕਾਲੀ ਗੌਰਮਿੰਟ ਨੇ ਡਕਾਲਾ ਅਤੇ ਅਨੰਦਪੁਰ ਸਾਹਿਬ ਦੀਆਂ ਇਲੈਕਸ਼ਨਾਂ ਵਿਚ ਜੋ ਮਨਮਾਨੀਆਂ ਕਾਰਵਾਈਆਂ ਕੀਤੀਆਂ ਹਨ, ਮੈਂ ਉਨ੍ਹਾਂ ਨੂੰ ਦੇਖਿਆ ਹੈ, ਮੈਨੂੰ ਉਨ੍ਹਾਂ ਦਾ ਪਤਾ ਹੈ ਕਿ ਕਿਸ ਤਰ੍ਹਾਂ ਵਜ਼ੀਰਾਂ ਦੀ ਫੌਜ਼ ਨੇ ਉਥੇ ਧੁੰਮਾਂ ਪਾ ਦਿੱਤੀਆਂ। ਲੋਕਾਂ ਨੂੰ ਸੜਕਾਂ ਲਈ ਕਿਹਾ ਗਿਆ, ਵਾਅਦੇ ਕੀਤੇ ਗਏ, ਟਰੱਕ ਸੁਟਵਾਏ ਗਏ, ਉਸ ਦੇ ਬਾਅਦ ਸਕੂਲਾਂ ਵਾਸਤੇ ਵਾਅਦੇ ਕੀਤੇ ਗਏ, ਧਰਮਸ਼ਾਲਾਂ ਦੇ ਲਾਰੇ ਦਿਤੇ ਗਏ, ਗੰਨਜ਼ ਦੇ ਲਾਈਸੈਂਸ ਦੇਣ ਦੇ ਵਾਅਦੇ ਉਨ੍ਹਾਂ ਨਾਲ ਕੀਤੇ ਗਏ। (ਵਿਘਨ) ਮੈਂ ਕਦੇ ਵੀ ਇਰਰੈਲੇਵੈਂਟ ਨਹੀਂ ਬੋਲਿਆ ਅਤੇ ਨਾ ਹੀ ਬੋਲਾਂਗਾਂ। ਇਸ ਦੇ ਬਾਅਦ ਕੁਦਰਤੀ ਤੌਰ ਤੇ ਸ਼ੰਕਾ ਪੈਦਾ ਹੋਇਆ, ਹਰ ਸਵਾਲ ਕਰਦਾ ਹੈ, ਜਿਨ੍ਹਾਂ ਦੀ ਖਾਤਰ ਇਹ ਸਭ ਕੁਝ ਕੀਤਾ ਗਿਆ (ਵਿਘਨ) ਕਿਉਂਕਿ ਲੋਕ ਸਭਾ ਦੇ ਇਲੈਕਸ਼ਨ ਆ ਰਹੇ ਹਨ। ਮੈਂ ਦੱਸਦਾ ਹਾਂ ਕਿ ਡਕਾਲੇ ਵਿਚ ਜੋ ਕੁਝ ਹੋਇਆ ਇਸ ਨੂੰ ਦੇਖ ਕੇ ਸਾਰੇ ਲੋਕੀਂ ਇਹੋ ਕਹਿੰਦੇ ਹਨ ਕਿ ਸਾਡਾ ਐਮ. ਐਲ. ਏ. ਵੀ ਮਰੇ ਤਾਂ ਸਾਡੇ ਇਲਾਕੇ ਦੀ ਵੀ ਇਹੋ ਜਿਹੀ ਡੀਵੈਲਪਮੈਂਟ ਹੋਵੇਗੀ। (ਵਿਘਨ) (ਹਾਸਾ) ਲੋਕ ਸਭਾ ਦੇ ਇਲੈਕਸ਼ਨ ਹੋਣ ਵਾਲੇ ਹਨ। ਇਨ੍ਹਾਂ ਅਕਾਲੀਆਂ ਨੂੰ ਡਰ ਹੈ ਕਿ ਜਿਸ ਤਰ੍ਹਾਂ ਡਕਾਲਾ ਅਤੇ ਅਨੰਦਪੁਰ ਸਾਹਿਬ ਵਿਚ......(ਵਿਘਨ) ਅਗਰ ਵੋਟ ਲੈਣੇ ਹਨ ਤਾਂ ਉਸ ਦੇ ਲਈ ਕੋਈ ਪ੍ਰੋਗਰਾਮ ਨਹੀਂ ਹਨ, ਅਤੇ ਨਾਂ ਹੀ ਕੋਈ ਨੀਤੀ ਹੈ (ਵਿਘਨ) ਲੋਕਾਂ ਨੂੰ ਇਨ੍ਹਾਂ ਦੀਆਂ ਨੀਤੀਆਂ ਦਾ ਪਤਾ ਲੱਗ ਗਿਆ ਹੈ, ਇਨ੍ਹਾਂ ਦੀ ਫਿਰਕਾਪਰਸਤੀ ਦਾ ਲੋਕਾਂ ਨੂੰ ਪਤਾ ਲਗ ਗਿਆ ਹੈ। ਇਸ ਵਾਸਤੇ ਲੋਕ ਸਭਾ ਦੀ ਇਲੈਕਸ਼ਨ ਜਿੱਤਣ ਵਾਸਤੇ, ਲੋਕਾਂ ਨਾਲ ਝੂਠੇ ਵਾਅਦੇ ਕਰਨ ਕਾਰਨ, ਇਸ ਕੰਮ ਵਾਸਤੇ ਇਹ ਸਪੈਸ਼ਲ ਰੁਪਿਆ ਇਸ ਫੰਡ ਵਿਚੋਂ ਪਰੋਵਾਈਡ ਕੀਤਾ ਗਿਆ ਹੈ, ਅਤੇ ਜਿਸ ਦੀ ਕੋਈ ਜਸਟੀਫਿਕੇਸ਼ਨ ਨਹੀਂ ਹੈ। ਇਸ ਵਾਸਤੇ ਵਜ਼ੀਰਾਂ ਦੀ ਫੌਜ ਵਧਾਈ ਗਈ ਹੈ। ਅਤੇ ਉਥੇ ਇਨ੍ਹਾਂ ਦੇ ਵਜ਼ੀਰਾਂ ਦੀ ਫੌਜ ਨੇ ਕਿਸ ਤਰ੍ਹਾਂ ਧਾਵੇ ਕੀਤੇ.....(ਵਿਘਨ) ਪੰਜਾਬ ਦੀ ਬਿਹਤਰੀ ਵਾਸਤੇ ਕੁੱਝ ਸੋਚਣਾ ਚਾਹੀਦਾ ਹੈ, ਇਸ ਤਰ੍ਹਾਂ ਨਜਾਇਜ਼ ਰੁਪਿਆ ਇਸਤੇਮਾਲ ਕਰਕੇ ਗਰੀਬਾਂ ਦਾ ਗਲਾ ਨਾ ਘੁਟਿਆ ਜਾਵੇ। ਇਸ ਤਰ੍ਹਾਂ ਲੋਕਾਂ ਤੇ ਟੈਕਸ ਲਗਾਏ ਜਾਂਦੇ ਹਨ.....(ਵਿਘਨ)

ਸਾਥੀ ਰੂਪ ਲਾਲ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਹੁਣੇ ਹੁਣੇ ਮੇਰੇ ਮਾਨਯੋਗ ਮੈਂਬਰ ਨੇ ਕਿਹਾ ਹੈ ਕਿ ਵਜ਼ੀਰਾਂ ਦੀ ਫੌਜ। ਮੈਨੂੰ ਸਮਝ ਨਹੀਂ ਆਉਂਦੀ ਕਿ ਹੁਣ ਇਹ ਵਜ਼ੀਰਾਂ ਦੀ ਫੌਜ ਹੋ ਗਈ ਪਰ ਸਪੋਰਟ ਤਾਂ ਇਹ ਇਨ੍ਹਾਂ ਦੀ ਆਪ ਕਰਦੇ ਹਨ। ਹੁਣ ਇਨ੍ਹਾਂ ਨੂੰ ਵਜ਼ੀਰਾਂ ਦੀ ਫੌਜ ਚੇਤੇ ਆਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਕਿਹੜਾ ਪ੍ਰੋਗਰਾਮ ਸੀ, ਇਹ ਤਾਂ ਲੋਕਾਂ ਨੂੰ ਲੁੱਟਦੇ ਰਹੇ ਹਨ।

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਸ੍ਰੀ ਗਿਆਨ ਚੰਦ ਖਰਬੰਦਾ : ਇਸ ਵਾਸਤੇ ਕਿਉਂਕਿ ਇਨ੍ਹਾਂ ਕੋਲ ਕੋਈ ਪ੍ਰੋਗਰਾਮ ਨਹੀਂ... (ਵਿਘਨ)

ਸਰਦਾਰ ਸਰੂਪ ਸਿੰਘ : ਪੁਆਇੰਟ ਆਫ ਆਰਡਰ ਸਰ। ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਅਕਾਲੀਆਂ ਦਾ ਕੋਈ ਪ੍ਰੋਗਰਾਮ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਕੋਲ ਅਗਨ ਕੁੰਡ ਬਣਾਉਣ ਅਤੇ ਅਗਨ ਕੁੰਡ ਢਾਹੁਣ ਦਾ ਪ੍ਰੋਗਰਾਮ ਹੈ। (ਵਿਘਨ)

ਸ੍ਰੀ ਗਿਆਨ ਚੰਦ ਖਰਬੰਦਾ : ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦਾ ਕੋਈ ਪ੍ਰੋਗਰਾਮ ਨਹੀਂ ਹੈ। ਔਰ ਮੌਜੂਦਾ ਇਨ੍ਹਾਂ ਦੇ ਦੌਰਿਆਂ ਨਾਲ ਇਨ੍ਹਾਂ ਨੂੰ ਯਕੀਨ ਹੋ ਗਿਆ ਹੈ ਕਿ (ਵਿਘਨ) ਇਨ੍ਹਾਂ ਦੀਆਂ ਜਿਹੜੀਆਂ ਫਿਰਕੇਦਾਰਾਨਾ ਪਾਲਿਸੀਆਂ ਹਨ, ਉਨ੍ਹਾਂ ਨੂੰ ਵੇਖ ਕੇ ਆਮ ਪੜ੍ਹੇ ਲਿਖੇ ਲੋਕਾਂ ਨੇ ਇਨ੍ਹਾਂ ਨੂੰ ਵੋਟ ਨਹੀਂ ਪਾਉਣਾ। (ਵਿਘਨ) ਇਸ ਕਰਕੇ ਇਹ ਵੋਟਾਂ ਮੁੱਲ ਲੈਣ ਵਾਸਤੇ ਉਨ੍ਹਾਂ ਨੂੰ ਲਾਲਚ ਦੇਣਾ ਚਾਹੁੰਦੇ ਹਨ ਅਤੇ ਦਿੰਦੇ ਰਹੇ, ਇਸੇ ਕਰਕੇ ਹੀ ਇਹ ਰੁਪਿਆ ਪ੍ਰੋਵਾਈਡ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਜਿਹੜੇ ਪੰਜਾਬ ਦੀ ਭਲਾਈ ਸੋਚਣ ਵਾਲੇ ਹਨ, ਉਹ ਸਾਰੇ ਇਸ ਬਿੱਲ ਦੀ ਮੁਖਾਲਫਤ ਕਰਨਗੇ ਜਿਹੜਾ ਕਿ ਇਹ ਸਭ ਪਾਵਰਜ਼ ਲੈਣ ਲੱਗੇ ਹਨ ਲੋਕ ਸਭਾ ਦੇ ਇਲੈਕਸ਼ਨ ਵਾਸਤੇ... ।

ਸ੍ਰੀ ਸਪੀਕਰ : ਸਾਢੇ 6 ਵਜੇ ਤੱਕ ਇਹ ਬਿਜ਼ਨੈਸ ਖਤਮ ਨਹੀਂ ਹੋਣਾ। ਇਸ ਲਈ ਅਜ ਸਦਨ 7 ਵਜੇ ਤਕ ਚੱਲੇਗਾ। (Since the business of the House will not be completed by 6-30 P.M., the time of the sitting of the House is extended upto 7.00 P.M.)

(ਵਿਰੋਧੀ ਬੈਂਚਾਂ ਵਲੋਂ ਆਵਾਜ਼ਾਂ : ਨਹੀਂ ਜੀ)

ਵਿੱਤ ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ ਕਨਟਿਨਜੈਂਸੀ ਫੰਡ ਬਿਲ ਹੈ ਇਹ ਬੜਾ ਇਨੋਸੈਂਟ ਜਿਹਾ ਬਿਲ ਹੈ ਜਿਸ ਤਰ੍ਹਾਂ ਕਿ ਮੈਂ ਪਹਿਲਾਂ ਵੀ ਐਕਸਪਲੇਨ ਕਰ ਚੁਕਾ ਹਾਂ। ਸਪੀਕਰ ਸਾਹਿਬ, 1950 ਵਿਚ ਕਾਨਸਟੀਚਿਊਸ਼ਨ ਦੇ ਆਰਟੀਕਲ 267 ਦੇ ਤਹਿਤ ਇਸ ਫੰਡ ਵਾਸਤੇ 50 ਲੱਖ ਰੁਪਿਆ ਰਖਿਆ ਗਿਆ ਸੀ ਔਰ ਉਸ ਦੇ ਬਾਅਦ ਫਿਰ 1956 ਵਿਚ ਇਸ ਚੀਜ਼ ਨੂੰ ਅਨੁਭਵ ਕਰਦਿਆਂ ਕਿ ਇਹ ਅਨਫੋਰਸੀਨ ਐਕਸਪੈਂਡੀਚਰ ਜ਼ਿਆਦਾ ਹਨ ਔਰ ਪੈਸੇ ਦੀ ਕੀਮਤ ਘਟ ਗਈ ਹੈ ਔਰ ਕਈ ਨਵੀਆਂ ਯੋਜਨਾਵਾਂ ਬਣਾਉਣੀਆਂ ਹੁੰਦੀਆਂ ਹਨ ਇਸ ਚੀਜ਼ ਨੂੰ ਮੁਖ ਰਖਦੇ ਹੋਏ ਉਸ ਜ਼ਮਾਨੇ ਦੀ ਸਰਕਾਰ ਨੇ ਇਸ 50 ਲੱਖ ਰੁਪਏ ਦੀ ਰਕਮ ਨੂੰ ਵਧਾ ਕੇ ਇਕ ਕਰੋੜ ਰੁਪਿਆ ਕਰ ਦਿਤਾ ਸੀ। ਅੱਜ, ਸਪੀਕਰ ਸਾਹਿਬ, 14 ਸਾਲ ਬਾਅਦ ਮੌਜੂਦਾ ਸਰਕਾਰ ਨੇ ਇਹ ਮਹਿਸੂਸ ਕੀਤਾ ਕਿ ਕਈ ਸਕੀਮਾਂ ਪੰਜ ਸਾਲਾ ਪਲੈਨ ਵਿਚ ਨਹੀਂ ਹੁੰਦੀਆਂ, ਔਰ ਜਿਹੜੀਆਂ ਬਾਅਦ ਵਿਚ ਪਾਉਣੀਆਂ ਪੈਂਦੀਆਂ ਹਨ ਔਰ ਇਹ ਜਿਹੜਾ ਅਨਫੋਰਸੀਨ ਐਕਸਪੈਂਡੀਚਰ ਹੈ ਉਨ੍ਹਾਂ ਵਾਸਤੇ ਇਕ ਕਰੋੜ ਰੁਪਿਆ ਥੋੜਾ ਹੈ। 1970 ਵਿਚ ਇਨ੍ਹਾਂ ਚੀਜ਼ਾਂ ਨੂੰ ਮੁਖ ਰਖ ਕੇ ਦੋ ਕਰੋੜ ਰੁਪਿਆ ਕਰਕੇ ਇਹ ਬਿਲ ਇਸ ਸਦਨ ਵਿਚ ਪੇਸ਼ ਕੀਤਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਹਾਊਸ ਦੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਕੰਟਿਨਜੈਂਸੀ ਫੰਡ ਨੂੰ ਜਿਹੜਾ ਇਨਕਰੀਜ਼ ਕੀਤਾ ਹੈ ਇਹ ਸਿਰਫ ਪੰਜਾਬ ਵਿਚ ਹੀ ਨਹੀਂ ਹੋਇਆ। ਮੈਨੂੰ ਇਹ ਦੱਸਕੇ ਤਸੱਲੀ ਹੁੰਦੀ ਹੈ ਕਿ ਥੋੜਾ ਚਿਰ ਹੀ ਹੋਇਆ ਹੈ ਕਿ ਹਿੰਦੁਸਤਾਨ ਦੀ ਸਰਕਾਰ ਨੇ 15 ਕਰੋੜ ਰੁਪਏ ਦੀ ਰਕਮ ਤੋਂ ਇਸ ਕੰਟਿਨਜੈਂਸੀ ਫੰਡ

ਦੀ ਰਕਮ ਨੂੰ 30 ਕਰੋੜ ਰੁਪਿਆ ਕਰ ਦਿੱਤਾ ਹੈ। (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਫਿਰ, ਸਪੀਕਰ ਸਾਹਿਬ, ਇਹ ਜਿਹੜਾ ਦੋ ਕਰੋੜ ਰੁਪਿਆ ਹੈ ਮੇਰੀ ਅਰਜ਼ ਹੈ ਕਿ ਇਸ ਦੇ ਵਿਚੋਂ 90 ਹਜ਼ਾਰ ਰੁਪਿਆ ਅਸੀਂ ਮਾਡਲ ਵਿਲੇਜ ਸਕੀਮ ਵਾਸਤੇ ਰਖਿਆ ਹੈ। (ਥੰਪਿੰਗ) ਇਸ ਕਰਕੇ, ਸਪੀਕਰ ਸਾਹਿਬ, ਇਹ ਜਿਹੜੇ ਮੇਰੇ ਦੋਸਤਾਂ ਨੂੰ ਫਿਕਰ ਪਿਆ ਹੋਇਆ ਹੈ ਕਿ ਇਹ ਅਲੈਕਸ਼ਨਜ਼ ਕਰਕੇ ਕੀਤਾ ਜਾ ਰਿਹਾਂ ਹੈ ਮੈਂ ਉਨ੍ਹਾਂ ਨੂੰ ਤੁਹਾਡੇ ਰਾਹੀਂ ਦਸਣਾ ਚਾਹੁੰਦਾਂ ਹਾਂ ਕਿ ਕਨਟਿਨਜੈਂਸੀ ਫੰਡ ਦਾ ਇਸ ਨਾਲ ਕੋਈ ਤੱਲਕ ਨਹੀਂ। ਕਨਟਿਨਜੈਂਸੀ ਫੰਡ ਜਿਸ ਤਰ੍ਹਾਂ ਕਿ ਇਸ ਦੇ ਵਿਚ ਦਸਿਆ ਹੈ ਨਵੀਆਂ ਯੋਜਨਾਵਾਂ ਨੂੰ ਵਿਚ ਪਾਉਣ ਵਾਸਤੇ ਔਰ ਪੈਸੇ ਦੀ ਜੋ ਕੀਮਤ ਘੱਟੀ ਹੈ ਜਿਥੇ ਅਗੇ 10 ਰੁਪਏ ਖਰਚ ਹੁੰਦਾ ਸੀ ਹੁਣ 20, 25, 30 ਰੁਪਏ ਖਰਚ ਹੁੰਦੇ ਹਨ ਇਨ੍ਹਾਂ ਨੂੰ ਸਾਹਮਣੇ ਰਖ ਕੇ ਪੇਸ਼ ਕੀਤਾ ਗਿਆ ਹੈ। ਇਹ ਬਿਲ ਇਸ ਕਰਕੇ ਬਣਾਇਆ ਹੈ ਤਾਕਿ ਸਟੇਟ ਦੀ ਤਰੱਕੀ ਜ਼ਿਆਦਾ ਹੋ ਸਕੇ। ਇਹ ਜਿਹੜਾ ਬਿਲ ਹੈ ਇਸ ਦਾ ਮਕਸਦ ਹੈ ਕਿ ਸਾਡੀ ਸਟੇਟ ਦੀ ਤਰੱਕੀ ਹੋਵੇ। ਇਸ ਕਰਕੇ ਮੈਂ ਸਦਨ ਨੂੰ ਬੇਨਤੀ ਕਰਾਂਗਾ ਕਿ ਇਸ ਬਿਲ ਨੂੰ ਪਾਸ ਕਰ ਦਿੱਤਾ ਜਾਵੇ।

Mr. Speaker : Question is—

> That this House disapproves the Punjab Contingency Fund (Amendment) Ordinance, 1970 (Punjab Ordinance No. 11 of 1970).

The motion was lost

Mr. Speaker: Question is—

> That the Punjab Contingency Fund (Amendment) Bill be taken into consideration at once.

After ascertaining the votes of the House by voices, Mr. Speaker said 'I think Ayes have it'. This opinion was challenged.
The bells were sounded. The question was put again and Mr. Speaker said 'I think Ayes have it, Again it was challenged. The Members were asked to rise in their places. Forty-nine Members rose in support of the motion and thirty-two against the motion. The motion was declared carried.

The motion was carried.

Mr. Speaker : Now the House will proceed to consider the Bill Clause by Clause.

Voices : All the clauses of the Bill may be put to the vote of the House together.

Mr. Speaker : Since it is the sense of the House, I will put all the Clauses of the Bill to the vote of the House together.

CLAUSES 2, 3 AND 1

Mr. Speaker : Question is—

> That Clauses 2, 3 and 1 stand part of the Bill.

The motion was carried.

TITLE

Mr. Speaker : Question is—

That Title be the Title of the Bill.

The motion was carried

Minister for Finance (Sardar Balwant Singh): Sir, I beg to move—

That the Punjab Contingency Fund (Amendment) Bill be passed.

Mr. Speaker : Motion moved—

That the Punjab Contingency Fund (Amendment) Bill be passed.

Mr. Speaker : Question is—

That the Punjab Contingency Fund (Amendment) Bill be passed.

The motion was carried.

THE PUNJAB GRAM PANCHAYAT (AMENDMENT) BILL, 1971.

Minister of State for Community Development and Panchayati Raj (Sardar Satnam Singh Bajwa) : Sir, I beg to move—

That the Punjab Gram Panchayat (Amendment) Bill be taken into consideration at once.

Mr. Speaker : Motion moved—

That the Punjab Gram Panchayat (Amendment) Bill be taken into consideration at once.

ਸ੍ਰੀ ਸਪੀਕਰ: ਡਾਂਗ ਸਾਹਿਬ, ਤੁਹਾਡੀ ਅਮੈਂਡਮੈਂਟ ਸੀ । (Dang Sahib may move his amendment.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰੀ ਸਿਲਕਟ ਕਮੇਟੀ ਵਾਲੀ ਅਮੈਂਡਮੈਂਟ ਸੀ। ਮੇਰੀ ਅਮੈਂਡਮੈਂਟ ਇਹ ਹੈ ਕਿ ਇਹ ਜਿਹੜਾ ਬਿਲ ਹੈ ਸਿਲੈਕਟ ਕਮੇਟੀ ਦੇ ਸਪੁਰਦ ਕਰ ਦਿਤਾ ਜਾਏ, ਜਿਸ ਦੇ ਮੈਂਬਰ ਮਨਿਸਟਰ ਸਾਹਿਬ ਹੋ ਜਾਣ, ਸਰਦਾਰ ਗੁਰਬੰਤਾ ਸਿੰਘ ਜੀ ਹੋ ਜਾਣ, ਸਰਦਾਰ ਕੁਲਵੰਤ ਸਿੰਘ ਜੀ ਹੋ ਜਾਣ, ਚੌਧਰੀ ਬਲਬੀਰ ਸਿੰਘ, ਸਰਦਾਰ ਕਿਰਪਾਲ ਸਿੰਘ ਜੀ ਅਤੇ ਸ੍ਰੀ ਮਨਮੋਹਨ ਕਾਲੀਆ ਜੀ ਹੋ ਜਾਣ । ਸਪੀਕਰ ਸਾਹਿਬ, ਇਹ ਜਿਹੜਾ ਬਿਲ ਹੈ ਇਸ ਵਿਚ ਕਈ ਗਲਾਂ ਇਹੋ ਜਿਹੀਆਂ ਹਨ, ਜਿਹੜੀਆਂ ਕੰਟਰੋਵਰਸ਼ੀਅਲ ਹਨ, ਉਹ ਦਰੁਸਤ ਨਹੀਂ ਹਨ ।

ਜਿਹੜਾ ਇਸ ਬਿਲ ਵਿਚ ਇਹ ਹੈ ਕਿ 5 ਸੌ ਦੀ ਆਬਾਦੀ ਦੀ ਥਾਂ 2 ਸੌ ਦੀ ਆਬਾਦੀ ਦੀ ਵਖਰੀ ਪੰਚਾਇਤ ਹੋ ਜਾਵੇ ਇਹ ਠੀਕ ਹੈ, ਬੇਸ਼ਕ ਕਰ ਦੇਣ। ਜਿਹੜਾ ਇਹ ਹੈ 5 ਮੈਂਬਰਾਂ ਦੀ ਪੰਚਾਇਤ ਦਾ ਅਤੇ 11 ਮੈਂਬਰਾਂ ਦੀ ਪੰਚਾਇਤ ਦਾ ਇਹ ਵੀ ਠੀਕ ਹੈ । ਔਰਤ ਮੈਂਬਰ ਲਈ ਇਕ ਪ੍ਰੋਸੀਜਰ ਸੀ ਉਸ ਵਿਚ ਤਬਦੀਲੀ ਕੀਤੀ ਹੈ ਕੋਈ ਇਤਰਾਜ਼ ਨਹੀਂ । ਲੇਕਿਨ, ਸਪੀਕਰ ਸਾਹਿਬ, ਇਸ ਬਿਲ ਵਿਚ

ਜਿਹੜੀ ਉਚੇਚੀ ਤਬਦੀਲੀ ਕੀਤੀ ਗਈ ਹੈ, ਉਹ ਇਹ ਹੈ ਕਿ ਸਰਪੰਚ ਦੀ ਚੋਣ ਜਿਹੜੇ ਸਾਰੇ ਪਿੰਡ ਦੇ ਵੋਟਰਜ਼ ਹਨ, ਉਹ ਨਾ ਕਰਨ, ਉਨ੍ਹਾਂ ਦੀ ਥਾਂ ਜਿਹੜੇ ਪੰਚ ਚੁਣੇ ਜਾਣ ਉਹ ਸਰਪੰਚ ਚੁਣਿਆ ਕਰਨ, ਮੈਂ ਸਮਝਦਾ ਹਾਂ ਕਿ ਇਹ ਗੱਲ ਚੰਗੀ ਨਹੀਂ ਹੈ । ਘੱਟੋ ਘਟ ਇਹ ਗਲ ਬੜੀ ਕੰਟਰੋਵਰਸ਼ੀਅਲ ਹੈ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਯਾਦ ਕਰਾਉਣਾ ਚਾਹਵਾਂਗਾ ਕਿ ਪਹਿਲਾਂ ਇਹੋ ਚੀਜ਼ ਹੁੰਦੀ ਸੀ, ਜਿਹੜੀ ਚੀਜ਼ ਹੁਣ ਸਰਕਾਰ ਲਿਆਉਣਾ ਚਾਹੁੰਦੀ ਹੈ । ਇਕ ਸਮੇਂ ਪਹਿਲਾਂ ਵੀ ਪੰਚ ਹੀ ਸਰਪੰਚ ਚੁਣਦੇ ਸਨ । ਮੈਂ ਆਪਣੇ ਤਜਰਬੇ ਦੀ ਬਿਨਾ ਤੇ ਕਹਿ ਸਕਦਾ ਹਾਂ ਕਿ ਉਸ ਸਿਸਟਮ ਦੇ ਨਤੀਜੇ ਚੰਗੇ ਨਹੀਂ ਸਨ ਨਿਕਲੇ ਅਤੇ ਉਸ ਤੋਂ ਬਾਅਦ ਇਹ ਹੋਇਆ ਕਿ ਸਾਰਾ ਪਿੰਡ ਹੀ ਸਰਪੰਚ ਚੁਣਿਆ ਕਰੇ ਚੋਣਾਂ ਹੁੰਦੀਆਂ ਰਹੀਆਂ ਅਤੇ ਸਾਰੇ ਵੋਟਰ ਸਰਪੰਚ ਚੁਣਦੇ ਰਹੇ । ਮੈਂ ਦਸ ਸਕਦਾ ਹਾਂ ਕਿ ਪਹਿਲਾਂ ਤਜਰਬਾ ਜਿਹੜਾ ਸਾਰੇ ਵੋਟਰਾਂ ਵਾਲਾ ਹੈ ਉਹ ਕਾਮਯਾਬ ਰਿਹਾ ਹੈ ।

ਸਪੀਕਰ ਸਾਹਿਬ, ਮੈਂ ਮਿਸਾਲਾਂ ਦੇ ਕੇ ਸਾਬਤ ਕਰਾਂਗਾ ਕਿ ਇਹ ਜਿਹੜਾ ਸਿਸਟਮ ਹੁਣ ਗੌਰਮੈਂਟ ਸਰਪੰਚ ਦੀ ਚੋਣ ਬਾਰੇ ਕਰਨਾ ਚਾਹੁੰਦੀ ਹੈ ਡਿਫੈਕਟਿਵ ਹੈ । ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਦੀਆਂ ਚੋਣਾਂ ਇੰਡਾਇਰੈਕਟ ਹੁੰਦੀਆਂ ਹਨ । ਉਨ੍ਹਾਂ ਦੀ ਚੋਣ ਸੰਮਤੀਆਂ ਦੇ ਮੈਂਬਰ ਕਰਦੇ ਹਨ । ਪਿਛਲੀ ਵਾਰੀ ਜਦੋਂ ਇਹ ਚੋਣਾਂ ਹੋਈਆਂ ਤਾਂ ਲਖਾਂ ਰੁਪਏ ਖ਼ਰਚ ਕੀਤੇ ਗਏ ਸੰਮਤੀ ਦੇ ਮੈਂਬਰਾਂ ਨੂੰ ਖ਼ਰੀਦਣ ਲਈ ਅਤੇ ਜਿਹੜੇ ਨਹੀਂ ਖਰੀਦੇ ਗਏ, ਉਨ੍ਹਾਂ ਨੂੰ ਫੜ ਕੇ ਡਕ ਦਿਤਾ ਗਿਆ, ਉਨ੍ਹਾਂ ਨੂੰ ਉਨਾਂ ਚਿਰ ਤਕ ਅੰਦਰ ਰਖਿਆ ਗਿਆ, ਜਿਨ੍ਹਾਂ ਚਿਰ ਤਕ ਵੋਟਾਂ ਪੈ ਨਹੀਂ ਗਈਆਂ । ਇਥੇ ਵੀ ਇਸੇ ਤਰ੍ਹਾਂ ਹੋਇਆ ਕਰੇਗਾ । ਬੰਦੇ ਖਰੀਦੇ ਜਾਇਆ ਕਰਨਗੇ ਅਤੇ ਜਿਹੜੇ ਮਾੜੇ ਬੰਦੇ ਹੋਣਗੇ ਉਹ ਸਰਪੰਚ ਬਣ ਜਾਇਆ ਕਰਨਗੇ । ਵੈਸੇ ਸਾਰੇ ਪਿੰਡ ਵਿਚੋਂ 5 : 10 ਨੂੰ ਤਾਂ ਖ਼ਰੀਦਿਆਂ ਜਾ ਸਕਦਾ ਹੈ ਪਰ ਸਾਰੇ ਪਿੰਡ ਨੂੰ ਖ਼ਰੀਦਣਾ ਮੁਸ਼ਕਲ ਹੁੰਦਾ ਹੈ ਯਾਨੀ ਅਕਸਰੀਅਤ ਨਹੀਂ ਖਰੀਦੀ ਜਾ ਸਕਦੀ ਹੁੰਦੀ (ਵਿਘਨ)

Mr. Speaker : Motion moved—

That the Punjab Gram Panchayat (Amendment) Bill, 1971, be referred to a Select Committee consisting of—

(1) Sardar Satnam Singh Bajwa, Minister-in-charge of the Bill.

(2) Master Gurbanta Singh.

(3) Comrade Kulwant Singh.

(4) Shri Manmohan Kalia.

(5) Chaudhri Balbir Singh.

(6) Sardar Kirpal Singh

with a direction to make a report by the 15th March, 1971.

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਐਮ. ਐਲ. ਏਜ਼ ਨੂੰ ਜਨਤਾ ਚੁਣ ਕੇ ਘਲਦੀ ਹੈ । ਅਤੇ ਅਗੋਂ ਐਮ. ਐਲ. ਏਜ਼ ਚੀਫ਼ ਮਨਿਸਟਰ ਚੁਣਦੇ ਹਨ । ਡਾਂਗ ਸਾਹਿਬ ਦੇ ਖ਼ਿਆਲ ਦੇ ਮੁਤਾਬਕ ਚੀਫ਼ ਮਨਿਸਟਰ ਵੀ ਜਨਤਾ ਚੁਣ ਕੇ ਘਲਿਆ ਕਰੇ । ਮੈਂ ਸਮਝਦਾ ਹਾਂ ਕਿ ਸਰਕਾਰ ਨੇ ਇਹ ਬੜੀ ਸਿਆਣੀ ਗਲ ਕੀਤੀ ਹੈ ਕਿ ਜਿਹੜੇ ਪੰਚ ਹਨ ਉਹ ਸਰਪੰਚ ਚੁਣਿਆ ਕਰਨ, ਨਹੀਂ ਤਾਂ ਜਿਹੜਾ ਮਾੜਾ ਸਰਪੰਚ ਆ ਜਾਵੇ, ਉਹ ਪੰਜ ਸਾਲ ਤਕ ਬਦਲਿਆ ਹੀ ਨਹੀਂ ਜਾ ਸਕਦਾ, ਇਹ ਠੀਕ ਨਹੀਂ (ਵਿਘਨ)

Mr. Speaker : This is no point of order.

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਅਸੀਂ ਕੰਟੀਨ ਵਿਚ ਬੈਠੇ ਸੀ, ਉਥੇ ਘੰਟੀ ਨਹੀਂ ਵਜੀ । ਮੈਂ ਵੀ ਉਥੇ ਸੀ ਅਤੇ ਕਾਲੀਆ ਸਾਹਿਬ ਵੀ ਉਥੇ ਸਨ । ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅਗੋਂ ਤੋਂ ਇਸ ਤਰ੍ਹਾਂ ਨਾ ਹੋਵੇ ।

ਸ੍ਰੀ ਸਪੀਕਰ : ਇਸ ਦਾ ਪ੍ਰਬੰਧ ਕਰ ਦਿੰਦੇ ਹਾਂ । (Necessary arrangements will be made.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਅਗਰ ਇਸ ਤਰ੍ਹਾਂ ਸਰਪੰਚਾਂ ਦੀ ਚੋਣ ਹੋਵੇਗੀ ਤਾਂ ਜਿਨੇ ਵੀ ਮਾੜੇ ਬੰਦੇ ਹੋਣਗੇ ਜਾਂ ਧਨੀ ਬੰਦੇ ਹੋਣਗੇ, ਉਹ ਪੰਚਾਇਤਾਂ ਤੇ ਕਾਬਜ਼ ਹੋ ਜਾਣਗੇ । ਅਗਰ ਸਾਰਾ ਪਿੰਡ ਸਰਪੰਚ ਚੁਣਦਾ ਹੈ ਤਾਂ ਉਸ ਵਿਚ ਗ਼ਰੀਬ ਦਾ ਸਕੋਪ ਵੀ ਹੋ ਸਕਦਾ ਹੈ ਅਤੇ ਹਰੀਜਨ ਮੈਂਬਰ ਵੀ ਚੁਣਿਆ ਜਾ ਸਕਦਾ ਹੈ । ਇਸ ਬਾਰੇ ਦਲੀਲ ਦਿਤੀ ਜਾ ਸਕਦੀ ਹੈ ਕਿ ਅਜਿਹੇ ਚੁਣਾਓ ਵਿਚ ਕਈ ਵਾਰੀ ਇਹ ਹੋ ਸਕਦਾ ਹੈ ਕਿ ਸਰਪੰਚ ਇਕ ਰਾਏ ਦਾ ਹੋਵੇ ਅਤੇ ਪੰਚ ਸਾਰੇ ਹੋਰ ਰਾਏ ਦੇ ਹੋਣ ਅਤੇ ਜਿਹੜੀ ਪੰਚਾਇਤ ਦੀ ਅਕਸਰੀਅਤ ਹੈ ਉਹ ਸਰਪੰਚ ਦਾ ਸਾਥ ਨਾ ਦੇਵੇ । ਅਗਰ ਇਹ ਮੁਸ਼ਕਲ ਕਿਤੇ ਆਵੇ ਤਾਂ ਇਸ ਨੂੰ ਰਿਮੂਵ ਕਰਨ ਵਾਸਤੇ ਹੋਰ ਤਰਮੀਮਾਂ ਹੋ ਸਕਦੀਆਂ ਹਨ, ਪਰ ਇਹ ਜਿਹੜਾ ਕੀਤਾ ਜਾ ਰਿਹਾ ਹੈ ਕਿ ਪੰਚ ਸਰਪੰਚ ਚੁਣਨਗੇ, ਇਸ ਵਿਚ ਜ਼ਿਆਦਾ ਮੁਸ਼ਕਲਾਂ ਆਉਣਗੀਆਂ । ਪਿੰਡਾਂ ਵਿਚ ਜਮਹੂਰੀਅਤ ਖ਼ਤਮ ਹੋ ਜਾਵੇਗੀ । ਜਮਹੂਰੀਅਤ ਨੂੰ ਖ਼ਤਮ ਕਰਨਾ, ਮੈਂ ਸਮਝਦਾ ਹਾਂ ਕਿ ਠੀਕ ਨਹੀਂ । ਮੈਂ ਸਮਝਦਾ ਹਾਂ ਕਿ ਸਾਨੂੰ ਜਮਹੂਰੀਅਤ ਦੇ ਨਜ਼ਰੀਏ ਨਾਲ ਗੱਲ ਕਰਨੀ ਚਾਹੀਦੀ ਹੈ ਅਤੇ ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਜਮਹੂਰੀਅਤ ਨੂੰ ਜ਼ਿੰਦਾ ਰਖਣ ਲਈ ਕਿਹੜੀ ਗੱਲ ਠੀਕ ਹੋ ਸਕਦੀ ਹੈ, ਉਹ ਕਰਨੀ ਚਾਹੀਦੀ ਹੈ ।

ਮੈਂ ਅਰਜ਼ ਕਰਦਾ ਹਾਂ ਕਿ ਇਕ ਸਿਲੈਕਟ ਕਮੇਟੀ ਬਣਾ ਦਿਤੀ ਜਾਏ । ਮਾਰਚ ਦੀ 4,5 ਤਾਰੀਖ਼ ਨੂੰ ਲੋਕ ਸਭਾ ਦੇ ਇਲੈਕਸ਼ਨ ਖ਼ਤਮ ਹੋ ਜਾਣਗੇ, ਉਦੋਂ ਸੈਸ਼ਨ ਬੁਲਾ ਲਿਤਾ ਜਾਏ ਅਤੇ ਇਸ ਤੇ ਪੂਰੇ ਤੌਰ ਤੇ ਵਿਚਾਰ ਕਰ ਲਿਆ ਜਾਵੇ । ਮੈਂ ਅਮੈਂਡਮੈਂਟ ਵਿਚ ਪਹਿਲਾਂ ਹੀ ਅਰਜ਼ ਕੀਤੀ ਹੈ ਕਿ ਸਿਲੈਕਟ ਕਮੇਟੀ ਨੂੰ 4, 5 ਮਾਰਚ ਤੋਂ ਵੱਧ ਟਾਈਮ ਨਾ ਦਿਤਾ ਜਾਏ । ਅਗਰ ਚੀਫ਼ ਮਨਿਸਟਰ ਸਾਹਿਬ ਜਾਂ ਮੁਤਲਕਾ ਮਨਿਸਟਰ ਸਾਹਿਬ ਚਾਹੁੰਦੇ ਹਨ ਦੋ ਦਿਨਾਂ ਵਿਚ ਰਿਪੋਰਟ ਆ ਜਾਣੀ ਚਾਹੀਦੀ ਹੈ ਤਾਂ ਇਹ ਵੇਖ ਲੈਣ । ਮੇਰੀ ਇਹ ਪੁਖਤਾ ਰਾਏ ਹੈ ਕਿ ਸਰਪੰਚ ਦੀ ਚੋਣ ਸਾਰੇ ਪਿੰਡ ਨੂੰ ਕਰਨੀ ਚਾਹੀਦੀ ਹੈ ਤਾਂ ਕਿ ਮਾੜੇ ਬੰਦੇ ਇਲੀਮੀਨੇਟ ਹੋ ਜਾਣ ਇਸ ਦੇ ਉਤੇ ਸਿਲੈਕਟ ਕਮੇਟੀ ਦੀ ਵਿਚਾਰ ਹੋ ਜਾਏ । ਮੇਰੀ ਇਹ ਅਮੈਂਡਮੈਂਟ ਹੈ ।

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਮੈਂ ਬੇਨਤੀ ਕਰਨ ਲਗਾ ਹਾਂ ਕਿ ਜਿਹੜਾ ਸਿਸਟਮ ਇਹ ਲਿਆਉਣ ਲਗੇ ਹਨ, ਇਹ ਸਿਸਟਮ ਜਦੋਂ ਪੰਚਾਇਤ ਬਿਲ ਪਾਸ ਕੀਤਾ ਸੀ, ਸਪੀਕਰ ਸਾਹਿਬ, ਅਗੇ ਬਿਲ ਪਾਸ ਕਰਨਾ ਬੜਾ ਮੁਸ਼ਕਲ ਹੁੰਦਾ ਸੀ, ਪਰ ਹੁਣ ਹੈ ਆਸਾਨ ਕਿਉਂਕਿ ਮੈਂ ਅਰਜ਼ ਕਰਾਂ, ਕਿ ਪਹਿਲਾਂ ਇਹ ਰੀਜਿਨਲ ਕਮੇਟੀਆਂ ਵਿਚ ਜਾਂਦਾ ਸੀ, ਫਿਰ ਅਸੈਂਬਲੀ ਵਿਚ ਅਤੇ ਫਿਰ ਅਪਰ ਹਾਊਸ ਵਿਚ ਯਾਨੀ ਇਸ ਦੀ ਸਾਰੀ ਛਾਣ ਬੀਣ ਇਸ ਤਰੀਕੇ ਨਾਲ ਹੋ ਜਾਂਦੀ ਸੀ । ਪਹਿਲਾਂ ਇਸ ਬਿਲ ਤੇ ਜਦੋਂ ਇਹ ਪਾਸ ਹੋਇਆ ਤੇ ਜੁਆਇੰਟ ਸਿਲੈਕਟ ਕਮੇਟੀ ਨੇ ਵਿਚਾਰ ਕੀਤਾ ਸੀ, ਫਿਰ ਦੋਨੋ ਰੀਜੀਨਲ

ਕਮੇਟੀਆਂ ਨੇ ਆਪਦੇ ਆਪਣੇ ਆਪਣੇ ਲੈਵਲ ਤੇ ਬੜੀ ਚੰਗੀ ਤਰ੍ਹਾਂ ਵਿਚਾਰ ਕੀਤਾ, ਫਿਰ ਅਸੰਬਲੀ ਵਿਚ ਆਇਆ ਸੀ ਯਾਨੀ 5,6 ਵਾਰੀ ਜਾ ਕੇ ਇਹ ਬਿਲ ਪਾਸ ਹੋਇਆ ਸੀ। ਸਪੀਕਰ ਸਾਹਿਬ, ਜਿਹੜਾ ਤਜਰਬਾ ਹੁਣ ਮੇਰੇ ਦੋਸਤ ਕਰਨ ਲਗੇ ਹਨ, ਪਹਿਲਾਂ ਇਹੀ ਸਿਸਟਮ ਸੀ। ਪੰਚ ਹੀ ਸਰਪੰਚ ਚੁਣਦੇ ਸਨ ਔਰ ਮੈਨੂੰ ਇਸ ਗੱਲ ਦੀ ਬੜੀ ਵਾਕਫੀਅਤ ਹੈ। ਸਪੀਕਰ ਸਾਹਿਬ, ਉਸ ਵਕਤ ਕਿਸ ਤਰ੍ਹਾਂ ਕੁਰਪਸ਼ਨ ਹੁੰਦੀ ਸੀ, ਮੈਨੂੰ ਸਭ ਪਤਾ ਹੈ। ਕਿਸ ਤਰ੍ਹਾਂ ਪਿੰਡ ਦੇ ਐਸੇ ਆਦਮੀ ਜਿਨ੍ਹਾਂ ਦੇ ਪਾਸ ਪੈਸੇ ਹੁੰਦੇ ਸਨ ਉਹ ਕਿਸ ਤਰ੍ਹਾਂ ਪੰਚਾਂ ਨੂੰ ਹੱਥ ਵਿਚ ਲੈ ਕੇ ਸਰਪੰਚ ਬਣਦਾ ਸੀ। ਇਸ ਦੇ ਬਾਰੇ ਮੈਂ ਮਿਸਾਲ ਦਿੰਦਾ ਹਾਂ ਕਿ ਜਦੋਂ ਮੈਂ ਪੰਚਾਇਤ ਰਾਜ ਦਾ ਮਨਿਸਟਰ ਸੀ ਤਾਂ ਜਦੋਂ ਪੰਚਾਇਤ ਸੰਮਤੀ ਦੇ ਚੇਅਰਮੈਨ ਦੀਆਂ ਚੋਣਾ ਹੋਣੀਆਂ ਸਨ ਤਾਂ ਇਕ ਅਮੀਰ ਆਦਮੀ ਜਿਸਦੇ ਨਾਲ 10,12 ਆਦਮੀ ਸਨ, ਮੇਰੇ ਕੋਲ ਆਇਆ। ਮੈਂ ਕਿਹਾ ਕਿ ਤੂੰ ਕਿਧਰੋਂ ਆਇਆ ਏਂ। ਤਾਂ ਉਸ ਨੇ ਕਿਹਾ ਕਿ ਚੋਣਾ ਲਈ ਕੁਕੜੀਆਂ ਨੂੰ ਇੱਕਠਾ ਕਰਦਾ ਪਿਆ ਹਾਂ। ਉਹ ਆਪਣੇ ਚੋਣਾਂ ਲਈ 4 ਆਦਮੀਆਂ ਨੂੰ ਇੱਕਠਾ ਕਰਦਾ ਫਿਰਦਾ ਸੀ। ਮੈਂ ਉਸ ਨੂੰ ਕਿਹਾ ਕਿ ਇਸ ਕੰਮ ਵਾਸਤੇ ਘੱਟ ਘੱਟ ਮੇਰੇ ਘਰੋਂ ਤਾਂ ਨਿਕਲ ਜਾਣ ...(ਵਿਘਨ)।

ਸਰਦਾਰ ਉਮਰਾਓ ਸਿੰਘ: ਸਪੀਕਰ ਸਾਹਿਬ, ਅਗਲਾ ਬਿਲ ਬੜਾ ਇੰਪਾਰਟੈਂਟ ਹੈ (ਵਿਘਨ) ਮੇਰੀ ਅਰਜ਼ ਹੈ ਕਿ ਇਸ ਦੇ ਵਾਸਤੇ ਇਕ ਦਿਨ ਹੋਰ ਰਖ ਲਵੋ। (ਵਿਘਨ)

ਸ੍ਰੀ ਸਪੀਕਰ : ਹਾਊਸ ਨੇ ਤਾਂ ਸਾਢੇ ਸੱਤ ਵਜੇ ਤਕ ਚਲਣਾ ਹੈ.. (ਵਿਘਨ)
(The House has to sit up to 7-30 P.M.) (*Interruption*)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਅਗਲਾ ਬਿਲ ਬੇਗਰੀ ਦਾ ਹੈ ਅਤੇ ਉਸ ਤੇ ਸਾਰੇ ਮੈਂਬਰਾਂ ਨੇ ਬਲਣਾ ਹੈ (ਵਿਘਨ)

ਸ੍ਰੀ ਸਪੀਕਰ : ਮੈਂ ਤਾਂ ਹਾਊਸ ਦਾ ਬਧਾ ਹਾਂ, ਜਿਵੇਂ ਹਾਊਸ ਕਹੇਗਾ ...(ਵਿਘਨ)।
(I am bound by the wishes of the House.)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਮੈਂ ਮੋਸ਼ਨ ਪੇਸ਼ ਕਰਦਾ ਹਾਂ ,...(ਵਿਘਨ)

ਸਪੀਕਰ ਸਾਹਿਬ, ਮੋਸ਼ਨ ਤਾਂ ਹੋਈ ਨਹੀਂ, ਆਪ ਨੇ ਕਿਹਾ ਸੀ ਕਿ ਕਨਸੈਂਸਸ ਨਹੀਂ ਲਿਆ...

ਸ੍ਰੀ ਸਪੀਕਰ : ਮੈਂ ਓਪੀਨੀਅਨ ਲਈ ਸੀ ਅਤੇ ਮੇਜਾਰਿਟੀ ਇਹ ਚਾਹੁੰਦੀ ਸੀ ਕਿ ਟਾਈਮ ਸਾਢੇ ਸਤ ਵਜੇ ਤਕ ਐਕਸਟੈਂਡ ਕਰ ਦਿਤਾ ਜਾਵੇ। (I obtained the opinion of the House. The majority of the Members favoured the extension of the time till 7-30 p.m.)

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜੋ ਮੇਰੇ ਦੋਸਤ ਸ੍ਰੀ ਡਾਂਗ ਨੇ ਮੋਸ਼ਨ ਪੇਸ਼ ਕੀਤੀ ਹੈ ਕਿ ਇਸ ਬਿਲ ਨੂੰ ਸੀਲੈਕਟ ਕਮੇਟੀ ਵਿਚ ਭੇਜਿਆ ਜਾਵੇ, ਇਸ ਬਾਰੇ ਅਰਜ਼ ਹੈ ਕਿ ਇਸ ਨੂੰ ਜ਼ਰੂਰ ਭੇਜਿਆ ਜਾਣਾ ਚਾਹੀਦਾ ਹੈ। ਇਸ ਬਿਲ ਰਾਹੀਂ ਹਰੀਜਨਾਂ ਨਾਲ ਧੱਕਾ ਹੋਣ ਲਗਾ ਹੈ। ਜਦੋਂ 5 ਮੈਂਬਰ ਹੁੰਦੇ ਸਨ ਤਾਂ ਉਨ੍ਹਾਂ ਵਿਚੋਂ ਇਕ ਸੀਟ ਹਰੀਜਨਾਂ ਲਈ ਰਿਜ਼ਰਵ ਹੁੰਦੀ ਸੀ। ਜਿਥੇ 9 ਮੈਂਬਰ ਹੋਣ ਉਥੇ ਤਾਂ ਦੋ ਸੀਟਾਂ ਰਿਜ਼ਰਵ ਹੁੰਦੀਆਂ ਸਨ। ਹੁਣ ਸੀਟਾਂ 11 ਹੋ ਗਈਆਂ ਹਨ ਪਰ ਹਰੀਜਨਾਂ ਲਈ ਦੋ ਹੀ ਸੀਟਾਂ ਰਖੀਆਂ ਗਈਆਂ ਹਨ। ਇਸ ਬਾਰੇ ਮੈਂ ਅਮੈਂਡਮੈਂਟ ਦਿਤੀ ਹੈ। (ਵਿਘਨ)

ਸ੍ਰੀ ਸਪੀਕਰ : ਆਪ ਦੀ ਅਮੈਂਡਮੈਂਟ ਡਿਸਐਲਾਊ ਹੋ ਗਈ ਹੈ ਕਿਉਂਕਿ ਉਸ ਦਾ ਨੋਟਿਸ ਘਟ ਸੀ । (Your amendment has been disallowed due to shorter notice given by you.)

ਸਰਦਾਰ ਗੁਰਬੰਤਾ ਸਿੰਘ : ਸਰਕਾਰ ਆਪਣੇ ਵਲੋਂ ਇਹ ਅਮੈਂਡਮੈਂਟ ਲੈ ਆਵੇਗੀ । ਇਥੇ ਡਾਕਟਰ ਭਗਤ ਸਿੰਘ ਹੋਰੀ ਬੈਠੇ ਹਨ, ਵੈਦ ਕਰਤਾਰ ਸਿੰਘ ਹੋਰੀਂ ਵੀ ਬੈਠੇ ਹਨ, ਉਹ ਅਮੈਂਡਮੈਂਟ ਲੈ ਆਉਣਗੇ। ਅਸੀਂ ਇਸ ਨਾਲ ਪਿੰਡਾਂ ਦੀ ਹਾਲਤ ਠੀਕ ਕਰਨੀ ਹੈ, ਪੰਚਾਇਤਾਂ ਨੇ ਬੜਾ ਕੰਮ ਕਰਨਾ ਹੈ। ਇਸ ਸਰਕਾਰ ਦੇ ਵਡੇ ਤੋਂ ਵਡੇ ਆਦਮੀਂ ਇਹ ਦਾਅਵੇ ਕਰਦੇ ਹਨ ਕਿ ਅਸੀਂ ਹਰੀਜਨਾਂ ਦੇ ਹਤੈਸ਼ੀ ਹਾਂ। ਪਰ ਇਸ ਨਾਲ ਹਰੀਜਨਾਂ ਨਾਲ ਧੱਕਾ ਹੋ ਰਿਹਾ ਹੈ । ਮੈਂਬਰਾਂ ਦੀ ਗਿਣਤੀ 9 ਤੋਂ ਵਧਕੇ 11 ਕੀਤੀ ਹੈ ਪਰ ਹਰੀਜਨਾਂ ਲਈ ਰੇਜ਼ਰਵੇਸ਼ਨ ਨਹੀਂ ਵਧਾਈ ਗਈ। ਸਰਵਿਸਿਜ਼ ਵਿਚ ਦੇਖ ਲਉ । ਪਹਿਲੀ, ਛੇਵੀਂ ਅਤੇ 11ਵੀਂ ਸੀਟ ਹਰੀਜਨਾਂ ਨੂੰ ਮਿਲਦੀ ਹੈ । ਬਾਜਵਾ ਸਾਹਿਬ ਬੜੇ ਚੰਗੇ ਆਦਮੀ ਹਨ, ਸਾਡੇ ਵਲੋਂ ਹੀ ਗਏ ਹਨ, ਸਾਡੇ ਵਿਚ ਹੀ ਇਨ੍ਹਾਂ ਨੇ ਪਰਵਰਿਸ਼ ਪਾਈ ਹੈ, ਫਿਰ ਕੀ ਹੋ ਗਿਆ ਅਗਰ ਉਧਰ ਚਲਿਆ ਗਿਆ ਹੈ । ਇਨ੍ਹਾਂ ਨੂੰ ਮੈਂ ਅਰਜ਼ ਕਰਦਾ ਹਾਂ ਕਿ ਪੰਚਾਂ ਵਲੋਂ ਸਰਪੰਚ ਦਾ ਚੁਣਨਾ ਜ਼ਿਆਦਤੀ ਹੈ ਗਰੀਬਾਂ ਨਾਲ । ਆਪ ਦੇਖ ਲਉ ਪੰਚਾਇਤਾਂ ਵਿਚ ਕਿੰਨੇ ਹਰੀਜਨ ਸਰਪੰਚ ਬਣੇ ਹਨ । ਕਿੰਨੇ ਰਾਮਗੜ੍ਹੀਏ, ਛੀਂਬੇ ਜਾਂ ਮਜ਼ਹਬੀ ਬਣੇ ਹਨ? ਗੱਲ ਇਹ ਹੈ ਕਿ ਕੋਈ ਸਰਪੰਚ ਨਹੀਂ ਬਣ ਸਕਦਾ ਜਦ ਤਕ ਕਿ ਉਸ ਪਾਸ ਦੂਜੀਆਂ ਨੂੰ ਖ਼ਰੀਦਣ ਦੀ ਤਾਕਤ ਨਾ ਹੋਵੇ । ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਬਿਲ ਗ਼ਰੀਬਾਂ ਅਤੇ ਦੂਜਿਆਂ ਘਟ ਗਿਣਤੀਆਂ ਦੇ ਲੋਕਾਂ ਦੇ ਹੱਕਾਂ ਤੇ ਛਾਪਾ ਹੈ । ਇਕ ਪਾਸੇ ਜ਼ਿਲ੍ਹਾ ਪਰੀਸ਼ਦਾਂ ਵਿਚ ਕਹਿੰਦੇ ਹੋ ਕਿ ਇਲੈਕਸ਼ਨ ਇਨਡਾਇਰੈਕਟ ਨਹੀਂ ਹੋਣੀ ਚਾਹੀਦੀ ਮਗਰ ਪੰਚਾਇਤਾਂ ਵਿਚ ਸਰਪੰਚ ਦੀ ਚੋਣ ਇਨਡਾਇਰੈਕਟ ਕਰਵਾ ਰਹੇ ਹੋ । ਤੁਸੀਂ ਜਾਣਦੇ ਹੋ ਕਿ ਪਿਛਲੇ 5–7 ਸਾਲਾਂ ਵਿਚ ਜਦ ਤੋਂ ਦੂਜਾਂ ਤਰੀਕਾ ਚਲਿਆ ਹੈ, ਕੰਮ ਚੰਗਾ ਹੋਇਆ ਹੈ। ਸਿਵਾਏ ਦੋ ਥਾਂ ਦੇ ਇਕ ਬੱਸੀ ਦੇ ਲਾਗੇ ਅਤੇ ਇਕ ਮੇਰੇ ਜ਼ਿਲੇ ਵਿਚ ਇਨ੍ਹਾਂ ਦੋ ਥਾਵਾਂ ਦੇ ਸਰਪੰਚ ਮਾੜੇ ਨਿਕਲੇ ਜਿਨ੍ਹਾਂ ਨੂੰ ਕਿ ਪੰਚਾਇਤ ਅਫਸਰਾਂ ਨੇ ਐਕਟ ਦੇ ਪਰੋਵੀਜਨ ਮੁਤਾਬਕ ਤਫਤੀਸ਼ ਕਰਕੇ ਮਾੜੇ ਸਾਬਤ ਕੀਤਾ ਅਤੇ ਹਟਾਇਆ । ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਜੋ ਪਰੋਵੀਜਨ ਹੁਣ ਲਿਆ ਰਹੇ ਹੋ ਇਹ ਲਿਆਕੇ ਗਰੀਬ ਬਰਾਦਰੀਆਂ ਨਾਲ ਧੱਕਾ ਨਾ ਕਰੋ । ਮੈਨੂੰ ਤਜਰਬਾ ਹੈ ਕਿ ਹੁਣ ਵੀ ਜੇ ਕਿਸੇ ਪੰਚਾਇਤ ਸੰਮਤੀ ਦੇ ਚੇਅਰਮੈਨ ਨੂੰ ਹਟਾਉਣਾ ਹੋਵੇ ਤਾਂ ਜੋ ਅਮੀਰ ਆਦਮੀਂ ਹੁੰਦੇ ਹਨ ਉਹ ਦੂਜਿਆਂ ਨੂੰ ਖ਼ਰੀਦ ਲੈਂਦੇ ਹਨ । ਇਨ੍ਹਾਂ ਨੇ ਕਿਹਾ ਹੈ ਕਿ ਅਗਰ ਇਕ ਵਾਰੀ ਨੋ ਕਨਫੀਡੈਂਸ ਦੀ ਮੋਸ਼ਨ ਨਾਕਾਮਯਾਬ ਹੋ ਜਾਵੇ ਤਾਂ ਦੋ ਸਾਲ ਤਕ ਉਸਦੇ ਖਲਾਫ ਹੋਰ ਮੋਸ਼ਨ ਨਹੀਂ ਆ ਸਕਦੀ । ਅਵੱਲ ਤਾਂ ਕਿਸੇ ਗਰੀਬ ਨੇ ਸਰਪੰਚ ਬਣ ਹੀ ਨਹੀਂ ਸਕਣਾ ਤੇ ਜੇ ਬਣ ਵੀ ਗਿਆ ਤਾਂ ਇਨ੍ਹਾਂ ਨੇ ਉਸਨੂੰ ਤੇ ਦੂਜੇ ਸਾਲ ਹੀ ਲਾਹ ਦਿਆ ਕਰਨਾ ਹੈ । ਮੈਂ ਸਰਪੰਚ ਵੀ ਰਿਹਾ ਹਾਂ, ਪੰਚਾਇਤ ਸੰਮਤੀ ਦਾ ਚੇਅਰਮੈਨ ਵੀ ਰਿਹਾ ਹਾਂ, ਇਹ ਵੀ ਰਹੇ ਹਨ ਇਨ੍ਹਾਂ ਨੂੰ ਸਾਰੇ ਹਾਲਾਤ ਦੀ ਵਾਕਫੀਅਤ ਹੈ ਅਤੇ ਇਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਹਰੀਜਨਾਂ ਨਾਲ ਧੱਕਾ ਹੋਣਾ ਹੈ । ਜਦੋਂ ਪਹਿਲਾਂ ਬਿਲ ਪੇਸ਼ ਕੀਤਾ ਗਿਆ ਸੀ ਤਾਂ ਸਾਰੇ ਹਿੰਦੋਸਤਾਨ ਦੇ ਐਕਟਾਂ ਦਾ ਮੁਲਾਹਜ਼ਾ ਕੀਤਾ ਗਿਆ ਸੀ । ਉਸ ਸਮੇਂ ਸੈਂਟਰ ਦੀ ਸਰਕਾਰ ਦੇ ਜੋ ਪੰਚਾਇਤੀ ਰਾਜ ਦੇ ਮੰਤਰੀ ਸਨ, ਮਿਸਟਰ ਡੇ, ਉਨ੍ਹਾਂ ਨਾਲ ਬਹਿਸ ਕਰਕੇ ਉਹ ਬਿਲ ਤਿਆਰ ਕੀਤਾ ਗਿਆ ਸੀ। ਉਸ ਵਿਚ ਇਹ ਰਖਿਆ ਗਿਆ ਸੀ ਕਿ ਜੋ ਸਰਪੰਚ ਹੋਵੇ ਉਹ ਸਾਰੇ ਪਿੰਡ ਦਾ ਸਾਂਝਾ ਹੋਵੇ, ਇਕ ਪਾਰਟੀ ਦਾ ਨਾ ਹੋਵੇ, ਸਾਰਾ ਪਿੰਡ ਉਸ ਨੂੰ ਪਸੰਦ ਕਰੇ । ਇਨ੍ਹਾਂ ਨੇ ਇਸ ਦੇ ਉਲਟ ਪਿੰਡਾਂ ਦੇ ਖਬੀ ਖਾਂ ਜ਼ੋਰਵਾਲਾ ਅਤੇ ਮੁਖਬਰੀਆਂ ਕਰਨ ਵਾਲੇ ਲੋਕਾਂ ਨੂੰ ਸਰਪੰਚ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਲੋਕ ਗ਼ਰੀਬਾਂ ਨੂੰ ਪਿਆਰ ਨਹੀਂ ਕਰਦੇ, ਲੋਕ ਇਨ੍ਹਾਂ ਨੂੰ ਪਿਆਰ ਨਹੀਂ ਕਰਦੇ ।

ਇਸ ਕਰਕੇ ਇਹ ਉਨ੍ਹਾਂ ਦੇ ਵੋਟਾਂ ਨਾਲ ਨਹੀਂ ਬਣ ਸਕਦੇ। ਹੁਣ ਇਨ੍ਹਾਂ ਨੂੰ ਪੈਸੇ ਦੇ ਜ਼ੋਰ ਨਾਲ ਸਰਪੰਚ ਬਣਾਉਣ ਦੀ ਕਸ਼ਿਸ਼ ਕੀਤੀ ਹੈ । ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਨਾਲ ਗਲਤ ਗਲਾਂ ਹੋਣੀਆਂ ਹਨ। ਸੋ ਇਸ ਦੇ ਜੋ ਨੁਕਸ ਹਨ ਉਨ੍ਹਾਂ ਨੂੰ ਦੂਰ ਕਰਨ ਲਈ ਇਸ ਨੂੰ ਸਿਲੈਕਟ ਕਮੇਟੀ ਦੇ ਸਪੁਰਦ ਕਰਨਾ ਚਾਹੀਦਾ ਹੈ । ਜਾਣ ਬੁਝਕੇ ਕੋਸ਼ਿਸ਼ ਕੀਤੀ ਹੈ ਕਿ ਗਰੀਬ ਬਰਾਦਰੀਆਂ ਅਗੇ ਨਾ ਆ ਸਕਣ। ਮੇਰਾ ਖ਼ਿਆਲ ਹੈ ਕਿ ਇਹ ਸਾਥੀ ਇਸ ਬਿਲ ਨੂੰ ਸਿਲੈਕਟ ਕਮੇਟੀ ਦੇ ਸਪੁਰਦ ਕਰਨਾ ਮੰਨ ਲੈਣਗੇ ਅਤੇ ਇਸ ਤੇ ਇਤਰਾਜ਼ ਨਹੀਂ ਕਰਨਗੇ ।

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ. ਸੀ) ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਪਰੋੜ੍ਹਤਾ ਕਰਦਾ ਹਾਂ। ਇਹ ਚੰਗਾ ਬਿਲ ਹੈ ਅਤੇ ਇਸ ਨੂੰ ਸਿਲੈਕਟ ਕਮੇਟੀ ਦੇ ਸਪੁਰਦ ਕਰਨ ਦਾ ਸੁਝਾ ਠੀਕ ਗੱਲ ਨਹੀਂ ਹੈ ਅਤੇ ਗੈਰ ਮੁਨਾਸਿਬ ਹੈ । ਇਹ ਬਿਲ ਬੜਾ ਸੋਚ ਵਿਚਾਰ ਕੇ ਤਿਆਰ ਕੀਤਾ ਗਿਆ ਹੈ । ਮਨਿਸਟਰ ਸਾਹਿਬ ਨੇ ਅਤੇ ਇਕ ਕਮੇਟੀ ਨੇ ਜਿਸ ਨੇ ਬਾਹਰ ਦਾ ਦੌਰਾ ਵੀ ਕੀਤਾ ਹੈ, ਇਸ ਨੂੰ ਬੜੀ ਸੋਚ ਵਿਚਾਰ ਮਗਰੋਂ ਤਿਆਰ ਕੀਤਾ ਹੈ । ਜੋ ਹੁਣ ਅਮੈਂਡਮੈਂਟਸ ਕੀਤੀਆਂ ਜਾ ਰਹੀਆਂ ਹਨ, ਉਹ ਬੜੀਆਂ ਚੰਗੀਆਂ ਹਨ। ਪਹਿਲਾਂ ਜੋ ਸਰਪੰਚ ਬਣ ਜਾਂਦਾ ਸੀ ਉਹ ਚਾਹੇ ਕਿੰਨੀ ਵੀ ਕੁਰਪਸ਼ਨ ਕਰੇ, ਭਾਵੇਂ ਸਾਰਾ ਪਿੰਡ ਉਸ ਦੇ ਖ਼ਿਲਾਫ ਹੋਵੇ ਉਸ ਨੂੰ ਹਟਾ ਨਹੀਂ ਸਕਦੇ ਸੀ । ਇਹ ਠੀਕ ਹੀ ਗਲ ਹੈ ਕਿ ਜੋ ਆਦਮੀ ਲੋਕਾਂ ਨੂੰ ਆਪਣੇ ਨਾਲ ਨਹੀਂ ਲੈ ਸਕਦਾ, ਉਸ ਨੂੰ ਉਤਾਰਨ ਦਾ ਉਨ੍ਹਾਂ ਨੂੰ ਹੱਕ ਹੋਣਾ ਚਾਹੀਦਾ ਹੈ । ਇਹ ਵੀ ਚੰਗੀ ਗੱਲ ਹੈ ਕਿ ਇਕ ਸਾਲ ਤਕ ਇਸ ਤਰ੍ਹਾਂ ਦੀ ਮੋਸ਼ਨ ਨਹੀਂ ਆ ਸਕਦੀ ।

ਇਸ ਦੇ ਨਾਲ ਨਾਲ ਇਹ ਵੀ ਚੰਗੀ ਗੱਲ ਕੀਤੀ ਗਈ ਹੈ ਕਿ 200 ਦੀ ਆਬਾਦੀ ਵਾਲੇ ਪਿੰਡਾਂ ਦੀਆਂ ਵੀ ਪੰਚਾਇਤਾਂ ਹੋਣਗੀਆਂ । ਪਹਿਲਾਂ ਇਹ ਹੁੰਦਾ ਸੀ ਕਿ ਵੱਡੇ ਪਿੰਡਾਂ ਦੀਆਂ ਪੰਚਾਇਤਾਂ ਦੇ ਨਾਲ ਛੋਟੇ ਪਿੰਡ ਵੀ ਜੋੜ ਦਿਤੇ ਜਾਂਦੇ ਸਨ । ਸਰਪੰਚ ਉਨ੍ਹਾਂ ਛੋਟੇ ਪਿੰਡਾਂ ਵਲ ਧਿਆਨ ਨਹੀਂ ਸਨ ਦਿੰਦੇ ਹਾਲਾਂਕਿ ਇਸ ਗਲ ਦਾ ਪਰੋਵੀਜ਼ਨ ਸੀ ਕਿ ਆਮਦਨੀ ਦਾ ਹਿੱਸਾ ਉਨ੍ਹਾਂ ਛੋਟੇ ਪਿੰਡਾਂ ਤੇ ਵੀ ਲਗੇਗਾ । ਮੈਨੂੰ ਖੁਸ਼ੀ ਹੈ ਕਿ ਹੁਣ ਉਨ੍ਹਾਂ ਦੇ ਆਪਣੇ ਸਰਪੰਚ ਬਣ ਜਾਣਗੇ । ਉਹ ਆਪਣੇ ਪਿੰਡ ਦਾ ਸੁਧਾਰ ਕਰ ਸਕਣਗੇ ।

ਬਾਕੀ ਹਰੀਜਨਾਂ ਦੇ ਹਿੱਸੇ ਦੀ ਗੱਲ ਹੈ, ਉਹ ਵੀ ਆਪਣੇ ਹਿੱਸੇ ਦੇ ਮੁਤਾਬਿਕ ਮੈਂਬਰ ਬਣਨਗੇ (ਵਿਘਨ) ਹਰੀਜਨਾਂ ਦਾ ਹਿੱਸਾ ਤਾਂ ਹਮੇਸ਼ਾਂ ਤੋਂ ਹੀ ਖੋਹਿਆ ਹੋਇਆ ਹੈ, ਪਿਛਲੇ 20 ਸਾਲਾਂ ਵਿਚ ਖੋਹਿਆ ਹੀ ਰਿਹਾ ਹੈ । ਇਨ੍ਹਾਂ ਦੀ ਸਰਕਾਰ ਨੇ ਵੀਹ ਸਾਲ ਦੇ ਰਾਜ ਵਿਚ ਹਰੀਜਨਾਂ ਲਈ ਕੁਝ ਨਹੀਂ ਕੀਤਾ। ਇਸੇ ਲਈ ਤਾਂ ਇਨ੍ਹਾਂ ਤੋਂ ਰਾਜ ਖੋਹ ਲਿਆ ਗਿਆ। ਇਹ ਕਾਂਗਰਸ ਵਾਲੇ ਤਾਂ ਕਹਿੰਦੇ ਹਨ ਕਿ ਇਨ੍ਹਾਂ ਨੇ ਹਰੀਜਨਾਂ ਲਈ ਬਹੁਤ ਕੁਝ ਕੀਤਾ। ਕੀ ਇਹ ਆਪਣੀ ਕੇਂਦਰ ਦੀ ਸਰਕਾਰ ਤੋਂ ਪੁਛ ਕੇ ਇਹ ਦਸ ਸਕਦੇ ਹਨ ਕਿ ਕੀ ਕੋਈ ਹਰੀਜਨ ਗਵਰਨਰ ਕਿਸੇ ਸੂਬੇ ਵਿਚ ਲਾਇਆ ਗਿਆ ਹੈ ਜਾਂ ਸੈਂਟਰ ਦੀ ਸਰਕਾਰ ਨੇ ਕੋਈ ਹਰੀਜਨ ਅੰਬੈਸੇਡਰ ਲਗਾਇਆ ਜਾਂ ਕੋਈ ਸੁਪਰੀਮ ਕੋਰਟ ਦਾ ਜੱਜ ਲਗਾਇਆ ਜਾਂ ਕੋਈ ਕਿਤੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦਾ ਮੈਂਬਰ ਹਰੀਜਨ ਬਣਾਇਆ। ਇਨ੍ਹਾਂ ਨੇ ਕੋਈ ਨੁਮਾਇੰਦਗੀ ਨਹੀਂ ਦਿਤੀ ਅਤੇ ਅੱਜ ਇਸ ਬਿਲ ਤੇ ਇਤਰਾਜ਼ ਕਰਦੇ ਹਨ ।

ਇਹ ਬਿਲ ਇਕ ਪਰਾਗਰੈਸਿਵ ਕਦਮ ਹੈ । ਇਸ ਵਿਚ ਯਤਨ ਕੀਤਾ ਗਿਆ ਹੈ ਕਿ ਪਿੰਡਾਂ ਵਿਚ ਜਿਹੜੀ ਧੜੇ ਬਾਜ਼ੀ ਹੈ ਇਸ ਤੋਂ ਪਿੰਡਾਂ ਨੂੰ ਬਚਾਇਆ ਜਾਵੇ । ਅਗਰ ਕੋਈ ਸਰਪੰਚ ਦੂਜੇ ਲੋਕਾਂ ਨੂੰ ਤੰਗ ਕਰਦਾ ਹੈ ਤਾਂ ਉਸ ਨੂੰ ਹਟਾਇਆ ਜਾ ਸਕੇਗਾ ।

[ਸਰਦਾਰ ਦਲੀਪ ਸਿੰਘ ਪਾਂਧੀ]

ਇਸ ਦੇ ਨਾਲ ਹੀ ਮੈਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਪੰਚਾਇਤ ਸੰਮਤੀਆਂ ਦੇ ਬਾਰੇ ਵਿਚ ਚੋਣਾਂ ਵੀ ਕਰਵਾ ਲਈਆ ਜਾਣ ਅਤੇ ਡਾਇਰੈਕਟ ਇਲੈਕਸ਼ਨਾਂ ਕਰਵਾ ਲਈਆਂ ਜਾਣ। ਇਹ ਵੇਖਿਆ ਗਿਆ ਹੈ ਕਿ ਪੰਚਾਇਤਾਂ ਵਿਚ ਜਦ ਕੋਈ ਡਿਸਪੈਨਸਰੀ ਜਾਂ ਕੋਈ ਸਕੂਲ ਦਿਤਾ ਜਾਂਦਾ ਹੈ ਤਾਂ ਸਰਪੰਚ ਆਮ ਤੌਰ ਤੇ ਆਪਣੇ ਹੀ ਪਿੰਡ ਨੂੰ ਸਿਲੈਕਟ ਕਰਵਾ ਲੈਂਦਾ ਹੈ ਇਸ ਤਰ੍ਹਾਂ ਬਾਕੀ ਦੇ ਪਿੰਡਾਂ ਦੀ ਤਰੱਕੀ ਰੁਕ ਜਾਂਦੀ ਹੈ ਜੇਕਰ ਡਾਇਰੈਕਟ ਇਲਕਸ਼ਨਾਂ ਹੋ ਜਾਣ ਤਾਂ ਸਾਰੇ ਪਿੰਡਾਂ ਨੂੰ ਫਾਇਦਾ ਹੋ ਸਕਦਾ ਹੈ। ਇਸ ਲਈ ਇਸ ਬਿਲ ਵਿਚ ਜਿੰਨੀਆਂ ਵੀ ਧਾਰਾਵਾਂ ਰਖੀਆਂ ਗਈਆਂ ਹਨ ਇਨ੍ਹਾਂ ਨਾਲ ਹਰੀਜਨਾਂ ਨੂੰ ਲਾਭ ਹੋਵਗਾ ਅਤੇ ਪਿੰਡਾਂ ਦੀ ਬੇਹਤਰੀ ਹੋਵੇਗੀ। ਇਕ ਗੱਲ ਮੈਂ ਪੰਜਾਬ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਵਿਲੇਜ ਕਾਮਨ ਲੈਂਡ ਐਕਟ ਦੇ ਸਬੰਧ ਵਿਚ ਜਿਹੜਾ ਹਿੱਸਾ ਹਰੀਜਨਾਂ ਨੂੰ ਦਿਤਾ ਜਾਣਾ ਚਾਹੀਦਾ ਸੀ, ਉਹ ਨਹੀ ਦਿਤਾ ਜਾਂਦਾ। ਬੀ.ਡੀ.ਓ. ਜਾਂ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮਨ ਇਸ ਪਾਸੇ ਧਿਆਨ ਨਹੀਂ ਦਿੰਦੇ ਅਤੇ ਨਤੀਜਾ ਇਹ ਹੁੰਦਾ ਹੈ ਕਿ ਇਹ ਜ਼ਮੀਨ ਜਿਹੜੀ ਹਰੀਜਨਾਂ ਦਾ ਹਿੱਸਾ ਹੈ ਹੋਰਨਾ ਪਾਸ ਚਲੀ ਜਾਂਦੀ ਹੈ। ਜ਼ਿਲ੍ਹਾ ਪਟਿਆਲਾ ਅਤੇ ਤਹਿਸੀਲ ਪਟਿਆਲਾ ਵਿਚ ਕਈ ਥਾਵਾਂ ਤੇ ਇਹ ਹਿੱਸਾ ਨਹੀਂ ਦਿਤਾ ਗਿਆ ਅਤੇ ਫਿਰ ਇਕ ਹੋਰ ਗੱਲ ਵੀ ਹੈ ਕਿ ਜਿਹੜਾ ਰੁਪਿਆ ਸਰਪੰਚ ਨੂੰ ਜੰਞ ਘਰ ਲਈ ਜਾਂ ਗਲੀਆਂ ਪਕੀਆਂ ਕਰਨ ਲਈ ਦਿਤਾ ਜਾਂਦਾ ਹੈ ਉਹ ਆਪਣੇ ਹੀ ਪਿੰਡ ਵਿਚ ਖਰਚ ਕਰ ਦਿੰਦਾ ਹੈ। ਇਸ ਲਈ ਮੈਂ ਇਸ ਮਹਿਕਮੇ ਦੇ ਮੰਤਰੀ, ਬਾਜਵਾ ਸਾਹਿਬ, ਪਾਸ ਬੇਨਤੀ ਕਰਾਂਗਾ ਕਿ ਉਹ ਆਪ ਇਸ ਪੱਖ ਵਲ ਧਿਆਨ ਦੇਣ ਅਤੇ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਇਹ ਵੇਖਣ ਕਿ ਜਿਹੜਾ ਕਾਨੂੰਨ ਸਰਕਾਰ ਪਾਸ ਕਰਦੀ ਹੈ ਉਸ ਤੇ ਸਖਤੀ ਨਾਲ ਅਮਲ ਕੀਤਾ ਜਾਵੇ। ਕਿਉਂਕਿ ਕਈ ਵੇਰ ਤਾਂ ਪਿੰਡਾਂ ਵਿਚ ਵਸਣ ਵਾਲੇ ਭੋਲੇ ਲੋਕਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਕੀ ਸਕੀਮ ਹੈ। ਕਿਤੇ ਲੇਡੀ ਪੰਚ ਚੁਣਨਾ ਹੈ ਜਾਂ ਨਹੀਂ ਅਤੇ ਜਿਹੜੇ ਪੰਚ ਜਾਂ ਸਰਪੰਚ ਹੁੰਦੇ ਹਨ ਅੰਗੂਠਾ ਲਵਾ ਲੈਂਦੇ ਹਨ ਅਤੇ ਸਹੀ ਮਾਹਿਨਿਆਂ ਵਿਚ ਤਰੱਕੀ ਨਹੀਂ ਹੁੰਦੀ। ਇਸ ਲਈ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ਕਿ ਹੁਣ ਜਦ ਕਿ ਡਿਵੈਲਪਮੈਂਟ ਕੀਤੀ ਜਾ ਰਹੀ ਹੈ ਤਾਂ ਪਿੰਡਾਂ ਵਾਲਿਆਂ ਨੂੰ ਵੀ ਪਤਾ ਹੋਵੇ ਕਿ ਸਕੀਮਾਂ ਕੀ ਹਨ ਅਤੇ ਅਫਸਰਾਂ ਨੂੰ ਵੀ ਇਸ ਪਾਸੇ ਧਿਆਨ ਦੇਣ ਲਈ ਵਜ਼ੀਰ ਸਾਹਿਬ ਕਹਿ ਸਕਦੇ ਹਨ ਕਿਉਂਕਿ ਇਹ ਆਮ ਵੇਖਿਆ ਗਿਆ ਹੈ ਕਿ ਬੀ.ਡੀ.ਓਜ਼ ਜੀਪਾਂ ਲੈ ਕੇ ਹਤ ਪਾਸੇ ਹੀ ਫਿਰਦੇ ਰਹਿੰਦੇ ਹਨ। ਜਿਥੇ ਪੰਚ ਸਰਪੰਚ ਚੰਗੇ ਹਨ ਉਥੇ ਡਿਵੈਲਪਮੈਂਟ ਦਾ ਕੰਮ ਹੋ ਜਾਂਦਾ ਹੈ ਬਾਕੀ ਥਾਂਵਾਂ ਤੇ ਨਹੀਂ ਹੁੰਦਾ। ਇਸ ਲਈ ਇਸ ਬਿਲ ਵਿਚ ਜਿਹੜੀਆਂ ਨਵੀਆਂ ਅਮੈਂਡਮੈਂਟਾ ਕੀਤੀਆਂ ਜਾ ਰਹੀਆਂ ਹਨ ਇਨ੍ਹਾਂ ਨਾਲ ਪਿੰਡਾਂ ਨੂੰ ਬਹੁਤ ਫਾਇਦਾ ਹੋਵੇਗਾ।

ਇਸ ਤੋਂ ਬਾਅਦ ਮੈਂ ਇਕ ਅਰਜ਼ ਹੋਰ ਕਰਨਾ ਚਾਹੁੰਦਾ ਹਾਂ ਕਿ ਇਸ ਬਿਲ ਨੂੰ ਸਰਵ ਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ ਅਤੇ ਇਸ ਨੂੰ ਕਿਸੇ ਸਿਲੈਕਟ ਕਮੇਟੀ ਪਾਸ ਭੇਜਣ ਦੀ ਲੋੜ ਨਹੀਂ। ਬਾਜਵਾ ਸਾਹਿਬ ਨੂੰ ਇਕ ਬੇਨਤੀ ਕਰਾਂਗਾ ਕਿ ਪਹਿਲਾਂ ਡੂਅਲ ਰਾਜ ਸੀ ਅਤੇ ਜ਼ਿਲ੍ਹਾ ਪਰੀਸ਼ਦ ਤਾਂ ਇਕ ਸਿਆਸੀ ਅਖਾੜਾ ਬਣ ਗਏ ਸਨ ਅਤੇ ਇਥੇ ਤਕ ਕਿ ਸਰਕਾਰ ਦੀ ਗਲ ਤੇ ਵੀ ਰੈਜ਼ੋਲਿਊਸ਼ਨ ਪਾਸ ਕਰ ਦਿੰਦੇ ਸਨ ਜੇਕਰ ਸਰਕਾਰ ਨੇ ਕਿਸੇ ਸਕੀਮ ਲਈ ਪੈਸਾ ਦਿਤਾ ਤਾਂ ਉਸ ਦੇ ਚੇਅਰਮੈਨ ਨੇ ਆਪਣੇ ਪਿੰਡ ਵਿਚ ਹੀ ਖ਼ਰਚ ਕਰ ਦਿਤਾ। ਹੋਰਨਾ ਪਿੰਡਾਂ ਦੀ ਕੋਈ ਪਰਵਾਹ ਨਹੀਂ ਕੀਤੀ ਗਈ। ਇਸ ਲਈ ਅਗਰ ਸਰਪੰਚ ਨੂੰ ਚੁਣਿਆ ਜਾ ਸਕੇ ਤਾਂ ਸਾਰਿਆਂ ਪਿੰਡਾਂ ਦੀ ਤਰੱਕੀ ਹੋ ਸਕਦੀ ਹੈ। ਜੇਕਰ ਸਾਡੇ ਵਿਚੋਂ ਚੁਣੇ ਹੋਏ ਚੀਫ ਮਨਿਸਟਰ ਸਾਹਿਬ ਕੋਈ ਗਲ ਸਹੀ ਨਾ ਕਰਨ ਤਾਂ ਇਨ੍ਹਾਂ ਨੂੰ ਹਟਾਇਆ ਜਾ ਸਕਦਾ ਹੈ ਅਤੇ ਕਿਸੇ ਹਰੀਜਨ ਦੀ ਵਾਰੀ ਆ ਸਕਦੀ ਹੈ (ਵਿਘਨ)

(ਹਾਸਾ) ਇਸ ਲਈ ਡਾਇਰੈਕਟ ਇਲੈਕਸ਼ਨ ਦਾ ਤੱਤ ਲਿਆਉਣਾ ਚਾਹੀਦਾ ਹੈ । ਇਸ ਬਿਲ ਦੇ ਪਾਸ ਕਰਨ ਨਾਲ ਹ ਸਕਦਾ ਹੈ ਕਿ ਹਰੀਜਨ ਵੀ ਸਰਪੰਚ ਬਣ ਜਾਵੇ । ਇਸ ਬਿਲ ਰਾਹੀਂ ਸਰਕਾਰ ਹਰੀਜਨਾਂ ਨੂੰ ਨੁਮਾਇੰਦਗੀ ਦੇ ਰਹੀ ਹੈ, ਇਹ ਇਕ ਚੰਗੀ ਗੱਲ ਹੈ ।

ਇਹ ਖੁਸ਼ੀ ਦੀ ਗਲ ਹੈ ਅਤੇ ਇਸ ਦੇ ਨਾਲ ਹੀ ਮੈਂ ਕਹਾਂਗਾ ਕਿ ਚੋਣਾਂ ਵੀ ਛੇਤੀ ਹੀ ਇਨ੍ਹਾਂ ਪੰਚਾਇਤਾਂ ਦੀਆਂ ਕਰਵਾ ਦਿਤੀਆਂ ਜਾਣ ਤਾਂ ਕਿ ਜਿਹੜੇ ਨੌਜਵਾਨ ਉਤਸ਼ਾਹੀ ਹਨ ਉਹ ਮੌਕਾ ਲੈਣ ਅਤੇ ਪਿੰਡਾਂ ਦੀ ਨੁਹਾਰ ਨੂੰ ਬਦਲਣ ਵਿਚ ਸਹਾਈ ਹੋਣ । ਚੀਫ਼ ਮਨਿਸਟਰ ਸਾਹਿਬ ਇਸ ਗੱਲ ਦੀ ਖਾਹਿਸ਼ ਕਰਦੇ ਹਨ ਕਿ ਪਿੰਡਾਂ ਦੀ ਨਵੀਂ ਨੁਹਾਰ ਹੋਵੇ। ਇਹ ਤਾਂ ਹੀ ਹੋ ਸਕਦੀ ਹੈ ਜੇਕਰ ਜਿਹੜੇ ਲੋਕ ਚਾਹਵਾਨ ਹਨ, ਉਨ੍ਹਾਂ ਨੂੰ ਚੋਣਾਂ ਵਿਚ ਹਿੱਸਾ ਲੈਣ ਦਿਤਾ ਜਾਵੇ ਤਾਂ ਕਿ ਉਹ ਅਗੇ ਆਉਣ ਅਤੇ ਪਿੰਡਾਂ ਦੀ ਨੁਹਾਰ ਬਦਲਣ ।

ਇਸ ਬਿਲ ਦੇ ਪਾਸ ਹੋ ਜਾਣ ਨਾਲ ਇਕ ਹੋਰ ਲਾਭ ਹੋਵੇਗਾ ਕਿ ਜਿਹੜੇ 200 ਦੀ ਆਬਾਦੀ ਵਾਲੇ ਪਿੰਡ ਹਨ ਉਨ੍ਹਾਂ ਦੀਆਂ ਵੀ ਪੰਚਾਇਤਾਂ ਬਣ ਜਾਣਗੀਆਂ । ਇਸ ਸਬੰਧ ਵਿਚ ਕਿਸੇ ਅਰਜ਼ੀ ਦੇਣ ਦੀ ਲੋੜ ਨਹੀਂ ਪੈਣੀ ਚਾਹੀਦੀ। ਸਰਕਾਰ ਨੂੰ ਆਪ ਹੀ ਪਾਪੂਲੇਸ਼ਨ ਦੇ ਅਧਾਰ ਤੇ ਵੇਖ ਲੈਣਾ ਚਾਹੀਦਾ ਹੈ ਕਿ ਜਿਥੇ 200 ਵੋਟਾਂ ਹਨ ਉਥੇ ਆਟੋਮੇਟੀਕਲੀ ਚੋਣਾਂ ਕਰਾਕੇ ਪੰਚਾਇਤ ਕਾਇਮ ਕਰ ਦੇਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਪਿੰਡਾਂ ਨੂੰ ਫਾਇਦਾ ਹੋ ਸਕੇ ।

ਇਕ ਅਰਜ਼ ਮੈਂ ਹੋਰ ਕਰਨਾ ਚਾਹੁੰਦਾ ਹਾਂ ਕਿ ਪੰਚਾਇਤਾਂ ਦੀ ਜ਼ਮੀਨ ਦਾ ਆਮ ਤੌਰ ਤੇ ਪਿੰਡਾਂ ਵਿਚ ਡਿਸਪਿਊਟ ਰਹਿੰਦਾ ਹੈ । ਅਤੇ ਇਹ ਹਿਸਟਰੀ ਦੀ ਗੱਲ ਹੈ ਕਿ ਜ਼ਮੀਨ ਬੋਲੀ ਤੇ ਤੇ ਜਾ ਪਟੇ ਤੇ ਦਿਤੀ ਜਾਂਦੀ ਸੀ ਅਤੇ ਹੁੰਦਾ ਇਹ ਸੀ ਕਿ ਆਬਾਦ ਕਿਸੇ ਕੀਤੀ ਅਤੇ ਅਗਲੇ ਸਾਲ ਕੋਈ ਹੋਰ ਲੈ ਜਾਂਦਾ ਹੈ। ਇਸ ਲਈ ਮੈਂ ਸਰਕਾਰ ਨੂੰ ਇਹ ਸੁਝਾਵ ਦੇਵਾਂਗਾ ਕਿ ਇਹ ਜ਼ਮੀਨ ਸਾਰੀ ਦੀ ਸਾਰੀ ਪਕੇ ਤੌਰ ਤੇ ਹਰੀਜਨਾਂ ਨੂੰ ਦੇ ਦਿਤੀ ਜਾਵੇ । ਕਈ ਪੰਚਾਇਤਾਂ ਤਿਆਰ ਵੀ ਹਨ। (ਵਿਘਨ) ਅਸਾਡੇ ਮੁੱਖ ਮੰਤਰੀ ਦਾ ਵਿਚਾਰ ਤਾਂ ਇਹ ਵੀ ਹੈ ਕਿ ਬੀੜ ਦੇ ਇਲਾਕੇ ਵਿਚ ਜਿਹੜੀ ਬੇਆਬਾਦ ਜ਼ਮੀਨ ਪਈ ਹੈ ਜਾਂ ਨਜ਼ੂਲ ਜ਼ਮੀਨ ਹੈ, ਇਹ ਵੀ ਹਰੀਜਨਾਂ ਨੂੰ ਦੇ ਦਿਤੀ ਜਾਵੇ। ਇਸ ਤਰ੍ਹਾਂ ਪੰਚਾਇਤਾਂ ਦੀ ਜ਼ਮੀਨ ਵੀ ਹਰੀਜਨਾਂ ਨੂੰ ਪਕੇ ਤੌਰ ਤੇ ਅਲਾਟ ਕਰ ਦਿਤੀ ਜਾਵੇ ਤਾਂ ਆਬਾਦ ਹੋ ਸਕਦੀ ਹੈ।

ਇਕ ਬੇਨਤੀ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਕਈ ਸਰਪੰਚਾਂ ਦੇ ਖਿਲਾਫ ਇਨਕੁਆਇਰੀਆਂ ਚਲ ਰਹੀਆਂ ਹਨ । ਇਸ ਲਈ ਮੈਨੂੰ ਸ਼ਕ ਹੈ ਕਿ ਇਸ ਵਿਚ ਕੋਈ ਗ਼ਲਤ ਨਾ ਹੋ ਜਾਵੇ ਇਸ ਲਈ ਸਰਕਾਰ ਪਾਸ ਕਹਾਂਗਾ ਕਿ ਉਹ ਆਪ ਇਨ੍ਹਾਂ ਇਨਕੁਆਇਰੀਆਂ ਨੂੰ ਆਪਣੇ ਹੱਥ ਵਿਚ ਲਵੇ । ਫਿਰ ਕਈ ਥਾਂਵਾਂ ਤੇ ਜਿਵੇਂ ਕਿ ਮੂਲੇਪੁਰ ਹੀ ਸਰਹਿੰਦ ਬਲਾਕ ਵਿਚ ਉਥੇ ਇਕ ਆਦਮੀ ਨੇ ਪੰਚਾਇਤ ਜ਼ਮੀਨ ਤੇ ਕਬਜ਼ਾ ਕੀਤਾ ਹੋਇਆ ਹੈ ਫਿਰ ਜਦ ਕੇਸ ਕੋਰਟ ਵਿਚ ਗਿਆ ਤਾਂ ਉਸ ਨੇ ਉਥੇ ਦੇ ਸਰਪੰਚ ਨੂੰ ਵੀ ਆਪਣੇ ਨਾਲ ਰਲਾ ਲਿਆ ਹੈ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਮਾਮਲੇ ਵਿਚ ਇਹ ਪੰਚਾਇਤਾਂ ਦੀ ਮੱਦਦ ਕਰੇ ਅਤੇ ਇਸ ਤਰ੍ਹਾਂ ਦੇ ਕੇਸਾਂ ਵਿਚ ਆਪ ਪੈਰਵੀ ਕਰੇ ਅਤੇ ਆਪਣੇ ਐਡਵੋਕੇਟ ਜਨਰਲ ਦੇ ਰਾਹੀਂ ਇਨ੍ਹਾਂ ਕੇਸਾਂ ਵਿਚ ਲੜੇ ਤਾਂ ਕਿ ਪੰਚਾਇਤ ਦੀ ਜ਼ਮੀਨ ਇਸ ਤਰ੍ਹਾਂ ਨਾਜਾਇਜ਼ ਕਬਜ਼ੇ ਵਿਚ ਨਾ ਚਲੀ ਜਾਵੇ । ਇਸ ਨਾਲ ਸਾਰੇ ਪਿੰਡ ਨੂੰ ਨੁਕਸਾਨ ਹੁੰਦਾ ਹੈ । ਉਸ ਆਦਮੀ ਦੇ ਖ਼ਿਲਾਫ ਕਾਨੂੰਨੀ ਚਾਰਾਜੋਈ ਕੀਤੀ ਜਾਵੇ ਜਿਸ ਨੇ ਇਸ ਤਰ੍ਹਾਂ ਪੰਚਾਇਤ ਦੀ ਜ਼ਮੀਨ ਦੱਬੀ ਹੈ। ਵਕੀਲ ਚੰਗਾ ਕੀਤਾ ਜਾਵੇ ਤਾਂ ਹੀ ਪਿੰਡ ਦਾ ਭਲਾ ਹੋ ਸਕਦਾ ਹੈ ।

[ਸਰਦਾਰ ਦਲੀਪ ਸਿੰਘ ਪਾਂਧੀ]

ਇਸ ਤੋਂ ਅਗੇ ਮੈਂ ਪੁਰਜ਼ੋਰ ਸ਼ਬਦਾਂ ਵਿਚ ਇਹ ਕਹਾਂਗਾ ਕਿ ਪਿੰਡਾਂ ਵਿਚ ਪਾਰਟੀਬਾਜ਼ੀ ਬਹੁਤ ਹੈ, ਜੇਕਰ ਭਗਵਾਨ ਸਿੰਘ ਇਕ ਪਾਸੇ ਹੈ ਤਾਂ ਨਥਾ ਸਿੰਘ ਜ਼ਰੂਰ ਦੂਜੇ ਪਾਸ ਹੋਵੇਗਾ। ਨਿਕੀਆਂ ਨਿਕੀਆਂ ਗੱਲਾਂ ਤੋਂ ਪਾਰਟੀਬਾਜ਼ੀ ਹੋ ਜਾਂਦੀ ਹੈ ਇਸ ਨਾਲ ਡਿਵੈਲਪਮੈਂਟ ਦੇ ਕੰਮ ਰੁਕ ਜਾਂਦੇ ਹਨ। ਇਸ ਲਈ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਮੈਂ ਸਮਝਦਾ ਹਾਂ ਕਿ ਹੁਣ ਛੋਟੀਆਂ ਪੰਚਾਇਤਾਂ ਬਣਨ ਨਾਲ ਪਿੰਡਾਂ ਵਿਚ ਇਸ ਤਰ੍ਹਾਂ ਦੀ ਪਾਰਟੀਬਾਜ਼ੀ ਖ਼ਤਮ ਹੋ ਜਾਵੇਗੀ। ਜੇਕਰ ਇਕਠੇ ਹੋਕੇ ਇਸ ਪਾਸੇ ਯਤਨ ਕੀਤਾ ਜਾਵੇ ਤਾਂ ਹੀ ਪਿੰਡਾਂ ਨੂੰ ਸਵਰਗ ਬਣਾਇਆ ਜਾ ਸਕਦਾ ਹੈ ਨਹੀਂ ਤਾਂ 107/151 ਦੇ ਚਕਰ ਵਿਚ ਰਹਿ ਜਾਵਾਂਗੇ। ਇਸ ਲਈ ਮੈਂ ਸਮਝਦਾ ਹਾਂ ਕਿ ਜਿਹੜੀ ਇਸ ਸਬੰਧ ਵਿਚ ਛੋਟੀਆਂ ਪੰਚਾਇਤਾਂ ਬਾਰੇ ਇਸ ਬਿਲ ਵਿਚ ਅਮੈਂਡਮੈਂਟ ਲਿਆਂਦੀ ਗਈ ਹੈ ਇਸ ਨਾਲ ਜੇਕਰ ਇਸ ਤੇ ਇਮਾਨਦਾਰੀ ਨਾਲ ਅਮਲ ਕੀਤਾ ਜਾਵੇ ਅਤੇ ਅਫਸਰ ਹੇਰਾ ਫੇਰੀ ਨਾ ਕਰਨ ਤਾਂ ਚੰਗਾ ਪਰਭਾਵ ਪੈ ਸਕਦਾ ਹੈ ਅਤੇ ਸਰਪੰਚਾਂ ਪੰਚਾਂ ਦੀ ਲੜਾਈ ਖ਼ਤਮ ਹੋ ਸਕਦੀ ਹੈ।

ਇਕ ਅਰਜ਼ ਮੈਂ ਹੋਰ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਕਾਨੂੰਨ ਬਣਾਇਆ ਜਾਵੇ ਉਸ ਤੇ ਸਰਕਾਰ ਸਖ਼ਤੀ ਨਾਲ ਅਮਲ ਕਰਾਵੇ ਅਤੇ ਜਿਹੜਾ ਪਹਿਲਾਂ ਸਰਪੰਚ ਮਨ ਮਰਜ਼ੀ ਕਰਦਾ ਸੀ ਕਿ ਉਸ ਨੂੰ ਕੋਈ ਪੰਜ ਸਾਲ ਤਕ ਹਟਾ ਨਹੀਂ ਸਕਦਾ ਉਹ ਦੂਰ ਹੋ ਜਾਵੇਗਾ ਅਤੇ ਹੁਣ ਜੇਕਰ ਉਹ ਕੋਆਪਰੇਟ ਨਾ ਕਰੇ ਤਾਂ ਤੀਜੇ ਦਿਨ ਉਸ ਨੂੰ ਲਾਹਿਆ ਜਾ ਸਕੇਗਾ। ਇਹ ਗਲ ਪਿੰਡਾਂ ਦੀ ਡਿਵੇ-ਲਪਮੈਂਟ ਵਿਚ ਸਹਾਈ ਹੋ ਸਕਦੀ ਹੈ ਜੇਕਰ ਇਸ ਬਿਲ ਦੀਆਂ ਅਮੈਂਡਮੈਂਟਾਂ ਮਨ ਲਈਆ ਜਾਣ।

ਚੌਧਰੀ ਸੁੰਦਰ ਸਿੰਘ : ਆਨ ਏ ਪੁਆਇੰਟ ਆਫ ਇਨਫਰਮੇਸ਼ਨ ਸਰ।

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਜਦੋਂ ਤੱਕ ਇਕ ਮੈਂਬਰ ਬੋਲ ਰਿਹਾ ਹੋਵੇ ਉਤਨਾ ਚਿਰ ਤੁਸੀਂ ਪੁਆਇੰਟ ਆਫ ਇਨਫਰਮੇਸ਼ਨ ਤੇ ਬੋਲ ਨਹੀਂ ਸਕਦੇ।

(*Addressing to Chaudhri Sunder Singh* : You cannot rise on a point of information during the speech of another hon. Member.)

ਚੌਧਰੀ ਸੁੰਦਰ ਸਿੰਘ : ਤੁਹਾਡੀ ਗੱਲ ਠੀਕ ਹੈ। ਮੈਂ ਤਾਂ ਇਤਨਾ ਹੀ ਪੁਛਣਾ ਸੀ ਕਿ ਇਹ ਜਿਹੜਾ ਰਿਜ਼ਰਵੇਸ਼ਨ ਦਾ ਵਿਚਾਰ ਦੇ ਰਹੇ ਹਨ ਇਹ ਇਤਨਾ ਵੀ ਕਹਿ ਦੇਣ ਕਿ ਹੁਣ ਰਿਜ਼ਰਵੇਸ਼ਨ 9 ਤੋਂ ਵਧ ਕੇ ਜਿਹੜੀ ਗਿਆਰਾਂ ਹੋਈ, ਇਸ ਬਾਰੇ ਵੀ ਵਿਚਾਰ ਦੇਣ।

Mr. Speaker : Please resume your seat.

ਸਰਦਾਰ ਦਲੀਪ ਸਿੰਘ ਪਾਂਧੀ : ਭਾਰਤ ਦੇ ਸੰਵਿਧਾਨ ਅਨੁਸਾਰ ਅਜੇ 10 ਸਾਲ ਹੋਰ ਰਜ਼ਿਰਵੇਸ਼ਨ ਕਾਇਮ ਰਹਿਣੀ ਹੈ। (ਇਕ ਮਾਨਯੋਗ ਮੈਂਬਰ: 9 ਤੋਂ 11 ਵਾਲੀ ਵੀ ਗੱਲ ਕਰੋ) ਜੇ ਕਰ ਐਸਾ ਹੈ ਤਾਂ ਮੈਂ ਇਹ ਵੀ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਨੂੰ ਇਸ ਤੇ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ, ਇਹ ਵੀ ਸਰਕਾਰ ਨੂੰ ਜ਼ਰੂਰ ਕਰ ਲੈਣਾ ਚਾਹੀਦਾ ਹੈ। ਅਸੂਲ ਦੇ ਮੁਤਾਬਿਕ ਜਿਹੜੀ ਵੀ ਰਜ਼ਿਰ-ਵੇਸ਼ਨ ਦੇ ਸਬੰਧ ਦੇ ਵਿਚ ਖਾਮੀਆਂ ਹਨ, ਉਹ ਪੂਰੀਆਂ ਹੋਣੀਆਂ ਚਾਹੀਦੀਆਂ ਹਨ।

ਇਸ ਤੋਂ ਇਲਾਵਾ ਵੱਡੇ ਵੱਡੇ ਲੋਕਾਂ ਨੇ ਕੋਆਪਰੇਟਿਵ ਫਾਰਮਜ਼ ਮਹਿਜ਼ ਕਾਗਜ਼ਾਂ ਦੇ ਵਿਚ ਹੀ ਬਣਾਏ ਹੋਏ ਹਨ, ਇਨ੍ਹਾਂ ਦਾ ਕਿਤੇ ਨਾਉਂ ਥੇਹ ਵੀ ਨਹੀਂ, ਇਨ ਦੀ ਬਾਕਾਇਦਾ ਤੌਰ ਤੇ ਪੜਤਾਲ

ਹੋਣੀ ਚਾਹੀਦੀ ਹੈ। ਖਾਸ ਕਰਕੇ ਉਨ੍ਹਾਂ ਪਿੰਡਾਂ ਵਿਚ ਜਿਥੇ ਜ਼ਮੀਨ ਹੁਣ ਤਕ ਵੀ ਫਾਲਤੂ ਪਈ ਹੈ ਇਹ ਹਰੀਜਨਾਂ ਨੂੰ ਦੇ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਪਟਿਆਲੇ ਤੋਂ ਸੰਗਰੂਰ ਤੱਕ ਸੜਕ ਦੇ ਨਾਲ ਨਾਲ ਜੇ ਜਾਈਏ ਤਾਂ ਕੱਲਰ ਹੀ ਕੱਲਰ ਪਏ ਹਨ, ਜਿਨ੍ਹਾਂ ਨੂੰ ਕੋਈ ਆਬਾਦ ਨਹੀਂ ਕਰਦਾ ਇਹ ਹਰੀਜਨਾਂ ਨੂੰ ਦੇ ਦੇਣੇ ਚਾਹੀਦੇ ਹਨ। ਪੰਚਾਇਤਾਂ ਦਾ ਮਹਿਕਮਾਂ ਜਾਕੇ ਪਿੰਡਾਂ ਵਿਚ ਵੇਖੇ ਕਿ ਉਥੇ ਕੀ ਡੀਵੈਲਪਮੈਂਟ ਹੋਈ ਹੈ, ਪਰ ਉਹ ਤਾਂ ਇਥੇ ਹੀ ਪੱਖਿਆਂ ਦੇ ਹੇਠ ਕਮਰਿਆ ਅੰਦਰ ਬੈਠੇ ਰਹਿੰਦੇ ਹਨ। 50% ਕੰਮ ਅਜੇ ਹੁੰਦਾ ਨਹੀਂ। ਪੰਚਾਂ ਸਰਪੰਚਾਂ ਤੋਂ ਮਨਮਰਜ਼ੀ ਦਾ ਰੈਜ਼ੋਲੀਊਸ਼ਨ ਕਰਵਾ ਕੇ ਐਂਵੇਂ ਕਾਗਜ਼ਾਂ ਤੇ ਦਸਖਤ ਕਰਵਾ ਲੈਂਦੇ ਹਨ ਅਤੇ ਕਹਿੰਦੇ ਫਿਰਦੇ ਹਨ ਪਿੰਡਾਂ ਦੇ ਵਿਚ ਇਤਨੀ ਇਮਪਰੂਵਮੈਂਟ ਹੋਈ ਹੈ। ਜਿਹੜੇ ਵੀ ਜੁਡੀਸ਼ਲ ਮਾਈਂਡਿਡ ਅਫ਼ਸਰ ਹਨ ਉਨ੍ਹਾਂ ਨੂੰ ਪੰਚਾਇਤਾਂ ਦੇ ਕੇਸਿਜ਼ ਜਾਣੇ ਚਾਹੀਦੇ ਹਨ, ਐਗਜ਼ੈਕਟਿਵ ਦੇ ਆਪਸੀ ਝਗੜੇ ਹੋਣ ਕਰਕੇ ਲੋਕਾਂ ਨੂੰ ਕੋਈ ਇਨਸਾਫ ਨਹੀਂ ਮਿਲਦਾ ਇਹ ਸਾਰੇ ਝਗੜੇ ਕੋਰਟਸ ਦੇ ਵਿਚ ਜਾਣੇ ਚਾਹੀਦੇ ਹਨ। ਇਸ ਬਾਰੇ ਮੈਂ ਖਾਸ ਤੌਰ ਤੇ ਬਾਜਵਾ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਸਾਰੇ ਪੰਚਾਂ ਸਰਪੰਚਾਂ ਦੇ ਝਗੜੇ ਕੋਰਟਸ ਰਾਹੀਂ ਇਕ ਲਿਸਟ ਭੇਜ ਕੇ ਕਢਵਾ ਲੈਣ ਤਾਂ ਇਸ ਦਾ ਲੋਕਾਂ ਨੂੰ ਬਹੁਤ ਫਾਇਦਾ ਹੋ ਸਕਦਾ ਹੈ।

ਜਿਹੜੇ ਵੀ ਐਗਰੀਕਲਚਰਲ ਫਾਰਮ ਹਨ, ਅਤੇ ਆਬਾਦ ਨਹੀਂ ਹੋਏ, ਉਹ ਸਾਰੇ ਦੇ ਸਾਰੇ ਹਰੀਜਨਾਂ ਨੂੰ ਦੇ ਦੇਣੇ ਚਾਹੀਦੇ ਹਨ। ਜਿਤਨੀ ਵੀ ਕਾਮਨ ਲੈਂਡ ਦੀ ਜ਼ਮੀਨ ਹੈ ਉਨ੍ਹਾਂ ਵਿਚੋਂ ਹਰੀਜਨਾਂ ਨੂੰ ਬਾਕਾਇਦਾ ਉਨ੍ਹਾਂ ਦਾ ਹਿੱਸਾ ਮਿਲਣਾ ਚਾਹੀਦਾ ਹੈ। ਸਾਨੂੰ ਇਸ ਬਿਲ ਦੀ ਪੂਰੀ ਤਰ੍ਹਾਂ ਹਮਾਇਤ ਕਰਨੀ ਚਾਹੀਦੀ ਹੈ ਕਿਉਂਕਿ ਪੰਜਾਬ ਦੀ ਸਰਕਾਰ ਨੇ ਇਕ ਬੜਾ ਚੰਗਾ ਕੰਮ ਕੀਤਾ ਹੈ। ਜ਼ਿਲ੍ਹਾ ਪ੍ਰੀਸ਼ਦ ਤੇ ਸੰਮਤੀਆਂ ਨੂੰ ਅਬਾਲਿਸ਼ ਕਰਨ ਦੀ ਡੀਮਾਂਡ ਪਿਛਲੇ 20 ਸਾਲ ਤੋਂ ਲੋਕਾਂ ਵੱਲੋਂ ਕੀਤੀ ਜਾਂਦੀ ਰਹੀ ਹੈ, ਕਿਉਂਕਿ ਇਹ ਐਸੇ ਅਦਾਰੇ ਹਨ ਜਿਹੜੇ ਗ਼ਲਤ ਕੰਮ ਕਰਦੇ ਹਨ। ਇਨ੍ਹਾਂ ਦੀ ਬਜਾਏ ਲੋਕਾਂ ਨੂੰ ਨੁਮਾਇੰਦਗੀ ਜੇ ਦਿੱਤੀ ਜਾਵੇ ਤਾਂ ਹੀ ਪਿੰਡਾਂ ਦੀ ਤਰੱਕੀ ਹੋ ਸਕਦੀ ਹੈ। ਇਨ੍ਹਾਂ ਲਫਜ਼ਾਂ ਦੇ ਨਾਲ ਮੈਂ ਇਸ ਬਿਲ ਦੀ ਹਮਾਇਤ ਕਰਦਾ ਹਾਂ।

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਇਸ ਬਿਲ ਦੇ ਮੁਤਾਲਿਕ ਮੈਂ ਇਕ ਮਿੰਟ ਦੇ ਲਈ ਕੁਝ ਅਰਜ਼ ਕਰਾਂਗਾ। ਉਹ ਇਹ ਕਿ ਪੰਚਾਇਤ ਐਕਟ ਦੇ ਵਿਚ ਤਰਮੀਮ ਕੀਤੀ ਜਾ ਰਹੀ ਹੈ। ਸਾਨੂੰ ਪਹਿਲਾਂ ਹੀ ਪਤਾ ਹੈ ਕਿ ਪੰਚਾਇਤਾਂ ਦੀਆਂ ਚੋਣਾਂ ਕਿਵੇਂ ਹਰ ਸਾਲ ਪਿਛੇ ਪਾਈਆਂ ਜਾ ਰਹੀਆਂ ਹਨ। ਇਸ ਅਮੈਂਡਮੈਂਟ ਦੇ ਆਉਣ ਨਾਲ ਫੇਰ ਉਹੀ ਗੱਲ ਸਿਧ ਹੋ ਜਾਂਦੀ ਹੈ ਕਿ ਹੁਣ ਪੰਚਾਇਤਾਂ ਦੀਆਂ ਚੋਣਾਂ ਫਿਰ ਨਹੀਂ ਹੋਣੀਆਂ। ਇਹ ਹੁਣ ਇਸ ਤਰ੍ਹਾਂ ਦਾ ਤਰੀਕਾ ਇਖਤਿਆਰ ਕਰਨ ਲੱਗੇ ਹਨ ਕਿ ਹੁਣ ਸਰਪੰਚ ਨੇ ਪੰਚਾਂ ਵਿਚੋਂ ਹੀ ਬਨਣਾ ਹੈ ਜਿਥੇ ਕਿ ਅਗੇ ਸਰਪੰਚ ਸਿਧਾ ਜਨਤਾ ਵਿਚੋਂ ਆਉਂਦਾ ਸੀ। ਇਸ ਅਮੈਂਡਮੈਂਟ ਦੇ ਨਾਲ ਲੋਕਾਂ ਦੀ ਤਸੱਲੀ ਨਹੀਂ ਹੁੰਦੀ।

ਸ੍ਰੀ ਸਪੀਕਰ : ਇਕ ਐਲ. ਆਰ ਨੂੰ ਇਹ ਗਲ ਨਹੀਂ ਸੀ ਕਹਿਣੀ ਚਾਹੀਦੀ। ਜਦੋਂ ਪੁਰਾਣਾ ਐਕਟ ਪਾਸ ਕੀਤਾ ਗਿਆ ਸੀ ਤਾਂ ਉਸ ਦੇ ਆਧਾਰ ਤੇ ਕੰਮ ਹੁੰਦਾ ਸੀ ਹੁਣ ਜੇ ਤਰਮੀਮ ਹੋ ਕੇ ਨਵਾਂ ਐਕਟ ਆ ਗਿਆ ਹੈ ਤਾਂ ਇਸ ਦੇ ਆਧਾਰ ਤੇ ਕੰਮ ਹੋਵੇਗਾ। (ਹਾਸਾ) (This does not become of an L. R. Earlier, the work was done according to the old Act. Now the work will be conducted under the amended Act.)

ਸਰਦਾਰ ਉਮਰਾਓ ਸਿੰਘ : (ਸ਼ੋਰ) ਮੈਂ ਚਾਹਾਂਗਾ ਕਿ ਇਸ ਹਾਊਸ ਦੇ ਮਨਿਸਟਰ ਸਾਹਿਬ ਕੋਈ ਐਲਾਨ ਖਿੜੇ ਮਥੇ ਕਰਨ ਕਿਉਂਕਿ ਸਰਦਾਰ ਗੁਰਮੀਤ ਸਿੰਘ ਜੀ ਨਵਾਂ ਕੋਟ ਪਾਕੇ ਆਏ ਹਨ...

Mr. Speaker : Please be relevant.

ਸਰਦਾਰ ਉਮਰਾਓ ਸਿੰਘ : ਤੁਸੀਂ ਜ਼ਰਾ ਇਸ ਦੀ ਸੈਕਸ਼ਨ 5 ਪੜ੍ਹੋ। ਇਸ ਵਿਚ ਲਿਖਿਆ ਹੈ ਕਿ ਨੋਟੀਫੀਕੇਸ਼ਨ ਕਰਨ ਦੇ ਲਈ ਪਹਿਲਾਂ ਡੀ ਸੀ. ਨੂੰ ਪੁਛਣਾ ਚਾਹੀਦਾ ਹੈ। ਮੈਂ ਗਵਰਮੈਂਟ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਵਾਕਈ ਪੰਚਾਇਤਾਂ ... (ਵਿਘਨ) ਇਲੈਕਸ਼ਨਾਂ ਦੇ ਮੁਤਾਲਿਕ ਜੇ ਅੱਜ ਵੀ ਸਲਾਹ ਬਣਾ ਲੈਣ ਤਾਂ ਇਹ ਅਗਲੇ ਸੈਸ਼ਨ ਤੱਕ ਬਿਲ ਹੀ ਨਾ ਪੰਚਾਇਤ ਸੰਮਤੀਆਂ ਦਾ ਲਿਆਉਣ, ਜੇ ਪੰਚਾਇਤ ਸੰਮਤੀਆਂ ਦਾ ਬਿਲ ਨਹੀਂ ਆਵੇਗਾ ਤਾਂ ਪੰਚਾਇਤਾਂ ਦਾ ਕੰਮ ਆਪਣੇ ਆਪ ਹੀ ਉਤਨੀ ਦੇਰ ਠਪ ਰਹੇਗਾ। ਇਨ੍ਹਾਂ ਦਾ ਅਸਲ ਮਨਸ਼ਾ ਹੀ ਇਹੋ ਹੈ। ਮੈਂ ਸਮਝਦਾ ਹਾਂ ਕਿ ਜੇ ਇਨ੍ਹਾਂ ਨੇ ਕੋਈ ਕੰਮ ਹੀ ਨਹੀਂ ਕਰਨਾ ਤਾਂ ਇਕ ਪੰਚਾਇਤੀ ਰਾਜ ਦੀ ਮਨਿਸਟਰੀ ਰੱਖਣ ਅਤੇ ਇਸ ਦੇ ਇਤਨੇ ਵਡੇ ਅਮਲੇ ਨੂੰ ਤਨਖਾਹ ਦੇਣ ਦੀ ਆਖਿਰ ਕੀ ਲੋੜ ਹੈ। ਮੈਂ ਨਹੀਂ ਸਮਝਦਾ ਇਸ ਤਰ੍ਹਾਂ ਦੀ ਅਮੈਂਡਮੈਂਟ ਇਥੇ ਲਿਆਉਣ ਦਾ ਇਸ ਵੇਲੇ ਕੀ ਫਾਇਦਾ ਹੈ।

ਚੌਧਰੀ ਤੁਲਸੀ ਰਾਮ ਚੌਹਾਨ (ਬਲਾਚੌਰ): ਸਪੀਕਰ ਸਾਹਿਬ, ਇਹ ਜਿਹੜਾ ਪੰਚਾਇਤੀ ਰਾਜ ਦਾ ਅਮੈਂਡਡ ਬਿਲ ਅੱਜ ਹਾਊਸ ਦੇ ਸਾਹਮਣੇ ਪੇਸ਼ ਹੈ, ਮੈਂ ਇਸ ਦੇ ਮੁਤਾਲਿਕ ਪੰਜਾਬ ਸਰਕਾਰ ਨੂੰ ਕੁਝ ਕਹਿਣਾ ਚਾਹੁੰਦਾ ਹਾਂ। ਇਸ ਬਿਲ ਦੇ ਜ਼ਰੀਏ ਪਹਿਲਾਂ ਇਹ ਫੈਸਲਾ ਕੀਤਾ ਗਿਆ ਸੀ ਕਿ ਪੰਚਾਂ ਨੂੰ ਅਤੇ ਸਰਪੰਚਾਂ ਨੂੰ ਇਕ ਡੈਮੋਕਰੈਟਿਕ ਸੈਟ-ਅਪ ਦੇ ਜ਼ਰੀਏ ਚੁਨਣਾ ਸੀ। ਪਰ ਜਿਸ ਤਰ੍ਹਾਂ ਦੀ ਇਹ ਅਮੈਂਡਮੈਂਟ ਆਈ ਹੈ, ਇਸ ਦੇ ਨਾਲ ਤਾਂ ਪਿੰਡ ਦੇ ਲੋਕਾਂ ਨਾਲ ਸਰੀਹਨ ਧੋਖਾ ਹੋਇਆ ਹੈ। ਇਸ ਦੇ ਨਾਲ ਬੇਸਿਕ ਯੂਨਿਟ ਸੀ ਉਹ ਖਰਾਬ ਹੋ ਗਈ ਹੈ। ਜੇਕਰ ਪੰਚ ਕਿਸੇ ਸਰਪੰਚ ਨੂੰ ਚੁਣਦੇ ਹਨ ਅਤੇ ਪਿੰਡ ਦੇ ਬੰਦੇ ਉਸ ਦੇ ਖਿਲਾਫ ਹਨ ਤਾਂ ਇਹ ਪਿੰਡਾਂ ਦੇ ਲੋਕਾਂ ਦੀ ਸਹੀ ਨੁਮਾਇੰਦਗੀ ਤਾਂ ਨਹੀਂ ਹੋਈ, ਇਹ ਤਾਂ ਇਸ ਤਰ੍ਹਾਂ ਹੋਵੇਗਾ ਜਿਸ ਤਰ੍ਹਾਂ ਸਾਡਾ ਮੁਲਕ ਅੰਗਰੇਜ਼ ਸ਼ਾਹੀ ਦੀ ਚੱਕੀ ਹੇਠਾ ਪਿਸਦਾ ਚਲਾ ਗਿਆ ਪਰ ਕਰ ਕੁਝ ਨਹੀਂ ਸਕਿਆ। ਇਕ ਮੁਖੀਆ ਜੋ ਅਮੀਰ ਹੈ ਉਸ ਦੇ ਲਈ ਸਰਪੰਚ ਬਨਣ ਵਾਸਤੇ 5 ਆਦਮੀਆਂ ਨੂੰ ਕੁਝ ਸਮੇਂ ਦੇ ਲਈ ਖ਼ਰੀਦ ਲੈਣਾ ਕੋਈ ਮੁਸ਼ਕਲ ਗਲ ਨਹੀਂ। ਉਹ 5 ਆਦਮੀਆਂ ਤੋਂ ਆਪਣੀ ਮਰਜ਼ੀ ਦੇ ਮੁਤਾਬਿਕ ਹਰ ਜਾਇਜ਼ ਨਜਾਇਜ਼ ਕੰਮ ਕਰਾ ਸਕਦਾ ਹੈ। ਸਪੀਕਰ ਸਾਹਿਬ, ਤੁਸੀਂ ਤਾਂ ਆਪ ਬੜੇ ਸਮਝਦਾਰ ਹੋ ਕਿ ਜਦੋਂ ਇਕ ਪਿੰਡ ਦੇ ਸਾਰੇ ਬੰਦੇ ਵੋਟਾਂ ਪਾਕੇ ਇਕ ਬੰਦੇ ਨੂੰ ਚੁਨਣ ਅਤੇ ਕਿਤੇ 5-7 ਬੰਦੇ ਹੀ ਇਕ ਸਰਪੰਚ ਖੜ੍ਹਾ ਕਰ ਲੈਣ ਇਹ ਤਾਂ ਡੈਮੋਕਰੇਸੀ ਨਾਲ ਸਰਾ ਸਰ ਧੱਕਾ ਕਰਨ ਵਾਲੀ ਗੱਲ ਹੈ। ਇਸ ਦੇ ਨਾਲ ਸਟੇਟ ਵਿਚ ਕੁਰੱਪਸ਼ਨ ਵਧੇਗੀ ਅਤੇ ਸਰਪੰਚ ਮਨ ਮਾਨੀਆਂ ਕਰੇਗਾ। ਇਹ ਕਿਸੇ ਨੂੰ ਭੁਲਿਆ ਨਹੀਂ ਕਿ 100-150 ਸਾਲ ਦਾ ਪੁਰਾਣਾ ਅੰਗਰੇਜ਼ੀ ਸਾਮਰਾਜ ਕੋਈ ਐਵੇਂ ਨਹੀਂ ਚਲਿਆ ਗਿਆ, ਇਸ ਦੇ ਲਈ ਵਡੀਆਂ ਵਡੀਆਂ ਐਜੀਟੇਸ਼ਨਾਂ ਚਲੀਆਂ, ਗੋਲੀਆਂ ਖਾਧੀਆਂ ਅਤੇ ਲੋਕਾਂ ਨੂੰ ਜੇਲ੍ਹਾਂ ਵਿਚ ਜਾਣਾ ਪਿਆ। ਜੇਕਰ ਅਜ ਅਸੀਂ ਇਹ ਡੈਮੋਕਰੈਟਿਕ ਹੱਕ ਜਿਹੜਾ ਅਸੀਂ ਇਸ ਬਿਲ ਰਾਹੀਂ ਛਡ ਰਹੇ ਹਾਂ ਤਾਂ ਇਸ ਦੇ ਨਾਲ ਕੋਈ ਚੰਗੇ ਨਤੀਜੇ ਨਹੀਂ ਨਿਕਲਣੇ। ਮੈਂ ਇਹ ਗਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਹਰ ਕੋਈ ਆਮ ਆਦਮੀ 5-4 ਪੰਚਾਂ ਨੂੰ ਖ਼ਰੀਦ ਕੇ ਸਰਪੰਚ ਬਣੇਗਾ ਅਤੇ ਮਨ ਮਾਨੀਆਂ ਕਰੇਗਾ। ਪਰ ਜੇ ਅਜ ਦੀ ਸਰਕਾਰ ਇਸ ਤਰ੍ਹਾਂ ਦੇ ਕਾਨੂੰਨ ਲਿਆ ਕੇ ਲੋਕਾਂ ਦੀ ਰਾਏ ਦੇ ਵਿਰੁਧ ਕੰਮ ਕਰਦੀ ਰਹੀ ਤਾਂ ਉਹ ਦਿਨ ਦੂਰ ਨਹੀਂ

ਜਿਸ ਤਰ੍ਹਾਂ ਅੰਗਰੇਜ਼ੀ ਰਾਜ ਦਾ ਖਾਤਮਾ ਹੋ ਗਿਆ ਸੀ ਪਿੰਡਾਂ ਦੀ ਜਨਤਾ ਇਸ ਸਰਕਾਰ ਦਾ ਵੀ ਖਾਤਮਾ ਕਰੇਗੀ । ਇਹ ਸਰਕਾਰ ਲੋਕਾਂ ਤੋਂ ਉਨ੍ਹਾਂ ਨੂੰ ਮਿਲੇ ਬੇਸਿਕ ਹਕ ਖੋਹਣਾ ਚਾਹੁੰਦੀ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਾਂਗਾ ਕਿ ਜੇ ਪਿੰਡਾਂ ਦੇ ਲੋਕਾਂ ਦਾ ਇਹ ਬੇਸਿਕ ਹੱਕ ਖੋਹਣ ਦਾ ਯਤਨ ਕੀਤਾ ਗਿਆ ਤਾਂ ਲੋਕ ਇਸਨੂੰ ਨਹੀਂ ਸਹਾਰਨਗੇ । ਫਿਰ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੋ ਡਿਵੈਲਪਮੈਂਟ ਦਾ ਰੁਪਿਆ ਪਿੰਡਾਂ ਦੇ ਵਿਚ ਜਾਵੇਗਾ, ਉਸ ਨੂੰ ਸਰਪੰਚ ਅਤੇ ਪੰਚ ਕਿਸ ਤਰੀਕੇ ਦੇ ਨਾਲ ਖਰਚ ਕਰਨਗੇ । ਇਸ ਗਲ ਦਾ ਮੈਨੂੰ ਖਤਰਾ ਹੈ । ਜਿਸ ਪੰਚਾਇਤੀ ਰਾਜ ਨੂੰ ਸਾਡੀ ਇਹ ਸਰਕਾਰ ਕਾਇਮ ਕਰਨਾ ਚਾਹੁੰਦੀ ਹੈ, ਉਹ ਇਸ ਬਿਲ ਵਿਚ ਇਹ ਅਮੈਂਡਮੈਂਟ ਲਿਆ ਕੇ ਖ਼ਤਮ ਕਰ ਰਹੀ ਹੈ । ਜੇ ਇਹ ਬੇਸਿਕ ਹਕ ਖੋਹਿਆ ਗਿਆ ਤਾਂ ਮੈਂ ਇਹ ਕਹਿ ਦੇਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਦਾ ਖ਼ਾਤਮਾ ਹੋ ਜਾਵੇਗਾ । (ਥੰਪਿੰਗ)

ਜਥੇਦਾਰ ਹਰਦਿੱਤ ਸਿੰਘ ਪੂਹਲੀ : ਆਨ ਏ ਪਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰੇ ਵੀਰ ਨੇ ਬੜੇ ਘਬਰਾ ਕੇ ਗੱਲਾਂ ਕੀਤੀਆਂ ਹਨ । ਜਿਸ ਤਰ੍ਹਾਂ ਮਰਦਾ ਹੋਇਆ ਆਦਮੀ ਕਹਿੰਦਾ ਹੈ ਕਿ ਮੈਂ ਤਾਂ ਮਰ ਹੀ ਰਿਹਾ ਹਾਂ, ਬਾਕੀ ਵੀ ਦੁਨੀਆਂ ਮਰ ਜਾਵੇ । ਮੈਂ ਇਹ ਅਰਜ਼ ਕਰਦਾ ਹਾਂ ਕਿ ਜੋ ਸੱਚੇ ਹੁੰਦੇ ਹਨ ਉਹ ਕਦੇ ਨਹੀਂ ਮਰਦੇ । (ਤਾੜੀਆਂ)

ਸਰਦਾਰ ਮਹਿੰਦਰ ਸਿੰਘ ਬੱਬੇਹਾਲੀ (ਗੁਰਦਾਸਪੁਰ): ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਸਪੋਰਟ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਮੈਂ ਜ਼ਾਤੀ ਤੌਰ ਤੇ ਇਸ ਪੰਚਾਇਤੀ ਰਾਜ ਦੇ ਢਾਂਚੇ ਨਾਲ ਵਾਕਫੀਅਤ ਰੱਖਦਾ ਹਾਂ । ਮੈਂ ਪੰਚ, ਸਰਪੰਚ ਅਤੇ ਬਲਾਕ ਸੰਮਤੀ ਦੇ ਪੱਧਰ ਦੀ ਵਾਕਫ਼ੀਅਤ ਰੱਖਦਾ ਹਾਂ । ਮੈਂ ਸਮਝਦਾ ਹਾਂ ਕਿ ਜੋ ਤਰਮੀਮ ਲਿਆਂਦੀ ਗਈ ਹੈ, ਇਹ ਬਿਲਕੁਲ ਦਰੁਸਤ ਹੈ । (ਤਾੜੀਆਂ) ਮੈਂ ਜਾਣਦਾ ਹਾਂ ਕਿ ਪ੍ਰੈਕਟੀਕਲ ਤੌਰ ਤੇ ਪੰਚਾਇਤਾਂ ਦੇ ਕੰਮ ਵਿਚ ਕੀ ਮੁਸ਼ਕਲਾਂ ਆਉਂਦੀਆਂ ਹਨ । ਕੋਈ ਚੰਗਾ ਜਾਂ ਮਾੜਾ ਆਦਮੀ ਡਾਇਰੈਕਟ ਵੋਟਾਂ ਦੇ ਰਾਹੀਂ ਵਖ ਵਖ ਪਿੰਡ ਦੇ ਹਿੱਸਿਆਂ ਵਿਚੋਂ ਮਜਮੂਹੀ ਤੌਰ ਤੇ ਵੋਟਾਂ ਲੈ ਕੇ ਸਰਪੰਚ ਚੁਣਿਆ ਜਾਂਦਾ ਹੈ ਪਰ ਉਸ ਦੇ ਥੱਲੇ ਜੋ ਕੰਮ ਕਰਨ ਵਾਲੇ ਹਨ ਬਾਕੀ ਦੇ ਪੰਚ ਉਨ੍ਹਾਂ ਵਿਚ ਉਸ ਦੀ ਮੈਜਾਰਿਟੀ ਨਹੀਂ ਹੁੰਦੀ । ਅਤੇ ਪਿੰਡਾਂ ਦੀ ਤਰੱਕੀ ਦੇ ਵਿਚ ਰੁਕਾਵਟ ਆਉਣ ਦਾ ਸਭ ਤੋਂ ਵੱਡਾ ਰੀਜਨ ਇਹ ਹੈ । ਉਸ ਦੇ ਰੋਜ਼ ਦੇ ਕੰਮ ਵਿਚ ਅੜਚਨ ਪੈ ਜਾਂਦੀ ਹੈ । ਜੇ ਉਹ ਇਨ-ਡਾਇਰੈਕਟ ਇਲੈਕਸ਼ਨ ਦੇ ਰਾਹੀਂ ਚੁਣਿਆ ਜਾਵੇ ਤਾਂ ਬਾਕੀ ਪੰਚਾਂ ਦਾ ਪੂਰਾ ਸਹਿਯੋਗ ਉਸ ਨੂੰ ਪ੍ਰਾਪਤ ਹੋਵੇਗਾ ਅਤੇ ਪੂਰੇ ਪੀਰੀਅਡ ਵਿਚ ਉਹ ਪਿੰਡ ਦੀ ਡਿਵੈਲਪਮੈਂਟ ਬਾਰੇ ਕੰਮ ਕਰ ਸਕੇਗਾ । ਇਸ ਦੇ ਨਾਲ ਹੀ ਜੋ ਨੋ-ਕਾਂਨਫੀਡੈਂਸ ਦੀ ਗੱਲ ਕੀਤੀ ਗਈ ਹੈ, ਮੈਂ ਸਮਝਦਾ ਹਾਂ ਕਿ ਇਹ ਵੀ ਇਕ ਬੜੀ ਚੰਗੀ ਗੱਲ ਹੈ । ਜਦੋਂ ਵੀ ਕਿਸੇ ਪਿੰਡ ਦੀ ਜਨਤਾ ਇਹ ਸੋਚੇਗੀ ਕਿ ਉਸ ਦੀ ਡਿਵੈਲਪਮੈਂਟ ਦਾ ਕੰਮ ਠੀਕ ਤਰੀਕੇ ਦੇ ਨਾਲ ਨਹੀਂ ਹੋ ਰਿਹਾ ਅਤੇ ਅਕਸਰੀਅਤ ਉਸ ਸਰਪੰਚ ਦੇ ਵਿਰੁਧ ਹੋ ਜਾਵੇਗੀ ਅਤੇ ਨੋ-ਕਾਨੀਫੀਡੈਂਸ ਮੋਸ਼ਨ ਉਸ ਦੇ ਖਿਲਾਫ਼ ਪਾਸ ਹੋ ਜਾਵੇਗੀ । ਇਸ ਤਰ੍ਹਾਂ ਅਵਾਮ ਆਪਣੀ ਮਰਜ਼ੀ ਦੇ ਨਾਲ ਕਿਸੇ ਵੀ ਸਰਪੰਚ ਨੂੰ ਉਸ ਦੇ ਔਹੁਦੇ ਤੋਂ ਹਟਾ ਸਕਣਗੇ । ਇਸ ਦੇ ਨਾਲ ਅਵਾਮ ਵੀ ਬੇਦਾਰ ਰਹੇਗਾ ਅਤੇ ਸਰਪੰਚ ਦੇ ਸਿਰ ਤੇ ਵੀ ਤਲਵਾਰ ਲਟਕਦੀ ਰਹੇਗੀ ਕਿ ਜੇ ਉਸ ਨੇ ਕੰਮ ਚੰਗੀ ਤਰ੍ਹਾਂ ਨਾ ਕੀਤਾ ਤਾਂ ਉਸ ਨੂੰ ਹਟਾ ਦਿਤਾ ਜਾਵੇਗਾ ਤਾਂ ਉਹ ਚੰਗੀ ਤਰ੍ਹਾਂ ਕੰਮ ਕਰੇਗਾ ।

ਫਿਰ ਇਥੇ ਮੇਰੇ ਸਾਥੀ ਪਾਂਧੀ ਜੀ ਨੇ ਜ਼ਮੀਨਾਂ ਬਾਰੇ ਇਕ ਗਲ ਕਹੀ ਕਿ ਹਰੀਜਨਾਂ ਨੂੰ ਪਕੇ ਪਟੇ ਉਨ੍ਹਾਂ ਜ਼ਮੀਨਾਂ ਦੇ ਮਿਲਣੇ ਚਾਹੀਦੇ ਹਨ ਜਿਨ੍ਹਾਂ ਤੇ ਪੰਚਾਇਤਾਂ ਦੇ ਕਬਜ਼ੇ ਹਨ । ਮੈਂ ਉਨ੍ਹਾਂ

[ਸਰਦਾਰ ਮਹਿੰਦਰ ਸਿੰਘ ਬੱਬੇਹਾਲੀ]

ਨਾਲ ਮੁਤਫਿਕ ਹਾਂ ਕਿ ਕਈਆਂ ਪੰਚਾਇਤਾਂ ਦੇ ਕਬਜ਼ੇ ਵਿਚ ਬੜੀਆਂ ਬੜੀਆਂ ਜ਼ਮੀਨਾਂ ਹਨ ਅਤੇ ਉਨ੍ਹਾਂ ਤੇ ਕੁਝ ਲੋਕਾਂ ਦੀ ਮਨਾਪਲੀ ਹੈ । ਮੈਂ ਇਸ ਗੱਲ ਦੇ ਹੱਕ ਵਿਚ ਹਾਂ ਕਿ ਉਹ ਜ਼ਮੀਨ ਪਕੇ ਪਟਿਆਂ ਤੇ ਗਰੀਬਾਂ ਨੂੰ ਦੇ ਦਿਤੀ ਜਾਣੀ ਚਾਹੀਦੀ ਹੈ । ਪਰ ਇਸ ਦੇ ਨਾਲ ਹੀ ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਹ ਜੋ ਹਰੀਜਨ ਦਾ ਨਾਹਰਾ ਹੈ, ਇਸ ਤਰ੍ਹਾਂ ਦਾ ਨਾਹਰਾ ਬਣ ਗਿਆ ਹੈ ਕਿ ਇਸ ਦਾ ਸਹਾਰਾ ਲੈ ਕੇ ਇਨ੍ਹਾਂ ਵਿਚੋਂ ਇਕ ਕਲਾਸ ਸਾਰੀਆਂ ਰਿਆਇਤਾਂ ਲੈ ਰਹੀ ਹੈ ਜਿਸ ਤਰ੍ਹਾਂ ਕਿ ਜ਼ਿਮੀਦਾਰਾਂ ਖਤਰੀਆਂ ਜਾਂ ਹੋਰ ਨਾਨ-ਹਰੀਜਨਾਂ ਵਿਚੋਂ ਇਕ ਖਾਸ ਕਲਾਸ ਹੋਰ ਰਿਆਇਤ ਲੈ ਰਹੀ ਹੈ । ਭਾਵੇਂ ਕਰਜ਼ੇ ਹੋਣ, ਭਾਵੇਂ ਇੰਡਸਟਰੀ ਹੋਵੇ ਉਹ ਖਾਸ ਲੋਕ ਹੀ ਲੈ ਜਾਂਦੇ ਹਨ ਅਤੇ ਗਰੀਬਾਂ ਦੇ ਕੋਲ ਕੁਝ ਨਹੀਂ ਬਚਦਾ । ਮੈਂ ਕਿਸੇ ਨੂੰ ਜ਼ਾਤੀ ਤੌਰ ਤੇ ਪੁਆਇੰਟ ਆਊਟ ਨਹੀਂ ਕਰਨਾ ਚਾਹੁੰਦਾ । ਭਾਂਵੇਂ ਉਹ ਮਾਸਟਰ ਗੁਰਬੰਤਾ ਸਿੰਘ ਹੋਵੇ ਜਾਂ ਪਾਂਧੀ ਸਾਹਿਬ ਹੋਣ, ਕੁਝ ਲੋਕ ਹਨ ਜੋ ਕਿ ਹਰੀਜਨਾਂ ਨੂੰ ਮਿਲਦੀਆਂ ਰਿਆਇਤਾਂ ਆਪ ਹੀ ਲਈ ਜਾਂਦੇ ਹਨ ਅਤੇ ਇਸ ਵੇਲੇ ਉਨ੍ਹਾਂ ਦੀ ਪੁਜ਼ੀਸ਼ਨ ਕਿਸੇ ਵੀ ਨਾਨ-ਹਰੀਜਨ ਤੋਂ ਘਟ ਨਹੀਂ ਹੈ । ਮੈਂ ਸਪੀਕਰ ਸਾਹਿਬ, ਆਪਣੀ ਸਰਕਾਰ ਨੂੰ ਤੁਹਾਡੀ ਰਾਹੀਂ ਬੇਨਤੀ ਕਰਦਾ ਹਾਂ ਕਿ ਹਰੀਜਨ ਜਾਤੀਆਂ ਡਿਕਲੇਅਰ ਕਰਨ ਵੇਲੇ ਇਸ ਗੱਲ ਦਾ ਖਿਆਲ ਰਖਿਆ ਜਾਵੇ ਕਿ ਗ਼ਰੀਬ ਲੋਕਾਂ ਨੂੰ ਹੀ ਉਪਰ ਚੁਕਿਆ ਜਾਵੇ । ਬਹੁਤ ਸਾਰੇ ਆਦਮੀ ਦੂਸਰੀਆਂ ਜਾਂਤੀਆਂ ਵਿਚੋਂ ਵੀ ਗ਼ਰੀਬ ਹਨ, ਉਨ੍ਹਾਂ ਨੂੰ ਵੀ ਉਹ ਰਿਆਇਤਾਂ ਮਿਲਣੀਆਂ ਚਾਹੀਦਆਂ ਹਨ ਜਿਹੜੀਆਂ ਕਿ ਹਰੀਜਨਾਂ ਨੂੰ ਮਿਲਣੀਆਂ ਹਨ ਅਤੇ ਜਿਹੜੇ ਹਰੀਜਨ ਬਹੁਤ ਉਚੀ ਪੁਜ਼ੀਸ਼ਨ ਵਿਚ ਹਨ ਉਨ੍ਹਾਂ ਨੂੰ ਇਹ ਰਿਆਇਤਾਂ ਨਹੀਂ ਮਿਲਣੀਆਂ ਚਾਹੀਦੀਆਂ । ਇਸ ਗੱਲ ਦਾ ਹਰ ਵਕਤ ਖ਼ਿਆਲ ਰਖਣਾ ਚਾਹੀਦਾ ਹੈ । ਇਸ ਤਰੀਕੇ ਦੇ ਨਾਲ ਹੀ ਗ਼ਰੀਬ ਹਰੀਜ਼ਨ ਜ਼ਿਆਦਾ ਤਰੱਕੀ ਕਰ ਸਕਦੇ ਹਨ ।

ਫਿਰ ਇਕ ਹੋਰ ਗੱਲ ਮੈਂ ਅਰਜ਼ ਕਰਨੀ ਚਾਹੁੰਦਾ ਹਾਂ । ਪਿੰਡ ਦੀ ਪੱਧਰ ਤੇ ਪੰਚਾਇਤ ਦਾ ਸਾਰਾ ਕੰਮ ਸੈਕਟਰੀ ਹੀ ਕਰਦਾ ਹੈ। ਇਹ ਆਮ ਤੌਰ ਤੇ ਲੋਕਲ ਆਦਮੀ ਹੀ ਹੁੰਦਾ ਹੈ। ਮੈਂ ਆਪਦੇ ਰਾਹੀਂ ਆਪਣੀ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਉਸ ਦੀ ਤਰੱਕੀ ਤੇ ਤਨਜ਼ਲੀ ਸਰਕਾਰ ਦੇ ਹੱਥ ਵਿਚ ਹਣੀ ਚਾਹੀਦੀ ਹੈ । ਅਤੇ ਜਿਥੇ ਵੀ ਕਿਤੇ ਹਲਕੇ ਵਿਚ ਉਸ ਦੀ ਬਦਲੀ ਕਰਨੀ ਚਾਹੇ ਕਰ ਸਕੇ । ਇਸ ਦੇ ਨਾਲ ਫਾਇਦਾ ਇਹ ਹੋਵੇਗਾ ਕਿ ਜਿਹੜੇ ਪਕੇ ਸੈਕਟਰੀ ਪੰਚਾਂ ਅਤੇ ਸਰਪੰਚਾਂ ਦੇ ਨਾਲ ਮਿਲ ਕੇ ਗ਼ਬਨ ਕਰਦੇ ਹਨ ਉਹ ਗ਼ਬਨ ਬਹੁਤ ਘਟ ਜਾਣਗੇ । ਜਿਥੋਂ ਤਕ ਪੰਚਾਇਤ ਸੰਮਤੀਆਂ ਦੇ ਐਕਟ ਦੇ ਵਿਚ ਤਰਮੀਮ ਕਰਨ ਦੀ ਗੱਲ ਕਹੀ ਗਈ ਹੈ, ਇਸ ਬਾਰੇ ਜਦੋਂ ਉਹ ਤਰਮੀਮ ਹਾਊਸ ਵਿਚ ਪੇਸ਼ ਹੋਈ ਜੇ ਉਸ ਵਕਤ ਟਾਈਮ ਮਿਲਿਆ ਤਾਂ ਉਸ ਬਾਰੇ ਬੋਲਾਂਗਾ । ਇਸ ਵਕਤ ਮੈਂ ਇਹ ਕਹਿੰਦਾ ਹੋਇਆ ਬੈਠ ਜਾਂਦਾ ਹਾਂ ਕਿ ਇਹ ਜੋ ਤਰਮੀਮੀ ਬਿਲ ਲਿਆਂਦਾ ਗਿਆ ਹੈ, ਇਹ ਬਿਲਕੁਲ ਦਰੁਸਤ ਹੈ । ਅਤੇ ਅਵਾਮ ਆਪਣੇ ਹੱਕਾਂ ਦੀ ਰਾਖੀ ਕਰ ਸਕੇਗਾ । ਇਨ੍ਹਾਂ ਕਹਿਕੇ ਮੈਂ ਇਸ ਬਿਲ ਦੀ ਪ੍ਰੋੜਤਾ ਕਰਦਾ ਹਾਂ ।

ਡਾਕਟਰ ਅਮੀਰ ਸਿੰਘ ਕਲਕਟ (ਦਸੂਹਾ): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦਾ ਮੌਕਾ ਦਿਤਾ ਹੈ । ਪਾਂਧੀ ਸਾਹਿਬ ਦੀ ਤਕਰੀਰ ਸੁਣ ਕੇ ਮੈਨੂੰ ਇਹ ਪ੍ਰੋਵਰਬ ਯਾਦ ਆ ਗਿਆ ਹੈ ਕਿ :

" ਮੂੰਹ ਨਾਲ ਪਿਆਰ ਅਤੇ ਪੂਛ ਨਾਲ ਵੈਰ"

ਉਹ ਖੜੇ ਹੋਏ ਸੀ ਡਾਇਰੈਕਟ ਇਲੈਕਸ਼ਨ ਦੇ ਹਕ ਵਿਚ ਪਰ ਸਪੀਚ ਕਰਦੇ ਹਨ ਇਨਡਾਇਰੈਕਟ ਇਲੈਕਸ਼ਨਾਂ ਲਈ । ਮਨੂੰ ਨਹੀਂ ਪਤਾ ਕਿ ਇਸ ਪਿਛੇ ਰੀਜ਼ਨ ਕੀ ਸੀ । ਦਲੀਲ ਕੀ ਸੀ । ਮੈਂ ਸਮਝਦਾ ਹਾਂ ਕਿ ਬਰਥ ਕੰਟਰੋਲ ਦੀ ਘਾਟ ਦੇ ਕਾਰਣ ਹਰੀਜਨਾਂ ਦੀ ਆਬਾਦੀ ਦਿਨ ਬਦਿਨ ਵਧ ਰਹੀ ਹੈ । (ਹਾਸਾ)

ਭਗਤ ਗੁਰਾਂ ਦਾਸ ਹੰਸ : ਹਰੀਜਨਾਂ ਕੋਲ ਇਕੋ ਹੀ ਕੰਮ ਹੈ, ਤੁਸੀਂ ਉਹ ਵੀ ਖੋਹਣਾ ਚਾਹੁੰਦੇ ਹੋ । (ਹਾਸਾ)

ਡਾਕਟਰ ਅਮੀਰ ਸਿੰਘ ਕਲਕਟ : ਸੁਣ ਤਾਂ ਲੈ ਯਾਰ । (ਵਿਘਨ) ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਇਥੇ ਸਿਖ ਸਟੇਟ ਦਾ ਨਾਹਰਾ ਲਗਾ ਹੈ ਇਸ ਤਰ੍ਹਾਂ ਮਨਾਰਿਟੀ ਦਾ ਨਾਹਰਾ ਲਾਇਆ ਹੈ "ਧੋਤੀ ਟਪੀ ਜਮਨਾ ਪਾਰ" (ਵਿਘਨ) (ਅਵਾਜ਼ਾਂ: ਗਲਤ ਹੈ, ਗਲਤ ਹੈ) ਸੁਣ ਤਾਂ ਲਓ ਯਾਰ । (ਵਿਘਨ) (ਇਸ ਵੇਲੇ ਹਾਊਸ ਦੇ ਵਿਚ ਬਹੁਤ ਸ਼ੋਰ ਸੀ) ਸਪੀਕਰ ਸਾਹਿਬ, ਮੈਂ ਆਪਣੇ ਤਜਰਬੇ ਤੋਂ ਦਸਦਾ ਹਾਂ ਕਿ (ਵਿਘਨ) ਸੁਣ ਤਾਂ ਲਓ ਯਾਰ । (ਵਿਘਨ) ਸਪੀਕਰ ਸਾਹਿਬ, ਮੈਂ ਆਪਣਾ ਮਿਊਨਿਸਪਲ ਕਮੇਟੀ ਦਾ ਤਜਰਬਾ ਦਸਦਾ ਹਾਂ ਕਿ ਇਨਡਾਇਰੈਕਟ ਇਲੈਕਸ਼ਨਾਂ (ਵਿਘਨ) ਚਾਰ ਗਲਾਂ ਤਾਂ ਸੁਣ ਲਓ । (ਵਿਘਨ) ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਸਾਰੇ ਸੂਬਿਆਂ ਦੀਆਂ ਸਰਕਾਰਾਂ ਦੇ ਵਿਚ ਇਕ ਖਿਲਾ ਹੈ, ਇਹ ਖਿਲਾ ਇਸ ਡੈਮੋਕ੍ਰੇਸੀ ਦਾ ਹੈ, ਸੈਂਟਰ ਦੀ ਸਰਕਾਰ ਦੇ ਵਿਚ ਵੀ ਇਹ ਨੁਕਸ ਹੈ ਕਿ ਉਥੇ ਵੀ ਇਨਡਾਇਰੈਕਟ ਇਲੈਕਸ਼ਨ ਹੁੰਦੀ ਹੈ । ਜੇ ਇਥੇ ਸਾਡੇ ਚੀਫ਼ ਮਨਿਸਟਰ ਵੀ ਡਾਇਰੈਕਟ ਚੁਣੇ ਹੋਏ ਹੁੰਦੇ ਤਾਂ ਮੈਂ ਸਮਝਦਾ ਹਾਂ ਕਿ ਸਾਡੇ ਸੂਬੇ ਦੀ ਜ਼ਿਆਦਾ ਤਰੱਕੀ ਹੁੰਦੀ ਹੈ ਅਤੇ ਇਨ੍ਹਾਂ ਨੂੰ ਆਪਣੇ ਮੈਂਬਰਾਂ ਨੂੰ ਇਸ ਤਰ੍ਹਾਂ ਨਾ ਸੰਭਾਲਣਾ ਪੈਂਦਾ ਜਿਸ ਤਰ੍ਹਾਂ ਕਿ ਕੁਕੜੀਆਂ ਆਪਣੇ ਚੂਚਿਆਂ ਨੂੰ ਸੰਭਾਲਦੀਆਂ ਹਨ । (ਹਾਸਾ) (ਵਿਘਨ) ਜਿਹੜੇ ਆਪੋਜ਼ੀਸ਼ਨ ਵਾਲੇ ਹਨ ਇਨ੍ਹਾਂ ਨੂੰ ਬਿਲਕੁਲ ਇਗਨੋਰ ਨਹੀਂ ਕੀਤਾ ਜਾਣਾ ਚਾਹੀਦਾ । (ਵਿਘਨ) ਅਮਰੀਕਾ ਦੀ ਡੈਮੋਕਰਸੀ ਕਾਮਯਾਬ ਹੈ ਕਿਉਂਕਿ ਉਥੇ ਡਾਇਰੈਕਟ ਇਲੈਕਸ਼ਨਜ਼ ਹਨ । ਮੈਂ, ਸਪੀਕਰ ਸਾਹਿਬ, ਤੁਹਾਡੀ ਰਾਹੀਂ ਇਨ੍ਹਾਂ ਨੂੰ ਦਸ ਦਿਆਂ ਕਿ ਟਾਂਡਾ ਦਾ ਚੈਅਰਮੈਨ ਸੀ, ਉਹਦੇ ਖਿਲਾਫ ਨੋ ਕਾਨਫੀਡੈਂਸ ਮੋਸ਼ਨ ਹੋਈ । ਡਾਕਟਰ ਜਗਜੀਤ ਸਿੰਘ ਨੇ 17 ਮੈਂਬਰਾਂ ਨੂੰ ਆਪਣੀ ਕੋਠੀ ਵਿਚ ਲਕੋਈ ਰਖਿਆ ਜਿਸ ਤਰ੍ਹਾਂ ਕਿ ਉਹ ਕੁਕੜ ਸਨ । (ਵਿਘਨ) ਕਿਸ ਤਰ੍ਹਾਂ ਦਾ ਤੁਸੀਂ ਮਹੌਲ ਕਰੀਏਟ ਕਰਨ ਲਗੇ ਹੋ । ਪਿੰਡਾਂ ਵਿਚ ਹਮੇਸ਼ਾਂ ਤੋਂ (ਵਿਘਨ) ਚਾਹੇ ਮਿਉਂਸਪਲ ਕਮੇਟੀ ਦੇ ਪਰਧਾਨ ਦੀ ਇਲੈਕਸ਼ਨ ਹੋਵੇ ਚਾਹੇ ਸੰਮਤੀ ਦੇ ਪਰਧਾਨ ਦੀ ਚੋਣ ਹੋਵੇ, ਉਥੇ ਇਹੋ ਕੁਝ ਹੁੰਦਾ ਹੈ । ਜੇ ਕੁਰਪਟ ਸਰਪੰਚ ਹੁੰਦਾ ਹੈ ਉਹ ਜਾਂ ਉਹਦੇ ਨਾਲ ਦੇ ਤਿੰਨ ਚਾਰ ਜਨੇ ਹੀ ਛਕ ਛਕਾ ਜਾਂਦੇ ਹਨ । ਸਰਕਾਰ ਦੇ ਨੋਟਿਸ ਵਿਚ ਲਿਆਂਦਾ ਜਾ ਰਿਹਾ ਹੈ । ਇਹ ਬੁਰੀ ਗਲ ਹੈ । ਇਸ ਗਲ ਦਾ ਅਵਾਮ ਵਿਚ ਬੜਾ ਰਦੋ ਅਮਲ ਹੋਵੇਗਾ । ਇਹ ਠੀਕ ਹੈ ਇਸ ਵੇਲੇ ਸਰਕਾਰ ਦੀ ਮੈਜਾਰਿਟੀ ਹੈ, ਇਨ੍ਹਾਂ ਨੇ ਇਹ ਬਿਲ ਪਾਸ ਕਰਾਉਣਾ ਹੈ । (ਵਿਘਨ) ਪਰ ਸਰਪੰਚ ਨੂੰ ਉਤਾਰਨ ਲਈ 1/2 ਕੋਰਮ ਜ਼ਰੂਰੀ ਰਖਿਆ ਜਾਣਾ ਚਾਹੀਦਾ ਹੈ । ਸਪੀਕਰ ਸਾਹਿਬ, ਇਹ ਜਿਹੜਾ ਬਿਲ ਹੈ, ਮੈਂ ਸਮਝਦਾ ਹਾਂ, ਕਿ ਇਹ ਐਂਟੀ ਮਿਨਾਰਿਟੀਜ਼ ਹੈ ਅਤੇ ਇਸ ਨੂੰ ਬਿਲਕੁਲ ਪਾਸ ਨਹੀਂ ਕਰਨਾ ਚਾਹੀਦਾ ਹੈ । (ਥੰਪਿੰਗ)

ਭਗਤ ਗੁਰਾਂ ਦਾਸ ਹੰਸ (ਸ਼ਾਮ ਚੌਰਾਸੀ, ਐਸ. ਸੀ): ਇਹ ਬਿਲ ਬਾਜਵਾ ਸਾਹਿਬ ਨੇ ਪੇਸ਼ ਕੀਤਾ ਹੈ । ਮੈਂ ਇਹ ਬੇਨਤੀ ਕਰਨ ਲਗਾ ਹਾਂ ਕਿ ਸਰਪੰਚ ਬਨਾਉਣ ਦਾ ਅਖਤਿਆਰ ਸਾਰੇ ਪਿੰਡਾਂ ਨੂੰ ਹੋਣਾ ਚਾਹੀਦਾ ਹੈ। (ਵਿਘਨ) ਜਿਹੜਾ ਸਰਪੰਚ ਬਣੇਗਾ ਉਹ ਸਾਰੇ ਪਿੰਡਾਂ ਦੀ ਹਾਲਤ ਨੂੰ ਜਾਣਦਾ ਹੋਵੇਗਾ।

[ਭਗਤ ਗੁਰਾਂ ਦਾਸ ਹੰਸ]

ਇਸ ਨਾਲ ਪਿੰਡਾਂ ਦੀ ਹਾਲਤ ਠੀਕ ਹੋਵੇਗੀ। (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ :"ਕਾਂਟਾ ਚੁਭੇ ਕਿਸੀ ਕੋ ਮਰਤੇ ਹੈਂ ਹਮ ਸਫੀਰ ਸਾਰੇ ਜਹਾਂ ਕਾ ਦਰਦ ਹਮਾਰੇ ਜਿਗਰ ਮੇਂ ਹੈ"

ਸਾਰੇ ਜਣੇ ਹਰੀਜਨਾਂ ਦੇ ਮੁਤਅੱਲਕ ਗਲਾਂ ਤਾਂ ਬਹੁਤ ਕਰਦੇ ਹਨ। ਪਰ ਅਸਲ ਵਿਚ ਗਰੀਬਾਂ ਦਾ ਬਣਦਾ ਕੁਝ ਵੀ ਨਹੀਂ ਹੈ। ਮੈਂ ਤੁਹਾਡੇ ਰਾਹੀਂ ਬਾਜਵਾ ਸਾਹਿਬ ਨੂੰ ਕਹਾਂਗਾ ਕਿ ਜੇ 9 ਤੋਂ 11 ਮੈਂਬਰਜ਼ ਹੋਣ ਤਾਂ ਹਰੀਜਨਾਂ ਮੈਂਬਰਾਂ ਦੀ ਤਾਦਾਦ ਕੰਮ ਅਜ਼ ਕੰਮ 3 ਹੋਣੀ ਚਾਹੀਦੀ ਹੈ। (ਵਿਘਨ) (ਸ਼ੋਰ) ਹਰੀਜਨਾਂ ਨੂੰ ਕਾਫੀ ਰਿਆਇਤਾਂ ਮਿਲਣੀਆਂ ਚਾਹੀਦੀਆਂ ਹਨ। (ਵਿਘਨ) ਮੈਂ ਕਈ ਦਫਾ ਐਸੰਬਲੀ ਵਿਚ ਕਿਹਾ ਹੈ ਕਿ ਸਾਨੂੰ ਅਜਿਹੇ ਕੰਮ ਕਰਨੇ ਚਾਹੀਦੇ ਹਨ ਜਿਸ ਨਾਲ ਕਿ ਪਿੰਡਾਂ ਦੀ ਖੁਸ਼ਹਾਲੀ ਹੋਵੇ ਅਤੇ ਗਰੀਬੀ ਦੂਰ ਹੋਵੇ (ਵਿਘਨ) ਜਿਸ ਵੇਲੇ ਦੇਸ਼ ਵਿਚੋਂ ਅੰਗਰੇਜ਼ ਗਏ, ਦੇਸ਼ ਆਜ਼ਾਦ ਹੋਇਆ ਤਾਂ ਉਸ ਵੇਲੇ ਦੇਸ਼ ਦੇ ਨੇਤਾਵਾਂ ਨੇ ਪਹਿਲਾਂ ਇਹ ਵਿਚਾਰ ਕੀਤਾ ਕਿ ਸਮਾਜ ਦੇ ਪਛੜੇ ਹੋਏ ਅੰਗਾਂ ਨੂੰ ਸੁਧਾਰਨ ਵਲ ਧਿਆਨ ਦੇਣਾ ਚਾਹੀਦਾ ਹੈ। ਹਰੀਜਨ ਸਮਾਜ ਤੋਂ ਬਹੁਤ ਪਛੜਿਆ ਹੋਇਆ ਹੈ। ਪਹਿਲਾਂ ਕੀ ਹੁੰਦਾ ਸੀ ਜਦੋਂ ਕਿਸੇ ਹੋਟਲ ਵਿਚ ਕੋਈ ਹਿੰਦੂ ਰੋਟੀ ਖਾਂਦਾ ਹੁੰਦਾ ਸੀ ਅਤੇ ਉਥੇ ਕੋਈ ਹਰੀਜਨ ਵੀ ਬੈਠਾ ਹੁੰਦਾ ਸੀ ਤਾਂ ਉਹ ਡਰਦਾ ਸੀ ਕਿ ਕਿਤੇ ਉਸ ਨੂੰ ਇਹ ਨਾਂ ਪਤਾ ਲਗ ਜਾਵੇ ਕਿ ਉਹ ਚੌਥਾ ਪੌੜਾ ਹੈ।(ਵਿਘਨ)ਇਸ ਤੋਂ ਵਡੀ ਮਾੜੀ ਗਲ ਹੋਰ ਕੀ ਹੋ ਸਕਦੀ ਸੀ। ਇਸ ਬਾਰੇ ਮਹਾਤਮਾ ਗਾਂਧੀ ਨੇ, ਕਾਂਗਰਸ ਨੇ ਜੋ ਕੀਤਾ ਹੈ ਉਹ ਸਭ ਨੂੰ ਪਤਾ ਹੈ। (ਥੰਪਿੰਗ) (ਵਿਘਨ) ਹੁਣ ਇਨਸਾਨ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਹੈ। ਇਸ ਤਫਰਕੇ ਨੂੰ ਦੂਰ ਕਰਨਾ ਚਾਹੀਦਾ ਹੈ। (ਵਿਘਨ) ਗੁਰੂਆਂ ਨੇ ਇਕ ਬਾਟੇ ਸਾਰਿਆਂ ਨੂੰ ਇਕਠੇ ਛਕਾਇਆ। (ਵਿਘਨ) ਪਾਂਧੀ ਸਾਹਿਬ ਨੇ ਫਰਮਾਇਆ ਕਿ ਸਾਰੇ ਹਿੰਦੁਸਤਾਨ ਵਿਚ ਕਿੰਨੇ ਗਵਰਨਰ ਹਰੀਜਨ ਬਣਾਏ ਹਨ। ਮੈਂ ਕਹਿੰਦਾ ਹਾਂ ਕਿ ਅਸੀਂ ਹਿੰਦੁਸਤਾਨ ਵਲ ਤਾਂ ਫੇਰ ਜਾਵਾਂਗੇ ਪਹਿਲਾਂ ਤਾਂ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਇਥੇ ਹਾਈ ਕੋਰਟ ਦੇ ਕਿੰਨੇ ਜੱਜ ਹਰੀਜਨ ਬਣਾਏ ਹਨ। (ਥੰਪਿੰਗ) (ਵਿਘਨ)

(ਇਕ ਆਵਾਜ਼: ਇਹ ਤਾਂ ਸੈਂਟਰ ਵਾਲੇ ਬਨਾਉਂਦੇ ਹਨ।

ਭਗਤ ਗੁਰਾਂ ਦਾਸ ਹੰਸ : ਪੰਜਾਬ ਵਾਸਤੇ ਚੀਫ ਮਨਿਸਟਰ ਰਿਕਮੈਂਡ ਕਰਦਾ ਹੈ। (ਸ਼ੋਰ) (ਵਿਘਨ)

(ਇਸ ਵੇਲੇ ਐਨਾ ਸ਼ੋਰ ਪੈ ਰਿਹਾ ਸੀ ਕਿ ਕੁਝ ਵੀ ਸੁਣਾਈ ਨਹੀਂ ਦਿੰਦਾ ਸੀ)

Mr Speaker : Order, order please.

ਭਗਤ ਗੁਰਾਂ ਦਾਸ ਹੰਸ : ਜਿਥੇ ਦੋ ਸੌ ਆਬਾਦੀ ਹੈ, ਉਥੇ ਪੰਚਾਇਤ ਬਣੇਗੀ। ਇਹ ਸ਼ਲਾਘਾ-ਯੋਗ ਕੰਮ ਹੈ। ਇਹ (ਵਿਘਨ) ਬਾਜਵਾ ਸਾਹਿਬ ਨੇ ਜਿਹੜਾ ਕੰਮ ਕੀਤਾ ਹੈ ਮੈਂ ਇਸ ਦੀ ਤਾਰੀਫ਼ ਕਰਦਾ ਹਾਂ। (ਵਿਘਨ) ਦੂਜੀ ਗਲ ਇਹ ਹੈ ਕਿ ਇਸ ਵਿਚ ਲਿਖਿਆ ਹੋਇਆ ਹੈ ਕਿ 1/3 ਹਿੱਸਾ ਜ਼ਮੀਨ ਦਾ ਹਰੀਜਨਾਂ ਨੂੰ ਦੇਣੀ ਹੈ। ਮੈਂ ਇਹ ਕਹਿੰਦਾ ਹਾਂ ਕਿ 85% ਪਿੰਡ ਐਸੇ ਹਨ ਜਿਥੇ ਕਿ ਹਰੀਜਨਾਂ ਨੂੰ ਜ਼ਮੀਨ ਨਹੀਂ ਦਿਤੀ ਜਾਂਦੀ। ਬਾਜਵਾ ਸਾਹਿਬ ਨੂੰ ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਜਿਹੜੇ ਪਿੰਡ ਹਰੀਜਨਾਂ ਨੂੰ ਉਨ੍ਹਾਂ ਦੇ ਹਿੱਸੇ ਦੇ ਮੁਤਾਬਿਕ ਜ਼ਮੀਨ ਨਹੀਂ ਦਿੰਦੇ ਉਨ੍ਹਾਂ ਪੰਚਾਇਤਾਂ ਦੇ

ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ। (ਸ਼ੋਰ) (ਵਿਘਨ) ਇਸ ਕਰਕੇ ਮੇਰਾ ਖਿਆਲ ਹੈ ਕਿ ਬਿਲ ਨੂੰ ਸਿਲੈਕਟ ਕਮੇਟੀ ਕੋਲ ਭੇਜ ਦੇਣਾ ਚਾਹੀਦਾ ਹੈ। ਪਿੰਡਾਂ ਵਿਚ ਜਿਹੜਾ ਛੋਟਾ ਦੁਕਾਨਦਾਰ ਹੈ, ਜਿਹੜਾ ਛੋਟਾ ਜ਼ਮੀਦਾਰ ਹੈ, ਉਨ੍ਹਾਂ ਸਾਰਿਆਂ ਦੀ ਅੱਜ ਹਾਲਤ ਬਹੁਤ ਖਰਾਬ ਹੈ (ਵਿਘਨ) ਇਨ੍ਹਾਂ ਛੋਟੀਆਂ ਕਲਾਸਿਜ਼ ਨੂੰ ਵੀ ਉਪਰ ਚੁਕਣ ਵਿਚ ਕੰਮ ਕਰਨੇ ਚਾਹੀਦੇ ਹਨ (ਸ਼ੋਰ) ਤੁਸੀਂ ਕਿਹਾ ਸੀ ਕਿ ਪੰਜ ਏਕੜ ਦਾ ਮਾਮਲਾ ਮਾਫ ਕਰ ਦਿਤਾ ਹੈ। ਪਰ ਉਹ ਫੇਰ ਲੈਣ ਲਗ ਗਏ ਹੋ। (ਵਿਘਨ) (ਸ਼ੋਰ) ਕਈ ਥਾਵਾਂ ਤੋਂ ਲਿਆ ਗਿਆ ਹੈ। ਇਹ ਮਾਮਲਾ ਇਨ੍ਹਾਂ ਨੂੰ ਮਾਫ ਕਰਨਾ ਚਾਹੀਦਾ ਹੈ। (ਵਿਘਨ) ਦਿਲੀ ਵਾਲਿਆਂ ਦੇ ਮੇਹਨੇ ਨਾਂ ਦਿਉ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅੱਜ ਹਿੰਦੁ-ਸਤਾਨ ਦੀਆਂ ਫੌਜਾਂ ਦਾ ਡਿਫੈਂਸ ਮਨਿਸਟਰ ਇਕ ਹਰੀਜਨ ਹੈ। ਇਹ ਪਾਂਧੀ ਸਾਹਿਬ ਰੋਜ਼ ਫਿਰਦੇ ਰਹਿੰਦੇ ਹਨ। ਡਾਕਟਰ ਭਗਤ ਸਿੰਘ ਨੂੰ ਪਾਰਲੀਮੈਂਟ ਲਈ ਖੜਾ ਕੀਤਾਂ ਜਾ ਰਿਹਾ ਹੈ, ਪਾਂਧੀ ਸਾਹਿਬ ਨੂੰ ਜੇ ਪਾਰਲੀਮੈਂਟ ਵਾਸਤੇ ਖੜਾ ਨਹੀਂ ਕਰਨਾ ਤਾਂ ਇਥੇ ਮਨਿਸਟਰ ਹੀ ਬਣਾ ਦਿਉ (ਵਿਘਨ) (ਸ਼ੋਰ)

Mr. Speaker : Order, order.

ਭਗਤ ਗੁਰਾਂ ਦਾਸ ਹੰਸ : ਇਨ੍ਹਾਂ ਗਲਾਂ ਨਾਲ ਮੈਂ ਤੁਹਾਨੂੰ (ਵਿਘਨ)

ਸ੍ਰੀ ਸਪੀਕਰ : ਹਾਊਸ ਦਾ ਸਮਾਂ 8-30 ਵਜੇ ਤਕ ਵਧਾ ਦਿਤਾ ਜਾਂਦਾ ਹੈ। (The time of the sitting of the House is extended upto 8-30 P.M.)

ਸਰਦਾਰ ਸਰੂਪ ਸਿੰਘ : ਇਨ੍ਹਾਂ ਨੇ ਤਾਂ ਲੰਗਰ ਛਕ ਲਿਆ ਹੈ, ਗੁਰੂਦਵਾਰਿਉਂ ਆ ਗਿਆ ਹੈ ਪਰ ਅਸੀਂ ਤਾਂ ਨਹੀਂ ਛਕਿਆ ਹੈ। (ਸ਼ੋਰ) (ਵਿਘਨ)

ਮੇਜਰ ਹਰਿੰਦਰ ਸਿੰਘ : ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਇਹ ਮੈਂਬਰ ਸਾਹਿਬਾਨ ਨਾਲ ਔਰ ਜਨਤਾ ਦੇ ਨਾਲ ਵੀ ਇਹ ਸਹੀ ਵਰਤਾਰਾ ਨਹੀਂ ਹੋ ਰਿਹਾ ਹੈ। ਇਸ ਤਰ੍ਹਾਂ ਹਾਊਸ ਐਕਸਟੈਂਡ ਕਰੀ ਜਾਉ (ਵਿਘਨ) ਮੈਨੂੰ ਪਤਾ ਹੈ ਕਿ ਜਿਥੇ ਤੁਸੀਂ ਹੁਕਮ ਮਨਣਾ ਹੁੰਦਾ ਹੈ ਉਥੇ ਹੁਕਮ ਮੰਨ ਲੈਂਦੇ ਹੋ ਔਰ ਜਿਥੇ ਨਹੀਂ ਮਨਣਾ ਉਥੇ ਨਹੀਂ ਮੰਨਦੇ (ਵਿਘਨ)

ਸ੍ਰੀ ਸਪੀਕਰ : ਮੈਂ ਤਾਂ ਹਾਊਸ ਦਾ ਹੰਬਲ ਸਰਵੈਂਟ ਹਾਂ। (I am the humble servant of the House.)

ਮੇਜਰ ਹਰਿੰਦਰ ਸਿੰਘ : ਫੈਸਲਾ ਜੋ ਤੁਸੀਂ ਦੇਣਾ ਹੈ ਉਹ ਤਾਂ ਦੇਣਾ ਹੀ ਹੈ (ਵਿਘਨ) ਪਰ ਤੁਸੀਂ ਮੇਰੀ ਅਰਜ਼ ਕਰਨ ਦਾ ਹੱਕ ਨਹੀਂ ਖੋਹ ਸਕਦੇ। ਇਸ ਨਾਲੋਂ ਬੇਹਤਰ ਤਾਂ ਇਹ ਹੈ ਕਿ ਸਾਰਾ ਲੈਜਿਸਲੇਟਿਵ ਬਿਜ਼ਨੈਸ ਸਾਰੀ ਰਾਤ ਚਲਾ ਦਿਉ ਅਤੇ ਦਿਨ ਚੜ੍ਹਦੇ ਨੂੰ ਐਡਜਰਨ ਕਰ ਦਿਉ। ਇਸ ਤਰ੍ਹਾਂ ਕੀ ਡਿਬੇਟ ਹੋ ਸਕਦੀ ਹੈ। ਆਖਰਕਾਰ ਦੋ ਵਜੇ ਦੇ ਆਏ ਹੋਏ ਹਾਂ। ਪਹਿਲਾਂ 7-30 ਵਜੇ ਤਕ ਐਕਸਟੈਂਡ ਕੀਤਾ ਫੇਰ ਹੁਣ 8-30 ਵਜੇ ਤਕ ਐਕਸਟੈਂਡ ਕਰ **ਦਿਤਾ** ਹੈ। ਅਤੇ ਅਗੇ ਨੂੰ ਕੀ ਅਸ਼ੋਰੈਂਸ਼ ਹੈ ਕਿ ਹਾਊਸ ਦਾ ਸਮਾਂ ਵਧਾਇਆ ਨਹੀਂ ਜਾਵੇਗਾ। ਜਿੰਨਾਂ ਸਾਰਾ ਕੰਮ ਹੈ ਉਹ ਸਾਰੀ ਰਾਤ ਚਲਣ ਦਿਉ ਜਿਸ ਨੇ ਬੈਠਨਾ ਹੋਵੇ ਉਹ ਬੈਠਾ ਰਹੇ ਅਤੇ ਦਿਨ ਚੜ੍ਹਦੇ ਸਵੇਰੇ ਦੋ ਵਜੇ ਐਡਜਰਨ ਕਰ ਦਿਉ। ਇਹ ਡੈਮੋਕ੍ਰੇਟਿਕ ਤੌਰ ਤੇ ਸਰਕਾਰ ਦੇ ਕੰਮ ਚਲਾਉਣ ਦੇ ਢੰਗ ਨਹੀਂ ਹਨ। ਇਸ ਤਰ੍ਹਾਂ ਜ਼ਰੂਰਤ ਕਰਕੇ ਹੜਤੜਾ ਦੜਤੜੀ ਵਿਚ ਕੀ ਕੋਈ ਆਪਣੇ ਸੁਝਾਉ ਦੇ ਸਕਦਾ ਹੈ ?

[ਮੇਜਰ ਹਰਿਦਰ ਸਿੰਘ]

ਜੇ ਤਾਂ ਇਸ ਬਿੱਲ ਦੀ ਇੰਪਾਰਟੈਂਸ ਹੈ, ਫਿਰ ਤਾਂ ਇਸ ਤੇ ਬੋਲਣ ਲਈ ਮੈਂਬਰਜ਼ ਨੂੰ ਵਕਤ ਮਿਲਣਾ ਚਾਹੀਦਾ ਹੈ । (ਵਿਘਨ) ਜੇ ਨਹੀਂ ਤਾਂ ਹਾਊਸ ਐਡਜਰਨ ਕਰ ਦਿਓ । (ਵਿਘਨ) (ਸ਼ੋਰ) ਜੇ ਇਸ ਬਿੱਲ ਦੀ ਅਹਿਮੀਅਤ ਨਹੀਂ ਤਾਂ ਫਿਰ ਬਿੱਲ ਲਿਆਉਣ ਦੀ ਕੀ ਜ਼ਰੂਰਤ ਸੀ । (ਵਿਘਨ)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਹਾਊਸ ਐਕਸਟੈਂਡ ਕਰਨ ਬਾਰੇ ਹਾਊਸ ਦੇ ਵਿਚ ਕੋਈ ਮੋਸ਼ਨ ਨਹੀਂ ਆਈ । (ਵਿਘਨ) ਕੋਈ ਮੋਸ਼ਨ ਹਾਊਸ ਦੇ ਸਾਹਮਣੇ ਪੁੱਟ ਨਹੀਂ ਹੋਈ, ਫਿਰ ਤੁਸੀਂ ਕਿਸ ਤਰ੍ਹਾਂ ਪਰੀਜ਼ਿਊਮ ਕਰ ਲਿਆ ?...... (ਵਿਘਨ)

ਸ਼੍ਰੀ ਸਪੀਕਰ : ਤੁਸੀਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਮੰਨ ਲਈ ਹੈ । (ਵਿਘਨ) (The House has adopted the report of Business Advisory Committee.)

ਸਰਦਾਰ ਉਮਰਾਓ ਸਿੰਘ : ਪਰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਵਿਚ ਤਾਂ ਸੈਕੰਡ ਮੀਟਿੰਗ ਦਾ ਜ਼ਿਕਰ ਹੈ । (ਵਿਘਨ)

ਸ਼੍ਰੀ ਸਪੀਕਰ : ਤੁਸੀਂ ਬੜੇ ਬੜੇ ਆਰਗੂਮੈਂਟ ਦਿੰਦੇ ਹੋ... (ਵਿਘਨ) You advance lengthy arguments.)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਜਿਹੜੀ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਹੈ, ਉਸ ਦੇ ਵਿਚ ਸੈਕੰਡ ਮੀਟਿੰਗ ਦਾ ਜ਼ਿਕਰ ਹੈ, ਸੈਕਿੰਡ ਸੈਸ਼ਨ (ਮੀਟਿੰਗ) ਤੁਸੀਂ ਕਦੋਂ ਕਨਵਰਟ ਕਰਨੀ ਹੈ, ਇਹ ਵੱਖਰੀ ਚੀਜ਼ ਹੈ । (ਵਿਘਨ) (ਸ਼ੋਰ) ਉਸ ਦੇ ਵਿਚ ਹਾਊਸ ਦੀ ਐਕਸਟੈਨਸ਼ਨ ਬਾਰੇ ਕੋਈ ਫੈਸਲਾ ਨਹੀਂ ਹੈ । (ਵਿਘਨ) ਇਸ ਬਾਰੇ ਕੋਈ ਮੋਸ਼ਨ ਵੀ ਨਹੀਂ ਆਈ । ਇਸ ਲਈ ਅੱਗੇ ਵੀ ਇਲਲੀਗਲ ਪਰੋਸੀਜ਼ਰ ਨਾਲ ਹੋਇਆ ਹੈ ਅਤੇ ਹੁਣ ਵੀ ਇਲਲੀਗਲ ਹੈ... (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਮੈਂ ਤਾਂ ਸੈਂਸ ਆਫ ਦੀ ਹਾਊਸ ਲਈ ਹੈ । (ਵਿਘਨ) (I have taken the sense of the House.)

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਤੁਸੀਂ ਵੀ ਸਵੇਰੇ ਪੰਜ ਵਜੇ ਦੇ ਉਠੇ ਹੋਏ ਹੋ ਅਤੇ ਅਸੀਂ ਵੀ ਪੰਜ ਵਜੇ ਦੇ ਉਠੇ ਹੋਏ ਹਾਂ । (ਵਿਘਨ) (ਸ਼ੋਰ) ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣ ਲਵੋ । ਤੁਸੀਂ ਹਾਊਸ ਨੂੰ ਸਾਢੇ 7 ਵਜੇ ਤੱਕ ਕਰ ਦਿਤਾ ਹੈ । (ਵਿਘਨ) ਮੈਂ ਕਹਿੰਦਾ ਹਾਂ ਕਿ ਤੁਸੀਂ ਫਿਰ ਜਿਸ ਵੇਲੇ ਟਾਈਮ ਮਿਲੇ, ਜਿਸ ਤਰ੍ਹਾਂ ਕੱਲ ਹੈ, ਕੱਲ ਨੂੰ ਦੋ ਮੀਟਿੰਗਜ਼ ਕਰ ਲਵੋ ਅਤੇ ਸਾਨੂੰ ਅੱਜ ਤੰਗ ਨਾ ਕਰੋ । ਕਿਉਂਕਿ ਅਸੀਂ ਬਹੁਤ ਕੁਝ ਕਹਿਣਾ ਹੈ ... (ਵਿਘਨ)

ਸ਼੍ਰੀ ਸਪੀਕਰ : ਕੱਲ ਤਾਂ ਆਲਰੇਡੀ ਦੋ ਮੀਟਿਗਜ਼ ਹਨ । (ਵਿਘਨ) (ਸ਼ੋਰ) ਸੈਂਸ ਆਫ ਦੀ ਹਾਊਸ ਲੈ ਲੈਂਦੇ ਹਾਂ । (ਵਿਘਨ) (The House is already scheduled to meet twice tomorrow. (*Interuption*) Let us have the sense of the House.)(*Interruption*)

ਸਰਦਾਰ ਉਮਰਾਓ ਸਿੰਘ : ਹਾਊਸ ਦੀ ਸੈਂਸ ਲੈ ਕੇ ਟਾਈਮ ਐਕਸਟੈਂਡ ਹੁੰਦਾ ਹੈ। ਇਹ ਨਹੀਂ ਕਿ ਇਕ ਪਾਰਟੀ ਦੇ ਚਾਰ ਆਦਮੀਆਂ ਦੀ ਓਵਰ ਵੈਲਮਿੰਗ ਨਾਲ ਇਸ ਤਰ੍ਹਾਂ ਕੀਤਾ ਜਾਵੇ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਹ ਤਾਂ ਤੁਸੀ ਨਵੀਂ ਇੰਟਰਪਰੇਟੇਸ਼ਨ ਕਰਦੇ ਹੋ। (ਵਿਘਨ) (ਸ਼ੋਰ) ਟਾਈਮ ਐਕਸਟੈਂਡ ਲਈ ਸਪੀਕਰ ਵੀ ਕੰਪੀਟੈਂਟ ਹੈ। (ਵਿਘਨ) ਤੁਸੀਂ ਰੂਲ 15 ਪੜ੍ਹ ਲਵੋ। (ਵਿਘਨ) (This is a new interpretation given by the hon. Member. (*Interruption*) The Speaker too is competent to extend the time of the sitting. Please see Rule 15.)

ਸਰਦਾਰ ਉਮਰਾਓ ਸਿੰਘ : ਤੁਸੀਂ ਹਾਊਸ ਦੀ ਕੰਸੈਂਸਸ ਲੈ ਲਵੋ। (ਵਿਘਨ) (ਸ਼ੋਰ)

ਵਿੱਤ ਮੰਤਰੀ : ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦਾ ਇਹ ਜਿਹੜਾ ਫੈਸਲਾ ਸੀ, ਇਸ ਨੂੰ ਹਾਊਸ ਨੇ ਐਪਰੂਵ ਕੀਤਾ ਔਰ ਉਹ ਇਹ ਸੀ ਕਿ ਅੱਜ ਦਾ ਜਿਹੜਾ ਏਜੰਡਾ ਹੈ, ਬਿਲਜ਼ ਹਨ, ਇਸ ਨੂੰ ਖਤਮ ਕਰਕੇ ਹੀ ਹਾਓਸ ਐਡਜਰਨ ਹੋਵੇਗਾ (ਵਿਘਨ) (ਸ਼ੋਰ) ਹਾਊਸ ਉਸ ਏਜੰਡੇ ਨੂੰ ਖਤਮ ਕਰਕੇ ਹੀ ਫਿਰ ਇਥੋਂ ਵਿਛੜੇਗਾ। (ਵਿਘਨ) (ਸ਼ੋਰ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਤੁਸੀਂ ਵੀ ਕਿਹਾ ਹੈ ਅਤੇ ਫਾਈਨੈਂਸ ਮਨਿਸਟਰ ਨੇ ਵੀ ਕਿਹਾ ਹੈ ਕਿ ਇਹ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਫੈਸਲਾ ਹੋਇਆ ਸੀ। ਮੈਂ ਕਹਿੰਦਾ ਹਾਂ ਕਿ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਡੇਢ ਦੋ ਘੰਟੇ ਡੈਡ ਲਾਕ ਇਸ ਗੱਲ ਦੇ ਉਤੇ ਰਹੀ। (ਵਿਘਨ) ਸਰਦਾਰ ਉਮਰਾਓ ਸਿੰਘ ਇਹ ਮੰਗ ਕਰਦੇ ਰਹੇ ਕਿ ਫਲੋਂ ਓਵਰ ਹੋ ਜਾਵੇਗਾ ਅਤੇ ਇਕ ਦਿਨ ਵਿਚ ਇਹ ਕੰਮ ਨਹੀਂ ਮੁੱਕਣਾ ਅਤੇ ਇਸ ਲਈ 30 ਤਰੀਕ ਨੂੰ ਮੀਟਿੰਗ ਕਰ ਲਓ। ਪਰ ਸਰਕਾਰ ਨੇ ਕਿਹਾ ਕਿ 30 ਤਰੀਕ ਨੂੰ ਨਹੀਂ ਕਰਨਾ। ਅਖੀਰ ਵਿਚ ਇਨ੍ਹਾਂ ਨੂੰ ਕੰਪਰੋਮਾਈਜ਼ ਕਰਨਾ ਪਿਆ। (ਵਿਘਨ) ਜੇ ਦੂਸਰਾ ਸੈਸ਼ਨ ਕਰਨਾ ਸੀ ਤਾਂ ਉਹ ਸਵੇਰੇ ਕਰਨਾ ਸੀ। ਪਰ ਤੁਸੀਂ 2 ਵਜੇ ਪਹਿਲੀ ਮੀਟਿੰਗ ਕਿਉਂ ਕੀਤੀ। (ਵਿਘਨ) ਹੁਣ ਤੁਸੀਂ ਹਾਊਸ ਨੂੰ ਸਾਢੇ ਅੱਠ ਵਜੇ ਤੱਕ ਐਕਸਟੈਂਡ ਕਰ ਦਿਤਾ ਹੈ। ਜੇ ਤੁਸੀਂ ਐਂਟੀ-ਬੈਗਰੀ ਬਿੱਲ ਨਾਲ ਜਸਟਿਸ ਕਰਨਾ ਹੈ ਤਾਂ ਉਹ ਰਾਤ ਦੇ ਸਾਢੇ ਨੌਂ ਵਜੇ ਤੱਕ ਵੀ ਪਾਸ ਨਹੀਂ ਹੋ ਸਕਦਾ। (ਵਿਘਨ) ਤਿੰਨ ਦਿਨ ਹੋਰ ਪਏ ਹਨ। (ਵਿਘਨ) 28, 29 ਅਤੇ 30 ਨੂੰ ਸਿੰਗਲ ਸੈਸ਼ਨ ਹੈ, ਤੁਸੀਂ 30 ਨੂੰ ਡਬਲ ਕਰ ਲਵੋ। (ਸਰਕਾਰੀ ਬੈਂਚਿਜ਼ ਵਲੋਂ ਆਵਾਜ਼ਾਂ, ਨਹੀਂ, ਨਹੀਂ।) (ਵਿਘਨ) (ਸ਼ੋਰ) ਜਾਂ ਤੁਸੀਂ ਮੰਡੇ ਨੂੰ ਕਰ ਲਵੋ (ਵਿਘਨ) ਜੇ ਤੁਸੀਂ ਐਕਸਟੈਂਡ ਨਹੀਂ ਕਰਨਾ ਤਾਂ 30 ਨੂੰ ਕਰ ਲਵੋ। (ਵਿਘਨ) ਮੇਜਰ ਸਾਹਿਬ ਨੇ ਠੀਕ ਕਿਹਾ ਹੈ ਕਿ ਤੁਸੀਂ ਇਕ ਟੈਕਨੀਕਲ ਗੱਲ ਦਾ ਫਾਇਦਾ ਉਠਾਉਂਦੇ ਹੋ। ਤੁਸੀਂ ਹੁਣ ਹਾਊਸ ਨੂੰ ਐਡਜਰਨ ਕਰ ਲਵੋ ਅਤੇ ਰਾਤ ਨੂੰ 10 ਵਜੇ ਫਿਰ ਸੱਦ ਲਵੋ। (ਵਿਘਨ) ਇਸ ਤਰ੍ਹਾਂ ਸਪੀਕਰ ਸਾਹਿਬ, ਇਹ ਹੋ ਜਾਵੇਗਾ, ਪਰ ਜਿਸ ਤਰ੍ਹਾਂ ਕਹਿੰਦੇ ਹੋ, ਇਸ ਤਰ੍ਹਾਂ ਕੋਈ ਪਾਸ ਨਹੀਂ ਹੋਇਆ ਕਿ ਤੁਸੀਂ ਐਕਸਟੈਂਡ ਕਰੀ ਜਾਓ। (ਵਿਘਨ) ਹੁਣ ਤੁਸੀਂ ਐਡਜਰਨ ਕਰ ਲਵੋ ਅਤੇ ਰਾਤ ਦੇ 10-11 ਵਜੇ ਫਿਰ ਸੱਦ ਲਵੋ। (ਵਿਘਨ) (ਸ਼ੋਰ)।

ਰਾਜ ਮੰਤਰੀ ਪੰਚਾਇਤ ਤੇ ਵਿਕਾਸ (ਸਰਦਾਰ ਸਤਨਾਮ ਸਿੰਘ ਬਾਜਵਾ): ਸਪੀਕਰ ਸਾਹਿਬ, ਮੇਰਾ ਬਿਲ ਪੇਸ਼ ਹੋ ਚੁਕਾ ਹੈ, ਇਸ ਨੂੰ ਇਕ ਪਾਸੇ ਕਰ ਲਓ... (ਵਿਘਨ) (ਸ਼ੋਰ)

ਵਿੱਤ ਮੰਤਰੀ : ਸਪੀਕਰ ਸਾਹਿਬ, ਤੁਸੀਂ ਰੂਲਿੰਗ ਦੇ ਚੁੱਕੇ ਹੋ' ਉਸ ਦੇ ਬਾਅਦ ਕੁਝ ਨਹੀ ਹੋ ਸਕਦਾ ...(ਵਿਘਨ) ਤੁਸੀਂ ਆਪਣਾ ਫੈਸਲਾ ਦੇ ਚੁਕੇ ਹੋ ... (ਵਿਘਨ)

ਸ੍ਰੀ ਸਪੀਕਰ : ਹਾਊਸ ਤਾਂ ਸਾਢੇ 8 ਵਜੇ ਤੱਕ ਐਕਸਟੈਂਡ ਕਰਨ ਲਈ ਮੈਂ ਕਹਿ ਚੁੱਕਾ ਹਾਂ... (ਵਿਘਨ) (I have already extended the sitting upto 8.30 P. M.) (*Interruption*)

ਮੇਜਰ ਹਰਿੰਦਰ ਸਿੰਘ : ਜਿਸ ਤਰ੍ਹਾਂ ਮੇਰੇ ਸਾਥੀਆਂ ਨੇ ਕਿਹਾ ਹੈ ਕਿ ਇਸ ਬਾਰੇ ਹਾਊਸ ਦੇ ਸਾਹਮਣੇ ਕੋਈ ਮੋਸ਼ਨ ਨਹੀਂ ਹੈ । (ਵਿਘਨ) ਤੁਸੀਂ ਜਿਸ ਵੇਲੇ ਚਾਹੁੰਦੇ ਹੋ ਤਾਂ ਉਦੋਂ ਰੂਲਜ਼ ਦੀ ਪਰੋਟੈਕਸ਼ਨ ਲੈ ਲੈਂਦੇ ਹੋ । ਸਪੀਕਰ ਸਾਹਿਬ, ਮੇਰੇ ਪਾਸ ਕੌਲ ਐਂਡ ਸ਼ਕਦਰ ਦੀ ਕਿਤਾਬ ਹੈ ਇਸ ਦਾ ਸਫਾ ਨੰ: 85 ਮੈਂ ਆਪ ਦੇ ਸਾਹਮਣੇ ਪੜ੍ਹਦਾ ਹਾਂ । ਮੈਂ ਇਤਨਾ ਜ਼ਿਆਦਾ ਐਜੂਕੇਟਿਡ ਨਹੀਂ, ਪਰ ਜੋ ਉਥੇ ਲਿਖਿਆ ਹੋਇਆ ਹੈ ਉਹ ਮੈਂ ਤੁਹਾਨੂੰ ਦੱਸਦਾ ਹਾਂ । (ਵਿਘਨ) ਮੈਨੂੰ ਜ਼ਰਾ ਬੋਲਣ ਦਿਓ ,ਉਥੇ ਲਿਖਿਆ ਹੈ ਕਿ :

> "Though his powers and duties have been laid down in the rules and to some extent, in the Constitution, the rules which he has to administer are of an elastic character and in some matters he has to exercise his discretion. His duties are very arduous and in their discharge he must be actuated by a sense of justice and fairness, uninfluenced by passion or prejudice. He has to impress the House generally with confidence in the soundness and impartiality of his judgements, with the conviction that he considers himself the conscience and guardian of the House."

ਇਹ ਫੰਡਾਮੈਂਟਲ ਰਾਈਟਸ ਤੁਹਾਨੂੰ ...... (ਵਿਘਨ) (ਸ਼ੋਰ) ਸੋ ਜੇ ਤੁਸੀਂ ਮੈਂਬਰਜ਼ ਨੂੰ ਸਾਰੀ ਰਾਤ ਬਿਠਾਈ ਰੱਖੋ ... (ਵਿਘਨ) ਠੀਕ ਨਹੀਂ । ਇਸ ਲਈ ਮੈਂ ਆਪ ਨੂੰ ਕਹਾਂਗਾ ਕਿ ਤੁਸੀਂ ਇਸ ਤੇ ਆਪਣੀ ਰੂਲਿੰਗ ਦਿਓ ... (ਸ਼ੋਰ)

ਸਰਦਾਰ ਉਮਰਾਓ ਸਿੰਘ: ਤੁਸੀਂ ਇਸ ਤੇ ਆਪਣੀ ਰੂਲਿੰਗ ਦਿਓ । (ਵਿਘਨ)

ਸ੍ਰੀ ਸਪੀਕਰ : ਮੈਂ ਤਾਂ ਸਾਢੇ ਅਠ ਵਜੇ ਤੱਕ ਹਾਊਸ ਪਹਿਲੇ ਹੀ ਐਕਸਟੈਂਡ ਕਰ ਚੁੱਕਾ ਹਾਂ... (ਵਿਘਨ) (ਸ਼ੋਰ) (I have already extended the sitting up to 8.30 P.M.)

ਸਰਦਾਰ ਉਮਰਾਓ ਸਿੰਘ : ਤੁਸੀਂ ਨਾ ਹੀ ਹਾਊਸ ਦੀ ਸੈਂਸ ਲਈ ਹੈ ਅਤੇ ਨਾ ਹੀ ਕਨਸੈਂਸ ਲਈ ਹੈ... (ਵਿਘਨ) ਇਕ ਪਾਸੇ ਹਾਊਸ ਦਾ ਡਸੀਜ਼ਨ ਹੈ ਕਿ ਸੈਕੰਡ ਸੀਟਿੰਗ ...(ਵਿਘਨ)

ਸ੍ਰੀ ਸਪੀਕਰ : ਪਰ ਉਹ ਵੀ ਇਫ਼ ਨਸੈਸਰੀ । (ਵਿਘਨ) (But that too if it is necessary.) (*Interruption*)

ਸਰਦਾਰ ਉਮਰਾਓ ਸਿੰਘ : ਜੇ ਬਿਜ਼ਨੈਸ ਨਾ ਮੁੱਕੇ ਤਾਂ ... (ਵਿਘਨ) ਬਿਜ਼ਨਸ ਤਾਂ ਮੁਕਿਆ ਨਹੀਂ ਹੈ ... (ਵਿਘਨ)

ਸ੍ਰੀ ਸਪੀਕਰ : ਫਿਰ ਹੋਰ ਕੁਝ ਸਮੇਂ ਦੇ ਬਾਅਦ ਦੇਖ ਲਵਾਂਗੇ । (ਵਿਘਨ) (ਸ਼ੋਰ) (That we will see later on.)

ਵਿੱਤ ਮੰਤਰੀ : ਸਪੀਕਰ ਸਾਹਿਬ, ਜਿਤਨਾ ਸਰਦਾਰ ਉਮਰਾਓ ਸਿੰਘ ਟਾਈਮ ਵੇਸਟ ਕਰ ਰਹੇ ਹਨ, ਉਤਨਾ ਟਾਈਮ ਹੋਰ ਹਾਊਸ ਦਾ ਐਕਸਟੈਂਡ ਕਰ ਦਿਤਾ ਜਾਵੇ । (ਵਿਘਨ) (ਸ਼ੋਰ)

ਸਰਦਾਰ ਉਮਰਾਓ ਸਿੰਘ: ਸਪੀਕਰ ਸਾਹਿਬ, ਕੀ ਕਿਸੇ ਮੈਂਬਰ ਨੂੰ ਹੱਕ ਹੈ, ਭਾਵੇਂ ਉਹ ਫਾਈਨੈਂਸ ਮਨਿਸਟਰ ਹੀ ਹੋਵੇ, ਉਹ ਕਹਿ ਸਕੇ ਕਿ ਇਕ ਮੈਂਬਰ ਹਾਊਸ ਦਾ ਟਾਈਮ ਵੇਸਟ ਕਰ ਰਿਹਾ ਹੈ । (ਵਿਘਨ)

ਵਿੱਤ ਮੰਤਰੀ : ਮੈਂ ਆਪਣੇ ਲਫਜ਼ ਵਾਪਸ ਲੈਂਦਾ ਹਾਂ ।

ਸ੍ਰੀ ਸਰਦਾਰੀ ਲਾਲ ਕਪੂਰ : ਪੁਆਇੰਟ ਆਫ ਆਰਡਰ ,ਸਰ । ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜੇ ਤਾਂ ਤੁਸੀਂ ਬਿੱਲ ਦੇ ਉਤੇ ਬਹਿਸ ਕਰਨੀ ਹੈ ਤਾਂ ਤੇ ਠੀਕ ਹੈ ਪਰ ਜੇ ਇਨ੍ਹਾਂ ਨੇ ਆਪਣੀ ਹੀ ਮਰਜ਼ੀ ਨਾਲ ਕਰਨਾ ਹੈ ਤਾਂ ਫਿਰ ਅਸੀਂ ਜਾਂਦੇ ਹਾਂ । (ਵਿਘਨ) ਜੇ ਤੁਸੀਂ ਸਾਨੂੰ ਬੋਲਣ ਦੀ ਇਜ਼ਾਜ਼ਤ ਨਹੀਂ ਦੇਣੀ ਤਾਂ ਫਿਰ ਅਸੀਂ ਜਾਂਦੇ ਹਾਂ । (ਵਿਘਨ) ਇਸ ਲਈ ਬੇਨਤੀ ਇਹ ਹੈ ਕਿ ਸਾਨੂੰ ਬਿਲ ਤੇ ਬਹਿਸ ਕਰਨ ਦੀ ਇਜ਼ਾਜ਼ਤ ਦਿਓ ਨਹੀਂ ਤਾਂ ਇਹ ਕੋਈ ਗਲ ਨਹੀਂ ... (ਵਿਘਨ) (ਸ਼ੋਰ)

ਸ੍ਰੀ ਸਪੀਕਰ : ਜਿਨੀ ਮਰਜ਼ੀ ਹੈ ਬਹਿਸ ਕਰੋ । ਰੇਲੇਵੈਂਟ ਬੋਲੋ, ਪੂਰਾ ਟਾਈਮ ਲਵੋ ਜਿੰਨਾ ਤੁਹਾਨੂੰ ਚਾਹੀਦਾ ਹੈ । (ਵਿਘਨ) (The hon. Members can take full part in the discussion, so long as they are relevant. They can take the time needed by them.)

ਵਿੱਤ ਮੰਤਰੀ : ਸਪੀਕਰ ਸਾਹਿਬ, ਅਸੀਂ ਸਾਰੀ ਰਾਤ ਬੈਠਣ ਨੂੰ ਤਿਆਰ ਹਾਂ । (ਵਿਘਨ)

ਸ੍ਰੀ ਸਰਦਾਰੀ ਲਾਲ ਕਪੂਰ : 10.00 ਵਜੇ ਫਿਰ ਹਾਊਸ ਦੁਬਾਰਾ ਬੁਲਾ ਲਓ ਅਸੀਂ ਵੀ ਬੈਠਣ ਨੂੰ ਤਿਆਰ ਹਾਂ । (ਵਿਘਨ)

ਡਾਕਟਰ ਸਾਧੂ ਰਾਮ : (ਫਗਵਾੜਾ) ਸਪੀਕਰ ਸਾਹਿਬ, ਤੁਹਾਡੀ ਬੜੀ ਮਿਹਰਬਾਨੀ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ । ਸਪੀਕਰ ਸਾਹਿਬ' ਮੈਂ ਇਸ ਬਿਲ ਦੀ ਮੁਖਾਲਫਤ ਕਰਨ ਲਈ ਖੜਾ ਹੋਇਆ ਹਾਂ । ਸਪੀਕਰ ਸਾਹਿਬ ਮੈਂ ਤੁਹਾਡੇ ਮੁਤੱਲਕ ਤਾਂ ਕੁਝ ਨਹੀਂ ਕਹਿਣਾ ਚਾਹੁੰਦਾ । (ਵਿਘਨ) ਸਪੀਕਰ ਸਾਹਿਬ, ਪਰ ਗਲ ਇਹ ਹੈ ਕਿ ਆਮ ਕਹਾਵਤ ਹੈ ਕਿ "ਟਿੰਡ ਵਰਗਾ ਕੋਈ ਭਾਂਡਾ ਨਹੀਂ ਜੋ ਰੁੜ੍ਹੇ ਨਾ, ਜਟ ਵਰਗੀ ਕੋਈ ਜ਼ਬਾਨ ਨਹੀਂ ਜੋ ਮੁੜੇ ਨਾ " ਪਰ ਮੈਨੂੰ ਅਫਸੋਸ ਹੈ ਸਪੀਕਰ ਸਾਹਿਬ, ਕਿ ਪਹਿਲਾਂ ਆਪ ਨੇ ਸਾਢੇ ਸਤ ਵਜੇ ਤਕ ਹਾਊਸ ਐਕਸਟੈਂਡ ਕੀਤਾ ਹੁਣ ਫਿਰ ਸਾਢੇ ਅੱਠ ਵਜੇ ਤਕ ਕਰ ਦਿਤਾ ਹੈ । ਸਪੀਕਰ ਸਾਹਿਬ, ਤੁਹਾਨੂੰ ਘੜੀ ਮੁੜੀ ਹਾਉਸ ਦਾ ਟਾਈਮ ਐਕਸਟੈਂਡ ਨਹੀਂ ਕਰਨਾ ਚਾਹੀਦਾ। (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਨੂੰ ਇਕ ਗਲ ਦਸਣਾ ਚਾਹੁੰਦਾ ਹਾਂ ਕਿ ਮੈਂ ਇਕ ਵਾਰੀ ਇਕ ਇਟਾਂ ਦਾ ਟਰੱਕ ਲੈਣ ਗਿਆ ਸੀ । ਉਥੇ ਰਾਹ ਵਿਚ ਇਕ ਨਹਿਰ ਦਾ ਪੁਲ ਸੀ । ਸਪੀਕਰ ਸਾਹਿਬ, ਉਥੇ ਦੋ ਜਥੇਦਾਰ ਖੜੇ ਸੀ । ਪੁਛਿਆ ਕਿ ਅਗੇ ਕਿਤਨਾ ਹੈ ਕਹਿਣ ਲਗੇ 4 ਮੀਲ ਔਰ ਪਿਛੇ ਕਿਤਨਾ ਹੈ ਤਾਂ ਦਸਿਆ ਕਿ ਅੱਧਾ ਮੀਲ ਹੈ । ਮੈਂ ਕਿਹਾ ਕਿ ਕੋਈ ਸੁਝਾ ਦਿਉ। ਕਹਿਣ ਲਗੇ ਕਿ ਟਰੱਕ ਇਥੋਂ ਵਾਪਸ ਕਰ ਲਉ। ਜਦ ਟਰੱਕ ਵਾਪਸ ਕਰਨ ਲਗੇ ਤਾਂ ਕਹਿਣ ਲਗੇ ਆਉਣ ਦਿਉ ਆਉਣ ਦਿਉ । ਇਸ ਤਰ੍ਹਾਂ ਕਰਦਿਆਂ ਕਰਦਿਆਂ ਤਦ ਹੀ ਪਤਾ ਲਗਾ ਕਿ ਜਦ ਟਰੱਕ ਦੇ ਪਿਛਲੇ ਪਹੀਏ ਨਹਿਰ ਵਿਚ ਪੈ ਗਏ ਤਾਂ ਫਿਰ ਉਹ ਕਹਿਣ ਲਗੇ ਹੁਣ ਜਾਣ ਦਿਉ ।

[ਡਾਕਟਰ ਸਾਧੂ ਰਾਮ]

(ਹਾਸਾ) ਇਸ ਜਾਣ ਦਿਉ ਦੀ ਗਲ ਤੋਂ ਸਾਨੂੰ ਡਰ ਲਗਦਾ ਹੈ ਕਿ ਕਿਧਰੇ ਸਾਡੇ ਵੀ ਪਹੀਏ ਹੁਣ ਨਹਿਰ ਵਿਚ ਨਾ ਪੈ ਜਾਣ । (ਵਿਘਨ)

ਸ੍ਰੀ ਸਪੀਕਰ : ਤੁਸੀਂ ਬਿਲ ਤੇ ਬੋਲੋ । (ਵਿਘਨ) (Please speak on the Bill.)

ਡਾਕਟਰ ਸਾਧੂ ਰਾਮ: ਬਸ ਜੀ ਮੈਂ ਬਿਲ ਤੇ ਬੋਲਣ ਲਗਾ ਹਾਂ । (ਵਿਘਨ) ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਮੈਂ ਵੀ ਪੰਚਾਇਤ ਦਾ 10 ਸਾਲ ਮੈਂਬਰ ਰਿਹਾ ਹਾਂ । ਬਲਾਕ ਸੰਮਤੀ ਦਾ ਵੀ ਮੈਂਬਰ ਰਿਹਾ ਹਾਂ ਪਰ ਮੈਨੂੰ ਬਲਾਕ ਸੰਮਤੀ ਦਾ ਚੇਅਰਮੈਨ ਬਣਨ ਵਾਸਤੇ ਦੋ ਵੋਟਾਂ ਤੇ ਮੈਨੂੰ ਹਾਰ ਹੋਈ ਕਿਉਂਕਿ ਉਸ ਵੇਲੇ ਵੋਟਾਂ ਖਰੀਦੀਆਂ ਗਈਆਂ ਸੀ ਔਰ ਮੁਖਾਲਫ ਨੇ ਵੋਟਾਂ ਖਰੀਦ ਕੇ ਮੈਨੂੰ ਹਰਾਇਆ ਸੀ । (ਵਿਘਨ) ਸਪੀਕਰ ਸਾਹਿਬ, ਇਹ ਜਿਹੜਾ ਸਰਪੰਚਾਂ ਬਾਰੇ ਬਿਲ ਪੇਸ਼ ਕੀਤਾ ਗਿਆ ਹੈ ਇਹ ਸਰਾਸਰ ਧੱਕੇਸ਼ਾਹੀ ਹੈ । ਸਪੀਕਰ ਸਾਹਿਬ, ਮੈਨੂੰ ਇਸ ਗਲ ਤੇ ਡਰ ਲਗਦਾ ਹੈ ਕਿ 1967 ਵਿਚ ਜਦੋਂ ਮੈਂ ਨਵਾਂ ਨਵਾਂ ਇਥੇ ਮੈਂਬਰ ਬਣ ਕੇ ਆਇਆ ਸੀ ਤਾਂ ਇਹ ਬਾਜਵਾ ਸਾਹਿਬ ਸਾਨੂੰ ਬੜੇ ਚੰਗੇ ਚੰਗੇ ਸੁਝਾਓ ਦਿੰਦੇ ਸੀ ਫਿਰ ਤਦੇ ਪਤਾ ਲਗਾ ਕਿ ਤਿੰਨਾਂ ਦਿਨਾਂ ਬਾਦ ਨੀਲੀ ਪੱਗ ਬੰਨ ਲਈ ਔਰ ਉਧਰ (ਸਰਕਾਰੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਜਾ ਬੈਠੇ । ਸਪੀਕਰ ਸਾਹਿਬ, ਮੈਨੂੰ ਇਨ੍ਹਾਂ ਤੇ ਪੂਰਾ ਸ਼ਕ ਹੈ । ਇਹ ਜਿਹੜਾ ਬਿਲ ਹੈ ਇਹ ਤਸੱਲੀ ਬਖਸ਼ ਨਹੀਂ ਔਰ ਇਸ ਵਿਚ ਕਾਫੀ ਖਾਮੀਆਂ ਹਨ ਤੇ ਇਹ ਹੇਰਾ ਫੇਰੀ ਵਾਲਾ ਬਿਲ ਹੈ । ਸਪੀਕਰ ਸਾਹਿਬ, ਇਥੇ ਡਾਂਗ ਸਾਹਿਬ ਨੇ ਕਿਹਾ ਸੀ ਕਿ ਇਹ ਬਿਲ ਕਮੇਟੀ ਨੂੰ ਵਾਪਸ ਕਰ ਦੇਣਾ ਚਾਹੀਦਾ ਹੈ । ਮੈਂ ਵੀ ਇਸ ਗਲ ਦਾ ਹਾਮੀ ਹਾਂ ਕਿ ਇਹ ਬਿਲ ਵਾਪਸ ਕਰ ਦੇਣਾ ਚਾਹੀਦਾ ਹੈ । (ਵਿਘਨ)

ਇਕ ਆਵਾਜ਼ : ਕੋਈ ਤਕਲੀਫ ਹੈ ਹੁਣ । (ਵਿਘਨ)

ਸਰਦਾਰ ਹਰਦਿਤ ਸਿੰਘ ਪੂਹਲੀ: ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਇਸ ਵੀਰ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਸਾਡੀਆਂ ਨੀਲੀਆਂ ਪਗਾਂ ਔਰ ਪ੍ਰਸ਼ਾਦ ਤੇ ਦੁਖ ਹੁੰਦਾ ਹੈ, ਪਤਾ ਨਹੀਂ ਇਸ ਦਾ ਕੀ ਕਾਰਨ ਹੈ? (ਵਿਘਨ)

ਡਾਕਟਰ ਸਾਧੂ ਰਾਮ : ਤੇ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁਦਾ ਹਾਂ ਕਿ ਜਿਥੇ ਪਹਿਲਾਂ ਪੰਜ ਮੈਂਬਰ ਹੁੰਦੇ ਸੀ ਉਥੇ ਹਰੀਜਨ ਮੈਂਬਰ ਇਕ ਹੁੰਦਾ ਸੀ ਔਰ ਜੇ ਪੰਜ ਤੋਂ ਵੱਧ ਮੈਂਬਰ ਹੋਣ ਤਾਂ ਹਰੀਜਨ ਇਕ ਤੋਂ ਵਧ ਹੁੰਦਾ ਸੀ । ਇਨ੍ਹਾਂ ਨੇ ਪੰਜ ਤੋਂ ਸੱਤ ਔਰ ਸੱਤ ਤੋਂ 11 ਕਰ ਦਿਤੇ ਮੈਂ ਸਮਝਦਾ ਹਾਂ ਕਿ ਉਸ ਮੁਤਾਬਕ ਹੁਣ ਹਰੀਜਨ ਮੈਂਬਰ ਘੱਟ ਤੋਂ ਘੱਟ 4 ਹੋਣੇ ਚਾਹੀਦੇ ਹਨ । ਕਿਉਂਕਿ ਜੇ 4 ਹਰੀਜਨ ਮੈਂਬਰ ਹੋਣਗੇ ਤਾਂ ਉਨ੍ਹਾਂ ਵਿਚੋਂ ਵੀ ਕਿਸੇ ਨੂੰ ਸਰਪੰਚ ਬਣਨ ਦਾ ਮੌਕਾ ਮਿਲੇਗਾ। ਫਿਰ, ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਹਰੀਜਨ ਨੂੰ ਹਿਸਾ ਦਿਤਾ ਜਾਂਦਾ ਹੈ । ਮੈਂ ਕਹਿੰਦਾ ਹਾਂ ਕਿ 10-15 ਸਾਲ ਹੋ ਗਏ ਹਨ ਪੰਚਾਇਤਾਂ ਬਣੀਆਂ ਨੂੰ ਉਸ ਹਰੀਜਨ ਨੂੰ ਹਿਸਾ ਦਿਤਾ ਜਾਂਦਾ ਹੈ ਜਿਹੜਾ ਹਰੀਜਨ ਜਟ ਦਾ ਨੌਕਰ ਹੁੰਦਾ ਹੈ । ਤੁਸੀਂ ਇਸ ਗਲ ਦੀ ਇਨਕੁਆਇਰੀ ਕਰਵਾ ਕੇ ਦੇਖ ਲਓ ਆਪ ਨੂੰ ਪਤਾ ਲਗ ਜਾਵੇਗਾ ਕਿ ਸਿਰਫ ਉਸ ਹਰੀਜਨ ਨੂੰ ਹੀ ਹਿਸਾ ਮਿਲਦਾ ਹੈ ਜੋ ਜਟ ਦਾ ਨੌਕਰ ਹੈ, ਕੱਮੀ ਹੈ ਜਾਂ ਚੁਮਾਰ ਹੈ। ਬਹੁਤ ਸਾਰੀਆਂ ਪਟਿਆਲੇ ਸੰਗਰਰ ਵਿਚ ਤੁਹਾਡੀਆਂ ਕਮੇਟੀਆਂ ਬਣੀਆਂ ਅਸੀਂ ਦੇਖਿਆ ਹੈ ਕਿ ਸਭ ਹੇਰਾ ਫੇਰੀ ਹੈ । (ਵਿਘਨ) ਸੋ ਮੇਰੀ ਅਰਜ਼ ਹੈ ਕਿ

ਇਸ ਬਿਲ ਨੂੰ ਜ਼ਰੂਰ ਪਿਛੇ ਮੋੜੋ। ਜੇ ਤੁਸੀਂ ਇਸ ਬਿਲ ਨੂੰ ਪਿਛੇ ਮੋੜੋ ਤਾਂ ਸਾਡੇ ਹਰੀਜਨ ਭਰਾ ਜਿਹੜੇ ਉਧਰਲੇ (ਸਰਕਾਰੀ) ਬੈਂਚਾਂ ਤੇ ਬੈਠੇ ਹਨ ਤਾਂ ਉਹ ਜ਼ਰੂਰ ਸਾਡੀ ਸਪੋਰਟ ਕਰਨਗੇ ਔਰ ਜੇ ਸਪੋਰਟ ਨਹੀਂ ਕਰਨਗੇ ਤਾਂ ਕਮ-ਸੇ-ਕਮ ਇਸ ਗਲ ਨੂੰ ਮਹਿਸੂਸ ਕਰਨਗੇ । ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਹਰੀਜਨਾਂ ਨਾਲ ਜੋ ਇਸ ਵੇਲੇ ਧੱਕਾ ਹੋ ਰਿਹਾ ਹੈ ਇਸ ਤੋਂ ਵਧ ਹੋਰ ਧੱਕਾ ਹੋਣਾ ਨਹੀਂ । ਸਪੀਕਰ ਸਾਹਿਬ, ਇਸ ਬਿਲ ਵਿਚ ਬੜੀ ਭਾਰੀ ਖਾਮੀ ਹੈ । ਮੇਰੀ ਅਰਜ਼ ਹੈ ਕਿ ਜਿਹੜਾ ਬੰਦਾ ਹਮੇਸ਼ਾਂ ਕਾਰ ਵਿਚ ਸਫਰ ਕਰਦਾ ਹੈ ਉਸ ਨੂੰ ਕੀ ਪਤਾ ਕਿ ਬਸ ਵਿਚ ਸਫਰ ਕਰਨ ਨਾਲ ਕੀ ਦਿਕਤ ਹੁੰਦੀ ਹੈ ਔਰ ਬਸ ਵਿਚ ਸਫ਼ਰ ਕਰਨ ਨਾਲ ਕੀ ਹਾਲ ਹੁੰਦਾ ਹੈ।(ਵਿਘਨ)ਸਪੀਕਰ ਸਾਹਿਬ ਜਦੋਂ ਅਸੀਂ ਕਿਸੇ ਵਰਕਰ ਨੂੰ ਜਾਂ ਕਿਸੇ ਆਪਣੇ ਦੋਸਤ ਮਿਤਰ ਨੂੰ ਮਿਲਦੇ ਹਾਂ ਤਾਂ ਇਹੀ ਪਤਾ ਲਗਦਾ ਹੈ ਕਿ ਉਹ ਇਸ ਗਲ ਤੇ ਬੜੇ ਫਿਕਰਮੰਦ ਹਨ ਔਰ ਚਾਹੁੰਦੇ ਹਨ ਕਿ ਅਸੀਂ ਤੁਹਾਡੀ ਰਾਹੀਂ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਇਹ ਚੀਜ਼ ਲਿਆਈਏ ਕਿ ਇਹ ਜਿਹੜੀਆਂ ਪੁਰਾਣੀਆਂ ਆਦਤਾਂ ਹਨ ਇਨ੍ਹਾਂ ਨੂੰ ਬਦਲੋ । (ਵਿਘਨ) ਜੇ ਇਨ੍ਹਾਂ ਨੇ ਸਪੀਕਰ ਸਾਹਿਬ, 11 ਮੈਂਬਰ ਬਣਾਉਣੇ ਹੋਣ ਤਾਂ ਉਸ ਵਿਚ ਹਰੀਜਨ 4 ਜ਼ਰੂਰ ਹੋਣੇ ਚਾਹੀਦੇ ਹਨ । ਇਤਨਾ ਕਹਿ ਕੇ ਮੈਂ ਆਪ ਦਾ ਧੰਨਵਾਦ ਕਰਦਾ ਹਾਂ । ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ ।

ਸਰਦਾਰ ਲਛਮਣ ਸਿੰਘ : (ਗੁਰੂ ਹਰ ਸਹਾਏ) 'ਸਪੀਕਰ ਸਾਹਿਬ, ਜਿਥੋਂ ਤਕ ਤਾਂ ਇਸ ਬਿਲ ਵਿਚ ਦੋ ਸੌ ਤਕ ਦੀ ਆਬਾਦੀ ਦਾ ਸਵਾਲ ਹੈ ਇਹ ਤਾਂ ਠੀਕ ਹੈ ਪਰ ਜੋ ਸਰਪੰਚ ਦੀ ਚੋਣ ਬਾਰੇ ਹੈ ਇਹ ਬਿਲਕੁਲ ਠੀਕ ਨਹੀਂ । ਇਸ ਦੇ ਨਾਲ ਸਪੀਕਰ ਸਾਹਿਬ ਜਿਹੜਾ ਭਰਿਸ਼ਟਾਚਾਰ ਹੈ ਇਹ ਵਧੇਗਾ ਔਰ ਮੈਂਬਰ ਸਾਹਿਬ ਖਰੀਦੇ ਜਾਇਆ ਕਰਨਗੇ ਔਰ ਸਰਪੰਚ ਜਿਹੜਾ ਹੈ ਉਹ ਪੈਸੇ ਵਾਲਾ ਹੀ ਬਣ ਸਕੇਗਾ ਪਰ ਗਰੀਬ ਆਦਮੀ ਨੂੰ ਸਰਪੰਚ ਬਣਨ ਦਾ ਕੋਈ ਮੌਕਾ ਨਹੀਂ ਮਿਲੇਗਾ । ਇਹ ਗਲ ਠੀਕ ਨਹੀਂ ਹੈ । ਜੇ ਅਸੀਂ ਗਰੀਬ ਆਦਮੀ ਨੂੰ ਹੱਕ ਦੇਣਾ ਚਾਹੁੰਦੇ ਹਾਂ ਤਾਂ ਪਹਿਲਾਂ ਜਿਸ ਤਰ੍ਹਾਂ ਪੰਜ ਸਰਪੰਚ ਹੁੰਦੇ ਸੀ ਉਸੇ ਤਰ੍ਹਾਂ ਹੀ ਠੀਕ ਹੈ । ਇਸ ਦੇ ਨਾਲ ਹੀ ਸਪੀਕਰ ਸਾਹਿਬ, ਦੂਸਰੀ ਗਲ ਇਹ ਹੈ ਕਿ ਜਿਸ ਮੈਂਬਰ ਨੇ ਸਰਮਾਏਦਾਰ ਆਦਮੀ ਨੂੰ ਵੋਟ ਨਾ ਦਿਤੀ ਤਾਂ ਉਸ ਦੇ ਖਿਲਾਫ਼ ਬਦਲਾ ਲੈਣ ਵਾਲੀ ਨੀਤੀ ਵਰਤੀ ਜਾਵੇਗੀ ਔਰ ਉਸ ਨੂੰ ਤੰਗ ਕੀਤਾ ਜਾਵੇਗਾ ਕਿ ਤੂੰ ਮੈਨੂੰ ਵੋਟ ਨਹੀਂ ਸੀ ਦਿਤੀ ਇਸ ਲਈ ਉਸ ਨੂੰ ਤੰਗ ਕੀਤਾ ਜਾਇਆ ਕਰੇਗਾ।

ਜਿਥੋਂ ਤਕ ਸਪੀਕਰ ਸਾਹਿਬ, ਜ਼ਮੀਨ ਦਾ ਸਵਾਲ ਹੈ । (ਵਿਘਨ) ਇਸ ਦੇ ਵਾਸਤੇ ਕਾਨੂੰਨ ਹੋਣਾ ਚਾਹੀਦਾ ਹੈ :.................. (ਵਿਘਨ)

ਸ਼੍ਰੀ ਸਪੀਕਰ : ਜ਼ਮੀਨ ਬਾਰੇ ਤਾਂ ਇਸ ਵਿਚ ਕੋਈ ਅਮੈਂਡਮੈਂਟ ਨਹੀਂ ਹੈ। (ਵਿਘਨ) There is no amendment concerning land in this Bill.)

ਸਰਦਾਰ ਲਛਮਣ ਸਿੰਘ : ਤੇ ਸਪੀਕਰ ਸਾਹਿਬ, ਜੇ ਤੁਸੀਂ ਹਰੀਜਨ ਨੂੰ ਔਰ ਗਰੀਬ ਨੂੰ ਉਤਸ਼ਾਹ ਦੇਣਾ ਚਾਹੁੰਦੇ ਹੋ ਤਾਂ ਇਨ੍ਹਾਂ ਸਰਪੰਚਾਂ ਦੀ ਜੋ ਅਲੈਕਸ਼ਨ ਹੈ ਉਹ ਪਿੰਡਾਂ ਵਾਲਿਆਂ ਤੋਂ ਹੀ ਹੋਣੀ ਚਾਹੀਦੀ ਹੈ ਇਹ ਮੈਂਬਰਾਂ ਤੋਂ ਨਹੀਂ ਹੋਣੀ ਚਾਹੀਦੀ।

चौधरी सत्यदेव (अबोहर) : स्पीकर साहिब, मैं माननीय पंचायत मिनिस्टर साहिब से कुछ अर्ज़ करना चाहता हूँ । उन्होंने यह जो ग्राम पंचायत अमैंडमैंट बिल रखा है, उस में बाकी सभी बातें ठीक हैं और सभी मैंबर मानने के लिये तैयार हैं कि यह जो पांच सौ

[चौधरी सत्यदेव]

की आबादी की बजाय दो सौ की आबादी में पंचायत बनाई जाए, इस बात को मानने के लिये सारे मैंबर साहिबान तैयार हैं और सभी महसूस करते हैं कि यह ठीक है । लेकिन एक छोटी सी बात और है जिस पर सारे मैंबरों ने एतराज़ किया है। यह जो सरपंच का सीधा चुनाव होता था इसके बारे में मैं बादल साहिब से प्रार्थना करूँगा कि यह बात मान लें । यह स्वयं पंचायतों के बारे में बड़ी दिलचस्पी रखते हैं। बड़े सरकरदा और तजरबेकार व्यक्ति हैं । यह बिल उन्होंने पेश किया है जो मैंबर इधर से उधर गए हैं, और जिनको मैंबरों को खरीदने की वाकफियत है और जो खरीदोफरोखत में बड़ा विश्वास रखते हैं और आनन्द प्राप्त करते हैं। इसके सिवाये इसमें और कुछ भी दिखाई नहीं देता । बादल साहिब, मेरे ख्याल में खुद भी महसूस करते हैं कि यह जो सीधी चोण होती है यह बहुत अच्छा तरीका है और यह जो मैंबरों के द्वारा चुनाव होता था उसमें कितनी ही खरीदोफरोख्त होती थी । इस खरीदो-फरोख्त में गांव की डिवैलपमेंट के कार्य बिलकुल नहीं होते थे । इस की अमैंडमैंट करके लोगों को सरपंच के चुनाव के लिये सीधा ही वोट का हक दिया गया था । मैं समझता हूँ कि बादल साहिब महसूस कर रहे हैं कि यह जो काम है यह गलत हो रहा है । इसके कारण बड़ी भारी कुरप्शन होगी, जिससे सभी काम रुक जायेंगे । मैं प्रार्थना करूँगा कि बाकी बातें जब सब मानने के लिये तैयार हैं तो सरकार को सरपंच की सीधी चोण वाली बात मान लेनी चाहिए । मैं आशा करता हूँ कि बादल साहिब यह बात मान लेंगे ।

ਸਰਦਾਰ ਸੰਤੋਖ ਸਿੰਘ ਰੰਧਾਵਾ: (ਫਤਿਹਗੜ੍ਹ): ਸਪੀਕਰ ਸਾਹਿਬ, ਇਹ ਜੋ ਗਰਾਮ ਪੰਚਾਇਤ ਸੋਧਨਾ ਬਿਲ ਪੇਸ਼ ਹੋਇਆ ਹੈ ਮੈਂ ਇਸ ਦੀ ਮੁਖਾਲਫਤ ਕਰਨ ਲਈ ਉਠਿਆ ਹਾਂ ਸਪੀਕਰ ਸਾਹਿਬ, ਪੰਜਾਬ ਦੇ ਵਿਚ ਪਹਿਲਾਂ ਪੰਚ ਹੀ ਸਰਪੰਚ ਨੂੰ ਚੁਣਿਆ ਕਰਦੇ ਸਨ ਔਰ ਉਸ ਦੇ ਤਜਰਬੇ ਆਪ ਦੇ, ਮੇਰੇ ਔਰ ਸਾਰੇ ਪੰਜਾਬੀਆਂ ਦੇ ਜਿਹੜੇ ਅਸੀਂ ਸਾਰੇ ਪਿੰਡਾਂ ਵਿਚ ਵਸਦੇ ਹਾਂ ਸਾਡੇ ਸਾਮ੍ਹਣੇ ਹਨ । ਉਸ ਵੇਲੇ ਹਮੇਸ਼ਾ ਪੰਚਾਂ ਦੇ ਅਧੀਨ ਰਹਿਣਾ ਪੈਂਦਾ ਸੀ ਅਤੇ ਪੰਚਾਂ ਦੀ ਮਰਜ਼ੀ ਨਾਲ ਹੀ ਜਿਹੜਾ ਕੋਈ ਕਦਮ ਚੁਕਣਾ ਹੁੰਦਾ ਸੀ ਚੁਕਦੇ ਸੀ। ਉਸ ਦੇ ਵਿਚ ਬੜੀਆਂ ਮੁਸ਼ਕਲਾਂ ਆਉਂਦੀਆਂ ਸਨ। ਆਜ਼ਾਦਾਨਾ ਤੌਰ ਤੇ ਕੋਈ ਕੰਮ ਨਹੀਂ ਕਰ ਸਕਦੇ ਸੀ। ਇਸ ਚੀਜ਼ ਨੂੰ ਮੁਖ ਰਖਦਿਆਂ ਹੋਇਆਂ ਇਕ ਬਲਵੰਤ ਰਾਏ ਮਹਿਤਾ ਕਮੇਟੀ ਮੁਕੱਰਰ ਕੀਤੀ ਗਈ। ਉਸ ਦੀ ਰਿਪੋਰਟ ਦੇ ਮੁਤਾਬਿਕ ਥਿਰੀ ਟਾਇਰ ਸਿਸਟਮ ਜਾਰੀ ਹੋਇਆ ਔਰ ਥਿਰੀ ਟਾਇਰ ਵਿਚ ਜਿਥੇ ਪੰਚਾਇਤਾਂ, ਪੰਚਾਇਤ ਸੰਮਤੀਆਂ ਔਰ ਜ਼ਿਲਾ ਪ੍ਰੀਸ਼ਦਾਂ ਲਈ ਇਕ ਐਕਟ ਬਣਿਆ। ਪੰਚਾਇਤੀ ਰਾਜ ਵਿਚ ਇਕ ਬੜਾ ਵੱਡਾ ਫਲਾ ਸੀ। ਮੈਂ ਸਮਝਦਾ ਹਾਂ ਕਿ ਉਹ ਜਿਹੜਾ ਸਰਪੰਚ ਹੁੰਦਾ ਸੀ ਉਹ ਹਮੇਸ਼ਾ ਪੰਚਾਇਤ ਦੇ ਅਧੀਨ ਰਹਿੰਦਾ ਸੀ। ਉਹ ਸਿਧਾ ਪਬਲਿਕ ਨੂੰ ਜਵਾਬ ਦੇਹ ਹੋਣ ਦੀ ਥਾਂ ਸਿਰਫ ਉਨ੍ਹਾਂ ਪੰਚਾਂ ਦੇ ਹੀ ਜਵਾਬਦੇਹ ਹੁੰਦਾ ਸੀ। ਫਿਰ ਜਿਹੜੀ ਬਲਵੰਤ ਰਾਏ ਮਹਿਤਾ ਕਮੇਟੀ ਰਿਪੋਰਟ ਆਈ ਉਸ ਦੇ ਮੁਤਾਬਿਕ ਸਰਪੰਚ ਦੀ ਚੋਣ ਸਿਧੇ ਤੌਰ ਤੇ ਹੋਈ। ਮੈਂ ਮਹਿਸੂਸ ਕਰਦਾ ਹਾਂ, ਮੈਂ ਵੀ 20, 22 ਸਾਲ ਤੋਂ ਆਪਣੇ ਪਿੰਡ ਦੀ ਪੰਚਾਇਤ ਦਾ ਸਰਪੰਚ ਚੁਣਿਆ ਆਉਂਦਾ ਹਾਂ ਜਦੋਂ ਤੋਂ ਡਾਇਰੈਕਟ ਸਰਪੰਚ ਚੁਣੇ ਗਏ, ਉਪਰ ਦਸੀਆਂ ਸਾਰੀਆਂ ਖਾਮੀਆਂ ਦੂਰ ਹੋ ਗਈਆਂ। ਸਰਪੰਚ ਮਨਮਾਨੀ ਕਰਦੇ ਰਹੇ। ਜਿਨ੍ਹਾਂ ਨੇ ਠੀਕ ਤੌਰ ਤੇ ਸਰਪੰਚੀ ਨਹੀਂ ਕੀਤੀ ਉਨ੍ਹਾਂ ਦੇ ਬਾਰੇ ਮੈਂ ਕੁਝ ਨਹੀਂ ਕਹਿੰਦਾ, ਲੇਕਿਨ ਪੰਚਾਇਤ ਐਕਟ ਦੇ ਮੁਤਾਬਿਕ ਪੰਚਾਇਤ ਨੂੰ ਹਰ ਛੇ ਮਹੀਨਿਆਂ ਦੇ ਬਾਦ ਗਰਾਮ ਪੰਚਾਇਤ ਦਾ ਇਜਲਾਸ ਬੁਲਾਉਣਾ ਪੈਂਦਾ ਹੈ। ਐਕਟ ਦੇ ਮੁਤਾਬਿਕ ਜਿਹੜਾ ਸਰਪੰਚ ਪੰਚਾਇਤ ਦਾ ਇਜਲਾਸ ਨਹੀਂ ਬੁਲਾਉਂਦਾ, ਉਸ ਦੇ ਖਿਲਾਫ ਮੈਂ ਸਮਝਦਾ ਹਾਂ ਕਿ ਪੰਚਾਇਤ ਐਕਟ ਦੇ ਥਲੇ ਐਕਸ਼ਨ ਲਿਆ ਜਾ

ਸਕਦਾ ਹੈ। ਲੇਕਿਨ ਚੂੰਕਿ ਹੁਣ ਦੀ ਸਰਕਾਰ ਨੇ ਪੰਚਾਇਤ ਐਕਟ ਦੇ ਮੁਤਾਬਿਕ ਅਮਲ ਦਰਾਮਦ ਨਹੀਂ ਕਰਵਾਇਆ ਅਤੇ ਨਾ ਹੀ ਕਰਵਾ ਰਹੀ ਹੈ। ਨਹੀਂ ਤਾਂ ਸਪੀਕਰ ਸਾਹਿਬ, ਤੁਸੀਂ ਵੀ ਪੰਚਾਇਤ ਸੰਮਤੀਆਂ ਦੇ ਚੈਅਰਮੈਨ ਰਹੇ ਹੋ, ਤੁਸੀਂ ਇਸ ਵੇਲੇ ਸਾਰੇ ਪੰਜਾਬ ਦੀ ਪ੍ਰਧਾਨਗੀ ਕਰ ਰਹੇ ਹੋ, ਪੰਜਾਬ ਦੀ ਅਸੈਂਬਲੀ ਦੀ ਪ੍ਰਧਾਨਗੀ ਕਰ ਰਹੇ ਹੋ, ਲੇਕਿਨ ਇਸ ਤੋਂ ਪਹਿਲਾਂ ਤੁਸੀਂ ਵੀ ਪੰਚਾਇਤ ਸੰਮਤੀਆ ਦੇ ਚੇਅਰਮੈਨ ਰਹੇ ਹੋ, ਮੈਂ ਵੀ ਰਿਹਾ ਹਾਂ, ਹੁਣ ਦੇ ਜਿਹੜੇ ਮੁੱਖ ਮੰਤਰੀ ਸਾਹਿਬ ਹਨ ਉਹ ਵੀ ਰਹੇ ਹਨ ਅਤੇ ਜਿਹੜੇ ਇਸ ਵੇਲੇ ਸਾਡੇ ਮਨਿਸਟਰ ਸਾਹਿਬ ਹਨ ਇਸ ਮਹਿਕਮੇ ਦੇ ਉਹ ਵੀ ਪੰਚਾਇਤ ਸੰਮਤੀ ਦੇ ਚੇਅਰਮੈਨ ਰਹੇ ਹਨ, ਸਾਡੇ ਜ਼ਿਮੇ ਹੁੰਦਾ ਸੀ ਕਿ ਅਸੀਂ ਪੰਚਾਇਤਾਂ ਦਾ ਛਿਮਾਹੀ ਇਜਲਾਸ ਬੁਲਾਈਏ ਔਰ ਉਸ ਦੇ ਵਿਚ ਬਕਾਇਦਾ ਛੇ ਮਹੀਨੇ ਦੀ ਪਲੈਨਿੰਗ ਜਿਹੜੀ............................(ਵਿਘਨ)

ਸ੍ਰੀ ਸਪੀਕਰ : ਉਸ ਪਰੋਵੀਜ਼ਨ ਵਿਚ ਹਾਲੇ ਵੀ ਸੋਧ ਨਹੀਂ ਕੀਤੀ ਗਈ। (That provision has not yet been amended.)

ਸਰਦਾਰ ਸੰਤੋਖ ਸਿੰਘ ਰੰਧਾਵਾ : ਸਪੀਕਰ ਸਾਹਿਬ, ਮੈਂ ਇਹੋ ਹੀ ਅਰਜ਼ ਕਰ ਰਿਹਾ ਸਾਂ ਕਿ ਜਦੋਂ ਦਾ ਸਿਧੇ ਤੌਰ ਤੇ ਸਰਪੰਚ ਦਾ ਚੁਣਾਉ ਹੋਇਆ, ਉਹ ਸਰਪੰਚ ਸਾਰੇ ਪਿੰਡ ਦਾ ਜਵਾਬਦੇਹ ਹੁੰਦਾ ਸੀ ਨਾ ਕਿ ਕੇਵਲ ਪੰਚਾਂ ਦਾ। ਹਰ ਛੇ ਮਹੀਨਿਆਂ ਬਾਅਦ ਗਰਾਮ ਸਭਾ ਦਾ ਇਜਲਾਸ ਬੁਲਾ ਕੇ ਉਹ ਜਵਾਬ ਦਿੰਦਾ ਹੁੰਦਾ ਸੀ। ਮੈਨੂੰ ਅਫਸੋਸ ਹੈ ਕਿ ਉਹ ਲੋਕ ਗਰਾਮ ਸਭਾ ਨੂੰ ਖਤਮ ਕਰ ਕੇ ਪੰਜ ਜਾਂ ਸਤ ਆਦਮੀਆਂ ਦੀ ਗਰਾਮ ਸਭਾ ਬਨਾਉਣਾ ਚਾਹੁੰਦੇ ਹਨ ਔਰ ਇਸ ਦੇ ਵਿਚ ਇਹ ਹੋਵੇਗਾ ਕਿ ਇਹ ਆਪਣੇ ਸਰਪੰਚ ਚੁਣ ਲਿਆ ਕਰਨ ਗੇ ਅਤੇ ਆਪੇ ਹੀ ਅਕਸਰੀਅਤ ਪੈਦਾ ਕਰ ਲਿਆ ਕਰਣਗੇ, ਕਿਉਂਕਿ ਸਿਧੇ ਤੌਰ ਤੇ ਤਾਂ ਇਨ੍ਹਾਂ ਦਾ ਕੋਈ ਸਰਪੰਚ ਆ ਹੀ ਨਹੀਂ ਸਕਣਾ ਅਤੇ ਜਦੋਂ ਮਰਜ਼ੀ ਆਏ ਮੀਟਿੰਗ ਕਰ ਲਿਆ ਕਰਨ ਗੇ ਕਿਸੇ ਭੀ ਥਾਂ ਤੇ ਆਪਣੇ ਚਾਰ ਪੰਚ ਬੁਲਾ ਕੇ ਔਰ ਉਸ ਦੇ ਵਿਚ ਜੋ ਇਨ੍ਹਾਂ ਦੀ ਮਰਜ਼ੀ ਆਇਆ ਕਰਿਆ ਕਰਨਗੇ। ਉਸ ਦੇ ਵਿਚ ਲੁਟ ਖਸੁਟ ਹੀ ਚਲਨੀ ਹੈ। ਪਿੰਡਾਂ ਦੀ ਕੋਈ ਡਿਵੈਲਪਮੈਂਟ ਨਹੀਂ ਹੋਵੇਗੀ। ਮੈਂ ਅਰਜ਼ ਕਰਾਂ ਕਿ ਸ੍ਰੀ ਜੈ ਪ੍ਰਕਾਸ਼ ਨਾਰਾਇਣ ਦੀ ਪ੍ਰਧਾਨਗੀ ਹੇਠ ਸਾਰੀਆਂ ਪਾਰਟੀਆਂ ਦੀ ਨੁਮਾਇੰਦਗੀ ਲੈ ਕੇ ਇਕ ਜੈਂਟਲਮੈਨਜ਼ ਐਗਰੀਮੈਂਟ ਹੋਇਆ ਸੀ ਅਤੇ ਆਲ ਇੰਡੀਆ ਲੈਵਲ ਤੇ ਸਾਰੀਆਂ ਪਾਰਟੀਆਂ ਨੇ ਵਿਸ਼ਵਾਸ਼ ਦਿਲਾਇਆ ਸੀ ਕਿ ਅਸੀਂ ਇਸ ਪੰਚਾਇਤ ਰਾਜ ਨੂੰ ਪਾਲੀਟਿਕਸ ਤੋਂ ਦੂਰ ਰਖਾਂਗੇ। ਮੈਨੂੰ ਅੱਜ ਇਹ ਗਲ ਕਹਿਣ ਤੇ ਕੋਈ ਝਿਝਕ ਨਹੀਂ ਕਿ ਜਿਹੜੀ ਸਾਡੀ ਸਰਕਾਰ ਅੱਜ ਇਥੇ ਰੂਲ ਕਰ ਰਹੀ ਹੈ ਅਕਾਲੀ ਪਾਰਟੀ ਦੀ ਇਹ ਅਗਰ ਸਰਪੰਚ ਦੇ ਡਾਇਰੈਕਟ ਚੋਣ ਕਰਾਵੇ ਤਾਂ ਇਹ ਇਕ ਵੀ ਆਪਣਾ ਸਰਪੰਚ ਨਹੀਂ ਚੁਣ ਸਕਦੀ, ਇਹ ਹੁਣ ਪੰਚਾਂ ਨੂੰ ਖਰੀਦ ਕੇ ਅਤੇ ਲੋਕਾਂ ਦੇ ਹੱਕਾਂ ਤੇ ਛਾਪੇ ਮਾਰ ਕੇ ਆਪਣੇ ਸਰਪੰਚ ਮੁਕੱਰਰ ਕਰਨਾ ਚਾਹੁੰਦੀ ਹੈ। ਮੈਂ ਸਮਝਦਾ ਹਾਂ ਕਿ ਇਹ ਉਸ ਜੈਂਟਲਮੈਨਜ਼ ਐਗਰੀਮੈਂਟ ਦੀ ਵਿਰੋਧਤਾ ਕਰ ਰਹੇ ਹਨ, ਇਸ ਲਈ ਮੈਂ ਇਸ ਦੀ ਮੁਖਾਲਫਤ ਕਰਦਾ ਹਾਂ ਔਰ ਮੈਂ ਅਰਜ਼ ਕਰਦਾ ਹਾਂ ਕਿ ਇਹ ਇਸ ਬਿਲ ਨੂੰ ਪਾਸ ਕਰਾ ਕੇ ਪੰਚਾਇਤਾਂ ਦੇ ਬਹੁਤ ਸਾਰੇ ਅਧਿਕਾਰ ਵਾਪਸ ਲੈ ਰਹੇ ਹਨ ਅਤੇ ਇਹ ਪੰਚਾਇਤਾਂ ਨੂੰ ਆਜ਼ਾਦਾਨਾ ਤੌਰ ਤੇ ਕੰਮ ਨਹੀਂ ਕਰਨ ਦੇਣਾ ਚਾਹੁੰਦੇ। ਇਸ ਦੀ ਵਿਰੋਧਤਾ ਕਰਦਾ ਹੋਇਆ, ਦੋਬਾਰਾ ਅਰਜ਼ ਕਰਾਂਗਾ ਕਿ ਮਨਿਸਟਰ ਸਾਹਿਬ ਜਿਹੜੀ ਇਹ ਅਮੈਂਡਮੈਂਟ ਲਿਆਏ ਹਨ, ਇਸ ਨੂੰ ਵਾਪਸ ਲੈ ਲੈਣ ਔਰ ਜੋ ਡਾਇਰੈਕਟ ਚੋਣ ਦਾ ਅਧਿਕਾਰ ਹੈ ਅਤੇ ਬਲਵੰਤ ਰਾਏ ਕਮੇਟੀ ਨੇ ਜੋ ਕੁਰਪਸ਼ਨ ਖਤਮ ਕਰਨ ਵਾਸਤੇ ਸਿਧੀ ਚੋਣ ਦੀ ਸੋਧਨਾ ਕੀਤੀ ਸੀ, ਉਹ ਫਿਰ ਸ਼ੁਰੂ ਹੋ ਜਾਵੇਗੀ। ਮੇਰਾ ਹੁਣ ਵੀ ਖਿਆਲ ਹੈ ਕਿ ਇਸ ਵਕਤ ਜਿਹੜਾ ਸਰਪੰਚ ਹੈ ਉਹ ਪਿੰਡ ਦੇ ਲੋਕਾਂ ਨੂੰ ਜਵਾਬਦੇਹ ਹੈ, ਅਗਰ ਸਰਪੰਚ ਕੋਈ ਐਸੀ ਗਲਤ ਗਲ ਕਰਦਾ ਹੈ ਤਾਂ 2/3 ਮੈਜਾਰਟੀ ਨਾਲ ਉਸ ਦੇ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ। ਮੈਂ ਸਮਝਦਾ ਹਾਂ ਕਿ ਇਹ ਜਿਹੜਾ ਬਿਲ ਲਿਆਂਦਾ ਗਿਆ ਹੈ, ਇਹ ਪੰਜਾਬ ਦੇ ਸਾਰੇ ਲੋਕਾਂ ਨਾਲ, ਪੰਜਾਬੀਅਤ ਨਾਲ ਸਰਾਸਰ ਧੱਕਾ ਹੈ। ਇਸ ਲਈ ਮੈਂ ਇਸ ਦੀ ਮੁਖਾਲਫਤ ਕਰਦਾ ਹਾਂ ਕਿ ਇਹ ਵਾਪਸ ਲਿਆ ਜਾਵੇ।

Minister for Finance : Sir, I beg to move that the question be now put.

Voices: Many hon. Members want to speak on the Bill.

ਵਿੱਤ ਮੰਤਰੀ : ਸਪੀਕਰ ਸਾਹਿਬ, ਇਸ ਬਿਲ ਤੇ ਬਹੁਤ ਡਿਸਕਸ਼ਨ ਹੋ ਗਈ ਹੈ ਅਤੇ ਬਹੁਤ ਸਾਰੇ ਲੋਕੀ ਬੋਲ ਚੁਕੇ ਹਨ ....(ਵਿਘਨ)

ਜਥੇਦਾਰ ਹਰਦਿਤ ਸਿੰਘ ਭੱਠਲ (ਧਨੌਲਾ) : ਸਪੀਕਰ ਸਾਹਿਬ, ਇਹ ਜਿਹੜਾ ਪੰਚਾਇਤਾਂ ਦੇ ਮੁਤੱਲਕ ਮਤਾ ਪੇਸ਼ ਹੋਇਆ ਹੈ ਔਰ ਇਸ ਦੇ ਵਿਚ ਜਿਹੜਾ ਦੋ ਸੌ ਦੀ ਆਬਾਦੀ ਦੇ ਲਿਹਾਜ਼ ਨਾਲ ਪੰਚਾਇਤਾਂ ਬਣਾਉਣਾ ਰਖਿਆ ਗਿਆ ਹੈ ਮੈਂ ਇਸ ਦੇ ਹਕ ਵਿਚ ਹਾਂ ਅਤੇ ਇਹ ਜੋ ਰਖਿਆ ਹੈ ਕਿ ਸਰਪੰਚਾਂ ਨੂੰ ਪੰਚ ਚੁਣਿਆ ਕਰਨ ਇਸ ਦੇ ਮੈਂ ਖਿਲਾਫ ਹਾਂ। (ਤਾੜੀਆਂ) ਇਹ ਇਸ ਲਈ ਕਿਉਂਕਿ ਜੋ ਆਮ ਛੋਟੇ ਆਦਮੀ ਨੂੰ ਹਕ ਮਿਲਿਆ ਹੋਇਆ ਸੀ, ਲੋਕ ਆਪ ਸਰਪੰਚ ਚੁਣ ਕੇ ਭੇਜਦੇ ਸੀ, ਉਹ ਹਕ ਖੋਹਿਆ ਜਾ ਰਿਹਾ ਹੈ। ਇਸ ਤਰੀਕੇ ਨਾਲ ਜੋ ਸਰਪੰਚ ਚੁਣੇ ਜਾਇਆ ਕਰਨ ਗੇ ਉਹ ਆਮ ਜਨਤਾ ਦੇ ਹੁਕਮ ਮੁਤਾਬਿਕ ਜਾਂ ਉਨ੍ਹਾਂ ਦੇ ਭਲੇ ਕੰਮ ਨਹੀਂ ਕਰਿਆ ਕਰਨਗੇ ਸਗੋਂ ਉਹ ਦਬਾ ਹੇਠ ਰਹਿਣਗੇ, ਰਿਸ਼ਤੇਦਾਰਾਂ ਦੇ ਦਬਾ ਹੇਠ ਆ ਕੇ ਵੋਟਾਂ ਪਾਇਆ ਕਰਨਗੇ। ਇਸ ਤਰ੍ਹਾਂ ਕੁਰਪਸ਼ਨ ਚਲੇਗੀ ਅਤੇ ਨਿਕੰਮੇ ਆਦਮੀ ਮੋਹਰੇ ਆਉਣਗੇ ਅਤੇ ਪੈਸੇ ਦੇ ਜ਼ੋਰ ਨਾਲ ਵੋਟਾਂ ਪਿਆ ਕਰਨ ਗੀਆਂ। ਮਿਸਾਲ ਦੇ ਤੌਰ ਤੇ ਹੁਣ ਲੋਕ ਪੰਚਾਇਤ ਸੰਮਤੀਆਂ ਵਿਚ ਵੋਟ ਖਰੀਦ ਲੈਂਦੇ ਹਨ ਅਤੇ ਪਿੰਡ ਵਾਲਿਆਂ ਦੀ ਪਰਵਾਹ ਨਹੀਂ ਕਰਦੇ। ਇਥੇ ਹੀ ਦੇਖ ਲਉ। ਅਸੀਂ ਜੋ ਇਥੇ ਆਏ ਹੋਏ ਹਾਂ ਇਥੇ ਹੀ ਐਮ. ਐਲ. ਏ. ਦਲ ਬਦਲੀਆਂ ਹੋ ਜਾਂਦੀਆਂ ਹਨ ਅਤੇ ਥਲੇ ਦੇ ਲੋਕਾਂ ਦੀ ਕੋਈ ਪਰਵਾਹ ਨਹੀਂ ਕਰਦੇ ਫਿਰ ਛੋਟੇ ਆਦਮੀਆਂ ਨੂੰ ਖਰੀਦਣਾ ਤਾਂ ਹੋਰ ਵੀ ਸੋਖਾ ਹੋਵੇਗਾ। ਅਸੀਂ ਰਾਜਿਆਂ ਦੇ ਖਿਲਾਫ ਲੜਦੇ ਆਏ ਹਾਂ, ਅਸੀਂ ਉਨ੍ਹਾਂ ਤੋਂ ਮਸੀਂ ਖਹਿੜਾ ਛੁੜਾਇਆ ਸੀ ਪਰ ਇਹ ਇਥੇ ਵੋਟਾਂ ਮੁੜ ਲੈ ਕੇ ਆ ਬੈਠੇ ਹਨ। ਸਾਨੂੰ ਬੜਾ ਦੁਖ ਹੈ (ਸ਼ੇਮ. ਸ਼ੇਮ ਦੀਆਂ ਆਵਾਜ਼ਾਂ) ਕਿ ਪੰਥ ਦੇ ਨਾਂ ਤੇ ਸਾਡੇ ਵੋਟ ਲੈ ਕੇ ਰਾਜਿਆਂ ਦਾ ਕੰਮ ਕੀਤਾ ਗਿਆ ਹੈ। (ਵਿਘਨ) ਸਰਪੰਚਾਂ ਦੀ ਚੋਣ ਹੋਵੇਗੀ ਉਸ ਵਿਚ ਗੁੰਡਾਗਰਦੀ ਹੁੰਦੀ ਹੈ, ਕੁਰਪਸ਼ਨ ਚਲੇਗੀ ਅਤੇ ਦਬਾ ਚਲਣਗੇ ਵੋਟਾਂ ਲੈਣ ਵਿਚ ਪਹਿਲਾਂ ਆਮ ਜਨਤਾ ਨੂੰ ਸਰਪੰਚ ਨੂੰ ਚੁਣਨ ਦਾ ਹਕ ਸੀ ਅਤੇ ਉਹੀ ਰਹਿਣਾ ਚਾਹੀਦਾ ਹੈ। ਇਹ ਸਾਡਾ ਹੱਕ ਹੈ। ਇਸ ਲਈ ਇਹ ਬਿਲ ਸਿਲੈਕਟ ਕਮੇਟੀ ਨੂੰ ਜਾਣਾ ਚਾਹੀਦਾ ਹੈ ਅਤੇ ਜਨਤਾ ਦਾ ਜਮਹੂਰੀ ਹੱਕ ਖੋਹਿਆ ਜਾ ਰਿਹਾ ਹੈ।

चौधरी केवल कृष्ण (मुकेरियां) : स्पीकर साहिब, यह जो सरकार ने ग्राम पंचायत बिल हाऊस में पेश किया है, यह इन्होंने जल्द बाज़ी में पेश किया है। आप जानते हैं कि आज से एक साल पहले पंचायती राज को स्टडी करने के लिये एक टीम बनाई गई थी। उसमें 24 मैम्बर थे जो कि बाहर घूमी थीं जबकि 4–5 मैम्बर भी जा सकते थे। उस पर पंजाब का हज़ारों रुपया खर्च हुआ। लोक राज पंचायत की इकाई पर खड़ा है। आशा थी कि यह इतना खर्च और मेहनत करने के बाद एक इन्कलाबी ऐक्ट लायेंगे परन्तु खोदा पहाड़ और निकला चूहा। यह जो बिल लाए हैं उसे बनाते समय मैं समझता हूँ कि इन्होंने पंचायतों की बुनियादी ज़रूरतों को देखा तक नहीं और 90 प्रतिशत पंचायतों में बड़ी सख्त पार्टीबाज़ी है और 95 प्रतिशत पंचायतों में गबन के केस हुए हैं। उन पंचायतों ने दरखास्तें दे रखी हैं

कि वह रुपया खा गया है और उगलता नहीं, मगर इन्क्वायरी नहीं हो रही । लोग रोते हैं कि सैक्टरी हेराफेरी करता हैं, मगर चैक करने का कोई इन्तजाम नहीं। छोटी छोटी बातें हैं जिन की तरफ ध्यान देने की जरूरत है, अगर कोई दरखास्त आए तो सैक्टरी को पता नहीं होता कि क्या कार्यवाही करनी है। ऐसी बातों की तरफ कोई ध्यान नहीं दिया गया । इसमें एक बात पर बड़ा जोर दिया गया है कि सरपंच का चुनाव डायरैक्ट की बजाए इनडायरैक्ट होगा । मैं दो बातें कहना चाहता हूँ। एक तो यह कि आपने 500 से घटा कर आबादी 200 कर दी है वैसे यह स्पष्ट नहीं किया गया कि यह 200 वोट होंगे अथवा गांव में रहने वाले। (विघ्न) इसका बिल में स्पष्टीकरण नहीं है। तो मैं कहना चाहता हूँ कि इस बात पर बड़ा ज़ोर दिया गया है कि पंचों द्वारा सरपंच चुना जाएगा और इसे बड़ा इनकलाबी कदम सरकार ने समझा है । मगर यह तो एक कुरप्शन लाने वाला कदम है। आपने आबादी कम कर दी तो इतनी थोड़ी आबादी में किसी आदमी की अच्छाई आसानी से मालूम हो सकती है । मगर आपने लोगों की बजाए सरपंच को चुनने का हक 5-7 पंचों को दिया हो तो नतीजा वही होगा जो आज हिन्दोस्तान की असैंबलियों में हो रहा है, जो पंजाब में हो रहा है । दलबदलुओं की एक लानत हमारे पल्ले पड़ गई है और यह दलबदलु हिन्दोस्तान के मनों पर कलंक का टीका है । इसी तरह पंच खरीदे जाया करेंगे। आज एक आदमी इस के साथ है तो कल दूसरे के साथ होगा, परसों तीसरे के साथ। यह बिल कुरप्शन का मम्बा साबत होगा और यह आपका इनकलाबी कदम पंजाब के लिये अच्छा सिद्ध नहीं होगा। इसलिये मैं महसूस करता हूँ कि इस बिल को जल्दबाजी में पास नहीं करना चाहिए। अच्छी तरह सोच कर दोबारा बिल को सदन में लाना चाहिए। डांग साहिब ने अच्छा प्रस्ताव किया है कि इसको सिलैक्ट कमेटी के सुपुर्द करना चाहिए ताकि इसमें अच्छे संशोधन लाकर इसे सदन में पास किया जाए। इसलिये मैं बड़े जोर से कहूँगा कि इसे सिलैक्ट कमेटी को सौंपा जाए और जल्दबाजी में पास न किया जाए।

ਸਰਦਾਰ ਦਰਸ਼ਨ ਸਿੰਘ ਕੇ.ਪੀ. (ਜਮਸ਼ੇਰ ਐਸ. ਸੀ.) : ਸਪੀਕਰ ਸਾਹਿਬ ਇਹ ਜੋ ਇਨ੍ਹਾਂ ਨੇ ਪੰਚਾਇਤ ਬਿਲ ਪੇਸ਼ ਕੀਤਾ ਹੈ ਮੈਂ ਇਸ ਦੀ ਮੁਖਾਲਫਤ ਕਰਨ ਲਈ ਖੜਾ ਹੋਇਆ ਹਾਂ। ਸਪੀਕਰ ਸਾਹਿਬ, ਆਪਾਂ ਇਕੋ ਹੀ ਜ਼ਿਲੇ ਦੇ ਹਾਂ। ਮੈਂ ਸਪੀਕਰ ਸਾਹਿਬ, 8, 9 ਸਾਲ ਪੰਚਾਇਤ ਦਾ ਮੈਂਬਰ ਰਿਹਾ ਹਾਂ, ਸਰਪੰਚ ਵੀ ਰਿਹਾ ਹਾਂ। ਦੋ ਵਾਰ ਬਲਾਕ ਸੰਮਤੀ ਦਾ ਮੈਂਬਰ ਵੀ ਰਿਹਾ ਹਾਂ ਅਤੇ ਜ਼ਿਲਾ ਪਰੀਸ਼ਦ ਦਾ ਮੈਂਬਰ ਵੀ ਰਿਹਾ ਹਾਂ ਅਤੇ ਆਪ ਦੀ ਮਿਹਰਬਾਨੀ ਨਾਲ 1967 ਤੋਂ ਐਮ. ਐਲ. ਏ. ਹਾਂ। ਮੈਂ ਸਮਝਦਾ ਹਾਂ ਅਤੇ ਮੈਂ ਜੋ ਹਿਸਾਬ ਕਿਤਾਬ ਲਾਇਆ ਹੈ ਉਸ ਤੋਂ ਮੈਂ ਸਮਝਦਾ ਹਾਂ ਕਿ ਇਹ ਬਿਲ ਇਕ ਪੁਲੀਟੀਕਲ ਸਟੰਟ ਹੈ।

ਇਸ ਬਿਲ ਵਿਚ ਜੋ ਕੁਝ ਕਿਹਾ ਗਿਆ ਹੈ ਸਪੀਕਰ ਸਾਹਿਬ, ਇਸ ਦੇ ਪਿਛੇ ਜਾਣ ਦੀ ਲੋੜ ਹੈ ਕਿ ਇਹ ਕਿਉਂ ਕਿਹਾ ਗਿਆ ਹੈ। ਤੁਹਾਨੂੰ ਤਾਂ ਪਤਾ ਹੈ ਕਿ ਕਿਸ ਤਰ੍ਹਾਂ ਇਸ ਵਿਚ ਪਹਿਲੀ ਵੇਰ ਵੀ ਅਮੈਂਡਮੈਂਟ ਲਿਆਂਦੀ ਗਈ ਸੀ ਅਤੇ ਆਰਡੀਨੈਂਸ ਵੀ ਜਾਰੀ ਕੀਤਾ ਗਿਆ ਸੀ । ਅਕਾਲੀ ਸਰਕਾਰ ਨੂੰ ਤਾਂ ਇਸ ਗਲ ਦਾ ਗੁਸਾ ਹੈ ਕਿ ਇਨ੍ਹਾਂ ਦੀ ਕੋਈ ਥਾਂ ਪਿੰਡਾਂ ਵਿਚ ਨਹੀਂ ਲਈ ਅਤੇ ਇਹ ਚਾਹੁੰਦੇ ਹਨ ਕਿ ਇਨ੍ਹਾਂ ਦੀ ਸੰਸਥਾਂ ਪਿੰਡਾਂ ਵਿਚ ਕਾਇਮ ਕਿਸੇ ਤਰਾਂ ਨਾਲ ਹੋ ਜਾਵੇ । ਇਹ ਲੋਕ ਰਾਜ ਨੂੰ ਕਾਇਮ ਕੀਤਾ ਨਹੀਂ ਵੇਖ ਸਕਦੇ ਅਤੇ ਇਹ ਗਲ ਇਸ ਤਰ੍ਹਾਂ ਕਰਦੇ ਹਨ ਕਿ ਜੋ ਪਿੰਡਾਂ ਵਿਚ ਲੋਕ ਰਾਜ ਦਾ ਮੁਢ ਹੈ ਇਸ ਨੂੰ ਖਤਮ ਕੀਤਾ ਜਾਵੇ । ਇਹ ਚਾਹੁੰਦੇ ਹਨ ਕਿ ਪਿੰਡਾਂ ਵਿਚ ਇਹ ਛਾ ਜਾਣ ਅਤੇ ਇਨ੍ਹਾਂ ਨੂੰ ਖਾਰ ਹੈ ਜਿਹੜੀ ਕਿ ਕੱਢ ਰਹੇ ਹਨ । ਇਹ ਲੋਕ ਰਾਜ ਦੀਆਂ ਜੜ੍ਹਾਂ ਨੂੰ

(ਸਰਦਾਰ ਦਰਸ਼ਨ ਸਿੰਘ ਕੇ. ਪੀ.)

ਖਤਮ ਕਰਨਾ ਚਾਹੁੰਦੇ ਹਨ । ਸਰਦਾਰ ਗੁਰਨਾਮ ਸਿੰਘ ਹੋਰਾਂ ਨਾਲ ਵੀ ਬਲਾਕ ਸਮੰਤੀ ਦਾ ਚੇਅਰਮੈਨ ਚੋਣਾਂ ਲੜਿਆ ਸੀ । ਮੈਂ ਬਾਜਵਾ ਸਾਹਿਬ ਨੂੰ ਕਹਾਂਗਾ ਕਿ ਇਸ ਬਿਲ ਨੂੰ ਪਾਸ ਨਹੀਂ ਕਰਨਾ ਚਾਹੀਦਾ, ਉਨ੍ਹਾਂ ਨੂੰ ਆਪ ਵੀ ਤਾਂ ਤਜਰਬਾ ਹੈ ਸੰਮਤੀਆਂ ਦਾ । ਲੋਕ ਰਾਜ ਵਿਚ ਸਿਧੀ ਚੋਣ ਨਾਲ ਹੀ ਸਰਪੰਚ ਚੁਣਿਆ ਜਾਣਾ ਚਾਹੀਦਾ ਹੈ ਅਤੇ ਜਿਹੜੇ ਪੰਚ ਹੋਣ ਉਨ੍ਹਾਂ ਨੂੰ ਅਧਿਕਾਰ ਨਹੀਂ ਹੋਣਾ ਚਾਹੀਦਾ ਕਿ ਉਹ ਆਪਣੇ ਵਿਚੋਂ ਹੀ ਸਰਪੰਚ ਚੁਣ ਲੈਣ । ਤੁਸੀਂ ਤਾਂ ਸਪੀਕਰ ਸਾਹਿਬ, ਆਪ ਜਾਣਦੇ ਹੋ ਕਿ ਕਿਸ ਤਰ੍ਹਾਂ ਕੀਤਾ ਜਾਂਦਾ ਹੈ । ਮੈਂਬਰ ਕਿਸ ਤਰੀਕੇ ਨਾਲ ਖਰੀਦੇ ਜਾਂਦੇ ਹਨ । ਪਿੰਡਾਂ ਵਿਚ ਇਸ ਤਰੀਕੇ ਨਾਲ ਧੜੇ ਬਾਜ਼ੀ ਹੋਰ ਵਧ ਜਾਵੇਗੀ । (ਵਿਘਨ)

ਸ੍ਰੀ ਸਪੀਕਰ : ਅਸੀਂ ਤਾਂ ਤੁਹਾਨੂੰ ਬੜੇ ਪਿਆਰ ਨਾਲ ਕੋਆਪਟ ਕੀਤਾ ਸੀ । (ਹਾਸਾ) (We had co-opted you out of love.)

ਸਰਦਾਰ ਦਰਸ਼ਨ ਸਿੰਘ ਕੇ. ਪੀ : ਇਹ ਤਾਂ ਮੈਂ ਮੰਨਦਾ ਹਾਂ ਕਿ ਤੁਸੀਂ ਹੀ ਮੇਰਾ ਕਾਰਡ ਲਿਆ ਕੇ ਦਿਤਾ ਸੀ । ਸਪੀਕਰ ਸਾਹਿਬ ਮੈਂ ਤਾਂ ਤਜਰਬਾ ਦਸਦਾ ਹਾਂ ਕਿ ਪੰਚਾਇਤਾਂ ਵਿਚ ਕੀ ਕੁਝ ਹੁੰਦਾ ਹੈ । ਜਦ ਪੰਚਾਇਤ ਰਾਜ ਕਾਇਮ ਕੀਤਾ ਗਿਆ ਸੀ ਤਾਂ ਸਾਰੇ ਦੇਸ਼ ਵਿਚ ਖੁਸ਼ੀ ਮਨਾਈ ਗਈ ਸੀ । ਪੰਡਿਤ ਜਵਾਹਰ ਲਾਲ ਜੀ ਨਹਿਰੂ ਆਏ ਸਨ ਅਤੇ ਭੰਗੜੇ ਪਾਏ ਗਏ ਅਤੇ ਕਈ ਤਰ੍ਹਾਂ ਦੇ ਪ੍ਰੀਤੀ ਭੋਜ ਕੀਤੇ ਗਏ ਸਨ ਅਤੇ ਤਜਰਬਾ ਇਹ ਦਸਦਾ ਹੈ ਕਿ ਪੰਚਾਇਤ ਐਕਟ ਜਿਹੜਾ ਪਹਿਲਾਂ ਹੈ ਇਹ ਬਿਲਕੁਲ ਠੀਕ ਹੈ ਅਤੇ ਇਸ ਵਿਚ ਜਿਹੜਾ ਪ੍ਰਬੰਧ ਪੰਚਾਇਤ ਸੰਮਤੀਆਂ ਅਤੇ ਜ਼ਿਲਾ ਪਰੀਸ਼ਦਾਂ ਦਾ ਹੈ ਇਹ ਠੀਕ ਹੈ । ਇਸ ਲਈ ਸਾਨੂੰ ਇਨ੍ਹਾਂ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਕਿ ਪਿੰਡਾਂ ਵਿਚ ਲੋਕ ਭਲਾਈ ਦਾ ਕੰਮ ਹੋ ਸਕੇ । ਇਥੇ ਮੈਂ ਸਮਝਦਾ ਹਾਂ, ਸਪੀਕਰ ਸਾਹਿਬ, ਕਿ ਇਮਾਨਦਾਰੀ ਵਾਲੀ ਤਾਂ ਕੋਈ ਗਲ ਰਹਿ ਹੀ ਨਹੀਂ ਗਈ । ਇਸ ਬਿਲ ਦੇ ਪੇਸ਼ ਕਰਨ ਤੋਂ ਹੀ ਪਤਾ ਪਿਆ ਲਗਦਾ ਹੈ । 80 ਜਾਂ 90 ਹਜ਼ਾਰ ਵੋਟਰਾਂ ਦੀ ਨੁਮਾਇੰਦਗੀ ਕਰਨ ਲਈ ਇਕ ਐਮ. ਐਲ. ਏ. ਚੁਣਿਆ ਜਾਂਦਾ ਹੈ ਤੇ ਫਿਰ ਕੀ ਹੁੰਦਾ ਹੈ ਕਿ ਰਾਤੋ ਰਾਤ ਪਤਾ ਨਹੀਂ ਲਗਦਾ ਕਿ ਉਹ ਪੈਸੇ ਲੈ ਕੇ ਜਾਂ ਵਜ਼ੀਰੀ ਲੈ ਕੇ ਉਧਰ ਚਲਾ ਜਾਂਦਾ ਹੈ । ਇਸ ਤਰ੍ਹਾਂ ਹੀ ਹਾਲ ਪੰਚਾਇਤਾਂ ਵਿਚ ਇਹ ਕਰਨਾ ਚਾਹੁੰਦੇ ਹਨ । ਇਸ ਲਈ ਮੈਂ ਕਹਾਂਗਾ ਕਿ ਇਹ ਜਿਹੜਾ ਪਧਰ ਇਸ ਸਮੇਂ ਪੰਚਾਇਤਾਂ ਦਾ ਹੈ ਇਹ ਠੀਕ ਹੈ ਕਿ ਲੋਕ ਰਾਜ ਦੇ ਨਾਲ ਸਰਪੰਚ ਬਣਾਏ ਜਾਣ ਅਤੇ ਪੰਚ ਆਪਣੇ ਵਿਚੋਂ ਇਨ੍ਹਾਂ ਨੂੰ ਨਾ ਚੁਣਨ । ਇਸ ਲਈ ਮੈਂ ਬਾਜਵਾ ਸਾਹਿਬ ਨੂੰ ਇਹ ਕਹਾਂਗਾ ਕਿ ਉਹ ਇਸ ਬਿਲ ਨੂੰ ਵਾਪਿਸ ਲੈ ਲੈਣ । (ਪ੍ਰਸ਼ੰਸਾ) ਜੇਕਰ ਨਹੀਂ ਤਾਂ ਇਨ੍ਹਾਂ ਨੂੰ ਕਹਾਂਗਾ ਕਿ ਇਹ ਪੰਚਾਇਤਾਂ ਦੀ ਰਾਏ ਤਾਂ ਲੈਣ ਅਤੇ ਉਨ੍ਹਾਂ ਤੋਂ ਰੈਜ਼ੋਲੂਸ਼ਨ ਕਰਾਉਣ । ਪੰਚਾਇਤ ਸੰਮਤੀਆਂ ਵਿਚ ਤਾਂ ਰੈਜ਼ੋਲੂਸ਼ਨ ਕਰਵਾ ਕੇ ਪੁਛੋ । ਜ਼ਿਲਾ ਪ੍ਰੀਸ਼ਦ ਦੀ ਰਾਏ ਕੀ ਹੈ ਤਾਂ ਤੁਹਾਨੂੰ ਪਤਾ ਲਗ ਸਕਦਾ ਹੈ ਕਿ ਉਹ ਕੀ ਚਾਹੁੰਦੇ ਹਨ । ਇਹ ਲੋਕ ਰਾਜ ਦਾ ਢਾਂਚਾ ਹੈ । ਡੈਮੋਕਰੇਸੀ ਦਾ ਢਾਂਚਾ ਹੈ ਇਸ ਦੇ ਬਾਰੇ ਵਿਚ ਅਨਜਾਣਪੁਣੇ ਵਿਚ ਨਹੀਂ ਜਾਣਾ ਚਾਹੀਦਾ ਅਤੇ ਬਿਨਾਂ ਕਿਸੇ ਦੀ ਰਾਏ ਲਿਆਂ ਇਹ ਬਿਲ ਪਾਸ ਨਹੀਂ ਕਰਨਾ ਚਾਹੀਦਾ । ਇਹ ਇਕ ਗਲਤ ਕਦਮ ਹੋਵੇਗਾ ਅਤੇ ਮੈਂ ਤਾਂ ਇਹ ਸਮਝਦਾ ਹਾਂ ਕਿ ਇਹ ਪੁਲੀਟੀਕਲ ਸਟੰਟ ਹੈ । ਇਹ ਤਾਂ ਚਾਹੁੰਦੇ ਹਨ ਕਿ ਪੰਚਾਇਤਾਂ ਨੂੰ ਵੀ ਕਿਸੇ ਹੀਲੇ ਅਕਾਲੀ ਦਲ ਦਾ ਅਦਾਰਾ ਬਣਾ ਲਿਆ ਜਾਵੇ ਭਾਵੇਂ ਢੋਲਕੀ ਛੈਣੇ ਨਾਲ ਜਾਂ ਇਸ ਬਿਲ ਰਾਹੀਂ ਅਤੇ ਇਸ ਤਰਾਂ ਗੌਰਮਿੰਟ ਪਿੰਡਾਂ ਦੇ ਨਕ ਵਿਚ ਦੰਮ ਲੈ ਆਵੇਗੀ ।

ਇਥੇ ਗਲ ਰੀਜ਼ਰਵੇਸ਼ਨਾਂ ਦੀ ਕੀਤੀ ਗਈ । ਮਾਸਟਰ ਜੀ ਨੇ ਵੀ ਇਸ ਪਾਸੇ ਇਸ਼ਾਰਾ ਆਪਣੀ ਤਕਰੀਰ ਵਿਚ ਕੀਤਾ ਸੀ । ਕਿ ਐਨੇ ਪੰਚਾਂ ਵਿਚ 1 ਫਿਰ ਛੇ ਵਿਚ 2 ਫਿਰ 11 ਹੁਣ ਹੋ ਜਾਣਗੇ ਇਨ੍ਹਾਂ ਵਿਚ ਹਦ 4 ਦੀ ਹੋਣੀ ਚਾਹੀਦੀ ਹੈ ਨਹੀਂ ਤਾਂ ਤਿੰਨ ਤਾਂ ਜ਼ਰੂਰ ਹੋਣੇ ਚਾਹੀਦੇ ਹਨ । ਪਰ ਇਹ ਅਧਿਕਾਰ ਵੀ ਇਸ ਵਿਚ ਨਹੀਂ ਰਖਿਆ ਗਿਆ ਜੇਕਰ ਇਸ ਹਦ ਨੂੰ ਵੀ ਮੁਕੱਰਰ ਕਰ ਦਿੰਦੇ ਤਾਂ ਮੈਂ ਸਮਝਦਾ ਹਾਂ ਕਿ ਬਾਜਵਾ ਸਾਹਿਬ ਨੇ ਸਿਆਣਪ ਤੋਂ ਕੰਮ ਲਿਆ ਹੈ । ਪਰ ਇਨ੍ਹਾਂ ਨੇ ਤਾਂ ਬਿਲ ਸਿਆਣਪ ਨਾਲ ਨਹੀਂ ਲਿਆਂਦਾ ਇਕ ਧਕੇ ਸ਼ਾਹੀ ਕੀਤੀ ਜਾ ਰਹੀ ਹੈ ਅਤੇ ਪਿੰਡਾਂ ਵਿਚ ਅਕਾਲੀ ਦਲ ਦੀ ਪਾਣ ਚਾੜਨ ਦਾ ਯਤਨ ਕੀਤਾ ਜਾ ਰਿਹਾ ਹੈ। ਇਕ ਪੁਲੀਟੀਕਲ ਸਟੰਟ ਰਚਿਆ ਜਾ ਰਿਹਾ ਹੈ । ਇਨ੍ਹਾਂ ਨੇ, ਸਪੀਕਰ ਸਾਹਿਬ, ਮਿਊਨਿਸਪਲ ਕਮੇਟੀਆਂ ਵੀ ਇਸੇ ਲਈ ਹੀ ਤੋੜੀਆਂ ਹਨ ਤਾਂ ਕਿ ਇਨ੍ਹਾਂ ਦਾ ਆਪਣਾ ਹੋਲਡ ਰਹਿ ਸਕੇ । (ਵਿਘਨ)

ਸ੍ਰੀ ਸਪੀਕਰ : ਤੁਸੀਂ ਤਾਂ ਕਿਤੇ ਸਿਫਾਰਸ਼ ਨਹੀਂ ਕੀਤੀ, ਇਨ੍ਹਾਂ ਨੂੰ ਤੋੜਨ ਦੀ ? (ਹਾਸਾ (Was it the hon. Member who had suggested to the Govt to supersede the Municipal Committee ?) (*Laughter*)

ਸਰਦਾਰ ਦਰਸ਼ਨ ਸਿੰਘ ਕੇ.ਪੀ: ਜੇਕਰ ਪੰਚਾਇਤਾਂ ਤੋਂ ਬਲਾਕ ਸੰਮਤੀਆਂ ਤੋਂ ਜਾਂ ਜ਼ਿਲਾ ਪਰੀਸ਼ਦਾਂ ਤੋਂ ਰਾਏ ਮੰਗਣ ਤਾਂ ਇਨ੍ਹਾਂ ਨੂੰ ਪਤਾ ਲਗ ਜਾਵੇਗਾ ਅਸੀਂ ਵੀ ਫਿਰ ਅਪਣੀ ਰਾਏ ਦਿਆਂਗੇ। ਤੁਹਾਡੀ ਵੀ ਰਾਏ ਸਪੀਕਰ ਸਾਹਿਬ ਲਵਾਂਗੇ ਕਿਸੇ ਤਰ੍ਹਾਂ ਹਾਊਸ ਵਿਚ ਦੋ ਮਿੰਟ ਤੁਹਾਨੂੰ ਵੀ ਦਿਆਂਗੇ ਆਪਣੀ ਰਾਏ ਦੇਣ ਲਈ (ਹਾਸਾ) ਕਿਉਂਕਿ ਤੁਸੀਂ ਵੀ ਚੇਅਰਮੈਨ ਰਹੇ ਹੋ ਸੰਮਤੀ ਦੇ ਅਤੇ ਤੁਹਾਨੂੰ ਵੀ ਇਨ੍ਹਾਂ ਪੰਚਾਇਤਾਂ ਦਾ ਕਾਫੀ ਤਜਰਬਾ ਹੈ । ਫਿਰ ਇਨ੍ਹਾਂ ਨੂੰ ਬਿਲ ਲਿਆਉਣਾ ਚਾਹੀਦਾ ਹੈ । ਨਹੀਂ ਤਾਂ ਇਸ ਤਰ੍ਹਾਂ ਧਕੇ ਸ਼ਾਹੀ ਕਰਨ ਨਾਲ ਕੁਰਪਸ਼ਨ ਵਧ ਜਾਵੇਗੀ । ਅਗੇ ਹੀ ਕੋਈ ਘਟ ਨਹੀਂ ਕੀਤੀ ਜਾ ਰਹੀ । ਤੁਸੀਂ, ਸਪੀਕਰ ਸਾਹਿਬ, ਮਾਡਲ ਗਰਾਮ ਦੀ ਸਕੀਮ ਵੇਖੀ ਹੀ ਹੈ ਕਿ ਕਿਸੇ ਇਲਾਕੇ ਵਿਚ 30 ਪਿੰਡ ਕਿਸੇ ਹਲਕੇ ਵਿਚ 20 ਪਿੰਡ ਪਰ ਮੇਰੇ ਵਰਗੇ ਦੇ ਇਲਾਕੇ ਵਿਚ ਦੋ ਵੀ ਨਹੀਂ ਦਿਤੇ ਗਏ । ਬਾਜਵਾ ਸਾਹਿਬ ਨੂੰ ਮੈਂ ਕਈ ਵਾਰ ਮਿਲਿਆ ਹਾਂ ਤਾਂ ਇਹ ਕਹਿ ਦਿੰਦੇ ਹਨ ਕਿ ਅਗਲੀ ਵੇਰ ਦਿਆਂਗੇ । 'ਅੰਨ੍ਹਾਂ ਵੰਡੇ ਸ਼ੀਰਨੀ ਮੁੜ ਮੁੜ ਆਪਣੇ ਦੇਹ ।' ਮੈਂ ਇਨ੍ਹਾਂ ਨੂੰ ਕਹਾਂਗਾ ਕਿ ਬਾਜਵਾ ਅਸੀਂ ਵੀ ਤੇਰੇ ਬਰਾਬਰ ਦੇ ਹਾਂ ਕੀ ਹੋਇਆ ਕਿ ਅੱਜ ਤੂੰ ਧੋਖੇ ਨਾਲ ਵਜ਼ੀਰ ਬਣ ਗਿਆ ਤਾਂ ਕੀ ਹਨੇਰ ਆ ਗਿਆ । (ਵਿਘਨ)

ਸ੍ਰੀ ਸਪੀਕਰ : ਤੁਸੀਂ ਚੇਅਰ ਨੂੰ ਐਡਰਸ ਕਰੋ ।(Please address the Chair.)

ਸਰਦਾਰ ਦਰਸ਼ਨ ਸਿੰਘ ਕੇ. ਪੀ: ਮੈਂ ਤਾਂ ਇਨ੍ਹਾਂ ਨੂੰ ਕਹਾਂਗਾ ਕਿ ਜਨਤਾ ਨੇ ਅਸਾਨੂੰ ਚੁਣ ਕੇ ਭੇਜਿਆ ਹੈ ਇਸ ਲਈ ਅਸਾਨੂੰ ਦੇਸ਼ ਦੀ ਨੁਮਾਇੰਦਗੀ ਅਤੇ ਲੋਕਾਂ ਦੀ ਨੁਮਾਇੰਦਗੀ ਪੂਰੀ ਇਮਾਨਦਾਰੀ ਨਾਲ ਕਰਨੀ ਚਾਹੀਦੀ ਹੈ । ਜੇਕਰ ਅਸੀਂ ਇਸ ਤਰ੍ਹਾਂ ਨਹੀਂ ਕਰਾਂਗੇ ਤਾਂ ਲੋਕੀਂ ਅਸਾਨੂੰ ਨਹੀਂ ਬਖਸ਼ਣਗੇ । ਗਲਤੀਆਂ ਤਾਂ ਜ਼ਰੂਰ ਹਰ ਇਕ ਪਾਸੋਂ ਹੋ ਹੀ ਜਾਂਦੀਆਂ ਹਨ ਪਰ ਜਦ ਐਮ. ਐਲ. ਏ. ਬਣ ਕੇ ਇਥੇ ਆ ਗਏ ਤਾਂ ਸਾਰੀਆਂ ਬੁਰਾਈਆਂ ਨੂੰ ਛਡ ਕੇ ਆਉਣਾ ਚਾਹੀਦਾ ਹੈ ਤਾਂ ਕਿ ਇਮਾਨਦਾਰੀ ਨਾਲ ਲੋਕ ਭਲਾਈ ਦੇ ਕੰਮ ਕਰ ਸਕੀਏ । (ਪ੍ਰਸ਼ੰਸਾ) ਪਾਰਟੀ ਬਾਜ਼ੀ ਅਤੇ ਕੁਰਪਸ਼ਨ ਨੂੰ ਛਡ ਦੇਣਾ ਚਾਹੀਦਾ ਹੈ । ਇਹ ਪਰਮਾਤਮਾ ਦਾ ਘਰ ਹੈ ਤੇ ਇਸ ਨੂੰ ਪਰਮਾਤਮਾ ਦਾ ਘਰ ਜਾਣ ਕੇ ਲੋਕ ਭਲਾਈ ਅਤੇ ਲੋਕ ਹਿਤ ਦੀਆਂ ਗਲਾਂ ਕਰਨੀਆਂ ਚਾਹੀਦੀਆਂ ਹਨ । ਜਿਸ ਨਾਲ

(ਸਰਦਾਰ ਦਰਸ਼ਨ ਸਿੰਘ ਕੇ.ਪੀ.)

ਲੋਕਾਂ ਦੀ ਇਜ਼ਤ ਵਧੇ ਇਨਾਂ ਦੀ ਆਪਣੀ ਇਜ਼ਤ ਵਧੇ ਅਤੇ ਲੋਕ ਤਰੱਕੀ ਦੀ ਰਾਹ ਤੇ ਤੁਰ ਸਕਣ ਇਹ ਕੋਈ ਰਾਹ ਨਹੀਂ ਕਿ ਰਾਤ ਨੂੰ ਦੋ ਵਜੇ ਤਕ ਬੈਠੇ ਤੇ ਇਹ ਬਿਲ ਪਾਸ ਕਰ ਦਿਓ। ਠੀਕ ਹੈ ਸਰਕਾਰ ਅਕਾਲੀ ਦਲ ਦੀ ਹੈ ਅਤੇ ਅਸੀਂ ਉਸ ਨੂੰ ਸਪੋਰਟ ਕਰਦੇ ਹਾਂ ਚਾਹੇ ਸਚੀ ਚਾਹੇ ਝੂਠੀ (ਵਿਘਨ) (ਹਾਸਾ) ਇਸ ਨੂੰ ਕਈ ਮੇਰੇ ਕਾਂਗਰਸੀ ਭਰਾ ਵੀ ਨਹੀਂ ਸਮਝ ਸਕੇ ਕਿ ਇਹ ਕੀ ਕਨਾ ਮਨਾ ਕਰ ਕੁਰ ਜਾਂਦੇ ਹਨ । (ਹਾਸਾ) (ਵਿਘਨ)

ਸ੍ਰੀ ਸਪੀਕਰ: ਤੁਸੀਂ ਅਮੈਂਡਮੈਂਟ ਤੇ ਬੋਲੋ । (Please speak on the amendment.)

ਸਰਦਾਰ ਦਰਸ਼ਨ ਸਿੰਘ ਕੇ.ਪੀ: ਸਪੀਕਰ ਸਾਹਿਬ, ਮੈਂ ਇਹ ਜ਼ਿਕਰ ਕਰ ਰਿਹਾ ਹਾਂ ਕਿ ਹੁਣ ਸੈਸ਼ਨ ਆਇਆ ਹੈ ਅਤੇ ਇਹ ਮੌਕਾ ਦਿਤਾ ਗਿਆ ਹੈ ਕਿ ਜੋ ਸਰਕਾਰ ਗ਼ਲਤੀਆਂ ਕਰ ਰਹੀ ਹੈ ਉਸ ਤੇ ਬੋਲਾਂ । ਸਪੀਕਰ ਸਾਹਿਬ, ਇਹ ਬਜਟ ਸੈਸ਼ਨ ਸੀ ਇਸ ਵਿਚ ਪਹਿਲਾਂ ਤਾਂ ਸਾਡੇ ਪਾਸੋਂ ਕੀਤੇ ਹੋਏ ਪਿਛਲੇ ਸਾਲ ਦੇ ਖਾਤੇ ਖਰਚ ਨੂੰ ਪਾਸ ਕਰਵਾ ਲਿਆ ਅਤੇ ਅਸਾਨੂੰ ਹਨੇਰੇ ਵਿਚ ਹੀ ਰਖਿਆ (ਹਾਸਾ) ਤੇ ਫਿਰ ਹੁਣ ਨਵੇਂ ਖਰਚਾਂ ਨੂੰ ਵੀ ਪਾਸ ਕਰਵਾ ਲਿਆ, ਫਿਰ ਹੁਣ ਕਹਿੰਦੇ ਹਨ ਕਿ ਬਾਕੀ ਦਾ ਕੰਮ ਵੀ ਮੁਕਾ ਲਓ ਕੀ ਕੋਈ ਵਜ਼ੀਰਾਂ ਵਾਸਤੇ ਨਵੀਆਂ ਕਾਰਾਂ ਦਾ ਖਰਚ ਪਾਸ ਕਰਨਾ ਹੈ ਕਿ ਜਿਸ ਲਈ 1 ਕਰੋੜ ਹੋਰ ਇਨ੍ਹਾਂ ਨੂੰ ਚਾਹੀਦਾ ਹੈ ਜਿਹੜਾ ਕਿ ਇਹ ਅਸਾਡੇ ਪਾਸੋਂ ਰਾਤ ਨੂੰ ਹੀ ਪਾਸ ਕਰਵਾਉਣਾ ਚਾਹੁੰਦੇ ਹਨ । (ਵਿਘਨ) ਮੈਂ ਚੌਧਰੀ ਰਾਧਾ ਕ੍ਰਿਸ਼ਨ ਨੂੰ ਕਹਾਂਗਾ ਕਿ ਇਹ ਵੀ ਸੰਮਤੀਆਂ ਵਿਚੋਂ ਹੀ ਆਏ ਹਨ ਇਨ੍ਹਾਂ ਨੂੰ ਵੀ ਇਸ ਗਲ ਦਾ ਤਜਰਬਾ ਹੈ ਕਿ ਪੰਚਾਇਤਾਂ ਇਕ ਲੋਕ ਰਾਜ ਅਤੇ ਜਨਤਾ ਦਾ ਰਾਜ ਹੈ । ਇਹ ਗਲਤ ਗਲਾਂ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ । ਗਿੱਲ ਸਰਕਾਰ ਨੇ ਵੀ ਇਸ ਤਰ੍ਹਾਂ ਕੀਤਾ ਸੀ ਤਾਂ ਉਸ ਦੀ ਵੀ ਨਿੰਦਾ ਕੀਤੀ ਗਈ ਸੀ ।

ਮੈਨੂੰ ਇਹ ਵੀ ਪਤਾ ਹੈ ਕਿ ਜਦੋਂ ਗਿੱਲ ਸਾਹਿਬ ਦੀ ਮਨਿਸਟਰੀ ਸੀ ਉਸ ਵੇਲੇ ਕਿਸ ਤਰ੍ਹਾਂ ਹੋਇਆ ਸੀ, ਇਹ 5-10 ਦਿਨ ਵਿਚ ਸਾਰਾ ਬਜਟ ਸੈਸ਼ਨ ਦਾ ਕੰਮ ਮੁਕਾ ਲੈਣਾ, ਇਹ ਤਾਂ ਬਹੁਤ ਹੀ ਮਾੜੀ ਗਲ ਹੈ । ਮੈਂ ਤਾਂ ਇਹ ਕਿਹਾ ਸੀ ਕਿ ਬਜਟ ਸੈਸ਼ਨ ਘਟ-ਤੋਂ ਘੱਟ ਦੋ ਮਹੀਨੇ ਹੋਣਾ ਚਾਹੀਦਾ ਹੈ । ਇਸ ਲਈ ਕਿ ਆਪੋ ਆਪਣੇ ਇਲਾਕੇ ਦੀ ਰਾਏ ਸਹੀ ਤਰ੍ਹਾਂ ਨਾਲ ਦਿੱਤੀ ਜਾ ਸਕੇ । ਅਸੀਂ ਹਮੇਸ਼ਾਂ ਅਗੇ ਵਧੂ ਕੰਮਾਂ ਦੇ ਵਿਚ ਅਕਾਲੀ ਸਰਕਾਰ ਦਾ ਸਾਥ ਦਿੰਦੇ ਹਾਂ, ਪਰ ਸਰਦਾਰ ਬਲਵੰਤ ਸਿੰਘ ਨੇ ਬਾਦਲ ਸਾਹਿਬ ਨੂੰ ਹਨ੍ਹੇਰੇ ਵਿਚ ਰਖਿਆ ਹੈ ਅਤੇ ਇਸ ਤਰ੍ਹਾਂ ਦਾ ਜਿਹੜਾ ਬਿਲ ਪਾਸ ਕਰਵਾਇਆ ਜਾ ਰਿਹਾ ਹੈ, ਉਨ੍ਹਾਂ ਨੂੰ ਬਦਨਾਮ ਕਰਨ ਵਾਸਤੇ ਕਰਵਾਇਆ ਜਾ ਰਿਹਾ ਹੈ । (ਵਿਘਨ) (ਸ਼ੋਰ) ਇਹ ਬਜਟ ਸੈਸ਼ਨ ਹੈ ਅਤੇ ਹਰ ਮੈਂਬਰ ਨੂੰ ਹੱਕ ਹੈ ਕਿ ਸਾਰਿਆਂ ਦੀਆਂ ਗੱਲਾਂ ਸੁਣੇ ਅਤੇ ਆਪਣੀ ਰਾਏ ਦੇਵੇ । ਜਦੋਂ ਲੋਕ ਅਖਬਾਰਾਂ ਦੇ ਵਿਚ ਇਸ ਛੋਟੇ ਜਿਹੇ ਸੈਸ਼ਨ ਦੀਆਂ ਗੱਲਾਂ ਪੜ੍ਹਨਗੇ ਤਾਂ ਉਹ ਕੀ ਕਹਿਣਗੇ । ਅਜ ਉਨ੍ਹਾਂ ਇਕ ਬਿਲ ਲਿਆਕੇ ਬੇਸ਼ਿਕ ਚੀਜ਼ ਨੂੰ ਹੀ ਖਤਮ ਕਰ ਦਿੱਤਾ ਹੈ । ਚੇਅਰਮੈਨ ਦੀ ਅਲੈਕਸ਼ਨ ਸਿਧੀ ਹੋਣੀ ਚਾਹੀਦੀ ਸੀ, ਇਹ ਸੈਸ਼ਨ ਪੂਰੇ ਖਿਆਲਾਤ ਦੇਣ ਵਾਸਤੇ ਢੇਡ ਦੋ ਮਹੀਨੇ ਤਾਂ ਰਹਿਣਾ ਚਾਹੀਦਾ ਸੀ । ਅਸਲ ਵਿਚ ਇਹ ਬਿਲ ਇਕ ਫਜ਼ੂਲ ਜਿਹਾ ਹੈ ਜਿਹੜਾ ਕਿ ਗ਼ਲਤ ਤਰੀਕੇ ਦੇ ਨਾਲ ਡਰਾਫਟ ਕੀਤਾ ਗਿਆ ਹੈ, ਇਸ ਤਰਾਂ ਦੇ ਕਾਨੂੰਨ ਬਨਾਉਣ ਵਾਲੀ ਸਟੇਟ ਨੂੰ ਐਫੀਸ਼ੈਂਟ ਸਟੇਟ ਨਹੀਂ ਕਿਹਾ ਜਾ ਸਕਦਾ । ਮੈਨੂੰ ਤਾਂ ਇਹ ਭੁਲੇਖਾ ਲਗਾ ਹੈ ਕਿ ਇਹ ਕੋਈ ਸਪਲੀਮੈਂਟਰੀ ਬਜਟ ਸਾਡੇ ਤੋਂ ਪਾਸ ਕਰਵਾਇਆ ਜਾ ਰਿਹਾ ਹੈ । ਇਸ ਬਿਲ ਦੇ ਵਿਚ ਸਪੀਕਰ ਸਾਹਿਬ, ਡੈਮੋਕਰੈਟਿਕ ਢੰਗ ਦੀ ਕੋਈ ਵੀ ਗਲ ਨਹੀਂ ਹੈ,

ਇਥੇ ਬਾਜਵਾ ਸਾਹਿਬ ਬੈਠੇ ਹਨ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਇਥੇ 10 ਮੈਂਬਰਾਂ ਦੀ ਰਾਏ ਲੈ ਲੈਣ ਕਿ ਇਹ ਠੀਕ ਹੈ ਤਾਂ ਮੈਂ ਮੰਨ ਜਾਵਾਂਗਾ ਨਹੀਂ ਤਾਂ ਉਹ ਇਸ ਬਿਲ ਨੂੰ ਵਾਪਸ ਲੈ ਲੈਣ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਆਪਦਾ ਧੰਨਵਾਦ ਕਰਦਾ ਹਾਂ ।

EXTENSION OF TIME OF THE SITTING

ਸ੍ਰੀ ਸਪੀਕਰ : ਅਜੇ ਵੀ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਵਾਲੇ ਹਨ । ਇਸ ਲਈ ਹਾਊਸ ਦਾ ਟਾਈਮ 9-30 ਵਜੇ ਤੱਕ ਵਧਾਇਆ ਜਾਂਦਾ ਹੈ । (Many hon'ble Members of the House have to speak as yet, hence the time of the sitting is extended upto 9-30 p. m.)

THE PUNJAB GRAM PANCHAYAT (AMENDMENT) BILL, 1972

Resumption of Discussion

ਸਰਦਾਰ ਬਚਨ ਸਿੰਘ ਪੱਖੋ(ਭਦੌੜ ਐਸ.ਸੀ.): ਸਪੀਕਰ ਸਾਹਿਬ ਇਹ ਜਿਹੜਾ ਬਿਲ ਲਿਆਂਦਾ ਹੈ, ਮੈਂ ਇਸ ਦੀ ਮੁਖਾਲਫਤ ਲਈ ਖੜ੍ਹਾ ਹੋਇਆ ਹਾਂ । ਇਹ ਹਰੀਜਨਾਂ ਦੇ ਨਾਲ ਖਾਸ ਤੌਰ ਤੇ ਸਖਤ ਧੋਖਾ ਹੈ । ਇਹਦੇ ਨਾਲੋਂ ਤਾਂ ਚੰਗਾ ਹੈ ਇਥੇ ਬਿਲਕੁਲ ਹੀ ਜਟ ਰਾਜ ਕਾਇਮ ਕੀਤਾ ਜਾਵੇ, ਐਵੇਂ ਡੈਮੋਕਰੇਸੀ ਦਾ ਢੰਗ ਰਚਣ ਦਾ ਆਖਿਰ ਕੀ ਲਾਭ ਹੈ, ਇਸ ਸਰਕਾਰ ਨੂੰ । ਅਗੇ ਕਿਤੇ-ਨਾ-ਕਤੇ ਕੋ ਈ-ਨਾ-ਕੋਈ ਹਰੀਜਨ ਸਰਪੰਚ ਵੀ ਚੁਣਿਆ ਜਾਂਦਾ ਸੀ, ਹੁਣ ਹਰੀਜਨ ਕਿਤੇ ਵੀ ਸਰਪੰਚ ਨਹੀਂ ਬਣ ਸਕਦਾ । (ਵਿਘਨ)

ਸਾਥੀ ਰੂਪ ਲਾਲ : ਮੇਰੇ ਆਨਰੇਬਲ ਮੈਂਬਰ, ਇਕ ਵਿਤਕਰੇ ਵਾਲੀ ਗਲ ਕਰਦੇ ਹਨ, ਉਹ ਜਟ ਦੀ ਗਲ ਕਰਦੇ ਹਨ ਪਰ ਉਹ ਆਪਣੀ ਛਾਤੀ ਤੇ ਹੱਥ ਰਖਕੇ ਦੱਸਣ ਕੀ ਜਟ ਦੇ ਬਿਨ ਉਨ੍ਹਾਂ ਨੂੰ ਸਰ ਸਕਦਾ ਹੈ ! ਜੋ ਵੀ ਤੁਸੀਂ ਗਲ ਕਰਨੀ ਹੈ ਉਸ ਵਿਚ ਤੁਹਾਨੂੰ ਜਟ ਦਾ ਪੱਲਾ ਫੜਨ ਹੀ ਪੈਣਾ ਹੈ ।

ਸਰਦਾਰ ਬਚਨ ਸਿੰਘ ਪੱਖੋ : ਸਪੀਕਰ ਸਾਹਿਬ, ਸਾਥੀ ਸਾਹਿਬ ਆਪਣੀ ਗਲ ਕਰਦੇ ਹਨ ਜਦੋਂ ਗੁਰਨਾਮ ਸਿੰਘ ਦੀ ਮਨਿਸਟਰੀ ਸੀ ਤਾਂ ਉਹਦਾ ਪੱਲਾ ਫੜ ਲਿਆ ਅਤੇ ਜਦੋਂ ਬਾਦਲ ਸਾਹਿਬ ਦੀ ਮਨਿਸਟਰੀ ਆਈ ਉਹਦਾ ਪੱਲਾ ਫੜ ਲਿਆ । ਇਨ੍ਹਾਂ ਨੂੰ ਤਾਂ ਸਰਿਆ ਹੀ ਪਿਆ ਹੈ, ਜਟ ਦਾ ਸਾਥ ।

ਮੈਂ ਅਰਜ਼ ਕਰਾਂ ਕਿ ਮੈਂ ਇਸ ਬਿਲ ਦੀ ਮੁਖਾਲਫਤ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਇਹ ਬਿਲ ਦਾ ਅ ਉਣਾ ਹੀ ਹਰੀਜਨਾਂ ਤੇ ਨਾਲ ਇਕ ਵਡਾ ਧੋਖਾ ਹੈ । ਹਕੀਕਤ ਇਹ ਹੈ ਕਿ ਇਸ ਬਿਲ ਦੇ ਪਾਸ ਹੋ ਜਾਣ ਨਾਲ ਜਦੋਂ ਪੰਚਾਇਤਾਂ ਦੀ ਚੋਣ ਹੋਵੇਗੀ, ਪੰਚਾਇਤਾਂ ਦੇ ਮੈਂਬਰ ਖਰੀਦੇ ਜਾਣਗੇ । ਜਿਹੜੇ ਸਰਪੰਚ ਬਨਣਗੇ ਉਹ ਵਡੇ ਵਡੇ ਸਰਮਾਏਦਾਰ ਹੀ ਬਨਣਗੇ । ਸਰਮਾਏਦਾਰ ਆਮ ਇਸ ਤਰ੍ਹਾਂ ਕਰਕੇ ਹੀ ਅਗੇ ਆਏ ਹਨ । ਇਹ ਤਜਰਬਾ ਕਾਂਗਰਸ ਰਾਜ ਵੇਲੇ ਵੀ ਕੀਤਾ, ਪਰ ਉਹ ਤਜਰਬਾ ਫੇਲ੍ਹ ਹੋਇਆ । ਲੋਕਾਂ ਦੀਆਂ ਸਰਕਾਰ ਪਾਸ ਰਿਪੋਰਟਾਂ ਆਈਆਂ, ਉਨ੍ਹਾਂ ਲੋਕਾਂ ਦੀ ਇਹ ਰਾਏ ਸੀ ਕਿ ਸਰਪੰਚ ਆਮ ਲੋਕਾਂ ਦੇ ਵਿਚੋਂ ਬਰਾਹੇਰਾਸਤ ਚੁਣਿਆ ਜਾਣਾ ਚਾਹੀਦਾ ਹੈ, ਜੇ ਇਸ ਤਰ੍ਹਾਂ ਹੋ ਗਿਆ ਤਾਂ ਕਿਸੇ ਪਿੰਡ ਦੇ ਵਿਚ ਹਰੀਜਨ ਮੈਂਬਰ ਸਰਪੰਚ ਨਹੀਂ ਬਣ ਸਕਦਾ । ਹਰੀਜਨਾਂ ਦੀ ਜਾਇਦਾਦ ਤਾਂ ਅਗੇ ਹੀ ਖੋਹੀ ਜਾ ਰਹੀ ਹੈ । ਮੈਨੂੰ ਇਹ ਗਲ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਕਾਂਗਰਸ ਰਾਜ ਸੀ ਤਾਂ ਇਹ ਫੈਸਲਾ ਕੀਤਾ ਸੀ ਕਿ ਪੰਚਾਇਤਾਂ ਦੀ ਜ਼ਮੀਨ ਹਰੀਜਨਾਂ ਦੇ ਵਿਚ 40% ਵੰਡਣੀ ਚਾਹੀਦੀ ਹੈ, ਜੇ ਇਹ ਬਿਲ ਪਾਸ ਹੋ ਗਿਆ ਤਾਂ ਹਰੀਜਨਾਂ ਨੂੰ ਜ਼ਮੀਨ ਤਾਂ ਕੀ ਦੇਣੀ ਸੀ ਹਰੀਜਨ ਹੋਰ ਕੋਈ ਕੰਮ

[ਸਰਦਾਰ ਬਚਨ ਸਿੰਘ ਪੱਖੋ]

ਵੀ ਨਹੀਂ ਕਰ ਸਕਣਗੇ । ਮੈਂ ਇਨ੍ਹਾਂ ਦੋਸਤਾਂ ਨੂੰ ਪੁਛਣਾ ਚਾਹੁੰਦਾ ਹਾਂ ਉਹ ਆਪ ਹੀ ਦੱਸਣ ਕਿ ਉਨ੍ਹਾਂ ਦੇ ਰਾਜ ਵਿਚ ਕਿਸੇ ਹਰੀਜਨ ਨੂੰ ਪੰਚਾਇਤੀ ਜ਼ਮੀਨ ਮਿਲੀ ਹੈ, ਉਹ ਤਾਂ ਐਵੇਂ ਡੀਂਗਾਂ ਹੀ ਮਾਰਦੇ ਹਨ, ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ, ਕਿ ਜੇ ਇਸ ਤਰਾਂ ਲੋਕਾਂ ਦੀ ਹਕਤਲਫੀ ਕਰਨਗੇ ਤਾਂ ਇਹ ਗਦੀਆਂ ਤੇ ਕਦੇ ਵੀ ਬਿਰਾਜਮਾਨ ਨਹੀਂ ਹੋ ਸਕਣਗੇ । ਇਹ ਲੋਕ ਜਿਹੜੇ ਲੋਕਾਂ ਨਾਲ ਧੋਖਾ ਕਰਕੇ ਆਏ ਹਨ, ਅਗੇ ਲਈ ਇਨ੍ਹਾਂ ਵਾਸਤੇ ਜਨਤਾ ਫੈਸਲਾ ਕਰੀ ਬੈਠੀ ਹੈ, ਮੈਂ ਪਿਛਲੇ ਦਿਨ ਵਿਚ ਕਿਹਾ ਸੀ ਕਿ ਇਸ ਤਰ੍ਹਾਂ ਦਾ ਤਰੀਕਾ ਨਾ ਚਲਾਉ ਇਹ ਹੋਰ ਵੀ ਕੋਈ ਕਰ ਸਕਦੇ ਹਨ, ਅਜ ਐਮ.ਐਲ.ਏ. ਖਰੀਦੇ ਜਾਂਦੇ ਹਨ ਮੈਂਬਰਾਂ ਨੂੰ ਤਾਂ ਹਰ ਕੋਈ ਖਰੀਦ ਕੇ ਸਰਪੰਚ ਬਣਾ ਦਿਤੇ ਜਾਇਆ ਕਰਨਗੇ । ਗ਼ਰੀਬ ਨੂੰ ਕਿਸੇ ਨੇ ਨਹੀਂ ਪੁਛਣਾ । ਇਥੇ ਹਿੰਦੂ ਸਿਖਾਂ ਦੀ ਗਲ ਚਲੀ, ਮੈਂ ਰਾਧਾ ਕ੍ਰਿਸ਼ਨ ਹੋਰਾਂ ਨੂੰ ਕਹਾਂ ਕਿ ਨਾ ਉਹ ਹਿੰਦੂ ਹਨ ਅਤੇ ਨਾ ਹੀ ਸਿਖ ਹਨ ਉਹ ਤਾਂ ਕਿਸੇ ਹੋਰ ਸ਼ਰੇਣੀਆਂ ਵਿਚੋਂ ਹੀ ਹਨ। ਸਾਨੂੰ ਪਤਾ ਹੈ ਕਿ ਇਹ ਬਿਲ ਲਿਆਕੇ ਹਰੀਜਨਾਂ ਦੇ ਨਾਲ ਸਰੀਹਨ ਧੋਖਾ ਹੋ ਰਿਹਾ ਹੈ ।

ਸ੍ਰੀ ਸਪੀਕਰ : ਮੈਂ ਤਾਂ ਇਹ ਸਮਝਦਾ ਹਾਂ ਕਿ ਇਹ ਸਰਕਾਰ ਨਾ ਸਿਖਾਂ ਦੀ ਨੁਮਾਇੰਦਗੀ ਕਰ ਰਹੀ ਹੈ ਅਤੇ ਨਾ ਹੀ ਇਹ ਹਿੰਦੂਆਂ ਦੀ, ਇਹ ਤਾਂ ਸਾਰੇ ਪੰਜਾਬ ਦੇ ਲੋਕਾਂ ਦੀ ਨੁਮਾਇੰਦਗੀ ਕਰ ਰਹੀ ਹੈ । (In my opinion, this Government represents all sections of the people of Punjab and does not represent Hindus or Sikhs alone.)

(ਸਰਦਾਰ ਕੁੰਦਨ ਸਿੰਘ ਪਤੰਗ ਵੱਲੋਂ ਵਿਘਨ)

ਸਰਦਾਰ ਕੁੰਦਨ ਸਿੰਘ ਪਤੰਗ : ਇਹ ਅੱਜ ਇਸ ਤਰ੍ਹਾਂ ਦੀਆਂ ਗੱਲਾਂ ਮਾਰਦਾ ਹੈ ਸਾਰੇ ਪਿੰਡ ਨੇ ਇਸ ਦਾ ਸੋਸ਼ਲ ਬਾਈਕਾਟ ਕੀਤਾ ਹੋਇਆ ਹੈ ਪਿਛਲੇ ਤਿੰਨ ਮਹੀਨਿਆਂ ਤੋਂ ।

ਸਰਦਾਰ ਬਚਨ ਸਿੰਘ ਪੱਖੋ: ਇਥੇ ਪਤੰਗ ਦੇ ਹਲਕੇ ਦੇ ਮੈਂਬਰ ਬੈਠੇ ਹਨ ਉਨ੍ਹਾਂ ਨੂੰ ਪੁਛੋ ਕਿ ਇਸ ਦੇ ਹਲਕੇ ਵਿਚ ਹਰੀਜਨਾਂ ਨੇ ਬਾਈਕਾਟ ਕੀਤਾ ਹੋਇਆ ਹੈ ਜਾਂ ਨਹੀਂ ।

ਮੈਨੂੰ ਅਜਿਹਾ ਲਗਦਾ ਹੈ ......

ਸ੍ਰੀ ਸਪੀਕਰ : ਪੱਖੋ ਸਾਹਿਬ, ਸੋਧ ਤੇ ਬੋਲੋ । (The hon. Member may please speak on the amendment)

ਸਰਦਾਰ ਬਚਨ ਸਿੰਘ ਪੱਖੋ : ਸਪੀਕਰ ਸਾਹਿਬ, ਮੈਂ ਬਿਲ ਦੇ ਬਾਰੇ ਹੀ ਬੋਲਣ ਲਗਾ ਹਾਂ । ਮੈਂ ਤੁਹਾਡੇ ਰਾਹੀਂ ਅਰਜ਼ ਕਰਦਾ ਹਾਂ ਕਿ ਜੇ ਸਰਪੰਚ ਲੋਕਾਂ ਵਿਚੋਂ ਨਹੀਂ ਚੁਣੇ ਜਾਣਗੇ ......

ਸਰਦਾਰ ਕੁੰਦਨ ਸਿੰਘ ਪਤੰਗ: ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ ਇਹ ਮੇਰੇ ਖਿਲਾਫ਼ ਕਹਿੰਦਾ ਹੈ, ਪਹਿਲਾਂ ਆਪਣੀ ਪੀਹੜੀ ਹੇਠਾਂ ਤਾਂ ਸੋਟਾ ਫੇਰ ਕੇ ਦੇਖੋ, (ਵਿਘਨ) ਮੈਂ ਕਹਿੰਦਾ ਹਾਂ ਕਿ ਇਹ ਮੇਰੇ ਖਿਲਾਫ਼ ਇਨਕੁਆਇਰੀ ਕਰਵਾਏ ਨਹੀਂ ਤਾਂ ਮੈਂ ਇਸ ਦੀਆਂ ਦੋ ਪੀਹ-ੜੀਆਂ ਦੀ ਇਨਕੁਆਇਰੀ ਕਰਵਾਵਾਂਗਾ । (ਵਿਘਨ)

ਸ੍ਰੀ ਸਪੀਕਰ : ਪਖੋ ਸਾਹਿਬ, ਕਿਸੇ ਮੈਂਬਰ ਬਾਰੇ ਨਹੀਂ ਸਗੋਂ ਬਿਲ ਦੇ ਬਾਰੇ ਬੋਲੋ । (Please speak about the bill instead of speaking about any hon. Member).

ਸਰਦਾਰ ਬਚਨ ਸਿਘ ਪੱਖੋ : ਸਪੀਕਰ ਸਾਹਿਬ, ਤੁਸੀਂ ਵੀ ਸਾਨੂੰ ਹੀ ਕਹਿੰਦੇ ਹੋ। ਜਿਸ ਤਰ੍ਹਾਂ ਉਸ ਨੇ ਗਲਾਂ ਕੀਤੀਆਂ ਹਨ, ਕੀ ਇਕ ਮੈਂਬਰ ਨੂੰ ਕਰਨੀਆਂ ਚਾਹੀਦੀਆਂ ਹਨ? (ਵਿਘਨ) ਪਹਿਲਾਂ ਉਹ ਆਪਣੀ ਮੰਜੀ ਦੇ ਹੇਠਾਂ ਤਾਂ ਸੋਟਾ ਫੇਰ ਕੇ ਦੇਖ ਲਵੇ (ਥੰਪਿੰਗ) (ਵਿਘਨ)

(ਇਸ ਵੇਲੇ ਸਰਦਾਰ ਕੁੰਦਨ ਸਿੰਘ ਪਤੰਗ ਕੁਝ ਕਹਿ ਰਹੇ ਸੀ ਜੋ ਕਿ ਸੁਣਾਈ ਨਹੀਂ ਦਿਤਾ ।)

ਸਪੀਕਰ ਸਾਹਿਬ ਇਹ ਤਾਂ ਕੁਝ ਸੀਰੀ ਇਨ੍ਹਾਂ ਨੇ ਰਖੇ ਹੋਏ ਹਨ, ਜਿਨ੍ਹਾਂ ਨੇ ਸੀਰੀਆਂ ਵਾਲਾ ਪਾਰਟ ਹੀ ਅਦਾ ਕਰਨਾ ਹੈ । (ਹਾਸਾ) (ਵਿਘਨ)

ਸਰਦਾਰ ਕੁੰਦਨ ਸਿੰਘ ਪਤੰਗ : ਤੂੰ ਵੀ ਤਾਂ ਸੀਰੀ ਹੀ ਏਂ । (ਵਿਘਨ)

ਸਰਦਾਰ ਬਚਨ ਸਿੰਘ ਪੱਖੋ : ਹਾਂ ਮੈਂ ਤਾਂ ਸੀਰੀ ਹੀ ਹਾਂ । (ਵਿਘਨ) ਤੋ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਕੁਝ ਐਮ. ਐਲ. ਏਜ਼ ਨੂੰ ਖਰੀਦ ਲਿਆ ਹੈ ਇਸ ਤਰ੍ਹਾਂ ਹੀ ਹੁਣ ਇਹ ਸਰਪੰਚਾਂ ਅਤੇ ਪੰਚਾਂ ਨੂੰ ਖਰੀਦਣ ਦੀ ਕੋਸ਼ਿਸ਼ ਕਰਨਗੇ । ਮੈਂ ਸਪੀਕਰ ਸਾਹਿਬ ਤੁਹਾਡੇ ਕੋਲ ਬੇਨਤੀ **ਕਰਦਾ** ਹਾਂ ਕਿ ਇਨ੍ਹਾਂ ਨੂੰ ਐਮ. ਐਲ. ਏ. ਖਰੀਦਣ ਵਾਂਗ ਪੰਚ ਖਰੀਦਣ ਦਾ ਮੌਕਾ ਨਾ ਦਿਓ । ਐਨਾ ਕਹਿ ਕੇ ਮੈਂ ਬੈਠ ਜਾਂਦਾ ਹਾਂ ।

ਸਰਦਾਰ ਕੁੰਦਨ ਸਿੰਘ ਪਤੰਗ : ਇਹ ਵੀ ਵਿਕਣ ਨੂੰ ਫਿਰਦਾ ਰਿਹਾ ਹੈ ਪਰ ਅਸੀਂ ਹੀ ਨਹੀਂ ਖਰੀਦਿਆ । (ਵਿਘਨ)

ਸਰਦਾਰ ਸਤਨਾਮ ਸਿੰਘ ਬਾਜਵਾ: ਸਪੀਕਰ ਸਾਹਿਬ, ਅਜੇ ਜੇ ਪ੍ਰੋਗਰਾਮ ਲੰਬਾ ਹੀ ਚਲਣਾ ਹੈ ਤਾਂ ਅਸੀਂ ਪਿਸ਼ਾਬ ਹੀ ਕਰ ਆਈਏ । (ਹਾਸਾ)

ਸ੍ਰੀ ਸਪੀਕਰ : ਬਾਜਵਾ ਸਾਹਿਬ ਤੁਸੀਂ ਬਿਮਾਰ ਕਿਉਂ ਹੋਣਾ ਚਾਹੁੰਦੇ ਹੋ, ਜੋ ਕਰਨਾ ਹੈ ਕਰ ਆਓ । (ਹਾਸਾ) (*Addressing Sardar Satnam Singh Bajwa* : Please do answer calls of nature lest you fall ill.) (*Laughter*)

ਕਾਮਰੇਡ ਕੁਲਵੰਤ ਸਿੰਘ (ਆਦਮਪੁਰ): ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਕੁਝ ਸੁਝਾਵ ਦੇਣੇ ਹਨ ਇਸ ਲਈ ਜੇ ਇਨ੍ਹਾਂ ਨੇ ਪਿਸ਼ਾਬ ਕਰਨ ਜਾਣਾ ਵੀ ਹੈ ਤਾਂ 10-15 ਮਿੰਟਾਂ ਦੇ ਬਾਦ ਹੀ ਜਾਣ।(ਹਾਸਾ) ਸਪੀਕਰ ਸਾਹਿਬ ਮੈਂ ਇਸ ਗਲ ਤੇ ਮਨਿਸਟਰ ਸਾਹਿਬ ਨੂੰ ਤੁਹਾਡੀ ਰਾਹੀਂ ਵਧਾਈ ਦਿੰਦਾ ਹਾਂ ਕਿ 200 ਦੀ ਅਬਾਦੀ ਵਾਲਿਆਂ ਪਿੰਡਾਂ ਦੀ ਵਖਰੀ ਪੰਚਾਇਤ ਹੋਵੇਗੀ । (ਥੰਪਿੰਗ)ਇਸ ਦੇ ਨਾਲ ਛੋਟੇ ਪਿੰਡਾਂ ਦਾ ਪਛੜੇਵਾਂ ਹੀ ਖਤਮ ਨਹੀਂ ਹੋਵੇਗਾ ਸਗੋਂ ਉਹ ਸਹੀ ਅਰਥਾਂ ਵਿਚ ਪੰਚਾਇਤੀ ਰਾਜ ਮਾਣ ਸਕਣਗੇ । ਇਸ ਦੇ ਨਾਲ ਹੀ ਜੋ ਪੰਚਾਂ ਦੀ ਗਿਣਤੀ 9 ਤੋਂ ਵਧਾ ਕੇ 11 ਕਰ ਦਿਤੀ ਹੈ, ਇਹ ਵੀ ਬੜੀ ਚੰਗੀ ਗਲ ਕੀਤੀ ਗਈ ਹੈ। ਕਿਉਂਕਿ ਉਪਰਲੀ ਚੋਣ ਜਦੋਂ ਵੀ ਹੁੰਦੀ ਸੀ ਤਾਂ ਵਡੇ ਪਿੰਡਾਂ ਨੂੰ ਵੀ ਨੁਮਾਇੰਦਗੀ ਉਤਨੀ ਹੀ ਮਿਲਦੀ ਸੀ ਜਿਤਨੀ ਕਿ ਛੋਟੇ ਪਿੰਡਾਂ ਨੂੰ । ਇਸ ਦੇ ਨਾਲ ਹਰ ਇਕ ਪਿੰਡ ਨੂੰ ਠੀਕ ਨੁਮਾਇੰਦਗੀ ਮਿਲ ਸਕੇਗੀ । ਇਸ ਦੇ ਨਾਲ ਹੀ ਇਕ ਹੋਰ ਚੰਗੀ ਗਲ ਇਹ ਕੀਤੀ ਗਈ ਹੈ ਕਿ ਅਨੁਸੂਚਿਤ ਜ਼ਾਤੀਆਂ ਦੀ ਰਿਜ਼ਰਵੇਸ਼ਨ 10 ਸਾਲਾਂ ਤਕ ਕਰ ਦਿਤੀ ਗਈ ਹੈ । ਇਸ ਦੇ ਨਾਲ ਹੀ ਮੇਰਾ ਸੁਝਾਵ ਇਹ ਹੈ ਕਿ ਇਨ੍ਹਾਂ ਦੀ ਗਿਣਤੀ ਵੀ ਹੁਣੇ ਹੀ ਵਧਾ ਦੇਣੀ ਚਾਹੀਦੀ ਸੀ । ਇਹ ਬਹੁਤ ਹੀ ਚੰਗਾ ਹੁੰਦਾ ।

[ਕਾਮਰੇਡ ਕੁਲਵੰਤ ਸਿੰਘ]

ਹੁਣ, ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕੁਝ ਸੁਝਾਵ ਦੇਵਾਂਗਾ । ਮੈਂ ਤਾਂ ਕਹਾਂਗਾ ਕਿ ਜਿਹੜੀ ਸਭ ਤੋਂ ਪਹਿਲੀ ਗਲ ਇਨ੍ਹਾਂ ਦੇ ਦਿਮਾਗ ਦੇ ਵਿਚ ਨਹੀਂ ਆਈ ਉਹ ਇਹ ਹੈ ਕਿ ਇਹ ਜੋ ਸਰਪੰਚ ਪੰਚਾਂ ਦੇ ਰਾਹੀਂ ਚੁਣਨ ਦੀ ਗਲ ਕੀਤੀ ਹੈ, ਇਹ ਸਭ ਤੋਂ ਵਧ ਗਲਤ ਗਲ ਕੀਤੀ ਗਈ ਹੈ ਮੇਰੇ ਤੋਂ ਪਹਿਲਾਂ ਬੋਲਣ ਵਾਲੇ ਸਜਣਾਂ ਨੇ ਬੜੀਆਂ ਲੰਮੀਆਂ ਚੌੜੀਆਂ ਕਹਾਵਤਾਂ ਕਹੀਆਂ ਹਨ । ਪਰ ਸਪੀਕਰ ਸਾਹਿਬ, ਮੈਂ ਤੁਹਾਡੇ ਕੋਲੋਂ ਇਕ ਗਲ ਪੁਛਣਾ ਚਾਹੁੰਦਾ ਹਾਂ ਕਿਉਂਕਿ ਤੁਸੀਂ ਵੀ ਸਰਪੰ ਰਹੇ ਹੋ, ਕੀ ਇਸ ਤਰ੍ਹਾਂ ਪਿੰਡ ਦੇ ਵਿਚ ਦੋ ਇਲੈਕਸ਼ਨਾਂ ਨਹੀਂ ਹੋ ਜਾਣਗੀਆਂ? ਜਿਥੇ ਉਦੇਸ਼ ਦਿਤੇਚ ਹਨ ਉਥੇ ਇਨ੍ਹਾਂ ਨੇ ਇਹ ਕਿਹਾ ਹੈ ਕਿ ਅਸੀਂ ਪਿੰਡ ਦਿਆਂ ਲੋਕਾਂ ਨੂੰ ਮੁੜ ਚੋਣਾਂ ਦੇ ਝਗੜੇ ਦੇਹ ਵਿਚ ਨਹੀਂ ਪਾਉਣਾ ਚਾਹੁੰਦੇ। ਇਸ ਲਈ ਸਰਪੰਚ ਦੀ ਚੋਣ ਪੰਚਾਂ ਦੇ ਰਾਹੀਂ ਹੋਵੇਗੀ । ਸਪੀਕਰ ਸਾਂ ਤੁਸੀਂ ਵੀ ਪਿੰਡਾਂ ਦੇ ਰਹਿਣ ਵਾਲੇ ਹੋ । ਤੁਸੀਂ ਜਾਣਦੇ ਹੋ ਕਿ ਪਿੰਡ ਦੇ ਵਿਚ ਪੰਚ ਉਹ ਹੀ ਚੁਣਿਅ ਜਾਂਦਾ ਹੈ ਜਿਸ ਦੇ ਠੁਲ੍ਹੇ ਭਾਰੇ ਹੋਣ, ਜਿਸ ਦਾ ਸ਼ਰੀਕਾ ਤਕੜਾ ਹੋਵੇ ਜਾਂ ਬਿਰਾਦਰੀ ਦੀ ਗਿਣਤ ਜ਼ਿਆਦਾ ਹੋਵੇ । ਇਸ ਲਈ ਇਹ ਕਹਿਣਾ ਕਿ ਅਸੀਂ ਪਿੰਡ ਦੇ ਲੋਕਾਂ ਨੂੰ ਇਲੈਕਸ਼ਨ ਦੇ ਝਗੜੇ ਵਿਚ ਨਹੀਂ ਪਾਉਣਾ ਚਾਹੁੰਦੇ, ਠੀਕ ਨਹੀਂ ਹੈ। ਕਿਉਂਕਿ ਇਹ ਝਗੜਾ ਹੁਣ ਨਵਾਂ ਰੂਪ ਧਾਰਨ ਕਰ ਲਵੇਗ ਜਿਹੜਾ ਪੰਚ ਸਰਪੰਚ ਬਣਾਉਣ ਲਈ ਵੋਟ ਦੇਵੇਗਾ, ਉਹ ਪਹਿਲਾਂ ਆਪ ਆਪਣੇ ਵੋਟਰਾਂ ਨੂੰ ਪੁਛੇਗਾ ਕਿ ਉਹ ਫਲਾਣੇ ਆਦਮੀ ਨੂੰ ਵੋਟ ਦੇਵੇ ਜਾਂ ਦੂਜੇ ਨੂੰ । ਇਸ ਤਰ੍ਹਾਂ ਸਪੀਕਰ ਸਾਹਿਬ ਘਰ ਘਰ ਵਿਚ ਝਗੜੇ ਪੈ ਜਾਣਗੇ । ਕੋਈ ਕਹੇਗਾ ਕਿ ਫਲਾਣੇ ਨੂੰ ਵੋਟ ਦਿਓ ਅਤੇ ਕਈ ਕਹੇਗਾ ਕਿ ਨਹੀਂ ਫਲਾਣੇ ਨੂੰ ਦਿਓ । ਇਸ ਤਰ੍ਹਾਂ ਝਗੜੇ ਦੇ ਵਿਚ ਤਾਂ ਉਹ ਆਪੇ ਹੀ ਆ ਗਏ । ਮੈਂ ਤੁਹਾਡੇ ਰਾਹੀਂ ਸਪੀਕਰ ਸਾਹਿਬ, ਅਕਾਲੀ ਪਾਰਟੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਇਸ ਬਾਰੇ ਆਪਣੀ ਨੀਤ ਨੂੰ ਸਪਸ਼ਟ ਕਰੇ । ਜਿਸ ਤਰ੍ਹਾਂ ਕਿ ਸਰਦਾਰ ਗੁਰਨਾਮ ਸਿੰਘ ਜੀ ਨੇ ਕਿਹਾ ਸੀ, ਪਤਾ ਨਹੀਂ ਹੁਣ ਉਹ ਬੈਠੇ ਵੀ ਹਨ ਕਿ ਨਹੀਂ, ਕਿ ਅਸੀਂ ਪੰਚਾਇਤਾਂ ਨੂੰ ਖਤਮ ਕਰਨਾ ਹੈ। ਇਸ ਤਰ੍ਹਾਂ ਘੱਟੋ - ਘ ਇਕ ਨੀਤੀ ਤਾਂ ਪਤਾ ਲਗ ਗਈ। ਪਰ ਇਹ ਕਹਿਣਾ ਕਿ ਅਸੀਂ ਪੰਚਾਇਤਾਂ ਦੇ ਝਗੜੇ ਖਤਮ ਕਰਨੇ ਹਨ, ਠੀਕ ਨਹੀਂ ਕਿਉਂਕਿ ਝਗੜੇ ਤਾਂ ਘਰ ਘਰ ਵਿਚ ਵਧ ਜਾਣਗੇ । ਇਸ ਲਈ ਜਿਹੜਾ ਇਹ ਇਨਡਾਇਰੈਕਟ ਚੁਣਾਓ ਦਾ ਰੀਜ਼ਨ ਦਿਤਾ ਹੈ, ਇਹ ਠੀਕ ਨਹੀਂ ਹੈ । ਫਿਰ ਇਨ੍ਹਾਂ ਨੇ ਨੋ-ਕਾਨਫੀਡੈਂਸ ਮੋਸ਼ਨ ਦੀ ਗਲ ਕੀਤੀ ਹੈ । ਉਹ ਵੀ ਇਕ ਸਾਲ ਬਾਦ ਪਹਿਲਾਂ ਵੀ ਆ ਸਕਦੀ ਸੀ । ਇਨ੍ਹਾਂ ਨੇ ਹੁਣ 2/3 ਮੈਜਾਰਿਟੀ ਕਹੀ ਹੈ, ਪਹਿਲਾਂ ਵੀ ਇਤਨੀ ਹੀ ਸੀ । ਪਰ ਸਪੀਕਰ ਸਾਹਿਬ ਸਵਾਲ ਇਹ ਹੈ ਕਿ ਜਿਹੜਾ ਸਰਪੰਚ ਬਣਦਾ ਹੈ, ਉਸ ਦਾ ਪਿੰਡ ਦੇ ਵਿਚ ਜ਼ੋਰ ਹੁੰਦਾ ਹੈ ਅਤੇ ਦੋ, ਤਿੰਨ ਪੰਚ ਤਾਂ ਉਸ ਦੇ ਨਾਲ ਹੀ ਹੁੰਦੇ ਹਨ, ਇਸ ਲਈ 2/3 ਮੈਜਾਰਟੀ ਤਾਂ ਮਿਲਣੀ ਹੀ ਬੜੀ ਮੁਸ਼ਕਲ ਹੈ। ਇਸ ਲਈ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਸਚ ਮੁਚ ਇਹ ਚਾਹੁੰਦੇ ਹਨ ਕਿ ਪਿੰਡ ਦੇ ਲੋਕ ਕਿਸੇ ਸਰਪੰਚ ਤੋਂ ਛੁਟਕਾਰਾ ਪਾ ਸਕਣ ਤਾਂ ਇਨ੍ਹਾਂ ਨੂੰ 2/3 ਮੈਜਾਰਿਟੀ ਦੀ ਥਾਂ ਤੇ ਸਿੰਪਲ ਮੈਜਾਰਿਟੀ ਕਰ ਦੇਣੀ ਚਾਹੀਦੀ ਹੈ । ਸਿਰਫ ਇਸ ਤਰ੍ਹਾਂ ਹੀ ਵੋਟਰ ਕਿਸੇ ਸਰਪੰਚ ਨੂੰ ਲਾਹ ਸਕਣਗੇ । ਇਹ ਇਕ ਹੋਰ ਪੁਆਇੰਟ ਹੈ, ਜਿਸ ਨਾਲ ਕਿ ਮੈਂ ਮੁਤਫਿਕ ਨਹੀਂ ਹਾਂ ।

ਫਿਰ ਸਪੀਕਰ ਸਾਹਿਬ, ਤੁਸੀਂ ਪਿੰਡਾਂ ਦੇ ਰਹਿਣ ਵਾਲੇ ਹੋ । ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਡਿਵੈਲਪਮੈਂਟ ਵਾਸਤੇ ਜੋ ਰੁਪਿਆ ਖਰਚ ਕਰਨਾ ਹੁੰਦਾ ਹੈ ਉਹ ਥੋੜੇ ਜਿਹੇ ਬੰਦਿਆਂ ਨੇ ਹੀ ਕਰਨਾ ਹੁੰਦਾ ਹੈ। ਡਿਵੈਲਪਮੈਂਟ ਜਿਹੜੀ ਹੁੰਦੀ ਹੈ ਉਹ ਇਹ ਹੁੰਦੀ ਹੈ ਕਿ ਪੰਚਾਂ ਦੇ ਬੂਹੇ ਅਤੇ ਨਾਲੀਆਂ ਬਣ ਜਾਂਦੀਆਂ ਹਨ । ਜੇ ਕੋਈ ਇਹ ਕਹੇ ਕਿ ਆਮ ਪਿੰਡ ਦੀ ਭਲਾਈ ਹੁੰਦੀ ਹੈ ਤਾਂ ਉਹ ਗਲਤ ਕਹਿੰਦਾ ਹੈ । ਆਮ ਪਿੰਡਾਂ ਦਾ ਕੋਈ ਖਿਆਲ ਨਹੀਂ ਕੀਤਾ ਜਾਂਦਾ । ਸਰਪੰਚ ਪਿੰਡ ਵਿਚੋਂ ਸਾਂਝ

ਚੁਣਿਆ ਜਾਂਦਾ ਸੀ ਅਤੇ ਪਿੰਡ ਦੇ ਵਿਚ ਜੇ ਕੋਈ ਮਾੜਾ ਮੋਟਾ ਸਾਂਝਾ ਕੰਮ ਹੁੰਦਾ ਸੀ ਤਾਂ ਸਿਰਫ਼ ਇਸ ਲਈ ਕਿ ਉਹ ਸਰਪੰਚ ਸਾਰੇ ਪਿੰਡ ਦਾ ਸਾਂਝਾ ਹੋਣ ਕਰਕੇ ਸ਼ਰਮੋ ਕੁਸ਼ਰਮੀ ਇਹ ਕੰਮ ਕਰਵਾਉਂਦਾ ਸੀ। ਕੋਈ ਪੰਚ ਵੀ ਸਾਰੇ ਪਿੰਡ ਦੀ ਭਲਾਈ ਲਈ ਨਹੀਂ ਸੋਚਦਾ। ਇਹ ਤਜਰਬਾ ਅਗੇ ਸਾਡਾ ਕੀਤਾ ਹੋਇਆ ਹੈ। ਇਸ ਦੇ ਕਰਨ ਦੇ ਨਾਲ ਵੇਸਟੇਜ਼ ਆਫ਼ ਟਾਈਮ ਹੋਵੇਗਾ, ਹੋਰ ਕੋਈ ਗਲ ਸਰਨੀ ਨਹੀਂ ਹੈ। ਇਸ ਦਾ ਕੋਈ ਚੰਗਾ ਨਤੀਜਾ ਨਹੀਂ ਨਿਕਲ ਸਕਦਾ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਨਿਮਰਤਾ ਦੇ ਨਾਲ ਇਹ ਬੇਨਤੀ ਕਰਦਾ ਹਾਂ ਕਿ ਇਹ ਜੋ ਅਮੈਂਡਮੈਂਟ ਲਿਆਏ ਹਨ, ਇਸ ਦੇ ਨਾਲ ਪਿੰਡਾਂ ਦੀ ਬੇਹਤਰੀ ਨਹੀਂ ਹੋ ਸਕੇਗੀ। ਬਾਜਵਾ ਸਾਹਿਬ ਨੇ ਬੋਲਣਾ ਹੈ, ਉਹ ਇਸ ਬਾਰੇ ਦਸਣ। (ਵਿਘਨ) ਪਿੰਡ ਵਿਚ ਜਿਹੜਾ ਪੰਚ ਚੁਣਿਆ ਜਾਂਦਾ ਹੈ ਉਸ ਨੇ ਤਾਂ ਆਪਣਾ ਹੀ ਸੰਵਾਰਨਾਂ ਹੁੰਦਾ ਹੈ। ਮੈਂ, ਸਪੀਕਰ ਸਾਹਿਬ, ਆਪ ਦੇ ਰਾਹੀਂ ਸਰਕਾਰ ਕੋਲ ਐਨੀ ਜ਼ਰੂਰ ਬੇਨਤੀ ਕਰਾਂਗਾ ਕਿ ਇਹ ਜਿਹੜੀ ਅਮੈਂਡਮੈਂਟ ਲਿਆਂਦੀ ਗਈ ਹੈ, ਇਸ ਨੂੰ ਇਹ ਬਦਲ ਲੈਣ। ਇਹ ਚੰਗਾ ਕੰਮ ਹੋਵੇਗਾ। ਆਖਰ ਵਿਚ ਮੈਂ ਕਹਿੰਦਾ ਹਾਂ ਕਿ ਇਹ ਗਲ ਜਥੇਦਾਰ ਦੀ ਹੋਵੇਗੀ ਜਿਹੜੇ ਕਿ ਕਹਿੰਦੇ ਹਨ ਕਿ ਪੰਚਾਇਤਾਂ ਤੋੜ ਦੇਣੀਆਂ ਚਾ-ਹੀਦੀਆਂ ਹਨ, ਇਸ ਦੇ ਮੈਂਬਰ ਨਾਮਜ਼ਦ ਕਰਨੇ ਚਾਹੀਦੇ ਹਨ। ਬਸ ਵਿਚ ਆਉਂਦਿਆਂ ਇਕ ਲਤੀਫ਼ਾ ਕਿਸੇ ਨੇ ਸੁਣਾਇਆ। ਕਿਸੇ ਜੱਟ ਦਾ ਮੁੰਡਾ ਸਕੂਲ ਵਿਚ ਪੜ੍ਹਦਾ ਸੀ। ਉਸ ਕੋਲੋਂ ਪੜ੍ਹਿਆ ਨਾ ਗਿਆ। ਉਸ ਨੂੰ ਜੱਟ ਨੇ ਪੁਛਿਆ ਕਿ ਤੂੰ ਕਿਥੇ ਜਾ ਰਿਹਾ ਹੈ ਤਾਂ ਉਸ ਮੁੰਡੇ ਨੇ ਕਿਹਾ ਕਿ ਉਹ ਦਿਮਾਗ ਲੈਣ ਬਜ਼ਾਰ ਜਾ ਰਿਹਾ ਹੈ।

ਸ੍ਰੀ ਸਪੀਕਰ : ਕੀ ਤੁਸੀਂ ਰੈਲੇਵੈਂਟ ਬੋਲ ਰਹੇ ਹੋ? ਤੁਸੀਂ ਤਾਂ ਬਸ ਦੇ ਸਫ਼ਰ ਤੇ ਬੋਲ ਰਹੇ ਹੋ? (Are you relevant? You are talking about journeying by bus.)

ਕਾਮਰੇਡ ਕੁਲਵੰਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਨੂੰ ਇਕ ਮਿਸਾਲ ਦੇ ਰਿਹਾ ਸੀ। ਬਾਜ਼ਾਰ ਵਿਚੋਂ ਜਦੋਂ ਨਿਕਲਿਆ ਤਾਂ ਇਕ ਕਮਿਊਨਿਸ਼ਟ ਮਥੇ ਲਗਾ। ਉਸ ਨੂੰ ਮੁੰਡੇ ਨੇ ਕਿਹਾ ਕਿ ਕੀ ਤੂੰ ਆਪਣਾ ਦਿਮਾਗ ਵੇਚਣਾ ਹੈ? ਤਾਂ ਕਮਿਊਨਸਟ ਨੇ ਕਿਹਾ ਕਿ ਹਾਂ ਮੈਂ ਵੇਚ ਦੇਣਾ ਹੈ। ਪਰ ਇਸ ਤੇ ਪੈਸੇ ਕਾਫੀ ਲਗੇ ਹਨ। ਮੈਂ ਜੇਲ੍ਹ ਵਿਚ ਰਿਹਾ ਹਾਂ (ਵਿਘਨ) ਅਤੇ ਮੇਰੇ ਤੇ ਚਾਰ ਪੰਜ ਹਜ਼ਾਰ ਰੁਪਿਆ ਖਰਚ ਆ ਗਿਆ ਹੈ। ਫੇਰ ਉਹ ਮੁੰਡਾ ਲਾਲੇ ਦੀ ਦੁਕਾਨ ਤੇ ਗਿਆ ਅਤੇ ਉਸ ਨੂੰ ਆਖਣ ਲਗਾ, ਲਾਲਾ ਜੀ ਕੀ ਤੁਸੀਂ ਆਪਣਾ ਦਿਮਾਗ ਵੇਚੋਗੇ। ਉਸ ਨੇ ਜਵਾਬ ਦਿਤਾ ਕਿ ਇਸ ਤੇ 10 ਹਜ਼ਾਰ ਰੁਪਿਆ ਲਗਿਆ ਹੈ (ਵਿਘਨ) ਇਸ ਤੋਂ ਬਾਅਦ ਉਹ ਇਕ ਜਥੇਦਾਰ ਦੇ ਮਥੇ ਲਗਿਆ। ਜਥੇਦਾਰ ਨੂੰ ਉਸ ਮੁੰਡੇ ਨੇ ਕਿਹਾ ਕਿ ਕੀ ਉਸ ਨੇ ਆਪਣਾ ਦਿਮਾਗ ਵੇਚਣਾ ਹੈ। ਜਥੇਦਾਰ ਨੇ ਕਿਹਾ ਕਿ ਹਾਂ ਵੇਚਣਾ ਹੈ ਅਤੇ ਇਸ ਦਾ ਮੁਲ 20 ਹਜ਼ਾਰ ਰੁਪਿਆ ਹੈ ਕਿਉਂਕਿ 60 ਸਾਲ ਦੀ ਉਮਰ ਹੋ ਗਈ ਹੈ ਅਤੇ ਇਹ ਕੋਰੇ ਕੋਰੇ ਦਾ ਦਿਮਾਗ ਹੈ। ਕਿਤੇ ਖਰਚ ਨਹੀਂ ਕੀਤਾ ਹੈ। (ਥੰਪਿੰਗ) ਤਾਂ ਸਪੀਕਰ ਸਾਹਿਬ ਮੈਂ ਅਰਜ਼ ਕਰ ਰਿਹਾ ਸੀ ਕਿ ਜੇ ਦਿਮਾਗ ਖਰਚ ਕੀਤਾ ਹੁੰਦਾ ਤਾਂ ਇਹ ਅਮੈਂਡਮੈਂਟ ਨਾ ਆਉਂਦੀ। ਇਸ ਨਾਲ ਪਿੰਡਾਂ ਦਾ ਕੁਝ ਨਹੀਂ ਸੰਵਰੇਗਾ। ਇਨ੍ਹਾਂ ਲਫ਼ਜ਼ਾਂ ਨਾਲ ਮੈਂ ਆਪਦਾ ਧੰਨਵਾਦ ਕਰਦਾ ਹੋਇਆ ਆਪਣੀ ਸੀਟ ਲੈਂਦਾ ਹਾਂ।

ਸਰਦਾਰ ਸਤਨਾਮ ਸਿੰਘ ਬਾਜਵਾ (ਰਾਜ ਮੰਤਰੀ, ਵਿਕਾਸ ਤੇ ਪੰਚਾਇਤ) : ਸਪੀਕਰ ਸਾਹਿਬ, ਮੈਂ ਹੈਰਾਨ ਤਾਂ ਇਸ ਗਲ ਤੋਂ ਹਾਂ ਕਿ ਇਹ ਕਹਿੰਦੇ ਕੀ ਹਨ। ਇਨ੍ਹਾਂ ਨੇ ਕਿਹਾ ਤਾਂ ਬਹੁਤ ਹੈ ਪਰ ਨਤੀਜਾ ਕੀ ਨਿਕਲਿਆ ਹੈ।

"ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੈਂ ਦਿਲ ਕਾ
ਜੋ ਚੀਰਾ ਤੋਂ ਕਤਰਾਏ ਖ਼ੂੰ ਨਾ ਨਿਕਲਾ"

(ਸਰਦਾਰ ਸਤਨਾਮ ਸਿੰਘ ਬਾਜਵਾ)

ਗਲ ਤਾਂ ਸਿਰਫ ਇਨੀ ਹੀ ਹੈ ਕਿ ਸਰਪੰਚ ਜਿਹੜਾ ਹੈ ਉਹ ਡਾਇਰੈਕਟ ਚੋਣ ਰਾਹੀਂ ਆਉਣਾ ਚਾਹੀਦਾ ਹੈ ਜਾਂ ਕਿ ਇੰਡਾਇਰੈਕਟ ਚੋਣ ਰਾਹੀਂ ਆਉਣਾ ਚਾਹੀਦਾ ਹੈ। (ਸ਼ੋਰ) (ਵਿਘਨ) ਸਪੀਕਰ ਸਾਹਿਬ, ਸਰਪੰਚ ਦੇ ਦੋ ਤਜਰਬੇ ਸਾਡੇ ਸਾਹਮਣੇ ਆਏ ਹਨ; ਇਕ ਪਹਿਲਾ ਜਿਹੜਾ ਕਿ ਪੰਚਾਂ ਤੋਂ ਸਰਪੰਚ ਚੁਣੇ ਜਾਂਦੇ ਸਨ ਜਿਸ ਦਾ ਕਾਂਗਰਸ ਸਰਕਾਰ ਨੇ ਇਸ ਵਿਚ ਅਮੈਂਡਮੈਂਟ ਕਰਕੇ ਡਾਇਰੈਕਟ ਇਲੈਕਸ਼ਨ ਕੀਤਾ। ਇਸ ਚੀਜ਼ ਦਾ ਤਲਖ ਤਜਰਬਾ ਸਾਡੇ ਸਾਹਮਣੇ ਆਇਆ। ਇਹ ਜ਼ਰੂਰੀ ਗਲ ਨਹੀਂ ਕਿ ਜੇ ਇਕ ਚੀਜ਼ ਗਲਤ ਸਾਬਤ ਹੋ ਜਾਵੇ ਤਾਂ ਉਸ ਨੂੰ ਮੁੜਕੇ ਫੇਰ ਬਦਲਿਆ ਨਹੀਂ ਜਾ ਸਕਦਾ। ਜੇ ਪਹਿਲਾ ਨੌਕਰ ਅੱਛਾ ਨਾ ਹੋਣ ਕਰਕੇ ਦੂਜਾ ਰਖ ਲਈਏ ਅਤੇ ਦੂਜਾ ਜੇ ਪਹਿਲ ਨਾਲੋਂ ਅੱਛਾ ਸਾਬਤ ਨਾ ਹੋਵੇ ਤਾਂ ਪਹਿਲਾ ਨੌਕਰ ਰਖ ਣ ਵਿਚ ਕੋਈ ਮਾੜੀ ਗਲ ਨਹੀਂ ਹੋਣੀ ਚਾਹੀਦੀ (ਵਿਘਨ)

ਸਰਦਾਰ ਦਰਸ਼ਨ ਸਿੰਘ ਕੇ.ਪੀ.: ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਹ ਮਨਿਸਟਰ ਸਾਹਿਬ ਪਿੰਡਾਂ ਦੇ ਸਰਪੰਚਾਂ ਨੂੰ ਨੌਕਰ ਦਸਦੇ ਹਨ। ਇਹ ਇਸ ਤਰ੍ਹਾਂ ਨਹੀਂ ਕਹਿ ਸਕਦੇ।

ਸ੍ਰੀ ਸਪੀਕਰ : ਇਨ੍ਹਾਂ ਨੇ ਤਾਂ ਇਕ ਉਦਾਹਰਣ ਦਿਤਾ ਹੈ। (He has said so merely by way of an illustration.)

ਰਾਜ ਮੰਤਰੀ, ਵਿਕਾਸ ਤੇ ਪੰਚਾਇਤ: ਇਹ ਸਵੇਰ ਦੀਆਂ ਸੌ ਮਿਸਾਲਾਂ ਦੇ ਚੁਕੇ ਹਨ ਅਤੇ ਹੁਣ ਇਕ ਮਿਸਾਲ ਵੀ ਨਹੀਂ ਸਹਿ ਸਕਦੇ। ਮੈਂਬਰਾਂ ਵਿਚੋਂ ਕੁਝ ਖਦਸ਼ਾ ਇਹ ਦਸਦੇ ਹਨ ਕਿ ਮਾੜੇ ਆਦਮੀ ਨੂੰ, ਹਰੀਜਨ ਆਦਮੀ ਨੂੰ ਸਰਪੰਚ ਦਾ ਚਾਂਸ ਘਟ ਮਿਲੇਗਾ। ਦੂਜੇ ਗ਼ਬਨ ਜਾਂ ਕੁਰਪਸ਼ਨ ਜ਼ਿਆਦਾ ਹੋਵੇਗੀ। ਜਿਥੇ ਤਕ ਸਰਪੰਚ ਦੀ ਸਿਲੈਕਸ਼ਨ ਦਾ ਸਵਾਲ ਹੈ, ਉਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਡਾਇਰੈਕਟ ਇਲੈਕਸ਼ਨ ਵਾਲਾ ਤਰੀਕਾ ਸੀ ਤਾਂ ਉਸ ਨੇ ਤਾਂ ਆਪਣੀਆਂ ਡਾਇਰੈਕਟ ਵੋਟਾਂ ਵਲ ਹੀ ਖਿਆਲ ਕੀਤਾ ਹੋਰ ਉਸਨੂੰ ਕਿਸੇ ਦਾ ਖਿਆਲ ਨਹੀਂ ਹੁੰਦਾ ਸੀ। (ਵਿਘਨ) ਪੰਚ ਅਤੇ ਸਰਪੰਚ ਦੀ ਲੜਾਈ ਹੀ ਰਹਿੰਦੀ ਸੀ। ਪੰਚ ਨੇ ਜਦੋਂ ਕੰਮ ਨਹੀਂ ਕਰਨਾ ਹੁੰਦਾ ਸੀ ਤਾਂ ਉਹ ਰਜਿਸਟਰ ਨੂੰ ਆਪਣੀ ਬਗਲ ਵਿਚ ਹੀ ਲੈ ਲੈਂਦਾ ਸੀ ਅਤੇ ਸਾਰਾ ਕੰਮ ਬੰਦ ਹੋ ਜਾਂਦਾ ਸੀ। ਇਸ ਚੀਜ਼ ਨੂੰ ਦੂਰ ਕਰਨ ਵਾਸਤੇ (ਵਿਘਨ) ਉਹ ਰਜਿਸਟਰ ਨੂੰ ਆਪਣੀ ਬਗਲ ਵਿਚ ਕੁਕੜ ਵਾਂਗ ਦਬ ਲੈਂਦਾ ਸੀ। ਨਾਂ ਕੁਕੜ ਹੋਵੇਗਾ ਅਤੇ ਨਾਂ ਬਾਂਗ ਦੇਵੇਗਾ। ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਹਰੀਜਨਾਂ ਨੂੰ, ਗਰੀਬ ਆਦਮੀ ਨੂੰ, ਡਾਇਰੈਕਟ ਇਲੈਕਸ਼ਨ ਵਿਚ ਜ਼ਿਆਦਾ ਚਾਂਸ ਹੁੰਦੇ ਹਨ। ਪਰ ਮੈਂ ਕਹਿੰਦਾ ਹਾਂ ਕਿ ਇਹ ਗ਼ਲਤ ਹੈ। ਪਿੰਡਾਂ ਵਿਚ ਜਟ ਹੀ ਹੁੰਦੇ ਹਨ ਅਤੇ ਉਨ੍ਹਾਂ ਦੀ ਧੜੇ ਬੰਦੀ ਹੁੰਦੀ ਹੈ ਜਿਸ ਕਾਰਨ ਹਰੀਜਨ ਅਤੇ ਦੁਕਾਨਦਾਰ ਫਾਇਦਾ ਉਠਾ ਜਾਂਦੇ ਹਨ। ਇਸ ਤਰ੍ਹਾਂ ਕਰਨ ਨਾਲ (ਵਿਘਨ) ਦੁਕਾਨ-ਦਾਰ ਅਤੇ ਹਰੀਜਨਾਂ ਨੂੰ ਜ਼ਿਆਦਾ ਚਾਂਸ ਮਿਲਦੇ ਹਨ। (ਥੰਪਿੰਗ)

ਡਾਂਗ ਸਾਹਿਬ ਨੇ ਵੀ ਕਿਹਾ ਕਿ ਡਾਇਰੈਕਟ ਇਲੈਕਸ਼ਨ ਵਿਚ ਜ਼ਿਲ੍ਹਾ ਪਰੀਸ਼ਦ ਜਾਂ ਬਲਾਕ ਸੰਮਤੀਆਂ ਵਿਚ ਚੇਅਰਮੈਨ ਬਨਣ ਲਈ ਕਈ ਖਦਸ਼ੇ ਹਨ (ਵਿਘਨ) ਹਾਲਾਂ ਕਿ ਬਲਾਕ ਸੰਮਤੀ ਅਤੇ ਜ਼ਿਲਾ ਪਰੀਸ਼ਦ ਦਾ ਇਥੇ ਜ਼ਿਕਰ ਤਕ ਨਹੀਂ ਹੈ। ਇਸ ਬਾਰੇ ਅਸੀਂ ਸੋਚ ਵਿਚਾਰ ਕਰ ਰਹੇ ਹਾਂ ਕਿ ਕੀ ਕਰਨਾ ਹੈ। ਕੀ ਡਾਂਗ ਸਾਹਿਬ ਤੁਸੀ ਇਸ ਨਾਲ ਸਹਿਮਤ ਹੋ ਕਿ ਜ਼ਿਲ੍ਹਾ ਪਰੀਸ਼ਦ ਦਾ ਚੇਅਰਮੈਨ ਜ਼ਿਲੇ ਦੀਆਂ ਸਾਰੀਆਂ ਪਾਰਟੀਆਂ ਦੀਆਂ ਜ਼ਿਆਦਾ ਤੋਂ ਜ਼ਿਆਦਾ ਵੋਟਾਂ ਲੈਕੇ ਇਲੈਕਸ਼ਨ

ਲੜੇ, ਇਤਨਾ ਵੱਡਾ ਕੰਟਰੋਲ ਕਰੇ? ਕੀ ਇਸ ਤਰ੍ਹਾਂ ਨਾਲ ਕੋਈ ਗਰੀਬ ਆਦਮੀ ਚੇਅਰਮੈਨ ਬਣਿਆ ਕਰੇਗਾ? ਐਨਾ ਖਰਚ ਹੋਏਗਾ ਕਿ ਇਕ ਗਰੀਬ ਆਦਮੀ ਵਾਸਤੇ ਇਹ ਕੰਮ ਕਰਨਾ ਬਹੁਤ ਮੁਸ਼ਕਲ ਹੋਵੇਗਾ। (ਸ਼ੋਰ) (ਵਿਘਨ) ਸਿੱਧੇ ਇਲੈਕਸ਼ਨ ਵਿਚ ਦੋ ਧੜੇ ਬਣਦੇ ਹਨ ਅਤੇ ਗਰੀਬ ਆਦਮੀ ਲਈ ਬਹੁਤ ਮੁਸ਼ਕਲ ਹੋ ਜਾਵੇਗੀ। (ਵਿਘਨ) ਪਰ ਜਿਹੜਾ ਅਸੀਂ ਕੰਮ ਕੀਤਾ ਹੈ ਇਸ ਨਾਲ ਧੜੇਬੰਦੀ ਨਹੀਂ ਹੁੰਦੀ ਹੈ। ਇਸ ਨਾਲ ਕੁਰਪਸ਼ਨ ਵੀ ਨਹੀਂ ਹੋ ਸਕਦੀ। (ਵਿਘਨ) (ਸ਼ੋਰ) ਕਈ ਮੇਰੇ ਆਨਰੇਬਲ ਮੈਂਬਰ ਚੰਗੀ ਜਾਣਕਾਰੀ ਰਖਦੇ ਹੋਏ ਵੀ ਇਹ ਨਹੀਂ ਜਾਣਦੇ ਕਿ ਇਹ ਸਭਾਵਾਂ ਦੋ ਸੌ ਪਿੰਡਾਂ ਤੇ ਬਣਨੀਆਂ ਹਨ, ਜਾਂ ਦੋ ਸੌ ਦੀ ਆਬਾਦੀ ਤੇ ਬਨਣੀਆਂ ਹਨ ਜਾਂ ਕਿ ਦੋ ਸੌ ਵੋਟਾਂ ਤੇ ਬਨਣੀਆਂ ਹਨ।

ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਜਿਸ ਪਿੰਡ ਦੀ ਦੋ ਸੌ ਆਬਾਦੀ ਹੋਵੇਗੀ ਜਿਸ ਦੇ ਦੋ ਸੌ ਵੋਟ ਹੋਣਗੇ ਉਨ੍ਹਾਂ ਪਿੰਡਾਂ ਦੀ ਵੱਖਰੀ ਪੰਚਾਇਤ ਹੋ ਜਾਵੇਗੀ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਸ ਬਿੱਲ ਨੂੰ ਪਾਸ ਕਰਨਾ ਚਾਹੀਦਾ ਹੈ। ਮੈਂ ਇਨ੍ਹਾਂ ਦਾ ਮਸ਼ਕੂਰ ਹਾਂ ਕਿ ਜਿਹੜੇ ਇਹ ਇਸ ਬਿਲ ਤੇ ਬੋਲੇ ਹਨ, ਇਸ ਲਈ ਇਸ ਬਿਲ ਨੂੰ ਪਾਸ ਕਰਨਾ ਚਾਹੀਦਾ ਹੈ।

ਸਰਦਾਰ ਗੁਰਬੰਤਾ ਸਿੰਘ: ਸਪੀਕਰ ਸਾਹਿਬ, ਮੇਰੀ ਇਕ ਅਮੈਂਡਮੈਂਟ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਹਿਲੇ 9 ਮੈਂਬਰਜ਼ ਪਿੱਛੇ 2 ਹਰੀਜਨ ਮੈਂਬਰ ਹੁੰਦੇ ਹਨ। ਹੁਣ 11 ਕਰ ਦਿਤੇ ਹਨ ਤਾਂ ਹਰੀਜਨਾਂ ਦੇ ਮੈਂਬਰਾਂ ਦੀ ਗਿਣਤੀ ਕਿਉਂ ਨਹੀਂ ਵਧਾਈ ਗਈ?

ਰਾਜ ਮੰਤਰੀ ਵਿਕਾਸ ਤੇ ਪੰਚਾਇਤ: ਸਪੀਕਰ ਸਾਹਿਬ, ਮੈਂ ਕੰਟਰੋਵਰਸੀ ਵਿਚ ਨਹੀਂ ਪੈਂਦਾ। ਇਹ ਕਹਿੰਦੇ ਹਨ ਕਿ 5 ਮੈਂਬਰਾਂ ਪਿੱਛੇ ਇਕ ਹਰੀਜਨ ਮੈਂਬਰ ਬਣਦਾ ਸੀ। ਇਸ ਤਰ੍ਹਾਂ 10 ਪਿਛੇ ਬਣੇ 2 ਤਾਂ ਫਿਰ ਇਹ 11 ਪਿਛੇ 3 ਕਿਵੇਂ ਮੰਗਦੇ ਹਨ?

ਸਰਦਾਰ ਗੁਰਬੰਤਾ ਸਿੰਘ: ਮੇਰਾ ਸਵਾਲ ਇਹ ਹੈ ਕਿ ਜਦ 5 ਪਿਛੇ ਦੋ ਹਰੀਜਨ ਮੈਂਬਰ ਬਣਦੇ ਸਨ ਤਾਂ ਮੈਂ ਪੁੱਛਦਾ ਹਾਂ ਕਿ ਹੁਣ ਜਦ ਮੈਂਬਰ 9 ਤੋਂ 11 ਕੀਤੇ ਗਏ ਹਨ ਤਾਂ ਇਸ ਦੇ ਹਰੀਜਨ ਮੈਂਬਰ ਕਿਉਂ ਨਹੀਂ ਵਧਾਏ ਗਏ? (ਵਿਘਨ) ਸੰਮਤੀਆਂ ਵਿਚ ਜਦ ਤੁਸੀਂ 5 ਮੈਂਬਰਜ਼ ਪਿਛੇ 2 ਹਰੀਜਨ ਲੈਂਦੇ ਸੀ ਅਤੇ 10 ਪਿਛੇ 3 ਹਨ ਤਾਂ ਫਿਰ ਪੰਚਾਇਤਾਂ ਵਿਚ ਇਨ੍ਹਾਂ ਦੀ ਹੁਣ ਕਿਉਂ ਨਹੀਂ ਗਿਣਤੀ ਵਧਾਈ ਜਦ ਕਿ ਤੁਸੀਂ ਮੈਂਬਰਜ਼ ਦੀ ਗਿਣਤੀ 9 ਦੀ ਥਾਂ 11 ਕੀਤੀ ਹੈ? (ਵਿਘਨ)

ਸ੍ਰੀ ਸਪੀਕਰ: ਤੁਸੀਂ 9 ਵਿਚੋਂ 2 ਬਣਾਏ ਸਨ, 6 ਵਿਚੋਂ 2 ਨਹੀਂ ਬਣਾਏ। (ਵਿਘਨ) (Your Party's Government had reserved two seats for Harijans out of a total strength of 9 and not 2 out of 6).

WALK OUT

ਸਰਦਾਰ ਗੁਰਬੰਤਾ ਸਿੰਘ: ਮੈਂ ਤਾਂ ਕਹਿੰਦਾ ਹਾਂ ਕਿ ਹਰੀਜਨਾਂ ਦੀ ਰੈਜ਼ਰਵੇਸ਼ਨ ਕਿਉਂ ਨਹੀਂ ਵਧਾਈ। ਇਸ ਤਰ੍ਹਾਂ ਹਰੀਜਨਾਂ ਨਾਲ ਪਿੰਡਾਂ ਵਿਚ ਪੰਚਾਇਤਾਂ ਵਿਚ ਧੱਕਾ ਕੀਤਾ ਗਿਆ ਹੈ ਹਰੀਜਨਾਂ ਦੇ ਮੈਂਬਰ ਨਹੀਂ ਵਧਾਏ ਗਏ। (ਵਿਘਨ) ਮੈਂ ਇਸ ਦਾ ਪਰੋਟੈਸਟ ਕਰਦਾ ਹਾਂ। ਬਾਦਲ ਦੀ ਸਰਕਾਰ ਅਤੇ ਅਕਾਲੀਆਂ ਦੀ ਸਰਕਾਰ ਨੇ ਜਿਹੜਾ ਪੰਚਾਇਤੀ ਐਕਟ ਵਿਚ ਤਰਮੀਮ ਕਰਨ ਵਿਚ

(ਸਰਦਾਰ ਗੁਰਬੰਤਾ ਸਿੰਘ)

ਧੱਕਾ ਕੀਤਾ ਹੈ, ਮੈਂ ਇਸ ਦਾ ਪਰੋਟੈਸਟ ਕਰਦਾ ਹੋਇਆ ਵਾਕ ਆਊਟ ਕਰਦਾ ਹਾਂ। (ਵਿਘਨ) (ਸ਼ੋਰ)

(ਇਸ ਸਮੇਂ ਸਰਦਾਰ ਗੁਰਬੰਤਾ ਸਿੰਘ ਹਾਊਸ ਵਿਚੋਂ ਵਾਕ ਆਊਟ ਕਰ ਗਏ)

(ਇਸ ਸਮੇਂ ਹਾਊਸ ਵਿਚ ਕਾਫੀ ਸ਼ੋਰ ਸੀ ਅਤੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਲਈ ਆਪਣੀਆਂ ਸੀਟਾਂ ਤੇ ਖੜ੍ਹੇ ਹਏ।)

THE PUNJAB GRAM PANCHAYAT (AMENDMENT) BILL, 1971

(Resumption of Discussion)

ਸਰਦਾਰ ਦਰਸ਼ਨ ਸਿੰਘ ਕੇ.ਪੀ. : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਹ ਜਿਹੜੀ ਹਰੀਜਨਾਂ ਦੀ ਰਿਜ਼ਰਵੇਸ਼ਨ ਹੈ, ਹਰੀਜਨਾਂ ਦੀ ਪਰਸੈਂਟੇਜ਼ ਬਾਰੇ, ਉਨ੍ਹਾਂ ਦੀ ਪਰਸੈਂਟੇਜ ਪੂਰੀ ਨਹੀਂ ਰੱਖੀ ਗਈ ਜਿਸ ਤਰ੍ਹਾਂ ਕਿ ਤਰਮੀਮ ਦਿਤੀ ਗਈ ਹੈ, ਇਸ ਤਰ੍ਹਾਂ ਹਰੀਜਨਾਂ ਨਾਲ ਬਿਲਕੁਲ ਧੱਕਾ ਹੋ ਰਿਹਾ ਹੈ। (ਵਿਘਨ) ਇਸ ਤਰ੍ਹਾਂ ਹਰੀਜਨ ਬਰਾਦਰੀ ਨਾਲ ਬਹੁਤ ਜ਼ੁਲਮ ਅਤੇ ਧੱਕਾ ਹੈ। (ਵਿਘਨ) ਇਕ ਮੈਂਬਰ ਵਧਾਉਣਾ ਕੋਈ ਵੱਡੀ ਗੱਲ ਨਹੀਂ ਹੈ, ਇਹ ਤਾਂ ਮੈਂ ਸਮਝਦਾ ਹਾਂ ਕਿ ਪਿੰਡ ਦੀ ਸੇਵਾ ਕਰਨੀ ਹੈ, ਲੋਕਾਂ ਦੀ ਸੇਵਾ ਕਰਨਾ ਹੈ, ਇਸ ਤਰ੍ਹਾਂ ਸਰਕਾਰ ਨੂੰ ਫਾਇਦਾ ਹੈ। (ਵਿਘਨ)

ਸ਼੍ਰੀ ਸਪੀਕਰ : ਜਿਥੇ ਆਬਾਦੀ ਜ਼ਿਆਦਾ ਹੈ, ਉਥੇ ਜ਼ਿਆਦਾ ਆ ਜਾਣਗੇ। (More seats will be reserved for Harijans in proportion to their population).

ਸਰਦਾਰ ਦਰਸ਼ਨ ਸਿੰਘ ਕੇ. ਪੀ. : ਅਸੀਂ ਕਹਿੰਦੇ ਹਾਂ ਕਿ 11 ਮੈਂਬਰਾਂ ਵਿਚ 3 ਹਰੀਜਨ ਮੈਂਬਰ ਆ ਜਾਣ। ਸਪੀਕਰ ਸਾਹਿਬ, ਤੁਸੀਂ ਦੱਸੋ ਕਿ ਜੋ ਮੈਂ ਕਹਿੰਦਾ ਹਾਂ ਕੀ ਇਹ ਜਾਇਜ਼ ਨਹੀਂ?

Mr. Speaker : Question is—

That the Punjab Gram Panchyat (Amendment) Bill, be referred to a Select Committee consisting of :—

1. Sardar Satnam Singh Bajwa, Minister Incharge of the Bill
2. Master Gurbanta Singh
3. Comrade Kulwant Singh
4. Shri Manmohan Kalia
5. Chaudhri Balbir Singh
6. Sardar Kirpal Singh

with a direction to make a report by the 15th March, 1971.

The motion was lost.

Mr. Speaker : Question is—

That the Punjab Gram Panchayat (Amendment) Bill be taken into consideration at once.

The Motion was carried.

Mr Speaker : Now the House will proceed to consider the Bill, clause by clause.

Voices: All the clauses may be put together.

Mr. Speaker: Since it is the sense of the House that all the clauses be put together to the vote of the House, I will put them to the vote of the House together.

CLAUSES 2, 3, 4, 5, 6, AND 1

Mr. Speaker: Question is—

That Clauses 2 3, 4, 5, 6 and 1 stand part of the Bill.

The motion was carried.

TITLE

Mr. Speaker: Question is—

That Title be the Title of the Bill.

The motion was carried.

Minister of State for Community Development and Panchayati Raj: (Sardar Satnam Singh Bajwa) : Sir I beg to move—

That the Punjab Gram Panchayat (Amendment) Bill be passed.

Mr. Speaker : Motion moved—

That the Punjab Gram Panchayat (Amendment) Bill be passed.

Mr. Speaker: Question is—

That the Punjab Gram Panchayat (Amendment) Bill be passed.

The motion was carried.

THE PUNJAB PREVENTION OF BEGGARY BILL, 1971

Minister for Social Welfare (Doctor Bhagat Singh): Sir, I beg to introduce the Punjab Prevention of Beggary Bill.

I also move

That the Punjab Prevention of Beggary Bill be taken into consideration at once.

Mr Speaker : Motion moved—

That the Punjab Prevention of Beggary Bill, be taken into consideration at once.

Comrade Satya Pal Dang (Amritsar West) : Sir I beg to move—

That the Punjab Prevention of Beggary Bill, 1971 be referred to a Select Committee consisting of : —

1. Doctor Bhagat Singh
2. Sardar Basant Singh Khalsa
3. Sardar Kirpal Singh
4. Shri Sardari Lal Kapur
5. Sardar Umrao Singh
6. Master Babu Singh
7. Comrade Darshan Singh Jhabal

with a direction to make a report by 15th March, 1971.

ਸਪੀਕਰ ਸਾਹਿਬ, ਇਹ ਜਿਹੜਾ ਆਰਡੀਨੈਂਸ ਹੋਇਆ ਹੈ ਇਹ ਸਤੰਬਰ, 1970 ਦੇ ਵਿਚ ਹੋਇਆ ਕਿ ਭੀਖ ਮੰਗਣਾ ਜ਼ੁਰਮ ਹੈ, ਮੰਗਣਾ ਮਨ੍ਹਾਂ ਕਰ ਦਿਤਾ ਗਿਆ ।ਅੱਜ ਉਸ ਆਰਡੀ-ਨੈਂਸ ਦੀ ਥਾਂ ਇਕ ਬਿਲ ਲਿਆਂਦਾ ਹੈ । ਗੱਲ ਤਾਂ ਵੇਖਣ ਵਾਲੀ ਇਹ ਹੈ ਕਿ ਜੋ ਇਹ ਕਰਦੇ ਹਨ ਆਇਆ ਉਸ ਤੇ ਅਮਲ ਵੀ ਕਰਦੇ ਹਨ, ਅੱਜ ਕੱਲ ਵਿਚਾਰਾਂ ਨਾਲ ਨਹੀਂ, ਅਮਲ ਨਾਲ ਕੁਝ ਹੁੰਦਾ ਹੈ । ਮੈਂ ਇਕ ਗੱਲ, ਸਪੀਕਰ ਸਾਹਿਬ, ਪੁੱਛਾਂਗਾ ਕਿ ਜਦ ਮੈਂ ਕਹਿੰਦਾ ਹਾਂ ਕਿ ਸਿਲੈਕਟ ਕਮੇਟੀ ਬਣਨੀ ਚਾਹੀਦੀ ਹੈ, ਉਸ ਦੇ ਨਾਲ ਸਪੱਸ਼ਟ ਹੋ ਜਾਵੇਗਾ ਕਿ ਕਿਉਂ ਸਿਲੈਕਟ ਕਮੇਟੀ ਬਣਨੀ ਚਾਹੀਦੀ ਹੈ। 6-7 ਮਹੀਨੇ ਹੋ ਗਏ ਇਸ ਆਰਡੀਨੈਂਸ ਹੋਏ ਨੂੰ । ਸਰਕਾਰ ਨੇ ਮੁਨਾਸਿਬ ਸਮਝਿਆ ਕਿ ਇਹ ਬੜਾ ਅਹਿਮ ਮਾਮਲਾ ਹੈ । ਇਸ ਤੇ ਇਨ੍ਹਾਂ ਨੂੰ ਪਹਿਲੇ ਕਦੇ ਖਿਆਲ ਨਹੀਂ ਆ ਸਕਿਆ ਕਿ ਭੀਖ ਪੰਜਾਬ ਦੇ ਵਿਚ ਮੰਗਣਾ ਬਹੁਤ ਬੁਰਾ ਹੈ, ਅਤੇ ਉਸ ਦੇ ਵਾਸਤੇ ਕਾਨੂੰਨ ਬਣਾਉਣਾ ਚਾਹੀਦਾ ਹੈ । ਅਸੈਂਬਲੀ ਦੇ ਦੋ ਇਜਲਾਸ ਲੰਘ ਗਏ, ਪਰ ਬਿੱਲ ਪੇਸ਼ ਨਹੀਂ ਹੋਇਆ । ਇਨ੍ਹਾਂ ਨੇ ਫੌਰੀ ਮਸਲਾ ਸਮਝਿਆ ਔਰ ਆਰਡੀਨੈਂਸ ਜਾਰੀ ਕਰ ਦਿਤਾ । ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਡਾਕਟਰ ਸਾਹਿਬ ਨੂੰ ਪੁਛਾਂਗਾ ਕਿ ਸਤੰਬਰ ਤੋਂ ਲੈ ਕੇ ਅੱਜ ਤਕ ਇਸ ਆਰਡੀਨੈਂਸ ਤੇ ਇਕ ਇਤਨਾ ਡੱਕਾ ਵੀ ਸਰਕਾਰ ਨੇ ਜਾ ਕਿਸੇ ਸਰਕਾਰੀ ਅਫ਼ਸਰ ਵਲੋਂ ਕੋਈ ਅਮਲ ਹੋਇਆ ਹੋਵੇ ਤਾਂ ਮੈਨੂੰ ਇਹ ਦਸ ਦੇਣ । ਨਾ ਕੋਈ ਭੀਖ ਮੰਗਣ ਤੋਂ ਕਿਸੇ ਨੂੰ ਹਟਾਇਆ ਗਿਆ ਔਰ ਨਾ ਕਿਸੇ ਨੂੰ ਅਜੇ ਤਕ ਭੀਖ ਮੰਗਣ ਵਾਲੇ ਨੂੰ ਗਰਿਫਤਾਰ ਕੀਤਾ ਗਿਆ ਔਰ ਨਾ ਹੀ ਕਿਸੇ ਭੀਖ ਮੰਗੇ ਨੂੰ ਉਸ ਇਨਸਟੀਚਿਊਸ਼ਨ ਵਿਚ ਭੇਜਿਆ ਹੈ ਜਿਸ ਦਾ ਕਿ ਇਹ ਜ਼ਿਕਰ ਕਰਦੇ ਹਨ ਤਾਂ ਫਿਰ ਮੇਰੀ ਸਮਝ ਵਿਚ ਨਹੀਂ ਆਇਆ ਕਿ ਇਹ ਆਰਡੀਨੈਂਸ ਕਾਹਦੇ ਲਈ ਕੀਤਾ ਗਿਆ ਸੀ। ਹੁਣ ਵੀ ਸਪੀਕਰ ਸਾਹਿਬ, ਆਰਡੀਨੈਂਸ ਦੀ ਥਾਂ ਜੋ ਇਹ ਬਿਲ ਲਿਆਉਣਾ ਚਾਹੁੰਦੇ ਹਨ ਤੁਸੀਂ ਇਸ ਬਿਲ ਨੂੰ ਪੜ੍ਹੋ ਤਾਂ ਪਤਾ ਲਗੇਗਾ ਕਿ ਕਿਤਨਾ ਡੀਫੈਕਟਿਵ ਹੈ । ਇਹ ਜੋ ਭੀਖ ਮੰਗਣੀ ਬੰਦ ਕਰਨੀ ਹੈ ਇਸ ਦੇ ਲਈ ਜੋ ਕਦਮ ਚੁਕੇ ਹਨ ਇਕ ਇਹ ਕਿ ਲੋਕਾਂ ਨੂੰ ਭੀਖ ਮੰਗਣ ਦੀ ਲੋੜ ਨਾਂ ਪਵੇ ਔਰ ਦੂਸਰਾ ਇਹ ਕਿ ਜਿਹੜੇ ਭੀਖ ਮੰਗਣ ਤੋਂ ਨਹੀਂ ਹਟਦੇ ਤਾਂ ਉਨ੍ਹਾਂ ਨੂੰ ਫੜ ਕੇ ਕਿਥੇ ਲਿਜਾਣਾ ਹੈ, ਜੇ ਤੁਸੀਂ ਬਿਲ ਪੜ੍ਹੋ

ਤਾਂ ਤੁਹਾਨੂੰ ਪਤਾ ਲਗੇਗਾ ਕਿ ਕੋਈ ਇਸ ਕਿਸਮ ਦੇ ਇਨਸਟੀਚਿਊਸ਼ਨਜ਼ ਹੋਣਗੇ ਜਿਥੇ ਉਨ੍ਹਾਂ ਨੂੰ ਬੰਦ ਕੀਤਾ ਜਾਵੇਗਾ । ਮੇਰੀ ਅਰਜ਼ ਹੈ ਕਿ ਪਹਿਲਾਂ ਉਹ ਇਨਸਟੀਚਿਊਸ਼ਨਜ਼ ਤਾਂ ਬਣਾ ਲਓ ਜਿਥੇ ਉਨ੍ਹਾਂ ਨੂੰ ਬੰਦ ਕਰਨਾ ਹੈ। (ਵਿਘਨ) ਸਪੀਕਰ ਸਾਹਿਬ, ਡਾਕਟਰ ਸਾਹਿਬ ਜਿਹੜੇ ਇਸ ਬਿਲ ਦੇ ਇਨਚਾਰਜ ਹਨ ਉਹ ਔਲਡ ਏਜ ਪੈਨਸ਼ਨ ਬਿਲ ਦੇ ਵੀ ਇਨਚਾਰਜ ਹਨ । ਉਨ ਨੇ ਇਹ ਕੰਮ ਬੜਾ ਚੰਗਾ ਕੀਤਾ ਹੈ ਕਿ 15 ਰੁਪਏ ਤੋਂ ਇਨ੍ਹਾਂ 25 ਰੁਪਏ ਕਰ ਦਿਤਾ ਇਹ ਬੜਾ ਅੱਛਾ ਕੰਮ ਕੀਤਾ ਹੈ । (ਵਿਘਨ) ਸਪੀਕਰ ਸਾਹਿਬ, ਹਾਲਤ ਇਹ ਹੈ ਕਿ ਇਕ ਬੁਡਾ ਜਿਸ ਦਾ ਕੋਈ ਪੁਤਰ ਨਹੀਂ ਉਸ ਦੀ ਉਮਰ 60 ਸਾਲ ਤੋਂ ਉਪਰ ਹੋ ਗਈ ਹੈ ਔਰ ਉਸ ਦੇ ਕੋਲ ਗੁਜ਼ਾਰੇ ਵਾਸਤੇ ਕੋਈ ਸਾਮਾਨ ਨਹੀਂ ਤਾਂ ਉਹ ਸਰਕਾਰ ਨੂੰ ਦਰਖਾਸਤ ਦਿੰਦਾ ਹੈ ਪਰ ਮੇਰੀ ਅਰਜ਼ ਹੈ ਕਿ ਇਸ ਗਲ ਦਾ ਫੈਸਲਾ ਹੁੰਦੇ ਹੁੰਦੇ ਹੀ ਉਹ ਵਿਚਾਰਾ ਮਰ ਜਾਂਦਾ ਹੈ। ਮੈਂ ਤੁਹਾਨੂੰ ਦਰਜਨਾਂ ਇਹੋ ਜਿਹੇ ਕੇਸ ਦਸ ਸਕਦਾ ਹਾਂ ਕਿ ਜਿਸ ਵਿਚ ਫੈਸਲਾ ਹੋਣ ਤੋਂ ਪਹਿਲਾਂ ਪਹਿਲਾਂ ਉਨ੍ਹਾਂ ਵਿਚਾਰਿਆਂ ਦੀ ਮੌਤ ਹੋ ਗਈ । ਮੈਂ ਦਸਣਾ ਚਾਹੁੰਦਾ ਹਾਂ ਕਿ ਜੁਲਾਈ, 1970 ਵਿਚ ਕੋਈ ਕੇਸ ਆਇਆ ਤਾਂ ਇਨ੍ਹਾਂ ਨੇ ਠਪ ਕੇ ਰਖ ਦਿਤਾ ਕਿ ਸਰਦਾਰ ਬਲਵੰਤ ਸਿੰਘ ਪੈਸੇ ਨਹੀਂ ਦਿੰਦਾ । ਜੂਨ ਦੇ ਕੇਸ ਦਾ ਭਾਵੇਂ ਕੋਈ ਫੈਸਲਾ ਹੋਇਆ ਹੋਵੇ ਪਰ ਜੁਲਾਈ, ਅੱਗਸਤ ਸਤੰਬਰ, ਅਕਤੂਬਰ, ਨਵੰਬਰ, ਦਸੰਬਰ ਦੇ ਕੇਸਿਜ਼ ਵਿਚ ਤਾਂ ਉਹ ਫੈਸਲੇ ਤਕ ਹੀ ਮਰ ਜਾਣੇ ਹਨ ਜੇ ਉਹ ਭੀਖ ਨਾ ਮੰਗਣ ਤਾਂ ਹੋਰ ਕੀ ਕਰਨਗੇ ।

ਦੂਸਰੀ ਗਲ ਸਪੀਕਰ ਸਾਹਿਬ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਠੀਕ ਹੈ ਭੀਖ ਮਗਣੀ ਬੰਦ ਹੋਣੀ ਚਾਹੀਦੀ ਹੈ ਪਰ ਇਸ ਦੇ ਲਈ ਜੋ ਸਾਰਾ ਸਾਮਾਨ ਹੈ ਉਹ ਪੂਰਾ ਹੋਣਾ ਚਾਹੀਦਾ ਹੈ । ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਪੈਸੇ ਲੈ ਲਓ, ਇਨਸਟੀਚਿਊਸ਼ਨਜ਼ ਵਗੈਰਾ ਬਣਾਉ ਔਰ ਜਿਸ ਤਰ੍ਹਾਂ ਕਹਿੰਦੇ ਹੋ ਪਹਿਲਾਂ ਉਸ ਨੂੰ ਅਮਲ ਵਿਚ ਲਿਆਉਣ ਵਾਸਤੇ ਚੀਜ਼ਾਂ ਤਿਆਰ ਕਰੋ ਤਾਂ ਹੀ ਇਸ ਦਾ ਕੋਈ ਫਾਇਦਾ ਹੈ । ਸਪੀਕਰ ਸਾਹਿਬ, ਇਹ ਜੋ ਬਜਟ ਦੇ ਨਾਲ ਸਾਨੂੰ ਕਾਪੀ ਮਿਲੀ ਹੈ ਇਹ ਡਾਕਟਰ ਸਾਹਿਬ ਨੇ ਪੜ੍ਹੀ ਹੋਣੀ ਹੈ ਜੇ ਨਹੀਂ ਪੜ੍ਹੀ ਤਾਂ ਮੈਂ ਉਨ੍ਹਾਂ ਦੀ ਇਤਲਾਹ ਲਈ ਪੜ੍ਹ ਕੇ ਜੋ ਐਂਟੀ ਬੈਗਰੀ ਬਾਰੇ ਲਿਖਿਆ ਹੈ ਉਹ ਸੁਣਾ ਦਿੰਦਾ ਹਾਂ । ਇਹ ਸਫ਼ਾ 165 ਤੇ ਹੈ ।

> "Anti-Beggary Measures:—The Punjab Prevention of Begging Ordinance has been promulgated. A home for the beggars is proposed to be set up. Though there is only a provision of Rs. 1.10 lakh for this purpose, during the next year under this scheme a comprehensive scheme of approximately Rs. 15 lakhs bas been worked out."

ਸਪੀਕਰ ਸਾਹਿਬ. ਇਸ ਦੀ ਡਰਾਫਟਿੰਗ ਪੜ੍ਹੋ । ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਇਸ ਦੇ ਲਈ ਅਕਾਲੀ ਪਾਰਟੀ ਚੰਦਾ ਇਕਠਾ ਕਰਨ ਲਈ ਜਾਂਦੀ ਰਹੀ...... (ਵਿਘਨ)

ਸਪੀਕਰ ਸਾਹਿਬ, ਮੈਂ ਤਾਂ ਨਹੀਂ ਕਹਿੰਦਾ ਦਿਲੀ ਵਿਚ ਜਿਹੜਾ ਤਮਾਸ਼ਾ ਹੋਇਆ ਹੈ ਉਹ ਕਾਮਰੇਡ ਨੇ ਕਿਸੇ ਨੇ ਨਹੀਂ ਸੀ ਕਿਹਾ ਅਕਾਲੀਆਂ ਨੇ ਆਪਸ ਵਿਚ ਹੀਂ ਕਿਹਾ ਹੈ । (ਵਿਘਨ)

ਤੇ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਅਕਾਲੀ ਪਾਰਟੀ ਨੇ ਲੋਕਾਂ ਤੋਂ ਫੰਡ ਜੋ ਇਕੱਠਾ ਕਰਨਾ ਹੈ ਉਹ ਜਿਹੜੇ ਚੰਦਾ ਇਕੱਠਾ ਕਰਨਗੇ ਤਾਂ ਡਾਕਟਰ ਭਗਤ ਸਿੰਘ ਨੇ ਉਨ੍ਹਾਂ ਨੂੰ ਚੁਕ ਕੇ ਅੰਦਰ ਕਰ ਦੇਣਾ ਹੈ । (ਵਿਘਨ) ਸਪੀਕਰ ਸਾਹਿਬ, ਮੈਂ ਤਾਂ ਇਕ ਮਿਸਾਲ ਦਿਤੀ ਹੈ । ਇਸ ਦੀ ਜਿਹੜੀ ਡਰਾਫਟਿੰਗ ਹੈ ਉਹ ਬਹੁਤ ਨੁਕਸਦਾਰ ਹੈ ਉਸ ਦੇ

[Comrade Satya Pal Dang]

ਵਿਚ ਸੋਧ ਦੀ ਲੋੜ ਹੈ । ਸਪੀਕਰ ਸਾਹਿਬ, ਇਹ ਇਕ ਅੱਛਾ ਨਿਸ਼ਾਨਾ ਹੈ ਜਿਸ ਦੇ ਲਈ ਮੈਂ ਡਾਕਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਪਰ ਨਾਲ ਹੀ ਅਰਜ਼ ਕਰਦਾ ਹਾਂ ਕਿ ਇਹ ਜਿਹੜਾ ਕਾਨੂੰਨ ਬਣਾਉਣਾ ਹੈ ਇਹ ਡੀਫੈਕਟਿਵ ਕਾਨੂੰਨ ਨਹੀਂ ਬਣਾਉਣਾ ਚਾਹੀਦਾ ਔਰ ਇਸ ਦੇ ਵਿਚ ਇਹੋ ਜਿਹੀਆਂ ਗਲਾਂ ਨਾ ਹੋਣ ਜਿਸ ਨਾਲ ਕਿ ਪੰਜਾਬ ਦਾ ਮੌਜੂ ਬਣੇ । ਇਸ ਲਈ ਮੈਂ ਅਰਜ਼ ਕਰਾਂਗਾ ਕਿ ਇਕ ਸਿਲੈਕਟ ਕਮੇਟੀ ਬਣਾਈ ਜਾਵੇ । ਜਿਹੜੀ ਕਿ 15 ਮਾਰਚ ਤਕ ਆਪਣੀ ਰਿਪੋਰਟ ਦੇ ਦੇਵੇ ਤੇ ਫਿਰ ਇਕ ਚੰਗਾ ਕਾਨੂੰਨ ਬਣ ਕੇ ਆਵੇ । ਜੇ ਇਨ੍ਹਾਂ ਦੀ ਮਨਸ਼ਾ ਹੈ ਕਿ ਕਾਨੂੰਨ ਚੰਗਾ ਬਣੇ ਤਾਂ ਇਹ ਸਾਡੀ ਨੇਕ ਰਾਏ ਹੈ ਇਸ ਨੂੰ ਮੰਨ ਲੈਣਾ ਚਾਹੀਦਾ ਹੈ ? ਜੇ ਇਨਾਂ ਨੇ ਸਿਰਫ ਵਾਹ ਵਾਹ ਹੀ ਲੈਣੀ ਹੈ ਤਾਂ ਵਖਰੀ ਗਲ ਹੈ । ਲੇਕਿਨ ਜੇ ਇਹ ਇਕ ਚੰਗਾ ਕਾਨੂੰਨ ਬਣਾਉਣਾ ਚਾਹੁਦੇ ਹਨ ਤਾਂ ਇਹ ਗਲ ਇਨ੍ਹਾਂ ਨੂੰ ਮੰਨ ਲੈਣੀ ਚਾਹੀਦੀ ਹੈ । ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

Mr. Speaker : Motion moved—

> That the Punjab Prevention of Beggary Bill, 1971 be referred to a Select Committee consisting of—
>
> 1. Doctor Bhagat Singh
> 2. Sardar Basant Singh Khalsa
> 3. Sardar Kirpal Singh
> 4. Shri Sardari Lal Kapur
> 5. Sardar Umrao Singh
> 6. Master Babu Singh, and
> 7. Comrade Darshan Singh Jhabal
>
> with a direction to make a report by 15th March, 1971.

ਸ੍ਰੀ ਸਰਦਾਰੀ ਲਾਲ ਕਪੂਰ: (ਲੁਧਿਆਣਾ ਨਾਰਥ) ਸਪੀਕਰ ਸਾਹਿਬ, ਇਹ ਜਿਹੜੀ ਭਿਕਸ਼ਾ ਮੰਗਣ ਦੀ ਗਲ ਹੈ ਇਹ ਹਿੰਦੁਸਤਾਨ ਦੇ ਨਾਮ ਤੇ ਇਕ ਬਹੁਤ ਜ਼ਬਰਦਸਤ ਧੱਬਾ ਹੈ । ਜਿਹੜੇ ਲੋਕ ਆਪਣੇ ਲਈ ਲੋਕਾਂ ਤੋਂ ਭੀਖ ਮੰਗਦੇ ਹਨ ਉਸ ਦੇ ਨਾਲ ਹਿੰਦੁਸਤਾਨ ਦਾ ਕਿਤਨਾ ਸਿਰ ਝੁਕਦਾ ਹੈ । ਜਿਹੜੇ ਲੋਕ ਭੀਖ ਮੰਗਦੇ ਹਨ ਉਨ੍ਹਾਂ ਵਿਚੋਂ ਕਈ ਪੇਸ਼ੇਵਰ ਵੀ ਹਨ ਔਰ ਕਈ ਇਸ ਕਿਸਮ ਦੇ ਹਨ ਜਿਨ੍ਹਾਂ ਨੂੰ ਮਜ਼ਬੂਰਨ ਇਹ ਕੰਮ ਕਰਨਾ ਪੈਂਦਾ ਹੈ । ਮੈਂ ਡਾਕਟਰ ਸਾਹਿਬ ਨੂੰ ਇਸ ਗਲ ਤੇ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਹ ਬਿਲ ਲਿਆਂਦਾ ਹੈ। (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਜੇ ਤਾਂ ਇਹ ਬਿਲ ਦੀ ਹੈਸੀਅਤ ਵਿਚ ਹੀ ਇਹ ਗਲ ਲਿਆਉਣੀ ਹੈ ਤਾਂ ਤੇ ਇਹ ਗਲ ਠੀਕ ਹੈ ਕਿ ਤੁਸੀਂ ਵਧਾਈ ਦੇ ਹਕਦਾਰ ਹੋ ਪਰ ਇਸ ਨੂੰ ਕਾਬਲੇ ਅਮਲ ਵਿਚ ਲਿਆਉਣ ਵਾਸਤੇ ਪਹਿਲਾਂ ਸੋਚਣਾ ਚਾਹੀਦਾ ਸੀ ਕਿ ਕੀ ਕੁਝ ਕਰਨਾ ਹੈ । ਇਹ ਇਕ ਆਰਡੀਨੈਂਸ ਆ ਗਿਆ ਕਿ ਭੀਖ ਮੰਗਣਾ ਬੜਾ ਜੁਰਮ ਹੈ ਔਰ ਇਸ ਦੇ ਬਾਰੇ ਡਿਪਟੀ ਕਮਿਸ਼ਨਰਜ਼ ਨੂੰ ਵੀ ਲਿਖ ਦਿਤਾ । ਜਿਹੜੇ ਡਿਪਟੀ ਕਮਿਸ਼ਨਰਜ਼ ਹਨ ਉਨ੍ਹਾਂ ਨੇ ਕਿਹਾ ਕਿ ਤੁਸੀਂ ਸਾਨੂੰ ਲਿਖ ਤਾਂ ਦਿਤਾ ਔਰ ਆਰਡੀਨੈਂਸ ਪਾਸ ਕਰ ਦਿਤਾ ਪਰ ਇਹ ਤਾਂ ਦਸੋ ਕਿ ਕਾਬਲੇ ਅਮਲ ਕਿਸ ਤਰ੍ਹਾਂ ਬਣਾਈਏ। ਸਪੀਕਰ ਸਾਹਿਬ, ਜਿਸ ਤਰ੍ਹਾਂ

ਡਾਂਗ ਸਾਹਿਬ ਨੇ ਫਰਮਾਇਆ ਹੈ ਉਹ ਸਾਰੀ ਗਲ ਦਰੁਸਤ ਹੈ ਕਿ ਆਰਡੀਨੈਂਸ ਬੜਾ ਜਲਦੀ ਜਾਰੀ ਹੋ ਗਿਆ ਉਸ ਤੇ ਅਮਲ ਬਿਲਕੁਲ ਕੁਝ ਨਹੀਂ ਹੋਇਆ। ਇਕ ਆਦਮੀ ਮੈਨੂੰ ਪੁਛਣ ਲਗਾ ਕਿ ਇਹ ਜਿਹੜਾ ਗਵਰਨਰ ਸਾਹਿਬ ਦਾ ਆਰਡੀਨੈਂਸ ਆਇਆ ਹੈ ਇਸ ਤੇ ਕੋਈ ਅਮਲ ਨਹੀਂ ਹੋਇਆ ਔਰ ਬਾਕੀ ਦੇ ਜਿਹੜੇ ਆਰਡੀਨੈਂਸ ਆਏ ਹਨ ਉਨ੍ਹਾਂ ਤੇ ਜਲਦੀ ਹੀ ਅਮਲ ਹੋ ਗਿਆ। ਜਿਸ ਤਰ੍ਹਾਂ ਕਿ ਮੋਟਰ ਵੈਹੀਕਲ ਜਾਂ ਇਹੋ ਜਿਹੇ ਜਿਹੜੇ ਹੋਰ ਆਰਡੀਨੈਂਸ ਜਾਰੀ ਕੀਤੇ ਹਨ ਉਨ੍ਹਾਂ ਤੇ ਝਟ ਅਮਲ ਹੋਣਾ ਸ਼ੁਰੂ ਹੋ ਗਿਆ ਕਿਉਂਕਿ ਉਸ ਰਾਹੀਂ ਤਾਂ ਤੁਸੀਂ ਪੈਸੇ ਵਸੂਲ ਕਰਨੇ ਸਨ ਮਗਰ ਇਸ ਆਰਡੀਨੈਂਸ ਤੇ ਕੋਈ ਅਮਲ ਨਹੀਂ ਕੀਤਾ ਗਿਆ ਇਹ ਇਕ ਜਨਤਾ ਨਾਲ ਮਜ਼ਾਕ ਕੀਤਾ ਗਿਆ ਹੈ ਔਰ ਇਸ ਦੇ ਨਾਲ ਰੋਰਮਿਟ ਦਾ ਵਾਕਾਰ ਬੜਾ ਖਰਾਬ ਹੋਇਆ ਹੈ। ਸਪੀਕਰ ਸਾਹਿਬ, ਇਕ ਦਿਨ ਵਿਜੀਲੈਂਸ ਕਮੇਟੀ ਦੀ ਮੀਟਿੰਗ ਸੀ ਮੈਂ ਡਿਪਟੀ ਕਮਿਸ਼ਨਰ ਸਾਹਿਬ ਨੂੰ ਪੁਛਿਆ ਕਿ ਤੁਸੀਂ ਇਸ ਤੇ ਕੀ ਅਮਲ ਕੀਤਾ ਹੈ ਇਹ ਜਿਹੜਾ ਬੈਗਰੀ ਬਾਰੇ ਕੋਈ ਆਰਡੀਨੈਂਸ ਆਇਆ ਹੈ ਤਾਂ ਉਸ ਨੇ ਮੈਨੂੰ ਦੋ ਲਫ਼ਜ਼ ਕਹੇ ਮੈਂ ਉਹ ਇਸ ਹਾਊਸ ਵਿਚ ਨਹੀਂ ਦਸਣਾ ਚਾਹੁੰਦਾ। (ਵਿਘਨ) ਉਸ ਨੇ ਕਿਹਾ ਕਿ ਇਹੋ ਜਿਹੀ ਪਾਗਲ ਹਕੂਮਤ ਹੋਰ ਕੋਈ ਨਹੀਂ ਹੋ ਸਕਦੀ। ਸਾਨੂੰ ਹਕੂਮਤ ਨੇ ਕੋਈ ਤਰੀਕਾ ਨਹੀਂ ਦਸਿਆ ਕਿ ਕਿਸ ਤਰ੍ਹਾਂ ਇਸ ਨੂੰ ਅਮਲ ਵਿਚ ਲਿਆਉਣਾ ਹੈ। ਇਸ ਤਰ੍ਹਾਂ ਮਾਲੂਮ ਹੁੰਦਾ ਹੈ ਕਿ ਜਿਹੜੇ ਮਨਿਸਟਰ ਸਾਹਿਬ ਬੈਠੇ ਹਨ ਉਨ੍ਹਾਂ ਨੂੰ ਇਸ ਗਲ ਦੀ ਸਮਝ ਨਹੀਂ ਕਿ ਬਿਲ ਬਣਾ ਕੇ ਰਖ ਦਿਤਾ ਹੈ ਪਰ ਇਹ ਨਹੀਂ ਪਤਾ ਕਿ ਇਸ ਤੇ ਅਮਲ ਕਿਸ ਤਰ੍ਹਾਂ ਕਰਨਾ ਹੈ।

ਸਪੀਕਰ ਸਾਹਿਬ, ਸਭ ਨਾਲੋਂ ਵਡੀ ਗਲ ਇਹ ਹੈ ਕਿ ਸਾਡੇ ਸ਼ਹਿਰ ਦੇ ਵਿਚ ਜਿਹੜੇ ਲੋਕ ਮੰਗਦੇ ਹਨ, ਉਨ੍ਹਾਂ ਵਿਚੋਂ ਸਭ ਨਾਲੋਂ ਵਡੀ ਸੰਖਿਆ ਕੋਹੜੀਆਂ ਦੀ ਹੈ। ਉਨ੍ਹਾਂ ਵਿਚਾਰਿਆਂ ਦਾ ਕੋਈ ਕਸੂਰ ਨਹੀਂ, ਜਦ ਤਕ ਅਸੀਂ ਉਨ੍ਹਾਂ ਲਈ ਉਨ੍ਹਾਂ ਦੀ ਰੋਟੀ ਦਾ ਪ੍ਰਬੰਧ ਨਾ ਕਰਾਂਗੇ। ਮੈਂ ਅਰਜ਼ ਕਰਾਂ ਕਿ ਅਸੀਂ ਉਨ੍ਹਾਂ ਕੋਹੜੀਆਂ ਨੂੰ ਕੰਮ ਤੇ ਲਾਉਣ ਵਾਸਤੇ ਇਕ ਸਕੀਮ ਬਣਾਈ ਅਤੇ ਉਨ੍ਹਾਂ ਨੂੰ ਸਾਬਣ ਦੇ ਕੰਮ ਤੇ ਲਾ ਦਿੱਤਾ। ਪਹਿਲਾਂ ਤਾਂ ਲੋਕ ਲੈਂਦੇ ਰਹੇ ਪਰ ਜਦੋਂ ਉਨ੍ਹਾਂ ਨੂੰ ਪਤਾ ਲਗਾ ਕਿ ਇਹ ਤਾਂ ਕੋਹੜੀ ਬਣਾਉਂਦੇ ਹਨ ਤਾਂ ਉਨ੍ਹਾਂ ਨੇ ਸਾਬਣ ਖਰੀਦਣਾ ਬੰਦ ਕਰ ਦਿਤਾ। ਇਸ ਦੇ ਬਾਅਦ ਅਸੀਂ ਉਨ੍ਹਾਂ ਨੂੰ ਪੋਲਟਰੀ ਫ਼ਾਰਮ ਖੋਲ੍ਹ ਦਿਤਾ, ਪਰ ਜਦੋਂ ਲੋਕਾਂ ਨੂੰ ਪਤਾ ਲਗਾ ਕਿ ਇਹ ਤਾਂ ਕੋਹੜੀਆਂ ਦੇ ਫ਼ਾਰਮ ਵਿਚੋਂ ਆਉਂਦੇ ਹਨ ਤਾਂ ਉਨ੍ਹਾਂ ਤੇ ਆਂਡੇ ਲੈਣੇ ਵੀ ਬੰਦ ਕਰ ਦਿਤੇ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜਦੋਂ ਤਕ ਅਸੀਂ ਅਜਿਹੇ ਲੋਕਾਂ ਦੀ ਰੋਟੀ ਦਾ ਇੰਤਜ਼ਾਮ ਨਹੀਂ ਕਰਦੇ ਤਦ ਤਕ ਇਸ ਬਿਲ ਦਾ ਕੋਈ ਫ਼ਾਇਦਾ ਨਹੀਂ।

ਮੈਂ ਫਿਰ ਇਕ ਹੋਰ ਅਰਜ਼ ਕਰਾਂਗਾ ਕਿ ਸਾਡੇ ਪੰਜਾਬ ਦੇ ਵਿਚ ਕਈ ਨੌਜਵਾਨ ਮੁੰਡੇ ਐਸੇ ਹਨ ਜਿਹੜੇ ਇੰਜਨੀਅਰਿੰਗ ਪਾਸ ਕਰਦੇ ਹਨ ਜਾਂ ਆਰਟਸ ਪਾਸ ਕਰਕੇ ਨਿਕਲਦੇ ਹਨ ਅਤੇ ਕਈ ਮਾਸਟਰੀ ਪਾਸ ਕਰਕੇ ਨਿਕਲਦੇ ਹਨ ਅਤੇ ਟਿਊਟਰ ਬਣਨ ਦੀ ਕੋਸ਼ਿਸ਼ ਕਰਦੇ ਹਨ ਉਨ੍ਹਾਂ ਨੂੰ ਕੰਮ ਨਹੀਂ ਮਿਲਦਾ ਅਤੇ ਬੇਕਾਰ ਫਿਰਦੇ ਹਨ। ਕੀ ਤੁਸੀਂ ਇਹ ਪਸੰਦ ਕਰੋਗੇ ਕਿ ਉਹ ਲਾਈਨਾਂ ਥੱਲੇ ਜਾ ਕੇ ਸਿਰ ਦੇਣ? ਉਨ੍ਹਾਂ ਨੂੰ ਰੁਜ਼ਗਾਰ ਦੇਣਾ ਚਾਹੀਦਾ ਹੈ।

ਮੈਂ ਅਰਜ਼ ਕਰਦਾ ਹਾਂ ਕਿ ਜਿਹੜਾ ਭਿਕਸ਼ਾ ਮੰਗੇਗਾ ਤੁਸੀਂ ਉਨ੍ਹਾਂ ਨੂੰ ਪਕੜੋਗੇ ਤਾਂ ਕੀ ਕਰੋਗੇ? ਤੁਸੀਂ ਇਸ ਕਿਸਮ ਦਾ ਤਰੀਕਾਕਾਰ ਅਪਨਾਉ, ਜਿਸ ਦੇ ਨਾਲ ਉਹ ਲੋਕ ਆਪਣੀ ਤਰਕੀਬ ਦੇ ਨਾਲ ਰੋਟੀ ਕਮਾ ਸਕਣ। ਮੰਗਣ ਵਾਲੇ ਮੰਗਣ ਨਾ ਉਨ੍ਹਾਂ ਦਾ ਰੁਜ਼ਗਾਰ ਬਣਾ ਦਿਉ। ਇਕ ਆਦਮੀ ਜਿਸਮਾਨੀ ਤੌਰ ਤੇ ਠੀਕ ਹੈ ਉਹ ਭਿਕਸ਼ਾ ਨਹੀਂ ਮੰਗਣਾ ਚਾਹੁੰਦਾ, ਪਰ ਉਹ ਇਸ ਕੰਮ ਲਈ ਮਜ਼ਬੂਰ ਹੋ ਜਾਂਦਾ ਹੈ ਜਦੋਂ ਉਸ ਨੂੰ ਰੁਜ਼ਗਾਰ ਨਹੀਂ ਮਿਲਦਾ। ਮੈਂ ਅਰਜ਼ ਕਰਦਾ ਹਾਂ ਕਿ ਇਕ

[ਸ੍ਰੀ ਸਰਦਾਰੀ ਲਾਲ ਕਪੂਰ]

ਮੁੰਡਾ ਜਿਹੜਾ ਐਮ. ਏ., ਐਲ. ਐਲ. ਬੀ. ਸੀ, ਉਸ ਨੇ ਆਕੇ ਕਿਹਾ ਕਿ ਮੈਨੂੰ ਕੰਮ ਨਹੀਂ ਮਿਲਦਾ ਉਸ ਨੂੰ ਚੁੰਗੀ ਖਾਨੇ ਵਿਚ ਮੁਹਰੱਰ ਬਣਾਇਆ ਉਸ ਨੇ ਮੁਹੱਰਰ ਬਣਨਾ ਪਸੰਦ ਕੀਤਾ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਤੁਹਾਨੂੰ ਇਸ ਬਿਲ ਨੂੰ ਅਮਲੀ ਜਾਮਾ ਪਹਿਨਾਉਣ ਵਾਸਤੇ ਆਸ਼ਰਮ ਬਨਾਉਣੇ ਚਾਹੀਦੇ ਹਨ ਕੋਈ ਤਰੀਕਾਕਾਰ ਲਭਣਾ ਚਾਹੀਦਾ ਹੈ ਤਾਂ ਕਿ ਉਹ ਲੋਕ ਭਿਕਸ਼ਾ ਨਾ ਮੰਗਣ । ਜਿਹੜੇ ਵਿਚਾਰੇ ਕੰਮ ਨਹੀਂ ਕਰ ਸਕਦੇ ਮਿਸਾਲ ਦੇ ਤੌਰ ਤੇ ਇਕ ਆਦਮੀ ਐਸਾ ਹੈ ਜਿਸ ਦੀਆਂ ਦੋਨੋਂ ਲਤਾਂ ਨਹੀਂ ਜਾਂ ਕਿਸੇ ਦੇ ਦੋਨੋਂ ਹੱਥ ਕੰਮ ਨਹੀਂ ਕਰ ਸਕਦੇ ਉਨ੍ਹਾਂ ਲਕਾਂ ਨੂੰ ਜਿੰਨਾਂ ਚਿਰ ਤਕ ਖਾਣ ਨੂੰ ਨਹੀਂ ਦਿਉਗੇ ਅਤੇ ਜਿੰਨਾਂ ਚਿਰ ਤਕ ਉਨ੍ਹਾਂ ਦੀ ਰੋਟੀ ਦਾ ਕੋਈ ਪ੍ਰਬੰਧ ਨਹੀਂ ਕਰੋਗੇ, ਉਹ ਕੀ ਕਰਨਗੇ? ਰੋਟੀ ਤਾਂ ਉਨ੍ਹਾਂ ਨੇ ਖਾਣੀ ਹੀ ਹੈ । ਉਨ੍ਹਾਂ ਨੂੰ ਪਕੜਨ ਨਾਲ ਮਸਲਾ ਹਲ ਨਹੀਂ ਹੋਵੇਗਾ, ਉਨ੍ਹਾਂ ਲਈ ਕੋਈ ਚੰਗਾ ਤਰੀਕਾ ਅਪਨਾਉ। ਜਿੰਨੇ ਪੰਜਾਬ ਵਿਚ ਬੈਗਰਜ਼ ਹਨ, ਉਨ੍ਹਾਂ ਵਿਚੋਂ ਬਹੁਤ ਸਾਰੇ ਬਾਹਰੋਂ ਆਉਂਦੇ ਹਨ (ਵਿਘਨ) ਇਹ ਗਲ ਗ਼ਲਤ ਹੈ, ਉਹ ਲੋਕ ਹਾਲੇ ਤਕ ਬਾਹਰ ਨਹੀਂ ਗਏ । (ਵਿਘਨ) ਮੇਰੀ ਪ੍ਰਾਰਥਨਾ ਇਹ ਹੈ ਕਿ ਜਿਹੜਾ ਵੀ ਹਿੰਦੁਸਤਾਨ ਵਿਚ ਰਹਿੰਦਾ ਹੈ ਚਾਹੇ ਉਹ ਪੰਜਾਬ ਦਾ ਹੈ ਚਾਹੇ ਉਹ ਕਿਸੇ ਦੂਸਰੀ ਸਟੇਟ ਦਾ ਹੈ ਅਸੀਂ ਸਾਰੇ ਹਿੰਦੁਸਤਾਨੀ ਹਾਂ, ਸਾਡਾ ਇਹ ਫ਼ਰਜ਼ ਬਣ ਜਾਂਦਾ ਹੈ ਕਿ ਅਸੀਂ ਉਨ੍ਹਾ ਦੇ ਰਹਿਣ ਦਾ ਪ੍ਰਬੰਧ ਕਰੀਏ । ਜੇਕਰ ਤੁਸੀਂ ਇਹ ਸੋਚੋਗੇ ਕਿ ਪਕੜ ਕੇ ਜੇਲ੍ਹ ਵਿਚ ਦੇ ਦਿਆਂਗੇ ਉਹ ਤਾਂ ਤਿਆਰ ਹਨ, ਉਹ ਜ਼ਮਾਨਾ ਗਿਆ ਜਦੋਂ ਦੋ ਚਾਰ ਆਨੇ ਦੀ ਰੋਟੀ ਮਿਲਦੀ ਸੀ ਜੇਲ ਵਿਚ, ਹੁਣ ਤਾਂ ਡੇਢ ਰੁਪਏ ਦੀ ਰੋਟੀ ਮਿਲਦੀ ਹੈ ਜੇਲ ਵਿਚ । ਉਹ ਆਰਾਮ ਨਾਲ ਜੇਲ ਵਿਚ ਚਲੇ ਜਾਣਗੇ । ਜਦੋਂ ਉਨ੍ਹਾਂ ਨੂੰ ਪਤਾ ਲਗੇਗਾ ਕਿ ਜੇਲ ਵਿਚ ਤਾਂ ਚੰਗੀ ਰੋਟੀ ਮਿਲਦੀ ਹੈ, ਹੋਰ ਬਾਹਰੋਂ ਬਹੁਤ ਆ ਜਾਣਗੇ । ਆਖ਼ਰ ਉਨ੍ਹਾਂ ਨੂੰ ਕਿਸੇ ਤਰਕੀਬ ਨਾਲ ਪਕੜੋਗੇ, ਕੋਈ ਔਫ਼ੈਂਸ ਬਣਾਉਗੇ ਹੋਰ ਕੋਈ ਤਰੀਕਾ ਨਹੀਂ । ਜਿਹੜੇ ਆਦਮੀ ਮੰਗਦੇ ਹਨ, ਉਨ੍ਹਾਂ ਨੂੰ ਪਕੜ ਕੇ ਕਿਥੇ ਲੈ ਜਾਉਗੇ। ਕੀ ਗੁਰਦਵਾਰਿਆਂ ਵਿਚ ਰਖੋਗੇ? ਉਨ੍ਹਾਂ ਵਿਚਾਰਿਆਂ ਨੂੰ ਕਿਥੇ ਕਿਥੇ ਬੰਦ ਕਰੋਗੇ? ਮੇਰੇ ਦੋਸਤ ਡਾਕਟਰ ਸਾਹਿਬ ਬੜੇ ਸਮਝਦਾਰ ਹਨ, ਉਨ੍ਹਾਂ ਨੇ ਇਸ ਬਿਲ ਤੇ ਆਪਣਾ ਜ਼ੋਰ ਤੱਕ ਲਾਇਆ ਲਗਦਾ ਹੈ ਅਤੇ ਲੋਕਾਂ ਦੀ ਰਾਏ ਤੇ ਹੀ ਇਹ ਬਿਲ ਲਿਆਏ ਲਗਦੇ ਹਨ। ਅਗਰ ਕੋਈ ਚੰਗੀ ਗਲ ਕਰਨੀ ਹੋਵੇ ਤਾਂ ਉਸ ਨੂੰ ਕਾਬਲੇ ਅਮਲ ਬਨਾਉਣਾ ਚਾਹੀਦਾ ਹੈ । ਸਾਨੂੰ ਇਹ ਬਿਲ ਪਾਸ ਕਰਨ ਤੋਂ ਪਹਿਲਾਂ ਉਨ੍ਹਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ, ਤਦੇ ਹੀ ਇਸ ਬਿਲ ਦਾ ਕੋਈ ਫ਼ਾਇਦਾ ਹੋਵੇਗਾ ।

ਕਾਮਰੇਡ ਦਰਸ਼ਨ ਸਿੰਘ ਝਬਾਲ (ਅਟਾਰੀ ਐਸ.ਸੀ.) : ਸਪੀਕਰ ਸਾਹਿਬ, ਇਹ ਜਿਹੜਾ ਬਿਲ ਮਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ ਇਸ ਦਾ ਮਨਸ਼ਾ ਮਾੜਾ ਨਹੀਂ । ਡਾਕਟਰ ਸਾਹਿਬ ਅਗੇ ਵੀ ਬਿਲ ਲਿਆਉਂਦੇ ਰਹੇ ਹਨ ਜਿਹੜੇ ਸਾਨੂੰ ਸਪਰਟ ਕਰਨੇ ਪੈਂਦੇ ਹਨ ਔਰ ਅਸੀਂ ਹਰ ਚੰਗੀ ਗਲ ਦੀ ਇਨ੍ਹਾਂ ਦੀ ਸਪੋਰਟ ਕਰਦੇ ਹਾਂ, ਲੇਕਿਨ ਜਿਸ ਤਰ੍ਹਾਂ ਡਾਂਗ ਸਾਹਿਬ ਨੇ ਕਿਹਾ ਹੈ ਕਿ ਇਸ ਆਰਡੀਨੈਂਸ ਨੂੰ ਜਾਰੀ ਕਿਤਿਆਂ 6,7 ਮਹੀਨੇ ਹੋ ਗਏ ਹਨ ਪਰ ਇਸ ਦਾ ਕੋਈ ਅਸਰ ਨਹੀਂ ਪਿਆ ਅਤੇ ਹੁਣ ਬਿਲ ਪਾਸ ਕਰਨ ਨਾਲ ਕੀ ਅਸਰ ਪੈ ਜਾਣਾ ਹੈ । ਬਿਲ ਉਹ ਲਿਆਉਣਾ ਚਾਹੀਦਾ ਹੈ, ਜਿਸ ਤੇ ਅਮਲ ਵੀ ਹੋਵੇ । ਇਸ ਤਰ੍ਹਾਂ ਕਾਹਲੀ ਨਾਲ ਬਿਲ ਪਾਸ ਕਰਨ ਨਾਲ ਕੋਈ ਮਕਸਦ ਹਲ ਨਹੀਂ ਹੋਣਾ। ਇਸ ਨੂੰ ਸਿਲੈਕਟ ਕਮੇਟੀ ਵਿਚ ਭੇਜਿਆ ਜਾਵੇ ਇਸ ਤੇ ਚੰਗੀ ਤਰ੍ਹਾਂ ਵਿਚਾਰ ਕਰਕੇ ਇਸ ਬਿਲ ਨੂੰ ਫਿਰ ਲਿਆਇਆ ਜਾਵੇ ਅਤੇ ਜਿਹੜੇ ਮੰਗਣ ਵਾਲੇ ਹਨ , ਉਨ੍ਹਾਂ ਦਾ ਹਲ ਕਢਿਆ ਜਾਵੇ ਕਿ ਉਨ੍ਹਾਂ ਦਾ ਕੀ ਕਰਨਾ ਹੈ । ਸਪੀਕਰ ਸਾਹਿਬ, ਮੈਨੂੰ ਇਕ ਵਾਕਿਆ ਯਾਦ ਆ ਗਿਆ ਹੈ ਕਿ ਇਕ ਵਾਰੀ ਆਲ ਇੰਡੀਆ ਕਾਂਗਰਸ ਦਾ ਇਕ ਇਜਲਾਸ ਅੰਮ੍ਰਿਤਸਰ ਵਿਚ ਹੋਣਾ ਸੀ ਅਤੇ ਮੈਂ ਵੀ ਉਸ ਵੇਲੇ ਐਮ.ਐਲ.ਏ. ਸੀ । ਡੀ. ਸੀ

ਸਾਹਿਬ ਨਾਲ ਮੀਟਿੰਗ ਹੋਈ ਅਤੇ ਕਾਂਗਰਸ ਪਾਰਟੀ ਨੇ ਕਿਹਾ ਕਿ ਸਾਰੇ ਹਿੰਦੁਸਤਾਨ ਦੇ ਡੈਲੀਗੇਟ ਆਉਂਦੇ ਹਨ ਇਸ ਲਈ ਸਾਰੇ ਮੰਗਤਿਆਂ ਨੂੰ ਕਿਸੇ ਜਗ੍ਹਾ ਤੇ ਬੰਦ ਕਰ ਦਿਤਾ ਜਾਵੇ ਤਾਂ ਕਿ ਉਹ ਲੋਕ ਵੇਖ ਨਾ ਸਕਣ। ਮੈਂ ਕਿਹਾ ਕਿ ਇਸ ਨਾਲ ਕੀ ਕੋਈ ਮਸਲਾ ਹਲ ਹੋ ਜਾਏਗਾ ? ਕੀ ਇਸ ਆਰਡੀਨੈਂਸ ਬਨਾਉਣ ਨਾਲ ਜਾਂ ਬਿਲ ਬਨਾਉਣ ਨਾਲ ਇਹ ਮਸਲਾ ਹਲ ਹੋ ਜਾਵੇਗਾ ? ਇਸ ਬਿਲ ਦੇ ਮੁਤਾਬਕ ਇਕ ਆਦਮੀ ਨੂੰ ਇਕ ਸਾਲ ਦੀ ਸਜ਼ਾ ਹੋ ਸਕਦੀ ਹੈ ਜਾਂ ਤਿੰਨ ਸਾਲ ਦੀ ਸਜ਼ਾ ਹੋ ਸਕਦੀ ਹੈ, ਇਸ ਨਾਲ ਕੀ ਬਣੇਗਾ ? ਵੈਸੇ ਮੇਰੇ ਕਹਿਣ ਦਾ ਭਾਵ ਇਹ ਹੈ ਕਿ ਕਿੰਨੇ ਦੁਖ ਦੀ ਗਲ ਹੈ ਅਤੇ ਇਹ ਸਾਡੇ ਤੇ ਇਕ ਲਾਨ੍ਹਤ ਹੈ ਕਿ ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ 24 ਸਾਲ ਹੋ ਗਏ ਹਨ, ਅਜੇ ਵੀ ਲੋਕੀ ਭੀਖ ਮੰਗਦੇ ਹਨ। ਸਾਡੇ ਕੋਲ ਉਨ੍ਹਾਂ ਨੂੰ ਰੋਟੀ ਦੇਣ ਨੂੰ ਨਹੀਂ। ਬੜੀ ਅਫਸੋਸਨਾਕ ਗਲ ਹੈ ਕਿ ਇਹ ਵਾਕਿਆਤ ਇਥੇ ਹੋ ਰਹੇ ਹਨ। ਸਪੀਕਰ ਸਾਹਿਬ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਮਸਲੇ ਨੂੰ ਹਲ ਕਰਨ ਲਈ ਸਭ ਤੋਂ ਪਹਿਲੇ ਸਾਨੂੰ ਬੇਰੋਜ਼ਗਾਰੀ ਦੂਰ ਕਰਨੀ ਚਾਹੀਦੀ ਹੈ। ਤਾਂ ਹੀ ਇਹ ਮਸਲਾ ਹਲ ਹੋ ਸਕਦਾ ਹੈ। ਇਹ ਠੀਕ ਹੈ ਕਿ ਕੁਝ ਲੋਕ ਪੇਸ਼ਾਵਰ ਹਨ ਉਨ੍ਹਾਂ ਦੇ ਕੁਝ ਗਰੋਹ ਬਚਿਆਂ ਨੂੰ ਫੜ ਕੇ ਲੈ ਜਾਂਦੇ ਹਨ ਅਤੇ ਉਨ੍ਹਾਂ ਨੂੰ ਅੰਗਹੀਨ ਕਰਕੇ ਉਨ੍ਹਾਂ ਤੋਂ ਮੰਗਾਉਂਦੇ ਹਨ। ਐਸੇ ਲੋਕਾਂ ਨੂੰ ਹਟਾਉਣ ਦੀ ਲੋੜ ਹੈ, ਪਰ ਕੁਝ ਲੋਕ ਐਸੇ ਹਨ ਜਿਹੜੇ ਮਜ਼ਬੂਰ ਹੋ ਕੇ ਮੰਗਦੇ ਹਨ। ਮਿਸਾਲ ਦੇ ਤੌਰ ਤੇ ਇਕ ਮਜ਼ਦੂਰ ਆਦਮੀ ਹੈ ਜਿਸ ਦੀ ਕੋਈ ਪ੍ਰਾਪਰਟੀ ਨਹੀਂ, ਕੋਈ ਜਾਇਦਾਦ ਨਹੀਂ, ਉਹ ਮਰ ਜਾਂਦਾ ਹੈ। ਪਿਛੇ ਉਸਦੀ ਵਿਧਵਾ ਜ਼ਨਾਨੀ ਰਹਿ ਜਾਂਦੀ ਹੈ, ਉਸ ਦੇ ਬੱਚੇ ਰਹਿ ਜਾਂਦੇ ਹਨ ਸਰਕਾਰ ਕੋਈ ਗਰੰਟੀ ਨਹੀਂ ਦਿੰਦੀ ਉਨ੍ਹਾਂ ਨੂੰ ਰੋਟੀ ਦੇਣ ਲਈ। ਉਹ ਲੋਕ ਕੀ ਕਰਨ। ਮਜ਼ਬੂਰ ਹੋ ਜਾਂਦੇ ਹਨ ਮੰਗਣ ਤੇ। ਕਈ ਵਿਧਵਾਵਾਂ ਨੇ ਦਰਖਾਸਤਾਂ ਦਿੱਤੀਆਂ ਸਹਾਇਤਾ ਵਾਸਤੇ ਪਰ ਡਾਕਟਰ ਸਾਹਿਬ ਕਹਿੰਦੇ ਹਨ ਕਿ ਪੈਸੇ ਹੀ ਨਹੀਂ ਹਨ, ਪੈਸੇ ਕਿਥੋਂ ਦੇਈਏ। ਜਦੋਂ ਸਰਕਾਰ ਜ਼ਿਮੇਵਾਰੀ ਹੀ ਨਹੀਂ ਲੈਂਦੀ ਤਾਂ ਕੀ ਬੱਚੇ ਖੁਦਕਸ਼ੀ ਕਰਨ, ਵਿਧਵਾ ਔਰਤ ਖੁਦਕਸ਼ੀ ਕਰੇ ? ਡਾਕਟਰ ਸਾਹਿਬ ਜੇ ਤੁਸੀਂ ਹਮਦਰਦੀ ਲੈਣਾ ਚਾਹੁੰਦੇ ਹੋ ਤਾਂ ਤੁਹਾਨੂੰ ਉਨ੍ਹਾ ਲੋਕਾਂ ਵਾਸਤੇ ਕੁਝ ਕਰਨਾ ਪਏਗਾ। ਉਨ੍ਹਾਂ ਦੇ ਵਾਸਤੇ ਕੁਝ ਸੋਚਣਾ ਪਏਗਾ, ਉਨ੍ਹਾਂ ਨੂੰ ਰੋਜ਼ਗਾਰ ਦੇਣਾ ਪਏਗਾ। ਇਥੇ ਬੁੜ੍ਹਾਪ ਦੀ ਪੈਨਸ਼ਨਜ਼ ਦੀਆਂ ਗੱਲਾਂ ਹਈਆਂ ਹਨ। ਅਸੀਂ ਕਈਆਂ ਤੋਂ ਦਰਖਾਸਤਾਂ ਦਵਾਈਆਂ ਹਨ ਜਿਹੜੇ ਡਿਜ਼ਰਵ ਨਹੀਂ ਕਰਦੇ ਸੀ ਉਨ੍ਹਾਂ ਨੇ ਵੀ ਦਰਖਾਸਤਾਂ ਦੇ ਦਿੱਤੀਆਂ, ਪਰ ਜਿਹੜੇ ਡਿਜ਼ਰਵ ਕਰਦੇ ਸੀ ਸਾਲਾਂ ਦੇ ਸਾਲ ਹ ਗਏ ਹਨ ਦਰਖਾਸਤਾਂ ਨੂੰ ਪਰ ਕੋਈ ਪਤਾ ਨਹੀਂ। ਕੋਈ ਵਿਚਾਰਾ ਇਕ ਮਹੀਨਾ ਪੈਨਸ਼ਨ ਲੈਂਦਾ ਹੈ, ਕੋਈ ਦੋ ਮਹੀਨੇ, ਤੇ ਮਰ ਜਾਂਦਾ ਹੈ, ਉਨ੍ਹਾਂ ਵਾਸਤੇ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ।

ਮੈਂ ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਮਸਲਾ ਬੜਾ ਜ਼ਰੂਰੀ ਹੈ। ਭੀਖ ਮੰਗਣਾ ਸਾਡੇ ਦੇਸ਼ ਵਿਚੋਂ ਖਤਮ ਹੋਣਾ ਚਾਹੀਦਾ ਹੈ। ਇਹ ਤਦ ਹੀ ਖਤਮ ਹੋ ਸਕੇਗਾ ਜਦੋਂ ਸਾਡੇ ਬੁਨਿਆਦੀ ਮਸਲ ਹਲ ਹੋਣਗੇ।

ਅਗਰ ਆਪ ਕਹੋ ਕਿ ਅਸੀਂ ਬਿਲ ਪਾਸ ਕਰਕੇ ਅਤੇ ਪੂਰੇ ਸਾਧਨ ਦਿਤੇ ਬਿਨਾ ਹੀ ਇਹ ਮਸਲਾ ਹੱਲ ਕਰ ਲਵਾਂਗੇ ਤਾਂ ਇਸ ਨਾਲ ਮਸਲਾ ਹਲ ਨਹੀਂ ਹੋਣਾ। ਮੈਂ ਇਨ੍ਹਾਂ ਨੂੰ ਕਹਾਗਾਂ ਕਿ ਜੋ ਹਾਲਤ ਆਰਡੀਨੈਂਸ ਦੀ ਹੋਈ ਹੈ ਉਹੀ ਹਾਲਤ ਬਿਲ ਦੀ ਵੀ ਹੋਣੀ ਹੈ ਕਿਉਂਕਿ ਇਹ ਸੋਚ ਵਿਚਾਰ ਕੇ ਨਹੀਂ ਲਿਆਂਦਾ ਗਿਆ। ਇਸ ਲਈ ਇਹ ਚੰਗਾ ਹੋਵੇਗਾ ਅਗਰ ਇਹ ਬਿਲ ਸਿਲੈਕਟ ਕਮੇਟੀ ਨੂੰ ਦੇ ਦਿਤਾ ਜਾਵੇ।

EXTENSION OF TIME OF THE SITTING

ਸ਼੍ਰੀ ਸਪੀਕਰ : ਕਿਉਂਕਿ ਬਹੁਤ ਸਾਰੇ ਮੈਂਬਰ ਬੋਲਣਾ ਚਾਹੁੰਦੇ ਹਨ, ਇਸ ਲਈ ਸਦਨ ਦੀ ਬੈਠਕ ਦਾ ਸਮਾਂ ਸਾਢੇ ਦਸ ਵਜੇ ਤਕ ਵਧਾਇਆ ਜਾਂਦਾ ਹੈ। (As quite a large number of Members would like to have their say, the time of the sitting is extended upto 10.30 p.m.)

THE PUNJAB PREVENTION OF BEGGARY BILL, 1971
(Resumption of Discussion)

ਚੌਧਰੀ ਸੁੰਦਰ ਸਿੰਘ (ਨਰੋਟ ਮਹਿਰਾ, ਐਸ.ਸੀ.) : ਸਪੀਕਰ ਸਾਹਿਬ, ਮੈਂ ਨਹੀਂ ਸੀ ਬੋਲਣਾ ਚਾਹੁੰਦਾ ਕਿਉਂਕਿ ਮੈਂ ਸਮਝਦਾ ਹਾਂ ਕਿ ਇਥੇ ਬੋਲਣ ਦਾ ਕੋਈ ਫਾਇਦਾ ਨਹੀਂ ਹੈ।

ਸ੍ਰੀ ਸਪੀਕਰ : ਤੁਸੀਂ ਇਹ ਗਲ ਕਢ ਦਿਉ ਦਿਲ ਵਿਚੋਂ ਅਤੇ ਬੋਲ ਲਵੋ ਜਿੰਨਾ ਮਰਜ਼ੀ । (He may leave this matter aside and speak to his heart's content.)

ਚੌਧਰੀ ਸੁੰਦਰ ਸਿੰਘ : ਹੁਣ ਮੇਰਾ ਦਿਲ ਬੋਲਣ ਲਗ ਪਿਆ ਹੈ, ਇਸ ਲਈ ਮੈਂ ਬੋਲਣ ਲਗਾ ਹਾਂ, ਮੇਰੇ ਦੋਸਤਾਂ ਨੇ ਇਤਰਾਜ਼ ਕੀਤਾ ਹੈ ਕਿ ਇਹ ਜੋ ਆਰਡੀਨੈਂਸ ਹੈ, ਇਸ ਤੇ ਅਮਲ ਨਹੀਂ ਹੋਇਆ । ਮੈਂ ਅਰਜ਼ ਕਰਾਂ ਕਿ ਜਦੋਂ ਕਾਰਪੋਰੇਸ਼ਨ ਬਣਾਈ ਗਈ ਸੀ ਤਾਂ ਉਸ ਤੇ ਵੀ ਇਹੀ ਇਤਰਾਜ਼ ਕੀਤਾ ਗਿਆ ਸੀ ਅਤੇ ਕਿਹਾ ਗਿਆ ਸੀ ਕਿ ਬੜਾ ਖਰਾਬ ਕੰਮ ਹੋ ਰਿਹਾ ਹੈ। ਪਰ ਹੁਣ ਉਸ ਲਈ 5 ਕਰੋੜ ਰੁਪਿਆ ਰਖਿਆ ਗਿਆ ਹੈ। ਅਗਰ ਪਹਿਲਾ ਹੀ ਨਾ ਬਣਨ ਦਿੰਦੇ ਤਾਂ ਕੁਝ ਵੀ ਨਾ ਬਣਦਾ। ਇਸ ਬਿਲ ਦਾ ਖਿਆਲ ਚੰਗਾ ਹੈ ਮਨਿਸਟਰ ਸਾਹਿਬ ਚੰਗੇ ਆਦਮੀ ਹਨ। ਇਹ ਉਸ ਚੰਗੇ ਪਾਸੇ ਵਲ ਚਲ ਪਏ ਹਨ , ਅਗਰ ਅਜ ਅਮਲ ਨਹੀਂ ਵੀ ਹੋਇਆ ਤਾਂ ਕਲ ਨੂੰ ਹੋ ਜਾਵੇਗਾ ।

Every successful man must have behind him somewhere tremendous integrity and tremendous sincerity. That is the cause of signal success of his life. He may not be perfectly unselfish yet he was tending towards it. Had he been perfectly unselfish his would have been as great a secrifice as that of Budha and that of Christ. The degree of selfishness marks the degree of success everywhere.

ਇਹ ਉਸ ਪਾਸੇ ਵਲ ਜਾ ਤਾਂ ਰਹੇ ਹਨ। ਹੁਣ ਇਨ੍ਹਾਂ ਨੇ ਬਿਲ ਬਣਾ ਲਿਆ ਹੈ, ਅਗਰ ਇਹ ਉਸ ਤੇ ਅਮਲ ਨਹੀਂ ਕਰਨਗੇ ਤਾਂ ਆਪੋਜ਼ੀਸ਼ਨ ਵਾਲੇ ਇਨ੍ਹਾਂ ਨੂੰ ਠੀਕ ਕਰਨਗੇ। (ਹਾਸਾ) ਹੁਣ ਬਿਲ ਬਣਿਆ ਹੈ ਤਾਂ ਇਸ ਤੇ ਅਮਲ ਵੀ ਸ਼ੁਰੂ ਹੋ ਜਾਵੇਗਾ ਜਿਵੇਂ ਕਾਰਪੋਰੇਸ਼ਨ ਵਾਲੇ ਐਕਟ ਤੇ ਹੋਇਆ ਹੈ। ਇਸ ਲਈ ਮੈਂ ਇਨ੍ਹਾਂ ਨੂੰ ਇਸ ਬਿਲ ਦੇ ਲਿਆਉਣ ਤੇ ਮੁਬਾਰਕਬਾਦ ਦਿੰਦਾ ਹਾਂ । ਇਹ ਮਨਿਸਟਰ ਹੀ ਇਨ੍ਹਾਂ ਸਾਰਿਆਂ ਵਿਚ ਚੰਗਾ ਆਦਮੀ ਸੀ। ਇਸ ਨੂੰ ਵੀ ਹੁਣ ਇਥੋਂ ਕਢ ਰਹੇ ਹਨ, ਬਾਕੀ ਤਾਂ ਸਾਰੇ ਝੋਲੀ ਚੁਕ ਹੀ ਹਨ (ਹਾਸਾ) ਕੁਝ ਵੀ ਹੋਵੇ ਇਹ ਡਾਕਟਰ ਭਗਤ ਸਿੰਘ ਇਮਾਨਦਾਰ ਆਦਮੀ ਹੈ । (ਵਿਘਨ) ਮੈਂ ਚੀਫ ਮਨਿਸਟਰ ਬਾਰੇ ਕੁਝ ਨਹੀਂ ਕਹਿੰਦਾ ਪਰ ਬਾਕੀ ਸਾਰਿਆਂ ਨਾਲੋਂ ਇਹ ਚੰਗਾ ਹੈ ਅਤੇ ਹਰੀਜਨਾਂ ਦਾ ਖਿਆਲ ਕਰਦਾ ਹੈ । ਉਨ੍ਹਾਂ ਲਈ ਇਨ੍ਹਾਂ ਸਾਰਿਆਂ ਤੋਂ ਵਧ ਸੋਚਦਾ ਹੈ । ਇਸ ਦੇ ਜਾਣ ਨਾਲ ਸੂਬੇ ਨੂੰ ਲਾਸ ਹੈ । (ਵਿਘਨ) ਮੈਨੂੰ ਇਨ੍ਹਾਂ ਸਾਰਿਆਂ ਦੇ ਕੰਮ ਤਾਂ ਪਤਾ ਹਨ ਪਰ ਮੈਂ ਉਸ ਬਾਰੇ ਬੋਲਦਾ ਨਹੀਂ। ਵਕਤ ਆਵੇਗਾ ਤਾਂ ਬੋਲਾਂਗਾ। ਜੋ ਚੰਗਾ ਆਦਮੀ ਹੈ ਜੋ ਇਨਟੈਗਰਿਟੀ ਹੈ ਉਸ ਨੂੰ ਇਥੇ ਰਖਦੇ, ਉਸ ਦੀ ਜ਼ਰੂਰਤ ਹੈ। ਖੈਰ ਉਪਰ ਵੀ ਜਾਵੇਗਾ ਤਾਂ ਚੰਗਾ ਹੀ ਕੰਮ ਕਰੇਗਾ। (ਵਿਘਨ) ਇਸ ਬਿਲ ਨੂੰ ਪਾਸ ਕਰਕੇ ਐਕਟ ਬਣਾਉਣਾ ਚਾਹੀਦਾ ਹੈ (ਤਾੜੀਆਂ) ਪਰ ਨਾਲ ਹੀ ਇਸ ਤੇ ਅਮਲ ਵੀ ਹੋਣਾ ਚਾਹੀਦਾ ਹੈ। ਪਰ ਮੈਨੂੰ ਇਸ ਬਾਰੇ ਸ਼ਕ ਹੈ ਕਿ ਆਪ ਇਸ ਤੇ ਅਮਲ ਕਰਵਾ ਸਕੋਗੇ। ਬਾਦਲ ਸਾਹਿਬ ਆਪਨੇ ਇਸ ਤੇ ਅਮਲ ਕਿਸ ਤੋਂ ਕਰਾਉਣਾ ਹੈ। ਮੈਂ ਆਪ ਨੂੰ ਕਹਾਂਗਾ ਕਿ ਆਪ ਜ਼ਰਾ ਤਕੜੇ ਹੋਕੇ ਕੰਮ ਕਰੋ ਜਿੰਨੀ ਦੇਰ ਹਕੂਮਤ ਕਰਨੀ ਹੈ, ਤਕੜੇ ਹੋਕੇ ਰਹੋ। ਬਾਕੀ ਹਾਲਾਤ ਬੜੇ ਖਰਾਬ ਹੋ ਰਹੇ ਹਨ। (ਵਿਘਨ)

ਸ੍ਰੀ ਸਪੀਕਰ : ਜਿੰਨੀ ਦੇਰ ਆਪ ਬਾਦਲ ਸਾਹਿਬ ਦੇ ਪਿਛੇ ਹੋ ਇਨ੍ਹਾਂ ਨੂੰ ਕਿਸ ਦਾ ਡਰ ਹੈ (ਹਾਸਾ) (So long as you are at his back, Sardar Parkash Singh need not be afraid of anybody.)

ਚੌਧਰੀ ਸੁੰਦਰ ਸਿੰਘ : ਮੈਂ ਤਾਂ ਇਨ੍ਹਾਂ ਨਾਲ ਸਿਮਪਥੀ ਰਖਦਾ ਹਾਂ । ਪਰ ਜਦੋਂ ਇਹ ਦੂਜਿਆਂ ਦੇ ਕਾਬੂ ਆ ਜਾਂਦੇ ਹਨ ਤਾਂ ਇਨ੍ਹਾਂ ਦੇ ਚੰਗੇ ਭਲੇ ਆਰਡਰ ਨਹੀਂ ਚਲਦੇ ਤੁਸੀਂ ਦੇਖੋ ਕਿ ਇਕ ਘਰ ਦੇ ਵਿਚ ਅਗਰ ਸਾਰੇ ਹੀ ਇੰਡੀਪੈਂਡੈਂਟ ਹੋ ਜਾਣ ਤਾਂ ਉਹ ਘਰ ਕਿਵੇਂ ਚਲ ਸਕਦਾ ਹੈ । ਇਸ ਲਈ ਮੈਂ ਕਹਾਂਗਾ ਕਿ ਇਹ ਐਕਟ ਚੰਗਾ ਹੈ, ਪਰ ਇਸ ਨੂੰ ਚਲਾਉਣਾ ਆਪ ਨੇ ਹੈ, ਉਸ ਵਿਚ ਮੈਨੂੰ ਖਦਸ਼ਾ ਹੈ । ਅਗਰ ਆਪ ਇਸ ਨੂੰ ਚੰਗੀ ਤਰ੍ਹਾਂ ਚਲਾ ਸਕੋ ਤਾਂ ਬੜੀ ਚੰਗੀ ਗਲ ਹੋਵੇਗੀ । ਬਾਕੀ ਦੀਆਂ ਹੋਰ ਬਹੁਤ ਸਾਰੀਆਂ ਗਲਾਂ ਚਲ ਰਹੀਆਂ ਹਨ, ਉਹ ਚੰਗੀਆਂ ਨਹੀਂ । ਇਹ ਜਿਹੜੇ ਆਪਨੂੰ ਦਸਦੇ ਰਹਿੰਦੇ ਹਨ ਕਿ ਸਭ ਕੁਝ ਠੀਕ ਚਲ ਰਿਹਾ ਹੈ, ਇਹ ਗਲ ਗਲਤ ਹੈ । ਇਨ੍ਹਾਂ ਨੂੰ ਵੀ ਠੀਕ ਕਰੋ ਤੇ ਆਪਣੇ ਆਪ ਨੂੰ ਵੀ ਠੀਕ ਕਰੋ ।

Be of good cheer and believe that we are selected by the God to do great things and we will do them. Hold yourself in readiness i.e. be pure and holy and love for love's sake, love the poor, love the miserable and the down-trodden. God will bless you.

ਆਪ ਸਮਝਦੇ ਹੋ ਕਿ ਲੋਕਾਂ ਨੂੰ ਠੀਕ ਕਰਨਾ ਹੈ ਪਰ ਆਪ ਨੇ ਆਪਣੇ ਆਪ ਨੂੰ ਠੀਕ ਕਰਨਾ ਹੈ, ਨਹੀਂ ਤਾਂ ਭੱਠਾ ਬੈਠਿਆ ਪਿਆ ਹੈ । (ਹਾਸਾ)

ਖੁਦਾਕੇ ਆਸ਼ਿਕ ਤੋ ਹੈਂ ਹਜ਼ਾਰੋਂ, ਬਨੋਂ ਮੇਂ ਫਿਰਤੇ ਹੈਂ ਮਾਰੇ ਮਾਰੇ,
ਮੈਂ ਉਸਕਾ ਬੰਦਾ ਬਨੂੰਗਾ ਜਿਸਕੋ ਖੁਦਾ ਕੇ ਬੰਦੋਂ ਸੇ ਪਿਆਰ ਹੋਗਾ ।
ਤੁਮਹਾਰੀ ਤਹਿਜ਼ੀਬ ਆਪਨੇ ਖੰਜਰ ਸੇ ਆਪ ਹੀ ਖੁਦਕਸ਼ੀ ਕਰੇਗੀ,
ਸ਼ਾਖੇ ਨਾਜ਼ੁਕ ਪਰ ਜੋ ਆਸ਼ਿਆਨਾ ਬਨੇਗਾ ਨਾਪਾਇਦਾਰ ਹੋਗਾ ।

ਇਸ ਲਈ ਖਿਆਲ ਰਖੋ । ਜੋ ਝੋਲੀ ਚੁੱਕੇ ਹਨ ਇਹ ਕਹਿਣਗੇ ਕਿ ਸਭ ਠੀਕ ਹੈ । ਪਰ ਅਸਲ ਵਿਚ ਭੱਠਾ ਬੈਠਿਆ ਹੋਇਆ ਹੁੰਦਾ ਹੈ । ਉਨ੍ਹਾਂ ਦੀ ਗਲ ਨਾ ਸੁਣੋਂ ਡਾਂਗ ਦੀ ਗਲ ਸੁਣੋ, ਉਸ ਨਾਲ ਕੰਮ ਚਲਣਾ ਹੈ । ਡਾਕਟਰ ਭਗਤ ਸਿੰਘ ਕਹਿੰਦੇ ਹਨ ਕਿ ਮੰਗਤਿਆਂ ਦਾ ਕੁਝ ਕਰਨਾ ਹੈ । ਇਨ੍ਹਾਂ ਨੂੰ ਦੂਜਿਆਂ ਦੇ ਬਰਾਬਰ ਲਿਆਉਣਾ ਹੈ । ਜਿਹੜੇ ਅਜ ਡਿਗੇ ਪਏ ਹਨ ਇਨ੍ਹਾਂ ਨੇ ਕਲ ਨੂੰ ਉਪਰ ਆਉਣਾ ਹੈ ।

ਮੈਂ ਜ਼ੁਲਮਤੇ ਸ਼ਬ ਮੇਂ ਨਿਕਲੂੰਗਾ ਦਰਮਾਂਦਾ ਕਾਰਵਾਂ ਕੋ
ਸ਼ੱਰਫਸ਼ਾਂ ਹੋਗੀ ਆਹ ਮੇਰੀ ਨਫਸ ਮੇਰਾ ਸ਼ੋਲਾਏ ਬਾਰ ਹੋਗਾ,
ਸਫੀਨਾ ਬਰਗੇਗੁਲ ਕਾ ਬਨਾ ਲੇਗਾ ਕਾਫਲਾ ਮੋਹਰੇ ਨਾਤਵਾਂ ਕਾ
ਹਜ਼ਾਰ ਮੌਜੋਂ ਕੀ ਹੋ ਕਸ਼ਾਕਸ਼ ਯਿਹ ਦਰੀਆ ਸੇ ਪਾਰ ਹੋਗਾ ।

ਕਲ ਆਪ ਦਾ ਭੱਠਾ ਬੈਠ ਜਾਣਾ ਹੈ, ਇਥੇ ਉਪਰ ਉਹ ਆਉਣਗੇ ਜਿਹੜੇ ਸੁੱਕੀ ਰੋਟੀ ਖਾਕੇ ਗੁਜ਼ਾਰਾ ਕਰਦੇ ਹਨ । ਉਨ੍ਹਾਂ ਨੇ ਆਪ ਤੋਂ ਅਗੇ ਨਿਕਲ ਜਾਣਾ ਹੈ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਹ ਕਹਾਂਗਾ ਕਿ ਜਿਹੜੀ ਇਹ ਪਾਵਰ ਇਸ ਬਿਲ ਰਾਹੀਂ ਲੈ ਰਹੇ ਹਨ, ਇਸ ਨੂੰ ਲੈ ਕੇ ਹਿੰਮਤ

[ਚੌਧਰੀ ਸੁੰਦਰ ਸਿੰਘ]

ਦੇ ਨਾਲ ਕਾਰਵਾਈ ਕਰਨੀ ਚਾਹੀਦੀ ਹੈ। ਲੋਕਾਂ ਨੂੰ ਐਕਸਪਲਾਇਟ ਨਹੀਂ ਕਰਨਾ ਚਾਹੀਦਾ । ਮੈਂ ਤਾਂ ਇਹ ਸਮਝਦਾ ਹਾਂ ਕਿ ਜਿਹੜਾ ਦੂਜਿਆਂ ਨੂੰ ਐਕਸਪਲਾਇਟ ਕਰਦਾ ਹੈ ਉਹ ਆਪ ਹੀ ਐਕਸਪਲਾਇਟ ਹੋ ਜਾਂਦਾ ਹੈ। (ਵਿਘਨ)

ਸ੍ਰੀ ਸਪੀਕਰ : ਇਹ ਕਿਤੇ ਤੁਸੀਂ ਵਜ਼ੀਰ ਸਾਹਿਬ ਨੂੰ ਫੇਅਰਵੈੱਲ ਸਪੀਚ ਤਾਂ ਨਹੀਂ ਦੇ ਰਹੇ (ਹਾਸਾ) (May I ask the hon. Member if this is a farewell speech in honour of the Minister.) (*Laughter*)

ਚੌਧਰੀ ਸੁੰਦਰ ਸਿੰਘ : ਗਲ ਤਾਂ ਤੁਹਾਡੀ ਠੀਕ ਹੀ ਹੈ ਸਪੀਕਰ ਸਾਹਿਬ। ਮੈਂ ਹੋਰ ਇਨ੍ਹਾਂ ਦੀ ਪਾਰਟੀ ਵਿਚ ਜਿਹੜੇ ਆਦਮੀ ਹਨ ਉਨ੍ਹਾਂ ਦਾ ਕੀ ਜਿਕਰ ਕਰਾਂ । ਤੋਬਾ ਤੋਬਾ (ਹਾਸਾ) ਕਮਾਲ ਹੀ ਹੋਈ ਪਈ ਹੈ। ਉਹ ਕਹਿੰਦੇ ਹਨ ਕਿ ਸਾਨੂੰ ਤਾਂ ਕਿਸੇ ਗਲ ਦਾ ਹੀ ਪਤਾ ਨਹੀਂ । (ਵਿਘਨ) (ਉਨ੍ਹਾਂ ਦਾ ਨਾਂ ਤਾਂ ਲੈ ਦਿਉ) ਨਾਮ ਮੈਂ ਨਹੀਂ ਲੈਣਾ ਚਾਹੁੰਦਾ ਕਿਉਂਕਿ ਇਸ ਤਰ੍ਹਾਂ ਆਪਸ ਵਿਚ ਲੜਾਈ ਪੈਂਦੀ ਹੈ । ਪਰ ਮੈਂ ਇਨ੍ਹਾਂ ਨੂੰ ਇਹ ਕਹਾਂਗਾ ਕਿ ਇਨ੍ਹਾਂ ਦਾ ਤਾਂ ਭੱਠਾ ਹੀ ਬੈਠਣ ਵਾਲਾ ਹੈ (ਹਾਸਾ) ਇਹ ਆਪ ਹੀ ਵੇਖ ਲੈਣ । ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਗਾਂ ਕਿ ਉਨ੍ਹਾਂ ਨੂੰ ਇਹ ਹਕੂਮਤ ਮਿਲੀ ਹੈ, ਇਹ ਮੌਕਾ ਮਿਲਿਆ ਹੈ, ਇਸ ਲਈ ਡਟ ਕੇ ਕੰਮ ਕਰੋ ਜਿੰਨਾਂ ਚਿਰ ਤਕ ਤੁਸੀਂ ਇਸ ਆਫਿਸ ਵਿਚ ਹੋ ਅਤੇ ਜਿੰਨਾਂ ਚਿਰ ਤਕ ਤੁਸੀਂ ਇਸ ਥਾਂ ਤੇ ਠਹਿਰ ਸਕਦੇ ਹੋ ਅਤੇ ਕੰਮ ਕਰਕੇ ਲੋਕਾਂ ਨੂੰ ਵਿਖਾ ਦਿਓ ਕਿ ਤੁਹਾਡੀ ਗੌਰਮਿੰਟ ਸਹੀ ਕੰਮ ਕਰ ਰਹੀ ਹੈ ਅਤੇ ਠੀਕ ਤਰੀਕੇ ਨਾਲ ਚਲ ਰਹੀ ਹੈ। ਸਾਡਾ ਜਦ ਚੀਫ ਮਨਿਸਟਰ ਹੁੰਦਾ ਸੀ ਤਾਂ ਸਾਨੂੰ ਦਸਿਆ ਕਰਦਾ ਸੀ। ਮੈਂ ਭੀਮਸੈਨ ਸੱਚਰ ਹੋਰਾਂ ਦੀ ਗਲ ਕਰ ਰਿਹਾਂ ਹਾਂ । (ਵਿਘਨ)

ਸ੍ਰੀ ਸਪੀਕਰ : ਤੁਸੀਂ ਬੈਗਰੀ ਬਿਲ ਤੇ ਬੋਲੋ (ਵਿਘਨ) (I would request the hon. Member to speak on the Beggary Bill.)

ਚੌਧਰੀ ਸੁੰਦਰ ਸਿੰਘ : ਮੈਂ ਇਸ ਦੇ ਬਾਰੇ ਵਿਚ ਹੀ ਜ਼ਿਕਰ ਕਰ ਰਿਹਾ ਹਾਂ ਕਿ ਕਿਸ ਤਰ੍ਹਾਂ ਚੀਫ ਮਨਿਸਟਰ ਨੂੰ ਕੰਮ ਕਰਨਾ ਚਾਹੀਦਾ ਹੈ ਉਨ੍ਹਾਂ ਨੇ ਸਾਨੂੰ ਇਕ ਵੇਰ ਕਿਹਾ ਕਿ ਮੈਂ ਤਾਂ ਉਸ ਮਨਿਸਟਰ ਨੂੰ ਹੀ ਚੰਗਾ ਸਮਝਦਾ ਹਾਂ ਕਿ ਜਦ ਉਹ ਕਿਸੇ ਰੈਸਟ-ਹਾਊਸ ਵਿਚ ਜਾਵੇ ਤਾਂ ਕੋਈ ਆਦਮੀ ਉਸ ਨੂੰ ਮਿਲਣ ਨਾ ਆਵੇ। ਮੈਂ ਪੁਛਿਆ ਕਿ ਇਸ ਦਾ ਕੀ ਮਤਲਬ ਹੋਇਆ ਤਾਂ ਉਨ੍ਹਾਂ ਕਿਹਾ ਸੀ ਕੀ ਜੇਕਰ ਕੋਈ ਮਿਲਣ ਨਾ ਆਵੇ ਤਾਂ ਪਤਾ ਲਗਦਾ ਹੈ ਕਿ ਉਸ ਵਜ਼ੀਰ ਦੇ ਮਹਿਕਮੇ ਵਿਚ ਕੋਈ ਗੜਬੜ ਨਹੀ ਪਰ ਅਜ ਕੀ ਹਾਲਤ ਹੈ ਕਿ ਵਜ਼ੀਰ ਦੇ ਮਗਰ ਕਈ ਲੋਕ ਪਏ ਫਿਰਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਇਸ ਸਰਕਾਰ ਦਾ ਤਾਂ ਭੱਠਾ ਹੀ ਬੈਠਾ ਹੋਇਆ ਹੈ (ਹਾਸਾ) ਇਸ ਲਈ ਮੈਂ ਇਨ੍ਹਾਂ ਸ਼ਬਦਾਂ ਦੇ ਨਾਲ ਇਹ ਕਹਾਂਗਾ ਕਿ ਬੈਗਰੀ ਨੂੰ ਰੋਕਣ ਦੇ ਬਾਰੇ ਵਿਚ ਇਹ ਬਿਲ ਇਕ ਚੰਗਾ ਕਦਮ ਹੈ। ਇਸ ਤੇ ਅਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਇਸ ਦਾ ਪਤਾ ਲਗੇ ਕਿ ਇੱਕ ਚੰਗਾ ਕਦਮ ਇਸ ਸਰਕਾਰ ਨੇ ਉਠਾਇਆ ਹੈ ।

ਅੱਜ ਕਲ ਪਿੰਡਾਂ ਵਿਚ ਕੀ ਕੁਝ ਹੋ ਰਿਹਾ ਹੈ। ਇਸ ਦੇ ਬਾਰੇ ਵਿਚ ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਧਿਆਨ ਦੇਣ ਕਿਉਂਕਿ ਬਿਲ ਤਾਂ ਪਾਸ ਹੋ ਗਿਆ ਪਰ ਅਮਲ ਤਾਂ ਇਨ੍ਹਾਂ ਹੀ ਕਰਾਉਣਾ ਹੈ ਅਤੇ ਫਿਰ ਪੁਲਿਸ ਦੀ ਮਾਰਫਤ ਜੇਕਰ ਕਰਾਉਣਾ ਹੈ ਤਾਂ ਪੁਲਿਸ ਦਾ ਹਾਲ ਇਨ੍ਹਾਂ ਨੂੰ ਪਤਾ ਹੀ ਹੈ ਕਿ ਦਿਹਾਤਾਂ ਵਿਚ ਅਜ ਕਲ ਕੀ ਹੋ ਰਿਹਾ ਹੈ। ਇਨ੍ਹਾਂ ਜਥੇਦਾਰਾਂ ਨੇ ਇਕ ਇਕ ਥਾਣੇਦਾਰ ਨੂੰ ਸੰਭਾਲਿਆ

ਹੋਇਆ ਹੈ ਅਤੇ ਜੋ ਕੁਝ ਉਹ ਜ਼ਿਆਦਤੀਆਂ ਕਰਦੇ ਹਨ ਕਈ ਤਾਂ ਇਨ੍ਹਾਂ ਜਥੇਦਾਰਾਂ ਕਰਕੇ ਬਚ ਜਾਂਦਾ ਹੈ ਅਤੇ ਕੋਈ ਵਡੇ ਅਫਸਰਾਂ ਕਰਕੇ ਹੀ ਬਚ ਜਾਂਦਾ ਹੈ। ਇਸ ਲਈ ਜਿਹੜਾ ਤੁਸੀਂ ਕੰਮ ਕਰੋਗੇ ਉਸ ਵਲ ਪੂਰਾ ਧਿਆਨ ਦੇਣ ਦੀ ਲੋੜ ਹੈ। ਇਸ ਵਿਚ ਚਿੰਤਾ ਦੀ ਕੋਈ ਗਲ ਨਹੀਂ। ਮੈਂ ਇਨ੍ਹਾਂ ਕਹਿੰਦਾ ਹੋਇਆ ਡਾਕਟਰ ਭਗਤ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਹ ਇਕ ਚੰਗਾ ਬਿਲ ਲਿਆਂਦਾ ਹੈ ਅਤੇ ਇਹ ਆਸ ਕਰਦਾ ਹਾਂ ਕਿ ਇਸ ਤੇ ਸਖਤੀ ਨਾਲ ਅਮਲ ਕੀਤਾ ਜਾਵੇਗਾ।

ਸਰਦਾਰ ਮਹਿੰਦਰ ਸਿੰਘ ਬਥੇਹਾਲੀ (ਗੁਰਦਾਸਪੁਰ) : ਸਪੀਕਰ ਸਾਹਿਬ, ਮੈਂ ਇਸ ਬਿਲ ਦੇ ਸਬੰਧ ਵਿਚ ਕੁਝ ਬੇਨਤੀਆਂ ਕਰਨ ਲਈ ਖੜਾ ਹੋਇਆ ਹਾਂ। ਜਿਵੇਂ ਕਿ ਮੈਨੂੰ ਹੁਕਮ ਕੀਤਾ ਗਿਆ ਹੈ, ਮੈਂ ਥੋੜਾ ਸਮਾਂ ਹੀ ਲਵਾਂਗਾ। (ਵਿਘਨ) ਕਿਸ ਹੁਕਮ ਕੀਤਾ ਹੈ ? ਇਹ ਹੁਕਮ ਮੇਰੀ ਪਾਰਟੀ ਵਲੋਂ ਆਇਆ ਹੈ ਕਿ ਮੈਂ ਥੋੜੇ ਵਕਤ ਵਿਚ ਹੀ ਆਪਣੀ ਗਲ ਕਹਿ ਦੇਵਾਂ ਜੇਕਰ ਤੁਸੀਂ ਚਾਹੁੰਦੇ ਹੋ ਤਾਂ ਤੁਹਾਡਾ ਹੁਕਮ ਮੰਨਣ ਨੂੰ ਤਿਆਰ ਹਾਂ। (ਵਿਘਨ) ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਸਾਥੀਆਂ ਪਾਸ ਬੇਨਤੀ ਕਰਾਂਗਾ ਕਿ ਜਿਹੜੇ ਇਸ ਬਿਲ ਦੀ ਅਜ ਵਿਰੋਧਤਾ ਕਰਦੇ ਹਨ ਉਹ ਸਚਾਈ ਨੂੰ ਝੁਟਲਾ ਨਹੀਂ ਸਕਦੇ। ਜਿਹੜੇ ਇਸ ਬਿਲ ਦੇ ਪੇਸ਼ ਕਰਨ ਤੇ ਆਪ ਸਾਡੇ ਵਜ਼ੀਰ ਸਾਹਿਬ ਨੂੰ ਵਧਾਈ ਪੇਸ਼ ਕਰਦੇ ਹਨ, ਇਨ੍ਹਾਂ ਆਪਣਾ ਪਾਸਾ ਕਦੇ ਕੁਰੇਦ ਕੇ ਨਹੀਂ ਵੇਖਿਆ ਕਿ ਕੀ ਕਦੇ ਇਨ੍ਹਾਂ ਨੇ ਇਹ ਗਲ ਮਹਿਸੂਸ ਨਹੀਂ ਸੀਂ ਕੀਤੀ ਕਿ ਇਸ ਤਰ੍ਹਾਂ ਦਾ ਕਦਮ ਚੁਕਣਾ ਚਾਹੀਦਾ ਹੈ। ਜੇਕਰ ਇਹ ਸਹੀ ਕਦਮ ਹੈ ਤਾਂ ਫਿਰ ਇਸ ਤੇ ਨੁਕਤਾਚੀਨੀ ਕੇਵਲ ਇਸ ਪਾਰਟੀ ਨੂੰ ਬਦਨਾਮ ਕਰਨ ਲਈ ਕੀਤੀ ਗਈ ਹੈ। ਮੈਂ ਗੁਜ਼ਾਰਿਸ਼ ਕਰਾਂਗਾ ਕਿ ਜਦ ਜ਼ਮੀਨ ਖਰੀਦਣ ਦਾ ਹਕ ਕੁਝ ਕੌਮਾਂ ਨੂੰ ਸੀ ਤਾਂ ਇਨ੍ਹਾਂ ਵਿਚੋਂ ਬਹੁਤ ਸਾਰੇ ਆਦਮੀਆਂ ਨੇ ਆਪਣੇ ਨਾਮ ਉਸ ਕੈਟੇਗਰੀ ਵਿਚ ਲਿਖਵਾ ਲਏ ਸਨ ਅਤੇ ਆਪਣੀ ਅਸਲੀ ਕੌਮ ਤੋਂ ਹੀ ਮੁਨਕਰ ਹੋ ਗਏ ਸਨ ਜਿਵੇਂ ਕਿ ਸੁਨਾਰ ਆਦਿ ਜਿਹੜੇ ਕਿ ਆਪਣੇ ਆਪ ਨੂੰ ਰਾਜਪੂਤ ਅਖਵਾਉਣ ਲਗ ਪਏ ਸਨ ਤਾਂ ਕਿ ਇਨ੍ਹਾਂ ਨੂੰ ਜ਼ਮੀਨ ਖਰੀਦਣ ਦਾ ਹਕ ਪਹੁੰਚ ਜਾਵੇ ਅਤੇ ਇਹ ਉਸ ਸਮੇਂ ਦੇ ਕਾਨੂੰਨ ਦੀ ਜ਼ਦ ਵਿਚ ਆ ਸਕਣ ਅਤੇ ਫਾਇਦਾ ਉਠਾ ਸਕਣ। ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਾਂਗਰਸ ਪਾਸ 22 ਸਾਲ ਹਕੂਮਤ ਦੀ ਵਾਗ ਡੋਰ ਰਹੀ ਪਰ ਇਨ੍ਹਾਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਹੁਣ ਅਕਾਲੀ ਪਾਰਟੀ ਦੀ ਹਕੂਮਤ ਆਈ ਹੈ ਤਾਂ ਇਨ੍ਹਾਂ ਨੂੰ ਤੌਖਲਾ ਪੈ ਗਿਆ ਹੈ ਅਤੇ ਆਪਣੀ ਖੋਹੀ ਤਾਕਤ ਨੂੰ ਹਾਸਲ ਕਰਨ ਲਈ ਇਹ ਫਜ਼ੂਲ ਗਲਾਂ ਲੈਕੇ ਨੁਕਤਾਚੀਨੀ ਇਸ ਸਰਕਾਰ ਤੇ ਕਰਦੇ ਹਨ ਅਤੇ ਇਸ ਸਰਕਾਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਆਸ਼ਰਮ ਤਾਂ ਪਹਿਲਾਂ ਵੀ ਬਣਾਏ ਜਾ ਸਕਦੇ ਸਨ ਪਰ ਮੈਂ ਸਮਝਦਾ ਹਾਂ ਕਿ ਜੇਕਰ ਇਹ ਪਹਿਲਾਂ ਬਣਾ ਦਿਤੇ ਜਾਂਦੇ ਤਾਂ ਕੋਈ ਮੌਕਾ ਸਨਾਸ਼ ਆਪਣੇ ਆਪਨੂੰ ਬੇਕਾਰ ਕਹਿ ਕੇ ਭਿਖ ਮੰਗਿਆਂ ਦੀ ਕੈਟੇਗਰੀ ਵਿਚ ਸ਼ਾਮਿਲ ਕਰ ਲੈਂਦੇ ਤਾਂ ਕਿ ਫਾਇਦਾ ਉਠਾਇਆ ਜਾ ਸਕੇ। ਜਿਸ ਤ੍ਹਾਂ ਕਿ ਜ਼ਮੀਨ ਖਰੀਦਣ ਦੇ ਲਈ ਪਾਬੰਦੀ ਦੇ ਵੇਲੇ ਕੀਤਾ ਗਿਆ ਸੀ (ਪ੍ਰਸ਼ੰਸਾ) ਇਸ ਬਿਲ ਵਿਚ ਤਾਂ ਇਸ ਗਲ ਦੀ ਤਸ਼ਰੀਹ ਕੀਤੀ ਗਈ ਹੈ ਕਿ ਜਦ ਲੋੜ ਪਈ ਸਰਕਾਰ ਨੋਟੀਫਿਕੇਸ਼ਨ ਰਾਹੀਂ ਇਸ ਤੇ ਅਮਲ ਸ਼ੁਰੂ ਕਰ ਦੇਵੇਗੀ। ਇਹ ਸਹੀ ਕਦਮ ਸੀ ਨਹੀਂ ਤਾਂ ਇਸ ਕੈਟੇਗਰੀ ਵਿਚ ਲੋਕੀ ਸ਼ਾਮਲ ਹੋ ਜਾਂਦੇ। ਕਪੂਰ ਸਾਹਿਬ ਨੇ ਕਿਸੇ ਡੀ. ਸੀ. ਦੇ ਬਾਰੇ ਵਿਚ ਕਿਹਾ ਹੈ ਅਤੇ ਹਵਾਲਾ ਦਿੰਦੇ ਉਗੜ ਦੁਗੜ ਗਲਾਂ ਕੀਤੀਆਂ ਹਨ ਜੋ ਕਿ ਕਿਸੇ ਅਫਸਰ ਦੇ ਸ਼ਾਨ ਦੇ ਸ਼ਾਇਆਂ ਨਹੀਂ ਜੇਕਰ ਇਹ ਗਲ ਸਹੀ ਹੈ ਤਾਂ ਇਹ ਉਸ ਅਫਸਰ ਦਾ ਨਾਮ ਦੇ ਦੇਣ ਤਾਂ ਪੂਰੀ ਕਾਰਵਾਈ ਕੀਤੀ ਜਾਵੇਗੀ। ਕਿਸੇ ਅਫਸਰ ਨੂੰ ਇਸ ਤਰ੍ਹਾਂ ਦੀਆਂ ਗਲਾਂ ਕਹਿਣ ਦਾ ਹਕ ਨਹੀਂ ਅਤੇ ਨਾ ਹੀ ਇਸ ਤਰ੍ਹਾਂ ਐਮ. ਐਲ. ਏ. ਸਾਹਿਬ ਨੂੰ ਕਰਨਾ ਚਾਹੀਦਾ ਹੈ। ਜੇਕਰ ਇਨ੍ਹਾਂ ਨੇ ਆਪਣੇ ਪਾਸ ਤੋਂ ਹੀ ਕਿਹਾ ਹੈ ਤਾਂ ਇਹ ਗਲਤ ਗਲ ਹੈ ਅਤੇ ਇਹਨਾਂ ਨੇ ਇਸ ਤਰ੍ਹਾਂ ਕਿਸੇ ਕਰਮਚਾਰੀ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਹੈ। ਕਿਸੇ ਚੰਗੇ ਕੰਮ ਨੂੰ ਕਰਨ ਲਈ ਪਹਿਲਾਂ ਅਹਿਸਾਸ

[ਸਰਦਾਰ ਮਹਿੰਦਰ ਸਿੰਘ ਬਬੇਹਾਲੀ]

ਹੋਣਾ ਚਾਹੀਦਾ ਹੈ । ਫਿਰ ਇਜ਼ਹਾਰ ਕੀਤਾ ਜਾਂਦਾ ਹੈ ਅਤੇ ਫਿਰ ਅਮਲ ਕੀਤਾ ਜਾਂਦਾ ਹੈ। ਪਰ ਇਨ੍ਹਾਂ ਨੇ ਇਨ੍ਹਾਂ ਵਿਚੋਂ ਕੋਈ ਵੀ ਗਲ ਆਪਣੇ ਪਿਛਲੇ 22 ਸਾਲ ਦੇ ਰਾਜ ਵਿਚ ਨਹੀਂ ਕੀਤੀ। ਕੀ ਇਹ ਆਪ ਹੀ ਸੋਚ ਸਕਦੇ ਹਨ ਕਿ ਇਨ੍ਹਾਂ ਨੇ ਕਿਸੇ ਵੀ ਚੀਜ਼ ਤੇ ਅਮਲ ਕੀਤਾ ਹੈ ਜਾਂ ਨਹੀਂ ਅਤੇ ਇਨ੍ਹਾਂ ਨੇ ਭਿਖ ਮੰਗਣ ਦੀ ਮਨਾਹੀ ਕਿਉਂ ਨਾ ਕੀਤੀ ਇਹ ਤਾਂ ਇਸ ਤਰ੍ਹਾਂ ਦਾ ਵਿਚਾਰ ਵੀ ਆਪਣੇ ਮਨ ਵਿਚ ਨਹੀਂ ਸਨ ਲਿਆ ਸਕੇ ਅਤੇ ਹੁਣ ਇਤਰਾਜ਼ ਕਰਦੇ ਹਨ। ਮੈਂ ਇਸ ਬਿਲ ਦੇ ਲਿਆਉਣ ਤੇ ਇਸ ਅਕਾਲੀ ਸਰਕਾਰ ਨੂੰ ਵਧਾਈ ਦਿੰਦਾ ਹਾਂ। ਇਹ ਇਕ ਚੰਗਾ ਕਦਮ ਹੈ। ਇਸ ਲਈ ਕਿਸੇ ਮਨਿਸਟਰ ਨੂੰ ਜਾਂ ਇਸ ਸਰਕਾਰ ਨੂੰ ਡਿਸਕਰੈਡਿਟ ਨਹੀਂ ਦੇਣਾ ਚਾਹੀਦਾ ।

ਸਪੀਕਰ ਸਾਹਿਬ, ਮੈਂ ਇਸ ਬਿਲ ਦੇ ਸਬੰਧ ਵਿਚ ਐਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਵਿਚ ਤਿੰਨ ਤਰ੍ਹਾਂ ਦੇ ਆਸ਼ਰਮ ਬਨਾਉਣ ਦੀ ਤਜਵੀਜ ਕੀਤੀ ਗਈ ਹੈ । ਇਕ ਤਾਂ ਉਨ੍ਹਾਂ ਲਈ ਜਿਹੜੇ ਕਿ ਬੇਰੁਜ਼ਗਾਰ ਹੋਣ ਅਤੇ ਫਿਰ ਫਿਰ ਕੇ ਮੰਗਦੇ ਹੋਣ, ਦੂਜਾ ਉਨ੍ਹਾਂ ਲਈ ਜਿਹੜੇ ਕਿ ਬੀਮਾਰ ਹੋਣ ਅਤੇ ਤੀਜਾ ਉਨ੍ਹਾਂ ਲਈ ਜਿਨ੍ਹਾਂ ਨੂੰ ਮੰਗਣ ਲਈ ਤਿਆਰ ਕੀਤਾ ਜਾਂਦਾ ਹੈ। ਇਸ ਬਿਲ ਰਾਹੀਂ ਸਰਕਾਰ ਨੂੰ ਆਥੋਰਾਈਜ਼ ਕੀਤਾ ਜਾ ਰਿਹਾ ਹੈ ਕਿ ਉਹ ਉਸ ਤਰ੍ਹਾਂ ਦੇ ਭਿਖ ਮੰਗਿਆਂ ਦੇ ਬਾਰੇ ਵਿਚ ਕਾਰਵਾਈ ਕਰੇ। ਇਸ ਲਈ ਜਦ ਤਕ ਇਸ ਬਿਲ ਦੇ ਪਾਸ ਹੋ ਜਾਣ ਨਾਲ ਸਰਕਾਰ ਨੂੰ ਆਥੋਰਾਈਜ਼ ਨਹੀਂ ਕੀਤਾ ਜਾਂਦਾ, ਇਸ ਤਰ੍ਹਾਂ ਦਾ ਵਾਵੇਲਾ ਅਪੋਜ਼ੀਸ਼ਨ ਵਲੋਂ ਕਬਲ ਅਜ਼ ਮਰਗ ਹੈ । ਇਹ ਦਰੁਸਤ ਨਹੀਂ। ਇਹ ਗਲ ਤਾਂ ਤੁਸੀਂ ਸਾਰੇ ਜਾਣਦੇ ਹੋ ਅਤੇ ਰੋਜ਼ਾਨਾ ਜ਼ਿੰਦਗੀ ਦੀਆਂ ਘਟਨਾਵਾਂ ਹਨ ਕਿ ਕਿਸ ਤਰ੍ਹਾਂ ਸਫਰ ਕਰਦਿਆਂ ਭਿਖ ਮੰਗਿਆਂ ਨੂੰ ਵੇਖੀਦਾ ਸੀ। ਇਹ ਹੋ ਸਕਦਾ ਹੈ ਕਿ ਇਸ ਬਿਲ ਵਿਚ ਕੁਝ ਖਾਮੀਆਂ ਹੋਣ ਕਿਉਂਕਿ ਜਦ ਵੀ ਕੋਈ ਪਹਿਲੀ ਚੀਜ਼ ਕੀਤੀ ਜਾਂਦੀ ਹੈ ਜਾਂ ਕਦਮ ਚੁਕਿਆ ਜਾਂਦਾ ਹੈ ਤਾਂ ਉਸ ਵਿਚ ਖਾਮੀਆਂ ਆ ਸਕਦੀਆਂ ਹਨ ਇਨ੍ਹਾਂ ਦੇ ਬਾਰੇ ਵਿਚ ਡਾਂਗ ਸਾਹਿਬ ਨੇ ਕੁਝ ਤਜਵੀਜ਼ਾਂ ਚੰਗੀਆਂ ਦਿਤੀਆਂ ਹਨ ਕੀ ਉਨ੍ਹਾਂ ਬਾਰੇ ਸਰਕਾਰ ਧਿਆਨ ਕਰੇਗੀ । ਪਰ ਇਹ ਕਹਿਣਾ ਕਿ ਜਦ ਆਰਡੀਨੈਂਸ ਹੋਇਆ ਉਸ ਵਿਚ ਲਾਗੂ ਕਰਨ ਦੇ ਬਾਰੇ ਵਿਚ ਨੋਟੀਫਿਕੇਸ਼ਨ ਨਹੀਂ ਕੀਤਾ ਗਿਆ, ਇਹ ਠੀਕ ਨਹੀਂ ਕਿਉਂਕਿ ਇਹ ਜਾਣ ਕੇ ਨਹੀਂ ਸੀ ਕੀਤਾ ਗਿਆ। ਜਦ ਤਕ ਕਿ ਬਾਕੀ ਸਾਰਾ ਇੰਤਜ਼ਾਮ ਨਾ ਹੋ ਜਾਵੇ ਨੋਟੀਫਿਕੇਸ਼ਨ ਨਹੀਂ ਸੀ ਕੀਤਾ ਜਾ ਸਕਦਾ । ਪਰ ਤੁਸੀਂ ਸਪੀਕਰ ਸਾਹਿਬ, ਇਹ ਵੇਖਿਆ ਹੋਵੇਗਾ ਕਿ ਜਦ ਦਾ ਇਹ ਆਰਡੀਨੈਂਸ ਜਾਰੀ ਕੀਤਾ ਗਿਆ ਹੈ, ਜਿਹੜੇ ਜਾਹਲੀ ਭਿਖ ਮੰਗੇ ਸੀ ਉਹ ਨੁਕਰਾਂ ਵਿਚ ਜਾ ਕੇ ਲੁਕ ਗਏ ਹਨ ਇਸ ਆਰਡੀਨੈਂਸ ਦੀ ਝਲਕ ਨਾਲ ਹੀ ਕਿ ਕਿਤੇ ਉਹ ਇਸ ਦੀ ਜ਼ਦ ਵਿਚ ਨਾ ਆ ਜਾਣ। ਜੇਕਰ ਥੋੜੇ ਜਿਹੇ ਅਮਲ ਨਾਲ ਇਹ ਪਰਾਪਤੀ ਹੋ ਸਕਦੀ ਹੈ ਤਾਂ ਇਸ ਤੇ ਅਮਲ ਕਰਨ ਦੀ ਲੋੜ ਹੈ ਅਤੇ ਜ਼ਰਾ ਖੇਚਲ ਕਰਨ ਨਾਲ ਭਿਖ ਮੰਗਣ ਦੀ ਲਾਹਨਤ ਨੂੰ ਖਤਮ ਕੀਤਾ ਜਾ ਸਕਦਾ ਹੈ। ਇਹ ਜ਼ਰੂਰੀ ਨਹੀਂ ਕਿ ਇਸ ਤੇ ਕਰੋੜਾਂ ਰੁਪਿਆ ਖਰਚ ਕੀਤਾ ਜਾਵੇ, ਜਿਸ ਤਰ੍ਹਾਂ ਦਾ ਤੌਖਲਾ ਕਿ ਕੁਝ ਮੈਂਬਰ ਸਾਹਿਬਾਨ ਨੇ ਦਿਤਾ ਹੈ। ਜੇਕਰ ਰੋਜ਼ਗਾਰ ਦਾ ਮਸਲਾ ਹੱਲ ਕਰ ਦਿੱਤਾ ਜਾਵੇ ਤਾਂ ਇਹ ਲਾਹਨਤ ਘਟ ਸਕਦੀ ਹੈ। ਇਹ ਪਹਿਲਾਂ ਲਾਗੂ ਨਹੀਂ ਕੀਤਾ ਗਿਆ ਕਿਉਂਕਿ ਡਰ ਸੀ ਕਿ ਜਿਸ ਤਰ੍ਹਾਂ ਹਰੀਜਨਾਂ ਨੂੰ ਰਿਆਇਤਾਂ ਦੇਣ ਦਾ ਇਲਾਨ ਜਦ ਕੀਤਾ ਗਿਆ ਤਾਂ ਕਈ ਜਾਤੀਆਂ ਨੇ ਆਪਣੀ ਅਸਲੀ ਜ਼ਾਤ ਨੂੰ ਛਡ ਕੇ ਹਰੀਜਨ ਬਣਨਾ ਪਰਵਾਨ ਕਰ ਲਿਆ ਸੀ ਇਸੇ ਤਰ੍ਹਾਂ ਇਨ੍ਹਾਂ ਗਰੀਬਾਂ ਨੂੰ ਜੇਕਰ ਕੋਈ ਰਿਆਇਤ ਦਿਤੀ ਜਾਂਦੀ ਤਾਂ ਇਨ੍ਹਾਂ ਦੇ ਠੇਕੇਦਾਰ ਹੀ ਆਪਣੇ ਆਪ ਨੂੰ ਭਿਖ ਮੰਗਾ ਕਹਿ ਕੇ ਰਿਆਇਤਾਂ ਲੈ ਜਾਂਦੇ। ਇਹ ਸੋਚਣ ਦੀ ਜਿਹੜੀ ਮਨੁਖੀ ਸੁਭਾ ਦੀ ਟੈਂਡਨਸੀ ਹੈ, ਇਸ ਨੂੰ ਸਾਹਮਣੇ ਰਖ ਕੇ ਇਸ ਤਰ੍ਹਾਂ ਕੀਤਾ ਗਿਆ ਹੈ। ਇਸ ਬਿਲ ਦੇ ਲਿਆਉਣ ਵਿਚ ਜਿੰਨੀ ਵੀ ਡਾਕਟਰ ਭਗਤ ਸਿੰਘ ਦੀ ਤਾਰੀਫ ਕੀਤੀ ਜਾਵੇ, ਥੋੜੀ ਹੈ। ਮੈਂ ਇਨ੍ਹਾਂ ਨੂੰ ਇਹ ਬਿਲ ਲਿਆਉਣ ਤੇ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਸ ਬਿਲ ਨੂੰ ਛੇਤੀ ਅਮਲ ਵਿਚ ਲਿਆਉਂਦਾ ਜਾਵੇ। ਇਕ ਵੇਰ ਫਿਰ ਧੰਨਵਾਦ ਕਰਦਾ ਹਾਂ ।

ਸ੍ਰੀ ਰੂਪ ਲਾਲ ਸਾਥੀ (ਮੋਗਾ) : ਸਪੀਕਰ ਸਾਹਿਬ, ਮੈਂ ਕਿਹੜੇ ਲਫਜ਼ਾਂ ਨਾਲ ਵਧਾਈ ਦੇਵਾਂ ਡਾਕਟਰ ਭਗਤ ਸਿੰਘ ਹੋਰਾਂ ਨੂੰ ਜਿਨ੍ਹਾਂ ਨੇ ਇਹ ਬਿਲ ਲਿਆਂਦਾ ਹੈ । ਇਹ ਇਕ ਇਨ੍ਹਾਂ ਨੇ ਪਰਉਪਕਾਰ ਦਾ ਕੰਮ ਕੀਤਾ ਹੈ ਜਿਸਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ । (ਵਿਘਨ) ਕਾਂਗਰਸ ਨੂੰ ਤਾਂ ਇਸ ਗਲ ਦਾ ਖਫ਼ਤ ਹੈ ਕਿ ਸੋਨੇ ਨੂੰ ਪਿੱਤਲ ਹੀ ਆਖੀ ਜਾਣਾ ਭਾਵੇਂ ਕੁਝ ਕਰ ਲਉ ਅਤੇ ਇਕ ਗਡੇ ਹੋਏ ਬਾਂਸ ਤੇ ਉਪਰ ਠਾਂਹ ਹੁੰਦੇ ਰਹਿੰਦੇ ਹਨ ਕਿ ਮੈਂ ਨਾ ਮਾਨੂੰ ਮੈਂ ਨਾ ਮਾਨੂੰ (ਹਾਸਾ) ਅਤੇ ਸਹੀ ਗਲ ਵਲ ਨਹੀਂ ਜਾਂਦੇ । ਚੌਧਰੀ ਸੁੰਦਰ ਸਿੰਘ ਹੋਰਾਂ ਨੇ ਕਹਿ ਤਾਂ ਦਿਤਾ ਅਤੇ ਆਪਣੇ ਕਾਂਗਰਸੀ ਸਾਥੀਆਂ ਨੂੰ ਹੀ ਲਾਕੇ ਗਲ ਕਹਿ ਗਏ ਹਨ ਗਲ ਵਲਾ ਕੇ ਕਹੀ ਹੈ ਉਨ੍ਹਾਂ ਸਿਧੇ ਠੋਕਰ ਨਹੀਂ ਮਾਰੀ (ਵਿਘਨ)

ਜਿਥੇ ਤਕ ਇਸ ਬਿਲ ਦਾ ਸਬੰਧ ਹੈ ਡਾਕਟਰ ਸਾਹਿਬ ਨੇ ਬੜੀ ਸੂਝ ਬੂਝ ਤੋਂ ਕੰਮ ਲਿਆ ਹੈ ਅਤੇ ਇਹ ਬਿਲ ਲਿਆਉਣ ਵਿਚ ਦਲੇਰੀ ਵਿਖਾਈ ਹੈ ਅਤੇ ਦੇਸ਼ ਵਿਚ ਇਹ ਪਹਿਲਾ ਰਾਜ ਹੈ ਕਿ ਜਿਸ ਵਿਚ ਇਸ ਤਰ੍ਹਾਂ ਦੀ ਲੈਜਿਸਲੇਸ਼ਨ ਲਿਆਂਦੀ ਜਾ ਰਹੀ ਹੈ। ਕਾਂਗਰਸ ਤਾਂ ਆਪਣੇ 24 ਸਾਲ ਦੇ ਰਾਜ ਵਿਚ ਇਹ ਨਾ ਕਰ ਸਕੀ ਅਤੇ ਉਨ੍ਹਾਂ ਨੇ ਤਾਂ ਸਮਾਜ ਦਾ ਬੇੜਾ ਹੀ ਗਰਕ ਕਰ ਦਿਤਾ ਸੀ (ਵਿਘਨ) ਛਜ ਤਾਂ ਬੋਲੇ ਛਾਨਣੀ ਕੀ ਬੋਲੇ । ਇਨ੍ਹਾਂ ਦੀ ਹਿੰਦ ਸਰਕਾਰ ਹੈ ਅਤੇ ਬਾਹਰ ਇਨ੍ਹਾਂ ਨੇ ਇਸ ਮੁਲਕ ਦੀ ਕੀ ਹਾਲਤ ਕਰ ਦਿੱਤੀ ਹੈ। ਇਨ੍ਹਾਂ ਨੇ ਆਪਣੀ ਹਕੂਮਤ ਵਿਚ ਸਾਰੇ ਦੇਸ਼ ਨੂੰ ਗੈਰ ਮੁਲਕਾਂ ਵਿਚ ਭਿਖ ਮੰਗਾ ਬਣਾ ਕੇ ਪੇਸ਼ ਕਰ ਦਿੱਤਾ ਸੀ ਕਿ ਭਾਰਤ ਇਕ ਭਿਖ ਮੰਗਿਆਂ ਦਾ ਟੋਲਾ ਹੈ । ਕਿੰਨੇ ਅਫਸੋਸ ਦੀ ਗਲ ਹੈ ਕਿ ਇਟਲੀ ਵਿਚ ਅਮਰੀਕਾ ਵਿਚ ਅਤੇ ਹੋਰਨਾਂ ਮੁਲਕਾਂ ਵਿਚ ਸਾਡੇ ਦੇਸ਼ ਦੇ ਨਾਂ ਦੇ ਡਬੇ ਲਟਕਵਾ ਦਿਤੇ ਹਨ ਕਿ ਸਾਡੇ ਦੇਸ਼ ਨੂੰ ਅਨਾਜ ਚਾਹੀਦਾ ਹੈ। ਜਦੋਂ ਕੋਈ ਚੰਗਾ ਸੁਝਾਓ ਹੋਵੇ ਉਹ ਤਾਂ ਮੰਨ ਲੈਣਾ ਚਾਹੀਦਾ ਹੈ, ਜੇ ਆਪਦੇ ਪੱਲੇ ਅਕਲ ਨਹੀਂ ਤਾਂ ਕਿਸੇ ਤੋਂ ਸਿਖ ਲਓ, ਕਿਸੇ ਸਿਖ ਦੇ ਬਣ ਜਾਓ ਤਾਂ ਕੀ ਹਰਜ ਹੈ (ਇਕ ਮਾਨ ਯੋਗ ਮੈਂਬਰ : ਤੁਸੀਂ ਅਜ ਸਿਖਾਂ ਦੇ ਬਣ ਗਏ ਹੋ ਜਿਨ੍ਹਾਂ ਨੂੰ ਕਲ੍ਹ ਨਚਾਰ ਕਹਿੰਦੇ ਸੀ) ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਹੜੀ ਗਲ ਚੰਗੀ ਹੈ ਉਹਨੂੰ ਤਾਂ ਚੰਗੀ ਹੀ ਕਿਹਾ ਜਾਵੇਗਾ। ਪੰਜਾਬ ਸਰਕਾਰ ਨੇ ਇਸ ਪਾਸੇ ਜਿਹੜਾ ਕਦਮ ਉਠਾਇਆ ਹੈ ਇਹ ਬੇਹਤਰੀਨ ਹੈ ਅਤੇ ਸਾਨੂੰ ਸਾਰਿਆਂ ਨੂੰ ਬਗੈਰ ਕਿਸੇ ਟੀਕਾ ਟਿਪਣੀ ਤੋਂ ਪਾਸ ਕਰਨਾ ਚਾਹੀਦਾ ਹੈ।

ਸ੍ਰੀ ਗਿਆਨ ਚੰਦ ਖਰਬੰਦਾ (ਅੰਮ੍ਰਿਤਸਰ): ਐਸਾ ਮਾਲੂਮ ਹੁੰਦਾ ਹੈ ਕਿ ਪੰਜਾਬ ਸਰਕਾਰ ਨੂੰ ਕੋਈ ਨਾਦਾਨ ਵਜ਼ੀਰ ਮਿਲਿਆ ਹੈ, ਜਿਸ ਨੇ ਇਕ ਡੀਫੈਕਟਿਵ ਢੰਗ ਦਾ ਆਰਡੀਨੈਂਸ ਜਾਰੀ ਕਰਵਾਇਆ । ਜਿਸ ਦੇ ਨਾਲ ਇਕ ਬੁਨਿਆਦੀ ਗਲਤੀ ਹੋਈ ਹੈ ਜਿਸ ਦੇ ਕਿ ਨਤੀਜੇ ਅਛੇ ਨਹੀਂ ਨਿਕਲ ਸਕਦੇ । ਜੇ ਕੋਈ ਆਦਮੀ ਆਪਣੀ ਜ਼ਾਤੀ ਲੋੜਾਂ ਲਈ ਕਿਸੇ ਤੋਂ ਕਰਜ਼ਾ ਲੈਂਦਾ ਉਸ ਨੂੰ ਭੀਖ ਮੰਗਾ ਤਸੱਵਰ ਨਹੀਂ ਕੀਤਾ ਜਾ ਸਕਦਾ, ਇਸ ਦੀ ਹੌਂਸਲਾ ਅਫਜ਼ਾਈ ਹੋਣੀ ਚਾਹੀਦੀ ਹੈ ਕਿਉਂ ਜੋ ਉਸ ਨੇ ਕਰਜ਼ ਮੋੜਨ ਦੇ ਲਈ ਮੇਹਨਤ ਕਰਕੇ ਪੈਸਾ ਕਮਾਉਣਾ ਹੈ ਅਤੇ ਇਸ ਨੂੰ ਵਾਪਸ ਕਰਨਾ ਹੈ । ਪਰ ਇਹ ਬਿਲ ਇਸ ਨੂੰ ਪੂਰਾ ਨਹੀਂ ਕਰੇਗਾ ਸਗੋਂ ਇਸ ਦਾ ਮਿਸਯੂਜ਼ ਕੀਤਾ ਜਾਵੇਗਾ ਜਿਸ ਤਰ੍ਹਾਂ ਕਿ ਅਸੀਂ 107/51 ਦੇ ਸੈਕਸ਼ਨ ਦੀ ਆਮ ਵਰਤੋਂ ਵਿਚ ਵੇਖਦੇ ਹਾਂ, ਇਹ ਜ਼ਾਤੀ ਅਗਰਾਜ਼ ਨੂੰ ਪੂਰਾ ਕਰਨ ਦੇ ਵਾਸਤੇ ਹੀ ਇਸਤਮਾਲ ਕੀਤੀ ਜਾਂਦੀ ਹੈ। ਅਜ ਪਬਲਕ ਦੇ ਖਿਲਾਫ ਇਸ ਸੈਕਸ਼ਨ ਨੂੰ ਅਮ੍ਰਿਤਧਾਰਾ ਦੀ ਤਰ੍ਹਾਂ ਵਰਤਿਆ ਜਾ ਰਿਹਾ ਹੈ ਹਾਲਾਂਕਿ ਇਸ ਦੀਆਂ ਅਗਰਾਜ਼ ਹੋਰ ਸੀ । ਇਸੇ ਤਰ੍ਹਾਂ ਇਹ ਭਿਖਮੰਗਿਆਂ ਦੇ ਲਈ ਬਣਾਇਆ ਗਿਆ ਬਿਲ ਪੁਲੀਸ ਰਾਹੀਂ ਅਤੇ ਹੋਰ ਅਸਰ ਰਸੂਖ ਵਾਲਿਆਂ ਰਾਹੀਂ ਇਸ ਦੀ ਗਲਤ ਵਰਤੋਂ ਹੀ ਕੀਤੀ ਜਾਵੇਗੀ। ਅੱਜ ਅਸੀਂ ਕੀ ਵੇਖਦੇ ਹਾਂ ਜੇ ਕਿਸੇ ਸਪਾਹੀ ਨਾਲ ਜਾਂ ਹੋਰ ਥਾਣੇ ਦੇ ਅਮਲੇ ਦੇ ਆਦਮੀ ਨਾਲ ਕਿਸੇ ਮੁਲਜ਼ਮ ਦੀ ਬਿਗੜ ਜਾਵੇ ਤਾਂ ਥਾਨੇ ਵਿਚ ਅਫੀਮ ਉਹ ਖੁਦ ਉਸ ਦੇ ਪਾਸ ਰਖ ਕੇ ਉਸ ਨੂੰ ਫੜ ਲੈਂਦੇ ਹਨ। ਮੈਨੂੰ ਪਤਾ ਹੈ ਕਿ ਲੋਕਾਂ ਨੂੰ ਥਾਨੇ ਵਾਲੇ ਖੁਦ ਅਫੀਮ ਸਪਲਾਈ ਕਰਦੇ ਹਨ, ਪਰ ਜਿਸ ਕਿਸੇ ਨੂੰ

[ਸ੍ਰੀ ਗਿਆਨ ਚੰਦ ਖਰਬੰਦਾ]

ਫੜਨਾ ਹੋਵੇ ਤਾਂ ਉਸ ਤੇ ਅਫੀਮ ਦੀ ਬਰਾਮਦਗੀ ਦਾ ਕੇਸ ਬਣਾ ਦਿੱਤਾ ਜਾਂਦਾ ਹੈ। ਭੀਖ-ਮੰਗਣਾ ਇਥੇ ਦੋ ਤਰ੍ਹਾਂ ਦਾ ਸਵਾਲ ਪੈਦਾ ਕਰਦਾ ਹੈ। ਇਕ ਤਾਂ ਪ੍ਰਾਈਵੇਟ ਜਗ੍ਹਾ ਤੇ ਭੀਖ ਮੰਗਣਾ, ਦੂਸਰਾ ਹੈ ਪਬਲਿਕ ਮੁਕਾਮ ਤੇ ਭੀਖ ਮੰਗਣਾ। ' ਪ੍ਰਾਈਵੇਟ ਜਗ੍ਹਾ ਤੇ ਇਸ ਤਰ੍ਹਾਂ ਹੋ ਸਕਦਾ ਹੈ ਕਿ ਕਈ ਸ਼ਖਸ਼ ਆਕੇ ਕਹੇ ਕਿ ਫਲਾਂ ਆਦਮੀ ਮੇਰੇ ਘਰ ਭੀਖ ਮੰਗਣ ਆਇਆ ਹੈ ਉਸ ਨੂੰ ਫੌਰਨ ਗਰਿਫਤਾਰ ਕੀਤਾ ਜਾਵੇ। ਇਹ ਹਰ ਕੋਈ ਜਿਸ ਦਾ ਬਦਲਾ ਲੈਣਾ ਹੋਵੇ ਇਲਜ਼ਾਮ ਲਗਾ ਸਕਦਾ ਹੈ ਜਿਵੇਂ 107/51 ਬਾਰੇ ਅਤੇ ਅਫੀਮ ਦੇ ਰਖਣ ਬਾਰੇ, ਮੈਂ ਅਰਜ਼ ਕੀਤੀ ਹੈ। ਇਕ ਗਰੀਬ ਆਦਮੀ ਵਿਚਾਰਾ ਆਪਣੀ ਜ਼ਰੂਰਤ ਲਈ ਕਿਸੇ ਤੋਂ ਚਾਰ ਪੈਸੇ ਮੰਗਣ ਜਾਂਦਾ ਹੈ ਪਰ ਉਹ ਕਾਨੂੰਨ ਦੀ ਜ਼ਦ ਵਿਚ ਆ ਜਾਂਦਾ ਹੈ। ਜੇ ਕਿਸੇ ਨੇ ਆਪਣੇ ਬੱਚੇ-ਬੱਚੀ ਦੀ ਸ਼ਾਦੀ ਕਰਨੀ ਹੋਵੇ ਅਤੇ ਉਹ ਕਿਸੇ ਤੋਂ ਕੁਝ ਰੁਪਏ ਦੀ ਡੀਮਾਂਡ ਕਰੇ ਤਾਂ ਉਹ ਵੀ ਭਿਖ ਮੰਗਿਆਂ ਦੇ ਕਾਨੂੰਨ ਦੇ ਵਿਚ ਆ ਸਕਦਾ ਹੈ। ਜੇ ਕੋਈ ਕਿਸੇ ਤੋਂ ਮੰਗਦਾ ਹੈ ਉਹ ਮਜ਼ਬੂਰੀ ਹਾਲਤ ਦੇ ਵਿਚ ਮੰਗਦਾ ਹੈ, ਪਰ ਜਦੋਂ ਕਿਸੇ ਸਰਮਾਏਦਾਰ ਦੇ ਕੋਲ ਜਾਂਦਾ ਹੈ ਜਿਸ ਨੂੰ ਇਹ ਪਸੰਦ ਨਹੀਂ ਉਹ ਫੌਰਨ ਜੁਰਮ ਕਰਾਰ ਦੇਕੇ ਇਸ ਨੂੰ ਅੰਦਰ ਕਰਾ ਦੇਵੇਗਾ। ਇਸੇ ਤਰ੍ਹਾਂ ਹੀ ਜੇ ਕੋਈ ਆਦਮੀ ਕਿਸੇ ਪਾਰਟੀ ਦੀ ਰਸੀਦ ਬੁਕ ਲੈਕੇ ਕਿਸੇ ਦੇ ਘਰ ਚੰਦਾ ਲੈਣ ਜਾਵੇਗਾ ਉਹ ਵੀ ਗੈਰ ਕਾਨੂੰਨੀ ਤਸੱਵਰ ਕੀਤਾ ਜਾਵੇਗਾ। ਇਸ ਤਰ੍ਹਾਂ ਪਬਲਿਕ ਮਕਾਮ ਤੇ ਪੁਲੀਸ ਨੂੰ ਇਖਤਿਆਰ ਹੋਵੇਗਾ ਕਿ ਉਹ ਕਿਸੇ ਦੇ ਖਿਲਾਫ ਵੀ ਇਸ ਕਾਨੂੰਨ ਦੀ ਵਰਤੋਂ ਕਰ ਸਕਣਗੇ। ਇਸੇ ਤਰ੍ਹਾਂ ਇਕ ਸ਼ਖਸ਼ ਕਿਸੇ ਮਰਜ਼ ਦਾ ਜੇਕਰ ਦਾਇਮੀ ਮਰੀਜ਼ ਹੈ ਉਸਨੇ ਆਪਣਾ ਇਲਾਜ ਕਰਵਾਉਣਾ ਹੋਵੇ। ਉਹ ਵੀ ਜੇ ਚਾਰ ਪੈਸੇ ਕਿਸੇ ਤੋਂ ਲਵੇ ਤਾਂ ਇਹ ਵੀ ਇਕ ਕਾਨੂੰਨ ਦੀ ਖਿਲਾਫ ਵਰਜ਼ੀ ਵਿਚ ਗਲ ਆਵੇਗੀ। ਇਥੇ ਸੈਂਕੜੇ ਜੇ.ਬੀ. ਟੀ. ਆਪਣਾ ਰੋਣਾ ਰੋ ਕੇ ਗਏ ਹਨ, ਬੇਰੋਜ਼ਗਾਰੀ ਵਿਚ ਸੈਂਕੜੇ ਲੋਕ ਫਿਰ ਰਹੇ ਹਨ, ਉਹ ਵੀ ਇਕ ਭਿਖ ਮੰਗਿਆਂ ਦੀ ਤਰ੍ਹਾਂ ਹਨ, ਸ਼ਾਇਦ ਤੁਸੀਂ ਉਨ੍ਹਾਂ ਨੂੰ ਭਿਖਾਰੀ ਨਹੀਂ ਕਹਿ ਸਕਦੇ। ਇਕ ਉਹ ਆਦਮੀ ਵੀ ਹੈ ਜਿਹੜਾ ਕੁਝ ਕਰਦਾ ਹੀ ਨਹੀਂ ਜੇਕਰ ਉਹ ਕਿਸੇ ਦੇ ਅੱਗੇ ਹੱਥ ਫੈਲਾਉਂਦਾ ਹੈ ਆਪਣੇ ਰੋਟੀ ਪਾਣੀ ਦਾ ਬੰਦੋਬਸਤ ਕਰਦਾ ਹੈ, ਉਸ ਤੇ ਭਿਖਮੰਗੇ ਦਾ ਇਲਜ਼ਾਮ ਲਗਾਕੇ ਉਸ ਤੇ ਇਹ ਕਾਨੂੰਨ ਦੀ ਵਰਤੋਂ ਨਹੀਂ ਹੋਣੀ ਚਾਹੀਦੀ। ਮੈਂ ਅਰਜ਼ ਕਰਾਂ ਕਿ ਇਨ੍ਹਾਂ ਤੋਂ ਇਕ ਆਰਡੀ-ਨੈਂਸ ਜਾਰੀ ਹੋਇਆ ਜਿਹੜਾ ਕਿ ਸਰਾਸਰ ਗਲਤ ਸੀ, ਇਕ ਝੂਠਾ ਪ੍ਰੈਸਟੇਜ ਕਾਇਮ ਰਖਣ ਦੀ ਖਾਤਰ ਇਹ ਬੈਗਰੀ ਬਿਲ ਲਿਆਂਦਾ ਗਿਆ ਹੈ। ਇਹ ਮੁਨਾਸਿਬ ਨਹੀਂ। ਇਥੇ ਇਕ ਪ੍ਰੋਪੋਜ਼ਲ ਡਾਂਗ ਸਾਹਿਬ ਨੇ ਦਿੱਤੀ ਸੀ ਉਹ ਮੰਨ ਲੈਣੀ ਚਾਹੀਦੀ ਹੈ। ਇਥੇ ਜਿਸ ਤਰ੍ਹਾਂ ਦੀ ਬੈਗਿੰਗ ਦੀ ਡੈਫੀਨੀਸ਼ਨ ਦਿੱਤੀ ਗਈ ਹੈ ਉਸ ਦੇ ਅਨੁਸਾਰ ਹਰ ਕੋਈ ਕੰਮ ਕਰਨ ਵਾਲਾ ਇਸ ਦੀ ਜ਼ਦ ਦੇ ਵਿਚ ਆ ਸਕਦਾ ਹੈ, ਜਿਸ ਤਰ੍ਹਾਂ ਕੋਈ ਚੀਜ਼ਾਂ ਵੇਚਣ ਵਾਲਾ (ਸੈਲਿੰਗ ਆਰਟੀਕਲਜ਼) ਦਾ ਸ਼ਬਦ ਇਸ ਵਿਚ ਲਿਖਿਆ ਹੈ ਉਹ ਸਾਰੇ ਹੀ ਆ ਜਾਂਦੇ ਹਨ। ਇਸ ਤਰ੍ਹਾਂ ਜੇ ਕਿਸੇ ਦੀ ਕਿਸੇ ਦੇ ਨਾਲ ਦੁਸ਼ਮਣੀ ਹੋ ਗਈ ਹੈ, ਇਕ ਪਿੰਡ ਵਾਲਾ ਹੈ ਜਿਸ ਨੂੰ ਕੁਝ ਪਤਾ ਨਹੀਂ, ਜੇਕਰ ਦੂਸਰਾ ਸ਼ਖਸ਼ ਉਸ ਨੂੰ ਸਜ਼ਾ ਦਿਲਾਉਣੀ ਚਾਹੇ ਜਾਂ ਆਪਣੀ ਮਰਜ਼ੀ ਦੇ ਭਾਉ ਤੇ ਉਸ ਤੋਂ ਕੋਈ ਚੀਜ਼ ਲੈਣੀ ਚਾਹੇ ਤਾਂ ਇਸ ਬਿਲ ਦੀਆਂ ਕਲਾਜ਼ਾਂ ਦੇ ਨਾਜਾਇਜ਼ ਦਬਾਓ ਦਿਲਾਕੇ ਉਸ ਤੋਂ ਆਪਣਾ ਕੰਮ ਲੈ ਸਕਦਾ ਹੈ ਜਾਂ ਦੁਸ਼ਮਣੀ ਕਢਣ ਲਈ ਫੜਾ ਵੀ ਸਕਦਾ ਹੈ। ਇਸੇ ਤਰ੍ਹਾਂ ਜਿਹੜੇ ਫਾਰਚੂਨ ਟੈਲਰ ਹਨ, ਉਹ ਵੀ ਇਸ ਦੀ ਜ਼ਦ ਵਿਚ ਆਉਂਦੇ ਹਨ। ਮੈਨੂੰ ਪਤਾ ਹੈ ਕਈ ਘਰਾਨੇ ਐਸੇ ਹਨ ਜਿਥੇ ਬਾਹਰ ਤਾਂ ਇਹ ਕਹਿੰਦੇ ਹਨ ਕਿ ਉਹ ਜੋਤਸ਼ ਦੇ ਖਿਲਾਫ ਹਨ, ਪਰ ਘਰ ਬੈਠ ਕੇ ਜੋਤਸ਼ੀਆਂ ਤੋਂ ਪਤਰੀਆਂ ਵਖਾਉਂਦੇ ਹਨ। ਇਸ ਤਰ੍ਹਾਂ ਜਿਹੜਾ ਜੋਤਸ਼ ਦੀ ਗਲ ਕਰਦਾ ਹੈ ਉਹ ਵੀ ਰਗੜ ਦਿੱਤਾ ਜਾ ਸਕਦਾ ਹੈ। ਮੈਂ ਇਥੇ ਹੁਣ ਇਹੋ ਅਰਜ਼ ਕਰਾਂਗਾ ਕਿ ਇਹ ਬਿਲ ਕਿਸੇ ਹਾਲਤ ਵਿਚ ਵੀ ਅਜੇ ਪਾਸ ਨਹੀਂ ਹੋਣਾ ਚਾਹੀਦਾ। ਸਾਰੇ ਮਕਸਦ ਨੂੰ ਚੰਗੀ ਤਰ੍ਹਾਂ ਸੁਲਝਾਉਣ ਦੇ ਲਈ ਇਹ ਬਿਲ ਸਿਲੈਕਟ ਕਮੇਟੀ ਦੇ ਸਪਰਦ ਕਰਨਾ ਚਾਹੀਦਾ ਹੈ, ਜਿਹੜੀ ਇਹ ਵੇਖੇ ਕਿ ਕਿਹੜਾ ਪਬਲਿਕ ਮੁਕਾਮ ਹੈ

ਅਤੇ ਕਿਹੜਾ ਪ੍ਰਾਈਵੇਟ ਮੁਕਾਮ ਹੈ। ਇਹ ਇਤਨਾ ਗਲਤ ਹੈ ਕਿ ਕਿਵੇਂ ਵੀ ਕਿਸੇ ਦੀ ਕੋਈ ਲੋੜ ਪੂਰੀ ਨਹੀਂ ਕਰਦਾ। ਇਹ ਸਿਲੈਕਟ ਕਮੇਟੀ ਦੇ ਪਾਸ ਚਲਾ ਜਾਵੇ, ਜਿਸ ਤਰ੍ਹਾਂ ਡਾਂਗ ਸਾਹਿਬ ਨੇ ਪ੍ਰੋਪੋਜ਼ ਕੀਤਾ ਹੈ ਇਸ ਕਮੇਟੀ ਵਿਚ ਹੋਰ ਬੰਦਿਆਂ ਨੂੰ ਵੀ ਲੈ ਲਿਆ ਜਾਵੇ ਤਾਂ ਜੋ ਇਸ ਦੀਆਂ ਖਾਮੀਆਂ ਦੂਰ ਹੋ ਕੇ, ਠੀਕ ਢੰਗ ਨਾਲ ਸਾਡੇ ਸਾਹਮਣੇ ਆਵੇ। ਇਸ ਦੇ ਨਾਲ ਕੋਈ ਮਕਸਦ ਪੂਰਾ ਨਹੀਂ ਹੁੰਦਾ। ਇਹ ਠੀਕ ਹੈ ਕਿ ਇਸਦਾ ਜਿਹੜਾ ਮਕਸਦ ਹੈ ਉਹ ਬੜਾ ਨੇਕ ਹੈ ਪਰ ਜਿਸ ਢੰਗ ਦੇ ਨਾਲ ਇਹ ਡਰਾਫਟ ਕੀਤਾ ਗਿਆ ਹੈ ਉਸ ਦੇ ਆਧਾਰ ਤੇ ਇਕ ਗਲਤ ਕਦਮ ਉਠਾਇਆ ਗਿਆ ਹੈ। ਇਸ ਦੇ ਨਾਲ ਸਰਕਾਰ ਦੀ ਸ਼ੋਭਾ ਨਹੀਂ ਹੋਣੀਂ ਸਗੋਂ ਬਦਨਾਮੀ ਹੋਵੇਗੀ। ਇਹ ਹੋਣਾ ਚਾਹੀਦਾ ਹੈ ਜੇ ਕੋਈ ਭੁਖਾ ਹੈ ਉਸ ਨੂੰ ਰੋਟੀ ਮਿਲੇ ਜੇ ਕਿਸੇ ਦੇ ਪਾਸ ਰਿਹਾਇਸ਼ ਨਹੀਂ ਤਾਂ ਉਸ ਨੂੰ ਮਕਾਨ ਮਿਲੇ ਜਾਂ ਕਪੜਾ ਨਹੀਂ ਤਾਂ ਉਸ ਨੂੰ ਪਹਿਨਣ ਲਈ ਕਪੜਾ ਮਿਲੇ ਤਾਂ ਇਸ ਤੇ ਸਹੀ ਮਹਿਨਿਆਂ ਦੇ ਵਿਚ ਅਮਲ ਹੋ ਸਕਦਾ ਹੈ। ਇਸ ਨੂੰ ਪਾਸ ਕੀਤਿਆਂ ਆਰਡੀਨੈਂਸ ਦੇ ਰਾਹੀਂ ਅਜ 6 ਮਹੀਨੇ ਹੋ ਗਏ ਹਨ ਪਰ ਇਸ ਤੇ ਅਜੇ ਤੱਕ ਕਤਈ ਅਮਲ ਨਹੀਂ ਹੋਇਆ। ਇਸ ਤਰ੍ਹਾਂ ਤਾਂ ਇਕ ਧੜਾ ਦੂਸਰੇ ਨੂੰ ਜਿਸ ਦੀ ਵੀ ਉਸ ਨੇ ਦੁਸ਼ਮਣੀ ਕਢਣੀ ਹੋਵੇ ਰਗੜਾ ਲਗਾ ਸਕਦਾ ਹੈ। ਜਿਥੋਂ ਤਕ ਇਸ ਦਾ ਮਕਸਦ ਹੈ ਉਹ ਨੇਕ ਹੈ, ਮੈਂ ਇਸ ਦੀ ਹਮਾਇਤ ਕਰਦਾ ਹਾਂ।

ਸਰਦਾਰ ਉਮਰਾਓ ਸਿੰਘ (ਬੜਾ ਪਿੰਡ) : ਜਿਥੋਂ ਤਕ ਇਸ ਬਿਲ ਦੀ ਇੰਟਰੋਡਕਸ਼ਨ ਦਾ, ਇਸਦੇ ਏਮਜ਼ ਦਾ ਸਵਾਲ ਹੈ, ਮੈਂ ਇਸ ਦੇ ਲਈ ਡਾਕਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ, ਉਨ੍ਹਾਂ ਨੇ ਬੜਾ ਬੋਲਡ ਸਟੈਪ ਲਿਆ ਹੈ, ਆਰਡੀਨੈਂਸ ਲਿਆਉਣ ਦੇ ਵਾਸਤੇ। ਪਰ 6 ਮਹੀਨੇ ਵਿਚ ਇਸ ਤੇ ਜੇ ਕੋਈ ਅਮਲ ਹੋਇਆ ਹੋਵੇ, ਕੋਈ ਕਾਰਗੁਜ਼ਾਰੀ ਕੀਤੀ ਹੋਵੇ, ਉਹ ਵੀ ਦਸੀ ਜਾ ਸਕਦੀ ਸੀ, ਇਨ੍ਹਾਂ ਨੇ 5 ਲਖ ਰੁਪਿਆਂ ਹੋਮਜ਼ ਦੇ ਵਾਸਤੇ ਰਖਿਆ ਹੈ। ਪਰ ਇਸ ਦੇ ਨਾਲ ਤਾਂ ਇਕ ਹੋਮ ਵੀ ਨਹੀਂ ਬਨਣਾ, ਉਨ੍ਹਾਂ ਜੇ ਫੰਡਜ਼ ਰੱਖਣੇ ਸੀ ਤਾਂ ਕੁਝ ਜ਼ਿਆਦਾ ਰਖਣੇ ਚਾਹੀਦੇ ਸੀ। 7, 8 ਸਾਲ ਹੋਏ ਪਹਿਲਾਂ ਵੀ ਇਹ ਬਿਲ ਇਕ ਵਾਰ ਵਿਧਾਨ ਸਭਾ ਦੇ ਵਿਚ ਆਇਆ ਸੀ। ਪਤਾ ਨਹੀਂ ਉਸ ਬਿਲ ਦੇ ਵਿਚ ਹੀ ਕੋਈ ਅਦਲਾ ਬਦਲੀ ਕਰਕੇ ਲੈ ਆਏ ਹਨ ਜਾਂ ਕੋਈ ਨਵਾਂ ਬਿਲ ਲੈ ਕੇ ਆਏ ਹਨ।

ਸਪੀਕਰ ਸਾਹਿਬ ਮੈਂ ਸਮਝਦਾ ਹਾਂ ਕਿ ਬਿਲ ਦੇ ਵਿਚ ਕੁਝ ਨੁਕਸ ਹਨ। ਡਾਕਟਰ ਸਾਹਿਬ ਪਾਰਲੀਮੈਂਟ ਦੇ ਵਿਚ ਜਾਣਾ ਚਾਹੁੰਦੇ ਹਨ। ਪਤਾ ਨਹੀਂ ਲੋਕ ਚੁਣਦੇ ਹਨ ਕਿ ਨਹੀਂ ਪਰ ਇਹ ਉਤਾਬਲੇ ਬੜੇ ਹਨ। ਮੈਨੂੰ ਉਮੀਦ ਹੈ ਕਿ ਉਹ ਇਹ ਸ਼ੋਭਾ ਖਟਣ ਦੀ ਕੋਸ਼ਿਸ਼ ਜ਼ਰੂਰ ਕਰਨਗੇ ਇਥੋਂ ਜਾਣ ਤੋਂ ਪਹਿਲਾਂ ਕੀ ਇਸ ਬਿਲ ਦੇ ਨੁਕਸਾਂ ਨੂੰ ਦੂਰ ਕਰ ਦੇਣਗੇ। ਪਹਿਲਾ ਨੁਕਸ ਤਾਂ ਇਹ ਹੈ ਕਿ ਪਬਲਿਕ ਪਲੇਸ ਦੀ ਜੋ ਡੈਫੀਨੇਸ਼ਨ ਦਿਤੀ ਗਈ ਹੈ ਇਹ ਬਹੁਤ ਛੋਟੀ ਹੈ। ਸਾਰਾ ਪੰਜਾਬ 'ਇਸ ਵਿਚ ਇਨਕਲੂਡ ਨਹੀਂ ਹੁੰਦਾ। ਸਾਰੇ ਪ੍ਰਾਈਵੇਟ ਹੋਮ ਇਸ ਵਿਚ ਨਹੀਂ ਆਉਂਦੇ। ਇਸ ਤੋਂ ਬਿਨਾਂ. ਸਪੀਕਰ ਸਾਹਿਬ, ਅਧੇ ਮੰਗਤੇ ਤਾਂ ਰੇਲ ਗੱਡੀਆਂ ਦੇ ਵਿਚ ਹੁੰਦੇ ਹਨ ਪਰ ਇਸ ਵਿਚ ਰੇਲ ਗਡੀਆਂ ਇਨਕਲੂਡ ਨਹੀਂ ਕੀਤੀਆਂ ਗਈਆਂ। ਇਸ ਵਿਚ ਸਟੇਸ਼ਨਾਂ ਦਾ ਜ਼ਿਕਰ ਕੀਤਾ ਗਿਆ ਹੈ ਪਰ ਰੇਲ ਗਡੀਆਂ ਨਹੀਂ ਦਿਤੀਆਂ ਗਈਆਂ। ਇਸ ਤੋਂ ਬਿਨਾਂ ਬਾਹਰਲੀਆਂ ਸਟੇਟਾਂ ਦੇ ਜੋ ਬੈਗਰਜ਼ ਆਉਂਦੇ ਹਨ ਜੋ ਟਪਰੀ ਵਾਸ ਆਉਂਦੇ ਹਨ.........

ਸ੍ਰੀ ਸਪੀਕਰ : ਸਰਦਾਰ ਉਮਰਾਉ ਸਿੰਘ ਜੀ ਇਸ ਤਰ੍ਹਾਂ ਲਗਦਾ ਹੈ ਕਿ ਤੁਸੀਂ ਬੈਗਰਜ਼ ਨੂੰ ਡਿਫੈਂਡ ਕਰਨ ਦੀ ਪੂਰੀ ਤਿਆਰੀ ਕਰਕੇ ਆਏ ਹੋ (ਹਾਸਾ) (*Addressing Sardar Umrao Singh* : It appears that the hon. Member has come fully prepared to defend the beggars.)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੂੰ ਖਾਹਮਖਾਹ ਲਿਟੀਗੇਸ਼ਨ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜੇ ਲਿਟੀਗੇਸ਼ਨ ਤੋਂ ਅਸੀਂ ਪੰਜਾਬ ਨੂੰ ਨਹੀਂ ਬਚਾ ਸਕਦੇ ਤਾਂ ਘੱਟੋ ਘੱਟ ਇਨ੍ਹਾਂ ਬੈਗਰਜ਼ ਨੂੰ ਤਾਂ ਬਚਾ ਲਈਏ। (ਹਾਸਾ)

ਸ੍ਰੀ ਸਪੀਕਰ : ਉਹ ਖੈਰਾਤ ਦੇ ਵਿਚ ਤੁਹਾਡੀ ਵਕਾਲਤ ਹੀ ਮੰਗ ਲੈਣਗੇ। (ਹਾਸਾ) (They may beg for your legal practice in alms.)

ਸਰਦਾਰ ਉਮਰਾਓ ਸਿੰਘ : ਫਿਰ, ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਹੋਰ ਗਲ ਕਹੀ ਹੈ ਕਿ ਜਿਹੜੇ ਬੈਗਰਜ਼ ਫੜੇ ਜਾਣਗੇ ਉਨ੍ਹਾਂ ਤੋਂ ਜੁਰਮਾਨਾ ਲਿਆ ਜਾਵੇਗਾ ਜਿਹੜਾ ਕਿ 300 ਰੁਪਏ ਤਕ ਹੋ ਸਕਦਾ ਹੈ। (ਹਾਸਾ) ਪਤਾ ਨਹੀਂ ਡਾਕਟਰ ਸਾਹਿਬ ਨੂੰ ਇਹ ਕਿਸ ਤਰ੍ਹਾਂ ਪਤਾ ਲਗ ਗਿਆ ਕਿ ਬੈਗਰਜ਼ ਕੋਲ 300 ਰੁਪਏ ਹੁੰਦੇ ਹਨ। (ਵਿਘਨ) ਮੇਰੇ ਕਈ ਸਾਥੀ, ਜਿਵੇਂ ਰਿਆਸਤੀ ਜੀ ਬੜੇ ਉਤਾਵਲੇ ਹੋਏ ਹਨ। ਇਹ ਪੁਲੀਟੀਕਲ ਬੈਗਰਜ਼ ਹਨ, ਇਨ੍ਹਾਂ ਦੇ ਲਈ ਵੀ ਕਈ ਪ੍ਰੋਵੀਜ਼ਨ ਹੋਣਾ ਚਾਹੀਦਾ ਸੀ। (ਹਾਸਾ) ਸਾਥੀ ਰੂਪ ਲਾਲ ਵੀ ਇਥੇ ਰੌਲਾ ਪਾਉਂਦਾ ਸੀ, ਉਹ ਵੀ ਉਧਰ ਚਲਾ ਗਿਆ ਹੈ। (ਹਾਸਾ)

ਸਾਥੀ ਰੂਪ ਲਾਲ : ਆਨ ਏ ਪੁਆਇੰਟ ਆਫ ਆਰਡਰ ਸਰ। ਮੈਂ ਐਲ. ਆਰ. ਸਾਹਿਬ ਨੂੰ ਪੁਛਦਾ ਹਾਂ ਕਿ ਇਹ ਵਬਾ ਤੁਹਾਡੀ ਹੀ ਫੈਲਾਈ ਹੋਈ ਹੈ। ਇਕ ਮਹੀਨਾ ਪਹਿਲਾਂ ਤਾਂ ਤੁਹਾਡੀ ਸਾਰੀ ਪਾਰਟੀ ਹੀ ਡਿਫੈਕਟਰਜ਼ ਦੀ ਸੀ, (ਹਾਸਾ) (ਵਿਘਨ) ਤੁਹਾਡੀ ਪਾਰਟੀ ਤਾਂ ਬਣੀ ਹੀ ਡਿਫੈਕਟਰਜ਼ ਦੀ ਸੀ, ਜ਼ਮੀਰ ਦੀ ਅਵਾਜ਼ ਦੇ ਨਾਂ ਤੇ, (ਵਿਘਨ) ਅੱਜ ਇਹ ਇਸ ਗਲ ਤੋਂ ਵੀ ਭਜਦੇ ਹਨ। (ਹਾਸਾ)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਮੈਨੂੰ ਸਾਥੀ ਦੇ ਨਾਲ ਬੜੀ ਹਮਦਰਦੀ ਹੈ ਕਿ ਵਬਾ ਤਾਂ ਅਸੀਂ ਫੈਲਾਈ ਪਰ ਬੀਮਾਰ ਇਹ ਹੋ ਗਏ ਹਨ। (ਹਾਸਾ) ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਨੂੰ ਦੁਗਣੀ ਮੁਬਾਰਕਬਾਦ ਦਿੰਦਾ ਹਾਂ ਜੇ ਇਹ ਪੁਲੀਟੀਕਲ ਬੈਗਰਜ਼ ਦਾ ਵੀ ਕੋਈ ਇੰਤਜ਼ਾਮ ਕਰ ਦਿੰਦੇ। ਪੰਜਾਬ ਸੂਰਬੀਰਾਂ ਦੀ ਧਰਤੀ ਹੈ। ਹਰ ਗਲ ਵਿਚ ਇਸ ਦਾ ਨਾਂ ਅਗੇ ਰਿਹਾ ਹੈ। ਇਸ ਲਈ ਇਥੇ ਡੀਫੈਕਟਰਜ਼ ਅਤੇ ਪੁਲੀਟੀਕਲ ਬੈਗਰਜ਼ ਲਈ ਕੋਈ ਪ੍ਰੋਵੀਜ਼ਨ ਹੋਣੀ ਚਾਹੀਦੀ ਸੀ ਜਿਹੜੇ ਇਧਰੋਂ ਉਧਰ ਅਤੇ ਉਧਰੋਂ ਇਧਰ ਆਉਂਦੇ ਰਹਿੰਦੇ ਹਨ। ਡਾਕਟਰ ਸਾਹਿਬ ਇਕ ਆਦਰਸ਼ਕ ਸਜਣ ਹਨ ਇਸ ਲਈ ਮੈਨੂੰ ਆਸ ਹੈ ਕਿ ਇਹ ਇਸ ਸੁਝਾਵ ਨੂੰ ਮੰਨ ਲੈਣਗੇ।

ਸ੍ਰੀ ਸਪੀਕਰ : ਐਲ. ਆਰ. ਸਾਹਿਬ ਤੁਸੀਂ ਕੋਈ ਅਮੈਂਡਮੈਂਟ ਲੈ ਆਉਣੀ ਸੀ (ਹਾਸਾ) (*Addressing S. Umrao Singh* : You should have brought some amendment to this effect.)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ ਇਥੇ ਤਾਂ ਮੈਜਾਰਿਟੀ ਹੀ ਡੀਫੈਕਟਰਜ਼ ਜਾਂ ਪੁਲੀ—ਟੀਕਲ ਬੈਗਰਜ਼ ਦੀ ਹੈ। (ਹਾਸਾ) ਇਥੇ 40—42 ਸਜਣ ਅਜਿਹੇ ਹਨ। ਜਿਹੜੇ ਲੋਕਾਂ ਦੀਆਂ ਵੋਟਾਂ ਲੈ ਕੇ ਉਧਰ ਚਲੇ ਗਏ ਹਨ। ਜਿਸ ਸਪਿਰਿਟ ਨਾਲ ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਦਿਤੀਆਂ ਸੀ, ਉਸ ਸਪਿਰਿਟ ਨੂੰ ਉਨ੍ਹਾਂ ਨੇ ਖਤਮ ਕਰ ਦਿਤਾ ਹੈ। ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਤੁਸੀਂ ਡੀਫੈਕਟਰਜ਼ ਨੂੰ ਡੀਫੈਂਡ ਨਹੀਂ ਕੀਤਾ। ਪਰ ਮੈਂ ਆਪ ਨੂੰ ਬੇਨਤੀ ਕਰਦਾ ਹਾਂ ਕਿ ਸਾਨੂੰ ਥੋੜਾ ਜਿਹਾ ਹੋਰ ਉਤਸ਼ਾਹ ਦਿਉ ਅਤੇ ਡਾਕਟਰ ਸਾਹਿਬ ਨੂੰ ਕਹੋ ਕਿ ਉਹ ਪੁਲੀਟੀਕਲ ਬੈਗਰਜ਼ ਦਾ ਵੀ ਕੋਈ ਪਰੋਵੀਜ਼ਨ ਕਰਨ ਤਾਂ ਕਿ ਪੰਜਾਬ ਜਿਥੇ ਦੂਸਰੇ ਬੈਗਰਜ਼ ਤੋਂ ਬਚ ਜਾਵੇ ਉਥੇ ਪੁਲੀਟੀਕਲ ਬੈਗਰਜ਼ ਤੋਂ ਵੀ ਬਚ ਜਾਵੇ।

ਸਰਦਾਰ ਸਰੂਪ ਸਿੰਘ (ਜਲੰਧਰ ਕੈਂਟ) : ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਨੂੰ ਇਸ ਬਿਲ ਲਈ ਵਧਾਈ ਦੇਣ ਲਈ ਖੜਾ ਹੋਇਆ ਹਾਂ। ਇਹ ਬੜੀ ਜੁੱਰਤ ਦੇ ਨਾਲ ਇਥੇ ਇਹ ਬਿਲ ਲਿਆਏ ਹਨ। ਬੇਸ਼ੱਕ ਇਸ ਬਿਲ ਵਿਚ ਕੁਝ ਖਾਮੀਆਂ ਹਨ ਪਰ ਚੰਗਾ ਕੰਮ ਕਰਨ ਲਗਿਆਂ ਕੁੱਝ ਖਾਮੀਆਂ ਰਹਿ ਹੀ ਜਾਂਦੀਆਂ ਹਨ। ਮੈਂ ਸਮਝਦਾ ਹਾਂ ਕਿ ਡਾਕਟਰ ਸਾਹਿਬ ਉਨ੍ਹਾਂ ਖਾਮੀਆਂ ਨੂੰ ਮੰਨ ਕੇ ਉਨ੍ਹਾਂ ਨੂੰ ਦੂਰ

ਕਰਨ ਦਾ ਯਤਨ ਕਰਨਗੇ। ਇਨ੍ਹਾਂ ਨੇ ਇਸ ਵਿਚ ਲਿਖਿਆ ਹੈ ਕਿ ਡਾਂਸਿੰਗ ਨੂੰ ਵੀ ਇਸ ਐਕਟ ਦੇ ਅਧੀਨ ਲਿਆ ਰਹੇ ਹਨ। ਸਪੀਕਰ ਸਾਹਿਬ, ਜੇ 4, 5 ਆਦਮੀ ਜੂਆ ਖੇਡਦੇ ਹੋਣ ਤਾਂ ਪੁਲੀਸ ਉਨ੍ਹਾਂ ਨੂੰ ਝਟ ਫੜ ਲੈਂਦੀ ਹੈ ਪਰ ਕਲਬਾਂ ਦੇ ਵਿਚ ਖੁਲ੍ਹਾ ਜੂਆ ਹੁੰਦਾ ਹੈ ਉਥੇ ਕਿਸੇ ਨੂੰ ਫੜਦੇ ਨਹੀਂ। ਇਸ ਤਰ੍ਹਾਂ ਹੀ ਇਹ ਸੜਕ ਤੇ ਡਾਂਸ ਕਰਨ ਵਾਲਿਆਂ ਨੂੰ ਤਾਂ ਫੜ ਲੈਣਗੇ ਪਰ ਜੋ ਕੈਬਰੇ ਡਾਂਸ ਹਨ ਉਹ ਹੋਟਲਾਂ ਅਤੇ ਕਲੱਬਾਂ ਦੇ ਵਿਚ ਹੁੰਦੇ ਰਹਿਣਗੇ। ਇਸ ਗਲ ਦਾ ਖਿਆਲ ਰਖਣਾ ਚਾਹੀਦਾ ਹੈ।

ਫਿਰ, ਸਪੀਕਰ ਸਾਹਿਬ ਇਥੇ ਪੁਲੀਟੀਕਲ ਬੈਗਰਜ਼ ਦੀ ਗਲ ਕੀਤੀ ਗਈ ਹੈ। ਮੈਂ ਸਿਰਫ ਇਕ ਗਲ ਉਸ ਵਿਚ ਐਡ ਕਰਾਂਗਾ ਕਿ ਕੋਈ 4, 5 ਮਹੀਨੇ ਹੋਏ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸੰਤ ਚੰਨਣ ਸਿੰਘ ਵੀ ਇੰਦਰਾ ਕੋਲੋਂ ਰਾਜ ਭਾਗ ਭਿਖ ਮੰਗਦੇ ਫਿਰਦੇ ਸੀ। (ਵਿਘਨ)

ਸ੍ਰੀ ਸਪੀਕਰ : ਅਤੇ ਉਨ੍ਹਾਂ ਨੇ ਭਿਖ ਵਿਚ ਤੁਹਾਨੂੰ ਦੇ ਦਿਤਾ। (ਹਾਸਾ) (And she gave it away to you as alms.) (*laughter*)

ਸਰਦਾਰ ਸਰੂਪ ਸਿੰਘ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਪੈਸਾ ਮੰਗਿਆ ਜਾਵੇ ਤਾਂ ਕਾਨੂੰਨ ਦੀ ਨਜ਼ਰ ਵਿਚ ਗੁਨਾਹ ਹੋ ਜਾਂਦਾ ਹੈ ਤਾਂ ਕੀ ਰਾਜ ਮੰਗਣਾ ਗੁਨਾਹ ਨਹੀਂ ਹੈ ? ਕੀ ਇਸ ਤੇ ਕੋਈ ਪਾਬੰਦੀ ਨਹੀਂ ਲਾਈ ਜਾ ਸਕਦੀ। (ਥੰਪਿੰਗ) (ਹਾਸਾ) ਮੈਂ ਸਮਝਦਾ ਹਾਂ ਕਿ ਪੁਲੀਟੀਕਲ ਬੈਗਰੀ ਤੇ ਵੀ ਪਾਬੰਦੀ ਲਗਣੀ ਚਾਹੀਦੀ ਹੈ। ਇਹ ਇਕ ਆਦਰਸ਼ਕ ਚੀਜ਼ ਹੋਵੇਗੀ।

ਸਾਥੀ ਰੂਪ ਲਾਲ : ਮੈਂ ਸਰਦਾਰ ਸਰੂਪ ਸਿੰਘ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਇੰਦਰਾ ਤੋਂ ਭੀਖ ਦੀ ਗਲ ਕਰਦੇ ਹਨ ਤਾਂ ਉਹ 8—9 ਮਨਿਸਟਰ ਕਿਧਰ ਗਏ, ਜੋ ਕਾਂਗਰਸ ਵਾਲੇ ਬਣਾਉਣਾ ਚਾਹੁੰਦੇ ਸੀ। (ਥੰਪਿੰਗ) (ਹਾਸਾ)

ਸਰਦਾਰ ਸਰੂਪ ਸਿੰਘ : ਸਪੀਕਰ ਸਾਹਿਬ ਮੈਂ ਆਪਣੇ ਤਜਰਬੇ ਤੋਂ ਇਹ ਗਲ ਦਸ ਰਿਹਾ ਹਾਂ ਕਿ ਹੁਣ ਉਹ ਗਲ ਤਾਂ ਨਹੀਂ ਰਹੀ ਕਿ ਮੰਗਤੇ ਸੜਕਾਂ ਤੇ ਸਾਹ ਨਹੀਂ ਸੀ ਲੈਣ ਦਿੰਦੇ। ਕਿਤਨੀ ਵੀ ਜ਼ਰੂਰੀ ਗੱਲ ਕਿਉਂ ਨਾ ਹੋ ਰਹੀ ਹੋਵੇ, ਉਨ੍ਹਾਂ ਦਾ ਹੱਥ ਅਗੇ ਆ ਜਾਂਦਾ ਸੀ। ਪਰ ਫਿਰ ਵੀ ਕੁਝ ਜ਼ਰੂਰੀ ਗਲਾਂ ਵਲ ਮੈਂ ਮਨਿਸਟਰ ਸਾਹਿਬ ਦਾ ਧਿਆਨ ਦਿਵਾਉਂਣਾ ਚਾਹੁੰਦਾ ਹਾਂ। ਪਹਿਲੀ ਗਲ ਤਾਂ ਇਹ ਹੈ ਕਿ ਦੂਸਰੀਆਂ ਸਟੇਟਾਂ ਦੇ ਕੁਝ ਪਰਮਾਨੈਂਟ ਬੈਗਰਜ਼ ਹਨ; ਜਿਵੇਂ ਕਿ ਜਲੰਧਰ ਦੇ ਵਿਚ ਮਦਰਾਸ ਸਟੇਟ ਦੇ ਬਹੁਤ ਸਾਰੇ ਮੰਗਤੇ ਹਨ । ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਸਟੇਟਾਂ ਨੂੰ ਲਿਖਣ ਕਿ ਉਹ ਆਪਣੇ ਆਦਮੀਆਂ ਨੂੰ ਸੰਭਾਲਣ । ਹੁਣ ਤਾਂ ਇਨ੍ਹਾਂ ਲੋਕਾਂ ਨੇ ਮੰਗਣ ਦਾ ਇਕ ਨਵਾਂ ਢੰਗ ਲਭ ਲਿਆ ਹੈ । ਅਗੇ ਤਾਂ ਇਕ ਪੈਸਾ ਦੇ ਕੇ ਛੁਟਕਾਰਾ ਹੋ ਜਾਂਦਾ ਸੀ ਪਰ ਹੁਣ ਇਨ੍ਹਾਂ ਨੇ ਪਰਚੀਆਂ ਬਣਵਾ ਲਈਆਂ ਹਨ ਅਤੇ 5 ਰੁਪਏ ਦੇ ਕੇ ਹੀ ਛੁਟਕਾਰਾ ਹੁੰਦਾ ਹੈ । ਇਹ ਮੰਗਤੇ ਬਾਹਰਲੀਆਂ ਸਟੇਟਾਂ ਦੇ ਹਨ । ਇਨ੍ਹਾਂ ਤੇ ਵੀ ਪਾਬੰਦੀ ਲਾਉਣੀ ਚਾਹੀਦੀ ਹੈ । ਪੰਜਾਬੀ ਲੋਕ ਐਸੇ ਹਨ ਜੋ ਕਿਸੇ ਤੋਂ ਮੰਗਦੇ ਨਹੀਂ ਹਨ ਦੂਸਰੀਆਂ ਸਟੇਟਾਂ ਵਾਲੇ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਪੰਜਾਬ ਜਦੋਂ ਰਿਫੀਊਜੀ ਹੋ ਕੇ ਆਇਆ ਤਾਂ ਉਸ ਨੇ ਹੱਥੀਂ ਕੰਮ ਕਰਨਾ ਸ਼ੁਰੂ ਕਰ ਦਿਤਾ । ਮਜਦੂਰੀ ਕੀਤੀ, ਰੇੜ੍ਹੀਆਂ ਲਾ ਲਈਆਂ ਪਰ ਕਿਸੇ ਤੋਂ ਮੰਗਿਆਂ ਨਹੀਂ । ਪਰ ਜੇ ਰਾਜਸਥਾਨ ਵਿਚ ਕਾਲ ਇਕ ਸਾਲ ਪੈ ਜਾਵੇ ਤਾਂ 10 ਸਾਲ ਤਕ ਉਥੋਂ ਦੇ ਲੋਕ ਪੰਜਾਬ ਦੇ ਵਿਚ ਮੰਗਣ ਆਉਂਦੇ ਰਹਿੰਦੇ ਹਨ । ਇਸ ਲਈ ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਦੂਜੀਆਂ ਸਟੇਟਾਂ ਦੇ ਨਾਲ ਖਤੋ ਖਿਤਾਬਤ ਕਰਨ ਕਿ ਉਹ ਆਪਣੀ ਆਪਣੀ ਸਟੇਟ ਦੇ ਬੈਗਰਜ਼ ਨੂੰ ਸੰਭਾਲਣ ਤਾਂ ਕਿ ਪੰਜਾਬ ਵਿਚੋਂ ਇਹ ਲਾਹਨਤ ਖ਼ਤਮ ਕੀਤੀ ਜਾ ਸਕੇ ਅਤੇ ਇਹ ਕਾਨੂੰਨ ਇਥੇ ਕੁਝ ਚੰਗੇ ਢੰਗ ਨਾਲ ਲਾਗੂ ਹੋ ਸਕੇ ।

(b) The appointment of comparatively better Candidate on six months basis are made through Employment Exchange and on the completion of tenure, they are relieved.

(c) In view of (b) above, the question does not arise.

(ੲ) 26 ਲਿਸਟ ਨੱਥੀ ਹੈ ।

(ਬੀ) ਛੇ ਮਹੀਨੇ ਦੇ ਆਧਾਰ ਤੇ ਨਿਯੁਕਤੀ ਰੋਜ਼ਗਾਰ ਦਫਤਰ ਰਾਹੀਂ ਕੀਤੀ ਜਾਂਦੀ ਹੈ ਅਤੇ ਇਸ ਸਮੇਂ ਦੇ ਪੂਰੇ ਹੋਣ ਤੇ ਉਨ੍ਹਾਂ ਨੂੰ ਫਾਰਗ ਕਰ ਦਿੱਤਾ ਜਾਂਦਾ ਹੈ ।

(ਸੀ) ਉਪਰੋਕਤ ਬੀ ਅਨੁਸਾਰ ਸਵਾਲ ਨਹੀਂ ਉੱਠਦਾ ।

List of J. B. T. Teachers appointed from 1st January, 67 to 30th December, 70 in the Government High School, Daudhar (Ferozepur)

Sr. No.		Name of teacher
1.	Smt.	Gurmeet Kaur
2.	,,	Daya Wanti
3.	,,	Joginder Kaur
4.	,,	Ajaib Kaur
5.	,,	Kanta Devi
6.	,,	Joginder Kaur
7.	,,	Kanta Devi
8.	,,	Chand Rani
9.	,,	Ajaib Kaur
10.	,,	Jaswinder Kaur
11.	,,	Harshwati
12.	,,	Ajaib Kaur
13.	,,	Darshan Kaur
14.	,,	Daya Wanti
15.	,,	Ajaib Kaur
16.	,,	Urmila Devi
17.	,,	Balbir Kaur
18.	,,	Ajaib Kaur
19.	,,	Urmila Devi
20.	,,	Jagdish Kaur
21.	,,	Balwinder Kaur
22.	,,	Gurmel Kaur
23.	,,	Pushpa Devi
24.	,,	Baldev Kaur
25.	,,	Mukhtiar Kaur
26.	,,	Surinder Kaur

1540—22-9-75—279 ਕਾਪੀਆਂ

Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

28th January, 1971

(Morning Sitting)

Vol. I–No. 9

OFFICIAL REPORT

CONTENTS

Thursday, the 28th January, 1971

(Morning Sitting)

Punjab Vidhan Sabha Secretariat, Chandigarh.

Price 7.40

ERRATA

To

PUNJAB VIDHAN SABHA DEBATES

Dated the 28th January, 1971.

(Morning Sitting)

Vol. I-No. 9

Read	For	Page	Line
ਸਬੰਧਤ	ਸਬਧੰਤ	(9) 1	9th from below
appears	oppears	(9) 7	8
Government	Governmet	(9) 13	9
Hoshiarpur	Hoshaiarpur	(9) 15	17th from below
pleased	plaased	(9) 19	4
cancellation	canccllation	(9) 19	12
Eye-Specialist	Eye-Speciaiist	(9) 21	5th from below (column 2)
ਕਿਸ	ਇਕ	(9) 25	5
circumstances	circum tances	(9) 28	13
Adviser	Advier	(9) 28	21st from below
district	distriet	(9) 40	7th from below
10.0 paise	100 paise	(9) 42	15
(New Rule 66)	after Rule 73	(9) 56	10th form below
Since	Sincc	(9) 49	5th from below
years	vears	(9) 66	4th from below
ਜਾਂ	ਜੀ	(9) 76	18
ਮਹਾਤਮਾ ਗਾਂਧੀ	ਮਹਾਤਮਾ ਗ ਧੀ	(9) 90	3rd from below
ਇੰਡਸਟਰੀ	ਇਡ ਟਰੀ	(9) 101	12
ਠਹਿਰੇ	ਠਹਿਰ	(9) 103	17
ਅਤੇ 2 ਜਣੇ	ਅਤੇ ਜਣੇ	(9) 104	15
Constituency	Constitutency	(v)	7

ERRATA

to

PUNJAB VIDHAN SABHA DEBATES

Dated the [illegible] January, 1971

(Morning Sitting)

Vol. I, No. 9

Read	For	Page	Line
[illegible]	[illegible]	(9) 1	[illegible] from [illegible]
appears	[illegible]	(9) 7	3
Government	Governmet	(9) 15	[illegible]
Health [illegible]	Health [illegible]	(9) [illegible]	[illegible] from below
Pleased	plased	(9) 19	4
cancellation	cancellation	(9) 19	12
Eye-Specialist	Eye-Specialist	(9) 21	5th from below (column 2)
[illegible]	[illegible]	(9) 25	[illegible]
circumstances	circum tances	(9) 28	13
Adviser	Advier	(9) 28	21st from below
district	district	(9) 40	2nd from below
100 paise	100 paise	(9) 42	[illegible]
(New Rule 65)	after Rule 75	(9) 58	[illegible] from below
Since	Since	(9) 49	5th from below
years	yeans	(9) 66	4th from below
[illegible]	[illegible]	(9) 76	18
[illegible]	[illegible]	(9) 90	3rd from below
[illegible]	[illegible]	(9) 101	12
[illegible]	[illegible]	(9) 103	17
[illegible]	[illegible]	(9) 104	15
Constituency	Constitutency	(v)	7

PUNJAB VIDHAN SABHA

Thursday, the 28th January, 1971

(Morning Sitting)

The Vidhan Sabha met in the Hall of the Punjab Vidhan Sabha, Vidhan Bhavan, Sector-1, Chandigarh, at 9.00 A. M. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

DISCONNECTION OF TELEPHONE IN THE FAMILY WARD OF V. J. HOSPITAL, AMRITSAR.

*2096. **Shri Gian Chand Kharbanda** : Will the Minister of State for Industries and Health be pleased to state :—

(a) the reasons for which Telephone in the Family ward of V. J. Hospital, Amritsar has been disconnected, resulting in great inconvenience to all concerned ;

(b) whether there is any proposal under the consideration of the Government to have the Phone reinstalled in the said ward ; if so, by what time ; if not. the reasons therefor ?

ਸਰਦਾਰ ਰਵੇਲ ਸਿੰਘ (ੳ) ਫੈਮਲੀ ਵਾਰਡ ਦਾ ਟੈਲੀਫੋਨ ਇਸ ਕਰਕੇ ਕਟਿਆ ਗਿਆ ਹੈ ਕਿ ਮਰੀਜ਼ਾਂ ਦੇ ਰਿਸ਼ਤੇਦਾਰ/ਸੰਬੰਧੀ ਉਸ ਨੂੰ ਬੜੀ ਖੁਲ੍ਹ ਦਿਲੀ ਨਾਲ ਬਗੈਰ ਇੰਦਰਾਜ਼ ਤੋਂ ਵਰਤਦੇ ਸਨ ਜਿਸ ਕਰਕੇ ਟੈਲੀਫੋਨ ਬਿਲਾਂ ਦੀ ਤਸਦੀਕ ਕਰਨਾ ਸਰਕਾਰੀ ਕਰਮਚਾਰੀ ਲਈ ਨਾ-ਮੁਮਕਿਨ ਸੀ। ਇਸ ਟੈਲੀਫੋਨ ਦੇ ਕਟੇ ਜਾਣ ਤੇ ਕਿਸੇ ਸਬੰਧਤ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਉਂਦੀ ਕਿਉਂਕਿ ਫੈਮਲੀ ਵਾਰਡ ਦੇ ਨਜ਼ਦੀਕ ਹੀ, ਕੋਈ 40 ਗਜ਼ ਦੇ ਫਾਸਲੇ ਤੇ ਸਥਿਤ ਦੁਕਾਨਾਂ ਤੇ ਕੁਝ ਕੁ ਟੈਲੀਫੋਨ ਲਗੇ ਹੋਏ ਹਨ। ਸਬੰਧਤ ਉਨ੍ਹਾਂ ਦੁਕਾਨਾਂ ਤੋਂ ਟੈਲੀਫੋਨ ਕਰ ਸਕਦੇ ਹਨ। ਦਫਤਰ/ਪੁਛ ਗਿਛ ਵੀ ਫੈਮਲੀ ਵਾਰਡ ਤੋਂ ਕੋਈ 70–80 ਗਜ਼ ਦੀ ਦੂਰੀ ਤੇ ਸਥਿਤ ਹੈ, ਐਮਰਜੈਂਸੀ ਸਮੇਂ, ਰਿਸ਼ਤੇਦਾਰ/ਸਬੰਧਤ ਇਥੋਂ ਵੀ ਟੈਲੀਫੋਨ ਕਰ ਸਕਦੇ ਹਨ।

(ਅ) ਫੈਮਲੀ ਵਾਰਡ ਵਿਚ ਦੁਬਾਰਾ ਟੈਲੀਫੋਨ ਲਾਏ ਜਾਣ ਦੀ ਅਜੇਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ, ਪਰੰਤੂ ਟੈਲੀਫੋਨ ਅਧਿਕਾਰੀਆਂ ਦੇ ਪਾਸ ਇਕ ਪਬਲਿਕ ਬੂਥ ਟੈਲੀਫੋਨ ਲਾਏ ਜਾਣ ਦੀ ਤਜਵੀਜ਼ ਵਿਚਾਰ ਅਧੀਨ ਹੈ ਅਤੇ ਇਸ ਦੇ ਕਿਸੇ ਜਗਾ ਵੀ ਲਗ ਜਾਣ ਦੀ ਸੰਭਾਵਨਾ ਹੈ।

चौधरी बलबीर सिंह : क्या मन्त्री महोदय बतलायेंगे कि क्या यह ठीक न रहता कि

[चौधरी बलबीर सिंह]

जो टेलीफोन वहाँ था उसको हटाने की बजाए हिसाब किताब रखने के लिए वहां पर किसी आदमी का इन्तजाम कर देते ताकि किसी मरीज़ को कोई दिक्कत न होती। अगर मरीज़ का कोई रिश्तेदार मरीज़ की खबर लेना चाहें तो वह किसी दुकान से किस तरह उस का पता कर सकता है ?

ਰਾਜ ਮੰਤਰੀ : 'ਅ' ਵਿਚ ਜਵਾਬ ਅਗੇ ਹੀ ਦਿਤਾ ਹੈ ਕਿ ਉਥੇ ਟੈਲੀਫ਼ੋਨ ਲਵਾ ਰਹੇ ਹਾਂ।

ਸ਼੍ਰੀ ਗਿਆਨ ਚੰਦ ਖਰਬੰਦਾ : ਕੀ ਮੰਤਰੀ ਮਹੋਦਯ ਇਹ ਦਸਣ ਦੀ ਕਿਰਪਾਲਤਾ ਕਰਨਗੇ ਕਿ ਕੀ ਟੈਲੀਫ਼ੋਨ ਕੁਨੈਕਸ਼ਨ ਉਥੋਂ ਇਸ ਵਾਸਤੇ ਕਟਿਆ ਗਿਆ ਹੈ ਕਿਉਂਕਿ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੀ ਬੀਮਾਰੀ ਵੇਲੇ ਪੁਲੀਸ ਨੇ ਉਥੋਂ ਅੰਧਾਧੁੰਧ ਟੈਲੀਫੋਨ ਕੀਤੇ ਅਤੇ ਟੈਲੀਫ਼ੋਨ ਦੀ ਵਰਤੋਂ ਬਹੁਤ ਬੁਰੀ ਤਰ੍ਹਾਂ ਕੀਤੀ ਅਤੇ ਜ਼ਿਆਦਾ ਬਿਲ ਆਇਆ ?

ਰਾਜ ਮੰਤਰੀ : ਇਸ ਬਾਰੇ ਵਿਚ ਅਗੇ ਹੀ ਮੈਂ ਕਿਹਾ ਹੈ ਕਿ ਮਰੀਜ਼ਾਂ ਦੇ ਰਿਸ਼ਤੇਦਾਰ ਟੈਲੀਫ਼ੋਨ ਕਰਦੇ ਸਨ ਅਤੇ ਕੋਈ ਹਿਸਾਬ ਠੀਕ ਤਰ੍ਹਾਂ ਨਹੀਂ ਰਖਦੇ ਸਨ (ਵਿਘਨ) ਬਾਕੀ ਫੇਰੂਮਾਨ ਜੀ ਵਾਲੀ ਕੋਈ ਗਲ ਨਹੀਂ।

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਦਸਣਗੇ ਕਿ ਜੋ ਮੈਡੀਕਲ ਕਾਲਜ ਦਾ ਪ੍ਰਿੰਸੀਪਲ ਹੈ ਅਤੇ ਜਿਹੜਾ ਮਾਨ ਸਿੰਘ ਮੈਡੀਕਲ ਸੁਪਰਡੰਟ ਹੈ ਉਨ੍ਹਾਂ ਦੇ ਘਰਾਂ ਦੇ ਵਿਚ ਟੈਲੀਫ਼ੋਨ ਲਵਾਏ ਗਏ ਅਤੇ ਉਨ੍ਹਾਂ ਦੋਹਾਂ ਦਾ ਬਿਲ ਡੇਢ ਲੱਖ ਰੁਪਿਆ ਆਇਆ, ਜਿਹੜਾ ਉਨ੍ਹਾਂ ਨੇ ਨਹੀਂ ਦਿਤਾ ਅਤੇ ਸਰਕਾਰ ਨੂੰ ਦੇਣਾ ਪਿਆ, ਉਥੋਂ ਦਾ ਕਨੈਕਸ਼ਨ ਕਿਉਂ ਨਹੀ ਕਟਿਆ ਅਤੇ ਇਥੋਂ ਦਾ ਕਿਉਂ ਕਟ ਦਿਤਾ ਗਿਆ ?

ਰਾਜ ਮੰਤਰੀ : ਇਸ ਦੇ ਲਈ ਨੋਟਿਸ ਚਾਹੀਦਾ ਹੈ।

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਅਗਰ ਮਰੀਜ਼ ਦਾ ਕੋਈ ਰਿਸ਼ਤੇਦਾਰ ਮਰੀਜ਼ ਦੀ ਖ਼ਬਰ ਸੁਧ ਲੈਣ ਵਾਸਤੇ ਟੈਲੀਫ਼ੋਨ ਕਰਦਾ ਹੈ ਤਾਂ ਕੀ ਉਹ ਦੁਕਾਨਦਾਰ ਉਨ੍ਹਾਂ ਦੀ ਸਰਵਿਸ ਤੇ ਹੋਣਗੇ ? ਜਾਂ ਜਿਹੜੇ ਪਬਲਿਕ ਕਾਲ ਦਾ ਜ਼ਿਕਰ ਕੀਤਾ ਹੈ ਉਹ ਆਪੇ ਟੁਰ ਕੇ ਮਰੀਜ਼ ਕੋਲ ਚਲਾ ਜਾਏਗਾ ? ਉਸ ਦਾ ਕੋਈ ਪ੍ਰਬੰਧ ਸਰਕਾਰ ਨੇ ਕੀਤਾ ਹੈ ? ਇਕ ਪਾਸੇ ਤਾਂ ਵਜ਼ੀਰਾਂ ਅਤੇ ਮੈਂਬਰਾਂ ਦਾ ਟੈਲੀਫ਼ੋਨ ਦਾ ਖ਼ਰਚ ਬੇ-ਥਹਾ ਹੋ ਰਿਹਾ ਹੈ ਅਤੇ ਦੂਸਰੇ ਪਾਸੇ ਜੇ ਕਰ ਕੋਈ ਫੈਸਿਲਿਟੀ ਮਰੀਜ਼ਾਂ ਨੂੰ ਮਿਲੀ ਹੋਈ ਸੀ ਤਾਂ ਉਸ ਦਾ ਕੁਨੈਕਸ਼ਨ ਹੀ ਕਟ ਦਿਤਾ ਗਿਆ। ਮੇਰੇ ਇਕ ਫ਼ਾਜ਼ਲ ਦੋਸਤ ਨੇ ਪੁਲੀਸ ਦਾ ਜ਼ਿਕਰ ਵੀ ਕੀਤਾ ਹੈ। ਕੀ ਇਹ ਇਕਰਾਰ ਕਰਦੇ ਹਨ ਕਿ ਉਥੇ ਟੈਲੀਫੋਨ ਲਵਾ ਦੇਣਗੇ ?

ਰਾਜ ਮੰਤਰੀ : ਵੈਸੇ ਲਾਗੇ ਇਕ ਟੈਲੀਫ਼ੋਨ ਹੈ ਅਤੇ ਪੁਛ ਗਿਛ ਲਈ ਤਾਂ ਦਫ਼ਤਰ ਵਿਚ ਵੀ ਟੈਲੀਫ਼ੋਨ ਹੈ (ਵਿਘਨ)।

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਨੂੰ ਇਸ ਗਲ ਦਾ ਪਤਾ ਹੈ ਕਿ ਮਹਿਕਮਾ ਟੈਲੀਫ਼ੋਨ ਨੇ ਤਿੰਨ ਦਫ਼ਾ ਨੋਟਿਸ ਦਿਤੇ ਅਤੇ ਜਿਸ ਦੇ ਵਿਚ 16,332, ਰੁਪਏ ਦਾ ਬਿਲ ਸੀ ਔਰ ਉਸ ਦੇ ਬਾਦ ਇਹ ਕੁਨੈਕਸ਼ਨ ਕਟਿਆ ?

ਰਾਜ ਮੰਤਰੀ : ਮੈਂ ਕਿਹਾ ਹੈ ਕਿ ਟੈਲੀਫ਼ੋਨ ਦਾ ਬਿਲ ਬਹੁਤ ਜ਼ਿਆਦਾ ਸੀ, ਰਕਮ ਦਾ ਇਸ ਵਕਤ ਪਤਾ ਨਹੀਂ।

ਸ੍ਰੀ ਸਪੀਕਰ : ਕੁਐਸਚਨ ਨੰ : *2337.

(ਸਬੰਧਤ ਮੰਤਰੀ ਸਾਹਿਬ ਜਵਾਬ ਪੜ੍ਹਨ ਲਈ ਹਾਜ਼ਰ ਨਹੀਂ ਸਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਇਹ ਸਾਡੇ ਨਾਲ ਬਹੁਤ ਜ਼ਿਆਦਤੀ ਹੈ ਕਿ ਮਨਿਸਟਰ ਸਾਹਿਬ ਆਪਣੇ ਸਵਾਲਾਂ ਦੇ ਜਵਾਬ ਦੇਣ ਲਈ ਹਾਜ਼ਰ ਹੀ ਨਾ ਹੋਣ। ਇਨ੍ਹਾਂ ਨੇ ਤਾਂ ਨਿਤਨੇਮ ਹੀ ਬਣਾ ਲਿਆ ਹੈ ਮੈਂਬਰਾਂ ਨੂੰ ਇਗਨੋਰ ਕਰਨ ਦਾ, ਇਹ ਗਲ ਠੀਕ ਨਹੀਂ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਪ੍ਰਿਵਿਲਜ ਮੋਸ਼ਨ ਮੂਵ ਕਰਦਾ ਹਾਂ ਕਿ ਮਨਿਸਟਰ ਸਾਹਿਬਾਨ ਹਾਊਸ ਵਿਚ ਆਉਂਦੇ ਨਹੀਂ, ਇਹ ਸਾਰੇ ਹਾਊਸ ਨਾਲ ਧੱਕਾ ਹੈ। (ਵਿਘਨ)

ਚੌਧਰੀ ਬਲਬੀਰ ਸਿੰਘ : ਸਪੀਕਰ ਸਾਹਿਬ, ਅਗਰ ਡਬਲ ਸਿਟਿੰਗ ਕੇ ਕਾਰਨ ਮਨਿਸਟਰ ਸਾਹਿਬ ਵਕਤ ਪਰ ਹਾਊਸ ਮੇਂ ਨਹੀਂ ਆ ਸਕਤੇ ਤੋ ਇਸ ਮੇਂ ਹਮਾਰਾ ਕਿਆ ਕਸੂਰ ਹੈ। (ਵਿਘਨ)

ਸ੍ਰੀ ਸਪੀਕਰ : ਮੈਂ ਵਜ਼ੀਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਸਮੇਂ ਤੇ ਆ ਕੇ ਸੁਆਲਾਂ ਦੇ ਜਵਾਬ ਦਿਆ ਕਰਨ। (I would request the hon. Ministers to be present in the House well in time to answer the questions.)

SETTING UP A PRIMARY HEALTH CENTRE IN DERA BABA NANAK BLOCK.

*2337. **Sardar Santokh Singh Randhawa** :— Will the Minister of State for Industries and Health be pleased to state :—

a) whether it is a fact that the Primary Health Centre in Dera Baba Nanak Block, District Gurdaspur is set up in Dhianpur village which is the last village on the tail of the Block;

(b) if reply to (a) above be in the affirmative, whether there is any proposal under the consideration of the Government for setting up another Health Centre in the area for the benefit of the public of Dera Baba Nanak ?

ਸਰਦਾਰ ਗੁਰਮੀਤ ਸਿੰਘ (ਰਾਜ ਮੰਤਰੀ, ਖੁਰਾਕ ਤੇ ਸਪਲਾਈ) : (ਏ) ਹਾਂ ਜੀ।

(ਬੀ) ਨਹੀਂ ਜੀ।

ਸਰਦਾਰ ਸੰਤੋਖ ਸਿੰਘ ਰੰਧਾਵਾ : ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਡੇਰਾ ਬਾਬਾ ਨਾਨਕ ਵਿਚ ਪ੍ਰਾਇਮਰੀ ਹੈਲਥ ਸੈਂਟਰ ਖੋਲ੍ਹਿਆ ਹੈ ਇਹ ਉਸ ਬਲਾਕ ਦੀ ਲਾਸਟ ਥਾਂ ਤੇ ਖੋਲ੍ਹਿਆ ਗਿਆ ਹੈ ਅਤੇ ਗੌਰਮਿੰਟ ਦੀ ਇਹ ਤਜਵੀਜ਼ ਹੈ ਕਿ 2:2 ਹੈਲਥ ਸੈਂਟਰ ਖੁਲ੍ਹਣੇ ਹਨ। ਕੀ ਇਸ ਚੀਜ਼ ਦੇ ਮਦੇ ਨਜ਼ਰ ਇਹ ਇਕ ਪ੍ਰਾਇਮਰੀ ਹੈਲਥ ਸੈਂਟਰ ਉਥੇ ਖੋਲ੍ਹਣਗੇ ਕਿਉਂਕਿ ਜਿਥੇ ਹੁਣ ਹੈ ਉਥੇ ਤਾਂ ਸਾਰਾ ਬਲਾਕ ਇਸ ਗਲੋਂ ਵਾਂਝਿਆ ਰਹਿ ਜਾਂਦਾ ਹੈ ?

ਰਾਜ ਮੰਤਰੀ : ਸਰਕਾਰ ਨੇ ਪ੍ਰਾਇਮਰੀ ਹੈਲਥ ਸੈਂਟਰ ਖੋਲ੍ਹਣੇ ਹਨ ਅਤੇ ਫਿਰ 4:4, 6:6 ਅਗੇ ਸਬ-ਸੈਂਟਰ ਬਣਾ ਕੇ ਸਾਰੇ ਇਲਾਕੇ ਨੂੰ ਕਵਰ ਕਰ ਲਿਆ ਜਾਂਦਾ ਹੈ। ਐਲੋਕੇਸ਼ਨ ਕਿਤੇ ਵੀ ਹੋਵੇ ਕੋਈ ਮਾਇਨੇ ਨਹੀਂ ਰਖਦੀ, ਕਿਉਂਕਿ ਡਾਕਟਰਜ਼, ਨਰਸਿਜ਼ ਆਦਿ ਦਾ ਇੰਤਜ਼ਾਮ ਕੀਤਾ ਜਾਣਾ ਹੈ ਅਤੇ ਉਨ੍ਹਾਂ ਕੋਲ ਗਡੀਆਂ ਹੋਣਗੀਆਂ, ਉਹ

[ਰਾਜ ਮੰਤਰੀ, ਖੁਰਾਕ ਤੇ ਸਪਲਾਈ]

ਹਰ ਥਾਂ ਤੇ ਜਾਇਆ ਕਰਨਗੇ। ਇਹ ਸਕੀਮ ਹਾਲੇ ਫਾਈਨਲ ਸਟੇਜ ਤੇ ਨਹੀਂ ਪਹੁੰਚੀ, ਇਹ ਸੁਜੈਸ਼ਨ ਹੈ ਸਾਰੇ ਮੈਂਬਰ ਸਾਹਿਬਾਨ ਦੀ ਕਿ ਇਕ ਇਕ ਸੈਂਟਰ ਹਰ ਬਲਾਕ ਵਿਚ ਹੋਰ ਖੋਲ੍ਹਿਆ ਜਾਵੇ, ਪਰ ਹਾਲੇ ਤਕ ਇਸ ਤੇ ਫ਼ਾਈਨਲ ਡਿਸੀਜ਼ਨ ਨਹੀਂ ਕੀਤਾ ਗਿਆ।

चौधरी बलबीर सिंह : क्या सरकार इस तजवीज़ पर गौर करेगी कि जो माडल ग्राम बनाये जा रहे हैं, वहां पर प्राइमरी हैल्थ सैंटर भी खोले जाएं ?

(कोई उत्तर नहीं आया)

ਸ੍ਰੀ ਸਪੀਕਰ : ਉਹ ਦੂਜਾ ਨਹੀਂ ਬਣਾਉਂਦੇ ਤਾਂ ਦਸ ਦਸ ਕਿਥੋਂ ਬਨਾਉਣਗੇ। (They are not willing to open a second Health Centre, how will they agree to the opening of ten such centres.)

चौधरी बलबीर सिंह : माडल ग्राम स्कीम के तहत, स्कूल, हस्पताल वगैरा खोले जाते हैं, वरना माडल ग्राम क्या हुआ ।

(ਇਸ ਵੇਲੇ ਰਾਜ ਮੰਤਰੀ ਸਿਹਤ ਹਾਊਸ ਵਿਚ ਆ ਗਏ)

ਡਾਕਟਰ ਅਮੀਰ ਸਿੰਘ ਕਲਕਟ : ਕੀ ਇਹ ਦਸਣਗੇ ਕਿ ਕੀ ਸਰਕਾਰ ਬੈਕਵਰਡ ਅਤੇ ਫਾਰ ਫਲੰਗ ਏਰੀਆਜ਼ ਵਿਚ ਪਰਾਇਮਰੀ ਹੈਲਥ ਸੈਂਟਰਜ਼ ਖੋਲ੍ਹਣ ਨੂੰ ਤਿਆਰ ਹੈ ਜਿਵੇਂ ਕਿ ਕੰਡੀ ਦਾ ਇਲਾਕਾ ਹੈ ?

ਰਾਜ ਮੰਤਰੀ, ਸਿਹਤ : ਆਪ ਦੀ ਸੁਜੈਸ਼ਨ ਤੇ ਗੌਰ ਕਰ ਲਿਆ ਜਾਵੇਗਾ।

ਸਰਦਾਰ ਸੰਤੋਖ ਸਿੰਘ ਰੰਧਾਵਾ : ਸਪੀਕਰ ਸਾਹਿਬ, ਮੇਰਾ ਸਵਾਲ ਸਾਫ਼ ਹੈ। ਡੇਰਾ ਬਾਬਾ ਨਾਨਕ ਬਲਾਕ ਵਿਚ ਧਿਆਨਪੁਰ ਅਖੀਰਲਾ ਪਿੰਡ ਹੈ ਜਿਥੇ ਸੈਂਟਰ ਹੈ। ਮੈਂ ਪੁਛਿਆ ਸੀ ਕਿ ਕਿਸੇ ਵਿਚਕਾਰਲੇ ਪਿੰਡ ਵਿਚ ਇਕ ਹੋਰ ਹੈਲਥ ਸੈਂਟਰ ਖੋਲ੍ਹਣ ਦੀ ਤਜ਼ਵੀਜ਼ ਹੈ, ਇਨ੍ਹਾਂ ਨੇ ਕਿਹਾ ਨਹੀਂ। ਫਿਰ ਸਰਦਾਰ ਗੁਰਮੀਤ ਸਿੰਘ ਹੋਰਾਂ ਨੇ ਜਵਾਬ ਦਿੰਦੇ ਹੋਏ ਕਿਹਾ ਕਿ ਸਬ ਸੈਂਟਰ ਖੋਲ੍ਹੇ ਹੋਏ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕੀ ਇਨ੍ਹਾਂ ਸਬ ਸੈਂਟਰਾਂ ਵਿਚ ਡਾਕਟਰ ਮੁਹੱਈਆ ਹਨ। ਉਹ ਲੰਬਾ ਚੌੜਾ ਬਲਾਕ ਹੈ। ਕੀ ਉਥੇ ਕੋਈ ਡਾਕਟਰ ਹਨ ਜਾਂ ਇਨ੍ਹਾਂ ਸੈਂਟਰਾਂ ਵਿਚ ਹੈਲਥ ਵਿਜ਼ਟਰ ਜਾਂ ਟਰੇਂਡ ਦਾਈਆਂ ਹੀ ਕੰਮ ਕਰਦੀਆਂ ਹਨ ?

ਰਾਜ ਮੰਤਰੀ : ਸਬ ਸੈਂਟਰਾਂ ਵਿਚ ਡਾਕਟਰ ਅਵੇਲੇਬਲ ਨਹੀਂ ਹਨ। ਸਾਡੀ ਇਕ ਸਕੀਮ ਹੈ ਰੂਰਲ ਫੈਮਿਲੀ ਪਲੈਨਿੰਗ ਯੂਨਿਟ ਦੀ। ਇਹ ਸੈਂਟਰਲ ਮਨਿਸਟਰੀ ਨੇ ਮੰਨ ਲਈ ਹੈ ਅਤੇ ਹੁਣ ਇਹ ਪਲੈਨਿੰਗ ਕਮਿਸ਼ਨ ਪਾਸ ਹੈ। ਉਸ ਮੁਤਾਬਕ ਪਰਾਇਮਰੀ ਹੈਲਥ ਯੂਨਿਟ ਤੋਂ ਇਲਾਵਾ ਇਕ ਰੂਰਲ ਫੈਮਿਲੀ ਯੂਨਿਟ ਖੋਲ੍ਹਣ ਦੀ ਤਜਵੀਜ਼ ਹੈ।

ਚੌਧਰੀ ਤੁਲਸੀ ਰਾਮ ਚੌਹਾਨ : ਕੀ ਇਹ ਦਸਣਗੇ ਕਿ ਜਿਨ੍ਹਾਂ ਬੈਕਵਰਡ ਏਰੀਅਜ਼ ਵਿਚ ਨਾ ਹਸਪਤਾਲ ਹੈ ਅਤੇ ਨਾ ਫੈਮਿਲੀ ਪਲੈਨਿੰਗ ਯੂਨਿਟ ਹੈ ਕੀ ਉਥੇ ਇਹ ਖੋਲ੍ਹਣ ਬਾਰੇ ਗੌਰ ਹੋ ਰਿਹਾ ਹੈ ?

ਰਾਜ ਮੰਤਰੀ : ਬੈਕਵਰਡ ਏਰੀਆਜ਼ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਰਕਾਰ ਧਿਆਨ ਦੇ ਰਹੀ ਹੈ। ਉਨ੍ਹਾਂ ਦੀਆਂ ਪਾਪੂਲੇਸ਼ਨ ਦੇ ਬੇਸਿਜ਼ ਤੇ ਅਸੈਸਮੈਂਟ ਕਰਕੇ ਅਗਲੇ ਸਾਲ ਦੇ ਬਜਟ ਵਿਚੋਂ ਉਨ੍ਹਾਂ ਦੀ ਬੈਕਵਰਡਨੈਸ ਪਹਿਲਾਂ ਦੂਰ ਕਰਕੇ ਦੂਜਿਆਂ ਇਲਾਕਿਆਂ ਵਲ ਧਿਆਨ ਕੀਤਾ ਜਾਵੇਗਾ।

COMPLAINT REGARDING EMBEZZLEMENT IN THE AMRIT CO-OPERATIVE MULTIPURPOSE SOCIETY LTD., ROPAR.

*2053. **Comrade Satya Pal Dang** :— Will the Minister of State for Cooperatives and Civil Aviation with reference to the reply to Starred Question No. 1461 included in the list of Starred Questions for 11.3.70 regarding embezzlement in the Amrit Co-operative Multipurpose Society Ltd., Rupar be pleased to state :—

a) the details of omission and commissions found in the working of the said society by the Vigilance Department and the Public Grievances Officer, Amritsar separately ;

b) the dates on which the said omission and commissions were found by each of the two agencies/offices referred to in part (a) above ;

c) the date on which the matter was taken up with the S. P. Ropar by the Assistant Registrar, Co-operative Societies and the D. C. Ropar ;

d) the date on which the case was handed over to the S. P. Ropar ;

e) whether the case has been registered ; if so, on what date ; if not, the reasons therefor ;

f) whether all the relevant record of the Society in question was also handed over to the S. P. Ropar ; if not, the reasons therefor ;

g) whether it has come to the notice of the Government that the S. P. Ropar, has been asking for the relevant record of the Society in question but the same has not been handed over to him by the Assistant Registrar, Co-operative Societies; if so, the reasons for the same ?

Sardar Sarjit Singh : (a) It will not be in the public interest, at this stage to give details of omissions and commissions found in the working of the said Society by the Vigilance Department. No enquiry was held by Public Grievances Officer, Amritsar. But Public Grievances Officer, Ropar conducted an enquiry and he has given so far no findings in this connection.

(b) 25.1.1966.

(c) & (d) 7.3.1968.

(e) The matter is still under consideration of the S. P. Ropar.

(f) & (g) Whatever information was demanded by S. P. was supplied to him by the Assistant Registrar, Coop Societies, Ropar. The S P. has been informed by the A. R. that the record of the Society was with the Liquidator of the Society and the liquidator has also been asked through the Assistant Registrar to hand over the available record to S.P. However, it is reported that the Assistant Registrar, Ropar has already requested S. P. Ropar to register another case as some of the record of the Society is reported to be missing.

[ਰਾਜ ਮੰਤਰੀ ਸਹਿਕਾਰਤਾ ਅਤੇ ਸ਼ਹਿਰੀ ਹਵਾਬਾਜ਼ੀ]

[(ੳ) ਚੌਕਸੀ ਵਿਭਾਗ ਵਲੋਂ ਇਸ ਸੁਸਾਇਟੀ ਦੇ ਕੰਮ ਕਾਰ ਵਿਚ ਪਾਈਆਂ ਗਈਆਂ ਊਣ-ਤਾਈਆਂ ਦੀ ਸੂਚੀ ਇਸ ਸਮੇਂ ਦੇਣੀ ਪਬਲਿਕ ਹਿੱਤ ਵਿਚ ਨਹੀਂ ਹੋਵੇਗੀ, ਪਬਲਿਕ ਗਰੀਵੈਂਸਜ਼ ਅਫਸਰ, ਅੰਮ੍ਰਿਤਸਰ ਨੇ ਕੋਈ ਇਨਕੁਆਇਰੀ ਨਹੀਂ ਕੀਤੀ ਸਗੋਂ ਪਬਲਿਕ ਗਰੀਵੈਂਸਜ਼ ਅਫਸਰ, ਰੋਪੜ ਨੇ ਕੀਤੀ ਸੀ ਜਿਸ ਦੇ ਸੰਬੰਧ ਵਿਚ ਅਜੇ ਤਕ ਉਸ ਨੇ ਕੋਈ ਸਿੱਟਾ ਰਪੋਟ ਨਹੀਂ ਦਿੱਤੀ।

(ਅ) 25-1-1966.

(ੲ) ਤੇ (ਸ) 7-3-1968.

(ਹ) ਇਹ ਮੁਆਮਲਾ ਅਜੇ ਵੀ ਸੁਪਰਡੈਂਟ ਪੁਲਿਸ, ਰੋਪੜ ਦੇ ਪਾਸ ਕਾਰਵਾਈ ਅਧੀਨ ਹੈ।

(ਕ) ਤੇ (ਖ) ਜਿਹੜੀ ਕੋਈ ਵੀ ਸੂਚਨਾ ਐਸ. ਪੀ. ਨੇ ਮੰਗੀ ਸੀ ਉਹ ਉਸਨੂੰ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਰੋਪੜ ਨੇ ਦੇ ਦਿੱਤੀ ਸੀ। ਐਸ. ਪੀ. ਨੂੰ ਸਹਾਇਕ ਰਜਿਸਟਰਾਰ ਨੇ ਸੂਚਿਤ ਕੀਤਾ ਹੈ ਕਿ ਸਭਾ ਦਾ ਰਿਕਾਰਡ ਸਭਾ ਦੇ ਲੀਕੁਈਡੇਟਰ ਦੇ ਪਾਸ ਹੈ ਅਤੇ ਲੀਕੁਈਡੇਟਰ ਨੇ ਵੀ ਸਹਾਇਕ ਰਜਿਸਟਰਾਰ ਰਾਹੀਂ ਮੌਜੂਦਾ ਰਿਕਾਰਡ ਐਸ. ਪੀ. ਦੇ ਹਵਾਲੇ ਕਰਨ ਵਾਸਤੇ ਕਿਹਾ ਸੀ ਫਿਰ ਵੀ ਇਹ ਰਪੋਟ ਮਿਲੀ ਹੈ ਕਿ ੲੇ. ਆਰ. ਰੋਪੜ ਨੇ ਪਹਿਲਾਂ ਹੀ ਐਸ. ਪੀ. ਰੋਪੜ ਨੂੰ ਇਕ ਹੋਰ ਕੇਸ ਰਜਿਸਟਰ ਕਰਨ ਦੀ ਬੇਨਤੀ ਕੀਤੀ ਕਿਉਂਕਿ ਸੁਸਾਇਟੀ ਦਾ ਕੁਝ ਰਿਕਾਰਡ ਗੁੰਮ ਹੋਇਆ ਦਸਿਆ ਜਾਂਦਾ ਹੈ।]

ਕਾਮਰੇਡ ਸੱਤ ਪਾਲ ਡਾਂਗ : ਮਨਿਸਟਰ ਸਾਹਿਬ ਦੇ ਜਵਾਬ ਵਿਚ ਸਾਫ਼ ਦਸਿਆ ਹੈ ਕਿ 1966 ਵਿਚ ਸੋਸਾਇਟੀ ਦਾ ਗਬਨ ਪਕੜਿਆ ਗਿਆ, 1968 ਵਿਚ ਪੁਲਿਸ ਨੂੰ ਕੇਸ ਰਜਿਸਟਰਡ ਕਰਨ ਲਈ ਕਿਹਾ ਗਿਆ ਪਰ ਕੇਸ ਅੱਜ ਤੱਕ ਰਜਿਸਟਰ ਨਹੀਂ ਹੋਇਆ। ਭਾਵੇਂ ਪੁਲਿਸ ਤੇ ਭਾਵੇਂ ਕੋਆਪਰੇਟਿਵ ਮਹਿਕਮਾ ਕੋਈ ਨਾ ਕੋਈ ਉਨ੍ਹਾਂ ਨੂੰ ਸ਼ੈਲਟਰ ਕਰ ਰਿਹਾ ਹੈ। ਕੀ ਮਨਿਸਟਰ ਸਾਹਿਬ ਯਕੀਨ ਦਿਵਾਉਣਗੇ ਕਿ ਇਸ ਵਿਚ ਹੋਰ ਦੇਰ ਨਹੀਂ ਹੋਵੇਗੀ ਅਤੇ ਅਗਰ ਇਨ੍ਹਾਂ ਦੇ ਮਹਿਕਮੇ ਦਾ ਕਸੂਰ ਨਹੀਂ ਹੈ ਤਾਂ ਪੁਲਿਸ ਨੂੰ ਕਿਹਾ ਜਾਵੇਗਾ ਕਿ ਕੇਸ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇ ?

ਰਾਜ ਮੰਤਰੀ : ਅਗਰ ਇਸ ਵਿਚ ਮੇਰੇ ਮਹਿਕਮੇ ਦਾ ਕਸੂਰ ਹੋਵੇਗਾ ਤਾਂ ਕਸੂਰਵਾਰ ਦੇ ਖਿਲਾਫ਼ ਸਖਤ ਐਕਸ਼ਨ ਲਿਆ ਜਾਵੇਗਾ। ਦੇਰ ਦਾ ਜੋ ਕਾਰਨ ਹੋਵੇਗਾ ਉਸ ਨੂੰ ਦੂਰ ਕਰਨ ਦਾ ਯਤਨ ਕੀਤਾ ਜਾਵੇਗਾ।

ਸਰਦਾਰ ਉਮਰਾਓ ਸਿੰਘ : ਕੀ ਇਹ ਠੀਕ ਹੈ ਕਿ ਇਸੇ ਨੌਬੀਅਤ ਦੇ ਕੇਸ ਮਹਿਕਮੇ ਦੇ ਅਫ਼ਸਰਾਂ ਨੇ ਪਕੜੇ ਹਨ ਅਤੇ ਬਜਾਏ ਕਿਸੇ ਕਾਰਵਾਈ ਦੇ ਉਨ੍ਹਾਂ ਅਫ਼ਸਰਾਂ ਨੂੰ ਹੀ ਬਦਲ ਦਿਤਾ ਗਿਆ ?

ਰਾਜ ਮੰਤਰੀ : ਅਗਰ ਇਸ ਤਰ੍ਹਾਂ ਦੇ ਹੋਰ ਕੇਸ ਹੋਣ ਤਾਂ ਦੱਸਣ। ਵੈਸੇ ਮੈਂ ਵੀ ਇਕ ਲਿਸਟ ਮੰਗੀ ਹੈ ਕਿ ਕੋਈ ਵੀ ਕੇਸ ਹੋਵੇ ਉਸ ਨੂੰ ਪੇਸ਼ ਕੀਤਾ ਜਾਵੇ ਤਾਕਿ ਜ਼ਰੂਰੀ ਕਾਰਵਾਈ ਕੀਤੀ ਜਾਵੇ।

चौधरी बलबीर सिंह : क्या ज़िला अधिकारियों की तरफ़ से कोई रैप्रेज़ेंटेशन आया है कि इन केसों में देर इस लिए होती है क्योंकि उनके पास स्टाफ पूरा नहीं है। क्या उन्होंने किसी स्पैशल स्क्वैड या डिपार्टमैंट की मांग की है ?

ਰਾਜ ਮੰਤਰੀ : ਇਸ ਤਰ੍ਹਾਂ ਦਾ ਰੈਪਰੇਜ਼ੈਂਟੇਸ਼ਨ ਮੇਰੇ ਪਾਸ ਨਹੀਂ ਹੈ ਮਗਰ ਇਨਕਵਾਇਰੀ ਕਰ ਲਵਾਂਗਾ।

ਸਰਦਾਰ ਗੁਰਬੰਤਾ ਸਿੰਘ : ਕੀ ਇਹ ਠੀਕ ਹੈ ਕਿ ਜਲੰਧਰ ਦੇ ਏ. ਆਰ. ਨੇ ਦੋ ਤਿੰਨ ਆਦਮੀਆਂ ਦਾ ਲੱਖ ਦੋ ਲੱਖ ਦਾ ਗਬਨ ਪਕੜਿਆ ? ਫਿਰ ਬਜਾਏ ਉਨ੍ਹਾਂ ਆਦਮੀਆਂ ਦੇ ਖਿਲਾਫ ਕਾਰਵਾਈ ਕਰਨ ਦੇ ਉਸ ਏ. ਆਰ. ਨੂੰ ਹੀ ਤਬਦੀਲ ਕਰ ਦਿੱਤਾ ਕਿਉਂਕਿ ਉਹ ਆਦਮੀ ਮਨਿਸਟਰ ਸਾਹਿਬ ਦੀ ਪਾਰਟੀ ਦੇ ਹਨ ? ਕੀ ਇਹ ਠੀਕ ਹੈ ?

ਸ਼੍ਰੀ ਸਪੀਕਰ : ਗੱਲ ਤਾਂ ਰੋਪੜ ਦੀ ਸੋਸਾਇਟੀ ਦੀ ਹੈ, ਤੁਸੀਂ ਜਲੰਧਰ ਦੀ ਸੋਸਾਇਟੀ ਦੀ ਗੱਲ ਕਰਦੇ ਹੋ, ਉਹ ਤਾਂ ਤੁਹਾਡੇ ਘਰ ਦੀ ਗੱਲ ਹੈ । (The question is about a Society of Ropar; whereas The hon. Member is referring to a Society locates in Jullundur District. This oppears to be his own affair.)

ਸਰਦਾਰ ਗੁਰਬੰਤਾ ਸਿੰਘ : ਘਰ ਦੀ ਗੱਲ ਨਹੀਂ ਜੀ ... (ਵਿਘਨ)

ਚੌਧਰੀ ਤੁਲਸੀ ਰਾਮ ਚੋਹਾਨ : ਰੋਪੜ ਤੋਂ ਲੈ ਕੇ ਗੜ੍ਹ ਸ਼ੰਕਰ ਤਕ ਦੀਆਂ ਜੋ ਕੋਆਪਰੇਟਿਵ ਸੋਸਾਇਟੀਆਂ ਹਨ ਉਨ੍ਹਾਂ ਵਿਚ ਗਬਨ ਦੇ ਕੇਸ 3-4 ਸਾਲ ਤੋਂ ਚਲ ਰਹੇ ਹਨ ਅਤੇ ਇਹ ਸਾਰੇ ਕੇਸ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਹਨ । ਸਿਰਫ ਇਕ ਸੋਸਾਇਟੀ ਦੇ ਸੈਕਰੇਟਰੀ ਨੂੰ ਸਜ਼ਾ ਹੋਈ ਹੈ । ਬਾਕੀ 8-10 ਸੋਸਾਇਟੀਆਂ ਦੇ ਖਿਲਾਫ ਕੇਸ ਕਿਉਂ ਰਜਿਸਟਰਡ ਨਹੀਂ ਹੋ ਰਹੇ ?

ਰਾਜ ਮੰਤਰੀ : ਇਸ ਬਾਰੇ ਨੋਟਿਸ ਦੇ ਦਿਉ ।

ਚੌਧਰੀ ਰਾਮ ਸਿੰਘ : ਇਹ ਜੋ ਕੇਸ ਚਲ ਰਿਹਾ ਹੈ ਰੋਪੜ ਦੀ ਸੋਸਾਇਟੀ ਦਾ, ਉਨ੍ਹਾਂ ਦੇ ਅਕਾਊਂਟਸ ਰੈਜ਼ੀਡੈਂਟ ਐਡੀਟਰ ਚੈੱਕ ਕਰਦਾ ਹੈ, ਕੀ ਇਹ ਉਸ ਦੇ ਖਿਲਾਫ ਐਕਸ਼ਨ ਲੈਣਗੇ ?

ਰਾਜ ਮੰਤਰੀ : ਜਿਸ ਦਾ ਕਸੂਰ ਹੋਵੇਗਾ ਉਸ ਨੂੰ ਸਜ਼ਾ ਦਿਤੀ ਜਾਵੇਗੀ ।

ਡਾਕਟਰ ਅਮੀਰ ਸਿੰਘ ਕਲਕਟ : ਕੀ ਇਸ ਸਿਲਸਿਲੇ ਵਿਚ ਸਰਕਾਰ ਵਲੋਂ ਪਾਲਿਸੀ ਬਿਆਨ ਦਿੱਤਾ ਜਾਵੇਗਾ ਕਿ ਜਿਹੜੇ ਅਫਸਰ ਗਬਨ ਫੜਨਗੇ ਉਨ੍ਹਾਂ ਨੂੰ ਸਰਕਾਰ ਵਲੋਂ ਐਪਰੀਸੀਏਸ਼ਨ ਮਿਲੇਗੀ ਤਾਂ ਜੋ ਇਸ ਕ੍ਰੱਪਸ਼ਨ ਦੀ ਰੋਕਥਾਮ ਕੀਤੀ ਜਾ ਸਕੇ ?

ਰਾਜ ਮੰਤਰੀ : ਜ਼ਰੂਰ ਕਰਾਂਗੇ ।

SETTING UP OF MEMORIAL AT DERA BABA NANAK IN MEMORY OF JAWANS

*2338. **Sardar Santokh Singh Randhawa** : Will the Chief Minister be pleased to state :

(a) whether the Government is considering the desirability of setting up of a memorial of those valiant Indian Jawans who laid down their lives in the 1965 Indo-Pakistan conflict for the defence of their motherland;

(b) if reply to (a) above be in the negative, the reasons thereof ?

ਸਰਦਾਰ ਤਰਲੋਚਨ ਸਿੰਘ ਰਿਆਸਤੀ (ਰਾਜ ਮੰਤਰੀ, ਲੋਕ ਸੰਪਰਕ ਅਤੇ ਯਾਤਰਾ) :

(ੲ) ਜੀ ਨਹੀਂ ।

(ਬੀ) ਸ਼ਹੀਦੀ ਯਾਦਗਾਰਾਂ ਬਨਾਉਣ ਲਈ ਇਕ ਕਮੇਟੀ ਬਣਾਈ ਗਈ ਹੈ । ਉਸ ਨੇ ਇਸ ਬਾਰੇ ਕੋਈ ਸਿਫਾਰਸ਼ ਨਹੀ ਕੀਤੀ ।

ਸਰਦਾਰ ਸੰਤੋਖ ਸਿੰਘ ਰੰਧਾਵਾ : ਜਦੋਂ 1965 ਦੀ ਪਾਕਿਸਤਾਨ ਨਾਲ ਜੰਗ ਹੋਈ ਤਾਂ ਸਾਡੀ ਫੌਜ ਦੇ ਇਕ ਲੈਫਟੀਨੈਂਟ ਨੇ 150 ਜਵਾਨਾਂ ਦੀ ਟੁਕੜੀ ਨਾਲ ਇਕ ਪੁਲ ਤੇ ਡਟ ਕੇ ਲੜਾਈ ਕੀਤੀ ਅਤੇ ਹਜ਼ਾਰਾਂ ਪਾਕਿਸਤਾਨੀਆਂ ਨੂੰ ਅਗੇ ਨਹੀਂ ਵਧਣ ਦਿਤਾ ਅਤੇ ਉਨ੍ਹਾਂ ਦਾ ਨਾਪਾਕ ਕਦਮ ਇਸ ਪਾਸੇ ਵਲ ਨਹੀਂ ਵਧਣ ਦਿਤਾ। ਉਸ ਇਲਾਕੇ ਦੇ ਲੋਕਾਂ ਨੇ ਇਹ ਜੰਗ ਅਖੀਂ ਦੇਖੀ ਜਦੋਂ ਉਹ ਉਨ੍ਹਾਂ ਲਈ ਦੁਧ ਪਹੁੰਚਾਉਣ ਜਾਂਦੇ ਸਨ। ਜਿਸ ਨੌਜਵਾਨ ਨੇ ਆਪਣੀ ਬਹਾਦਰੀ ਨਾਲ ਭਾਰਤ ਦੀ ਸੀਮਾ ਤੇ ਪਾਕਿਸਤਾਨੀਆਂ ਦਾ ਕਦਮ ਨਹੀਂ ਪੈਣ ਦਿਤਾ ਕੀ ਇਹ ਉਨ੍ਹਾਂ ਬਹਾਦਰਾਂ ਦੀ ਯਾਦ ਵਿਚ ਕੋਈ ਯਾਦਗਾਰ ਉਥੇ ਕਾਇਮ ਕਰਨਗੇ ?

ਸ੍ਰੀ ਸਪੀਕਰ : ਇਸ ਗਲ ਤੇ ਸਰਕਾਰ ਨੂੰ ਵਿਚਾਰ ਕਰ ਲੈਣਾ ਚਾਹੀਦਾ ਹੈ। ਇਸ ਸਦਨ ਦੇ ਜਜ਼ਬਾਤ ਦਾ ਆਦਰ ਕਰਨਾ ਚਾਹੀਦਾ ਹੈ ਅਤੇ ਸ਼ਹੀਦਾਂ ਦੀਆਂ ਯਾਦਗਾਰਾਂ ਜ਼ਿਆਦਾ ਤੋਂ ਜ਼ਿਆਦਾ ਬਨਾਉਣੀਆਂ ਚਾਹੀਦੀਆਂ ਹਨ। ਇਸ ਸਦਨ ਦੇ ਵਿਚਾਰ ਕਮੇਟੀ ਦੇ ਸਾਹਮਣੇ ਰਖ ਦਿਉ। (This matter should be considered by the Government. I would request the hon. Minister of State to convey the sentiments of the hon. Members of this House to the Committee and steps should be taken to raise maximum number of memorials in the memory of these martyrs.)

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਸਦਨ ਦੇ ਵਿਚਾਰ ਮੈਂ ਕਮੇਟੀ ਦੇ ਸਾਹਮਣੇ ਰੱਖ ਦਿਆਂਗਾ। ਉਸ ਕਮੇਟੀ ਨੇ ਅਜੇ ਤਕ ਆਪਣੀਆਂ ਸਿਫ਼ਾਰਸ਼ਾਂ ਸਰਕਾਰ ਪਾਸ ਨਹੀਂ ਭੇਜੀਆਂ। ਜਿਹੜੇ ਮੈਂਬਰ ਸਾਹਿਬਾਨ ਦੇ ਸੁਝਾਵ ਹਨ ਇਨ੍ਹਾਂ ਤੇ ਜ਼ਰੂਰ ਵਿਚਾਰ ਕਰਾਂਗੇ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਥੇ ਜਿਥੇ ਵੀ 1965 ਦੀ ਪਾਕਿਸਤਾਨ ਨਾਲ ਹੋਈ ਲੜਾਈ ਵਿਚ ਸ਼ਹੀਦ ਹੋਏ ਹਨ ਉਨ੍ਹਾਂ ਥਾਵਾਂ ਤੇ ਉਨ੍ਹਾਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ ਜਾਣਗੀਆਂ ?

ਰਾਜ ਮੰਤਰੀ : ਮੈਂ ਇਸ ਦੇ ਬਾਰੇ ਵਿਚ ਪਹਿਲਾਂ ਹੀ ਅਰਜ਼ ਕਰ ਚੁਕਾ ਹਾਂ ਕਿ ਕਮੇਟੀ ਨੇ ਅਜੇ ਤਕ ਆਪਣੀਆਂ ਸਿਫਾਰਸ਼ਾਂ ਨਹੀਂ ਭੇਜੀਆਂ।

ਕਾਮਰੇਡ ਦਰਸ਼ਨ ਸਿੰਘ ਝਬਾਲ : ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਿਹੜੇ 1965 ਦੀ ਜੰਗ ਵਿਚ ਸ਼ਹੀਦ ਹੋਏ ਉਨ੍ਹਾਂ ਦੇ ਵਾਰਿਸਾਂ ਅਤੇ ਵਿਧਵਾਵਾਂ ਨੂੰ ਮਾਲੀ ਸਹਾਇਤਾ ਅਤੇ ਜ਼ਮੀਨ ਦੇਣ ਬਾਰੇ ਸਰਕਾਰ ਨੇ ਐਲਾਨ ਕੀਤਾ ਸੀ ਇਸ ਨੂੰ ਕਦ ਤਕ ਪੂਰਾ ਕਰ ਦਿਤਾ ਜਾਵੇਗਾ ?

ਰਾਜ ਮੰਤਰੀ : ਇਸ ਦੇ ਬਾਰੇ ਵਿਚ ਵੱਖਰਾ ਨੋਟਿਸ ਦੇ ਦਿਉ, ਜਵਾਬ ਦੇ ਦਿਆ ਗਾ।

ਚੌਧਰੀ ਸੁੰਦਰ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਸ਼ਹੀਦਾਂ ਦੀਆਂ ਯਾਦਗਾਰਾਂ ਬਣਾਉਣ ਲਈ ਕੋਈ ਕਮੇਟੀ ਮੁਕੱਰਰ ਕੀਤੀ ਗਈ ਹੈ ਜਿਸ ਨੇ ਆਪਣੀਆਂ ਸਿਫਾਰਸ਼ਾਂ ਅਜੇ ਤਕ ਨਹੀਂ ਭੇਜੀਆਂ ਤਾਂ ਕੀ ਉਨ੍ਹਾਂ ਥਾਵਾਂ ਤੇ ਕੋਈ ਹਰੀਜਨਾਂ ਲਈ ਧਰਮਸ਼ਾਲਾ ਜਾਂ ਗੁਰਦੁਆਰਾ ਬਣਾ ਦੇਣਗੇ ? (ਹਾਸਾ)

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਗੌਰਮਿੰਟ ਇਸ ਗੱਲ ਲਈ ਕੋਸ਼ਿਸ਼ ਕਰੇਗੀ ਕਿ ਬਾਰਡਰ ਦੇ ਇਲਾਕੇ ਵਿਚ ਇਫੈਕਟਿਵ ਥਾਵਾਂ ਤੇ ਮੈਮੋਰੀਅਲ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਕਾਇਮ ਕੀਤੇ ਜਾਣ ਜਿਹੜੇ ਕਿ ਦੂਜੇ ਪਾਸੇ ਵੀ ਵਿਖਾਈ ਦੇਣ ਤਾਂਕਿ ਉਨ੍ਹਾਂ ਦਾ

ਮੌਰੇਲ ਨੀਵਾਂ ਹੋਵੇ ਅਤੇ ਸਾਡੇ ਜਵਾਨਾਂ ਦਾ ਮੌਰੇਲ ਉਚਾ ਹੋਵੇ ? ਕੀ ਸਰਕਾਰ ਆਪਣੀ ਇਸ ਤਰ੍ਹਾਂ ਦੀ ਕੋਈ ਪਾਲਿਸੀ ਬਣਾਉਣ ਤੇ ਵਿਚਾਰ ਕਰੇਗੀ ?

ਰਾਜ ਮੰਤਰੀ : ਅਸੀਂ ਵਧ ਤੋਂ ਵਧ ਸ਼ਹੀਦਾਂ ਦੀਆਂ ਯਾਦਗਾਰਾਂ ਕਾਇਮ ਕਰਾਂਗੇ । ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਦੀ ਯਾਦਗਾਰ ਵੀ ਤਾਂ ਠੀਕ ਬਾਰਡਰ ਤੇ ਹੀ ਬਣਾਈ ਗਈ ਹੈ ਅਤੇ ਇਸੇ ਸਰਕਾਰ ਨੇ ਬਣਾਈ ਹੈ ।

ਸਰਦਾਰ ਗੁਰਮੇਜ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਹੜੀ ਇਨ੍ਹਾਂ ਨੇ ਕਮੇਟੀ ਬਣਾਈ ਹੈ ਉਸ ਦੇ ਮੈਂਬਰਾਂ ਦਾ ਕੀ ਨਾਮ ਹੈ ਅਤੇ ਜਿਹੜੀ ਇਸ ਕਮੇਟੀ ਨੇ ਅਗਾਂਹ ਸਬ ਕਮੇਟੀ ਬਣਾਈ ਹੈ ਉਸ ਦੇ ਮੈਂਬਰਾਂ ਦਾ ਕੀ ਨਾਮ ਹੈ ਅਤੇ ਉਹ ਆਪਣੀ ਰਿਪੋਰਟ ਅਜੇ ਤਕ ਕਿਉਂ ਨਹੀਂ ਦੇ ਸਕੇ ?

ਰਾਜ ਮੰਤਰੀ : ਉਸ ਕਮੇਟੀ ਦੇ ਪਰਧਾਨ ਨੇ ਮੇਜਰ ਜਨਰਲ ਸਰਦਾਰ ਗੁਰਬਖਸ਼ ਸਿੰਘ । ਬਾਕੀਆਂ ਦੇ ਬਾਰੇ ਵਿਚ ਨੋਟਸ ਦਿਓ ਪਤਾ ਕਰ ਕੇ ਦੱਸ ਦੇਵਾਂਗਾ ।

ਸਰਦਾਰ ਮਹਿਤਾਬ ਸਿੰਘ ਢਿਲੋਂ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਫਤਹਗੜ੍ਹ ਸਭਰਾਵਾਂ ਵਿਚ ਸਰਦਾਰ ਸ਼ਾਮ ਸਿੰਘ ਅਟਾਰੀਵਾਲੇ ਦੀ ਯਾਦਗਾਰ ਬਣਾਉਣ ਦੇ ਬਾਰੇ ਵਿਚ ਜਿਹੜਾ ਫੈਸਲਾ ਕੀਤਾ ਗਿਆ ਸੀ ਜਦ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਆਪ ਡਿਵੈਲਪਮੈਂਟ ਮਨਿਸਟਰ ਸਨ ਅਤੇ ਬਾਸੀ ਸਾਹਿਬ ਵੀ ਉਸ ਕੈਬਨਿਟ ਵਿਚ ਸਨ ਅਤੇ ਜਿਸ ਦੇ ਬਾਰੇ ਵਿਚ ਫਿਰੋਜ਼ਪੁਰ ਦੇ 15 ਐਮ ਐਲ. ਏਜ਼ ਨੇ ਦਸਤਖਤ ਕਰਕੇ ਇਹ ਮੰਗ ਕੀਤੀ ਸੀ ਕਿ ਯਾਦਗਾਰ ਕਾਇਮ ਕੀਤੀ ਜਾਵੇ, ਕੀ ਕਾਰਨ ਹੈ ਕਿ ਇਸ ਨੂੰ ਹੁਣ ਫਿਰੋਜ਼ਪੁਰ ਤੋਂ ਬਦਲ ਕੇ ਅੰਮ੍ਰਿਤਸਰ ਵਿਚ ਲਿਜਾਇਆ ਜਾ ਰਿਹਾ ਹੈ ? ਕੀ ਯਾਦਗਾਰ ਉਧਰ ਜਾ ਰਹੀ ਹੈ । (ਹਾਸਾ)

ਰਾਜ ਮੰਤਰੀ : ਵੈਸੇ ਤਾਂ ਪੰਜਾਬ ਦਾ ਕੋਈ ਪਿੰਡ ਐਸਾ ਨਹੀਂ ਜਿਥੇ ਕਿ ਸ਼ਹੀਦੀ ਨਾ ਹੋਈ ਹੋਵੇ ਪਰ ਜਿਹੜੀਆਂ ਇਤਿਹਾਸਕ ਥਾਵਾਂ ਹਨ ਪੰਜਾਬ ਸਰਕਾਰ ਉਨ੍ਹਾਂ ਥਾਵਾਂ ਤੇ ਸੰਜੀਦਗੀ ਨਾਲ ਯਾਦਗਾਰਾਂ ਬਨਾਉਣ ਬਾਰੇ ਸੋਚ ਰਹੀ ਹੈ ਅਤੇ ਮੈਕਸੀਮਮ ਯਾਦਗਾਰਾਂ ਬਣਾਈਆਂ ਜਾਣਗੀਆਂ । (ਵਿਘਨ)

ਸਰਦਾਰ ਮਹਿਤਾਬ ਸਿੰਘ ਢਿਲੋਂ : ਮੈਂ ਤਾਂ ਇਹ ਪੁਛਿਆ ਹੈ ਕਿ ਕੀ ਕੋਈ ਯਾਦਗਾਰ ਅੰਮ੍ਰਿਤਸਰ ਤਾਂ ਨਹੀਂ ਜਾ ਰਹੀ ਕਿਉਂਕਿ ਫਤਹਗੜ੍ਹ ਸਭਰਾਵਾਂ ਇਕ ਪਿੰਡ ਫਿਰੋਜ਼ਪੁਰ ਵਿਚ ਵੀ ਹੈ ਅਤੇ ਕੀ ਇਹ ਕਿਸੇ ਸਿਆਸੀ ਕਾਰਨ ਕਰਕੇ ਫਿਰੋਜ਼ਪੁਰ ਤੋਂ ਅੰਮ੍ਰਿਤਸਰ ਵਿਚ ਤਾਂ ਨਹੀਂ ਜਾ ਰਹੀ ?

ਸ੍ਰੀ ਸਪੀਕਰ : ਸਿਆਸੀ ਵਜ੍ਹਾ ਕਰਕੇ ਤਾਂ ਇਹ ਫਿਰੋਜ਼ਪੁਰ ਵਿਚ ਆਵੇਗੀ । (ਹਾਸਾ) (But it would go to Ferozepur if political consideration is there.) (Laughter)

ਸਰਦਾਰ ਉਮਰਾਓ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਹੜੇ ਇਕ ਪਾਰਟੀ ਛਡ ਕੇ ਦੂਜੇ ਪਾਸੇ ਜਾ ਕੇ ਸ਼ਹੀਦ ਹੋਏ ਹਨ ਕੀ ਉਨ੍ਹਾਂ ਦੀ ਯਾਦ ਵਿਚ ਵੀ ਮੈਮੋਰੀਅਲ ਖੜੇ ਕੀਤੇ ਜਾਣਗੇ ? (ਹਾਸਾ) (ਵਿਘਨ)

(ਇਕ ਮਾਨਯੋਗ ਮੈਂਬਰ : ਸ਼ਹੀਦ ਹੋਏ ਹਨ ਜਾਂ ਅਮਰ ਹੋਏ ਹਨ)

ਰਾਜ ਮੰਤਰੀ : ਇਨ੍ਹਾਂ ਜ਼ਿੰਦਾ ਸ਼ਹੀਦਾਂ (ਕਾਂਗਰਸ ਬੈਂਚਾਂ ਵਲ ਇਸ਼ਾਰਾ) ਦੀਆਂ ਜ਼ਰੂਰ ਬਣਵਾ ਦੇਵਾਂਗੇ (ਹਾਸਾ)

ਚੌਧਰੀ ਰਾਮ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਹ ਕਮੇਟੀ ਕਦੋਂ ਬਣੀ ਸੀ ?

ਰਾਜ ਮੰਤਰੀ : ਮੈਨੂੰ ਤਰੀਕ ਤਾਂ ਜ਼ਬਾਨੀ ਯਾਦ ਨਹੀਂ ਜੇਕਰ ਨੋਟਿਸ ਦਿਉ ਤਾਂ ਪਤਾ ਕਰਕੇ ਦਸ ਸਕਦਾ ਹਾਂ।

चौधरी बलबीर सिंह : क्या मन्त्री महोदय बताएंगे कि अकाली जनसंघ का जो आपस में मुआयदा शहीद हुआ है क्या उसके बारे में भी कोई यादगार कायम की जाएगी ? (हंसी)

ਸਰਦਾਰ ਸੰਤੋਖ ਸਿੰਘ ਰੰਧਾਵਾ : ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਹਰ ਮਹੀਨੇ ਦੀ 6 ਤਰੀਕ ਨੂੰ ਡੇਰਾ ਬਾਬਾ ਨਾਨਕ ਵਿਚ ਮੇਲਾ ਲਗਦਾ ਹੈ ਅਤੇ ਇਸ ਗੱਲ ਦੀ ਡੀਮਾਂਡ ਕੀਤੀ ਜਾਂਦੀ ਹੈ ਕਿ ਉਨ੍ਹਾਂ ਜਵਾਨਾਂ ਦੀ ਯਾਦ ਵਿਚ ਯਾਦਗਾਰ ਬਣਾਈ ਜਾਵੇ ਜਿਨ੍ਹਾਂ ਨੇ ਪੁਲ ਤੇ ਤਕੜੇ ਹੋ ਕੇ ਖੋਖਰੀਆਂ ਨਾਲ ਪਾਕਿਸਤਾਨੀਆਂ ਦਾ ਮੁਕਾਬਲਾ ਕੀਤਾ ਅਤੇ ਉਨ੍ਹਾਂ ਨੂੰ ਅਗਾਂਹ ਵਧਣ ਨਾ ਦਿਤਾ; ਤਾਂਕਿ ਬਾਰਡਰ ਤੇ ਵਸਣ ਵਾਲਿਆਂ ਦੇ ਹੌਂਸਲੇ ਵਧ ਜਾਣ ?

ਰਾਜ ਮੰਤਰੀ : ਮੈਂ ਤਾਂ ਪਹਿਲਾਂ ਹੀ ਅਰਜ਼ ਕਰ ਚੁਕਾ ਹਾਂ ਕਿ ਇਸ ਸਦਨ ਦੇ ਆਨਰੇਬਲ ਮੈਂਬਰਾਂ ਦੇ ਜਜ਼ਬਾਤ ਦਾ ਪੂਰਾ ਧਿਆਨ ਰਖਿਆ ਜਾਵੇਗਾ।

NAXALITE MOVEMENT IN THE STATE

*2097. **Shri Gian Chand Kharbanda** : Will the Chief Minister, be pleased to state :

(a) the details of the steps taken by the Government to curb Naxalite movement in the State;

(b) the total number of murders reported to have been committed by the followers of the said movement since 1.4.70 and the number of those among them, which have been traced, and the action taken in each case;

(c) the names of the alleged murderers of late Sardar Basant Singh Ex-M.L.A. (Dakala) and whether they have been arrested and challaned in the court; if not the reasons therefor ?

Sardar Parkash Singh Badal : (a) Special Staffs have been created to curb Naxalite activities in the State.

(b) The number of murders committed since 1.4.70 is 14. All the cases have been successfully worked out. All the accused involved in one case have been arrested, in seven cases, most of the assailants have been either arrested or killed in encounters with the police. In six cases, the accused are at large and efforts are in progress to apprehend them.

(c) Tarsem Dass Bawa, Ram and Hari. Vigorous afforts are in progress to arrest them.

[(ਏ) ਨਕਸਲਬਾੜੀਆਂ ਦੀਆਂ ਹਰਕਤਾਂ ਨੂੰ ਦਬਾਉਣ ਲਈ ਪੰਜਾਬ ਵਿਚ ਸਪੈਸ਼ਲ ਸਟਾਫ਼ ਬਣਾਏ ਗਏ ਹਨ।

(ਬੀ) 1/4/70 ਤੋਂ ਨਕਸਲਬਾੜੀਆਂ ਨੇ 14 ਕਤਲ ਕੀਤੇ ਹਨ ਅਤੇ ਇਨ੍ਹਾਂ ਸਾਰੇ ਕੇਸਾਂ ਦਾ ਸੁਰਾਗ਼ ਮਿਲ ਗਿਆ ਹੈ। ਇਕ ਕੇਸ ਵਿਚ ਸਾਰੇ ਦੋਸ਼ੀ ਫੜੇ ਗਏ ਹਨ । 7 ਕੇਸਾਂ ਵਿਚ

ਬਹੁਤ ਸਾਰੇ ਕਾਤਲ ਜਾਂ ਤਾਂ ਫੜ ਲਏ ਗਏ ਹਨ ਜਾਂ ਪੁਲਿਸ ਦੇ ਨਾਲ ਮੁਕਾਬਲੇ ਵਿਚ ਮਾਰੇ ਗਏ ਹਨ । 6 ਕੇਸਾਂ ਵਿਚ ਮੁਲਜ਼ਮ ਭੱਜੇ ਹੋਏ ਹਨ ਤੇ ਉਹਨਾਂ ਨੂੰ ਫੜਨ ਲਈ ਪੂਰੇ ਯਤਨ ਕੀਤੇ ਜਾ ਰਹੇ ਹਨ ।

(ਸੀ) ਤਰਸੇਮ ਦਾਸ ਬਾਵਾ, ਰਾਮ ਅਤੇ ਹਰੀ । ਇਹ ਕਾਤਲ ਰੂਹ ਪੋਸ਼ ਹਨ ਅਤੇ ਇਹਨਾਂ ਨੂੰ ਫੜਨ ਲਈ ਪੂਰੇ ਯਤਨ ਜਾਰੀ ਹਨ ।]

ਸ੍ਰੀ ਗਿਆਨ ਚੰਦ ਖਰਬੰਦਾ : ਕੀ ਵਜ਼ੀਰ ਸਾਹਿਬ ਦੱਸਣਗੇ ਕਿ 22 ਅਤੇ 23 ਜਨਵਰੀ ਦੀ ਦਰਮਿਆਨੀ ਰਾਤ ਨੂੰ ਅੰਮ੍ਰਿਤਸਰ ਵਿਚ ਰਾਮ ਬਾਗ ਵਿਚ ਮਹਾਤਮਾ ਗਾਂਧੀ ਦੇ ਬੁਤ ਤੇ ਸਿਰ ਨੂੰ ਧੜ ਨਾਲੋਂ ਜੁਦਾ ਕੀਤਾ ਗਿਆ ਸੀ ਅਤੇ ਨਾਲ ਹੀ ਨੰਕਸਲਾਇਟ ਪੋਸਟਰ ਵੀ ਮਿਲੇ ਸਨ ਕੀ ਇਸ ਵਿਚ ਵੀ ਨਕਸਲਬਾੜੀਆਂ ਦਾ ਹੱਥ ਹੈ ਅਤੇ ਕੀ ਕਾਰਵਾਈ ਕੀਤੀ ਗਈ ਹੈ ?

ਮੁੱਖ ਮੰਤਰੀ : ਇਸ ਕੇਸ ਦੀ ਤਫਤੀਸ਼ ਹੋ ਰਹੀ ਹੈ ਅਤੇ ਸੁਰਾਗ ਮਿਲਣ ਤੇ ਦਸ ਦਿਤਾ ਜਾਵੇਗਾ ।

ਡਾਕਟਰ ਅਮੀਰ ਸਿੰਘ ਕਲਕਟ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਜਿਹੜੇ ਸੈੱਲ ਖੋਲ੍ਹੇ ਗਏ ਹਨ ਕੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਵੀ ਖੋਲ੍ਹਿਆ ਗਿਆ ਹੈ ਜਿਥੇ ਕਿ ਪਿਛਲੇ ਦੋ ਮਹੀਨਿਆਂ ਵਿਚ 11 ਕਤਲ ਹੋਏ ਹਨ ?

ਮੁੱਖ ਮੰਤਰੀ : ਇਹ ਸੈੱਲ ਤਾਂ ਹਰ ਜ਼ਿਲ੍ਹੇ ਵਿਚ ਖੋਲ੍ਹੇ ਗਏ ਹਨ ਅਤੇ ਇਹ ਆਪਣਾ ਕੰਮ ਤੇਜ਼ੀ ਨਾਲ ਕਰ ਰਹੇ ਹਨ ।

ਸਰਦਾਰ ਗੁਰਮੇਜ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਸਰਦਾਰ ਬਸੰਤ ਸਿੰਘ ਐਮ. ਐਲ. ਏ. ਦਾ ਜਿਹੜਾ ਕਤਲ ਹੋਇਆ ਸੀ ਇਸ ਦਾ ਸੁਰਾਗ ਮਿਲ ਗਿਆ ਹੈ ਅਤੇ ਕੀ ਦੋਸ਼ੀ ਗ੍ਰਿਫਤਾਰ ਕਰ ਲਏ ਗਏ ਹਨ ?

ਮੁੱਖ ਮੰਤਰੀ : ਸੁਰਾਗ ਤਾਂ ਮਿਲ ਗਿਆ ਹੈ ਪਰ ਦੋਸ਼ੀ ਰੂਹ-ਪੋਸ਼ ਹਨ ਉਨ੍ਹਾਂ ਨੂੰ ਫੜਨ ਦਾ ਯਤਨ ਕੀਤਾ ਜਾ ਰਿਹਾ ਹੈ ।

ਸਰਦਾਰ ਸੁਰਜੀਤ ਸਿੰਘ ਅਟਵਾਲ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਇਹ ਨਕਸਲਬਾੜੀ ਮੂਵਮੈਂਟ ਸ਼ੁਰੂ ਹੋਣ ਦੇ ਕੀ ਕਾਰਨ ਹਨ ਅਤੇ ਕਿਉਂ ਇਸ ਵਲ ਪੜ੍ਹੇ ਲਿਖੇ ਆਦਮੀਆਂ ਅਤੇ ਸਟੂਡੈਂਟਸ ਦਾ ਰੁਝਾਨ ਵਧ ਗਿਆ ਹੈ ?

ਮੁੱਖ ਮੰਤਰੀ : ਇਹ ਸਾਰਿਆਂ ਨੂੰ ਪਤਾ ਹੀ ਹੈ ਕਿ ਇਹ ਮੂਵਮੈਂਟ ਬੰਗਾਲ ਵਿਚ ਸ਼ੁਰੂ ਹੋਈ ਸੀ ਅਤੇ ਫਿਰ ਹੁਣ ਪੰਜਾਬ ਵਿਚ ਆਈ ਹੈ ਪੰਜਾਬ ਸਰਕਾਰ ਇਸ ਦੀਆਂ ਸਰਗਰਮੀਆਂ ਤੇ ਕੜੀ ਨਿਗਾਹ ਰੱਖ ਰਹੀ ਹੈ ਅਤੇ ਇਸ ਨੂੰ ਦਬਾਉਣ ਲਈ ਸਖਤ ਕਦਮ ਚੁਕੇ ਗਏ ਹਨ ।

चौधरी बलबीर सिंह : क्या वज़ीर साहिब बतायेंगे कि जो राय हरी चन्द का कतल हो गया था उसका सुराग़ मिल गया है ?

ਮੁੱਖ ਮੰਤਰੀ : ਜੀ ਹਾਂ, ਸੁਰਾਗ ਮਿਲ ਗਿਆ ਹੈ । ਮੁਲਜ਼ਮਾਨ ਗਰਿਫਤਾਰ ਹੋ ਚੁਕੇ ਹਨ ਅਜੇ 1-2 ਹੋਰ ਵੀ ਫੜਨ ਵਾਲੇ ਰਹਿੰਦੇ ਹਨ ।

ਸਰਦਾਰ ਗੁਰਬੰਤਾ ਸਿੰਘ : ਮੇਰੇ ਇਕ ਸਵਾਲ ਦੇ ਜਵਾਬ ਦੇ ਵਿਚ ਕੱਲ੍ਹ ਸਰਕਾਰ ਨੇ ਦਸਿਆ ਸੀ ਕਿ 109 ਨੈਕਸੇਲਾਈਟਸ ਫੜੇ ਗਏ ਹਨ, ਬਾਕੀ 95 ਤੇ ਮੁਕੱਦਮੇ ਚਲ

[ਸਰਦਾਰ ਗੁਰਬੰਤਾ ਸਿੰਘ]

ਰਹੇ ਹਨ ਜਿਹੜੇ ਕਿ ਅਨਰਜਿਸਟਰਡ ਹਨ। ਮੈਂ ਜਾਨਣਾ ਚਾਹੁੰਦਾ ਹਾਂ ਕਿ ਮੁਕੱਦਮੇ ਹੁਣ ਤੱਕ ਰਜਿਸਟਰਰ ਕਿਉਂ ਨਹੀਂ ਹੋਏ ਇਸ ਦਾ ਕੀ ਕਾਰਨ ਹੈ?

ਸ੍ਰੀ ਸਪੀਕਰ : ਇਹ ਸਵਾਲ ਕੱਲ੍ਹ ਹੀ ਪੁਛਣਾ ਸੀ, ਹੁਣ ਨਹੀਂ। (This question ought to be asked yesterday and not to-day.)

ਸਾਥੀ ਰੂਪ ਲਾਲ : ਇਹ ਜਿਹੜੀ ਨੈਕਸੇਲਾਈਟ ਮੂਵਮੈਂਟ ਹੈ ਕੀ ਇਹ ਕਾਂਗਰਸੀਆਂ ਦਾ ਕਿਸੇ ਪਾਰਟੀ ਨਾਲ ਮਿਲ ਜਾਣ ਦਾ ਸਬੰਧ ਤਾਂ ਨਹੀਂ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸਰਦਾਰ ਸਰੂਪ ਸਿੰਘ : ਮੈਂ ਸਰਕਾਰ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਐਲ. ਆਈ. ਸੀ. ਦੇ ਮੁਲਾਜ਼ਮਾਂ ਨੂੰ ਫੜਿਆ ਗਿਆ ਅਤੇ ਉਨ੍ਹਾਂ ਦੀ ਬੇਜਾਹ ਹੈਰਾਸਮੈਂਟ ਕੀਤੀ ਗਈ। ਕੀ ਸਰਕਾਰ ਪੁਲਿਸ ਨੂੰ ਕੋਈ ਐਸੀਆਂ ਹਦਾਇਤਾਂ ਕਰੇਗੀ ਤਾਂ ਜੋ ਇਸ ਤਰ੍ਹਾਂ ਮੁਲਾਜ਼ਮਾਂ ਨੂੰ ਫੇਰ ਨਾ ਹੈਰਾਸ ਕੀਤਾ ਜਾਵੇ।

ਮੁੱਖ ਮੰਤਰੀ : ਸਰਕਾਰ ਵੱਲੋਂ ਇਸ ਪਾਸੇ ਖਾਸ ਧਿਆਨ ਦਿੱਤਾ ਜਾਂਦਾ ਹੈ, ਕਿਸੇ ਨੂੰ ਵੀ ਹੈਰਾਸਮੈਂਟ ਨਹੀਂ ਹੋਣ ਦਿੱਤੀ ਜਾਂਦੀ।

ਡਾਕਟਰ ਸਾਧੂ ਰਾਮ : ਕੀ ਵਜ਼ੀਰ ਸਾਹਿਬ ਉਨ੍ਹਾਂ ਦੇ ਨਾਉਂ ਦੱਸਣਗੇ ਜਿਹੜੇ ਕਿ ਸਰਦਾਰ ਬਸੰਤ ਸਿੰਘ ਦੇ ਕਾਤਲ ਹਨ ?

ਸ੍ਰੀ ਸਪੀਕਰ : ਉਨ੍ਹਾਂ ਨੇ ਤਿੰਨ ਨਾਉਂ ਦੱਸੇ ਹਨ। (He has already mentioned three names.)

ਸ੍ਰੀ ਗਿਆਨ ਚੰਦ ਖਰਬੰਦਾ : ਜਿਹੜਾ ਰਾਮ ਬਾਗ਼ ਵਿਚੋਂ ਮਹਾਤਮਾ ਗਾਂਧੀ ਦੇ ਬੁਤ ਦੀ ਬੇਹੁਰਮਤੀ ਕਰਨ ਦੇ ਸਿਲਸਿਲੇ ਵਿਚ ਕੇਸ ਸੀ ਕੀ ਉਸ ਦੀ ਪੜਤਾਲ ਮੁਕੰਮਲ ਹੋ ਚੁਕੀ ਹੈ ?

ਮੁੱਖ ਮੰਤਰੀ : ਸਾਨੂੰ ਮਹਾਤਮਾ ਗਾਂਧੀ ਜੀ ਦੀ ਬੇਹੱਦ ਇਜ਼ਤ ਹੈ। ਉਨ੍ਹਾਂ ਦੇ ਨਾਉਂ ਦਾ ਅਤੇ ਉਨ੍ਹਾਂ ਦੇ ਸਟੈਚੂਜ਼ ਦਾ ਸਾਨੂੰ ਪੂਰਾ ਸਤਿਕਾਰ ਹੈ। ਅਸੀਂ ਇਸ ਦੀ ਤਫਤੀਸ਼ ਜ਼ਰੂਰ ਕਰਾਵਾਂਗੇ।

ਚੌਧਰੀ ਰਾਮ ਸਿੰਘ : (ਇਕ ਮੈਂਬਰ ਵਲ ਇਸ਼ਾਰਾ ਕਰਦੇ ਹੋਏ) ਜਿਸ ਤਰ੍ਹਾਂ ਉਹ ਬੈਠੇ ਹਨ, ਕੀ ਇਸ ਤਰ੍ਹਾਂ ਅਕਾਲੀ ਪਾਰਟੀ ਦੇ ਵਿਚ ਕੋਈ ਨੈਕਸੇਲਾਈਟ ਤਾਂ ਨਹੀਂ ਘੁਸਿਆ ਹੋਇਆ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ROUTES ALLOTTED TO PRIVATE OWNERS.

*2255 **Chaudhri Ram Singh** :— Will the Chief Minister be pleased to state :—

(a) whether the Government have allotted 40% routes in the State to the private transporters in accordance with the policy of Nationalisation of Transport;

(b) if the reply to part (a) above be in the affirmative, a complete list of the names of such private transporters and details of the routes allotted to them be placed on the Table of the House ?

Sardar Parkash Singh Badal (a) Yes Sir.

(b) A list is placed on the Table of the House.

[ਏ) ਹਾਂ ਜੀ ।

(ਬੀ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।]

(b) The Punjab Governmet has introduced a new scheme which is known as 60:40. Under this scheme the following transport companies/co-op. societies have been issued stage carriage permits.

Sr. No.	Name of the company	Name of route	No. of permits
1.	The Singhanwala Co-op. Transport Society Ltd. Moga.	Moga-Bhaloor	1
2.	The Sewak Bus & Transport Co. Ltd. Moga.	—do—	1
3.	The Prince Bus & Transport Co. Ltd. Kapurthala.	Kapurthala. Nakoder	1
4.	The Sharnarthi Co-op. Transport Society Ltd. Abohar.	Abohar-Dabwali via Sito Gunnu.	1
5.	The Nirbhai Roadways (P) Ltd. Ludhiana.	Ludhiana-Karamsar Rara Sahib via Ahmedgarh.	1
6.	The Sheikhupura Transport Co. (P) Ltd, Ludhiana.	—do—	1
7.	The Fazilka Dabwali Transport Co. (P) Ltd. Abohar.	Abohar-Dabwali via Sito Gunnu.	1
8.	The Janta Transport Co-op. Society Ltd. Abohar.	—do—	1
9.	The Ex-Servicemen M.T. Coop. Society Ltd. Kapurthala.	Kapurthala-Nakodar via Malsian.	1
10.	The Ludhiana Transport Co. Ltd. Ludhiana.	1. Ludhiana-Jodan	1
		2. Ludhiana-Bhatinda.	1
		3. Jagraon-Raikot	1
		4. Ludhiana-Mulanpur	1
		5. Ludhiana-Andlo.	1
11.	Dasmesh Transport Co. (P) Ltd. Ludhiana.	Ludhiana-Latala via Ahmedgarh.	1
12.	The Nirbhai Roadways (P) Ltd. Ludhiana.	—do—	1

[Chief Minister]

13. The Prince Bus & Transport Co. Ltd., Kapurthla.		Kapurthala-Sultanpur via Talwandi Chodhrian.	1
14. The Ex-servicemen M.T. Co-op. Society Ltd. Kapurthala.		Kapurthala-Sultanpur via Fattudhinga.	1
15. The Akal Transport Co. (P) Ltd., Ludhiana.		Ludhiana-Mulanpur.	1
16. The Hoshiarpur Doaba Transport Co. Hoshiarpur.		Bhogpur-Jullundur via Adampur.	1
17. Doaba Roadways Ltd. Hoshiarpur		—do—	1
18. The Brar Transport Co. (P) Ltd., Muktsar.		Muktsar-Guru Har Sahai via Gulabewali	1
19. The Dabwali Transport Co. (P) Ltd., Dabwali.		Modi-Abohar.	1
20. The New Phagwara Transporters Ltd., Phagwara.	1.	Phagwara-Mayo patti	1
	2.	Phagwara-Pinjara Dug.	1
21. The Shakti Transport Co-op. Society Ltd., Malout.		Malout-Sikhwala via Lambi.	1
22 The Hoshiarpur National Transporter Hoshiarpur.		Hoshiarpur-Nandachaur via Bullowal.	1
23. The Hoshiarpur Azad Transporters Ltd., Hoshiarpur.		—do—	1
		Hoshiarpur-Haryana.	1
24. The Malwa Bus Service Ltd., Moga.	1.	Moga-Daudar via Dhudike.	1
	2.	Faridkot-Talwandi	1
25. The Highway Transport Co-op. Society Ltd., Moga.		Moga-Bhatinda via Nihalsinghwala Zafarnama.	2
26. The New Phagwara Transporters Ltd., Phagwara.		Nakodar-Phagwara via Shankar-Jandiala.	1
27. The New Sutlej Transport Co. Ltd., Jullundur.	1.	Nakodar-Phgwara via Shankar Jandiala.	1
	2.	Jullundur-Tanda Dasuya	1
	3.	Talwan-Phillaur via Bilga.	1
28. New Pyar Bus Service (P) Ltd., Amritsar.		Khadoor Sahib-Tarn Taran.	1
29. Malout Transport Co. (P) Ltd., Malout.		Muktsar-Giddarbaha	1
30. The Deol Transport Co. (Regd) Bhopa Rai Kalan (Ludhiana)		Jagraon-Raikot Mandi Bahadargarh.	1
31. The Khatra Chuharam Zimindara Co-op. Society Ltd., Khatra.		—do—	1

32.	The New Sutlej Transport Co. Ltd., Jullundur.	1.	Hoshiarpur-Tanda	1
		2.	Jullundur-Ludhiana	2
		3.	Phagwara-Nurmehal-Bilga.	1
33.	The Dabwali Transport Co. Ltd., Dabwali.		Dabwali-Fazilka via Malout, Abohar.	1
34.	The Fazilka Dabwali Transport Co. (P) Ltd., Abohar.		—do—	1
35.	Samundri Roadways (P) Ltd., Ferozpur.		Ferozepur-Mallanwala.	1
36.	The Ex-servicemen Co-op. M.T. Society Ltd., Kapurthala.		Kapurthala-Sultanpur via Bhoolpur.	1
37.	The Prince Bus & Transport Co. Ltd., Kapurthala.		—do—	1
38.	The Hoshiarpur Azad Transporters Ltd., Hoshiarpur.	1.	Hoshiarpur-Sikri	1
		2.	Hoshiarpur-Manota.	1
39.	The Hoshiarpur National Transporters Ltd., Hoshiarpur.	1.	Hoshiarpur-Sikri	1
		2.	Hoshiarpur-Manota.	1
40.	The Bhogpur Sirowal Ex- servicemen Coop. Society Ltd., Jullundur.		Hoshiarpur-Haryana via Shamchurasi Adampur.	1
41.	The Prince Bus & Transport Co. Ltd., Kapurthala.		Kapurthala-Saiflabad via Dhilwan.	1
42.	The State Transport Co-op, Society Ltd., Kapurthala.	1.	Jullundur-Abohar.	4
		2.	Abohar-Hanumangarh.	3
43.	The Hoshiarpur Azad Transport Ltd., Hoshiarpur.	1.	Hoshaiarpur-Tanda	1
		2.	Hoshiarpur-Koi	1
44.	The Ambala Bus Syndicate (P) Ltd., Rupar.	1.	Nangal-Anandpur-Kiratpur.	1
		2.	Rupar-Nurpurbedi-Abyana	1
		3.	Kharar-Morinda-Bela	1
		4.	Rupar-Rajpura-via Kharar Banur.	1
		5.	Zirakpur-Bassi Sundra via Chandigarh-Morinda.	2
		6.	Sirhand-Morinda.	1
		7.	Chandigarh-Kalka	3
		8.	Chandigarh-Pinjore (Saturday & Sunday).	1
		9.	Rupar–Purkhali-Hari Pur	1
		10.	Chandigarh-Kharar	1

[Chief Minister]

	11. Rupar-Kurali-Kharar	1
	12. Rupar-Kurali-(Local)	1
	13. Dumna-Dera Basi	1
	14. Nangal-Kiratpur Kalma	1
	15. Chandigarh-Nangal.	1
45. Rupar Ex-Servicemen National Co-op. Society Ltd., Rupar.	Rupar-Bela-Chamkaursahib	1
46. Rupar Ex.servicemen General Transport Society, Ropar.	Ropar-Hawarakalan.	1
47. Rupar Dashmesh Co-op. Society Ltd., Rupar.	—do—	1
48. Kartar Bus Service, Jullundur.	Jullundur-Shankar Srin.	1
49. Pritam Bus Service; Jullundur.	1. Jullundur-Tanda.	1
	2. Jullundur-Begampur.	1
50. Janta Bus Service Ltd., Batala.	Gurdaspur-Durangla	1
51. Nankana Sahib Trpt. Co. Ludhiana.	Ludhiana-Andlu.	1
52. Kisan Transport Co-op. Society Ltd., Amritsar.	1. Amritsar-Bhatinda.	1
	2. Amritsar-Ferozpur	1
53. New Samundri Transport Co. Ferozepur.	1. Bhatinda-Ferozepur	2
	2. Faridkot-Deepsingwala Gurharsahai.	1
54. The Worker Transport Co-op. Society Ltd., Abohar.	Abohar-Sadhuwala.	1

ਚੌਧਰੀ ਰਾਮ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਜ਼ਿਲ੍ਹਾ ਗੁਰਦਾਸਪੁਰ ਦੇ ਰੂਟਾਂ ਦੀ ਲਿਸਟ ਇਸ ਵਿਚ ਨਹੀਂ ਦਿੱਤੀ ਗਈ ਇਸ ਦਾ ਕੀ ਕਾਰਨ ਹੈ ?

ਮੁੱਖ ਮੰਤਰੀ : ਇਹ ਰੂਟ ਅਜੇ ਡਿਕਲੇਅਰ ਨਹੀਂ ਹੋਏ । ਇਨ੍ਹਾਂ ਬਾਰੇ ਅਰਜ਼ੀਆਂ ਆਈਆਂ ਹੋਈਆਂ ਹਨ, ਕਲੇਮਾਂ ਦਾ ਫੈਸਲਾ ਹੋ ਜਾਣ ਤੇ ਫੇਰ ਡਿਕਲੇਅਰ ਕੀਤੇ ਜਾਣਗੇ ।

चौधरी बलबीर सिंह : सरकार ने इस हाऊस में ऐलान किया था कि हरिजनों के लिए 10% नये रूट दिये जाएंगे । अब जो यह 40% रूट्स दिए गए हैं क्या इन में हरिजनों को कोई रिजर्वेशन दी है ?

ਮੁੱਖ ਮੰਤਰੀ : ਇਸ ਦੇ ਲਈ ਸੈਪਰੇਟ ਨੋਟਿਸ ਆਉਣਾ ਚਾਹੀਦਾ ਹੈ ।

ਸਰਦਾਰ ਦਿਲਬਾਗ ਸਿੰਘ : ਕੀ ਰੂਟ ਦੇਣ ਵੇਲੇ ਸਰਕਾਰ ਉਨ੍ਹਾਂ ਦੇ ਨਾਉਂ ਕਨਸਿਡਰ ਕਰੇਗੀ ਜਿਹੜੇ ਰਹਿਣ ਵਾਲੇ ਤਾਂ ਪੰਜਾਬ ਦੇ ਹਨ ਪਰ ਉਨ੍ਹਾਂ ਦੇ ਰੂਟਸ ਦੂਸਰੀ ਸਟੇਟ ਨੂੰ ਚਲੇ ਗਏ ਹਨ ?

ਮੁੱਖ ਮੰਤਰੀ : ਉਨਾਂ ਵੱਲੋਂ ਰਿਪਰੇਜ਼ੈਂਟੇਸ਼ਨਜ਼ ਆਈਆਂ ਹਨ ਉਨ੍ਹਾਂ ਤੇ ਵੀ ਵਿਚਾਰ ਕਰ ਰਹੇ ਹਾਂ ।

ਡਾਕਟਰ ਸਾਧੂ ਰਾਮ : ਜਿਹੜੀ ਰੂਟ ਦੇਣ ਦੀ ਕਮੇਟੀ ਬਣਾਈ ਹੈ ਕੀ ਇਹ ਸਹੀ ਹੈ ਕਿ ਉਨ੍ਹਾਂ ਨੂੰ ਤਾਂ ਪਤਾ ਹੀ ਨਹੀਂ ਹੁੰਦਾ ਅਤੇ ਰੂਟ ਆਪ ਦੇ ਵੱਲੋਂ ਦਿੱਤੇ ਜਾਂਦੇ ਹਨ ?

ਮੁੱਖ ਮੰਤਰੀ : ਰੂਟ ਦੇਣੇ ਮੇਰੇ ਹਥ ਵਿਚ ਨਹੀਂ ਹਨ । ਸਿਰਫ ਰੂਟ ਉਨ੍ਹਾਂ ਨੂੰ ਹੀ ਦਿੱਤੇ ਜਾਂਦੇ ਹਨ ਜਿਨ੍ਹਾਂ ਦੇ ਕੇਸਿਜ਼ ਕਮੇਟੀ ਰਿਕੂਮੈਂਡ ਕਰਦੀ ਹੈ ।

ਡਾਕਟਰ ਸਾਧੂ ਰਾਮ : ਕੀ ਐਸੇ ਵੀ ਕੋਈ ਕੇਸ ਹਨ ਜਿਨ੍ਹਾਂ ਨੂੰ ਕਿ ਬਰਾਹੇ ਰਾਸਤ ਰੂਟ ਦਿੱਤੇ ਗਏ ਹਨ ।

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸਾਥੀ ਰੂਪ ਲਾਲ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਹੜੀ ਰੂਟ ਦੇਣ ਵਾਲੀ ਕਮੇਟੀ ਬਣਾਈ ਗਈ ਹੈ ਕੀ ਉਸ ਦੇ ਵਿਚ ਕਾਂਗਰਸੀ ਘੁਸਪੈਠੀਏ ਵੀ ਸ਼ਾਮਲ ਹਨ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

REGIONAL TRANSPORT AUTHORITIES.

*2281. **Sardar Gurbanta Singh** :— Will the Chief Minister be pleased to state the names of places where Regional Transport Authorities exist at present in the State alongwith the names and addresses of the members thereof ?

ਸਰਦਾਰ ਪਰਕਾਸ਼ ਸਿੰਘ ਬਾਦਲ : ਰੀਜਨਲ ਟਰਾਂਸਪੋਰਟ ਅਥਾਰਟੀਜ਼, ਪਟਿਆਲਾ ਅਤੇ ਜਲੰਧਰ ਵਿੱਖੇ ਮੌਜੂਦ ਹਨ । ਇਨ੍ਹਾਂ ਦੇ ਮੈਂਬਰਾਂ ਦੇ ਨਾਵਾਂ ਅਤੇ ਪਤਿਆਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

[The Regional Transport Authorities exist at present at Patiala and Jullundur. A statement showing names and addresses of the members is placed on the Table of the House.]

Statement showing the names and addresses of the Members of Regional Transport Authorities.

Regional Transport Authority, Jullundur.

1.	Commissioner, Jullundur Division :	Chairman	Official Members.
2.	Joint Provincial Transport Controller :	Member	
3.	Assistant Inspector General of Police (T), Punjab.	Member	
4.	Superintending Engineer, P.W.D.B&R,Punjab:	Member	

1.	S. Shashpal Singh, M L.A., The Mall, Amritsar.	Member	Non-official Members.
2.	S. Santokh Singh, Ex-Chairman, Block Samiti; Ludhiana.		
3.	S Amarbir Singh, Advocate, Batala, Distt. Gurdaspur.		
4.	S. Niranjan Singh, Patti, District Amritsar.		

[Chief Minister]

5. S. Tarlochan Singh, Manjara Kalan, P.O. Jadla, Nawanshahar, District Jullundur.	Non-official Members.	
6. Sh. Harbans Lal Khanna, Amritsar.	,,	
7. Sh. Bal Mukand, M.L.A., Ferozepur.	,,	

Regional Transport Authority, Patiala.

1. Commissioner, Patiala Division :	Chairman	Official Members.
2. Joint Provincial Transport Controller, Pb.	Member	
3. Assistant Inspector General of Police (T), Pb.	Member	
4. Superintending Engineer, P.W.D., B&R, Pb.	Member	

1. S. Dhana Singh Gulshan, Sangrur.	Non-official Members.
2. S. Bhag Singh Zaid Village Zaid (Bhatinda).	
3. S. Achhra Singh, Advocate, Chandigarh.	
4. S. Amar Singh Bhaura, Village Bhaura, P.O. Rangilpur, District Ropar.	
5. S. Angrez Singh, Vice Chairman, Sugar Mills, Morinda.	
6. S. Bhag Singh, Ex. M.L.A., V. Rampur Kala, P.O. Banur, District Patiala.	

ਸਰਦਾਰ ਗੁਰਬੰਤਾ ਸਿੰਘ : ਕੀ ਚੀਫ਼ ਮਨਿਸਟਰ ਸਾਹਿਬ ਇਹ ਦਸਣਗੇ ਕਿ ਜਿਹੜੀ ਰੀਜਨਲ ਟਰਾਂਸਪੋਰਟ ਅਥਾਰਟੀ ਜਲਧੰਰ ਹੈ ਇਹਦੇ ਵਿਚ ਹਰੀਜਨ ਕਿਉਂ ਨਹੀਂ ਲਿਆ ਗਿਆ ?

ਮੁੱਖ ਮੰਤਰੀ : ਪਟਿਆਲੇ ਵਿਚ 2 ਹਨ, ਪਰ ਜਲੰਧਰ ਦੇ ਵਿਚ ਕੋਈ ਨਹੀਂ । ਇਥੇ ਸਰਦਾਰ ਬਸੰਤ ਸਿੰਘ ਖਾਲਸਾ ਸਨ ਪਰ ਉਨ੍ਹਾਂ ਨੇ ਅਸਤੀਫ਼ਾ ਦੇ ਦਿੱਤਾ ਹੈ ।

ਸਰਦਾਰ ਗੁਰਬੰਤਾ ਸਿੰਘ : ਜੇ ਉਸ ਨੇ ਅਸਤੀਫ਼ਾ ਦੇ ਦਿੱਤਾ ਸੀ ਤਾਂ ਉਸ ਦੀ ਥਾਂ ਤੇ ਕੋਈ ਹੋਰ ਰਖ ਲੈਣਾ ਚਾਹੀਦਾ ਸੀ ?

ਕਾਮਰੇਡ ਬਾਬੂ ਸਿੰਘ ਮਾਸਟਰ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਮੈਂਬਰਸ਼ਿਪ ਦੇ ਲਈ ਕਰਾਈਟੇਰੀਆ ਕੀ ਰਖਿਆ ਹੈ ? ਕੀ ਟਰਾਂਸਪੋਰਟ ਦੀ ਰਿਸਪਾਂਸਿਬਿਲਿਟੀ ਮੁੱਖ ਰਖੀ ਹੈ ਜਾਂ ਅਕਾਲੀ ਪਾਰਟੀ ਦੀ ਲੀਡਰਸ਼ਿਪ ਵੇਖ ਕੇ ਕੀਤੇ ਜਾਂਦੇ ਹਨ ?

ਮੁੱਖ ਮੰਤਰੀ : ਇਹ ਗਵਰਨਮੈਂਟ ਦੀ ਡਿਸਕ੍ਰੀਸ਼ਨ ਹੈ । ਜਿਸ ਨੂੰ ਸਰਕਾਰ ਯੋਗ ਸਮਝਦੀ ਹੈ ਰਖਦੀ ਹੈ ।

———

CANCELLATION OF APPOINTMENTS MADE IN THE INDUSTRIES DEPARTMENT

*2055. **Comrade Satya Pal Dang**: Will the Chief Minister be plaased to state :

(a) whether any of the appointments made in the Industries Department during the period from 17.2.1969 to 30.6.1970 were cancelled after 30.6.1970;

(b) if the answer to part (a) above be in the affirmative the details of these appointments stating the nature of post, the name of the person appointed alongwith his address, the dates of appointment and joining duty be laid on the Table of the House;

(c) the dates of cancellation alongwith the reasons for cancellation of these appointments ?

Sardar Teja Singh (Minister of State For Health and Industries):

(a) Yes.

(b) & (c) Requisite information as given in the attached statement is laid on the Table of the House.

[(ੳ) ਹਾਂ ਜੀ।

(ਅ) ਅਤੇ (ੲ) ਲੋੜੀਂਦੀ ਸੂਚਨਾ, ਨੱਥੀ ਕੀਤੇ ਵੇਰਵਾ ਪੱਤਰ ਵਿਚ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।]

Sr. No.	Name of the incumbent.	Nature of post.	Date of appointment/ Joining.	Date of termination.	Remarks.
1.	2.	3.	4.	5.	6.
1.	Shri Subhash Chander, Chhabri Bazar, Batala.	Junior Inspector. Ropar.	5.9.69/ 5.9.69	24.11.70 (relieved on 9.12.70	The appointment was made on purely temporary adhoc basis and was later on terminated.
2.	Sh. Darshan Kumar, Kot Mit Singh, I/s Lohgarh, Amritsar.	—do— Hoshiarpur.	11.9.69/ 12.9.69	30.11.70	—do—
3.	Sh. Raj Kumar Bhalla R.B. Duni Chand Road, Amritsar.	—do— Batala	16/17.9.69 19.9.69	30.7.70	—do—
4.	Sh. Kul Bhushan, Namak Mandi Kucha Balan, 171/11, Amritsar.	—do— Hoshiarpur.	6.11.69/13.11.69	13.8.70	—do—
5.	Sh. Meha Singh, Village Manawala, P.O. Pathankot.	—do— Ferozepur.	20.1.70	18.7.70	—do—
6.	Sh. Satish Kumar, H. No. 748/1, Kucha Karmo Gali, Amritsar.	—do— Kapurthala.	1.1.70/23.1.70	8.9.70	—do—
7.	Sh. Paramjit Singh C/o S. Sunder Singh, M.C. Ludhiana,	—do— Jullundur.	20.1.70/20.1.70.	19.7.70	—do—
8.	Sh. Vinod Kumar Gupta, Sadar Bazar, Gurdaspur.	—do— Batala.	7.5.70/ 8.5.70	9.11.70	—do—

1	2	3	4	5	6
9,	Sh. Ram Dhan Gupta, V. Rattangarh, District Gurdaspur.	Junior Inspector Batala.	14.5.70/ 18.5.70	18.11.70	The appointment was made on purely temporary abhoc basis and was later on terminated.
10.	Sh. Jagmohan Mahajan, Nazarbad House, Dina Nagar, Punjab.	Junior Inspector, Amritsar.	7.5.70/ 12.5.70	12.11.70	The appointment was made on temporary adhoc basis and was terminated after completion of his term.
11.	Sh. Joginder Paul, Mohalla Karar Khan, Jullundur.	Clerk, DIO, Jullundur.	15.6.70/ 15.6.70	8.9.70	Leave arrangement terminated on return to duty by the original incumbent.
12.	Sh. Subhash Seth, 268 Durgiana Mandir, Abadi, Lajpat Street, Amritsar.	Junior Technical Assistant, Indl. Dev. Centre (Engg), Amritsar.	20.3.70/ 20.3.70	14.9.70	His adhoc appointment was tarminated on 14.9.1970 on the expiry of the adhoc period.
13.	Sh. Hari Singh, Mohalla Somian, Gali Kalian, Batala.	Inspector Quality Marking Centre (Engg.), Batala	19.5.70/ 20.5.70	18.8.70	—do—
14.	Sh. Joginder Singh c/o Dr. Sujan Singh, MBBS, Eye-Speciaiist Doms, Chowk Namak-mandi, Amritsar.	Sr. Technical Asstt. Indl. Dev. Centre Engg. Jullundur.	23.10.69/ 23.10.69	21.8.70 relieved on 25.8.70	Adhoc appointment terminated later on.
15.	Sh. S. K. Jhingan, B.L.F.O. Industries Department.	Junior Technical Officer Quality Marking Centre for Textile & Handicrafts, Hoshiarpur.	24.2.70	3.11.70 (relieved on 27.11.70)	Adhoc appointment terminated later on.

ਕਾਮਰੇਡ ਸੱਤ ਪਾਲ ਡਾਂਗ : ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਜਿਹੜੀਆਂ ਅਪੁਆਇੰਟਮੈਂਟਸ ਟੰਡਨ ਸਾਹਿਬ ਦੇ ਵੇਲੇ ਐਡਹਾਕ ਬੇਸਿਜ਼ ਤੇ ਹੋਈਆਂ ਸਨ ਉਹ ਸਾਰੀਆਂ ਦੀਆਂ ਸਾਰੀਆਂ ਟਰਮੀਨੇਟ ਕਰ ਦਿਤੀਆਂ ਗਈਆਂ ਹਨ। ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਦੋਂ ਵੀ ਕੋਈ ਅਪੁਆਇੰਟਮੈਂਟ ਕਰਨੀ ਹੁੰਦੀ ਹੈ ਕੀ ਉਮੀਦਵਾਰ ਇੰਪਲਾਈਮੈਂਟ ਐਕਸਚੇਂਜ ਰਾਹੀਂ ਨਹੀਂ ਲਏ ਜਾਂਦੇ ? ਜੇ ਲਏ ਜਾਂਦੇ ਹਨ ਤਾਂ ਕੀ ਇਨ੍ਹਾਂ ਦੀ ਪੋਸਟਿੰਗ ਵੇਲੇ ਇਹ ਪ੍ਰੋਸੀਜਰ ਅਡਾਪਟ ਕੀਤਾ ਗਿਆ ਸੀ ?

ਰਾਜ ਮੰਤਰੀ : ਸਬਾਰਡੀਨੇਟ ਸਰਵਿਸਜ਼ ਸਿਲੈਕਸ਼ਨ ਬੋਰਡ ਦੇ ਟੁੱਟ ਜਾਣ ਤੇ ਸਰਕਾਰ ਨੇ ਰਿਕਰੂਟਮੈਂਟ ਲਈ ਡੀਪਾਰਟਮੈਂਟ ਕਮੇਟੀਆਂ ਬਣਾਈਆਂ ਸਨ, ਉਹ ਐਪਲੀਕੇਸ਼ਨਜ਼ ਵੇਖ ਕੇ ਬਾਕਾਇਦਾ ਇੰਟਰਵਿਊ ਲੈ ਕੇ ਰਿਕਰੂਟਮੈਂਟ ਕਰਦੀਆਂ ਹਨ। ਪਰ ਟੰਡਨ ਸਾਹਿਬ ਵੇਲੇ ਐਸਾ ਨਹੀਂ ਹੋਇਆ ਉਨ੍ਹਾਂ ਨੇ ਡਾਇਰੈਕਟ ਰਿਕਰੂਟਮੈਂਟ ਕੀਤੀ ਸੀ, ਇਸ ਲਈ ਜਿਤਨੀਆਂ ਵੀ ਐਡਹਾਕ ਬੇਸਿਜ਼ ਤੇ ਐਪੁਆਇੰਟਮੈਂਟਸ ਹੋਈਆਂ ਸਨ ਉਨ੍ਹਾਂ ਬਾਰੇ ਟਰਮ ਐਕਸਪਾਇਰ ਹੋਣ ਤੇ ਸਰਵਿਸ ਵਿਚੋਂ ਬਰਤਰਫ਼ ਕਰਨ ਦਾ ਨੋਟਿਸ ਦੇ ਦਿਤਾ ਗਿਆ ਸੀ। ਇਸ ਤਰ੍ਹਾਂ ਜਿਹੜੀਆਂ ਵੀ ਵਿਕੈਂਸੀਆਂ ਹੋਣਗੀਆਂ ਉਨ੍ਹਾਂ ਨੂੰ ਰੇਗੂਲਰ ਢੰਗ ਨਾਲ ਡੀਪਾਰਟਮੈਂਟਲ ਕਮੇਟੀ ਦੇ ਰਾਹੀਂ ਭਰਤੀ ਕੀਤਾ ਜਾਵੇਗਾ।

(ਕੋਈ ਜੁਆਬ ਨਹੀਂ ਦਿਤਾ ਗਿਆ)

ਸ੍ਰੀ ਮਨਮੋਹਨ ਕਾਲੀਆ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਨ੍ਹਾਂ ਦੀ ਅਪੁਆਇੰਟਮੈਂਟ ਦੇ ਵਿਚ ਕੀ ਇਰੈਗੂਲੇਰਿਟੀ ਸੀ ?

ਰਾਜ ਮੰਤਰੀ : ਜੇ ਕਾਲੀਆ ਸਾਹਿਬ ਪੁਛਣਾ ਚਾਹੁੰਦੇ ਹਨ ਮੈਂ ਦੱਸ ਦਿੰਦਾ ਹਾਂ ਕਿ ਇਨ੍ਹਾਂ ਦੀ ਐਪੁਆਇੰਟਮੈਂਟ ਟੰਡਨ ਸਾਹਿਬ ਨੇ ਬਰਾਹੇਰਾਸਤ ਆਪਣੀ ਕਲਮ ਨਾਲ ਕੀਤੀ ਸੀ ਜੋ ਮੈਂ ਦਸਣਾ ਨਹੀਂ ਸੀ ਚਾਹੁੰਦਾ।

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਹੁਣੇ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਕਾਲੀਆ ਸਾਹਿਬ ਦੇ ਕਹਿਣ ਤੇ ਇਨਫਰਮੇਸ਼ਨ ਦੇਣੀ ਪਈ ਹੈ, ਮੈਂ ਜਾਣਨਾ ਚਾਹੁੰਦਾ ਹਾਂ ਕਿ ਜਦ ਕੋਈ ਇਨਫਰਮੇਸ਼ਨ ਉਨ੍ਹਾਂ ਦੇ ਪਾਸ ਸੀ ਤਾਂ ਉਹ ਹੁਣ ਤੱਕ ਹਾਊਸ ਤੋਂ ਕਿਉਂ ਛਪਾਈ ਗਈ ?

ਰਾਜ ਮੰਤਰੀ : ਸਰਦਾਰ ਉਮਰਾਓ ਸਿੰਘ ਸਾਰੇ ਕੇਸ ਸੂਓ-ਮੋਟੋ ਨਹੀਂ ਦਸੇ ਜਾਂਦੇ।

चौधरी बलबीर सिंह : क्या मन्त्री महोदय बताएंगे कि जो वज़ीर साहिब ने डायरेक्ट भरती की क्या इन में सारे काली टोपियों वाले वर्कर ही थे ? इस तरह के जिन लोगों ने दफ्तरों में धांधली मचाई, आया उनके खिलाफ यह सरकार कोई कारवाई करेगी ?

ਰਾਜ ਮੰਤਰੀ : ਇਹ ਕੇਸ ਐਗਜ਼ਾਮਿਨ ਹੋਇਆ ਸੀ। ਮੈਂ ਹਾਊਸ ਦੇ ਸਾਹਮਣੇ ਜੋ ਲਿਸਟ ਪੇਸ਼ ਕੀਤੀ ਹੈ ਕਿ ਤਕਰੀਬਨ 15 ਕੇਸ ਸੀ ਜਿਨ੍ਹਾਂ ਨੂੰ ਵੇਲੇ ਦੀ ਸਰਕਾਰ ਨੇ ਐਪੁਆਇਟ ਕੀਤਾ ਸੀ। ਅਸੀਂ ਟਰਮ ਖਤਮ ਹੋਣ ਤੇ ਟਰਮੀਨੇਟ ਕਰ ਦਿਤੇ ਹਨ ਅਤੇ ਐਕਸਟੈਂਸ਼ਨ ਨਹੀ ਦਿਤੀ।

ਸਰਦਾਰ ਕਿਰਪਾਲ ਸਿੰਘ : ਕੀ ਮਨਿਸਟਰ ਸਾਹਿਬ ਇਸ ਗੱਲ ਦੀ ਇਨਕੁਆਇਰੀ ਕਰਵਾਉਣ ਲਈ ਤਿਆਰ ਹਨ ਕਿ ਇਨ੍ਹਾਂ ਬੰਦਿਆਂ ਵਿਚੋਂ ਕਿਹੜਾ ਰਾਸ਼ਟਰੀ ਸੋਅਮ ਸੇਵਕ ਸੰਘ ਦਾ ਮੈਂਬਰ ਨਹੀਂ ਸੀ। (ਹਾਸਾ) ਅਤੇ ਦੂਸਰੀ ਗੱਲ ਇਹ ਕਿ ਟੰਡਨ ਸਾਹਿਬ ਨੇ ਜਿਹੜੇ ਟੈਕਨੀਕਲ ਡਿਪਾਰਟਮੈਂਟਸ ਦੇ ਨਾਨ-ਟੈਕਨੀਕਲ ਹੈੱਡ ਆਫ਼ ਦੀ ਡਿਪਾਰਟਮੈਂਟਸ ਲਗਾਏ ਸੀ, ਉਨ੍ਹਾਂ ਦੇ ਨਾਲ ਕਿਤਨਾ ਨੁਕਸਾਨ ਹੋਇਆ ਹੈ ਅਤੇ ਕੀ ਉਨ੍ਹਾਂ ਨੂੰ ਬਦਲਣ ਲਈ ਕੋਈ ਕਾਰਵਾਈ ਸਰਕਾਰ ਕਰ ਰਹੀ ਹੈ ਜਾਂ ਅਜਿਹੀ ਕੋਈ ਕਾਰਵਾਈ ਜ਼ੇਰੇ ਗੌਰ ਹੈ ?

ਰਾਜ ਮੰਤਰੀ : ਮੈਂ ਸਮਝਦਾ ਹਾਂ ਕਿ ਜਦੋਂ ਅਸੀਂ ਅਜਿਹੇ ਐਪੁਆਇੰਟਿਡ ਬੰਦਿਆਂ ਦੀ ਸਰਵਿਸ ਹੀ ਐਕਸਟੈਂਡ ਨਹੀਂ ਕਰ ਰਹੇ ਅਤੇ ਉਨ੍ਹਾਂ ਦੀਆਂ ਸਰਵਿਸਿਜ਼ ਟਰਮੀਨੇਟ ਹੋ ਰਹੀਆਂ ਹਨ ਤਾਂ ਉਨ੍ਹਾਂ ਦੇ ਖਿਲਾਫ਼ ਕੋਈ ਇਨਕੁਆਇਰੀ ਕਰਵਾਉਣ ਦਾ ਕੋਈ ਫਾਇਦਾ ਨਹੀਂ ਹੈ ।

ਜਿਥੋਂ ਤਕ ਨਾਨ-ਟੈਕਨੀਕਲ ਹੈੱਡ ਆਫ਼ ਦੀ ਡਿਪਾਰਟਮੈਂਟਸ ਦਾ ਕੇਸ ਹੈ ਉਹ ਸਾਡੇ ਨੋਟਿਸ ਦੇ ਵਿਚ ਕੋਈ ਨਹੀਂ ਆਇਆ । ਜੇ ਇਨ੍ਹਾਂ ਦੇ ਨੋਟਿਸ ਵਿਚ ਹੋਵੇ ਤਾਂ ਦਸ ਦੇਣ ਕਾਰਵਾਈ ਕਰਾਂਗੇ ।

ਸਰਦਾਰ ਗੁਰਬੰਤਾ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਹੜੀਆਂ ਡਿਪਾਰਟਮੈਂਟਲ ਕਮੇਟੀਆਂ ਬਣੀਆਂ ਹਨ ਅਤੇ ਉਨ੍ਹਾਂ ਵਿਚ ਜਿਹੜੇ ਹਰੀਜਨ ਮੈਂਬਰ ਹਨ ਉਨ੍ਹਾਂ ਦੀ ਸਲਾਹ ਲਏ ਬਗੈਰ ਬਾਕੀ ਮੈਂਬਰਾਂ ਨੇ ਕੋਈ ਇੰਪਲਾਇਮੈਂਟ ਦਾ ਡਿਸੀਜ਼ਨ ਲੈ ਲਿਆ ਹੋਵੇ ਅਤੇ ਉਸ ਹਰੀਜਨ ਮੈਂਬਰ ਨੇ ਕੋਈ ਪ੍ਰੋਟੈਸਟ ਇਸ ਦੇ ਖਿਲਾਫ਼ ਕੀਤਾ ਹੋਵੇ ਤਾਂ ਉਸ ਦਾ ਕੀ ਜਵਾਬ ਦਿੱਤਾ ਗਿਆ ਹੈ ?

ਰਾਜ ਮੰਤਰੀ : ਮੈਨੂੰ ਸਿਰਫ਼ ਆਪਣੇ ਵਿਭਾਗ ਦੀਆਂ ਕਮੇਟੀਆਂ ਦਾ ਪਤਾ ਹੈ ਕਿ ਉਨ੍ਹਾਂ ਦੇ ਵਿਚ ਹਰੀਜਨ ਮੈਂਬਰ ਜ਼ਰੂਰ ਹਨ ।

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ, ਮੇਰਾ ਸਵਾਲ ਹੋਰ ਸੀ ਇਹ ਜਵਾਬ ਹੋਰ ਦੇ ਰਹੇ ਹਨ । ਮੇਰਾ ਤਾਂ ਸਵਾਲ ਇਹ ਸੀ ਕਿ ਜਿਹੜੀਆਂ ਡਿਪਾਰਟਮੈਂਟਲ ਕਮੇਟੀਆਂ ਸੀ ਕੀ ਉਨ੍ਹਾਂ ਵਿਚਲੇ ਹਰੀਜਨ ਮੈਂਬਰਾਂ ਦਾ ਕੋਈ ਪ੍ਰੋਟੈਸਟ ਇਨ੍ਹਾਂ ਨੂੰ ਮਿਲਿਆ ਹੈ ਕਿ ਉਨ੍ਹਾਂ ਨੂੰ ਪੁਛੇ ਬਗੈਰ ਬਾਕੀ ਦੇ ਮੈਂਬਰਾਂ ਨੇ ਭਰਤੀ ਦਾ ਫੈਸਲਾ ਕਰ ਲਿਆ ਹੈ । ਜੇ ਅਜਿਹਾ ਪ੍ਰੋਟੈਸਟ ਮਿਲਿਆ ਹੈ ਤਾਂ ਇਨ੍ਹਾਂ ਨੇ ਕੀ ਜਵਾਬ ਦਿੱਤਾ ਹੈ ?

ਰਾਜ ਮੰਤਰੀ : ਐਸੀ ਕੋਈ ਚੀਜ਼ ਮੇਰੇ ਨੋਟਿਸ ਵਿਚ ਨਹੀਂ ਆਈ ।

ਸਰਦਾਰ ਗੁਰਬੰਤਾ ਸਿੰਘ : ਜੇ ਤੁਹਾਡੇ ਨੋਟਿਸ ਦੇ ਵਿਚ ਲਿਆਈਏ ਤਾਂ ਕੀ ਤੁਸੀਂ ਇਸ ਤੇ ਐਕਸ਼ਨ ਲਓਗੇ ?

ਰਾਜ ਮੰਤਰੀ : ਜ਼ਰੂਰ ਲਵਾਂਗੇ ।

ਚੌਧਰੀ ਤੁਲਸੀ ਰਾਮ ਚੌਹਾਨ : ਸਪੀਕਰ ਸਾਹਿਬ, ਇਥੇ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਟੰਡਨ ਸਾਹਿਬ ਨੇ ਇਰੈਗੁਲੈਰਟੀਜ਼ ਕੀਤੀਆਂ ਸੀ । ਕੀ ਉਹ ਅਕਾਲੀ-ਜਨਸੰਘ ਦੇ ਵੇਲੇ ਜਿਤਨੀਆਂ ਹੋਰ ਇਰੈਗੁਲੈਰਟੀਜ਼ ਹੋਈਆਂ ਸੀ ਉਨ੍ਹਾਂ ਦੀ ਵੀ ਇਨਕੁਆਇਰੀ ਕਰਾਉਣ ਲਈ ਤਿਆਰ ਹਨ । (ਹਾਸਾ) ਦੂਸਰੀ ਗੱਲ ਇਹ ਹੈ ਕਿ ਜਿਥੇ ਟੰਡਨ ਸਾਹਿਬ ਨੇ ਰਾਸ਼ਟਰੀ ਸੋਯਮ ਸੇਵਕ ਸੰਘ ਦੇ ਮੈਂਬਰ ਭਰਤੀ ਕੀਤੇ ਸੀ ਕਿਤੇ ਹੁਣ ਇਹ ਉਥੇ ਅਕਾਲੀ ਵਰਕਰ ਤਾਂ ਨਹੀਂ ਭਰਤੀ ਕਰ ਰਹੇ ? (ਹਾਸਾ)

ਰਾਜ ਮੰਤਰੀ : ਅਕਾਲੀ-ਜਨਸੰਘ ਕੁਲੀਸ਼ਨ ਦੇ ਵੇਲੇ ਜਿਹੜੇ ਗਲਤ ਕੰਮ ਹੋਏ ਹਨ ਉਨ੍ਹਾਂ ਦੀ ਪੜਤਾਲ ਵੀ ਕਰਵਾਈ ਜਾਵੇਗੀ ਅਤੇ ਕਾਂਗਰਸ ਦੇ ਵੇਲੇ ਜਿਹੜੇ ਗਲਤ ਕੰਮ ਹੋਏ ਸਨ ਉਨ੍ਹਾਂ ਦੀ ਪੜਤਾਲ ਵੀ ਕਰਾਈ ਜਾਵੇਗੀ। (ਥੰਪਿੰਗ) (ਹਾਸਾ)

ਸ਼੍ਰੀ ਸਪੀਕਰ : ਚੌਹਾਨ ਸਾਹਿਬ, ਉਹ ਤਾਂ ਤੁਹਾਡੇ ਤੋਂ ਵੀ ਇਕ ਕਦਮ ਅਗੇ ਵਧ ਗਏ ਹਨ । (Chaudhri Sahib, The hon. Minister is a head of you.)

ਸ਼੍ਰੀ ਸਰਦਾਰੀ ਲਾਲ ਕਪੂਰ : ਇਸ ਦਾ ਮਤਲਬ ਇਹ ਨਿਕਲਿਆ ਕਿ ਇਹ ਆਪਣੇ ਆਪ ਦੇ ਖਿਲਾਫ਼ ਇਨਕੁਆਇਰੀ ਕਰਵਾਉਣਗੇ । (ਹਾਸਾ)

ਸ਼੍ਰੀ ਸਪੀਕਰ : ਜਦੋਂ ਉਨ੍ਹਾਂ ਨੇ ਗਲਤ ਕੰਮ ਹੀ ਨਹੀਂ ਕੀਤਾ ਤਾਂ ਇਨਕੁਆਇਰੀ ਕਿਸ ਲਈ ? (The question of enquiry does not arise, when nothing wrong has been done.)

ਚੌਧਰੀ ਤੁਲਸੀ ਰਾਮ ਚੌਹਾਨ : ਉਨ੍ਹਾਂ ਤਾਂ ਮੰਨ ਲਿਆ ਹੈ ਕਿ ਗਲਤ ਕੰਮ ਹੁੰਦੇ ਰਹੇ ਹਨ ।

(ਕੋਈ ਜਵਾਬ ਨਹੀਂ ਦਿੱਤਾ ਗਿਆ)

IRREGULAR SUPPLY OF RAW MATERIAL FOR ENGINEERING INDUSTRY IN THE STATE

*2098. **Shri Gian Chand Kharbanda :** Will the Chief Minister be pleased to state :

(a) the details of the steps taken by the Government to provide relief to the Engineering Industry at Amritsar, Batala, Jullundur and other places in the State which has suffered. is suffering heavily due to irregular supply of raw material and abnormal rise in its cost;

(b) whether the Government have received any representations from the concerned industrialists about their genuine difficulties; if so, the action taken thereon; if no action has been taken, the reasons therefor ?

Sardar Teja Singh (State Minister for Industries) : (a) & (b) The Punjab Govt. actively pursued the matter with the Govt. of India and J.P.C. and succeeded in getting the system of distribution of steel and iron revised. In the revised procedure the parties are at liberty either to place indents for the raw material direct on J.P.C. or to send their requirements through Punjab State Small Industries Corporation. The distribution of raw material from producers' stockyard has also been streamlined under which 20% of total arrivals of prime quality and and 90% of defectives will be distributed by Industries Department.

[(ੳ) ਅਤੇ (ਅ) ਪੰਜਾਬ ਸਰਕਾਰ ਨੇ ਭਾਰਤ ਸਰਕਾਰ ਅਤੇ ਜਾਇੰਟ ਪਲਾਂਟ ਕਮੇਟੀ ਨਾਲ ਇਸ ਮਾਮਲੇ ਸਬੰਧੀ ਪੂਰੇ ਧਿਆਨ ਨਾਲ ਗੱਲ ਬਾਤ ਕੀਤੀ ਅਤੇ ਸਟੀਲ ਤੇ ਲੋਹੇ ਦੀ ਵੰਡ ਦਾ ਤਰੀਕਾ ਸੁਧਾਰਣ ਵਿਚ ਸਫਲ ਰਹੀ । ਸੁਧਰੇ ਹੋਏ ਤਰੀਕੇ ਅਨੁਸਾਰ ਪਾਰਟੀਆਂ ਨੂੰ ਇਹ ਖੁਲ੍ਹ ਹੈ ਕਿ ਉਹ ਕਚੇ ਮਾਲ ਵਾਸਤੇ ਜਾਂ ਤਾਂ ਜਾਇੰਟ ਪਲਾਂਟ ਕਮੇਟੀ ਨੂੰ ਸਿਧੇ ਇੰਡੈਂਟ ਭੇਜਣ ਜਾਂ ਆਪਣੀਆਂ ਲੋੜਾਂ ਪੰਜਾਬ ਸਮਾਲ ਸਕੇਲ ਇੰਡਸਟਰੀ ਕਾਰਪੋਰੇਸ਼ਨ ਰਾਹੀਂ ਭੇਜਣ । ਪਰੋਡਿਊਸਰਜ਼ ਦੇ ਸਟਾਕ ਯਾਰਡ ਵਿਚ ਕੱਚੇ ਮਾਲ ਦੀ ਵੰਡ ਨੂੰ ਸੁਧਾਰਿਆ ਗਿਆ ਹੈ ਜਿਸ ਅਨੁਸਾਰ ਕੁਲ ਅੱਛੀ ਕਿਸਮ ਦੀ ਆਮਦ ਦਾ 20% ਹਿੱਸਾ ਅਤੇ ਨਾਕਸ ਦਾ 90% ਹਿੱਸਾ ਉਦਯੋਗ ਵਿਭਾਗ ਕੋਲੋਂ ਵੰਡਿਆ ਜਾਵੇਗਾ ।]

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਉਨ੍ਹਾਂ ਨੂੰ ਕੋਈ ਸ਼ਿਕਾਇਤਾਂ ਮਿਲੀਆਂ ਹਨ ਕਿ ਇੰਜੀਨੀਅਰਿਗ ਇੰਡਸਟਰੀ ਨੂੰ ਕਵਾਲਟੀ ਦਾ ਮਾਲ ਵੀ ਵਾਜਬੀ ਕੀਮਤਾਂ ਤੇ ਨਹੀਂ ਮਿਲਦਾ, ਸਗੋਂ ਨਾਕਸ ਮਾਲ ਮਿਲਦਾ ਹੈ ?

ਰਾਜ ਮੰਤਰੀ : ਮੇਰੇ ਨੋਟਿਸ ਦੇ ਵਿਚ ਕੋਈ ਅਜਿਹੀ ਸ਼ਿਕਾਇਤ ਨਹੀਂ ਆਈ, ਜੇ ਆਈ ਤਾਂ ਨਿਪਟਾਰਾ ਕਰ ਦਿਤਾ ਜਾਵੇਗਾ ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ) : ਕੀ ਮਨਿਸਟਰ ਸਾਹਿਬ ਇਹ ਦਸਣਗੇ ਕਿ ਪੰਜਾਬ ਦੀ ਇੰਡਸਟਰੀ ਨੂੰ ਸਪਲਾਈ ਕਰਨ ਵਾਸਤੇ ਸੈਂਟਰਲ ਸਰਕਾਰ ਦੇ ਨਾਲ ਜੋ ਮੁਆਇਦਾ ਹੋਇਆ ਹੈ, ਉਸ ਦੇ ਸਿਲਸਿਲੇ ਵਿਚ ਬਟਾਲੇ ਦੀ ਇਕ ਫਰਮ ਹੈ, ਜਿਸ ਦੀ ਕੁਲ ਪੂੰਜੀ ਹਜ਼ਾਰ ਰੁਪਿਆ ਹੈ ਅਤੇ ਕਾਰਖਾਨੇ ਵਿਚ ਸਿਰਫ ਇਕੋ ਹੀ ਆਦਮੀ ਕੰਮ ਕਰਦਾ ਹੈ, ਉਸ ਇਕਲੀ ਫਰਮ ਨੂੰ ਪਹਿਲੇ ਮਨਿਸਟਰ ਦੇ ਸਮੇਂ ਵਿਚ 96 ਲੱਖ ਦਾ ਆਰਡਰ ਲਿਆ ਸੀ, ਉਹ ਕੇਸ ਹੁਣ ਇਕ ਸਟੇਜ ਤੇ ਹੈ ?

ਰਾਜ ਮੰਤਰੀ : ਮੈਂ ਅਰਜ਼ ਕਰਦਾ ਹਾਂ ਕਿ ਆਇਰਨ ਅਤੇ ਸਟੀਲ ਦੀ ਸਪਲਾਈ ਵਾਸਤੇ ਕੋਈ ਵੀ ਫਰਮ ਅਪਲਾਈ ਕਰ ਸਕਦੀ ਹੈ, ਬਸ਼ਰਤੇ ਪਹਿਲਾਂ ਉਹ ਐਡਵਾਂਸ ਜਮ੍ਹਾਂ ਕਰਾ ਦੇਵੇ ਤਾਂ ਫਿਰ ਉਹ ਇਨਡੈਂਟ ਦੇ ਸਕਦੀ ਹੈ। ਬਟਾਲੇ ਦੇ ਜਿਸ ਫਰਮ ਦਾ ਜ਼ਿਕਰ ਮੈਂਬਰ ਸਾਹਿਬ ਨੇ ਕੀਤਾ ਹੈ, ਉਸ ਦੀ ਪੜਤਾਲ ਦਾ ਆਰਡਰ ਸਰਕਾਰ ਨੇ ਦਿਤਾ ਸੀ ਪਰ ਉਹ ਹਾਈ ਕੋਰਟ ਵਿਚ ਚਲੀ ਗਈ ਅਤੇ ਉਥੋਂ ਸਟੇ ਆਰਡਰ ਲੈ ਲਿਆ ਹੈ। ਹੁਣ ਸਰਕਾਰ ਨੇ ਇਹ ਪ੍ਰੋਸੀਜਰ ਅਪਣਾਇਆ ਹੈ ਕਿ ਇਨਡੈਂਟ ਦੇਣ ਵਾਲੀਆਂ ਫਰਮਾਂ ਪਹਿਲੇ ਡਿਸਟ੍ਰਿਕਟ ਸਮਾਲ ਸਕੇਲ ਇੰਡਸਟਰੀ ਬੋਰਡ ਕੋਲ ਰਜਿਸਟਰਡ ਹੋਣ, ਫਿਰ ਉਹ ਇਨਡੈਂਟ ਦੇ ਸਕਦੀਆਂ ਹਨ। ਇਸ ਲਈ ਅਜਿਹੀ ਗੱਲ ਫਿਰ ਨਹੀਂ ਹੋਵੇਗੀ।

ਸ੍ਰੀ ਸਰਦਾਰੀ ਲਾਲ ਕਪੂਰ : ਕੀ ਇਹ ਗੱਲ ਮੰਤਰੀ ਸਾਹਿਬ ਦੇ ਇਲਮ ਵਿਚ ਹੈ ਕਿ ਜੋ ਐਸੋਸੀਏਸ਼ਨ ਦੀ ਮਾਰਫਤ ਸਪਲਾਈ ਹੁੰਦੀ ਹੈ, ਉਸ ਵਿਚ ਫਰਮ ਵਾਲੇ ਨੂੰ ਜਿਸ ਚੀਜ਼ ਦੀ ਦਰਕਾਰ ਹੁੰਦੀ ਹੈ, ਉਹ ਨਹੀਂ ਦਿਤੀ ਜਾਂਦੀ ਅਤੇ ਦੂਸਰੀ ਦੇ ਦਿਤੀ ਜਾਂਦੀ ਹੈ ਕਿ ਬਜ਼ਾਰ ਵਿਚੋਂ ਆਪੇ ਬਦਲ ਲਵੇ।

ਰਾਜ ਮੰਤਰੀ : ਇਸ ਦਾ ਕਾਰਨ ਇਹ ਹੈ ਕਿ ਮੈਟੀਰੀਅਲ ਦੀ ਸਕੇਰਿਸਟੀ ਹੈ। ਜਦੋਂ ਸਾਡੇ ਕੋਲ ਲੋੜੀਂਦਾ ਮੈਟੀਰੀਅਲ ਨਹੀਂ ਹੁੰਦਾ ਤਾਂ ਸਾਡੀ ਕੋਸ਼ਿਸ਼ ਇਹ ਹੁੰਦੀ ਹੈ ਕਿ ਅਵੇਲੇਬਲ ਮੈਟੀਰੀਅਲ ਸਪਲਾਈ ਕਰ ਦਿਤਾ ਜਾਵੇ। ਮਿਸਾਲ ਦੇ ਤੌਰ ਤੇ ਜੇ ਕਿਸੇ ਨੂੰ 20 ਗੇਜ਼ ਦੀ ਚਾਦਰ ਦੀ ਲੋੜ ਹੋਵੇ ਤੇ ਸਾਡੇ ਕੋਲ 12 ਗੇਜ਼ ਦੀ ਹੋਵੇ ਤਾਂ ਅਸੀਂ ਉਸ ਨੂੰ ਕਹਿੰਦੇ ਹਾਂ ਕਿ ਤੂੰ 12 ਗੇਜ਼ ਦੀ ਹੀ ਲੈ ਜਾ ਅਤੇ ਬਾਜ਼ਾਰ ਵਿਚੋਂ ਬਦਲ ਲੈਣਾ। ਇਸ ਸਕੇਰਸਿਟੀ ਦਾ ਕਾਰਨ ਇਹ ਹੈ ਕਿ ਸਾਨੂੰ ਗੌਰਮਿੰਟ ਆਫ ਇੰਡੀਆ ਤੋਂ ਕੋਟਾ ਮਿਲਦਾ ਹੈ। ਉਹ ਕੇਵਲ 9.5 ਹੈ। ਅਸੀਂ ਕਈ ਵਾਰ ਇਹ ਕੋਸ਼ਿਸ਼ ਕੀਤੀ ਹੈ ਕਿ ਇਹ ਕੋਟਾ ਵਧ ਜਾਵੇ ਕਿਉਂਕਿ ਪੰਜਾਬ ਦੇ ਵਿਚ ਇੰਡਸਟਰੀਅਲ ਯੂਨਿਟਸ ਬਹੁਤ ਹਨ। ਮੈਂ ਕਪੂਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੀ ਪਾਰਟੀ ਦਾ ਇਕ ਡੈਪੂਟੇਸ਼ਨ ਲੈ ਕੇ ਸੈਂਟਰਲ ਸਰਕਾਰ ਦੇ ਲੀਡਰਾਂ ਨੂੰ ਮਿਲਣ ਤਾਂ ਜੋ ਉਹ ਹੋਰ ਕੋਟਾ ਸਾਨੂੰ ਦੇਣ।

ਸਰਦਾਰ ਸੁਰਜੀਤ ਸਿੰਘ ਅਟਵਾਲ : ਕੀ ਮਨਿਸਟਰ ਸਾਹਿਬ ਉਸ ਮੈਟੀਰੀਅਲ ਦੀ ਲਿਸਟ ਸਾਡੇ ਸਾਹਮਣੇ ਰਖਣਗੇ ਜਿਹੜੀ ਕਿ ਇਨ੍ਹਾਂ ਨੇ ਸੈਂਟਰਲ ਸਰਕਾਰ ਨੂੰ ਪੇਸ਼ ਕੀਤੀ ਸੀ ਕਿ ਇਤਨਾ ਮੈਟੀਰੀਅਲ ਸਾਨੂੰ ਚਾਹੀਦਾ ਹੈ ?

ਰਾਜ ਮੰਤਰੀ : ਜਿਥੋਂ ਤਕ ਡਿਮਾਂਡ ਦਾ ਸਵਾਲ ਹੈ ਅਸੀਂ ਇਹ ਕਈ ਵਾਰੀ ਐਮ. ਪੀਜ਼. ਦੇ ਰਾਹੀਂ ਵੀ ਤੇ ਵੈਸੇ ਵੀ ਸੈਂਟਰਲ ਸਰਕਾਰ ਦੇ ਸਾਹਮਣੇ ਰੱਖੀ ਹੈ। ਮੈਂ ਆਪ ਵੀ ਕਈ ਵੇਰ ਡਿਪਟੀ ਮਨਿਸਟਰ ਆਇਰਨ ਐਂਡ ਸਟੀਲ ਨੂੰ ਮਿਲਿਆ ਹਾਂ। ਇਕ ਸਮਾਲ ਸਕੇਲ ਇੰਡਸਟਰੀ ਦੀ ਮੀਟਿੰਗ ਹੋਈ ਸੀ ਉਸ ਵਿਚ ਵੀ ਜ਼ੋਰ ਦਿਤਾ ਸੀ ਕਿ ਕੋਟੇ ਦੀ ਵੰਡ ਪਾਪੂਲੇਸ਼ਨ ਦੇ ਅਧਾਰ ਤੇ ਨਹੀਂ ਸਗੋਂ ਇੰਡਸਟਰੀ ਯੂਨਿਟਸ ਦੇ ਅਧਾਰ ਤੇ ਕੀਤੀ ਜਾਵੇ। ਅਟਵਾਲ ਸਾਹਿਬ ਕੋਸ਼ਿਸ਼ ਕਰਨ ਅਤੇ ਜਿਤਨਾ

[ਰਾਜ ਮੰਤਰੀਉ ਦਯੋਗ]

ਕੋਟਾ ਵਧਵਾ ਦੇਣਗੇ ਉਤਨਾ ਹੀ ਪੰਜਾਬ ਦੇ ਵਿਚ ਡਿਸਟ੍ਰੀਬਿਊਟ ਕਰ ਦਿਤਾ ਜਾਵੇਗਾ । ਇਸ ਦਾਰੇ ਸੈਂਟਰਲ ਸਰਕਾਰ ਹੀ ਸਾਡੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ ।

ਸਰਦਾਰ ਕਿਰਪਾਲ ਸਿੰਘ : ਬਟਾਲਾ ਆਇਰਨ ਫਾਉਂਡਰੀ ਨਾਲ ਇਹ ਸ਼ਰਤ ਸੀ ਕਿ ਜਿੰਨਾਂ ਚਿਰ ਇਸ ਫਰਮ ਨੂੰ ਮਾਲ ਨਹੀਂ ਮਿਲੇਗਾ ਉਨਾਂ ਚਿਰ ਪੰਜਾਬ ਵਿਚ ਹੋਰ ਕਿਸੇ ਫਰਮ ਨੂੰ ਨਹੀਂ ਦਿੱਤਾ ਜਾਵੇਗਾ । ਪਰ ਇਹ ਜਿਹੜਾ ਹੁਣ ਸਮਝੌਤਾ ਹੋਇਆ ਦਸਿਆ ਜਾਂਦਾ ਹੈ ਇਸ ਨਾਲ ਤਾਂ ਕਾਫ਼ੀ ਮਾਲ ਹੋਰ ਵੀ ਇਸ ਫਰਮ ਤੋਂ ਖੋਹਿਆ ਜਾਣਾ ਹੈ । (ਵਿਘਨ)

ਰਾਜ ਮੰਤਰੀ : ਇਹ ਤਾਂ ਸੈਂਟਰਲ ਗੌਰਮਿੰਟ ਦੀ ਪਾਲਿਸੀ ਹੈ ਅਤੇ ਪੰਜਾਬ ਗੌਰਮਿੰਟ ਦੀ ਪਾਲਿਸੀ ਨਹੀਂ ਹੈ । ਅੱਜ ਉਨ੍ਹਾਂ ਨੇ ਨੋਟਿਸ ਵਿਚ ਲਿਆਂਦਾ ਹੈ ਕਿ ਜਿਹੜੇ ਜੈਨੁਅਨ ਕਨਜ਼ੂਮਰਜ਼ ਹਨ ਉਨ੍ਹਾਂ ਨੂੰ ਮਾਲ ਮਿਲਦਾ ਹੈ ਅਤੇ ਜਿਹੜੇ ਇੰਟਰਮੀਡੀਅਰੀਜ਼ ਹਨ ਉਹ ਹੀ ਮਾਲ ਲੈ ਜਾਂਦੇ ਹਨ । ਪਰ ਹੁਣ ਸੈਂਟਰ ਆਇਰਨ ਮਨਿਸਟਰੀ ਨੇ ਮੰਨ ਲਿਆ ਹੈ ਕਿ ਇਸ ਸਬੰਧੀ ਜਿਹੜੀ ਕਪੈਸਿਟੀ ਪੰਜਾਬ ਸਰਕਾਰ ਵਲੋਂ ਜਾਵੇਗੀ ਅਤੇ ਫੇਰ ਜਿਹੜਾ ਮਾਲ ਉਥੋਂ ਆਵੇਗਾ ਉਹ ਹਰ ਫਰਮ ਨੂੰ ਜਿਨਾ ਉਹਦਾ ਹਿੱਸਾ ਬੈਠਦਾ ਹੋਵੇਗਾ ਉਹ ਉਸ ਫਰਮ ਨੂੰ ਮਿਲ ਜਾਵੇਗਾ ।

ਸਰਦਾਰ ਸਰੂਪ ਸਿੰਘ : ਜਲੰਧਰ ਦੀ ਇੰਡਸਟਰੀਅਲ ਕੋਆਪਰੇਟਿਵ ਸੋਸਾਇਟੀ ਨੇ ਇਹ ਰਿਪਰਜ਼ੈਂਟੇਸ਼ਨ ਕੀਤੀ ਹੈ ਕਿ ਉਨ੍ਹਾਂ ਨੂੰ ਰਾ-ਮੈਟੀਰੀਅਲ ਨਹੀਂ ਮਿਲਿਆ ਹੈ ਅਤੇ ਉਨ੍ਹਾਂ ਦਾ ਕੰਮ ਬੰਦ ਪਿਆ ਹੈ । ਉਨ੍ਹਾਂ ਨੂੰ ਰਾ-ਮੈਟੀਰੀਅਲ ਮਿਲਣਾ ਚਾਹੀਦਾ ਹੈ । (ਵਿਘਨ)

ਰਾਜ ਮੰਤਰੀ : ਜਿੰਨੀਆਂ ਵੀ ਐਸੋਸੀਏਸ਼ਨ ਬਣੀਆਂ ਹਨ ਉਨਾਂ ਦੀ ਰਿਕੁਆਇਰਮੈਂਟ ਦੇ ਮੁਤਾਬਿਕ ਜਿਨਾ ਵੀ ਹਿੱਸਾ ਉਨ੍ਹਾਂ ਦਾ ਬਣਦਾ ਹੈ ਅਵੇਲੇਬਿਲਿਟੀ ਨੂੰ ਧਿਆਨ ਵਿਚ ਰਖਦੇ ਹੋਏ, ਹਰ ਐਸੋਸੀਏਸ਼ਨ ਨੂੰ ਮਿਲ ਜਾਂਦਾ ਹੈ । ਹੁਣ ਮੈਂਬਰ ਸਾਹਿਬ ਇਸ ਗੱਲ ਦਾ ਪਤਾ ਕਰ ਲੈਣ ਜੇ ਉਨ੍ਹਾਂ ਨੂੰ ਹਾਲੇ ਵੀ ਨਹੀਂ ਮਿਲਿਆ ਹੋਵੇਗਾ ਤਾਂ ਐਂਟ ਪਾਰ ਵਿਦ ਅਦਰਜ਼ ਦਿਤਾ ਜਾਵੇਗਾ ।

ਵਿਧਾਨ ਸਭਾ ਅਨਸਟਾਰਡ ਸਵਾਲ ਨੰ: 870 ਜੋ ਕਿ ਮਿਤੀ 28-1-71 ਲਈ ਸਵਾਲਾਂ ਦੀ ਸੂਚੀ ਵਿਚ ਸਰਦਾਰ ਕਿਰਪਾਲ ਸਿੰਘ ਐਮ. ਐਲ. ਏ. ਵਲੋਂ ਦਰਜ਼ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ। ਇਹ ਸੂਚਨਾ ਸਪੀਕਰ ਸਾਹਿਬ ਦੀ ਸੇਵਾ ਵਿਚ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਕਾਰਜ ਵਿਧੀ ਅਤੇ ਕਾਰਜ ਸੰਚਾਲਕ ਨਿਯਮ 41 ਦੇ ਉਪਬੰਧ (11) ਦੇ ਅਧੀਨ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਦੀ ਖੇਚਲ ਕੀਤੀ ਜਾਵੇ, ਇਸ ਸਵਾਲ ਨੂੰ ਮਿਤੀ 28-1-71 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਸਹੀ/-
(ਪਰਕਾਸ਼ ਸਿੰਘ)
ਮੁੱਖ ਮੰਤਰੀ

ਸੇਵਾ ਵਿਖੇ,
ਸ੍ਰੀ ਦਰਬਾਰਾ ਸਿੰਘ ਸਪੀਕਰ,
ਪੰਜਾਬ ਵਿਧਾਨ ਸਭਾ,

ਵ: ਸ: ਨੰ: 123 /ਕ
ਮਿਤੀ ਚੰਡੀਗੜ੍ਹ 27 ਜਨਵਰੀ, 1971

APPOINTMENT OF TECHNICAL EXPERT IN THE INDUSTRIES DEPARTMENT.

871. **Sardar Gurmej Singh** : Will the Chief Minister be pleased to state :

(a) the qualifications prescribed for the post of Technical Expert in the Industries Department, Punjab;

(b) the details of experience, if any, required for the said post;

(c) the name of the incumbent, if any, of the said post during the period from February, 1969 to June 1970 together with his qualifications and experience;

(d) whether the officer, referred to in part (c) above does not possess the prescribed qualifications and experience; if so, the name of the officer who passed the orders for the appointment of the said officer together with the reasons therefor ?

Sardar Teja Singh (Minister of State for Industries and Health) :

(a) & (b) There were two posts of Technical Experts in the Department, one for Technical Expert (Production Engineering) and other for Technical Expert (Chemical Engineering). The post of Technical

For reply to Unstarred Question No. 870, please see appendix to this Debate.

Expert (Production Engineering) has been redesignated as Industrial Advisor. At present there is only one post of Technical Expert for Chemical Engineering and the qualifications of this post are given as under :

Essential.

(i) Ist Class Graduate or Post Graduate degree from a recognised university in Chemical Technology or Chemical Engineering or allied branch of the Chemical Industry.

(ii) Practical experience of 10 years in technology including research chemical Engineering directly connected which designs, manufacture or development problems of chemical industries or equivalent experience in Government Technical development department dealing with the planning, development and production problems of the industry as the case may be.

Preferential.

(a) Practical training in Engg. Industry.

(b) Experience in Economic Assessment of Industrial projects or management experience with special reference to the operative part of Technical management of specific industrial concerns with an emphasis on the operative part of Technical direction and management.

(c) From February 1969 to 7th May, 1970 the post was vacant. Mr. R.L. Malhotra was appointed on the 8th May, 1970 against this post and he took over the charge on 8th May, 1970. His qualifications and experience are as under :

Qualifications.

(i) B. Sc. (Hons.) in Technical Chemistry (P.U.)

(ii) M. Sc. (Hons.) Chemistry (P.U.)
Paper published in German Journal Kolldid Zeitsche.

Experience.

(i)	Apprenticeship	one year.
(ii)	Assistant Chemist, Punjab Sugar Mills Co. Ltd., Ghughle...	2 years.
(iii)	Chief Chemist and Works Manager Amritsar Distillery Co. Ltd., Amritsar.	2 years.
	Total :	5 years.

Departmental experience :

(i)	Industrial Investigator	6 years
(ii)	Supdt. of Industries Extra Assistant Director of Industries District Industries Officer, Assistant Director of Industries.	15 years

[ਰਾਜ ਮੰਤਰੀ ਸਿਹਤ ਤੇ ਉਦਯੋਗ]

(iii)	Deputy Director of Industries Class-II	5 years
(iv)	O.S.D. (Hilly Areas).	1 year
(v)	Deputy Director of Industries Class-I.	3 years
(vi)	Joint Director (S. I.)/Addl. Controller of Stores.	1¼ years
		31¼ years

(d) Yes. The orders were not passed by any officer. These orders were passed by the then Industries Minister, Punjab.

[(ਏ) ਅਤੇ (ਬੀ) ਵਿਭਾਗ ਵਿਚ ਟੈਕਨੀਕਲ ਐਕਸਪਰੇਟ ਦੀਆਂ ਦੋ ਆਸਾਮੀਆਂ ਸਨ, ਇਕ ਟੈਕਨੀਕਲ ਐਕਸਪਰਟ (ਪਰੋਡਕਸ਼ਨ ਇੰਜੀਨੀਅਰਿੰਗ) ਤੇ ਦੂਜੀ ਟੈਕਨੀਕਲ ਐਕਸਪਰਟ (ਕੈਮੀਕਲ ਇੰਜੀਨੀਅਰਿੰਗ) । ਟੈਕਨੀਕਲ ਐਕਸਪਰਟ (ਪਰੋਡਕਸ਼ਨ ਇੰਜੀਨੀਅਰਿੰਗ) ਦੀ ਆਸਾਮੀ ਹੁਣ ਇੰਡਸਟਰੀਅਲ ਸਲਾਹਕਾਰ ਦੀ ਆਸਾਮੀ ਵਿੱਚ ਤਬਦੀਲ ਹੋ ਚੁਕੀ ਹੈ । ਐਸ ਵੇਲੇ ਵਿਭਾਗ ਵਿਚ ਕੇਵਲ ਇਕ ਟੈਕਨੀਕਲ ਐਕਸਪਰਟ (ਕੈਮੀਕਲ ਇੰਜੀਨੀਅਰਿੰਗ) ਦੀ ਆਸਾਮੀ ਹੈ ਤੇ ਉਸ ਦੀਆਂ ਯੋਗਤਾਵਾਂ ਹੇਠ ਦਿੱਤੀਆਂ ਜਾਂਦੀਆਂ ਹਨ :

Essential.

Ist Class Graduate or Post Graduate degree from a recognised University in Chemical Technology or Chemical Engineering or allied branch of the Chemical industry.

Practical experience of 10 years in technology including Research Chemical Engineering directly connected with designs, manufacture or development problems of chemical industries or equivalent experience in Government Technical development department dealing with the planning, development and production problems of the industry as the case may be.

Preferential.

(a) Practical training in Engineering Industry.

(b) Experience in Economic Assessment of Industrial projects or management experience with special reference to the operative part of Technical management of specific industrial concerns with an emphasis on the operative part of Technical direction and management.

(ਸੀ) ਫਰਵਰੀ, 1969 ਤੋਂ 7 ਮਈ, 1970 ਤਕ ਆਸਾਮੀ ਖਾਲੀ ਸੀ । ਸ੍ਰੀ ਆਰ. ਐਲ. ਮਲਹੋਤਰਾ ਨੂੰ 8 ਮਈ, 1970 ਨੂੰ ਇਸ ਆਸਾਮੀ ਤੇ ਨਿਯੁਕਤ ਕੀਤਾ ਗਿਆ ਸੀ ਤੇ ਉਨ੍ਹਾਂ ਨੇ ਇਸ ਆਸਾਮੀ ਦਾ ਚਾਰਜ 8 ਮਈ, 1970 ਨੂੰ ਲਿਆ ਸੀ । ਉਨ੍ਹਾਂ ਦੀਆਂ ਯੋਗਤਾਵਾਂ ਤੇ ਤਜਰਬਾ ਹੇਠ ਦਿਤਾ ਜਾਂਦਾ ਹੈ :

Qualifications.

(i) B.Sc (Hons) in Technical Chemistry (P.U.)

(ii) M.Sc (Hons.) Chemistry (P.U.)
Paper published in German journal Kolloid Zeitsche.

Experience.

(i)	Apprenticship	one year
(ii)	Assistant Chemist, Punjab Sugar Mills Col. Ltd. Ghughle	2 years
(iii)	Chief Chemist and Works Manager, Amritsar Distillery Co. Ltd., Amritsar ...	2 years
	Total	5 years

Departmental experience.

(i)	Industrial Investigator	6 years
(ii)	Supdt. of Industries. Extra Assistant Director of Industries. District Industies Officer. Assistant Director of Industries.	15 years
(iii)	Deputy Director of Industries Class II.	5 years
(iv)	O.S.D (Hilly Area)	1 year
(v)	Deputy Director of Industries Class I.	3 years
(vi)	Jt. Director (S.I.)/Addl. Controller of Stores.	1¼ years
	Total	31¼ years

(ਡੀ) ਹਾਂ ਜੀ। ਹੁਕਮ ਕਿਸੇ ਅਫ਼ਸਰ ਵਲੋਂ ਨਹੀਂ ਪਾਸ ਕੀਤੇ ਗਏ । ਉਹ ਸਾਬਕਾ ਉਦਯੋਗ ਮੰਤਰੀ ਜੀ ਵਲੋਂ ਪਾਸ ਕੀਤੇ ਗਏ ਸਨ।]

PROMOTION OF SECTIONAL OFFICERS AS OFFICIATING SUB DIVISIONAL OFFICERS IN THE IRRIGATION BRANCH.

872. **Chaudhri Kewal Krishan** : Will the Minister for Irrigation and Power be pleased to :

(a) lay on the Table of the House a statement giving the names of Sectional Officers promoted as Officiating Sub Divisional Officers in the P.W.D. Irrigation Branch during the year 1970, together with the date of their confirmation and qualification possessed by each as per para 11.4 of the Manual of Administration, Irrigation Branch;

(b) lay on the Table of the House a copy of the Ranking List, according to which the promotions referred to in part (a) have been made ?

Sardar Sohan Singh Bassi : (a) The required statement is enclosed.

(a) As no regular promotions were anticipated during 1970, no ranking list was prepared.

[Minister for Irrigation and Power]

[(ੳ) ਮੰਗਿਆ ਗਿਆ ਵਿਵਰਣ-ਪੱਤਰ ਨੱਥੀ ਕੀਤਾ ਜਾਂਦਾ ਹੈ।

(ਅ) ਕਿਉਂ ਜੋ 1970 ਵਿਚ ਕਿਸੇ ਬਕਾਇਦਾ ਤਰੱਕੀ ਹੋਣ ਦੀ ਆਸ ਨਹੀਂ ਸੀ, ਕੋਈ ਰੈਂਕਿੰਗ ਸੂਚੀ ਤਿਆਰ ਨਹੀਂ ਕੀਤੀ ਗਈ ਸੀ।]

NAME OF SECTIONAL OFFICERS WHO WERE PROMOTED AS OFFICIATING SUB-DIVISIONAL OFFICERS, DURING 1970.

S. No.	Name	Date of Appointment as S.O.	Date of confirmation as S.O.	Whether DPE and DRE passed at the time of promotion. D.P.E.	D.R.E.	Date of promotion order
	Sarvshri					
1.	Jai Singh (JSL 87)	7.7.41	15.10.51	—	—	30.4.70
2.	Resham Lal Chaland (JSL 496)	23.11.52	1.3.60	Yes	Yes	—do—
3.	Megha Singh (JSL 2055)	9.1.64	—	—	—	—do—
4.	Inder Singh (JSL 359)	8.9.51	1.3.60	Yes	Yes	30.7.70
5.	Harrinder Singh (JSL 770)	30.9.55	1.11.66	Yes	Yes	14.1.70 again on 22.7.70
6.	Brahm Datt Aggarwal (JSL 1003)	1.3.58	1.11.66	Yes	Yes	—do—

CALL ATTENTION NOTICES UNDER RULE 73

ਸ੍ਰੀ ਗਿਆਨ ਚੰਦ ਖਰਬੰਦਾ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਨਹੀਂ ਮਿਲਿਆ (ਵਿਘਨ)।

ਸਰਦਾਰ ਮਹਿਤਾਬ ਸਿੰਘ ਢਿਲੋਂ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰੇ ਨਾਲ ਇਕ ਦੋ ਵਾਰੀ ਇਸ ਤਰ੍ਹਾਂ ਹੀ ਹੋਇਆ ਹੈ। ਮੇਰਾ ਕੰਮ ਕੰਢੇ ਤੇ ਲਿਆ ਕੇ ਫੇਰ ਰੋਕ ਲਿਆ ਜਾਂਦਾ ਹੈ। ਇਸ ਦਫ਼ਾ ਫੇਰ ਕੰਢੇ ਤੇ ਆ ਕੇ ਰਹਿ ਗਿਆ ਹੈ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਮੈਨੂੰ ਤੁਹਾਡੇ ਨਾਲ ਬੜੀ ਹਮਦਰਦੀ ਹੈ। ਢਿਲੋਂ ਸਾਹਿਬ ਹੁਣ ਬੈਠ ਜਾਉ। This is no point of order. (I have full sympathy with the hon. Member. Now I would request him to please resume his seat. This is no point of order.)

ਸਰਦਾਰ ਮਹਿਤਾਬ ਸਿੰਘ ਢਿਲੋਂ : ਸਪੀਕਰ ਸਾਹਿਬ, ਇਹ ਮੇਰੇ ਹਲਕੇ ਵਿਚ ਕੁਝ ਨਹੀਂ ਕਰ ਰਹੇ । (ਵਿਘਨ) (ਸ਼ੋਰ) ਇਹ ਤਾਂ ਐਵੇਂ ਹੀ ਮੇਰੇ ਨਾਮ ਤੇ ਪਾ ਦਿੰਦੇ ਹਨ ਪਰ ਸੜਕਾਂ ਆਦਿ ਹੋਰ ਪਾਸੇ ਦੇ ਦਿੰਦੇ ਹਨ ... ... (ਵਿਘਨ) (ਸ਼ੋਰ) ਬਾਸੀ ਸਾਹਿਬ ਮੇਰੇ ਹਲਕੇ ਵੱਲ ਧਿਆਨ ਨਹੀਂ ਦੇ ਰਹੇ । ... ...

ਸ੍ਰੀ ਸਪੀਕਰ : ਬਾਸੀ ਸਾਹਿਬ ਨੂੰ ਤੁਹਾਡੇ ਨਾਲ ਪੂਰਾ ਪਿਆਰ ਹੈ । (ਵਿਘਨ) (The hon. Minister Shri Bassi is very dear to you.) (Interruption)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਦੇ ਜਵਾਬ ਵਿਚ ਇਕ ਸਵਾਲ ਪੁਛਣਾ ਚਾਹੁੰਦਾ ਹਾਂ ... ... (ਵਿਘਨ)

ਸ੍ਰੀ ਗਿਆਨ ਚੰਦ ਖਰਬੰਦਾ : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਸੀ ... (ਵਿਘਨ)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰ: 13 ਤੇ ਕੁਐਸ਼ਚਨ ਪੁੱਛਣਾ ਹੈ ... (ਵਿਘਨ) (ਸ਼ੋਰ)

ਸ੍ਰੀ ਸਪੀਕਰ : ਪਹਿਲੇ ਕਾਲ ਅਟੈਨਸ਼ਨ ਮੋਸ਼ਨਜ਼ ਕਰ ਲਈਏ । ਕਾਲ ਅਟੈਨਸ਼ਨ ਮੋਸ਼ਨ ਨੰ: 114 ਚੌਧਰੀ ਕੇਵਲ ਕ੍ਰਿਸ਼ਨ । (First we will take up the Call Attention Motions. Call Attention Motion No. 114 by Chaudhri Kewal Krishan.)

(क्रम संख्या 114)

चौधरी केवल कृष्ण : मैं सरकार का ध्यान लोक महत्त्व के एक जरूरी मामले की तरफ दिलाता हूं अर्थात पंजाब सरकार के इस फैसले से कि मिडल श्रेणियों की परीक्षा बलाक स्तर पर बलाकों में ही किसी सीनियर हैडमास्टर की देख रेख में ही हुआ करेंगी, पढ़े लिखे वर्ग में हैरानगी की लहर फैल गई है । ऐसा अनुभव किया जा रहा है कि इस फैसले से न तो मिडल परीक्षा का कोई स्तर बन सकेगा और न ही बच्चों की मेहनत से कोई इन्साफ हो सकेगा । स्टैंडर्ड भी गिरेगा और हेरा फेरी भी बहुत होगी । सरकार को इस फैसले पर दोबारा विचार करना चाहिए । शिक्षा के सम्बन्ध में बच्चों के जीवन से यह खिलवाड़ अच्छा नहीं । सरकार इस मामले में अपनी नीति स्पष्ट करें ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

(Serial No. 118)

Shri Sardari Lal Kapur : I beg to draw the attention of the Government towards an urgent matter of public importance, namely, that the Governor, Punjab, was to visit Dhudhike, in Ferozepur District, to inaugurate Exhibition of the pictures of Mahatma Gandhi, but before he could do so, the pictures were burnt by some miscreants. This is, therefore, a very serious matter affecting the law and order situation in the State on which the Chief Minister should make a statement and, if possible, this serious matter should be discussed on the floor of the House.

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

(Serial No. 119)

Comrade Satya Pal Dang : I beg to draw the attention of the Government towards an urgent matter of public importance, namely, the grave threat to a number of villages in Makerian-Dusselhia area in Hoshiarpur District from river Beas as a result of construction of 'Dhusi bundh' and even 'spurs' on the other side of the river in District Gurdaspur. Already about 5560 acres of land of 17 villages has come under the river and five of these 17 villages - namely Mehtabpur, Naushehra, Mauli, Baupore and Bagroi are in the danger of being wiped out altogether. The solution seems to be in construction of 'Dhusi bundh' 'spurs' on the Hoshiarpur side of the river as well. This was promised some time ago by the then Finance Minister Shri Krishan Lal, when he visited some of these villages and saw things for himself. The promise has not been implemented by the Government as yet. In any case, it is the duty of the Government to take steps to avert the danger. In view of the obvious and urgent importance of the matter, the Government may please be asked to make a statement in the House.

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concernd may please make a statement.)

(ਕ੍ਰਮ ਨੰ: 121)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਕਿ ਪਿੰਡ ਲਸੋਈ ਤਹਿਸੀਲ ਮਲੇਰਕੋਟਲਾ ਵਿਚ 1962 ਵਿਚ ਘਟੀਆ ਜ਼ਮੀਨ ਕਲਰੀ ਇਲਾਕੇ ਦੇ ਹਰੀਜਨਾਂ ਨੂੰ 20 ਸਾਲਾ ਪੱਟੇ ਤੇ ਉਦੋਂ ਦੇ ਡੀ.ਸੀ., ਪਟਿਆਲਾ ਨੇ ਦਿਤੀ ਸੀ ਜਦੋਂ ਕਿ ਇਹ ਪਿੰਡ ਜ਼ਿਲ੍ਹਾ ਪਟਿਆਲਾ ਵਿਚ ਸੀ । ਹਰੀਜਨਾਂ ਨੇ ਪੱਟੇ ਦੀ ਰਕਮ ਕਾਫ਼ੀ ਅਰਸੇ ਤੋਂ ਅਦਾ ਕਰ ਦਿਤੀ ਹੈ ਤੇ ਉਹ ਇਸ ਜ਼ਮੀਨ ਦੇ ਕਬਜ਼ੇ ਦੀ ਮੰਗ ਕਰਦੇ ਆ ਰਹੇ ਹਨ । ਡੀ. ਸੀ ਸੰਗਰੂਰ ਤੇ ਹੋਰ ਰਾਜ ਦੇ ਮੰਤਰੀਆਂ ਨੂੰ ਕਬਜ਼ੇ ਲਈ ਬਹੁਤ ਅਰਜ਼ੀਆਂ ਦਿਤੀਆਂ ਹਨ । ਪਰ ਅਜੇ ਤਕ ਕੋਈ ਲਾਭ ਨਹੀਂ ਹੋਇਆ । ਇਸ ਕਰਕੇ ਇਨ੍ਹਾਂ ਗਰੀਬਾਂ ਵਿਚ ਸਖਤ ਰੋਸ ਹੈ । ਸਰਕਾਰ ਇਸ ਪਾਸੇ ਜਲਦੀ ਧਿਆਨ ਦੇਵੇ ।

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

(ਕ੍ਰਮ ਨੰ: 123)

ਕਾਮਰੇਡ ਕੁਲਵੰਤ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਭੋਗਪੁਰ ਸ਼ੂਗਰ ਮਿਲ ਦੇ ਬੋਰਡ ਆਫ਼ ਡਾਇਰੈਕਟਰਜ਼ ਨੇ ਗੰਨੇ ਦਾ ਭਾ 7.37 ਤੋਂ ਵਧਾ ਕੇ 7.50 ਕਰ ਦਿਤਾ ਸੀ ਲੇਕਿਨ ਪੰਜਾਬ ਗੌਰਮਿੰਟ ਨੇ ਵਧਾਉਣ ਦੀ ਅਜੇ ਤਕ ਆਗਿਆ ਨਹੀਂ ਦਿਤੀ ਜਿਸ ਕਰ ਕੇ ਗੰਨਾ ਬੀਜਣ ਵਾਲਿਆਂ ਵਿਚ ਬੜੀ ਬੇਚੈਨੀ ਪਾਈ ਜਾਂਦੀ

ਹੈ ਜਿਸ ਨਾਲ ਆਉਣ ਵਾਲੇ ਸਮੇਂ ਵਿਚ ਲੋਕ ਗੰਨਾ ਨਹੀਂ ਬੀਜਣਗੇ ਜਿਸ ਨਾਲ ਆਉਣ ਵਾਲੇ ਸਮੇਂ ਵਿਚ ਮਿੱਲ ਵੀ ਘਾਟੇ ਵਿਚ ਚਲ ਨਹੀਂ ਸਕੇਗੀ। ਇਸ ਕਰ ਕੇ ਸਰਕਾਰ ਨੂੰ ਇਸ ਸਬੰਧ ਵਿਚ ਹਾਊਸ ਵਿਚ ਬਿਆਨ ਦੇਣ ਲਈ ਕਿਹਾ ਜਾਵੇ ਤੇ ਗੰਨੇ ਵਾਲਿਆਂ ਦੀ ਬੇਚੈਨੀ ਦੂਰ ਕੀਤੀ ਜਾਵੇ।

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

(ਕ੍ਰਮ ਨੰ: 124)

ਕਾਮਰੇਡ ਕੁਲਵੰਤ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪਰਾਈਵੇਟ ਸਕੂਲਾਂ ਦੇ ਟੀਚਰਾਂ ਵਿਚ ਬੜੀ ਬੇਚੈਨੀ ਪਾਈ ਜਾਂਦੀ ਹੈ ਕਿਉਂਕਿ ਇੰਤਜਾਮੀਆਂ ਕਮੇਟੀਆਂ ਗੌਰਮਿੰਟ ਕੋਲੋਂ ਗਰਾਂਟਾਂ ਲੈ ਲੈਂਦੀਆਂ ਹਨ ਪਰ ਕਈ ਕਈ ਮਹੀਨੇ ਉਨ੍ਹਾਂ ਨੂੰ ਤਨਖਾਹਾਂ ਨਹੀਂ ਦਿਤੀਆਂ ਜਾਂਦੀਆਂ ਜਿਸ ਕਰ ਕੇ ਉਨ੍ਹਾਂ ਨੇ ਅਗੇ ਵੀ ਕਈ ਵਾਰੀ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਸਰਕਾਰੀ ਖਜ਼ਾਨੇ ਤੋਂ ਸਿਧੀ ਤਨਖਾਹ ਦਿਤੀ ਜਾਵੇ । ਅਜ ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਦੇ ਅਗੇ ਧਰਨੇ ਮਾਰੇ ਹਨ ਤੇ ਛੇਤੀ ਹੀ ਅਗਲੇ ਕਦਮ ਦਾ ਐਲਾਨ ਕਰਨ ਵਾਲੇ ਹਨ । ਇਸ ਕਰਕੇ ਸਰਕਾਰ ਨੂੰ ਹਾਊਸ ਵਿਚ ਬਿਆਨ ਦੇਣ ਲਈ ਕਿਹਾ ਗਿਆ ਹੈ ਤਾਂਕਿ ਪਰਾਈਵੇਟ ਸਕੂਲ ਟੀਚਰਾਂ ਅਤੇ ਲੋਕਾਂ ਦੀ ਬੇਚੈਨੀ ਖਤਮ ਕੀਤੀ ਜਾਵੇ । ਸਰਕਾਰ ਇਸ ਸਬੰਧੀ ਬਿਆਨ ਦੇਵੇ ।

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

(ਇਸ ਸਮੇਂ ਸ਼੍ਰੀ ਸਪੀਕਰ ਨੇ ਕਾਲ ਅਟੈਨਸ਼ਨ ਮੋਸ਼ਨ ਨੰ: 125, ਜੋ ਕਿ ਸਰਦਾਰ ਕਿਰਪਾਲ ਸਿੰਘ ਮਾਖੇਵਾਲਾ ਦੇ ਨਾਮ ਤੇ ਸੀ, ਕਾਲ ਅਪਾਨ ਕੀਤੀ, ਪਰ ਸਬੰਧਤ ਮੈਂਬਰ ਹਾਜ਼ਰ ਨਾ ਹੋਣ ਕਰ ਕੇ ਇਹ ਮੋਸ਼ਨ ਪੇਸ਼ ਨਹੀਂ ਕੀਤੀ ਗਈ ।)

(Serial No. 127)

Shri Manmohan Kalia : I beg to draw the attention of the Government towards an urgent matter of public importance, namely, the existence of illegal Union of truck drivers in industrial towns like Goraya, Phagwara, Khanna and Jullundur. The members of such unions have pooled their resources, and inflated the hire charges very high. Who ever wants to get the truck from other sources is intimidated and threatened. The Government is requested to make a statement in the House.

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

(ਕ੍ਰਮ ਨੰ: 128)

ਸਰਦਾਰ ਕਿਰਪਾਲ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪੰਜਾਬ ਵਿਚ ਤਿਉਹਾਰਾਂ ਉਤੇ ਆਤਸ਼ਬਾਜ਼ੀ ਦਾ ਰਿਵਾਜ ਬਹੁਤ

[ਸਰਦਾਰ ਕਿਰਪਾਲ ਸਿੰਘ]
ਵਧਣ ਕਰਕੇ ਹਾਦਸਿਆਂ ਵਿਚ ਬੜਾ ਵਾਧਾ ਹੋਇਆ ਹੈ । ਅੰਮ੍ਰਿਤਸਰ ਵਿਚ ਦੁਸਹਿਰੇ ਦੀ ਆਤਸ਼-ਬਾਜ਼ੀ ਨਾਲ ਦੋ ਮੌਤਾਂ ਹੋ ਗਈਆਂ ਸਨ ਅਤੇ ਬਹੁਤ ਲੋਗ ਜ਼ਖਮੀ ਹੋਏ ਸਨ । ਫਸਲ ਦੇ ਦਿਨਾਂ ਵਿਚ ਹਵਾਈ ਨਾਲ ਨੁਕਸਾਨ ਦੇ ਅੰਦੇਸ਼ੇ ਵੀ ਵਧ ਜਾਂਦੇ ਹਨ । ਹਵਾਈਆਂ ਵਿਚ ਲੋਹੇ ਅਤੇ ਬਾਂਸ ਦੇ ਫਲਟੇ ਜਾਨੀ ਨੁਕਸਾਨ ਦਾ ਜ਼ਿਆਦਾ ਕਾਰਨ ਬਣਦੇ ਹਨ । ਸਰਕਾਰ ਨੇ ਇਸ ਵੇਲੇ ਤਕ ਇਧਰ ਧਿਆਨ ਨਹੀਂ ਦਿਤਾ । ਨੁਕਸਾਨ ਪਹੁੰਚਾਣ ਵਾਲੀ ਆਤਸ਼-ਬਾਜ਼ੀ ਬੰਦ ਕਰ ਕੇ ਸਿਰਫ ਬੇਜ਼ਰੱਰ ਨੂੰ ਹੀ ਆਗਿਆ ਦਿਤੇ ਜਾਣ ਦੇ ਮੁਤੱਲਕ ਸਰਕਾਰ ਆਪਣੀ ਨੀਤੀ ਸਾਫ਼ ਕਰੇ ।

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

(ਕ੍ਰਮ ਨੰ: 131)

ਸਰਦਾਰ ਦਲੀਪ ਸਿੰਘ : (ਸਰਦਾਰ ਪ੍ਰਤਾਪ ਸਿੰਘ ਕਾਦੀਆਂ ਨੇ ਪੜ੍ਹੀ) ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਪਿੰਡ ਹਿੰਮਤ-ਪੁਰਾ, ਤਹਿਸੀਲ ਮੋਗਾ ਦੀ ਪੰਚਾਇਤ ਦੀ ਜ਼ਮੀਨ ਜਿਸ ਦਾ ਰਕਬਾ ਇਕ ਕਨਾਲ, 8 ਮਰਲੇ ਹੈ ਉਹ ਪਿੰਡ ਦੇ ਸਰਪੰਚ ਗੁਰਨਾਮ ਸਿੰਘ ਨੇ ਆਪ ਅਤੇ ਕੁਝ ਹੋਰ ਲੋਕਾਂ ਨੂੰ ਰੁਕਾ ਦਿਤੀ ਹੈ । ਸਰਪੰਚ ਨੇ ਉਥੇ ਆਪਣਾ ਮਕਾਨ ਬਣਾ ਲਿਆ ਹੈ ਅਤੇ ਕੁਝ ਹੋਰ ਲੋਕਾਂ ਨੇ ਮਕਾਨ ਬਣਾਉਣ ਵਾਸਤੇ ਇੱਟਾਂ ਸਟਵਾ ਦਿੱਤੀਆਂ ਹਨ । ਪਤੀ ਵਾਲਿਆਂ ਨੇ ਐਸ. ਡੀ. ਓ., ਮੋਗਾ ਨੂੰ ਅਰਜ਼ੀ ਦਿਤੀ ਸੀ ਤੇ ਉਹਨਾਂ ਨੇ ਕਿਹਾ ਕਿ ਇਹ ਜਗਾ ਨਾ ਰੋਕੋ । ਮਗਰ ਸਰਪੰਚ ਨੇ ਪਤੀ ਦੀ ਜ਼ਮੀਨ ਜੋ ਪਤੀ ਮਣਿਆਂ ਦਾ ਹੱਕ ਹੈ, ਦੀ ਕੋਈ ਸੁਣਵਾਈ ਨਹੀਂ ਹੋਈ । ਇਸ ਬਾਰੇ ਡਾਇਰੈਕਟਰ, ਪੰਚਾਇਤ, ਚੰਡੀਗੜ੍ਹ ਨੂੰ ਡਿਪਟੀ ਮਨਿਸਟਰ ਵਿਕਾਸ ਨੇ ਇਨਕੁਆਇਰੀ ਕਰਨ ਵਾਸਤੇ ਭੇਜਿਆ ਸੀ ਉਸ ਨੇ ਮੌਕਾ ਦੇਖਿਆ । ਪਿੰਡ ਵਾਲਿਆਂ ਦੀ ਮਰਜ਼ੀ ਹੈ ਕਿ ਉਸ ਜਗ੍ਹਾ ਤੇ ਡੰਗਰਾਂ ਦਾ ਹਸਪਤਾਲ ਜਾਂ ਡਿਸਪੈਂਸਰੀ ਖੋਲ੍ਹੀ ਜਾਵੇ । ਕੀ ਸਰਕਾਰ ਉਸ ਜ਼ਮੀਨ ਨੂੰ ਖਾਲੀ ਕਰਾ ਕੇ ਉਨ੍ਹਾਂ ਵਿਰੁਧ ਕਾਰਵਾਈ ਕਰੇਗੀ । ਇਸ ਬਾਰੇ ਸਬੰਧਤ ਮੰਤਰੀ ਸਭਾ ਵਿਚ ਬਿਆਨ ਦੇਣ ।

ਸ਼੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

ਚੌਧਰੀ ਸੱਤ ਦੇਵ : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਨੰ: 133 ਸੀ । (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਉਹ ਡਿਸਅਲਾਊਡ ਹੋ ਗਈ ਹੈ । (ਵਿਘਨ) ਕਿਉਂਕਿ ਉਹ ਕਾਲ ਅਟੈਨਸ਼ਨ ਮੋਸ਼ਨ ਨੰ: 85 ਵਿਚ ਕਵਰ ਹੋ ਗਈ ਹੈ । (ਵਿਘਨ) (That has been disallowed (Interruption) because its subject matter has been covered by Call Attention Motion No. 85.) (Interruption)

ਚੌਧਰੀ ਸੱਤ ਦੇਵ : ਸਪੀਕਰ ਸਾਹਿਬ, ਇਲਾਕੇ ਵਿਚ ਬੜਾ ਜ਼ੁਲਮ ਹੋ ਰਿਹਾ ਹੈ ... ... (ਵਿਘਨ) (ਸ਼ੋਰ) ਉਥੇ ਪਾਣੀ ਨਹੀਂ ਜਾ ਰਿਹਾ ... ... (ਵਿਘਨ) ਉਨ੍ਹਾਂ ਦਾ ਪਾਣੀ ਬੰਦ ਕਰ ਦਿਤਾ ਗਿਆ ਹੈ ... ... (ਵਿਘਨ) (ਸ਼ੋਰ) ਇਹ ਬਹੁਤ ਜ਼ਰੂਰੀ ਹੈ (ਵਿਘਨ)

Mr. Speaker : Please resume your seat.

———

STATEMENTS IN REPLY TO CALL ATTENTION NOTICES LAID ON THE TABLE

Minister of State for Food and Supplies (Sardar Gurmit Singh) :

Sir, I beg to lay on the Table of the House replies to Call Attention Notices Nos. 4, 9, 11, 38, 48 and 78.

(Serial No. 4.)

Chaudhri Kewal Krishen : to draw the attention of the Government towards an urgent matter of public importance, namely, a large number of persons including some eminent persons like Sardar Basant Singh, M.L.A.; Rai Hari Chand, ex-MLA., Rameshwar Dass, M.C.; Gurdev Singh, teacher; Prem Dass, teacher, Vice President of the Garhdiwala College Committee etc. have been murdered in broad day light during the last few months. Such incidents are increasing every day due to failure of the Government in apprehending the culprits. Under the garb of Naxalite movement, actual facts are being concealed. People have grown panicky due to absence of law and order in the State and a great unrest prevails among the people. The Government should clarify its position in the House in this regard.

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : ਇਨ੍ਹਾਂ 6 ਕਤਲਾਂ ਵਿਚ ਤਿੰਨ ਦਾ ਸਬੰਧ ਨਕਸਲਵਾੜੀਆਂ ਨਾਲ ਹੈ ਜਦੋਂ ਕਿ ਦੂਜੇ ਤਿਨ ਕਤਲ ਪੁਰਾਣੀ ਦੁਸ਼ਮਣੀ ਅਤੇ ਰੰਜਸ਼ ਕਾਰਨ ਹੋਏ ਹਨ। ਵੇਰਵਾ ਇਸ ਪਰਕਾਰ ਹੈ :

ਨਕਸਲਵਾੜੀਆਂ ਵਲੋਂ ਕੀਤੇ ਗਏ

1. ਮਿਤੀ 6. 7. 1970 ਨੂੰ ਪਿੰਡ ਭਲਾਨ, ਥਾਣਾ ਗੜ੍ਹਸ਼ੰਕਰ (ਹੁਸ਼ਿਆਰਪੁਰ) ਦੇ ਜ਼ਿਮੀਦਾਰ ਰਾਏ ਹਰੀ ਚੰਦ ਨੂੰ ਚਾਰ ਨਕਸਲਵਾੜੀਆਂ ਨੇ ਕਤਲ ਕਰ ਦਿਤਾ। ਜਿਨ੍ਹਾਂ ਵਿਚੋਂ ਇਕ ਪੁਲਿਸ ਮੁਕਾਬਲੇ ਵਿਚ ਮਾਰਿਆ ਜਾ ਚੁੱਕਾ ਹੈ। ਦੋ ਗ੍ਰਿਫ਼ਤਾਰ ਹੋ ਚੁਕੇ ਹਨ ਅਤੇ ਇਕ ਮੁਜਰਮ ਇਸ਼ਤਿਹਾਰੀ ਕਰਾਰ ਦਿੱਤਾ ਜਾ ਚੁੱਕਾ ਹੈ।

2. ਮਿਤੀ 8. 8. 1970 ਨੂੰ ਪਿੰਡ ਤਰੌਨ, ਥਾਣਾ ਸਦਰ ਪਟਿਆਲਾ ਵਿਖੇ ਸ੍ਰੀ ਬਸੰਤ ਸਿੰਘ, ਐਮ. ਐਲ. ਏ., ਨੂੰ ਉਨ੍ਹਾਂ ਦੇ ਫਾਰਮ ਵਿਖੇ ਕਤਲ ਕਰ ਦਿਤਾ। ਇਨ੍ਹਾਂ ਕਾਤਲਾਂ ਦਾ ਪਤਾ ਲਗਾਇਆ ਜਾ ਚੁੱਕਾ ਹੈ ਕਾਤਲ ਮੁਜਰਮ ਇਸ਼ਤਿਹਾਰੀ ਕਰਾਰ ਦਿਤੇ ਜਾ ਚੁੱਕੇ ਹਨ। ਗ੍ਰਿਫਤਾਰੀ ਦਾ ਇਨਾਮ ਭੀ ਮੁਕੱਰਰ ਹੋ ਚੁੱਕਾ ਹੈ। ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਖਾਸ ਪ੍ਰਬੰਧ ਕੀਤੇ ਗਏ ਹਨ।

3. ਮਿਤੀ 18. 12. 1970 ਨੂੰ ਪਿੰਡ ਮੰਗੂਵਾਲ, ਥਾਣਾ ਬਗਾ (ਜਲੰਧਰ) ਦੇ ਵਾਸੀ ਮਾਸਟਰ ਗੁਰਦੇਵ ਸਿੰਘ (ਹਾਲ ਵਾਸੀ ਬੰਗਾ) ਨੂੰ ਉਨ੍ਹਾਂ ਦੇ ਪਿੰਡ ਮੰਗੂਵਾਲ ਦੇ ਚਾਰ ਨਕਸਲਵਾੜੀਆਂ ਨੇ ਪਿੰਡ ਖਟਕੜ ਕਲਾਂ ਦੀ ਹੱਦ ਵਿਚ ਸਕੂਲ ਜਾਂਦੇ ਨੂੰ ਕਤਲ ਕਰ ਦਿਤਾ। ਦੋਸ਼ੀਆਂ ਵਿਚੋਂ ਇਕ ਪੁਲਿਸ ਮੁਕਾਬਲੇ ਵਿਚ ਮਾਰਿਆ ਜਾ ਚੁੱਕਾ ਹੈ ਇਕ ਗ੍ਰਿਫ਼ਤਾਰ ਕੀਤਾ ਗਿਆ ਹੈ, ਬਾਕੀ ਦੋ ਗ੍ਰਿਫ਼ਤਾਰ ਹੋਣੇ ਬਾਕੀ ਹਨ। ਗ੍ਰਿਫ਼ਤਾਰੀ ਦੇ ਭਾਰੀ ਯਤਨ ਕੀਤੇ ਜਾ ਰਹੇ ਹਨ।

ਪੁਰਾਣੀ ਰੰਜਸ਼ ਅਤੇ ਦੁਸ਼ਮਣੀ ਕਾਰਨ ਹੋਏ ਕਤਲ

4. ਮਿਤੀ 2. 12. 1970 ਨੂੰ ਪਟਿਆਲਾ ਸ਼ਹਿਰ ਦੇ ਉਘੇ ਵਿਉਪਾਰੀ ਅਤੇ ਮੈਂਬਰ ਨਗਰ-ਪਾਲਿਕਾ ਨੂੰ ਕੁਝ ਨਾ-ਮਾਲੂਮ ਵਿਅੱਕਤੀਆਂ ਨੇ ਪਟਿਆਲਾ ਸ਼ਹਿਰ ਵਿਖੇ ਕਤਲ ਕਰ ਦਿਤਾ। ਤਫਤੀਸ਼

[ਮੁੱਖ ਮੰਤਰੀ]
ਅਨੁਸਾਰ ਕਾਤਲਾਂ ਨੇ ਨਕਦੀ ਖੋਹਣ ਦੇ ਮੰਤਵ ਨਾਲ ਇਹ ਘਟਨਾ ਕੀਤੀ । ਦੋਸ਼ੀਆਂ ਦਾ ਪਤਾ ਲਗਾਣ ਲਈ ਇਨਾਮ ਮੁਕੱਰਰ ਕੀਤਾ ਜਾ ਚੁੱਕਾ ਹੈ ਅਤੇ ਇਨ੍ਹਾਂ ਦੀ ਗ੍ਰਿਫਤਾਰੀ ਬਾਰੇ ਖਾਸ ਸਟਾਫ ਬਣਾਇਆ ਜਾ ਚੁੱਕਾ ਹੈ ।

5. ਬਾਬੂ ਸਾਧੂ ਸਿੰਘ, ਸਰਪੰਚ, ਪਿੰਡ ਅੰਬਾਲਾ ਜੱਟਾਂ, ਥਾਣਾ ਦਸੂਹਾ ਨੂੰ ਮਿਤੀ 19.12.1970 ਨੂੰ ਤਿੰਨ ਨਾ-ਮਾਲੂਮ ਵਿਅੱਕਤੀਆਂ ਨੇ ਗੜ੍ਹਦੀਵਾਲਾ ਤੋਂ ਉਨ੍ਹਾਂ ਦੇ ਪਿੰਡ ਨੂੰ ਵਾਪਸ ਜਾਂਦੇ ਹੋਏ ਰਸਤੇ ਵਿਚ ਕਤਲ ਕਰ ਦਿਤਾ । ਬਾਬੂ ਸਾਧੂ ਸਿੰਘ, ਖਾਲਸਾ ਕਾਲਜ, ਗੜ੍ਹਦੀਵਾਲਾ ਦੇ ਮੀਤ ਪ੍ਰਧਾਨ ਭੀ ਸਨ ਅਤੇ ਉਨ੍ਹਾਂ ਦਾ ਕਤਲ ਵੀ ਕਿਸੇ ਪੁਰਾਣੀ ਰੰਜਸ਼ ਕਾਰਨ ਹੋਇਆ ਹੈ । ਤਿੰਨਾਂ ਕਾਤਲਾਂ ਦਾ ਪਤਾ ਲਗਾਇਆ ਜਾ ਚੁੱਕਾ ਹੈ । ਇਨ੍ਹਾਂ ਦੀ ਗ੍ਰਿਫਤਾਰੀ ਦੇ ਖਾਸ ਯਤਨ ਕੀਤੇ ਜਾ ਰਹੇ ਹਨ ।

6. ਸ੍ਰੀ ਪ੍ਰੇਮ ਦਾਸ ਵਾਸੀ ਬਾਹਲੇ, ਥਾਣਾ ਹਰਿਆਣਾ (ਹੁਸ਼ਿਆਰਪੁਰ) ਨੂੰ ਮਿਤੀ 9.1.1971 ਨੂੰ ਪਿੰਡ ਗਿਜਾਂ ਦੇ ਸਕੂਲ ਤੋਂ ਮੁੜਦੇ ਹੋਏ ਨੂੰ ਤਿੰਨ ਨਾ-ਮਾਲੂਮ ਵਿਅੱਕਤੀਆਂ ਨੇ ਕਤਲ ਕਰ ਦਿਤਾ । ਸ੍ਰੀ ਪ੍ਰੇਮ ਦਾਸ ਰੁਪਏ ਦੇ ਲੈਣ ਦੇਣ ਦਾ ਕਾਰੋਬਾਰ ਭੀ ਕਰਦਾ ਸੀ । ਤਫਤੀਸ਼ ਵਿਚ ਕਤਲ ਦਾ ਕਾਰਨ ਪੁਰਾਣੀ ਦੁਸ਼ਮਣੀ ਅਤੇ ਰੰਜਸ਼ ਮਾਲੂਮ ਹੋਇਆ ਹੈ । ਕਾਤਲਾਂ ਦੀ ਗ੍ਰਿਫਤਾਰੀ ਬਾਰੇ ਪੂਰੇ ਯਤਨ ਜਾਰੀ ਹਨ ।

ਦੱਸੇ ਗਏ ਵਾਕਿਆਤ ਦੀ ਗਿਣਤੀ ਵਧੀ ਨਹੀਂ ਸਗੋਂ ਘਟੀ ਹੈ ਅਤੇ ਇਹ ਗੱਲ ਦਰੁਸਤ ਨਹੀਂ ਕਿ ਸਹੀ ਘਟਨਾਵਾਂ ਨੂੰ ਨਕਸਲਵਾੜੀਆਂ ਦੀ ਆੜ ਲੈ ਕੇ ਛੁਪਾਇਆ ਜਾਂਦਾ ਹੈ । ਕਾਨੂੰਨੀ ਸਥਿਤੀ ਪੂਰੀ ਤਰ੍ਹਾਂ ਕਾਬੂ ਵਿਚ ਹੈ ਅਤੇ ਜਨਤਾ ਦਾ ਸਰਕਾਰ ਪ੍ਰਤੀ ਪੂਰਨ ਵਿਸ਼ਵਾਸ਼ ਹੈ ।

(Serial No. 9)

Comrade Satya Pal Dang : to draw the attention of the Govt. towards an urgent matter of public importance, namely the lathi charge on a peaceful procession of Students at Muktsar last week. As a result of the lathi charge about a dozen students have been injured, including Shri Bant Singh, President Punjab Students Federation. This has caused a great resentment among the students community throughout the State and the situation is likely to become serious and explosive.

Keeping in view the seriousness of the matter, the Govt. may please be asked to make a statement in the House.

Sardar Parkash Singh Badal (Chief Minister) : On 13. 1. 71, about 150 students of Govt. College Muktsar tresspassed into SDM's court at 1P.M. to protest against the arrest of Baldev Singh, President Students Federation, u/s 107/151 Cr. P.C. On 11.1.71 and 4 students on 13.1.71, for abetting strike of Electricity. SDM, was not present in the court. His Reader Shri Des Raj was surrounded and not permitted to go out. In the meantime Police arrested 15 students including Bant Singh and the others slipped away. Police used no violence on the students and no lathi charge was made. None was injured. Case FIR No. 17 dated 13.1.71 u/s 452/186 /147/342/149 IPC was registered at P. S., Muktsar. Matter subjudice.

[ਬਿਜਲੀ ਕਰਮਚਾਰੀਆਂ ਦੀ ਹੜਤਾਲ ਦੇ ਦੌਰਾਨ ਬਲਦੇਵ ਸਿੰਘ ਪਰੈਜ਼ੀਡੈਂਟ ਸਟੂਡੈਂਟ ਫੈਡਰੇਸ਼ਨ ਮੁਕਤਸਰ ਨੇ ਕੁਝ ਭੜਕਾਊ ਕਾਰਵਾਈਆਂ ਕੀਤੀਆਂ ਸਨ ਤੇ ਬਿਜਲੀ ਕਰਮਚਾਰੀਆਂ ਨੂੰ ਹੜਤਾਲ ਲਈ ਉਕਸਾਇਆ ਸੀ । ਨੁਕਸੇ ਅਮਨ ਦੇ ਵਿਰੁਧ, ਇਸ ਬਲਦੇਵ ਸਿੰਘ ਨੂੰ ਅਧੀਨ ਧਾਰਾ 107/151 ਜ਼ਾਬਤਾ ਫੌਜਦਾਰੀ ਮਿਤੀ 11.1.71 ਨੂੰ ਗ੍ਰਿਫਤਾਰ ਕੀਤਾ ਗਿਆ, ਇਸ ਤੇ ਇਸੇ ਸਬੰਧ ਵਿਚ ਚਾਰ ਹੋਰ ਵਿਦਿਆਰਥੀ ਮਿਤੀ 13.1.71 ਨੂੰ ਗ੍ਰਿਫਤਾਰ ਕੀਤੇ ਗਏ ਸਨ । ਗੌਰਮਿੰਟ ਕਾਲਜ ਮੁਕਤਸਰ ਦੇ

ਲਗਭਗ 150 ਵਿਦਿਆਰਥੀ ਇਨ੍ਹਾਂ ਦੀ ਗ੍ਰਿਫਤਾਰੀ ਦੇ ਵਿਰੁੱਧ ਰੋਸ ਪ੍ਰਗਟ ਕਰਦਿਆਂ ਹੋਇਆਂ ਮਿਤੀ 13.1.71 ਨੂੰ ਦੁਪਹਿਰ ਦੇ 1 ਵਜੇ ਐਸ. ਡੀ. ਐਮ. ਦੀ ਕਚਹਿਰੀ ਵਿਚ ਜ਼ਬਰਦਸਤੀ ਘੁਸ ਗਏ। ਐਸ. ਡੀ. ਐਮ. ਉਸ ਵੇਲੇ ਕਚਹਿਰੀ ਵਿਚ ਹਾਜ਼ਰ ਨਹੀਂ ਸਨ ਵਿਦਿਆਰਥੀਆਂ ਨੇ ਉਹਨਾਂ ਦੇ ਰੀਡਰ ਸ੍ਰੀ ਦੇਸ ਰਾਜ ਦਾ ਘੇਰਾਓ ਕੀਤਾ ਅਤੇ ਉਸ ਨੂੰ ਕਚਹਿਰੀ ਦੇ ਕਮਰੇ ਵਿਚੋਂ ਬਾਹਰ ਨਹੀਂ ਜਾਣ ਦਿਤਾ। ਮੌਕੇ ਦੀ ਨਜ਼ਾਕਤ ਨੂੰ ਵੇਖ ਕੇ ਪੁਲਸ ਮੌਕੇ ਤੇ ਪੁਜ ਗਈ ਅਤੇ ਬੰਤ ਸਿੰਘ ਸਮੇਤ 15 ਵਿਦਿਆਰਥੀ ਗ੍ਰਿਫਤਾਰ ਕਰ ਲਏ, ਬਾਕੀ ਦੇ ਭੱਜ ਗਏ। ਪੁਲਿਸ ਨੇ ਵਿਦਿਆਰਥੀਆਂ ਤੇ ਕੋਈ ਮਾਰ ਕੁਟ ਨਾ ਕੀਤੀ ਤੇ ਨਾ ਹੀ ਲਾਠੀ ਚਾਰਜ ਦਾ ਪ੍ਰਯੋਗ ਕੀਤਾ ਅਤੇ ਨਾ ਹੀ ਕੋਈ ਫੱਟੜ ਹੋਇਆ।

ਐਸ. ਡੀ. ਐਮ. ਦੀ ਕਚਹਿਰੀ ਵਿਚ ਘੁੰਮਣ ਦੇ ਸਬੰਧ ਵਿਚ ਪੁਲਿਸ ਨੇ ਥਾਣਾ ਮੁਕਤਸਰ ਵਿਚ ਮੁਕੱਦਮਾ ਨੰ: 17 ਮਿਤੀ 13.1 71 ਅਧੀਨ ਧਾਰਾ 452/186/147/342/149 ਹਿੰਦ ਡੰਡਾਵਲੀ ਦਰਜ ਕੀਤਾ। ਮਾਮਲਾ ਸਬਜੂਡੀਸ ਹੈ।]

(ਕ੍ਰਮ ਨੰ: 11)

ਸਰਦਾਰ ਕਿਰਪਾਲ ਸਿੰਘ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਮੈਂਟਲ ਹਸਪਤਾਲ ਦੇ ਕਰਮਚਾਰੀਆਂ ਨੇ 4 ਮਹੀਨੇ ਪਹਿਲੇ ਭੁਖ ਹੜਤਾਲ ਅਤੇ ਹੜਤਾਲ ਕੀਤੀ ਸੀ। ਕਰਮਚਾਰੀਆਂ ਦੀਆਂ ਮੰਗਾਂ ਬਾਰੇ ਫੈਸਲਾ ਕਰਨ ਲਈ ਵਜ਼ੀਰ ਸਿਹਤ ਸਰਦਾਰ ਤੇਜਾ ਸਿੰਘ ਜੀ ਨੇ ਅੰਮ੍ਰਿਤਸਰ ਦੇ ਲੋਕਲ ਐਮ. ਐਲ. ਏਜ਼ ਨੂੰ ਗਲ-ਬਾਤ ਕਰਕੇ ਫੈਸਲਾ ਕਰਨ ਲਈ ਅਧਿਕਾਰ ਦਿਤੇ ਸਨ। ਕਰਮਚਾਰੀਆਂ, ਹਸਪਤਾਲ ਦੇ ਅਫ਼ਸਰਾਨ ਅਤੇ ਐਮ. ਐਲ. ਏਜ਼. ਨੇ ਸਰਵਸੰਮਤੀ ਨਾਲ ਫੈਸਲਾ ਕਰਕੇ ਵਜ਼ੀਰ ਸਿਹਤ ਨੂੰ ਰਿਪੋਰਟ ਭੇਜ ਦਿਤੀ ਸੀ। ਵਜ਼ੀਰ ਸਿਹਤ ਨੇ ਉਸ ਰਿਪੋਰਟ ਨੂੰ ਪਰਵਾਨ ਕਰ ਲੈਣ ਦਾ ਵਚਨ ਕਰਮਚਾਰੀਆਂ ਨੂੰ ਲਿਖ ਕੇ ਦੇ ਦਿਤਾ ਸੀ ਅਤੇ ਕਿਹਾ ਸੀ ਕਿ ਮੈਂ ਇਹ ਫੈਸਲਾ ਸਰਕਾਰ ਵਲੋਂ ਜਲਦੀ ਕਰਵਾ ਦਿਆਂਗਾ। ਪਰ ਅੱਜ ਤਕ ਕੋਈ ਫੈਸਲਾ ਨਹੀਂ ਹੋਇਆ। ਪੰਜਾਬ ਦੇ ਕਰਮਚਾਰੀ ਅੰਦੋਲਨ ਵਿਚ ਮੈਂਟਲ ਹਸਪਤਾਲ ਦੇ ਕਰਮਚਾਰੀਆਂ ਦੇ ਸ਼ਾਮਲ ਹੋਣ ਦਾ ਇਹ ਇਕ ਕਾਰਨ ਸੀ। ਸਰਕਾਰ ਆਪਣੇ ਕੀਤੇ ਵਾਅਦੇ ਮੁਤੱਲਕ ਐਸੀ ਬੇ-ਧਿਆਨੀ ਕਿਉਂ ਵਰਤਦੀ ਏ ਅਤੇ ਇਸ ਫੈਸਲੇ ਲਈ ਸਰਕਾਰ ਦੀ ਨੀਤੀ ਹੁਣ ਕੀ ਹੈ। ਇਸ ਉਤੇ ਚਾਨਣਾ ਪਾਉਣ ਲਈ ਸਰਕਾਰ ਬਿਆਨ ਦੇਵੇ।

ਸਰਦਾਰ ਤੇਜਾ ਸਿੰਘ : ਪੰਜਾਬ ਮੈਂਟਲ ਹਸਪਤਾਲ ਦੇ ਕਰਮਚਾਰੀਆਂ ਨੇ 4 ਮਹੀਨੇ ਪਹਿਲੇ ਭੁੱਖ ਹੜਤਾਲ ਅਤੇ ਹੜਤਾਲ਼ ਕੀਤੀ ਸੀ ਅਤੇ ਉਸ ਵਿਚ ਜੋ ਮੰਗਾਂ ਮੰਗੀਆਂ ਸਨ ਉਨ੍ਹਾਂ ਨੂੰ ਪੂਰਾ ਕਰਨ ਲਈ ਮਾਮਲਾ ਅਮਲੀਜ਼ ਕਮੇਟੀ ਨੂੰ ਪੇਸ਼ ਕੀਤਾ ਜਾ ਚੁਕਾ ਹੈ। ਇਸ ਕਮੇਟੀ ਨੇ ਜੋ ਫੈਸਲਾ ਕੀਤਾ ਹੈ ਉਸ ਸਬੰਧੀ ਸਿਹਤ ਵਿਭਾਗ ਨੂੰ ਅਜੇ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ ਹੈ ਪਰ ਇਸ ਤੇ ਛੇਤੀ ਹੀ ਫੈਸਲਾ ਹੋਣ ਦੀ ਉਮੀਦ ਹੈ। ਜੇ ਇਸ ਕਮੇਟੀ ਨੇ ਸਿਹਤ ਵਿਭਾਗ ਵਲੋਂ ਭੇਜੀਆਂ ਤਜਵੀਜ਼ਾਂ ਨੂੰ ਪ੍ਰਵਾਨ ਕਰ ਲਿਆ ਤਾਂ ਪੰਜਾਬ ਮੈਂਟਲ ਹਸਪਤਾਲ ਦੇ ਕਰਮਚਾਰੀਆਂ ਦੀਆਂ ਮੰਗਾਂ ਪੂਰੀਆਂ ਹੋ ਜਾਣਗੀਆਂ।

(ਕ੍ਰਮ ਨੰ: 38)

ਸਰਦਾਰ ਦਲੀਪ ਸਿੰਘ ਪਾਂਧੀ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਹਲਕਾ ਭਦੌੜ ਪਿੰਡ ਰਾਮ ਗੜ, ਤਹਿਸੀਲ ਬਰਨਾਲਾ ਜ਼ਿਲ੍ਹਾ ਸੰਗਰੂਰ ਦੇ ਹਰੀਜਨਾਂ ਨਾਲ ਪਿੰਡ ਦੇ ਸਰਪੰਚ ਜੀਤਾ ਸਿੰਘ ਵਲੋਂ ਹੋ ਰਹੀ ਧਕੇਸ਼ਾਹੀ ਅਤੇ ਉਨ੍ਹਾਂ ਦਾ ਸੋਸ਼ਲ ਬਾਈਕਾਟ ਕੀਤਾ ਗਿਆ ਹੈ ਅਤੇ ਪੁਲਿਸ ਵਲੋਂ ਐਸ. ਐਚ. ਓ. ਭਦੌੜ ਤੇ ਡੀ. ਐਸ ਪੀ ਬਰਨਾਲਾ ਵਲੋਂ ਰਿਸ਼ਵਤ ਲੈ ਕੇ ਹਰੀਜਨਾਂ ਦੇ 67 ਬੰਦਿਆਂ ਦਾ ਇਕ ਤਰਫਾ ਚਲਾਨ 107/151 ਵਿਚ ਕੀਤਾ

[ਸਰਦਾਰ ਦਲੀਪ ਸਿੰਘ ਪਾਂਧੀ]

ਗਿਆ ਅਤੇ ਉਨ੍ਹਾਂ ਨੂੰ ਕੁਟਿਆ ਤੇ ਡਰਾਇਆ ਧਮਕਾਇਆ ਗਿਆ ਅਜੇ ਵੀ ਪੁਲਿਸ ਤੇ ਸਰਪੰਚ ਦੇ ਕੁਝ ਆਦਮੀਆਂ ਵਲੋਂ ਸਖਤੀ ਕੀਤੀ ਜਾ ਰਹੀ ਹੈ ਅਤੇ ਸਰਪੰਚ ਦੇ ਖਿਲਾਫ਼ ਪਿੰਡ ਦੀ ਨਗਰ ਪੰਚਾਇਤ ਦੇ ਫੰਡਾਂ ਵਿਚੋਂ ਹੇਰਾ ਫੇਰੀ ਕਰਨ ਦੀ ਦਰਖ਼ਾਸਤ ਡੀ. ਸੀ. ਸੰਗਰੂਰ ਨੂੰ ਦਿਤੀ ਸੀ । 2 ਮਹੀਨੇ ਹੋ ਚੁਕੇ ਹਨ ਉਸ ਦਾ ਕੋਈ ਫੈਸਲਾ ਨਹੀਂ ਹੋਇਆ । ਸਰਕਾਰ ਉਨ੍ਹਾਂ ਦੀ ਇਨਕੁਆਇਰੀ ਅਤੇ ਗਰੀਬਾਂ ਨਾਲ ਧੱਕੇ-ਸ਼ਾਹੀ ਦਾ ਪਤਾ ਕਰ ਕੇ ਸਰਕਾਰ ਸਭਾ ਵਿਚ ਬਿਆਨ ਕਰੇ ।

ਸਰਦਾਰ ਪਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : ਪੜਤਾਲ ਤੋਂ ਪਾਇਆ ਗਿਆ ਹੈ ਕਿ ਪਿੰਡ ਰਾਮਗੜ੍ਹ ਦੇ ਹਰੀਜਨਾਂ ਪਾਸ ਜ਼ਮੀਨ ਨਹੀਂ ਹੈ । ਉਸ ਪਿੰਡ ਦੀ ਪੰਚਾਇਤ ਦੀ ਸਾਂਝੀ ਜ਼ਮੀਨ 32 ਕਿਲੇ ਹੈ । ਜਿਸ ਵਿਚੋਂ 16 ਕਿਲੇ ਜ਼ਮੀਨ ਹਰ ਸਾਲ ਪੰਚਾਇਤ ਠੇਕੇ ਤੇ ਦਿੰਦੀ ਹੈ । ਇਸ ਪਿੰਡ ਦੇ ਹਰੀਜਨਾਂ ਨੂੰ ਸਰਪੰਚ ਜੀਤਾ ਸਿੰਘ ਦੇ ਵਿਰੁੱਧ ਇਹ ਸ਼ਿਕਾਇਤ ਹੈ ਕਿ ਉਹ ਸਾਂਝੀ ਜਮੀਨ ਕਿਸੇ ਹੋਰ ਦੇ ਨਾਂ ਤੇ ਲੈ ਕੇ ਖ਼ੁਦ ਵਾਹੀ ਕਰਦਾ ਹੈ । ਜੋ ਹਰੀਜਨਾਂ ਵਲੋਂ ਸ਼ਿਕਾਇਤ ਦਿੱਤੀ ਗਈ ਹੈ ਉਸ ਦੇ ਸਬੰਧ ਵਿਚ ਡੀ. ਡੀ. ਪੀ. ਓ. ਸੰਗਰੂਰ ਤਫ਼ਤੀਸ਼ ਕਰ ਰਹੇ ਹਨ । ਪਿੰਡ ਵਿਚ ਹਰੀਜਨਾਂ ਨਾਲ ਕੋਈ ਸੋਸ਼ਲ ਬਾਈਕਾਟ ਨਹੀਂ ਕੀਤਾ ਗਿਆ ਪਰ ਇਹ ਪਤਾ ਲਗਾ ਹੈ ਕਿ ਪਿੰਡ ਦੇ ਹਰੀਜਨ, ਸਰਪੰਚ ਜੀਤਾ ਸਿੰਘ ਦੇ ਵਿਰੁੱਧ ਹਨ ਅਤੇ ਉਹ ਉਸ ਦੇ ਖਿਲਾਫ਼ ਅਨੇਕਾਂ ਦੋਸ਼ ਲਾਉਣ ਦੀ ਕੋਸ਼ਿਸ਼ ਕਰਦੇ ਹਨ । ਇਸੇ ਹੀ ਕਾਰਣ ਅਮਨ ਭੰਗ ਹੋਣ ਦੇ ਭੈ ਨੂੰ ਮੁੱਖ ਰਖਦੇ ਹੋਏ ਦੋਨਾਂ ਪਾਰਟੀਆਂ ਵਿਰੁੱਧ ਰੋਕੂ ਕਾਰਵਾਈ ਕੀਤੀ ਜਾ ਚੁੱਕੀ ਹੈ ਅਤੇ ਐਸ. ਡੀ. ਐਮ. ਬਰਨਾਲਾ ਦੀ ਅਦਾਲਤ ਵਿਚ ਕੇਸ ਵਿਚਾਰ ਅਧੀਨ ਹੈ । ਇਹ ਗਲਤ ਪਾਇਆ ਗਿਆ ਹੈ ਕਿ ਇਕ ਤਰਫ਼ਾ ਕਾਰਵਾਈ ਕੀਤੀ ਗਈ ਹੈ । ਪੜਤਾਲ ਤੋਂ ਪੁਲਿਸ ਵਿਰੁੱਧ ਰਿਸ਼ਵਤ ਲੈਣ ਅਤੇ ਹਰੀਜਨਾਂ ਨੂੰ ਤੰਗ ਕਰਨ ਦਾ ਦੋਸ਼ ਝੂਠਾ ਪਾਇਆ ਗਿਆ ਹੈ । ਕਿਉਂਕਿ ਦੋਨਾਂ ਪਾਰਟੀਆਂ ਵਿਚ ਰੰਜਸ਼ ਹੈ ਇਸ ਕਰ ਕੇ ਐਸ. ਐਚ. ਓ. ਭਦੌੜ ਅਤੇ ਨਿਗਰਾਨ ਅਫ਼ਸਰ ਨੂੰ ਪਿੰਡ ਰਾਮਗੜ੍ਹ ਵੱਲ ਧਿਆਨ ਦੇਣ ਬਾਰੇ ਹਦਾਇਤ ਕੀਤੀ ਗਈ ਹੈ ।

(Serial No. 48)

Shri Balram Dass Tandon : to draw the attention of the Government towards an urgent matter of public importance, namely, the situation created at Sathiala, in District Amritsar by police firing and Lathi charge on the staff and Students of Sathiala College seriously injuring Shri Devinder Kumar Gupta and some other members of the staff, including some of the students.

Sardar Parkash Singh Badal (Chief Minister) : Services of some employees of Sathiala College had been terminated and some other persons were employeed in their place by the College Managing Committee on 16.1 71., Professor D. P. Gupta and some others including the acting Principal, wanted to put back on duty forcibly the ex-employees, the successors of these ex-employees, objected to their forcible replacement where upon Professor D. P. Gupta and Shri Neel Kanth, Accountant became aggressive and adopted a violent attitude. Local, Police had to intervene to revert breach of peace and arrested both of them. while A.S.I. was escorting them under his custody, Professor D. P. Gupta, exhorted his sympathisers to rescue them. At this Professor Bhagwant Singh, Principal Chanan Singh and many others tried to rescue them from Police custody and assaulted the Police Party. Some students pelted brick-bats at the Police Party. During the scuffle that ensued, three members of the Police Party, including two Police Officers, sustainded injuries.

2. It is incorrect that Professor D. P. Gupta received serious injuries in the course of the attempt to rescue him, he only received two very minor blunt weapon injuries, a contusion on right hip and a swelling on the root of right thumb.

3. No Student or other member of the staff sustained any injury.

4. The Police did not resort to lathi-charge or firing. The fact is that Dayal Singh a Gun-Licencee, who happened to be present at the spot, fired in the air to scareaway those persons, who were assaulting the Police party.

Case FIR No. 35/71,u/s. s 353/332/506/225/224/148/149 IPC was registered at P.S. Beas.

[ਸਠਿਆਲਾ ਕਾਲਜ ਦੇ ਕੁਝ ਕਰਮਚਾਰੀਆਂ ਨੂੰ ਕਾਲਜ ਦੀ ਇੰਤਜ਼ਾਮੀਆਂ ਕਮੇਟੀ ਨੇ ਨੌਕਰੀ ਤੋਂ ਉਤਾਰ ਦਿਤਾ ਸੀ। ਅਤੇ ਕੁਝ ਦੂਸਰੇ ਆਦਮੀ ਉਹਨਾਂ ਦੀ ਥਾਂ ਤੇ ਭਰਤੀ ਕਰ ਲਏ ਸੀ। ਮਿਤੀ 16.1.71 ਨੂੰ ਪ੍ਰੋਫੈਸਰ ਡੀ. ਪੀ. ਗੁਪਤਾ ਅਤੇ ਕੁਝ ਹੋਰ ਜਿਨ੍ਹਾਂ ਵਿਚ ਕਾਇਮ ਮੁਕਾਮ ਪ੍ਰਿੰਸੀਪਲ ਭੀ ਸ਼ਾਮਲ ਸੀ, ਨੇ ਪਹਿਲੇ ਕਰਮਚਾਰੀਆਂ ਨੂੰ ਡਿਊਟੀ ਤੇ ਜ਼ਬਰਦਸਤੀ ਲਾਉਣਾ ਚਾਹਿਆ । ਪਹਿਲੇ ਕਰਮਚਾਰੀਆਂ ਦੇ ਜਾਨ ਨਸ਼ੀਨਾਂ ਨੇ ਉਨ੍ਹਾਂ ਦੇ ਜ਼ਬਰਦਸਤੀ ਤਬਦੀਲੀ ਬਾਰੇ ਇਤਰਾਜ਼ ਕੀਤਾ। ਜਿਸ ਤੇ ਪ੍ਰੋਫੈਸਰ ਡੀ. ਪੀ. ਗੁਪਤਾ ਅਤੇ ਲੇਖਾਕਾਰ ਸੀਨਾ ਜ਼ੋਰੀ ਅਤੇ ਹਿੰਸਕ ਕਾਰਵਾਈਆਂ ਤੇ ਉੱਤਰ ਆਏ। ਲੋਕਲ ਪੁਲਿਸ ਨੇ ਨੁਕਸੇ ਅਮਨ ਦੀ ਨਜ਼ਾਕਤ ਨੂੰ ਦੇਖ ਕੇ ਉਨ੍ਹਾਂ ਦੋਨਾਂ ਨੂੰ ਗ੍ਰਿਫ਼ਤਾਰ ਕਰ ਲਿਆ। ਜਦੋਂ ਏ ਐਸ ਆਈ ਉਨ੍ਹਾਂ ਨੂੰ ਲੈ ਕੇ ਜਾ ਰਿਹਾ ਸੀ, ਪ੍ਰੋਫੈਸਰ ਡੀ. ਪੀ. ਗੁਪਤਾ ਨੇ ਆਪਣੇ ਸਾਥੀਆਂ ਨੂੰ ਉਹਨਾਂ ਨੂੰ ਛੁਡਾਉਣ ਲਈ ਉਕਸਾਇਆ ਇਸ ਤੇ ਪ੍ਰੋਫੈਸਰ ਭਗਵੰਤ ਸਿੰਘ, ਪ੍ਰਿੰਸੀਪਲ ਚੰਨਣ ਸਿੰਘ ਅਤੇ ਹੋਰ ਦੂਜੇ ਆਦਮੀਆਂ ਨੇ ਉਨ੍ਹਾਂ ਨੂੰ ਪੁਲਿਸ ਕੋਲੋਂ ਛੁਡਾਉਣ ਲਈ ਕੋਸ਼ਿਸ਼ ਕੀਤੀ ਅਤੇ ਪੁਲਸ ਪਾਰਟੀ ਤੇ ਹਮਲਾ ਕੀਤਾ। ਕੁਝ ਵਿਦਿਆਰਥੀਆਂ ਨੇ ਪੁਲਿਸ ਪਾਰਟੀ ਤੇ ਪਥਰਾਓ ਵੀ ਕੀਤਾ । ਇਸ ਝਗੜੇ ਵਿਚ ਤਿੰਨ ਪੁਲਿਸ ਮੁਲਾਜ਼ਮਾਂ, ਜਿਨ੍ਹਾਂ ਵਿਚ ਦੋ ਪੁਲਸ ਅਫ਼ਸਰਾਂ ਨੂੰ ਸੱਟਾਂ ਲੱਗੀਆਂ।

2. ਇਹ ਗਲਤ ਹੈ ਕਿ ਪ੍ਰੋਫੈਸਰ ਡੀ. ਪੀ. ਗੁਪਤਾ ਨੂੰ ਸਖਤ ਚੋਟਾਂ ਆਈਆਂ । ਉਸ ਨੂੰ ਛੁਡਾਉਣ ਦੀ ਕੋਸ਼ਿਸ਼ ਦੇ ਦੌਰਾਨ ਉਹ ਮਾਮੂਲੀ ਤੌਰ ਤੇ ਜ਼ਖਮੀ ਹੋਇਆ, ਜਿਹੜੇ ਜ਼ਖਮ ਖੁੰਢੇ ਹਥਿਆਰ ਨਾਲ ਲਗੇ ਹੋਏ ਜਾਪਦੇ ਸਨ। ਸੱਜੀ ਹਿੱਪ ਤੇ ਮਾਮੂਲੀ ਜਿਹੀ ਝਰੀਟ ਸੀ ਤੇ ਸੱਜਾ ਅੰਗੂਠਾ ਸੁੱਜ ਗਿਆ ਸੀ।

3. ਪੁਲਿਸ ਨੇ ਲਾਠੀ ਦਾ ਪ੍ਰਯੋਗ ਨਹੀਂ ਕੀਤਾ ਅਤੇ ਨਾ ਹੀ ਗੋਲੀ ਚਲਾਈ । ਅਸਲੀ ਗੱਲ ਇਹ ਹੈ ਕਿ ਦਿਆਲ ਸਿੰਘ ਜਿਸ ਦੇ ਪਾਸ ਬੰਦੂਕ ਦਾ ਲਾਇਸੰਸ ਹੈ ਮੌਕੇ ਤੇ ਹਾਜ਼ਰ ਸੀ ਉਸ ਨੇ ਉਹਨਾਂ ਆਦਮੀਆਂ ਨੂੰ ਜਿਹੜੇ ਪੁਲਿਸ ਪਾਰਟੀ ਤੇ ਹਮਲਾ ਕਰ ਰਹੇ ਸਨ ਡਰਾਉਣ ਲਈ ਹਵਾ ਵਿਚ ਗੋਲੀ ਚਲਾਈ।

ਇਸ ਸਬੰਧ ਵਿਚ ਮੁਕੱਦਮਾ ਨੰ: 35/71 ਅਧੀਨ ਧਾਰਾ 353/332/506/225/224/148/149 ਹਿੰਦ ਡੰਡਾਵਲੀ, ਥਾਨਾ ਬਿਆਸ ਵਿਚ ਦਰਜ ਕੀਤਾ ਗਿਆ।]

(Serial No. 78)

Dr. Amir Singh Kalkat : to draw the attention of the Government towards an urgent matter of Public importance, namely, that the Government has not-provided any facilities of medical aid, transport, education

[Dr. Amir Singh Kalkat]

upkeep of destitutes of the State who are either, blind or physically handicapped. It is, therefore, a fit matter to be discussed on the floor of the House through this Call Attention Motion.

Dr. Bhagat Singh (Minister for Social Welfare): The question of providing Medical aid to the blind or physically handicapped persons in the State concerns the Health Departments. It is understood that appropriate facilities are being provided by that Department. The Transport Department is also to have issued instructions for the free carriage of the blind travellers in the Buses operated by Government. So far as the Social Welfare Department is concerned, the following schemes are already in operation for the benefit of the physically handicapped and blind persons :

(i) The physically handicapped students/trainees including the Deaf and Dumb persons, are given scholarsrship for purposes of their study/training with due regard to the income of their parents.

(ii) A school is being run at Ludhiana for purposes of Braille Education and music learning by the blind girls. They are also given training in manufacture of candles. They are provided with free boarding, lodging and clothing and are given medical aid also by the Government. The number of such inmates at present is 30. The establishment of a similar institute for the blind boys during the year 1971-72 is also under consideration of Government.

(iii) The physically handicapped persons having an income of not more than Rs. 150/- per mensum are provided with free artificial limbs while those falling within the income range of Rs. 150/- at Rs. 300/- per mensum are provided with such facility at the rate of half the cost of such limbs under the Prosthetic Aid Scheme.

(iv) A workshop for the physically handicapped is being run at Ludhiana where its inmates are given training in Handloom weaving, Hosiery, and manufacture of Candles/Chalks Besides the provision of free lodging and boarding. The inmates of this Workshop are also given a stipend of Rs. 40/- p.m. each, There are 24 trainees in this workshop at present.

(v) The private institutions/Organisations working for the benefit and uplift of the physically handicapped persons of the State are given adequate funds as grant-in-aid every year by the Government.

(vi) The destitute persons (men and women both over the age of 55 and 54 years respectively) and the old blind and physically handicapped persons are given pensions under the Old Age Pension Scheme for purposes of maintenance and Social Welfare.

———

QUESTIONS ON STATEMENTS MADE IN REPLY TO CALL ATTENTION NOTICES

ਸ੍ਰੀ ਗਿਆਨ ਚੰਦ ਖਰਬੰਦਾ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਆਇਆ ਹੈ ਔਰ ਇਸ ਦੇ ਬਾਰੇ ਮੈਂ ਇਕ ਸਵਾਲ ਪੁਛਣਾ ਚਾਹੁੰਦਾ ਹਾਂ ... ...।

ਸ੍ਰੀ ਸਪੀਕਰ : ਕਿਹੜੇ ਵਜ਼ੀਰ ਸਾਹਿਬ ਨੇ ਜਵਾਬ ਦੇਣਾ ਹੈ ? (ਵਿਘਨ) (Who is the Minister concerned to reply ?) (Interruption)

ਸ੍ਰੀ ਗਿਆਨ ਚੰਦ ਖਰਬੰਦਾ : ਜਨਾਬ ਐਕਸਾਈਜ਼ ਐਂਡ ਟੈਕਸੇਸ਼ਨ ਮਨਿਸਟਰ ਸਾਹਿਬ ਨੇ ਜਵਾਬ ਦੇਣਾ ਹੈ ... (ਵਿਘਨ)

ਆਵਾਜ਼ਾਂ : ਉਹ ਇਸ ਵੇਲੇ ਹਾਊਸ ਵਿਚ ਹੈ ਨਹੀਂ । (ਵਿਘਨ)

ਸ੍ਰੀ ਸਪੀਕਰ : ਤੁਸੀਂ ਇਹ ਸਵਾਲ ਆਫਟਰ ਨੂਨ ਕਰ ਲੈਣਾ । (ਵਿਘਨ) (The hon. Member may put his question in the Afternoon Session.) (Interruption.)

ਸ੍ਰੀ ਗਿਆਨ ਚੰਦ ਖਰਬੰਦਾ : ਬਹੁਤ ਅੱਛਾ ਜੀ ।

ਸਰਦਾਰ ਕਿਰਪਾਲ ਸਿੰਘ : ਮੇਰੀ ਵੀ ਇਕ ਕਾਲ ਅਟੈਨਸ਼ਨ ਮੋਸ਼ਨ ਨੰ: 13 ਦਾ ਜਵਾਬ ਮੇਰੇ ਪਾਸ ਆਇਆ ਹੈ ਔਰ ਇਸ ਦੇ ਬਾਰੇ ਮੈਂ ਇਕ ਸਵਾਲ ਪੁਛਣਾ ਚਾਹੁੰਦਾ ਹਾਂ ... ...।

ਸ੍ਰੀ ਸਪੀਕਰ: ਕਿਹੜੇ ਮਨਿਸਟਰ ਸਾਹਿਬ ਨੇ ਇਹ ਜਵਾਬ ਦੇਣਾ ਹੈ ... (ਵਿਘਨ) (Who is the Minister concerned to reply ?) (Interruption)

ਸਰਦਾਰ ਕਿਰਪਾਲ ਸਿੰਘ : ਜਨਾਬ, ਇਹ ਮੈਡੀਕਲ ਡੀਪਾਰਟਮੈਂਟ ਹੈ । ਇਹ ਸਰਦਾਰ ਤੇਜਾ ਸਿੰਘ ਜੀ ਜਵਾਬ ਦੇ ਸਕਦੇ ਹਨ ਵੈਸੇ ਮੇਰੇ ਪਾਸ ਸਰਦਾਰ ਰਵੇਲ ਸਿੰਘ ਦਾ ਜਵਾਬ ਆਇਆ ਹੈ । ਜੇ ਇਹ ਦੇਣਾ ਚਾਹੁੰਦੇ ਹਨ ਤਾਂ ਇਹ ਜਵਾਬ ਦੇ ਦੇਣ ਨਹੀਂ ਤਾਂ ਉਹ ਦੇ ਦੇਣ । ਮੈਨੂੰ ਹੁਣ ਨਹੀਂ ਪਤਾ ਕਿ ਕਿਸ ਨੇ ਜਵਾਬ ਦੇਣਾ ਹੈ, ਇਹ ਆਪਸ ਵਿਚ ਦੇਖ ਲੈਣ ਕਿ ਕਿਸ ਨੇ ਜਵਾਬ ਦੇਣਾ ਹੈ । (ਵਿਘਨ) ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਮੈਂ ਜਿਹੜੀ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ ਉਸ ਦੇ ਜਵਾਬ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਰਜਿਸਟਰਾਰਾਂ/ਡਿਮਾਂਨਸਟਰੇਟਰਾਂ ਨੂੰ $33\frac{1}{3}\%$ ਦੇ ਹਿਸਾਬ ਪ੍ਰੈਕਟਸ ਭੱਤਾ ਦੇਣ ਦੇ ਹੁਕਮ ਜਾਰੀ ਹੋ ਚੁਕੇ ਹਨ ਤੇ ਐਮਰਜੈਂਸੀ ਡਿਊਟੀ ਸਮੇਂ ਉਨ੍ਹਾਂ ਨੂੰ ਘਰਾਂ ਤੋਂ ਸਰਕਾਰੀ ਗੱਡੀ ਰਾਹੀਂ ਹਸਪਤਾਲ ਲਿਆਉਣ ਦਾ ਪ੍ਰਬੰਧ ਕਰ ਦਿਤਾ ਗਿਆ ਹੈ । ਕੇਵਲ ਇਕ ਦੋ ਛੋਟੀਆਂ ਮੰਗਾਂ ਜਿਵੇਂ ਕਿ ਰਜਿਸਟਰਾਰਾਂ ਨੂੰ ਮੁਫਤ ਰਿਹਾਇਸ਼ ਦੇਣ ਬਾਰੇ ਤੇ ਇੰਟਰਨੀਜ਼ ਨੂੰ ਕਰਜ਼ਾ ਦੇਣ ਬਾਰੇ ਮਾਮਲਾ ਸਰਕਾਰ ਦੇ ਜ਼ੇਰੇ ਗੌਰ ਹੈ ਔਰ ਬਾਕੀ ਦਾ ਕੰਮ ਕਰ ਦਿਤਾ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਜ਼ੇਰੇ ਗੌਰ ਕਦ ਤਕ ਰਹੇਗਾ ਔਰ ਅਸਲੀਅਤ ਵਿਚ ਕਦੋਂ ਤਬਦੀਲ ਹੋਵੇਗਾ । ਦੂਸਰਾ ਪੋਸਟ ਗਰੈਜੂਏਟ ਜਿਹੜੇ ਹਨ ਉਨ੍ਹਾਂ ਨੂੰ ਵੀ ਕੁਝ ਵਜ਼ੀਫ਼ੇ ਦੀ ਪਰਸੈਂਟੇਜ ਦਾ ਕਿਹਾ ਸੀ ਪਰ ਇਸ ਦਾ ਜ਼ਿਕਰ ਕੋਈ ਨਹੀਂ ਕੀਤਾ, ਕੀ ਸਰਕਾਰ ਨੇ ਉਹ ਇਰਾਦਾ ਤਰਕ ਕਰ ਦਿਤਾ ਹੈ ? (ਵਿਘਨ)

ਰਾਜ ਮੰਤਰੀ ਉਦਯੋਗ ਤੇ ਸਿਹਤ : ਸਪੀਕਰ ਸਾਹਿਬ, ਇਹ ਕੇਸ ਅਗਜ਼ਾਮਿਨ ਹੋ ਰਿਹਾ ਹੈ ਕਿ ਜਿਹੜੇ ਪੋਸਟ ਗਰੈਜੂਏਟ ਮੁੰਡੇ ਹਨ ਉਨ੍ਹਾਂ ਨੂੰ ਸਟਾਈਪੰਡ ਦੇਣਾ ਹੈ ਜਾਂ ਨਹੀਂ । ਸੈਂਟਰ ਦੀ ਸਰਕਾਰ ਵਲੋਂ 10 ਸਟਾਈਪੰਡ ਮਨਜ਼ੂਰ ਹੋ ਕੇ ਆਏ ਹਨ । ਇਸ ਤੋਂ ਇਲਾਵਾ ਅਸੀਂ ਹੋਰ ਕੋਸ਼ਿਸ਼

[ਰਾਜ ਮੰਤਰੀ ਉਦਯੋਗ ਤੇ ਸਿਹਤ]
ਕਰ ਰਹੇ ਹਾਂ ਕਿ ਸਟਾਈਪੰਡ ਲਗਾਈਏ । ਇਸ ਦੇ ਵਾਸਤੇ ਵਿਚਾਰ ਹੋ ਰਹੀਂ ਹੈ ਔਰ ਅਗਜ਼ਾਮਿਨ ਕੀਤਾ ਜਾ ਰਿਹਾ ਹੈ ਕਿ ਕਿਸ ਤਰ੍ਹਾਂ ਕੀਤਾ ਜਾਏ । ਇਤਨੇ ਕਾਹਲੇ ਪੈਣ ਦੀ ਲੋੜ ਨਹੀਂ । ਇਹ ਕੇਸ ਅਗਜ਼ਾਮਿਨ ਹੋ ਰਿਹਾ ਹੈ ਔਰ ਜਲਦੀ ਹੀ ਫ਼ੈਸਲਾ ਕਰ ਦਿਤਾ ਜਾਵੇਗਾ ।

चौधरी बलबीर सिंह : स्पीकर साहिब, मेरी भी काल अटैनशन मोशन नम्बर 63 है जिस के बारे में मैं सवाल पूछना चाहता हूं और चीफ मिनिस्टर साहिब ने इस का जवाब देना है (विघ्न) जो जवाब मुझे मिला है इस के अन्त में इन्होंने कहा है कि कोई हमला नहीं किया गया और दूसरा इस केस में कोई राजसी दबाव नहीं डाला गया और उसने कोई सज़ा नहीं काटी । लेकिन ऊपर खुद इन्होंने तसलीम कर लिया है कि उसकी इनक्वायरी की गई और वहां गोली भी चली और उसके बाद मुकदमा भी रजिस्टर किया गया और आखिर में कह दिया कि कोई बात नहीं हुई । (विघ्न)

ਸ੍ਰੀ ਸਪੀਕਰ : ਤੁਸੀਂ ਸਵਾਲ ਪੁੱਛੋ, ਇਨਫ਼ਰਮੇਸ਼ਨ ਨਾ ਦਿਓ । (ਵਿਘਨ) (The hon. Member may please put a question instead of giving information.) (Interruption)

चौधरी बलबीर सिंह : जो गलत बातें कही हैं वह तो मैं अपने सवाल में कह सकता हूं (विघ्न) जो जवाब इन्होंने दिया है वह खुद इन्होंने नहीं पढ़ा । जो ऊपर लिखा है जो नीचे जवाब में लिखवाया है वह दोनों कंट्राडिक्ट्री है (विघ्न)

ਮੁੱਖ ਮੰਤਰੀ : ਸਪੀਕਰ ਸਾਹਿਬ, ਆਫ਼ਟਰਨੂਨ ਦੇ ਸੈਸ਼ਨ ਵਿਚ ਮੈਂ ਇਸਦਾ ਜਵਾਬ ਦੇ ਦਿਆਂਗਾ । (ਵਿਘਨ)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰਬਰ 11 ਦਾ ਜਵਾਬ ਹੁਣੇ ਹੀ ਆਇਆ ਹੈ ਉਸ ਵਿਚ ਇਨ੍ਹਾਂ ਨੇ ਦਸਿਆ ਹੈ ਕਿ ਪੰਜਾਬ ਮੈਂਟਲ ਹਸਪਤਾਲ ਦੇ ਕਰਮਚਾਰੀਆਂ ਨੇ 4 ਮਹੀਨੇ ਪਹਿਲੇ ਭੁੱਖ ਹੜਤਾਲ ਅਤੇ ਹੜਤਾਲ ਕੀਤੀ ਸੀ ਅਤੇ ਉਸ ਵਿਚ ਜੋ ਜੋ ਮੰਗਾਂ ਮੰਗੀਆਂ ਸਨ ਉਨ੍ਹਾਂ ਨੂੰ ਪੂਰਾ ਕਰਨ ਲਈ ਮਾਮਲਾ ਅਨਾਮਲੀਜ਼ ਕਮੇਟੀ ਨੂੰ ਪੇਸ਼ ਕੀਤਾ ਜਾ ਚੁਕਾ ਹੈ । ਇਸ ਕਮੇਟੀ ਨੇ ਜੋ ਫ਼ੈਸਲਾ ਕੀਤਾ ਹੈ ਉਸ ਸਬੰਧੀ ਸਿਹਤ ਵਿਭਾਗ ਨੂੰ ਅਜੇ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ । ਪਰ ਇਸ ਤੇ ਛੇਤੀ ਹੀ ਫ਼ੈਸਲਾ ਹੋਣ ਦੀ ਉਮੀਦ ਹੈ । ਜੇ ਇਸ ਕਮੇਟੀ ਨੇ ਸਿਹਤ ਵਿਭਾਗ ਵਲੋਂ ਭੇਜੀਆਂ ਤਜਵੀਜ਼ਾਂ ਨੂੰ ਪ੍ਰਵਾਨ ਕਰ ਲਿਆ ਤਾਂ ਪੰਜਾਬ ਮੈਂਟਲ ਹਸਪਤਾਲ ਦੇ ਕਰਮਚਾਰੀਆਂ ਦੀਆਂ ਮੰਗਾਂ ਪੂਰੀਆਂ ਹੋ ਜਾਣਗੀਆਂ । ਮੈਂ ਤੁਹਾਡੇ ਰਾਹੀਂ ਗੌਰਮਿੰਟ ਨੂੰ ਪਛਣਾ ਚਾਹੁੰਦਾ ਹਾਂ ਕਿ ਜੇ ਗੌਰਮਿੰਟ ਦਾ ਇਕ ਮਨਿਸਟਰ ਲਿਖ ਕੇ ਕਿਸੇ ਨੂੰ ਕਹਿ ਦੇਵੇ ਕਿ ਮੰਗਾਂ ਮੰਨ ਲਈਆਂ ਹਨ ਔਰ ਫਿਰ ਅਨਾਮਲੀਜ਼ ਕਮੇਟੀ ਨੂੰ ਇਹ ਪੇਸ਼ ਕੀਤਾ ਜਾਵੇ ਔਰ ਜੇ ਉਹ ਨਾ ਮੰਨੇ ਤਾਂ ਕੀ ਮਨਿਸਟਰ ਸਾਹਿਬ ਹੈਲਪਲੈਸ ਹੋ ਜਾਂਦੇ ਹਨ ? (ਵਿਘਨ)

ਰਾਜ ਮੰਤਰੀ, ਉਦਯੋਗ ਤੇ ਸਿਹਤ : ਸਪੀਕਰ ਸਾਹਿਬ, ਇਸ ਦੇ ਵਿਚ ਹੈਲਪਲੈਸਨੈਸ ਦੀ ਕੋਈ ਗੱਲ ਨਹੀਂ । ਜੇ ਇਹ ਮਾਮਲਾ ਅਨਾਮਲੀਜ਼ ਕਮੇਟੀ ਵਿਚ ਨਹੀਂ ਹੋਵੇਗਾ ਤਾਂ ਫਿਰ ਇਹ ਕੈਬਨਿਟ ਵਿਚ ਉਸ ਤੋਂ ਬਾਅਦ ਆਉਣਾ ਹੈ ਉਥੇ ਫਿਰ ਵਿਚਾਰ ਹੋਵੇਗੀ । ਮੈਂ ਇਸ ਗੱਲ ਤੇ ਧਿਆਨ ਦੇਵਾਂਗਾ । (ਵਿਘਨ)

QUESTION OF PRIVILEGE

ਸਰਦਾਰ ਉਮਰਾਓ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਇਹ ਦਸਣਾ ਚਾਹੁੰਦਾ ਹਾਂ ਕਿ ਅੱਜ ਹੀ ਬਾਸੀ ਸਾਹਿਬ, ਜੋ ਕਿ ਸਾਡੇ ਇਰੀਗੇਸ਼ਨ ਮਨਿਸਟਰ ਹਨ, ਨੇ ਡੇਲੀ ਹਿੰਦ ਸਮਾਚਾਰ, ਜਲੰਧਰ ਦੀ ਅਖ਼ਬਾਰ ਵਿਚ ਇਕ ਸਟੇਟਮੈਂਟ ਦਿੱਤੀ ਹੈ। ਉਸ ਸਟੇਟਮੈਂਟ ਵਿਚ ਕਿਹਾ ਗਿਆ ਹੈ ਕਿ "ਵਜ਼ੀਰੇ ਆਬਪਾਸ਼ੀ ਸਰਦਾਰ ਸੋਹਨ ਸਿੰਘ ਬਾਸੀ ਨੇ ਐਲਾਨ ਕੀਆ ਹੈ ਕਿ ਵੁਜ਼ਰਾ ਕੇ ਖਿਲਾਫ ਕੁਰੱਪਸ਼ਨ ਇਲਜ਼ਮਾਤ ਕੀ ਇਨਕੁਆਇਰੀ ਕੇ ਲੀਏ ਜਲਦ ਹੀ ਏਕ ਆਲਾ ਕਿਸਮ ਕਾ ਤਾਕਤੀ ਟ੍ਰਿਬਿਊਨਲ ਮੁਕੱਰਰ ਕੀਆ ਜਾਏਗਾ।" ਇਹ ਜੋ ਅਖ਼ਬਾਰ ਵਿਚ ਸਟੇਟਮੈਂਟ ਛਪੀ ਹੈ ਇਸ ਦੇ ਮੁਤੱਲਕ, ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਦੇ ਵਿਚ ਦੋ ਪੁਆਇੰਟ ਹਨ। ਇਕ ਪੁਆਇੰਟ ਤਾਂ ਪ੍ਰਿਵਿਲਜ ਦਾ ... ... (ਵਿਘਨ)

ਸ੍ਰੀ ਸਪੀਕਰ : ਇਹ ਬਿਆਨ ਤਾਂ ਬਾਸੀ ਸਾਹਿਬ ਹਮੇਸ਼ਾ ਹੀ ਦਿੰਦੇ ਰਹਿੰਦੇ ਹਨ। (ਵਿਘਨ) (Such statements are generally made by the hon. Minister Sardar Sohan Singh Bassi.) (Inetrruption)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਅਸੀਂ ਤੁਹਾਡੀ ਪ੍ਰੋਟੈਕਸ਼ਨ ਮੰਗਦੇ ਹਾਂ ...... (ਵਿਘਨ)

ਕਾਮਰੇਡ ਸੱਤਪਾਲ ਡਾਂਗ : ਆਨ ਏ ਪੁਆਇੰਟ ਆਫ਼ ਆਰਡਰ, ਸਰ ...... (ਵਿਘਨ)

ਸਰਦਾਰ ਉਮਰਾਓ ਸਿੰਘ : ਮੈਂ ਅਗੇ ਹੀ ਪੁਆਇੰਟ ਆਫ਼ ਆਰਡਰ ਤੇ ਖੜ੍ਹਾ ਹਾਂ। (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਬਾਸੀ ਸਾਹਿਬ ਰੋਜ਼ ਹੀ ਐਸੇ ਬਿਆਨ ਦੇਂਦੇ ਹਨ ... ... (ਵਿਘਨ)

ਸ੍ਰੀ ਸਪੀਕਰ : ਬਿਆਨ ਪਹਿਲਾਂ ਵੀ ਉਹ ਦਿੰਦੇ ਰਹਿੰਦੇ ਹਨ। (ਵਿਘਨ) ਇਸ ਦੇ ਵਿਚ ਹਾਉਸ ਦੇ ਰੂਲਾਂ ਦੀ ਕੋਈ ਉਲੰਘਣਾ ਨਹੀਂ ਹੋਈ। (ਵਿਘਨ) (He had made such statements at some previous occasion too. (Interruption) There is no infringement of the rules of the House.) (Interruption)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਉਲੰਘਣਾ ਹੋਈ ਹੈ। ਮੈਂ ਇਹ ਦਸਣਾ ਚਾਹੁੰਦਾ ਹਾਂ ... (ਵਿਘਨ) ਸਪੀਕਰ ਸਾਹਿਬ, ਹਾਉਸ ਦੇ ਸਾਹਮਣੇ ਗਵਰਨਰ ਸਾਹਿਬ ਦਾ ਐਡਰੈਸ ਆਇਆ ਹੈ ਜਿਸ ਦੇ ਵਿਚ ਗੌਰਮਿੰਟ ਦੀ ਸਾਰੀ ਪਾਲਿਸੀ ਦੱਸੀ ਹੈ ਲੇਕਿਨ ਉਸ ਦੇ ਵਿਚ ਕੋਈ ਐਸਾ ਜ਼ਿਕਰ ਨਹੀਂ ਆਇਆ। ਫਿਰ ਉਸ ਦੇ ਬਾਦ ਬਜਟ ਸਪੀਚ ਆਈ ਉਸ ਦੇ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਮੇਰੀ ਅਰਜ਼ ਹੈ ਕਿ ਦੋ ਬੜੇ ਇਮਪਾਰਟੈਂਟ ਡਾਕੂਮੈਂਟਸ ਇਥੇ ਆਏ ਹਨ ਔਰ ਉਨ੍ਹਾਂ ਦੇ ਵਿਚ ਇਸ ਚੀਜ਼ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਹਾਉਸ ਵਿਚ ਇਹ ਗੱਲ ਨਹੀਂ ਕਹੀ ਜਾਂਦੀ ਬਲਕਿ ਇਕ ਜਲਸੇ ਦੇ ਵਿਚ ਵਜ਼ੀਰ ਸਾਹਿਬ ਕਹਿੰਦੇ ਹਨ ਕਿ ਅਸੀਂ ਵੁਜ਼ਰਾ ਦੇ ਖਿਲਾਫ ਇਕ ਟ੍ਰਿਬਿਊਨਲ ਬਣਾਵਾਂਗੇ। ਪਹਿਲੀ ਚੀਜ਼ ਤਾਂ ਇਸ ਦੇ ਵਿਚ ਇਹ ਹੋਈ ਹੈ ਕਿ ਸਾਡਾ ਪ੍ਰਿਵਿਲਜ ਅਫੈਕਟ ਹੋਇਆ ਹੈ। ਮੈਨੂੰ ਇਸ ਗੱਲ ਦਾ ਪਤਾ ਨਹੀਂ ਕਿ ਇਹ ਸਹੀ ਹੈ ਜਾਂ ਗਲਤ ਹੈ, ਇਹ ਚੀਜ਼ ਚੀਫ਼ ਮਨਿਸਟਰ ਸਾਹਿਬ ਦੇਖਣ ਜੇ ਇਹ ਸਹੀ ਹੈ ਤਾਂ ਇਸ ਹਾਊਸ ਦੀ ਤੌਹੀਨ ਹੋਈ ਹੈ ... (ਵਿਘਨ)

ਸ੍ਰੀ ਸਪੀਕਰ : ਤੁਸੀਂ ਪਹਿਲਾਂ ਤਸੱਲੀ ਕਰ ਲਓ ਕਿ ਇਹ ਠੀਕ ਹੈ ਜਾਂ ਗ਼ਲਤ ਹੈ। (ਵਿਘਨ) ਫਿਰ ਹੀ ਤੁਹਾਡਾ ਪ੍ਰਿਵਿਲਜ਼ ਦਾ ਕੁਐਸਚਨ ਬਣੇਗਾ । (ਵਿਘਨ) (The hon. Member may satisfy himself about the authenticity of the statement and then raise the question of privilege.) (Interruption)

ਸਰਦਾਰ ਉਮਰਾਓ ਸਿੰਘ : ਇਹ ਤਾਂ ਚੀਫ਼ ਮਨਿਸਟਰ ਸਾਹਿਬ ਦਸਣਗੇ । (ਵਿਘਨ) ਦੂਸਰੀ ਚੀਜ਼ ਇਹ ਹੈ ਕਿ ਵਜ਼ੀਰ ਸਾਹਿਬ ਨੇ ਇਹ ਕਿਹਾ ਹੈ ਕਿ ਪੰਜਾਬ ਦਾ ਜੋ ਵੁਜ਼ਰਾ ਹੈ ਉਸ ਦੇ ਇਲਜ਼ਾਮਾਤ ਲਈ ਇਕ ਟ੍ਰਿਬਿਊਨਲ ਬਣਾਇਆ ਜਾਵੇਗਾ । ਕੀ ਇਕ ਹੀ ਇਹ ਮਨਿਸਟਰ ਹਨ ਜੋ ਆਪਣੇ ਆਪ ਨੂੰ ਕੁਰੱਪਟ ਨਹੀਂ ਕਹਿੰਦੇ ਔਰ ਬਾਕੀ ਆਪਣੇ ਦੂਜੇ ਸਾਥੀਆਂ ਨੂੰ ਕੁਰੱਪਟ ਕਹਿੰਦੇ ਹਨ । (ਵਿਘਨ) ਉਹ ਕਹਿੰਦੇ ਹਨ ਕਿ ਬਾਕੀ ਦੇ ਵਜ਼ੀਰ ਕੁਰੱਪਟ ਹਨ ... (ਵਿਘਨ)

ਸ੍ਰੀ ਸਪੀਕਰ : ਇਹ ਤਾਂ ਕੈਬੀਨਟ ਦੀ ਜੁਆਇੰਟ ਰਿਸਪਾਂਸਿਬਿਲਟੀ ਹੈ ... (ਵਿਘਨ) (It is the joint responsibility of the Cabinet.) (Interruption).

ਸਰਦਾਰ ਉਮਰਾਓ ਸਿੰਘ : ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਦੇ ਇਕ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਵੁਜ਼ਰਾ ਵਿਚ ਕੁਰੱਪਸ਼ਨ ਹੈ ।

ਸਰਦਾਰ ਉਮਰਾਓ ਸਿੰਘ : ਮੇਰੀ ਗੁਜ਼ਾਰਿਸ਼ ਹੈ ਕਿ ਕੀ ਉਹ ਇਸ ਦੀ ਇਨਕੁਆਇਰੀ ਕਰਾਉਣ ਲਈ ਕੋਈ ਕਮਿਸ਼ਨ ਬਿਠਾਉਣਾ ਚਾਹੁੰਦੇ ਹਨ, ਜੇ ਚਾਹੁੰਦੇ ਹਨ ਤਾਂ ਇਹ ਹਾਊਸ ਨੂੰ ਕਾਂਫੀਡੈਂਸ ਵਿਚ ਲੈਣ ਅਤੇ ਇਹ ਦੱਸਣ ਕਿ ਕਿਹੜੇ ਕਿਹੜੇ ਵਜ਼ੀਰ ਦੇ ਖ਼ਿਲਾਫ਼ ਕੁਰੱਪਸ਼ਨ ਦੇ ਚਾਰਜਿਜ਼ ਹਨ ? (ਵਿਘਨ) ਮੇਰੀ ਗੁਜ਼ਾਰਿਸ਼ ਹੈ ਕਿ ਤੁਹਾਨੂੰ ਹਾਊਸ ਦੇ ਰਾਈਟਸ ਨੂੰ ਪ੍ਰੋਟੈਕਟ ਕਰਨਾ ਚਾਹੀਦਾ ਹੈ ਅਤੇ ਗੌਰਮਿੰਟ ਇਸ ਹਾਊਸ ਨੂੰ ਕਾਂਫ਼ੀਡੈਂਸ ਵਿਚ ਜ਼ਰੂਰ ਲਵੇ । (ਵਿਘਨ)

ਸ੍ਰੀ ਸਪੀਕਰ : ਇਸ ਦੇ ਵਿਚ ਕਿਹੜਾ ਪੁਆਇੰਟ ਆਫ਼ ਆਰਡਰ ਇਨਵਾਲਵਡ ਹੈ ? (What point of order is involved in it ?)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ ਦੇ ਬਾਰੇ ਤਾਂ ਤੁਸੀਂ ਪਹਿਲੋਂ ਜਵਾਬ ਦੇ ਦਿਤਾ ਹੈ ਕਿ ਇਹ ਜੁਆਇੰਟ ਰਿਸਪੌਂਸੀਬਿਲਟੀ ਹੈ (ਵਿਘਨ) ਮੇਰਾ ਇਹ ਪ੍ਰਿਵਿਲਜ ਹੈ ਕਿ ਮੈਂ ਤੁਹਾਡੇ ਨੋਟਿਸ ਵਿਚ ਲਿਆਵਾਂ ਕਿ ਇਸ ਕੰਮ ਲਈ ਚੀਫ਼ ਮਨਿਸਟਰ ਸਾਹਿਬ ਇਸ ਹਾਊਸ ਨੂੰ ਕਾਂਫੀਡੈਂਸ ਵਿਚ ਲੈ ਕੇ ਦਸਣ ਕਿ ਕੀ ਉਹ ਆਪਣੇ ਸਾਥੀਆਂ ਦੇ ਖ਼ਿਲਾਫ਼ ਇਨਕੁਆਇਰੀ ਕਰਾਉਣਾ ਚਾਹੁੰਦੇ ਹਨ ? (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਬੜੀ ਚੰਗੀ ਗੱਲ ਹੈ ਅਗਰ ਗੌਰਮਿੰਟ ਕੋਈ ਐਂਟੀ ਕੁਰੱਪਸ਼ਨ ਟਰੀਬਿਊਨਲ ਬਣਾਉਣਾ ਚਾਹੁੰਦੀ ਹੈ (ਵਿਘਨ) ਸਾਡੇ ਵੀ ਇਕ ਸੀਨੀਅਰ ਮੈਂਬਰ ਨੂੰ ਉਸ ਵਿਚ ਲੈਣ ... (ਵਿਘਨ)

Mr. Speaker : This is no point of order.

चौधरी बलबीर सिंह : स्पीकर साहिब, मेरा विशेषाधिकार भंग प्रस्ताव यह है कि (विघ्न) पंजाब सरकार ने एक आर्डीनैंस के जरिए मेम्बर साहिबान को टैलीफून देने के बारे में सहूलियत दी थी लेकिन मेरा टैलीफून अभी तक नहीं लगा और भी कई मेम्बरों के नहीं लगे (विघ्न)

ਸ੍ਰੀ ਸਪੀਕਰ : ਇਸ ਦਾ ਸਬੰਧ ਮੇਰੇ ਸਕੱਤਰੇਤ ਨਾਲ ਹੈ । ਤੁਸੀਂ ਤਸ਼ਰੀਫ ਲੈ ਆਉਣਾ ਜਿਹੜੀਆਂ ਖਾਮੀਆਂ ਹੋਣਗੀਆਂ ਦੂਰ ਕਰ ਦਿੱਤੀਆਂ ਜਾਣਗੀਆਂ । (ਵਿਘਨ) (It relates to my Secretariat. The hon. Member may please come to me in my Chamber and I shall look into the matter.) (Interruption)

चौधरी बलबीर सिंह : आपको भी कई बार मिल चुका हूं । अगर बिल आता तो कुछ और बात होती । यह आर्डीनैंस के जरिए हुआ था, गवर्नमैंट समझती थी कि इसकी बेहद जरूरत है, लेकिन इतना अर्सा हो चुका है अभी तक टैलीफून नहीं लगा । इसमें हमारा प्रिविलेज भंग होता है ।

ਸ੍ਰੀ ਸਪੀਕਰ : ਅਸੀਂ ਇਸ ਲਈ ਕੋਸ਼ਿਸ਼ ਕਰ ਰਹੇ ਹਾਂ । (We are trying to expedite the matter)

RESOLUTION RE: MEETING THE BASIC NEEDS OF EVERY INDIVIDUAL IN THE STATE (RESUMPTION OF DISCUSSION)

Mr. Speaker : Now the House will resume discussion on the following resolution moved by Chaudhri Kewal Krishan on the 21st January, 1971.

> "This House recommends to the Government to take steps so that basic needs of every individual in the State are ensured and essential requirements in respect of food, clothing, housing, education and health are provided as soon as possible."

Sardar Partap Singh Kadian was on his legs when the House adjourned on that day. He will resume his speech.

ਸਰਦਾਰ ਪਰਤਾਪ ਸਿੰਘ ਕਾਦੀਆਂ (ਕੁਮਕਲਾਂ) : ਸਪੀਕਰ ਸਾਹਿਬ, ਉਸ ਦਿਨ ਮੈਂ ਚੌਧਰੀ ਕੇਵਲ ਕ੍ਰਿਸ਼ਨ ਦੇ ਮਤੇ ਤੇ ਆਪਣੀ ਅਮੈਂਡਮੈਂਟ ਦੇ ਸਿਲਸਿਲੇ ਵਿਚ ਇਹ ਪੁਆਇੰਟ ਦਸ ਰਿਹਾ ਸੀ ਕਿ ਜਿਹੜੀ ਫੂਡ ਪ੍ਰੋਡਕਸ਼ਨ ਹੈ, ਜਿੰਨਾਂ ਚਿਰ ਤਕ ਇਸ ਨੂੰ ਵਧਾਇਆ ਨਹੀਂ ਜਾਂਦਾ, ਇਹ ਐਸ਼ੋਅਰ ਨਹੀਂ ਕੀਤਾ ਜਾ ਸਕਦਾ ਕਿ ਇਸ ਫੂਡ ਪ੍ਰੋਡਕਸ਼ਨ ਵਿਚ ਕਿੰਨਾਂ ਹਥ ਸਟੇਟ ਗੌਰਮਿੰਟ ਦਾ ਹੈ ਅਤੇ ਕਿੰਨਾਂ ਸੈਂਟਰ ਗੌਰਮਿੰਟ ਦਾ, ਉਹ ਮੈਂ ਦਸ ਦੇਣਾ ਚਾਹੁੰਦਾ ਹਾਂ । ਜਿਥੋਂ ਤਕ ਸਟੇਟ ਗੌਰਮਿੰਟ ਦਾ ਤਅੱਲੁਕ ਹੈ ਉਹ ਮੈਂ ਦਸਿਆ ਹੈ ਕਿ ਫਸਟ ਪਲਾਨ ਵਿਚ ਗਰੋਥ 3.8, ਸੈਕਿੰਡ ਵਿਚ 5.1 ਅਤੇ ਜਿਸ ਵੇਲੇ ਜਨਤਾ ਨੇ ਇਸ ਪੰਜਾਬ ਵਿਚ ਕਾਂਗਰਸ ਨੂੰ ਗਦੀਉਂ ਲਾਹਿਆ ਅਤੇ ਅਕਾਲੀ ਪਾਰਟੀ ਨੂੰ ਹਕੂਮਤ ਮਿਲੀ ਤਾਂ ਇਨ੍ਹਾਂ ਨੇ ਇਸ ਗਰੋਥ ਰੇਟ ਨੂੰ 26.50 ਕਰ ਦਿਤਾ ਜਿਹੜੀ ਕਿ 1967-68 ਨਾਲੋਂ ਵੀ ਬਹੁਤ ਜ਼ਿਆਦਾ ਹੈ । ਮੈਂ ਸਮਝਦਾ ਹਾਂ ਕਿ ਇਸ ਬਾਰੇ ਸਟੇਟ ਗੌਰਮਿੰਟ ਜੋ ਕੁਝ ਕਰ ਸਕਦੀ ਸੀ ਉਸ ਨੇ ਕਰ ਦਿਤਾ । ਹੁਣ ਇਹ ਜਿੰਨਾ ਚਿਰ ਫ਼ਰਟੇਲਾਈਜ਼ਰ ਦੇ ਭਾ ਨਾ ਘਟਾਉਣ ਪ੍ਰੋਡਿਊਸ ਵਧਣੀ ਨਹੀਂ । ਡੀਜ਼ਲ ਦੇ ਭਾ ਇਹ ਘਟਾਉਂਦੇ ਨਹੀਂ, ਮਸ਼ੀਨਰੀ ਸਸਤੀ ਨਾ ਹੋਵੇ, ਤਾਂ ਫਿਰ ਇਸ ਵਿਚ ਹੋਰ ਤਰੱਕੀ ਨਹੀਂ ਹੋ ਸਕਦੀ । ਇਹ ਸਾਰਾ ਕੁਝ ਸੈਂਟਰ ਗੌਰਮਿੰਟ ਦੇ ਅਖ਼ਤਿਆਰ ਵਿਚ ਹੈ । ਮੈਂ ਆਪਣੀ ਅਮੈਂਡਮੈਂਟ ਦੇ ਹੱਕ ਵਿਚ ਇਹ ਸਾਬਤ ਕਰ ਸਕਿਆ ਹਾਂ ਕਿ ਇਸ ਸਬੰਧ ਵਿਚ ਜੋ ਸੈਂਟਰ ਗੌਰਮਿੰਟ ਦੇ ਅਖ਼ਤਿਆਰ ਹਨ ਉਹ

[ਸਰਦਾਰ ਪਰਤਾਪ ਸਿੰਘ ਕਾਦੀਆਂ]

ਪੰਜਾਬ ਗੌਰਮਿੰਟ ਨੂੰ ਦੇ ਦਿਤੇ ਜਾਣ ਅਤੇ ਉਨ੍ਹਾਂ ਹੀ ਅਖ਼ਤਿਆਰਾਤ ਨਾਲ ਅਗੇ ਕੁਝ ਕੀਤਾ ਜਾ ਸਕਦਾ ਹੈ। ਅਤੇ ਅਸੀਂ ਇਸ ਮਾਮਲੇ ਵਿਚ ਜ਼ਿਆਦਾ ਤਰੱਕੀ ਕਰ ਸਕਦੇ ਹਾਂ।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਦੂਸਰੀ ਚੀਜ਼ ਜਿਹੜੀ ਮੈਂ ਕਹਿਣਾ ਚਾਹੁੰਦਾ ਹਾਂ ਉਹ ਹੈ ਇੰਡਸਟਰੀਆਲਾਈਜ਼ੇਸ਼ਨ ਤੇ। ਪੰਜਾਬ ਵਿਚ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਵਿਚ 80% ਆਬਾਦੀ ਪਿੰਡਾਂ ਵਿਚ ਵਸਦੀ ਹੈ। ਉਹ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਪਿੰਡ ਇਸ ਵਿਚ ਖੁਦ ਕਾਬਲ ਸਨ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜੇ ਉਹ ਐਗਰੀਕਲਚਰਲ ਪ੍ਰੋਡਿਊਸ ਕਰਦੇ ਸਨ ਤਾਂ ਉਥੇ ਉਹ ਸਾਰੀ ਇੰਡਸਟਰੀ, ਜਿਸ ਦੀ ਲੋੜ 80% ਪਿੰਡਾਂ ਵਾਲਿਆਂ ਨੂੰ ਹੁੰਦੀ ਸੀ ਉਹ ਵੀ ਉਹ ਆਪ ਪੈਦਾ ਕਰਦੇ ਸਨ। ਮਿਸਾਲ ਦੇ ਤੌਰ ਤੇ ਜਿੰਨੇ ਕਪੜੇ ਦੀ ਲੋੜ ਹੁੰਦੀ ਸੀ ਪਿੰਡਾਂ ਵਿਚ ਉਹ ਆਪ ਬੁਣਦੇ ਸਨ; ਚਮੜੇ ਦੀਆਂ ਜੁੱਤੀਆਂ ਆਦਿ ਦੀ ਲੋੜ ਹੁੰਦੀ ਸੀ ਤਾਂ ਉਹ ਵੀ ਆਪ ਪਿੰਡਾਂ ਵਿਚ ਹੀ ਬਣਾਉਂਦੇ ਸਨ, ਜੇ ਆਇਲ ਸੀਡਜ਼ ਦੀ ਪ੍ਰੋਡਿਊਸ ਕਰਦੇ ਸਨ ਤਾਂ ਉਨ੍ਹਾਂ ਵਿਚੋਂ ਤੇਲ ਜਾਂ ਤੇਲ ਵਿਚੋਂ ਹੋਰ ਜਿਹੜੀਆਂ ਚੀਜ਼ਾਂ ਨਿਕਲਦੀਆਂ ਸਨ ਉਹ ਆਪ ਕਰਦੇ ਸੀ। ਇਸੇ ਤਰ੍ਹਾਂ ਆਟਾ ਆਦਿ ਸਾਰੀਆਂ ਚੀਜ਼ਾਂ ਪਿੰਡਾਂ ਵਿਚ ਤਿਆਰ ਕੀਤੀਆਂ ਜਾਂਦੀਆਂ ਸਨ। ਪਰ ਜਿਸ ਵੇਲੇ ਅਸੀਂ ਆਜ਼ਾਦ ਹੋਏ, ਮੈਨੂੰ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਇਸ ਕਾਂਗਰਸ ਦੀ ਹਕੂਮਤ ਨੇ ਜਿਸ ਦਾ ਸਟੇਟ ਵਿਚ ਰਾਜ ਸੀ ਅਤੇ ਸੈਂਟਰ ਵਿਚ ਵੀ ਰਾਜ ਸੀ ਇਹ ਸਾਰੀ ਇੰਡਸਟਰੀ ਖਿਚ ਕੇ ਸ਼ਹਿਰਾਂ ਵਿਚ ਲੈ ਆਂਦੀ ਅਤੇ ਪਿੰਡਾਂ ਵਿਚ ਅਨਐਮਪਲਾਇਮੈਂਟ ਦਾ ਵਾਤਾਵਰਣ ਪੈਦਾ ਕਰ ਦਿਤਾ। ਪਿੰਡਾਂ ਵਾਲਿਆਂ ਨੂੰ ਸਿਰਫ ਇਕ ਜ਼ਮੀਨ, ਜਿਹੜਾ ਉਨ੍ਹਾਂ ਦਾ ਇਕ ਕਿੱਤਾ ਸੀ, ਉਸ ਤੇ ਰੱਖ ਦਿੱਤਾ ਅਤੇ ਬਾਕੀ ਕਿੱਤੇ ਖਿੱਚ ਕੇ ਸ਼ਹਿਰਾਂ ਵਿਚ ਲੈ ਆਈ। ਮਿਸਟਰ 'ਜਿਨਾਹ' ਕਹਿੰਦਾ ਹੁੰਦਾ ਸੀ ਕਿ "That the Congress is an urban Hindu body" ਇਨ੍ਹਾਂ ਨੇ ਪਿੰਡਾਂ ਵਿਚੋਂ ਸਾਰਾ ਕੁਝ ਖਿਚ ਕੇ ਸ਼ਹਿਰਾਂ ਵਿਚ ਲੈ ਆਂਦਾ ਇੰਡਸਟਰੀ ਦੇ ਰੂਪ ਵਿਚ। ਇਸ ਦਾ ਨਤੀਜਾ ਕੀ ਹੋਇਆ ਅਮੀਰ ਜ਼ਿਆਦਾ ਅਮੀਰ ਹੋ ਗਿਆ ਅਤੇ ਉਸ ਦੀ ਮਨਾਪਲੀ ਹੋ ਗਈ ਅਤੇ ਗਰੀਬ ਜ਼ਿਆਦਾ ਗਰੀਬ ਹੋ ਗਿਆ। (ਵਿਘਨ) ਡਿਪਟੀ ਸਪੀਕਰ ਸਾਹਿਬ, ਪਾੜਾ ਬਹੁਤ ਵੱਧ ਗਿਆ ਹਾਲਾਂ ਕਿ ਇਨ੍ਹਾਂ ਦਾ ਨਾਅਰਾ ਸਮਾਜਵਾਦ ਦਾ ਸੀ। ਇਨ੍ਹਾਂ ਦੇ ਅਜਿਹੇ ਨਾਅਰੇ ਨੇ ਉਨ੍ਹਾਂ ਗਰੀਬਾਂ ਔਰ ਅਮੀਰਾਂ ਦੇ ਪਾੜੇ ਨੂੰ ਬਹੁਤ ਜ਼ਿਆਦਾ ਵਧਾ ਦਿਤਾ ਹੈ।

ਹੁਣ ਮੈਂ ਇਕ ਹੋਰ ਗੱਲ ਲੈਂਦਾ ਹਾਂ ਕਿ ਸੈਂਟਰ ਦੀ ਜਿਹੜੀ ਇਨਵੈਸਟਮੈਂਟ ਪਬਲਿਕ ਸੈਕਟਰ ਵਿਚ ਹੋਈ। ਇਹ 2450 ਕਰੋੜ ਰੁਪਏ ਦੀ ਇਸ ਖੇਤਰ ਵਿਚ ਇਨਵੈਸਟਮੈਂਟ ਹੋਈ। ਇਸ ਵਿਚੋਂ ਪੰਜਾਬ ਇਕ ਉਹ ਸਟੇਟ ਹੈ ਜਿਸ ਦੇ ਵਿਚ ਕੇਵਲ 32 ਕਰੋੜ ਰੁਪਏ ਨੰਗਲ ਫਰਟੇਲਾਈਜ਼ਰ ਫੈਕਟਰੀ ਤੇ ਇਨਵੈਸਟ ਕੀਤੇ। ਇਸ ਫੈਕਟਰੀ ਨੇ ਪੰਜਾਬ ਨੂੰ ਫ਼ਾਇਦਾ ਦੇਣ ਦੀ ਬਜਾਏ ਨੁਕਸਾਨ ਦਿਤਾ ਹੈ। ਉਹ ਸਾਰੀ ਬਿਜਲੀ ਜਿਹੜੀ ਇਥੇ ਇੰਡਸਟਰੀ ਅਤੇ ਐਗਰੀਕਲਚਰ ਵਾਸਤੇ ਵਰਤੀ ਜਾਂਦੀ ਸੀ ਉਹ ਇਹ ਫੈਕਟਰੀ ਸਾਰੀ ਦੀ ਸਾਰੀ ਖਾ ਗਈ ਅਤੇ ਹੋਰ ਕੋਈ ਵਡੀ ਇੰਡਸਟਰੀ ਪੰਜਾਬ ਨੂੰ ਦਿਤੀ ਨਹੀਂ ਗਈ। ਜੇਕਰ ਸੈਂਟਰ ਇਕ ਕਰੋੜ ਦੀ ਇੰਡਸਟਰੀ ਸਟੇਟ ਨੂੰ ਦਿੰਦੀ ਤਾਂ ਉਸ ਵਿਚੋਂ 27.50 ਲੱਖ ਇਨਕਮ ਸਟੇਟ ਨੂੰ ਜੈਨਰੇਟ ਹੋਣੀ ਸੀ ਅਤੇ ਇਸ ਦੇ ਨਾਲ 674 ਆਦਮੀਆਂ ਨੂੰ ਐਮਪਲਾਇਮੈਂਟ ਮਿਲਣੀ ਸੀ, ਪਰ ਉਹ ਵਡੀ ਇੰਡਸਟਰੀ ਸਟੇਟ ਨੂੰ ਨਹੀਂ ਦਿਤੀ। ਇਸ ਦੇ ਨਾਲ ਸਟੇਟ ਨੂੰ ਕਿੰਨਾਂ ਹੀ ਘਾਟਾ ਪਿਆ; ਇਹ ਸੈਂਟਰ ਦਾ ਵਿਤਕਰਾ ਹੈ ਸਾਡੀ ਸਟੇਟ ਨਾਲ। ਇਸ ਕਰ ਕੇ ਮੈਂ ਅਮੈਂਡਮੈਂਟ ਵਿਚ ਇਹ ਦਿਤਾ ਹੈ ਕਿ ਇਹ ਪਾਵਰਜ਼ ਸੈਂਟਰ ਗੌਰਮਿੰਟ ਸਟੇਟ ਗੌਰਮਿੰਟ ਨੂੰ ਡੈਲੀਗੇਟ ਕਰ ਦੇਵੇ।

ਇਸੇ ਤਰ੍ਹਾਂ ਹੀ ਪ੍ਰਾਈਵੇਟ ਸੈਕਟਰ ਦੀ ਗੱਲ ਹੈ । ਜੇਕਰ ਪੰਜਾਬ ਵਿਚ ਵੇਖਿਆ ਜਾਵੇ ਤਾਂ ਵੈਸੇ ਅਸੀਂ ਹਿੰਦੁਸਤਾਨ ਦਾ ਚਾਲ੍ਹੀਵਾਂ ਹਿੱਸਾ ਹਾਂ ਅਤੇ ਇਹ ਜ਼ਰੂਰੀ ਸੀ ਕਿ ਸਾਨੂੰ ਬਿਗ ਇੰਡਸਟਰੀ ਦਾ ਚਾਲ੍ਹੀਵਾਂ ਹਿੱਸਾ ਦਿਤਾ ਜਾਂਦਾ ਲੇਕਿਨ ਮਿਲਿਆ ਅੱਧੇ ਤੋਂ ਵੀ ਘੱਟ । ਜੇ ਕਰ ਅਸੀਂ ਇਸ ਫ਼ਰਟੇਲਾਈਜ਼ਰ ਫੈਕਟਰੀ ਨੂੰ ਲਈਏ ਤਾਂ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਹਾਊਸ ਦੇ ਧਿਆਨ ਵਿਚ ਲਿਆਉਂਦਾ ਹਾਂ ਕਿ ਇਸ ਨਾਲ ਸਾਡਾ ਕੋਈ ਫਾਇਦਾ ਨਹੀਂ ਹੋਇਆ ।

ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਜਿਹੜਾ ਚਾਲ੍ਹੀਵਾਂ ਹਿੱਸਾ ਹੈ ਜੇ ਕਰ ਉਥੇ ਮਨਿਸਟਰ 40 ਹੋਣ ਤਾਂ ਸਾਡਾ ਇਕ ਵਿਚ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਜੇਕਰ 50 ਹੋਣ ਤਾਂ ਸਵਾ । ਪਰ ਸਾਨੂੰ ਸਿਰਫ 4 ਕੁਰਸੀਆਂ ਦਿਤੀਆਂ ਸਨ, ਸਪੀਕਰ ਸਾਹਿਬ । (ਵਿਘਨ) ਮੈਂ ਕਹਿੰਦਾ ਹਾਂ ਕਿ ਸੈਂਟਰ ਵਾਲੇ ਸਾਨੂੰ ਇੰਡਸਟਰੀ ਦੇਣ ਪਰ ਇਹ ਤਾਂ ਸਾਨੂੰ ਕੁਰਸੀਆਂ ਨਾਲ ਹੀ ਰਾਜ਼ੀ ਕਰਨਾ ਚਾਹੁੰਦੇ ਹਨ । ਜਦ ਤਕ ਇੰਡਸਟਰੀ ਮਿਲਦੀ ਨਹੀਂ, ਇਹ ਪੰਜਾਬ ਅਗੇ ਵਧ ਨਹੀਂ ਸਕਦਾ । ਇਹ ਸਿਰਫ ਇੰਡਸਟਰੀ ਅਤੇ ਦੂਜੀ ਇਮਦਾਦ ਨਾਲ ਹੀ ਅਗੇ ਵਧ ਸਕਦਾ ਹੈ । ਮੈਂ ਚਾਹੁੰਦਾ ਹਾਂ ਕਿ ਕੁਰਸੀਆਂ ਦੀ ਥਾਂ ਸਾਨੂੰ ਇੰਡਸਟਰੀ, ਏਡ ਅਤੇ ਤਾਕਤ ਮਿਲੇ । ਇਸ ਤਰ੍ਹਾਂ ਸੂਬਾ ਤਰੱਕੀ ਕਰੇਗਾ ।

ਡਿਪਟੀ ਸਪੀਕਰ ਸਾਹਿਬ, ਇਥੇ ਹਾਊਸ ਵਿਚ ਦੋ ਗੱਲਾਂ ਸੁਣੀਆਂ ਹਨ ਸਾਹਮਣੇ ਬੈਠੇ ਦੋਸਤ ਇਕ ਤਾਂ ਇਹ ਕਹਿੰਦੇ ਹਨ ਕਿ ਸਟੇਟ ਵਿਚ ਅਕਾਲੀ ਪਾਰਟੀ ਦੀ ਹਕੂਮਤ ਹੈ ਅਤੇ ਐਜੂਕੇਸ਼ਨ, ਸੜਕਾਂ ਜਾਂ ਮਾਡਲ ਗਰਾਮ ਆਦਿ ਗੱਲਾਂ ਇਸ ਦੇ ਇਖਤਿਆਰ ਵਿਚ ਹਨ ਜੋ ਕਿ ਇਹ ਸਾਡੇ ਪਿੰਡਾਂ ਨੂੰ ਨਹੀਂ ਦਿੰਦੀ, ਸਾਡੇ ਇਲਾਕਿਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ । ਇਹ ਗੱਲਾਂ ਸਟੇਟ ਦੇ ਇਖਤਿਆਰ ਵਿਚ ਹਨ ਇਸ ਲਈ ਨਹੀਂ ਦਿੰਦੇ । ਨਾਲ ਹੀ ਇਹ ਵੀ ਕਹਿੰਦੇ ਹਨ ਕਿ ਜਿਹੜੀਆਂ ਗੱਲਾਂ ਸੈਂਟਰ ਦੇ ਇਖਤਿਆਰ ਵਿਚ ਹਨ ਜਿਵੇਂ ਕਿ ਫਾਜ਼ਿਲਕਾ ਅਬੋਹਰ ਦਾ ਫੈਸਲਾ ਜਾਂ ਏਡ, ਉਹ ਵੀ ਇਸ ਸਟੇਟ ਗਵਰਨਮੈਂਟ ਦਾ ਕਸੂਰ ਹੈ ਇਹ ਲੈ ਕੇ ਨਹੀਂ ਦਿੰਦੀ । ਇਹ ਦੋਵੇਂ ਮੁਤਜ਼ਾਦ ਗੱਲਾਂ ਹਨ । ਅਗਰ ਇਹ ਉਲਾਂਭਾ ਦੇਣ ਕਿ ਸਾਨੂੰ ਸੜਕਾਂ ਨਹੀਂ ਦਿੰਦੇ, ਸਕੂਲ ਨਹੀਂ ਦਿੰਦੇ ਤਾਂ ਗੱਲ ਸਮਝ ਆ ਸਕਦੀ ਹੈ ਪਰ ਫਾਜ਼ਿਲਕਾ-ਅਬੋਹਰ ਨਾ ਲੈ ਕੇ ਦੇਣ ਵਾਲੀ ਗੱਲ ਸਮਝ ਨਹੀਂ ਆਉਂਦੀ । ਦਰ-ਅਸਲ ਗੱਲ ਇਹ ਲੱਗਦੀ ਹੈ ਕਿ ਪੰਜਾਬ ਦੇ ਜਿੰਨੇ ਵੀ ਮੈਂਬਰ ਪਾਰਲੀਮੈਂਟ ਵਿਚ ਹਨ ਉਹ ਬਤੌਰ ਪੰਜਾਬੀ ਦੇ ਇਸ ਸਟੇਟ ਦਾ ਕੇਸ ਪੂਰੇ ਜ਼ੋਰ ਨਾਲ ਪਲੀਡ ਨਹੀਂ ਕਰਦੇ । ਇਥੇ ਇਹ ਇਸ ਸਰਕਾਰ ਤੇ ਚਿਕੜ ਸੁਟਣ ਦੀ ਕੋਸ਼ਿਸ਼ ਕਰਦੇ ਹਨ ਜੋ ਠੀਕ ਗੱਲ ਨਹੀਂ । ਸਾਨੂੰ ਸਾਰਿਆ ਨੂੰ ਪੰਜਾਬੀ ਹੋਣ ਦੇ ਨਾਤੇ ਸੈਂਟਰ ਤੇ ਜ਼ੋਰ ਪਾਉਣਾ ਚਾਹੀਦਾ ਹੈ, ਤਦ ਹੀ ਸਟੇਟ ਦੀ ਤਰੱਕੀ ਹੋ ਸਕਦੀ ਹੈ ।

ਇਥੇ ਜਦੋਂ ਵੀ ਗੱਲ ਹੁੰਦੀ ਹੈ ਤਾਂ ਸਾਹਮਣੇ ਬੈਠੇ ਸਾਥੀ ਇਹ ਗੱਲ ਕਰਦੇ ਹਨ ਕਿ ਇਹ ਗੁਰੂ ਨਾਨਕ ਦੇ ਨਾਮ ਲੇਵਾ ਬੈਠੇ ਹਨ । ਸ਼੍ਰੋਮਣੀ ਅਕਾਲੀ ਦਲ ਪੁਰਾਣੀ ਪਾਰਟੀ ਹੈ । ਆਜ਼ਾਦੀ ਤੋਂ ਪਹਿਲਾਂ ਵੀ ਸਿੱਖਾਂ ਦੀਆਂ ਦੋ ਤਿਹਾਈ ਵੋਟਾਂ ਇਸੇ ਪਾਰਟੀ ਨੂੰ ਪੈਂਦੀਆਂ ਸਨ ਅਤੇ ਇਕ ਤਿਹਾਈ ਕਾਂਗਰਸ ਨੂੰ ਉਸ ਵੇਲੇ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੀਆਂ ਅੱਡ ਅੱਡ ਵੋਟਾਂ ਪੈਂਦੀਆਂ ਸਨ । ਮੈਨੂੰ ਸਮਝ ਨਹੀਂ ਆਉਂਦੀ ਜਦੋਂ ਇਹ ਸਾਨੂੰ ਗੁਰੂ ਨਾਨਕ ਦੇ ਨਾਮ ਲੇਵਾ ਕਹਿ ਕੇ ਤਾਹਨਾ ਦਿੰਦੇ ਹਨ ਤਾਂ ਕੀ ਇਹ ਗੁਰੂ ਨਾਨਕ ਦੇ ਨਾਮ ਲੇਵਾ ਨਹੀਂ ਹਨ ? ਇਹ ਗੁਰੂ ਨਾਨਕ ਸਾਹਿਬ ਦੇ ਨਾਮ ਲੇਵਾ ਕਹਾਉਣ ਵਿਚ ਸੰਕੋਚ ਕਰਦੇ ਹਨ ? ਦੂਜੀ ਗੱਲ ਇਹ ਕੜਾਹ ਪਰਸ਼ਾਦ ਦੀ ਬੜੀ ਕਰਦੇ ਹਨ । ਕੀ ਇਹ ਇਸ ਤਰ੍ਹਾਂ ਦੀਆਂ ਗੱਲਾਂ ਕਰ ਕੇ ਜਿਹੜੀਆਂ ਇਕ ਤਿਹਾਈ ਵੋਟਾਂ ਇਨ੍ਹਾਂ ਨੂੰ ਮਿਲਦੀਆਂ ਹਨ ਉਨ੍ਹਾਂ ਲੋਕਾਂ ਦੇ ਫੀਲਿੰਗਜ਼ ਨੂੰ ਇਹ ਇੰਜਰ ਨਹੀਂ ਕਰਦੇ ?

ਸਰਦਾਰ ਸਰੂਪ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਜਨਾਬ ਗੱਲ ਤਾਂ ਰੋਟੀ, ਕਪੜੇ ਦੀ ਹੋ ਰਹੀ ਹੈ ਇਹ ਕੜਾਹ ਪਰਸ਼ਾਦ ਵਲ ਗੱਲ ਲੈ ਗਏ ਹਨ ਰੋਟੀ ਦੀ ਗੱਲ ਕਰਨ ।

Mr. Deputy Speaker : It is no point of order.

ਸਰਦਾਰ ਪਰਤਾਪ ਸਿੰਘ ਕਾਦੀਆਂ : ਮੈਂ ਇਹ ਇਸ ਲਈ ਕਹਿ ਰਿਹਾ ਹਾਂ ਕਿ ਇਨ੍ਹਾਂ ਦੀ ਪਾਰਟੀ ਨੇ ਪੰਜਾਬ ਦੀ ਉੱਨਤੀ ਲਈ ਨਹੀਂ ਸੋਚਿਆ । ਜਿਸ ਗੱਲ ਦਾ ਸੈਂਟਰ ਤੋਂ ਇਸ਼ਾਰਾ ਮਿਲਦਾ ਹੈ, ਇਹ ਕਹਿ ਦਿੰਦੇ ਹਨ ਭਾਵੇਂ ਇੰਡਸਟਰੀ ਮਿਲੇ ਨਾ ਮਿਲੇ, ਏਡ ਮਿਲੇ ਨਾ ਮਿਲੇ । ਸੂਬੇ ਦੀ ਤਰੱਕੀ ਹੋਵੇ ਨਾ ਹੋਵੇ । ਇਸੇ ਲਈ ਅਸੀਂ ਅਮੈਂਡਮੈਂਟ ਦਿੰਦੇ ਹਾਂ ਕਿ ਸਟੇਟਸ ਨੂੰ ਵਧ ਤਾਕਤਾਂ ਮਿਲਣ ਤਾਂ ਕਿ ਅਸੀਂ ਸਟੇਟ ਨੂੰ ਇੰਟਰਨਲੀ ਅਤੇ ਇਕਤਸਾਦੀ ਤੌਰ ਤੇ ਅਗੇ ਲੈ ਜਾ ਸਕੀਏ ।

ਫਿਰ, ਡਿਪਟੀ ਸਪੀਕਰ ਸਾਹਿਬ, ਆਜ਼ਾਦੀ ਤੋਂ ਮਗਰੋਂ ਜਿਉਂ ਜਿਉਂ ਸਮਾਂ ਲੰਘਦਾ ਗਿਆ, ਕੀਮਤਾਂ ਵਿਚ ਵਾਧਾ ਹੁੰਦਾ ਗਿਆ । ਇਸ ਵਜ੍ਹਾ ਕਰ ਕੇ ਸਾਡੀ ਸਰਕਾਰ ਦੀਆਂ ਸਕੀਮਾਂ ਦਰਹਮ ਬਰਹਮ ਹੋ ਗਈਆਂ । ਅੱਜ ਜਿਹੜੀ ਸਕੀਮ 10 ਹਜ਼ਾਰ ਰੁਪਏ ਦੀ ਖਰਚ ਦੀ ਸੀ ਉਸ ਤੇ 20 ਹਜ਼ਾਰ ਖ਼ਰਚ ਹੋਇਆ । ਮਗਰ ਪਰੋਡਕਸ਼ਨ ਨਹੀਂ ਵਧੀ । ਜਦੋਂ ਇਨਵੈਸਟਮੈਂਟ ਵਧ ਜਾਵੇ ਪਰ ਪਰੋਡਕਸ਼ਨ ਨਾ ਵਧੇ ਤਾਂ ਇਨਫਲੇਸ਼ਨ ਹੁੰਦੀ ਹੈ, ਐਫੀਸ਼ੈਂਸੀ ਘਟਦੀ ਹੈ । ਕੀਮਤਾਂ ਨੂੰ ਵਧਣੋਂ ਰੋਕਣ ਦੀ ਜ਼ਿਆਦਾ ਤਾਕਤ ਸੈਂਟਰ ਪਾਸ ਹੈ, ਸੂਬੇ ਦੀ ਸਰਕਾਰ ਪਾਸ ਬਹੁਤ ਘਟ ਤਾਕਤ ਹੈ । ਮਗਰ ਸੈਂਟਰ ਦੀ ਸਰਕਾਰ ਇਸ ਵਾਧੇ ਨੂੰ ਰੋਕ ਨਹੀਂ ਸਕੀ । ਮੁਲਕ ਐਪਰੀਸ਼ੀਏਬਲ ਤਰੱਕੀ ਨਹੀਂ ਕਰ ਸਕਿਆ । ਅਗਰ ਸੈਂਟਰ ਪਾਸ ਕੋਹੀਯਨ ਬਾਰੇ, ਫਾਰਨ ਡੀਲਿੰਗਜ਼ ਬਾਰੇ ਤਾਕਤ ਰਹੇ ਅਤੇ ਬਾਕੀਆਂ ਦੀਆਂ ਤਾਕਤਾਂ ਸਟੇਟਾਂ ਪਾਸ ਹੋਣ ਤਾਂ ਮੁਲਕ ਤਰੱਕੀ ਕਰ ਸਕਦਾ ਹੈ ।

ਇਕ ਗੱਲ ਮੈਂ ਸਲੋਗਨਜ਼ ਬਾਰੇ ਕਰਨਾ ਚਾਹੁੰਦਾ ਹਾਂ । ਇਸ ਬਾਰੇ ਕੁਝ ਦੱਸ ਕੇ ਮੈਂ ਸਾਬਤ ਕਰਾਂਗਾ ਕਿ ਸਲੋਗਨਜ਼ ਨਾਲ ਦੇਸ਼ ਅਗੇ ਨਹੀਂ ਵਧਦਾ । ਜਦੋਂ ਆਜ਼ਾਦੀ ਮਿਲੀ ਤਾਂ ਕੋਈ ਤਕਰੀਰ ਪੂਰੀ ਨਹੀਂ ਸੀ ਸਮਝੀ ਜਾਂਦੀ ਜਿਸ ਵਿਚ ਮੁਜ਼ਾਰਿਆਂ ਦੇ ਹੱਕ ਵਿਚ ਨਾਅਰਾ ਨਾ ਲਾਇਆ ਜਾਵੇ । ਇਸ ਤਰ੍ਹਾਂ ਦੀਆਂ ਤਕਰੀਰਾਂ ਵੀ ਹੁੰਦੀਆਂ ਰਹੀਆਂ ਅਤੇ ਨਾਲ ਹੀ ਸਿਕਉਰਿਟੀ ਆਫ਼ ਲੈਂਡ ਟੈਨਉਰ ਦੇ ਐਕਟ ਵੀ ਬਣਦੇ ਰਹੇ । ਅਮੈਂਡਮੈਂਟਾਂ ਵੀ ਹੁੰਦੀਆਂ ਰਹੀਆਂ । ਨਤੀਜਾ ਇਹ ਹੋਇਆ ਕਿ ਇਨ੍ਹਾਂ ਨੇ ਪਿੰਡ ਦੇ ਮੁਜ਼ਾਰੇ ਦਾ ਖੇਤੀ ਦਾ ਕੰਮ ਛੁਡਵਾ ਦਿਤਾ । ਉਨ੍ਹਾਂ ਨੂੰ ਸੜਕ ਤੇ ਸੁਟਵਾ ਦਿਤਾ । ਸੋ ਇਨ੍ਹਾਂ ਦੇ ਨਾਅਰਿਆਂ ਅਤੇ ਐਕਟਾਂ ਨੇ ਉਨ੍ਹਾਂ ਦਾ ਭਲਾ ਨਹੀਂ ਕੀਤਾ । ਇਸ ਲਈ ਨਾਅਰਿਆਂ ਨੂੰ ਛੱਡ ਕੇ ਇਕਾਨੋਮੀ ਨੂੰ ਸਾਹਮਣੇ ਰੱਖ ਕੇ ਸੋਚਣ ਦੀ ਲੋੜ ਹੈ । ਫਿਰ ਹਾਊਸ ਦੇ ਵਿਚ ਵੀ ਅਤੇ ਬਾਹਰ ਵੀ ਹਰੀਜਨਾਂ ਨਾਲ ਬੜੀ ਹਮਦਰਦੀ ਦਸੀ ਜਾਂਦੀ ਹੈ, ਕੋਈ ਕਹਿੰਦਾ ਹੈ ਉਨ੍ਹਾਂ ਨੂੰ ਜ਼ਮੀਨ ਦੇ ਦਿਉ । ਪਰ ਕੋਈ ਹਿਸਾਬ ਨਹੀਂ ਦਸਦੇ ਕਿ ਕਿਥੋਂ ਦੇ ਦਿਓ । ਕਸਟੋਡੀਅਨ ਦੀ ਥੋੜ੍ਹੀ ਜਿਹੀ ਜ਼ਮੀਨ ਸੀ ਉਹ ਇਹ ਕਾਂਗਰਸੀ 20-22 ਸਾਲ ਆਪਣੇ ਝੋਲਿਆਂ ਵਿਚ ਹੀ ਰਿਕਾਰਡ ਪਾ ਕੇ ਫਿਰਦੇ ਰਹੇ । ਹੁਣ ਕੁਝ ਲੋਕਾਂ ਨੂੰ ਮਿਲੀ ਹੈ ਅਤੇ ਕੁਝ ਰਹਿੰਦੀ ਹੈ । ਪਰ ਸਵਾਲ ਇਹ ਹੈ ਕਿ ਕੀ ਉਸ ਜ਼ਮੀਨ ਨਾਲ ਹਰੀਜਨਾਂ ਦਾ ਕੁਝ ਸੰਵਰ ਸਕਦਾ ਹੈ ? ਦਰਅਸਲ ਉਨ੍ਹਾਂ ਲਈ ਜਿੰਨੀ ਦੇਰ ਇਕਤਸਾਦੀ ਤੌਰ ਤੇ ਉਪਰ ਲਿਆਉਣ ਦੀ ਗੱਲ ਨਹੀਂ ਸੋਚੀ ਜਾਂਦੀ ਉਨ੍ਹਾਂ ਦਾ ਕੁਝ ਨਹੀਂ ਬਣਨਾ । ਜੋ ਉਨ੍ਹਾਂ ਨੂੰ ਰਿਆਇਤਾਂ ਦਿਤੀਆਂ ਹੋਈਆਂ ਹਨ ਉਹ ਵੀ ਜੋ ਉਨ੍ਹਾਂ ਵਿਚ ਅਮੀਰ ਹਨ, ਆਈ. ਏ. ਐਸ ਹਨ, ਜਿਨ੍ਹਾਂ ਦੀ ਇਨਕਮ 2-4 ਹਜ਼ਾਰ ਹੈ ਯਾਨੀ ਜੋ ਉਨ੍ਹਾਂ ਤੇ ਇਕ ਤਰ੍ਹਾਂ ਦੀ ਮਲਾਈ ਆਈ ਹੋਈ ਹੈ,

ਉਹ ਰਿਆਇਤਾਂ ਉਨ੍ਹਾਂ ਥੋੜ੍ਹੇ ਜਿਹੇ ਲੋਕਾਂ ਨੇ ਹਾਸਲ ਕਰ ਲੈਣੀਆਂ ਹਨ ਅਤੇ ਹੇਠਲੇ ਤਬਕੇ ਤਕ ਕੁਝ ਨਹੀਂ ਪਹੁੰਚਣਾ। ਇਸ ਲਈ ਖਤਰਾ ਹੈ ਕਿ ਜਿਹੜੇ ਹਰੀਜਨਾਂ ਦੇ ਹੱਕ ਵਿਚ ਨਾਅਰੇ ਲਾਉਂਦੇ ਹਨ ਉਹ ਉਨ੍ਹਾਂ ਨੂੰ ਕਿਤੇ ਬਿਲਕੁਲ ਹੇਠਾਂ ਨਾ ਧਕੇਲ ਦੇਣ। ਸੋ ਇਹ ਜੋ ਰਿਆਇਤਾਂ ਹਨ ਇਹ ਉਪਰ ਵਾਲੇ ਤਬਕੇ ਨੂੰ ਨਹੀਂ ਮਿਲਣੀਆਂ ਚਾਹੀਦੀਆਂ ਤਦ ਹੀ ਇਹ ਹੇਠਲੇ ਤਬਕੇ ਤਕ ਅਪੜਨਗੀਆਂ। ਨਾਅਰੇ ਛੱਡ ਕੇ ਇਸ ਗੱਲ ਵਲ ਧਿਆਨ ਦੇਣਾ ਚਾਹੀਦਾ ਹੈ। ਇਕ ਨਾਅਰਾ ਮੁਲਾਜ਼ਮਾਂ ਲਈ ਲਾਇਆ ਜਾਂਦਾ ਹੈ। ਕੋਈ ਚੰਗਾ ਪੜ੍ਹਿਆ ਹੋਇਆ ਹੋਵੇ ਜਾਂ ਨਾ, ਕੰਮ ਠੀਕ ਕਰੇ ਜਾਂ ਖਰਾਬ ਇਸ ਦਾ ਖਿਆਲ ਨਹੀਂ ਸਿਰਫ ਪੋਲੀਟੀਕਲ ਤੌਰ ਤੇ ਹਾਊਸ ਵਿਚ ਅਤੇ ਬਾਹਰ ਵੀ ਨਾਅਰੇ ਲਾਏ ਜਾਂਦੇ ਹਨ ਕਿ ਮੁਲਾਜ਼ਮਾ ਨਾਲ ਧੱਕਾ ਹੋ ਰਿਹਾ ਹੈ। ਮੈਂ ਪੁਛਦਾ ਹਾਂ ਕਿ ਕੀ ਮੁਲਾਜਮਾਂ ਦੇ ਜ਼ਿੰਮੇ ਕੁਝ ਡਿਊਟੀਆਂ ਹਨ ਜਾਂ ਨਹੀਂ ? ਅਗਰ ਉਹ ਲੋਕਾਂ ਤੇ ਲੱਗੇ ਟੈਕਸਾਂ ਦਾ ਪੈਸਾ ਤਾਂ ਲੈ ਲੈਣ ਪਰ ਆਪਣਾ ਕੰਮ ਨਾ ਕਰਨ ਤਾਂ ਕੀ ਇਹ ਲੋਕਾਂ ਨਾਲ ਧੱਕਾ ਨਹੀਂ ? 98% ਮਾਸਿਜ਼ ਨਾਲ ਧੱਕਾ ਨਹੀਂ ? ਮੁਲਾਜ਼ਮ ਇਕ ਐਜੂਕੇਟਿਡ ਤਬਕਾ ਹੈ। ਆਜ਼ਾਦੀ ਤੋਂ ਪਹਿਲਾਂ ਅਤੇ ਹੁਣ ਵੀ ਹਰ ਕੋਈ ਪੜ੍ਹ ਕੇ ਪਹਿਲ ਮੁਲਾਜ਼ਮਤ ਨੂੰ ਦਿੰਦਾ ਹੈ। ਅਗਰ ਉਹ ਨਾ ਮਿਲੇ ਤਾਂ ਦੂਜੇ ਪਾਸੇ ਜਾਂਦਾ ਹੈ। ਹਰ ਪੜ੍ਹਿਆ ਲਿਖਿਆ ਨੌਜੁਆਨ ਹੋਰ ਕੋਈ ਧੰਧਾ ਉਦੋਂ ਅਪਣਾਉਂਦਾ ਹੈ ਜਦੋਂ ਉਸ ਨੂੰ ਸਰਵਿਸ ਨਾ ਮਿਲੇ। ਇਸ ਲਈ ਜਿੰਨਾ ਇੰਟੈਲੀਜੈਂਸੀਆ ਹੈ ਉਹ ਸਰਵਿਸਿਜ਼ ਵਿਚ ਹੈ। ਅਗਰ ਉਹ ਠੀਕ ਕੰਮ ਨਾ ਕਰਨ ਤਾਂ ਦੇਸ਼ ਅਗੇ ਨਹੀਂ ਜਾ ਸਕਦਾ। ਇਸ ਬਾਰੇ ਵਿਚ ਇਹ ਗੱਲ ਨਹੀਂ ਕਰਦੇ ਕਿ ਸਰਵਿਸਿਜ਼ ਠੀਕ ਕੰਮ ਕਿਸ ਤਰ੍ਹਾਂ ਕਰ ਸਕਦੀਆਂ ਹਨ, ਉਨ੍ਹਾਂ ਦੀ ਐਫੀਸ਼ੈਂਸੀ ਕਿਵੇਂ ਵਧ ਸਕਦੀ ਹੈ, ਬਸ ਇੱਕ ਹੀ ਗੱਲ ਕਹੀ ਜਾਂਦੀ ਹੈ ਕਿ ਸਰਵਿਸਿਜ਼ ਨਾਲ ਧਕਾ ਹੋ ਰਿਹਾ ਹੈ, ਇਹ ਹੋ ਰਿਹਾ ਹੈ, ਉਹ ਹੋ ਰਿਹਾ ਹੈ। ਪਿੰਡਾਂ ਵਿਚ ਅੱਜ ਕੀ ਹਾਲਤ ਹੈ। ਇਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਕਿ ਕੋਈ ਵੀ ਟੀਚਰ ਪੜ੍ਹਾਉਣ ਨੂੰ ਤਿਆਰ ਨਹੀਂ। ਅਤੇ ਪਿੰਡਾਂ ਵਿਚ ਕਨਸੈਂਸਿਜ਼ ਇਹ ਹੈ ਕਿ ਸਕੂਲ ਖੋਲ੍ਹਣ ਦੀ ਲੋੜ ਨਹੀਂ ਅਤੇ ਕੋਈ ਫਾਇਦਾ ਨਹੀਂ ਜਦ ਕਿ ਟੀਚਰ ਹੀ ਪੜ੍ਹਾਉਣ ਨੂੰ ਤਿਆਰ ਨਹੀਂ। ਇਸ ਲਈ ਇਨ੍ਹਾਂ ਨੂੰ ਪੜ੍ਹਾਉਣ ਵਾਲੇ ਪਾਸੇ ਪਰੇਰਨਾ ਦੇਣ ਦੀ ਲੋੜ ਹੈ। ਪਰ ਇਥੇ ਕੀ ਹੁੰਦਾ ਹੈ ਕਿ ਸਾਰੇ ਹਾਊਸ ਦੇ ਹਰ ਪਾਸਿਉਂ ਇਹ ਮੰਗ ਕੀਤੀ ਜਾਂਦੀ ਹੈ ਕਿ ਟੀਚਰਾਂ ਨਾਲ ਧਕਾ ਹੋ ਰਿਹਾ ਹੈ। ਇਸ ਤਰ੍ਹਾਂ ਟੀਚਰ ਐਨਕਰਜਡ ਫੀਲ ਕਰਦੇ ਹਨ ਅਤੇ ਇਹ ਸਮਝਦੇ ਹਨ ਕਿ ਬਾਹਰ ਤਾਂ ਕੋਈ ਗੱਲ ਨਹੀ ਕਰਦਾ ਉਨ੍ਹਾਂ ਦੇ ਨਾ ਪੜ੍ਹਾਉਣ ਬਾਰੇ ਅਤੇ ਹਾਊਸ ਵਿਚ ਵੀ ਇਸ ਪੱਖ ਵਲ ਕੋਈ ਧਿਆਨ ਨਹੀਂ ਦਿੰਦਾ ਸਗੋਂ ਨਾ ਪੜ੍ਹਾਉਣ ਦੀ ਗਲ ਲਈ ਐਪਰੀਸ਼ੀਏਟ ਕੀਤਾ ਜਾਂਦਾ ਹੈ। ਇਸ ਲਈ ਇਹ ਨਾਅਰਾ ਵੀ ਕੋਈ ਠੀਕ ਸਾਬਤ ਨਹੀਂ ਹੋਇਆ।

ਇਸ ਦੇ ਨਾਲ ਹੀ ਦਫਤਰਾਂ ਵਿਚ ਕੰਮ ਕਰਦੇ ਮੁਲਾਜ਼ਮਾਂ ਦੀਆਂ ਗੱਲਾਂ ਹਨ। ਇਨ੍ਹਾਂ ਦੇ ਬਾਰੇ ਵਿਚ ਨਾਅਰਾ ਦਿੱਤਾ ਜਾਂਦਾ ਹੈ ਪਰ ਇਨਐਫੀਸ਼ੈਂਸੀ ਦੀ ਗੱਲ ਇਹ ਹੈ ਕਿ ਲੈਜਿਸਲੇਟਰਾਂ ਪਾਸ ਸਿਰਫ ਇਕੋ ਹੀ ਕੰਮ ਰਹਿ ਗਿਆ ਹੈ ਕਿ ਉਹ ਜਿਹੜਾ ਕਾਗਜ਼ ਦੇਣ ਉਸ ਦੇ ਨਾਲ ਨਾਲ ਆਪ ਜਾਣ, ਨਹੀਂ ਤਾਂ ਕਾਗਜ਼ ਉਪਰ ਨਹੀਂ ਜਾਂਦਾ ਅਤੇ ਫਿਰ ਦੁਬਾਰਾ ਹੇਠਾਂ ਨਹੀਂ ਆਉਂਦਾ। ਕਾਗਜ਼ ਆਪਣੇ ਆਪ ਨਹੀਂ ਤੁਰਦਾ। ਇਨ੍ਹਾਂ ਦੀ ਇਸ ਤਰ੍ਹਾਂ ਦੀ ਇਨਐਫੀਸ਼ੈਂਸੀ ਦੀ ਤਾਂ ਕੋਈ ਗੱਲ ਕਿਸੇ ਨਹੀਂ ਕੀਤੀ ਪਰ ਇਹ ਜ਼ਰੂਰ ਕਿਹਾ ਕਿ ਇਨ੍ਹਾਂ ਦੀਆਂ ਤਨਖਾਹਾਂ ਵਧਾਉਣੀਆਂ ਚਾਹੀਦੀਆਂ ਹਨ। ਇਹ ਕਿਹਾ ਕਿ ਇਨ੍ਹਾਂ ਨੂੰ ਇਹ ਦੇ ਦਿਓ ਉਹ ਦੇ ਦਿਓ। ਪਰ ਇਹ ਜ਼ਿਕਰ ਨਹੀਂ ਕੀਤਾ ਕਿ ਇਨ੍ਹਾਂ ਤੋਂ ਲੋਕਾਂ ਨੂੰ ਕੀ ਆਸਾਂ ਹਨ! ਜਿਹੜੇ ਪੈਸੇ ਇਨ੍ਹਾਂ ਨੂੰ ਦਿਤੇ ਜਾਂਦੇ ਹਨ ਉਨ੍ਹਾਂ ਦੇ ਵਟੇ ਇਨ੍ਹਾਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ ? ਇਸ ਲਈ ਇਹ ਜਿਹੜੇ ਮੁਲਾਜ਼ਮਾਂ ਲਈ ਨਾਅਰੇ ਲਗਾਉਂਦੇ ਹਨ ਇਨ੍ਹਾਂ ਦੇ ਨਾਲ ਇਨ੍ਹਾਂ ਦਾ ਭੱਠਾ ਬਹਿ ਜਾਵੇਗਾ ਅਤੇ ਇਹ ਨਾਲ ਹੀ ਅਸਾਨੂੰ ਵੀ ਲੈ ਕੇ ਬਹਿ ਜਾਣਗੇ। ਇਸ ਲਈ ਇਸ ਤਰ੍ਹਾਂ

[ਸਰਦਾਰ ਪਰਤਾਪ ਸਿੰਘ ਕਾਦੀਆਂ]

ਦੇ ਨਾਅਰਿਆਂ ਤੋਂ ਸੰਕੋਚ ਕਰਨਾ ਚਾਹੀਦਾ ਹੈ । (ਵਿਘਨ) (ਇਕ ਆਵਾਜ਼ : ਕੋਈ ਟਾਇਮ ਲਿਮਟ ਵੀ ਹੈ ਜੀ ?)

ਡਿਪਟੀ ਸਪੀਕਰ ਸਾਹਿਬ, ਮੈਂ ਕੁਰੱਪਸ਼ਨ ਦੀ ਗੱਲ ਕਰਦਾ ਹਾਂ, ਸਮਗਲਿੰਗ ਦੀ ਗੱਲ ਕਰਦਾ ਹਾਂ । ਆਜ਼ਾਦੀ ਤੋਂ ਬਾਅਦ ਇਸ ਗੱਲ ਦਾ ਨਾਅਰਾ ਦਿੱਤਾ ਗਿਆ, ਸੈਂਟਰ ਵਿਚ ਵੀ ਕਾਂਗਰਸ ਦੀ ਸਰਕਾਰ ਸੀ ਉਸ ਨੇ ਵੀ ਇਹ ਨਾਅਰਾ ਦਿਤਾ ਅਤੇ ਸਟੇਟਾਂ ਵਿਚ ਇਹ ਵੀ ਨਾਅਰਾ ਦਿਤਾ ਗਿਆ ਕਿ ਨਸ਼ੇਬੰਦੀ ਹੋਣੀ ਚਾਹੀਦੀ ਹੈ ਪਰ ਅਸਲ ਵਿਚ ਕੀ ਹੋਇਆ ਜਦ ਇਸ ਦੀ ਇਮਪਲੀਮੈਂਟੇਸ਼ਨ ਕੀਤੀ ਗਈ ਤਾਂ ਤੁਸੀਂ ਆਪ ਹੀ ਵੇਖ ਲਓ ਕਿ ਕੀ ਰੀਜ਼ਲਟਸ ਨਿਕਲੇ । ਜਦ ਕਿ ਪ੍ਰੋਹਿਬਿਸ਼ਨ ਹੈ ਤਾਂ ਹੈ ਤਾਂ ਸਮਗਲਿੰਗ ਦਾ ਜ਼ੋਰ ਆ ਗਿਆ ਅਤੇ ਅਫ਼ੀਮ ਜਿਥੋਂ ਚਾਹੋ ਲੈ ਸਕਦੇ ਹੋ । ਮੈਂ ਇਕੱਲੇ ਪੰਜਾਬ ਦੀ ਗੱਲ ਨਹੀਂ ਕਰਦਾ ਸਾਰੇ ਦੇਸ਼ ਦੀ ਗੱਲ ਕਰਦਾ ਹਾਂ ਕਿ ਇਸ ਦੀ ਫਰੀ ਟ੍ਰੇਡ ਹੋ ਗਈ ਹੈ । ਸਾਡੇ ਦੇਸ਼ ਵਿਚ ਸਮੁਗਲਿੰਗ, ਕੁਰੱਪਸ਼ਨ ਅਤੇ ਇਨਐਫੀਸ਼ੈਂਸੀ ਇਹ ਤਿੰਨ ਬੀਮਾਰੀਆਂ ਹਨ ਜਿਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ ਅਤੇ ਦੇਸ਼ ਤੋਂ ਕੱਢਣਾ ਚਾਹੀਦਾ ਹੈ ਨਹੀਂ ਤਾਂ ਕੋਈ ਗੱਲ ਨਹੀਂ ਬਣਦੀ । ਹੁਣੇ ਹੁਣੇ ਹੀ ਹਿੰਦ ਸਮਾਚਾਰ ਨੇ ਇਕ ਖ਼ਬਰ ਕੱਢੀ ਹੈ ਜਿਸ ਦੀ ਅੱਜ ਤਕ ਕੋਈ ਤਰਦੀਦ ਸਰਕਾਰ ਵਲੋਂ ਨਹੀਂ ਆਈ । ਇਸ ਲਈ ਉਸ ਨੂੰ ਠੀਕ ਹੀ ਮੰਨਿਆਂ ਜਾਣਾ ਚਾਹੀਦਾ ਹੈ । ਉਸ ਖ਼ਬਰ ਵਿਚ ਇਹ ਲਿਖਿਆ ਹੋਇਆ ਹੈ ਕਿ ਬਾਰਡਰ ਤੇ ਸੋਨੇ ਦੀ ਸਮਗਲਿੰਗ ਆਮ ਹੁੰਦੀ ਹੈ ਅਤੇ ਇਸ ਵਿਚ ਦੋਹਾਂ ਪਾਸਿਆਂ ਦਾ ਸਿਕਿਉਰਟੀ ਸਟਾਫ਼ ਵੀ ਹੁੰਦਾ ਹੈ ਜਿਹੜਾ ਕਿ ਮਾਲ ਇਧਰੋਂ ਉਧਰ ਕਰਦਾ ਹੈ ਅਤੇ ਆਪਣੀ 5% ਕਮਿਸ਼ਨ ਲੈਂਦਾ ਹੈ । ਮੈਂ ਨਹੀਂ ਸਮਝਦਾ ਕਿ ਦੇਸ਼ ਦੀ ਸਰਕਾਰ ਵਲੋਂ ਬੈਂਕਾਂ ਨੂੰ ਨੈਸ਼ਨੇਲਾਇਜ਼ ਕਰਨ ਨਾਲ ਜਾਂ ਪ੍ਰਿਵੀ ਪਰਸ ਖੋਹਣ ਨਾਲ ਕੋਈ ਫ਼ਰਕ ਪਏਗਾ ਜਦ ਕਿ ਸੋਨੇ ਦੀ ਇਸ ਤਰ੍ਹਾਂ ਖੁਲ੍ਹੇ ਆਮ ਸਮਗਲਿੰਗ ਜਾਰੀ ਹੈ ਅਤੇ ਧੜਾ ਧੜ ਆ ਜਾ ਰਿਹਾ ਹੈ, ਜਿਸ ਤਰ੍ਹਾਂ ਦੇਸ਼ ਦਾ ਜਿਹੜਾ ਢਾਂਚਾ ਹੈ ਇਹ ਕਾਇਮ ਨਹੀਂ ਰਹਿ ਸਕਦਾ । ਅਤੇ ਜਿਸ ਕੋਲਡ ਵਾਰ ਦਾ ਅਸੀਂ ਚਰਚਾ ਕਰਦੇ ਹਾਂ ਉਹ ਇਨ੍ਹਾਂ ਤਰੀਕਿਆਂ ਨਾਲ ਅਸਾਡੀ ਨੇਸ਼ਨ ਨੂੰ ਹੀ ਭਸਮ ਕਰ ਕੇ ਰੱਖ ਦੇਵੇਗੀ । ਇਸ ਲਈ ਮੈਂ ਸਰਕਾਰ ਨੂੰ ਇਹ ਵਾਰਨਿੰਗ ਦੇਣਾ ਚਾਹੁੰਦਾ ਹਾਂ ਕਿ ਇਕ ਪਾਸੇ ਇਨ੍ਹਾਂ ਨੂੰ ਸੋਚ ਕਰਨੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਅਰਜ਼ ਕਰਾਂ ਕਿ ਸੈਂਟਰ ਦੀ ਸਰਕਾਰ ਆਪਣੀ ਤਾਕਤ ਨੂੰ ਨੇਸ਼ਨ ਦੇ ਹਿੱਤ ਲਈ ਨਹੀਂ ਵਰਤ ਸਕੀ ਅਤੇ ਜੇਕਰ ਉਹ ਇਹ ਤਾਕਤ ਵਰਤਣ ਤੋਂ ਅਸਮਰਥ ਹੈ ਤਾਂ ਇਹ ਸਟੇਟਾਂ ਨੂੰ ਵੰਡ ਦੇਵੇ ਤਾਕਿ ਸਟੇਟਾਂ ਆਪਣੀ ਰਾਹ ਉਲੀਕ ਲੈਣ ਅਤੇ ਹੋ ਸਕਦਾ ਹੈ ਕਿ ਕਿ ਸਟੇਟਾਂ ਇਸ ਤਰ੍ਹਾਂ ਦੇ ਇਖਤਿਆਰਾਤ ਨੂੰ ਵਰਤ ਕੇ ਆਪਣੀ ਸਟੇਟ ਨੂੰ ਅਗਾਂਹ ਲਿਜਾਣ ਵਿਚ ਸਫਲ ਹੋ ਜਾਣ ਅਤੇ ਬਾਕੀ ਦੇ ਰਾਜ ਉਸ ਨੂੰ ਕਾਪੀ ਕਰ ਲੈਣ ਤਾਂ ਇਸ ਤਰੀਕੇ ਨਾਲ ਸਮੁੱਚਾ ਦੇਸ਼ ਹੀ ਅਗਾਂਹ ਵਧ ਸਕੇਗਾ ।

ਜਿਸ ਵੇਲੇ ਪਾਕਿਸਤਾਨ ਬਣਾਇਆ ਗਿਆ ਤਾਂ ਇਹ ਦੋ ਨੇਸ਼ਨ ਥਿਊਰੀ ਤੇ ਬਣਾਇਆ ਗਿਆ ਪਰ ਕਾਂਗਰਸ ਦੀ ਸਰਕਾਰ ਨੇ ਕਿਹਾ ਕਿ ਨਹੀਂ ਅਸੀਂ ਤਾਂ ਸੈਕੂਲਰ ਹਾਂ ਜ਼ਾਤ ਪਾਤ ਨੂੰ ਚੰਗਾ ਨਹੀਂ ਸਮਝਦੇ ਅਤੇ ਕੰਡੈਮ ਕਰਦੇ ਹਾਂ ਪਰ ਜਦ ਇਨ੍ਹਾਂ ਦੇ ਇਸ ਨਾਅਰੇ ਦੇ ਅਮਲ ਨੂੰ ਵੇਖੋ ਤਾਂ ਆਪ ਹੈਰਾਨ ਹੋ ਜਾਂਦੇ ਹੋ । ਮੁਸਲਮ ਲੀਗ ਇਕ ਪਾਰਟੀ ਸੀ ਜਿਸ ਨੇ ਟੂ ਨੇਸ਼ਨ ਥਿਊਰੀ ਤੇ ਪਾਕਿਸਤਾਨ

ਬਣਾਇਆ ਅਤੇ ਉਹ ਦੇਸ਼ ਬਣਾਇਆ ਜਿਸ ਨਾਲ ਸਾਡੇ ਹਾਲਾਤ ਅਤੇ ਤਅੱਲੁਕਾਤ ਹਮੇਸ਼ਾ ਵਿਗੜੇ ਹੀ ਰਹਿੰਦੇ ਹਨ । ਪਰ ਇਨ੍ਹਾਂ ਕਾਂਗਰਸ ਵਾਲਿਆਂ ਦੀ ਸੈਂਟਰ ਦੀ ਸਰਕਾਰ ਉਸੇ ਨਾਲ ਮਿਲ ਕੇ ਇਲੈਕਸ਼ਨਾਂ ਵਿਚ ਸਮਝੌਤਾ ਕਰਦੀ ਹੈ । ਇਹ ਨਾਅਰਾ ਵੀ ਇਨ੍ਹਾਂ ਦਾ ਕੋਰਾ ਹੀ ਹੈ ।

ਫਿਰ ਇਥੇ ਜ਼ਿਕਰ ਕੀਤਾ ਗਿਆ ਹਿੰਦੀ ਬੋਲੀ ਦਾ ਅਤੇ ਇਸ ਦਾ ਨਾਅਰਾ ਦਿੱਤਾ ਗਿਆ ਪਰ ਜਿਹੜਾ ਦੇਸ਼ ਆਪਣੀ ਕੋਈ ਨੈਸ਼ਨਲ ਲੈਂਗੂਏਜ ਨਾ ਬਣਾ ਸਕੇ, ਉਸ ਦੇ ਬਾਰੇ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਦੇਸ਼ ਨੂੰ ਇਸ ਨਾਅਰੇ ਨੇ ਵੀ ਠੀਕ ਲੀਡ ਨਹੀਂ ਦਿੱਤੀ । ਦੇਸ਼ ਦੀ ਇਕ ਜ਼ਬਾਨ ਹੋਣੀ ਚਾਹੀਦੀ ਹੈ । ਇਥੇ ਕਿਸੇ ਬੋਲੀ ਦਾ ਸਵਾਲ ਨਹੀਂ, ਹਿੰਦੀ ਜਾਂ ਪੰਜਾਬੀ ਦਾ ਸਵਾਲ ਨਹੀਂ, ਸਵਾਲ ਤਾਂ ਇਹ ਹੈ ਕਿ ਇਕ ਬੋਲੀ ਰਾਸ਼ਟ੍ਰ ਦੀ ਹੋਣੀ ਚਾਹੀਦੀ ਸੀ ਜਿਸ ਨੂੰ ਲਿੰਕ ਲੈਂਗੂਏਜ ਕਿਹਾ ਜਾਵੇ ਪਰ ਇਨ੍ਹਾਂ ਨੇ ਤਾਂ ਇਸ ਨੂੰ ਇਕ ਵੋਟ ਕੈਚਿੰਗ ਡਿਵਾਇਸ ਬਣਾ ਲਿਆ ਹੈ ਅਤੇ ਹਿੰਦੀ ਨਾਲ ਹਮਦਰਦੀ ਪਰਗਟ ਕਰ ਦਿਤੀ ਹੈ । ਪਰ ਹਿੰਦੀ ਦੀ ਕੀ ਹਾਲਤ ਹੈ ਕਿ ਇਹ ਯੂ. ਪੀ. ਤੋਂ ਅੱਗੇ ਨਹੀਂ ਲੰਘ ਸਕੀ । ਪਰ ਇਥੇ ਗਵਰਨਰ ਸਾਹਿਬ ਨੇ ਭਾਸ਼ਨ ਦਿਤਾ ਅਤੇ ਪੰਜਾਬੀ ਵਿਚ ਛਪੀਆਂ ਕਾਪੀਆਂ ਨੂੰ ਇਨ੍ਹਾਂ ਨੇ ਪਾੜ ਕੇ ਸੁੱਟ ਦਿਤਾ, ਕਿੰਨੀ ਮਾੜੀ ਗੱਲ ਸੀ । ਇਹ ਤਾਂ ਭਲਾ ਕਰ ਲਿਆ ਕਿ ਕਾਪੀਆਂ ਸੁੱਟਣ ਵਿਚ ਇਹ ਸਾਰੇ ਸ਼ਾਮਿਲ ਹੋਏ ਪਰ, ਡਿਪਟੀ ਸਪੀਕਰ ਸਾਹਿਬ, ਜਦ ਇਨ੍ਹਾਂ ਨੇ ਵਾਕ ਆਊਟ ਕੀਤਾ ਤਾਂ ਸਿਰਫ ਹਿੰਦੂਆਂ ਨੇ ਕੀਤਾ ਸਿੱਖ ਮੈਂਬਰਾਂ ਨੇ ਨਾ ਕੀਤਾ । ਜਾਂ ਤਾਂ ਸਾਰੀ ਕਾਂਗਰਸ ਪਾਰਟੀ ਵਾਕ ਆਊਟ ਕਰ ਜਾਂਦੀ । ਇਸ ਤੋਂ ਇਹ ਪਤਾ ਲਗਦਾ ਹੈ ਕਿ ਆਪ ਕਿੰਨੇ ਫ਼ਿਰਕਾਪ੍ਰਸਤ ਹਨ ਅਤੇ ਮੈਂ ਤਾਂ ਕਹਾਂਗਾ ਕਿ ਹਿੰਦੂ ਅਤੇ ਸਿੱਖ ਫ਼ਿਰਕਾਪ੍ਰਸਤੀ ਇਨ੍ਹਾਂ ਵਿਚ ਹੈ ਤਾਂ ਸਿੱਖ ਫ਼ਿਰਕਾਪ੍ਰਸਤੀ ਵੀ ਉਧਰ ਹੀ ਹੈ । (ਵਿਘਨ)

ਫਿਰ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਨਾਅਰਾ ਦਿਤਾ ਪਿੰਡਾਂ ਵਿਚ ਜਾ ਕੇ, ਜਿਵੇਂ ਕਿ ਮੈਂ ਪਹਿਲਾਂ ਹੀ ਕਿਹਾ ਕਿ 80% ਵੱਸੋਂ ਪਿੰਡਾਂ ਵਿਚ ਸੀ ਜਿਸ ਤੋਂ ਪਿੰਡਾਂ ਦੀ ਇੰਡਸਟਰੀ ਇਨ੍ਹਾਂ ਨੇ ਨਾਅਰਾ ਦੇ ਕੇ ਖੋਹ ਲਈ ਅਤੇ ਸਾਹਮਣੇ ਜ਼ਮੀਨ ਵਿਖਾ ਦਿਤੀ । ਪਰ ਛੋਟੀ ਆਮਦਨ ਅਤੇ ਵੱਡੀ ਆਮਦਨ ਵਿਚ ਦੀ ਵਿੱਥ ਨੂੰ ਬਰਾਬਰ ਨਹੀਂ ਹੋਣ ਦਿਤਾ ਅਤੇ ਨਾ ਹੀ ਗੁਰੂ ਸਾਹਿਬਾਨ ਦੇ ਪੂਰਨਿਆਂ ਤੇ ਤੁਰੇ । ਇਨ੍ਹਾਂ ਨੇ ਸੋਸ਼ਲਿਸਟਿਕ ਪੈਟਰਨ ਦਾ ਨਾਅਰਾ ਦਿਤਾ ਸੀ ਪਰ ਉਸ ਦਾ ਸਹੀ ਅਰਥ ਸਾਹਮਣੇ ਨਾ ਲਿਆਂਦਾ । ਗੁਰੂ ਸਾਹਿਬਾਨ ਦਾ ਨਾਅਰਾ ਸੀ ਵੰਡ ਛਕਣਾ, ਕ੍ਰਿਤ ਕਰਨੀ ਅਤੇ ਰਲ ਕੇ ਬਹਿਣਾ ਪਰ ਇਨ੍ਹਾਂ ਨੇ ਇਸ ਪਾਸੇ ਕੋਈ ਧਿਆਨ ਨਾ ਦਿਤਾ । ਕਾਂਗਰਸ ਆਪਣੇ ਰਾਜ ਵਿਚ ਇਹ ਗੱਲਾਂ ਨਹੀਂ ਕਰ ਸਕੀ । ਪਿੰਡਾਂ ਵਿਚ ਜਾ ਕੇ 80% ਵੱਸੋਂ ਤੇ ਸੀਲਿੰਗ ਲਗਾ ਦਿੱਤੀ ਕਿ 30 ਸਟੈਂਡਰਡ ਏਕੜ ਜ਼ਮੀਨ ਦੀ ਸੀਲਿੰਗ ਹੋਵੇ ਪਰ ਸ਼ਹਿਰਾਂ ਵਿਚ ਇਸ ਤਰ੍ਹਾਂ ਦੀ ਕੋਈ ਸੀਲਿੰਗ ਕਾਂਗਰਸ ਨੇ ਨਹੀਂ ਸੀ ਲਗਾਈ । ਜਦ ਹੁਣ ਜ਼ੋਰ ਪਿਆ ਤਾਂ ਇਕ ਇਹ ਨਾਅਰਾ ਦੇ ਦਿਤਾ ਕਿ ਅਸੀਂ ਸ਼ਹਿਰੀ ਜਾਇਦਾਦ ਤੇ ਵੀ ਸੀਲਿੰਗ ਲਗਾਵਾਂਗੇ । ਪਰ ਇਹ ਸ਼ਹਿਰਾਂ ਵਿਚ ਸੀਲਿੰਗ ਕਿਸ ਤਰ੍ਹਾਂ ਲਗਾ ਸਕਦੇ ਹਨ ਕਿਉਂਕਿ ਇਨ੍ਹਾਂ ਨੂੰ ਇਲੈਕਸ਼ਨਾਂ ਵਿਚ ਮਦਦ ਮਿਲਦੀ ਹੈ । ਇਸ ਲਈ ਇਹ ਵੀ ਇਨ੍ਹਾਂ ਦਾ ਸੁਕਾ ਨਾਅਰਾ ਹੈ ਸ਼ਹਿਰੀ ਜਾਇਦਾਦ ਤੇ ਸੀਲਿੰਗ ਲਗਾਉਣ ਦਾ; ਕਿਉਂਕਿ ਮੋਟੇ ਮੋਟੇ ਆਦਮੀ ਸ਼ਹਿਰਾਂ ਵਿਚ ਰਹਿੰਦੇ ਹਨ ਇਸ ਲਈ ਇਹ ਮਸਲਾ ਵੀ ਇਨ੍ਹਾਂ ਤੋਂ ਹੱਲ ਨਹੀਂ ਹੋ ਸਕਦਾ । ਇਹ ਵੀ ਇਕ ਖਾਲੀ ਨਾਹਰੇ ਵਾਲੀ ਹੀ ਗੱਲ ਹੈ ।

ਫਿਰ ਨੈਸ਼ਨੇਲਾਇਜ਼ੇਸ਼ਨ ਆਫ ਬੈਂਕਸ ਦੀ ਗੱਲ ਕੀਤੀ ਗਈ ਹੈ । ਮੈਂ ਤਾਂ ਭਲਾ ਅਣਜਾਣ ਪੇਂਡੂ ਸਾਂ ਅਤੇ ਸ਼ਾਇਦ ਗੱਲ ਨਾ ਸਮਝੀ ਹੋਵੇ ਕਿ ਇਸ ਵਿਚ ਕਿਸ ਦਾ ਭਲਾ ਹੋ ਸਕਦਾ ਹੈ ਪਰ ਮਾਸਟਰ

[ਸਰਦਾਰ ਪਰਤਾਪ ਸਿੰਘ ਕਾਦੀਆਂ]

ਗੁਰਬੰਤਾ ਸਿੰਘ ਹੋਰਾਂ, ਜਿਹੜੇ ਕਿ ਮੇਰੇ ਸੀਨੀਅਰ ਮੈਂਬਰ ਹਨ ਅਤੇ ਸਿਆਣੇ ਹਨ, ਉਨ੍ਹਾਂ ਨੇ ਜਦ ਇਹ ਕਿਹਾ ਕਿ ਬੈਂਕਾਂ ਦੇ ਕੌਮੀ ਕਰਨ ਦਾ ਨਾਅਰਾ ਤਾਂ ਇਕ ਫਰਾਡ ਹੀ ਹੈ ਤਾਂ ਮੈਂ ਗੱਲ ਸਮਝੀ ਕਿ ਇਹ ਠੀਕ ਹੀ ਕਹਿ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਬੈਂਕਾਂ ਦੇ ਕੌਮੀ ਕਰਨ ਨਾਲ ਛੋਟੀ ਆਮਦਨ ਵਾਲੇ ਨੂੰ ਕੋਈ ਫਾਇਦਾ ਨਹੀਂ, ਵਡੀ ਆਮਦਨ ਵਾਲੇ ਨੂੰ ਹੀ ਫਾਇਦਾ ਹੁੰਦਾ ਹੈ। ਇਹ ਨਾਹਰਾ ਸੈਂਟਰ ਦੀ ਸਰਕਾਰ ਨੇ ਇਕ ਸਾਲ ਹੋਇਆ ਲਗਾਇਆ ਸੀ ਤਾਕਿ ਇਸ ਦੀ ਗੂੰਜ ਰਹੇ। ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਕ ਸਾਲ ਬਾਦ ਇਸ ਨਾਅਰੇ ਦੇ ਫਰਾਡ ਨੇ ਲੋਕਾਂ ਦੇ ਸਾਹਮਣੇ ਨੰਗਾ ਹੋ ਜਾਣਾ ਹੈ ਇਹ ਨਾਹਰਾ ਵੀ ਇਕ ਗੂੰਜ ਬਣ ਕੇ ਹੀ ਰਹਿ ਗਿਆ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਜ਼ਿਕਰ ਕੀਤਾ ਗਿਆ ਹੈ ਪਲਾਨਿੰਗ ਦਾ ਪੰਜ ਵਰਸ਼ੀ ਯੋਜਨਾ ਦਾ ਅਤੇ ਇਸ ਵਿਚ ਜ਼ਿਕਰ ਕੀਤਾ ਗਿਆ ਕਿ ਪਲਾਨਿੰਗ ਇਸ ਤਰ੍ਹਾਂ ਕੀਤੀ ਜਾਵੇਗੀ ਕਿ ਅਨਐਂਪਲਾਇਮੈਂਟ ਨੂੰ ਦੂਰ ਕੀਤਾ ਜਾਵੇ। ਚੌਧਰੀ ਸੁੰਦਰ ਸਿੰਘ ਹੋਰਾਂ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਇਸ ਨਾਅਰੇ ਦਾ ਨਤੀਜਾ ਕੀ ਨਿਕਲਿਆ ? ਪਹਿਲੀ ਪੰਜ ਸਾਲਾ ਯੋਜਨਾ ਤੋਂ ਬਾਅਦ ਅਨਐਮਪਲਾਇਡ ਸਨ 53 ਲੱਖ, ਫਿਰ ਦੂਜੀ ਪੰਜ ਸਾਲਾ ਯੋਜਨਾ ਤੋਂ ਬਾਅਦ ਇਹ ਗਿਣਤੀ ਘਟੀ ਨਹੀਂ ਜਿਹੜੀ ਕਿ ਘਟਣੀ ਚਾਹੀਦੀ ਸੀ ਸਗੋਂ ਵੱਧ ਕੇ 71 ਲੱਖ ਹੋ ਗਈ ਇਸ ਤਰ੍ਹਾਂ 18 ਜਾਂ 19 ਲੱਖ ਹੋਰ ਵਧ ਗਿਆ। ਫਿਰ ਤੀਜੀ ਪਲਾਨ ਦੇ ਬਾਦ ਇਹ 96 ਲੱਖ ਹੋ ਗਈ ਫਿਰ ਸੈਂਟਰ ਨੂੰ ਪਤਾ ਲਗਾ ਕਿ ਇਸ ਤੇ ਤਾਂ ਐਨੀ ਰਕਮ ਖਰਚ ਕਰ ਦਿਤੀ ਗਈ ਹੈ ਪਰ ਹਾਲਾਤ ਠੀਕ ਨਹੀਂ ਹੋਏ ਅਤੇ ਯੋਜਨਾ ਕਮਿਸ਼ਨ ਦੇ ਦਫ਼ਤਰ ਵਿਚ ਹੀ ਐਨਾ ਖਰਚ ਹੋਣ ਲੱਗ ਪਿਆ ਕਿ ਜਿਹੜਾ ਵੀ ਕਿਸੇ ਦਾ ਰਿਸ਼ਤੇਦਾਰ ਜਾਂ ਮਿਲਣ ਵਾਲਾ ਸੀ ਉਸ ਨੂੰ ਇਸ ਦਫਤਰ ਵਿਚ ਨੌਕਰ ਰਖ ਲਿਆ ਗਿਆ। ਜਿਨ੍ਹਾਂ ਨੂੰ ਇਹ ਵੀ ਨਹੀਂ ਸੀ ਪਤਾ ਕਿ ਪਲਾਨਿੰਗ ਕੀ ਹੁੰਦੀ ਹੈ ? ਇਸ ਦਾ ਰੀਜ਼ਲਟ ਸਾਰਿਆਂ ਦੇ ਸਾਹਮਣੇ ਆ ਗਿਆ ਅਤੇ ਸਾਰੇ ਦੇਸ਼ ਨੂੰ ਇਹ ਹਾਲਤ ਵੇਖ ਕੇ ਮਾਯੂਸੀ ਹੋਈ, ਕਿਉਂਕਿ ਅਨਐਮਪਲਾਇਡ ਦੀ ਗਿਣਤੀ ਵਧ ਕੇ 156 ਲੱਖ ਤਕ ਪਹੁੰਚ ਗਈ। ਚਾਰ ਪਲਾਨ ਚਲਾਉਣ ਤੋਂ ਬਾਅਦ ਇਹ ਫੈਸਲਾ ਕੀਤਾ ਕਿ ਇਸ ਤਰ੍ਹਾਂ ਗੱਲ ਬਣੇਗੀ ਨਹੀਂ ਇਸ ਲਈ ਸਾਲ ਸਾਲ ਦੀਆਂ ਯੋਜਨਾਵਾਂ ਚਲਾਓ ਅਤੇ ਪਤਾ ਨਹੀਂ ਇਕ ਜਾਂ ਦੋ ਚਲਾਈਆਂ ਹਨ। ਇਸ ਲਈ ਕਾਂਗਰਸ ਸਰਕਾਰ ਦਾ ਇਹ ਨਾਅਰਾ ਵੀ ਫੋਕਾ ਹੀ ਰਿਹਾ।

ਫਿਰ ਇਸ ਵਿਚ ਦੂਜੀ ਗੱਲ ਸੀ ਬਾਹਰਲੇ ਦੇਸ਼ਾਂ ਤੋਂ ਕਰਜ਼ਾ ਲੈਣ ਦੀ। ਜਦ ਅਸੀਂ ਕਿਸੇ ਸ਼ਾਹ ਤੋਂ ਕਰਜ਼ਾ ਲੈਂਦੇ ਹਾਂ ਤਾਂ ਇਹ ਖਿਆਲ ਕਰਦੇ ਹਾਂ ਕਿ ਤਕੜੇ ਹੋ ਕੇ ਕੰਮ ਕਰਾਂਗੇ ਅਤੇ ਕਰਜ਼ਾ ਸੂਦ ਸਮੇਤ ਵਾਪਸ ਮੋੜ ਦਿਆਂਗੇ ਅਤੇ ਆਪ ਵੀ ਆਪਣੇ ਪੈਰਾਂ ਤੇ ਮਜ਼ਬੂਤ ਹੋ ਜਾਵਾਂਗੇ। ਪਰ ਇਥੇ ਪਲਾਨਿੰਗ ਅਤੇ ਵਿਉਂਤਬੰਦੀ ਹੀ ਇਸ ਤਰ੍ਹਾਂ ਦੀ ਕੀਤੀ ਕਿ ਪਹਿਲੀ ਪਲਾਨ ਵਿਚ 116 ਕਰੋੜ ਕਰਜ਼ੇ ਦੀ ਵਿਉਂਤ ਕੀਤੀ ਗਈ ਕਿ ਇਸ ਨਾਲ ਦੇਸ਼ ਨੂੰ ਅਗਾਂਹ ਲਿਜਾਵਾਂਗੇ ਅਤੇ ਕਰਜ਼ਾ ਸੂਦ ਸਮੇਤ ਮੋੜ ਦੇਵਾਂਗੇ ਪਰ ਇਹ ਕਰਜ਼ਾ 31.3.1969 ਨੂੰ 5,758 ਕਰੋੜ ਦਾ ਹੋ ਗਿਆ। ਜਦੋਂ ਕਿਸੇ ਮੁਲਕ ਤੇ ਕਰਜ਼ਾ ਹਦ ਤੋਂ ਜ਼ਿਆਦਾ ਵਧ ਜਾਏ ਤਾਂ ਉਹ ਕਿਸੇ ਤਰ੍ਹਾਂ ਵੀ ਮੋੜਿਆ ਨਹੀਂ ਜਾ ਸਕਦਾ। ਉਹਦਾ ਤਾਂ ਉਹੀ ਹਾਲ ਹੁੰਦਾ ਹੈ ਜਿਸ ਤਰ੍ਹਾਂ ਕਿ ਕਿਸੇ ਬਾਣੀਏ ਤੇ ਕਰਜ਼ਾ ਜਦੋਂ ਚੜ੍ਹ ਜਾਏ ਅਤੇ ਉਹ ਇਤਨਾ ਹੋ ਜਾਏ ਕਿ ਉਹ ਮੋੜ ਨਾ ਸਕੇ ਤਾਂ ਉਹ ਦੀਵਾਲਾ ਕੱਢ ਦੇਂਦਾ ਹੈ। ਇਹ ਹੁਣ ਸੈਂਟਰ ਦੀ ਸਰਕਾਰ ਦੀ ਦੀਵਾਲਾ ਕਢ ਦੇਣ ਵਾਲੀ ਹੀ ਹਾਲਤ ਹੈ। ਇਸ ਵਾਸਤੇ ਮੈਂ ਇਕ ਅਮੈਂਡਮੈਂਟ ਦਿੱਤੀ ਸੀ ਕਿ ਸੈਂਟਰ ਦੀ ਸਰਕਾਰ ਨੂੰ ਸਾਰੀ ਤਾਕਤ ਆਪਣੇ ਹੱਥ ਵਿਚ ਨਹੀਂ ਰਖਣੀ ਚਾਹੀਦੀ ਉਨ੍ਹਾਂ ਨੂੰ ਇਹ ਤਾਕਤ ਸਟੇਟਾਂ ਨੂੰ ਵੰਡ ਦੇਣੀ ਚਾਹੀਦੀ ਹੈ। ਪਿਛਲੇ 20 ਸਾਲ ਤੋਂ ਮੁਲਕ ਵਿਚ ਇਤਨੇ ਸਾਧਨਾਂ ਦੇ ਬਾਵਜੂਦ ਵੀ ਅਸੀਂ ਤਰੱਕੀ ਨਹੀਂ ਕਰ ਸਕੇ। ਬੇਰੋਜ਼ਗਾਰੀ ਵਿਚ ਵਾਧਾ ਹੋਇਆ ਹੈ ਅਤੇ

ਲੋਕਾਂ ਦੇ ਘਰੇਗੀ ਹਾਲਾਤ ਕੁਝ ਬਣੇ ਨਹੀਂ ਸਗੋਂ ਵਿਗੜੇ ਹਨ । ਇਸ ਦਾ ਇਕੋ ਇਕ ਕਾਰਨ ਇਹ ਹੈ ਕਿ ਜਦੋਂ ਤੱਕ ਹਰ ਸਟੇਟ ਨੂੰ ਆਪਣੇ ਪੈਰਾਂ ਤੇ ਆਪ ਖੜੇ ਹੋਣ ਤੇ ਫਲੌਰਸ਼ ਕਰਨ ਦੀ ਪੂਰੀ ਤਰ੍ਹਾਂ ਇਜਾਜ਼ਤ ਨਹੀਂ ਹੁੰਦੀ, ਇਹ ਤਰੱਕੀ ਹੋ ਨਹੀਂ ਸਕਦੀ । ਇਸ ਤੋਂ ਇਲਾਵਾ ਸਾਡੀ ਸੋਚ ਸ਼ਕਤੀ ਦੇ ਵਿਚ ਕੁਝ ਤਬਦੀਲੀ ਆਈ ਹੈ । ਅੱਜ ਇਸ ਸਟੇਟ ਦਾ ਹਿੰਦੂ ਇਹ ਕਹਿੰਦਾ ਹੈ ਮੈਂ ਹਿੰਦੀ ਪੜ੍ਹਾਂ ਅਤੇ ਏਥੋਂ ਦਾ ਸਿੱਖ ਕੁਝ ਹੋਰ ਤਰ੍ਹਾਂ ਸੋਚਦਾ ਹੈ । ਜੇ ਅਸੀਂ ਕਿਸੇ ਇਕ ਪੱਧਰ ਤੇ ਨਾ ਆਈਏ ਤਾਂ ਇਸ ਤਰ੍ਹਾਂ ਦੇਸ਼ ਦਾ ਹਿੱਤ ਨਹੀਂ ਹੋ ਸਕਦਾ । ਇਹ ਜਿਹੜੀ ਇਕ ਤਰ੍ਹਾਂ ਨਾਲ ਗ਼ਲਤ ਪਾਲਿਸੀ ਦੀ ਵਜ੍ਹਾ ਨਾਲ ਗ਼ਲਤ ਸੋਚ ਦੇ ਕਾਰਨ ਇਹ ਆਈਡੀਆਲੋਜੀ ਪੈਨੀਟਰੇਟ ਹੋ ਗਈ ਹੈ ਉਸ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ । ਇਸ ਦੇ ਨਾਲ ਹੀ ਜਿਹੜੀ ਮੁਲਕ ਦੀ ਇਕਨਾਮਿਕ ਪਾਲਿਸੀ ਦੀ ਵਜਾਹ ਨਾਲ ਗ਼ਰੀਬ ਹੋਰ ਗ਼ਰੀਬ ਹੁੰਦਾ ਜਾ ਰਿਹਾ ਹੈ ਅਤੇ ਅਮੀਰ ਹੋਰ ਅਮੀਰ ਹੋ ਰਿਹਾ ਹੈ ਇਸ ਤੇ ਵੀ ਸਾਨੂੰ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਇਹ ਖਲੀਜ਼ ਹੋਰ ਨਾ ਵਧੇ । ਮੈਂ ਇਸ ਲਈ ਸੈਂਟਰ ਦੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਸਾਰੀਆਂ ਗੱਲਾਂ ਦਾ ਇਲਾਜ ਇਕੋ ਹੈ ਕਿ ਉਹ ਸਾਰੀ ਤਾਕਤ ਆਪਣੇ ਹੱਥ ਵਿਚ ਰੱਖਣ ਦੀ ਕੋਸ਼ਿਸ਼ ਨਾ ਕਰੇ, ਇਹ ਸਟੇਟਾਂ ਨੂੰ ਦੇ ਦੇਵੇ ਤਾਕਿ ਦੇਸ਼ ਦਾ ਕੁਝ ਭਲਾ ਹੋਵੇ ।

चौधरी बलबीर सिंह (होशियारपुर) : पंजाब में हिन्दी और पंजाबी के नाम पर लड़ाईयां लड़ी गई । पंजाबी सूबा के लिए भी झगड़ा हुआ । रोटी कपड़ा और मकान के लिये अगर कभी कोई झगड़ा हुआ तो इतने ज़ोरों पर नहीं हुआ । इस बात के लिये हम इतनी ताकत बना नहीं पाये । जनसंघ वालों ने और कुछ अकाली दल वालों ने हिन्दी और पंजाबी के सवाल को इस तरह से पेश किया कि हमारी रोटी कपड़े के सवाल की तरफ तवज्जुह ही नहीं गई । अभी अभी जो कुछ सरदार परताप सिंह कादियां साहिब ने कहा है मैं उन से पूरी तरह से सहिमत हूं । हम ने पंजाबी भाषा के लिये लड़ाई लड़ी मगर जो पंजाबी बोलने वाले इन्सान हैं उन के लिये लड़ाई नहीं लड़ी । जो चीज़ मौजूद नहीं है लड़ाई उस के लिये लड़ी जाती रही है । इन पंजाबी बोलने वाले इन्सानों के लिये कोई लड़ाई नहीं लड़ी गई । जिस ढंग से दिल्ली की सरकार ने हम पर राज्य किया है, हमें भुखमरी दी है, उन्हों ने अब तक अमरीका से कर्ज़ा मांग मांग कर हमें वह सुनहरी खाब दिखाये हैं जिन का हमें कोई लाभ नहीं है । इन्हों ने तीन पांच साला प्लेनज़ दीं मगर हुआ कुछ भी नहीं । चौथी प्लेन ऐसी आई कि इस ने लोगों को बच्चे पैदा न करने की तरकीब दी । बच्चे पैदा करने बंद कर दिये । यह कितना बड़ा फ्राड है इस मुल्क के लोगों के साथ । आज जितना रुपया फैमिली प्लैनिंग पर खर्च किया जा रहा है अगर यह किसी कारखाने पर लगा दिया जाये तो यह भूखे मरने वालों के लिये रोज़ी का साधन हो सकता है । हर कोई जो पैदा होता है उस के दो हाथ होते हैं और एक मुंह होता है । अगर दो हाथों से पूरी तरह से काम लिया जाये तो एक मुंह को मनमर्ज़ी का खाने के लिये दिया जा सकता है । कितने अफसोस की बात है यह दो हाथों को काम नहीं दे सके और अब एक मुंह को खाने के लिये देने से डरते हैं । यह निहायत ही गलत पालिसी इख्तयार की गई है जो फैमिली प्लैनिंग को अपनाया गया । जो दो हाथ लेकर पैदा होगा यह उसके लिये काम के साधन मुहैय्या करें तभी मुल्क की सरकार महज़ब और दूर-अंदेश कही जा सकती है ।

[चौधरी बलबीर सिंह]

इस मुल्क में कारखाने लगे और एक तरह से इंडस्ट्रियल रैवोल्यूशन आया। मगर रुपया एक जगह इक्ट्ठा होना शुरू हो गया। जो लोग अहमदाबाद और बम्बई में छोटी दस्तकारी का काम करते थे वह इन कारखानों के लगने पर बिल्कुल बेकार हो गये। कपड़ा मिलों से बनने का यह नतीजा निकला कि इस मुल्क के जुलाहों की बड़ी इंडस्ट्री से टक्कर हो गई। कांग्रेस सरकार ने लोगों को काम देने के लिये चर्खा संघ बेशक चलाये मगर वह उस बेकारी का सही इलाज न था। लोगों ने जापान, अमरीका और दूसरे विदेशी मुल्कों की नकल करनी शुरू कर दी। फाइव इयर प्लैन्ज़ बनाई गई। तीन प्लैनज़ खत्म होने के बाद हमें पता लगा कि हमारे मुल्क में आज भी इतने करोड़ इन्सान हैं जिन को पेट भर कर रोटी भी नहीं मिलती। उसके मुताल्लिक जब लोक सभा में बहस शुरू हुई तो डाक्टर राम मनोहर लोहिया ने बताया कि आज मुल्क की परकैपीटा इन्कम 20 पैसे है। इस पर पंडित नेहरू ने कहा था कि यह बिल्कुल गलत है। डाक्टर लोहिया साहिब ने कहा कि अगर आप को मेरी बात पर यकीन नहीं आता तो आप इसके मुताल्लिक प्लैनिंग कमिश्न से पूछ लें। उन से इसके मुताल्लिक स्पैसेफिक तौर पर रिर्पोट पेश करने को कहा गया तो उन्हों ने बताया कि आज इस मुल्क की परकैपिटा इन्कम 6 आने है। आज़ादी के 18 साल के बाद जिस मुल्क की आमदन 6 आने प्रति व्यक्ति हो तो आप बताइये एक फैमिली वाला उस में अपने बच्चों को क्या पढ़ायेगा क्या खिलायेगा और क्या पहनायेगा। अगर बीमार हो जाये तो कैसे इलाज करायेगा और 6 आने भी आज से कई साल पहले थे जो आज 20 नये पैसे भी नहीं हो सकते।

पिछले सप्ताह पंजाब का एक डैपूटेशन प्रधान मन्त्री श्रीमती इन्द्रा गांधी से मिला कि कोई कारखाना पंजाब में भी लगाया जाये ताकि इस प्रान्त की बेरोज़गारी दूर हो। इस डैपूटेशन में मैं भी शामिल था। प्रधान मन्त्री मुल्क के दूसरे हिस्सों में तो धड़ाधड़ कारखाने दे रही हैं मगर पंजाब की स्टेट में कोई भी कारखाना लगाने को तैयार नहीं। भुवनेश्वर की ऐजीटेशन होने पर सैंटर की सरकार ने 560 करोड़ रुपये का कारखाना दिया। हमारे पंजाब में सब से बड़ा प्राजैक्ट है भाखड़ा डैम का। अगर हिसाब लगाया जाये तो जो कारखाना भुवनेश्वर को दिया गया है उसकी लागत भाखड़ा की लागत से 3-4 अरब से भी ज्यादा होती है। कितनी बुरी बात है कि सैंटर की सरकार हमारी स्टेट को उसका हिस्सा भी देने को तैयार नहीं है। साउथ में जगह जगह पर मिलें लगी हुई हैं। एक एक मिल पर 62-62 करोड़ रुपये का खर्च आया है। इन में कपड़ा बुनने का धागा तैयार होता है जिस के लिये सारे का सारा कच्चा माल पंजाब देता है। मगर पंजाब में जो छोटी छोटी स्माल स्केल इंडस्ट्रीज़ हैं यह धागों के लिये इन मिलों पर डिपैंड करती हैं। बिरला जब भी चाहे लुध्याना की तमाम इंडस्ट्री बंद कर दे। धागा देना ही तो बंद करना है, और क्या करना है। ऐसे हालात में भी हम ने हिंदुस्तान का नाम इस इंडस्ट्री के क्षेत्र में दुनियां में रोशन किया है। इसी का नतीजा है कि आज लुध्याना को हिंदुस्तान का मानचैस्टर कहा जाता है। अगर हिंदुस्तान की सरकार ईमानदारी से काम ले तो आज भी हम ऐसी बीसियों इंडस्ट्रीज़ चला सकते हैं जो टाप पर होंगी। पंजाबी अपनी ताकत से, मेहनत से काम करना

जानते हैं। आज हज़ारों इंडस्ट्रीज पंजाब में टाप पर हैं। छोटे छोटे कारखाने जालंधर और अमृतसर में भी चल रहे हैं मगर दिल्ली की सरकार और उनके चहेते जब भी चाहें इन्हें बंद कर सकते हैं। वह पंजाब के कारखानों को अपने काम के लिये ही इस्तेमाल करते हैं। लुध्याना और अमृतसर की स्माल स्केल इंडस्ट्री बिरला की मर्जी पर चलती हैं, जब चाहे वह इसे ठप कर सकता है। यह मनापली खत्म होनी चाहिये। यह मुल्क के लिये बहुत नुक्सान वाली है। देश के इंडस्ट्रियल रैवोल्यूशन आने के बाद भी रुपया ठीक ढंग से सैंटर की तरफ से तक्सीम नहीं हो रहा, यह ज़ाया जाता है। यह सरकार अब तक यह फैसला नहीं कर पाई कि अन्धी आमदन पर रोक कैसे लगे। अगर आमदन पर नहीं तो खर्च पर ही रोक लगा दें।

सोशलिज़्म का नारा इस इन्द्रा कांग्रेस ने बड़े ज़ोर से बुलंद किया है, सारे देश में। लेकिन दूसरी ओर इनका किरदार यह है कि इनको 5 लाख वाली कोठी मन्जूर नहीं है, इस लिए 50 लाख वाली कोठी बनवाना चाहते हैं। एक तरफ तो यह सोशलिज़्म का नारा लगा रहे हैं और दूसरी तरफ आप ने अखबारों में पढ़ा होगा कि पार्लियामैंट के पिछले सैशन में प्रधान मन्त्री ने बताया है कि उन्हों ने कार बनाने के कारखाने का लायसैंस अपने लड़के संजय गांधी को दिया है। इस इंडस्ट्री में करोड़ों रुपये की ज़रूरत होगी। संजय गांधी कहां से लाएगा इतने पैसे। यदि फारन की कोई फर्म उसके साथ मिलेगी तो वह देश के दूसरे कामों में भी दखल देगी। हम उसको देश की सयासत में हिस्सा लेने से नहीं रोक सकेंगे...।

ਕੈਪਟਨ ਨਾਹਰ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਚੌਧਰੀ ਸਾਹਿਬ ਨੂੰ ਰੈਜ਼ੋਲਿਊਸ਼ਨ ਤੇ ਬੋਲਣਾ ਚਾਹੀਦਾ ਹੈ, ਪਰ ਇਹ ਤਾਂ ਕਾਂਗਰਸ ਦੇ ਖ਼ਿਲਾਫ਼ ਪ੍ਰਾਪੇਗੰਡਾ ਕਰ ਰਹੇ ਹਨ। ਇਹ ਉਨ੍ਹਾਂ ਬੰਦਿਆਂ ਤੇ ਅਟੈਕ ਕਰ ਰਹੇ ਹਨ ਜੋ ਕਿ ਇਸ ਹਾਊਸ ਵਿਚ ਆਪਣੇ ਆਪ ਨੂੰ ਡੀਫੈਂਡ ਨਹੀਂ ਕਰ ਸਕਦੇ। ਇਸ ਲਈ ਇਨ੍ਹਾਂ ਨੂੰ ਰੈਲੇਵੈਂਟ ਹੋਣਾ ਚਾਹੀਦਾ ਹੈ।

Mr. Deputy Speaker : This is no point of order.

चोधरी बलबीर सिंह : उपाध्यक्ष महोदय, यदि मैं प्रापेगंडा कर रहा हूं तो यह जो रैज़ोल्यूशन ले कर आए हैं कि हर एक को रोटी, कपड़ा, विद्या तथा इलाज मुहैय्या होना चाहिए यह भी तो प्रापेगंड़े के लिए ही है। नहीं तो डिप्टी स्पीकर साहिब, गऊ जिसे यह माता कहते हैं, यह देश जो गांधी और नानक का देश है, जो राम और कृष्ण का देश है इस में गऊ की रक्षा होनी चाहिए। मैं यह बात किसी के जज़बात भड़काने के लिए नहीं कहता बल्कि इस लिए कहता हूं कि गऊ हिंदुस्तान का धन है। इसकी रक्षा होनी चाहिए, इसे महफूज़ रखा जाना चाहिए। इस से हिंदुस्तान की इक्तसादी हालात अच्छी होगी। इस से कुदरत भी खुश होगी। यह चुनाव में गऊ का निशान माँग रहे हैं। परन्तु गऊ रक्षा की कोई बात नहीं करते। इस लिए ही पिछले चार महीनों मे वर्षा की एक बूंद भी नहीं गिरी। लेकिन जिस दिन सुप्रीम कोर्ट ने चुनाव चिन्ह पर अपना स्टे आर्डर दिया था उस दिन वर्षा हो गई थी। इस से पता चलता है कि इन से यह चुनाव चिन्ह छिन जाने पर कुदरत भी खुश हुई है।

[चौधरी बलबीर सिंह]

फिर डिप्टी स्पीकर साहिब, इन्हों ने देश की सारी दौलत एक जगह इकट्ठी कर दी है। पिछले 25 सालों में सारे देश का सत्यनाश कर दिया है। अब इन्द्रा जी कहती हैं कि देश में सोशलिज़्म लाने में यह विधान रूकावट है। परन्तु जब हम कहते थे कि इस विधान को बदलो तो यह डैमोक्रेसी की दुहाई देते थे।

फिर यह कहते हैं कि देश में इंडस्ट्रियल रैवोल्यूशन आ गया है। लेकिन, डिप्टी स्पीकर साहिब, इस के नतीजे के तौर पर जितनी दौलत हुई है वह कुछ एक हाथों में जमा हो गई है। इस के लिए जब हम कहते थे कि विधान में तबदीली करो तो पहले प्रधान मन्त्री जो थे वह कहते थे कि यह देश सोशलिज्म के काबल नहीं। अब यह कहते हैं कि खर्च पर पाबंदी लगा देंगे। लेकिन इस से तो भ्रष्टाचार और बढ़ेगा। क्योंकि जो पैसा खर्चा न जा सकेगा, उस काले धन से और कई नये धन्धे शुरू हो जाएंगे। और इस से सारे समाज की पीठ टूट जाएगी। और नए धन्धे से और ब्लैक मनी बनेगी और गरीबों को रोटी, कपड़ा और मकान मुहैय्या करना और मुश्किल हो जाएगा। चाहिए तो यह कि हर एक की खरीद शक्ति बढ़े। तब हर एक को रोटी, कपड़ा और मकान मिल सकता है। यह तो एक डीफीटिड मैंटैलटी है कि यदि सब को रोटी, कपड़ा और मकान नहीं दे सकते तो कह दिया कि बच्चे कम पैदा किया करो। उपाध्यक्ष महोदय, मैं समझता हूं कि जितना खर्च इस समय फैमली प्लैनिंग पर किया जा रहा है यदि वही धन ठीक ढंग से युटेलाईज़ किया जाए तो रोटी और कपड़े की कोई प्राबलम नहीं रह जाएगी। इस समय फैमली प्लैनिंग पर अन्धा-धुन्ध खर्च किया जा रहा है। मुझे बताया गया है कि एक आप्रेशन पर 325 रुपये खर्च आ जाता है। यह इस लिए किया जा रहा कि सैंटर की सरकार से ऐसा ही हुक्म आया है। पहले अकाली तथा जनसंघ वाले इस बात की मुखालफत किया करते थे। परन्तु मिनिस्ट्री बनते ही इन्हों ने भी बड़े जोर शोर से सैंटर की सरकार का हुक्म मानना शुरू कर दिया है। बल्कि यह सरकार इस तरफ जैसे काम कर रही है, उस से इस ने सब को मात कर दिया है। इस रकम को यदि ठीक जगह खर्च किया होता तो यह बहुत फायदेमंद होती।

फिर जहां तक सेहत का सम्बन्ध है, मैं यह कहना चाहता हूं कि सेहत मन्त्री ने यह जो कहा है कि सरकार संजीदगी से इस तरफ ध्यान दे रही है, यह ठीक नहीं है। स्टेट का जो सब से ज्यादा तजरबेकार तथा समझदार डाक्टर था, उस से यह कलर्क का काम ले रहे हैं। उसको इन्हों ने चीफ मैडीकल आफीसर बना दिया है तथा उस का काम अब यह रह गया है कि कितने मच्छर मारे गए हैं तथा कितने चूहे मारे गए हैं। चेचक के टीके कितने लगाऐ गए हैं तथा पलेग के कितने। इस तरह उस से चाहिए तो यह कि उस के तजरबे तथा काबलियत का फायदा स्टेट की जनता को उठाने दिया जाता, उस को एक कलर्क बना रखा है। मैं संजीदगी से सेहत मन्त्री से कहूंगा इस पोस्ट पर किसी नान-टैक्नीकल आदमी को लगा दें। किसी P.C.S. को लगा दें और सब से काबल डाक्टर को स्टेट की सेवा करने दें।

उपाध्यक्ष महोदय, इस रैजोल्यूशन में कहा गया है कि हर एक को रोजगार मिले। इस सम्बन्ध में मैं यह सुझाव देना चाहता हूं कि इस के लिए नये धन्धे खोले जायें। यह अफसोस की बात है कि सैंटर की सरकार पंजाब में कोई बड़ा प्राजैक्ट नहीं लगा रही है। पंजाब के साथ हमेशा अन्याय होता रहा है। यहां नये कारखाने भी नहीं खोले जा रहे। मैं यह सुझाव देना चाहता हूं कि जैसे चंडीगढ़ के मसले पर सब पार्टियां इकट्ठी हो गई थीं इसी तरह सैंटर की सरकार से इस तरफ जो अन्याय हो रहा है, उसको दूर करवाने के लिए भी सब इकट्ठे हो जाएं। तब ही पंजाब में रहने वाले लोगों की हालत अच्छी हो सकेगी।

लेकिन यहां पर लड़ाई इंटों, भाषा और बेजान चीज़ों के लिए होती है। इस देश में रहने वालों के लिए, इस देश की धरती पर जिन्हों ने जन्म लिया, उनको 23 वर्ष में भी यह रोटी, कपड़ा और मकान नहीं दे पाए हैं। उपाध्यक्ष महोदय, आप ने अखबार में पढ़ा होगा कि जब पंडित जवाहर लाल नेहरु 1942 में बंगाल में जेल में बंद थे तब उन्हों ने कहा था कि मुझे तो गुस्सा भी आता है और शर्म भी आती है कि यह लोग भूख से मरते क्यों हैं अनाज लूटते क्यों नहीं हैं। जब वह 1947 में राजगद्दी पर बैठे तब उन्हों ने कहा कि अगर कोई आदमी भूख से मर जाएगा तो मैं इस्तीफा दे दूंगा। हर रोज़ अखबारों में निकलता है कि बेशुमार लोग भूख से तड़प तड़प कर मर रहे हैं। एक आदमी ने झूठा टुकड़ा बाज़ार में फैंका। यह बिहार की बात है। यह टुकड़ा उठाने के लिए एक तरफ से तो एक आदमी भागा और दूसरी तरफ से एक कुत्ता भागा। वह एक दूसरे से ऐसे भिड़े कि एक दूसरे की गर्दन पर एक दूसरे के दांत बैठ गए और दोनों ही खत्म हो गए। यह कितने अफसोस की बात है। खाली नाहरों से काम नहीं चलेगा। नाहरों से पेट नहीं भरते हैं। जापान की तरफ देखो। छोटा सा मुल्क हैं लेकिन इस ने कितनी तरक्की कर ली है कि सारी दुनियां पर छा जाने की कोशिश कर रहा है। इस देश की धरती भी हर चीज़ उगलती है। युरेनियम जिस से कि इतना काम लिया जा सकता है वह भी यहां पर मौजूद है। इस की मदद से कई नए काम धन्धे शुरू किए जा सकते हैं। बड़े बड़े प्राजैक्टस की बजाए अगर छोटे छोटे काम शुरू किए जाएं तो अच्छा है। जापान में यही किया गया है। हर घर में छोटी मोटर लगी हुई है। जब लोग दफ्तरों और कारखानों से घर वापस आते हैं तो घर पर वह छोटी हौर्स पावर की मोटरों से काम करते हैं। कोई पेच बनाता है, कोई नट बनाता है, कोई काबले बनाता है। इस तरह से छोटे छोटे पुर्जे वह अपने घर पर बनाते हैं। सरकार उनको रा-मैटीरियल सप्लाई करती है। जिस किस्म के रा-मैटीरियल की उन लोगों को जरूरत होती है उस किस्म का ही रा-मैटीरियल सरकार उन को मुहैय्या करती है। बड़ी फैक्टरियों में रा-मैटीरियल तैयार होता है। (शोर) (विघ्न) इस का नतीजा यह हुआ है कि जापान हर लिहाज़ से आगे बढ़ गया है। हम अमरीका की नकल करते हैं। हमारे पास उतना धन नहीं है। अगर हम ने तरक्की करनी है तो लाज़मी तौर पर हमें उन मुल्कों की तरफ देखना पड़ेगा जहां पर पैसे लगाने के साधन बहुत कम थे लेकिन आदमी ज्यादा थे और रा-मैटीरियल भी था। इस तरह से इन मुल्कों ने रा-मैटीरियल और आदमियों के ज्यादा होने का फायदा उठा कर आगे बढ़ने की कोशिश की है। हमें भी इस तरह ही

[चौधरी बलबीर सिंह]

करना चाहिए। लुध्याने की मिसाल आपके सामने है। छोटा छोटा काम वहाँ पर कितना हो रहा है। कोइ भी आदमी या औरत घर बैठे दो, चार, पाँच रुपए रोज के कमा सकता है। जब तक देश में यह छोटे छोटे काम शुरू नहीं किए जाते, तब तक देश की तरक्की नहीं हो सकती। लेकिन दिल्ली की सरकार के साथ जब आप बात करते हैं तो पंजाब में रहने वाला एक हिस्सा सहम जाता है। जब यह कहते हैं कि यहां तक्सीम होनी चाहिए—धर्म के नाम पर, मजहब के नाम पर, हिन्दु सिख के नाम पर तो यह लोगों को आपस में लड़ाने की बात करते हैं। पहले जब यह लोग इधर थे तो हिन्दु सिख एकता के नारे लगाते थे और जब यह वहां से निकल गए तो अब कसाई कसाई बन गए। जब यह कुर्सी पर बैठे थे तब तो हिन्दू को कोई खतरा नहीं था लेकिन कुर्सी जाने के बाद अब इन को खतरा दिखने लग गया है। पहले यह लोग संत फतह सिंह को भगवान शकर का अवतार कहते थे लेकिन अब इन्हें शेष नाग ने डंग मारना शुरू कर दिया है।

11-15 A.M.

(ਇਸ ਵੇਲੇ ਸਰਦਾਰ ਜਸ਼ਪਾਲ ਸਿੰਘ, ਮੈਂਬਰ, ਪੈਨਲ ਆਫ਼ ਚੇਅਰਮੈਨ, ਨੇ ਕੁਰਸੀ ਸੰਭਾਲੀ)

आज दो चार सीटें हासिल करने के लिए इन को हिन्दू-सिख आपस में दुश्मन दिखने लग गए हैं। आज इस सदन में सारे पंजाब से लोग आए हुए हैं। आओ इन छोटे छोटे नारों को छोड़ कर एक बड़ा नारा लगाएं और वह है कि हर एक के लिए रोटी, कपड़ा और मकान होना चाहिए।

हैवी इन्डस्ट्री के बारे में हमें दिल्ली की सरकार से कहना चाहिए कि हमारा जो हिस्सा बनता है उस के मुताबिक हमें हैवी इन्डस्ट्री मिलनी चाहिए। इतने सालों से हम हैवी इन्डस्ट्री यहां पर नहीं लगा सके। यह लगाने के लिए यहाँ पर एक महान अन्दोलन होना चाहिए। यह सारे पंजाब का अन्दोलन होना चाहिए। यह अन्दोलन पंजाबी और हिन्दी के नाम पर नहीं होना चाहिए। बल्कि हैवी इन्डस्ट्री लगाने के लिए होना चाहिए। और लोगों को रोटी, कपड़ा और मकान सप्लाई करने के लिए होना चाहिए।

(ਇਸ ਸਮੇਂ ਚੌਧਰੀ ਸੁੰਦਰ ਸਿੰਘ ਬੋਲਣ ਲਈ ਖੜ੍ਹੇ ਹੋਏ।)

ਸ੍ਰੀ ਸਭਾਪਤੀ : ਚੌਧਰੀ ਸਾਹਿਬ, ਜ਼ਰਾ ਤਸ਼ਰੀਫ਼ ਰਖੋ। (Chaudhri Sunder Singh, please resume your seat.)

ਚੌਧਰੀ ਸੁੰਦਰ ਸਿੰਘ : ਇਨ੍ਹਾਂ ਨੇ ਕਿਨਾਂ ਲੰਮਾਂ ਬੋਲਣਾ ਹੈ। ਕੀ ਸਾਰੀ ਦੁਨੀਆਂ ਦਾ ਹਾਲ ਹੀ ਦਸ ਦੇਣਾ ਹੈ। ਇਹ ਤਾਂ ਆਪਣੀ ਪਾਰਲੀਮੈਂਟ ਦੀ ਸੀਟ ਲਈ ਇਲੈਕਸ਼ਨ ਲਈ ਬੋਲ ਰਹੇ ਹਨ। (ਹਾਸਾ)

चौधरी बलबीर सिंह : चौधरी साहिब, को पता होना चाहिए कि मैं इस रैजोलियूशन पर बोल रहा हूं। इन्हीं ने बड़े नाहरे लगाए कि हर एक को रोटी, कपड़ा और मकान देंगे लेकिन इन फोके नाहरों से गरीब आदमी की कोई जरूरत भी पूरी नहीं होगी। हरिजनों का बार बार इन्हों ने नाम लिया कि इन के लिए यह करेंगे, वह करेंगे लेकिन हरिजनों का सत्यानाश करने वाले यही लोग हैं। कांग्रेस पार्टी वाले हरिजनों का कुछ नहीं संवार पाए।

इन्हों ने इन को कोई इन्डस्ट्री नहीं दी और न ही जमीन दी है। कहा जाता था कि जमीन हरिजनों को दी जाएगी लेकिन इन बेचारों को किसी ने जमीन के नजदीक भी नहीं आने दिया। (विघ्न) जिस देश में, सूबे में, घरों में इन्डस्ट्रीज नहीं होंगी वह देश, सूबा और घर कभी तरक्की नहीं कर सकता। हरिजनों को छोटी छोटी इन्डस्ट्रीज लगा कर दो। सिर्फ नाहरेबाजी से इनका पेट नहीं भरेगा। इस समस्या को ठीक ढंग से सुलझाने की कोशिश करनी चाहिए।

यहां पर जो लोग बेकार हैं उनको काम देना चाहिए। अगर किसी को विलायत जाने का वीज़ा या पासपोर्ट मिल जाता है तो जब वह आदमी विलायत की धरती पर पांव रखता है तो उसी दिन से ही अगर उस को रोजगार नहीं मिलता, तो उसे बेकारी अलाउंस दिया जाता है।

इस धरती पर घर घर में इन्डस्ट्री होनी चाहिए वरना लोगों का रोटी कपड़े और मकान का मसला हल नहीं होगा। अगर यह रोजगार नहीं दे सकते तो बेकारी अलाऊंस दें। सरकार जब बेकारी अलाऊंस देगी तो एक साल के बाद खुद ही सोचेगी और सोचने पर मजबूर हो जाएगी कि यह करोड़ों रुपये जो बेकारी अलाऊंस दिया जाता है इस रुपये से कारखाने शुरू किए जाएं ताकि इस देश की और जनता की भलाई हो सके।

ਕਾਮਰੇਡ ਦਾਨਾ ਰਾਮ (ਲੰਬੀ, ਐਸ. ਸੀ.) : ਚੇਅਰਮੈਨ ਸਾਹਿਬ, ਇਹ ਜਿਹੜਾ ਖੁਰਾਕ, ਕਪੜਾ, ਮਕਾਨ, ਵਿਦਿਆ ਅਤੇ ਸਿਹਤ ਬਾਰੇ ਰੇਜ਼ੋਲਿਊਸ਼ਨ ਪੇਸ਼ ਹੋਇਆ ਹੈ, ਮੈਂ ਇਸ ਦੀ ਹਿਮਾਇਤ ਕਰਦਾ ਹਾਂ। ਸਵਾਲ ਇਹ ਹੈ ਕਿ ਗੱਲਾਂ ਬਾਤਾਂ ਨਾਲ ਇਹ ਸਾਰੇ ਮਸਲੇ ਹੱਲ ਨਹੀਂ ਹੋ ਸਕਦੇ। ਕਿਉਂਕਿ ਜਦੋਂ ਲੋਕੀਂ ਰੋਟੀ ਦੇ ਲਈ ਲੜਦੇ ਹਨ ਤਾਂ ਇਹ ਸਰਕਾਰ, ਜਿਹੜੀ ਕਿ ਜਾਗੀਰਦਾਰਾਂ ਦੀ ਸਰਕਾਰ ਹੈ, ਲੋਕਾਂ ਤੇ ਡਾਂਗਾਂ ਮਾਰਦੀ ਹੈ। ਮੈਂ ਤੁਹਾਨੂੰ 15 ਅਗਸਤ ਦੀ ਗੱਲ ਦੱਸਦਾ ਹਾਂ। ਜਦੋਂ ਰੋਟੀ, ਕਪੜਾ ਅਤੇ ਮਕਾਨ ਅਤੇ ਜ਼ਮੀਨ ਦੇ ਮਸਲੇ ਤੇ ਐਜੀਟੇਸ਼ਨ ਕੀਤੀ ਸੀ ਤਾਂ ਇਨ੍ਹਾਂ ਨੇ ਉਨ੍ਹਾਂ ਹਜ਼ਾਰਾਂ ਲੋਕਾਂ ਨੂੰ ਕੁਟਾਪਾ ਚਾੜ੍ਹਿਆ, ਹਜ਼ਾਰਾਂ ਲੋਕਾਂ ਦੀਆਂ ਡਾਂਗਾਂ ਮਾਰ ਮਾਰ ਕੇ ਵੱਖੀਆਂ ਭੰਨ ਦਿੱਤੀਆਂ। (ਸ਼ੇਮ, ਸ਼ੇਮ) ਇਸ ਤਰ੍ਹਾਂ ਇਹ ਮਸਲੇ ਹੱਲ ਨਹੀਂ ਹੋ ਸਕਦੇ। ਪੰਜਾਬ ਦੇ ਸਰਕਾਰੀ ਮੁਲਾਜ਼ਮ ਇੰਟੇਰਮ ਰੀਲੀਫ਼ ਦੀ ਮੰਗ ਕਰਦੇ ਹਨ। ਉਹ ਇਸ ਲਈ ਮੰਗ ਕਰਦੇ ਹਨ ਕਿ ਉਨ੍ਹਾਂ ਨੂੰ ਰੋਟੀ ਚੰਗੀ ਮਿਲੇ, ਕੱਪੜਾ ਮਿਲੇ ਅਤੇ ਉਨ੍ਹਾਂ ਦੀ ਸਿਹਤ ਠੀਕ ਰਹੇ, ਇਨ੍ਹਾਂ ਗੱਲਾਂ ਵਾਸਤੇ ਉਨ੍ਹਾਂ ਨੇ ਕਦਮ ਚੁਕਿਆ ਹੈ, ਪਰ ਇਸ ਸਰਕਾਰ ਨੇ ਹਜ਼ਾਰਾਂ ਥਾਵਾਂ ਤੇ ਹਜ਼ਾਰਾਂ ਮੁਲਾਜ਼ਮਾਂ ਤੇ ਡਾਂਗਾਂ ਵਰਸਾਈਆਂ ਅਤੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁਟਿਆ ਗਿਆ ਅਤੇ ਸੁੱਟਿਆ ਜਾ ਰਿਹਾ ਹੈ। ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਕੀ ਇਸ ਤਰ੍ਹਾਂ ਉਨ੍ਹਾਂ ਨੂੰ ਤੁਸੀਂ ਰੋਟੀ ਮੁਹੱਈਆ ਕਰੋਗੇ?

ਦੂਸਰੀ ਗੱਲ ਮੈਂ ਬੇਕਾਰੀ ਦੇ ਮਸਲੇ ਬਾਰੇ ਦੱਸਦਾ ਹਾਂ। ਅੱਜ ਪੜ੍ਹੇ ਲਿਖੇ ਬੇਰੁਜ਼ਗਾਰ ਮੁੰਡੇ ਰੁਜ਼ਗਾਰ ਮੰਗਦੇ ਹਨ। ਉਹ ਰੁਜ਼ਗਾਰ ਵਾਸਤੇ ਰੌਲਾ ਪਾਉਂਦੇ ਹਨ ਅਤੇ ਕਹਿੰਦੇ ਹਨ ਕਿ ਜਾਂ ਸਾਨੂੰ ਰੁਜ਼ਗਾਰ ਦਿਓ ਨਹੀਂ ਤੇ ਬੇਕਾਰੀ ਭੱਤਾ ਦਿਓ। ਪਰ ਇਹ ਸਰਕਾਰ ਉਨ੍ਹਾਂ ਤੇ ਵੀ ਡਾਂਗਾਂ ਵਰਸਾ ਰਹੀ ਹੈ। ਉਨ੍ਹਾਂ ਨੂੰ ਡਾਂਗਾਂ ਮਾਰੀਆਂ ਜਾਂਦੀਆਂ ਹਨ। ਮੈਂ ਮੁਕਤਸਰ ਦੀ ਗੱਲ ਦੱਸਦਾ ਹਾਂ, ਬਿਨਾਂ ਵਜ੍ਹਾ ਦੇ ਉਥੇ ਮੁੰਡਿਆਂ ਨੂੰ ਕੁੱਟਿਆ ਗਿਆ ਅਤੇ ਉਨ੍ਹਾਂ ਨੂੰ ਫਿਰੋਜ਼ਪੁਰ ਜੇਲ੍ਹ ਵਿਚ ਸੁੱਟਿਆ ਗਿਆ ਅਤੇ ਹਾਲਾਂ ਤੀਕ ਉਨ੍ਹਾਂ ਦੀ ਜ਼ਮਾਨਤ ਲੈਣ ਲਈ ਤਿਆਰ ਨਹੀਂ ਹਨ। ਇਹ ਮਸਲੇ ਗੱਲਾਂ ਬਾਤਾਂ ਨਾਲ ਹੱਲ

[ਕਾਮਰੇਡ ਦਾਨਾ ਰਾਮ]

ਨਹੀਂ ਹੋ ਸਕਦੇ। ਜੇ ਮਸਲੇ ਹੱਲ ਕਰਨੇ ਹਨ ਤਾਂ ਮੈਂ ਦੱਸਦਾ ਹਾਂ ਕਿ ਜਿਹੜੇ ਬੇ-ਜ਼ਮੀਨੇ ਹਲਵਾਹਕ ਹਨ, ਭਾਵੇਂ ਉਹ ਕਿਸੇ ਵੀ ਬਰਾਦਰੀ ਦੇ ਹੋਣ, ਉਨ੍ਹਾਂ ਨੂੰ ਜ਼ਮੀਨ ਦਿਓ। ਜ਼ਮੀਨ ਸਰਕਾਰ ਪਾਸ ਬਹੁਤ ਪਈ ਹੈ। ਖੇਤ ਮਜ਼ਦੂਰ ਅਤੇ ਜਿਹੜੇ ਗ਼ਰੀਬ ਕਿਸਾਨ ਹਨ, ਉਨ੍ਹਾਂ ਨੂੰ ਜ਼ਮੀਨ ਦਿਓ ਜੇ ਜ਼ਮੀਨ ਦੇਣੀ ਹੈ ਤਾਂ ਲਾਟਰੀ ਸਿਸਟਮ ਨਾਲ ਦਿਓ, ਕਿਉਂਕਿ ਉਹ ਬਿਨਾਂ ਪੈਸੇ ਤੋਂ ਜ਼ਮੀਨ ਨਹੀਂ ਲੈ ਸਕਦੇ। ਕਾਂਗਰਸ ਨੇ ਵੀ ਜ਼ਮੀਨਾਂ ਦਿੱਤੀਆਂ ਸਨ, ਪਰ ਉਹ ਪੈਸੇ ਨਾਲ ਦਿੱਤੀਆਂ ਸਨ। ਉਹ ਵਿਚਾਰੇ ਪੈਸੇ ਨਹੀਂ ਦੇ ਸਕੇ ਤਾਂ ਹੁਣ ਉਨ੍ਹਾਂ ਵਿਚਾਰਿਆਂ ਦੀਆਂ ਜ਼ਮੀਨਾਂ ਨੀਲਾਮ ਹੋ ਰਹੀਆਂ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਜੇ ਇਨ੍ਹਾਂ ਗ਼ਰੀਬ ਲੋਕਾਂ ਦਾ ਭਲਾ ਕਰਨਾ ਹੈ ਤਾਂ, ਇਨ੍ਹਾਂ ਲੋਕਾਂ ਨੂੰ ਖ਼ੁਰਾਕ, ਮਕਾਨ, ਕੱਪੜਾ, ਸਿਹਤ ਅਤੇ ਵਿਦਿਆ ਦੇਣੀ ਹੈ ਤਾਂ ਨਾਲ ਹੀ ਉਨ੍ਹਾਂ ਨੂੰ ਜ਼ਮੀਨ ਵੀ ਦਿਓ, ਉਨ੍ਹਾਂ ਨੂੰ ਰੁਜ਼ਗਾਰ ਦਿਓ, ਤਾਂ ਹੀ ਇਹ ਮਸਲੇ ਹੱਲ ਹੋ ਸਕਦੇ ਹਨ ਵਰਨਾ ਗੱਲਾਂ ਬਾਤਾਂ ਨਾਲ ਇਹ ਮਸਲੇ ਹੱਲ ਨਹੀਂ ਹੋ ਸਕਦੇ। ਕਾਂਗਰਸ ਵੇਲੇ ਹਰੀਜਨਾਂ ਨੂੰ 5-5 ਮਰਲੇ ਜ਼ਮੀਨ ਦਿੱਤੀ ਜਾਂਦੀ ਸੀ। ਮੇਰੇ ਹਲਕੇ ਵਿਚ ਇਕ ਪਿੰਡ ਹੈ ਮਿੱਡਾ ਖੇੜਾ, ਉਥੇ ਹਰੀਜਨਾਂ ਨੂੰ ਪੰਜ ਪੰਜ ਮਰਲੇ ਜ਼ਮੀਨ ਮਕਾਨ ਧਰਮਸਾਲਾ ਅਤੇ ਰੂੜੀ ਆਦਿ ਵਾਸਤੇ ਦਿਤੀ ਗਈ। ਚੇਅਰਮੈਨ ਸਾਹਿਬ, ਮੈਂ ਦੱਸਦਾ ਹਾਂ ਕਿ ਉਨ੍ਹਾਂ ਹਰੀਜਨਾਂ ਨੂੰ ਉਥੋਂ ਉਠਾਇਆ ਗਿਆ। ਪਟਵਾਰੀ ਤੋਂ ਵੀ ਰਿਪੋਰਟ ਕਰਵਾ ਦਿੱਤੀ ਅਤੇ ਉਨ੍ਹਾਂ ਵਿਚਾਰਿਆਂ ਨੂੰ ਉਥੋਂ ਉਠਾਇਆ ਗਿਆ। ਉਨ੍ਹਾਂ ਨੂੰ ਕਿਹਾ ਗਿਆ ਕਿ ਇਥੇ ਧਰਮਸਾਲਾ ਨਹੀਂ ਗੁਰਦੁਆਰਾ ਬਣਾਉਣਾ ਹੈ। ਫਿਰ ਚੀਮਾ ਸਾਹਿਬ ਉਥੇ ਨੀਂਹ ਵੀ ਰੱਖਣ ਗਏ, ਇਹ ਪਤਾ ਨਹੀਂ ਕਿਸ ਚੀਜ਼ ਦੀ ਨੀਂਹ ਰੱਖਣ ਗਏ। ਇਹ ਕਹਿਣ ਲਗੇ ਕਿ ਇਤਨਾ ਵੱਡਾ ਪਲਾਟ ਕਾਸਦੇ ਵਾਸਤੇ ਰੱਖਿਆ ਸੀ। (ਵਿਘਨ) ਇਨ੍ਹਾਂ ਨੇ ਕਿਹਾ ਕਿ ਇਥੇ ਧਰਮਸਾਲਾ ਨਹੀਂ ਗੁਰਦੁਆਰਾ ਬਣਾਉਣਾ ਹੈ। ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਨਾਲ ਗ਼ਰੀਬ, ਹਰੀਜਨਾਂ ਦੀ ਭਲਾਈ ਨਹੀਂ ਹੋ ਰਹੀ। ਇਹ ਕਹਿੰਦੇ ਹਨ ਕਿ ਹਰੀਜਨਾਂ ਨੂੰ ਵਿਦਿਆ ਦੇਣ ਵਾਸਤੇ ਉਨ੍ਹਾਂ ਦਾ ਵਜ਼ੀਫ਼ਾ 6 ਰੁਪਏ ਤੋਂ 10 ਰੁਪਏ ਕਰ ਦਿਤਾ ਹੈ। ਇਹ ਤਾਂ ਪਹਿਲੇ ਹੀ ਸੀ ਕਿ ਜਿਹੜਾ ਫ਼ਸਟ ਜਾਂ ਸੈਕੰਡ ਕਲਾਸ ਵਿਚ ਆਉਂਦਾ ਹੈ, ਉਸ ਨੂੰ ਵਜ਼ੀਫ਼ਾ ਪਹਿਲੇ ਹੀ ਸੀ। ਅਸੀਂ ਤਾਂ ਕਹਿੰਦੇ ਹਾਂ ਕਿ ਇਹ ਜ਼ਰੂਰੀ ਨਹੀਂ ਕਿ ਉਹ ਹਰੀਜਨ ਹੋਣ, ਭਾਵੇਂ ਉਹ ਹਰੀਜਨ ਹੋਣ ਭਾਵੇਂ ਗ਼ੈਰ ਹਰੀਜਨ, ਜਿਹੜਾ ਗ਼ਰੀਬ ਹੈ, ਉਸ ਨੂੰ ਪਹਿਲੀ ਜਮਾਤ ਤੋਂ ਲੈ ਕੇ ਐਮ. ਏ. ਤੱਕ ਮੁਫ਼ਤ ਵਿਦਿਆ ਮਿਲਣੀ ਚਾਹੀਦੀ ਹੈ। ਉਹ ਤਾਂ ਵਿਚਾਰੇ ਰੁਜ਼ਗਾਰ ਤੋਂ ਬਗ਼ੈਰ ਬੇਕਾਰ ਮਰਦੇ ਪਏ ਹਨ ਪਰ ਇਹ ਕਹਿੰਦੇ ਹਨ ਕਿ ਅਸੀਂ ਵਜ਼ੀਫ਼ਾ 6 ਰੁਪਏ ਤੋਂ 10 ਰੁਪਏ ਕਰ ਦਿਤਾ ਹੈ, ਇਹ ਵਜ਼ੀਫ਼ਾ ਤਾਂ ਪਹਿਲੇ ਹੀ ਹੈ। ਮੈਂ ਕਹਿੰਦਾ ਹਾਂ ਕਿ ਜੇ ਇਨ੍ਹਾਂ ਲੋਕਾਂ ਦੀ ਖ਼ੁਰਾਕ, ਕੱਪੜਾ ਅਤੇ ਮਕਾਨ ਦਾ ਮਸਲਾ ਹਲ ਕਰਨਾ ਹੈ ਤਾਂ ਇਸ ਰੈਜ਼ੋਲਿਊਸ਼ਨ ਦੇ ਉਤੇ ਪੂਰਾ ਜ਼ੋਰ ਦੇਣਾ ਚਾਹੀਦਾ ਹੈ। ਜੇ ਬਾਹਰ ਜਾ ਕੇ ਪੜਾਕੇ ਮਾਰਨੇ ਹਨ ਕਿ ਅਸੀਂ ਇਹ ਕਰ ਦਿਤਾ, ਅਸੀਂ ਉਹ ਕਰ ਦਿਤਾ ਤਾਂ ਇਹ ਮਸਲੇ ਹੱਲ ਨਹੀਂ ਹੋ ਸਕਦੇ। ਜੇ ਇਸ ਤੇ ਅਮਲ ਕਰੋਗੇ ਤਾਂ ਹੀ ਕੁਝ ਹੋਵੇਗਾ। ਜ਼ਮੀਨ ਬੇ-ਜ਼ਮੀਨਿਆਂ ਨੂੰ ਦਿਓ।

ਦੂਸਰੀ ਗੱਲ ਇਹ ਹੈ ਕਿ ਜਿਹੜੇ ਬੇ-ਜ਼ਮੀਨੇ ਖੇਤ ਮਜ਼ਦੂਰ ਹਨ, ਉਨ੍ਹਾਂ ਨੂੰ ਘੱਟ ਤੋਂ ਘੱਟ 5 ਰੁਪਏ ਦਿਹਾੜੀ ਦੇਣੀ ਚਾਹੀਦੀ ਹੈ। ਉਹ ਦਿਹਾੜੀ ਮੰਗਦੇ ਹਨ/ਤਾਂ ਉਨ੍ਹਾਂ ਦੀਆਂ ਨਾਕਾਬੰਦੀਆਂ ਹੋ ਰਹੀਆਂ ਹਨ। ਸੋ ਇਸ ਬਾਰੇ ਵੀ ਕੋਈ ਕਾਨੂੰਨ ਹੋਣਾ ਚਾਹੀਦਾ ਹੈ, ਇਸ ਰੈਜ਼ੋਲਿਊਸ਼ਨ ਦੇ ਵਿਚ ਇਹ ਵੀ ਮਤਾ ਲਿਆਉਣਾ ਚਾਹੀਦਾ ਹੈ ਕਿ ਜਿਹੜੇ ਖੇਤ ਮਜ਼ਦੂਰ ਹਨ ਉਨ੍ਹਾਂ ਨੂੰ 5 ਰੁਪਏ ਦਿਹਾੜੀ ਮਿਲੇ। ਇਸ ਤੋਂ ਅੱਗੇ ਹੈ ਪੜ੍ਹਾਈ ਅਤੇ ਸਿਹਤ ਦਾ ਮਸਲਾ। ਜੇ ਇਨ੍ਹਾਂ ਲੋਕਾਂ ਨੂੰ/ਪੜ੍ਹਾਉਣਾ ਹੈ ਅਤੇ ਗਰੀਬਾਂ ਦੀ ਮੱਦਦ ਕਰਨੀ ਹੈ ਤਾਂ ਇਹ ਇਸ ਤਰ੍ਹਾਂ ਹੋ ਸਕਦਾ ਹੈ ਕਿ ਇਨ੍ਹਾਂ ਨੂੰ ਪਹਿਲੀ ਜਮਾਤ ਤੋਂ ਲੈ ਕੇ

16ਵੀਂ ਜਮਾਤ ਤਕ ਮੁਫਤ ਪੜ੍ਹਾਇਆ ਜਾਵੇ। ਨਹੀਂ ਤਾਂ ਕੋਈ ਲੋੜ ਨਹੀਂ ਹੈ ਫੋਕੇ ਨਾਅਰੇ ਲਾਉਣ ਦੀ। ਇਹ ਜਿਹੜੇ ਕਹਿੰਦੇ ਹਨ ਕਿ ਅਸੀਂ ਵਜ਼ੀਫ਼ਾ 6 ਰੁਪਏ ਤੋਂ/10 ਰੁਪਏ ਕਰ ਦਿੱਤਾ ਹੈ, ਮੈਂ ਕਹਿੰਦਾ ਹਾਂ ਕਿ ਇਹ ਦਿੰਦੇ ਹੀ ਨਹੀਂ। ਜਦ ਬੱਚਾ ਸਾਲ ਭਰ ਪੜ੍ਹ ਕੇ ਘਰ ਆਉਂਦਾ ਹੈ ਤਾਂ ਮਗਰੋਂ ਮਨੀ ਆਰਡਰ ਕਰ ਕੇ ਭੇਜਦੇ ਹਨ। ਮੈਂ ਹੋਰ ਦੱਸਦਾ ਹਾਂ ਕਿ ਜ਼ਮੀਨਾਂ ਦੇ ਉਤੇ ਜਿੰਨੇ ਮੁਜ਼ਾਰੇ ਬੈਠੇ ਹਨ, ਮੈਂ ਫ਼ਿਰੋਜ਼ਪੁਰ ਜ਼ਿਲ੍ਹੇ ਦੀ ਗੱਲ ਦੱਸਦਾ ਹਾਂ, ਉਨ੍ਹਾਂ ਵਿਚਾਰਿਆਂ ਦੇ ਹਜ਼ਾਰਾਂ ਕੇਸ ਅਦਾਲਤਾਂ ਵਿਚ ਫਿਰਦੇ ਪਏ ਹਨ ਅਤੇ ਇਸ ਤਰ੍ਹਾਂ ਉਹ ਗ਼ਰੀਬ ਖੱਜਲ ਖ਼ਰਾਬ ਹੋ ਰਹੇ ਹਨ। ਮੈਂ ਤੁਹਾਨੂੰ ਦੱਸਦਾ ਹਾਂ ਕਿ ਉਥੇ ਇਕ ਪਿੰਡ ਮਲੋਦ ਹੈ। ਉਥੇ ਇਕ ਹਰੀਜਨ ਮੁਜ਼ਾਰੇ ਦਾ ਤਕੜੇ ਆਦਮੀ ਕਦੇ ਕੋਈ ਡੰਗਰ ਖੋਹ ਕੇ ਲੈ ਜਾਂਦੇ ਹਨ ਕਦੇ ਕੋਈ ਚੀਜ਼ ਲੈ ਜਾਂਦੇ ਹਨ। ਇਕ ਵਾਰੀ ਉਸਦਾ ਊਠ ਲੈ ਗਏ ਅਤੇ ਉਸ ਦਾ ਪਤਾ ਨਹੀਂ ਲੱਗਾ। ਜੇ ਇਸ ਤਰ੍ਹਾਂ ਇਨ੍ਹਾਂ ਨੇ ਚੱਲਣਾ ਹੈ ਤਾਂ ਇਸ ਤਰ੍ਹਾਂ ਸਰਕਾਰ ਨਹੀਂ ਚੱਲਣੀ। ਮੈਂ ਹੋਰ ਦੱਸਦਾ ਹਾਂ ਕਿ ਮੈਂ ਇਕ ਵਾਰੀ ਖੂਈਆਂ ਸਰਵਰ ਥਾਣੇ ਵਿਚ ਗਿਆ। ਉਥੇ ਟੈਲੀਫੋਨ ਆਉਣ। ਉਦੋਂ ਚੌਧਰੀ ਸਤਦੇਵ ਮਨਿਸਟਰ ਸੀ। ਉਥੇ ਮਜ਼ਦੂਰਾਂ ਤੇ ਜਗੀਰਦਾਰਾਂ ਦਾ ਆਪਸ ਵਿਚ ਰੌਲਾ ਪਿਆ। ਇਹ ਪਾਂਡੀਵਾਲਾ ਪਿੰਡ ਦੇ ਸਨ। ਚੌਧਰੀ ਸਾਹਿਬ ਕਹਿਣ ਕਿ ਇਹ ਕੇਸ ਮੁਜ਼ਾਰਿਆਂ ਦੇ ਹੱਕ ਵਿਚ ਹੋਣਾ ਚਾਹੀਦਾ ਹੈ ਪਰ ਇਕ ਹੋਰ ਮਨਿਸਟਰ ਕਹੇ ਕਿ ਨਹੀਂ ਜਗੀਰਦਾਰਾਂ ਦੇ ਹੱਕ ਵਿਚ ਹੋਣਾ ਚਾਹੀਦਾ ਹੈ। ਪੁਲਿਸ ਵਾਲੇ ਕਹਿਣ ਕਿ ਅਸੀਂ ਹੁਣ ਕੀ ਕਰੀਏ, ਦੋਵੇਂ ਸਾਡੇ ਮਨਿਸਟਰ ਹਨ ਇਕ ਕਹਿੰਦਾ ਹੈ ਕਿ ਇਹ ਕਰ ਦਿਓ ਔਰ ਦੂਸਰਾ ਕਹਿੰਦਾ ਹੈ ਕਿ ਉਹ ਕਰ ਦਿਓ। ਅਸੀਂ ਕੀ ਕਰੀਏ ਉਹ ਵਿਚਾਰੇ ਸੋਚੀਂ ਪੈ ਗਏ। (ਵਿਘਨ)

ਚੇਅਰਮੈਨ ਸਾਹਿਬ, ਸਾਡੇ ਲੰਬੀ ਪਿੰਡ ਵਿਚ ਕੀ ਹੋਇਆ। ਜਿਹੜੇ ਰੋਟੀ ਮੰਗਦੇ ਸਨ ਉਨ੍ਹਾਂ ਦੀ ਗੱਲ ਸੁਣ ਲਓ। ਸਰਦਾਰ ਗੁਰਮੀਤ ਸਿੰਘ ਜੀ ਇਸ ਗੱਲ ਨੂੰ ਜ਼ਰਾ ਧਿਆਨ ਨਾਲ ਸੁਣ ਲੈਣ। ਉਥੇ ਇਨ੍ਹਾਂ ਦੇ ਸਪੋਰਟਰਜ਼ ਹਨ ਹੁਣ ਇਹ ਪਤਾ ਨਹੀਂ ਉਥੇ ਜਾਂਦੇ ਵੀ ਹਨ ਕਿ ਨਹੀਂ। ਚੇਅਰਮੈਨ ਸਾਹਿਬ, ਉਥੇ ਪਿੰਡ ਥਰਾਨਾਵਾਲਾ ਵਿਚ 8 ਆਦਮੀਆਂ ਦੀ ਕੁੱਟ ਕੁੱਟ ਕੇ ਚਮੜੀ ਉਧੇੜ ਦਿਤੀ ਗਈ। ਕਿਸੇ ਮਨਿਸਟਰ ਸਾਹਿਬ ਦੇ ਨਜ਼ਦੀਕੀ ਰਿਸ਼ਤੇਦਾਰ ਆਦਮੀ ਦੇ ਕਹਿਣ ਤੇ ਉਨ੍ਹਾਂ ਵਿਚਾਰਿਆਂ ਦੀ ਕੁੱਟ ਕੁੱਟ ਕੇ ਜਾਨ ਕੱਢ ਦਿਤੀ। ਉਨ੍ਹਾਂ ਵਿਚੋਂ 4 ਆਦਮੀਆਂ ਨੇ ਤਾਂ ਮਾਫ਼ੀ ਮੰਗ ਲਈ ਔਰ ਉਨ੍ਹਾਂ ਨੂੰ ਫਿਰ ਛੱਡ ਦਿਤਾ ਗਿਆ ਪਰ ਦੂਜੇ 4 ਬੰਦਿਆਂ ਤੇ ਅਫ਼ੀਮ ਪਾ ਕੇ ਉਨ੍ਹਾਂ ਦਾ ਚਲਾਨ ਕੀਤਾ ਗਿਆ ਔਰ ਉਨ੍ਹਾਂ ਦੀ ਬੁਰੀ ਹਾਲਤ ਕਰ ਦਿਤੀ। ਮੈਂ ਤੁਹਾਡੇ ਰਾਹੀਂ ਸਰਦਾਰ ਗੁਰਮੀਤ ਸਿੰਘ ਨੂੰ ਕਹਾਂਗਾ ਕਿ ਇਸ ਗੱਲ ਦਾ ਪਤਾ ਕਰਾਉਣ ਕਿ ਇਸ ਤਰ੍ਹਾਂ ਕਿਓਂ ਕੀਤਾ ਗਿਆ ਹੈ।

ਫਿਰ, ਚੇਅਰਮੈਨ ਸਾਹਿਬ, 22 ਤਾਰੀਖ ਨੂੰ ਪਿੰਡ ਬਿਦੋਵਾਲੀ ਵਿਚ ਪੁਲਿਸ ਗਈ ਔਰ ਉਥੇ ਉਨ੍ਹਾਂ ਨੇ ਹਰੀਜਨਾਂ ਦਾ ਕਚੂਮਰ ਕਢ ਦਿਤਾ। (ਵਿਘਨ)

ਸਿਰਦਾਰ ਕਪੂਰ ਸਿੰਘ : ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਇਕ ਫਸਟ ਏਡ ਦੇ ਡਾਕਟਰ ਨੂੰ ਸਦਨ ਵਿਚ ਬੁਲਾ ਲਿਆ ਜਾਵੇ ... (ਵਿਘਨ)

ਕਾਮਰੇਡ ਦਾਨਾ ਰਾਮ : ਤੁਹਾਨੂੰ ਇਹ ਗੱਲਾਂ ਸੁਝਦੀਆਂ ਹਨ ਕਿਉਂਕਿ ਤੁਹਾਨੂੰ ਰੋਟੀ ਮਿਲਦੀ ਹੈ। ਜਿਨ੍ਹਾਂ ਨੂੰ ਨਹੀਂ ਮਿਲਦੀ ਉਨ੍ਹਾਂ ਤੋਂ ਜਾ ਕੇ ਉਨ੍ਹਾਂ ਦਾ ਹਾਲ ਪੁਛੋ। (ਵਿਘਨ)

ਚੇਅਰਮੈਨ ਸਾਹਿਬ, ਇਕ ਮਨਿਸਟਰ ਸਾਹਿਬ ਦੇ ਰਿਸ਼ਤੇਦਾਰ ਦੇ ਰਿਸ਼ਤੇਦਾਰ ਦੇ ਕਹਿਣ ਤੇ, ਇਕ ਮਜ਼ਬੀ ਸਿੱਖ ਕਰਤਾਰ ਸਿੰਘ ਦੇ ਮੁੰਡੇ ਜਗਾ ਸਿੰਘ ਨੂੰ ਕੁਟਿਆ। ਉਸ ਨੂੰ ਫਿਰ ਵਿਚਾਰੇ

[ਕਾਮਰੇਡ ਦਾਨਾ ਰਾਮ]

ਨੂੰ ਗਿਦੜਬਾਹਾ ਹਸਪਤਾਲ ਵਿਚ ਲੈ ਗਏ ਔਰ ਬੜੀ ਮੁਸ਼ਕਲ ਨਾਲ ਉਸ ਵਿਚਾਰੇ ਨੂੰ ਬਚਾਇਆ ਗਿਆ । ਇਹ ਹਾਲਤ ਹੈ ਤਾਂ ਇਹ ਲੋਕਾਂ ਨੂੰ ਰੋਟੀ ਕੀ ਦੇਣਗੇ । (ਵਿਘਨ) (ਘੰਟੀ) ਇਹ ਰੋਟੀ ਦਾ ਸਵਾਲ ਹੈ, ਜੇ ਤੁਸੀਂ ਗ਼ਰੀਬ ਲੋਕਾਂ ਨੂੰ ਰੋਟੀ ਦੇਣੀ ਹੈ ਤਾਂ ਤੁਸੀਂ ਉਨ੍ਹਾਂ ਵਿਚਾਰਿਆਂ ਗ਼ਰੀਬ ਹਰੀਜਨਾਂ ਨੂੰ ਜ਼ਮੀਨ ਦਿਓ, ਉਨ੍ਹਾਂ ਲੋਕਾਂ ਨੂੰ ਜਿਹੜੇ ਵਿਚਾਰੇ ਬੇਰੁਜ਼ਗਾਰ ਹਨ ਉਨ੍ਹਾਂ ਨੂੰ ਰੋਜ਼ਗਾਰ ਦਿਓ ਤਾਂ ਹੀ ਇਹ ਰੋਟੀ ਦਾ ਜਿਹੜਾ ਮਸਲਾ ਹੈ ਹੱਲ ਹੋ ਸਕਦਾ ਹੈ । ਗ਼ਰੀਬਾਂ ਨੂੰ ਰਹਿਣ ਲਈ ਮਕਾਨ ਦਿਓ ਪਰ ਹੋ ਕੀ ਰਿਹਾ ਹੈ ਜਿਹੜੇ ਵਿਚਾਰਿਆਂ ਪਾਸ ਰਹਿਣ ਲਈ ਮਾੜਾ ਮੋਟਾ ਮਕਾਨ ਹੈ ਉਹ ਵੀ ਉਨ੍ਹਾਂ ਤੋਂ ਖੋਹਿਆ ਜਾ ਰਿਹਾ ਹੈ । ਇਸ ਲਈ, ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਫੋਕੇ ਨਾਅਰੇ ਮਾਰੀ ਜਾਣਾ ਔਰ ਅਮਲ ਕੁਝ ਨਾ ਕਰਨਾ ਇਸ ਨਾਲ ਕੋਈ ਗੱਲ ਨਹੀਂ ਬਣਨੀ । ਅਮਲੀ ਰੂਪ ਵਿਚ ਕੁਝ ਕਰੋ ਤਾਂ ਹੀ ਇਹ ਰੋਟੀ ਦਾ ਮਸਲਾ ਹੱਲ ਹੋ ਸਕਦਾ ਹੈ । (ਘੰਟੀ)

ਫਿਰ, ਚੇਅਰਮੈਨ ਸਾਹਿਬ, ਸਿਹਤ ਦਾ ਮਸਲਾ ਹੈ । ਮੈਂ ਕਹਿੰਦਾ ਹਾਂ ਕਿ ਪਿੰਡਾਂ ਵਿਚ ਅੱਵਲ ਤਾਂ ਡਿਸਪੈਂਸਰੀਆਂ ਨਹੀਂ ਜੇ ਡਿਸਪੈਂਸਰੀਆਂ ਹਨ ਤਾਂ ਉਥੇ ਦਵਾਈਆਂ ਨਹੀਂ ਔਰ ਡਾਕਟਰ ਕੋਈ ਨਹੀਂ ਲਾਇਆ । ਜੇ ਡਿਸਪੈਂਸਰੀਆਂ ਵਿਚ ਕੋਈ ਡਿਸਪੈਂਸਰ ਵਗੈਰਾ ਹਨ ਵੀ ਤਾਂ ਉਨ੍ਹਾਂ ਨੂੰ ਤਨਖਾਹਾਂ ਨਹੀਂ ਦਿੱਤੀਆਂ ਜਾਂਦੀਆਂ । ਮੈਂ ਆਪਣੇ ਹਲਕੇ ਦੀ ਇਕ ਡਿਸਪੈਂਸਰੀ ਦਾ ਜ਼ਿਕਰ ਕਰਦਾ ਹਾਂ ਕਿ ਉਥੇ ਇਕ ਡਿਸਪੈਂਸਰ ਹੈ ਉਸ ਵਿਚਾਰੇ ਨੂੰ ਡੇਢ ਸਾਲ ਹੋ ਗਿਆ ਹੈ ਕੋਈ ਤਨਖਾਹ ਵਗੈਰਾ ਹੀ ਨਹੀਂ ਮਿਲੀ । ਜੇ ਉਸ ਨੂੰ ਤਨਖਾਹ ਨਹੀਂ ਮਿਲੇਗੀ ਤਾਂ ਉਹ ਰੋਟੀ ਕਿਥੋਂ ਖਾਏਗਾ । (ਵਿਘਨ) (ਘੰਟੀ) ਸੋ ਅੰਤ ਵਿਚ ਮੈਂ ਇਹੀ ਕਹਾਂਗਾ ਕਿ ਇਨ੍ਹਾਂ ਗੱਲਾਂ ਨੂੰ ਦੇਖਿਆ ਜਾਵੇ ਔਰ ਰੋਟੀ ਦਾ ਜੋ ਮਸਲਾ ਹੈ ਉਸ ਨੂੰ ਹੱਲ ਕੀਤਾ ਜਾਵੇ ।

ਚੌਧਰੀ ਸੁੰਦਰ ਸਿੰਘ : (ਨਰੋਟ ਮਹਿਰਾ, ਐਮ. ਸੀ.) ਚੇਅਰਮੈਨ ਸਾਹਿਬ, ਜਦੋਂ ਤੁਸੀਂ ਇਸ ਕੁਰਸੀ ਤੇ ਬੈਠਦੇ ਹੋ ਤਾਂ ਹੀ ਮੈਨੂੰ ਬੋਲਣ ਲਈ ਟਾਈਮ ਮਿਲਦਾ ਹੈ । ਅੱਜ ਵੀ ਜਦੋਂ ਤੁਸੀਂ ਕੁਰਸੀ ਤੇ ਆ ਕੇ ਬੈਠੇ ਤਾਂ ਮੈਂ ਸੋਚਿਆ ਕਿ ਮੈਨੂੰ ਟਾਈਮ ਮਿਲ ਜਾਣਾ ਹੈ । ਚੇਅਰਮੈਨ ਸਾਹਿਬ, ਇਹ ਜਿਹੜਾ ਰੇਜ਼ੋਲਿਊਸ਼ਨ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਰਖਿਆ ਹੈ ਇਸ ਦੇ ਉਤੇ ਮੈਂਬਰ ਸਾਹਿਬਾਨ ਘੱਟ ਵੱਧ ਹੀ ਬੋਲੇ ਹਨ । ਮੈਂ ਇਸ ਦੇ ਮੁਤੱਲਕ ਦਸਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਨੂੰ ਜੋ ਆਜ਼ਾਦੀ ਮਿਲੀ ਸੀ ਉਹ ਮਹਾਤਮਾ ਗਾਂਧੀ ਜੀ ਦੇ ਤਰਲਿਆਂ, ਮਿੰਨਤਾਂ ਔਰ ਉਨ੍ਹਾਂ ਦੀ ਤਪਸਿਆ ਨਾਲ ਮਿਲੀ ਸੀ । ਆਜ਼ਾਦੀ ਮਿਲਣ ਤੋਂ ਬਾਅਦ ਇਹ ਦੇਖਿਆ ਕਿ ਹਿੰਦੁਸਤਾਨ ਜਿਤਨਾ ਹੈ ਇਸ ਦੇ ਵਿਚ ਮੁਖਤਲਿਫ ਮਜ਼ਬ ਹਨ ਜੋ ਕਿ ਬਹੁਤ ਜ਼ਿਆਦਾ ਸਨ । ਔਰ ਇਤਨੇ ਮਜ਼ਬ ਹਨ ਕਿ ਇਹ ਇਕ ਤਪਦਿਕ ਦੀ ਬੀਮਾਰੀ ਬਣੀ ਹੋਈ ਸੀ । ਇਸ ਨੂੰ ਇਕਠਾ ਕਰਨਾ ਬੜਾ ਮੁਸ਼ਕਲ ਕੰਮ ਸੀ । ਚੱਪੇ ਚੱਪੇ ਤੇ ਮਜ਼ਬ ਸੀ ਔਰ ਚੱਪੇ ਚੱਪੇ ਤੇ ਫਿਰਕਾਪ੍ਰਸਤੀ ਸੀ । ਕੋਈ ਅਮੀਰ, ਕੋਈ ਗ਼ਰੀਬ, ਕੋਈ ਚੁਮਾਰ, ਕੋਈ ਹਰੀਜਨ, ਕੋਈ ਹਿੰਦੂ, ਕੋਈ ਬ੍ਰਾਹਮਣ ਕੋਈ ਕੁਝ ਕੋਈ ਕੁਝ ਹੈ । ਇਨ੍ਹਾਂ ਸਾਰਿਆਂ ਨੂੰ ਇਕਠਾ ਕਰਨ ਵਿਚ ਕਾਂਗਰਸ ਜਮਾਤ ਕਾਮਯਾਬ ਹੋਈ ਔਰ ਇਹ ਜਿਹੜੀ ਕਾਮਯਾਬੀ ਹੋਈ ਇਹ ਮਹਾਤਮਾਂ ਗਾਂਧੀ ਦੀ ਇਕ ਸ਼ਕਤੀ ਸੀ ਕਿ ਸਭ ਨੂੰ ਇਕਠਿਆਂ ਕੀਤਾ । ਕੋਈ ਚੀਜ਼ ਇੰਪਾਸੀਬਲ ਹੋਵੇ ਉਸ ਇੰਪਾਸੀਬਲ ਚੀਜ਼ ਨੂੰ ਪਾਸੀਬਲ ਕਰਨ ਲਈ ਕੋਈ ਹੀ ਆਦਮੀ ਹੁੰਦਾ ਹੈ । (ਵਿਘਨ) ਫਿਰ, ਚੇਅਰਮੈਨ ਸਾਹਿਬ, ਜਦੋਂ ਅਸੀ ਇਧਰ ਆਏ ਤਾਂ ਕੋਈ 12 ਕਰੋੜ ਹਰੀਜਨ ਸਨ ਜਿਨ੍ਹਾਂ ਕੋਲ ਜ਼ਮੀਨ ਨਹੀਂ ਸੀ । ਸਾਨੂੰ ਜਿਹੜੀ ਘਰਾਂ ਦੀ ਤਹਿ ਜ਼ਮੀਨ ਸੀ ਉਹ ਵੀ ਨਹੀਂ ਸੀ

ਮਿਲਦੀ । ਫਿਰ ਇਹ ਜ਼ਮੀਨ ਕਾਂਗਰਸ ਨੇ ਦਿਵਾਈ । 1946 ਤੋਂ ਮੈਂ ਲੱਗਾ ਰਿਹਾ ਔਰ ਫਿਰ ਸਾਨੂੰ ਇਹ ਤਹਿ ਜ਼ਮੀਨ ਮਿਲੀ ਸੀ । ਫਿਰ ਉਸ ਦੇ ਬਾਦ ਮਿਤੀ 8.4.1964 ਨੂੰ ਅਸੀਂ ਕਿਹਾ ਕਿ ਸਾਡੇ ਹਰੀਜਨਾਂ ਨੂੰ ਕੁਝ ਜ਼ਮੀਨ ਰਹਿਣ ਵਾਸਤੇ ਦਿਉ ਔਰ ਕੁਝ ਜ਼ਮੀਨ ਕਾਸ਼ਤਕਾਰੀ ਕਰਨ ਵਾਸਤੇ ਦਿਓ । ਫਿਰ, ਚੇਅਰਮੈਨ ਸਾਹਿਬ, ਮਿਤੀ 8.4.1964 ਨੂੰ ਇਹ ਫੈਸਲਾ ਹੋਇਆ ਕਿ ਜਿਤਨੀ ਮੁਸਲਮਾਨਾਂ ਦੀ ਜ਼ਮੀਨ ਹੈ ਉਹ 500 ਕਲੇਮੈਂਟ ਕਢ ਕੇ ਬਾਕੀ ਦੀ ਜ਼ਮੀਨ ਹਰੀਜਨਾਂ ਨੂੰ ਦਿਤੀ ਜਾਵੇਗੀ । ਫਿਰ ਉਸ ਦੇ ਨਾਲ ਕੁਝ ਲੋਕਾਂ ਨੂੰ ਜ਼ਮੀਨ ਥੋੜ੍ਹੀ ਬਹੁਤ ਮਿਲੀ । ਕੁਝ ਲੋਕਾਂ ਨੇ ਕਬਜ਼ੇ ਕੀਤੇ ਹੋਏ ਸਨ ਉਨ੍ਹਾਂ ਨੂੰ ਉਥੋਂ ਕਢ ਕੇ ਹਰੀਜਨਾਂ ਨੂੰ ਜ਼ਮੀਨ ਅਲਾਟ ਕੀਤੀ ਗਈ । ਇਹ ਸਾਰਾ ਕੁਝ ਕਾਂਗਰਸ ਜਮਾਤ ਨੇ ਕੀਤਾ । ਜਦੋਂ ਕਾਂਗਰਸ ਦੀ ਗੌਰਮਿੰਟ ਗਈ ਤਾਂ ਹੁਣ ਇਨ੍ਹਾਂ ਨੇ ਇਹ ਹਾਲਤ ਕਰ ਦਿਤੀ ਹੈ ਜੋ ਤੁਹਾਡੇ ਸਾਹਮਣੇ ਹੈ । (ਵਿਘਨ) ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਅਸੀਂ ਤੁਹਾਡੀ ਜ਼ਮੀਨ ਨਹੀਂ ਖੋਂਹਦੇ, ਅਸੀਂ ਤੁਹਾਡੇ ਵਲ ਨਹੀਂ ਆਉਂਦੇ । (ਵਿਘਨ)

ਚੇਅਰਮੈਨ ਸਾਹਿਬ, ਜਿਥੋਂ ਤਕ ਜ਼ਮੀਨ ਦਾ ਤਅੱਲੁਕ ਹੈ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਦੇ ਬਗੈਰ ਪੰਜਾਬ ਵਿਚ ਕੋਈ ਆਦਮੀ ਰਹਿ ਨਹੀਂ ਸਕਦਾ । ਇਹ ਜ਼ਮੀਨ ਹਰੀਜਨਾਂ ਨੂੰ ਦਿਤੀ ਜਾਵੇ । ਕੁਝ ਸਾਡੇ ਭਰਾਵਾਂ ਨੇ ਇਹ ਜ਼ਮੀਨ ਖ਼ਰੀਦੀ ਵੀ ਹੈ । ਕਿਸੇ ਨੇ ਥੋੜ੍ਹੀ ਖਰੀਦ ਲਈ ਔਰ ਕਿਸੇ ਨੇ ਬਹੁਤੀ ਖਰੀਦ ਲਈ । ਕੁਝ ਆਦਮੀਆਂ ਦੇ ਪਾਸ ਜ਼ਮੀਨ ਆ ਗਈ ਹੈ । (ਵਿਘਨ) ਇਹ ਕਹਿੰਦੇ ਹਨ ਕਿ ਹੁਣ ਹਰੀਜਨ ਅਮੀਰ ਹੋ ਗਏ ਹਨ । ਉਹ ਅਮੀਰ ਕਿਥੋਂ ਹੋ ਗਏ ਹਨ ਜੇ 5-10 ਬੰਦਿਆਂ ਨੇ ਜ਼ਮੀਨ ਲੈ ਵੀ ਲਈ ਹੈ ਤਾਂ ਇਸ ਨਾਲ ਕੀ ਉਨ੍ਹਾਂ ਵਿਚ ਅਮੀਰੀ ਆ ਗਈ ਹੈ ? ਔਰ ਫਿਰ ਜਿਹੜੀ ਜ਼ਮੀਨ ਉਨ੍ਹਾਂ ਨੂੰ ਮਿਲੀ ਹੈ ਉਹ ਕਾਂਗਰਸ ਨੇ ਦਿਤੀ ਹੈ ਇਨ੍ਹਾਂ ਨੇ (ਸਰਕਾਰੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਇਸ ਵਿਚ ਕੀ ਕੀਤਾ ਹੈ ? ਇਨ੍ਹਾਂ ਨੇ ਤਾਂ ਇਹ ਗੱਲ ਰੌਲੇ ਵਿਚ ਹੀ ਰਖੀ ਹੈ ਔਰ ਕਿਸੇ ਨੂੰ ਜ਼ਮੀਨ ਲੈਣ ਹੀ ਨਹੀਂ ਦਿਤੀ । ਇਹ ਜ਼ਮੀਨਾਂ ਤੇ ਆਪ ਕਬਜ਼ਾ ਕਰਨ ਵਾਲੇ ਸਾਡੇ ਨਾਲ ਕਿਸ ਮੂੰਹ ਨਾਲ ਗੱਲਾਂ ਕਰਦੇ ਹਨ । ਮੈਂ ਤਾਂ ਜਦੋਂ ਕਾਂਗਰਸ ਦਾ ਰਾਜ ਸੀ ਉਦੋਂ ਵੀ ਕਈ ਵਾਰੀ ਕਾਂਗਰਸ ਦੇ ਖਿਲਾਫ਼ ਬੋਲ ਲੈਂਦਾ ਸੀ ਪਰ ਇਹ ਤਾਂ ਹੁਣ ਜਿਹੜੇ ਗੌਰਮਿੰਟ ਦੀ ਹਰੀਜਨ ਭਰਾ ਮਦਦ ਕਰਦੇ ਹਨ ਉਹ ਤਾਂ ਕੁਝ ਬੋਲਦੇ ਹੀ ਨਹੀਂ ਪਤਾ ਨਹੀਂ ਕੀ ਗੱਲ ਹੈ । (ਵਿਘਨ)

ਚੇਅਰਮੈਨ ਸਾਹਿਬ, ਸਰਦਾਰ ਪਰਤਾਪ ਸਿੰਘ ਕਾਦੀਆਂ ਨੇ ਇਥੇ ਇਕ ਗੱਲ ਕੀਤੀ ਹੈ ਕਿ ਇਥੇ ਜਿਹੜਾ ਮਸਲਾ ਹੈ ਇਹ ਤਦ ਤਕ ਹੱਲ ਨਹੀਂ ਹੋ ਸਕਦਾ ਜਦ ਤਕ ਜੋ ਪਿੰਡਾਂ ਦੀ ਜ਼ਮੀਨ ਹੈ ਲੋਕ ਉਸ ਤੋਂ ਹਟ ਨਾ ਜਾਣ ਅਤੇ ਬਾਕੀ ਪਾਸਿਆਂ ਵਲ ਨਾ ਧਿਆਨ ਦੇਣ । ਜੇ ਸੈਂਟਰ ਗੌਰਮਿੰਟ ਸਾਨੂੰ ਸਾਰੇ ਹੱਕ ਦੇ ਦੇਵੇ ਤਾਂ ਅਸੀਂ ਆਪਣੇ ਆਪ ਹੀ ਸਟੇਟ ਦੀ ਹਾਲਤ ਠੀਕ ਕਰ ਲਵਾਂਗੇ । ਪਰ, ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜਿਹੜੇ ਹੱਕ ਸਟੇਟ ਗੌਰਮਿੰਟ ਨੇ ਇਨ੍ਹਾਂ ਨੂੰ ਦਿਤੇ ਹਨ ਅਸੀਂ ਤਾਂ ਉਨ੍ਹਾਂ ਤੋਂ ਵੀ ਤੰਗ ਹਾਂ । ਇਨ੍ਹਾਂ ਨੇ ਤਾਂ ਸਟੇਟ ਦਾ ਸਤਿਆਨਾਸ ਕਰ ਦਿਤਾ । ਮੈਂ ਅਰਜ਼ ਕਰਾਂ ਕਿ ਇਕ ਪਿੰਡ ਹੈ ਉਸ ਦੀਆਂ 30 ਫ਼ੈਮਲੀਆਂ ਇਨ੍ਹਾਂ ਨੇ ਬਾਹਰ ਕਢ ਦਿਤੀਆਂ । ਇਨ੍ਹਾਂ ਨੇ 20:20 ਸਾਲਾਂ ਤੋਂ ਬੈਠੇ ਲੋਕਾਂ ਨੂੰ ਘਰਾਂ ਵਿਚੋਂ ਕਢ ਦਿਤਾ । ਕੀ ਇਸ ਤਰੀਕੇ ਨਾਲ ਇਹ ਸਟੇਟ ਠੀਕ ਕਰਨਗੇ ਅਤੇ ਜ਼ਮੀਨਾਂ ਦੇ ਮਸਲੇ ਹੱਲ ਕਰਨਗੇ ?

ਫਿਰ ਤੁਸੀਂ ਲੈਂਗੂਏਜ ਦਾ ਮਸਲਾ ਛੇੜ ਲਿਆ । ਲੈਂਗੂਏਜ ਸਿਸਟਮ ਵਿਚ ਇਹ ਕਰ ਦਿਤਾ ਕਿ ਉਰਦੂ ਪੜ੍ਹ ਲਵੋ, ਅੰਗ੍ਰੇਜ਼ੀ ਪੜ੍ਹ ਲਵੋ, ਪੰਜਾਬੀ ਪੜ੍ਹ ਲਵੋ, ਪਰ ਹਿੰਦੀ ਪੜ੍ਹਨ ਵਾਸਤੇ ਬੱਚਿਆਂ ਨੂੰ ਇਜਾਜ਼ਤ ਨਹੀਂ

[ਚੌਧਰੀ ਸੁੰਦਰ ਸਿੰਘ]

ਦਿਤੀ ਬੱਚੇ ਉਸੇ ਜ਼ਬਾਨ ਵਿਚ ਪੜ੍ਹਨਗੇ ਜਿਹੜੀ ਵਿਚ ਉਨ੍ਹਾਂ ਦੇ ਚੰਗੇ ਨੰਬਰ ਆਉਣਗੇ, ਪਰ ਇਹ ਇਜਾਜ਼ਤ ਨਹੀਂ ਦਿੰਦੇ। ਮੈਂ ਕਹਿੰਦਾ ਹਾਂ ਕਿ ਨੈਸ਼ਨਲ ਲੈਂਗੂਏਜ ਕਿਸ ਤਰ੍ਹਾਂ ਡਿਵੈਲਪਮੈਂਟ ਕਰੇਗੀ, ਜਦ ਤਕ ਤੁਸੀਂ ਇਧਰ ਬੈਠੇ ਹੋ। ਤੁਹਾਡੇ ਵਰਗੇ ਆਦਮੀ ਹੀ ਇਸ ਦੀ ਡਿਵੈਲਪਮੈਂਟ ਨਹੀਂ ਹੋਣ ਦਿੰਦੇ। ਇਥੇ ਕਈਆਂ ਨੇ ਕਿਹਾ ਅਤੇ ਚੌਧਰੀ ਸਾਹਿਬ ਨੇ ਵੀ ਕਿਹਾ ਕਿ ਸਾਰੇ ਪੰਜਾਬ ਵਾਸਤੇ ਲੜਨਾ ਚਾਹੀਦਾ ਹੈ। ਮੈਂ ਦਸਦਾ ਹਾਂ ਕਿ ਇਹ ਕਿਸ ਤਰ੍ਹਾਂ ਲੜਨ ਲਈ ਕਹਿੰਦੇ ਹਨ ਕਿ ਜ਼ਮੀਨ ਵਾਲੇ ਪਾਸੇ ਨਹੀਂ ਆਉਣਾ ਚਾਹੀਦਾ, ਹੋਰ ਚੀਜ਼ਾਂ ਵਾਸਤੇ ਲੜਨਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਰੀਹੈਬਲੀਟੇਸ਼ਨ ਕਿਸ ਤਰ੍ਹਾਂ ਹੋਵੇਗੀ। ਜਿਹੜਾ ਤੁਸੀਂ ਬੱਚਿਆਂ ਨੂੰ ਹਿੰਦੀ ਪੜ੍ਹਨ ਦੀ ਇਜਾਜ਼ਤ ਨਹੀਂ ਦਿੰਦੇ ਮੈਂ ਤੁਹਾਨੂੰ ਦੱਸਦਾਂ ਹਾਂ ਕਿ ਉਸ ਦਾ ਕੀ ਨਤੀਜਾ ਨਿਕਲੇਗਾ, ਤੁਹਡਾ ਪੰਜਾਬ ਹੋਰ ਉਜੜੇਗਾ ਜਿਥੇ ਕੋਈ ਆਦਮੀ ਆਪਣੀ ਨੈਸ਼ਨਲ ਲੈਂਗੂਏਜ ਨਹੀਂ ਪੜ੍ਹ ਸਕਦਾ ਉਥੇ ਕਿੰਨਾਂ ਕੁ ਨੈਸ਼ਨਲਇਜ਼ਮ ਆ ਸਕਦਾ ਹੈ ? ਤੁਹਾਡੇ ਵਿਚੋਂ ਵੀ ਬਹੁਤ ਸਾਰੇ ਹਨ, ਜਿਹੜੇ ਹਿੰਦੀ ਪੜ੍ਹਨਾ ਚਾਹੁੰਦੇ ਹਨ, ਪਰ ਕਿਉਂਕਿ ਤੁਸੀਂ ਇਹ ਕਰ ਬੈਠੇ ਹੋ ਕਿ ਹਿੰਦੀ ਨਹੀਂ ਪੜ੍ਹਨ ਦੇਣੀ ਇਸ ਲਈ ਨਹੀਂ ਪੜ੍ਹਦੇ। ਤੁਸੀਂ ਲੈਂਗੂਏਜ ਦੇ ਮਸਲੇ ਤੇ ਮਾਸਿਜ਼ ਨੂੰ ਐਕਸਪਲਾਇਟ ਕਰਦੇ ਪਏ ਹੋ। ਤੁਹਾਡੇ ਜ਼ਿਮੀਂਦਾਰ ਭਾਈ ਜਿੰਨੇ ਵੀ ਹਨ ਉਹ ਹਿੰਦੀ ਨੂੰ ਚਾਹੁੰਦੇ ਹਨ, ਪਰ ਤੁਸੀਂ ਇਕ ਢੌਂਗ ਰਚਾਇਆ ਹੋਇਆ ਹੈ ਕਿ ਪੰਜਾਬੀ ਪੜ੍ਹੋ। ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਇਸ ਤਰ੍ਹਾਂ ਕਰਦੇ ਰਹੇ ਤਾਂ ਤੁਹਾਡੇ ਨਾਲ ਕਿਸੇ ਨੇ ਵੀ ਨਹੀਂ ਰਹਿਣਾ। ਹੁਸ਼ਿਆਰਪੁਰ, ਗੁਰਦਾਸਪੁਰ ਆਦਿ ਜਿੰਨੇ ਵੀ ਇਲਾਕੇ ਹਨ ਇਹ ਤੁਹਾਡੇ ਨਾਲ ਨਹੀਂ ਰਹਿਣਗੇ ਸਿਰਫ਼ ਇਸ ਹਿੰਦੀ ਦੇ ਮਸਲੇ ਤੇ। ਮੈਂ ਨਹੀਂ ਸਾਂ ਬੋਲਣਾ ਚਾਹੁੰਦਾ (ਵਿਘਨ) ਮੈਂ ਸਮਝਦਾ ਹਾਂ ਕਿ ਹਿੰਦੀ ਪੜ੍ਹਨ ਵਿਚ ਨਾ ਕੋਈ ਤਕਲੀਫ਼ ਹਿੰਦੂ ਨੂੰ ਹੈ ਅਤੇ ਨਾ ਹੀ ਕਿਸੇ ਸਿੱਖ ਨੂੰ ਕੋਈ ਤਕਲੀਫ਼ ਹੈ, ਪਰ ਇਨ੍ਹਾਂ ਨੂੰ ਹੀ ਸ਼ਾਇਦ ਕੋਈ ਤਕਲੀਫ਼ ਹੁੰਦੀ ਹੋਵੇ (ਵਿਘਨ) ਡਕਾਲੇ ਦੀ ਸੀਟ ਤੇ ਜਦੋਂ ਮੈਂ ਇਲੈਕਸ਼ਨਜ਼ ਵੇਲੇ ਗਿਆ ਮੈਂ ਹਰੀਜਨਾਂ ਨੂੰ ਕਿਹਾ ਕਿ ਇਨ੍ਹਾਂ ਨੂੰ ਇਥੋਂ ਕਢੋ, ਇਹ ਤੁਹਾਡੇ ਪਿਛੇ ਪਏ ਹੋਏ ਨੇ, ਇਹ ਤੁਹਾਨੂੰ ਇਥੋਂ ਭਜਾਉਣ ਮਗਰ ਪਏ ਹੋਏ ਨੇ (ਵਿਘਨ) ਮੈਂ ਹਰੀਜਨਾਂ ਨੂੰ ਕਿਹਾ ਕਿ ਹੁਣ ਤੁਹਾਨੂੰ ਟਿਕਟ ਸੁਝਦਾ ਪਿਆ ਹੈ ਪਰ ਬਾਅਦ ਵਿਚ ਤੁਸੀਂ ਪਛਤਾਉਗੇ, ਜਦੋਂ ਇਹ ਤੁਹਾਡੇ ਮਗਰ ਪੈਣਗੇ। ਕੀ ਹੋਇਆ ਜੇ ਦਿਹਾਤਾਂ ਵਿਚ 2,4 ਜਾਂ 10 ਦੀ ਸੇ ਹੋਈ ਪਰ ਬਹੁਤਿਆਂ ਦੀ ਹਾਲਤ ਬਹੁਤ ਹੀ ਬੁਰੀ ਹੈ। (ਵਿਘਨ) ਮੈਂ ਦਸਦਾ ਹਾਂ ਕਿ ਸਰਦਾਰ ਗੁਰਮੀਤ ਸਿੰਘ ਨੇ ਮੈਨੂੰ ਕਿਹਾ ਕਿ ਤੂੰ ਗੁਰੂ ਨਾਨਕ ਦੇਵ ਜੀ ਦਾ ਨਾਂ ਲੈਂਦਾ ਏਂ ਇਸ ਲਈ ਤੂੰ ਇਧਰ ਆ ਜਾ। ਮੈਂ ਕਿਹਾ ਕਿ ਤੁਹਾਡਾ ਦਿਲ ਬੜਾ ਤੰਗ ਹੈ। ਮੈਂ ਕਿਹਾ ਕਿ ਜਿਹੜੇ ਸਾਡੇ ਵਿਚੋਂ ਤੁਹਾਡੇ ਵਲ ਆਏ ਹਨ, ਉਨ੍ਹਾਂ ਦਾ ਘਰ-ਘਾਟ ਨਹੀਂ ਸੀ ਉਹ ਘਰ ਲੈਣ ਵਾਸਤੇ ਹੀ ਉਧਰ ਗਏ ਹਨ। ਗੌਰਮਿੰਟ ਠੀਕ ਹੋਵੇ. ਕਿਸੇ ਨੂੰ ਆਪਣੀ ਜਗ੍ਹਾ ਬਦਲਣ ਦੀ ਜ਼ਰੂਰਤ ਨਹੀਂ ਪੈਂਦੀ। ਮੈਂ ਕਹਾਂਗਾ ਕਿ ਜਿਹੜਾ ਲੈਂਗੂਏਜ ਦਾ ਮਸਲਾ ਹੈ, ਇਹ ਮਸਲਾ ਜਿਆਦਾ ਛਿੜੇਗਾ। ਅਤੇ ਤੁਹਾਡਾ ਪੰਜਾਬ ਜ਼ਿਆਦਾ ਉਜੜੇਗਾ। ਜਿਹੜੇ ਲੋਕ ਘਰ ਛਡ ਛਡ ਕੇ ਜਾਂਦੇ ਹਨ ਇਹ ਤੁਹਾਡੀ ਤਬਾਹੀ ਦਾ ਕਾਰਣ ਬਣਨਗੇ। ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਦੇ ਸਾਰੇ ਲੋਕੀ ਹਿੰਦੂ ਮਾਈਂਡਿਡ ਹਨ ਉਹ ਕਿਧਰੇ ਹੋਰ ਚਲੇ ਜਾਣਗੇ। ਮੈਂ ਹਰੀਜਨਾਂ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਲੈਂਗੂਏਜ ਦੇ ਮਸਲੇ ਤੇ ਨਹੀਂ ਆਉਣਾ ਚਾਹੀਦਾ। ਤੁਹਾਨੂੰ ਸਾਰਿਆਂ ਨੂੰ ਇਕਠਾ ਹੋਣਾ ਚਾਹੀਦਾ ਹੈ ਭਾਵੇਂ ਕਿਵੇਂ ਵੀ ਹੋਵੇ। ਇਹ ਤਾਂ ਤੁਹਾਨੂੰ ਕਢਣ ਲਈ ਇਕ ਸਿਸਟਮ ਬਣਾ ਰਹੇ ਹਨ ਅਤੇ ਕਹਿੰਦੇ ਹਨ ਕਿ ਕਮਿਊਨਿਸਟ ਬੜੇ ਖਰਾਬ ਹਨ। ਮੈਂ ਅਰਜ਼ ਕਰਾਂ ਕਿ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ :

"I am a foremost communist. Although I used caste and other facilities offered by the rich but they have no hold on me. I can

shed them at a moment's notice when the interest of the masses demands it."

ਇਸ ਵਾਸਤੇ ਤੁਹਾਨੂੰ ਕਮਿਊਨਿਸਟਾਂ ਕੋਲੋਂ ਇਹ ਨਹੀਂ ਸੁਣਨਾ ਚਾਹੀਦਾ । ਐਵਰੀ ਸੈਂਸੀਬਲ ਪਰਸਨ ਇਜ਼ ਏ ਕਮਿਊਨਿਸਟ । ਇਸ ਵਾਸਤੇ ਜਿਹੜਾ ਆਦਮੀ "ਵੰਡ ਖਾਏ, ਖੰਡ ਖਾਏ" ਵਿਚ ਵਿਸ਼ਵਾਸ ਕਰਦਾ ਹੈ ਉਹ ਕਾਂਗਰਸ ਦੇ ਪੂਰਨਿਆਂ ਤੇ ਚਲੇਗਾ । ਜਿਹੜਾ ਆਦਮੀ ਇਹ ਸਮਝਦਾ ਹੈ ਕਿ ਮੈਂ ਕਬਜ਼ਾ ਜਮਾਉਣਾ ਹੈ ਔਰ ਮੈਂ ਕਬਜ਼ਾ ਜਮਾ ਕੇ ਸਾਰੀ ਦੁਨੀਆਂ ਨੂੰ ਅਧੀਨ ਕਰਨਾ ਹੈ ਉਹ ਆਦਮੀ ਕਦੇ ਵੀ ਕਾਮਯਾਬ ਨਹੀਂ ਹੋ ਸਕਦਾ । ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਵਾਮੀ ਵਿਵੇਕਾ ਨੰਦ ਜੀ ਨੇ ਕਿਹਾ ਸੀ ਕਿ ਜਿਸ ਚੀਜ਼ ਦੀ ਕਿਸੇ ਨੂੰ ਲੋੜ ਹੈ, ਚਾਹੇ ਕਪੜਾ ਹੈ, ਚਾਹੇ ਰੋਟੀ ਹੈ, ਚਾਹੇ ਮਕਾਨ ਆਦਿ ਆਦਿ ਹੈ ਉਹ ਹਰ ਇਕ ਨੂੰ ਮਿਲਣੀ ਚਾਹੀਦੀ ਹੈ । ਉਨ੍ਹਾਂ ਦਾ ਇਹ ਮਨਸ਼ਾ ਨਹੀਂ ਸੀ ਕਿ ਹਰੀਜਨਾਂ ਨੂੰ ਜ਼ਮੀਨਾਂ ਤੋਂ ਕਢ ਦਿਉ ਅਤੇ ਆਪ ਕਬਜ਼ੇ ਜਮਾ ਲਵੋ । ਮੈਂ ਦਸਦਾ ਹਾਂ ਕਿ ਪਿੰਡਾਂ ਵਿਚ ਜਿਹੜੀਆਂ ਪੰਚਾਇਤਾਂ ਦੀਆਂ ਜ਼ਮੀਨਾਂ ਹਨ ਉਨ੍ਹਾਂ ਉਤੇ ਮਨਿਸਟਰਜ਼ ਅਤੇ ਮਨਿਸਟਰਾਂ ਦੇ ਰਿਸ਼ਤੇਦਾਰਾਂ ਨੇ ਕਬਜ਼ੇ ਕੀਤੇ ਹੋਏ ਹਨ, ਉਹ ਦਿਨ ਰਾਤ ਇਕ ਪਏ ਕਰਦੇ ਹਨ ਹਰੀਜਨਾਂ ਨੂੰ ਕਢਣ ਦੀ ਖਾਤਰ । ਜਿਹੜਾ ਸਾਰੀ ਦੁਨੀਆਂ ਨਾਲ ਪਿਆਰ ਕਰਦਾ ਹੈ ਉਨ੍ਹਾਂ ਬਾਰੇ ਉਨ੍ਹਾਂ ਮਹਾਨ ਪੁਰਸ਼ਾਂ ਨੇ ਕਿਹਾ ਸੀ :

> "All expansion is life, all contraction is death. All love is expansion, all selfishness is contraction. He, who loves, lives. He, who is selfish is dying. Therefore, love for love's sake because it is the only law of life."

ਪਰ ਇਹ ਜਿਹੜੇ ਸੈਲਫ਼ਿਸ਼ ਬਣਦੇ ਪਏ ਨੇ, ਇਨ੍ਹਾਂ ਨੂੰ ਕੋਈ ਬਚਾ ਨਹੀਂ ਸਕਦਾ । ਮੇਰੀ ਗੱਲ ਨੋਟ ਕਰ ਲਵੋ, ਇਹ ਆਦਮੀ ਜਿਹੜੇ ਇਸ ਤਰ੍ਹਾਂ ਕਰਦੇ ਪਏ ਨੇ ਇਹ ਕਾਮਯਾਬ ਨਹੀਂ ਹੋ ਸਕਣਗੇ । ਮੈਂ ਦਸਣਾ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਜਿਨ੍ਹਾਂ ਇਨ੍ਹਾਂ ਚੀਜ਼ਾਂ ਵਲ ਖ਼ਿਆਲ ਕਰੋਗੇ ਅਤੇ ਹਰੀਜਨਾਂ ਦੀਆਂ ਜ਼ਮੀਨਾਂ ਖੋਹਣ ਦੇ ਯਤਨ ਕਰੋਗੇ ਤੁਸੀਂ ਸਾਰੇ ਦੁਖੀ ਹੋਵੋਗੇ । ਇਥੇ ਕਈਆਂ ਨੇ ਇਸ ਰੇਜ਼ੋਲਿਊਸ਼ਨ ਤੇ ਬੋਲਿਆ । ਚੌਧਰੀ ਬਲਬੀਰ ਸਿੰਘ ਨੇ ਵੀ ਜ਼ਮੀਨਾਂ ਦੀ ਗੱਲ ਕੀਤੀ । ਇਹ ਸਮਝਦੇ ਹਨ ਕਿ ਵੋਟਰਾਂ ਨੂੰ ਕੋਈ ਸਮਝ ਨਹੀਂ । ਪਰ ਹੁਣ ਗ਼ਰੀਬਾਂ ਨੂੰ ਪਤਾ ਲੱਗ ਗਿਆ ਹੈ ਕਿ ਕਿਹੜਾ ਕਿਹੜਾ ਮਾੜਾ ਹੈ । ਇਹ ਆਪਣੀ ਸਪੀਚ ਵਿਚ ਸਾਰੀ ਦੁਨੀਆਂ ਨੂੰ, ਭਾਵੇਂ ਕਾਂਗਰਸ ਹੈ, ਜਨਸੰਘ ਹੈ, ਕਮਿਊਨਿਸਟ ਹੈ, ਸਾਰਿਆਂ ਨੂੰ ਰੋੜ੍ਹ ਗਿਆ ਅਤੇ ਕਹਿ ਗਿਆ ਕਿ ਸਾਨੂੰ ਵੀ ਵੋਟ ਦਿਉ । ਮੈਂ ਸਭ ਜਾਣਦਾ ਹਾਂ ਕਿ ਇਹ ਕਿੰਨੇ ਪਾਣੀ ਵਿਚ ਹਨ । ਪਿਛਲੀ ਵਾਰੀ ਮੈਂ ਆ ਰਿਹਾ ਸੀ ਤੇ ਇਕ ਡਰਾਈਵਰ ਨੇ ਕੰਡਕਟਰ ਦੇ ਗਲ ਵਿਚ ਗਲਾਵਾਂ ਪਾ ਕੇ ਉਸ ਨੂੰ ਮਾਰਿਆ । ਮੈਂ ਕਿਹਾ ਕਿ ਤੂੰ ਕੌਣ ਏਂ, ਉਹ ਕਹਿਣ ਲੱਗਾ ਕਿ ਮੇਰਾ ਨਾਂ ਮੋਹਣ ਸਿੰਘ ਹੈ ਅਤੇ ਮੈਂ ਬਲਬੀਰ ਸਿੰਘ ਦਾ ਡਰਾਈਵਰ ਹਾਂ । ਮੈਂ ਕਿਹਾ ਕਿ ਮੈਂ ਤੇਰੀ ਰਿਪੋਰਟ ਕਰਾਂਗਾ ਤੂੰ ਵਧੀਕੀ ਕੀਤੀ ਹੈ ਤੇ ਉਸ ਨੂੰ ਮਾਰਿਆ ਹੈ । ਉਹ ਕਹਿਣ ਲੱਗਾ ਮੈਂ ਬਲਬੀਰ ਸਿੰਘ ਦਾ ਡਰਾਈਵਰ ਹਾਂ । ਮੈਂ ਬੜਾ ਹੈਰਾਨ ਹੋਇਆ ਕਿ ਇਕ ਕੰਡਕਟਰ ਗੌਰਮਿੰਟ ਦਾ ਮੁਲਾਜ਼ਮ ਹੈ ਔਰ ਉਸ ਦੀ ਇਹ ਹਾਲਤ । ਇਸ ਤਰ੍ਹਾਂ ਉਸ ਨੂੰ ਕੋਈ ਮਾਰੇ । (ਵਿਘਨ)

ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਸ ਰੇਜ਼ੋਲਿਊਸ਼ਨ ਤੇ ਜੇ ਸਹੀ ਤੌਰ ਤੇ ਅਮਲ ਕਰਨਾ ਹੋਵੇ ਤਾਂ ਤੁਹਾਨੂੰ ਆਪਣੇ ਆਪ ਨੂੰ ਪਹਿਲਾਂ ਠੀਕ ਕਰਨਾ ਪਵੇਗਾ । ਇਹ ਮੇਰੇ ਕੋਲ ਕਿਤਾਬ ਹੈ ਇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਕਿਹਾ ਸੀ ਕਿ :

[ਚੌਧਰੀ ਸੁੰਦਰ ਸਿੰਘ]

"When hungry man asks you for food do not make excuses. Give away what you have and you will be blessed. A poor man's mouth is indeed a Guru's Treasury."

ਗੁਰੂ ਸਾਹਿਬ ਨੇ ਕਿਹਾ ਕਿ ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ ਹੈ। ਪਰ ਇਥੇ ਇਨ੍ਹਾਂ ਤਾਂ ਆਪਣੀ ਜੇਬ ਹੀ ਖਜ਼ਾਨਾ ਬਣਾਇਆ ਹੋਇਆ ਹੈ। ਕਹਿੰਦੇ ਹਨ ਕਿ ਅਨੰਦਪੁਰ ਸਾਹਿਬ ਨੂੰ ਚੰਗਾ ਬਣਾਉਣਾ ਹੈ, ਬੀਊਟੀਫਾਈ ਕਰਨਾ ਹੈ ਪਰ ਜੋ ਉਥੇ ਹਰੀਜਨ ਹਨ ਉਨ੍ਹਾਂ ਨੂੰ ਘਰਾਂ ਤੋਂ ਕਢ ਰਹੇ ਹਨ। ਠੀਕ ਹੈ ਗੁਰਦੁਆਰਿਆਂ ਤੇ ਖਰਚ ਕਰੋ ਮੈਂ ਗੁਰਦੁਆਰਿਆਂ ਦੇ ਖ਼ਿਲਾਫ਼ ਨਹੀਂ ਹਾਂ ... (ਵਿਘਨ)

ਜਥੇਦਾਰ ਹਰਦਿਤ ਸਿੰਘ ਪੁਹਲੀ : ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਜਦੋਂ 24 ਸਾਲ ਤਕ ਇਥੇ ਰਾਜ ਕਰਦੇ ਰਹੇ ਤਾਂ ਇਨ੍ਹਾਂ ਨੇ ਗ਼ਰੀਬਾਂ ਦੀ ਤੇ ਹਰੀਜਨਾਂ ਦੀ ਕੀ ਮਦਦ ਕੀਤੀ, ਉਨ੍ਹਾਂ ਦਾ ਕਚੂਮਰ ਹੀ ਕਢਿਆ ਸੀ (ਵਿਘਨ)।

ਚੌਧਰੀ ਸੁੰਦਰ ਸਿੰਘ : ਚੇਅਰਮੈਨ ਸਾਹਿਬ, ਮੈਂ ਅਰਜ਼ ਕਰਾਂ ਕਿ ਗੁਰੂ ਸਾਹਿਬ ਦਾ ਇਹ ਨਾਮ ਲੈਂਦੇ ਹਨ ਪਰ ਉਨ੍ਹਾਂ ਦੇ ਕਹਿਣ ਤੇ ਚਲਦੇ ਨਹੀਂ। ਇਕ ਵਾਰੀ ਇਕ ਸੁਨਿਆਰੇ ਦਾ ਮੁੰਡਾ ਗੁਰੂ ਸਾਹਿਬ ਪਾਸ ਅਨੰਦਪੁਰ ਗਿਆ। ਉਥੇ ਗੁਰੂ ਸਾਹਿਬ ਨੇ ਉਸ ਨੂੰ ਇਕ ਪਾਣੀ ਦਾ ਗਿਲਾਸ ਲਿਆਉਣ ਲਈ ਕਿਹਾ। ਜਦੋਂ ਉਹ ਗਿਲਾਸ ਫੜਾਉਣ ਲਗਾ ਤਾਂ ਗੁਰੂ ਸਾਹਿਬ ਨੇ ਉਸ ਦੇ ਕੁੜੀਆਂ ਵਰਗੇ ਮੁਲਾਇਮ ਹੱਥ ਦੇਖ ਕੇ ਪੁਛਿਆ ਕਿ ਤੇਰੇ ਹਥ ਇੰਨੇ ਕੂਲੇ ਕਿਵੇਂ ਨੇ। ਉਸ ਨੇ ਕਿਹਾ ਮਹਾਰਾਜ ਅਸੀਂ ਚੰਗੇ ਅਮੀਰ ਹਾਂ, ਮੈਨੂੰ ਕਦੇ ਕੰਮ ਕਰਨ ਦੀ ਲੋੜ ਨਹੀਂ ਪਈ ਤੇ ਨਾ ਮੈਂ ਕਦੇ ਕੀਤਾ ਹੀ ਹੈ ਇਸ ਕਰਕੇ ਮੇਰੇ ਹੱਥ ਕੂਲੇ ਹਨ। ਗੁਰੂ ਸਾਹਿਬ ਨੇ ਪਾਣੀ ਦਾ ਗਿਲਾਸ ਸੁਟ ਦਿਤਾ ਤੇ ਕਿਹਾ ਕਿ ਜਿਸ ਨੇ ਕਦੇ ਕਿਸੇ ਦੀ ਸੇਵਾ ਨਹੀਂ ਕੀਤੀ ਉਸ ਦੇ ਹਥੋਂ ਮੈਂ ਪਾਣੀ ਨਹੀਂ ਪੀਣਾ। ਮੈਨੂੰ ਇਹ ਦੱਸਣ ਇਨ੍ਹਾਂ ਵਿਚੋਂ ਕਿੰਨਿਆਂ ਨੇ ਕਦੇ ਡਿਘੀ ਫੜੀ ਹੈ ਇਹ ਜ਼ਮੀਨਾਂ ਦੇ ਮਾਲਕ ਬਣੇ ਫਿਰਦੇ ਹਨ। ਜਦੋਂ ਪਾਕਿਸਤਾਨ ਬਣਿਆਂ ਸੀ ਤਾਂ ਮੁਸਲਿਮ ਲੀਗ ਨੇ ਸਾਨੂੰ ਕਿਹਾ ਸੀ ਕਿ ਤੁਸੀਂ 18 ਕਰੋੜ ਹੋ ਸਾਡੇ ਨਾਲ ਆ ਜਾਵੋ ਤੁਹਾਨੂੰ ਜ਼ਮੀਨ ਦੇ ਦੇਵਾਂਗੇ। ਸਰਦਾਰ ਆਤਮਾ ਸਿੰਘ ਜੀ ਉਹ ਸਾਡੀ ਜ਼ਮੀਨ ਜੋ ਸਾਡਾ ਹਿੱਸਾ ਬਣਦਾ ਹੈ ਤੁਸੀਂ ਤੇ ਤੁਹਾਡੇ ਰਿਸ਼ਤੇਦਾਰਾਂ ਨੇ ਲਈ ਹੋਈ ਹੈ। ਉਹ ਸਾਡੀ ਜ਼ਮੀਨ ਹੈ। (ਵਿਘਨ) ਇਹ ਕਹਿੰਦੇ ਹਨ ਕਿ ਹੋਮਲੈਂਡ ਬਣ ਜਾਵੇ ਤਾਂ ਸਭ ਕੁਝ ਠੀਕ ਹੋ ਜਾਵੇਗਾ। ਸਾਨੂੰ ਹੋਮਲੈਂਡ ਤੋਂ ਕੋਈ ਖ਼ਤਰਾ ਨਹੀਂ ਹੈ, ਬਣਨਾ ਚਾਹੀਦਾ ਹੈ, ਇਨ੍ਹਾਂ ਨੂੰ ਮਿਲਣਾ ਚਾਹੀਦਾ ਹੈ, ਸਾਡੀ ਇਨ੍ਹਾਂ ਤੋਂ ਖ਼ਲਾਸੀ ਤਾਂ ਹੋ ਜਾਊ (ਹਾਸਾ) ਅਸੀਂ ਸੁਖ ਦਾ ਸਾਹ ਤਾਂ ਲਵਾਂਗੇ। ਜੇ ਇਨ੍ਹਾਂ ਨੂੰ ਹੋਮਲੈਂਡ ਮਿਲ ਜਾਊ ਤਾਂ ਸਾਨੂੰ 18 ਕਰੋੜ ਨੂੰ ਨਾ ਮਿਲੂ ? ਅੱਜ ਸਾਡੇ ਨਾਲ ਇਹ ਕੀ ਸਲੂਕ ਕਰ ਰਹੇ ਹਨ। ਸਾਡਾ ਗੁਰੂ ਤੁਹਾਡੇ ਨਾਲੋਂ ਪਿਛੇ ਨਹੀਂ। ਮੈਂ ਆਪ ਨੂੰ ਗੁਰੂ ਰਵਿਦਾਸ ਦੀ ਬਾਣੀ ਪੜ੍ਹ ਕੇ ਸੁਣਾਉਂਦਾ ਹਾਂ, ਉਨ੍ਹਾਂ ਨੇ ਕਿਹਾ ਹੈ ਕਿ ਉਥੇ ਗ਼ਮ ਵੀ ਨਹੀਂ ਹੋਣਗੇ :

ਬੇਗਮਪੁਰਾ ਸਹਰ ਕਾ ਨਾਉ। ਦੂਖੁ ਅੰਦੋਹੁ ਨਹੀ ਤਿਹਿ ਠਾਉ।
ਨ ਤਸਵੀਸ ਖਿਰਾਜੁ ਨ ਮਾਲੁ। ਖਉਫੁ ਨ ਖਤਾ ਨ ਤਰਸੁ ਜਵਾਲੁ।
ਅਬ ਮੋਹਿ ਖੂਬ ਵਤਨ ਗਹ ਪਾਈ। ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ।
ਦੋਮ ਨ ਸੇਮ, ਏਕ ਸੋ ਆਹੀ।
ਅਬਾਦਾਨੁ ਸਦਾ ਮਸਹੂਰ। ਊਹਾਂ ਗਨੀ ਬਸਹਿ ਮਾਮੂਰ ॥੨॥

ਤਿਉ ਤਿਉ ਸੈਲ ਕਰਹਿ ਜਿਉ ਭਾਵੈ । ਮਹਰਮ ਮਹਲ ਨ ਕੋ ਅਟਕਾਵੈ ।
ਕਹਿ ਰਵਿਦਾਸ ਖਲਾਸ ਚਮਾਰਾ । ਜੋ ਹਮ ਸਹਰੀ ਸੋ ਮੀਤੁ ਹਮਾਰਾ ॥ ੩ ॥ ੨ ॥
ਉਨ੍ਹਾਂ ਨੇ ਕਿਹਾ ਹੈ ਕਿ ਨਾ ਕੋਈ ਦੋਇਮ ਹੈ ਨਾ ਸੋਇਮ ਹੈ, ਕੋਈ ਦਰਜੇ ਨਹੀਂ ਹੋਣਗੇ ।

ਸਿਰਦਾਰ ਕਪੂਰ ਸਿੰਘ : ਉਸ "ਬੇਗਮਪੁਰੇ" ਵਿਚ ਨਾਂ ਤਾਂ ਟੈਕਸ ਲਗ ਸਕਣਗੇ ਅਤੇ ਨਾ ਮਾਲੀਆ ਹੀ ਉਗਰਾਹਿਆ ਜਾ ਸਕੇਗਾ । ਤਦ ਇਹ ਟੀ. ਏ. ਡੀ. ਏ. ਕਿਥੋਂ ਲੈਣਗੇ ?

ਚੌਧਰੀ ਸੁੰਦਰ ਸਿੰਘ : ਸਾਨੂੰ ਟੈਕਸਾਂ ਦੀ ਲੋੜ ਨਹੀਂ । ਜਿਸ ਸੋਸਾਇਟੀ ... (ਵਿਘਨ)

ਭਗਤ ਗੁਰਾਂਦਾਸ ਹੰਸ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਰਦਾਰ ਜੀ ਦੇ ਕਹਿਣ ਮੁਤਾਬਿਕ ਉਹ ਉਹੀ ਜਗ੍ਹਾ ਹੈ ਜਿਥੇ ਹਰੀਜਨ ਰਹਿੰਦੇ ਹਨ । ਉਨ੍ਹਾਂ ਨੂੰ ਨਾ ਰੋਟੀ ਮਿਲੇ ਨਾ ਕਪੜਾ ਪਰ ਟੈਕਸ ਲਗਦੇ ਹਨ ।

ਚੌਧਰੀ ਸੁੰਦਰ ਸਿੰਘ : ਜਿਹੜੀ ਉਹ ਸੋਸਾਇਟੀ ਹੋਵੇਗੀ ਉਹ ਇਸ ਗਲ ਦੀ ਸੰਭਾਲ ਕਰੇਗੀ, ਉਸ ਵਿਚ ਉਹ ਲੋਕ ਹੋਣਗੇ ਜਿਹੜੇ ਆਪ ਕੰਮ ਕਰਨਗੇ । ਪੈਸੇ ਦੇ ਕੇ ਦੂਜੇ ਤੋਂ ਕੰਮ ਲੈਣ ਵਾਲੇ ਨਹੀਂ । ਜਿਹੜੇ ਲੋਕ ਹੱਥੀਂ ਕੰਮ ਕਰਨਗੇ, ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਗ਼ਰੀਬ ਜਿਹੜੇ ਅੱਜ ਤੁਹਾਡੇ ਹੇਠਾਂ ਕੰਮ ਕਰਦੇ ਹਨ, ਇਹ ਅਗੇ ਵਧਣਗੇ । ਮੈਂ ਇਨ੍ਹਾਂ ਆਪਣੇ ਭਰਾਵਾਂ ਨੂੰ ਕਹਾਂਗਾ ਕਿ ਤੁਸੀਂ ਰੋਟੀ ਕਪੜਾ ਕਿਸ ਪਾਸੋਂ ਮੰਗਦੇ ਹੋ ? ਕੀ ਇਹ ਕਿਸੇ ਨੂੰ ਕੁਝ ਦੇਣ ਵਾਲੇ ਹਨ ? ਜਿਹੜੇ ਆਪ ਹੀ ਨਹੀਂ ਰੱਜਦੇ ਉਨ੍ਹਾਂ ਨੇ ਤੁਹਾਨੂੰ ਕੀ ਦੇਣਾ ਹੈ । ਇਸ ਲਈ ਪਾਂਧੀ ਸਾਹਿਬ ਨੂੰ ਕਹਾਂਗਾ :

> No man can get his rights by request, rights are wrested from unwilling hands.

ਹੱਥ ਮਰੋੜੇ ਬਿਨਾਂ ਕੁਝ ਨਹੀਂ ਮਿਲਦਾ । ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਆਪ ਨੂੰ ਵੋਟ ਦਾ ਹੱਕ ਮਿਲਿਆ ਹੈ, ਇਸ ਨੂੰ ਸਮਝੋ, ਤੁਸੀਂ ਤਾਂ ਧਰਮ ਦੀਆਂ ਗੱਲਾਂ ਵਿਚ ਪਏ ਹੋਏ ਹੋ । ਗੱਲ ਤਾਂ ਅੱਜ ਹੀ ਬਣ ਸਕਦੀ ਹੈ । ਇਕ ਮਿੰਟ ਵਿਚ ਇਨ੍ਹਾਂ ਨੂੰ ਖ਼ਤਮ ਕਰੋ ਤਾਂ ਜੋ ਤੁਹਾਨੂੰ ਰੋਟੀ, ਕਪੜਾ ਅਤੇ ਮਕਾਨ ਮਿਲ ਸਕੇ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

ਕਾਮਰੇਡ ਦਰਸ਼ਨ ਸਿੰਘ ਝਬਾਲ (ਅਟਾਰੀ, ਐਸ. ਸੀ.) : ਚੇਅਰਮੈਨ ਸਾਹਿਬ, ਇਸ ਮਤੇ ਨੂੰ ਡਾਕਟਰ ਕੇਵਲ ਕ੍ਰਿਸ਼ਨ ਨੇ ਸਪਸ਼ਟ ਸ਼ਬਦਾਂ ਵਿਚ ਰਖਿਆ ਹੈ । ਅਜ ਇਸ ਤੇ ਬਹਿਸ ਹੁੰਦੀ ਨੂੰ ਦੂਜਾ ਹਫਤਾ ਹੈ । ਅਗਰ ਇਸ ਤੇ ਇਤਨੀਆਂ ਲੰਬੀਆਂ ਚੌੜੀਆਂ ਤਕਰੀਰਾਂ ਦੀ ਲੋੜ ਨਹੀਂ ਸੀ । ਹੁਣ ਤਕ ਤਾਂ ਇਹ ਮਤਾ ਹਾਊਸ ਵਿਚ ਸਰਵਸੰਮਤੀ ਨਾਲ ਪਾਸ ਹੋ ਜਾਣਾ ਚਾਹੀਦਾ ਸੀ । ਮੈਨੂੰ ਦੁਖ ਹੈ ਕਿ ਇਸ ਤੇ ਹਾਲੇ ਤਾਈਂ ਬਹਿਸ ਚਲ ਰਹੀ ਹੈ । ਪਹਿਲਾਂ ਇਸ ਨੂੰ ਟਾਕ ਆਊਟ ਕਰ ਦਿਤਾ ਗਿਆ ।

ਚੇਅਰਮੈਨ ਸਾਹਿਬ, ਜਿਥੋਂ ਤਕ ਇਸ ਮਤੇ ਵਿਚ ਰਖੀਆਂ ਮੰਗਾਂ ਦਾ ਸਵਾਲ ਹੈ, ਡਾਕਟਰ ਸਾਹਿਬ ਦੀ ਭਾਵਨਾ ਦਰੁਸਤ ਹੋ ਸਕਦੀ ਹੈ ... (ਵਿਘਨ) ਮੈਂ ਉਨ੍ਹਾਂ ਦੀ ਤਕਰੀਰ ਸੁਣੀ ਪਰ ਉਹ ਮਤੇ ਦੀਆਂ ਗੱਲਾਂ ਤੇ ਨਾ ਰਹੇ ਅਤੇ ਹਿੰਦੂ, ਸਿੱਖ ਅਤੇ ਬੋਲੀਆਂ ਦੇ ਸਵਾਲ ਅਤੇ ਹੋਰ ਸਵਾਲ ਇਸ ਬਹਿਸ ਵਿਚ ਲੈ ਆਏ ਇਸ ਨਾਲ ਮਤੇ ਦੀ ਸੰਜੀਦਗੀ ਖਤਮ ਹੋ ਗਈ । ਦੂਜੇ ਪਾਸਿਉਂ ਵੀ ਜੋ ਤਕਰੀਰਾਂ ਹੋਈਆਂ ਉਨ੍ਹਾਂ ਨਾਲ ਵੀ ਇਹ ਜੋ ਬੁਨਿਆਦੀ ਮਸਲੇ ਹਨ ਉਹ ਹਲ ਨਹੀਂ ਹੁੰਦੇ, ਜਿਨ੍ਹਾਂ ਨੂੰ ਕਿ ਹੱਲ ਕਰਨ ਦੀ ਲੋੜ ਹੈ । ਇਹ ਅਫਸੋਸ ਦੀ ਗੱਲ ਹੈ ਕਿ ਇਕ ਮੁਲਕ ਵਿਚ ਜਿਥੇ ਆਜ਼ਾਦੀ ਨੂੰ ਆਇਆਂ 24

[ਕਾਮਰੇਡ ਦਰਸ਼ਨ ਸਿੰਘ ਝਬਾਲ]

ਸਾਲ ਹੋ ਗਏ ਹੋਣ ਉਥੇ ਵੀ ਇਸ ਤਰ੍ਹਾਂ ਦਾ ਰੇਜ਼ੋਲਿਊਸ਼ਨ ਲਿਆਉਣਾ ਪਵੇ ਕਿ ਲੋਕਾਂ ਨੂੰ ਰੋਟੀ ਚਾਹੀਦੀ ਹੈ, ਮਕਾਨ ਚਾਹੀਦਾ ਹੈ। ਇਸ ਮਤੇ ਤੇ ਮੂਵਰ ਸਾਹਿਬ ਅਤੇ ਹੋਰ ਕਾਂਗਰਸੀ ਮੈਂਬਰ ਬੋਲਦੇ ਰਹੇ ਹਨ, ਇਨ੍ਹਾਂ ਦਾ ਇਥੇ 24 ਸਾਲ ਦਾ ਰਾਜ ਚਲਿਆ ਆ ਰਿਹਾ ਹੈ। ਇਨ੍ਹਾਂ ਨੇ ਦੇਸ਼ ਲਈ ਕੀ ਕੀਤਾ, ਇਹ ਰੋਟੀ ਕਪੜੇ ਦਾ ਸਵਾਲ ਹੱਲ ਕਿਉਂ ਨਾ ਕੀਤਾ ? ਇਨ੍ਹਾਂ ਨੇ ਤਾਂ ਸਗੋਂ ਮੁਲਕ ਨੂੰ ਦੁਨੀਆਂ ਭਰ ਦਾ, ਮੰਗਤਾ ਦੇਸ਼ ਬਣਾ ਦਿਤਾ। ਅਸੀਂ ਬਾਹਿਰ ਦੇ ਹਰ ਦੇਸ਼ ਪਾਸੋਂ ਰੋਟੀ ਕਪੜੇ ਲਈ ਹੱਥ ਅੱਡ ਰਹੇ ਹਾਂ। ਅਰਬਾਂ ਰੁਪਏ ਦਾ ਅਨਾਜ ਅਮਰੀਕਾ ਨੇ ਦਿਤਾ ਕਿਉਂਕਿ ਸਾਡੇ ਲੋਕ ਭੁੱਖੇ ਮਰ ਰਹੇ ਸਨ, ਅਸੀਂ ਕਹਿੰਦੇ ਸੀ ਕਿ ਅਸੀਂ ਭੁੱਖੇ ਮਰ ਰਹੇ ਹਾਂ ਸਾਨੂੰ ਅਨਾਜ ਦਿਉ । ਇਹ ਹਾਲਤ, ਭਿਖਮੰਗੇ ਵਾਲੀ ਸਾਡੀ ਕਾਂਗਰਸੀ ਰਾਜ ਵਿਚ ਬਣ ਗਈ। ਕਿਉਂ ? ਇਸ ਲਈ ਕਿ ਇਨ੍ਹਾਂ ਨੇ ਇਸ ਮੁਲਕ ਦੇ ਬੁਨਿਆਦੀ ਸਵਾਲਾਂ ਦਾ ਕੋਈ ਹੱਲ ਨਹੀਂ ਲੱਭਿਆ। ਇਨ੍ਹਾਂ ਤੋਂ ਇਨ੍ਹਾਂ ਦਾ ਪ੍ਰਬੰਧ ਨਹੀਂ ਹੋ ਸਕਿਆ । 1947 ਤੋਂ ਪਹਿਲਾਂ ਬੰਗਾਲ ਵਿਚ ਇਕ ਬਹੁਤ ਵੱਡਾ ਕਾਲ ਪਿਆ । ਉਦੋਂ ਜਦੋਂ ਲੋਕ ਭੁੱਖੇ ਮਰ ਰਹੇ ਸੀ ਤਾਂ ਪੰਡਿਤ ਨਹਿਰੂ ਜੀ ਨੇ ਕਿਹਾ ਸੀ ਕਿ ਉਏ ਲੋਕੋ ਚੂਹਿਆਂ ਦੀ ਮੌਤ ਨਾ ਮਰੋ, ਇਨਸਾਨ ਦੀ ਮੌਤ ਮਰੋ । ਉਹ ਇਹ ਗੱਲ ਕਹਿੰਦੇ ਸਨ ਕਿ ਜਿੰਨੇ ਵੀ ਗੁਦਾਮ ਅਨਾਜ ਦੇ ਭਰੇ ਹਨ ਇਨ੍ਹਾਂ ਨੂੰ ਲੁਟ ਲੈਣਾ ਚਾਹੀਦਾ ਹੈ ਕਿਉਂਕਿ ਜੀਵਨ ਜੀਉਣ ਦਾ ਹੱਕ ਹਰ ਇਕ ਨੂੰ ਹੈ ਅਤੇ ਜ਼ਖੀਰਾਬਾਜ਼ੀ ਦੀਆਂ ਥਾਵਾਂ ਨੂੰ ਕਬਜ਼ਾ ਕਰ ਲੈਣਾ ਹੱਕ ਦੀ ਗੱਲ ਹੈ। ਖੁਰਾਕ ਦਾ ਮਸਲਾ ਇਕ ਗੰਭੀਰ ਮਸਲਾ ਹੈ। ਸਰਦਾਰ ਪਰਤਾਪ ਸਿੰਘ ਕੈਰੋਂ ਜਦ ਚੀਫ਼ ਮਨਿਸਟਰ ਸਨ ਤਾਂ ਉਸ ਜ਼ਮਾਨੇ ਵਿਚ ਸਾਰਿਆਂ ਨੂੰ ਪਤਾ ਹੈ ਕਿ ਮੋਰਚੇ ਲਗੇ ਅਤੇ ਤਸ਼ੱਦਦ ਕੀਤਾ ਗਿਆ ਸੀ। ਅਨਾਜ ਬਾਹਰਲੇ ਦੇਸ਼ਾਂ ਤੋਂ ਮੰਗਵਾਇਆ ਗਿਆ ਸੀ । ਜਦ ਬੰਗਾਲ ਵਿਚ ਕਾਲ ਪਿਆ ਤਾਂ ਇਕ ਕਮੇਟੀ ਬਣਾਈ ਗਈ ਸੀ ਅਤੇ ਵੈਨਕਟਾਰਾਓ ਦੀ ਰਿਪੋਰਟ ਇਹ ਆਈ ਸੀ ਕਿ ਇਹ ਕਾਲ ਦੀ ਹਾਲਤ ਤਦ ਤਕ ਸੁਧਰ ਨਹੀਂ ਸਕਦੀ ਜਦ ਤਕ ਕਿ ਮੁਲਕ ਵਿਚ ਜ਼ਰਈ ਸੁਧਾਰ ਨਹੀਂ ਕੀਤਾ ਜਾਂਦਾ, ਸਗੋਂ ਦੇਸ਼ ਵਿਚ ਹੋਰ ਥਾਵਾਂ ਤੇ ਵੀ ਕਾਲ ਪਏਗਾ । ਪਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਓਹੀ ਜਗੀਰਦਾਰ, ਜਿਨ੍ਹਾਂ ਪਾਸੋਂ ਜ਼ਮੀਨਾਂ ਖੋਹਣੀਆਂ ਸਨ ਅਤੇ ਗਰੀਬਾਂ ਵਿਚ ਤਕਸੀਮ ਕਰਨੀਆਂ ਸਨ, ਭਾਵੇਂ ਉਹ ਕਾਂਗਰਸ ਰਾਜ ਸੀ ਜਾਂ ਅਕਾਲੀ ਸਰਕਾਰ ਹੈ, ਅਸੈਂਬਲੀਆਂ ਵਿਚ ਅਤੇ ਪਾਰਲੀਮੈਂਟ ਵਿਚ ਬੈਠੇ ਹੋਏ ਹਨ, ਉਹ ਕੁਝ ਨਹੀਂ ਕਰਨ ਦਿੰਦੇ । ਭਾਵੇਂ ਮੇਰੇ ਭਰਾ ਚੌਧਰੀ ਸੁੰਦਰ ਸਿੰਘ ਅਤੇ ਸਰਦਾਰ ਦਰਸ਼ਨ ਸਿੰਘ ਕੇ. ਪੀ ਜੋ ਚਾਹੁਣ ਕਹਿਣ, ਇਹ ਮਸਲਾ ਹਲ ਨਹੀਂ ਹੋ ਸਕਦਾ। ਇਹ ਪਤਾ ਨਹੀਂ ਕਿਸ ਭੁਲੇਖੇ ਵਿਚ ਹਨ। ਜਿਹੜੀ ਜਮਾਤ ਅਜ ਕਲ ਅਸੈਂਬਲੀਆਂ ਵਿਚ ਅਤੇ ਪਾਰਲੀਮੈਂਟ ਵਿਚ ਜਾਗੀਰਦਾਰਾਂ ਦੀ ਕਾਬਜ਼ ਹੈ ਇਸ ਨੇ ਆਪਣੇ ਹਿਤਾਂ ਦੀ ਵੀ ਰਾਖੀ ਕਰਨੀ ਹੈ। ਇਸ ਲਈ ਇਹ ਜ਼ਮੀਨ ਦਾ ਮਸਲਾ ਹਲ ਨਹੀਂ ਹੋ ਸਕਦਾ । ਜਦ ਤਕ ਇਹ ਮਸਲਾ ਹਲ ਨਹੀਂ ਹੁੰਦਾ, ਬੇਰੁਜ਼ਗਾਰੀ ਖ਼ਤਮ ਨਹੀਂ ਹੁੰਦੀ ਅਤੇ ਨਾ ਹੀ ਕੱਪੜੇ ਅਤੇ ਖੁਰਾਕ ਦਾ ਮਸਲਾ ਹਲ ਹੋ ਸਕਦਾ ਹੈ; ਨਾ ਹੀ ਕੋਈ ਡਾਕਟਰੀ ਸਹੂਲਤਾਂ ਮਿਲ ਸਕਦੀਆਂ ਹਨ। ਇਸ ਲਈ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ।

ਖੇਤੀ ਬਾੜੀ ਦੇ ਨਾਲ ਜਿਥੇ ਮੈਂ ਇਸ ਗਲ ਦਾ ਜ਼ਿਕਰ ਕੀਤਾ ਹੈ ਕਿ ਜ਼ਰਈ ਸਾਧਨ ਹੋਣੇ ਚਾਹੀਦੇ ਹਨ ਉਥੇ ਇੰਡਸਟਰੀ ਵਲ ਵੀ ਧਿਆਨ ਦੇਣ ਦੀ ਲੋੜ ਹੈ। ਇੰਡਸਟਰੀ ਦੇ ਪੱਖ ਤੋਂ ਪੰਜਾਬ ਵਿਚ ਤਰੱਕੀ ਨਹੀਂ ਹੋ ਰਹੀ। ਮੈਂ ਸਮਝਦਾ ਹਾਂ, ਚੇਅਰਮੈਨ ਸਾਹਿਬ, ਕਿ ਕਾਂਗਰਸ ਦੀ ਸਰਕਾਰ ਜਿਹੜੀ ਕਿ ਸੈਂਟਰ ਵਿਚ ਹੈ ਪੰਜਾਬ ਨਾਲ ਇਸ ਪੱਖ ਵਿਚ ਵਿਤਕਰਾ ਕਰ ਰਹੀ ਹੈ । ਜੇਕਰ ਇਹ ਵਿਤਕਰਾ ਇਸ ਤਰ੍ਹਾਂ ਜਾਰੀ ਰਿਹਾ ਤਾਂ ਪੰਜਾਬ ਦੀ ਇੰਡਸਟਰੀ ਦੀ ਤਰੱਕੀ ਨਹੀਂ ਹੋ ਸਕਦੀ । ਕਿਉਂਕਿ ਉਹ

ਸਾਰੀ ਹੈਵੀ ਇੰਡਸਟਰੀ ਬੰਬਈ, ਯੂ. ਪੀ. ਅਤੇ ਉਸ ਤੋਂ ਪਰੇ ਦੇ ਰਾਜਾਂ ਵਿਚ ਹੀ ਦੇ ਰਹੇ ਹਨ । ਜਿਹੜੀਆਂ ਸਹੂਲਤਾਂ ਇੰਡਸਟਰੀ ਦੀ ਤਰੱਕੀ ਲਈ ਬਾਕੀ ਰਾਜਾਂ ਨੂੰ ਦਿੱਤੀਆਂ ਜਾ ਰਹੀਆਂ ਹਨ ਇਹ ਪੰਜਾਬ ਨੂੰ ਵੀ ਮਿਲਣੀਆਂ ਚਾਹੀਦੀਆਂ ਹਨ । ਖੇਤੀ ਦੇ ਨਾਲ ਨਾਲ ਜਦ ਤਕ ਇੰਡਸਟਰੀ ਤਰੱਕੀ ਨਹੀਂ ਕਰਦੀ, ਲੋਕਾਂ ਨੂੰ ਰੋਜ਼ਗਾਰ ਨਹੀਂ ਮਿਲ ਸਕਦਾ ਅਤੇ ਰੋਟੀ, ਕਪੜੇ ਦਾ ਮਸਲਾ ਹਲ ਨਹੀਂ ਹੋ ਸਕਦਾ । ਪਿੰਡਾਂ ਵਿਚ ਜਿਹੜੀ ਅਜ 80 ਜਾਂ 85% ਆਬਾਦੀ ਹੈ ਉਸ ਦੀ ਜੇਬ੍ਹ ਵਿਚ, ਗ਼ਰੀਬ ਕਿਸਾਨ ਦੀ ਜੇਬ ਵਿਚ ਜਦ ਤਕ ਪੈਸੇ ਨਹੀਂ ਜਾਂਦੇ ਉਹ ਕਿਸ ਤਰ੍ਹਾਂ ਰੋਟੀ, ਕਪੜੇ ਦਾ ਪਰਬੰਧ ਕਰ ਸਕਦਾ ਹੈ । ਇਸ ਲਈ ਦੋਹਾਂ ਗਲਾਂ ਜ਼ਰਈ ਸੁਧਾਰ ਅਤੇ ਇੰਡਸਟਰੀ ਦੀ ਤਰੱਕੀ ਲਈ ਸਰਕਾਰ ਨੂੰ ਯਤਨ ਕਰਨੇ ਚਾਹੀਦੇ ਹਨ ਤਾਕਿ ਗ਼ਰੀਬ ਨੂੰ ਰੋਜ਼ਗਾਰ ਮਿਲ ਸਕੇ । ਤਾਂ ਹੀ ਇਹ ਸਾਰੇ ਮਸਲੇ ਹਲ ਹੋ ਸਕਦੇ ਹਨ ਜਿਨ੍ਹਾਂ ਦਾ ਜ਼ਿਕਰ ਇਸ ਮਤੇ ਵਿਚ ਕੀਤਾ ਗਿਆ ਹੈ ।

ਜਿਥੇ ਤਕ ਕਪੜੇ ਦਾ ਸਵਾਲ ਹੈ ਜੇਕਰ ਔਸਤ ਕਪੜੇ ਦੇ ਬਾਰੇ ਵਿਚ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਆਜ਼ਾਦੀ ਤੋਂ ਪਹਿਲਾਂ ਜਿੰਨਾ ਕਪੜਾ ਫੀ ਆਦਮੀ ਵਰਤਿਆ ਜਾਂਦਾ ਸੀ ਹੁਣ ਆਜ਼ਾਦੀ ਮਿਲਣ ਦੇ 24 ਸਾਲ ਬਾਅਦ ਵਰਤਿਆ ਜਾਂਦਾ ਹੈ । ਇਸ ਦਾ ਕੀ ਕਾਰਨ ਹੈ ? ਕਿਉਂ ਕਿ ਮਹਿੰਗਾਈ ਐਨੀ ਵਧ ਗਈ ਹੈ ਕਿ ਕੱਪੜਾ ਗ਼ਰੀਬ ਆਦਮੀ ਖਰੀਦ ਹੀ ਨਹੀਂ ਸਕਦਾ । ਜੇਕਰ ਬੇਰੋਜ਼ਗਾਰ ਹੈ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਜੇਕਰ ਤਨਖਾਹ ਲੈਂਦਾ ਹੈ ਤਾਂ ਉਸ ਨੂੰ ਜੋ ਉਜਰਤ ਦਿਤੀ ਜਾਂਦੀ ਹੈ ਉਹ ਐਨੀ ਥੋੜ੍ਹੀ ਹੈ ਕਿ ਉਸ ਨਾਲ ਜ਼ਿੰਦਗੀ ਦੀਆਂ ਸਾਰੀਆਂ ਲੋੜਾਂ ਪੂਰੀਆਂ ਨਹੀਂ ਕੀਤੀਆਂ ਜਾ ਸਕਦੀਆਂ । ਉਹ ਕਪੜਾ ਕਿਥੋਂ ਖ਼ਰੀਦ ਕਰੇ ? ਇਸ ਸਬੰਧ ਵਿਚ ਅਜੇ ਕਲ੍ਹ ਹੀ ਫਿਨਾਂਸ ਮਨਿਸਟਰ ਸਾਹਿਬ ਇਹ ਕਹਿ ਰਹੇ ਸਨ ਕੰਟਨਜੈਂਸੀ ਬਿਲ ਤੇ ਬੋਲਦਿਆਂ ਕਿ ਇਕ ਕਰੋੜ ਤੋਂ 2 ਕਰੋੜ ਕਰਨ ਦੀ ਇਸ ਲਈ ਲੋੜ ਪਈ ਕਿ ਰੁਪਏ ਦੀ ਕੀਮਤ ਘਟ ਗਈ ਹੈ ਜਦ ਉਹ ਆਪ ਹੀ ਮੰਨਦੇ ਹਨ ਕਿ ਕੀਮਤ ਰੁਪਏ ਦੀ ਘਟ ਗਈ ਹੈ ਤਾਂ ਫਿਰ ਇਹ ਗੱਲ ਵੀ ਮੰਨੀ ਜਾ ਸਕਦੀ ਹੈ ਕਿ ਉਜਰਤ ਜਿਹੜੀ ਕਿ ਗਰੀਬ ਆਦਮੀ ਨੂੰ ਦਿਤੀ ਜਾਂਦੀ ਹੈ ਉਹ ਐਨੀ ਘਟ ਹੈ ਕਿ ਉਹ ਕਪੜਾ ਨਹੀਂ ਖ਼ਰੀਦ ਸਕਦਾ । ਇਸ ਦਾ ਮੁਲਾਜ਼ਮਾਂ ਤੇ ਵੀ ਅਸਰ ਪੈਂਦਾ ਹੈ । ਮਹਿੰਗਾਈ ਨੂੰ ਮੁਖ ਰਖ ਕੇ ਇਸ ਸਵਾਲ ਦਾ ਹਲ ਕਰਨਾ ਚਾਹੀਦਾ ਹੈ ਤਾਂ ਇਹ ਮਸਲਾ ਹਲ ਹੋ ਸਕਦਾ ਹੈ ।

ਜਿਥੇ ਤਕ ਡਾਕਟਰੀ ਸਹੂਲਤਾਂ ਦਾ ਜ਼ਿਕਰ ਇਸ ਮਤੇ ਵਿਚ ਕੀਤਾ ਗਿਆ ਹੈ, ਮੈਂ ਇਹ ਕਹਾਂਗਾ ਕਿ ਬੇਰੁਜ਼ਗਾਰ ਅਤੇ ਗ਼ਰੀਬ ਆਦਮੀ ਨੂੰ ਬੀਮਾਰੀਆਂ ਵੀ ਜ਼ਿਆਦਾ ਆਣ ਲਗਦੀਆਂ ਹਨ । ਸਿਹਤ ਵਿਭਾਗ ਨੇ ਇਸ ਬਾਰੇ ਆਂਕੜੇ ਵੀ ਇਕੱਠੇ ਕੀਤੇ ਹਨ ਅਤੇ ਇਨ੍ਹਾਂ ਦੀਆਂ ਰਿਪੋਰਟਾਂ ਇਹ ਦਸਦੀਆਂ ਹਨ ਕਿ ਪੰਜਾਬ ਵਿਚ ਕੀ ਸਾਰੇ ਦੇਸ਼ ਵਿਚ ਹੀ ਸਿਹਤ ਦੇ ਪੱਖ ਤੋਂ ਗ਼ਰੀਬ ਦੀ ਹਾਲਤ ਮਾੜੀ ਹੈ । ਟੀ. ਬੀ. ਵੀ ਗ਼ਰੀਬ ਘਰਾਂ ਵਿਚ ਜ਼ਿਆਦਾ ਹੈ । ਕਿਉਂ ਕਿ ਜਿਹੜਾ ਇਨਸਾਨ ਆਪਣੀਆਂ ਲੋੜਾਂ ਨੂੰ ਪੂਰਾ ਨਾ ਕਰ ਸਕੇ ਉਹ ਕਿਸ ਤਰ੍ਹਾਂ ਇਲਾਜ ਕਰਵਾ ਸਕਦਾ ਹੈ । ਟੀ. ਬੀ. ਦਾ ਪਸਾਰ ਵਧ ਰਿਹਾ ਹੈ । ਇਸ ਸਬੰਧ ਵਿਚ ਪਿਛਲੀ ਸਰਕਾਰ ਵਲੋਂ ਅਤੇ ਇਸ ਸਰਕਾਰ ਵਲੋਂ ਵੀ ਕੋਈ ਠੋਸ ਕਦਮ ਨਹੀਂ ਉਠਾਏ ਗਏ । ਇਸ ਪਾਸੇ ਧਿਆਨ ਦੇਣ ਦੀ ਲੋੜ ਹੈ । ਹਸਪਤਾਲਾਂ ਦੀ ਇਹ ਹਾਲਤ ਹੈ ਕਿ ਬੈੱਡ ਨਹੀਂ ਮਿਲਦੇ, ਮਰੀਜ਼ ਰੁਲਦੇ ਫਿਰਦੇ ਹਨ । ਦਵਾਈਆਂ ਨਹੀਂ ਮਿਲਦੀਆਂ । ਤੁਸੀਂ ਕਿਸੇ ਵੀ ਹਸਪਤਾਲ ਵਿਚ ਜਾ ਕੇ ਵੇਖੋ, ਅੰਦਰ ਕੋਈ ਦਵਾਈ ਮਰੀਜ਼ ਨੂੰ ਨਹੀਂ ਦਿਤੀ ਜਾਂਦੀ ਅਤੇ ਕਿਹਾ ਜਾਂਦਾ ਹੈ ਕਿ ਪਰਚੀ ਬਣਵਾ ਲਉ ਅਤੇ ਦਵਾਈ ਬਾਹਰ ਤੋਂ ਲੈ ਲਉ । ਹਸਪਤਾਲ ਦੇ ਬਾਹਰ ਕਈ ਦੁਕਾਨਾਂ ਕੈਮਿਸਟਾਂ ਦੀਆਂ ਖੁਲ੍ਹੀਆਂ ਹੋਈਆਂ ਹਨ । ਕਿੰਨੇ ਅਫ਼ਸੋਸ ਦੀ ਗਲ ਹੈ ਕਿ ਸਰਕਾਰੀ ਹਸਪਤਾਲ

[ਕਾਮਰੇਡ ਦਰਸ਼ਨ ਸਿੰਘ ਝਬਾਲ]

ਹੋਣ ਅਤੇ ਦਵਾਈਆਂ ਮਰੀਜ਼ਾਂ ਨੂੰ ਬਾਹਰ ਤੋਂ ਲਿਆਉਣੀਆਂ ਪੈਣ । ਇਸ ਤੋਂ ਸਪਸ਼ਟ ਹੈ ਕਿ ਅਮੀਰ ਤਾਂ ਆਪਣਾ ਇਲਾਜ ਕਰਵਾ ਸਕਦਾ ਹੈ ਪਰ ਗਰੀਬ ਇਲਾਜ ਤਕ ਨਹੀਂ ਕਰਵਾ ਸਕਦਾ ਕਿਉਂਕਿ ਉਸ ਪਾਸ ਪੈਸੇ ਨਹੀਂ । ਉਹ ਸਰਕਾਰੀ ਹਸਪਤਾਲ ਵਿਚ ਜਾਂਦਾ ਹੈ ਕਿ ਦਵਾਈ ਮਿਲ ਜਾਵੇਗੀ ਪਰ ਦਵਾਈ ਉਥੋਂ ਨਹੀਂ ਮਿਲਦੀ, ਇਸ ਪਾਸੇ ਸਰਕਾਰ ਨੂੰ ਕੋਈ ਠੋਸ ਕਦਮ ਚੁਕਣੇ ਚਾਹੀਦੇ ਹਨ ।

ਚੇਅਰਮੈਨ ਸਾਹਿਬ, ਮਕਾਨਾ ਦੀ ਹਾਲਤ ਇਹ ਹੈ ਕਿ ਇਨ੍ਹਾਂ ਨੇ ਇਕ ਪਾੜ ਪਾ ਦਿਤਾ ਹੈ, ਇਕ ਪਾਸੇ ਤਾਂ ਝੁਗੀਆਂ ਵਿਚ ਰਹਿੰਦੇ ਲੋਕ ਹਨ ਜਿਹੜੇ ਕਿ ਰੋਟੀ ਤਕ ਉਸ ਵਿਚ ਹੀ ਪਕਾਂਦੇ ਹਨ ਅਤੇ ਨਤੀਜੇ ਦੇ ਤੌਰ ਤੇ ਕਈ ਵੇਰ ਉਨ੍ਹਾਂ ਦੀਆਂ ਝੁਗੀਆਂ ਸੜ ਜਾਂਦੀਆਂ ਹਨ ਅਤੇ ਦੂਜੇ ਬੰਨੇ ਕਈ ਕਈ ਏਕੜਾਂ ਵਿਚ ਕੋਠੀਆਂ ਹਨ । ਇਹ ਜਿਹੜਾ ਪਾੜ ਹੈ ਇਸ ਨੂੰ ਦੂਰ ਕਰਨ ਦੀ ਲੋੜ ਹੈ । ਇਸ ਸਬੰਧ ਵਿਚ, ਚੇਅਰਮੈਨ ਸਾਹਿਬ, ਜਦ ਸਰਦਾਰ ਪਰਤਾਪ ਸਿੰਘ ਚੀਫ਼ ਮਨਿਸਟਰ ਸਨ ਤਾਂ ਉਨ੍ਹਾਂ ਨੂੰ ਅਸੀਂ ਕਿਹਾ ਕਿ ਗਰੀਬ ਨੂੰ ਸਹੂਲਤਾਂ ਦਿਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਉਨ੍ਹਾਂ ਨੇ ਇਹ ਕਿਹਾ ਸੀ ਕਿ ਮੁਰੱਬੇਬੰਦੀ ਹੋ ਰਹੀ ਹੈ ਇਸ ਵਿਚ ਇਹ ਸਹੂਲਤ ਦਿਤੀ ਜਾਵੇਗੀ ਕਿ ਜਿਹੜਾ ਗਰੀਬ ਖੇਤੀ ਮਜ਼ਦੂਰ ਹੈ ਉਸ ਨੂੰ ਅਤੇ ਪਿੰਡ ਦੇ ਹਰੀਜਨ ਨੂੰ 5 ਮਰਲੇ ਫੀ ਘਰ ਥਾਂ ਦਿਤੀ ਜਾਵੇਗੀ ਤਾਕਿ ਉਹ ਮਕਾਨ ਬਣਾ ਸਕਣ । ਫਿਰ ਮੈਂ ਉਨ੍ਹਾਂ ਨੂੰ ਕਿਹਾ ਕਿ ਸਰਦਾਰ ਸਾਹਿਬ ਇਸ ਸਬੰਧੀ ਕਾਨੂੰਨ ਬਣਾ ਦਿਓ ਤਾਂ ਉਹ ਕਹਿਣ ਲਗੇ, ਜਿਸ ਤਰ੍ਹਾਂ ਕਿ ਉਨ੍ਹਾਂ ਦੀ ਆਦਤ ਸੀ, ਕਿ ਮੇਰੀ ਜ਼ਬਾਨ ਹੀ ਮੇਰਾ ਕਾਨੂੰਨ ਹੈ । ਜਿਸ ਦਾ ਨਤੀਜਾ ਇਹ ਹੋਇਆ ਕਿ ਇਸ ਸਬੰਧੀ ਐਕਟ ਨੂੰ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਜਦ ਚੈਲੰਜ ਕੀਤਾ ਗਿਆ ਤਾਂ ਇਹ ਰੂਲਿੰਗ ਦਿਤਾ ਗਿਆ ਕਿ ਬਿਨਾ ਮੁਆਵਜ਼ਾ ਕੋਈ ਜ਼ਮੀਨ ਵੀ ਨਹੀਂ ਲਈ ਜਾ ਸਕਦੀ । ਇਸ ਲਈ ਹੁਣ ਤੌਖਲਾ ਪੈਦਾ ਹੋ ਗਿਆ ਹੈ ਕਿ ਜਿਹੜੀਆਂ ਜ਼ਮੀਨਾਂ ਇਸ ਤਰ੍ਹਾਂ ਵੰਡੀਆਂ ਗਈਆਂ ਸਨ ਉਹ ਵਾਪਸ ਮੋੜਨ ਦੀਆਂ ਗਲਾਂ ਹੋ ਰਹੀਆਂ ਹਨ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਕਾਨੂੰਨ ਵਿਚ ਜੇਕਰ ਕੋਈ ਵਲਾ ਹੈ ਤਾਂ ਉਸ ਨੂੰ ਦੂਰ ਕਰਨਾ ਚਾਹੀਦਾ ਹੈ ਅਤੇ ਕੋਈ ਕਾਨੂੰਨੀ ਸ਼ਕਲ ਲਿਆਉਣੀ ਚਾਹੀਦੀ ਹੈ ਭਾਵੇਂ ਸਰਕਾਰ ਨੂੰ ਮੁਆਵਜ਼ਾ ਆਪਣੇ ਕੋਲੋਂ ਹੀ ਕਿਉਂ ਨਾ ਦੇਣਾ ਪਏ । ਅਤੇ ਇਸ ਤਰ੍ਹਾਂ ਜਿਹੜਾ ਪਾੜ ਹੈ ਅਮੀਰ ਅਤੇ ਗਰੀਬ ਦਾ ਇਸ ਨੂੰ ਦੂਰ ਕਰਨਾ ਚਾਹੀਦਾ ਹੈ । ਇਸ ਮਤੇ ਦੀ ਸ਼ਕਲ ਵਿਚ ਜਾਂ ਹੋਰ ਕੋਈ ਰੈਜ਼ੋਲਿਊਸ਼ਨ ਲਿਆ ਕੇ ਇਸ ਪਾੜ ਨੂੰ ਦੂਰ ਕਰਨਾ ਚਾਹੀਦਾ ਹੈ । ਪਰਧਾਨ ਮੰਤਰੀ ਨੇ ਵੀ ਪਾਰਲੀਮੈਂਟ ਵਿਚ ਇਸ ਸਬੰਧ ਵਿਚ ਕਿਹਾ ਹੈ ਕਿ ਇਸ ਪਾੜ ਨੂੰ ਦੂਰ ਕੀਤਾ ਜਾਵੇਗਾ । ਅਸੀਂ ਤਾਂ ਸ਼ੁਰੂ ਵਿਚ ਹੀ ਕਹਿੰਦੇ ਰਹੇ ਹਾਂ ਕਿ ਇਹ ਜਿਹੜਾ ਸੰਵਿਧਾਨ ਹੈ ਇਹ ਸਰਮਾਏਦਾਰਾਂ ਅਤੇ ਲੁਟੇਰਿਆਂ ਦੀ ਰਾਖੀ ਕਰਦਾ ਹੈ ਇਸ ਨੂੰ ਤਬਦੀਲ ਕਰਨ ਦੀ ਲੋੜ ਹੈ । ਇਸ ਵਿਚ ਰਹਿ ਕੇ ਗਰੀਬ ਦਾ ਕਦੇ ਭਲਾ ਨਹੀਂ ਹੋ ਸਕਦਾ । ਬੈਂਕਾਂ ਦੇ ਕੌਮੀ ਕਰਨ ਦੀ ਗੱਲ ਕੀਤੀ ਗਈ, ਪ੍ਰਿਵੀ ਪਰਸ ਖੋਹਣ ਦੀ ਗਲ ਕੀਤੀ ਗਈ ਪਰ ਇਨ੍ਹਾਂ ਕਦਮਾਂ ਦਾ ਕੀ ਹਾਲ ਹੋਇਆ-ਆਪ ਸਾਰਿਆਂ ਦੇ ਸਾਹਮਣੇ ਹੈ । ਸੰਵਿਧਾਨ, ਜਿਵੇਂ ਕਿ ਮੈਂ ਪਹਿਲਾਂ ਹੀ ਕਿਹਾ ਹੈ, ਸਰਮਾਏਦਾਰਾਂ ਦੀ ਰਾਖੀ ਕਰਦਾ ਹੈ, ਲੁਟੇਰਿਆਂ ਦੀ ਰਾਖੀ ਕਰਦਾ ਹੈ । ਇਹ ਗਲ ਵੇਖਣੀ ਚਾਹੀਦੀ ਹੈ ਕਿ 24 ਸਾਲ ਤਕ ਕਾਂਗਰਸ ਦਾ ਰਾਜ ਰਿਹਾ ਅਤੇ ਹੁਣ ਵੀ ਕੇਂਦਰ ਵਿਚ ਇਨ੍ਹਾਂ ਦਾ ਰਾਜ ਹੈ ਇਹ ਕੀ ਕੁਝ ਗਰੀਬ ਲਈ ਕਰ ਸਕੇ ਹਨ । ਹੁਣ ਇਥੇ ਅਕਾਲੀ ਪਾਰਟੀ ਦਾ ਰਾਜ ਆਇਆ ਹੈ ਤਾਂ ਇਹ ਕੀ ਕਰ ਰਹੇ ਹਨ ਸੰਤ ਫਤਹ ਸਿੰਘ ਅਤੇ ਇਨ੍ਹਾਂ ਦੇ ਹੋਰ ਲੀਡਰ ਗੱਲਾਂ ਤਾਂ ਗਰੀਬਾਂ ਦੀਆਂ ਕਰਦੇ ਹਨ ਅਤੇ ਕਹਿੰਦੇ ਹਨ ਕਿ ਅਸਾਨੂੰ ਗਰੀਬਾਂ ਨਾਲ ਹੇਜ ਹੈ ਪਰ ਅਸਲੀਅਤ ਕੁਝ ਵੀ ਨਹੀਂ । ਇਹ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਦਾ ਹਵਾਲਾ ਦਿੰਦੇ ਹਨ ਪਰ ਅਮਲ ਨਹੀਂ ਕਰਦੇ ਅਤੇ ਜਦ ਤਕ ਇਹ ਉਸ ਤੇ ਅਮਲ ਨਾ ਕਰਨ ਸਾਂਝੀਵਾਲਤਾ ਕਿਸ ਤਰ੍ਹਾਂ ਆ ਸਕਦੀ ਹੈ ।

ਤੁਸੀਂ ਜਾਗੀਰਦਾਰਾਂ ਨੂੰ ਤਾਕਤ ਦਿਤੀ ਹੈ ਕਿ ਉਹ ਗ਼ਰੀਬਾਂ ਦੀ ਰਾਖੀ ਕਰਨ, ਕੀ ਉਹ ਕਰ ਸਕਦੇ ਹਨ ? ਮੁਜ਼ਾਰੇ ਅਤੇ ਮਜ਼ਦੂਰ ਦੀ ਸਰਮਾਇਆਦਾਰ ਕੀ ਰਾਖੀ ਕਰਨਗੇ ? ਇਹ ਅੱਗ ਅਤੇ ਪਾਣੀ ਦੇ ਮੇਲ ਵਰਗੀ ਗੱਲ ਹੈ ਇਨ੍ਹਾਂ ਦੋਨਾਂ ਦਾ ਮੇਲ ਨਹੀਂ ਹੋ ਸਕਦਾ। ਇਤਨੀ ਗੱਲ ਤਾਂ ਮੈਂ ਸਾਫ਼ ਕਹਾਂਗਾ ਕਿ ਜਦੋਂ ਤਾਈਂ ਗਰੀਬ ਦੀ ਉੱਨਤੀ ਨਹੀਂ ਹੁੰਦੀ, ਦੇਸ਼ ਦੀ ਉੱਨਤੀ ਨਹੀਂ ਹੁੰਦੀ । ਅੰਤ ਵਿਚ ਮੈਂ ਤਾਂ ਇਹੋ ਸਾਫ਼ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਤਾਈਂ ਗ਼ਰੀਬ ਦੀ ਤਰੱਕੀ ਨਹੀਂ ਹੁੰਦੀ ਇਹ ਦੇਸ਼ ਵਧ ਫੁਲ ਨਹੀਂ ਸਕਦਾ। ਇਸ ਲਈ ਇਹ ਮਤਾ ਸਰਵ-ਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ।

ਵੈਦ ਗਿਆਨ ਚੰਦ (ਦੀਨਾ ਨਗਰ, ਐਸ. ਸੀ.) : ਇਹ ਜਿਹੜਾ ਰੈਜ਼ੋਲਿਊਸ਼ਨ ਚੌਧਰੀ ਕੇਵਲ ਕ੍ਰਿਸ਼ਨ ਜੀ ਨੇ ਪੇਸ਼ ਕੀਤਾ ਹੈ, ਮੈਂ ਇਸ ਦੇ ਹੱਕ ਵਿਚ ਬੋਲਣਾ ਚਾਹੁੰਦਾ ਹਾਂ। ਇਹ ਰੈਜ਼ੋਲਿਊਸ਼ਨ ਦਾ ਮਤਲਬ ਹੈ ਕਿ ਆਮ ਲੋਕਾਂ ਨੂੰ ਕਪੜਾ ਮਿਲੇ, ਖਾਣ ਵਾਸਤੇ ਰੋਟੀ ਮਿਲੇ ਅਤੇ ਰਿਹਾਇਸ਼ ਵਾਸਤੇ ਉਨ੍ਹਾਂ ਨੂੰ ਮਕਾਨ ਮਿਲਣ। ਪਰ ਮੌਜੂਦਾ ਹਾਲਾਤ ਇਹ ਹਨ ਕਿ ਭਾਰਤਵਰਸ਼ ਦੀ 20% ਆਬਾਦੀ ਐਸੀ ਹੈ ਜਿਹੜੀ ਬਹੁਤ ਅਮੀਰ ਹੈ, ਉਹ ਜ਼ਰੂਰਤ ਤੋਂ ਜ਼ਿਆਦਾ ਖਰਚ ਕਰਦੇ ਹਨ, ਅਤੇ ਇਯਾਸ਼ੀ ਕਰਦੇ ਹਨ। ਬਾਕੀ ਦੇ 80% ਲੋਕ ਉਹ ਹਨ ਜਿਹੜੇ ਕਿ ਅੱਤ ਤੋਂ ਜ਼ਿਆਦਾ ਗ਼ਰੀਬ ਹਨ, ਮਿਹਨਤ ਮਜ਼ਦੂਰੀ ਕਰਕੇ ਪੇਟ ਪਾਲਦੇ ਹਨ। ਇਹ ਠੀਕ ਹੈ ਕਿ ਅਸੀਂ ਇਸ ਹਾਊਸ ਵਿਚ ਬਹੁਤ ਸਾਰੇ ਲੋਕ ਗਰਮ ਕਪੜੇ ਪਾ ਕੇ ਆ ਗਏ ਹਾਂ, ਚੌਧਰੀ ਸੁੰਦਰ ਸਿੰਘ ਜੀ ਵੀ ਪਾ ਕੇ ਆਏ ਹਨ, ਪਰ ਤੁਸੀਂ ਜ਼ਰਾ ਪਿੰਡਾਂ ਦੇ ਵਿਚ ਜਾ ਕੇ ਗ਼ਰੀਬਾਂ ਦੀ ਹਾਲਤ ਵੇਖੀ ਕੀ ਹੈ ? ਉਨ੍ਹਾਂ ਨੂੰ ਨਾ ਰੋਟੀ, ਨਾ ਕਪੜਾ ਅਤੇ ਨਾ ਰਿਹਾਇਸ਼, ਨਾ ਤਾਲੀਮ ਅਤੇ ਨਾ ਹੀ ਸੇਹਤ ਲਈ ਦਵਾਈਆਂ, ਇਨ੍ਹਾਂ ਪੰਜ ਚੀਜ਼ਾਂ ਦੇ ਵਿਚੋਂ ਕੋਈ ਵੀ ਚੀਜ਼ ਮੁਯੱਸਰ ਨਹੀਂ। ਮੈਂ ਸਮਝਦਾ ਹਾਂ ਕਿ ਜੇ ਇਹ ਚੀਜ਼ਾਂ ਇਹ ਪਰਦੇਸ਼ ਪੂਰੀਆਂ ਨਹੀਂ ਕਰ ਸਕਦਾ ਤਾਂ ਇਹ ਸੈਂਟਰ ਦੀ ਸਰਕਾਰ ਦਾ ਫਰਜ਼ ਸੀ, ਜਿਹੜੇ 18-20 ਸਾਲ ਤੋਂ ਇਸ ਦੇਸ਼ ਤੇ ਰਾਜ ਕਰਦੇ ਆ ਰਹੇ ਹਨ, ਉਹ ਪੂਰਾ ਕਰਦੇ। ਦਰਅਸਲ ਉਨ੍ਹਾਂ ਨੇ ਇਸ ਪਾਸੇ ਕੋਈ ਧਿਆਨ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਜਦੋਂ ਆਜ਼ਾਦੀ ਮਿਲੀ ਤਾਂ ਮਹਾਤਮਾਂ ਗਾਂਧੀ ਜੀ ਨੇ ਕਿਹਾ ਸੀ ਜਿਨ੍ਹਾਂ ਦੀ ਕਿ ਫੋਟੋ ਇਸ ਹਾਊਸ ਵਿਚ ਹੈ ਕਿ ਦੇਸ਼ ਦੀ ਗ਼ਰੀਬੀ ਦੂਰ ਕਰ ਕੇ ਇਥੇ ਦੁਧ ਦੀਆਂ ਨਹਿਰਾਂ ਵਹਾਈਆਂ ਜਾਣਗੀਆਂ। ਇਸ ਦੇਸ਼ ਦੀ ਆਜ਼ਾਦੀ ਲਈ ਹਰੀਜਨ ਵੀ ਮਰਦੇ ਰਹੇ ਜੇਲ੍ਹਾਂ ਦੇ ਵਿਚ ਗਏ, ਇਹ ਸਾਰੇ ਦੇਸ਼ 20% ਲੋਕਾਂ ਵਿਚੋਂ ਹਨ; ਪਰ ਇਨ੍ਹਾਂ ਦੀ ਹਾਲਤ ਇਹ ਹੈ ਕਿ ਨਾ ਇਨ੍ਹਾਂ ਦੇ ਰਹਿਣ ਦੇ ਵਾਸਤੇ ਕੋਈ ਮਕਾਨ ਹੈ, ਨਾ ਇਨ੍ਹਾਂ ਨੂੰ ਰੋਟੀ ਮਿਲਣ ਦਾ ਕੋਈ ਸਾਧਨ ਹੈ ਨਾ ਇਹ ਆਪਣੇ ਬੱਚਿਆਂ ਨੂੰ ਕੋਈ ਤਾਲੀਮ ਦਿਵਾ ਸਕਦੇ ਹਨ। ਇਨ੍ਹਾਂ ਹਾਲਾਤਾਂ ਵਿਚ ਤੁਸੀਂ ਆਪ ਦੱਸੋ ਕਿ ਕਿਸ ਤਰ੍ਹਾਂ ਠੀਕ ਹੋ ਸਕਦੇ ਹਨ। ਇਹ ਵਿਚਾਰੇ ਬਾਜਰੇ ਦੀ ਰੋਟੀ ਖਾ ਕੇ ਥੋੜ੍ਹਾ ਬਹੁਤ ਗੁਜ਼ਾਰਾ ਕਰਦੇ ਸਨ । ਮੈਂ ਇਨ੍ਹਾਂ ਕਾਂਗਰਸੀ ਨੇਤਾਵਾਂ ਦੀ ਗੱਲ ਅਰਜ਼ ਕਰਾਂ ਕਿ ਇਨ੍ਹਾਂ ਨੂੰ ਗ਼ਰੀਬਾਂ ਦੀ ਹਾਲਤ ਦਾ ਕੀ ਪਤਾ ਹੈ, ਜ਼ਿਲਾ ਗੁਰਦਾਸਪੁਰ ਦੇ ਮੇਰੇ ਹਲਕੇ ਵਿਚ ਇਨ੍ਹਾਂ ਦਾ ਇਕ ਕਾਂਗਰਸੀ ਨੇਤਾ ਗਿਆ ਉਸ ਦਾ ਪਿੰਡ ਵਾਲਿਆਂ ਨੇ ਬੜਾ ਸੁਆਗਤ ਕੀਤਾ ਅਤੇ ਇਕ ਬਾਜਰੇ ਦੀ ਰੋਟੀ ਦਾ ਟੁਕੜਾ ਉਸ ਨੂੰ ਖਾਣ ਲਈ ਪੇਸ਼ ਕੀਤਾ। ਕਾਂਗਰਸੀ ਨੇਤਾ ਜਿਸ ਨੇ ਕਦੇ ਬਾਜਰੇ ਦੀ ਰੋਟੀ ਵੇਖੀ ਹੀ ਨਹੀਂ ਸੀ, ਕਹਿਣ ਲਗਿਆਂ "ਯੇਹ ਕਿਆ ਚੀਜ਼ ਹੈ, ਕਯਾ ਯੇਹ ਭੀ ਖਾਨੇ ਕੇ ਲੀਏ ਇਸਤੇਮਾਲ ਕੀ ਜਾਤੀ ਹੈ ।" ਜਿਨਾਂ ਨੂੰ ਇਹ ਨਹੀਂ ਪਤਾ ਕਿ ਗ਼ਰੀਬ ਲੋਕ ਕੀ ਖਾ ਕੇ ਗੁਜ਼ਾਰਾ ਕਰਦੇ ਰਹੇ ਇਨ੍ਹਾਂ ਦੇ ਰਾਜ ਵਿਚ ਉਹ ਗ਼ਰੀਬਾਂ ਦੇ ਬੱਚਿਆਂ ਦੀ ਕੀ ਭਲਾਈ ਕਰ ਸਕਦੇ ਹਨ। ਇਨ੍ਹਾਂ ਗ਼ਰੀਬਾਂ ਦੇ ਬੱਚਿਆਂ ਨੇ ਨਾ ਕਦੇ ਦੁਧ ਵੇਖਿਆ ਹੈ, ਨਾ ਹੀ ਕਦੇ ਮੱਖਣ ਵੇਖਿਆ ਹੈ। ਇਹ ਮਹਾਤਮਾ ਗਾਂਧੀ ਦੇ ਅਸੂਲ ਸਨ ਕਿ ਜੋ ਚੀਜ਼ ਮੇਰੇ ਦੇਸ਼ ਦੇ ਲੋਕਾਂ ਨੂੰ ਨਹੀਂ

[ਵੈਦ ਗਿਆਨ ਚੰਦ]

ਮਿਲੀ ਉਹ ਮੈਂ ਨਹੀਂ ਵਰਤਾਂਗਾ। ਅਜ ਇਹ ਮਹਾਤਮਾ ਗਾਂਧੀ ਦੇ ਚੇਲੇ ਜਦੋਂ ਕਿ ਹਜ਼ਾਰਾਂ ਲੋਕਾਂ ਨੂੰ ਕੱਪੜਾ ਤੱਕ ਨਹੀਂ ਮਿਲ ਰਿਹਾ ਆਪ ਗਰਮ ਕਪੜੇ ਪਹਿਨਦੇ ਹਨ। ਮੈਂ ਇਨ੍ਹਾਂ ਨੂੰ ਕਹਾਂਗਾ ਕਿ ਜੇ ਉਹ ਮਹਾਤਮਾ ਜੀ ਤੇ ਸ਼ਰਧਾ ਰਖਦੇ ਹਨ ਤਾਂ ਉਨ੍ਹਾਂ ਨੂੰ ਮਹਾਤਮਾ ਜੀ ਦੇ ਅਸੂਲਾਂ ਤੇ ਵੀ ਚਲਣਾ ਚਾਹੀਦਾ ਹੈ ਜੇ ਉਨ੍ਹਾਂ ਦੇ ਦਿਲਾਂ ਵਿਚ ਸਚੀ ਇਜ਼ਤ ਹੈ। ਜਦੋਂ ਕਾਂਗਰਸ ਚਲੀ ਸੀ ਤਾਂ ਉਸ ਵੇਲੇ ਗ਼ਰੀਬਾਂ ਨੇ ਅਤੇ ਹਰੀਜਨਾਂ ਨੇ ਇਨ੍ਹਾਂ ਦਾ ਸਾਥ ਦਿਤਾ ਸੀ। ਪਰ ਅਜ ਇਹ ਗਰੀਬਾਂ ਨੂੰ ਪਛਦੇ ਤੱਕ ਨਹੀਂ ਇਹ ਅਮੀਰਾਂ ਦੇ ਸਹਾਰੇ ਚਲਦੇ ਹਨ। ਉਨ੍ਹਾਂ ਨੇ ਕਦੇ ਨਹੀਂ ਸੋਚਿਆ ਕਿ ਅਮੀਰਾਂ ਦਾ ਭਾਰ ਕਿਵੇਂ ਗ਼ਰੀਬਾਂ ਤੋਂ ਉਤਾਰਿਆ ਜਾਵੇ। ਇਨਾਂ 80% ਆਬਾਦੀ ਵਿਚ 60% ਉਹ ਗਰੀਬ ਲੋਕ ਹਨ ਜਿਨ੍ਹਾਂ ਨੂੰ ਥੋੜ੍ਹਾ ਬਹੁਤ ਕੁਝ ਖਾਣ ਅਤੇ ਪਹਿਨਣ ਨੂੰ ਮਿਲਦਾ ਹੈ ਪਰ ਜਿਹੜੇ ਬਾਕੀ ਦੇ 20% ਲੋਕ ਹਨ ਉਹ ਗਰੀਬ ਹਰੀਜਨ ਹਨ ਜਿਨ੍ਹਾਂ ਨੂੰ ਕੁਝ ਵੀ ਨਹੀਂ ਮਿਲਦਾ। ਜਿਹੜੇ ਅਮੀਰ ਹਨ ਉਹ ਹਰ ਕੰਮ ਦੇ ਵਿਚ ਅਗੇ ਹਨ, ਜੇ ਕੋਈ ਆਦਮੀ ਦੋ ਢਾਈ ਹਜ਼ਾਰ ਰੁਪਿਆ ਤਨਖਾਹ ਵੀ ਲੈਂਦਾ ਹੈ ਤਾਂ ਉਹ ਵਡਾ ਭਾਰੀ ਜ਼ਿਮੀਂਦਾਰਾ ਵੀ ਕਰਦਾ ਹੈ, ਉਸ ਦੇ ਬੱਚੇ ਜਾਂ ਰਿਸ਼ਤੇਦਾਰ ਬਿਜ਼ਨੈਸ ਕਰਦੇ ਹਨ, ਹਰ ਪਾਸੇ ਉਹੀ ਅਗੇ ਹੈ। ਇਹ ਪੈਸਾ ਸਰਮਾਇਦਾਰੀ ਦੇ ਵਾਸਤੇ ਹੀ ਹੈ, ਭਾਵੇਂ ਉਹ ਕਿਵੇਂ ਪੈਦਾ ਕਰੇ। ਜੇ ਲੋਨ ਵੀ ਦੇਣਾ ਹੈ ਤਾਂ ਸਰਕਾਰ ਵੀ ਉਸ ਨੂੰ ਹੀ ਦੇਂਦੀ ਹੈ, ਗ਼ਰੀਬ ਨੂੰ ਕੋਈ ਨਹੀਂ ਪੁਛਦਾ। ਗਰੀਬ ਦਾ ਬੱਚਾ ਤਾਲੀਮ ਵੀ ਚੰਗੀ ਨਹੀਂ ਹਾਸਲ ਕਰ ਸਕਦਾ, ਏਥੋਂ ਤਕ ਕਿ ਸਾਇੰਸ ਦੇ ਸਬਜੈਕਟ ਲੈਣ ਦੀ ਵੀ ਉਸ ਦੇ ਪਾਸ ਗੁੰਜਾਇਸ਼ ਨਹੀਂ ਹੈ। ਵੇਖਣ ਵਿਚ ਬੜੇ ਸਕੂਲ ਅਤੇ ਕਾਲਜ ਹਨ ਪਰ ਇਹ ਅਮੀਰਾਂ ਦੇ ਬੱਚਿਆਂ ਲਈ ਹਨ, ਹਰੀਜਨਾਂ ਦਾ ਤਾਂ ਬੁਰਾ ਹਾਲ ਹੈ। ਮੈਂ ਅੱਜ ਉਨ੍ਹਾਂ ਕਾਂਗਰਸੀ ਨੇਤਾਵਾਂ ਨੂੰ, ਜਿਹੜੇ ਦੋ ਬੈਲਾਂ ਦੀ ਜੋੜੀ ਪਿਛੇ ਮਰ ਮਿਟਨ ਵਾਲੇ ਸੀ, ਅੱਜ ਗਊ ਦੇ ਵੱਛੇ ਦੀ ਫੇਰ ਆੜ ਲੈਂਦੇ ਹਨ, ਪੁਛਦਾ ਹਾਂ ਦਸੋ ਕਿ ਇਸ ਮੁਲਕ ਵਿਚ 20 ਸਾਲ ਉਨ੍ਹਾਂ ਨੇ ਰਾਜ ਕੀਤਾ, ਕੀ ਦੁੱਧ ਮਿਲਦਾ ਹੈ, ਘਿਉ ਮਿਲਦਾ ਹੈ, ਨਾਂ ਉਨ੍ਹਾਂ ਦੇ ਖਾਣ ਲਈ ਰੋਟੀ ਦਾ ਟੁਕੜਾ ਨਾ ਕੋਈ ਰਿਹਾਇਸ਼ ਦੇ ਲਈ ਮਕਾਨ। ਇਨ੍ਹਾਂ ਨਾਲੋਂ ਤਾਂ ਮੀਲੋਨ ਦੀ ਸਟੇਟ ਅੱਛੀ ਹੈ ਜਿਥੇ ਢਾਈ ਰੁਪਏ ਸੇਰ ਘਿਉ ਅਤੇ 62 ਪੈਸੇ ਕਿਲੋ ਦੁੱਧ ਜਿਤਨਾ ਮਰਜ਼ੀ ਪੀਓ, ਅੱਜ ਵੀ ਮਿਲਦਾ ਹੈ। ਮੈਨੂੰ ਪਿਛੇ ਜਿਹੇ ਉਥੇ ਜਾਣ ਦਾ ਇਤਫਾਕ ਹੋਇਆ। ਉਨ੍ਹਾਂ ਨੇ ਆਪਣੇ ਲੋਕਾਂ ਨੂੰ ਇਤਨੀਆਂ ਫ਼ਸਿਲਿਟੀਜ਼ ਦਿੱਤੀਆਂ ਹੋਈਆਂ ਹਨ ਕਿ ਹਰ ਬੱਚਾ ਜਿਥੋਂ ਤਕ ਚਾਹੇ ਮੁਫਤ ਤਾਲੀਮ ਹਾਸਲ ਕਰ ਸਕਦਾ ਹੈ, ਕਿਸੇ ਨੂੰ ਕੋਈ ਰਿਹਾਇਸ਼ ਦੀ ਤਕਲੀਫ ਤੱਕ ਨਹੀਂ। ਇਕ ਛੋਟੀ ਜਿਹੀ ਸਟੇਟ ਦਾ ਇਹ ਹਾਲ ਹੈ ਜਿਹੜੀ ਕਿ ਇਸ ਮੁਲਕ ਦਾ ਚਾਲ੍ਹੀਵਾਂ ਹਿੱਸਾ ਵੀ ਨਹੀਂ ਹੈ। ਇਸ ਗਰੀਬੀ ਅਤੇ ਹਰ ਖੇਤਰ ਵਿਚ ਭੁਖਮਰੀ ਦਾ ਕਾਰਨ ਇਕੋ ਹੈ ਕਿ ਹਰ ਖੇਤਰ ਦੇ ਵਿਚ ਸਰਮਾਇਦਾਰ ਅਗੇ ਹੈ। ਉਹੀ ਆਦਮੀ ਨੌਕਰੀਆਂ ਦੇਣ ਵਾਲਾ ਹੈ, ਉਹੀ ਇੰਡਸਟਰੀ ਚਾਲੂ ਕਰਨ ਵਾਲਾ ਹੈ, ਭਾਵੇਂ ਇਨ੍ਹਾਂ ਦੇ ਰੀਕਾਰਡ ਵਖਰੇ ਵਖਰੇ, ਉਹੀ ਜ਼ਿਮੀਦਾਰੇ ਦਾ ਮਾਲਕ ਹੈ, ਉਸ ਦੇ ਪਾਸ ਟਰੈਕਟਰ, ਟੀਊਬਵੈਲ ਅਤੇ ਹਰ ਤਰ੍ਹਾਂ ਦੀ ਮਾਡਰਨ ਮਸ਼ੀਨਰੀ ਹੈ। ਇਹ ਮਹਾਤਮਾ ਗਾਂਧੀ ਦੇ ਪੈਰੋਕਾਰ ਭਾਵੇਂ ਕਹਿੰਦੇ ਹਨ ਕਿ ਦੇਸ਼ ਆਜ਼ਾਦ ਹੋ ਗਿਆ ਪਰ ਅਸਲੀ ਆਜ਼ਾਦੀ ਉਸ ਵੇਲੇ ਆਵੇਗੀ ਜਦੋਂ ਗਰੀਬ ਅਤੇ ਉਸ ਦਾ ਬੱਚਾ ਰਜ ਕੇ ਰੋਟੀ ਖਾਣਗੇ, ਮਨਮਰਜ਼ੀ ਦਾ ਕਪੜਾ ਪਹਿਨਣਗੇ ਅਤੇ ਰਹਿਣ ਸਹਿਣ ਲਈ ਕੋਈ ਔਖ ਨਹੀਂ ਹੋਵੇਗੀ; ਜਦੋਂ ਤਾਲੀਮ ਮੁਫਤ ਅਤੇ ਬੀਮਾਰੀ ਦਾ ਇਲਾਜ ਮੁਫਤ ਹੋਵੇਗਾ। ਅਜ ਅਮੀਰੀ ਗ਼ਰੀਬੀ ਦਾ ਫਰਕ ਇਤਨਾ ਹੋ ਗਿਆ ਹੈ ਕਿ ਇਕ ਪਾਸੇ ਤਾਂ ਨਿਰੀ ਚੂਰੀ ਖਾਂਦੇ ਹਨ ਅਤੇ ਦੂਸਰੇ ਪਾਸੇ ਉਹ ਲੋਕ ਹਨ ਜਿਨ੍ਹਾਂ ਨੂੰ ਬਾਜਰੇ ਦੀ ਰੋਟੀ ਦਾ ਟੁਕੜਾ ਹੀ ਨਸੀਬ ਹੁੰਦਾ ਹੈ। ਇਹ ਅਜੇ ਆਜ਼ਾਦੀ ਨਹੀਂ ਆਈ, ਜੇ ਆਈ ਹੈ ਤਾਂ ਇਹ ਅਮੀਰਾਂ ਦੇ ਵਾਸਤੇ ਆਈ ਹੈ। ਗਰੀਬ ਤਾਂ ਉਸੇ ਤਰ੍ਹਾਂ ਗੁਲਾਮੀ ਦੀਆਂ ਜ਼ੰਜ਼ੀਰਾਂ ਦੇ ਵਿਚ

ਜਕੜੇ ਹੋਏ ਹਨ। ਇਸ ਲਈ ਇਹ ਰੈਜ਼ੋਲਿਊਸ਼ਨ ਜੋ ਭਾਈ ਸਾਹਿਬ ਕੇਵਲ ਕ੍ਰਿਸ਼ਨ ਵਲੋਂ ਆਇਆ ਹੈ, ਮੈਂ ਇਸ ਦਾ ਬੜੇ ਜ਼ੋਰਦਾਰ ਲਫ਼ਜ਼ਾਂ ਦੇ ਨਾਲ ਸਮਰਥਨ ਕਰਦਾ ਹਾਂ । ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਤੇ ਜ਼ਰੂਰ ਅਮਲ ਕਰੇ। ਦੇਸ਼ ਵਿਚ ਤਦ ਹੀ ਖੁਸ਼ਹਾਲੀ ਆ ਸਕਦੀ ਹੈ ਜੇ ਤਾਲੀਮ ਦੇਸ਼ ਦੇ ਵਿਚ ਫਰੀ ਹੋਵੇ, ਗਰੀਬ ਦੇ ਰਹਿਣ ਲਈ ਰਿਹਾਇਸ਼ ਫਰੀ ਹੋਵੇ। ਇਸ ਵੇਲੇ ਮਾਡਲ ਵਿਲੇਜ ਸਕੀਮ ਰਾਹੀਂ ਪਿੰਡਾਂ ਦੀ ਉਸਾਰੀ ਕੀਤੀ ਜਾ ਰਹੀ ਹੈ। ਪਿੰਡਾਂ ਦੀਆਂ ਨਾਲੀਆਂ ਅਤੇ ਸੜਕਾਂ ਪੱਕੀਆਂ ਕੀਤੀਆਂ ਜਾ ਰਹੀਆਂ ਹਨ। ਪਰ ਅਸਲੀ ਲੋਕ ਭਲਾਈ ਤਾਂ ਹੀ ਹੋਵੇਗੀ ਜੇ ਸਰਕਾਰ ਹਰੀਜਨਾਂ ਦੀਆਂ ਬਸਤੀਆਂ ਵਲ ਧਿਆਨ ਦੇਵੇ । ਉਨ੍ਹਾਂ ਨੂੰ ਆਪ ਜਾ ਕੇ ਉਨ੍ਹਾਂ ਦੀਆਂ ਬਸਤੀਆਂ ਵੇਖਣੀਆਂ ਚਾਹੀਦੀਆਂ ਹਨ ਕਿ ਉਹ ਕਿਸ ਤਰ੍ਹਾਂ ਗੰਦੀਆਂ ਥਾਵਾਂ ਦੇ ਵਿਚ ਕੰਮ ਕਰ ਰਹੇ ਹਨ। ਇਸ ਮਾਡਲ ਵਿਲੇਜ ਸਕੀਮਾਂ ਵਿਚ ਵੀ ਗਰੀਬਾਂ ਦੀ ਇਮਦਾਦ ਕਰਨੀ ਚਾਹੀਦੀ ਹੈ।

ਇਨ੍ਹਾਂ ਗਰੀਬਾਂ ਦੀ ਹਾਲਤ ਖ਼ਰਾਬ ਹੈ, ਇਨ੍ਹਾਂ ਦੀਆਂ ਅਬਾਦੀਆਂ ਗੰਦੀਆਂ ਹਨ । ਜੇ ਅਸੀਂ ਸਾਰੇ ਪਿੰਡਾਂ ਦੀ ਇਸ ਭੈੜੀ ਹਾਲਤ ਨੂੰ, ਸਾਰੇ ਦੇਸ਼ ਦੀ ਭੈੜੀ ਹਾਲਤ ਨੂੰ ਦੂਰ ਕਰਨਾ ਚਾਹੁੰਦੇ ਹਾਂ ਤਾਂ ਸਾਡਾ ਸਾਰਿਆਂ ਦਾ ਅਵਲੀਨ ਫਰਜ਼ ਹੈ ਕਿ ਹਰੀਜਨਾਂ ਦੀ ਰੋਟੀ, ਕਪੜੇ, ਸਿਹਤ ਅਤੇ ਵਿਦਿਆ ਦਾ ਪ੍ਰਬੰਧ ਪਹਿਲਾਂ ਕੀਤਾ ਜਾਵੇ। ਅਖੀਰ ਵਿਚ ਮੈਂ, ਚੇਅਰਮੈਨ ਸਾਹਿਬ, ਆਪਣਾ ਕਥਨ ਇਹ ਕਹਿ ਕੇ ਸਮਾਪਤ ਕਰਦਾ ਹਾਂ ਕਿ ਗੌਰਮਿੰਟ ਨੂੰ ਹਰ ਇਕ ਗਰੀਬ ਨੂੰ ਰੋਟੀ, ਕਪੜਾ, ਮਕਾਨ, ਇਲਾਜ ਅਤੇ ਵਿਦਿਆ ਪ੍ਰੋਵਾਈਡ ਕਰਨੀ ਚਾਹੀਦੀ ਹੈ।

ਰਾਜ ਮੰਤਰੀ, ਖੁਰਾਕ ਤੇ ਸਪਲਾਈ (ਸਰਦਾਰ ਗੁਰਮੀਤ ਸਿੰਘ) : ਚੇਅਰਮੈਨ ਸਾਹਿਬ, ਜੋ ਮਤਾ ਅਜ ਹਾਊਸ ਵਿਚ ਪੇਸ਼ ਹੋਇਆ ਅਤੇ ਜਿਸ ਤੇ ਹਾਊਸ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਉਸ ਵਿਚ ਲਿਖਿਆ ਹੈ ਕਿ :

"ਇਹ ਹਾਊਸ ਸਰਕਾਰ ਪਾਸ ਸਿਫ਼ਾਰਸ਼ ਕਰਦਾ ਹੈ ਕਿ ਅਜਿਹੇ ਕਦਮ ਚੁਕੇ ਜਾਣ ਜਿਨ੍ਹਾਂ ਨਾਲ ਹਰ ਇਕ ਇਨਸਾਨ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਦਾ ਯਕੀਨ ਅਤੇ ਭਰੋਸਾ ਮਿਲੇ । ਫੂਡ ਕਲੋਦਿੰਗ, ਮਕਾਨ, ਵਿਦਿਆ ਅਤੇ ਸਿਹਤ ਆਦਿ ਲੋੜਾਂ ਜਲਦੀ ਤੋਂ ਜਲਦੀ ਪੂਰੀਆਂ ਕੀਤੀਆਂ ਜਾਣ।"

ਚੇਅਰਮੈਨ ਸਾਹਿਬ, ਮੇਰੇ ਤੋਂ ਪਹਿਲੇ ਮੇਰੇ ਸਾਥੀ ਸਰਦਾਰ ਪ੍ਰਤਾਪ ਸਿੰਘ ਅਤੇ ਸਿਰਦਾਰ ਕਪੂਰ ਸਿੰਘ ਸਾਹਿਬ ਇਸ ਮਤੇ ਤੇ ਆਪਣੇ ਵਿਚਾਰ ਪੇਸ਼ ਕਰ ਚੁਕੇ ਹਨ। ਉਨ੍ਹਾਂ ਨੇ ਇਕ ਅਮੈਂਡਮੈਂਟ ਦਿੱਤੀ ਹੈ ਕਿ ਇਹ ਸਿਫ਼ਾਰਸ਼ ਗੌਰਮਿੰਟ ਆਫ਼ ਇੰਡੀਆ ਨੂੰ ਕੀਤੀ ਜਾਵੇ। ਉਹ ਸਾਨੂੰ ਅਜਿਹੀਆਂ ਸਹੂਲਤਾਂ ਦੇਵੇ ਜਿਸ ਨਾਲ ਕਿ ਸਾਡੀਆਂ ਸਾਰੀਆਂ ਸਮੱਸਿਆਵਾਂ ਹਲ ਹੋ ਸਕਣ। ਜਦੋਂ ਤਕ ਸੈਂਟਰਲ ਸਰਕਾਰ ਸਾਡੀ ਮਦਦ ਨਹੀਂ ਕਰਦੀ ਮੈਂ ਸਮਝਦਾ ਹਾਂ ਕਿ ਇਹ ਮਤਾ ਮੁਕੰਮਲ ਨਹੀਂ ਹੋ ਸਕਦਾ । ਜਿਥੋਂ ਤਕ ਇਸ ਮਤੇ ਦੀ ਭਾਵਨਾ ਦਾ ਸਬੰਧ ਹੈ ਇਸ ਨੂੰ ਪੂਰਾ ਕਰਨ ਵਿਚੋਂ ਕੋਈ ਵੀ ਸਟੇਟ ਗੌਰਮਿੰਟ ਅਹਿਲ ਨਹੀਂ ਹੈ, ਕੋਈ ਵੀ ਇਤਨੀ ਸਮਰਥਾ ਨਹੀਂ ਰਖਦੀ । ਕਿਉਂਕਿ, ਚੇਅਰਮੈਨ ਸਾਹਿਬ, ਜਿਤਨੇ ਵੀ ਪਲਾਨ ਬਣਦੇ ਹਨ ਉਹ ਰੀਤੀ ਅਨੁਸਾਰ ਪਲੈਨਿੰਗ ਕਮਿਸ਼ਨ ਵਲੋਂ ਬਣਾਏ ਜਾਂਦੇ ਹਨ । ਉਹ ਸਟੇਟ ਗੌਰਮਿੰਟਾਂ ਦੀ ਉੱਨਤੀ ਲਈ ਪਲਾਨ ਬਣਾ ਕੇ ਦਿੰਦੀ ਹੈ ਅਤੇ ਇਸ ਲਈ ਪੈਸਾ ਵੀ ਦਿੰਦੀ ਹੈ। ਇਸ ਲਈ ਇਹ ਸਿਫ਼ਾਰਸ਼ ਗੌਰਮਿੰਟ ਆਫ਼ ਇੰਡੀਆ ਕੋਲ ਕਰਨੀ ਚਾਹੀਦੀ ਹੈ ਕਿ ਉਹ ਪਲੈਨਿੰਗ ਕਮਿਸ਼ਨ ਨੂੰ ਕਹੇ ਕਿ ਦੇਸ਼ ਦੇ ਹਰ ਇਕ ਇਨਸਾਨ ਨੂੰ ਰੋਟੀ, ਕਪੜਾ, ਮਕਾਨ ਅਤੇ ਰੋਜ਼ਗਾਰ ਮਿਲੇ । ਚੇਅਰਮੈਨ ਸਾਹਿਬ, ਹੁਣ ਤਕ ਇਨਸਾਨ ਦੀਆਂ ਜਿਹੜੀਆਂ ਮੁੱਢਲੀਆਂ ਲੋੜਾਂ ਵਿਚ ਕੁੱਲੀ, ਗੁੱਲੀ ਜੁੱਲੀ ਸਨ

[ਰਾਜ ਮੰਤਰੀ ਖੁਰਾਕ ਤੇ ਸਪਲਾਈ]

ਇਨ੍ਹਾਂ ਵਿਚ ਹੁਣ ਵਿਦਿਆ, ਸਿਹਤ ਅਤੇ ਰੋਜ਼ਗਾਰ ਸ਼ਾਮਲ ਹੋ ਗਈਆਂ ਹਨ । ਇਹ ਸਾਰੀਆਂ ਸਭ ਨੂੰ ਜਦ ਤਕ ਨਹੀਂ ਮਿਲਦੀਆਂ, ਇਸ ਮਤੇ ਦੀ ਭਾਵਨਾ ਨਾ-ਮੁਕੰਮਲ ਹੀ ਰਹੇਗੀ । ਇਸ ਲਈ ਹਰ ਇਕ ਪਾਰਟੀ ਨੂੰ ਇਹ ਯਤਨ ਕਰਨਾ ਚਾਹੀਦਾ ਹੈ ਕਿ ਸਾਰੀਆਂ ਪਾਰਟੀਆਂ ਰਲ ਕੇ ਸੈਂਟਰ ਦੀ ਸਰਕਾਰ ਤੋਂ ਇਹ ਮੰਗ ਕਰੀਏ ਕਿ ਹਰ ਇਕ ਇਨਸਾਨ ਨੂੰ ਇਹ ਮੁਢਲੀਆਂ ਲੋੜਾਂ ਪ੍ਰੋਵਾਈਡ ਕੀਤੀਆਂ ਜਾਣ ।

ਚੇਅਰਮੈਨ ਸਾਹਿਬ, ਹਰ ਇਕ ਇਨਸਾਨ ਦੀ ਖਾਹਿਸ਼ ਹੁੰਦੀ ਹੈ ਕਿ ਉਸ ਕੋਲ ਧਨ ਹੋਵੇ । ਇਸ ਬਾਰੇ ਭਗਤ ਧੰਨਾ ਜੀ ਗੁਰਬਾਣੀ ਵਿਚ ਇਸ ਤਰ੍ਹਾਂ ਫੁਰਮਾਉਂਦੇ ਹਨ :

"ਗਊ ਭੈਂਸ ਮਾਗੋਂ ਲਾਵੇਰੀ, ਇਕ ਤਾਜਨ ਤੁਰੀ ਚੰਗੇਰੀ ।
ਘਰ ਕੀ ਗੀਹਨ ਚੰਗੀ, ਜਨ ਧੰਨਾ ਲੇਵੈ ਮੰਗੀ ।"

ਧੰਨਾ ਜੀ ਇਕ ਲਵੇਰੀ ਮੱਝ ਮੰਗਦੇ ਹਨ, ਇਕ ਤਾਜਨ ਤੁਰੀ ਚੰਗੇਰੀ ਭਾਵ ਚੰਗੀ ਤੇਜ਼ ਘੋੜੀ ਚੜ੍ਹਨ ਲਈ ਮੰਗਦੇ ਹਨ ਫਿਰ ਉਹ ਕਹਿੰਦੇ ਹਨ ਕਿ ਘਰ ਦੀ ਔਰਤ ਵੀ ਚੰਗੀ ਹੋਵੇ । ਇਹ ਚੀਜ਼ਾਂ ਧੰਨਾ ਜੀ ਮੰਗਦੇ ਹਨ । ਉਹ ਕਹਿੰਦੇ ਹਨ ਕਿ ਮੈਂ ਇਹ ਚੀਜ਼ਾਂ ਮੰਗ ਕੇ ਕੋਈ ਲਾਲਚ ਨਹੀਂ ਕੀਤਾ । ਮੈਂ ਤਾਂ ਰਬ ਦਾ ਨਾਮ ਹੀ ਜਪਣਾ ਚਾਹੁੰਦਾ ਹਾਂ :

"ਮੈਂ ਨਾਂਹੀ ਕੀਤਾ ਲਬੋ, ਇਕ ਨਾਮ ਤੇਰਾ ਮੈਂ ਫਬੋ ।"

ਸੋ ਇਹ ਤਾਂ ਹਰ ਇਕ ਇਨਸਾਨ ਲਈ ਜ਼ਰੂਰੀ ਲੋੜਾਂ ਹਨ, ਜਿਨ੍ਹਾਂ ਨੂੰ ਪ੍ਰਾਪਤ ਕਰਨਾ ਹਰ ਇਕ ਦਾ ਹੱਕ ਹੈ । ਇਨ੍ਹਾਂ ਪਦਾਰਥਾਂ ਨੂੰ ਪ੍ਰਾਪਤ ਕਰਨ ਲਈ ਇਨਸਾਨੀਅਤ ਦੇ ਅਲਮਬਰਦਾਰ ਰਵੀਦਾਸ ਜੀ ਨੇ ਇਸ ਤਰ੍ਹਾਂ ਹੀ ਕਿਹਾ ਸੀ । ਪਰ ਇਹ ਚੀਜ਼ਾਂ ਇਤਨੀਆਂ ਹੋਣੀਆਂ ਚਾਹੀਦੀਆਂ ਹਨ ਜਿਨ੍ਹਾਂ ਦੇ ਨਾਲ ਗੁਜ਼ਾਰਾ ਹੋ ਜਾਵੇ । ਜਦੋਂ ਇਹ ਧਨ ਇਕਠਾ ਕਰਨ ਵਲ ਰੁਝਾਨ ਹੋ ਜਾਵੇ ਤਾਂ ਫਿਰ ਇਹ ਨੁਕਸ ਪੈਦਾ ਹੋ ਜਾਂਦਾ ਹੈ । ਗੁਰਬਾਣੀ ਇਸ ਬਾਰੇ ਇਸ ਤਰ੍ਹਾਂ ਕਹਿੰਦੀ ਹੈ ਕਿ :

"ਜਿਸ ਗ੍ਰਿਹ ਬਹੁਤ ਤਿਸੈ ਗ੍ਰਿਹ ਚਿੰਤਾ ।
ਜਿਸ ਗ੍ਰਿਹ ਥੋਰੀ ਸੋ ਫਿਰੈ ਭਰਮੰਤਾ ।
ਦੋਹਾਂ ਵਿਵਸਥਾਂ ਤੇ ਜੋ ਮੁਕਤਾ,
ਸੋਈ ਸੁਹੇਲਾ ਭਾਲੀਐ ।"

ਜਿਸ ਕੋਲ ਬਹੁਤੀ ਮਾਇਆ ਇਕੱਠੀ ਹੋ ਜਾਵੇ, ਉਸ ਨੂੰ ਚਿੰਤਾ ਲਗ ਜਾਂਦੀ ਹੈ ਪਰ ਜਿਸ ਦੇ ਕੋਲ ਮਾਇਆ ਥੋੜ੍ਹੀ ਹੋਵੇ ਉਹ ਐਵੇਂ ਭਰਮਦਾ ਫਿਰਦਾ ਹੈ । ਇਸ ਲਈ ਇਤਨੀ ਮਾਇਆ ਹੋਣੀ ਚਾਹੀਦੀ ਹੈ ਜਿਸ ਨਾਲ ਕਿ ਗੁਜ਼ਾਰਾ ਬੇ-ਫਿਕਰੀ ਦੇ ਨਾਲ ਚਲ ਸਕੇ । ਭੁਖਿਆਂ ਤਾਂ ਭਗਤੀ ਵੀ ਨਹੀਂ ਹੁੰਦੀ । ਕਬੀਰ ਜੀ ਫੁਰਮਾਉਂਦੇ ਹਨ :

"ਭੂਖੇ ਭਗਤ ਨਾ ਕੀਜੇ,
ਯਿਹ ਮਾਲਾ ਅਪਨੀ ਲੀਜੇ ।"

ਇਸ ਲਈ ਧੰਨਾ ਜੀ, ਰਵੀਦਾਸ ਜੀ ਅਤੇ ਕਬੀਰ ਜੀ ਨੇ ਜੋ ਰਸਤਾ ਉਲੀਕਿਆ ਹੈ ਉਹ ਸਭਨਾਂ ਦੇ ਸਾਹਮਣੇ ਹੈ । ਇਨ੍ਹਾਂ ਦੇ ਨਾਲ ਹੀ ਵਿਦਿਆ ਵੀ ਅੱਜ ਕਲ ਜ਼ਰੂਰੀ ਹੈ :

"ਵਿਦਿਆ ਵੀਚਾਰੀ ਤਾਂ ਪਰਉਪਕਾਰੀ ।"

ਇਸ ਦੇ ਨਾਲ ਹੀ ਚੰਗੀ ਸਿਹਤ ਹੋਣੀ ਚਾਹੀਦੀ ਹੈ । ਕਿਉਂਕਿ ਚੰਗੀ ਸਿਹਤ ਵਿਚ ਹੀ ਚੰਗਾ ਦਿਮਾਗ ਹੋ ਸਕਦਾ ਹੈ । ਇਸ ਲਈ ਇਹ ਇਨਸਾਨ ਦੀਆਂ ਬੁਨਿਆਦੀ ਲੋੜਾਂ ਹਨ, ਗੁੱਲੀ, ਜੁੱਲੀ, ਕੁੱਲੀ, ਵਿਦਿਆ ਅਤੇ ਸਿਹਤ । ਇਨ੍ਹਾਂ ਦਾ ਪ੍ਰਬੰਧ ਜ਼ਰੂਰ ਹੋਣਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਮੈਂ ਪਹਿਲਾਂ ਕਿਹਾ ਹੈ ਕਿ ਪਲਾਨਿੰਗ ਕਮਿਸ਼ਨ ਹੀ ਪਲਾਨ ਬਣਾਉਂਦਾ ਹੈ, ਇਸ ਦੇ ਬਾਰੇ ਵਿਚ ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਉਥੇ ਪੰਜਾਬ ਦੇ ਨਾਲ ਵਿਤਕਰਾ ਹੁੰਦਾ ਹੈ । ਚੇਅਰਮੈਨ ਸਾਹਿਬ, ਕਮਿਸ਼ਨ ਵਲੋਂ 6 ਹਜ਼ਾਰ ਕਰੋੜ ਰੁਪਏ ਦੇ ਵੱਡੀਆਂ ਪ੍ਰਾਜੈਕਟਾਂ ਦੇ ਪਲਾਨ ਬਣਾਏ ਗਏ ਹਨ । ਇਕ ਇਕ ਪ੍ਰਾਜੈਕਟ ਦੇ ਨਾਲ ਹਜ਼ਾਰਾਂ ਆਦਮੀਆਂ ਨੂੰ ਰੋਜ਼ਗਾਰ ਮਿਲ ਸਕਦਾ ਹੈ । ਇਸ ਦੇ ਨਾਲ ਹੀ ਇੰਡਸਟਰੀ ਦੀ ਹਾਲਤ ਵੀ ਚੰਗੀ ਹੋ ਜਾਂਦੀ ਹੈ ਕਿਉਂਕਿ ਉਸ ਵਡੇ ਪ੍ਰਾਜੈਕਟ ਲਈ ਛੋਟੇ ਛੋਟੇ ਪੁਰਜ਼ੇ ਬਣਨੇ ਸ਼ੁਰੂ ਹੋ ਜਾਂਦੇ ਹਨ । ਜਿਸ ਤਰ੍ਹਾਂ ਪੰਜਾਬ ਦੇ ਹਿੰਮਤੀ ਲੋਕਾਂ ਨੇ ਲੁਧਿਆਣੇ, ਬਟਾਲੇ ਆਦਿ ਛੋਟੀ ਇੰਡਸਟਰੀ ਨੂੰ ਤਰੱਕੀ ਦੇ ਦਿਤੀ ਹੈ । ਸਿਲਾਈ ਦੀਆਂ ਮਸ਼ੀਨਾਂ ਅਤੇ ਹੋਰ ਛੋਟੀਆਂ ਛੋਟੀਆਂ ਮਸ਼ੀਨਾਂ ਬਣਾ ਕੇ, ਇਸ ਤਰ੍ਹਾਂ ਹੀ ਜੇ ਕੋਈ ਵਡਾ ਪ੍ਰਾਜੈਕਟ ਪੰਜਾਬ ਨੂੰ ਮਿਲ ਜਾਵੇ ਤਾਂ ਇਥੇ ਇੰਡਸਟਰੀ ਹੋਰ ਵਧ ਸਕਦੀ ਹੈ । ਐਚ. ਐਮ. ਟੀ. ਵਰਗਾ ਇਕ ਪ੍ਰਾਜੈਕਟ ਹੀ ਕਰੋੜਾਂ ਰੁਪਏ ਦਾ ਲਗਦਾ ਹੈ । ਅਜਿਹਾ ਕੋਈ ਵੀ ਪ੍ਰਾਜੈਕਟ ਪੰਜਾਬ ਵਿਚ ਨਹੀਂ ਹੈ । ਇਹ ਜ਼ਰੂਰ ਹੋਣਾ ਚਾਹੀਦਾ ਹੈ । ਪੰਜਾਬ ਵਿਚ ਪੈਦਾਵਾਰ ਸੈਚੂਰੇਸ਼ਨ ਪੁਆਇੰਟ ਤੇ ਪਹੁੰਚ ਚੁਕੀ ਹੈ । ਪਿਛਲੇ ਸਾਲ ਅਸੀਂ 36 ਲੱਖ ਟਨ ਦੇ ਭੰਡਾਰ ਵਿਚ 24 ਲਖ ਟਨ ਅਨਾਜ ਦਿਤਾ ਸੀ ਇਸ ਸਾਲ ਸ਼ਾਇਦ 26 ਲੱਖ ਟਨ ਅਨਾਜ ਦੇ ਸਕੀਏ । ਪਰ, ਚੇਅਰਮੈਨ ਸਾਹਿਬ, ਇਹ ਇਕ ਇਕਨਾਮਿਕਸ ਦਾ ਅਸੂਲ ਹੈ ਕਿ ਇਸ ਤੋਂ ਬਾਦ ਜ਼ਮੀਨ ਦੀ ਰੀਟਰਨ ਘਟਣ ਲੱਗ ਪੈਂਦੀ ਹੈ । ਇਸ ਪੈਦਾਵਾਰ ਦੀ ਵੀ ਇਕ ਹਦ ਹੈ । ਇਸ ਤੋਂ ਅਗੇ ਮੁੜ ਪੈਦਾਵਾਰ ਘੱਟ ਹੋਣੀ ਸ਼ੁਰੂ ਹੋ ਜਾਂਦੀ ਹੈ । ਇਸ ਲਈ ਪੰਜਾਬ ਨੂੰ ਇੰਡਸਟਰੀ ਮਿਲਣੀ ਚਾਹੀਦੀ ਹੈ । ਪਰ 6 ਹਜ਼ਾਰ ਕਰੋੜ ਦੀ ਇੰਡਸਟਰੀ ਵਿਚੋਂ ਕੇਵਲ 33 ਕਰੋੜ ਦੀ ਇੰਡਸਟਰੀ ਨੰਗਲ ਦੀ ਖਾਦ ਫੈਕਟਰੀ ਦੇ ਰੂਪ ਵਿਚ ਪੰਜਾਬ ਨੂੰ ਮਿਲੀ ਹੈ ਜੋ ਕਿ ਕੁਲ ਸਰਮਾਏ ਦਾ 1% ਵੀ ਨਹੀਂ ਹੈ । ਇਸ ਤਰ੍ਹਾਂ ਪੰਜਾਬ ਦੇ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ । ਇਸ ਦਾ ਕਾਰਣ ਇਹ ਦਸਿਆ ਜਾਂਦਾ ਹੈ ਕਿ ਪੰਜਾਬ ਦੀ ਪਰ ਕੈਪੀਟਾ ਇਨਕਮ ਸਾਰੇ ਸੂਬਿਆਂ ਨਾਲੋਂ ਵੱਧ ਹੈ । ਚੇਅਰਮੈਨ ਸਾਹਿਬ, ਮੈਨੂੰ ਕਾਫ਼ੀ ਸਮਾ ਪਲੈਨਿੰਗ ਕਮਿਸ਼ਨ ਦੇ ਪੈਨਲ ਆਫ਼ ਐਗਰੀਕਲਚਰ ਅਤੇ ਐਗਰੀਕਲਚਰ ਇਕਨਾਮਿਕਸ ਕਮੇਟੀ ਦੇ ਮੈਂਬਰ ਦੇ ਤੌਰ ਤੇ ਕੰਮ ਕਰਣ ਦਾ ਮੌਕਾ ਮਿਲਿਆ ਹੈ । ਉਸ ਦਾ ਮੈਨੂੰ ਤਜਰਬਾ ਹੈ ਕਿ ਜਦੋਂ ਕਿਸੇ ਕਿਸਮ ਦੀ ਕੋਈ ਪਲਾਨ ਪੰਜਾਬ ਵਾਸਤੇ ਮੰਗੀ ਜਾਂਦੀ ਹੈ ਤਾਂ ਇਹ ਕਿਹਾ ਜਾਂਦਾ ਹੈ ਕਿ ਪੰਜਾਬ ਦੀ ਪਰ ਕੈਪੀਟਾ ਇਨਕਮ ਜ਼ਿਆਦਾ ਹੈ । ਚੇਅਰਮੈਨ ਸਾਹਿਬ, ਇਹ ਪੰਜਾਬ ਦੀ ਪਰ ਕੈਪੀਟਾ ਵਧੇਰੇ ਇਨਕਮ ਤਾਂ ਅੰਗਰੇਜ਼ ਦੇ ਵੀ ਵੇਲੇ ਸੀ । ਇਸ ਦਾ ਕਾਰਨ ਇਹ ਹੈ ਕਿ ਪੰਜਾਬ ਵਿਚ ਦਰਮਿਆਨੇ ਦਰਜੇ ਦੇ ਜ਼ਿਮੀਦਾਰ ਹਨ । ਨਾਂ ਤਾਂ ਇਥੇ ਯੂ. ਪੀ. ਤੇ ਰਾਜਸਥਾਨ ਵਰਗਾ ਜਾਂ ਮੱਧ ਪ੍ਰਦੇਸ਼ ਵਰਗਾ ਵਡੀ ਜ਼ਿਮੀਦਾਰੀ ਜਾਂ ਜਗੀਰਦਾਰੀ ਤੇ ਰਈਤਵਾੜੀ ਦਾ ਪ੍ਰਬੰਧ ਹੈ । ਇਥੇ ਤਾਂ ਮਿਡਲ ਮੈਨ ਹੀ ਜ਼ਿਆਦਾ ਹਨ ਜੋ ਹਥੀਂ ਕੰਮ ਕਰਦੇ ਹਨ । ਇਸ ਲਈ ਇਥੇ ਦੀ ਪਰ ਕੈਪੀਟਾ ਇਨਕਮ ਜ਼ਿਆਦਾ ਹੈ । ਪਰ ਫਿਰ ਵੀ ਕੁਝ ਤਬਕੇ ਐਸੇ ਹਨ ਜਿਨ੍ਹਾਂ ਦੀ ਪਰ ਕੈਪੀਟਾ ਇਨਕਮ ਬਹੁਤ ਘਟ ਹੈ । ਹਰੀਜਨਾਂ ਅਤੇ ਪੇਂਡੂ ਮਜ਼ਦੂਰਾਂ ਦੀ ਗਲ ਲੈ ਲਓ । ਇਹ ਠੀਕ ਹੈ ਕਿ ਜ਼ੀਰੀ ਦੀ ਫ਼ਸਲ ਵਿਚ ਕਪਾਹ ਦੀ ਫ਼ਸਲ ਵਿਚ ਜਾਂ ਹੋਰ ਫ਼ਸਲਾਂ ਦੇ ਸਮੇਂ ਉਨ੍ਹਾਂ ਨੂੰ ਮਜ਼ਦੂਰੀ ਮਿਲ ਜਾਂਦੀ ਹੈ ਪਰ ਫਿਰ ਵੀ ਸਾਲ ਦੇ ਵਿਚ ਘਟੋ ਘੱਟ 4 ਮਹੀਨੇ ਅਜਿਹੀ ਲੇਬਰ ਵਿਹਲੀ ਰਹਿੰਦੀ ਹੈ । ਇਸ ਵਿਚ ਸਕਿਲਡ ਲੇਬਰ ਵੀ ਹੈ ਅਤੇ ਅਨਸਕਿਲਡ ਵੀ । ਜੇ ਗੌਰਮਿੰਟ ਆਫ਼ ਇੰਡੀਆ ਕੋਈ ਵਡਾ ਪ੍ਰਾਜੈਕਟ ਪੰਜਾਬ ਵਿਚ ਦੇ ਦੇਵੇ ਤਾਂ

[ਰਾਜ ਮੰਤਰੀ, ਖੁਰਾਕ ਤੇ ਸਪਲਾਈ]

ਇਨ੍ਹਾਂ ਦੀ ਮਜ਼ਦੂਰੀ ਦਾ ਸਵਾਲ ਹਲ ਹੋ ਸਕਦਾ ਹੈ । ਇਸ ਤਰ੍ਹਾਂ ਪੰਜਾਬ ਵਿਚ ਹਰ ਇਕ ਗਰੀਬ ਨੂੰ ਰੋਟੀ, ਕਪੜਾ ਅਤੇ ਮਕਾਨ ਅਤੇ ਹੋਰ ਬੁਨਿਆਦੀ ਲੋੜਾਂ ਮੁਹੱਈਆ ਕੀਤੀਆਂ ਜਾ ਸਕਦੀਆਂ ਹਨ ।

ਮੇਰੇ ਵੀਰ ਕੇਵਲ ਕ੍ਰਿਸ਼ਨ ਨੇ ਇਹ ਮਤਾ ਲਿਆਂਦਾ, ਬੜੀ ਖੁਸ਼ੀ ਦੀ ਗਲ ਹੈ । ਇਸ ਸਬੰਧ ਵਿਚ ਮੈਂ ਅੱਗੇ ਵੀ ਆਖਿਆ ਸੀ ਕਿ ਇਸ ਹਾਊਸ ਵਿਚ ਇਸ ਕੰਮ ਲਈ ਸਭ ਪਾਰਟੀਆਂ ਦੀ, ਸਭ ਤਬਕਿਆਂ ਦੀ ਮਿਲਵਰਤਨ ਦੀ ਲੋੜ ਹੈ । ਇਹ ਗ਼ਰੀਬਾਂ ਦੀ ਰੋਜ਼ੀ ਦਾ ਸਵਾਲ ਹੈ, ਉਨ੍ਹਾਂ ਦੀ ਕੁੱਲੀ, ਜੁੱਲੀ ਅਤੇ ਗੁੱਲੀ ਦਾ ਸਵਾਲ ਹੈ । ਜੇ ਕੋਈ ਵੱਡੀ ਇੰਡਸਟਰੀ ਲੁਧਿਆਣਾ ਅਤੇ ਬਟਾਲਾ ਵਿਚ ਲਗ ਜਾਵੇ ਤਾਂ ਇਸ ਨਾਲ ਕਾਮਿਆਂ ਨੂੰ ਮਜ਼ਦੂਰੀ ਮਿਲੇਗੀ ਔਰ ਛੋਟੀ ਇੰਡਸਟਰੀ ਨੂੰ ਜ਼ਿੰਦਗੀ ਮਿਲੇਗੀ । ਇਹ ਚੀਜ਼ ਲੈਣ ਵਾਸਤੇ ਸਾਰੀਆਂ ਪਾਰਟੀਆਂ ਨੂੰ ਮਿਲ ਕੇ ਯਤਨ ਕਰਨਾ ਚਾਹੀਦਾ ਹੈ । ਇਸ ਬਾਰੇ ਹਿੰਦੁਸਤਾਨ ਦੀ ਸਰਕਾਰ ਨੂੰ, ਪਲੈਨਿੰਗ ਕਮਿਸ਼ਨ ਨੂੰ, ਪਰੈਸ਼ਰ ਪਾਇਆ ਜਾਣਾ ਚਾਹੀਦਾ ਹੈ । ਅਜਿਹਾ ਮਤਾ ਜੋ ਅੱਜ ਹਾਊਸ ਦੇ ਸਾਹਮਣੇ ਹੈ, ਇਹ ਸਮੇਂ ਸਮੇਂ ਸਿਰ ਇਸ ਤਰ੍ਹਾਂ ਦੇ ਮਤੇ ਲਿਆ ਕੇ ਆਵਾਜ਼ ਪੈਦਾ ਕਰਨੀ ਚਾਹੀਦੀ ਹੈ ਤਾਂਕਿ ਉਹ ਪਲੈਨਿੰਗ ਕਮਿਸ਼ਨ ਦੇ ਬੋਲਿਆਂ ਕੰਨਾਂ ਤਕ ਪਹੁੰਚ ਸਕੇ ਕਿ ਪੰਜਾਬ ਨਾਲ ਜੋ ਧੱਕਾ ਹੋ ਰਿਹਾ ਹੈ ਉਹ ਦੂਰ ਕੀਤਾ ਜਾਣਾ ਚਾਹੀਦਾ ਹੈ । ਚੇਅਰਮੈਨ ਸਾਹਿਬ, ਇਸ ਦਾ ਇਕ ਇਲਾਜ ਹੋਰ ਵੀ ਹੈ; ਵਿਧਾਨ ਅਨੁਸਾਰ ਜੋ ਸ਼ਡਿਊਲ ਬਣੇ ਹੋਏ ਹਨ । ਕੁਝ ਅਧਿਕਾਰ ਸਟੇਟਾਂ ਨੂੰ, ਕੁਝ ਸਾਂਝੇ ਕਨਕਰੰਟ ਲਿਸਟ ਤੇ ਕੁਝ ਸੈਂਟਰ ਨੂੰ ਅਧਿਕਾਰ ਹਨ । ਇਸ ਲਿਸਟ ਨੂੰ ਰਿਵਾਈਜ਼ ਕਰਨਾ ਚਾਹੀਦਾ ਹੈ । ਤੁਸੀਂ ਜਾਣਦੇ ਹੋ ਕਿ ਬਟਾਲੇ ਵਿਚ ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਆਲ ਇੰਡੀਆ ਕਾਨਫਰੰਸ ਹੋਈ ਤਾਂ ਉਥੇ ਮਤਾ ਪਾਸ ਕੀਤਾ ਸੀ ਕਿ ਪਰੋਵਿੰਸ਼ੀਅਲ ਅਟਾਨੋਮੀ ਦਿਤੀ ਜਾਣੀ ਚਾਹੀਦੀ ਹੈ । ਸੂਬਿਆਂ ਦੇ ਅਧਿਕਾਰ ਵਧਣੇ ਚਾਹੀਦੇ ਹਨ । ਸ਼ਡਿਊਲ ਰੀਵਾਈਜ਼ ਹੋਣੀ ਚਾਹੀਦੀ ਹੈ । ਸੰਨ 1935 ਵਿਚ ਗੌਰਮਿੰਟ ਆਫ਼ ਇੰਡੀਆ ਨੇ ਸਟੇਟਾਂ ਨੂੰ ਪਰਾਵਿੰਸ਼ੀਅਲ ਅਟਾਨੋਮੀ ਦੇ ਕੁਝ ਅਧਿਕਾਰ ਦਿਤੇ ਸੀ । 1935 ਵਿਚ ਕੋਮ ਖੁਦ ਮੁਖਤਾਰੀ ਸੂਬਿਆਂ ਨੂੰ ਮਿਲੀ ਹੋਈ ਸੀ । ਬਟਾਲਾ ਅਕਾਲੀ ਪਾਰਟੀ ਆਲ ਇੰਡੀਆ ਕਾਨਫਰੰਸ ਵਿਚ ਇਹ ਪਾਸ ਕੀਤਾ ਗਿਆ ਸੀ ਕਿ ਸੂਬਿਆਂ ਦੇ ਅਧਿਕਾਰ ਵਧਾਉਣੇ ਚਾਹੀਦੇ ਹਨ, ਗਵਰਨਰ ਦੇ ਅਧਿਕਾਰਾਂ ਨੂੰ ਰੀਵੀਊ ਕਰਨਾ ਚਾਹੀਦਾ ਹੈ । ਹਿੰਦੁਸਤਾਨ ਦੇ ਵਿਧਾਨ ਦੇ ਸ਼ੈਡਿਊਲਜ਼ ਨੂੰ ਰੀਵੀਊ ਕਰਨਾ ਚਾਹੀਦਾ ਹੈ । ਸਟੇਟਾਂ ਨੂੰ ਫਾਈਨੈਂਸ਼ਲ ਅਤੇ ਦੂਜੇ ਅਧਿਕਾਰ ਹੋਰ ਦੇਣੇ ਚਾਹੀਦੇ ਹਨ ਜਿਵੇਂ ਕਿ ਹੋਰ ਮੁਲਕਾਂ ਰੂਸ ਆਦਿ ਵਿਚ ਹੈ, ਉਥੇ ਵੀ ਰਿਆਸਤਾਂ ਨੂੰ ਪਰੋਵਿੰਸ਼ਿਅਲ ਅਟਾਨੋਮੀ ਮਿਲੀ ਹੋਈ ਹੈ ਬਲਕਿ ਉਥੇ ਤਾਂ ਸੈਲਫ ਡਿਟਰਮੀਨੇਸ਼ਨ ਦੇ ਨਾਲ ਨਾਲ ਰਾਈਟ ਆਫ਼ ਸਕਸੈਸ਼ਨ ਵੀ ਹੈ । ਪਰ ਅਜਿਹੇ ਵਖਤਿਆਂ ਹੋਣ ਦੇ ਅਖਤਿਆਰ ਅਸੀਂ ਨਹੀਂ ਚਾਹੁੰਦੇ ਕਿ ਸੂਬਿਆਂ ਨੂੰ ਵਖਰੇ ਹੋਣ ਦੇ ਅਧਿਕਾਰ ਮਿਲਣ । ਅਸੀਂ ਤਾਂ ਚਾਹੁੰਦੇ ਹਾਂ ਕਿ ਜਿਹੜੀਆਂ ਬੁਨਿਆਦੀ ਗੱਲਾਂ ਹਨ ਜਿਨ੍ਹਾਂ ਕਰਕੇ ਸਟਰੈਂਗੁਲੇਸ਼ਨ ਫੀਲ ਹੋ ਰਹੀ ਹੈ ਜਾਂ ਸਟੇਟਾਂ ਦਾ ਗਲਾ ਘੁਟਿਆ ਜਾ ਰਿਹਾ ਹੈ, ਇਨ੍ਹਾਂ ਚੀਜ਼ਾਂ ਦੇ ਅਧਿਕਾਰ ਸਟੇਟਾਂ ਨੂੰ ਮਿਲਣੇ ਚਾਹੀਦੇ ਹਨ । ਅਸੀਂ ਤਾਂ ਇਹ ਚਾਹੁੰਦੇ ਹਾਂ ਕਿ ਸਟੇਟਾਂ ਨੂੰ ਅਧਿਕਾਰ ਮਿਲਣੇ ਚਾਹੀਦੇ ਹਨ ਜਿਸ ਨਾਲ ਕਿ ਸਟੇਟਾਂ ਆਪਣੀਆਂ ਮੁਸ਼ਕਲਾਂ ਆਪ ਹੱਲ ਕਰ ਸਕਣ । (ਸ਼ੋਰ) (ਵਿਘਨ) ਮੈਂ ਤਾਂ ਕੇ. ਪੀ. ਸਾਹਿਬ ਇਹ ਕਹਿਣਾ ਚਾਹੁੰਦਾ ਹਾਂ ਕਿ ਸੈਂਟਰ ਦੀ ਸਰਕਾਰ ਇਕ ਮਜ਼ਬੂਤ ਸਰਕਾਰ ਹੋਣੀ ਚਾਹੀਦੀ ਹੈ । ਅਕਾਲੀ ਪਾਰਟੀ ਦਾ ਇਹ ਵਾਜ਼੍ਹਾ ਸਟੈਂਡ ਹੈ ਕਿ ਡਿਫੈਂਸ ਸਰਵਿਸਿਜ਼ ਦਾ ਜਿਹੜਾ ਕੰਮ ਹੈ ਉਹ ਸੈਂਟਰ ਦੀ ਸਰਕਾਰ ਕੋਲ ਹੀ ਰਹੇ । ਐਮੋਸ਼ਨਲ ਇੰਟੇਗਰੇਸ਼ਨ ਕਰਕੇ ਦੇਸ਼ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ । ਲੇਕਿਨ ਪਰੋਵਿੰਸ਼ਿਅਲ ਅਟਾਨੋਮੀ ਸਟੇਟਾਂ ਨੂੰ ਜ਼ਰੂਰ ਮਿਲਣੀ ਚਾਹੀਦੀ ਹੈ । ਇਹ ਚੀਜ਼ ਤਾਂ ਅੰਗਰੇਜ਼ਾਂ ਨੇ ਵੀ 1935 ਵਿਚ ਸਾਨੂੰ ਦੇ ਦਿਤੀ ਸੀ । ਸਟੇਟਾਂ ਨੂੰ ਪਰੋਵਿੰਸ਼ਿਅਲ

ਅਟਾਨੋਮੀ ਮਿਲਣੀ ਚਾਹੀਦੀ ਹੈ। ਸਟੇਟਾਂ ਦੇ ਅਖਤਿਆਰ ਵਧਾਉਣੇ ਚਾਹੀਦੇ ਹਨ। ਕਈਆਂ ਨੇ ਕਿਹਾ ਹੈ ਕਿ ਸਟੇਟਾਂ ਦੀ ਫਾਈਨੈਂਸ਼ਲ ਪਾਵਰਜ਼ ਨੂੰ ਵਧਾਉਣਾ ਚਾਹੀਦਾ ਹੈ। (ਵਿਘਨ) ਇਹ ਠੀਕ ਹੈ ਇਹ ਵਧਾਉਣਾ ਚਾਹੀਦਾ ਹੈ। ਲੈਜਿਸਲੇਟਿਵ ਅਖਤਿਆਰ ਅਤੇ ਹੋਰ ਦੂਸਰੇ ਤਰੀਕਿਆਂ ਦੇ ਅਖਤਿਆਰ ਵੀ ਵਧਾਉਣੇ ਚਾਹੀਦੇ ਹਨ। ਸਰਦਾਰ ਮਹਿਤਾਬ ਸਿੰਘ, ਕਾਮਰੇਡ ਕੁਲਵੰਤ ਸਿੰਘ ਅਤੇ ਹੋਰ ਕਈ ਮੈਂਬਰ ਜਿਹੜੇ ਸਾਹਮਣੇ ਬੈਠੇ ਹਨ ਇਨ੍ਹਾਂ ਨੇ ਬਹੁਤ ਸਾਰੀਆਂ ਗੱਲਾਂ ਇਥੇ ਹਾਊਸ ਵਿਚ ਕਹੀਆਂ ਹਨ। ਲੜਕੀਆਂ ਨੂੰ ਜ਼ਮੀਨਾਂ ਦੇਣ ਦੇ ਸਿਲਸਿਲੇ ਵਿਚ ਹਿੰਦੁਸਤਾਨ ਦੇ ਵਿਧਾਨ ਦੇ ਮੁਤਾਬਿਕ (ਵਿਘਨ) ਭੈਣ ਭਰਾ ਵਿਚ ਫੁਟ ਪਈ, ਮਾਮੇ, ਭਾਣਜੇ ਵਖਰੇ ਵਖਰੇ ਹੋਏ। ਮੁਰੱਬਾਬੰਦੀ ਲਈ ਕਰੋੜਾਂ ਰੁਪਿਆ ਖਰਚ ਹੋਇਆ, ਐਵੇਂ ਗਿਆ। ਦੋ ਸੌ ਮੀਲ ਤੇ ਲੜਕੀ ਨੂੰ ਜ਼ਮੀਨ ਮਿਲ ਜਾਂਦੀ ਹੈ; ਜ਼ਮੀਨ ਟੋਟੇ ਟੋਟੇ ਹੋਈ। ਇਸ ਤਰ੍ਹਾਂ ਨਾਲ ਜ਼ਮੀਨ ਦੀ ਫਰੈਗਮੈਂਟੇਸ਼ਨ ਹੋਈ। ਪੈਦਾਵਾਰ ਦੇ ਸਾਧਨ ਘਟ ਹੋ ਗਏ। ਲੇਕਿਨ ਇਹ ਵਰਾਸਤ ਕਾਨੂੰਨ ਹੀ ਅਜਿਹਾ ਹੈ ਇਸ ਨੂੰ ਬਦਲਣਾ ਸਾਡੀ ਸੈਂਟਰ ਦੀ ਸਰਕਾਰ ਦੇ ਹੱਥ ਹੈ। ਸਾਡੀ ਫਰੰਟ ਸਰਕਾਰ 1967 ਵਿਚ ਬਣੀ। ਅਸੀਂ ਦਿਲੀ ਦੀ ਸਰਕਾਰ ਨੂੰ ਇਸ ਵਿਚ ਸੋਧ ਕਰਨ ਲਈ ਲਿਖਿਆ। ਫੇਰ 1969 ਵਿਚ ਦਿਲੀ ਦੀ ਸਰਕਾਰ ਨੂੰ ਇਸ ਵਿਚ ਸੋਧ ਕਰਨ ਲਈ ਲਿਖਿਆ, ਲੇਕਿਨ ਇਸ ਬਾਰੇ ਵਿਚ ਹਾਲੇ ਤਕ ਕੁਝ ਨਹੀਂ ਹੋਇਆ। ਸਾਡੀ ਜ਼ਮੀਨ ਨੂੰ ਟੋਟੇ ਟੋਟੇ ਹੋਣ ਤੋਂ ਬਚਾਉਣ ਲਈ ਸੈਂਟਰ ਦੀ ਸਰਕਾਰ ਨੇ ਕੋਈ ਧਿਆਨ ਨਹੀਂ ਦਿਤਾ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਸਟੇਟਾਂ ਨੂੰ ਵਧੇਰੇ ਅਖਤਿਆਰ ਹੋਣੇ ਚਾਹੀਦੇ ਹਨ (ਵਿਘਨ) ਤਾਂਕਿ ਆਪਣੇ ਤੇ ਲਾਗੂ ਹੋਣ ਵਾਲੇ ਕਾਨੂੰਨ ਨੂੰ ਆਪ ਬਦਲ ਸਕੀਏ। ਚੇਅਰਮੈਨ ਸਾਹਿਬ, ਹਾਲਤ ਤਾਂ ਇਹ ਹੈ:

> "ਵੁਹੀ ਕਾਤਲ, ਵੁਹੀ ਸ਼ਾਹਦ, ਵੁਹੀ ਮੁਨਸਫ ਠਹਿਰ
> ਯਿਹ ਅਕਰਬਾ ਮੇਰੇ ਕਰੇਂ ਖ਼ੂਨ ਕਾ ਦਾਵਾ ਕਿਸ ਪਰ।"

ਸਾਨੂੰ ਐਲੋਕੇਸ਼ਨ ਆਫ ਫੰਡਜ਼ ਵਧ ਹੋਣੇ ਚਾਹੀਦੇ ਹਨ। ਸਾਡੇ ਅਖਤਿਆਰਾਂ ਵਿਚ ਵਾਧਾ ਹੋਣਾ ਚਾਹੀਦਾ ਹੈ ਜਿਸ ਨਾਲ ਕਿ ਅਸੀਂ ਆਪਣੀਆਂ ਔਕੜਾਂ ਨੂੰ ਆਪ ਹੀ ਨਜਿੱਠ ਸਕੀਏ। ਅਸੀਂ ਪੰਜਾਬ ਨੂੰ ਖੁਸ਼ਹਾਲ ਬਣਾ ਸਕੀਏ। (ਵਿਘਨ) ਕੇਵਲ ਕ੍ਰਿਸ਼ਨ ਦੇ ਰੇਜ਼ੋਲਿਊਸ਼ਨ ਦੀ ਭਾਵਨਾ ਨੂੰ ਪੂਰਾ ਕਰਨ ਲਈ ਪੰਜਾਬ ਦੇ ਕਿਸਾਨ ਨੂੰ ਇੰਡਸਟਰੀ, ਬਿਜਲੀ ਅਤੇ ਪਾਣੀ ਚਾਹੀਦਾ ਹੈ। ਇਸ ਚੀਜ਼ ਨੂੰ ਪੂਰਾ ਕਰਨ ਵਾਸਤੇ ਸਰਕਾਰ ਨੇ ਬਠਿੰਡੇ ਦਾ ਥਰਮਲ ਪਲਾਂਟ ਕਈ ਕਰੋੜਾਂ ਰੁਪਏ ਦਾ ਬਣਾਉਣ ਦਾ ਫੈਸਲਾ ਕੀਤਾ ਹੈ। (ਵਿਘਨ) ਬੜੀ ਮੁਸ਼ਕਿਲ ਨਾਲ ਇਸ ਪਲਾਂਟ ਦੀ ਮਨਜ਼ੂਰੀ ਲਈ ਹੈ। ਇਸੇ ਤਰ੍ਹਾਂ ਥੀਨ ਡੈਮ ਦੇ ਬਾਰੇ ਮੈਂ, ਚੇਅਰਮੈਨ ਸਾਹਿਬ, ਅਰਜ਼ ਕਰਾਂ ਕਿ ਸਾਡੀ ਹਿੰਦੁਸਤਾਨ ਦੀ ਸਰਕਾਰ ਨੇ ਪਾਕਿਸਤਾਨ ਨੂੰ 100 ਕਰੋੜ ਰੁਪਿਆ ਪਾਣੀ ਦੀ ਕੀਮਤ ਵਜੋਂ ਦੇ ਦਿਤਾ ਹੈ ਅਤੇ ਇਹ ਪਾਣੀ ਪਾਕਿਸਤਾਨ ਨੂੰ ਅਪਰੈਲ, 1970 ਵਿਚ ਜਾਣਾ ਬੰਦ ਕਰਨਾ ਸੀ। ਪਰ ਸੈਂਟਰ ਵਾਲੇ ਇਹ ਪਾਣੀ ਹਾਲੇ ਤਕ ਪਾਕਿਸਤਾਨ ਨੂੰ ਜਾਣਾ ਬੰਦ ਨਹੀਂ ਕਰ ਸਕੇ। ਅਪਰੈਲ, 1970 ਤੋਂ ਬਾਦ ਇਹ ਕਈ ਕਰੋੜ ਦੇ ਮੁਲ ਦਾ ਪਾਣੀ ਫਜ਼ੂਲ ਹੀ ਪਾਕਿਸਤਾਨ ਨੂੰ ਚਲਾ ਜਾਣਾ ਹੈ। ਅਸੀਂ ਇਹ ਪਾਣੀ ਪਾਕਿਸਤਾਨ ਜਾਣੋਂ ਬੰਦ ਨਹੀਂ ਕਰ ਸਕੇ ਹਾਂ ਕਿਉਂਕਿ ਦਿਲੀ ਦੀ ਵਜ਼ਾਰਤ ਤੇ ਦਿਲੀ ਦੇ ਪਲੈਨਿੰਗ ਕਮਿਸ਼ਨ ਨੇ ਇਹ ਸਾਨੂੰ ਅਖਤਿਆਰ ਨਹੀਂ ਦਿਤਾ ਹੈ। ਇਸ ਤਰ੍ਹਾਂ ਕਰਨ ਦੀ ਇਜਾਜ਼ਤ ਨਹੀਂ ਦਿਤੀ ਹੈ। ਥੀਨ ਡੈਮ ਵਾਸਤੇ ਅਸੀਂ ਸੈਂਟਰ ਨੂੰ ਕਈ ਦਫਾ ਕਿਹਾ ਹੈ ਪਰ ਉਨ੍ਹਾਂ ਦੇ ਕੰਨ ਤੇ ਹਾਲੇ ਜੂੰ ਤਕ ਨਹੀਂ ਰੀਂਗੀ। ਹਾਲੇ ਤਕ ਇਸ ਦੀ ਪਰਵਾਨਗੀ ਨਹੀਂ ਦਿਤੀ ਗਈ। ਮੈਂ ਇਸ ਬਾਰੇ ਕਹਾਂਗਾ ਕਿ ਇਹ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦਾ ਸਾਂਝਾ ਕੰਮ ਹੈ ਅਤੇ ਹਰ ਇਕ ਨੂੰ ਇਸ ਲਈ ਮੰਗ ਕਰਨੀ ਚਾਹੀਦੀ ਹੈ ਅਤੇ ਸੈਂਟਰ ਤੇ ਰਲ ਕੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਇਸ ਦੀ ਮਨਜ਼ੂਰੀ ਦਿਤੀ ਜਾਵੇ। ਕਰੋੜਾਂ ਰੁਪਏ ਦਾ ਪਾਣੀ ਮੁਫਤ ਵਿਚ

[ਰਾਜ ਮੰਤਰੀ, ਖੁਰਾਕ ਤੇ ਸਪਲਾਈ]

ਹੀ ਪਾਕਿਸਤਾਨ ਨੂੰ ਚਲਾ ਜਾਣਾ ਹੈ। ਸਾਨੂੰ ਰਾਓ ਸਾਹਿਬ ਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਇਸ ਬਾਰੇ ਵਿਚ ਮਨਜ਼ੂਰੀ ਦਿਤੀ ਜਾਵੇ। ਜੇ ਇਹ ਮਨਜ਼ੂਰੀ ਅੱਜ ਵੀ ਦਿਤੀ ਜਾਵੇ ਤਾਂ ਵੀ ਇਸ ਡੈਮ ਬਣਨ ਨੂੰ ਸੱਤ ਸਾਲ ਲਗ ਜਾਣਗੇ। ਇਹ ਰੈਜ਼ੋਲਿਊਸ਼ਨ ਦੀ ਭਾਵਨਾ ਠੀਕ ਹੈ ਪਰ ਸਾਧਨ ਇਸ ਦੇ ਇਹ ਹਨ ਕਿ ਹਿੰਦੁਸਤਾਨ ਦੀ ਸਰਕਾਰ ਨੂੰ ਸੂਬਿਆਂ ਦੀ ਤਾਕਤ ਵਿਚ ਵਾਧਾ ਕਰਨਾ ਚਾਹੀਦਾ ਹੈ। ਇਸ ਬਾਰੇ ਅਮੈਂਡਮੈਂਟ ਸਿਰਦਾਰ ਕਪੂਰ ਸਿੰਘ ਅਤੇ ਸਰਦਾਰ ਪਰਤਾਪ ਸਿੰਘ ਕਾਦੀਆਂ ਨੇ ਦਿਤੀ ਸੀ। (ਵਿਘਨ) ਸਾਨੂੰ ਸੈਂਟਰ ਦੀ ਸਰਕਾਰ ਨੂੰ ਅਪਰੋਚ ਕਰਨਾ ਚਾਹੀਦਾ ਹੈ ਕਿ ਸਾਨੂੰ ਅਧਿਕਾਰ ਵੱਧ ਦੇਣੇ ਚਾਹੀਦੇ ਹਨ ਤਾਂਕਿ ਜੋ ਸਾਡੀਆਂ ਮੁਸ਼ਕਲਾਂ ਹਨ ਉਹ ਅਸੀਂ ਆਪ ਹੀ ਸਾਲਵ ਕਰ ਸਕੀਏ। ਪੰਜਾਬ ਦੀ ਅਸੈਂਬਲੀ ਵਿਚ ਸਰਦਾਰ ਉਮਰਾਓ ਸਿੰਘ ਮੇਰੇ ਨਾਲ ਮੈਂਬਰ ਸੀ ਤੇ ਉਸ ਵੇਲੇ ਸਰਦਾਰ ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਸਨ। ਉਸ ਵੇਲੇ ਪਾਰਟੀ ਵਿਚ ਵਿਚਾਰ ਹੋਇਆ। ਅਸੀਂ ਸੈਂਟਰ ਦੀ ਸਰਕਾਰ ਨੂੰ ਆਖਿਆ ਕਿ ਪਿੰਡਾਂ ਦੀਆਂ ਜ਼ਮੀਨਾਂ ਤੇ ਤਾਂ ਸਰਕਾਰ ਆਪਣੇ ਦੰਦ ਮਾਰੀ ਸੀਲਿੰਗ ਲਾਈ ਜਾਂਦੀ ਹੈ ਪਰ ਦੂਜੇ ਪਾਸੇ ਸ਼ਹਿਰੀ ਜਾਇਦਾਦਾਂ ਤੇ ਜੋ ਕਿ ਕਰੋੜਾਂ ਰੁਪਏ ਦੀਆਂ ਹਨ ਉਸ ਪਾਸੇ ਕੋਈ ਧਿਆਨ ਹੀ ਨਹੀਂ ਦਿਤਾ ਜਾਂਦਾ। ਇਸ ਲਈ ਇਸ ਪਾਸੇ ਵੀ ਕੁਝ ਕਰਨਾ ਚਾਹੀਦਾ ਹੈ।

ਪਾਰਟੀ ਵਿਚ ਅਸੀਂ 73 ਜਣੇ ਇਕ ਪਾਸੇ ਅਤੇ ਜਣੇ ਇਕ ਪਾਸੇ। ਅਸੀਂ ਪਾਸ ਕੀਤਾ ਕਿ ਸ਼ਹਿਰਾਂ ਦੇ ਮੁਜਾਰਿਆਂ ਨੂੰ ਵੀ ਪਿੰਡਾਂ ਦੇ ਮੁਜਾਰਿਆਂ ਵਾਲੇ ਹੱਕ ਹੋਣੇ ਚਾਹੀਦੇ ਹਨ। ਜਿਸ ਤਰ੍ਹਾਂ ਪਿੰਡ ਵਾਲਾ ਮੁਜਾਰਾ ਕਿਸ਼ਤਾਂ ਤੇ ਜ਼ਮੀਨ ਖਰੀਦ ਸਕਦਾ ਹੈ, ਉਸੇ ਤਰ੍ਹਾਂ ਉਸ ਨੂੰ ਵੀ ਇਸ ਤਰ੍ਹਾਂ ਦਾ ਹੱਕ ਹੋਵੇ। ਅਸੀਂ ਇਸ ਤਰ੍ਹਾਂ ਪਾਸ ਕਰ ਕੇ ਸੈਂਟਰ ਦੀ ਸਰਕਾਰ ਨੂੰ ਲਿਖਿਆ। ਉਸ ਤੇ ਅੰਡਰ ਸੈਕਟਰੀ ਦਾ ਜਵਾਬ ਆਇਆ ਕਿ ਅਸੀਂ ਹਾਲੇ ਸ਼ਹਿਰੀ ਮੁਜ਼ਾਰੇ ਨੂੰ ਪਿੰਡਾਂ ਦੇ ਮੁਜਾਰੇ ਵਾਲਾ ਹੱਕ ਨਹੀਂ ਦੇ ਸਕਦੇ। ਇਸ ਲਈ ਮੈਂ ਹਾਊਸ ਦਾ ਧਿਆਨ ਇਸ ਪਾਸੇ ਵਲ ਦਿਵਾਉਂਦਾ ਹਾਂ ਕਿ ਸਾਨੂੰ ਸਮੁੱਚੇ ਤੌਰ ਤੇ ਪਾਰਟੀ ਲੈਵਲ ਤੋਂ ਉਪਰ ਉਠ ਕੇ ਅਤੇ ਸਾਰੇ ਭੇਦ ਭਾਵ ਮਿਟਾ ਕੇ ਇਹ ਮੰਗ ਕਰਨੀ ਚਾਹੀਦੀ ਹੈ। ਜਦ ਜ਼ਮੀਨ ਤੇ ਸੀਲਿੰਗ ਹੈ ਤਾਂ ਸ਼ਹਿਰਾਂ ਵਿਚ ਜਿਹੜੇ ਕਨਾਟ ਪਲੇਸ ਬਣਾਈ ਬੈਠੇ ਹਨ ਲੱਖਾਂ ਲੱਖਾਂ ਦੀ ਪਰਾਪਰਟੀ ਹੈ, ਉਨ੍ਹਾਂ ਦੀ ਪਰਾਪਰਟੀ ਤੇ ਵੀ ਸੀਲਿੰਗ ਲੱਗਣੀ ਚਾਹੀਦੀ ਹੈ। ਤੁਸੀਂ (ਕਾਂਗਰਸ ਵਲ ਇਸ਼ਾਰਾ ਕਰਦੇ ਹੋਏ) ਜ਼ਰਾ ਇਸ ਪਾਸੇ ਸੋਚੋ ਅਤੇ ਸੈਂਟਰ ਵੀ ਇਸ ਪਾਸੇ ਖਿਆਲ ਕਰੇ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਸਾਨੂੰ ਇਸ ਪਾਸੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ 5-7 ਲੱਖ ਦੀ ਹੱਦ ਮੁਕਰਰ ਕਰ ਕੇ ਬਾਕੀ ਦੀ ਪਰਾਪਰਟੀ ਤੇ ਇਹ ਸੀਲਿੰਗ ਲਗਣੀ ਚਾਹੀਦੀ ਹੈ। ਤਾਂ ਹੀ ਇਹ ਜਿਹੜਾ ਸੋਸ਼ਲਿਜ਼ਮ ਕਹਿੰਦੇ ਹਨ, ਫਿਰ ਸ਼ਹਿਰਾਂ ਅਤੇ ਪਿੰਡਾਂ ਦੋਹਾਂ ਵਿਚ, ਆਵੇਗਾ ਹੁਣ ਸੋਸ਼ਲਿਜ਼ਮ ਕੇਵਲ ਜ਼ਮੀਨਾਂ ਲਈ ਹੈ। ਤਾਂ ਹੀ ਇਕ ਮਕਾਨ ਅਤੇ ਇਕ ਦੁਕਾਨ ਵਾਲੀ ਗੱਲ ਠੀਕ ਹੋਵੇਗੀ। ਸ਼ਹਿਰਾਂ ਦੇ ਜਿਹੜੇ ਮੁਜ਼ਾਰੇ ਹਨ, ਉਨ੍ਹਾਂ ਨੂੰ ਵੀ ਪਿੰਡ ਵਾਲੇ ਮੁਜਾਰੇ ਜਿੰਨੇ ਹਕ ਮਿਲਣੇ ਚਾਹੀਦੇ ਹਨ। ਇਸ ਤਰ੍ਹਾਂ ਗਰੀਬ ਨੂੰ ਜ਼ਮੀਨ ਵੀ ਮਿਲੇਗੀ ਅਤੇ ਸਾਰਿਆਂ ਨੂੰ ਸਹੂਲਤ ਮਿਲੇਗੀ।

ਸਰਦਾਰ ਉਮਰਾਓ ਸਿੰਘ : ਚੇਅਰਮੈਨ ਸਾਹਿਬ, ਇਹ ਜਿਹੜੀ ਅਮੈਂਡਮੈਂਟ ਇਥੇ ਮੂਵ ਹੋਈ ਹੈ, ਔਰ ਜਿਸ ਦਾ ਰੈਜ਼ੋਲਿਊਸ਼ਨ ਦੇ ਨਾਲ ਕੋਈ ਤੁਅੱਲਕ ਨਹੀਂ, ਮੈਂ ਪੁੱਛਦਾ ਹਾਂ ਕਿ ਕੀ ਤੁਸੀਂ ਉਹ ਅਲਾਓ ਕੀਤੀ ਹੈ ? (ਵਿਘਨ)

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਅਮੈਂਡਮੈਂਟ ਆਈ ਸੀ ਪਰ ਉਹ ਡਿਸਅਲਾਓ ਹੋ

ਗਈ ਹੈ, ਪਰ ਸੁਝਾਉ ਮੈਂ ਕਿਹਾ ਕਿ ਅੱਛਾ ਸੀ । ਦਿੱਲੀ ਦੀ ਸਰਕਾਰ ਨੂੰ ਅਸੀਂ ਮਜ਼ਬੂਰ ਕਰੀਏ ਕਿ ਸਾਡੇ ਸਾਧਨ ਵਧਾਏ ਫਾਈਨੈਂਸ਼ਲ ਅਸਿਸਟੈਂਸ ਔਰ ਸਾਡੇ ਅਖਤਿਆਰ ਵਧਾਏ ਅਤੇ ਅਸੀਂ ਲੋਕਾਂ ਦੀ ਰੋਟੀ ਦਾ ਮਸਲਾ ਹੱਲ ਕਰ ਸਕੀਏ । ਮੈਂ ਅਖ਼ੀਰ ਵਿਚ ਕਹਿਣਾ ਚਾਹੁੰਦਾ ਹਾਂ ਕਿ ਬਿਜਲੀ ਦੇ ਮੁਲਾਜ਼ਮਾਂ ਦੀ ਹੜਤਾਲ ਹੋਈ । ਬਦਕਿਸਮਤੀ ਨਾਲ ਨਹਿਰਾਂ ਦਾ ਪਾਣੀ ਵੀ ਘਟ ਗਿਆ, ਉਧਰੋਂ ਬਿਜਲੀ ਬੰਦ ਹੋ ਗਈ ਜਿਤਨਾ ਪਾਣੀ ਭਾਖੜੇ ਤੋਂ ਚਲਣਾ ਚਾਹੀਦਾ ਹੈ ਨਹਿਰਾਂ ਦੀ ਸਪਲਾਈ ਲਈ ਉਤਨਾ ਪਾਣੀ ਦਰਿਆ ਵਿਚ ਨਹੀਂ ਆ ਰਿਹਾ । (ਵਿਘਨ) ਕੀ ਇਹ ਵੀ ਸਰਕਾਰ ਦਾ ਕਸੂਰ ਹੈ ? ਉਸ ਤੇ ਤਾਂ ਸੈਂਟਰ ਦਾ ਕੰਟਰੋਲ ਹੈ । ਸੈਂਟਰ ਦੀ ਸਰਕਾਰ ਨੇ 35-40% ਬਿਜਲੀ ਡੇਢ ਪੈਸਾ ਪਰ ਯੂਨਿਟ ਨੰਗਲ ਫੈਕਟਰੀ ਨੂੰ ਦਿਤੀ । 33 ਕਰੋੜ ਦਾ ਪਰਾਜੈਕਟ ਪੰਜਾਬ ਨੂੰ ਮਿਲਿਆ, ਉਹ ਵੀ ਸਾਡੀ ਜਾਨ ਦਾ ਖਾਉ (ਵਿਘਨ) ਸੈਂਟਰ ਦੇ ਵਜ਼ੀਰ ਸ਼੍ਰੀ ਰਾਓ ਨੇ ਇਸ ਦਾ ਟੈਰਿਫ ਬੰਨ੍ਹਿਆ, ਉਨ੍ਹਾਂ ਨੇ ਰੇਟ ਮੁਕੱਰਰ ਕੀਤਾ । ਉਹ ਵੀ ਗਰੀਬ ਦੀ ਝੌਂਪੜੀ ਵਿਚੋਂ 35 ਪੈਸੇ ਦੇ ਹਿਸਾਬ ਨਾਲ ਲਗਾਏ ਅਤੇ ਕਿਸਾਨਾਂ ਤੋਂ 11 ਪੈਸੇ ਪਰ ਯੂਨਿਟ ਦੇ ਲੈਂਦੇ ਹਨ ਪਰ ਨੰਗਲ ਦੀ ਫੈਕਟਰੀ ਤੋਂ ਡੇਢ ਪੈਸਾ ਪਰ ਯੂਨਿਟ ਲੈਂਦੇ ਹਨ । (ਵਿਘਨ) ਸੋ, ਚੇਅਰਮੈਨ ਸਾਹਿਬ, ਬਿਜਲੀ ਘੱਟ ਆਈ, ਪਾਣੀ ਘੱਟ ਆਇਆ ਅਤੇ ਜ਼ਿਮੀਦਾਰਾਂ ਨੂੰ ਕਣਕ ਆਦਿ ਬੀਜਣ ਵਾਸਤੇ ਪਾਣੀ ਘਟ ਮਿਲਿਆ ਅਤੇ ਫਸਲ ਘੱਟ ਬੀਜੀ ਗਈ; ਪਰ ਦੂਸਰੇ ਪਾਸੇ ਮੁਲਾਜ਼ਮਾ ਨੇ ਹੜਤਾਲ ਦਾ ਨਾਅਰਾ ਲਾ ਦਿਤਾ । ਕਾਲੇ ਬਿਲੇ ਲਾ ਕੇ ਨਾਅਰੇ ਲਾਉਣੇ ਸ਼ੁਰੂ ਕਰ ਦਿਤੇ । ਇਹ ਠੀਕ ਹੈ ਕਿ ਹੱਕ ਮੰਗਣਾ ਇਨਸਾਨ ਦਾ ਹੱਕ ਹੈ ਪਰ ਇਸ ਹਿਸਾਬ ਨਾਲ ਐਂਟੀ ਨੈਸ਼ਨਲ ਗੱਲਾਂ ਕਰਨਾ, ਔਰ ਹੜਤਾਲ ਕਾਰਨ ਹਜ਼ਾਰਾਂ ਲੱਖਾਂ ਮਣ ਅਨਾਜ ਕਿਸਾਨ ਦਾ ਸੁਕਾ ਦੇਣਾ, ਇਤਨਾ ਨੁਕਸਾਨ ਕਰਨਾ, ਬਿਜਲੀ ਬੰਦ ਕਰ ਦੇਣਾ, ਔਰ ਤਾਰਾਂ ਤੇ ਸੰਗਲ ਸੁਟ ਦੇਣੇ, ਇਹ ਕਿਸੇ ਤਰ੍ਹਾਂ ਵੀ ਸ਼ਲਾਘਾ ਵਾਲੀ ਗੱਲ ਨਹੀਂ ਕਹੀ ਜਾ ਸਕਦੀ । ਮੈਂ ਇੰਟੈਰਮ ਰਲੀਫ ਦੇ ਮੁਤੱਲਕ ਕਹਿਣਾ ਚਾਹੁੰਦਾ ਹਾਂ । ਇਥੇ ਕਾਮਰੇਡ ਦਾਨਾ ਰਾਮ ਨੇ ਇਸ ਦੇ ਬਾਰੇ ਕਿਹਾ ਹੈ । ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਲਾਇਬਰੇਰੀ ਵਿਚ ਜਾ ਕੇ ਉਥੋਂ ਇੰਟੈਰਮ ਰਲੀਫ ਦੇ ਮਾਅਨੇ ਦੇਖ ਆਉਣ ਕਿ ਇਸ ਦਾ ਮਤਲਬ ਕੀ ਹੈ । ਜੇ ਕੋਈ ਗ਼ਲਤ ਮੰਗ ਕਰਦਾ ਹੈ ਤਾਂ ਜ਼ਰੂਰੀ ਨਹੀਂ ਕਿ ਸਰਕਾਰ ਹਰ ਗਲਤ ਗੱਲ ਦੇ ਅੱਗੇ ਝੁਕੇ । ਸਰਕਾਰ ਨੇ 1967 ਤੋਂ, ਜਦ ਕਿ ਸਰਦਾਰ ਗੁਰਨਾਮ ਸਿੰਘ ਮੁੱਖ ਮੰਤਰੀ ਸਨ ਅਤੇ ਹੁਣ ਜਦ ਕਿ ਸਰਦਾਰ ਬਾਦਲ ਦੀ ਸਰਕਾਰ ਹੈ, 42 ਕਰੋੜ ਰੁਪਿਆ ਐਡਮਨਿਸਟਰੇਸ਼ਨ ਦਾ ਸਾਰਾ ਖਰਚ ਸੀ । ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਖਰਚ 42 ਕਰੋੜ ਰੁਪਿਆ ਸੀ । (ਵਿਘਨ) ਚੇਅਰਮੈਨ ਸਾਹਿਬ, ਅਸੀਂ 17 ਕਰੋੜ ਰੁਪਿਆ ਸਾਲ ਦਾ ਮੁਲਾਜ਼ਮਾ ਦਾ ਵਧਾਇਆ । 42 ਕਰੋੜ ਤੋਂ 59 ਕਰੋੜ ਕਰ ਦਿਤਾ । ਇਨ੍ਹਾਂ ਦਾ ਡੀ. ਏ. ਵਧਾਇਆ । ਮਾਸਟਰਾਂ ਦੀ ਤਨਖਾਹ 110 ਤੋਂ 245 ਰੁਪਏ ਕੀਤੀ । ਕੰਡਕਟਰਜ਼, ਪਟਵਾਰੀ ਅਤੇ ਹੋਰ ਅਮਲੇ ਦੀਆਂ ਤਨਖਾਹਾਂ ਵਧਾਈਆਂ । ਇਨ੍ਹਾਂ ਦੀਆਂ ਤਨਖਾਹਾਂ ਵਧਾਉਣ ਵਾਸਤੇ ਚੀਫ ਜਸਟਿਸ ਦੀ ਚੇਅਰਮੈਨ-ਸ਼ਿਪ ਵਿਚ ਕਮਿਸ਼ਨ ਬਿਠਾਇਆ । ਜੋ ਉਸ ਨੇ ਕਿਹਾ ਤਨਖਾਹ ਵਧਣੀ ਚਾਹੀਦੀ ਹੈ, ਉਹ ਅਸੀਂ ਮੰਨ ਕੇ ਵਧਾਈਆਂ । (ਵਿਘਨ) ਚੇਅਰਮੈਨ ਸਾਹਿਬ, ਮੁਲਾਜ਼ਮਾਂ ਦਾ 17 ਕਰੋੜ ਰੁਪਿਆ ਵਧਾਇਆ । 4 ਸਾਲਾਂ ਵਿਚ 68 ਕਰੋੜ ਰੁਪਿਆ ਇਨ੍ਹਾਂ ਨੂੰ ਦਿਤਾ । ਦਿੱਲੀ ਦੀ ਸਰਕਾਰ ਨੇ ਹਾਲੀ ਕਮਿਸ਼ਨ ਬਿਠਾਇਆ ਹੈ । ਉਸ ਦੀ ਰਿਪੋਰਟ ਦੀ ਇੰਤਜ਼ਾਰ ਹੈ । ਉਹ ਉਨ੍ਹਾਂ ਨੇ ਉਸ ਸਮੇਂ ਲਈ ਇੰਟੈਰਮ ਰੀਲੀਫ ਉਨ੍ਹਾਂ ਨੂੰ ਦਿਤੀ ਹੈ । (ਵਿਘਨ) ਇਥੇ ਵੀ ਜੱਜ ਸਾਹਿਬ ਦੀ ਰਿਪੋਰਟ ਲਾਗੂ ਕਰ ਦਿਤੀ ਹੈ । ਅਨਾਮਲੀਜ਼ ਦਾ ਫੈਸਲਾ ਐਫ. ਐਮ. ਸਾਹਿਬ ਨਾਲ ਕਮੇਟੀ ਕਰ ਚੁੱਕੀ ਹੈ ਔਰ ਡੀ. ਏ. ਜੋ ਵਧਾਉਣ ਦੀ ਪਰਵਾਨਗੀ ਦਿਤੀ ਹੈ, ਉਹ ਵਧਾਉਣ ਲਈ ਤਿਆਰ ਹਾਂ । (ਵਿਘਨ) ਅਨਾਮਲੀਜ਼ ਦੂਰ ਕੀਤੀਆਂ ਜਾ ਰਹੀਆਂ ਹਨ । ਇਨ੍ਹਾਂ ਦਾ ਡੀ. ਏ. ਵਧਿਆ ਹੈ, 17 ਕਰੋੜ ਰੁਪਏ ਸਾਲ ਦਾ ਦਿਤਾ ਹੈ । (ਵਿਘਨ) ਇਸ ਲਈ ਇੰਟੈਰੰਮ ਦਾ ਤਾਂ ਕੋਈ ਇਥੇ

[ਰਾਜ ਮੰਤਰੀ, ਖੁਰਾਕ ਤੇ ਸਪਲਾਈ]

ਸਵਾਲ ਨਹੀਂ । ਇਹ ਇਰਰੈਲੇਵੈਂਟ ਸਵਾਲ ਹੈ । ਕੋਈ ਰਿਪੋਰਟ ਉਡੀਕੀ ਨਹੀਂ ਜਾ ਰਹੀ । (ਵਿਘਨ) ਚੇਅਰਮੈਨ ਸਾਹਿਬ, ਇਸ ਪਾਸੇ ਬੈਠੇ ਟਰੈਜ਼ਰੀ ਬੈਂਚਿਜ਼ ਤੇ ਇਸ ਸਰਕਾਰ ਨੇ ਗਰੀਬ, ਮਜ਼ਦੂਰ, ਲੁਹਾਰ, ਜੁਤੀਆਂ ਬਣਾਉਣ ਵਾਲੇ ਆਦਿ ਤੇ ਕਿੱਤਾ ਟੈਕਸ ਜਿਹੜਾ ਮੁਆਫ ਕੀਤਾ ਹੈ, 5 ਏਕੜ ਦਾ ਜਿਹੜਾ ਮਾਲੀਆ ਅਤੇ ਬੈਟਰਮੈਂਟ ਲੈਵੀ ਮੁਆਫ਼ ਕੀਤੀ ਹੈ, ਕੀ ਇਨ੍ਹਾਂ ਮੁਲਾਜ਼ਮਾਂ ਦੇ ਕਹਿਣ ਅਨੁਸਾਰ ਇਨ੍ਹਾਂ ਗਰੀਬਾਂ ਤੇ ਫਿਰ ਟੈਕਸ ਲਾ ਦੇਈਏ ? ਪੰਜ ਏਕੜ ਤੇ ਜਿਹੜਾ ਮਾਲੀਆ ਮੁਆਫ਼ ਕੀਤਾ ਹੈ ਕਦੇ ਵੀ ਉਸ ਨੂੰ ਲਗਾਉਣ ਲਈ ਤਿਆਰ ਨਹੀਂ । ਪਰ ਕੀ ਤੁਹਾਡਾ ਖਿਆਲ ਹੈ ਕਿ ਇਨ੍ਹਾਂ ਮੁਲਾਜ਼ਮਾਂ ਦੇ ਕਹੇ ਅਨੁਸਾਰ ਇਨ੍ਹਾਂ ਗਰੀਬਾਂ ਤੇ ਫਿਰ ਇਨ੍ਹਾਂ ਟੈਕਸਜ਼ ਦਾ ਬੋਝ ਪਾਇਆ ਜਾਵੇ, ਹਰਗਿਜ਼ ਨਹੀਂ । ਇਸ ਲਈ, ਚੇਅਰਮੈਨ ਸਾਹਿਬ, ਅੰਤ ਵਿਚ ਮੈਂ ਕਹਿੰਦਾ ਹਾਂ ਕਿ ਇਹ ਮਤਾ ਨਾ-ਮੁਕੰਮਲ ਹੈ, ਉਨ੍ਹਾਂ ਨੂੰ ਇਸ ਨੂੰ ਵਾਪਿਸ ਲੈਣਾ ਚਾਹੀਦਾ ਹੈ ਅਤੇ ਇਸ ਦੇ ਹਰ ਪੱਖ ਤੇ ਅੱਛੀ ਤਰ੍ਹਾਂ ਸੋਚ ਕੇ, ਇਹ ਮਤਾ ਦੁਬਾਰਾ ਲਿਆਉਣਾ ਚਾਹੀਦਾ ਹੈ ।

(ਇਸ ਸਮੇਂ ਸ੍ਰੀ ਗਿਆਨ ਚੰਦ ਖਰਬੰਦਾ ਬੋਲਣ ਲਈ ਖੜੇ ਹੋਏ ਅਤੇ ਸ੍ਰੀ ਸਭਾਪਤੀ ਨੇ ਉਨ੍ਹਾਂ ਨੂੰ ਬੋਲਣ ਦੀ ਆਗਿਆ ਦੇ ਦਿਤੀ ।)

Sardar Umrao Singh : Sir, I beg to move—

That the question be now put.

ਸ੍ਰੀ ਸਭਾਪਤੀ : ਮੈਂ ਤੁਹਾਡੇ ਤੋਂ ਪਹਿਲਾਂ ਖਰਬੰਦਾ ਜੀ ਨੂੰ ਟਾਈਮ ਦੇ ਦਿਤਾ ਹੈ । (ਵਿਘਨ)

(I have already called upon Shri Gian Chand Kharbanda) (Interruption)

ਸਰਦਾਰ ਉਮਰਾਓ ਸਿੰਘ : ਚੇਅਰਮੈਨ ਸਾਹਿਬ, ਮੇਰੀ ਮੋਸ਼ਨ ਤੁਸੀਂ ਪੁੱਟ ਕਰ ਲਵੋ । ਰੈਜ਼ੋਲਿਉਸ਼ਨ ਤੇ ਵੋਟਾਂ ਲੈ ਲਵੋ ਫਿਰ ਦੇਖੋ ਕਿ ਸਰਦਾਰ ਗੁਰਮੀਤ ਸਿੰਘ ਕਿਧਰ ਵੋਟਾਂ ਪਾਉਂਦੇ ਹਨ ? (ਵਿਘਨ) (ਸ਼ੋਰ)

Sir, I have put a definite motion before the House. You have to put it to the vote of the House. t is mandatory. You can't avoid it.

ਸ੍ਰੀ ਸਭਾਪਤੀ : ਬਹੁਤ ਸਾਰੇ ਮੈਂਬਰਾਂ ਨੇ ਹਾਲੇ ਬੋਲਣਾ ਹੈ । (ਵਿਘਨ) ਮੇਰੇ ਪਾਸ ਉਨ੍ਹਾਂ ਦੀ ਲਿਸਟ ਹੈ । (ਵਿਘਨ) (ਸ਼ੋਰ) (Many hon. Members want to take part in this discussion) (Interruption) I have a list of those hon, Members with me) (Interruption) (Noise)

ਵਿੱਤ ਮੰਤਰੀ : ਚੇਅਰਮੈਨ ਸਾਹਿਬ, ਮੈਂ ਬੋਲਣ ਵਾਸਤੇ ਖੜਾ ਹੋਇਆ ਹਾਂ । (ਵਿਘਨ)

ਤੁਸੀਂ ਸ੍ਰੀ ਖਰਬੰਦਾ ਜੀ ਨੂੰ ਕਾਲ ਅਪਾਨ ਕੀਤਾ ਹੈ । (ਵਿਘਨ) ਮੈਂ ਇਸ ਰੈਜ਼ੋਲਿਊਸ਼ਨ ਤੇ ਬੋਲਣਾ ਹੈ ਅਤੇ ਮੈਂ ਗੌਰਮਿੰਟ ਦਾ ਵਿਊ ਦੱਸਣਾ ਹੈ । (ਵਿਘਨ)

Sardar Umrao Singh : Mr. Chairman, on a point of order, Sir. I have moved a motion. You must decide about it before proceeding further. This is a definite motion.

ਸ੍ਰੀ ਸਭਾਪਤੀ : ਮੈਂਬਰਜ਼ ਨੂੰ ਬੋਲਣ ਲਈ ਟਾਈਮ ਤਾਂ ਦੇਣਾ ਚਾਹੀਦਾ ਹੈ । (ਵਿਘਨ) (The hon. Members must get time to speak) (Interruption.)

ਸਰਦਾਰ ਉਮਰਾਓ ਸਿੰਘ : ਚੇਅਰਮੈਨ ਸਾਹਿਬ, ਕੋਈ ਸਪੀਕਰ ਬੋਲਣ ਲਈ ਖੜਾ ਹੀ ਨਹੀਂ ਹੋਇਆ...(ਵਿਘਨ)

ਸ੍ਰੀ ਸਭਾਪਤੀ : ਮੈਂਬਰਜ਼ ਬੋਲਣ ਲਈ ਖੜੇ ਹੋਏ ਸਨ । (ਵਿਘਨ) (The Members did rise to speak) (Interruption.)

ਸਰਦਾਰ ਉਮਰਾਓ ਸਿੰਘ : ਚੇਅਰਮੈਨ ਸਾਹਿਬ, ਉਧਰੋਂ (ਸਰਕਾਰੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਕੋਈ ਮੈਂਬਰ ਬੋਲਣ ਲਈ ਖੜਾ ਨਹੀਂ ਸੀ ਹੋਇਆ । ਇਧਰੋਂ ਸ੍ਰੀ ਖਰਬੰਦਾ ਜੀ ਖੜੇ ਹੋਏ ਸਨ । ਮੈਂ ਪਾਰਟੀ ਦਾ ਚੀਫ਼ ਵਿੱਪ ਹਾਂ ਮੈਂ ਇਨ੍ਹਾਂ ਨੂੰ ਬਿਠਾ ਸਕਦਾ ਹਾਂ ... ... (ਵਿਘਨ) (ਸ਼ੋਰ) ਪਰ ਉਧਰੋਂ ਕੋਈ ਮੈਂਬਰ ਨਹੀਂ ਖੜਾ ਹੋਇਆ (ਵਿਘਨ)

ਕਾਮਰੇਡ ਬਾਬੂ ਸਿੰਘ ਮਾਸਟਰ : ਚੇਅਰਮੈਨ ਸਾਹਿਬ, ਉਧਰੋਂ (ਸਰਕਾਰੀ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਕੋਈ ਬੋਲਣ ਵਾਲਾ ਨਹੀਂ ਹੈ (ਵਿਘਨ) ।

ਸ੍ਰੀ ਸਭਾਪਤੀ : ਮੇਰਾ ਖਿਆਲ ਹੈ ਕਿ ਜਿਨ੍ਹਾਂ ਮੈਂਬਰਜ਼ ਨੇ ਬੋਲਣਾ ਹੈ, ਉਨ੍ਹਾਂ ਨੂੰ ਮੌਕਾ ਦੇਣਾ ਚਾਹੀਦਾ ਹੈ । (ਵਿਘ .) (I am of the view that those hon Members who want to speak should be given an opportunity to do so.) (Interruption.)

ਸਰਦਾਰ ਉਮਰਾਓ ਸਿੰਘ : ਪਰ, ਚੇਅਰਮੈਨ ਸਾਹਿਬ, ਕੋਈ ਬੋਲਣ ਵਾਸਤੇ ਤਿਆਰ ਨਹੀਂ । ... (ਵਿਘਨ)

ਸ੍ਰੀ ਸਭਾਪਤੀ : ਉਹ ਬੋਲਣ ਵਾਸਤੇ ਖੜੇ ਹੋਏ ਹਨ । (They did rise to speak.)

ਸਰਦਾਰ ਉਮਰਾਓ ਸਿੰਘ : ਉਹ ਬਾਅਦ ਵਿਚ ਖੜੇ ਹੋਏ ਸਨ...(ਵਿਘਨ)

ਸ੍ਰੀ ਸਭਾਪਤੀ : ਮੈਂ ਸਾਫ਼ ਗੱਲ ਕਰਦਾ ਹਾਂ ਕਿ ਸ੍ਰੀ ਖਰਬੰਦਾ ਜੀ ਬੜੇ ਚਿਰ ਤੋਂ ਬੋਲਣ ਲਈ ਉਤਾਵਲੇ ਸਨ, ਉਹ ਕਈ ਵਾਰੀ ਉਠੇ ਵੀ ਸਨ, ਪਰ ਉਨ੍ਹਾਂ ਨੂੰ ਟਾਈਮ ਨਹੀਂ ਦਿਤਾ ਗਿਆ । ਹੁਣ ਇਹ ਖੜੇ ਹੋਏ, ਮੈਂ ਇਨ੍ਹਾਂ ਨੂੰ ਟਾਈਮ ਦੇ ਦਿਤਾ । (ਵਿਘਨ) (I want to clear that the hon. Member Sh. Kharbanda was keen to speak; he tried to catch my eye by rising so many times, but no time was given to him. Now when he rose again, I allowed him to speak.) (Interruption)

ਸ੍ਰੀ ਗੁਰਦਿਆਲ ਸੈਣੀ : ਚੇਅਰਮੈਨ ਸਾਹਿਬ, ਮੈਂ ਸੈਕੰਡ ਕਰਦਾ ਹਾਂ ਜੋ ਸਰਦਾਰ ਉਮਰਾਓ ਸਿੰਘ ਜੀ ਨੇ ਮੋਸ਼ਨ ਪੇਸ਼ ਕੀਤੀ ਹੈ । (ਵਿਘਨ)

ਸਰਦਾਰ ਉਮਰਾਓ ਸਿੰਘ : ਚੇਅਰਮੈਨ ਸਾਹਿਬ, ਮੈਨੂੰ ਇਜਾਜ਼ਤ ਦਿਉ ਮੋਸ਼ਨ ਪੁਟ ਕਰਨ ਦੀ । (ਵਿਘਨ)

Minister for Finance (Sardar Balwant Singh) : Sir, I want to speak on this resolution.

Sardar Umrao Singh : Sir, I have a right to request you to put the motion, which I have moved, to the vote of the House.

ਸ੍ਰੀ ਸਭਾਪਤੀ : ਸਰਦਾਰ ਉਮਰਾਓ ਸਿੰਘ ਮੈਂ ਰੂਲ 89 ਵਲ ਤੁਹਾਡੀ ਤੁਵੱਜੋ ਦੁਆਉਣੀ ਚਾਹੁੰਦਾ ਹਾਂ। (ਵਿਘਨ) (I would like to draw the attention of the hon. Member Sardar Umrao Singh towards Rule 89) (Interruption)

ਸਰਦਾਰ ਉਮਰਾਓ ਸਿੰਘ : ਚੇਅਰਮੈਨ ਸਾਹਿਬ, ਉਹ ਮੈਂ ਪੜ੍ਹ ਲਿਆ ਹੈ।

Sir, I will read out rule 89 of the Rules of Procedure and Conduct of Business in the Punjab Legislative Assembly. It reads as under :

> "At any time after a question has been proposed any Member may move "That the question be now put" and unless it appears to the Speaker that the motion is an abuse of these Rules or an infringement of the right of reasonable debate, the Speaker shall put the question,"

ਚੇਅਰਮੈਨ ਸਾਹਿਬ, ਗੁਜ਼ਾਰਿਸ਼ ਇਹ ਹੈ ਕਿ ਦੋ ਦਿਨ ਤੋਂ ਇਸ ਤੇ ਡੀਬੇਟ ਹੋ ਚੁਕੀ ਹੈ। ਗੌਰਮਿੰਟ ਵਲੋਂ ਮਨਿਸਟਰ ਸਾਹਿਬ ਬੋਲ ਚੁਕੇ ਹਨ, ਮੈਂਬਰਜ਼ ਬੋਲ ਚੁਕੇ ਹਨ ਔਰ ਹੋਰ ਕੋਈ ਮੈਂਬਰ ਬੋਲਣਾ ਨਹੀਂ ਚਾਹੁੰਦਾ ਜੇ ਫਿਰ ਵੀ ਤੁਸੀਂ ਕਹੀ ਜਾਉ ਕਿ ਮੈਂਬਰਜ਼ ਨੂੰ ਬੋਲਣ ਦਾ ਮੌਕਾ ਨਹੀਂ ਮਿਲਿਆ ਤਾਂ ਇਹ ਫਿਰ ਸਾਡੇ ਨਾਲ ਜਸਟਿਸ ਨਹੀਂ ਹੈ। (ਵਿਘਨ)

Minister for Finance (Sardar Balwant Singh] : On a Point of Order, Mr. Speaker.

Sardar Umrao Singh : Sir, I am already on a Point of Order.

ਸ੍ਰੀ ਸਭਾਪਤੀ : ਜਿਥੋਂ ਤਕ ਮੈਂਬਰਜ਼ ਦੇ ਬੋਲਣ ਦਾ ਤੁਅੱਲਕ ਹੈ ਇਨ੍ਹ ਦੇ ਬਾਰੇ ਮੇਰੇ ਪਾਸ ਲਿਸਟ ਹੈ ਕਿ ਕਿਸ ਕਿਸ ਨੇ ਬੋਲਣਾ ਹੈ। ਖਰਬੰਦਾ ਜੀ ਦੋ ਤਿੰਨ ਵਾਰੀ ਖੜੇ ਹੋਏ ਔਰ ਉਹ ਬੋਲਣ ਲਈ ਉਤਾਵਲੇ ਸਨ ਔਰ ਮੈਂ ਉਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਦੇ ਦਿਤੀ ਹੈ। (ਵਿਘਨ) (I have got a list of the hon. Members who want to take part in the discus-icn Since Shri Gian Chand Kharbanda was very anxious to speak and tried to catch my eye twice or thrice, I allowed him to speak) (Interruption).

ਸਰਦਾਰ ਉਮਰਾਓ ਸਿੰਘ : ਠੀਕ ਹੈ ਜੀ, ਫਿਰ ਉਹ ਬੋਲ ਲੈਣ। (ਵਿਘਨ)

ਸ੍ਰੀ ਗਿਆਨ ਚੰਦ ਖਰਬੰਦਾ (ਅੰਮ੍ਰਿਤਸਰ ਪੂਰਬ) : ਚੇਅਰਮੈਨ ਸਾਹਿਬ ਸਰਦਾਰ ਗੁਰਮੀਤ ਸਿੰਘ ਜੀ ਨੇ ਔਰ ਹੋਰ ਉਧਰ ਬੈਠੇ ਕੁਝ ਦੋਸਤਾਂ ਨੇ ਬਾਰ ਬਾਰ ਇਸ ਗਲ ਤੇ ਜ਼ੋਰ ਦਿਤਾ ਹੈ ਔਰ ਆਪਣੇ ਗਲੋਂ ਬਲਾ ਲਾਹ ਕੇ ਮਰਕਜ਼ ਤੇ ਸੁਟਣ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਤਾਂ ਇਸ ਗੱਲ ਦੇ ਹਾਮੀ ਹਾਂ ਕਿ ਪੰਜਾਬ ਦੇ ਲੋਕਾਂ ਨੂੰ ਹਰ ਚੀਜ਼ ਮੁਹੱਈਆ ਹੋਵੇ ਔਰ ਉਨ੍ਹਾਂ ਨੂੰ ਰੋਜ਼ਗਾਰ ਜ਼ਿਆਦਾ

ਤੋਂ ਜ਼ਿਆਦਾ ਮਿਲੇ ਪਰ ਇਸ ਚੀਜ਼ ਨੂੰ ਨਹੀਂ ਸੋਚਣਾ ਚਾਹੀਦਾ ਜਿਸ ਦੇ ਨਾਲ ਪੰਜਾਬ ਦਾ, ਦੇਸ਼ ਦਾ ਭਲਾ ਨਾ ਹੁੰਦਾ ਹੋਵੇ ਔਰ ਮਰਕਜ਼ ਮਜ਼ਬੂਤ ਨਾ ਹੁੰਦਾ ਹੋਵੇ । ਜਿਤਨਾ ਚਿਰ ਮਰਕਜ਼ ਮਜ਼ਬੂਤ ਨਹੀਂ ਹੁੰਦਾ ਕੋਈ ਵੀ ਸੂਬਾ, ਕੋਈ ਵੀ ਦੇਸ਼ ਮਜ਼ਬੂਤ ਨਹੀਂ ਹੋ ਸਕਦਾ । ਜਿਹੜੇ ਲੋਕੀਂ ਮਰਕਜ਼ ਤੇ ਹਮਲਾ ਕਰਨਾ ਚਾਹੁੰਦੇ ਹਨ ਔਰ ਛੋਟੇ ਛੋਟੇ ਸੂਬੇ ਬਣਾਉਣਾ ਚਾਹੁੰਦੇ ਹਨ ਉਨ੍ਹਾਂ ਦੀ ਇਸ ਖ਼ਿਆਲ ਨੂੰ ਹਟਾਉਣਾ ਚਾਹੀਦਾ ਹੈ । ਦੇਸ਼ ਦਾ ਭਲਾ ਵਡਿਆਂ ਸੂਬਿਆਂ ਵਿਚ ਹੈ, ਛੋਟੇ ਸੂਬਿਆਂ ਵਿਚ ਨਹੀਂ । ਇਸ ਦੇ ਬਾਦ ਜੇ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੇ ਲੋਕਾਂ ਨੂੰ ਰੋਟੀ, ਮਕਾਨ ਮਿਲੇ ਔਰ ਪੰਜਾਬ ਦਾ ਜਿਹੜਾ ਰੋਟੀ ਮਕਾਨ ਦਾ ਮਸਲਾ ਹੈ ਉਹ ਹੱਲ ਹੋ ਜਾਵੇ ਤਾਂ ਪੰਜਾਬ ਵਿਚ ਜੋ ਇਹ ਵਾਯੂਮੰਡਲ ਪੈਦਾ ਹੋ ਰਿਹਾ ਹੈ ਇਸ ਨੂੰ ਰੋਕਣਾ ਚਾਹੀਦਾ ਹੈ । ਇਹ ਪੰਜਾਬ ਜੋ ਅੱਜ ਐਜੀਟੇਸ਼ਨਾਂ ਦਾ ਸੂਬਾ ਬਣ ਚੁਕਾ ਹੈ ਇਸ ਦੇ ਮੁਤੱਲਕ ਸਾਡੀ ਸਾਹਮਣੇ ਬੈਠੀ ਪਾਰਟੀ (ਸਰਕਾਰੀ ਬੈਂਚਾਂ ਵਲ ਇਸ਼ਾਰਾ) ਨੂੰ ਆਪਣੀ ਜ਼ਹਿਨੀਅਤ ਬਦਲਣੀ ਚਾਹੀਦੀ ਹੈ । ਪੰਜਾਬੀ ਸੂਬੇ ਦੀ ਐਜੀਟੇਸ਼ਨ ਹੋਈ, ਕਦੀ ਕਿਸੇ ਨੇ ਵਰਤ ਰੱਖ ਲਿਆ ਔਰ ਕਦੇ ਕਿਸੇ ਨੇ ਵਰਤ ਰਖ ਲਿਆ । ਹੁਣ ਫਾਜ਼ਿਲਕਾ-ਅਬੋਹਰ ਦਾ ਮਸਲਾ ਖੜਾ ਹੋ ਗਿਆ ਹੈ । ਕੋਈ ਸਿੱਖ ਸਟੇਟ ਦਾ ਨਾਅਰਾ ਲਾ ਰਿਹਾ ਹੈ ਔਰ ਕੋਈ ਸਿੱਖ ਹੋਮ ਲੈਂਡ ਬਣਾਉਣਾ ਚਾਹੁੰਦਾ ਹੈ । ਮੇਰੀ ਅਰਜ਼ ਹੈ ਕਿ ਜਿਤਨੀ ਦੇਰ ਤਕ ਇਹੋ ਜਿਹੇ ਅੰਦੋਲਨ ਰਹਿਣਗੇ ਉਤਨੀ ਦੇਰ ਤਕ ਪੰਜਾਬ ਵਿਚ ਵਪਾਰ ਤਰੱਕੀ ਨਹੀਂ ਕਰ ਸਕਦਾ, ਇੰਡਸਟਰੀ ਤਰੱਕੀ ਨਹੀਂ ਕਰ ਸਕਦੀ । ਜੇ ਇਹੋ ਜਿਹਾ ਮਾਹੌਲ ਰਹੇਗਾ ਤਾਂ ਕੋਈ ਵੀ ਸਰਮਾਏਦਾਰ ਆਦਮੀ ਆਪਣਾ ਸਰਮਾਇਆ ਲਾਉਣ ਲਈ ਤਿਆਰ ਨਹੀਂ ਹੋਵੇਗਾ ਜਿਸ ਨਾਲ ਪੰਜਾਬ ਦੀ ਤਰੱਕੀ ਵਿਚ, ਪੰਜਾਬ ਦੇ ਵਪਾਰ ਵਿਚ, ਪੰਜਾਬ ਦੀ ਇੰਡਸਟਰੀਜ਼ ਵਿਚ ਵਾਧਾ ਹੋਵੇ । ਉਹ ਲੋਕ ਜਿਹੜੇ ਦੂਸਰੇ ਸੂਬਿਆਂ ਵਿਚ ਸਾਡੇ ਸੂਬੇ ਵਿਚੋਂ ਜਾ ਕੇ ਤਰੱਕੀ ਕਰ ਕਰ ਗਏ ਹਨ ਉਹ ਉਤਨੀ ਦੇਰ ਤਕ ਵਾਪਸ ਆਪਣੇ ਸੂਬੇ ਵਿਚ ਆਉਣ ਲਈ ਤਿਆਰ ਨਹੀਂ ਹੋਣਗੇ ਜਿਤਨਾ ਚਿਰ ਤਕ ਉਨ੍ਹਾਂ ਨੂੰ ਇਸ ਗੱਲ ਦੀ ਤਸੱਲੀ ਨਹੀਂ ਹੋਵੇਗੀ, ਇਸ ਗੱਲ ਦਾ ਯਕੀਨ ਨਹੀਂ ਹੋਵੇਗਾ ਕਿ ਵਪਾਰ ਕਰਨ ਵਾਸਤੇ ਪੰਜਾਬ ਵਿਚ ਮਾਹੌਲ ਠੀਕ ਹੈ ਜਾਂ ਉਨ੍ਹਾਂ ਨੂੰ ਕੋਈ ਸਹੂਲਤਾਂ ਜਾਂ ਮਦਦ ਮਿਲੇਗੀ । ਸਰਦਾਰ ਗੁਰਮੀਤ ਸਿੰਘ ਨੇ ਇਤਨਾ ਕੁਝ ਆਪਣੀ ਸਪੀਚ ਵਿਚ ਕਿਹਾ ਹੈ ਪਰ ਉਨ੍ਹਾਂ ਨੇ ਇਕ ਲਫਜ਼ ਵੀ ਆਪਣੀ ਸਪੀਚ ਵਿਚ ਨਹੀਂ ਕਿਹਾ ਕਿ ਸਿਖ ਹੋਮ ਲੈਂਡ ਦੇ ਮੁਤੱਲਕ ਜਾਂ ਸਿੱਖ ਸਟੇਟ ਦੇ ਮੁਤੱਲਕ ਪੰਜਾਬ ਵਿਚ ਕੀ ਹੋ ਰਿਹਾ ਹੈ ਉਸ ਦੇ ਖਿਲਾਫ਼ ਇਕ ਸ਼ਬਦ ਵੀ ਇਨ੍ਹਾਂ ਨੇ ਆਪਣੀ ਸਪੀਚ ਵਿਚ ਨਹੀਂ ਕਿਹਾ । ਉਨ੍ਹਾਂ ਦੀ ਕੁਝ ਕਹਿਣ ਦੀ ਜੁਰੱਅਤ ਹੀ ਨਹੀਂ ਪਈ । (ਵਿਘਨ)

ਫਿਰ, ਚੇਅਰਮੈਨ ਸਾਹਿਬ, ਮੇਰੀ ਅਰਜ਼ ਹੈ ਕਿ ਪੰਜਾਬ ਦੇ ਜ਼ਰਾਏ ਬੜੇ ਮਹਿਦੂਦ ਹਨ । ਜ਼ਰਾਏ ਖੋਲ੍ਹਣ ਵਾਸਤੇ ਹਿੰਦੁਸਤਾਨ ਦਾ ਸਾਰਾ ਦੇਸ਼ ਖੁਲ੍ਹਾ ਹੈ । ਮਗਰ ਜੇ ਅਸੀਂ ਭਾਸ਼ਾਵਾਂ ਦੇ ਮਸਲੇ ਵਿਚ ਹੀ ਪਏ ਰਹੇ ਅਤੇ ਇਨ੍ਹਾਂ ਝਮੇਲਿਆਂ ਵਿਚ ਹੀ ਰਹਾਂਗੇ ਤਾਂ ਪੰਜਾਬੀ ਲੋਕ ਤਰੱਕੀ ਨਹੀਂ ਕਰ ਸਕਣਗੇ । ਅਗਰ ਅਸੀਂ ਭਾਸ਼ਾ ਦੇ ਮਸਲੇ ਨੂੰ ਲਿਬਰਲ ਢੰਗ ਨਾਲ ਸੋਚ ਕੇ ਹੱਲ ਕਰਾਂਗੇ ਤਾਂ ਇਸ ਨਾਲ ਪੰਜਾਬ ਦੇ ਲੋਕਾਂ ਦਾ ਫਾਇਦਾ ਹੋਵੇਗਾ । ਪੰਜਾਬੀ ਸਾਡੀ ਭਾਸ਼ਾ ਹੈ ਪਰ ਹਿੰਦੀ ਸਾਡੀ ਰਾਸ਼ਟਰ ਭਾਸ਼ਾ ਹੈ । ਜੇ ਅਸੀਂ ਆਪਣੇ ਬਚਿਆਂ ਨੂੰ ਦੋਨੋਂ ਭਾਸ਼ਾਵਾਂ ਪੜ੍ਹਾਵਾਂਗੇ ਤਾਂ ਉਹ ਬੱਚੇ ਹਿਦੁਸਤਾਨ ਵਿਚ ਮੁਕਾਬਲੇ ਤੇ ਆ ਸਕਦੇ ਹਨ । ਪੰਜਾਬੀ ਸਾਡੀ ਭਾਸ਼ਾ ਹੈ, ਮੈਂ ਵੀ ਪੰਜਾਬੀ ਬੋਲ ਰਿਹਾ ਹਾਂ ਪਰ ਹਿੰਦੀ ਨੂੰ ਪੂਰੀ ਤਰੱਕੀ ਦੇਣੀ ਚਾਹੀਦੀ ਹੈ । ਜੇ ਸਾਡੇ ਬਚਿਆਂ ਨੂੰ ਇਹ ਭਾਸ਼ਾ ਆਉਂਦੀ ਹੋਵੇਗੀ ਤਾਂ ਉਹ ਆਪਣੀ ਯੋਗਤਾ ਨਾਲ ਆਪਣੀ ਮਿਹਨਤ ਨਾਲ ਹਿੰਦੁਸਤਾਨ ਵਿਚ ਸਰਵਿਸਿਜ਼ ਵਿਚ ਮੁਕਾਬਲੇ ਤੇ ਆਉਣਗੇ ਔਰ ਉਨ੍ਹਾਂ ਥਾਵਾਂ ਤੇ ਉਨ੍ਹਾਂ ਨੂੰ ਰੋਜ਼ਗਾਰ ਮਿਲੇਗਾ । ਜੇ ਅਸੀਂ ਪੰਜਾਬੀ ਤਕ ਹੀ ਮਹਿਦੂਦ ਰਹਾਂਗੇ ਤਾਂ

[ਸ਼੍ਰੀ ਗਿਆਨ ਚੰਦ ਖਰਬੰਦਾ]

ਪੰਜਾਬ ਵਿਚ ਹੀ ਰਹਿ ਜਾਵਾਂਗੇ ਔਰ ਕੋਈ ਤਰੱਕੀ ਨਹੀਂ ਕਰ ਸਕਾਂਗੇ। ਇਸ ਲਈ ਮੇਰੀ ਬੇਨਤੀ ਹੈ ਕਿ ਇਹ ਇਸ ਭਾਸ਼ਾ ਦੇ ਮਸਲੇ ਨੂੰ ਬੜੇ ਲਿਬਰਲੀ ਸੋਚਣ ਔਰ ਇਸ ਦਾ ਕੋਈ ਹੱਲ ਲੱਭਣ।

ਫਿਰ, ਚੇਅਰਮੈਨ ਸਾਹਿਬ, ਰੋਜ਼ਗਾਰ ਵਾਸਤੇ ਸਭ ਤੋਂ ਵੱਡੀ ਜ਼ਰੂਰੀ ਚੀਜ਼ ਇਹ ਹੈ ਕਿ ਇੰਡਸਟਰੀਜ਼ ਨੂੰ ਫਲਰਸ਼ ਕੀਤਾ ਜਾਵੇ। ਮੈਂ ਇਸ ਗੱਲ ਦੇ ਹੱਕ ਵਿਚ ਹਾਂ ਕਿ ਜਿਥੋਂ ਤਕ ਸੈਂਟਰ ਦਾ ਤੁਅੱਲਕ ਹੈ ਉਨ੍ਹਾਂ ਨੂੰ ਕਿਹਾ ਜਾਵੇ ਕਿ ਇਥੇ ਕੋਈ ਪ੍ਰਾਜੈਕਟ ਵਗੈਰਾ ਲਾਇਆ ਜਾਵੇ। ਮੈਂ ਇਸ ਚੀਜ਼ ਦੇ ਵੀ ਹੱਕ ਵਿਚ ਹਾਂ ਕਿ ਅਰਬਨ ਪ੍ਰਾਪਰਟੀ ਤੇ ਸੀਲਿੰਗ ਹੋਵੇ ਲੇਕਿਨ ਨਾਲ ਹੀ ਇਸ ਦੇ ਇਹ ਵੀ ਕਹਾਂਗਾ ਕਿ ਇਨ੍ਹਾਂ ਨੂੰ ਆਪਣਾ ਜ਼ਾਵੀਆ ਵੀ ਬਦਲਣਾ ਚਾਹੀਦਾ ਹੈ। ਨਾਲ ਹੀ ਮੈਂ, ਚੇਅਰਮੈਨ ਸਾਹਿਬ, ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਿਜਲੀ ਦਾ ਜੋ ਸੰਕਟ ਹੈ ਉਸ ਨੂੰ ਦੂਰ ਕਰਨ ਵਾਸਤੇ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂਕਿ ਇੰਡਸਟਰੀ ਨੂੰ ਕੋਈ ਰੁਕਾਵਟ ਨਾ ਪੇਸ਼ ਆਏ। ਮੈਂ ਇਹ ਕਹਾਂਗਾ ਕਿ ਇਸ ਸੰਕਟ ਨੂੰ ਦੂਰ ਕਰਨ ਵਾਸਤੇ ਜਿਥੇ ਨਵੇਂ ਜੈਨਰੇਟਰ ਲਾਉਣ ਦੀ ਕੋਸ਼ਿਸ਼ ਕਰੋ ਉਥੇ ਨਾਲ ਹੀ ਮੈਂ ਅਰਜ਼ ਕਰਾਂਗਾ ਕਿ ਜਿਹੜੇ ਆਪਣੀਆਂ ਕੋਠੀਆਂ ਵਗੈਰਾ ਵਿਚ ਹੀਟਰ ਚਲਾਉਂਦੇ ਹੋ ਉਹ ਬੰਦ ਕਰਾਉ ਔਰ ਇਸ ਤਰ੍ਹਾਂ ਕਰਕੇ ਤੁਸੀਂ ਇੰਡਸਟਰੀਜ਼ ਵਾਸਤੇ ਕਾਫੀ ਬਿਜਲੀ ਦੀ ਬੱਚਤ ਕਰ ਸਕਦੇ ਹੋ। ਦੂਸਰਾ ਮੈਂ ਇਹ ਵੀ ਕਹਾਂਗਾ ਕਿ ਵਿਆਹ ਸ਼ਾਦੀਆਂ ਤੇ ਜੋ ਬਿਜਲੀ ਇਤਨੀ ਜ਼ਾਇਆ ਕੀਤੀ ਜਾਂਦੀ ਹੈ ਉਸ ਵਲ ਧਿਆਨ ਦਿਉ ਔਰ ਉਸ ਨੂੰ ਬੰਦ ਕਰੋ। ਵਿਆਹ ਸ਼ਾਦੀਆਂ ਵਾਸਤੇ ਬਿਜਲੀ ਦੇਣ ਦੀ ਇਤਨੀ ਜ਼ਰੂਰਤ ਨਹੀਂ ਜਿਤਨੀ ਕਿ ਇੰਡਸਟਰੀਜ਼ ਵਾਸਤੇ ਜ਼ਰੂਰਤ ਹੈ। ਇਸ ਤਰ੍ਹਾਂ ਦੀ ਰੋਕ ਕਰ ਕੇ ਕਾਫ਼ੀ ਬਿਜਲੀ ਦੀ ਬਚਤ ਕੀਤੀ ਜਾ ਸਕਦੀ ਹੈ ਔਰ ਜੋ ਇੰਡਸਟਰੀਜ਼ ਨੂੰ ਦਿਤੀ ਜਾ ਸਕਦੀ ਹੈ।

ਫਿਰ, ਚੇਅਰਮੈਨ ਸਾਹਿਬ, ਮੇਰੀ ਅਰਜ਼ ਹੈ ਕਿ ਵਪਾਰ ਵਿਚ ਤਰੱਕੀ ਕਰਨ ਦੀ ਜ਼ਰੂਰਤ ਹੈ। ਇਸ ਵੇਲੇ ਸਾਡੇ ਵਪਾਰ ਨੂੰ ਬੜਾ ਧੱਕਾ ਲੱਗ ਰਿਹਾ ਹੈ। (ਵਿਘਨ) ਤੁਸੀਂ ਇਕ ਨਿਕੀ ਜਿਹੀ ਗੱਲ ਉਨ੍ਹਾਂ ਦੀ ਮੰਨਣ ਲਈ ਤਿਆਰ ਨਹੀਂ ਕਿ ਸੇਲਜ਼ ਟੈਕਸ ਜੋ ਹੈ ਉਹ ਉਨ੍ਹਾਂ ਦਾ ਹਰਿਆਣੇ ਔਰ ਦਿੱਲੀ ਦੇ ਬਰਾਬਰ ਹੋਵੇ। (ਵਿਘਨ)

Mr. Chairman : The House stands adjourned till 2.00 P.M. to-day.

1. 00 P. M. | *(The Sabha then adjourned till 2-00 P. M.)*

APPENDIX

To

PUNJAB VIDHAN SABHA DEBATE

Dated

28th January, 1971

Vol. I—No. 9

UNSTARRED QUESTIONS AND ANSWERS

POLICE STATIONS IN AMRITSAR CITY

869. **Sardar Kirpal Singh** : Will the Chief Minister be pleased to :

(a) lay a list of Police Stations in Amritsar City on the Table of the House at present;

(b) state the arrangements made for latrines and bath rooms in each Police Station;

(c) state the number of Officers and Constables in each Police Station separately;

(d) state whether residential accommodation is available for the Police Officers in each of these Police Stations, if not, the reasons therefor;

(e) state the steps being taken by the Government to construct houses for them;

(f) the number of Constables for whom accommodation has been provided in each of the barracks under the rules together with the number of Constables actually lodged therein ?

Sardar Parkash Singh Badal : (a) There are 6 Police Stations in Amritsar City namely 'A' Division, 'B' Division, 'C' Division, 'D' Division, 'E' Division, and Police Station Civil Lines.

(b) Latrines and Bath Rooms exist in Police Station 'B' Division, 'C' Division, 'D' Division and Civil Lines where as the proposal for the construction of bath rooms and latrines in Police Stations 'A' & 'E' Divisions is being processed.

(c)

Name of Police Station.	Inspr.	SIs.	ASIs.	HCs.	Constables.
'A' Division	—	1	3	9	98
'B' Division	—	1	2	8	80
'C' Division	—	1	2	9	100
'D' Division	—	2	6	13	134
'E' Division	1	2	6	15	141
Civil Lines	—	1	7	6	73

(d) Married accommodation for 1 SI,4 ASIs,I HC and 8 Constables is available in Police Station Civil Lines where as the married accommodation for the staff of the other Police Stations could not be provided due to non-availabilty of suitable piece of land in the city.

(e) The Police Stations 'A', 'B', 'C', 'D' and 'E' Divisions are housed in Municipal Buildings and the Municipal Committee has been requested to transfer these buildings including land to the Police Department so that residential quarters could be constructed there.

(f)

Number of Constables for whom barrack accommodation is provi-did under the rules in each Police Station.		Number of Constables actually living therein.
Police Station 'A' Division	— 40	40
,, ,, 'B' Division	— 32	50
,, ,, 'C' Division	— 40	40
,, ,, 'D' Division	— 54	100
,, ,, 'E' Division	— 56	50
P. S. Civil Lines.	— 30	8

[(ਏ) ਅੰਮ੍ਰਿਤਸਰ ਸ਼ਹਿਰ ਵਿਚ 6 ਥਾਨੇ ਹਨ ਜਿਨ੍ਹਾਂ ਦੇ ਨਾਂ ਇਸ ਪਰਕਾਰ ਹਨ : 'ਏ' ਡਿਵੀ-ਜ਼ਨ, 'ਬੀ' ਡਿਵੀਜ਼ਨ, 'ਸੀ' ਡਿਵੀਜ਼ਨ, 'ਡੀ' ਡਿਵੀਜ਼ਨ 'ਈ' ਡਿਵੀਜ਼ਨ, ਅਤੇ ਸਿਵਲ ਲਾਈਨ ।

(ਬੀ) ਪੁਲਿਸ ਥਾਨਾ 'ਬੀ' ਡਿਵੀਜ਼ਨ, 'ਸੀ' ਡਿਵੀਜ਼ਨ 'ਡੀ' ਡਿਵੀਜ਼ਨ, ਅਤੇ ਸਿਵਲ ਲਾਈਨ ਅੰਮ੍ਰਿਤਸਰ ਸ਼ਹਿਰ ਵਿਖੇ ਟੱਟੀਆਂ ਅਤੇ ਨਹਾਉਣ ਦੇ ਕਮਰੇ ਬਣੇ ਹੋਏ ਹਨ । ਪਰੰਤੂ ਪੁਲਿਸ ਥਾਨਾ 'ਏ' ਅਤੇ 'ਈ' ਡਿਵੀਜ਼ਨ ਵਿਚ ਨਹਾਉਣ ਦੇ ਕਮਰੇ ਅਤੇ ਟੱਟੀਆਂ ਆਦਿ ਦੇ ਯੋਗ ਪ੍ਰਬੰਧ ਕਰਨ ਲਈ ਇਕ ਤਜਵੀਜ਼ ਵਿਚਾਰ ਅਧੀਨ ਹੈ ।

(ਸੀ)

ਥਾਣੇ ਦਾ ਨਾਂ	ਇੰਸਪੈਕਟਰ	ਐਸ. ਆਈ.	ਏ. ਐਸ. ਆਈ.	ਐਚ. ਸੀ	ਕੰਸਟੇਬਲ
'ਏ' ਡਿਵੀਜ਼ਨ	—	1	3	9	98
'ਬੀ' ਡਿਵੀਜ਼ਨ	—	1	2	8	80
'ਸੀ' ਡਿਵੀਜ਼ਨ	—	1	2	9	100
'ਡੀ' ਡਿਵੀਜ਼ਨ	—	2	6	13	134
'ਈ' ਡਿਵੀਜ਼ਨ	1	2	6	15	141
ਸਿਵਲ ਲਾਈਨ	—	1	2	6	73

(ਡੀ) ਪੁਲਿਸ ਥਾਨਾ ਸਿਵਲ ਲਾਈਨ ਅੰਮ੍ਰਿਤਸਰ ਵਿਖੇ 1 ਐਸ. ਆਈ , 4 ਏ. ਐਸ. ਆਈ., 1 ਹੈੱਡ ਕੰਸਟੇਬਲ ਅਤੇ 8 ਸਿਪਾਹੀਆਂ ਦੇ ਰਿਹਾਇਸ਼ੀ ਮਕਾਨਾਂ ਦਾ ਪ੍ਰਬੰਧ ਹੈ। ਜਦੋਂ ਕਿ ਬਾਕੀ ਦੇ 5 ਥਾਣਿਆਂ ਵਿਚ ਮਾਮੂਰ ਹੋਏ ਸਟਾਫ ਲਈ ਰਿਹਾਇਸ਼ੀ ਮਕਾਨਾਂ ਦਾ ਪ੍ਰਬੰਧ ਸ਼ਹਿਰ ਵਿਖੇ ਯੋਗ ਥਾਂ ਨਾ ਮਿਲਣ ਕਾਰਨ ਨਹੀਂ ਕੀਤਾ ਗਿਆ ਹੈ।

(ਈ) ਪੁਲਿਸ ਥਾਣਾ ਏ, ਬੀ, ਸੀ, ਡੀ ਅਤੇ ਈ, ਡਿਵੀਜ਼ਨ ਨਗਰਪਾਲਿਕਾ ਅੰਮ੍ਰਿਤਸਰ ਸ਼ਹਿਰ ਦੀਆਂ ਇਮਾਰਤਾਂ ਵਿਚ ਵਾਕਿਆ ਹਨ ਅਤੇ ਨਗਰਪਾਲਿਕਾ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਇਨ੍ਹਾਂ ਇਮਾਰਤਾਂ ਅਤੇ ਜ਼ਮੀਨ ਆਦਿ ਮਹਿਕਮਾ ਪੁਲਿਸ ਨੂੰ ਤਬਦੀਲ ਕਰ ਦੇਵੇ ਤਾਂ ਜੋ ਰਿਹਾਇਸ਼ੀ ਮਕਾਨ ਉਸਾਰੇ ਜਾ ਸਕਣ।

(ਐਫ)

	ਪੁਲਿਸ ਕੰਸਟੇਬਲਾਂ ਦੀ ਨਫਰੀ ਜਿਨ੍ਹਾਂ ਨੂੰ ਸਕੇਲ ਅਨੁਸਾਰ ਹਰ ਥਾਣੇ ਵਿਚ ਬੈਰਕ ਅਕੋਮੋਡੇਸ਼ਨ ਦਾ ਪ੍ਰਬੰਧ ਹੈ।	ਉਨ੍ਹਾਂ ਕੰਸਟੇਬਲਾਂ ਦੀ ਨਫਰੀ ਜਿਹੜੇ ਕਿ ਅਸਲ ਵਿਚ ਉਥੇ ਰਹਿੰਦੇ ਹਨ।
'ਏ' ਡਿਵੀਜ਼ਨ	40	40
'ਬੀ' ਡਿਵੀਜ਼ਨ	32	50
'ਸੀ' ਡਿਵੀਜ਼ਨ	40	40
'ਡੀ' ਡਿਵੀਜ਼ਨ	54	100
'ਈ' ਡਿਵੀਜ਼ਨ	56	50
ਸਿਵਲ ਲਾਈਨਜ਼	30	8]

CASES UNDER SECTION 302 AND 304 I.P.C.

870. **Sardar Kirpal Singh :** Will the Chief Minister be pleased to state :

(a) the number of cases registered with the Police under section 302 and 304 IPC separately during the periods from 1 1.67 to 31.12.67 and 1.1.68 to 31.12.68 in each district of the State;

(b) the number of persons killed in the cases falling under section 302 and 304 separately referred to in part (a) above.

(c) the number of cases referred to in part (a) above which remained untraced in each district of the State;

(d) the number of accused who were challaned in each district in the cases referred to in Part (a) above and the number of those amongst them who were convicted by the Courts under sections 302 and 304 IPC respectively ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸੂਚੀ ਸਦਨ ਦੀ ਮੇਜ਼ ਤੇ ਪੇਸ਼ ਹੈ। (A statement is laid on the Table of the House.)

STATEMENT

District	(a) No. of cases registered u/s 302 IPC		No. of cases registered u/s 304 IPC		(b) No. of persons killed in cases under section 302 IPC		304 IPC		(c) No. of cases which remained untraced 302 IPC		304 IPC		(d) No. of accused challaned 302 IPC		304 IPC		No. of accused convicted 302 IPC		304 IPC	
	1967	1968	1967	1968	1967	1968	1967	1968	1967	1968	1967	1968	1967	1968	1967	1968	1967	1968	1967	1968
Hoshiarpur	17	22	8	10	18	28	8	10	2	—	—	1	36	81	16	10	24	42	6	7
Jullundur	40	42	30	35	46	44	30	35	3	3	2	3	92	88	61	68	59	50	47	48
Ludhiana	51	48	9	14	55	48	9	14	4	5	—	2	171	95	302	29	69	50	16	16
Kapurthala	18	16	6	2	18	17	6	2	1	1	—	—	34	37	21	2	20	29	11	2
Amritsar	89	91	21	22	89	92	21	23	7	8	1	—	215	234	38	49	99	110	23	27
Ferozepore	100	28	93	24	117	28	99	26	12	3	7	3	234	265	47	53	145	29	121	19
Gurdaspur	30	44	10	19	34	49	10	19	--	2	1	1	98	142	10	28	11	14	1	5
Patiala	27	23	7	14	27	26	7	14	5	—	1	1	38	53	6	26	17	28	3	11
Sangrur	39	43	18	14	41	47	18	14	1	1	1	—	56	67	10	8	32	40	6	5
Bhatinda	75	89	21	15	78	93	21	15	11	3	—	—	151	153	28	25	77	105	17	14
Ropar	14	11	2	3	14	13	2	3	2	1	—	—	36	21	6	2	15	7	6	2
Total :	500	457	225	172	537	485	231	175	48	27	13	11	1161	1236	545	300	568	504	257	156

Construction of Bridges on Drains in the State.

***2367. Giani Kundan Singh Patang** : Will the Minister for Irrigation and Power be pleased to state :

(a) the total number of bridges constructed on drains in the state since 1967 to date together with the location thereof.

(b) whether more bridges are proposed to be constructed on drains in Sherpur Constitutency of Sangrur District, if so, the details thereof.

(c) whether any other bridge is contemplated to be constructed on Lassara Drain.

Sardar Sohan Singh Bassi : (a) 149 Nos. bridges have been constructed/are under construction since 1967. The location of the bridges is given below.

(b) No.

(c) No.

List of Bridges constructed after the year 1967.

Sr. No.	Name of Drain	R. D.	Village connected.
	V. R. Bridges.		
1.	Patti Nallah.	35673	Kairon–Sarhali.
2.	—do—	94500	Banwalipur-Sangarpur.
3.	—do—	106500	Varana-Sangarpur.
4.	Kasur Nallah.	154400	Manochal-Gill.
5.	—do—	176500	Palasaur–Jiobala.
6.	—do—	244000	Jhitta-Bundala.
7.	Chabal Drain.	34020	Amritsar–Khemkaran Road-Sohal Thathi.
8.	—do—	45000	Amritsar–Khemkaran Road Chabal.
9.	—do—	65000	Mandiala–Nurdi.
10.	—do—	107215	Chatiwind–Bhagtupur.
11.	Sohal Drain.	19800	Amritsar–Khemkaran Road Singhpura.
12.	Panjwar Drain	14240	Madowal–Gagobua.
13.	Jaura Drain (existing)	9550	Patti Rao–Jaura.

14.	Rajasansi Drain.	26530	Adliwal-Rangewali.
15.	Devidaspura Drain.	10000	Thathian-Chaba Kalan.
16.	Kairon Drain D. R. Bridges.	65750	Patti-Bhamniwala.
17.	Vallah Drain.	9370	Amritsar-Mehta Road.
18.	Rajasansi Drain.	16640	Amritsar-Ajnala Road.
19.	Sakki Nallah Diversion. (V. R. Bridge)	18500	Panjgrahia-Chumraj.
20.	Sakki Nallah Diversion.	55340	Amritsar Dera Baba Nanak Road.
21.	Othian Drain.	9627	Amritsar-Mehta Road.
22.	Shabhazpur Drain	5375	Kairon-Sur Singh.
23.	Muridke Drain, D. R. Bridge	46600	Batala-Fatehgarh Pacca Road Villa Teja.
24.	Nabipur cut drain	24000	Pucca Road Gurdaspur to Khanuwan.
25.	Nabipur cut drain D. R. Bridge.	48897	Pucca Road Gurdaspur to Shri Hargobindpur Road.
26.	Nabipur cut drain D. R. Bridge.	64100	Pacca Road Gurdaspur to Pandori Mahantan.
27.	Alachak drain D. R. Bridge.	36580	Gurdaspur to Behram-Pur.
28.	Harpur drain D. R. Bridge.	13000	Batala to Sri Hargobind Pur.
29.	Khojala Drain D. R Bridge.	23380	Quadin-Harchowal.
30.	Khojala Link drain D. R. Bridge.	17400	Batala-Sri Hargobind-pur.
31.	Wadala Banger Drain D.R. Bridge	19100	Kotli Surat Malli-Kalanaur.
32.	Kasur Nallah.	449800	Kalanaur to Quadin.
33.	Kasurnallah V. R. Bridges.	309450	Kathunangal to Tarsikka.

34.	Kasur Nallah V.R. Bridges.	336016	Chawinda Devi to Fathu Bhalla.
35.	Kasur Nallah V.R. Bridges.	323100	Chawinda Devi to Dhan.
36.	Kasur Nallah V.R. Bridges.	364500	Kasiel pura to Thitah.
37.	Makhanwindi Drain D. R. Bridges.	23634	Kathu Nangal to Tarsiká
38.	Makhanwindi Drain D. R. Bridges.	33100	Kathunangal to Chawinda.
39.	Makhanwindi Drain D. R. Bridges.	11000	Jathuwal to Mainia Kumeran.
40.	Tung Dhab drain	27500	Chanupur to Mahal.
41.	Tung Dhab Drain D. R. Bridges.	4990	Ramtirath to Khasa.
42.	Beggal Lashkari Drain V. R. Bridges.	24500	Begga to Begga Kalan.
43.	Beggal Lashkari Drain D.R. Bridges.	66750	Kakaran to Guru ka Bagh.
44.	Padhiar Drain. V. R. Bridges.	530	Gharinda-Gharindi.
45.	Attari Drain D. R. Bridges.	19460	Attari Chabal Road.
46.	Majjupur Drain D. R. Bridges.	32000	Amritsar to Fatehgarh Churian.
47.	Hudiara Nallah. D. R. Bridges	100355	Amritsar to Chugawan.
48.	Kasel Padhana Drain D.R. Bridges.	14256	Attari to Chabal Road.
49.	Begga Lashkari Drain D.R. Bridges.	94500	Amritsar to Fatehgarh Churian.
50.	Khilchian Drain V. R. Bridges.	51900	Dhulka to Butari.
51.	Khilchian Drain V. R. Bridges.	32000	Bhorachi Rajputana to Bhacrochi Brahimin

52. Vadala Drain V. R. 21000 Bridges. Rayya-Sri Hargobindpur

53. Dhardeo Drain VR. 24900 Bridges. Rayya-Sri Hargobindpur

54. Dhardeo Drain VR. 2225 Bridges. Ludhar-Dhanpur.

List of bridges Completed from 1967 to Date

Sr. No.	Name of Drain	Location of Bridge.	Village Connected.
55.	West Bein	Near village Prem Pur.	Prempur to Takthupur.
56.	do	Opp. Vill. Feroze Raulia	Feroze Raulia to Rasulpur
57.	do	„ „ Nadali	Nadali to Begowal.
58.	do	„ „ Shekhu-pura.	Shekhupura to Lala Musa Pura.
59.	do	„ „ Hussain-pur.	Hussianpur to Dogaranwali.
60.	do	„ „ Kalewal.	Kalewal-Talwandi Chaudhrai.
61.	do	„ „ Bussowal.	Bussowal-Bhagh Arian.
62.	do	„ „ Harnam-singhpura.	Harnamsinghpura to Gazipur.
63.	East Bein.	„ „ Nawan Pind.	Nawan Pind to Sidhupura.
64.	do	„ „ Khanpur.	Isewal-Khanpur.
65.	do	„ „ Talwandi Bhairon	Talwandi Bhairon to Her.
66.	do	R.D. 16200 Gobindpur.	Gobindpur to Vinjon
67.	Kalasingha Drain.	R.D. 10000	Billi Baraich to Khanpur.
68.	do	R.D. 27650	Fatehpur to Idh.

69.	Kalasingha Drain	R.D. 43500		Khusropur to Sidhwan.
70.	do	R.D. 50000		Kesarpur to Sidhwan.
71.	do	R.D. 97000		Gazipur to Chamiara.
72.	Sultanpur.	R.D. 7400		Mothawali to Bhanolanga.
73.	do	R.D. 9300		Sultanpur-Dhalla.
74.	Wadala Drain.	R.D. 7000		Kapurthala to Subanpur.
75.	do	R.D. 35000		Khojewal-Patar Kalan.
76.	do	R.D. 47600		Nangal Mehra to Fateh Jalal.
77.	do	R.D. 74300		Kala Bhain to Naugaja.
78.	Beas Pind Rahim-Pur.	R.D. 45965		Mand-Ambgarh.
79.	do	R.D. 58062		Dugri-Kahampur.
80.	Kingaranwal Choe.	R.D. 36010		Bule-Muridpur.
81.	Jandusingha Drain	R.D. 11000		Patara-Bolinda Doaba.
82.	do	R.D. 17000		Jaitowali-Bolian Rly. Station.
83.	do	R.D. 41615		Raipur-Bhogri.
84.	Badal Khan Drain	R.D. 21800		Shamailpur to Umrewal Bila
85.	do	R.D. 34950		Aj ani-Manshm Pur.
86.	Chachri Drain	R.D. 39300	D. R. Bridge.	Jagraon-Rajkot.
87.	Halwara Drain	R.D. 12250	—do—	Mulanpur-Raikot
88.	Kishanpura Drain	R.D. 16000	V.R. Bridge.	Badowal to Phlagarh.

89.	Kishanpura Drain	R.D. 36230	—do—	Indergarh to Nasarwala.
90.	Bassian outfall Drain	R.D. 59000	—do—	Bilaspur–Baike.
91.	Bassianoutfall Drain	R.D. 96100	—do—	Sohian-Diwana.
92.	Bassian outfall Drain	R.D. 34440	—do—	Madhoke to Sadhoke.
93.	Phidda Drain	R.D. 15440	—do—	Langiana to Jamalwala.
94.	Lissara Nallah	R.D. 456000	—do—	Jattuke–Jaid.
95.	Lissara Nallah	R.D. 500000	—do—	Tappa–Dhilwan.
96.	Chand Bhan Drain	R.D. 60440	—do—	Malooke–Duad.
97.	Samadh Bhain Drain	R.D. 115500	D.R. Bridge.	Samadh Bhai to Phulewal.
98.	Chand Bhan Drain	R.D. 114450	V.R. Bridge.	Akalian–Jalal.
99.	Bassian Outfall.	R.D. 126600	Bridge cum syphon	Bridge cum syphon.
100.	Lalton Paml Drain	R.D. 25300	—do—	—do—
101.	Phidda Outfall Drain	R.D. 8710	V.R. Bridge.	Raoke–Uttar, Muttar & Gur–harshain.
102.	Phidda outfall Drain	R.D. 133950	—do—	Bazidpur and Malwal-Bajewala
103.	Phidda outfall Drain	R.D. 143270	—do—	Piarewala and Nalwa–Bajewala to Moahansingwal
104.	Phidda Drain	R.D. 89350	—do—	Patli–Loham.
105.	—do—	R.D. 118000	—do—	Madhir to Phidda
106.	Sodhinagar outfall Drain.	R.D. 12100	—do—	Namagor to Kakuwala.
107.	Talwandi Nepalan Drain	R.D. 9850	A.R. Bridge	Harika to Makhu Pacca Road.

108.	Ferozeshah drain	V.R. Bridge at R.D. 3600	Dhindsa to Ujoka
109.	Makhu drain in let-cum	V.R. Bridge at R.D. 4000	Killi – Godha – Gatta Badshar
110.	Daulatpur drain	D.R. Bridge at R.D. 32500	Moga to Zira Pacca Road
111.	Dharamkot drain	V.R. Bridge at R.D.244500	Kot Sadar Khan-Bajewala
112.	Zira drain	A.R. Bridge at R.D. 26775	Zira to Makhu Pucca Road.
113.	Tarobari drain	V.R. Bridge at R.D. 17340	Chaksinghwala to Bandiwala.
114.	Tarobari drain	V.R. Bridge at R.D. 31130	Kathgarh Ghulam Rusalwala to Bhamniwala.
115.	do	V.R. Bridge at R.D. 48800	Dhahan Karyal-Chak to Nasingh-wala.
116.	Tahliwala drain	A.R. Bridge at R.D. 30600	Fazilka to Malout Pucca Road.
117.	Tarobari drain	V.R. Bridge at R.D. 11350	Ghanga Kalan to Panniwal.
118.	Golewala drain	A.R. Bridge at R.D.115100	Ferozepur to Mukatsar Pucca Road.
119.	Mudki drain	A.R. Bridge at R.D. 28600	Ferozepur to Muktsar Pucca Road.
120.	Langiana drain	A.R. Bridge at R D. 25346	Ferozepur to Mukatsar Pucca Road.
121.	Langiana drain	D.R. Bridge at R.D.115588	Birchail to Faridkot.

122.	Langiana Drain	V.R. Bridge at R.D. 77730	Rattichail to Faridkot. Ratti rore and Dana Roman to Kamiana, Faridkot connecting Pacca Road.
123.	do NI. II	V.R. Bridge at R.D. 25000	Riad to Main Riad (Kot-kapura to Moga).
124.	Chand Bhan diversion drain	V.R. Bridge at R.D. 30500	Bhagsar to Roran Wali.
125.	Chand Bhan diversion drain	V.R. Bridge at R.D. 10500	Madrasa to Chak Madrasa.
126.	Chand Bhan diversion Drain	V.R. Bridge at R.D.123310	Malla to Buttar Sargen.
127.	Chand Bhan diversion drain combined with aquaduct on Kotli minor.	V.R. Bridge at R.D.144500	Balinna to Kotla Ahlu.
128.	Langiana drain	V R. Bridge at R.D. 13230	Lubhanwali to Kunnianwali.
129.	—do—	V.R. Bridge at R.D.165480	Pamar to Landa.
130.	Dharam Kot drain	V.R. Bridge at R.D.258000	Dharamkot to Nurpur.
131.	Bahadursingh-wala drain.	V.R Bridge at R.D. 45750	Path Dhaj Pai to Kheewa.
132.	—do—	V.R. Bridge at R.D. 67240	Thero-Jagowal.
133.	—do—	D.R. Bridge at R.D. 25565	Nabha to Malerkotla Road.
134.	Bhagwanpura Link drain.	D.R. Bridge at R.D. 53000	Dhuri to Bagrain Road.
135.	—do –	D.R. Bridge at R.D. 79900	Nabha to Malerkotla Road.

136.	Dhuri Link drain	D.R. Bridge at R.D. 11169	Sungrar to Barnala Road.
137.	Sirhind Choe	V.R Bridge at R.D. 56040	Path-Tahlian to Akanwali.
138.	—do—	V.R. Bridge at R.D. 75300	Path Baraich to Piplian.
139.	—do—	V.R. Bridge at R.D. 91170	Path Ahmadpur to Narindarpura.
140.	—do—	D.R. Bridge at R.D. 138800	Village Road Dhilwan.
141.	—do—	D.R. Bridge at R.D. 232720	Sunam to Bhatinda Road.
142.	—do—	D.R. Bridge at R.D. 319000	Patiala to Sangrur Road.
143.	—do—	D.R. Bridge at R.D. 268965	Sangrur to Patran Road.
144.	—do—	V.R. Bridge at R.D. 344000	Path Gohlan to Rasulpur Chhana.
145.	—do—	V.R. Bridge at D.R. 366000	Path Chhitanwala Railway Station to Chhitanwala.
146.	Lehragagga drain	D.R. Bridge at R.D. 189883	Bhawanigarh to Samana Road.
147.	Dhuri drain	D.R. Bridge at R.D. 122650	Path Rajinderpuri to Bhaganwali and Issi.
148.	L-I Drain.	D.R. Bridge at R.D. 27149	Sangrur to Patran Road.
149.	L-2A Drain	D.R. Bridge at R.D. 12925	—do—

APPOINTMENT OF MATRIC/PRABHAKAR/GIANI/O.T. TEACHERS AGAINST J.B.T. POSTS.

***2369. Doctor Sadhu Ram :** Will the Minister for Education be pleased to state :

(a) whether it is a fact that some Matric/Prabhakar/Giani/O.T. teachers were recruited against J.B.T. posts through the Services Selection Board, in 1964; if so, the exact number and names of such teachers/teachresses with their present places of posting;

(b) whether it is a fact that officials mentioned in para (a) above were offered a running grade of a J. B. T. post through the advertisement published in the newspapers regarding the said vacancies;

(c) whether it is a fact that the appointment letters issued to these officials also entitled them to the running grade of a J. B. T. post;

(d) whether it is a fact that some of the above mentioned officials were actually never given running grade of a J.B.T. post after their having joined the said post, if so, the number and the names thereof;

(e) whether it is a fact that some of these officials were given the running grade of J.B.T. post in the beginning but that grade was withdrawn from them later on and the excess amount was recovered from them; if so, the number and names of such officials;

(f) whether it is a fact that some of the officials mentioned in para (a) above are still enjoying the running grade of a J. B. T. post while others are not, if so, the reasons for this discrepancy and the number with names of both these categories separately;

(g) whether it is a fact that the Government have received a number of representations for giving them the grade of a J.B.T. post, if so, the action taken thereon ?

ਸਰਦਾਰ ਸੁਰਜੀਤ ਸਿੰਘ : (ੲ) ਹਾਂ ਜੀ 5,

1. ਸ੍ਰੀਮਤੀ ਨਿਰੰਜਣ ਕੌਰ ਗੌ: ਹਾ: ਸ: ਸਕੂਲ ਗਿਦੜ ਪਿੰਡ (ਜਲੰਧਰ)
2. ,, ਫੂਲਾ ਰਾਣੀ ,, ਜਗਤ ਪੁਰ (ਜਲੰਧਰ)
3. ,, ਬਿਮਲਾ ਮਦਾਨ ਗੌ: ਖਾ: ਸ: ਸੈਂਟਰਲ ਟਾਊਨ (ਜਲੰਧਰ)
4. ਰਿਕਾਪਾਲ ਕੌਰ ਗੌ: ਖਾ: ਸ: ਪੌਲੀਸ ਲਾਈਨਜ਼ (ਜਲੰਧਰ)
5. ਸ੍ਰੀਮਤੀ ਸਤਨਾਮ ਕੌਰ ਗੌ: ਗ: ਪ੍ਰ: ਸਕੂਲ ਗੜ੍ਹਾ (ਜਲੰਧਰ)

(ਬੀ) ਨਹੀਂ ਜੀ ।

(ਸੀ) ਨਹੀਂ ਜੀ । ਅਜਿਹੇ ਉਮੀਦਵਾਰ ਨੂੰ ਮੁਢਲੀ ਤਨਖਾਹ 60/- ਰੁਪਏ ਜਮ੍ਹਾਂ ਮਹਿੰਗਾਈ ਭੱਤਾ ਜਿਹੜਾ ਕਿ ਸਰਕਾਰ ਨੇ ਸਮੇਂ ਸਮੇਂ ਸਿਰ ਮਨਜ਼ੂਰ ਕੀਤਾ 60/120 ਗਰੇਡ ਵਿਚ ਦਿਤੀ ਗਈ ।

(ਡੀ) ਹਾਂ ਜੀ ।

1. ਸ੍ਰੀਮਤੀ ਬਿਮਲਾ ਮਦਾਨ ਗ: ਪ੍ਰ: ਸ: ਸੈਂਟਰਲ ਟਾਊਨ, ਜਲੰਧਰ ।
2. ਸ੍ਰੀਮਤੀ ਸਤਨਾਮ ਕੌਰ ਗ: ਗ: ਪ੍ਰ: ਸ: ਗੜ੍ਹਾ (ਜਲੰਧਰ)

(ਈ) ਹਾਂ ਜੀ । (1) ਸ੍ਰੀਮਤੀ ਬਿਮਲਾ ਮਦਾਨ ਗ: ਪ੍ਰ: ਸ: ਸੈਂਟਰਲ ਟਾਊਨ, ਜਲੰਧਰ ।
(2) ਸ੍ਰੀਮਤੀ ਸਤਨਾਮ ਕੌਰ ਗ: ਗ: ਪ੍ਰ: ਸ: ਗੜ੍ਹਾ (ਜਲੰਧਰ)

ਅਧਿਕ ਅਦਾਇਗੀ ਇਨ੍ਹਾਂ ਅਧਿਆਪਕਾਵਾਂ ਪਾਸੋਂ ਵਸੂਲ ਕੀਤੀ ਜਾ ਰਹੀ ਹੈ ।

(ਐਫ) ਨਹੀਂ ਜੀ, ਭਾਗ 'ਏ' ਵਿਚ ਲਿਖੀਆਂ ਗਈਆਂ ਅਧਿਆਪਕਾਵਾਂ ਨੂੰ ਚਾਲੂ ਗਰੇਡ ਨਹੀਂ ਮਿਲ ਰਿਹਾ ।

(ਜੀ) ਸਰਕਾਰ ਕੋਲ ਅਜਿਹੀ ਕੋਈ ਪ੍ਰਤੀ ਬੇਨਤੀ ਨਹੀਂ ਆਈ ਇਸ ਵਾਸਤੇ ਕਿਸੇ ਕਾਰਵਾਈ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

DEMANDS OF THE MECHANICAL WORKERS UNION P.W.D (B. AND R.) LUDHIANA

*2380. **Comrade Dana Ram,**)
Comrade Satya Pal Dang) : Will the Minister for Irrigation and Power be pleased to state :

(a) whether the Finance Minister, Punjab, Chandigarh received a memorandum dated 22.12.70 from the Chairman Action Committee of the Punjab Government Mechanical Workers Union, P.W.D. (B. & R.) F-15 New Market, Ludhiana entitled "Demands of Punjab Government Mechanical Workers Union P. W. D. (B.&R.) Ludhiana"; if so, a copy of the same be laid on the Table of the House; and a copy of the action/decision taken by the Government in respect of each of these demands be also laid on the Table of the House ?

ਸਰਦਾਰ ਸੋਹਣ ਸਿੰਘ ਬਾਸੀ : (ੳ) ਪੰਜਾਬ ਗੌਰਮਿੰਟ ਮਕੈਨੀਕਲ ਵਰਕਰਜ਼ ਯੂਨੀਅਨ, ਲੁਧਿਆਣਾ ਦੀ ਐਕਸ਼ਨ ਕਮੇਟੀ ਦੇ ਪ੍ਰਧਾਨ ਵਲੋਂ ਮਿਤੀ 22/12/70 ਦੀ ਪ੍ਰਤਿ ਬੇਨਤੀ ਵਿੱਤ ਵਿਭਾਗ ਵਿਚ ਪ੍ਰਾਪਤ ਨਹੀਂ ਹੋਈ ਬਲਕਿ ਇਸ ਯੂਨੀਅਨ ਵਲੋਂ ਮਿਤੀ 30/11/70 ਦੀ ਇਕਪ੍ਰਤਿ ਬੇਨਤੀ ਵਿੱਤ ਵਿਭਾਗ ਵਿਚ 23/12/70 ਨੂੰ ਪ੍ਰਾਪਤ ਹੋਈ ਹੈ । ਇਸ ਪ੍ਰਤਿ ਬੇਨਤੀ ਦੀ ਇਕ ਨਕਲ ਸਦਨ ਦੇ ਪੇਸ਼ ਹੈ । ਜਿਥੋਂ ਤਕ ਇਸ ਪ੍ਰਤਿ ਬੇਨਤੀ ਤੇ ਕਾਰਵਾਈ ਦਾ ਸਬੰਧ ਹੈ, ਇਸ ਵਿਚ ਉਠਾਈਆਂ ਮੰਗਾਂ ਬਾਰੇ ਵਿੱਤ ਵਿਭਾਗ ਪ੍ਰੇਖਣ ਕਰ ਰਿਹਾ ਹੈ ।

ਧਿਆਨ ਦਿਵਾਊ ਮਤੇ ਅਤੇ ਉਨ੍ਹਾਂ ਦੇ ਉੱਤਰ
(ਕ੍ਰਮ ਨੰ: 114)

ਡਾਕਟਰ ਕੇਵਲ ਕ੍ਰਿਸ਼ਨ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਪੰਜਾਬ ਸਰਕਾਰ ਦੇ ਇਸ ਫੈਸਲੇ ਤੋਂ ਕਿ ਮਿਡਲ ਸ਼੍ਰੇਣੀਆਂ ਦੀ ਪ੍ਰੀਖਿਆ ਬਲਾਕ ਪੱਧਰ ਤੇ ਬਲਾਕਾਂ ਵਿਚ ਹੀ ਕਿਸੇ ਸੀਨੀਅਰ ਹੈਡਮਾਸਟਰ ਦੇ ਦੇਖ ਰੇਖ ਵਿਚ ਹੀ ਹੋਇਆ ਕਰੇਗੀ, ਪੜ੍ਹੇ ਲਿਖੇ ਵਰਗ ਵਿਚ ਹੈਰਾਨਗੀ ਦੀ ਲਹਿਰ ਫੈਲ ਗਈ ਹੈ। ਅਜਿਹਾ ਅਨੁਭਵ ਕੀਤਾ ਜਾ ਰਿਹਾ ਹੈ ਕਿ ਫੈਸਲੇ ਤੋਂ ਨਾ ਤਾ ਮਿਡਲ ਪ੍ਰੀਖਿਆ ਦਾ ਪੱਧਰ ਬਣ ਸਕੇਗਾ ਅਤੇ ਨਾ ਹੀ ਬਚਿਆਂ ਦੀ ਮਿਹਨਤ ਨਾਲ ਕੋਈ ਇਨਸਾਫ ਹੋ ਸਕੇਗਾ। ਸਟੈਂਡਰਡ ਵੀ ਗਿਰੇਗਾ ਅਤੇ ਹੇਰਾਫੇਰੀ ਵੀ ਬਹੁਤ ਹੋਵੇਗੀ। ਸਰਕਾਰ ਨੂੰ ਫੈਸਲੇ ਤੇ ਫਿਰ ਵਿਚਾਰ ਕਰਨੀ ਚਾਹੀਦੀ ਹੈ। ਸਿਖਿਆ ਦੇ ਸਬੰਧ ਵਿਚ ਬਚਿਆਂ ਦੇ ਜੀਵਨ ਨਾਲ ਖਿਲਵਾੜ ਚੰਗਾ ਨਹੀਂ। ਸਰਕਾਰ ਇਸ ਸਬੰਧ ਵਿਚ ਆਪਣੀ ਨੀਤੀ ਸਪਸ਼ਟ ਕਰੇ।

ਸਰਦਾਰ ਸੁਰਜੀਤ ਸਿੰਘ (ਸਿਖਿਆ ਮੰਤਰੀ) : ਵਿਦਿਆ ਦਾ ਮਿਆਰ ਗਿਰਨ ਅਤੇ ਪ੍ਰੀਖਿਆ ਕੇਂਦਰਾਂ ਵਿਚ ਨਕਲ ਵਧਣ ਸਬੰਧੀ ਆਮ ਚਰਚਾ ਚਲ ਰਹੀ ਹੈ। ਇਸ ਸਬੰਧ ਵਿਚ ਮਿਡਲ ਸਤਰ ਪ੍ਰੀਖਿਆ ਵਿਚ ਸੁਧਾਰ ਕਰਨ ਲਈ ਸਿਖਿਆ ਮੰਤਰੀ ਦੀ ਪ੍ਰਧਾਨਗੀ ਹੇਠ ਮਿਤੀ 4.1.71 ਨੂੰ ਹੋਈ ਇਕੱਤਰਤਾ ਵਿਚ ਪੰਜਾਬ ਯੂਨੀਵਰਸਟੀ, ਪੰਜਾਬੀ ਯੂਨੀਵਰਸਟੀ, ਗੁਰੂ ਨਾਨਕ ਯੂਨੀਵਰਸਟੀ ਦੇ ਉਪ ਕੁਲਪਤੀ ਤੇ ਰਜਿਸਟਰਾਰ, ਪੰਜਾਬ ਸਕੂਲ ਸਿਖਿਆ ਬੋਰਡ ਦੇ ਚੇਅਰਮੈਨ, ਮੀਤ ਚੇਅਰਮੈਨ, ਸਕੱਤਰ-ਸਕੱਤਰੇਤ, ਡਾਇਰੈਕਟੋਰੇਟ ਅਤੇ ਖੇਤਰ ਦੇ ਅਫ਼ਸਰ ਸ਼ਾਮਲ ਸਨ। ਇਸ ਇਕੱਤਰਤਾ ਵਿਚ ਵਿਚਾਰ ਕਰਨ ਉਪਰੰਤ ਇਹ ਫੈਸਲਾ ਹੋਇਆ ਕਿ ਅਗੇ ਤੋਂ ਮਿਡਲ ਸਤਰ ਪ੍ਰੀਖਿਆ ਵਿਚੋਂ ਨਕਲ ਨੂੰ ਘਟਾਉਣ ਵਾਸਤੇ ਉੱਤਰ ਪੱਤਰੀਆਂ ਚੰਗੀ ਤਰ੍ਹਾਂ ਮੁੱਖ ਅਧਿਆਪਕਾਂ ਦੀ ਦੇਖ ਭਾਲ ਅਧੀਨ ਚੰਗੇ ਅਤੇ ਸੁਚੱਜੇ ਢੰਗ ਨਾਲ ਵਿਖਾਈਆਂ ਜਾਇਆ ਕਰਨ। ਇਸ ਤੋਂ ਇਲਾਵਾ ਵਿਦਿਆਰਥੀਆਂ ਦਾ ਸਮਾਂ ਜੋ ਨਤੀਜਾ ਨਿਕਲਣ ਤਕ ਲਗਭਗ ਡੇਢ ਮਹੀਨਾ ਨਸ਼ਟ ਹੁੰਦਾ ਹੈ, ਦਾ ਵੀ ਪੂਰਾ ਪੂਰਾ ਲਾਭ ਉਠਾਇਆ ਜਾ ਸਕੇ। ਮਿਡਲ ਪ੍ਰੀਖਿਆ ਵਿਚ ਪ੍ਰੀਵਰਤਣ ਲਿਆਉਣ ਲਈ ਇਹ ਫੈਸਲਾ ਕੀਤਾ ਗਿਆ ਕਿ ਵਾਰਸ਼ਿਕ ਮਿਡਲ ਸਤਰ ਪ੍ਰੀਖਿਆ 1971 ਬਲਾਕ ਪੱਧਰ ਤੇ ਲਈ ਜਾਵੇ। ਇਸ ਤੋਂ ਪਹਿਲਾਂ ਇਹ ਪ੍ਰੀਖਿਆ ਰਾਜ ਪੱਧਰ ਅਤੇ ਜ਼ਿਲ੍ਹਾ ਪੱਧਰ ਤੇ ਹੁੰਦੀ ਸੀ। ਰਾਜ ਪੱਧਰ ਤੇ ਪ੍ਰਸ਼ਨ ਪੱਤਰ ਬਣਵਾ ਕੇ, ਛਪਵਾ ਕੇ, ਅਤੇ ਕੇਂਦਰ ਵਾਰ ਪੈਕਿੰਗ ਕਰਵਾਕੇ ਟਰਾਂਸਪੋਰਟ ਰਾਹੀਂ ਹਰੇਕ ਜ਼ਿਲ੍ਹਾ ਹੈਡਕੁਵਾਟਰ ਤੇ ਪਹੁੰਚਾ ਦਿਤੇ ਜਾਂਦੇ ਸਨ। ਇਸ ਨਵੀਂ ਸਕੀਮ ਅਨੁਸਾਰ ਇਹ ਕੰਮ ਹੁਣ ਵੀ ਰਾਜ ਪੱਧਰ ਤੇ ਹੀ ਹੋਵੇਗਾ। ਇਸ ਸਕੀਮ ਅਧੀਨ ਬਲਾਕ ਕਮੇਟੀ ਦਾ ਚੇਅਰਮੈਨ ਦਾ ਜੋ ਸੀਨੀਅਰ ਪ੍ਰਿੰਸੀਪਲ/ਮੁੱਖ ਅਧਿਆਪਕ ਹੋਵੇਗਾ ਆਪਣੇ ਬਲਾਕ ਦੇ ਸਕੂਲਾਂ ਵਿਚੋਂ ਆਈਆਂ ਉੱਤਰ ਪੱਤਰੀਆਂ ਦੇ ਅਸਲੀ ਰੋਲ ਨੰਬਰ ਉਤਾਰ ਕੇ ਨਕਲੀ ਰੋਲ ਨੰਬਰ ਲਗਾਕੇ, ਉਤਰ ਪੱਤਰੀਆਂ ਦਾ ਮੁੱਲ ਅੰਕਣ ਕਰਨ ਲਈ ਵਿਸ਼ੇ ਵਾਰ ਆਪਣੇ ਬਲਾਕ ਦੇ ਮੁੱਖ ਅਧਿਆਪਕਾਂ ਜਿਸਦੇ ਅਧੀਨ 3 ਤੋਂ 5, ਅਧਿਆਪਕਾਂ ਦੀ ਟੋਲੀ ਉਤਰ ਪੱਤਰੀਆਂ ਦਾ ਮੁੱਲ ਅੰਕਣ ਕਰੇਗੀ ਨੂੰ ਭੇਜ ਦੇਵੇਗਾ।

ਉਪਰੋਕਤ ਪ੍ਰਬੰਧ ਸਬੰਧੀ ਇਹ ਸੰਭਾਵਨਾ ਕੀਤੀ ਜਾਂਦੀ ਹੈ ਕਿ ਪ੍ਰੀਖਿਆ ਦੇ ਕੰਮ ਵਿਚ ਅਣਗਹਿਲੀ ਵੀ ਨਹੀਂ ਹੋਵੇਗੀ ਅਤੇ ਨਾ ਹੀ ਅਧਿਆਪਕ ਕਿਸੇ ਪ੍ਰੀਖਿਆਰਥੀ ਦੀ ਅਯੋਗ ਢੰਗ ਨਾਲ ਰਿਆਇਤ ਕਰ ਸਕਣਗੇ। ਇਹ ਨਵੀਂ ਸਕੀਮ ਇਸੇ ਸਾਲ ਹੀ ਵਾਰਸ਼ਿਕ ਪ੍ਰੀਖਿਆ ਵਿਚ ਲਾਗੂ ਕਰਨ ਦੇ ਕਾਰਨ ਬਲਾਕ ਪੱਧਰ ਪ੍ਰੀਖਿਆ ਦੇ ਸੰਚਾਲਨ ਸਬੰਧੀ ਨਿਕਲਣ ਵਾਲੇ ਪ੍ਰਤੀ ਪ੍ਰਭਾਵਾਂ ਬਾਰੇ ਬਾਅਦ ਵਿਚ ਹੀ ਠੀਕ ਗਿਆਨ ਹੋ ਸਕੇਗਾ।

— — — —

(Serial No. 118)

Shri Sardari Lal Kapur : to draw the attention of the Government towards an urgent matter of public importance, namely, that the Governor, Punjab, was to visit Dhudike, in Ferozepur District, to inaugurate the exhibition of the pictures of Mahatma Gandhi, but before he could do so, the pictures were burnt by some miscreants. This is, therefore, a very serious matter affecting the law and order situation in the State, on which the Chief Minister, should make a statement and, if possible, this serious matter should be discussed, on the floor of the House.

Sardar Parkash Singh Badal (Chief Minister) : An exhibition was being held, in the Lala Lajpat Rai Memorial, in which 51 photos, depicting various scenes from the life of Mahatma Gandhi, were being exhibited on behalf of the Field Publicity Division of the Central Government, to mark the occasion of the Birth Centenary of Lala Lajpat Rai, at Dhudike. One Bhupinder Singh @ Bagoo s/o Ram Singh r/o village Dhudike, who had passed his B.A. from Lala Lajpat Rai, College, Dhudike and is now a M.A student of Punjab University, Chandigarh, came into the hall alongwith another youngman, on 5-1-71, at about noon time. He played ruse on the persons, working to set up the Exhibition in the Memorial Hall telling them, that Shri Sat Pal, Secretary of the Memorial, had desired that the photos of Mahatma Gandhi should be sent to him. He was, accordingly, allowed to remove all the 51 photos, out of the Hall. He and his companion, however, set fire to the photos in the street by pouring kerosene oil on them. Some persons collected there and 30 photos were saved from the fire, but Bhupinder Singh and his companion managed to escape

This incident does not involve any violent breach of law and order situation. The matter is under vigorous investigation and legal action will be taken.

[ਢੁਡੀਕੇ ਵਿਖੇ ਲਾਲਾ ਲਾਜਪਤ ਰਾਏ ਮੈਮੋਰੀਅਲ ਹਾਲ ਵਿਚ ਕੇਂਦਰੀ ਫ਼ੀਲਡ ਪਬਲੇਸਿਟੀ ਡਵੀਜ਼ਨ ਵਲੋਂ ਲਾਲਾ ਲਾਜਪਤ ਰਾਏ ਦੀ ਜਨਮ ਸ਼ਤਾਬਦੀ ਮਨਾਉਣ ਲਈ ਇਕ ਨੁਮਾਇਸ਼ ਲਾਈ ਜਾ ਰਹੀ ਸੀ । ਜਿਸ ਦੇ ਵਿਚ ਗਾਂਧੀ ਜੀ ਦੇ ਜੀਵਨ ਦੀਆਂ 51 ਫੋਟੋਆਂ ਦਿਖਾਈਆਂ ਜਾ ਰਹੀਆਂ ਸਨ । ਭੁਪਿੰਦਰ ਸਿੰਘ ਉਰਫ ਬਗੂ ਪੁੱਤਰ ਰਾਮ ਸਿੰਘ ਵਾਸੀ ਪਿੰਡ ਢੁਡੀਕੇ ਜਿਹਨੇ ਲਾਲਾ ਲਾਜਪਤ ਰਾਏ ਕਾਲਜ ਢੂਡੀਕੇ ਤੋਂ ਬੀ. ਏ. ਪਾਸ ਕੀਤਾ ਸੀ ਹੁਣ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਐਮ. ਏ, ਦਾ ਵਿਦਿਆਰਥੀ ਹੈ, ਇਕ ਹੋਰ ਨੌਜਵਾਨ ਨਾਲ 25-1-71 ਨੂੰ ਦੁਪਹਿਰ ਵੇਲੇ ਹਾਲ ਵਿਚ ਆਇਆ । ਉਸ ਨੇ ਮੈਮੋਰੀਅਲ ਹਾਲ ਵਿਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਇਹ ਧੋਖਾ ਦੇ ਕੇ ਕਿ ਮੈਮੋਰੀਅਲ ਦੇ ਸੈਕਟਰੀ ਸ੍ਰੀ ਸੱਤ ਪਾਲ ਨੇ ਮਹਾਤਮਾਂ ਗਾਂਧੀ ਦੀਆਂ ਫੋਟੋਆਂ ਮੰਗਵਾਈਆਂ ਹਨ, ਉਹ 51 ਫੋਟੋਆਂ ਚੁੱਕ ਕੇ ਲੈ ਆਇਆ । ਉਹ ਤੇ ਉਸ ਦੇ ਸਾਥੀ ਨੇ ਗਲੀ ਵਿਚ ਲਿਜਾ ਕੇ ਇਹਨਾਂ ਫੋਟੋਆਂ ਤੇ ਮਿੱਟੀ ਦਾ ਤੇਲ ਛਿੜਕ ਕੇ ਅੱਗ ਲਾ ਦਿਤੀ । ਕੁਝ ਲੋਕੀ ਉਸ ਥਾਂ ਤੇ ਇਕੱਠੇ ਹੋ ਗਏ ਤੇ ਉਨ੍ਹਾਂ ਨੇ 30 ਫ਼ੋਟੋਆਂ ਨੂੰ ਜਲਣ ਤੋਂ ਬਚਾ ਲਿਆ ਲੇਕਿਨ ਭੂਪਿੰਦਰ ਸਿੰਘ ਅਤੇ ਉਸਦਾ ਸਾਥੀ ਭੱਜਣ ਵਿਚ ਕਾਮਯਾਬ ਹੋ ਗਏ ।

ਇਹ ਘਟਨਾ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਲਈ ਹਿੰਸਕ ਪ੍ਰਭਾਵ ਨਹੀਂ ਰਖਦੀ । ਇਸ ਮਾਮਲੇ ਦੀ ਪੂਰੇ ਜ਼ੋਰ ਨਾਲ ਤਫਤੀਸ਼ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।]

———

(ਕ੍ਰਮ ਨੰ: 123)

1. ਕਾਮਰੇਡ ਕੁਲਵੰਤ ਸਿੰਘ)
2. ਕਾਮਰੇਡ ਬਾਬੂ ਸਿੰਘ ਮਾਸਟਰ) ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਭੋਗਪੁਰ ਸ਼ੂਗਰ ਮਿਲ ਦੇ ਬੋਰਡ ਆਫ ਡਾਇਰੈਕਟਰਜ਼ ਨੇ ਗੰਨੇ ਦਾ ਭਾਅ 7 37 ਤੋਂ ਵਧਾ ਕੇ 7.50 ਕਰ ਦਿਤਾ ਸੀ ਲੇਕਿਨ ਪੰਜਾਬ ਗੌਰਮਿੰਟ ਨੇ ਵਧਾਉਣ ਦੀ ਅਜੇ ਤਕ ਆਗਿਆ ਨਹੀਂ ਦਿਤੀ ਜਿਸ ਕਰ ਕੇ ਗੰਨਾ ਬੀਜਣ ਵਾਲਿਆਂ ਵਿਚ ਬੜੀ ਬੇਚੈਨੀ ਪਾਈ ਜਾਂਦੀ ਹੈ ਜਿਸ ਨਾਲ ਆਉਣ ਵਾਲੇ ਸਮੇਂ ਵਿਚ ਲੋਕ ਗੰਨਾ ਨਹੀਂ ਬੀਜਣਗੇ ਜਿਸ ਨਾਲ ਆਉਣ ਵਾਲੇ ਸਮੇਂ ਵਿਚ ਮਿੱਲ ਵੀ ਘਾਟੇ ਵਿਚ ਤੇ ਚਲ ਨਹੀਂ ਸਕੇਗੀ। ਇਸ ਕਰ ਕੇ ਸਰਕਾਰ ਨੂੰ ਇਸ ਸਬੰਧ ਵਿਚ ਹਾਊਸ ਵਿਚ ਬਿਆਨ ਦੇਣ ਲਈ ਕਿਹਾ ਜਾਵੇ ਤੇ ਗੰਨੇ ਵਾਲਿਆਂ ਦੀ ਬੇਚੈਨੀ ਦੂਰ ਕੀਤੀ ਜਾਵੇ।

Shri Radha Krishan (Agriculture Minister) : The Govenment of India have fixed the minimum price of sugarcane at Rs. 7.37 per quintal upto 9.4% recovery of sugar and 5.36 paise for every additional recovery of O 1% are payable. This price of Rs. 7. 37 per quintal of sugarcane is taken into consideration by the Government of India while fixing the price of sugar, when the recovery of sugar is upto 8.4%. This year, the average recovery of Bhogpur Sugar Mills is 8.37%. Therefore, the mills could not reasonably afford to pay a price higher than Rs. 7.37 per quintal for sugarcane without incurring further heavy losses. Moreover, the nominal increase of only 13 paise per quintal in the price of sugarcane would not have given any incentive to the cane growers to grow more sugarcane.

[ਭਾਰਤ ਸਰਕਾਰ ਨੇ 9.4% ਖੰਡ ਦੀ ਪ੍ਰਾਪਤੀ ਤੇ ਗੰਨੇ ਦੀ ਕੀਮਤ 7.37 ਰੁਪਏ ਪ੍ਰਤੀ ਕੁਇੰਟਲ ਨੀਯਤ ਕੀਤੀ ਹੈ ਅਤੇ 5.36 ਪੈਸੇ ਹਰ ਇਕ 0.1% ਵਾਧੂ ਰਿਕਵਰੀ ਤੇ ਦੇਣ ਯੋਗ ਹਨ। ਭਾਰਤ ਸਰਕਾਰ ਵਲੋਂ ਖੰਡ ਦੀ ਕੀਮਤ ਨੀਯਤ ਕਰਨ ਬਾਰੇ ਇਹ ਗੰਨੇ ਦੀ ਕੀਮਤ 7.37 ਪ੍ਰਤਿ ਕਵਿੰਟਲ ਵੀ ਵਿਚਾਰ ਅਧੀਨ ਰਖੀ ਜਾਂਦੀ ਹੈ, ਜਦ ਕਿ ਖੰਡ ਦੀ ਪ੍ਰਾਪਤੀ 9.4% ਪ੍ਰਤਿਸ਼ਤ ਤਕ ਹੋਵੇ। ਇਸ ਸਾਲ ਭੋਗਪੁਰ ਖੰਡ ਮਿਲ ਦੀ ਗੰਨੇ ਵਿਚੋਂ ਖੰਡ ਦੀ ਪ੍ਰਾਪਤੀ 8.37 ਪ੍ਰਤਿਸ਼ਤ ਹੈ। ਇਸ ਕਰ ਕੇ ਮਿਲ ਨੂੰ ਜ਼ਿਆਦਾ ਨੁਕਸਾਨ ਨੂੰ ਬਚਾਉਣ ਲਈ ਗੰਨੇ ਦੀ ਕੀਮਤ 7.37 ਰੁਪਏ ਪ੍ਰਤਿ ਕਵਿੰਟਲ ਤੋਂ ਵਧ ਨਹੀਂ ਦੇ ਸਕਦੀ। ਇਸ ਤੋਂ ਇਲਾਵਾ ਗੰਨਾ ਕਾਸ਼ਤਕਾਰਾਂ ਨੂੰ ਗੰਨੇ ਦੀ ਕੀਮਤ ਵਿਚ ਮਾਮੂਲੀ 13 ਪੈਸੇ ਪ੍ਰਤੀ ਕੁਵਿੰਟਲ ਵਾਧੂ ਦੇਣ ਨਾਲ ਗੰਨੇ ਹੇਠ ਰਕਬਾ ਵਧਾਉਣ ਲਈ ਉਤਸ਼ਾਹ ਨਹੀਂ ਦੇ ਸਕਦੀ।]

(ਕ੍ਰਮ ਨੰ: 124)

1. ਕਾਮਰੇਡ ਕੁਲਵੰਤ ਸਿੰਘ)
2. ਡਾਕਟਰ ਅਮੀਰ ਸਿੰਘ ਕਲਕਟ) ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਪਰਾਈਵੇਟ ਸਕੂਲਾਂ ਦੇ ਟੀਚਰਾਂ ਵਿਚ ਬੜੀ ਬੇਚੈਨੀ ਪਾਈ ਜਾਂਦੀ ਹੈ ਕਿਉਂਕਿ ਇੰਤਜ਼ਾਮੀਆਂ ਕਮੇਟੀਆਂ ਗੌਰਮਿੰਟ ਕੋਲੋਂ ਗਰਾਂਟਾਂ ਲੈ ਲੈਂਦੀਆਂ ਹਨ ਪਰ ਕਈ ਕਈ ਮਹੀਨੇ ਉਨ੍ਹਾਂ ਨੂੰ ਤਨਖਾਹਾਂ ਨਹੀਂ ਦਿਤੀਆਂ ਜਾਂਦੀਆਂ ਜਿਸ ਕਰ ਕੇ ਉਨ੍ਹਾਂ ਨੇ ਅਗੇ ਵੀ ਕਈ ਵਾਰੀ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਸਰਕਾਰੀ ਖਜ਼ਾਨੇ ਤੋਂ ਸਿਧੀ ਤਨਖ਼ਾਹ ਦਿੱਤੀ ਜਾਵੇ। ਅਜ ਉਨ੍ਹਾਂ ਨੇ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਦੇ ਅਗੇ ਧਰਨੇ ਮਾਰੇ ਹਨ ਤੇ ਛੇਤੀ ਹੀ ਅਗਲੇ ਕਦਮ ਦਾ ਐਲਾਨ ਕਰਨ ਵਾਲੇ ਹਨ। ਇਸ ਕਰਕੇ ਸਰਕਾਰ ਨੂੰ ਹਾਊਸ ਵਿਚ ਬਿਆਨ ਦੇਣ ਲਈ ਕਿਹਾ ਜਾਵੇ ਤਾਂ ਕਿ

ਪ੍ਰਾਈਵੇਟ ਸਕੂਲ ਟੀਚਰਾਂ ਅਤੇ ਲੋਕਾਂ ਦੀ ਬੇਚੈਨੀ ਖਤਮ ਕੀਤੀ ਜਾਵੇ । ਸਰਕਾਰ ਇਸ ਸਬੰਧੀ ਬਿਆਨ ਦੇਵੇ ।

ਸਰਦਾਰ ਸੁਰਜੀਤ ਸਿੰਘ (ਸਿਖਿਆ ਮੰਤਰੀ): ਜਿਥੋਂ ਤੀਕ ਪ੍ਰਾਈਵੇਟ ਏਡਿਡ ਸਕੂਲਾਂ ਦੇ ਕਮਚਾਰੀਆਂ ਨੂੰ ਸਰਕਾਰੀ ਖਜ਼ਾਨੇ ਰਾਹੀਂ ਸਿਧੀ ਤਨਖਾਹ ਦੇਣ ਦਾ ਸਵਾਲ ਹੈ, ਇਹ ਤਰੀਕਾ ਅਪਨਾਉਣਾ ਪ੍ਰਸ਼ਾਸਨੀ ਅਤੇ ਕਾਨੂੰਨੀ ਕਠਨਾਈਆਂ ਕਰਕੇ ਸੰਭਵ ਨਹੀਂ ਹੈ । ਪ੍ਰੰਤੂ ਜੇ ਕੋਈ ਅਜਿਹਾ ਵਿਸ਼ੇਸ਼ ਕੇਸ ਇਸ ਵਿਭਾਗ ਦੇ ਧਿਆਨ ਵਿਚ ਲਿਆਂਦਾ ਗਿਆ ਜਿਥੇ ਕਿ ਸਕੂਲ ਕਮੇਟੀ ਨੇ ਵਿਭਾਗ ਕੋਲੋਂ ਗਰਾਂਟ ਲੈ ਕੇ ਆਪਣੇ ਕਰਮਚਾਰੀਆਂ ਨੂੰ ਤਨਖਾਹ ਦੇਰ ਨਾਲ ਦਿਤੀ ਹੋਵੇ, ਤਾਂ ਉਸ ਦੀ ਪੂਰੀ ਪੜਤਾਲ ਕੀਤੀ ਜਾਵੇਗੀ ਅਤੇ ਸਬੰਧਤ ਸਕੂਲ ਕਮੇਟੀ ਵਿਰੁਧ ਕਾਰਵਾਈ ਕੀਤੀ ਜਾਏਗੀ । ਇਸ ਸਬੰਧ ਵਿਚ ਇਹ ਭੀ ਦਸਿਆ ਜਾਂਦਾ ਹੈ ਕਿ ਸਕੂਲ ਕਮੇਟੀ ਨੂੰ ਅਗਲੇ ਮਹੀਨੇ ਦੀ ਗਰਾਂਟ ਖਜ਼ਾਨੇ ਤੋਂ ਕਢਵਾਉਣ ਦੀ ਆਗਿਆ ਤਾਂ ਹੀ ਦਿਤੀ ਜਾਂਦੀ ਹੈ, ਜਦੋਂ ਕਿ ਉਹ ਪਹਿਲੇ ਮਹੀਨੇ ਦੀ ਗਰਾਂਟ ਬਾਰੇ ਯੋਗ ਵਰਤੋਂ ਸਰਟੀਫ਼ਿਕੇਟ ਦੇ ਦਿੰਦੇ ਹਨ ।

(Serial No. 127)

Shri Manmohan Kalia : to draw the attention of the Government towards an urgent matter of public importance, namely, the existence of illegal Union of truck drivers in industrial towns like, Goraya, Phagwara, Khanna and Jullundur. The members of such unions have pooled their resources, have inflated the hire charges very high. Who-ever wants to get the truck from other sources is intimidated and threatened. The Government is requested to make a statement in the House.

Sardar Parkash Singh Badal (Chief Minister) : Public Carrier Permits are being issued freely to each and every person whosoever brings a mechanically fit vehicle. These permit holders have voluntarily formed truck unions at various places such as Goraya, Phagwara, Jullundur, etc. for regulating the booking of goods by them. The Unions being a private concern of the truck operators do not come under the control of the Government.

2. In the year 1956-57 a question cropped up of giving some legal status to the truck operators Unions. As a result of deliberations at higher level it was decided to impose a condition on the public carrier permits in the State to the effect that "no goods shall be booked by the permit holder except through the Unions and combines of permit holders formed at various places for the purpose of booking of goods"

3. The imposition of the above condition led to disputes between the individual operators and the so formed unions. Ultimately in July, 1963 it was decided that pending final orders to legalise these unions, the goods may be booked by any truck operator from the open market and instructions to this effect were issued by the Transport Department in July, 1963 and these still hold good. At present neither proper or legal truck operators unions have been formed nor their by-laws have been framed.

4. These so-called unions are required to charge freight rates as fixed by the State Government under section 43 of the Motor Vehicles Act,

1939. If they over-charge, they are liable for prosecutions/departmental action under section 60 of the Motor Vehicles Act, 1939 whereby their permits can be cancelled. If however, they fight, create trouble, or take law in their own hands by disallowing any person to hire truck from other source it becomes a law and order problem for which police authorities are competent to take action.

[ਕਿਰਾਏ ਤੇ ਚਲਾਉਣ ਵਾਲੇ ਟਰੱਕਾਂ ਦੇ ਪਰਮਿਟ ਖੁਲ੍ਹੇ ਤੌਰ ਤੇ ਦੇ ਦਿਤੇ ਜਾ ਰਹੇ ਹਨ । ਜਿਹੜਾ ਕੋਈ ਸੜਕ ਤੇ ਚਲਣ ਕਾਬਲ ਟਰੱਕ ਪੇਸ਼ ਕਰਦਾ ਹੈ ਉਸ ਨੂੰ ਪਰਮਿਟ ਦੇ ਦਿਤਾ ਜਾਂਦਾ ਹੈ । ਇਨ੍ਹਾਂ ਪਰਮਿਟ ਹੋਲਡਰਾਂ ਨੇ ਆਪਣੇ ਆਪ ਟਰੱਕਾਂ ਦੀਆਂ ਯੂਨੀਅਨਾਂ ਕਈ ਜਗ੍ਹਾ ਤੇ ਜਿਵੇਂ ਕਿ ਗੋਰਾਇਆਂ, ਫਗਵਾੜਾ, ਜਲੰਧਰ ਵਗੈਰਾ ਵਗੈਰਾ ਹਨ ਤੇ ਸਮਾਨ ਚੁੱਕਣ ਲਈ ਬਣਾਈਆਂ ਹੋਈਆਂ ਹਨ । ਇਹ ਯੂਨੀਅਨਾਂ ਬਣਾਉਣ ਦਾ ਇਕ ਆਪਣਾ ਮਾਮਲਾ ਹੈ ਇਸ ਲਈ ਇਹ ਸਰਕਾਰ ਦੇ ਅਧੀਨ ਨਹੀ ।

2. 195 -57 ਵਿਚ ਇਨ੍ਹਾਂ ਯੂਨੀਅਨਾਂ ਨੂੰ ਕਾਨੂੰਨੀ ਵਜੂਦ ਦੇਣ ਦਾ ਮਾਮਲਾ ਉਠਾਇਆ ਸੀ । ਉਚ ਪੱਧਰ ਤੇ ਗੱਲ ਬਾਤ ਹੋਣ ਦੇ ਉਪਰੰਤ ਇਹ ਫੈਸਲਾ ਹੋਇਆ ਸੀ ਕਿ ਕਿਰਾਏ ਤੇ ਚਲਣ ਵਾਲੇ ਟਰੱਕਾਂ ਉਤੇ ਇਹ ਸ਼ਰਤ ਲਾਈ ਜਾਵੇ ਕਿ ਕੋਈ ਪਰਮਿਟ ਹੋਲਡਰ ਕਿਸੇ ਜਗ੍ਹਾ ਤੇ ਯੂਨੀਅਨਾਂ ਦੇ ਬਗੈਰ ਮਾਲ ਨਹੀਂ ਚੁਕੇਗਾ ।

3. ਉਪਰੋਕਤ ਸ਼ਰਤ ਲਗਣ ਦੇ ਬਾਅਦ ਇਕੱਲੇ ਇਕੱਲੇ ਪਰਮਿਟ ਹੋਲਡਰ ਤੇ ਇਨ੍ਹਾਂ ਦੇ ਵਿਚਕਾਰ ਝਗੜੇ ਹੋਣ ਲਗ ਪਏ । ਅਖੀਰ ਵਿਚ ਜੁਲਾਈ, 1963 ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਜਿੰਨਾਂ ਚਿਰ ਕਿ ਯੂਨੀਅਨਾਂ ਨੂੰ ਕਾਨੂੰਨੀ ਰੁਤਬਾ ਨਾ ਦਿਤਾ ਜਾਵੇ ਉਨਾਂ ਚਿਰ ਕੋਈ ਵੀ ਟਰੱਕ ਵਾਲਾ ਬਾਜ਼ਾਰ ਵਿਚੋਂ ਮਾਲ ਲੱਦ ਸਕਦਾ ਹੈ । ਇਹ ਹਦਾਇਤਾਂ ਜੁਲਾਈ, 1963 ਵਿਚ ਜਾਰੀ ਕਰ ਦਿਤੀਆਂ ਗਈਆਂ ਸਨ ਜੋ ਹੁਣ ਤਕ ਲਾਗੂ ਹਨ । ਇਸ ਵੇਲੇ ਨਾ ਤਾਂ ਕੋਈ ਮੁਨਾਸਬ ਅਤੇ ਨਾ ਹੀ ਕੋਈ ਕਾਨੂੰਨੀ ਟਰੱਕ ਯੂਨੀਅਨਾਂ ਹਨ ਅਤੇ ਨਾ ਹੀ ਉਨ੍ਹਾਂ ਦੇ ਕੋਈ ਬਾਈ-ਲਾਅਜ਼ ਬਣੇ ਹਨ ।

4. ਇਹ ਯੂਨੀਅਨਾਂ ਨੂੰ ਹੀ ਲਾਜ਼ਮੀ ਹੈ ਕਿ ਉਹ ਕਿਰਾਏ ਲੈਣ ਜਿਹੜੇ ਸਰਕਾਰ ਨੇ ਮੋਟਰ ਵਹੀਕਲ 1939 ਦੀ ਧਾਰਾ 43 ਦੇ ਹੇਠ ਨਿਸਚਿਤ ਕੀਤੇ ਹਨ । ਜੇ ਉਹ ਨਿਸਚਿਤ ਕੀਤੇ ਕਿਰਾਏ ਤੋਂ ਵਧ ਲੈਂਦੇ ਹਨ ਤਾਂ ਉਨ੍ਹਾਂ ਦੇ ਚਲਾਨ ਹੋ ਸਕਦੇ ਹਨ ਅਤੇ ਮੋਟਰ ਵਹੀਕਲ ਐਕਟ 1939 ਦੀ ਧਾਰਾ 60 ਦੇ ਅਧੀਨ ਉਨ੍ਹਾਂ ਦੇ ਵਿਰੁੱਧ ਕਾਰਵਾਈ ਕਰਦਿਆਂ ਹੋਇਆਂ ਉਨ੍ਹਾਂ ਦੇ ਪਰਮਿਟ ਕੈਂਸਲ ਕੀਤੇ ਜਾ ਸਕਦੇ ਹਨ । ਜੇ ਉਹ ਲੜਦੇ ਹਨ, ਗੜਬੜ ਕਰਦੇ ਹਨ ਜਾਂ ਆਪਣੇ ਹੱਥ ਵਿਚ ਕਾਨੂੰਨ ਲੈਂਦੇ ਹਨ ਅਤੇ ਕਿਸੇ ਨੂੰ ਮਾਲ ਲਦਣ ਤੋਂ ਰੋਕਦੇ ਹਨ ਤਾਂ ਇਹ ਕਾਨੂੰਨ ਤੇ ਵਿਵਸਥਾ ਦਾ ਮਾਮਲਾ ਬਣ ਜਾਂਦਾ ਹੈ ਜਿਸ ਤੇ ਪੁਲਿਸ ਅਧਿਕਾਰੀ ਕਾਰਵਾਈ ਕਰਨ ਲਈ ਸਮਰਥ ਹੈ ।]

(ਕ੍ਰਮ ਨੰ: 128)

ਸਰਦਾਰ ਕਿਰਪਾਲ ਸਿੰਘ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਪੰਜਾਬ ਵਿਚ ਤਿਉਹਾਰਾਂ ਉਤੇ ਆਤਸ਼ਬਾਜ਼ੀ ਦਾ ਰਿਵਾਜ ਬਹੁਤ ਵਧਣ ਕਰ ਕੇ ਹਾਦਸਿਆਂ ਵਿਚ ਬੜਾ ਵਾਧਾ ਹੋਇਆ ਹੈ । ਅੰਮ੍ਰਿਤਸਰ ਵਿਚ ਦੁਸਹਿਰੇ ਦੀ ਆਤਸ਼ਬਾਜ਼ੀ ਨਾਲ ਦੋ ਮੌਤਾਂ ਹੋ ਗਈਆਂ ਸਨ ਅਤੇ ਬਹੁਤ ਲੋਕ ਜ਼ਖਮੀ ਹੋਏ ਸਨ । ਫਸਲ ਦੇ ਦਿਨਾਂ ਵਿਚ ਹਵਾਈ ਨਾਲ ਨੁਕਸਾਨ ਦੇ ਅੰਦੇਸ਼ੇ ਵੀ ਵਧ ਜਾਂਦੇ ਹਨ । ਹਵਾਈਆਂ ਵਿਚ ਲੋਹੇ ਅਤੇ ਬਾਂਸ ਦੇ ਫਲਟੇ ਜਾਨੀ

ਨੁਕਸਾਨ ਦਾ ਜ਼ਿਆਦਾ ਕਾਰਨ ਬਣਦੇ ਹਨ । ਸਰਕਾਰ ਨੇ ਇਸ ਵੇਲੇ ਤਕ ਇਧਰ ਧਿਆਨ ਨਹੀਂ ਦਿਤਾ । ਨੁਕਸਾਨ ਪਹੁੰਚਾਣ ਵਾਲੀ ਆਤਸ਼-ਬਾਜ਼ੀ ਬੰਦ ਕਰ ਕੇ ਸਿਰਫ ਬੇਜਰ ਨੂੰ ਹੀ ਆਗਿਆ ਦਿਤੀ ਜਾਣ ਦੇ ਮੁਤਅਲਕ ਸਰਕਾਰ ਆਪਣੀ ਨੀਤੀ ਸਾਫ਼ ਕਰੇ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : ਇਸ ਸਬੰਧ ਵਿਚ ਸਰਕਾਰ ਦੀ ਪਾਲਿਸੀ ਸਪਸ਼ਟ ਹੈ । ਜਿਹੜੀ ਆਤਿਸ਼-ਬਾਜ਼ੀ ਨਾਲ ਜਾਨੀ ਨੁਕਸਾਨ ਦਾ ਅੰਦੇਸ਼ਾ ਹੋਵੇ ਉਥੇ ਭਾਰਤ ਡੰਡਾਵਲੀ ਦੀ ਧਾਰਾ 285 ਦੇ ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ । ਜਿਥੋਂ ਤੱਕ ਫ਼ਟਨ ਵਾਲੇ ਮਾਦੇ ਦਾ ਤੁਅੱਲਕ ਹੈ ਜਿਸ ਨਾਲ ਇਨਸਾਨੀ ਜਾਨੀ ਨੁਕਸਾਨ ਦਾ ਅੰਦੇਸ਼ਾ ਹੋਵੇ, ਜਾਂ ਉਸ ਨਾਲ ਚੋਟ ਆ ਸਕਦੀ ਹੋਵੇ, ਉਥੇ ਅਧੀਨ ਧਾਰਾ 286 ਭਾਰਤ ਡੰਡਾਵਲੀ ਸਜ਼ਾ ਦਿਤੀ ਜਾ ਸਕਦੀ ਹੈ । ਇਸ ਤੋਂ ਸਿਧ ਹੁੰਦਾ ਹੈ ਕਿ ਨੁਕਸਾਨ ਪਹੁੰਚਾਉਣ ਵਾਲੀ ਆਤਿਸ਼-ਬਾਜ਼ੀ ਪਹਿਲੇ ਤੋਂ ਹੀ ਬੰਦ ਹੈ ਸਿਰਫ਼ ਬੇਜ਼ੱਰਰ ਨੂੰ ਹੀ ਆਗਿਆ ਦਿਤੀ ਜਾਂਦੀ ਹੈ । ਐਕਸਪਲੋਸਿਵ ਰੂਲਜ਼ 1940 ਦੇ ਸ਼ੈਡੂਲ ਦੇ ਖਾਨਾ ਨੰ: 4 ਅਨੁਸਾਰ ਜ਼ਿਲ੍ਹਾ ਮੈਜਿਸਟਰੇਟ ਨੂੰ ਆਤਿਸ਼ਬਾਜ਼ੀ ਦੀਆਂ ਚੀਜ਼ਾਂ ਦੇ ਬਣਾਉਣ, ਰਖਣ ਅਤੇ ਵੇਚਣ ਦੇ ਲਾਈਸੈਂਸ ਜਾਰੀ ਕਰਨ ਦੇ ਅਧਿਕਾਰ ਹਨ ।

(ਕ੍ਰਮ ਨੰ: 131)

ਸਰਦਾਰ ਦਲੀਪ ਸਿੰਘ ਪਾਂਧੀ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਪਿੰਡ ਹਿੰਮਤਪੁਰਾ, ਤਹਿਸੀਲ ਮੋਗਾ ਦੀ ਪੰਚਾਇਤ ਦੀ ਜ਼ਮੀਨ ਜਿਸ ਦਾ ਰਕਬਾ ਇਕ ਕਨਾਲ, 8 ਮਰਲੇ ਹੈ ਉਹ ਪਿੰਡ ਦੇ ਸਰਪੰਚ ਗੁਰਨਾਮ ਸਿੰਘ ਨੇ ਆਪ ਅਤੇ ਕੁੱਝ ਹੋਰ ਲੋਕਾਂ ਨੂੰ ਰੁਕਾ ਦਿਤੀ ਹੈ । ਸਰਪੰਚ ਨੇ ਉਥੇ ਆਪਣਾ ਮਕਾਨ ਬਣਾ ਲਿਆ ਹੈ ਅਤੇ ਕੁਝ ਹੋਰ ਲੋਕਾਂ ਨੇ ਮਕਾਨ ਬਣਾਉਣ ਵਾਸਤੇ ਇੱਟਾਂ ਸਟਵਾ ਦਿੱਤੀਆਂ ਹਨ । ਪੱਤੀ ਵਾਲਿਆਂ ਨੇ ਐਸ. ਡੀ. ਓ. ਮੋਗਾ ਨੂੰ ਅਰਜ਼ੀ ਦਿਤੀ ਸੀ ਤੇ ਉਨ੍ਹਾਂ ਨੇ ਕਿਹਾ ਕਿ ਇਹ ਜਗ੍ਹਾ ਨਾ ਰੋਕੋ । ਮਗਰ ਸਰਪੰਚ ਨੇ ਪੱਤੀ ਦੀ ਜ਼ਮੀਨ ਜੋ ਪੱਤੀ ਵਾਲਿਆਂ ਦਾ ਹੱਕ ਹੈ, ਦੀ ਕੋਈ ਸੁਣਵਾਈ ਨਹੀਂ ਹੋਈ । ਇਸ ਬਾਰੇ ਡਾਇਰੈਕਟਰ, ਪੰਚਾਇਤ, ਚੰਡੀਗੜ੍ਹ ਨੂੰ ਡਿਪਟੀ ਕਮਿਸ਼ਨਰ ਵਿਕਾਸ ਨੇ ਇਨਕੁਆਇਰੀ ਕਰਨ ਵਾਸਤੇ ਭੇਜਿਆ ਸੀ ਤੇ ਉਸ ਨੇ ਮੌਕਾ ਦੇਖਿਆ । ਪਿੰਡ ਵਾਲਿਆਂ ਦੀ ਮਰਜ਼ੀ ਹੈ ਕਿ ਉਸ ਜਗ੍ਹਾ ਤੇ ਡੰਗਰਾਂ ਦਾ ਹਸਪਤਾਲ ਜਾਂ ਡਿਸਪੈਨਸਰੀ ਖੋਲ੍ਹੀ ਜਾਵੇ । ਕੀ ਸਰਕਾਰ ਉਸ ਜ਼ਮੀਨ ਨੂੰ ਖਾਲੀ ਕਰਾ ਕੇ ਉਨ੍ਹਾਂ ਵਿਰੁਧ ਕਾਰਵਾਈ ਕਰੇਗੀ ? ਇਸ ਬਾਰੇ ਸਬੰਧਤ ਮੰਤਰੀ ਸਭਾ ਵਿਚ ਬਿਆਨ ਦੇਣ ।

ਸਰਦਾਰ ਸਤਨਾਮ ਸਿੰਘ ਬਾਜਵਾ (ਰਾਜ ਮੰਤਰੀ, ਵਿਕਾਸ ਤੇ ਪੰਚਾਇਤੀ ਰਾਜ) : ਸ੍ਰੀ ਗੁਰਨਾਮ ਸਿੰਘ ਸਰਪੰਚ ਗਰਾਮ ਪੰਚਾਇਤ ਹਿੰਮਤਪੁਰਾ ਬਲਾਕ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਫਿਰੋਜ਼ਪੁਰ, ਦੀ ਸ਼ਿਕਾਇਤ ਦੀ ਪੜਤਾਲ ਸਹਾਇਕ ਡਾਇਰੈਕਟਰ ਪੰਚਾਇਤ ਜਲੰਧਰ ਡਵੀਜ਼ਨ, ਚੰਡੀਗੜ੍ਹ ਨੂੰ ਸੌਂਪੀ ਗਈ ਤੇ ਉਨ੍ਹਾਂ ਨੇ ਮਿਤੀ 30-12-1970 ਨੂੰ ਇਸ 1 ਕਨਾਲ 8 ਮਰਲੇ ਸ਼ਾਮਲਾਤ ਜ਼ਮੀਨ ਦਾ ਮੌਕਾ ਵੇਖਿਆ । ਇਸ ਜ਼ਮੀਨ ਵਿਚੋਂ ਕੁਝ ਹਰੀਜਨਾਂ ਦੇ ਕਬਜ਼ੇ ਹੇਠ ਹੈ । ਤੇ ਸ਼ਿਕਾਇਤ ਕਰਤਿਆਂ ਦਾ ਇਹ ਦੋਸ਼ ਸੀ ਕਿ ਇਸ ਵਿਚੋਂ ਕੁਝ ਰਕਬਾ ਸਰਪੰਚ ਦੇ ਕਬਜ਼ੇ ਵਿਚ ਹੈ । ਸਰਪੰਚ ਦੀ ਜ਼ਮੀਨ ਜਿਸ ਵਿਚ ਕਿ ਉਸ ਨੇ ਆਪਣਾ ਮਕਾਨ ਪਾਇਆ ਹੋਇਆ ਹੈ ਇਸ ਟੁਕੜੇ ਦੇ ਨਾਲ ਲਗਦਾ ਹੈ । ਸਹਾਇਕ ਡਾਇਰੈਕਟਰ ਪੰਚਾਇਤ ਇਸ ਬਾਰੇ ਮਹਿਕਮਾ ਮਾਲ ਦੇ ਅਧਿਕਾਰੀ ਤੋਂ ਇਸ ਟੁਕੜੇ ਦੀ ਮੁਕੰਮਲ ਨਿਸ਼ਾਨ ਦੇਹੀ ਦੇਣ ਤੋਂ ਬਿਨਾਂ ਫੈਸਲਾ ਕਰਨ ਲਈ ਅਸਮਰਥ ਹਨ ਕਿ ਆਇਆ ਇਸ ਟੁਕੜੇ ਵਿਚੋਂ ਕੁਝ ਜ਼ਮੀਨ ਸਰਪੰਚ ਦੇ ਕਬਜ਼ੇ ਹੇਠ ਹੈ ਜਾਂ ਨਹੀਂ । ਇਸ ਸਬੰਧ ਵਿਚ ਬੀ. ਡੀ. ਪੀ. ਓ. ਨਿਹਾਲ ਸਿੰਘ

ਵਾਲਾ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਮਹਿਕਮਾ ਮਾਲ ਦੇ ਘੱਟ ਤੋਂ ਘੱਟ ਗਰਦਾਵਰ ਕਾਨੂੰਨਗੋ ਦੀ ਪੱਦਵੀ ਦੇ ਅਧਿਕਾਰੀ ਤੋਂ ਇਸ ਟੁਕੜੇ ਦੀ ਨਿਸ਼ਾਨ ਦੇਹੀ ਲੈ ਕੇ ਤੁਰੰਤ ਰਿਪੋਟ ਕਰਨ ਕਿ ਆਇਆ ਸਰਪੰਚ ਨੇ ਇਸ ਸ਼ਾਮਲਾਤ ਜ਼ਮੀਨ ਵਿਚੋਂ ਕੁਝ ਹਿੱਸੇ ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਕਿ ਨਹੀਂ ।

ਜਿਥੋਂ ਤੱਕ ਹਰੀਜਨਾਂ ਦੇ ਸ਼ਾਮਲਾਤ ਜ਼ਮੀਨ ਦੇ ਇਸ ਟੁਕੜੇ ਤੇ ਕਬਜ਼ੇ ਦਾ ਸਵਾਲ ਹੈ ਦੋਨਾਂ ਪਾਰਟੀਆਂ ਨੇ ਸਹਾਇਕ ਡਾਇਰੈਕਟਰ ਪੰਚਾਇਤ ਸਾਹਮਣੇ ਇਨਕੁਆਇਰੀ ਸਮੇਂ ਇਹ ਬਿਆਨ ਦਿੱਤਾ ਕਿ ਇਸ ਸਬੰਧ ਵਿਚ ਮੁਕਦਮਾ ਉਪ ਮੰਡਲ ਅਫ਼ਸਰ (ਸ), ਮੋਗਾ ਦੀ ਅਦਾਲਤ ਵਿਚ ਚਲਦਾ ਹੈ ।

ਇਸ ਲਈ ਇਸ ਸਬੰਧ ਵਿਚ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਮੋਗਾ ਵਲੋਂ ਮਹਿਕਮਾ ਮਾਲ ਦੇ ਸਮਰੱਥ ਅਧਿਕਾਰੀ ਦੀ ਰਿਪੋਟ ਆਉਣ ਅਤੇ ਉਪ ਮੰਡਲ ਅਫ਼ਸਰ (ਸ), ਮੋਗਾ ਦੇ ਫੈਸਲੇ ਮਗਰੋਂ ਹੀ ਕੋਈ ਕਾਰਵਾਈ ਕੀਤੀ ਜਾ ਸਕਦੀ ਹੈ ।

Published under the authority of the Punjab Vidhan Sabha

Printed by :

SANATAN DHARAM PRESS,

Mani Majra.

(Chandi Garh)

PUNJAB VIDHAN SABHA

DEBATES

28th January, 1971

(Afternoon Sitting)

Vol. I-No. 10

OFFICIAL REPORT

CONTENTS

Thursday, the 28th January, 1971

Punjab Vidhan Sabha Secretariate, Chandigarh.

Price Rs. 5. 75

I
ਚੰ
ਪੰ
p
[
1
r
ਪੈ
ਜ
“
(1
ਸਿ
ਠ
ਕਿ
ਭਾ
ਕ
ਕਾਂ
ਬ
ਪ੍ਰ
ਐ
ਵਿ
ਸ਼ਿ
ਪੂ
ਜ਼ਿ

ERRATA

To

PUNJAB VIDHAN SABHA DEBATES,

Dated Thursday, the 28th January, 1971 (Afternoon Sitting)

Vol. I-No. 10.

Read	For	Page	Line
ਚੌਧਰੀ ਕੇਵਲ ਕ੍ਰਿਸ਼ਨ	ਚਧਰੀ ਕੇਵਲ ਕ੍ਰਿਸ਼ਨ	(10) 3	1
ਪੰਜਾਬੀ	ਪੰਸਾਬੀ	(10) 6	14th from below
prevalent	prevelant	(10) 11	16th from below
[28th January, 1971	[28th Januarly, 1971	(10) 14	Head line
routine	rou ine	(10) 18	15
ਪੈਂਦਾ	ਪੇਂਦਾ	(10) 19	4th from below
ਜਾਵੇਗੀ	ਜਾਵੇਘੀ	(10) 20	last
"ਪੈਟ੍ਰਿਆਟ"	"ਪ੍ਰੈਟ੍ਰਿਅਟ	(10) 48	7th from below
(10) 53	(1053	(10) 53	Head line
ਸਿਰਦਾਰ ਕਪੂਰ ਸਿੰਘ	ਸਿਰਦਾਰ ਕਪੂਰ ਸਿਘ	(10) 53	16th from below
ਨਹੀਂ	ਂ	(10) 60	3rd from below
ਕਿਸਾਨਾਂ	ਕਿ ਨਾਂ	(10) 60	2nd from below
ਭਾਈ	ਭ ੀ	(10) 61	2nd from below
ਕਰਾਂਗੇ	ਕਰਗੇ	(10) 64	10
ਕਾਂਸਟੇਬਲ	ਕਨਟੇਬਲ	(10) 68	11th from below
ਬੜੇ	ਬੜ	(10) 71	3
ਪ੍ਰਸਤਿਸ਼	ਪ੍ ਤਸ਼	(10) 75	18
ਐਕਸਪਲੋਸਿਵ	ਐਕਪਲੋਮਿਵ	(10) 79	3
ਵਿਘਨ	ਵਿਘ	(10) 80	16th from below
ਸਿਆਸੀ	ਿ ਆਜੀ	(10) 82	11th from below
ਪੁਆਇੰਟ	ਧੁਆਇੰਟ	(10) 85	7
ਜਿਥੇ	ਜਿਥ	(10) 85	4th from below

PUNJAB VIDHAN SABHA

Thursday, the 28th January, 1971

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 2.00 P. M. of the Clock. Mr. Speaker (Sardar Darbara Singh) in the Chair.

STARRED QUESTIONS AND ANSWERS

SUPPLEMENTARIES TO POSTPONED STARRED QUESTION NO. 2342.

ਕਾਮਰੇਡ ਸਤਪਾਲ ਡਾਂਗ : ਕੀ ਇਸ ਗਲ ਦੇ ਪੇਸ਼ੇ ਨਜ਼ਰ ਕਿ ਇਨਕੁਆਇਰੀ ਅਫਸਰ ਨੇ ਕੇਸ ਪ੍ਰਾਈਮਾਫੇਸਾਈ ਅਸਟੇਬਲਿਸ਼ ਕੀਤਾ ਅਤੇ ਰਾਜਾ ਸਾਹਿਬ ਨੇ ਦਸਿਆ ਕਿ ਅਸੀਂ ਕੇਸ ਦੀ ਪੂਰੀ ਇਨਕੁਆਇਰੀ ਕਰਕੇ ਐਕਸ਼ਨ ਲਵਾਂਗੇ, ਕੀ ਪ੍ਰਾਪਰ ਇਨਕੁਆਇਰੀ ਦੇ ਇੰਟਰੈਸਟ ਵਿਚ, ਤਾਕਿ ਉਥੇ ਦੇ ਮੁਲਾਜ਼ਮਾਂ ਦੀਆਂ ਗਵਾਹੀਆਂ ਡਰ ਤੋਂ ਸੁਪ੍ਰੈਸ਼ ਨਾ ਹੋ ਸਕਣ, ਪੈਂਡਿੰਗ ਇਨਕਆਇਰੀ ਤਕ ਸਬੰਧਤ ਪ੍ਰਿੰਸੀਪਲ ਨੂੰ ਉਥੋਂ ਟਰਾਂਸਫਰ ਕਰਨ ਲਈ ਤਿਆਰ ਹਨ ਤਾਕਿ ਇੰਸਟੀਚਿਊਸ਼ਨ ਬਰਬਾਦ ਨਾ ਹੋਵੇ ?

ਰਾਜ ਮੰਤਰੀ ਆਬਕਾਰੀ ਅਤੇ ਕਰ ; ਮੈਂ ਡਾਂਗ ਸਾਹਿਬ ਨੂੰ ਇਹ ਤਸੱਲੀ ਦੇ ਸਕਦਾ ਹਾਂ ਕਿ he will not have any concession from Govt. side.

ਕਾਮਰੇਡ ਸਤਪਾਲ ਡਾਂਗ : ਕੀ ਇਹ ਕਨਸੈਸ਼ਨ ਨਹੀਂ ਕਿ ਜਿੰਨਾ ਚਿਰ ਇਨਕੁਆਇਰੀ ਮੁਕੇ ਨਾ ਉਹ ਪ੍ਰਿੰਸੀਪਲ ਆਪਣਾ ਪ੍ਰਾਈਵੇਟ ਬਿਜ਼ਨੈਸ ਕਰਦਾ ਰਹੇ ਅਤੇ ਇੰਸਟੀਚਿਊਟ ਬਰਬਾਦ ਹੁੰਦਾ ਰਹੇ ?

ਰਾਜ ਮੰਤਰੀ : ਮਹਿਕਮਾ ਇਸੇ ਤਰ੍ਹਾਂ ਦਾ ਐਕਸ਼ਨ ਲੈ ਰਿਹਾ ਹੈ ਜਿਸ ਤਰ੍ਹਾਂ ਡਾਂਗ ਸਾਹਿਬ ਨੇ ਸਜੈਸਟ ਕੀਤਾ ਹੈ ।

STARRED QUESTION NO. 2377

ਸ੍ਰੀ ਸਪੀਕਰ : ਨਿਸ਼ਾਨ ਵਾਲੇ ਪ੍ਰਸ਼ਨ 2377 ਨੂੰ ਅਗੇ ਪਾਉਣ ਲਈ ਹੇਠ ਦਰਜ ਬੇਨਤੀ ਕੀਤੀ ਗਈ ਹੈ । (Extension has been applied for in respect of starred question No. 2377 as given below.)

ਅਧ ਸਰਕਾਰੀ ਨੰਬਰ 823-7 ਏ-1971.

ਮੁੱਖ ਮੰਤਰੀ, ਪੰਜਾਬ,

ਮਿਤੀ ਚੰਡੀਗੜ੍ਹ———ਜਨਵਰੀ, 1971.

ਪਿਆਰੇ ਸਰਦਾਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸਵਾਲ ਨੰਬਰ 2377, ਜੋ ਮਿਤੀ 28-1-71 ਲਈ ਸਵਾਲਾਂ

For starred question No. 2342 and reply thereto, please see Punjab Vidhan Sabha Debate, dated 28.1.1971 (Morning Sitting)

[ਸ਼੍ਰੀ ਸਪੀਕਰ]

ਦੀ ਸੂਚੀ ਵਿਚ ਸ਼੍ਰੀ ਕਿਰਪਾਲ ਸਿੰਘ, ਮੈਂਬਰ ਪੰਜਾਬ ਵਿਧਾਨ ਸਭਾ ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾਂ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 5-2-1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਆਪ ਦਾ ਹਿਤੂ,

ਸਹੀ/-

(ਪ੍ਰਕਾਸ਼ ਸਿੰਘ ਬਾਦਲ)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਸ ਦੀ ਸਾਰੀ ਇਨਫਰਮੇਸ਼ਨ ਇਥੇ ਹੀ ਹੈ। ਮਨਿਸਟਰਾਂ ਦੇ ਟੀ. ਏ. ਬਿਲ ਬਣੇ ਹਨ ਕੋਈ ਸੁਬਾਰਡੀਨੇਟ ਆਫਿਸਜ਼ ਤੋਂ ਇਨਫਰਮੇਸ਼ਨ ਨਹੀਂ ਆਉਣੀ। (ਵਿਘਨ)

ਮੁੱਖ ਮੰਤਰੀ : ਇਹ ਗਲ ਕੋਈ ਜਾਣ ਬੁਝ ਕੇ ਨਹੀਂ ਕੀਤੀ ਗਈ, ਮਨਿਸਟਰਜ਼ ਨੇ ਅਜੇ ਟੀ. ਏ. ਬਿਲ ਸਬਮਿਟ ਨਹੀਂ ਕੀਤੇ, ਇਸ ਦੇ ਬਾਦ ਹੀ ਵੇਰਵਾ ਦਿਤਾ ਜਾ ਸਕਦਾ ਹੈ।

STARRED QUESTIONS AND ANSWERS

CASES OF THEFTS OF CARS AND MOTOR CYCLES ETC.

*2350. **Chaudhri Kewal Krishan :** Will the Chief Minister be pleased to state :

(a) the number of thefts of cars, motor-cyles, scooters and cycles which took place in each district of the State during the years 1966, 1967, 1968 and 1969 monthwise ;

(b) the number of culprits arrested for such thefts as referred to in part (a) above ?

ਸਰਦਾਰ ਪਰਕਾਸ਼ ਸਿੰਘ ਬਾਦਲ : (ੲ) ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਬੀ) 707 ਦੋਸ਼ੀ ਇਨ੍ਹਾਂ ਚੋਰੀਆਂ ਸਬੰਧੀ ਸਾਲ 1966, 1967, 1968 ਅਤੇ 1969 ਵਿਚ ਗਿਰਫਤਾਰ ਕੀਤੇ ਗਏ ਸਨ।

[(a) A statement is laid on the Table of the House. *

(b) 707 culprits were arrested for such thefts duiing the year 1966, 1967, 1968 and 1969.]

---

*For Statement see Page No. (ii) of the appendix.

ਚਧਰੀ ਕੇਵਲ ਕ੍ਰਿਸ਼ਨ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਸਾਲ 1966-67, 67-68, 68-69 ਵਿਚ 2230 ਵਾਰਦਾਤਾਂ ਕਾਰ, ਸਾਈਕਲ, ਮੋਟਰ ਸਾਈਕਲ, ਸਕੂਟਰਜ਼ ਆਦਿ ਦੀਆਂ ਜਿਹੜੀਆਂ ਹੋਈਆਂ ਹਨ, ਸਿਰਫ 707 ਮੁਲਜ਼ਮ ਪਕੜੇ ਗਏ, ਜੋ ਸਿਰਫ 32% ਕੇ ਕਰੀਬ ਹੈਂ । ਬਾਕੀ ਮੁਲਜ਼ਮ ਨਾ ਪਕੜੇ ਜਾਣ ਦੀ ਵਜ੍ਹਾ ਪੁਲੀਸ ਹੈ ਜਾਂ ਸਰਕਾਰ ਦੀ ਅਨਗਹਿਲੀ ਹੈ ?

ਮੁੱਖ ਮੰਤਰੀ : ਪੁਲੀਸ ਦੀ ਕੋਸ਼ਿਸ਼ ਹਮੇਸ਼ਾ ਜਾਰੀ ਰਹਿੰਦੀ ਹੈ ਕਿ ਵੱਧ ਤੋਂ ਵੱਧ ਮੁਲਜ਼ਮ ਪਕੜੇ ਜਾਣ ।

ਸਰਦਾਰ ਕਿਰਪਾਲ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਇਨ੍ਹਾਂ ਦੀ ਪਾਰਟੀ ਦੇ ਬੰਦਿਆਂ ਨੇ ਜਿਹੜੀਆਂ ਚੋਰੀਆਂ ਕੀਤੀਆਂ ਹਨ, ਉਨ੍ਹਾਂ ਦੇ ਖ਼ਿਲਾਫ਼ ਕੀ ਐਕਸ਼ਨ ਹੋਇਆ ਹੈ ?

(ਕੋਈ ਉਤਰ ਨਹੀਂ ਆਇਆ)

ਡਾਕਟਰ ਅਮੀਰ ਸਿੰਘ ਕਲਕਟ : ਆਇਆ ਮੈਂ ਚੀਫ ਮਨਿਸਟਰ ਸਾਹਿਬ ਨੂੰ ਪੁਛ ਸਕਦਾ ਹਾਂ ਕਿ ਇਨ੍ਹਾਂ ਨੇ ਹੁਣੇ ਬਿਆਨ ਦਿਤਾ ਹੈ ਕਿ ਪੁਲੀਸ ਬੜੀ ਕੋਸ਼ਿਸ਼ ਨਾਲ ਥੈਫਟ ਦੇ ਕੇਸਿਜ਼ ਟੋਲਦੀ ਰਹਿੰਦੀ ਹੈ । ਇਨ੍ਹਾਂ ਨੇ ਕਿਹੜੇ ਯਾਰਡ ਨਾਲ ਮਈਅਰ ਕੀਤਾ ਹੈ ਕਿ ਪੁਲੀਸ ਬੜੀ ਕੋਸ਼ਿਸ਼ ਨਾਲ ਅਜਿਹੇ ਕੇਸਿਜ਼ ਰਿਕਵਰ ਕਰ ਰਹੀ ਹੈ ?

ਮੁੱਖ ਮੰਤਰੀ : ਇਸ ਸਿਲਸਲੇ ਵਿਚ ਮੈਂ ਦਸ ਦਿਆਂ ਕਿ ਜਿਹੜੇ ਵੀ ਪਬਲਿਕ ਸਥਾਨ ਹਨ ਉਨ੍ਹਾਂ ਤੇ ਪੁਲੀਸ ਨੂੰ ਚੌਕਸ ਕਰ ਦਿਤਾ ਗਿਆ ਹੈ, ਕਬਾੜੀ ਆਦਿ ਜਿਹੜੇ ਅਜਿਹਾ ਮਾਲ ਖ਼ਰੀਦੋਫਰੋਖ਼ਤ ਕਰਦੇ ਹਨ ਉਨ੍ਹਾਂ ਤੇ ਤੇਜ਼ ਨਿਗਾਹ ਰਖੀ ਜਾਂਦੀ ਹੈ, ਉਨ੍ਹਾਂ ਦੀਆਂ ਤਲਾਸ਼ੀਆਂ ਕੀਤੀਆਂ ਜਾਂਦੀਆਂ ਹਨ, ਸਿਨੇਮਾ ਆਦਿ ਜਿਹੀਆਂ ਸਾਰੀਆਂ ਥਾਵਾਂ ਤੇ ਚੌਕਸ ਰਹਿਣ ਲਈ ਪੁਲੀਸ ਨੂੰ ਤਾੜਨਾ ਕੀਤੀ ਗਈ ਹੈ ਤੇ ਪਬਲਿਕ ਸਥਾਨਾਂ ਤੇ ਪੁਲੀਸ ਖੜੀ ਕੀਤੀ ਜਾਂਦੀ ਹੈ ।

CASES OF DACOITIES AND THEFTS AT GOVERNMENT BUS DEPOTS IN THE STATE

*2351. **Chaudhri Kewal Krishan** : Will the Chief Minister be pleased to state the number of cases of dacoities and thefts which were committed on the Government Bus Depots in the State during the year 1968 and 1969 month-wise ?

ਸਰਦਾਰ ਪਰਕਾਸ਼ ਸਿੰਘ ਬਾਦਲ : ਸਾਲ 1968 ਅਤੇ 1969 ਵਿਚ ਪੰਜਾਬ ਦੇ ਕਿਸੇ ਬੱਸ ਡਿਪੂ ਤੇ ਕੋਈ ਡਾਕੇ ਜਾਂ ਚੋਰੀ ਦਾ ਕੇਸ ਨਹੀਂ ਹੋਇਆ ।

[No case of dacoity or theft was committed on Government Bus Depots in the State during the years 1968 and 1969.]

ਚੌਧਰੀ ਕੇਵਲ ਕ੍ਰਿਸ਼ਨ : ਕੀ ਮੁਖ ਮੰਤਰੀ ਸਾਹਿਬ ਦਸਣਗੇ ਕਿ 68-69 ਵਿਚ ਡਿਪੂਆਂ ਤੇ ਕੋਈ ਡਾਕਾ ਨਹੀਂ ਪਿਆ, ਪਰ 1970 ਵਿਚ ਇਕ ਬਹੁਤ ਵਡਾ ਡਾਕਾ ਪਿਆ ਹੈ । ਹੁਣ ਅਗੇ ਲਈ ਉਨ੍ਹਾਂ ਡਿਪੂਆਂ ਨੂੰ ਡਾਕਿਆਂ ਤੋਂ ਬਚਾਉਣ ਲਈ ਸਰਕਾਰ ਨੇ ਕੀ ਪ੍ਰਬੰਧ ਕੀਤਾ ਹੈ ?

ਮੁੱਖ ਮੰਤਰੀ : ਉਨ੍ਹਾਂ ਤੇ ਕੜੀ ਨਿਗਰਾਨੀ ਰਖੀ ਜਾਂਦੀ ਹੈ । ਜਿਹੜੀ ਵਾਰਦਾਤ ਹੋਈ ਉਸ ਦੇ ਬਾਰੇ ਵਿਚ ਬੜਾ ਸਖ਼ਤ ਐਕਸ਼ਨ ਲਿਆ ਗਿਆ ਹੈ । ਇਕ ਆਦਮੀ ਮੁਕਾਬਲੇ ਵਿਚ ਮਰ ਗਿਆ ਹੈ

[ਮੁੱਖ ਮੰਤਰੀ]

ਬਾਕੀ ਕੁਝ ਗ੍ਰਿਫ਼ਤਾਰ ਹੋ ਗਏ ਹਨ ਅਤੇ ਕੁਝ ਪੈਸਾ ਵੀ ਬਰਾਮਦ ਹੋ ਗਿਆ ਹੈ । ਇਨ੍ਹਾਂ ਗਲਾਂ ਦੇ ਕਾਰਣ ਉਮੀਦ ਹੈ ਕਿ ਅਗੋਂ ਕੋਈ ਫ਼ਿਰ ਅਜਿਹੀ ਜੁਰੱਤ ਨਹੀਂ ਕਰੇਗਾ ।

ਸਰਦਾਰ ਸੰਤੋਖ ਸਿੰਘ ਰੰਧਾਵਾ : ਜਿਸ ਤਰ੍ਹਾਂ ਜਲੰਧਰ ਡਿਪੂ ਉਤੇ ਉਸ ਚੌਕੀਦਾਰ ਨੂੰ ਬਿਨਾਂ ਕਿਸੇ ਵੈਪਨ ਦੇ ਖੜਾ ਕੀਤਾ ਸੀ ਅਤੇ ਉਸ ਨੂੰ ਫੜ ਲਿਆ ਗਿਆ ਸੀ । ਕੀ ਹੁਣ ਜਿਹੜੇ ਚੌਕੀਦਾਰ ਖੜੇ ਕਰਨਗੇ ਕੀ ਉਨ੍ਹਾਂ ਨੂੰ ਕੋਈ ਬੰਦੂਕਾਂ ਆਦਿ ਮੁਹੱਈਆ ਕੀਤੀਆਂ ਜਾਣਗੀਆਂ ?

ਮੁੱਖ ਮੰਤਰੀ : ਇਹ ਤਜਵੀਜ਼ ਅੱਛੀ ਹੈ । ਜਿਥੇ ਵੀ ਸਰਕਾਰੀ ਪੈਸਾ ਰਹਿੰਦਾ ਹੈ ਉਥੇ ਅਸੀਂ ਇਸ ਤਰ੍ਹਾਂ ਕਰਨ ਦੀ ਕੋਸ਼ਿਸ਼ ਕਰਾਂਗੇ ।

ਕਾਮਰੇਡ ਸੱਤਪਾਲ ਡਾਂਗ : ਜਿਹੜੇ ਸਰਕਾਰੀ ਡਿਪੂਆਂ ਦੀਆਂ ਵਰਕਸ਼ਾਪਾਂ ਵਿਚ ਵਡੀ ਕੁਆਂਟਿਟੀ ਵਿਚ ਜਿਹੜੇ ਪੁਰਜ਼ੇ ਅਫ਼ਸਰ ਲੋਕ ਚੋਰੀ ਕਰਦੇ ਹਨ, ਉਨ੍ਹਾਂ ਦਾ ਕੀ ਪ੍ਰਬੰਧ ਕੀਤਾ ਜਾਂਦਾ ਹੈ ?

ਮੁੱਖ ਮੰਤਰੀ : ਇਹ ਸੁਆਲ ਤਾਂ ਇਸ ਵਿਚੋਂ ਉਠਦਾ ਹੀ ਨਹੀਂ ।

ਸਰਦਾਰ ਦਲੀਪ ਸਿੰਘ ਪਾਂਧੀ : ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਪਿਛਲੇ ਸਮੇਂ ਦੀ ਬੜੀ ਭਾਰੀ ਚੋਰੀ ਚਲ ਰਹੀ ਹੈ, ਉਸ ਦੇ ਸਬੰਧ ਵਿਚ ਵੀ ਕੋਈ ਫ਼ੈਸਲਾ ਕਰਨ ਦਾ ਵਿਚਾਰ ਹੈ ?

ਮੁੱਖ ਮੰਤਰੀ : ਇਹ ਸੁਆਲ ਤਾਂ ਇਸ ਵਿਚੋਂ ਉਠਦਾ ਹੀ ਨਹੀਂ ।

ਡਾਕਟਰ ਅਮੀਰ ਸਿੰਘ ਕਲਕਟ : ਕੀ ਚੀਫ਼ ਮਨਿਸਟਰ ਸਾਹਿਬ ਇਸ ਪਾਸੇ ਧਿਆਨ ਦੇਣਗੇ ਕਿ ਜਿਹੜਾ ਜਲੰਧਰ ਡਿਪੂ ਵਿਚ ਡਾਕਾ ਪਿਆ, ਡਾਕੂ ਆਰਾਮ ਨਾਲ ਇਕ ਲੱਖ ਰੁਪਏ ਲੈ ਕੇ ਚਲੇ ਗਏ । ਕੀ ਇਸ ਤੋਂ ਬਚਣ ਵਾਸਤੇ ਕੋਈ ਐਸਾ ਪ੍ਰਬੰਧ ਕਰਨਗੇ ਕਿ ਜਿਹੜਾ ਅੱਨ ਸੋਸ਼ਲ ਐਲੀਮੈਂਟ ਕੈਸ਼ ਨੂੰ ਵੇਖ ਕੇ ਐਸਾ ਕਰਦਾ ਹੈ ਉਹ ਨਾ ਕਰ ਸਕੇ ?

ਮੁੱਖ ਮੰਤਰੀ : ਇਸ ਤਰ੍ਹਾਂ ਦੀਆਂ ਇੰਸਟਰੱਕਸ਼ਨਜ਼ ਦੇ ਦਿਤੀਆਂ ਗਈਆਂ ਹਨ, ਲੇਕਿਨ ਬਹੁਤ ਦਫ਼ਾ ਬਸਾਂ ਜਦੋਂ ਸ਼ਾਮ ਨੂੰ ਵਾਪਸ ਆਉਂਦੀਆਂ ਸਨ ਤਾਂ ਕੈਸ਼ ਜਮ੍ਹਾ ਕਰਾਉਣਾ ਹੁੰਦਾ ਹੈ, ਉਸ ਵਾਸਤੇ ਵੀ ਸੋਚ ਰਹੇ ਹਾਂ ਕਿ ਕੀ ਪ੍ਰਬੰਧ ਕੀਤਾ ਜਾਵੇ ।

ਸਰਦਾਰ ਦਰਸ਼ਨ ਸਿੰਘ ਕੇ. ਪੀ. : ਇਹ ਜਿਹੜਾ ਇਕ ਲੱਖ ਰੁਪਈਆ ਰੋਡਵੇਜ਼ ਤੋਂ ਲੁਟਿਆ ਗਿਆ ਹੈ ਕੀ ਇਸ ਕੇਸ ਵਿਚ ਕਿਸੇ ਸਰਕਾਰੀ ਕਰਮਚਾਰੀ ਨੂੰ ਵੀ ਫੜਿਆ ਹੈ ?

ਮੁੱਖ ਮੰਤਰੀ : ਸਰਕਾਰੀ ਅਫ਼ਸਰ ਤਾਂ ਕੋਈ ਨਹੀਂ ਫੜਿਆ ਗਿਆ ।

ਸਰਦਾਰ ਸਰੂਪ ਸਿੰਘ : ਸਾਈਕਲਾਂ ਦੀਆਂ ਚੋਰੀਆਂ ਦਾ ਮਾਲ ਜਿਹੜਾ ਬਰਾਮਦ ਹੁੰਦਾ ਹੈ ਉਹ ਥਾਣਿਆਂ ਵਿਚ ਪਹੁੰਚ ਜਾਂਦਾ ਹੈ, ਉਹ 1969 ਵਿਚ ਕਿੰਨੇ ਦੀ ਮਲੀਅਤ ਦਾ ਨੀਲਾਮ ਹੋਇਆ ।

ਮੁੱਖ ਮੰਤਰੀ : ਇਹ ਤਾਂ ਜੀ ਪਿਛਲੇ ਸੁਆਲ ਤੇ ਚਲੇ ਗਏ ।

———

DAMAGE TO GOVERNMENT PROPERTY DURING THE STRIKE OF GOVERNMENT EMPLOYEES

*2352. **Chaudhri Kewal Krishan :** Will the Chief Minister be pleased to state whether any Government property was damaged during the strikes resorted to by the Government employees during the years 1966, 1967, 1968 and 1969 ?

Sardar Parkash Singh Badal : Yes sir. [ਹਾਂ ਜੀ]

ਚੌਧਰੀ ਕੇਵਲ ਕ੍ਰਿਸ਼ਨ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ 66-67, 67-68, 68-69 ਵਿਚ ਗੌਰਮੈਂਟ ਦੇ ਐਮਪਲਾਈਜ਼ ਦੀ ਸਟਰਾਈਕ ਦੁਆਰਾ ਕਿੰਨਾਂ ਗੌਰਮੈਂਟ ਦੀ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਿਆ ਅਤੇ ਹੁਣ ਜਿਹੜੀ ਬਿਜਲੀ ਦੇ ਕਰਮਚਾਰੀਆਂ ਨੇ ਹੜਤਾਲ ਕੀਤੀ ਸੀ ਇਸ ਵਿਚ ਕਿੰਨਾਂ ਨੁਕਸਾਨ ਹੋਇਆ ?

ਮੁੱਖ ਮੰਤਰੀ : 1968 ਵਿਚ ਰੋਡਵੇਜ਼ ਜਲੰਧਰ ਵਿਚ ਇਕ ਬਸ ਸਾੜਨ ਦੀ ਕੋਸ਼ਿਸ਼ ਕੀਤੀ ਗਈ ਸੀ। ਪਰ ਐਸਾ ਕਰਨ ਵਿਚ ਹੜਤਾਲੀ ਸਫਲ ਨਹੀਂ ਸਨ ਹੋਣ ਦਿਤੇ ਗਏ । ਇਸੇ ਤਰ੍ਹਾਂ ਹੁਸ਼ਿਆਰਪੁਰ ਵਿਚ ਵੀ ਕੋਸ਼ਿਸ਼ ਹੋਈ ਸੀ, ਪਰ ਕੋਈ ਖ਼ਾਸ ਨੁਕਸਾਨ ਨਹੀਂ ਹੋਇਆ ।

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਮੁਲਾਜ਼ਮਾਂ ਦੀ ਸਟਰਾਈਕ ਵਿਚ ਜਿਹੜਾ ਹਰ ਸਾਲ ਨੁਕਸਾਨ ਹੁੰਦਾ ਹੈ, ਉਸ ਨੂੰ ਬਚਾਉਣ ਲਈ ਅਜਿਹਾ ਕਰਨ ਵਾਲੇ ਮੁਲਾਜ਼ਮਾਂ ਦੇ ਖਿਲਾਫ ਕੋਈ ਸਖ਼ਤ ਐਕਸ਼ਨ ਲਿਆ ਜਾਏਗਾ ਤਾ ਕਿ ਅਗੇ ਨੂੰ ਇਸ ਤਰ੍ਹਾਂ ਨਾ ਹੋਵੇ ?

ਮੁੱਖ ਮੰਤਰੀ : ਹਾਂ ਜੀ । ਜਿਹੜੇ ਇਸ ਤਰ੍ਹਾਂ ਤੋੜ ਫੋੜ ਦੇ ਕੰਮ ਕਰਨਗੇ ਉਨ੍ਹਾਂ ਦੇ ਖ਼ਿਲਾਫ਼ ਜ਼ਰੂਰ ਸਖ਼ਤੀ ਵਰਤੀ ਜਾਏਗੀ ।

ਕਾਮਰੇਡ ਸੱਤਪਾਲ ਡਾਂਗ : ਸਟਰਾਈਕ ਵਿਚ ਜਿਹੜੀ ਬਸ ਸਾੜਨ ਦੀ ਕੋਸ਼ਿਸ਼ ਕੀਤੀ ਗਈ ਸੀ, ਇਨਵੈਸਟੀਗੇਸ਼ਨ ਵਿਚ ਇਹ ਸਿਧ ਹੋ ਚੁਕਾ ਹੈ ਕਿ ਉਹ ਐਮਪਲਾਈਜ਼ ਨਹੀਂ ਸਨ ਬਲਕਿ ਮੈਨੇਜਮੈਂਟਸ ਦੇ ਪੱਪਟ ਅਤੇ ਲਾਇਲ ਸਨ ?

ਮੁੱਖ ਮੰਤਰੀ : ਇਹ ਮੈਨੂੰ ਪਤਾ ਨਹੀਂ । ਮੈਨੂੰ ਤਾਂ ਐਨਾ ਪਤਾ ਹੈ ਕਿ ਇਹ ਐਮਪਲਾਈਜ਼ ਹੀ ਸਨ ।

ਚੌਧਰੀ ਕੇਵਲ ਕ੍ਰਿਸ਼ਨ : ਹੁਣ ਜਿਹੜੀ ਬਿਜਲੀ ਦੇ ਕਰਮਚਾਰੀਆਂ ਨੇ ਹੜਤਾਲ ਕੀਤੀ ਸੀ ਇਸ ਦੌਰਾਨ ਕਿਤਨਾ ਨੁਕਸਾਨ ਹੋਇਆ ?

ਮੁੱਖ ਮੰਤਰੀ : ਇਹ ਸੁਆਲ ਇਸ ਵਿਚੋਂ ਨਹੀਂ ਉਠਦਾ ।

ਸਰਦਾਰ ਦਲੀਪ ਸਿੰਘ ਪਾਂਧੀ : ਉਹ ਆਦਮੀ ਜਿਹੜੇ ਮੁਲਾਜ਼ਮਾਂ ਨੂੰ ਭੜਕਾਉਂਦੇ ਹਨ, ਅਤੇ ਜਿਨ੍ਹਾਂ ਦਾ ਕੰਮ ਹੀ ਹੜਤਾਲਾਂ ਕਰਾਉਣਾ ਹੈ, ਕੀ ਇਹ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ ?

(ਕੋਈ ਉੱਤਰ ਨਾ ਦਿਤਾ ਗਿਆ)

CASE OF ROBBERY IN SARABHA NAGAR, LUDHIANA ON 3.9.1970

*2282. 1. **Shri Sardari Lal Kapur,**)
2. **Sardar Kirpal Singh Makhewala,**)
3. **Sardar Darshan Singh K. P.,**)
4. **Chaudhri Sunder Singh,**)
5. **Chaudhri Ram Singh,**) : Will the Chief Minister be pleased to state :

[Shri Sardari Lal Kapur]

(a) whether it is a fact that a house wife, residing in Sarabha Nagar, Ludhiana, was robbed of her gold bangles, cash and other household articles, valued at about Rs. 2500/- by two persons at the point of a pistol on the afternoon of 3.9.1970 ;

(b) whether it is also a fact that the culprits, before committing the robbery had thrown a chit written in Punjabi in the bungalow of the same lady warning her that they would take away all her belongings ;

(c) whether it is also a fact that the chit mentioned above was handed over to the Police and a Police Guard was posted at the lady's house but was withdrawn immediately thereafter, which resulted in this robbery ;

(d) if the answer to parts (a) to (c) above be in the affirmative, the action the Government has taken or propose to take in respect of the negligence of the Police in this particular case ;

(e) whether such like cases have been reported from other parts of the State ; if so, where, and the action taken or proposed to be taken to protect the life and property of the people in the State ?

ਸਰਦਾਰ ਪਰਕਾਸ਼ ਸਿੰਘ ਬਾਦਲ : (ੲ) ਮਿਤੀ 3-9-70 ਨੂੰ ਸ਼੍ਰੀਮਤੀ ਸ਼ਕਤੀ ਰਾਣੀ ਦੇ ਪੁਲਿਸ ਨੂੰ ਬਿਆਨ ਦੇਣ ਤੇ ਕਿ ਉਸ ਦੀਆਂ 2500/- ਰੁਪਏ ਦੀ ਕੀਮਤ ਦੀਆਂ ਸੋਨੇ ਦੀਆਂ ਵੰਗਾਂ ਅਤੇ 48/- ਰੁਪਏ ਨਕਦ ਦੋ ਆਦਮੀਆਂ ਨੇ ਪਤੌਲ ਦਿਖਾ ਕੇ ਖੋਹ ਲਏ ਹਨ, ਮੁਕੱਦਮਾ ਨੰ: 352 ਮਿਤੀ 3-9-70 ਅ: ਧ: 380/342 ਭ: ਡ: ਥਾਣਾ ਸਦਰ ਲੁਧਿਆਣਾ ਵਿਚ ਦਰਜ ਕੀਤਾ ਗਿਆ।

(ਬੀ ਤੇ ਸੀ) ਮਿਤੀ 2-9-70 ਨੂੰ ਥਾਣਾ ਸਦਰ ਲੁਧਿਆਣਾ ਵਿਚ ਇਕ ਚਿੱਟ ਵਸੂਲ ਹੋਈ ਸੀ ਜਿਹੜੀ ਕਿ ਪੰਜਾਬੀ ਵਿਚ ਧਮਕਾਊ ਲਫਜ਼ਾਂ ਵਿਚ ਲਿਖੀ ਹੋਈ ਸੀ। ਤੁਰਤ ਉਸੇ ਵੇਲੇ ਸਰਾਭਾ ਨਗਰ ਸ੍ਰੀ ਸਰੂਪ ਚੰਦ (ਪਤੀ ਸ਼੍ਰੀਮਤੀ ਸ਼ਕਤੀ ਰਾਣੀ) ਦੇ ਘਰ ਤੇ ਪੁਲਿਸ ਗਾਰਦ ਲਾ ਦਿਤੀ ਸੀ। ਪੁਲਿਸ ਗਾਰਦ ਉਥੇ ਸਾਰੀ ਰਾਤ ਰਹੀ ਜੋ ਅਗਲੇ ਦਿਨ ਸ੍ਰੀ ਸਰੂਪ ਚੰਦ ਨੇ ਵਾਪਸ ਕਰ ਦਿਤੀ ਸੀ।

(ਡੀ) ਹੁਣ ਤੱਕ ਦੀ ਤਫਤੀਸ਼ ਤੋਂ ਪਾਇਆ ਗਿਆ ਹੈ ਕਿ ਇਹ ਸਾਰੀ ਮਨਘੜਤ ਕਹਾਣੀ ਹੈ ਕਿਉਂਕਿ ਸ਼ਕਤੀ ਰਾਣੀ (ਜਿਹੜੀ ਕਿ ਸਰੂਪ ਚੰਦ ਦੀ ਦੂਸਰੀ ਪਤਨੀ ਹੈ) ਅਤੇ ਸਰੂਪ ਚੰਦ ਦੇ ਤੁਅਲਕਾਤ ਕਸ਼ੀਦਾ ਹਨ।

(ਈ) ਪ੍ਰਾਂਤ ਦੇ ਕਿਸੇ ਭੀ ਹੋਰ ਜ਼ਿਲੇ ਵਿਚ ਇਹੋ ਜਿਹੇ ਕਿਸੇ ਕੇਸ ਹੋਣ ਦੀ ਘਟਨਾ ਨਹੀਂ ਵਾਪਰੀ ਹੈ।

[(a) On the statement of Smt. Shakti Rani, made to the Police on 3.9.70 that she had been robbed of gold bangles to the value of Rs. 2500/- and cash of Rs. 48/- by two persons at point of a pistol, a case F. I. R. No. 352 dated 3.9.70 u/s 380/342 I. P. C. was registered at the Police Station Sadar Ludhiana.

(b & c) A chit in threatening words in Punjabi was received at the Police Station Sadar Ludhiana on 2.9.70. A Police Guard was immediately deputed at the house of Shri Sarup Chand (husband of Smt. Shakti Rani) of Sarabhanagar. The Police Guard remained there whole the night and was returned next day by Shri Sarup Chand.

(d) Investigation of the case so far made, has revealed that whole story is a cooked up affair as the relations between Shakti Rani (who is second wife of Sarup Chand) and Sarup Chand are strained.

(e) No such case has been reported from any other District of the State.]

ਸ਼੍ਰੀ ਸਰਦਾਰੀ ਲਾਲ ਕਪੂਰ : ਚੀਫ ਮਨਿਸਟਰ ਸਾਹਿਬ ਨੇ ਜੋ ਕੁਝ ਦਸਿਆ ਹੈ ਉਸ ਤੋਂ ਜ਼ਾਹਰ ਹੁੰਦਾ ਹੈ ਕਿ ਗਲ ਐਵੇਂ ਹੀ ਬਣਾਈ ਗਈ ਸੀ । ਕੀ ਇਸ ਤਰ੍ਹਾਂ ਦੀ ਝੂਠੀ ਗਲ ਬਣਾਉਣ ਵਾਲੇ ਦੇ ਖਿਲਾਫ ਦਫਾ 182 ਦੇ ਤਹਿਤ ਕੇਸ ਰਜਿਸਟਰ ਕੀਤਾ ਗਿਆ ?

ਮੁੱਖ ਮੰਤਰੀ : ਤਫਤੀਸ਼ ਤੋਂ ਪਤਾ ਲਗਾ ਕਿ ਉਹ ਮਨ ਘੜਤ ਕਹਾਣੀ ਹੈ ।

CASES OF MURDERS/RAPE ETC.

*2283. 1. **Shri Sardari Lal Kapur,**)
2. **Sardar Kirpal Singh Makhewala,**)
3. **Sardar Darshan Singh K. P.,**)
4. **Chaudhri Sunder Singh,**)
5. **Doctor Sadhu Ram,**)
6. **Chaudhri Ram Singh,**) : Will the Chief Minister be pleased to state :

(i) the number of cases of (a) murders, (b) rape, (c) robberies, (d) snatching of ornaments from the person of women and girls, (e) kidnapping and (f) thefts separately which occurred in the State during the year, 1970, month-wise ;

(ii) the steps the Government propose to take to stop the increase of such crimes in the State ?

ਸਰਦਾਰ ਪਰਕਾਸ਼ ਸਿੰਘ ਬਾਦਲ : (i) ਵੇਰਵਾ ਸਦਨ ਦੇ ਸਾਹਮਣੇ ਪੇਸ਼ ਹੈ ।

(ii) ਸਾਲ 1970 ਵਿਚ ਸਾਲ 1969 ਨਾਲੋਂ ਕਤਲ, ਜ਼ਬਰ ਜਨਾਹ ਅਤੇ ਚੋਰੀ ਦੇ ਜੁਰਮ ਘੱਟ ਹੋਏ ਹਨ । ਬਾਕੀ ਜੁਰਮਾਂ ਵਿਚ ਮਾਮੂਲੀ ਵਾਧਾ ਹੋਇਆ ਹੈ । ਜੁਰਮ ਨੂੰ ਕਾਬੂ ਕਰਨ ਲਈ ਭੈੜੇ ਬੰਦਿਆਂ ਤੇ ਲਗਾਤਾਰ ਨਿਗਰਾਨੀ ਰਖੀ ਜਾਂਦੀ ਹੈ ਅਤੇ ਗਸ਼ਤਾਂ ਤੇਜ਼ ਕੀਤੀਆਂ ਗਈਆਂ ਹਨ । ਮਹੱਤਵ ਪੂਰਨ ਥਾਵਾਂ ਤੇ ਨਾਕਾਬੰਦੀਆਂ ਕੀਤੀਆਂ ਜਾਂਦੀਆਂ ਹਨ । ਜਿਨ੍ਹਾਂ ਪੁਰਸ਼ਾਂ ਤੋਂ ਅਮਨ ਨੂੰ ਖਤਰਾ ਹੈ ਉਨ੍ਹਾਂ ਦੇ ਵਿਰੁੱਧ ਰੋਕੂ ਕਾਰਵਾਈ ਕੀਤੀ ਜਾਂਦੀ ਹੈ ।

[(i) A statement is laid on the Table of the House.

(ii) There is decrease in crime during the year 1970 as compared to the year 1969 under heads murder, rape and theft. There is, however, a slight increase in crime under the remaining heads. In order to check the crime, constant watch is kept on unsocial elements and patrolling intensified. Nakabandis are held on strategic points. Preventive action is taken against the persons about whom there is apprehension of breach of peace.]

Statement showing the number of cases of murders. rape, robberies, snatching of ornaments from the person of women and girls, kidnapping and thefts separately which occurred in the State during the year, 1970 month-wise.

	January	February	March	April	May	June	July	August	September	October	November	December	Total
(a) Murders	33	32	44	41	42	67	55	59	55	44	46	55	573
(b) Rape.	9	11	16	10	11	4	5	10	9	11	5	6	107
(c) Robberies.	2	1	2	4	3	3	1	4	2	1	2	3	28
(d) Snatching of ornaments —from the person of women and girls.	—	—	1	—	1	2	7	—	2	3	—	—	16
(e) Kidnapping.	22	18	26	20	36	32	18	22	33	30	24	22	303
(f) Thefts.	197	231	239	247	249	217	241	242	249	228	246	285	2871

ਸ੍ਰੀ ਸਰਦਾਰੀ ਲਾਲ ਕਪੂਰ : ਕੀ ਇਨ੍ਹਾਂ ਨੂੰ ਪਤਾ ਹੈ ਕਿ ਬਹੁਤ ਸਾਰੇ ਕੇਸ ਥਾਣਿਆਂ ਵਿਚ ਲੱਗੇ ਕੁਝ ਕੁਰੱਪਟ ਮੁਲਾਜ਼ਮਾਂ ਨੇ ਬਣਾਏ ਹੋਏ ਹੁੰਦੇ ਹਨ ? ਥਾਣਿਆਂ ਵਿਚ ਲਗੇ ਏ. ਐਸ. ਆਈ. ਜੋ ਹੋਰ ਮੁਲਾਜ਼ਮ ਲੋਕਾਂ ਪਾਸੋਂ ਪੈਸੇ ਲੈ ਕੇ ਕੇਸ ਬਣਾਉਂਦੇ ਹਨ, ਕੀ ਇਨ੍ਹਾਂ ਗਲਾਂ ਨੂੰ ਰੋਕਣ ਦਾ ਉਪਾ ਕਰਨਗੇ ?

ਮੁੱਖ ਮੰਤਰੀ : ਇਸ ਵਿਚ ਤਾਂ ਇਨ੍ਹਾਂ ਦੀ ਮਿਲਵਰਤਨ ਦੀ ਲੋੜ ਹੈ ।

ਕਾਮਰੇਡ ਸੱਤ ਪਾਲ ਡਾਂਗ : ਇਨ੍ਹਾਂ ਨੇ ਕਿਹਾ ਹੈ ਕਿ 1969 ਦੇ ਮੁਕਾਬਲੇ 1970 ਵਿਚ ਕਤਲ ਦੇ ਕੇਸ ਘਟ ਹੋਏ । ਕੀ ਇਹ ਠੀਕ ਹੈ ਕਿ 1967 ਦੇ ਮੁਕਾਬਲੇ 1968 ਵਿਚ ਅਤੇ 1968 ਦੇ ਮੁਕਾਬਲੇ ਵਿਚ 1969 ਵਿਚ ਵਧ ਕਤਲ ਹੋਏ ? 1970 ਦਾ ਵੀ 1969 ਨਾਲੋਂ ਕੇਵਲ ਮਾਰਜਨਲ ਫਰਕ ਹੈ ।

ਮੁੱਖ ਮੰਤਰੀ : ਡਾਂਗ ਸਾਹਿਬ ਆਬਾਦੀ ਵੀ ਤਾਂ ਬਹੁਤ ਵਧ ਰਹੀ ਹੈ । (ਹਾਸਾ)

ਸਰਦਾਰ ਸੰਤੋਖ ਸਿੰਘ ਰੰਧਾਵਾ : ਕੀ ਇਹ ਦਸਣਗੇ ਕਿ ਇਹ ਜੋ ਇਨ੍ਹਾਂ ਨੇ ਕਿਹਾ ਕਿ ਕਤਲ ਅਤੇ ਜਬਰਜ਼ਨਾਹ ਵਗੈਰਾ ਦੇ ਕੇਸ ਘਟੇ ਹਨ, ਕੀ ਇਹ ਗਲ ਇਨ੍ਹਾਂ ਦੇ ਨੋਟਿਸ ਵਿਚ ਹੈ ਕਿ ਬਹੁਤ ਸਾਰੇ ਜਬਰਜ਼ਨਾਹ ਦੇ ਕੇਸ ਪੁਲਿਸ ਅਰਜ਼ੀ ਲੈ ਕੇ ਰਾਜ਼ੀਨਾਮਾ ਕਰਾ ਕੇ, ਪੰਚਾਇਤੀ ਤੌਰ ਤੇ ਜਾਂ ਮੂੰਹ ਕਾਲਾ ਕਰ ਕੇ ਜਾਂ ਹੋਰ ਸਖਤੀ ਕਰ ਕੇ ਛਡ ਦਿੰਦੀ ਹੈ, ਕੀ ਉਹ ਕੇਸ ਵੀ ਇਨ੍ਹਾਂ ਦੇ ਨੋਟਿਸ ਵਿਚ ਹਨ, ਕੀ ਉਹ ਇਸ ਗਿਣਤੀ ਵਿਚ ਸ਼ਾਮਿਲ ਹਨ ? ਫਿਰ ਅਗਰ 31 ਮਾਰਚ ਤਕ ਹੋਣ ਵਾਲੇ ਜੁਰਮਾਂ ਨਾਲ ਕੀ ਇਹ ਗਿਣਤੀ 1969 ਦੇ ਮੁਕਾਬਲੇ ਵਿਚ ਵਧ ਨਹੀਂ ਜਾਵੇਗੀ ?

ਮੁੱਖ ਮੰਤਰੀ : ਅਗਰ ਕੋਈ ਸਪੈਸੇਫਿਕ ਕੇਸ ਦਸਣ ਕਿ ਕਿਸੇ ਹੀਨਸ ਕਰਾਈਮ ਦੇ ਕੇਸ ਵਿਚ ਰਜ਼ਾਮੰਦੀ ਹੋਈ ਤਾਂ ਮੈਂ ਇਨਕਵਾਇਰੀ ਕਰਾ ਸਕਦਾ ਹਾਂ ।

ਸਰਦਾਰ ਮਹਿਤਾਬ ਸਿੰਘ ਢਿਲੋਂ : ਕੀ ਇਹ ਦਸਣਗੇ ਕਿ ਦੂਜੇ ਜ਼ਿਲ੍ਹਿਆਂ ਦੀ ਨਿਸਬਤ ਇਹ ਜਲੰਧਰ ਅਤੇ ਲੁਧਿਆਣੇ ਵਿਚ ਕਿਉਂ ਵਧ ਰਹੇ ਹਨ ?

ਮੁੱਖ ਮੰਤਰੀ : ਜਲੰਧਰ ਵਿਚ ਸ਼ਾਇਦ ਇਸ ਲਈ ਵਧ ਹੁੰਦੇ ਹਨ ਕਿ ਉਥੇ ਕੈਬਰਾ ਡਾਂਨਸ ਹੁਦਾ ਹੈ । (ਹਾਸਾ)

ਸਰਦਾਰ ਦਲੀਪ ਸਿੰਘ ਪਾਂਧੀ : ਚੀਫ ਮਿਨਿਸਟਰ ਸਾਹਿਬ ਨੇ ਕਿਹਾ ਹੈ ਕਿ ਸਪੈਸਿਫਿਕ ਚਾਰਜ ਲਾਉਣ । ਕੀ ਇਹ ਪਿੰਡ ਨੰਦਪੁਰ ਕੇਸ਼ੋ ਥਾਨਾ ਮੂਲੇਪੁਰ ਦੀ ਇਕ ਮੁਸਲਮਾਨਾਂ ਦੀ ਲੜਕੀ ਜੋ 7 ਮਹੀਨੇ ਦੀ ਪਰੈਗਨੈਂਟ ਸੀ, ਨਾਲ ਜਬਰਜਨਾਹ ਦੇ ਕੇਸ ਬਾਰੇ ਪੁਲਿਸ ਨੂੰ ਮੇਰੇ ਕਹਿਣ ਦੇ ਬਾਵਜੂਦ ਪੁਲਿਸ ਵਲੋਂ ਕੋਈ ਧਿਆਨ ਨਾ ਦੇਣ ਦੀ ਇਨਕਵਾਇਰੀ ਕਰਾਉਣਗੇ ?

ਮੁੱਖ ਮੰਤਰੀ : ਜ਼ਰੂਰ ਕਰਾਵਾਂਗੇ ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਇਨ੍ਹਾਂ ਨੂੰ ਪਤਾ ਹੈ ਕਿ ਸਕੂਲਾਂ ਅਤੇ ਕਾਲਜਾਂ ਅਤੇ ਸੈਰਗਾਹਾਂ ਤੇ ਜਾਣ ਵਾਲੇ ਲੋਕ ਗੁੰਡਿਆਂ ਤੋਂ ਪਰੇਸ਼ਾਨ ਹਨ, ਗੁੰਡਾਗਰਦੀ ਦੇ ਵਾਕਿਆਤ ਦਿਨ ਬਦਿਨ ਵਧ ਰਹੇ ਹਨ, ਕੀ ਇਹ ਦਸਣਗੇ ਕਿ ਇਨ੍ਹਾਂ ਕੇਸਾਂ ਦੀ ਰੋਕ ਥਾਮ ਲਈ ਇਹ ਕੀ ਕਰ ਰਹੇ ਹਨ ?

ਮੁੱਖ ਮੰਤਰੀ : ਬੜਾ ਇੰਤਜ਼ਾਮ ਕਰ ਰਹੇ ਹਾਂ । ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਸ਼ਹਿਰਾਂ ਵਿਚ ਪੁਲਿਸ ਦਿਨ ਰਾਤ ਜੀਪਾਂ ਵਿਚ ਘੁਮਿਆ ਕਰੇਗੀ ਅਤੇ ਜਦੋਂ ਸਕੂਲਾਂ ਦੇ ਖੁਲ੍ਹਣ ਜਾਂ ਬੰਦ ਹੋਣ ਦਾ ਸਮਾਂ ਹੋਵੇਗਾ ਤਾਂ ਵਧ ਇਹਤਿਆਤ ਰਖਿਆ ਕਰੇਗੀ ।

ਕਾਮਰੇਡ ਦਰਸ਼ਨ ਸਿੰਘ ਝਬਾਲ : ਜਿਵੇਂ ਰੰਧਾਵਾ ਸਾਹਿਬ ਨੇ ਪਹਿਲਾਂ ਕਿਹਾ ਹੈ ਕਿ ਪੁਲਿਸ ਵਾਲੇ ਜਰਾਇਮ ਘਟ ਦਸਣ ਲਈ ਜੁਦੀਆਂ ਦਰਖਾਸਤਾਂ ਲੈਂਦੇ ਹਨ । ਕੀ ਇਹ ਇਸ ਤਰੀਕੇ ਨੂੰ ਬੰਦ ਕਰਨ ਅਤੇ ਜੋ ਰਿਪੋਰਟ ਆਵੇ ਉਸ ਨੂੰ ਰੋਜ਼ਨਾਮਚੇ ਵਿਚ ਦਰਜ ਕਰਨ ਦੀਆਂ ਹਦਾਇਤਾਂ ਦੇਣਗੇ ?

ਮੁੱਖ ਮੰਤਰੀ : ਇਸ ਤਜਵੀਜ਼ ਤੇ ਗੌਰ ਕਰ ਲਵਾਂਗੇ ।

ਸਰਦਾਰ ਸਰੂਪ ਸਿੰਘ : ਕੀ ਇਨ੍ਹਾਂ ਨੂੰ ਪਤਾ ਹੈ ਕਿ ਪਿਛੇ ਜਿਹੇ ਜਲੰਧਰ ਚੌਕੀ ਨੰਬਰ 3 ਦੇ ਸਾਹਮਣੇ ਇਕ ਮੀਆਂ ਬੀਵੀ ਜਾ ਰਹੇ ਸਨ ਤਾਂ ਗੁੰਡਿਆਂ ਨੇ ਬੀਵੀ ਦੇ ਜ਼ੇਵਰ ਲਾਹੁਣ ਦੀ ਕੋਸ਼ਿਸ਼ ਕੀਤੀ ਅਤੇ ਆਦਮੀ ਦੇ ਉਸ ਨੂੰ ਰੋਕਣ ਤੇ ਉਸ ਨੂੰ ਕਤਲ ਕਰ ਦਿਤਾ ਗਿਆ ? ਫਿਰ ਥੋੜੇ ਦਿਨ ਹੋਏ ਹਨ ਕਿ ਕੋਤਵਾਲੀ ਦੇ ਸਾਹਮਣੇ ਪਟੇਲ ਚੌਂਕ ਵਿਚ ਇਕ ਡਾਕਟਰ ਦੀ ਬੀਵੀ ਨੂੰ ਚੁਕ ਕੇ ਲੈ ਗਏ ਅਤੇ ਜਬਰਜਨਾਹ ਕੀਤਾ । ਇਹ ਜੋ ਕੇਸ ਪੁਲਿਸ ਚੌਕੀਆਂ ਦੇ ਸਾਹਮਣੇ ਹੋ ਰਹੇ ਹਨ ਕੀ ਇਨ੍ਹਾਂ ਵਿਚ ਪੁਲਿਸ ਦੀ ਸ਼ਹਿ ਨਹੀਂ ਹੁੰਦੀ ?

ਮੁੱਖ ਮੰਤਰੀ : ਅਸੀਂ ਸਪੈਸ਼ਲ ਇੰਤਜ਼ਾਮ ਕਰ ਰਹੇ ਹਾਂ, ਹਾਲੇ ਸੈਂਕਸ਼ਨ ਜਾਰੀ ਹੋਈ ਹੈ, ਇਨ੍ਹਾਂ ਸਕੁਐਡਜ਼ ਨੂੰ ਚਾਲੂ ਕਰਨ ਵਿਚ 15-20 ਦਿਨ ਲਗ ਜਾਣਗੇ ।

ਸਰਦਾਰ ਗੁਰਮੇਜ ਸਿੰਘ : ਕੀ ਇਹ ਦਸਣਗੇ ਕਿ ਜਦੋਂ ਪੁਲਿਸ ਹਫਤਾ ਮਨਾਇਆ ਜਾਂਦਾ ਹੈ ਉਦੋਂ ਕਿੰਨੇ ਕੇਸ ਦਰਜ ਹੁੰਦੇ ਹਨ ਅਤੇ ਆਮ ਹਫਤੇ ਵਿਚ ਕਿੰਨੇ ਕੇਸ ਦਰਜ ਹੁੰਦੇ ਹਨ ? ਅਗਰ ਉਨ੍ਹਾਂ ਦਿਨਾਂ ਵਿਚ ਵਧ ਕੇਸ ਦਰਜ ਹੁੰਦੇ ਹਨ ਤਾਂ ਇਸ ਦਾ ਕੀ ਕਾਰਨ ਹੈ, ਕਿਤੇ ਐਵੇਂ ਹੀ ਤਾਂ ਕੇਸ ਨਹੀਂ ਬਣਾਏ ਜਾਂਦੇ ?

ਮੁੱਖ ਮੰਤਰੀ : ਜਦੋਂ ਸਪੈਸ਼ਲ ਕੰਪੇਨ ਹੁੰਦੀ ਹੈ ਤਾਂ ਸਾਰੀ ਮਸ਼ੀਨਰੀ ਹਰਕਤ ਵਿਚ ਅਉਂਦੀ ਹੈ, ਨੈਚੂਰਲੀ ਵਧ ਕੇਸ ਪਕੜੇ ਜਾਂਦੇ ਹਨ ।

———

PUNJAB SPINNING AND WEAVING CENTRE, JULLUNDUR

*2378. **Sardar Raja Singh**]
Sardar Kirpal Singh] Will the Chief Minister be pleased to state :

(a) whether it is a fact that the Punjab Spinning and Weaving Centre, Jullundur was transferred to the Khadi Sewa Sangh, Jullundur in 1968; if so, the reasons therefor;

(b) whether the Khadi and Village Industries Board suffered any loss as a result of the said transaction; if so, the extent thereof;

(c) whether the Board constituted any Enquiry Committee with regard to the facts mentioned in parts (a) and (b) above; if so, a copy of the report thereof be laid on the Table of the House;

(d) whether the Board got the approval of the Punjab Govt. at the time of transferring immovable property of the Punjab Spinning and Weaving Centre, Jullundur, if not, the reasons thereof;

(e) the names with full addresses of the Members of the Punjab Spinning and Weaving Centre, Jullundur and the Khadi Sewa Sangh, Jullundur, respectively, in 1968 ?

Sardar Teja Singh : (State Minister for Industries.) (a) Yes. All India Khadi and Village Industries Commission decided as a matter of policy that the Khadi organisations in which there were defalcations and other serious financial irregularities should be closed. In accordance with this decision of the Khadi Commission, the Punjab Khadi and Village Industries Board

decided to wind up the Centre. They further decided to transfer this Centre to Khadi Sewa Sangh, Jullundur.

(b) According to the report of the present Khadi Board, the Board have suffered a loss of Rs. 3,69,8:2,-.

(c) Yes. A copy of the report of the Enquiry Committee is laid on the Table of the House.

(d) No. No reasons are available in the record of the Board for not taking the permission of the Government.

(e) The Punjab Spinning and Weaving Centre, Jullundur before its transfer to Khadi Sewa Sangh was run by Punjab Khadi and Village Industries Board and not by any separate institution. However, the names and addresses of the members of the Khadi Sewa Sangh, Jullundur are laid on the Table of the House.

Proceedings of the meeting of the Sub-Committee on the affairs of the Punjab Spinning and Weaving Centre, Jullundur was held on 23.10.70 at Chandigarh, in the office of the Board at 2-00 p. m.

The following members were present :

1. Sh. O.P. Bhardwaj, Chairman (Ex-officio).
2. Sh. Kulbir Singh, Vice Chairman.
3. Sh. Gurdarshan Singh, Member.
4. Sh. M.L. Nayar, Member Secretary (Ex-officio).
5. Sh. D.V. Kohli, F.A, & C.A.O. (Special Invitee).

The Sub-Committee discussed in details regarding the transfer of assets and liabilities of the erstwhile Punjab Spinning and Weaving Centres to Khadi Sewa Sangh by the Board on 1.5.1967 and the manner in which these were transferred. The Committee observed as under :

1. That the value of the immoveable property was taken at book value amounting to Rs. 218195/57 whereas its prevelant market price was more than fifteen times.

2. That the valuation of the stocks had been reduced by Rs. 369832/- on account of its being sub-standard. This appears to have been done to conceal the profits to wrongly benefit the Khadi Sewa Sangh.

The Khadi Sewa Sangh was registered under No. 10 of 1967-68. The Sangh signed the deed of Registration on 13.3.1968. The Sangh had no assets of its own at the time of Registration. There was no proper handing over and taking over of the charge. The Board appointed Sh P. C. Nayar, a member of the Board as Member Incharge, on the Punjab Spinning and Weaving Centres on behalf of the Board in 1966. Sh. P. C. Nayar was the Secretary, of the said Khadi Sewa Sangh later on. He took over charge of the assets and liabilities of the Punjab Spinning and Weaving Centres in an extra-ordinary manner with the collaboration of Sh. P. S Azad, then Vice Chairman of the Board, who was also the President of the Khadi Sewa Sangh and Sh. G.C. Kharbanda the then Member Secretary of the

[State Minister for Industries]

Board and executive head of the administration. This shows malafide on the part of the then administration of the Board. The transaction was illegal.

Under the settlement deed the stocks should have been handed over on book value. The then administration agreed to reduce the value of the stock by Rs. 3,69,832/-against the decision of th. Board.

In the balance sheet as appended with the copy of the Registered deed in the file, there is no separate entry of a reduction of Rs. 3,69 832/- in the stocks.

3. That Sh. P. S. Azad, then Vice Chairman of the Board and Shri P. C. Nayar, Member of the Board, who was put Incharge of the Spinning and Weaving Centres by the Board took over as Chairman and Secretary respectively of the said Sangh which shows their malafides. It seems that these members influenced the Board and the Board did not exercise its independent discretion.

4. That specific sanction of the Govt. which was required under Section 14 (i) of the Board's act for transferring the immoveable property was not obtained by the Board and the property was transferred without that sanction.

After discussions, the Committee recommended the following action in the case :

(a) Civil suit for recovery of immoveable property and realisation of the amount reduced in the valuation of the stock may be instituted.

(b) The matter may be referred to the Vigilance Department for enquiry against the Members of the erstwhile Board who transferred these assets to Khadi Sewa Sangh.

(c) It may be studied if a Criminal case can also be instituted against the persons involved in the affairs. (Sd. ....)

Member Secretary.

LIST OF TRUSTEES OF KHADI SEWA SANGH.

Sr. No.	Name	Occupation and address	Designation
1.	Sh. Prithvi Singh Azad, M.L.A.	Khadi and Village Industries Board. Chandigarh.	Chairman.
2.	Sh. P. C. Nayar	Member, State Khadi and Village Industries Board E-184, Phagwara Gate, Jullundur City.	Secretary.
3.	Prof. Shadi Ram	Principal, Kanya Maha-Vidyalaya, Tanda Road, Jullundur.	Member.
4.	Sh. Som Dutt Vidyalankar.	Member, Khadi and Village Industries Commission &	

		Secretary, Khadi Ashram, G. T. Road, Panipat (Karnal)	Member
5.	Sh. Hari Ram Chopra.	Secretary, Punjab Khadi Gramudyog Sangh, Adampur Doaba.	-do-
6.	Sh. Udai Chand	Sanyojak, Shanti Sena Punjab, Haryana and Himachal Pradesh and Asstt. Secy. Punjab Khadi Gramudyog Sangh, Adampur Doaba.	-do-
7.	Sh. Dada Ganeshi Lal.	Sarvodaya Bhavan, Anaj-Mandi, Hissar.	-do-
8.	Sh. Sushil Kumar,	Secretary, Kasturba Seva Mandir, Rajpura (Patiala)	-do-
9.	Sh. Ranbir Singh Ex-M.L.A.	Matu Ram Bhavan, Model Town, Rohtak.	Vice Chairman.
10.	Sh. Ganpat Rai (B.A., National)	Mahesh Nagar, Ambala Cautt.	Member.
11.	Sh. Om Parkash Trikha.	Gandhi Smarak Nidhi, Chandigarh.	-do-

ਸਰਦਾਰ ਰਾਜਾ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਨ੍ਹਾਂ ਨੇ ਆਪਣੇ ਜ਼ਵਾਬ ਵਿਚ ਇਹ ਫਰਮਾਇਆ ਹੈ ਕਿ ਪੰਜਾਬ ਸਪਿਨਿੰਗ ਐਂਡ ਵੀਵਿੰਗ ਸੈਂਟਰ ਜਲੰਧਰ ਨੂੰ ਬੰਦ ਕਰਨ ਤੋਂ ਬਾਦ ਇਸ ਨੂੰ ਖਾਦੀ ਸੇਵਾ ਸੰਘ ਨੂੰ ਸੌਂਪਣ ਦਾ ਫੈਸਲਾ ਕੀਤਾ ਗਿਆ ਅਤੇ ਇਨ੍ਹਾਂ ਨੇ ਕਿਹਾ ਹੈ ਇਸ ਬਾਰੇ ਰਿਪੋਰਟ ਜਵਾਬ ਦੇ ਨਾਲ ਲਗੀ ਹੋਈ ਹੈ । ਮੈਂ ਇਨ੍ਹਾਂ ਤੋਂ ਜਾਣਨਾ ਚਾਹੁੰਦਾ ਹਾਂ ਕਿ ਉਸ ਰਿਪੋਰਟ ਵਿਚ ਸਾਫ਼ ਲਿਖਿਆ ਹੋਇਆ ਹੈ ਕਿ ਇਸ ਦੇ ਸਾਰੇ ਐਸੇਟਸ ਅਤੇ ਲਾਇਬਿਲਿਟੀਜ਼ ਮੂਵੇਬਲ ਅਤੇ ਇਮਮੂਵੇਬਲ ਪਰਾਪਰਟੀ ਦੀ ਕੀਮਤ 2 ਲਖ 18 ਹਜ਼ਾਰ 195 ਰੁਪਏ 57 ਪੈਸੇ ਪਾਈ ਗਈ ਜਦ ਕਿ ਇਨਕੁਆਇਰੀ ਕਮੇਟੀ ਨੇ ਇਸ ਦੀ ਕੀਮਤ 15 ਗੁਣਾ ਜ਼ਿਆਦਾ ਦਸੀ । ਕੀ ਇਸ ਤਰ੍ਹਾਂ ਘਟ ਕੀਮਤ ਪਾਉਣ ਦੇ ਬਾਰੇ ਵਿਚ ਕੋਈ ਇਨਕੁਆਰੀ ਵਿਜੀਲੈਂਸ ਪਾਸੋਂ ਕਰਾਣ ਲਈ ਇਹ ਤਿਆਰ ਹਨ ? ਕੀ ਉਸ ਵੇਲੇ ਦੇ ਮੈਂਬਰ ਸੈਕਟਰੀ ਅਸਾਡੇ ਇਸ ਵਿਧਾਨ ਸਭਾ ਦੇ ਇਕ ਮਾਨਯੋਗ ਮੈਂਬਰ ਸ੍ਰੀ ਗਿਆਨ ਚੰਦ ਜੀ ਖਰਬੰਦਾ ਅਤੇ ਵਾਇਸ ਚੇਅਰਮੈਨ ਸ੍ਰੀ ਪ੍ਰਿਥਵੀ ਸਿੰਘ ਜੀ ਆਜ਼ਾਦ ਦੀ ਆਪਸ ਵਿਚ ਮਿਲੀ ਭੁਗਤ ਨਾਲ ਤਾਂ ਇਸ ਤਰ੍ਹਾਂ ਨਹੀਂ ਕੀਤਾ ਗਿਆ ?

ਰਾਜ ਮੰਤਰੀ ਉਦਯੋਗ ਅਤੇ ਸਿਹਤ : (ਸਰਦਾਰ ਤੇਜਾ ਸਿੰਘ) ਇਸ ਸੈਂਟਰ ਨੂੰ ਬੰਦ ਕਰਨ ਦਾ ਫੈਸਲਾ ਬੋਰਡ ਨੇ ਕੀਤਾ ਸੀ ਅਤੇ ਇਹ ਆਲ ਇੰਡੀਆ ਖਾਦੀ ਕਮਿਸ਼ਨ ਦੀ ਰਿਕੁਮੈਂਡੇਸ਼ਨ ਤੇ ਕੀਤਾ ਗਿਆ ਕਿਉਂਕਿ ਉਨ੍ਹਾਂ ਨੇ ਇਸ ਸਾਲ ਲਈ ਇਸ ਬਾਰੇ ਬਜਟਰੀ ਪ੍ਰੋਵੀਜ਼ਨ ਨਹੀਂ ਸੀ ਕੀਤਾ ਅਤੇ ਫੰਡਜ਼ ਅਲਾਟ ਨਹੀਂ ਸਨ ਕੀਤੇ । ਇਸ ਇਨਸਟੀਚੂਸ਼ਨ ਨੇ ਜਿਹੜੀ ਕਿ ਉਸ ਸਮੇਂ ਕਾਂਗਰਸ ਡਾਮੀਨੇਟਿੰਗ ਸੀ ਉਸ ਵੇਲੇ ਦੀ ਸਰਕਾਰ ਨੂੰ ਲਿਖਿਆ ਕਿ ਉਹ ਇਸ ਨੂੰ ਆਪ ਦੇ ਵਲੋਂ ਰਨ ਕਰੇ ਪਰ ਉਨ੍ਹਾਂ ਨੇ ਨਾਂਹ ਦੇ ਦਿਤੀ ਫਿਰ ਉਸ ਵੇਲੇ ਦਾ ਖਾਦੀ ਸੇਵਾ ਸੰਘ ਜਿਹੜਾ ਕਿ ਜਨ ਸੰਘ, ਦਾ ਪਰੀ ਡਾਮੀਨੇਟਿਡ ਸੀ ਨੇ ਇਸ ਨੂੰ ਲੈਣਾ ਮੰਨ ਲਿਆ ਅਤੇ ਇਹ ਫੈਸਲਾ ਪੰਜਾਬ ਖਾਦੀ ਬੋਰਡ ਨੇ ਕੀਤਾ ਕਿ ਸਾਰੇ ਅਸੈਟਸ ਅਤੇ ਲਾਇਬਿਲਿਟੀਜ਼ ਨੂੰ ਖਾਦੀ ਸੇਵਾ ਸੰਘ ਨੂੰ ਟ੍ਰਾਂਸਫਰ ਕਰ ਦਿਤਾ ਜਾਵੇ । ਇਹ ਠੀਕ ਹੈ

[ਰਾਜ ਮੰਤਰੀ]

ਕਿ ਜਿਹੜੀ ਅਸੈਸਡ ਵੈਲਯੂ ਸੀ ਉਹ ਬਹੁਤ ਘਟ ਲਗਾਈ ਗਈ ਪਰ ਇਸ ਦੀ ਵੀ ਅਜੇ ਤਕ ਬੋਰਡ ਨੂੰ ਪੇਮੈਂਟ ਨਹੀਂ ਹੋਈ। ਇਹ ਜਿਹੜੀਆਂ ਦੋ ਰਿਪੋਰਟਾਂ ਹਨ ਉਸ ਵੇਲੇ ਦੀਆਂ ਹਨ ਜਦ ਕਿ ਬੋਰਡ ਕਾਂਗਰਸ ਡਾਮੀਨੇਟਿਡ ਸੀ ਅਤੇ ਖਾਦੀ ਸੇਵਾ ਸੰਘ ਜਨ ਸੰਘ ਡਾਮੀਨੇਟਿਡ ਸੀ ਇਨ੍ਹਾਂ ਦੋਹਾਂ ਤੇ ਅਸੀਂ ਅਥਨਿਟੀ ਪਲੇਸ ਨਹੀਂ ਕੀਤੀ। ਇਹ ਗੱਲ ਸਰਕਾਰ ਦੇ ਨੋਟਿਸ ਵਿਚ ਆਈ ਹੈ ਇਸ ਦੀ ਚੰਗੀ ਤਰ੍ਹਾਂ ਪੜਤਾਲ ਕੀਤੀ ਜਾਵੇਗੀ ਹਰ ਪੱਖ ਤੋਂ ਅਤੇ ਗੌਰਮੈਂਟ ਲੈਵਲ ਤੇ ਜਿੰਨਾਂ ਵੀ ਐਕਸ਼ਨ ਅਸੀਂ ਲੈ ਸਕੇ ਲਿਆ ਜਾਵੇਗਾ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਜਲੰਧਰ ਸੈਂਟਰ ਵਿਚ ਕੁਝ ਗਬਨ ਅਤੇ ਹੋਰ ਇਰੈਗੂਲੈਰੇਟੀਜ਼ ਕਾਰਨ ਇਹ ਫੈਸਲਾ ਕੀਤਾ ਗਿਆ ਕਿ ਇਸ ਸੈਂਟਰ ਨੂੰ ਬੰਦ ਕਰ ਦਿਤਾ ਜਾਵੇ ਅਤੇ ਇਸ ਖਿਆਲ ਨਾਲ ਕਿ ਸਪਿੰਨਿੰਗ ਅਤੇ ਵੀਵਿੰਗ ਦੇ ਕੰਮ ਨੂੰ ਧਕਾ ਲਗੇਗਾ ਇਸ ਲਈ ਆਲ ਇੰਡੀਆ ਖਾਦੀ ਕਮਿਸ਼ਨ ਦੇ ਕਹਿਣ ਤੇ ਬੋਰਡ ਨੇ ਇਹ ਕਾਰਵਾਈ ਕੀਤੀ ਅਤੇ ਉਨ੍ਹਾਂ ਦੀਆਂ ਇਨਸਟ੍ਰਕਸ਼ਨਾਂ ਦੇ ਮੁਤਾਬਿਕ ਕੇਸ ਗੌਰਮੈਂਟ ਨੂੰ ਰੈਫਰ ਕੀਤਾ ਗਿਆ ਪਰ ਉਨ੍ਹਾਂ ਨੇ ਹੋਰ ਸੈਂਕਸ਼ਨ ਨਹੀਂ ਦਿਤੀ ਇਸ ਲਈ ਕੰਮ ਕਰਨ ਵਾਲੇ ਬੇਰੁਜ਼ਗਾਰ ਹੁੰਦੇ ਸੀ ਇਸ ਲਈ ਇਸ ਨੂੰ ਖਾਦੀ ਸੇਵਾ ਸੰਘ ਨੂੰ ਸੌਂਪ ਦਿਤਾ ਗਿਆ, ਕੀ ਇਹ ਗੱਲ ਪੰਜਾਬ ਸਰਕਾਰ ਦੇ ਨਾਲਿਜ ਵਿਚ ਹੈ ਜਾਂ ਨਹੀਂ ? ਬਾਕੀ ਇਸ ਵਿਚ ਮੇਰਾ ਜ਼ਿਕਰ ਕੀਤਾ ਗਿਆ ਹੈ ਇਸ ਸਵਾਲ ਦੇ ਜਵਾਬ ਆਣ ਤੇ ਮੈਂ ਉਸ ਦੇ ਬਾਰੇ ਵਿਚ ਅਰਜ਼ ਕਰਾਂਗਾ। (ਵਿਘਨ)

ਸਰਦਾਰ ਸਰੂਪ ਸਿੰਘ : ਰਾਜਾ ਸਿੰਘ ਪਤਾ ਨਹੀਂ ਸਾਡੇ ਮਗਰ ਹੁਣ ਕਿਉਂ ਪਿਆ ਹੋਇਆ ਹੈ ਪਹਿਲਾਂ ਇਹ ਅਕਾਲੀਆਂ ਦੇ ਮਗਰ ਪਿਆ ਰਹਿੰਦਾ ਸੀ। (ਹਾਸਾ)

ਰਾਜ ਮੰਤਰੀ : ਜੋ ਰਿਪੋਰਟ ਉਸ ਵੇਲੇ ਦੀ ਹੈ ਇਹ ਸਰਕਾਰ ਪਾਸ ਮੌਜੂਦ ਹੈ ਅਤੇ ਇਹ ਖਾਦੀ ਬੋਰਡ ਦੀ ਇਨਕੁਆਇਰੀ ਕਮੇਟੀ ਦੀ ਰਿਪੋਰਟ ਹੈ। ਉਸ ਵਿਚ ਇਹ ਰਿਕੁਮੈਂਡੇਸ਼ਨਾਂ ਸਨ ਕਿ ਜਿਹੜੇ ਤਿੰਨ ਸੈਂਟਰ ਚਲ ਰਹੇ ਸਨ ਪਾਨੀਪਤ, ਸੁਜਾਨਪੁਰ ਅਤੇ ਜਲੰਧਰ ਵਿਚ ਇਹ ਪਹਿਲਾਂ 1959 ਤੋਂ ਪਹਿਲਾਂ ਇੰਡਸਟਰੀ ਡਿਪਾਰਟਮੈਂਟ ਪਾਸ ਸਨ ਉਸ ਤੋਂ ਬਾਦ ਇਨ੍ਹਾਂ ਨੂੰ ਖਾਦੀ ਬੋਰਡ ਨੂੰ ਟ੍ਰਾਂਸਫਰ ਕੀਤਾ ਗਿਆ। ਬੋਰਡ ਨੇ ਇਨ੍ਹਾਂ ਸੈਂਟਰਾਂ ਨੂੰ ਹੋਰ ਆਰਗੇਨਾਇਜ਼ੇਸ਼ਨਾਂ ਨੂੰ ਦੇਣਾ ਹੀ ਸੀ ਇਹ ਉਨ੍ਹਾਂ ਦੀ ਪਰਾਇਮਾ ਫੇਸਾਇ ਡਿਊਟੀ ਵੀ ਸੀ ਕਿ ਇਸ ਵਿਚ ਉਹ ਗੌਰਮੈਂਟ ਦੀ ਸੈਂਕਸ਼ਨ ਲੈਣ ਅਤੇ ਕਾਨੂੰਨ ਵਿਚ ਵੀ ਇਸ ਤਰ੍ਹਾਂ ਦਾ ਪ੍ਰਬੰਧ ਸੀ ਪਰ ਇਨ੍ਹਾਂ ਨੇ ਸੈਂਕਸ਼ਨ ਨਹੀਂ ਲਈ ਅਤੇ ਇਕ ਨੋਟਿਸ ਦੇ ਦਿਤਾ ਕਿ ਜੇਕਰ ਸਰਕਾਰ ਨੂੰ ਕੋਈ ਆਬਜੇਕਸ਼ਨ ਹੋਵੇ ਤਾਂ ਦਸ ਦੇਵੇ। ਮੈਂ ਸਮਝਦਾ ਹਾਂ ਕਿ ਇਹ ਐਕਸ਼ਨ ਜਿਹੜਾ ਉਸ ਵੇਲੇ ਦੇ ਅਧਿਕਾਰੀਆਂ ਦਾ ਸੀ ਰੈਗੂਲਰ ਨਹੀਂ ਸੀ ਇਸ ਦੇ ਬਾਰੇ ਵਿਚ ਪੜਤਾਲ ਕਰਾ ਕੇ ਹੀ ਸਾਰੀ ਪੋਜ਼ੀਸ਼ਨ ਦਸੀ ਜਾ ਸਕਦੀ ਹੈ ਅਤੇ ਦੱਸ ਦਿਤੀ ਜਾਵੇਗੀ।

ਸ੍ਰੀ ਗਿਆਨ ਚੰਦ ਖਰਬੰਦਾ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ।

ਸ੍ਰੀ ਸਪੀਕਰ : ਇਹ ਤੁਸੀਂ ਕੁਐਸਚਨ ਆਵਰ ਤੋਂ ਬਾਦ ਕਰ ਲੈਣਾ। (I would request the hon. Member to rise on point of personal explanation after the Question Hour.)

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਨ੍ਹਾਂ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਇਨ੍ਹਾਂ ਦੇ ਖਿਆਲ ਮੁਤਾਬਿਕ ਗੌਰਮੈਂਟ ਦੀ ਪਹਿਲਾਂ ਆਗਿਆ ਲੈਣੀ ਜ਼ਰੂਰੀ ਸੀ ਪਰ ਇਨ੍ਹਾਂ ਨੇ ਨੋਟਿਸ ਨਾਲ ਹੀ ਇਹ ਕੰਮ ਸਾਰ ਲਿਆ ਹੈ ਅਤੇ ਪੰਜਾਬ ਗੌਰਮੈਂਟ ਨੂੰ ਇਕ ਸਬਾਰਡੀਨੇਟ

ਬਾਡੀ ਵਾਂਗ ਟਰੀਟ ਕੀਤਾ ਹੈ ਜਿਹੜਾ ਕਿ ਲੀਗਲ ਨਹੀਂ ਸੀ ਤਾਂ ਕੀ ਸਰਕਾਰ ਇਸ ਨੂੰ ਠੀਕ ਕਰਨ ਲਈ ਕੋਈ ਬੈਕ ਗੀਅਰ ਲਾਵੇਗੀ ? ਦੂਜਾ ਇਹ ਕਿ ਜਿਹੜੀ ਪਰਾਪਰਟੀ ਟ੍ਰਾਂਸਫਰ ਕੀਤੀ ਗਈ ਉਸ ਦੀ ਕੀਮਤ 15 ਗੁਣਾਂ ਜ਼ਿਆਦਾ ਸੀ ਜਿਵੇਂ ਕਿ ਰਿਪੋਰਟ ਵਿਚ ਦਸਿਆ ਗਿਆ ਹੈ ਤਾਂ ਕੀ ਮਨਕੂਲਾ ਜਾਇਦਾਦ ਦੀ ਕੀਮਤ ਵੀ ਗੈਰ ਮਨਕੂਲਾ ਜਾਇਦਾਦ ਵਾਂਗ ਹੀ ਲਗਾ ਕੇ ਦਿਤੀ ਗਈ ਅਤੇ ਤੀਜਾ ਇਹ ਕਿ ਬੋਰਡ ਦੇ ਡਾਇਰੈਕਟਰ ਅਤੇ ਖਾਦੀ ਸੇਵਾ ਸੰਘ ਦੇ ਕਿਹੜੇ ਕਿਹੜੇ ਮੈਂਬਰ ਹਨ ਅਤੇ ਕਿੰਨੇ ਦੋਹਾਂ ਵਿਚ ਕਾਮਨ ਹਨ ?

ਰਾਜ ਮੰਤਰੀ : ਸਰਕਾਰ ਦੇ ਐਕਸ਼ਨ ਲੈਣ ਦਾ ਸਵਾਲ ਤਾਂ ਪੈਦਾ ਹੋਵੇਗਾ ਜਦ ਕਿ ਸਾਰੇ ਫੈਕਟਸ ਸਾਹਮਣੇ ਆ ਜਾਣ । ਜ਼ਾਹਿਰ ਇਹ ਹੁੰਦਾ ਹੈ ਕਿ ਆਲ ਇੰਡੀਆ ਖਾਦੀ ਇਨਡਸਟਰੀ ਕਮਿਸ਼ਨ ਨੇ ਚਿੱਠੀ ਲਿਖੀ ਬੋਰਡ ਨੂੰ ਕਿ ਇਹ ਸੈਂਟਰ ਬੰਦ ਕਰ ਦਿਤਾ ਜਾਵੇ ਅਤੇ ਬੋਰਡ ਨੇ ਪੰਜਾਬ ਸਰਕਾਰ ਦੀ ਮਨਜ਼ੂਰੀ ਤੋਂ ਬਿਨਾ ਹੀ ਐਕਸ਼ਨ ਲੈ ਲਿਆ ਅਤੇ ਪਰਾਪਰਟੀ ਖਾਦੀ ਸੇਵਾ ਸੰਘ ਨੂੰ ਟ੍ਰਾਂਸਫਰ ਕਰ ਦਿਤੀ । ਜਿਥੇ ਤਕ ਬੋਰਡ ਦੇ ਮੈਂਬਰਾਂ ਦਾ ਸਬੰਧ ਹੈ ਉਹ ਮੈਂਬਰ ਦੋਵੇਂ ਪਾਸੇ ਸਨ ਬੋਰਡ ਦੇ ਮੈਂਬਰਾਂ ਵਿਚ ਇਕ ਪਾਸੇ ਸ੍ਰੀ ਪ੍ਰਿਥਵੀ ਸਿੰਘ ਆਜ਼ਾਦ ਬੋਰਡ ਦੇ ਮੀਤ ਪਰਧਾਨ ਸਨ ਅਤੇ ਖਾਦੀ ਸੇਵਾ ਸੰਘ ਦੇ ਪਰਧਾਨ ਸਨ । ਅਸੈਟਸ ਦੀ ਬੁਕ ਵੈਲਯੂ ਵਿਚ ਕਾਫ਼ੀ ਫ਼ਰਕ ਹੈ ਅਤੇ ਇਸ ਰਕਮ ਦੀ ਵੀ ਪੇਮੈਂਟ ਬੋਰਡ ਨੂੰ ਨਹੀਂ ਕੀਤੀ ਗਈ । ਇਸ ਵਿਚ ਕੋਈ ਗੋਲ ਮਾਲ ਦਿਸਦਾ ਹੈ ਪਰ ਪੜਤਾਲ ਕਰ ਕੇ ਹੀ ਕੋਈ ਗੱਲ ਕਹੀ ਜਾ ਸਕਦੀ ਹੈ ਜੇਕਰ ਇਹ ਗਲ ਬਣਦੀ ਦਿਸੀ ਤਾਂ ਜੋ ਐਕਸ਼ਨ ਲਿਆ ਜਾ ਸਕਿਆ, ਲਿਆ ਜਾਵੇਗਾ ।

ਸ੍ਰੀ ਬਲਰਾਮ ਦਾਸ ਟੰਡਨ : ਕੀ ਵਜ਼ੀਰ ਸਾਹਿਬ ਦਸਣਗੇ ਕਿ ਬੋਰਡ ਅਤੇ ਖਾਦੀ ਸੰਘ ਵਿਚ ਦੋਹਾਂ ਤਰਫ ਕਿਹੜੇ ਕਿਹੜੇ ਮੈਂਬਰ ਕਾਮਨ ਸਨ ਉਨ੍ਹਾਂ ਸ਼ਖਸੀਅਤਾਂ ਦੇ ਨਾਮ ਕੀ ਹਨ ?

ਰਾਜ ਮੰਤਰੀ : ਇਕ ਤਾਂ ਪਹਿਲਾਂ ਹੀ ਦਸਿਆ ਹੈ ਕਿ ਆਜ਼ਾਦ ਸਾਹਿਬ ਦਾ ਨਾਮ ਦੋਹਾਂ ਪਾਸਿਆਂ ਤੇ ਹੈ ਅਤੇ ਦੂਜੇ ਪੀ. ਸੀ. ਨੇਯਰ ਹਨ ਜਿਹੜੇ ਮੈਂਬਰ ਅਤੇ ਸੈਕਟਰੀ ਸਨ ਤੀਜੇ ਤ੍ਰਿਖਾ ਸਾਹਿਬ ਹਨ ਅਤੇ ਫਿਰ ਸੋਮ ਦਤ ਜੀ ਅਤੇ ਸ੍ਰੀ ਹਰੀ ਰਾਮ ਹਨ ਇਹ ਬੋਰਡ ਦੇ ਹਨ ਇਨ੍ਹਾਂ ਵਿਚ ਸੰਘ ਦੇ ਕਾਮਨ ਹਨ ਆਜ਼ਾਦ ਸਾਹਿਬ ਜਿਹੜੇ ਕਿ ਵਾਇਸ ਚੇਅਰਮੈਨ ਸੀ ਅਤੇ ਸੈਕਟਰੀ ਪੀ. ਸੀ. ਨੇਯਰ ਸਨ ।

ਸਰਦਾਰ ਰਾਜਾ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਨ੍ਹਾਂ ਨੇ ਜਿਹੜੀ ਰਿਪੋਰਟ ਸਦਨ ਦੀ ਮੇਜ਼ ਤੇ ਰਖੀ ਹੈ ਇਸ ਵਿਚ ਲਿਖਿਆ ਹੋਇਆ ਹੈ ਕਿ ਜਿਹੜੀ ਮੂਵੇਬਲ ਪਰਾਪਰਟੀ ਸੀ ਹੈਂਡ ਸਪਿਨ ਅਤੇ ਹੈਂਡ ਵੀਵਨ ਸਟਾਕ ਦੀ ਉਸ ਨੂੰ 3 ਲੱਖ 69 ਹਜ਼ਾਰ 832 ਰੁਪਏ ਰਖਿਆ ਗਿਆ ਹੈ ਕੀ ਇਸ ਵੈਲਯੂ ਨੂੰ ਅਸੈਸ ਕਰਨ ਲਈ ਕੋਈ ਟੈਕਨੀਕਲ ਐਕਸਪਰਟ ਦੀ ਕਮੇਟੀ ਬਿਠਾਈ ਗਈ ਸੀ ਜਾਂ ਘਰ ਵਿਚ ਹੀ ਬੈਠ ਕੇ ਹੇਰਾ ਫੇਰੀ ਕਰ ਲਈ ਗਈ ਸੀ ?

ਰਾਜ ਮੰਤਰੀ : ਇਸ ਦੇ ਮੁਤਅੱਲਕ ਮੈਂ ਅਰਜ਼ ਕਰ ਦੇਵਾਂ ਕਿ ਸਾਡੇ ਪਾਸ ਰੀਕਾਰਡ ਮੌਜੂਦ ਹੈ ਜਿਸ ਤੋਂ ਸਿਧ ਹੁੰਦਾ ਹੈ ਕਿ ਚੇਅਰਮੈਨ ਦਾ ਕਾਫ਼ੀ ਇਖਤਲਾਫ਼ ਸੀ । ਉਸ ਨੇ ਚਾਰਜਜ਼ ਲਗਾਏ ਅਤੇ ਕਾਉਂਟਰ ਚਾਰਜਜ਼ ਵੀ ਹੋਏ । ਕਈ ਮੈਂਬਰ ਸਾਹਿਬਾਨ ਨੇ ਵੀ ਬੋਰਡ ਦੇ ਚੇਅਰਮੈਨ ਦੇ ਖਿਲਾਫ਼ ਚਾਰਜਜ਼ ਲਗਾਏ ਹਨ । ਇਹਦੇ ਮੁਤਾਬਿਕ ਸਾਰੀ ਇਨਕੁਆਇਰੀ ਕਰ ਕੇ ਜਿਸ ਦੀ ਵੀ ਗ਼ਲਤੀ ਹੋਵੇਗੀ ਉਸ ਦੇ ਖਿਲਾਫ਼ ਐਕਸ਼ਨ ਲਵਾਂਗੇ ।

ਸਿਰਦਾਰ ਕਪੂਰ ਸਿੰਘ : ਇਥੇ ਜਿਨ੍ਹਾਂ ਸੱਜਨਾਂ ਦੇ ਨਾਉਂ ਲਏ ਗਏ ਹਨ ਇਨ੍ਹਾਂ ਵਿਚ ਸਿਖ ਇਕ ਵੀ ਨਹੀਂ ਹੈ । ਇਹ ਵਿਤਕਰਾ ਕਿਉਂ ਕੀਤਾ ਗਿਆ ਹੈ ? (ਹਾਸਾ)

ਸ੍ਰੀ ਮਨਮੋਹਨ ਕਾਲੀਆ : ਜਦੋਂ ਕੋਈ ਮੂਵਏਬਲ ਪਰਾਪਰਟੀ ਦਾ ਕੇਸ ਬਣਦਾ ਹੈ ਉਹ ਪ੍ਰਾਇਰ ਟੂ ਦੀ ਅਪਰੂਵਲ ਆਫ਼ ਦੀ ਗਵਰਨਮੈਂਟ ਕੇਸ ਨਹੀਂ ਬਣ ਸਕਦਾ । ਇਸ ਲਈ ਜਦੋਂ ਤੱਕ ਕੇਸ ਦੀ ਮੁਕੰਮਲ ਇਨਕੁਆਇਰੀ ਹੋ ਕੇ ਨਹੀਂ ਆ ਜਾਂਦੀ ਉਤਨਾ ਚਿਰ ਕੇਸ ਨਹੀਂ ਬਣਾਇਆ ਜਾਣਾ ਚਾਹੀਦਾ ।

ਰਾਜ ਮੰਤਰੀ : ਇਸ ਦੇ ਮੁਤਅੱਲਕ ਸਰਕਾਰ ਦੇ ਪਾਸ ਫਾਈਲ ਆ ਚੁਕੀ ਹੈ, ਸਾਰਾ ਕੁਝ ਸਟੱਡੀ ਕਰ ਕੇ ਹੀ ਐਕਸ਼ਨ ਲਵਾਂਗੇ ।

ਸਰਦਾਰ ਕਿਰਪਾਲ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਖਾਦੀ ਸੇਵਾ ਸੰਘ ਅਤੇ ਖਾਦੀ ਇੰਡਸਟਰੀ ਬੋਰਡ ਦੇ ਦਰਮਿਆਨ ਮੁਆਹਦਾ ਹੋਇਆ, ਉਹ ਗਵਰਨਮੈਂਟ ਆਫ਼ ਇੰਡੀਆ ਦੇ ਕੋਲ ਹੈ ਜਾਂ ਪੰਜਾਬ ਸਰਕਾਰ ਪਾਸ ਹੈ ?

ਰਾਜ ਮੰਤਰੀ : ਇਹਦੇ ਲਈ ਜੇਕਰ ਨੋਟਿਸ ਦੇ ਦਿਉਗੇ ਕਾਪੀ ਮੰਗਵਾ ਦੇਵਾਂਗੇ ?

IRON, STEEL AND TIN QUOTA.

*2384. **Sardar Kirpal Singh** : Will the Chief Minister be pleased to state :

(a) whether it is a fact that in accordance with the policy adopted by the Government quotas of iron, steel and tin are given only to recognised industrial associations;

(b) the arrangements made by the Government to give requisite quota of iron, steel or tin to those industrialists who are members of any such associations ?

Sardar Teja Singh (State Minister for Industries) : (a) No. Non-recognised Associations also get the quota. Tin being an imported item no material is received by Govt. for distribution.

(b) No rigid policy has been adopted while making allocation between recognized and non-recognized Associations. The raw material of Iron and Steel is allocated in the entire State through the Associations.

[(ੳ) ਨਹੀਂ ਜੀ । ਕੋਈ ਵੀ ਮਨਜ਼ੂਰ ਸ਼ੁਦਾ ਸੰਸਥਾ ਵੀ ਕੋਟਾ ਪ੍ਰਾਪਤ ਨਹੀਂ ਕਰਦੀ । ਟਿੰਨ ਬਾਹਰੋਂ ਆਉਣ ਵਾਲਾ ਮਦ ਹੋਣ ਕਾਰਣ ਸਰਕਾਰ ਨੂੰ ਕੋਈ ਵੀ ਮਾਦਾ ਵੰਡਣ ਲਈ ਨਹੀਂ ਮਿਲਦਾ ।

(ਅ) ਮੰਨਜ਼ੂਰ ਸ਼ੁਦਾ ਅਤੇ ਨਾ ਮਨਜ਼ੂਰ ਸ਼ੁਦਾ ਸੰਸਥਾਵਾਂ ਵਿਚ ਵੰਡ ਕਰਦੇ ਸਮੇਂ ਕੋਈ ਠੋਸ ਨੀਤੀ ਨਹੀਂ ਅਪਨਾਈ ਹੋਈ ਹੈ । ਲੋਹੇ ਅਤੇ ਸਟੀਲ ਦਾ ਕੱਚਾ ਮਾਦਾ ਸਾਰੇ ਰਾਜ ਵਿਚ ਸੰਸਥਾਵਾਂ ਦੇ ਰਾਹੀਂ ਵੰਡਿਆ ਜਾਂਦਾ ਹੈ ।]

ਸਰਦਾਰ ਕਿਰਪਾਲ ਸਿੰਘ : ਕੀ ਵਜ਼ੀਰ ਸਾਹਿਬ ਇਹ ਦਸਣਗੇ ਕਿ ਜਿਹੜੇ ਲੋਕ ਸਨਅਤ ਕਾਰੀ ਸੰਸਥਾਵਾਂ ਦੇ ਮੈਂਬਰ ਨਹੀਂ ਹਨ, ਉਹ ਆਪਣੀਆਂ ਲੋੜਾਂ ਕਿਵੇਂ ਪੂਰੀਆਂ ਕਰਦੇ ਹਨ ?

ਰਾਜ ਮੰਤਰੀ : ਇਸ ਦੇ ਮੁਤਾਲਿਕ ਇੰਡਸਟਰੀ ਡੀਪਾਰਟਮੈਂਟ ਨੇ ਕੁਝ ਇਨਸਟਰਕਸ਼ਨਜ਼ ਜਾਰੀ ਕੀਤੀਆਂ ਹੋਈਆਂ ਹਨ ਕਿ ਜਿਹੜੀਆਂ ਮਨਜ਼ੂਰ ਸ਼ੁਦਾ ਸੰਸਥਾਵਾਂ ਦੇ ਮੈਂਬਰ ਨਹੀਂ ਹਨ

ਉਨ੍ਹਾਂ ਦੀ ਰਿਕੁਆਇਰਮੈਂਟ 80% ਤੱਕ ਡਾਇਰੈਕਟਰ ਆਪਣੀਆਂ ਡਿਸਕ੍ਰੀਸ਼ਨ ਵਰਤਦਾ ਹੋਇਆ ਪੂਰੀਆਂ ਕਰੇ।

ਸਰਦਾਰ ਸਰੂਪ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੀਆਂ ਸੰਸਥਾਵਾਂ ਦੇ ਮੈਂਬਰਾਂ ਕੋਲ ਕੰਟਰੋਲਰ ਆਫ਼ ਸਟੋਰਜ਼ ਦੇ ਆਰਡਰ ਹਨ ਕੀ ਉਨ੍ਹਾਂ ਨੂੰ ਉਸ ਵੰਡ ਵਿਚੋਂ ਕੋਈ ਪ੍ਰੈਫਰੈਂਸ ਦਿੱਤੀ ਜਾਵੇਗੀ ?

ਰਾਜ ਮੰਤਰੀ : ਅਗੇ ਇਕ ਟਨ ਪਰ ਯੂਨਿਟ ਦੇ ਹਿਸਾਬ ਨਾਲ ਦਿੱਤਾ ਜਾਂਦਾ ਸੀ ਐਗਰੀਕਲਚਰਲ ਯੂਨਿਟਸ ਨੂੰ 6 ਟਨ ਕੁਲ 7 ਟਨ ਦਿੱਤਾ ਜਾਂਦਾ ਸੀ। ਇਸ ਵਿਚ ਇਹ ਹੁੰਦਾ ਸੀ ਜਿਹੜੇ ਮਾਲ ਐਕਸਪੋਰਟ ਕਰਦੇ ਸਨ ਉਨ੍ਹਾਂ ਐਸੋਸੀਏਸ਼ਨਜ਼ ਦਾ ਮਾਲ ਅਸੈਸ ਨਹੀਂ ਕੀਤਾ ਜਾ ਸਕਦਾ ਸੀ। ਹੁਣ ਚਾਹੇ ਕੋਈ ਐਕਸਪੋਰਟ ਕਰਦਾ ਹੈ ਜਾਂ ਨਹੀਂ। ਪਰ ਯੂਨਿਟ ਇਕ ਟਨ ਕਰ ਦਿੱਤਾ ਗਿਆ ਹੈ।

ਸਰਦਾਰ ਕਿਰਪਾਲ ਸਿੰਘ : ਜਿਹੜੇ ਨਵੇਂ ਮੈਂਬਰ ਬਣਦੇ ਹਨ, ਅਜੇ ਐਸੋਸੀਏਸ਼ਨ ਵਿਚ ਨਹੀਂ ਆਏ ਹੁੰਦੇ, ਕੀ ਸਰਕਾਰ ਦੀਆਂ ਉਨ੍ਹਾਂ ਦੇ ਲਈ ਰਿਜ਼ਰਵ ਕੋਟੇ ਵਿਚੋਂ ਲੋਹਾ ਆਦਿ ਦੇਣ ਦੀਆਂ ਹਦਾਇਤਾਂ ਹਨ ?

ਰਾਜ ਮੰਤਰੀ : ਹਰ ਸ਼ਹਿਰ ਦੇ ਵਿਚ ਐਸੋਸੀਏਸ਼ਨਜ਼ ਮੌਜੂਦ ਹਨ, ਹਰ ਕੋਈ ਉਨ੍ਹਾਂ ਦਾ ਮੈਂਬਰ ਬਣ ਸਕਦਾ ਹੈ। 2, 4, 5, 10 ਬੰਦੇ ਇਕਠੇ ਹੋ ਕੇ ਐਸੋਸੀਏਸ਼ਨ ਬਣਾ ਸਕਦੇ ਹਨ, ਇਸੇ ਤਰ੍ਹਾਂ ਹੀ ਉਹ ਕੋਟੇ ਦੇ ਵੀ ਹਿਸੇਦਾਰ ਬਣ ਸਕਦੇ ਹਨ। ਮੇਨ ਗਲ ਇਹ ਹੈ ਕਿ ਕੋਟਾ ਐਸੋਸੀਏਸ਼ਨ ਰਾਹੀਂ ਹੀ ਦੇਣਾ ਹੈ। ਸਾਡਾ ਵਿਚਾਰ ਇਹ ਹੈ ਕਿ ਜੇ ਇਹ ਐਸੋਸੀਏਸ਼ਨਜ਼ ਰਲ ਕੇ ਜ਼ਿਲਾ ਪੱਧਰ ਤੇ ਕੋਈ ਫ਼ੈਡਰੇਸ਼ਨ ਬਣਾ ਲੈਣ, ਇਸ ਤਰ੍ਹਾਂ ਅਸੀਂ ਡਿਸਟ੍ਰਿਕਟ ਯੂਨਟਾਂ ਨੂੰ ਸਾਰੇ ਕੋਟੇ ਦਾ ਹਿੱਸਾ ਦੇ ਦਿਆ ਕਰਾਂਗੇ ਉਹ ਫਰਦਰ ਡੀਵੀਜ਼ਨ ਕਰ ਲਿਆ ਕਰਨ। ਅਸੀਂ ਕਿਸੇ ਇੰਡੀਵਿਜੁਅਲ ਨੂੰ ਨਹੀਂ ਦੇਣਾ ਇਹ ਅਸੀਂ ਐਸੋਸੀਏਸ਼ਨ ਰਾਹੀਂ ਦੇਣਾ ਹੈ।

ਸ਼੍ਰੀ ਗੁਰਦਿਆਲ ਸੈਣੀ : ਜਿਨ੍ਹਾਂ ਐਸੋਸੀਏਸ਼ਨਜ਼ ਨੂੰ ਕੋਟਾ ਮਿਲਦਾ ਹੈ ਉਹ ਤਾਂ ਮਿਲਦਾ ਹੈ ਜੇ ਡਿਸਟ੍ਰਿਕਟ ਇੰਡਸਟਰੀ ਆਫੀਸਰ ਰੀਕੂਮੈਂਡ ਕਰੇ। ਜਿਥੇ ਇਹ ਰੀਕੁਮੈਂਡ ਨਹੀਂ ਹੁੰਦਾ ਉਥੇ ਤੁਸੀ ਕੀ ਕਰਦੇ ਹੋ ?

ਰਾਜ ਮੰਤਰੀ : ਮੈਂ ਕਿਸੇ ਨੂੰ ਡਾਇਰੈਕਟ ਨਹੀਂ ਦੇਂਦਾ। ਇਹ ਤਾਂ ਪਹਿਲਾਂ ਡਿਸਟ੍ਰਿਕਟ ਆਫੀਸਰ ਰਿਕੁਮੈਂਡ ਕਰਦਾ ਹੈ, ਡਾਇਰੈਕਟਰ ਫਰਦਰ ਐਕਸ਼ਨ ਲੈਂਦਾ ਹੈ ਤਾਂ ਸਟੀਲ ਆਦਿ ਦਾ ਕੋਟਾ ਦਿੱਤਾ ਜਾਂਦਾ ਹੈ।

ਸਰਦਾਰ ਗੁਰਬੰਤਾ ਸਿੰਘ : ਕੀ ਕੋਈ ਐਸੀ ਇੰਡਸਟਰੀ ਵੀ ਹੈ ਜਿਸ ਦਾ ਹੈਡਕੁਆਟਰ ਆਗਰੇ ਹੈ ਅਤੇ ਉਸ ਨੂੰ ਭਾਰੀ ਮਿਕਦਾਰ ਵਿਚ ਲੋਹੇ ਆਦਿ ਦਾ ਕੋਟਾ ਦਿੱਤਾ ਜਾਂਦਾ ਹੈ ?

ਰਾਜ ਮੰਤਰੀ : ਜੀ ਹਾਂ ਹੈ, ਇਨ੍ਹਾਂ ਨੂੰ ਅਸੀਂ ਕੋਟਾ ਦੇਣਾ ਬੰਦ ਕਰ ਦਿਤਾ ਸੀ ਪਰ ਫੇਰ ਇਨ੍ਹਾਂ ਨੇ ਹਾਈਕੋਰਟ ਵਿਚੋਂ ਸਟੇ ਆਰਡਰ ਲੈ ਆਂਦਾ ਜਿਸ ਕਰ ਕੇ ਅਸੀਂ ਬੇਬਸ ਹੋ ਗਏ।

ਇਸ ਦੇ ਨਾਲ ਹੀ ਇਕ ਗੱਲ ਮੈਂ ਹੋਰ ਅਰਜ਼ ਕਰ ਦਿਆਂ ਕਿ ਅਸੀਂ ਹੁਣ ਇਸ ਤਰ੍ਹਾਂ ਦਾ ਕੰਮ ਵੀ ਕਰ ਰਹੇ ਹਾਂ ਕਿ ਜੇ ਇਕ ਯੂਨਿਟ 50 ਟਨ ਕਨਜ਼ਿਊਮ ਕਰਦੀ ਹੈ ਪਰ ਉਸ ਦੇ ਹਿੱਸੇ ਵਿਚ 25 ਟਨ ਆਉਣਾ ਹੈ ਤਾਂ ਉਹ ਸੈਂਟਰਲ ਡਾਇਰੈਕਟੋਰੇਟ ਨਾਲ ਮਿਲ ਕੇ (ਆਈ. ਐਸ. ਆਈ.) ਡਾਇਰੈਕਟਲੀ ਬਾਕੀ ਦਾ ਹਿੱਸਾ ਵੀ ਲੈ ਸਕਦੀ ਹੈ। ਜਿਸ ਦੀ ਕੋਈ ਗ਼ਲਤ ਅਸੈਸਮੈਂਟ ਹੋਵੇਗੀ ਤਾਂ ਇਸ ਦਾ ਹਲ ਡਾਇਰੈਕਟਰ ਕਰੇਗਾ। ਐਸੋਸੀਏਸ਼ਨਜ਼ ਨੂੰ ਜਿਸ ਤਰ੍ਹਾਂ ਵੀ ਮਾਲ ਆਵੇਗਾ ਦਿੱਤਾ ਜਾਇਆ

[ਰਾਜ ਮੰਤਰੀ ਉਦਯੋਗ]

ਕਰੇਗਾ ਅਗੇ ਨੂੰ ਮਾਲ ਦੇਣ ਲਈ ਡਾਇਰੈਕਟਰ ਦੀ ਡਿਸਕ੍ਰੀਸ਼ਨ ਵੀ ਨਹੀਂ ਰਹਿਣੀ । ਅਸੀ ਇਸੇ ਲਈ ਇਸ ਨੂੰ ਵਾਈਡ ਪਬਲਿਸਿਟੀ ਦਿੱਤੀ ਹੈ ਤਾਂ ਜੋ ਅਸੈਸਮੈਂਟ ਦਾ ਪਤਾ ਕੀਤਾ ਜਾ ਸਕੇ ।

CANDIDATES RECOMMENDED BY EMPLOYMENT EXCHANGES.

*2066. **Comrade Satya Pal Dang**: Will the Chief Minister be pleased to state :

(a) the basis and criteria according to which candidates are selected by the Employment Exchanges out of those possessing the requisite mininum qualifications, registered with the exchanges, for sending names to the prospective employers for being interviewed etc;

(b) whether it has come to his notice that various Departments of the Government send the names of those officials working on 6 months basis to the Employment Exchanges for sponsoring the same names again as a matter of rou ine so that they can be reappointed after some gap in the service which is often of one day only; if so, the reasons for adopting such practice ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੲ) ਜੋ ਪ੍ਰਾਰਥੀ ਨਿਯੋਜਕ ਵਲੋਂ ਨਿਯਤ ਕੀਤੀ ਹੋਈ ਘੱਟ ਤੋਂ ਘੱਟ ਯੋਗਤਾ ਰਖਦੇ ਹਨ ਰੋਜ਼ਗਾਰ ਦਫ਼ਤਰ ਉਹਨਾਂ ਵਿਚੋਂ ਰਜਿਸਟਰੇਸ਼ਨ ਸੀਨੀਆਰਤਾ ਦੇ ਆਧਾਰ ਤੇ ਚੋਣ ਕਰਦਾ ਹੈ ।

(ਬੀ) ਸਿਰਫ ਅਧਿਆਪਕਾਂ ਦੇ ਕੇਸ ਵਿਚ ਹੀ ਚਾਲੂ ਵਿਦਿਅਕ ਸੈਸ਼ਨ ਦੌਰਾਨ ਜ਼ਿਲਾ ਆਰਜ਼ੀ ਨਿਯੁਕਤ ਅਧਿਆਪਕਾ ਦੀ ਸਿਖਿਆ ਵਿਭਾਗ 6 ਮਹੀਨੇ ਦੀ ਮਿਆਦ ਸਮਾਪਤ ਹੋਣ ਉਪਰੰਤ ਸੇਵਾਵਾਂ ਭੰਗ ਕਰ ਦਿੰਦਾ ਹੈ ਅਤੇ ਉਹਨਾਂ ਦੇ ਨਾਉਂ ਭੇਜਣ ਦੀ ਲਿਖਤੀ ਸਿਫਾਰਸ਼ ਕਰਦਾ ਹੈ ਉਹਨਾਂ ਪ੍ਰਾਰਥੀਆਂ ਨੂੰ ਦੁਬਾਰਾ ਨਿਯੁਕਤੀ ਲਈ ਰੋਜ਼ਗਾਰ ਦਫਤਰ ਵਲੋਂ ਭੇਜਿਆ ਜਾਂਦਾ ਹੈ ਕਿਉਂਕਿ ਨਿਯਮਾਂ ਅਨੁਸਾਰ ਉਹਨਾਂ ਦੀ ਪੁਰਾਣੀ ਸੀਨੀਆਰਤਾ ਉਸੇ ਤਰ੍ਹਾਂ ਕਾਇਮ ਰਹਿੰਦੀ ਹੈ । ਇਹ ਵਿਧੀ ਇਸ ਕਰ ਕੇ ਅਪਨਾਈ ਗਈ ਹੈ ਕਿ 6 ਮਹੀਨੇ ਦੀ ਸਮਾਪਤੀ ਉਪਰੰਤ ਨਵੇਂ ਅਧਿਆਪਕਾਂ ਦੀ ਨਿਯੁਕਤੀ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਹਰਜਾ ਨਾ ਹੋਵੇ ।

ਕਾਮਰੇਡ ਸੱਤ ਪਾਲ ਡਾਂਗ : ਕੀ ਚੀਫ ਮਨਿਸਟਰ ਸਾਹਿਬ ਦਸਣਗੇ ਕਿ ਜਦੋਂ ਕੁਰਪਸ਼ਨ ਹੋਣ ਦੀਆਂ ਸਰਕਾਰ ਦੇ ਪਾਸ ਕਾਫ਼ੀ ਸ਼ਕਾਇਤਾਂ ਹਨ ਤਾਂ ਇਸ ਦਾ ਇਲਾਜ ਸਰਕਾਰ ਕਿਉਂ ਨਹੀਂ ਕਰਦੀ ? ਇਹ ਆਮ ਸ਼ਕਾਇਤ ਹੈ ਕਿ ਜਦੋਂ ਵੀ ਐਮਪਲਾਇਮੈਂਟ ਐਕਸਚੇਂਜ ਦੇ ਪਾਸ ਕੋਈ ਡੀਮਾਂਡ ਆਉਂਦੀ ਹੈ ਤਾਂ ਉਨ੍ਹਾਂ ਨੂੰ ਮਿਨਿਮੱਮ ਕੁਆਲਾਫੀਕੇਸ਼ਨ ਦੇ ਕੈਂਡੀਡੇਟਸ ਨੂੰ ਡੀਪਾਰਟਮੈਂਟ ਵਿਚ ਇੰਟਰਵਿਊ ਜਾ ਕੇ ਦੇਣ ਲਈ ਕਿਉਂ ਚਿਠੀ ਨਹੀਂ ਲਿਖਦੀ ਸਗੋਂ ਖੁਦ ਇੰਟਰਵੀਊ ਕਰਦੇ ਹਨ । ਕੀ ਇਸ ਤਰੀਕੇ ਨਾਲ ਅਨ-ਨਸੈਸਰੀਲੀ ਕੁਰਪਸ਼ਨ ਨਹੀਂ ਆਉਂਦੀ ?

ਮੁੱਖ ਮੰਤਰੀ : ਸਾਡੇ ਪਾਸੋਂ ਤਾਂ ਸੀਨੀਆਰਤਾ ਦੇ ਹਿਸਾਬ ਨਾਲ ਹੀ ਨਾਉਂ ਭੇਜੇ ਜਾਂਦੇ ਹਨ ।

ਕਾਮਰੇਡ ਸਤਪਾਲ ਡਾਂਗ : ਮੈਂ ਤਾਂ ਇਹ ਪੁੱਛਦਾ ਹਾਂ ਕਿ ਉਹ ਖੁਦ ਕਿਉਂ ਇੰਟਰਵਿਊ ਕਰਦੇ ਹਨ ?

ਮੁੱਖ ਮੰਤਰੀ : ਦਰ-ਅਸਲ ਗੱਲ ਇਹ ਹੈ ਕਿ ਸੀਲੈਕਸ਼ਨ ਵੇਲੇ ਤਿੰਨ ਚਾਰ ਚੀਜ਼ਾਂ ਵੇਖਣੀਆਂ ਪੈਂਦੀਆਂ ਹਨ । ਇਕ ਤਾਂ ਇਹ ਕਿ ਕੀ ਪ੍ਰਾਰਥੀ ਨਿਯਤ ਯੋਗਤਾਵਾਂ ਪੂਰੀਆਂ ਕਰਦਾ ਹੈ ? ਦੂਸਰੇ ਇਹ ਕਿ ਕੀ ਪ੍ਰਾਰਥੀ ਐਮਪਲਾਇਰ ਵਲੋਂ ਨਿਯਤ ਕੀਤੀ ਕਾਰਜ-ਯੋਗਤਾ ਰਖਦਾ ਹੈ ਅਤੇ ਉਸ ਨੂੰ ਨਿਯੁਕਤੀ ਦੀਆਂ ਸ਼ਰਤਾਂ ਪਰਵਾਨ ਹਨ । ਇਹ ਭੀ ਦੇਖਿਆ ਜਾਂਦਾ ਹੈ ਕਿ ਪ੍ਰਾਰਥੀ ਨੂੰ ਤਨਖਾਹ ਦੀ ਪੇਸ਼ਕਸ਼ ਅਤੇ ਹੋਰ ਨਿਸ਼ਚਿਤ ਸ਼ਰਤਾਂ ਆਦਿ ਪਰਵਾਨ ਹਨ । ਜਿਹੜੇ ਪ੍ਰਾਰਥੀ ਯੋਗ ਵਿਸ਼ੇਸ਼ਤਾਵਾਂ ਪੂਰੀਆਂ ਨਹੀਂ ਕਰਦੇ ਉਨ੍ਹਾਂ ਨੂੰ ਚੋਣ ਸਮੇਂ ਛਡ ਦਿੱਤਾ ਜਾਂਦਾ ਹੈ ।

ਸ੍ਰੀ ਬਲਰਾਮ ਦਾਸ ਟੰਡਨ : ਜਦੋਂ ਪ੍ਰਾਰਥੀ ਦੀਆਂ ਕੁਆਲੀਫੀਕੇਸ਼ਨਾਂ ਦਰਜ ਹਨ, ਅਤੇ ਉਹ ਰੇਗੂਲਰ ਡੀਮਾਂਡ ਰਜਿਸਟਰ ਵਿਚ ਅੰਦਰਾਜ਼ ਹੋ ਚੁਕੀਆਂ ਹੁੰਦੀਆਂ ਹਨ ਤਾਂ ਉਸ ਨੂੰ ਕੈਂਡੀਡੇਟ ਤਸੱਵਰ ਕੀਤਾ ਜਾਂਦਾ ਹੈ, ਫੇਰ ਯੋਗਤਾਵਾਂ ਵੇਖਣ ਦਾ ਕੀ ਕਾਰਣ ਹੈ ?

ਮੁੱਖ ਮੰਤਰੀ : ਕਈ ਦਫਾ ਐਸਾ ਹੁੰਦਾ ਹੈ ਕਿ ਕਈ ਵਾਰੀ ਐਸੀਆਂ ਜਗ੍ਹਾਂ ਤੇ ਪੋਸਟਾਂ ਖਾਲੀ ਹੁੰਦੀਆਂ ਹਨ ਜਿਥੇ ਪ੍ਰਾਰਥੀ ਜਾਣਾ ਨਹੀਂ ਚਾਹੁੰਦੇ । ਉਮੀਦਵਾਰਾਂ ਦਾ ਇੰਟਰਵੀਊ ਲੈ ਕੇ ਉਨ੍ਹਾਂ ਦੀ ਰਜ਼ਾਮੰਦੀ ਨਾਲ ਉਨ੍ਹਾਂ ਨੂੰ ਉਥੇ ਭੇਜਿਆ ਜਾਂਦਾ ਹੈ ਬਿਨਾਂ ਉਨ੍ਹਾਂ ਦੀ ਰਜ਼ਾਮੰਦੀ ਦੇ ਉਨ੍ਹਾਂ ਨੂੰ ਭੇਜਿਆ ਨਹੀਂ ਜਾ ਸਕਦਾ ।

ਕੈਪਟਨ ਰਤਨ ਸਿੰਘ : ਕੀ ਮੁੱਖ ਮੰਤਰੀ ਸਾਹਿਬ ਉਹ ਰੂਲ ਕੋਟ ਕਰਨਗੇ ਜਿਨ੍ਹਾਂ ਦੇ ਰਾਹੀਂ ਇੰਮਪਲਾਈਮੈਂਟ ਐਕਸਚੇਂਜ ਨੂੰ ਇਮਪਾਵਰ ਕੀਤਾ ਗਿਆ ਹੈ ਕਿ ਉਹ ਆਪ ਇੰਟਰਵਿਯੂ ਲੈਣ, ਕਿਉਂਕਿ ਉਨ੍ਹਾਂ ਦਾ ਕੰਮ ਤਾਂ ਕੇਵਲ ਨਾਂ ਰਜਿਸਟਰ ਕਰਨਾ ਹੈ । ਇੰਟਰਵਿਯੂ ਲੈਣਾ ਨਹੀਂ ਹੈ ।

ਮੁੱਖ ਮੰਤਰੀ : ਇੰਮਪਲਾਇਮੈਂਟ ਐਕਸਚੇਂਜ ਸਲੈਕਸ਼ਨ ਨਹੀਂ ਕਰਦਾ ਕੇਵਲ ਇਹ ਦੇਖਿਆ ਜਾਂਦਾ ਕਿ ਕਿਹੜਾ ਆਦਮੀ ਕਿਹੜੇ ਕੰਮ ਦੇ ਯੋਗ ਹੈ ਅਤੇ ਉਹ ਉਸ ਨੂੰ ਭੇਜ ਦਿੰਦੇ ਹਨ ।

ਸ੍ਰੀ ਗੁਰਦਿਆਲ ਸੈਣੀ : ਕੀ ਚੀਫ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਇਹ ਗੱਲ ਹੈ ਕਿ ਇਕ ਕਲਾਜ਼ ਹੈ ਜਨਰਲ ਵਕੈਂਸੀ । ਇਸ ਦਾ ਕੋਈ ਪਤਾ ਨਹੀਂ ਲਗਦਾ । ਇਕ ਅਠਵੀਂ ਪਾਸ ਹੋਵੇ ਤਾਂ ਵੀ ਅਤੇ ਜੇ ਕੋਈ ਬੀ. ਏ. ਐਮ. ਏ. ਪਾਸ ਹੋਵੇ ਤਾਂ ਵੀ ਇਹੋ ਲਿਖਿਆ ਹੋਇਆ ਹੁੰਦਾ ਹੈ ਕਿ ਜਨਰਲ ਵਕੈਂਸੀ । ਕੀ ਮੁੱਖ ਮੰਤਰੀ ਸਾਹਿਬ ਇਸ ਨੂੰ ਖ਼ਤਮ ਕਰਨ ਤੇ ਵਿਚਾਰ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ ਮੈਂਬਰ ਸਾਹਿਬਾਨ ਨੇ ਜੋ ਸੁਜੇਸ਼ਨਜ਼ ਦਿਤੀਆਂ ਹਨ ਇਹ ਬਹੁਤ ਚੰਗੀਆਂ ਹਨ ਅਤੇ ਮੈਂ ਐਮਪਲਾਇਮੈਂਟ ਐਕਸਚੇਂਜ ਦੇ ਸਾਰੇ ਵਰਕਿੰਗ ਨੂੰ ਦੋਬਾਰਾ ਵੇਖਾਂਗਾ ਤਾਂ ਜੋ ਕੁਰਪਸ਼ਨ ਘਟ ਸਕੇ । (ਥੰਪਿੰਗ)

ਕਾਮਰੇਡ ਸੱਤਪਾਲ ਡਾਂਗ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਜੋ ਟੀਚਰ 6 ਮਹੀਨਿਆਂ ਦੀ ਸਰਵਿਸ ਪਿਛੋਂ ਇਕ ਦੋ ਦਿਨ ਦੀ ਬਰੇਕ ਪਾ ਕੇ ਫਿਰ ਰਖ ਲਏ ਜਾਂਦੇ ਹਨ ਅਤੇ ਉਨ੍ਹਾਂ ਦੀ ਬਰੇਕ ਦਾ ਸਿਵਾਏ ਕਾਗਜ਼ ਕਾਲੇ ਕਰਨ ਦੇ ਹੋਰ ਕੋਈ ਫਾਇਦਾ ਨਹੀਂ ਹੈ । ਕੀ ਉਨ੍ਹਾਂ ਦੀ ਸਰਵਿਸ ਕੰਟੀਨਿਯੂ ਰਖਣ ਲਈ ਵਿਚਾਰ ਕਰਨਗੇ ?

ਮੁੱਖ ਮੰਤਰੀ : ਉਨ੍ਹਾਂ ਦੀ ਸਰਵਿਸ ਐਡਹਾਕ ਤਰੀਕੇ ਨਾਲ ਹੁੰਦੀ ਹੈ, ਇਸ ਲਈ ਉਨ੍ਹਾਂ ਨੂੰ ਇਕ ਦੋ ਦਿਨ ਲਈ ਹਟਾਉਣਾ ਪੈਂਦਾ ਹੈ । ਪਰ ਇਸ ਨਾਲ ਉਨ੍ਹਾਂ ਨੂੰ ਕੋਈ ਤਕਲੀਫ ਨਹੀਂ ਹੁੰਦੀ ਉਨ੍ਹਾਂ ਨੂੰ ਫਿਰ ਰਖ ਲਿਆ ਜਾਂਦਾ ਹੈ ।

ਸ੍ਰੀ ਬਲਰਾਮ ਦਾਸ ਟੰਡਨ : ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਜੇ ਕੋਈ ਲਕੂਨਾ ਉਨ੍ਹਾਂ ਦੇ ਨੋਟਿਸ ਦੇ ਵਿਚ ਲਿਆਂਦਾ ਗਿਆ ਤਾਂ ਉਹ ਉਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨਗੇ

[ਸ਼੍ਰੀ ਬਲਰਾਮ ਦਾਸ ਟੰਡਨ]

ਤਾਂ ਕਿ ਐਂਮਪਲਾਇਮੇਂਟ ਐਕਸਚੇਂਜਾਂ ਦੇ ਵਿਚੋਂ ਕੁਰਪਸ਼ਨ ਖਤਮ ਕੀਤੀ ਜਾ ਸਕੇ ?

ਮੁੱਖ ਮੰਤਰੀ : ਸਪੀਕਰ ਸਾਹਿਬ ਮੈਂ ਪਹਿਲੇ ਵੀ ਕਹਿ ਚੁਕਾ ਹਾਂ ਕਿ ਜਿਹੜੀਆਂ ਸੁਜੈਸ਼ਨ ਮੈਂਬਰ ਸਾਹਿਬਾਨ ਨੇ ਦਿਤੀਆਂ ਹਨ ਉਨ੍ਹਾਂ ਨੂੰ ਸਾਹਮਣੇ ਰਖ ਕੇ ਮੈਂ ਇਨ੍ਹਾਂ ਦੇ ਵਰਕਿੰਗ ਤੇ ਮੁੜ ਕੇ ਵਿਚਾਰ ਕਰਾਂਗਾ। ਹੋਰ ਮੈਂਬਰ ਸਾਹਿਬਾਨ ਵੀ ਜੋ ਕੋਈ ਸੁਜੈਸ਼ਨ ਦੇਣਾ ਚਾਹੁਣ ਉਹ ਦੇ ਦੇਣ । ਉਨਾਂ ਸਭਨਾਂ ਨੂੰ ਧਿਆਨ ਦੇ ਵਿਚ ਰਖਿਆ ਜਾਵੇਗਾ। (ਤਾੜੀਆਂ)

CONSTRUCTION OF OVER BRIDGE ON AMRITSAR BATALA ROAD

*2100. **Shri Gian Chand Kharbanda** : Will the Minister for Irrigation and Power be pleased to state :

(a) whether any correspondence has passed or is going on between the Punjab Government and Northern Railway regarding (i) the construction of over bridge on Amritsar Batala road near Hussainpura Railway Crossing on Amritsar Jullundur Railway line (ii) the construction of Railway crossing on Amritsar Jullundur Railway line opposite Tehsilpura Amritsar to facilitate the residents of abadies of Sunder Nagar, Sawan Nagar etc. which have come up on the other side of Railway line, if so, with what results ?

(b) If the answer to part a) above be in the negative, whether there is any move on the part of the State Government to approach the Railway authorities for taking up the above mentioned projects ?

Sardar Randhir Singh Cheema (Minister of State for Animal Husbandry and Power) : (a) and (b) (i) Yes. The proposal for constructing over-bridge near Hussainpura Railway crossing is under correspondence with the Railway authorities.

(ii) There is no correspondence regarding Railway crossing opposite Tehsilpura. It is for the Municipal Committee Amritsar to take up the matter with Railway authorities as no regular P. W. D. road passes at this site.

[(ਏ ਅਤੇ ਬੀ) (i) ਹਾਂ, ਹੁਸੈਨਪੁਰਾ ਰੇਲਵੇ ਕਰਾਸਿੰਗ ਦੇ ਨਜ਼ਦੀਕ ਪੁਲ ਬਨਾਉਣ ਦੀ ਤਜ਼ਵੀਜ਼ ਬਾਰੇ ਰੇਲਵੇ ਅਧਿਕਾਰੀਆਂ ਨਾਲ ਲਿਖਾ ਪੜੀ ਚਲ ਰਹੀ ਹੈ ।

(ii) ਤਹਿਸੀਲਪੁਰਾ ਦੇ ਸਾਹਮਣੇ, ਅੰਮ੍ਰਿਤਸਰ ਜਲੰਧਰ ਰੇਲਵੇ ਲਾਈਨ ਉਤੇ, ਰੇਲਵੇ ਕਰਾਸਿੰਗ ਬਨਾਉਣ ਸਬੰਧੀ ਕੋਈ ਲਿਖਾ ਪੜ੍ਹੀ ਨਹੀਂ ਚਲ ਰਹੀ. ਕਿਉਂ ਕਿ ਇਸ ਜਗ੍ਹਾ ਤੋਂ ਕੋਈ ਲੋਕ ਨਿਰਮਾਣ ਵਿਭਾਗ ਦੀ ਸਿੱਧੀ ਸੜਕ ਨਹੀਂ ਲੰਘਦੀ, ਇਹ ਮਾਮਲਾ ਨਗਰ ਪਾਲਿਕਾ ਅੰਮ੍ਰਿਤਸਰ ਨੂੰ ਰੇਲਵੇ ਅਧਿਕਾਰੀਆਂ ਨਾਲ ਟੇਕ ਅੱਪ ਕਰਨਾ ਚਾਹੀਦਾ ਹੈ ।]

ਸ਼੍ਰੀ ਗਿਆਨ ਚੰਦ ਖਰਬੰਦਾ : ਕੀ ਮਨਿਸਟਰ ਸਾਹਿਬ ਦਸਣਗੇ ਕਿ ਹੁਸੈਨਪੁਰੇ ਦਾ ਜੋ ਰੇਲਵੇ ਪੁਲ ਹੈ ਉਸ ਦੀ ਸੈਂਕਸ਼ਨ ਕਦ ਤਕ ਮਿਲ ਜਾਵੇਗੀ ਕਿਉਂਕਿ ਉਥੇ ਦੇ ਟਰੈਫਿਕ ਦੇ ਨਾਲ

ਪਬਲਿਕ ਨੂੰ ਬੜੀ ਤਕਲੀਫ ਹੁੰਦੀ ਹੈ।

ਰਾਜ ਮੰਤਰੀ : ਅਸੀਂ ਇਹ ਕੇਸ ਦਿਲੀ ਸਰਕਾਰ ਨੂੰ ਭੇਜਿਆ ਹੈ ਜਦੋਂ ਤਕ ਉਹ ਇਸ ਬਾਰੇ ਆਪਣੀ ਰਜ਼ਾਮੰਦੀ ਨਾ ਦੇਵੇ ਅਸੀਂ ਕੋਈ ਕਦਮ ਨਹੀਂ ਚੁਕ ਸਕਦੇ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ) : ਕੀ ਮਨਿਸਟਰ ਸਾਹਿਬ ਕਿਰਪਾ ਕਰਕੇ ਦਸਣਗੇ ਕਿ ਕੀ ਰੇਲਵੇ ਲਾਈਨਾਂ ਦੇ ਨਜ਼ਦੀਕ ਜੋ ਅਬਾਦੀਆਂ ਵਸਦੀਆਂ ਹਨ ਅਤੇ ਜਿਨ੍ਹਾਂ ਨੂੰ ਰੇਲਵੇ ਦੀ ਐਕਸੈਸ ਨਾਲ ਬਹੁਤ ਤਕਲੀਫ ਹੈ ਉਨ੍ਹਾਂ ਦੀ ਤਕਲੀਫ ਦੂਰ ਕਰਨ ਲਈ ਕੋਈ ਓਵਰ ਆਲ ਪਿਕਚਰ ਨੂੰ ਸਾਹਮਣੇ ਰਖ ਕੇ ਕੋਈ ਕੇਸ ਤਿਆਰ ਕੀਤਾ ਜਾਵੇਗਾ ਕਿ ਸੈਂਟਰ ਦੀ ਸਰਕਾਰ ਅਜਿਹੀਆਂ ਬਸਤੀਆਂ ਦਾ ਕੋਈ ਪ੍ਰਬੰਧ ਕਰੇ ?

ਰਾਜ ਮੰਤਰੀ : ਇਹ ਇਸ ਸਵਾਲ ਦੇ ਨਾਲ ਸਬੰਧ ਨਹੀਂ ਰਖਦਾ। ਇਸ ਲਈ ਵਖਰੇ ਨੋਟਿਸ ਦੀ ਲੋੜ ਹੈ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ ਇਹ ਤਾਂ ਇਕ ਜਨਰਲ ਜਿਹਾ ਸਵਾਲ ਹੈ। (ਵਿਘਨ)

ਸ੍ਰੀ ਸਰਦਾਰੀ ਲਾਲ ਕਪੂਰ : ਕੀ ਮਨਿਸਟਰ ਸਾਹਿਬ ਦਸਣਗੇ ਕਿ ਜੀ. ਟੀ. ਰੋਡ ਲੁਧਿਆਣਾ ਤੇ ਜੋ ਡਬਲ ਫਾਟਕ ਹੈ, ਉਸ ਦੇ ਉਪਰ ਪੁਲ ਬਣਾਉਣ ਦੀ ਗਲ ਕਈ ਸਾਲਾਂ ਤੋਂ ਚਲੀ ਆ ਰਹੀ ਹੈ, ਉਸ ਦੇ ਨਾਲ ਜਨਤਾ ਨੂੰ ਬੜੀ ਤਕਲੀਫ ਹੈ, ਕੀ ਉਸ ਬਾਰੇ ਸਰਕਾਰ ਕੁਝ ਕਰੇਗੀ ?

ਰਾਜ ਮੰਤਰੀ : ਇਹ ਸਵਾਲ ਇਸ ਮੂਲ ਸਵਾਲ ਦੇ ਨਾਲ ਸਬੰਧ ਨਹੀਂ ਰਖਦਾ, ਇਸ ਲਈ ਵਖਰਾ ਨੋਟਿਸ ਦੇ ਦਿਓ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਮਨਿਸਟਰ ਸਾਹਿਬ ਇਸ ਸਵਾਲ ਦਾ ਦੂਜਾ ਹਿਸਾ ਦੇਖਣ ਦੀ ਕਿਰਪਾ ਕਰਨਗੇ ਜੋ ਕਿ ਸਰਦਾਰ ਕ੍ਰਿਪਾਲ ਸਿੰਘ ਹੋਰਾਂ ਦਾ ਸਵਾਲ ਬਣ ਜਾਂਦਾ ਹੈ ਕਿ ਰੇਲਵੇ ਲਾਈਨਾਂ ਦੇ ਕੋਲ ਸੁੰਦਰ ਨਗਰ, ਸੇਵਾ ਨਗਰ ਆਦਿ ਜਿਹੜੀਆਂ ਬਸਤੀਆਂ ਹਨ, ਉਨ੍ਹਾਂ ਨੂੰ ਰੇਲਵੇ ਦੀ ਐਕਸੈਸ ਕਰਕੇ ਬਹੁਤ ਤਕਲੀਫ ਹੁੰਦੀ ਹੈ, ਇਸ ਦਾ ਕੋਈ ਇਲਾਜ ਕਰੋਗੇ ?

ਰਾਜ ਮੰਤਰੀ : ਮੈਂ ਅਰਜ਼ ਕਰਦਾ ਹਾਂ ਕਿ ਦਿਲੀ ਵਿਚ ਤੁਹਾਡੀ ਸਰਕਾਰ ਹੈ। ਤੁਸੀਂ ਉਨ੍ਹਾਂ ਦੀ ਪਰਵਾਨਗੀ ਭਿਜਵਾ ਦਿਓ, ਅਸੀਂ ਉਸ ਦਾ ਪ੍ਰਬੰਧ ਕਰ ਦਿਆਂਗੇ।

NEW OUTLETS PROVIDED ON CANALS

*2297. **Sardar Gurbanta Singh** : Will the Minister for Irrigation and Power be pleased to state :

(a) the names of canals together with the names of places where new-out-lets have been provided therefrom during the period from March, 1970 to 20th December, 1970 ;

(b) whether applications from the farmers for providing these new out-lets were pending since long although the orders for providing the same were passed on the spot ?

Sardar Gurmit Singh (Minister of State for Food and Supplies) :

(a) A statement is laid on the table of the House ;

(b) No orders for the sanction of outlets were passed on the spot,

[Minister of State for Food & Supplies]

All the cases were properly investigated and the outlets sanctioned after due observance of the formalities laid down in the Canal Act.

[(ਏ) ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਬੀ) ਮੋਘਿਆਂ ਦੀ ਮਨਜ਼ੂਰੀ ਲਈ ਕੋਈ ਆਦੇਸ਼ ਮੌਕੇ ਤੇ ਨਹੀਂ ਸੀ ਦਿਤਾ ਗਿਆ । ਸਾਰੇ ਮਾਮਲਿਆਂ ਦੀ ਉਚਿਤ ਰੂਪ ਵਿਚ ਤਫਤੀਸ਼ ਕੀਤੀ ਗਈ ਸੀ ਅਤੇ ਕਨਾਲ ਐਕਟ ਅਧੀਨ ਸਾਰੀਆਂ ਰਸਮਾਂ ਦੀ ਪਾਲਨਾ ਕਰਨ ਤੋਂ ਬਾਦ ਮੋਘੇ ਮਨਜ਼ੂਰ ਕੀਤੇ ਗਏ ਸਨ ।]

STATEMENT

1.	Badian Minor	R. D 103 R & L
2.	Sirhind Feeder	R. D. 337 150-R
3.	Nangal Hydel Channel, right bank.	R. D. 67,100,77250, 81,600,90720,112100, 116725,140900,1431,00, 146085,154500,171900, 174105,176105,179900, 187105,191105.
4.	Sarna Disty.	46870 — R & L 49500 — R & L 51300 — R & L 54750 — TR, TF and TL.
5.	Mr. No. 7 of Kotra Disty.	2474 — R
6.	Kotra Disty.	19000 — L
7.	Sukhchain	101000 —
8.	Sunam	32540 — R and 38000 R
9.	Mr. No. 4 of Budhlada Br	11900 — L
10.	Sharkhanwala Mr. Boha	8590 — R
11.	Boha Disty.	16755 — R
12.	Rohti Disty.	25109 — TR
13.	New Dhudal	44476 — L
14.	Minor No. 6 of Boha Disty.	14715 — TR
15.	Minor No. 12 of Ladbanjara	4100 — L
16.	Biroke Branch of Sunam Disty.	71449 — TF
17.	Mr. No. 4 of Biroka Br.	3620 — R
18.	Barnala Disty.	111585 — L
19.	Mr. No. 3 Barnala Disty.	14875 — R
20.	Mr. No. 3 Handiaya	4406 — R
21.	Sub Mr. No. 1 of Handiaya	4635 — R
22.	Mandar Sub Mr. of Langowal Minor	3545 — TF
23.	Bhani Maharaj Mr.	11880 — R
24.	Sangrur Disty.	48075 — R

25.	Kotli Disty.	27700 — R
26.	Mr. No. 4 of Mahorana Disty.	2758 — R
27.	Mohalgawara Disty.	54508 — R
28.	Burj Branch of Bhagwanpura Disty.	43700 — L
29.	Mandi Mr. of Joga Disty.	87740 — L and 19500 L
30.	Mr. No. 1 of Joga Disty.	17720 — L
31.	Bhikhi Disty.	5440 — R
32.	Mussa Br. of Bhikhi Disty.	92550 — L
33.	Bangi Disty.	7065 — R
34.	Mr. No. 1 of Pacca Disty.	13500 — L
35.	Dhanaula Disty.	101220 — L
36.	Talwandi Disty.	61800 — TF and 69917—L
37.	Mr. Mile 83 K. B.	180 — R
38.	Sandoha Br. of Bhani Disty.	108485 — R

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ ਮਨਿਸਟਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਉਹ 60 ਮੋਘੇ ਸੀ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਮੋਘੇ ਉਹ ਹਨ ਜੋ ਕਿ ਬਾਈ ਇਲੈਕਸ਼ਨਾਂ ਦੇ ਦਿਨਾਂ ਵਿਚ ਉਨ੍ਹਾਂ ਹਲਕਿਆਂ ਦੇ ਵਿਚ ਮੰਤਰੀਆਂ ਨੇ ਮੌਕੇ ਤੇ ਜਾ ਜਾ ਕੇ ਹੁਕਮ ਕੀਤਾ ਕਿ ਇਹ ਮੋਘਾ ਬਣਾ ਦਿਉ । ਇਹ ਕਹਿੰਦੇ ਹਨ ਕਿ ਨਹੀਂ ਬਕਾਇਦਾ ਅਰਜ਼ੀਆਂ ਆਈਆਂ ਹਨ, ਪੂਰਾ ਪ੍ਰੋਸੀਜਰ ਫਾਲੋ ਕੀਤਾ ਗਿਆ ਹੈ, ਕੀ ਇਹ ਮੈਨੂੰ ਉਨ੍ਹਾਂ ਐਪਲੀਕੇਸ਼ਨਜ਼ ਦੀਆਂ ਤਰੀਕਾਂ ਦੱਸਣਗੇ ?

ਰਾਜ ਮੰਤਰੀ (ਸਰਦਾਰ ਗੁਰਮੀਤ ਸਿੰਘ) : ਸਪੀਕਰ ਸਾਹਿਬ, ਸਵਾਲ ਬੜਾ ਕਲੀਅਰ ਹੈ । ਜੇ ਇਸ ਨੂੰ ਮਾਸਟਰ ਜੀ ਪੜ੍ਹਨ ਦੀ ਖੇਚਲ ਕਰਨ ਤਾਂ ਇਸ ਵਿਚ ਲਿਖਿਆ ਹੈ ਕਿ :

> "names of canals together with the names of places where new outlets have been provided therefrom during the period from March, 1970 to 20th December, 1970."

ਕੋਈ ਬਾਈ ਇਲੈਕਸ਼ਨ ਦੀ ਗਲ ਨਹੀਂ । ਕੋਈ ਕੰਸਟੀਚੂਐਂਸੀ ਦਾ ਨਾਂ ਨਹੀਂ, ਕਿਸੇ ਨਹਿਰ ਦਾ ਨਾਂ ਨਹੀਂ । The question of the hon. Member is very vague. I am very sorry.

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ ਇਨ੍ਹਾਂ ਨੇ ਕਿਹਾ ਹੈ ਕਿ 60 ਮੋਘੇ ਦਿਤੇ ਹਨ । ਮੈਂ ਜਾਣ ਕੇ ਇਲੈਕਸ਼ਨਾਂ ਦਾ ਨਾਂ ਨਹੀਂ ਸੀ ਲਿਆ ਕਿਉਂਕਿ ਨਹੀਂ ਤਾਂ ਤੁਸੀਂ ਇਹ ਸਵਾਲ ਐਡਮਿਟ ਨਹੀਂ ਸੀ ਕਰਨਾ ।

ਸ੍ਰੀ ਸਪੀਕਰ : ਤੁਸੀਂ ਆਪਣੇ ਤਜਰਬੇ ਤੋਂ ਫਾਇਦਾ ਉਠਾ ਲਿਆ ਹੈ । (ਹਾਸਾ) (You have benefited from your experience.)

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ ਮੇਰਾ ਮਤਲਬ ਇਹੀ ਸੀ ਕਿ ਇਹ ਇਲੈਕਸ਼ਨਾਂ ਦੇ ਵਿਚ ਕੇਵਲ ਉਨ੍ਹਾਂ ਇਲਾਕਿਆਂ ਨੂੰ ਦਿੱਤੇ ਗਏ ਹਨ ਜਿਥੇ ਕਿ ਇਹ ਬਾਈ ਇਲੈਕਸ਼ਨਾਂ ਹੋਈਆਂ ਹਨ । ਜੇ ਨਹੀਂ ਤਾਂ ਇਹ ਮੈਨੂੰ ਉਨ੍ਹਾਂ ਐਪਲੀਕੇਸ਼ਨਜ਼ ਦੀਆਂ ਡੇਟਸ ਦੱਸ ਦੇਣ ।

ਰਾਜ ਮੰਤਰੀ : ਸਪੀਕਰ ਸਾਹਿਬ ਜੇ ਤਾਂ ਕਿਸੇ ਨਹਿਰ ਦਾ ਨਾਂ, ਕਿਸੇ ਆਊਟਲੈਟ ਦਾ ਨਾਂ ਜਾਂ ਕਿਸੇ ਮਾਈਨਰ ਦਾ ਨਾਂ ਲਿਆ ਹੁੰਦਾ ਤਾਂ ਤੇ ਇਹਦਾ ਜਵਾਬ ਦਿੱਤਾ ਜਾ ਸਕਦਾ ਸੀ । ਮੈਂ ਤੁਹਾਡੇ

[ਰਾਜ ਮੰਤਰੀ]

ਰਾਹੀਂ ਮਾਸਟਰ ਜੀ ਨੂੰ ਫੇਰ ਕਹਾਂਗਾ ਕਿ ਇਹ ਫੇਰ ਪੜ੍ਹ ਲੈਣ, ਲਾਈਟ ਜਗ੍ਹਾ ਲੈਣ ਅਤੇ ਪੜ੍ਹ ਲੈਣ, ਇਨ੍ਹਾਂ ਨੇ ਕਿਤੇ ਆਪਣੇ ਸਵਾਲ ਵਿਚ ਕਿਸੇ ਨਹਿਰ ਜਾਂ ਡਿਸਟ੍ਰੀਬਿਊਟਰੀ ਦਾ ਨਾਂ ਦਿੱਤਾ ਹੋਇਆ ਹੈ। ਜੋ ਇਨ੍ਹਾਂ ਨੇ ਸਵਾਲ ਪੁਛਿਆ ਹੈ, ਉਸ ਦਾ ਜਵਾਬ ਦੇ ਦਿੱਤਾ ਗਿਆ ਹੈ।

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ ਜਿਹੜੀ ਸਟੇਟਮੈਂਟ ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਟੇਬਲ ਆਫ਼ ਦੀ ਹਾਊਸ ਤੇ ਰੱਖੀ ਹੈ ਉਸ ਵਿਚ ਮੋਘਿਆਂ ਦੇ ਬਾਰੇ ਦਸਿਆ ਗਿਆ ਹੈ। ਮੈਂ ਪੜ੍ਹ ਦਿੰਦਾ ਹਾਂ। ਉਹਦੇ ਵਿਚ ਲਿਖਿਆ ਹੈ ਸ ਰਾਨਾ ਡਿਸਟ੍ਰੀਬਿਊਟਰੀ, ਐਮ. ਆਰ. ਨੰ: 7 ਆਫ਼ ਕੋਟਰਾ ਡਿਸਟ੍ਰੀਬਿਊਟਰੀ, ਅਤੇ ਕੋਟਰਾ ਡਿਸਟ੍ਰੀਬਿਊਟਰੀ ਆਦਿ। ਇਹ ਨਾ ਲਿਖੇ ਹੋਏ ਹਨ। ਇਹ ਵਾਕਿਆ ਹੀ ਪਰਸ਼ਾਦਿਆਂ ਦੀ ਮਨਿਸਟਰੀ ਹੈ। ਇਹ ਜੋ ਕੁਝ ਕਹਿੰਦੇ ਹਨ ਉਹ ਗ਼ਲਤ ਹੈ। (ਵਿਘਨ) (ਸ਼ੋਰ)

ਰਾਜ ਮੰਤਰੀ : ਕਿਉਂ ਕਿ ਇਹ ਪਸ਼ੂ ਪਾਲਣ ਮਹਿਕਮੇ ਦੇ ਮੰਤਰੀ ਰਹੇ ਹਨ ਇਸ਼ ਲਈ ਉਨ੍ਹਾਂ ਦੀ ਬਿਰਤੀ ਵੀ ਉਨ੍ਹਾਂ ਵਰਗੀ ਹੀ ਹੋ ਗਈ ਹੈ। (ਸ਼ੋਰ) (ਵਿਘਨ)

ਸਰਦਾਰ ਕਿਰਪਾਲ ਸਿੰਘ : ਇਹ ਸਿਫਾਰਸ਼ੀ ਮੋਘੇ ਹੋਣ ਕਾਰਨ ਜਿਨ੍ਹਾਂ ਦੇ ਪਾਣੀ ਤੇ ਅਸਰ ਪਿਆ ਹੈ ਕੀ ਉਨ੍ਹਾਂ ਲੋਕਾਂ ਤੋਂ ਤੁਹਾਡੇ ਕੋਲ ਸ਼ਿਕਾਇਤਾਂ ਪਹੁੰਚੀਆਂ ਹਨ ?

ਰਾਜ ਮੰਤਰੀ : ਮੇਰੇ ਨੋਟਿਸ ਵਿਚ ਅਜਿਹੀ ਕੋਈ ਗੱਲ ਨਹੀਂ ਹੈ। ਅਗਰ ਕਿਸੇ ਡਵੀਜ਼ਨ ਵਿਚ ਅਜਿਹੀਆਂ ਸ਼ਿਕਾਇਤਾਂ ਆਈਆਂ ਹੋਣ ਤਾਂ ਮੈਂਬਰ ਸਾਹਿਬ ਇਹ ਚੀਜ਼ ਮੇਰੇ ਨੋਟਿਸ ਵਿਚ ਲੈ ਆਉਣ ਅਸੀਂ ਪਤਾ ਕਰਕੇ ਦਸ ਦਿਆਂਗੇ।

ਸਰਦਾਰ ਗੁਰਬੰਤਾ ਸਿੰਘ : ਸਪੀਕਰ ਸਾਹਿਬ ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਜਦ ਇਨ੍ਹਾਂ ਨੇ ਮੈਨੂੰ ਇਕ ਫਹਿਰਿਸਤ ਦਿੱਤੀ ਹੈ ਕਿ ਮੋਘੇ ਇਥੇ ਇਥੇ ਲਗਾਏ ਗਏ ਦੋ ਮਹੀਨਿਆਂ ਵਿਚ। ਮੈਂ ਸਪੀਕਰ ਸਾਹਿਬ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਮਨਿਸਟਰ ਸਾਹਿਬ ਨੇ ਇਹ ਦਸਿਆ ਹੈ ਕਿ ਦੋ ਮਹੀਨਿਆਂ ਵਿਚ ਐਪਲੀਕੇਸ਼ਨਜ਼ ਆਈਆਂ ਅਤੇ ਹੋਰ ਕਿਤੇ ਨਹੀਂ ਮੋਘੇ ਦਿੱਤੇ ਗਏ, ਇਸ ਸਿਲਸਿਲੇ ਵਿਚ ਮੈਨੂੰ ਐਪਲੀਕੇਸ਼ਨਜ਼ ਦੀ ਡੇਟਸ ਦੇ ਦੇਣ। ਇਹ ਦਸਿਆ ਜਾਵੇ ਕਿ ਮੋਘਿਆਂ ਵਾਸਤੇ ਐਪਲੀਕੇਸ਼ਨਜ਼ ਕਿਹੜੀ ਤਾਰੀਖ ਨੂੰ ਆਈਆਂ ਸਨ।

ਰਾਜ ਮੰਤਰੀ : ਸਪੀਕਰ ਸਾਹਿਬ ਮੈਂ ਮੈਂਬਰ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਜਵਾਬ ਦੇ ਨਾਲ ਲਿਸਟ ਸਪਲਾਈ ਕੀਤੀ ਹੈ ਇਹ ਵੀ ਇਹ ਪੜ੍ਹ ਲੈਣ ਜਿਵੇਂ ਕਿ ਮੂਸਾ ਬਰਾਂਚ ਤਲਵੰਡੀ, ਬਾਂਗੀ, ਧਨੌਲਾ ਡਿਸਟ੍ਰਿਬਿਊਟਰੀ, ਕੀ ਇਨ੍ਹਾਂ ਦਾ ਬਾਈ ਇਲੈਕਸ਼ਨਜ਼ ਦੇ ਨਾਲ ਤੁਅੱਲਕ ਹੈ ? ਇਹਨਾਂ ਇਲਾਕਿਆਂ ਵਿਚ ਕੋਈ ਇਲੈਕਸ਼ਨ ਨਹੀਂ ਹੋਈ।

ਸ੍ਰੀ ਸਪੀਕਰ : ਅਗਲਾ ਸਵਾਲ 2362 (Next question No. 2362)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਐਨੀ ਮਨਿਸਟਰਜ਼ ਨੂੰ ਪਰੋਟੈਕਸ਼ਨ ਨਾ ਦਿਉ। (ਵਿਘਨ)

ਸ੍ਰੀ ਸਪੀਕਰ : ਮੈਂ ਅਗਲਾ ਸਵਾਲ ਕਾਲ ਅਪਾਨ ਕਰ ਲਿਆ ਹੈ, ਇਸ ਲਈ ਕੈਪਟਨ ਸਾਹਿਬ ਹੁਣ ਤਸ਼ਰੀਫ ਰੱਖੋ। (I have already called for the next question. Captain Sahib may please resume his seat.)

———

ROAD ROLLERS

*2362. **Giani Kundan Singh Patang** : Will the Minister for Irrigation and Power be pleased to state :

(a) the number of road rollers operating in district Sangrur together with the names of the places where the same are lying at present ;

(b) whether it is a fact that the road-rollers mentioned in part (a) above are being withdrawn from district Sangrur for shifting them to other districts ; if so, the reasons therefor ?

Sardar Randhir Singh Cheema (Minister of State for Animal Husbandry and Power) : (a) 11 road rollers are working in District Sangrur at the following places :

1. Ladda Balian Road.
2. Dhuri Manwal, Saron, Rupaheri, Bhindra, Road.
3. Bhawanigarh Bhalwan road.
4. Rampur Gujran Khanduri road.
5. Longowal Mandar Kalan Takkipur road.
6. Sunam Jakhopal road.
7. Bagrian to Rampur Chhanna link.
8. Khurd Manke Dasonda Singhwala.
9. Dhanaula Balian.
10. Thuliwal Hamidi.
11. Under repairs.

(b) No. Question does not arise.

[(ਏ) 11 ਰੋਡ ਰੋਲਰਜ਼ ਜ਼ਿਲ੍ਹਾ ਸੰਗਰੂਰ ਵਿਚ ਹੇਠ ਲਿਖੇ ਥਾਵਾਂ ਤੇ ਕੰਮ ਕਰ ਰਹੇ ਹਨ :

1. ਲਡਾ ਵਾਲੀਆਂ ਸੜਕ ।
2. ਧੂਰੀ, ਮਾਨਵਾਲ, ਸਾਰੋਂ, ਰੂਪ ਹੇਰੀ, ਭਿੰਡਰਾਂ ਸੜਕ ।
3. ਭਵਾਨੀਗੜ, ਭਲਵਾਨ ਸੜਕ ।
4. ਰਾਮਪੁਰ ਗੁਜਰਾਂ, ਖੰਡੂਰੀ ਸੜਕ ।
5. ਲੋਂਗੋਵਾਲ, ਮੰਦਰ ਕਲਾਂ, ਤਕੀਪੁਰ, ਸੜਕ ।
6. ਸੁਨਾਮ, ਜਖੇਪਾਲ ਸੜਕ ।
7. ਵਾਗੜੀਆਂ ਰਾਮਪੁਰ ਛੰਨਾਂ ਲਿੰਕ ।
8. ਖੁਰਦ, ਮਾਨਕੀ, ਦਸੌਂਦਾ ਸਿੰਘ ਵਾਲਾ ।
9. ਧਨੌਲਾ, ਬਾਲੀਆਂ ।
10. ਠੁਲੀਵਾਲ, ਹਮੀਦੀ ।
11. ਮੁਰੰਮਤ ਅਧੀਨ ।

(ਬੀ) ਨਹੀਂ ਜੀ । ਸਵਾਲ ਪੈਦਾ ਨਹੀਂ ਹੁੰਦਾ ।]

ਡਾਕਟਰ ਅਮੀਰ ਸਿੰਘ ਕਲਕਟ : ਮਨਿਸਟਰ ਸਾਹਿਬ ਨੇ ਜਵਾਬ ਵਿਚ ਕਿਹਾ ਹੈ 18 ਰੋਡ ਰੋਲਰ ਚਲ ਰਹੇ ਹਨ ਅਤੇ ਹੁਸ਼ਿਆਰਪੁਰ ਦੀ ਮਿਊਂਸੀਪਲ ਕਮੇਟੀ ਦੱਸਦੀ ਹੈ ਕਿ ਉਥੇ ਸਿਰਫ ਇਕ ਰੋਲਰ ਹੈ। ਆਇਆ ਇਹ ਰੋਲਰ ਉਧਰ ਵੀ ਲਿਜਾਣਗੇ ਜਾਂ ਕਿ ਇਧਰ ਹੀ ਰਹਿਣਗੇ।

ਰਾਜ ਮੰਤਰੀ : ਇਹ ਰੋਲਰ 11 ਹਨ 18 ਨਹੀਂ।

POWER CRISIS IN STATE

*2099. **Shri Gian Chand Kharbanda** : Will the Minister for Irrigation & Power be pleased to state :

(a) the details of the steps taken or intended to be taken by the Govt. to ensure that Punjab does not face again extraordinary crisis in power which adversely affected the economy of the State, especially Industry, Trade and Agriculture ;

(b) the reasons for this abnormal crisis, which resulted in imposition of cut in regular supply of power in the State ;

(c) whether any relief has been provided to all those who suffered due to heavy cut and irregular supply of electricity in the State this year ?

Sardar Narinder Singh (Minister of State for Excise and Taxation) :

(a) A statement regarding the steps taken or intended to be taken by the Board to meet the present power shortage in the State is laid on the Table of the House.

(b) The main source of power in Punjab is the Bhakra Nangal Complex of Power Houses. The generation of power in these Power Houses is dependent upon storage of water in the Gobind Sagar Lake. The current power crisis is because of unexpectedly low inflows in the River Sutlej. It is partly due to delay in commissioning of Badarpur plant and B. S. L. Project.

(c) (i) The Board has allowed a rebate of Rs. 2/- per month on all tubewell connections below 20 B. H. P. governed under the flat rate, for the months of August, September & October, 1970, during which severe restrictions on supply to rural areas were enforced.

(ii) 25% rebate in the monthly minimum charges and M. C. G. in case of various categories of industrial consumers to whom the cut was applied, has been allowed for the period from 1.4.70. to 30.9.70.

[(ੳ) ਰਾਜ ਵਿਚ ਵਰਤਮਾਨ ਬਿਜਲੀ ਦੀ ਕਮੀ ਦਾ ਮੁਕਾਬਲਾ ਕਰਨ ਲਈ ਬੋਰਡ ਵਲੋਂ ਕੀਤੀ ਗਈ ਜਾਂ ਕਰਨ ਲਈ ਤਜਵੀਜ਼ ਕੀਤੀ ਗਈ ਕਾਰਵਾਈ ਬਾਰੇ ਬਿਆਨ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ।

(ਅ) ਪੰਜਾਬ ਵਿਚ ਬਿਜਲੀ ਦਾ ਮੁੱਖ ਸੋਮਾ ਭਾਖੜਾ ਨੰਗਲ ਦੇ ਬਿਜਲੀ ਘਰ ਹਨ। ਇਨ੍ਹਾਂ ਬਿਜਲੀ ਘਰਾਂ ਵਿਚ ਬਿਜਲੀ ਦੀ ਪੈਦਾਇਸ਼ ਗੋਬਿੰਦ ਸਾਗਰ ਵਿਚ ਪਾਣੀ ਦੇ ਜਮ੍ਹਾਂ ਹੋਣ

ਉਪਰ ਨਿਰਭਰ ਹੋਇਆ ਕਰਦੀ ਹੈ । ਵਰਤਮਾਨ ਬਿਜਲੀ ਸੰਕਟ ਦਾ ਕਾਰਣ ਵੀ ਸਤਲੁਜ ਦਰਿਆ ਵਿਚ ਪਾਣੀ ਦਾ ਆਸ ਤੋਂ ਬਹੁਤ ਘੱਟ ਆਉਣਾ ਹੈ । ਬਦਰਪੁਰ ਪਲਾਂਟ ਅਤੇ ਬਿਆਸ-ਸਤਲੁਜ ਲਿੰਕ ਪਰਾਜੈਕਟ ਨੂੰ ਚਾਲੂ ਕਰਨ ਵਿਚ ਦੇਰੀ ਹੋਣਾ ਭੀ ਕੁਝ ਹੱਦ ਤਕ ਇਸ ਦਾ ਕਾਰਨ ਹੈ ।

(ੲ) (i) ਬੋਰਡ ਨੇ ਦੋ ਰੁਪਏ ਪ੍ਰਤੀ ਮਹੀਨਾ ਪ੍ਰਤੀ ਬੀ. ਐਚ. ਪੀ. ਦੇ ਹਿਸਾਬ ਨਾਲ ਸਾਰੇ ਟਿਊਬਵੈਲ ਕੁਨੈਕਸ਼ਨਾਂ ਤੇ ਜੋ ਕਿ ਬੀ. ਐਚ. ਪੀ. ਤੋਂ ਘੱਟ ਹਨ ਅਤੇ ਫਲੇਟ ਰੇਟ ਦੇ ਅਧੀਨ ਹਨ, ਅਗਸਤ, ਸਤੰਬਰ ਅਤੇ ਅਕਤੂਬਰ, 1970 ਲਈ ਛੋਟ ਦਿਤੀ ਹੈ । ਇਨ੍ਹਾਂ ਮਹੀਨਿਆਂ ਵਿਚ ਦਿਹਾਤੀ ਇਲਾਕਿਆਂ ਨੂੰ ਬਿਜਲੀ ਦੀ ਸਪਲਾਈ ਉਤੇ ਖਾਸ ਪਾਬੰਦੀਆਂ ਲਾਈਆਂ ਹੋਈਆਂ ਸਨ ।

(ii) ਉਦਯੋਗਿਕ ਖਪਤਕਾਰਾਂ ਦੀਆਂ ਕਈ ਸ੍ਰੇਣੀਆਂ ਦੇ ਮਾਮਲੇ ਵਿਚ ਜਿਨਾਂ ਉਪਰ ਕੱਟ ਲਾਈ ਗਈ ਸੀ, 1.4.70 ਤੋਂ 30.9.70 ਦੇ ਸਮੇਂ ਲਈ ਘੱਟ ਤੋਂ ਘੱਟ ਮਾਸਕ ਦਰਾਂ ਅਤੇ ਐਮ. ਸੀ. ਪੀ. ਵਿਚ 25% ਛੋਟ ਦਿਤੀ ਗਈ ਹੈ ।]

STATEMENT

(i) As per Government of India letter Dated 10.12.70, out of relief of 1.1 M. U./day available from Desu and Satpura-Chambal System 0.6 M. U./day would be available to Punjab. Besides the Government of Rajasthan may try to draw 0.1 M.U./day from Madhya Pradesh surplus and make it available for use in Punjab.

(ii) 0.23 M.U./day is being made available from 1 Unit of Bassi Power House.

(iii) The Board has purchased 7 old diesel sets and orders for 47 new diesel sets either from the indigenous manufacturer or by importing from GDR, USSR and Czechoslovakia have been placed. The aggregate installed capacity of 54 sets will be 63.24 M. W.

(iv) 3 Nos. UBDC Power Houses of 15 M.W. each are likely to be commissioned as under :

(1)	First Power House	15.5.1971
(2)	Second Power House	31.10.1971
(3)	Third Power House	31.3.1972

(v) A daily relief of 0.416 Million Units is available from B. M. B. as a result of reduction of load of Nangal Fertilizer Factory.

ਸਟੇਟਮੈਂਟ

[(1) ਭਾਰਤ ਸਰਕਾਰ ਦੀ 10.12.70 ਦੀ ਚਿੱਠੀ ਅਨੁਸਾਰ ਦੇਸੂ ਅਤੇ ਸਤਪੁਰਾ-ਚੰਬਲ ਸਿਸਟਮ ਤੋਂ ਰੋਜ਼ਾਨਾ ਮਿਲਣ ਵਾਲੀ 1.1 ਐਮ. ਯੂ. ਦੀ ਸਹਾਇਤਾ ਵਿਚੋਂ 0.5 ਐਮ. ਯੂ. ਦੀ ਸਹਾਇਤਾ ਪੰਜਾਬ ਨੂੰ ਮਿਲੇਗੀ । ਇਸ ਤੋਂ ਛੁਟ, ਹੋ ਸਕਦਾ ਹੈ ਕਿ ਰਾਜਸਥਾਨ ਸਰਕਾਰ ਮੱਧਿਆ ਪਰਦੇਸ਼ ਦੀ ਵਾਧੂ ਬਿਜਲੀ ਵਿਚੋਂ 0.1 ਮਿਲੀਅਨ ਯੂਨਿਟ ਪਰਾਪਤ ਕਰਨ ਦਾ ਯਤਨ ਕਰੇ ਅਤੇ ਪੰਜਾਬ ਨੂੰ ਦੇ ਦੇਵੇ ।

[ਰਾਜ ਮੰਤਰੀ ਆਬਕਾਰੀ ਤੇ ਕਰ]

(2) ਬੱਸੀ ਦੇ ਬਿਜਲੀ ਘਰ ਦੀ ਯੂਨਿਟ 1 ਤੋਂ 0.23 ਮਿਲੀਅਨ ਯੂਨਿਟ ਰੋਜ਼ਾਨਾ ਮਿਲ ਰਹੀਆਂ ਹਨ ।

(3) ਬੋਰਡ ਨੇ 7 ਪੁਰਾਣੇ ਡੀਜ਼ਲ ਸੈਟ ਖਰੀਦ ਲਏ ਹਨ ਅਤੇ 47 ਨਵੇਂ ਡੀਜ਼ਲ ਸੈਟਾਂ ਦੇ ਆਰਡਰ ਦੇਸੀ ਨਿਰਮਾਤਿਆਂ ਕੋਲੋਂ ਜਾਂ ਪੂਰਬੀ ਜਰਮਨੀ, ਰੂਸ ਅਤੇ ਚੈਕੋਸਲਵਾਕਿਆ ਕੋਲੋਂ ਬਰਾਮਦ ਕਰ ਦਿਤੇ ਗਏ ਹਨ । 54 ਸੈਟਾਂ ਦੀ ਕੁਲ ਸਥਾਪਤ ਸਮਰਥਾ 53.24 ਮੇਗਾਵਾਟ ਹੋਵੇਗੀ ।

(4) ਤਿੰਨ ਯੂ. ਡੀ. ਸੀ. ਬਿਜਲੀ ਘਰ, ਜਿਨ੍ਹਾਂ ਵਿਚੋਂ ਹਰ ਇਕ ਸਮਰਥਾ 15 ਮੈਗਾਵਾਟ ਹੋਵੇਗੀ । ਹੇਠ ਲਿਖੇ ਅਨੁਸਾਰ ਚਾਲੂ ਹੋ ਜਾਣ ਦੀ ਆਸ ਹੈ :

1.	ਪਹਿਲਾ ਬਿਜਲੀ ਘਰ	15.5.71
2.	ਦੂਜਾ ਬਿਜਲੀ ਘਰ	13.10.71
3.	ਤੀਜਾ ਬਿਜਲੀ ਘਰ	31.3.72

(5) ਨੰਗਲ ਖਾਦ ਫੈਕਟਰੀ ਨੂੰ ਲੋਡ ਵਿਚ ਕਮੀ ਕਰਨ ਦੇ ਸਿੱਟੇ ਵਜੋਂ ਬੀ. ਐਮ. ਬੀ. ਤੋਂ 0.416 ਮਿਲਿਅਨ ਯੂਨਿਟ ਰੋਜ਼ਾਨਾ ਦੀ ਸਹਾਇਤਾ ਮਿਲ ਗਈ ਹੈ ।]

ਸ੍ਰੀ ਗਿਆਨ ਚੰਦ ਖਰਬੰਦਾ : ਇਸ ਸਵਾਲ ਦੇ ਜ਼ਵਾਬ ਵਿਚ ਦਿਤਾ ਗਿਆ ਹੈ ਕਿ ਦੂਜੇ ਰਾਜਾਂ ਤੋਂ ਬਿਜਲੀ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਇਹ ਬਿਜਲੀ ਕਦੋਂ ਤੱਕ ਪੰਜਾਬ ਨੂੰ ਮਿਲ ਜਾਵੇਗੀ । ਆਇਆ ਇਹ ਮਿਲਣ ਨਾਲ ਪੰਜਾਬ ਦਾ ਬਿਜਲੀ ਦਾ ਸਾਰਾ ਸੰਕਟ ਟਲ ਜਾਵੇਗਾ ?

ਰਾਜ ਮੰਤਰੀ : ਅਸੀਂ ਇਹ ਪਾਵਰ ਸ਼ਾਰਟੇਜ ਦਾ ਕੇਸ ਗੌਰਮੈਂਟ ਆਫ਼ ਇੰਡੀਆ ਨਾਲ ਵਿਗੋਰਸਲੀ ਪਰਸੂ ਕਰ ਰਹੇ ਹਾਂ । ਸਤਪੁਰਾ ਪਾਵਰ ਸਟੇਸ਼ਨ ਤੋਂ ਪਹਿਲਾਂ ਰਾਜਸਥਾਨ ਨੇ ਬਿਜਲੀ ਲੈਣੀ ਹੈ ਫੇਰ ਰਾਜਸਥਾਨ ਨੇ ਸਾਨੂੰ 6 ਐਮ. ਯੂ. ਪਰ ਡੇ ਦੇ ਹਿਸਾਬ ਨਾਲ ਸਪਲਾਈ ਕਰਨੀ ਹੈ ।

ਸਰਦਾਰ ਕਿਰਪਾਲ ਸਿੰਘ : ਐਗਰੀਕਲਚਰ ਦਾ ਜਦੋਂ ਕਦੇ ਕਿਸੇ ਮੁਸੀਬਤ ਨਾਲ ਨੁਕਸਾਨ ਹੁੰਦਾ ਹੈ ਉਦੋਂ ਕੋਈ ਨਾ ਕੋਈ ਰਿਲੀਫ਼ ਸਰਕਾਰ ਵਲੋਂ ਦਿੱਤੀ ਜਾਂਦੀ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਹੁਣ ਇੰਡਸਟਰੀ, ਟਰੇਡ ਅਤੇ ਲੇਬਰ ਦਾ ਇਨ੍ਹਾਂ ਤਿੰਨਾਂ ਦਾ ਐਨਾ ਭਾਰੀ ਨੁਕਸਾਨ ਹੋਇਆ ਹੈ ਬਿਜਲੀ ਨਾ ਮਿਲਣ ਕਾਰਨ, ਤਾਂ ਕੀ ਇਨ੍ਹਾਂ ਤਿੰਨਾਂ ਨੂੰ ਸਰਕਾਰ ਉਸੇ ਲੈਵਲ ਤੇ ਰਿਲੀਫ਼ ਦੇਵੇਗੀ ਜਿਸ ਲੈਵਲ ਤੇ ਕਿ ਐਗਰੀਕਲਚਰ ਵਾਲਿਆਂ ਦਾ ਨੁਕਸਾਨ ਹੋਣ ਤੇ ਉਨ੍ਹਾਂ ਨੂੰ ਰਿਲੀਫ਼ ਦਿੰਦੀ ਹੈ ।

ਰਾਜ ਮੰਤਰੀ : ਪਾਵਰ ਸ਼ਾਰਟੇਜ ਨਾਲ ਜੋ ਇੰਡਸਟਰੀਜ਼ ਨੂੰ, ਲੇਬਰ ਨੂੰ ਨੁਕਸਾਨ ਪਹੁੰਚਿਆ ਹੈ ਜੇ ਇਸ ਦਾ ਕਹਿਤ ਨਾਲ ਕੰਪੇਅਰ ਕਰੋ ਤਾਂ ਇਹ ਗੱਲ ਠੀਕ ਨਹੀਂ ਹੈ ।

ਸਰਦਾਰ ਗੁਰਮੇਜ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਟਿਊਬਵੈੱਲ ਕੁਨੈਕਸ਼ਨਜ਼ ਦੇਣ ਵਿਚ ਬਿਜਲੀ ਦੀ ਸ਼ਾਰਟੇਜ ਕਰਕੇ ਜਿਨ੍ਹਾਂ ਜ਼ਿਮੀਂਦਾਰਾਂ ਨੂੰ ਨੁਕਸਾਨ ਹੋਇਆ ਹੈ ਕੀ ਸਰਕਾਰ ਉਨ੍ਹਾਂ ਨੂੰ ਕੋਈ ਰਿਬੇਟ ਦੇਵੇਗੀ ?

ਰਾਜ ਮੰਤਰੀ : ਦੋ ਰੁਪਏ ਪਰ ਬੀ. ਐਚ. ਪੀ. ਪਰ ਮੰਥ ਰਿਬੇਟ ਦੇ ਦਿੱਤਾ ਹੈ । ਹੋਰ ਕੋਈ ਇਰਾਦਾ ਨਹੀਂ ਹੈ ।

ਕਾਮਰੇਡ ਸੱਤਪਾਲ ਡਾਂਗ : ਕੀ ਮਨਿਸਟਰ ਸਾਹਿਬ ਨੂੰ ਇਸ ਗਲ ਦਾ ਪਤਾ ਹੈ ਕਿ ਬਿਜਲੀ ਨਾ ਹੋਣ ਕਰਕੇ ਕਾਰਖਾਨੇ ਨਹੀਂ ਚਲਦੇ ਤਾਂ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਵਰਕਰਜ਼ ਨੂੰ ਬੜਾ ਮੁਸ਼ਕਲ ਹੋ ਜਾਂਦਾ ਹੈ। ਬਿਜਲੀ ਨਾ ਹੋਣ ਕਰਕੇ ਉਨ੍ਹਾਂ ਨੂੰ ਛੁੱਟੀ ਹੋਣ ਕਰਕੇ ਕੋਈ ਉਨ੍ਹਾਂ ਨੂੰ ਉਸਦਾ ਮੁਆਵਜ਼ਾ ਨਹੀਂ ਮਿਲਦਾ। ਨਾ ਹੀ ਸਰਕਾਰ ਵਲੋਂ ਉਨ੍ਹਾਂ ਨੂੰ ਕੋਈ ਦਿਤਾ ਜਾਂਦਾ ਹੈ ਅਤੇ ਨਾ ਹੀ ਮਾਲਕਾਂ ਵਲੋਂ ਉਨ੍ਹਾਂ ਨੂੰ ਕੋਈ ਮੁਆਵਜ਼ਾ ਦਿਤਾ ਜਾਂਦਾ ਹੈ । ਕੀ ਇਹ ਉਨ੍ਹਾਂ ਲਈ ਕੈਦ ਨਾਲੋਂ ਘੱਟ ਹੈ ?

ਰਾਜ ਮੰਤਰੀ : ਇਹ ਸਟੇਟ ਤੇ ਆਫਤ ਤਾਂ ਉਪਰੋਂ ਕੁਦਰਤ ਵਲੋਂ ਹੀ ਆ ਗਈ, ਇਸ ਦਾ ਮੁਕਾਬਲਾ ਤਾਂ ਅਸੀਂ ਸਾਰਿਆਂ ਨੇ ਹੀ ਕਰਨਾ ਹੈ । ਇਸ ਕਰਕੇ ਜ਼ਿਮੀਂਦਾਰ, ਫਾਰਮਰਜ਼, ਕਾਰਖਾਨੇਦਾਰ ਅਤੇ ਲੇਬਰ ਸਭ ਨੇ ਸਫ਼ਰ ਕੀਤਾ ਹੈ।

3.00 **Mr. Speaker** : The Question Hour is over. The remaining questions will be deemed to have been answered under rule 45 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE, UNDER RULE 45

TUBE-WELL CONNECTIONS

*2067. **Comrade Satya Pal Dang** : Will the Minister for Irrigation and Power be pleased to state :

(a) the number of tubewell connections given under the priority deposit scheme during the period from 1.2.70 to 30.12.1970 ;

(b) the number of applications pending as on 30.12.1970 for tube-well connections under the priority deposit scheme ;

(c) the number of tube-well connections given in ordinary course (not covered by the Priority Deposit Scheme) during the period 1.2.1970 to 30.12.1970 ;

(d) the number of applications for tubewell connections in ordinary course pending as on 30.12.1970 ;

(e) whether it is a fact that for some time no tubewell connection except under the Priority Deposit Scheme has been given ; if so, since when ;

(f) the reasons for not giving any tubewell connections in the ordinary course ?

Sardar Sohan Singh Bassi : (a) 3306

(b) 2553

(c) 8517

(d) 73269

[Minister for Irrigation & Power]

(e) Yes, since 14.7.1970 with the exception that tubewell connections covered under other priorities like Military personnel, single pole connections, etc., were also to be given where Demand Notice had already been issued.

(f) Due to acute shortage of power prevailing in the State.

[(ੳ) 3306

(ਅ) 2553

(ੲ) 8517

(ਸ) 73269

(ਹ) ਹਾਂ ਜੀ, 14.7.70 ਤੋਂ ਪਰ ਸਿਵਾਏ ਉਨ੍ਹਾਂ ਟਿਊਬਵੈਲ ਕੁਨੈਕਸ਼ਨਾਂ ਤੋਂ ਜਿਹੜੇ ਕਿ ਦੂਜੀਆਂ ਪ੍ਰਾਇਰਟੀਆਂ ਹੇਠ ਆਉਂਦੇ ਹਨ ਜਿਵੇਂ ਕਿ ਸੈਨਾ ਦੇ ਕਰਮਚਾਰੀ/ਇਕਲਾ ਖੰਭਾ ਕੁਨੈਕਸ਼ਨ ਆਦਿ ਨੂੰ ਭੀ ਕੁਨੈਕਸ਼ਨ ਦੇਣੇ ਸਨ ਜਿਨ੍ਹਾਂ ਨੂੰ ਕਿ ਡੀਮਾਂਡ ਨੋਟਿਸ ਪਹਿਲਾਂ ਹੀ ਦਿਤੇ ਜਾ ਚੁਕੇ ਸਨ ।

(ਕ) ਰਾਜ ਵਿਚ ਬਿਜਲੀ ਦੀ ਸਖਤ ਥੁੜ ਹੋਣ ਕਰਕੇ ।]

TUBEWELL CONNECTIONS

*2167. **Sardar Gurbanta Singh** : Will the Minister for Irrigation and Power be pleased to state :

(a) the total number of applications pending for tube-well connections in the State for the last five years together with the time by which the applicants are likely to get such connections ;

(b) whether for giving tube-well connection any preference is given or proposed to be given to the Harijans as is done in the case of political sufferers ?

Sardar Sohan Singh Bassi : (a) The applications received upto 30th October, 1967, have since been entertained and the case regarding applications received upto 31st December, 1967, is under consideration. The position of pending applications is as follows :

(i)	Upto 3 months old	8610
(ii)	Over 3 months and upto 6 months old.	11740
(iii)	Over 6 months and upto 1 year old	19539
(iv)	Over 1 year and upto 2 years old	26878
(v)	More than two years old	12306

(b) No.

[(ੳ) 30 ਅਕਤੂਬਰ, 1967 ਤੱਕ ਆਈਆਂ ਅਰਜ਼ੀਆਂ ਤੇ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ 31 ਦਸੰਬਰ, 1967 ਤੱਕ ਆਈਆਂ ਅਰਜ਼ੀਆਂ ਤੇ ਵਿਚਾਰ ਕੀਤੀ ਜਾ

ਰਹੀ ਹੈ । ਪੈਂਡਿੰਗ ਅਰਜ਼ੀਆਂ ਦੀ ਸੂਚੀ ਹੇਠ ਦਿੱਤੀ ਗਈ ਹੈ :

(1)	3 ਮਹੀਨੇ ਤੋਂ ਪੁਰਾਣੀਆਂ	8610
(2)	3 ਮਹੀਨੇ ਤੋਂ ਵੱਧ ਅਤੇ 6 ਮਹੀਨੇ ਤਕ ਪੁਰਾਣੀਆਂ	11740
(3)	6 ਮਹੀਨੇ ਤੋਂ ਵੱਧ ਅਤੇ 1 ਸਾਲ ਤੱਕ ਪੁਰਾਣੀਆਂ	19539
(4)	1 ਸਾਲ ਤੋਂ ਵੱਧ ਅਤੇ 2 ਸਾਲ ਤੱਕ ਪੁਰਾਣੀਆਂ	26878
(5)	2 ਸਾਲ ਤੋਂ ਵੱਧ ਪੁਰਾਣੀਆਂ	12306

(ਅ) ਨਹੀਂ ਜੀ ।]

BUILDING OF THE GOVERNMENT HIGH SCHOOL PHAGWARA

*2372. **Doctor Sadhu Ram** : Will the Minister for Education be pleased to state :

(a) whether the Government is aware of the fact that the building of the Government High School, Phagwara, which was constructed in the year 1913 is in a very dilapidated condition and that recently roofs of three of its rooms had collapsed and the same have not been repaired so far ;

(b) whether it is a fact that the Government has sanctioned some amount for the repair/construction/reconstruction of this building ; if so, when and how much ;

(c) if reply to part b) above be in the affirmative, the reason as to why the repair/reconstruction work has not yet been taken in hand and the name of the officials, if any, at fault, and the time by which the work is likely to be started ;

(d) whether the Government has sanctioned any amount for the said purpose for any other school in Phagwara tehsil ; if so, the names of such school (s) and the amount sanctioned in each case ;

(e) if the answer to part (d) above be in the affirmative, the progress of the work, if any, taken in hand ; in the said school ?

ਸਰਦਾਰ ਸੁਰਜੀਤ ਸਿੰਘ : ਹਾਂ ਜੀ ।

(ਬੀ) ਹਾਂ ਜੀ । ਸਤੰਬਰ 1970 ਵਿਚ 1,02,090 (65,590 ਸਕੂਲ ਇਮਾਰਤ ਲਈ ਅਤੇ 36,500 ਰੁਪਏ ਹੋਸਟਲ ਬਿਲਡਿੰਗ ਲਈ)

(ਸੀ) ਕੰਮ 50,000 ਰੁਪਏ ਤੋਂ ਵੱਧ ਹੋਣ ਕਾਰਣ "ਟੈਂਡਰਜ਼" ਬਾਰੇ ਨਿਯਮਾਂ ਅਨੁਸਾਰ ਖੁਲ੍ਹਾ ਪਰਚਾਰ ਕੀਤਾ ਜਾਣਾ ਸੀ ਅਤੇ ਹੁਣ ਮਿਤੀ 17-2-71 ਨੂੰ ਨਿਗਰਾਨ ਇੰਜਨੀਅਰ, ਲੋਕ ਨਿਰਮਾਣ ਵਿਭਾਗ (ਬੀ. ਐਂਡ ਆਰ.) ਜਲੰਧਰ ਵਲੋਂ ਟੈਂਡਰ ਖੋਲੇ ਜਾਣਗੇ ਅਤੇ ਕੰਮ ਮਾਰਚ 971 ਦੇ ਪਹਿਲੇ ਹਫਤੇ ਤੋਂ ਸ਼ੁਰੂ ਹੋਣ ਦੀ ਸੰਭਾਵਨਾ ਹੈ । ਇਸ ਦੀ ਦੇਰੀ ਲਈ ਕੋਈ ਕਰਮਚਾਰੀ ਜ਼ੁਮੇਵਾਰ ਨਹੀਂ ਹੈ ।

(ਡੀ ਤੇ ਈ) ਰਾਜ ਦੇ ਪੇਂਡੂ ਇਲਾਕਿਆਂ ਵਿਚ ਗੌਰਮਿੰਟ ਪ੍ਰਾਇਮਰੀ ਸਕੂਲਾਂ ਦੀ ਮੁਰੰਮਤ

[ਸਿਖਿਆ ਮੰਤਰੀ]

ਲਈ ਫੰਡਜ਼ ਮਨਜ਼ੂਰ ਕੀਤੇ ਗਏ ਹਨ ਅਤੇ ਵਿਕਾਸ ਤੇ ਪੰਚਾਇਤ ਵਿਭਾਗ ਵਲੋਂ ਇਹ ਰਕਮ ਸਬੰਧਤ ਪੰਚਾਇਤ ਸੰਮਤੀਆਂ ਦੁਆਰਾ ਸਾਲ 1970-71 ਵਿਚ ਖਰਚ ਕਰਨ ਲਈ ਰੀਲੀਜ਼ ਕੀਤੀ ਜਾ ਰਹੀ ਹੈ। ਫਗਵਾੜਾ ਤਹਿਸੀਲ (ਬਲਾਕ ਫਗਵਾੜਾ) ਵਿਚ ਪ੍ਰਾਇਮਰੀ ਸਕੂਲਾਂ ਦੀ ਮੁਰੰਮਤ ਲਈ 12,500 ਰੁਪਏ ਖਰਚ ਕਰਨ ਦੀ ਤਜਵੀਜ਼ ਹੈ। ਸਬੰਧਤ ਸਕੂਲਾਂ ਦੀ ਲਿਸਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

[(a) Yes.

(b) Yes. Rs. 1,02,090/- in September, 1970 (Rs. 65,590/- for School building and Rs. 36,500/- for Hostel Building.)

(c) The work being of more than Rs. 50,000/- wide publicity was required to be given to the tender notice under the rules. Tenders are now to be opened on 17.2.71 by the Superintending Engineer P. W. D. (B & R) Jullundur and work is likely to be taken in hand in the first week of March, 1971. As such no official is responsible for the delay.

(d & e) Yes. Sanction for carrying out repairs to the buildings of Govt. Primary Schools in rural areas of the State has been issued. The amount of Rs. 12,500 for the Govt. Primary Schools in Phagwara Tehsil (Block Phagwara) (list enclosed) is being released by the Development and Panchayat Deptt. to the Panchayat Samitis concerned to incur the expenditure during the year 1970-71.]

List of Govt. Primary Schools in Phagwara Block for carrying out repairs etc. during the year 1970-71.

S. No.	Name of the School		Amount proposed to be spent on the repairs.
1.	Govt. Primary School,	Harbanspura	Rs. 2000/-
2.	—do—	Chak Hakim	Rs. 1000/-
3.	—do—	Chak Prema	Rs. 1000/-
4.	—do—	Khati	Rs. 1000/-
5.	—do—	Wahid	Rs. 2000/-
6.	—do—	Basti Bajigar	Rs. 2000/-
7.	—do—	Malikpur	Rs. 1000/-
8.	—do—	Bhaliana	Rs. 1500/-
9.	—do—	Bohani	Rs. 1000/-
			Rs. 12,500/-

PROMOTION OF SCHOOL LECTURERS CLASS II GRADES

*2373. **Doctor Sadhu Ram** : Will the Minister for Education be pleased to state :

(a) whether it is a fact that at the time of recruitment of school lecturers in 1964 they had been assured of their next promotion to P. E. S. class II cadre ;

(b) whether it is a fact that since their recruitment in 1964, not a single school lecturer has been promoted to the cadre of P. E. S. class II, if so, the reasons therefor ;

(c) the number of the teaching personnel who have been promoted to P. E. S. class II after the recruitment of school lecturers in 1964 ;

(d) the decision, if any, taken by the Government to honour the commitment mentioned in para (a) above and the time by which the same is likely to be implemented ;

(e) whether the decision referred to in part (d) above would also apply to the promoted school lecturers as well ?

Sardar Surjit Singh : (a) No.

(b) Yes. The promotion to P. E. S. Class II cadre is given from amongst Head Masters/Head Mistresses and not from School Lecturers.

(c) 2 Men and 6 Women from School side.

(d & e) In view of (a) above the question does not arise.

[(ੲ) ਨਹੀਂ ਜੀ ।

(ਬੀ) ਹਾਂ ਜੀ । ਪੀ. ਈ. ਐਸ. ਕਲਾਸ II ਵਿਚ ਤਰੱਕੀ ਮੁੱਖ ਅਧਿਆਪਕਾਂ/ਅਧਿਆਪਕਾਵਾਂ ਵਿਚੋਂ ਦਿੱਤੀ ਜਾਂਦੀ ਹੈ ਜੀ । ਲੈਕਚਰਾਰਾਂ ਵਿਚੋਂ ਨਹੀਂ ।

(ਸੀ) 2 ਪੁਰਸ਼ ਅਤੇ 6 ਇਸਤਰੀਆਂ ਸਕੂਲ ਸਾਈਡ ਵਿਚੋਂ ।

(ਡੀ ਤੇ ਈ) (ੲ) ਮੁਤਾਬਕ ਸਵਾਲ ਹੀ ਪੈਦਾ ਨਹੀਂ ਹੁੰਦਾ ਜੀ ।]

SENIORITY LIST OF SCHOOL LECTURERS IN THE STATE

*2374. **Doctor Sadhu Ram** : Will the Minister for Education be pleased to state :

(a) whether it is a fact that no seniority list has so far been compiled in respect of school lecturers in the State ; if so the reasons therefor ; and the time by which the same is likely to be completed ;

(b) whether the Government have finalised any criterion for fixing the seniority of the school lecturers ; if so, a copy of the rules/general principles governing their seniority be laid on the Table of the House ;

[Doctor Sadhu Ram]

(c) if the answer to part (a) above be in the negative, copy of the seniority list already compiled be laid on the Table of the House ;

(d) if the answer to part (b) above be in the negative the time by which the said rules/principles are likely to be framed ?

Sardar Surjit Singh : (a) Yes, the principles for the fixation of seniority of school lecturers are still under the consideration. The seniority list will be drawn up as soon as the principles are finalized.

(b) No, it is still under the consideration.

(c) The seniority list has not so far been drawn up.

(d) In view of (a) above, the question does not arise.

[(ਏ) ਹਾਂ ਜੀ । ਸਕੂਲ ਲੈਕਚਰਾਰਾਂ ਦੀ ਸੀਨੀਅਰਤਾ ਨਿਯਤ ਕਰਨ ਬਾਰੇ ਸਿਧਾਂਤ ਸਰਕਾਰ ਦੇ ਵਿਚਾਰ ਅਧੀਨ ਹਨ ਜੀ । ਸਿਧਾਂਤਾਂ ਦਾ ਫੈਸਲਾ ਹੁਣ ਉਪਰੰਤ ਸੀਨੀਆਰਟੀ ਲਿਸਟ ਛੇਤੀ ਹੀ ਬਣਾਈ ਜਾਵੇਗੀ ।

(ਬੀ) ਨਹੀਂ ਜੀ । ਇਹ ਸਰਕਾਰ ਦੇ ਵਿਚਾਰ ਅਧੀਨ ਹੈ ।

(ਸੀ) ਸੀਨੀਆਰਟੀ ਲਿਸਟ ਅਜੇ ਤੱਕ ਨਹੀਂ ਬਣਾਈ ਗਈ ਜੀ ।

(ਡੀ) ਉਪਰੋਕਤ ਏ ਅਨੁਸਾਰ ਵੱਖ ਸਵਾਲ ਦੀ ਲੋੜ ਨਹੀਂ ।]

STARRED QUESTION NO. 2381

ਅ: ਸ: ਨੰ: 516-ਸਿ (4)-71

ਮੰਤਰੀ,

ਸਿਖਿਆ ਵਿਭਾਗ, ਪੰਜਾਬ.

ਚੰਡੀਗੜ੍ਹ ।

ਮਿਤੀ ਚੰਡੀਗੜ੍ਹ 27 ਜਨਵਰੀ, 1971.

ਪਿਆਰੇ ਸ੍ਰ: ਦਰਬਾਰਾ ਸਿਘ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2381 ਜੋ ਮਿਤੀ 28.1.1971 ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਦਾਨਾ ਰਾਮ ਐਮ. ਐਲ. ਏ. ਅਤੇ ਕਾਮਰੇਡ ਸਤਿਆ ਪਾਲ ਡਾਂਗ, ਐਮ. ਐਲ. ਏ. ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾਂ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਲਈ ਇਕ ਹਫਤੇ ਦੀ ਮੁਹਲਤ ਦਿਤੀ ਜਾਵੇ ।

ਹਿਤੂ,

ਸਹੀ/-

(ਸੁਰਜੀਤ ਸਿੰਘ)

FINANCIAL AID GIVEN FOR THE CONSTRUCTION OF A WELL FOR HARIJANS IN VILLAGE PARACHH DISTRICT ROPAR

*2379. **Sardar Raja Singh** : Will the Minister for Social Welfare be pleased to state :

(a) whether the Government gave any financial aid for the construction of a well for Harijans of village Parachh District Ropar under the Social Welfare Scheme in 1959-60 ;

(b) if the reply to part (a) above be in the affirmative the total amount given by way of grant ;

(c) the present condition of the well referred to in para (a) above and the approximate quantity of the water therein ;

(d) whether the need of Harijans of the village for drinking water is fully met from the well referred to above ?

Dr. Bhagat Singh : (a) Yes.

(b) Rs. 1600/-

(c) The well is in good condition but water is only three inches deep.

(d) No.

[(ੳ) ਹਾਂ ਜੀ ।

(ਅ) 1600/- ਰੁ. ।

(ੲ) ਖੂਹ ਚੰਗੀ ਹਾਲਤ ਵਿਚ ਹੈ, ਪਰ ਪਾਣੀ ਤਿੰਨ ਇੰਚ ਡੂੰਘਾ ਹੈ ।

(ਸ) ਨਹੀਂ ਜੀ ।]

GRANT OF SUBSIDY TO ZAMINDARS FOR PURCHASING AGRICULTURAL IMPLEMENTS

*2339. **Sardar Santokh Singh Randhawa** : Will the Minister for Agriculture be pleased to state whether with a view to giving incentive to the Zamindars in the State, there is any scheme under the consideration of Government to give subsidy to them for the purchase of agricultural implements through Government approved agencies ; if so, the details thereof and the time by which it is likely to be implemented ?

Chaudhri Radha Krishan : No such scheme is under consideration of Government. However, a sum of Rs. 40,000 has been provided during the current financial year for giving 75% subsidy to the cultivators within the 10 miles belt of the border, for purchasing of agricultural implements. A sum of Rs. 5,000 has also been provided during the current financial year towards payment of 25% subsidy on the purchase of Seed-cum-Fertilizer Drills in Kheowali Village under Intensive Agricultural Village Project.

The total amount is to be spent during the current financial year.

[ਸਾਰੇ ਪੰਜਾਬ ਲਈ ਇਸ ਤਰ੍ਹਾਂ ਦੀ ਕੋਈ ਸਕੀਮ ਨਹੀਂ ਹੈ, ਪਰ ਬਾਰਡਰ ਦੇ 10 ਮੀਲ ਦੇ ਇਲਾਕੇ ਲਈ 40,000 ਰੁਪਏ ਚਾਲੂ ਮਾਲੀ ਸਾਲ ਵਿਚ ਖੇਤੀਬਾੜੀ ਦੇ ਸੰਦ ਖਰੀਦਣ ਲਈ 75%

[ਖੇਤੀ ਬਾੜੀ ਮੰਤਰੀ]

ਸਬਸਿਡੀ ਦੇ ਤੌਰ ਤੇ ਰੱਖੇ ਗਏ ਹਨ। ਇਸ ਤੋਂ ਇਲਾਵਾ ਹੁਣੇ ਹੀ ਪਿੰਡ ਖਿਉ ਵਾਲੀ ਵਿਚ ਘਣੀ ਖੇਤੀ ਪ੍ਰਾਜੈਕਟ ਦੇ ਅਧੀਨ 5,000 ਰੁਪਏ ਰਖੇ ਗਏ ਹਨ।

ਇਹ ਸਾਰੀ ਰਕਮ ਚਾਲੂ ਮਾਲੀ ਸਾਲ ਵਿਚ ਖਰਚ ਹੋਣੀ ਹੈ।]

STARRED QUESTION NO 2057†

ਨੰ: 6807-ਆਰ-3-71/622,

ਮਾਲ ਅਤੇ ਚੱਕਬੰਦੀ ਵਜ਼ੀਰ

ਪੰਜਾਬ ਸਰਕਾਰ ਚੰਡੀਗੜ੍ਹ।

ਚੰਡੀਗੜ੍ਹ, ਮਿਤੀ 27 ਜਨਵਰੀ. 1971.

ਵਿਸ਼ਾ :— ਸਟਾਰਡ ਵਿਧਾਨ ਸਭਾ ਸੁਆਲ ਨੰ: 2057 ਵਲੋਂ ਕਾਮਰੇਡ ਸਤਿਆ ਪਾਲ ਡਾਂਗ, ਐਮ. ਐਲ. ਏ. ਬਾਬਤ ਪੰਜਾਬ ਦਿਹਾਤੀ ਮਜ਼ਦੂਰ ਸਭਾ ਦੇ ਪਰਧਾਨ ਵਲੋਂ ਪ੍ਰਤਿ ਬੇਨਤੀ।

ਪਿਆਰੇ ਸਰਦਾਰ ਜੀ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2057 ਜੋ ਮਿਤੀ 28 ਜਨਵਰੀ, 1971 (ਬਾਦ ਦੁਪਹਿਰ ਬੈਠਕ) ਲਈ ਸੁਆਲਾਂ ਦੀ ਸੂਚੀ ਵਿਚ ਕਾਮਰੇਡ ਸਤਿਆ ਪਾਲ ਡਾਂਗ ਐਮ. ਐਲ. ਏ. ਦੇ ਨਾਂ ਹੇਠ ਦਰਜ ਹਨ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾਂ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਹ ਸੁਆਲ ਨੂੰ ਮਿਤੀ 5 ਫਰਵਰੀ, 1971 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਹਿਤੂ,

ਸਹੀ/-

(ਆਤਮਾ ਸਿੰਘ)

SEPARATION OF JOINT PANCHAYATS OF VILLAGES

*2160. **Sardar Gurbanta Singh** : Will the Minister of State for Community Development and Panchayati Raj be pleased to state :

(a) whether it is a fact that in accordance with the policy laid down by the Government the Joint Panchayats of Villages in the State have been separated on the basis of their population ;

(b) if the reply to part (a) above be in the affirmative a list showing the names of such newly constituted Panchayats be laid on the Table of the House ?

Sardar Satnam Singh Bajwa : (a) Not as yet ;

(b) The question does not arise.

†For Starred Question No. 2057 and reply thereto please see Appendix to this Debate.

[(ੳ) ਅਜੇ ਨਹੀਂ ਜੀ ।

(ਅ) ਸਵਾਲ ਹੀ ਨਹੀਂ ਉਠਦਾ ।]

GRANT GIVEN TO GOSHALAS IN THE STATE

*2101. **Shri Gian Chand Kharbanda** : Will the Minister of State for Animal Husbandry be pleased to state :

(a) the total amount of grant paid to the Goshalas in the State during the financial year ending 31.3.1970 as well as this year uptodate for the improvement of the breed of cows and a statement showing the list of Goshalas which were given such grants be placed on the Table of the House ;

(b) the amount of grant paid to Amritsar Goshala during the above mentioned period ;

(c) whether the Government has received any representation from the management of Goshala, Amritsar to raise the amount of grant ; if so, the action taken thereon ?

Sardar Randhir Singh Cheema : (a) Nil.

(b) No grant was paid.

(c) No.

[(ੳ) ਕੋਈ ਨਹੀਂ ।

(ਅ) ਕੋਈ ਗਰਾਂਟ ਨਹੀਂ ਦਿਤੀ ਗਈ ।

(ੲ) ਨਹੀਂ ਜੀ ।]

GOVERNMENT DISPENSARIES RUNNING WITHOUT DOCTORS

*2173. **Shri Sardari Lal Kapur** : Will the Minister of State for Industries and Health be pleased to state :

(a) the total number of Government dispensaries in the State which are running without gazetted or non-gazetted doctors at present ;

(b) the strength of non-gazetted doctors in the State during the years 1967-68 and 1970-71 separately ;

(c) if the strength of the non-gazetted doctors in the State has been reduced as compared with the existing in 1967-68, the reasons therefor ;

(d) the steps Government have taken/propose to take to provide doctors in the dispensaries which are running without doctors ?

Sardar Teja Singh : (a) 47

(b) 47 and 34.

(c) Owing to the upgrading of medical schools to that of Medical Colleges, L. S. M. F. doctors are not available.

[Minister of State for Industries and Health]

(d) M. B. B. S. doctors are being recruited to fill the vacant posts of doctors.

[(ੲ) 47

(ਬੀ) 47 ਅਤੇ 34

(ਸੀ) ਮੈਡੀਕਲ ਸਕੂਲਾਂ ਨੂੰ ਉਚੇ ਕਰਕੇ ਮੈਡੀਕਲ ਕਾਲਜ ਬਣਨ ਨਾਲ ਐਲ. ਐਸ. ਐਮ. ਐਫ. ਯੋਗਤਾ ਦੇ ਡਾਕਟਰ ਨਹੀਂ ਮਿਲਦੇ ।

(ਡੀ) ਡਾਕਟਰਾਂ ਦੀਆਂ ਖਾਲੀ ਆਸਾਮੀਆਂ ਨੂੰ ਭਰਨ ਲਈ ਐਮ. ਬੀ. ਬੀ. ਐਸ. ਡਾਕਟਰ ਭਰਤੀ ਕੀਤੇ ਜਾ ਰਹੇ ਹਨ ।]

———

CALL ATTENTION NOTICES

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨ ਨੰ: 120 (ਵਿਘਨ)

ਸ੍ਰੀ ਗਿਆਨ ਚੰਦ ਖਰਬੰਦਾ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਤੇ ਇਕ ਸਵਾਲ ਪੁੱਛਣਾ ਚਾਹੁੰਦਾ ਹਾਂ ਅਤੇ ਪਰਸਨਲ ਐਕਸਪਲੇਨੇਸ਼ਨ ਵੀ ਦੇਣਾ ਚਾਹੁੰਦਾ ਹਾਂ । (ਵਿਘਨ)

ਸ੍ਰੀ ਸਪੀਕਰ : ਉਹ ਤੁਸੀਂ ਬਾਅਦ ਵਿਚ ਕਰ ਲੈਣਾ । (The hon. Member can put a supplementary on Call Attention Motion and also give his personal explanation, later on.)

(ਕ੍ਰਮ ਨੰ: 120)

ਕਾਮਰੇਡ ਸੱਤਪਾਲ ਡਾਂਗ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਅੰਮ੍ਰਿਤਸਰ ਅਤੇ ਰਾਜ ਦੇ ਦੂਜੇ ਕੇਂਦਰਾਂ ਵਿਚ ਮਿਟੀ ਦੇ ਤੇਲ ਦੀ ਥੁੜ ਕਰ ਕੇ ਪਬਲਿਕ ਨੂੰ ਬਹੁਤ ਪਰੇਸ਼ਾਨੀ ਹੋ ਰਹੀ ਹੈ ।

ਮਾਮਲੇ ਦੀ ਸਪਸ਼ਟ ਅਤੇ ਅਤਿਅੰਤ ਨੂੰ ਸਾਹਵੇਂ ਰਖਦੇ ਹੋਏ, ਸਰਕਾਰ ਨੂੰ ਇਸ ਬਾਰੇ ਸਦਨ ਵਿਚ ਬਿਆਨ ਦੇਣ ਲਈ ਕਿਹਾ ਜਾਵੇ ।

ਸ੍ਰੀ ਸਪੀਕਰ : ਸਵੀਕਾਰ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਬ ਬਿਆਨ ਦੇਣ ਦੀ ਕਿਰਪਾਲਤਾ ਕਰਨ । (Admitted. The hon. Minister concerned may please make a statement.)

(ਕ੍ਰਮ ਨੰ: 122)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪਟਿਆਲਾ ਵਿਖੇ ਪੋਲੋ ਗਰਾਉਂਡ ਜੋ ਕਿ ਅਰਸੇ ਤੋਂ ਚਾਰ ਦੀਵਾਰੀ ਵਿਚ ਘਿਰਿਆ ਖੂਬਸੂਰਤ ਪਾਰਕ ਹੈ, ਇਥੇ ਅਕਸਰ ਸਰਕਾਰੀ/ਸਿਆਸੀ ਮੇਲੇ, ਨੁਮਾਇਸ਼ਾਂ, ਖਡਾਂ ਅਤੇ ਸਕਾਊਟ ਕੈਂਪ ਆਦਿ ਲਗਦੇ ਰਹਿੰਦੇ ਹਨ, ਇਹ ਵਿਹਲੀ ਥਾਂ ਸ਼ਹਿਰ ਦੀ ਖੂਬਸੂਰਤੀ ਵਿਚ ਵਾਧਾ ਕਰਦੀ ਹੈ ਅਤੇ ਨਾਲ ਹੀ ਯਾਦਵਿੰਦਰਾ ਸਟੇਡੀਅਮ ਹੈ, ਹੁਣ ਇਸ ਗਰਾਉਂਡ ਨੂੰ ਰਾਜ ਸਰਕਾਰ ਵਲੋਂ ਇਕ ਪ੍ਰਾਈਵੇਟ ਕਾਲਜ, ਜਿਸ ਕੋਲ ਕਿ ਆਪਣੀ ਥਾਂ ਹੈ, ਨੂੰ ਦੇਣ ਦਾ ਫੈਸਲਾ ਅਖਬਾਰਾਂ ਵਿਚ ਹੈ । ਇਸ ਦੇ ਨਾਲ ਨਾਲ ਲਗਦੇ ਮੋਦੀ, ਮਹਿੰਦਰਾ, ਵੀਮੈਨ, ਅਤੇ ਆਯੁਰਵੇਦਕ ਕਾਲਜਾਂ ਨੂੰ ਵੀ ਦਿੱਕਤ

ਹੋਵੇਗੀ । ਇਸ ਸਾਕੇ ਕਰਕੇ ਪਟਿਆਲੇ ਦੇ ਲੋਕਾਂ ਵਿਚ ਸਖਤ ਰੋਸ ਹੈ । ਸਰਕਾਰ ਇਸ ਪਾਸੇ ਸ਼ੀਘਰ ਧਿਆਨ ਦੇਵੇ ।

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨ ਨੰ: 126 ਸਰਦਾਰ ਕ੍ਰਿਪਾਲ ਸਿੰਘ ਮਾਖੇਵਾਲਾ । (Call Attention Notice No. 126 stands in the name of Sardar Kirpal Singh Makhewala.)

ਸਰਦਾਰ ਕਿਰਪਾਲ ਸਿੰਘ ਮਾਖੇਵਾਲਾ : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਨੰ: 125 ਸੀ ਜੀ । ਸਵੇਰੇ ਮੈਂ ਉਸ ਵਕਤ ਹਾਊਸ ਵਿਚ ਹਾਜ਼ਰ ਨਹੀਂ ਸੀ ਜਿਸ ਕਰ ਕੇ ਉਹ ਨਹੀਂ ਲਈ ਗਈ । ਉਹ ਹੁਣ ਲੈ ਲਵੇ ਜੀ ।

ਸ੍ਰੀ ਸਪੀਕਰ : 126 ਨੰਬਰ ਪੜ੍ਹੋ ਜੀ । (Please read out the Call Attention Notice No. 126.)

(Serial No. 126)

Sardar Kirpal Singh Makhewala : *I draw the attention of the Government towards an urgent matter of public importance, namely in Government Primary School, Bajewala, tehsil Mansa, District Bhatinda, there are 150 children on the rolls of the school, but there is lean strength of the teaching staff. At present there are two vacancies of teachers in this school, but no teachers have been deputed by the Education Department.

Similarly, in Government High School, Nathehan, tehsil Talwandi Sabo, District Bhatinda, there is not full strength of teaching staff and the Education Department has not sent the requisite number of teachers for this school, with the result that the education of boys in this school, is suffering a lot.

These are, therefore, fit matters on which the Education Minister should make a statement on the floor of the House.

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

(ਕ੍ਰਮ ਨੰ: 129)

ਸਰਦਾਰ ਕਿਰਪਾਲ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਸਿਖਿਆ ਵਿਭਾਗ ਨੇ ਅੱਨ-ਐਡਜਸਟਿੱਡ ਬੀ. ਟੀ. ਅਤੇ ਬੀ. ਐਡ. ਮਾਸਟਰਾਂ ਨੂੰ ਪੱਕੀਆਂ ਪੋਸਟਾਂ ਵਿਚੋਂ 25% ਹਿੱਸਾ ਦੇਣਾ ਮੰਨਿਆ ਹੋਇਆ ਹੈ ਅਤੇ ਹਾਈ ਕੋਰਟ ਤੋਂ ਵੀ ਇਸ ਪ੍ਰਕਾਰ ਦਾ ਹੁਕਮ ਹੋ ਚੁਕਾ ਹੈ ਪਰ ਸਰਕਾਰ ਇਹਦੇ ਉਤੇ ਅਜੇ ਤਕ ਅਮਲ ਨਹੀਂ ਕਰ ਰਹੀ । ਮੁਤੱਲਕਾ ਕਰਮਚਾਰੀਆਂ ਵਿਚ ਬੇਚੈਨੀ ਵਧ ਰਹੀ ਹੈ । ਸਿਖਿਆ ਦੇ ਖੇਤਰ ਵਿਚ ਬੇਚੈਨੀ ਦਾ ਵਧਣਾ ਪੰਜਾਬ ਦੇ ਹਿੱਤ ਵਿਚ ਨਹੀਂ । ਸਰਕਾਰ ਇਹਦੇ ਮੁਤੱਅਲਕ ਆਪਣੀ ਨੀਤੀ ਸਪਸ਼ਟ ਕਰੇ ।

---

*Read in Punjabi.

ਸ੍ਰੀ ਸਪੀਕਰ : ਪਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement.)

STATEMENT IN REPLY TO CALL ATTENTION NOTICE No. 44 LAID ON THE TABLE OF THE HOUSE

Minister of State for Food and Supplies (Sardar Gurmit Singh) : Sir, I beg to lay on the Table of the House reply to Call Attention Notice No. 44.

Comrade Babu Singh Master : to draw the attention of the Government towards an urgent matter of public importance, namely, the failure of the Government in absorbing the trained graduates since 1965 who have been officiating against vacant posts in Government service by relaxing their age.

Sardar Surjit Singh (Education Minister) : During March and August, 1965, 1443 posts of B.T/B.Ed masters/mistresses were advertised by the Department. The defunct Subordinate Services Selection Board of the Joint Punjab selected the candidates against these advertised posts and the list of approved candidates were conveyed to the Department in instalments uptil Sept. 1966 and all such candidates were absorbed against the available posts.

2. On 1.11.1966, the Punjab State was re-organised and the masters/mistresses were provisionally allocated to the State of Punjab/Haryana and Himachal Pradesh. Most of the officials provisionally allocated to the Haryana/Himachal Pradesh applied for their reallocation to Punjab. For some time, the Department was not in a position to assess the correct number of posts which would have to be filled in by fresh recruitment. The posts of masters/mistresses have been advertised in January, 1970 by the Departmental Committee and candidates are being interviewed. The selected candidates will be adjusted against the available posts.

3. According to the existing rules, the upper age limit for the posts of masters/mistresses is 25 years. The Department has already relaxed this condition to the extent of 30 years, in general and 35 years in the case of candida es belonging to scheduled castes, backward classes, widows, divorcees etc. In view of this the question of further relaxation in age, therefore, does not arise especially when sufficient number of eligible candidates are available.

[(1) ਮਾਰਚ ਅਤੇ ਅਗਸਤ, 1965 ਵਿਚ ਮਾਸਟਰਾਂ/ਮਿਸਟਰੈਸਾਂ ਦੀਆਂ 1443 ਅਸਾਮੀਆਂ ਵਿਗਿਆਪਤ ਕੀਤੀਆਂ ਗਈਆਂ ਸਨ । ਇਨ੍ਹਾਂ ਅਸਾਮੀਆਂ ਤੇ ਪੁਰਾਣੇ ਅਧੀਨ ਸੇਵਾ ਚੋਣ ਬੋਰਡ ਵਲੋਂ ਉਮੀਦਵਾਰਾਂ ਦੀ ਚੋਣ ਕਿਸ਼ਤਾਂ ਦੇ ਰੂਪ ਵਿਚ ਸਤੰਬਰ, 1966 ਤਕ ਪੰਜਾਬ ਸਿਖਿਆ ਵਿਭਾਗ ਪਾਸ ਆਉਂਦੀ ਰਹੀ ਅਤੇ ਉਮੀਦਵਾਰਾਂ ਨੂੰ ਨਿਯੁਕਤੀ ਦਿਤੀ ਜਾਂਦੀ ਰਹੀ ।

(2) ਮਿਤੀ 1.11.66 ਨੂੰ ਪੰਜਾਬ ਦੇ ਪੁਨਰ-ਗਠਨ ਨਾਲ ਮਾਸਟਰਾਂ/ਮਿਸਟਰੈਸਾਂ ਦੀ ਅਰਜ਼ੀ ਐਲੋਕੇਸ਼ਨ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨੂੰ ਹੋਈ । ਪ੍ਰੰਤੂ ਆਰਜ਼ੀ ਐਲੋਕੇਸ਼ਨ ਵਿਰੁਧ ਹਰਿਆਣਾ/ਹਿਮਾਚਲ ਪ੍ਰਦੇਸ਼ ਨੂੰ ਐਲੋਕੇਟ ਹੋਏ ਬਹੁਤ ਕਰਮਚਾਰੀਆਂ ਨੇ ਪ੍ਰਤੀ ਬੇਨਤੀਆਂ ਕੀਤੀਆਂ ਕਿ

ਉਨ੍ਹਾਂ ਨੂੰ ਪੰਜਾਬ ਵਿਚ ਐਲੋਕੇਟ ਕੀਤਾ ਜਾਵੇ । ਕੁਝ ਸਮੇਂ ਲਈ ਵਿਭਾਗ ਆਸਾਮੀਆਂ ਦੀ ਗਿਣਤੀ ਦਾ ਸਹੀ ਅੰਦਾਜ਼ਾ ਨਹੀਂ ਲਗਾ ਸਕਿਆ ਜਿਹੜੀਆਂ ਨਵੀਂ ਭਰਤੀ ਰਾਹੀਂ ਭਰਨੀਆਂ ਸਨ । ਵਿਭਾਗੀ ਕਮੇਟੀ ਵਲੋਂ ਅਸਾਮੀਆਂ ਜਨਵਰੀ, 1970 ਵਿਚ ਵਿਗਿਆਪਤ ਕੀਤੀਆਂ ਗਈਆਂ । ਵਿਭਾਗੀ ਕਮੇਟੀ ਉਮੀਦਵਾਰਾਂ ਦੀ ਇੰਟਰਵੀਊ ਕਰ ਰਹੀ ਹੈ । ਚੁਣੇ ਹੋਏ ਉਮੀਦਵਾਰਾਂ ਨੂੰ ਤੁਰੰਤ ਨਿਯੁਕਤੀ ਦਿਤੀ ਜਾਵੇਗੀ ।

(3) ਰੂਲ ਅਨੁਸਾਰ ਮਾਸਟਰਾਂ/ਮਿਸਟਰੈਸਾਂ ਦੀਆਂ ਅਸਾਮੀਆਂ ਲਈ ਉਮੀਦਵਾਰਾਂ ਦੀ ਉਮਰ ਦੀ ਉਪਰਲੀ ਸੀਮਾ 25 ਸਾਲ ਹੈ । ਪਰੰਤੂ ਵਿਭਾਗ ਨੇ ਮਾਸਟਰਾਂ/ਮਿਸਟਰੈਸਾਂ ਦੀਆਂ ਅਸਾਮੀਆਂ ਤੇ ਉਮਰ ਦੀ ਉਪਰਲੀ ਸੀਮਾਂ 30 ਸਾਲ ਰਖੀ ਹੈ ਜਿਸ ਕਾਰਨ ਉਮਰ ਦੀ ਉਪਰਲੀ ਸੀਮਾਂ ਵਿਚ 5 ਸਾਲ ਦੀ ਆਮ ਛੋਟ ਉਮੀਦਵਾਰਾਂ ਨੂੰ ਮਿਲ ਗਈ ਹੈ । ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਵਿਧਵਾਵਾਂ ਅਤੇ ਡਾਇਵੋਰਸੀਜ਼ ਆਦਿ ਉਮੀਦਵਾਰਾਂ ਨੂੰ 35 ਸਾਲ ਤਕ ਛੋਟ ਦਿਤੀ ਗਈ ਹੈ । ਇਨ੍ਹਾਂ ਕਾਰਨਾਂ ਕਰ ਕੇ ਉਮਰ ਦੀ ਉਪਰਲੀ ਸੀਮਾਂ ਵਿਚ ਹੋਰ ਛੋਟ ਦੇਣ ਦਾ ਪ੍ਰਸ਼ਨ ਨਹੀਂ ਉਠਦਾ ਜਦੋਂ ਕਿ ਯੋਗ ਉਮੀਦਵਾਰ ਆਮ ਮਿਲਦੇ ਹਨ ।]

QUESTION AND ANSWER IN CONNECTION WITH CALL ATTENTION NOTICE NO. 26

ਸ੍ਰੀ ਗਿਆਨ ਚੰਦ ਖਰਬੰਦਾ : ਸਪੀਕਰ ਸਾਹਿਬ, ਮੇਰਾ ਕਾਲ ਅਟੈਨਸ਼ਨ ਮੋਸ਼ਨ ਨੰ: 26 ਤੇ ਇਕ ਸਵਾਲ ਹੈ । ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਗੱਲ ਮੰਨੀ ਹੈ ਕਿ ਅਸੀਂ ਵਿਉਪਾਰੀਆਂ ਦੇ ਨਾਲ ਹਮਦਰਦਾਨਾ ਗੌਰ ਕਰ ਰਹੇ ਹਾਂ । ਔਰ ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਟਰੇਡ ਡਿਸਕਾਊਂਟ ਤੇ ਸੇਲਜ਼ ਟੈਕਸ ਨਹੀਂ ਲਿਆ ਜਾਵੇਗਾ । ਇਨ੍ਹਾਂ ਨੇ ਕਿਹਾ ਹੈ ਐਕਟ ਵਿਚ ਤਰਮੀਮ ਕਰਨ ਦੀ ਲੋੜ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜ਼ਰੂਰੀ ਕਾਰਵਾਈ ਦਾ ਸਿਲਸਿਲਾ ਕਦ ਤਕ ਮੁਕੰਮਲ ਹੋ ਜਾਵੇਗਾ ? ਇਸ ਐਕਟ ਦੀ ਤਰਮੀਮ ਤੱਕ ਕੀ ਉਹ ਸਟੇ ਆਰਡਰ ਜਾਰੀ ਕਰ ਦੇਣਗੇ ਤਾਕਿ ਉਨ੍ਹਾਂ ਤੋਂ ਕੋਈ ਚਾਰਜ ਨਾ ਕੀਤਾ ਜਾਵੇ ਅਤੇ ਪੰਜਾਬ ਦਾ ਵਿਉਪਾਰ ਬਾਹਿਰ ਨਾ ਜਾਵੇ ।

ਰਾਜ ਮੰਤਰੀ, ਆਬਕਾਰੀ ਤੇ ਕਰ : ਕਿਉਂਕਿ ਇਨ੍ਹਾਂ ਨੂੰ ਤੇ ਮੈਨੂੰ ਇਸ ਕਿਸਮ ਦਾ ਸਾਂਝੇ ਤੌਰ ਤੇ ਪਤਾ ਹੈ । ਇਹ ਗੱਲ ਵਾਕਿਆ ਹੀ ਠੀਕ ਹੈ ਐਗਰੀਕਲਚਰਲ ਇੰਪਲੀਮੈਂਟਸ ਬਾਰੇ ਤਾਂ ਕੋਈ ਪਹਿਲੇ ਗੱਲ ਨਹੀਂ ਸੀ, ਕਿਉਂਕਿ ਕੋਈ ਐਕਟ ਤਬਦੀਲ ਨਹੀਂ ਸੀ ਕਰਨਾ, ਉਹ ਤਾਂ ਐਗਜ਼ੈਕਟਿਵ ਆਰਡਰਜ਼ ਨਾਲ ਹੋ ਜਾਣਾ ਸੀ, ਪਰ ਟਰੇਡਿੰਗ ਡਿਸਕਾਊਂਟ ਜੋ ਹੈ, ਉਸ ਦੇ ਬਾਰੇ ਵਿਚ ਜ਼ਰੂਰ ਐਕਟ ਵਿਚ ਅਮੈਂਡਮੈਂਟ ਲਿਆਉਣੀ ਪਵੇਗੀ । ਇਸ ਸਾਲ ਤਾਂ ਸੈਸ਼ਨ ਕਰ ਕੇ ਬਿਜ਼ੀ ਰਹਿਣ ਕਰ ਕੇ ਇਸ ਵਿਚ ਪਰੋਗਰੈਸ ਘੱਟ ਹੋਈ ਹੈ । ਪਰ ਮੈਂ ਕਹਿੰਦਾ ਹਾਂ ਕਿ ਅਸੀਂ ਫਾਈਨੈਂਸ ਮਨਿਸਟਰ ਨਾਲ ਇਸ ਗੱਲ ਦਾ ਫੈਸਲਾ ਜਲਦੀ ਤੋਂ ਜਲਦੀ ਕਰ ਲਵਾਂਗੇ । ਇਸ ਦੇ ਵਿਚ ਸਟੇ ਦਾ ਸਵਾਲ ਨਹੀਂ ਅਸੀਂ ਫੈਸਲਾ ਕੀਤਾ ਹੈ ਕਿ ਸਟੇ ਨਹੀਂ ਦੇਣੀ । ਹਾਂ, ਜਦ ਕੋਈ ਮਜਬੂਰੀ ਹੋ ਜਾਵੇ ਮਜਬੂਰੀ ਦੀ ਹਾਲਤ ਵਿਚ ਸਟੇ ਦੇਣਾ ਵੀ ਪੈਂਦਾ ਹੈ । ਇਸ ਦੇ ਵਿਚ ਫਾਈਨੈਂਸ ਡੀਪਾਰਟਮੈਂਟ ਨਾਲ ਗੱਲ ਬਾਤ ਕਰ ਕੇ ਜਲਦੀ ਕਰ ਦਿਆਂਗੇ । ਪਰ ਮੈਂ ਐਗਜ਼ੈਕਟ ਡੇਟ ਨਹੀਂ ਦੇ ਸਕਦਾ । ਲੇਕਿਨ ਅਸੀਂ ਜਲਦੀ ਕੋਸ਼ਿਸ਼ ਕਰ ਰਹੇ ਹਾਂ ਤਾਕਿ ਇਹ ਮਸਲਾ ਹੱਲ ਹੋ ਜਾਵੇ ।

PERSONAL EXPLANATION BY SHRI GIAN CHAND KHARBANDA

ਸ੍ਰੀ ਗਿਆਨ ਚੰਦ ਖਰਬੰਦਾ : ਸਪੀਕਰ ਸਾਹਿਬ, ਮੈਂ ਪਰਸਨਲ ਐਕਸਪਲੇਨੇਸ਼ਨ ਦੇਣੀ ਚਾਹੁੰਦਾ ਹਾਂ । ਸਪੀਕਰ ਸਾਹਿਬ, ਸਰਦਾਰ ਰਾਜਾ ਸਿੰਘ ਨੇ ਇਥੇ ਮੇਰਾ ਜ਼ਿਕਰ ਕੀਤਾ ਸੀ । ਉਹ ਇਸ ਢੰਗ ਨਾਲ ਜ਼ਿਕਰ ਕੀਤਾ ਗਿਆ ਜੋ ਕਿ ਮੈਂ ਕਹਿ ਸਕਦਾ ਹਾਂ ਕਿ ਉਹ ਨਲੀਫਾਈਡ ਹੈ । ਮਾਰਚ, 1967 ਦੇ ਵਿਚ ਮੈਂ ਪੰਜਾਬ ਖਾਦੀ ਐਂਡ ਵਿਲਜ ਬੋਰਡ ਦਾ ਮੈਂਬਰ ਸੈਕਟਰੀ ਨਿਯੁਕਤ ਕੀਤਾ ਗਿਆ ਸੀ, ਜਿਸ ਦੇ ਚੇਅਰਮੈਨ ਸ੍ਰੀ ਮਹਿੰਦਰ ਰਾਜ ਸਿੰਘ ਸਨ । ਪੰਜਾਬ ਸਪਿੰਨਿੰਗ ਐਂਡ ਵੀਵਿੰਗ ਸੈਂਟਰ ਵਿਚ ਗਬਨ ਤੇ ਬੇਜ਼ਾਬਤੀਆਂ ਹੋਣ ਤੇ ਖਾਦੀ ਬੋਰਡ ਨੇ ਇਨ੍ਹਾਂ ਸੈਂਟਰਜ਼ ਨੂੰ ਬੰਦ ਕਰਨ ਦਾ ਫੈਸਲਾ ਕੀਤਾ । ਆਲ ਇੰਡੀਆ ਖਾਦੀ ਕਮਿਸ਼ਨ, ਜਿਹੜਾ ਕਿ ਪੇਰੈਂਟ ਬਾਡੀ ਹੈ ਇਸ ਖਾਦੀ ਦਾ ਉਹ ਇਸ ਨੂੰ ਮਾਲੀ ਇਮਦਾਦ ਦਿੰਦਾ ਹੈ, ਜਿਸ ਦੀ ਇਮਦਾਦ ਨਾਲ ਇਹ ਚਲਦਾ ਹੈ, ਉਸ ਦੇ ਆਰਡਰ ਦੇ ਮੁਤਾਬਿਕ ਪੰਜਾਬ ਖਾਦੀ ਐਂਡ ਵਿਲਜ਼ ਇੰਡਸਟਰੀ ਬੋਰਡ ਨੇ ਇਨ੍ਹਾਂ ਸੈਂਟਰਜ਼ ਨੂੰ ਬੰਦ ਕਰਨ ਦਾ ਫ਼ੈਸਲਾ ਕੀਤਾ । ਮੈਂ ਇਹ ਕੀਤਾ ਕਿ ਜਿਨ੍ਹਾਂ ਦੇ ਖਿਲਾਫ਼ ਗਬਨ ਦੇ ਕੇਸਿਜ਼ ਸਨ, ਉਹ ਪੁਲਿਸ ਨੂੰ ਦੇ ਦਿਤੇ, ਉਨ੍ਹਾਂ ਦਾ ਪਤਾ ਨਹੀਂ ਕੀ ਬਣਿਆ । ਜਿਸ ਵੇਲੇ ਇਹ ਸੈਂਟਰ ਬੰਦ ਕੀਤਾ ਗਿਆ ਤਾਂ ਜਿਹੜੇ ਵਿਚ ਕੰਮ ਕਰਦੇ ਸਨ, ਉਹ ਬੇਰੁਜ਼ਗਾਰ ਹੋਣੇ ਸਨ । ਖਾਦੀ ਕਮਿਸ਼ਨ ਨੇ ਕਿਹਾ ਕਿ ਇਨ੍ਹਾਂ ਵਰਕਰਾਂ ਨੂੰ ਰੁਜ਼ਗਾਰ ਮਿਲਣਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ...(ਵਿਘਨ)

ਸ੍ਰੀ ਸਪੀਕਰ : ਤੁਸੀਂ ਪਰਸਨਲ ਐਕਸਪਲੇਨੇਸ਼ਨ ਤੇ ਹੀ ਬੋਲੋ । (The hon. Member may confine himself to personal explanation only.)

ਸ੍ਰੀ ਗਿਆਨ ਚੰਦ ਖਰਬੰਦਾ : ਮੈਂ ਉਸੇ ਤੇ ਹੀ ਬੋਲਦਾ ਹਾਂ ਜੀ । ਮੈਂ ਉਸ ਬੋਰਡ ਦੇ ਫ਼ੈਸਲੇ ਮੁਤਾਬਿਕ ਕਾਰਵਾਈ ਕਰ ਦਿਤੀ । ਮੈਂ ਆਪਣੀ ਤਰਫੋਂ ਕੋਈ ਬੇਜ਼ਾਬਤਗੀ ਨਹੀਂ ਕੀਤੀ । ਮੇਰੇ ਖਿਲਾਫ਼ ਇਹ ਐਵੇਂ ਕਹਿੰਦੇ ਫਿਰਦੇ ਹਨ । ਮੈਂ ਪਿਛਲੇ ਸੈਸ਼ਨ ਵਿਚ ਖਾਦੀ ਬੋਰਡ, ਜਿਸ ਤੇ ਜਨਸੰਘ ਦਾ ਕਬਜ਼ਾ ਹੈ, ਬੋਰਡ ਦੇ ਮਾਮਲੇ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਸੀ । ਸੈਸ਼ਨ ਦੇ ਬਾਅਦ ਬੋਰਡ ਨੇ ਇਕ ਕਮੇਟੀ ਬਣਾਈ ਅਤੇ ਅਕਤੂਬਰ ਵਿਚ ਉਸ ਨੇ ਰਿਪੋਰਟ ਕੀਤੀ । ਉਸ ਦੇ ਵਿਚ ਖਾਦੀ ਬੋਰਡ ਦੇ ਸੈਕਟਰੀ ਦਾ ਜ਼ਿਕਰ ਆਉਂਦਾ ਹੈ, ਵਾਈਸ ਚੇਅਰਮੈਨ ਦਾ ਜ਼ਿਕਰ ਆਉਂਦਾ ਹੈ, ਪਰ ਚੇਅਰਮੈਨ ਸ੍ਰੀ ਮਹਿੰਦਰ ਰਾਜ ਸਿੰਘ ਦਾ ਉਸ ਦੇ ਵਿਚ ਜ਼ਿਕਰ ਨਹੀਂ ਆਉਂਦਾ, ਉਸ ਦੇ ਨਾਮ ਤੇ ਕਿਉਂ ਖਾਮੋਸ਼ੀ ਹੈ । ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਤੁਸੀਂ ਬੇਸ਼ਕ ਖੁਸ਼ੀ ਨਾਲ ਇਨਕੁਆਇਰੀ ਕਰਾ ਲਵੋ ਮੈਂ ਹਾਜ਼ਰ ਹਾਂ । ਜਿਸ ਦਾ ਹਿਸਾਬ ਸਾਫ਼ ਹੈ ਉਸ ਨੂੰ ਕਾਸਦਾ ਡਰ । (ਪ੍ਰਸ਼ੰਸਾ)

THE PUNJAB APPROPRIATION (VOTE-ON-ACCOUNT) BILL, 1971

Minister For Finance (Sardar Balwant Singh) : Sir, I beg to introduce the Punjab Appropriation (Vote-on-Account) Bill, 1971.

Sir, I also beg to move-

> That the Punjab Appropriation (Vote-on-Account) Bill, 1971 be taken into consideration at once.

Mr. Speaker : Motion moved-

> That the Punjab Appropriation (Vote-on-Account) Bill 1971 be taken into consideration at once-

Guillotine will be applied under sub-rule (2) of Rule 225 of the Rules of Procedure and Conduct of Business in the Punjab Legislative Assembly, at 6.00 P.M.

ਕਾਮਰੇਡ ਸੱਤਪਾਲ ਡਾਂਗ : (ਅੰਮ੍ਰਿਤਸਰ ਪਛਮੀ) ਸਪੀਕਰ ਸਾਹਿਬ, ਵੋਟ ਆਨ ਅਕਾਊਂਟ ਦੇ ਸਿਲਸਿਲੇ ਦੇ ਵਿਚ ਵਜ਼ੀਰ ਖਜ਼ਾਨਾ ਸਾਹਿਬ ਨੇ ਜਿਹੜੀ ਪਹਿਲੀ ਤਕਰੀਰ ਕੀਤੀ ਸੀ ਉਸ ਦੇ ਵਿਚ ਇਕ ਬੜਾ ਵਡਾ ਕਲੇਮ ਕੀਤਾ ਸੀ ਕਿ ਉਨ੍ਹਾਂ ਦੀ ਟੈਕਸ ਨੀਤੀ ਜਿਹੜੀ ਹੈ ਉਹ ਗਰੀਬਾਂ ਤੇ ਬੋਝ ਨਹੀਂ ਪਾਉਂਦੀ ਔਰ ਡਾਇਰੈਕਟ ਟੈਕਸਿਜ਼ ਤੇ ਜ਼ਿਆਦਾ ਇਤਕਾਦ ਰਖਦੇ ਹਨ । ਸਪੀਕਰ ਸਾਹਿਬ ਇਹ ਜਿਹੜਾ ਉਨ੍ਹਾਂ ਦਾ ਦਾਵਾ ਹੈ ਇਹ ਬੜਾ ਖੋਖਲਾ ਹੈ । ਮੈਂ ਤੁਹਾਡੇ ਸਾਹਮਣੇ ਉਨ੍ਹਾਂ ਦੇ ਦਸੇ ਹੋਏ ਅੰਕੜੇ ਹੀ ਪੇਸ਼ ਕਰਨਾ ਚਾਹੁੰਦਾ ਹੈ । 1971-72 ਵਿਚ ਕੁਲ ਆਮਦਨੀ ਸਰਕਾਰ ਦੀ ਹਰ ਪਾਸਿਉਂ ਮਿਲਾ ਕੇ ਸੈਂਟਰ ਵਲੋਂ ਮਿਲੇ ਪੈਸੇ ਔਰ ਹੋਰ ਤਰੀਕਿਆਂ ਨਾਲ ਜੋ ਕੁਲ ਆਮਦਨੀ ਮਾਲ ਖਾਤੇ ਵਿਚ ਹੈ ਉਹ ਇਹ ਹੈ 1 ਅਰਬ 61 ਕਰੋੜ ਔਰ 37 ਲੱਖ ਰੁਪਿਆ । ਇਸ ਆਮਦਨੀ ਵਿਚੋਂ ਵਿਕਰੀ ਟੈਕਸ ਜਿਹੜਾ ਕਿ ਇਨਡਾਇਰੈਕਟ ਟੈਕਸ ਹੈ ਉਹ ਸਪੀਕਰ ਸਾਹਿਬ, ਕੁਲ ਟੈਕਸ ਵਿਚੋਂ 33 ਕਰੋੜ 90 ਲੱਖ ਦੀ ਆਮਦਨ ਦਾ ਹੈ ਜੋ ਕਿ ਟੋਟਲ ਆਮਦਨੀ ਦਾ 21% ਬਣਦਾ ਹੈ । ਜਿਹੜੇ ਪੰਜਾਬ ਸਰਕਾਰ ਐਕਸਾਈਜ਼ ਡਿਊਟੀ ਲੈਂਦੀ ਹੈ ਉਹ ਵੀ ਇਨਡਾਇਰੈਕਟ ਟੈਕਸ ਹੈ । ਇਹ ਲੋਕਾਂ ਤੇ ਪੈਂਦਾ ਹੈ 21 ਕਰੋੜ ਤੇ 20 ਲੱਖ ਰੁਪਿਆ ਜਿਹੜਾ ਕਿ ਕੁਲ ਆਮਦਨੀ ਦਾ 13% ਹੈ । ਸਪੀਕਰ ਸਾਹਿਬ, ਜਿਹੜੇ ਵੋਟ ਆਨ ਅਕਾਊਂਟ ਦਾ ਬਿਲ 1971-72 ਲਈ ਅਸੀਂ ਕਨਸਿਡਰ ਕਰ ਰਹੇ ਹਾਂ ਇਹ 7 ਕਰੋੜ ਤੇ 77 ਲੱਖ ਰੁਪਏ ਦਾ ਹੈ । ਇਸ ਦੇ ਵਿਚ ਇਨਡਾਇਰੈਕਟ ਟੈਕਸਾਂ ਦੇ ਰਾਹੀਂ ਸਰਕਾਰ ਨੂੰ ਜਿਹੜੀ ਆਮਦਨੀ ਹੋਣੀ ਹੈ ਉਹ 47 ਕਰੋੜ 46 ਲੱਖ ਹੈ ਯਾਨੀ ਕੁਲ ਟੈਕਸਾਂ ਦੀ ਆਮਦਨੀ ਵਿਚੋਂ 78% ਇਨਡਾਇਰੈਕਟ ਟੈਕਸਾਂ ਦੇ ਰਾਹੀਂ ਆਉਣੇ ਹਨ । ਜੇ ਵਜ਼ੀਰ ਖਜ਼ਾਨਾ ਫਿਰ ਵੀ ਇਹ ਕਹਿਣ ਕਿ ਅਸੀਂ ਡਾਇਰੈਕਟ ਟੈਕਸ ਲਾਉਂਦੇ ਹਾਂ ਔਰ ਇਨਡਾਇਰੈਕਟ ਟੈਕਸ ਨਹੀਂ ਲਾਉਂਦੇ ਤਾਂ ਇਹ ਗੱਲ ਮੁਨਾਸਬ ਨਹੀਂ । ਸਪੀਕਰ ਸਾਹਿਬ ਮੈਂ, ਹੋਰ ਤਰੀਕੇ ਨਾਲ ਵੀ ਇਹ ਗੱਲ ਦੱਸਣਾ ਚਾਹੁੰਦਾ ਹਾਂ ਕਿ ਜੋ ਸਾਨੂੰ ਬਜਟ ਐਟ ਏ ਗਲਾਂਸ ਦੀ ਕਾਪੀ ਦਿਤੀ ਹੈ ਉਸ ਦੇ ਵਿਚ ਤੁਸੀਂ 1971-72 ਵਿਚ ਫੀ ਕਸ ਜਿਹੜਾ ਟੈਕਸ ਦਾ ਬੋਝ ਹੋਵੇਗਾ ਉਹ ਡਾਇਰੈਕਟ ਟੈਕਸ ਦਾ 8 ਰੁਪਏ ਤੇ 32 ਪੈਸੇ ਹੋਵੇਗਾ ਔਰ ਇਨਡਾਇਰੈਕਟ ਟੈਕਸ ਦਾ ਬੋਝ ਜਿਹੜਾ ਹੈ ਉਹ 57 ਰੁਪਏ ਤੇ 23 ਪੈਸੇ ਹੋਵੇਗਾ । ਇਸ ਕਰਕੇ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਦਾਵਾ ਜੋ ਇਹ ਕਰਦੇ ਹਨ ਕਿ ਅਸੀਂ ਡਾਇਰੈਕਟ ਟੈਕਸ ਲਾਂਦੇ ਹਾਂ ਇਹ ਬਿਲਕੁਲ ਗਲਤ ਹੈ । ਜੇ ਨਵੇਂ ਟੈਕਸ ਵੀ ਦੇਖੇ ਜਾਣ ਤਾਂ ਪਤਾ ਲਗੇਗਾ ਕਿ ਇਨਡਾਇਰੈਕਟ ਟੈਕਸ ਜ਼ਿਆਦਾ ਹਨ । ਇਹ ਮਨਿਸਟਰੀ ਇਸ ਵੇਲੇ ਤਾਕਤ ਵਿਚ ਹੈ । ਇਨ੍ਹਾਂ ਦੋ ਸਾਲਾਂ ਵਿਚ ਜਿਹੜੇ ਟੈਕਸ ਲਾਏ ਉਨ੍ਹਾਂ ਵਿਚੋਂ ਬਹੁਤ ਆਮਦਨੀ ਜਿਹੜੀ ਹੈ ਉਹ ਇਨਡਾਇਰੈਕਟ ਟੈਕਸਾਂ ਰਾਹੀਂ ਹੁੰਦੀ ਹੈ । ਸਪੀਕਰ ਸਾਹਿਬ ਦੋ ਜਿਹੜੇ ਟੈਕਸ ਇਥੇ ਲਾਏ ਇਕ ਵਹੀਕਲ ਟੈਕਸ ਔਰ ਦੂਸਰਾ ਜਿਹੜਾ ਹੈ ਉਹ ਸ਼ੂ ਟੈਕਸ ਉਨ੍ਹਾਂ ਦਾ ਅਸੀਂ ਸਵਾਗਤ ਕੀਤਾ ਲੇਕਿਨ ਇਨਡਾਇਰੈਕਟ ਟੈਕਸ ਜਿਸ ਤਰ੍ਹਾਂ ਪੈਸੰਜਰ ਟੈਕਸ, ਵਿਕਰੀ ਟੈਕਸ ਔਰ ਹੁਣ ਇਹ ਐਨਟਰਟੇਨਮੈਂਟ ਟੈਕਸ 50% ਤੋਂ 60% ਕਰ ਦਿਤਾ । ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਅਗਰ ਵਾਕਿਆਈ ਫਾਈਨੈਂਸ ਮਨਿਸਟਰ ਸਾਹਿਬ ਡਾਇਰੈਕਟ ਟੈਕਸ ਲਾਉਣ ਵਿਚ ਯਕੀਨ ਰਖਦੇ ਹਨ ਤਾਂ ਇਹ ਹਿੰਮਤ ਕਰਨ ਔਰ ਰੂਰਲ ਏਰੀਆ ਵਿਚ ਵਡਿਆਂ ਫਾਰਮਾਂ ਵਾਲਿਆਂ ਤੇ ਡਾਇਰੈਕਟ ਟੈਕਸ ਵੈਲਥ ਟੈਕਸ ਦੀ ਸ਼ਕਲ ਵਿਚ ਜਾਂ ਐਗਰੀਕਲਚਰ ਇਨਕਮ ਟੈਕਸ ਦੀ ਸ਼ਕਲ ਵਿਚ ਲਾਉਣ ਲੇਕਿਨ ਇਹ ਸਰਕਾਰ ਉਨ੍ਹਾਂ ਵਡੇ ਲੋਕਾਂ ਤੇ ਟੈਕਸ ਲਾਉਣਾ ਨਹੀਂ ਚਾਹੁੰਦੀ । (ਵਿਘਨ)

[ਕਾਮਰੇਡ ਸੱਤਪਾਲ ਡਾਂਗ]

ਸਪੀਕਰ ਸਾਹਿਬ, ਸਾਡੇ ਬਜਟ ਦਾ ਬਹੁਤ ਸਾਰਾ ਹਿੱਸਾ ਜੋ ਸਾਰੇ ਸਾਲ ਲਈ ਰਖਿਆ ਜਾਂਦਾ ਹੈ ਉਹ ਐਜੂਕੇਸ਼ਨ ਨੂੰ ਜਾਂਦਾ ਹੈ। ਇਹ ਜੋ ਵੋਟ ਆਨ ਅਕਾਊਂਟ ਪੇਸ਼ ਕੀਤਾ ਗਿਆ ਹੈ ਇਸ ਦੇ ਵਿਚ ਵੀ 8 ਕਰੋੜ 23 ਲੱਖ ਰੁਪਿਆ ਐਜੂਕੇਸ਼ਨ ਵਾਸਤੇ ਹੈ ਪਰ ਐਜੂਕੇਸ਼ਨ ਦਾ ਜੋ ਇਥੇ ਸਾਡੇ ਹਾਲ ਹੈ ਉਹ ਤੁਹਾਡੇ ਸਾਹਮਣੇ ਹੀ ਹੈ। (ਵਿਘਨ) ਜੇ ਕਿਸੇ ਦੇਸ਼ ਨੇ ਤਰੱਕੀ ਕਰਨੀ ਹੋਵੇ, ਜੇ ਕਿਸੇ ਸੂਬੇ ਨੇ ਤਰੱਕੀ ਕਰਨੀ ਹੋਵੇ ਤਾਂ ਉਸ ਦੇ ਲਈ ਜ਼ਰੂਰੀ ਹੈ ਕਿ ਉਹ ਐਜੂਕੇਸ਼ਨ ਵਿਚ ਤਰੱਕੀ ਕਰੇ। ਅਸੀਂ ਐਜੂਕੇਸ਼ਨ ਵਿਚ ਬਹੁਤ ਪਿਛੇ ਹਾਂ ਔਰ ਉਸ ਦੇ ਮੁਤਾਬਕ ਜਿਤਨਾ ਪੈਸਾ ਸਾਨੂੰ ਚਾਹੀਦਾ ਹੈ, ਜਿਤਨੀ ਤਰੱਕੀ ਕਰਨੀ ਚਾਹੀਦੀ ਹੈ ਉਤਨੀ ਨਹੀਂ ਹੋ ਰਹੀ ਔਰ ਦੂਸਰਿਆਂ ਦੇ ਮੁਕਾਬਲੇ ਵਿਚ ਅਸੀਂ ਬੜੇ ਪਿਛੜੇ ਹੋਏ ਹਾਂ। (ਵਿਘਨ) ਸਪੀਕਰ ਸਾਹਿਬ, ਇਹ ਇਕ ਪੈਰਾਡਾਕਸ ਜਿਹਾ ਹੈ ਔਰ ਮੌਜੂਦਾ ਸੋਸਾਇਟੀ ਤੇ ਇਕ ਬੜਾ ਵਡਾ ਸਟਰਿਕਚਰ ਹੈ ਕਿ ਇਕ ਪਾਸੇ ਤਾਂ ਸਾਡੀ ਬਹੁਤ ਵਡੀ ਗਿਣਤੀ ਅਨਪੜ੍ਹਾਂ ਦੀ ਹੋਵੇ ਅਤੇ ਦੂਸਰੇ ਪਾਸੇ ਹਜ਼ਾਰਾਂ ਜੇ.ਬੀ.ਟੀ. ਔਰ ਬੀ.ਐਡ. ਅਧਿਆਪਕ ਟਰੇਂਡ ਹੋਣ ਔਰ ਉਹ ਬੇਕਾਰ ਸੜਕਾਂ ਤੇ ਫਿਰ ਰਹੇ ਹੋਣ ਜਾਂ ਕੋਈ ਹੋਰ ਨੌਕਰੀ ਲਭਣ ਲਈ ਫਿਰਦੇ ਹੋਣ। (ਵਿਘਨ) ਇਸ ਗਲ ਵਲ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਪ੍ਰਾਈਵੇਟ ਸਕੂਲਾਂ ਦੇ ਜਿਹੜੇ ਮਸਲੇ ਹਨ ਉਨ੍ਹਾਂ ਵਲ ਵੀ ਦੁਆਉਣਾ ਚਾਹੁੰਦਾ ਹਾਂ। 1967 ਵਿਚ ਕੁਠਾਰੀ ਕਮਿਸ਼ਨ ਦੀ ਰਿਪੋਰਟ ਪੰਜਾਬ ਸਰਕਾਰ ਨੇ ਮਨਜ਼ੂਰ ਕੀਤੀ, ਦਿਲੀ ਪੈਟਰਨ ਲਾਗੂ ਕਰਨ ਦਾ ਫੈਸਲਾ ਕੀਤਾ ਔਰ ਲਾਗੂ ਕੀਤਾ ਵੀ। ਲੇਕਿਨ ਇਹ ਗੱਲ ਸਪਸ਼ਟ ਹੈ ਕਿ ਬਹੁਤ ਸਾਰੇ ਮਸਲੇ ਜਿਹੜੇ ਹਨ ਉਹ ਹੱਲ ਨਹੀਂ ਹੋਏ। ਮਿਸਾਲ ਦੇ ਤੌਰ ਤੇ ਗਰਾਂਟ ਲੈ ਲੈਂਦੇ ਹਨ ਪ੍ਰਾਈਵੇਟ ਮੈਨੇਜਮੈਂਟ ਵਾਲੇ ਔਰ ਫਿਰ ਟੀਚਰਜ਼ ਨੂੰ ਜਿਹੜੀਆਂ ਤਨਖਾਹਾਂ ਹਨ ਉਹ ਵਕਤ ਸਿਰ ਨਹੀਂ ਦਿਤੀਆਂ ਜਾਂਦੀਆਂ। ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੇ ਸਕੂਲ ਦੀ ਗੱਲ ਦਸਣਾ ਚਾਹੁੰਦਾ ਹਾਂ। ਮੇਰੇ ਹਲਕੇ 'ਗੁਰੂ ਕੇ ਬਾਗ' ਵਿਚ ਇਕ ਸਕੂਲ ਹੈ ਜਿਹੜਾ ਕਿ ਹਾਈ ਸਕੂਲ ਹੈ। ਉਸ ਸਕੂਲ ਦੇ ਮੈਨੇਜਮੈਂਟ ਗਰਾਂਟ ਲੈਂਦੀ ਹੈ ਔਰ ਉਸ ਮੈਨੇਜਮੈਂਟ ਨੇ ਕੁਝ ਗਬਨ ਕਰ ਲਿਆ। ਕਸੂਰ ਮੈਨੇਜਮੈਂਟ ਦਾ ਪਰ ਮਾਸਟਰਾਂ ਵਿਚਾਰਿਆਂ ਨੂੰ ਕਈ ਮਹੀਨਿਆਂ ਦੀਆਂ ਤਨਖਾਹਾਂ ਨਹੀਂ ਮਿਲੀਆਂ। ਇਸੇ ਤਰ੍ਹਾਂ ਇਕ ਨਹੀਂ ਹੋਰ ਵੀ ਬਹੁਤ ਸਾਰੇ ਅਜਿਹੇ ਕੇਸਿਜ਼ ਮਿਲਣਗੇ ਜਿਨ੍ਹਾਂ ਵਿਚ ਇਸ ਤਰ੍ਹਾਂ ਦੀ ਹਾਲਤ ਹੈ। ਪ੍ਰਾਈਵੇਟ ਟੀਚਰਾਂ ਦੀ ਸਪੀਕਰ ਸਾਹਿਬ, ਮੰਗ ਹੈ ਕਿ ਉਨ੍ਹਾਂ ਨੂੰ ਤਨਖਾਹਾਂ ਖ਼ਜ਼ਾਨੇ ਦੇ ਰਾਹੀਂ ਸਰਕਾਰ ਸਿਧੀਆਂ ਦੇਵੇ ਬਜਾਏ ਇਸ ਦੇ ਕਿ 95% ਗਰਾਂਟ ਮੈਨੇਜਮੈਂਟ ਨੂੰ ਦਿੱਤੀ ਜਾਵੇ ਔਰ ਉਹ ਉਨ੍ਹਾਂ ਦੀ ਮਰਜ਼ੀ ਹੈ ਕਿ ਮਾਸਟਰਾਂ ਨੂੰ ਤਨਖਾਹਾਂ ਦੇਣ ਜਾਂ ਨਾ ਦੇਣ। ਜੇ ਦੇਣ ਤਾਂ ਵਕਤ ਸਿਰ ਨਾ ਦੇਣ। ਇਹ ਉਨ੍ਹਾਂ ਦੀ ਇਕ ਜਾਇਜ਼ ਮੰਗ ਹੈ ਔਰ ਅਗਰ ਇਹ ਮੰਨ ਲਈ ਜਾਵੇ ਤਾਂ ਬਿਹਤਰ ਰਹੇਗਾ। (ਵਿਘਨ)

ਸਪੀਕਰ ਸਾਹਿਬ, ਇਸ ਗਲ ਦਾ ਜ਼ਿਕਰ ਪਹਿਲਾਂ ਆਇਆ ਹੈ ਮੈਂ ਮੁੜ ਕੇ ਇਸ ਗੱਲ ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਅਗਰ ਬੇਕਾਰੀ ਨੂੰ ਹਲ ਕਰਨਾ ਚਾਹੁੰਦੇ ਹੋ ਔਰ ਬਚਿਆਂ ਦੀ ਪੜ੍ਹਾਈ ਨੂੰ ਬੇਹਤਰ ਕਰਨਾ ਚਾਹੁੰਦੇ ਹੋ ਤਾਂ ਜੋ ਸਹੂਲਤਾਂ ਸਰਕਾਰੀ ਸਕੂਲਾਂ ਨੂੰ ਦਿਤੀਆਂ ਹਨ ਉਹ ਸਹੂਲਤਾਂ ਪ੍ਰਾਈਵੇਟ ਸਕੂਲਾਂ ਨੂੰ ਦਿਉ ਔਰ ਪ੍ਰਾਈਵੇਟ ਸਕੂਲਾਂ ਨੂੰ ਸਰਕਾਰੀ ਸਕੂਲਾਂ ਦੇ ਬਰਾਬਰ ਲਿਆਂਦਾ ਜਾਵੇ। ਇਸ ਦੇ ਨਾਲ ਤਾਲੀਮ ਬੇਹਤਰ ਹੋਵੇਗੀ ਔਰ ਟੀਚਰਜ਼ ਨੂੰ ਰੋਜ਼ਗਾਰ ਮਿਲਣਗੇ। ਇਸੇ ਤਰੀਕੇ ਨਾਲ ਪ੍ਰਾਈਵੇਟ ਸਕੂਲਾਂ ਦਾ ਜਿਹੜਾ ਨਾਨ ਟੀਚਿੰਗ ਸਟਾਫ਼ ਹੈ ਉਸ ਨਾਨ ਟੀਚਿੰਗ ਸਟਾਫ ਨੂੰ ਵੀ ਸਰਕਾਰੀ ਸਕੂਲਾਂ ਦੇ ਸਟਾਫ ਦੇ ਬਰਾਬਰ ਤਨਖਾਹਾਂ ਮਿਲਣੀਆਂ ਚਾਹੀਦੀਆਂ ਹਨ। ਜਿਹੜਾ ਪ੍ਰਾਈਵੇਟ ਸਕੂਲਾਂ ਦਾ ਸਟਾਫ ਹੈ ਉਨ੍ਹਾਂ ਦਾ ਜੋ ਪ੍ਰਾਵੀਡੈਂਟ ਫੰਡ ਔਰ ਹੋਰ ਇਸ ਕਿਸਮ ਦੀਆਂ ਸਹੂਲਤਾਂ ਹਨ ਉਹ ਸਾਰੀਆਂ

ਮਿਲਣੀਆਂ ਚਾਹੀਦੀਆਂ ਹਨ । ਸਰਕਾਰ ਦਾ ਇਹ ਫਰਜ਼ ਹੈ ਕਿ ਇਸ ਗਲ ਦੀ ਗਰੰਟੀ ਕਰੇ ਕਿ ਸਕੂਲ ਪ੍ਰਾਈਵੇਟ ਨਾ ਰਹਿਣ ਅੌਰ ਸਾਰੇ ਸਕੂਲ ਪ੍ਰਾਈਵੇਟ ਦੀ ਥਾਂ ਤੇ ਸਰਕਾਰੀ ਹੋਣੇ ਚਾਹੀਦੇ ਹਨ । ਪੰਜਾਬ ਸਰਕਾਰ ਦਾ ਇਹ ਇਕ ਬੜਾ ਚੰਗਾ ਕਦਮ ਹੋਵੇਗਾ ਅਗਰ ਉਹ ਇਹ ਕਦਮ ਚੁਕੇ ਕਿ ਐਜੂਕੇਸ਼ਨ ਛੇਤੀ ਤੋਂ ਛੇਤੀ ਨੈਸ਼ਨੇਲਾਈਜ਼ ਹੋਵੇ ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜਿਹੜੇ ਪ੍ਰਾਈਵੇਟ ਕਾਲਿਜਜ਼ ਹਨ ਉਨ੍ਹਾਂ ਦੇ ਪ੍ਰੋਫੈਸਰਾਂ ਨੂੰ, ਲੈਕਚਰਰਜ਼ ਨੂੰ ਸਰਵਿਸ ਦੀ ਕੋਈ ਗਰੰਟੀ ਨਹੀਂ । ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਕਾਨੂੰਨ ਬਣਾਇਆ ਸੀ ਅਸੀਂ ਉਸ ਦਾ ਸਵਾਗਤ ਕੀਤਾ । ਟੀਚਰਾਂ ਦੀ ਸਿਕੋਰਟੀ ਆਫ਼ ਸਰਵਿਸ ਲਈ ਯੂਨੀਵਰਸਿਟੀ ਦੇ ਰੂਲਜ਼ ਐਂਡ ਰੈਗੂਲੇਸ਼ਨਜ਼ ਹਨ । (ਵਿਘਨ) ਉਹ ਉਨ੍ਹਾਂ ਦੀ ਸਿਕੋਰਟੀ ਆਫ਼ ਸਰਵਿਸ ਦੀ ਗਰੰਟੀ ਨਹੀਂ ਕਰਦੇ । ਉਨ੍ਹਾਂ ਦੀ ਸਿਕੋਰਟੀ ਆਫ਼ ਸਰਵਿਸ ਦੀ ਗਰੰਟੀ ਹੋਣੀ ਚਾਹੀਦੀ ਹੈ । ਟੀਚਰਾਂ ਦੀ ਇਹ ਵੀ ਮੰਗ ਹੈ ਕਿ ਯੂਨੀਵਰਸਿਟੀ ਵਿਚ ਉਨ੍ਹਾਂ ਦੇ ਅਲੈਕਟਿਵ ਰਿਪ੍ਰੈਜ਼ੈਨ-ਟੇਟਿਵਜ਼ ਸਿਨੇਟ ਦੇ ਵਿਚ ਹੋਣ, ਐਜੂਕੇਸ਼ਨ ਬੋਰਡ ਦੇ ਵਿੱਚ ਟੀਚਰਾਂ ਨੂੰ ਐਸੋਸੀਏਟ ਕਰਨ, ਇਹ ਮੰਗਾਂ ਵੀ ਉਨ੍ਹਾਂ ਦੀਆਂ ਵਾਜਿਬ ਹਨ ਅੌਰ ਇਨ੍ਹਾਂ ਨੂੰ ਮੰਨ ਲੈਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਇੰਡਸਟਰੀਜ਼ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇੰਡਸਟਰੀਆ-ਲਿਸਟਸ ਦੀ ਪੰਜਾਬ ਨੂੰ ਬੜੀ ਲੋੜ ਹੈ । ਇੰਡਸਟਰੀ ਪੰਜਾਬ ਵਿਚ ਬਹੁਤ ਪਿਛੇ ਹੈ । ਸੈਂਟਰ ਪੰਜਾਬ ਨਾਲ ਵਿਤਕਰਾ ਕਰਦਾ ਰਿਹਾ ਹੈ ਲੇਕਿਨ ਜਿਥੋਂ ਤਕ ਪੰਜਾਬ ਦੀ ਸਰਕਾਰ ਦਾ ਤੁਅੱਲਕ ਹੈ ਉਹ ਇਥੇ ਇੰਡਸਟਰੀਜ਼ ਨੂੰ ਪੂਰੀ ਮਦਦ ਦੇਵੇ ।

ਬਾਕੀ ਹਰ ਮਹਿਕਮੇ ਵਿਚ ਵੱਧ ਅਤੇ ਇੰਡਸਟਰੀ ਦੇ ਮਹਿਕਮੇ ਵਿਚ ਘੱਟ ਰਕਮ ਰਖੀ ਗਈ ਹੈ । ਮੈਂ ਕਹਾਂਗਾ ਕਿ ਪੰਜਾਬ ਇੰਡਸਟਰੀ ਦੇ ਖੇਤਰ ਵਿਚ ਅਗੇ ਹੀ ਪਿਛੇ ਹੈ ਇਸ ਲਈ ਇਸ ਵਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ ।

ਸਪੀਕਰ ਸਾਹਿਬ, ਮੈਂ ਸੋਸ਼ਲ ਵੈਲਫੇਅਰ ਦੇ ਬਾਰੇ ਵੀ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । ਇਸ ਮਦ ਵਿਚ ਬਹੁਤ ਥੋੜ੍ਹੀ ਰਕਮ ਰਖੀ ਗਈ ਹੈ । ਸਬੰਧਤ ਮਨਿਸਟਰ ਸਾਹਿਬ ਚੀਕਦੇ ਰਹਿ ਜਾਂਦੇ ਹਨ ਪਰ ਖ਼ਜ਼ਾਨਾ ਮੰਤਰੀ ਪਰਵਾਹ ਤਕ ਨਹੀਂ ਕਰਦੇ । ਮੈਂ ਕਹਾਂਗਾ ਕਿ ਸੋਸ਼ਲਿਜ਼ਮ ਤਾਂ ਇਨ੍ਹਾਂ ਕੋਲੋਂ ਹਾਲੇ ਬਹੁਤ ਦੂਰ ਹੈ । (ਵਿਘਨ) ਮੈਂ ਅਰਜ਼ ਕਰਾਂ ਕਿ ਜਿਹੜੀਆਂ ਦਰਖ਼ਾਸਤਾਂ ਜੂਨ ਦੀਆਂ ਦਿਤੀਆਂ ਹੋਈਆਂ ਹਨ, ਹਾਲੇ ਤਾਈਂ ਤਾਂ ਉਨ੍ਹਾਂ ਦੀ ਵਾਰੀ ਨਹੀਂ ਆਈ । ਉਹ ਬੇਵਾਵਾਂ ਜਿਨ੍ਹਾਂ ਦੇ ਰੁਜ਼ਗਾਰ ਦਾ ਕੋਈ ਹੋਰ ਸੋਰਸ ਨਹੀਂ ਉਨ੍ਹਾਂ ਲਈ ਕੋਈ ਪੈਨਸ਼ਨ ਆਦਿ ਦੀ ਸਕੀਮ ਨਹੀਂ ਬਣਾਈ ਹੈ । ਜੇ ਪੁਛਿਆ ਜਾਏ ਤਾਂ ਕਹਿ ਦਿੰਦੇ ਹਨ ਕਿ ਪੈਸਾ ਹੀ ਨਹੀਂ ਹੈ । (ਵਿਘਨ) ਸਪੀਕਰ ਸਾਹਿਬ, ਇਹ ਦਸ ਦੇਣ ਕਿੰਨੀਆਂ ਅਰਜ਼ੀਆਂ ਆਈਆਂ ਅਤੇ ਕਿੰਨੀਆਂ ਨੂੰ ਸਹਾਇਤਾ ਦਿਤੀ । (ਵਿਘਨ) ਡਾਕਟਰ ਸਾਹਿਬ ਵੈਸੇ ਬੜੇ ਚੰਗੇ ਹਨ, ਪਰ ਇਨ੍ਹਾਂ ਨੂੰ ਇਕ ਆਦਤ ਹੈ ਬਿਆਨ ਦੇਣ ਦੀ । ਇਨ੍ਹਾਂ ਨੇ ਬਿਆਨ ਦੇ ਦਿਤਾ ਕਿ ਬੁਢ਼ਾਪਾ ਅਲਾਉਂਸ ਸਕੀਮ ਬਣਾਈ ਗਈ ਹੈ । ਜਦੋਂ ਪੁਛਿਆ ਗਿਆ ਹੈ ਕਿ ਉਹ ਸਕੀਮ ਕੀ ਹੈ, ਤਾਂ ਜਵਾਬ ਦਿਤਾ ਕਿ ਇਹ ਮੇਰਾ ਆਈਡੀਆ ਹੈ । (ਵਿਘਨ)

ਸਪੀਕਰ ਸਾਹਿਬ, ਮੈਂ ਹੁਣ ਹਰੀਜਨਾਂ ਦੇ ਬਾਰੇ ਵਿਚ ਇਕ ਬੇਨਤੀ ਕਰਾਂਗਾ । ਹਰੀਜਨਾਂ ਦੇ ਬਾਰੇ ਵਿਚ ਬਹੁਤ ਕੁਝ ਕਿਹਾ ਗਿਆ ਹੈ । ਮੈਨੂੰ ਇਸ ਵਿਚ ਜਾਣ ਦੀ ਲੋੜ ਨਹੀਂ ਕਿ ਕੌਣ ਉਨ੍ਹਾਂ ਦਾ ਸੱਚਾ ਖੈਰਖਾਹ ਹੈ । ਇਹ ਜੰਤਾ ਆਪੇ ਜੱਜ ਕਰੇਗੀ । ਜੇ ਕਰ ਇਹ ਐਗਰੀਕਲਚਰਲ ਲੇਬਰ ਦੀ ਭਲਾਈ ਕਰਨਾ ਚਾਹੁੰਦੇ ਹਨ ਤਾਂ 2 : 3 ਚੀਜ਼ਾਂ ਕਰਨ । ਉਨ੍ਹਾਂ ਦੀ ਘੱਟੋ ਘੱਟ ਜਿਹੜੀ ਦਿਹਾੜੀ ਮੁਕਰੱਰ ਕਰਨ ਉਹ 5 ਰੁਪਏ ਹੋਵੇ । ਇਸ ਤੋਂ ਘੱਟ ਨਹੀਂ ਹੋਣੀ ਚਾਹੀਦੀ । ਦੂਜੇ ਇਹ ਤਨਖ਼ਾਹ ਕਾਗ਼ਜ਼ਾਂ ਦੇ ਵਿਚ

[ਕਾਮਰੇਡ ਸੱਤਪਾਲ ਡਾਂਗ]

ਹੀ ਨਾ ਰਹੇ ਇਸ ਨੂੰ ਅਮਲੀ ਜਾਮਾ ਪਹਿਨਾਉਣ । ਇਸ ਚੀਜ਼ ਨੂੰ ਲਾਗੂ ਕਰਨ ਲਈ, ਸਪੀਕਰ ਸਾਹਿਬ, ਪੰਜਾਬ ਵਿਚ ਕੋਈ ਮਸ਼ੀਨਰੀ ਕਾਇਮ ਕੀਤੀ ਜਾਏ । ਪਿਛਲੇ ਦੋ ਸਾਲਾਂ ਵਿਚ ਅਤੇ ਵਿਸ਼ੇਸ਼ਕਰ ਪਿਛਲੇ ਸਾਲ ਵਿਚ ਹਰੀਜਨਾਂ ਨਾਲ ਅਤੇ ਐਗਰੀਕਲਚਰ ਲੇਬਰ ਨਾਲ ਜਿਹੜਾ ਸੋਸ਼ਲ ਬਾਈਕਾਟ ਹੋਇਆ ਹੈ, ਉਸ ਨੂੰ ਕਗਨਾਈਜ਼ੇਬਲ ਔਫੈਂਸ ਕਰਾਰ ਦਿਤਾ ਜਾਏ ਤਾਂ ਅਸੀਂ ਸਮਝਾਂਗੇ ਕਿ ਜਿਹੜੀ ਹਰੀਜਨਾਂ ਨਾਲ ਜ਼ਿਆਦਤੀ ਹੋ ਰਹੀ ਹੈ ਉਸ ਨੂੰ ਬੰਦ ਕਰਨ ਲਈ ਇਹ ਸਰਕਾਰ ਹਮਦਰਦੀ ਜਤਾ ਰਹੀ ਹੈ ।

ਹੁਣ, ਸਪੀਕਰ ਸਾਹਿਬ, ਮੈਂ ਇੰਡਸਟਰੀਅਲ ਲੇਬਰ ਵਲ ਸਰਕਾਰ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ । ਮੈਂ ਸਰਕਾਰ ਨੂੰ ਇਸ ਬਾਰੇ ਪੁਛਿਆ, ਮੈਨੂੰ ਜਵਾਬ ਦਿਤਾ ਗਿਆ ਕਿ 100 ਮਕਾਨਾਂ ਲਈ ਪੈਸੇ ਰਖੇ ਗਏ ਹਨ, ਪਰ ਇਹ ਸਾਰੀ ਚੀਜ਼ ਗ਼ਲਤ ਹੈ । ਮੌਕੇ ਤੇ ਜਾ ਕੇ ਵੇਖੋ ਤਾਂ ਪਤਾ ਲਗੇਗਾ ਕਿ ਇਕ ਵੀ ਮਕਾਨ ਉਨ੍ਹਾਂ ਲਈ ਨਹੀਂ ਬਣਾਇਆ ਗਿਆ ਅਤੇ ਉਸ ਜ਼ਮੀਨ ਤੇ ਹਾਲੇ ਤਾਈਂ ਵੀ ਵਾਹੀ ਹੋ ਰਹੀ ਹੈ । ਮੈਂ ਅਗੇ ਵੀ ਦਸਿਆ ਸੀ ਕਿ ਛਹਰਟੇ ਵਿਚ ਇਕ ਮਿਲ ਹੈ ਜਿਸ ਵਿਚ 6 ਮਹੀਨਿਆਂ ਤੋਂ ਮਾਲਕਾਂ ਨੇ ਮਜ਼ਦੂਰਾਂ ਨੂੰ ਤਨਖ਼ਾਹ ਨਹੀਂ ਦਿੱਤੀ । ਮੈਂ ਮੰਗ ਕਰਦਾ ਹਾਂ, ਇਹ ਕਹਿੰਦੇ ਹਨ ਕਿ ਸਾਡੇ ਪਾਸ ਅਖ਼ਤਿਆਰ ਨਹੀਂ, ਕਿ ਇਹ ਆਰਡੀਨੈਂਸਾਂ ਦੀ ਸਰਕਾਰ ਕਿਉਂ ਨਹੀਂ ਕਾਨੂੰਨ ਬਣਾਉਂਦੀ । ਵਰਕਰਾਂ ਦੀ ਤਨਖ਼ਾਹ, ਚਾਹੇ ਉਹ ਕਿਸੇ ਵੀ ਮਿਲ ਦੇ ਹੋਣ, ਦੂਜੀ ਜਾਇਦਾਦ ਤੇ ਫਸਟ ਚਾਰਜ ਹੋਵੇਗੀ । ਇਹ ਕਾਨੂੰਨ ਕਿਉਂ ਨਹੀਂ ਬਣਾਉਂਦੇ ? ਇਹੋ ਜਿਹੀਆਂ ਮਿਲਾਂ ਨੂੰ ਸਰਕਾਰ ਆਪਣੀ ਤਹਿਵੀਲ ਵਿਚ ਲੈ ਸਕੇਗੀ । ਇਸੇ ਤਰ੍ਹਾਂ ਹਿੰਦੁਸਤਾਨ ਵੈਰਾਇਟੀ ਮਿਲ ਹੈ, ਕਿਉਂ ਨਹੀਂ ਸਰਕਾਰ ਉਸ ਨੂੰ ਫੌਰੀ ਤੌਰ ਤੇ ਆਪਣੇ ਕਬਜ਼ੇ ਵਿਚ ਲੈ ਲੈਂਦੀ । ਕੋਈ ਵੀ ਕਾਰਖ਼ਾਨਾ ਜਿਹੜਾ ਆਪਣੇ ਵਰਕਰਾਂ ਨੂੰ ਸਰਕਾਰ ਦੇ ਕਾਨੂੰਨ ਅਨੁਸਾਰ, ਵਰਕਰਾਂ ਨਾਲ ਹੋਏ ਫ਼ੈਸਲੇ ਅਨੁਸਾਰ ਸਹੂਲਤਾਂ ਨਹੀਂ ਦਿੰਦਾ, ਉਸ ਨੂੰ ਇੰਡਸਟਰੀ ਦੇ ਮਹਿਕਮੇ ਵਿਚੋਂ ਕੋਈ ਵੀ ਫੈਸਿਲਿਟੀ ਨਹੀਂ ਮਿਲਣੀ ਚਾਹੀਦੀ, ਜਿਹੜੀ ਗਰਾਂਟ ਆਦਿ ਮਿਲਦੀ ਹੈ ਬੰਦ ਹੋਣੀ ਚਾਹੀਦੀ ਹੈ । ਸਪੀਕਰ ਸਾਹਿਬ, ਵਰਕਰਾਂ ਨਾਲ ਕੀ ਹੁੰਦਾ ਹੈ ਇਸ ਸਰਕਾਰ ਨੂੰ ਇਸ ਵਲ ਥੋੜ੍ਹਾ ਜਿਹਾ ਧਿਆਨ ਦੇਣ ਦੀ ਲੋੜ ਹੈ । ਕਾਰਖ਼ਾਨਿਆਂ ਵਿਚ ਜਿਹੜੇ ਐਕਸੀਡੈਂਟ ਹੁੰਦੇ ਹਨ ਮੈਂ ਪਿਛਲੇ ਤਿੰਨ ਸਾਲਾਂ ਦੀਆਂ ਫਿਗਰਜ਼ ਸਰਕਾਰ ਦੇ ਆਂਕੜਿਆਂ ਮੁਤਾਬਿਕ ਤੁਹਾਡੇ ਸਾਮ੍ਹਣੇ ਰਖਣਾ ਚਾਹੁੰਦਾ ਹਾਂ । ਇਹ ਕਿਤਨੀ ਖ਼ਤਰਨਾਕ ਗਲ ਹੋਵੇਗੀ ਅਗਰ ਇਸੇ ਤਰੀਕੇ ਨਾਲ ਇਹ ਵਧਦੇ ਰਹੇ । 1967 ਵਿਚ ਐਕਸੀਡੈਂਟਸ ਜਿਨ੍ਹਾਂ ਰਾਹੀਂ ਮੌਤ ਹੋਈ 7, ਦੂਜੇ ਐਕਸੀਡੈਂਟ 1161 । 1968 ਵਿਚ ਮੌਤਾਂ ਵਾਲੇ ਐਕਸੀਡੈਂਟ 16 ਦੂਜੇ 1914 । 1969 ਵਿਚ ਮੌਤਾਂ ਵਾਲੇ ਐਕਸੀਡੈਂਟਸ 23 ਅਤੇ ਦੂਜੇ 2365 । ਸਪੀਕਰ ਸਾਹਿਬ, ਇਹ ਅਲਾਰਮਿੰਗ ਇਨਕਰੀਜ਼ ਹੈ ਕੋਈ ਬੰਦਾ ਮਰੇ ਜਾਂ ਜ਼ਿੰਦਾ ਰਹੇ ਮਿਲ ਮਾਲਕਾਂ ਨੂੰ ਤਾਂ ਨਫ਼ਾ ਚਾਹੀਦਾ ਹੈ । ਉਹ ਕਹਿੰਦੇ ਹਨ ਕਿ ਸਾਨੂੰ ਕੀ ਸਾਨੂੰ ਤਾਂ ਨਫ਼ਾ ਚਾਹੀਦਾ ਹੈ । ਜੇ ਕਰ ਵਰਕਰ ਹੜਤਾਲ ਕਰਨ ਆਪਣੀ ਜਾਇਜ਼ ਮੰਗ ਲਈ ਤਾਂ ਤੂਫ਼ਾਨ ਖੜਾ ਕਰ ਦਿੰਦੇ ਹਨ । ਲੇਕਿਨ ਇਨ੍ਹਾਂ ਐਕਸੀਡੈਂਟਸ ਸਬੰਧੀ, ਜੋ

1967 ਵਿਚ 1168
1968 ਵਿਚ 1930
1969 ਵਿਚ 2388

ਹੋਏ, ਸਰਕਾਰ ਇਨ੍ਹਾਂ ਲਈ ਕੀ ਕੁਝ ਕਰ ਰਹੀ ਹੈ, ਜਿਹੜਾ ਵੋਟ ਆਫ਼ ਅਕਾਊਂਟ ਜਾਂ ਬਜਟ ਪੇਸ਼ ਕੀਤਾ ਗਿਆ ਹੈ, ਉਨ੍ਹਾਂ ਵਿੱਚ ਕੋਈ ਕਾਂਸ਼ਸਨੈਸ ਨਜ਼ਰ ਨਹੀਂ ਆਉਂਦੀ ।

ਹੁਣ ਮੈਂ ਥੋੜ੍ਹੀ ਜਿਹੀ ਖੇਤੀ ਬਾੜੀ ਦੀ ਗੱਲ ਕਰਨੀ ਚਾਹੁੰਦਾ ਹਾਂ । ਖ਼ਜ਼ਾਨਾ ਵਜ਼ੀਰ ਬੜੀਆਂ

ਤਕਰੀਰਾਂ ਦਿੰਦੇ ਹਨ ਕਿ ਅਨਾਜ ਦੀ ਪੈਦਾਵਾਰ ਵਧਾ ਦਿੱਤੀ ਹੈ, ਦਾਲਾਂ ਦੀ ਪੈਦਾਵਾਰ ਵਧਾ ਦਿੱਤੀ ਹੈ, ਚਾਵਲਾਂ ਦੀ ਪੈਦਾਵਾਰ ਵਧਾ ਦਿੱਤੀ ਹੈ ਆਦਿ । ਪਰ ਸਰਕਾਰ ਸੁੱਤੀ ਨਾ ਰਹੇ ਦਾਲਾਂ ਦੀਆਂ ਵੱਖਰੀਆਂ ਫਿਗਰਜ਼ ਨੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਦਾਲਾਂ ਦਾ ਤਾਂ ਕਾਲ ਆ ਜਾਣਾ ਹੈ ਜੇ ਕਰ ਇਸ ਰਫ਼ਤਾਰ ਤੇ ਪੰਜਾਬ ਚਲਦਾ ਰਿਹਾ । ਦਾਲਾਂ ਬਾਰੇ ਵੀ ਮੈਂ ਆਂਕੜੇ ਦੱਸਦਾ ਹਾਂ ਕਿ 1967 ਵਿਚ ਜਿਹੜਾ ਰਕਬਾ ਦਾਲਾਂ ਲਈ ਰਖਿਆ ਗਿਆ ਉਹ ਹੈ 6700 ਹੈਕਟਰ, 68 ਵਿੱਚ 6300 ਹੈਕਟਰ ਅਤੇ 1969-70 ਵਿਚ ਜਿਹੜਾ ਰਖਿਆ ਉਹ ਹੈ 5200 ਹੈਕਟਰ । ਔਰ ਇਸ ਸਮੇਂ ਜਿਹੜੀ ਦਾਲਾਂ ਦੀ ਪੈਦਾਵਾਰ ਹੋਈ ਉਹ ਹੈ 1967-68 ਵਿਚ 33 ਹਜ਼ਾਰ ਮੀਟਰਿਕ ਟਨ, 68-69 ਵਿੱਚ 30 ਹਜ਼ਾਰ ਮੀਟਰਿਕ ਟਨ ਅਤੇ 1969-70 ਵਿੱਚ 25 ਹਜ਼ਾਰ ਮੀਟਰਿਕ ਟਨ । ਅਗਰ ਦਾਲਾਂ ਨਾਲ ਇਹੀ ਕੁਝ ਪੰਜਾਬ ਵਿੱਚ ਹੁੰਦਾ ਰਿਹਾ ਤਾਂ ਪੰਜਾਬ ਵਿੱਚ ਜਨਤਾ ਨੂੰ ਬਹੁਤ ਤਕਲੀਫ ਆਏਗੀ । (ਵਿਘਨ)

ਸਪੀਕਰ ਸਾਹਿਬ, ਹੁਣ ਮੈਂ ਤੁਹਾਡਾ ਧਿਆਨ ਗੰਨੇ ਵਲ ਦਿਵਾਉਂਦਾ ਹਾਂ ਕਿ ਗੰਨੇ ਦੀ ਪ੍ਰੋਡੱਕਸ਼ਨ ਐਵਰੇਜ਼ ਯੀਲਡ ਪਰ ਏਕੜ 11.2 ਟਨ ਹੈ, ਸਾਊਥਰਨ ਸਟੇਟਾਂ ਦੇ ਮੁਕਾਬਲੇ ਪੰਜਾਬ ਵਿੱਚ ਹੁਣ ਪੈਦਾਵਾਰ ਅੱਧੀ ਨਾਲੋਂ ਵੀ ਘੱਟ ਹੈ । ਸਾਡੀ ਕੋਆਪ੍ਰੇਟਿਵ ਸ਼ੂਗਰ ਮਿਲਾਂ ਵਿਚੋਂ ਇਕ ਭੋਜਪੁਰ ਮਿਲ ਨੇ ਨਫ਼ਾ ਵਿਖਾਇਆ ਹੈ ਬਾਕੀ ਸਾਰੀਆਂ ਸ਼ੂਗਰ ਮਿਲਾਂ ਘਾਟੇ ਵਿੱਚ ਗਈਆਂ । ਪੁਛਿਆ ਕਿਉਂ ਘਾਟੇ ਵਿਚ ਗਈਆਂ । ਕਹਿੰਦੇ ਹਨ ਕਿ ਗੰਨੇ ਦੀ ਰਿਕਵਰੀ ਘੱਟ ਹੈ । ਮੈਂ ਕਹਿੰਦਾ ਹਾਂ ਕਿ ਇਸ ਖੇਤਰ ਵਿੱਚ ਅਸੀਂ ਬਾਕੀ ਸੂਬਿਆਂ ਨਾਲੋਂ ਬਹੁਤ ਪਿੱਛੇ ਹਾਂ । ਮੈਂ ਅਰਜ਼ ਕਰਾਂਗਾ ਕਿ ਖੇਤੀਬਾੜੀ ਦੇ ਖੇਤਰ ਵਿੱਚ ਅਗਰ ਇਨ੍ਹਾਂ ਦਾ ਵਨ-ਸਾਈਡਿਡ ਖਿਆਲ ਰਿਹਾ ਤਾਂ ਇਸ ਦੇ ਸਿੱਟੇ ਪੰਜਾਬ ਲਈ ਚੰਗੇ ਨਹੀਂ ਨਿਕਲਣਗੇ । ਖੇਤੀ ਬਾੜੀ ਦੇ ਬਾਰੇ, ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਰਨੀ ਚਾਹੁੰਦਾ ਹਾਂ । ਲੋਕਾਂ ਨੇ ਮੰਗ ਕੀਤੀ ਕਿ ਸਟੇਟ ਟਰੇਡਿੰਗ ਹੋਣੀ ਚਾਹੀਦੀ ਹੈ । ਇਨ੍ਹਾਂ ਨੇ ਕਿਹਾ ਕਿ ਸਟੇਟ ਟਰੇਡਿੰਗ ਤਾਂ ਅਕਾਲੀ ਪਾਰਟੀ ਨੇ ਕਰ ਦਿੱਤੀ, ਮੈਂ ਇਸ ਨਾਲ ਸਹਿਮਤ ਹਾਂ ਕਿ ਕਣਕ ਵਿੱਚ ਸਟੇਟ ਟਰੇਡਿੰਗ ਪੂਰੀ ਹੋ ਗਈ ਹੈ । ਇਹ ਚੀਜ਼ 1967 ਵਿੱਚ ਉਸ ਸਰਕਾਰ ਨੇ ਕੀਤੀ ਜਿਸ ਦੇ ਵਿੱਚ ਕਮਿਊਨਿਸਟ ਸ਼ਾਮਲ ਹੋਏ ਸਨ, ਉਸ ਦੇ ਬਾਅਦ ਇਸ ਸਰਕਾਰ ਨੇ ਇਸ ਪਾਸੇ ਵਾਲੇ ਕੋਈ ਕਦਮ ਨਹੀਂ ਚੁਕਿਆ । ਮੈਂ ਝੋਨੇ ਵੱਲ ਸਰਕਾਰ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ । ਸਰਕਾਰ ਝੋਨਾ ਨਹੀਂ ਖਰੀਦਦੀ ਉਹ ਸ਼ੈਲਰਜ਼ ਵਾਲੇ ਅਤੇ ਵੱਡੇ ਵਪਾਰੀ ਖਰੀਦਦੇ ਹਨ । ਭਾਵੇਂ ਸਰਕਾਰ 82% ਸ਼ੈਲਰਾਂ ਵਾਲਿਆਂ ਤੋਂ ਖਰੀਦ ਲੈਂਦੀ ਹੈ ਪਰ ਝੋਨਾ ਮਾਰਕੀਟ ਵਿੱਚ ਰੁਲਦਾ ਰਹਿੰਦਾ ਹੈ, ਉਹ ਵਪਾਰੀ ਖਰੀਦਦੇ ਹਨ ਅਤੇ ਆਪਣੀ ਮਰਜ਼ੀ ਦੇ ਭਾ ਦਿੰਦੇ ਹਨ । ਫ਼ਸਲ ਤੋਂ ਬਾਅਦ ਹਰ ਸਾਲ ਭਾਅ 10 ਰੁਪਏ ਕੁਐਂਟਲ ਵੱਧ ਜਾਂਦਾ ਹੈ । ਪੰਜਾਬ ਦਾ ਕਿਸਾਨ ਇਸ ਤਰ੍ਹਾਂ ਨਾਲ ਲੁੱਟਿਆ ਜਾਂਦਾ ਹੈ । ਉਸ ਨੂੰ ਆਪਣੀ ਫ਼ਸਲ ਦੀ ਕੀਮਤ ਪੂਰੀ ਨਹੀਂ ਮਿਲਦੀ । ਪੰਜਾਬ ਸਰਕਾਰ ਨੂੰ ਮਾਰਕੀਟ ਵਿੱਚ ਆ ਕੇ ਝੋਨੇ ਦੀ ਖਰੀਦ ਕਰਨੀ ਚਾਹੀਦੀ ਹੈ ਅਤੇ ਜਿਸ ਤਰ੍ਹਾਂ 1967 ਵਿੱਚ ਪੰਜਾਬ ਦੀ ਯੂਨਾਈਟਿਡ ਸਰਕਾਰ ਨੇ ਕੀਤਾ ਸੀ ਉਸ ਤਰ੍ਹਾਂ ਕਰਨਾ ਚਾਹੀਦਾ ਹੈ । ਪੰਜਾਬ ਦੀਆਂ ਮੇਜਰ ਫ਼ਸਲਾਂ ਦੀ ਇਸ ਨੂੰ ਸਟੇਟ ਟਰੇਡਿੰਗ ਕਰਨੀ ਚਾਹੀਦੀ ਹੈ ਅਤੇ ਕਿਸਾਨਾਂ ਨੂੰ ਲੱਖਾਂਪਤੀ ਜ਼ਖੀਰਾ ਦੋਜ਼ਾਂ ਤੋਂ ਬਚਾਉਣਾ ਚਾਹੀਦਾ ਹੈ ਅਤੇ ਕਿਸਾਨ ਨੂੰ ਠੀਕ ਰੇਟ ਦੇਣ । ਜਿਸ ਤਰ੍ਹਾਂ ਕਣਕ ਦੇ ਸਿਲਸਲੇ ਵਿੱਚ ਹੈ, ਅਗਰ ਪੱਕੀ ਫ਼ਸਲ ਵਿੱਚ ਸਟੇਟ ਟਰੇਡਿੰਗ ਹੋਵੇਗੀ ਤਾਂ ਬਹੁਤ ਚੰਗਾ ਹੋਵੇਗਾ ।

ਮੈਂ ਆਖ਼ਰ ਵਿੱਚ ਮੁਲਾਜ਼ਮ ਬਾਰੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ । ਸਰਦਾਰ ਬਲਵੰਤ ਸਿੰਘ ਨੂੰ ਚੈਲਿੰਜ ਦੇਣ ਦੀ ਇਕ ਆਦਤ ਜਿਹੀ ਹੋ ਗਈ ਹੈ ਅਤੇ ਕਹਿੰਦੇ ਹਨ ਕਿ ਐਂਪਲਾਈਜ਼ ਦੀ ਮੰਗ ਬਿਲਕੁਲ ਵਾਜ਼ਬ ਨਹੀਂ ਹੈ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਚਪੜਾਸੀ ਹੋਵੇ, ਉਸਦੀ ਬੀਵੀ ਹੋਵੇ ਅਤੇ 2, 3 ਬੱਚੇ ਹੋਣ, ਉਸ ਨੂੰ ਜ਼ਿੰਦਾ ਰਹਿਣ ਵਾਸਤੇ ਕਿੰਨੀ ਤਨਖ਼ਾਹ ਚਾਹੀਦੀ ਹੈ । ਮੈਂ ਕਹਿੰਦਾ ਹਾਂ ਕਿ ਤਿੰਨ ਸੌ ਤੋਂ ਘੱਟ ਉਸ ਦਾ ਗੁਜ਼ਾਰਾ ਨਹੀਂ ਹੋ ਸਕੇਗਾ, ਪਰ ਇਹ ਕਿਤਨੇ ਦਿੰਦੇ ਹਨ 141

[ਕਾਮਰੇਡ ਸੱਤਪਾਲ ਡਾਂਗ]

ਰੁਪਏ ਅਤੇ ਕਹਿੰਦੇ ਹਨ ਕਿ ਸਭ ਨਾਲੋਂ ਵੱਧ ਦਿੰਦੇ ਹਾਂ। ਪੰਜਾਬ ਬੈਂਕ ਦੇ ਅੰਦਰ ਪੰਜਾਬ ਵਿੱਚ ਚਪੜਾਸੀ ਨੂੰ 250 ਰੁਪਏ ਮਿਲਦੇ ਹਨ ਅਤੇ ਇਸੇ ਤਰ੍ਹਾਂ ਇਨਸ਼ੋਰੈਂਸ ਕੰਪਨੀਆਂ ਵਿੱਚ ਸਰਕਾਰ ਨਾਲੋਂ ਕਿਤੇ ਵੱਧ ਮਿਲਦੇ ਹਨ। ਇਹ ਕਹਿੰਦੇ ਹਨ ਕਿ ਅਸੀਂ ਪ੍ਰੋਗਰੈਸਿਵ ਹਾਂ ਅਸੀਂ ਵੱਧ ਦਿੰਦੇ ਹਾਂ। ਸਪੀਕਰ ਸਾਹਿਬ, ਫਿਰ ਇਨ੍ਹਾਂ ਨੇ ਕਿਹਾ (ਵਿਘਨ) ਕਿ ਦੂਜੇ ਸੂਬਿਆਂ ਨਾਲੋਂ ਵੱਧ ਦਿੰਦੇ ਹਾਂ। ਮੈਂ ਇਨ੍ਹਾਂ ਦਾ ਚੈਲਿੰਜ ਮਨਜ਼ੂਰ ਕਰਦਾ ਹਾਂ। ਇਨ੍ਹਾਂ ਨੇ 166 ਰੁਪਏ ਦੱਸੇ ਹਨ, ਪਰ ਮੈਂ ਇਨ੍ਹਾਂ ਨੂੰ ਦੱਸਾਂ ਕਿ ਇਨ੍ਹਾਂ ਦੇ ਚਪੜਾਸੀ ਨੂੰ ਸਟਾਰਟਿੰਗ ਵਿੱਚ ਟੋਟਲ ਅਮਾਲੂਮੈਂਟਸ 141 ਰੁਪਏ ਮਿਲਦੇ ਹਨ,......ਗੁਜਰਾਤ ਵਿੱਚ 145 ਰੁਪਏ, ਮਹਾਂਰਾਸ਼ਟਰ ਵਿੱਚ 146 ਰੁਪਏ, ਬੰਗਾਲ ਵਿੱਚ 150 ਰੁਪਏ। ਅੱਜ ਅਖਬਾਰਾਂ ਵਿੱਚ ਆਇਆ ਹੈ ਕਿ ਬੰਗਾਲ ਨੇ 15 ਕਰੋੜ ਰੁਪਿਆ ਹੋਰ ਆਪਣੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਧਾਕੇ ਦਿੱਤਾ ਹੈ। ਇਹ ਫਿਗਰ ਪਹਿਲਾਂ ਦੀ ਹੈ। ਫਿਰ ਇਹ ਕਹਿੰਦੇ ਹਨ ਕਿ ਅਸੀਂ ਆਪਣੇ ਮੁਲਾਜ਼ਮਾਂ ਨੂੰ ਸਭ ਤੋਂ ਵੱਧ ਤਨਖਾਹਾਂ ਦਿੰਦੇ ਹਾਂ। ਇਹ ਹਾਲਤ ਸਿਰਫ ਕਲਾਸ 4 ਕੇਸ ਵਿੱਚ ਹੀ ਨਹੀਂ ਸਭ ਦੇ ਹੈ। ਕਲਾਸ 3 ਯਾਨੀ ਕਲਰਕਾਂ ਦੀ ਇਹੀ ਗੱਲ ਹੈ। ਪੰਜਾਬ ਵਿੱਚ ਕਲਾਸ 3 ਦੇ ਮੁਲਾਜ਼ਮਾਂ ਨੂੰ 208/- ਰੁਪਏ ਮਹੀਨਾ ਮਿਲਦੇ ਹਨ, ਮਹਾਰਾਸ਼ਟਰ ਵਿੱਚ 215/- ਅਤੇ ਹੋਰ ਵੀ ਕਈ ਸੂਬਿਆਂ ਵਿੱਚ ਇਨ੍ਹਾਂ ਤੋਂ ਵੱਧ ਮਿਲਦੇ ਹਨ। ਮੈਂ ਜ਼ਿਆਦਾ ਲੰਬੀ ਗੱਲ ਨਹੀਂ ਕਰਦਾ। ਇਹੀ ਨਹੀਂ ਮਨਿਸਟਰ ਸਾਹਿਬ ਨੇ ਮੰਨਿਆ ਹੈ ਕਿ ਹਰਿਆਣੇ ਦਿਆਂ ਮੁਲਾਜ਼ਮਾਂ ਦੀਆਂ 181 ਕੈਟੇਗਰੀਆਂ ਨੂੰ ਪੰਜਾਬ ਦੇ ਮੁਲਾਜ਼ਮਾਂ ਨਾਲੋਂ ਵੱਧ ਤਨਖਾਹ ਮਿਲਦੀ ਹੈ। ਹਰਿਆਣਾ ਜੋ ਛੋਟਾ ਜਿਹਾ ਸੂਬਾ ਹੈ ਆਪਣੇ ਮੁਲਾਜ਼ਮਾਂ ਨੂੰ ਵੱਧ ਤਨਖਾਹ ਦਿੰਦਾ ਹੈ। ਇਨ੍ਹਾਂ ਨਾਲੋਂ ਵੱਧ ਤਨਖਾਹ ਲੈਂਦੇ ਹਨ। ਇਸ ਤਰ੍ਹਾਂ ਦੀਆਂ ਕੈਟੇਗਰੀਆਂ ਕੋਈ ਇਕ ਦੋ ਨਹੀਂ, 181 ਹਨ। ਇਹ ਕੇਰਲਾ ਦਾ ਨਾਮ ਲੈਂਦੇ ਹਨ। ਉਹ ਗਰੀਬ ਸੂਬਾ ਹੈ। ਉਥੇ ਮੈਂਬਰ 150 ਤੇ ਮਨਿਸਟਰ 10, ਇਥੇ ਮੈਂਬਰ 104 ਅਤੇ ਉਨ੍ਹਾਂ ਵਿਚੋਂ ਵੀ ਅਕਾਲੀ ਪਾਰਟੀ ਦੇ 57 ਤੇ ਮਨਿਸਟਰ 40। (ਸ਼ੇਮ, ਸ਼ੇਮ) ਇਨ੍ਹਾਂ ਲਈ ਤਾਂ ਪੈਸਾ ਹੈ ਪਰ ਗ਼ਰੀਬ ਮੁਲਾਜ਼ਮ ਲਈ ਨਹੀਂ। ਪੰਜਾਬ ਤੋਂ ਬਾਹਰ ਵਧੀਆ ਵਧੀਆ ਰੈਸਟ ਹਾਊਸਿਜ਼ ਬਨਾਉਣ ਲਈ ਪੈਸਾ ਹੈ, ਗ਼ਰੀਬ ਜਿਹੜਾ ਰੋਟੀ ਮੰਗਦਾ ਹੈ ਉਸ ਲਈ ਪੈਸਾ ਹੈ ਨਹੀਂ। ਵਜ਼ੀਰਾਂ ਨੂੰ ਡੇਢ ਡੇਢ ਲੱਖ ਦੀਆਂ ਕਾਰਾਂ ਲੈ ਕੇ ਦੇਣ ਲਈ ਪੈਸਾ ਹੈ ਪਰ ਗ਼ਰੀਬ ਲਈ ਨਹੀਂ ਤੇ ਪਾਂਧੀ ਸਾਹਿਬ ਕਹਿੰਦੇ ਹਨ ਕਿ ਮੁਲਾਜ਼ਮਾਂ ਦੀ ਪੁਲਿਟੀਕਲੀ ਮੋਟੀਵੇਟਿਡ ਸਟਰਾਈਕ ਸੀ। ਬਾਦਲ ਸਾਹਿਬ ਨੇ ਕਿਹਾ ਕਿ ਅਸੀਂ ਇੰਤਕਾਮੀਆਂ ਕਾਰਵਾਈ ਨਹੀਂ ਕੀਤੀ। ਮੈਂ ਇਨ੍ਹਾਂ ਨੂੰ ਪੁਛਦਾ ਹਾਂ ਕਿ ਅਗਰ ਡਿਸਟ੍ਰਿਕਟ ਮੈਜਿਸਟਰੇਟ ਨੂੰ ਕਹਿ ਕੇ 107/151 ਦੇ ਤਹਿਤ ਹਜ਼ਾਰਾਂ ਮੁਲਾਜ਼ਮਾਂ ਨੂੰ ਗਿਰਫਤਾਰ ਕੀਤਾ ਜਾਵੇ ਤਾਂ ਇਹ ਇੰਤਕਾਮੀਆਂ ਕਾਰਵਾਈ ਨਹੀਂ ਤਾਂ ਹੋਰ ਕੀ ਹੁੰਦੀ ਹੈ ਇੰਤਕਾਮੀਆਂ ਕਾਰਵਾਈ। ਅਗਰ ਸੈਂਕੜਿਆਂ ਨੂੰ ਘਰੋਂ ਫੜਿਆ ਜਾਵੇ, ਲਾਠੀਆਂ ਮਾਰੀਆਂ ਜਾਣ, ਟਰਮੀਨੇਸ਼ਨ ਦੇ ਨੋਟਿਸ ਦਿੱਤੇ ਜਾਣ ਤਾਂ ਕੀ ਇਹ ਇੰਤਕਾਮੀਆ ਕਾਰਵਾਈ ਨਹੀਂ ?

(ਜਥੇਦਾਰ ਹਰਦਿੱਤ ਸਿੰਘ ਪੂਹਲੀ ਵਲੋਂ ਵਿਘਨ)

ਸਪੀਕਰ ਸਾਹਿਬ, ਇਹ ਦਿੱਲੀ ਦੀ ਅਖ਼ਬਾਰ 'ਪ੍ਰੈਟ੍ਰਿਅਟ' ਹੈ। ਇਸ ਵਿੱਚ ਇਕ ਰਿਪੋਰਟ ਛਪੀ ਹੈ, ਇਸ ਦੀਆਂ ਮੈਂ ਦੋ ਲਾਈਨਾਂ ਪੜ੍ਹ ਕੇ ਸੁਣਾਉਂਦਾ ਹਾਂ।

> "Meanwhile the Chief Judicial Magistrate granted bail to 11 employees of the Roadways and I. T. Os. but the Executive Magistrate rejected bail applications of employees who have been arrested on grounds of apprehension of breach of peace."

ਵਿੱਤ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਇਨ੍ਹਾਂ ਨੂੰ ਆਪ ਦੇ ਜ਼ਰੀਏ

ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੇ ਜੋ ਐਂਪਲਾਈਜ਼ ਦੀਆਂ ਤਨਖਾਹਾਂ ਬਾਰੇ ਜ਼ਿਕਰ ਕੀਤਾ ਹੈ, ਉਹ ਫਿਗਰਜ਼ ਟੇਬਲ ਤੇ ਲੇ ਕਰ ਦੇਣ ।

ਕਾਮਰੇਡ ਸੱਤਪਾਲ ਡਾਂਗ : ਮੇਰੇ ਪਾਸ ਤਾਂ ਨੋਟਿਸ ਹੀ ਹਨ, ਕਹੋ ਤਾਂ ਇਹ ਲੇ ਕਰ ਦਿਆਂ । (ਵਿਘਨ) ਅਖਬਾਰਾਂ ਵਿਚ ਆਇਆ ਹੈ ਕਿ ਬੰਗਾਲ ਨੇ ਆਪਣੇ ਮੁਲਾਜ਼ਮਾਂ ਨੂੰ 15 ਕਰੋੜ ਰੁਪਿਆ ਹੋਰ ਦਿਤਾ ਹੈ, ਰਾਜਸਥਾਨ ਨੇ ਆਪਣੇ ਮੁਲਾਜ਼ਮਾਂ ਨੂੰ ਇੰਟੈਰਿਮ ਰਲੀਫ ਦੇਣਾ ਮੰਨ ਲਿਆ ਹੈ । ਮੈਂ ਇੰਤਕਾਮੀਆ ਕਾਰਵਾਈ ਦੀ ਗੱਲ ਕਰ ਰਿਹਾ ਸੀ । ਪੈਟ੍ਰਿਆਟ ਦੀ ਰਿਪੋਰਟ ਪੜ੍ਹ ਕੇ ਸੁਣਾਈ ਹੈ । ਇਕ ਹੀ ਜਗ੍ਹਾ ਤੇ ਜੁਡੀਸ਼ਲ ਮੈਜਿਸਟ੍ਰੇਟ ਉਸੇ ਕੇਸ ਦੀ ਜ਼ਮਾਨਤ ਲੈ ਲੈਂਦਾ ਹੈ ਪਰ ਐਗਜ਼ੈਕਟਿਵ ਮੈਜਿਸਟਰੇਟ ਨਹੀਂ ਲੈਂਦਾ ਕਿਉਂਕਿ ਉਸ ਨੂੰ ਬਾਦਲ ਸਾਹਿਬ ਦੀ ਹਦਾਇਤ ਹੈ । ਕਹਿੰਦੇ ਇਹ ਹਨ ਕਿ ਇੰਤਕਾਮੀਆ ਕਾਰਵਾਈ ਨਹੀਂ ਕੀਤੀ । ਐਗਜ਼ੈਕਟਿਵ ਮੈਜਿਸਟਰੇਟ ਪਾਸੋਂ ਐਸ. ਪੀ. ਅਤੇ ਡੀ. ਸੀ. ਜ਼ਮਾਨਤ ਨਹੀਂ ਹੋਣ ਦਿੰਦੇ ਪਰ ਜੁਡੀਸ਼ਲ ਮੈਜਿਸਟਰੇਟ ਪਾਸ ਹੋ ਜਾਂਦੀ ਹੈ । (ਘੰਟੀ) ਫਿਰ ਪੁਲਿਸ ਦੇ ਜ਼ੁਲਮ ਦੀਆਂ ਮੈਂ ਕਈ ਮਿਸਾਲਾਂ ਦੇ ਸਕਦਾ ਹਾਂ । ਬਸ ਜੀ ਦੋ ਮਿੰਟ ਹੋਰ ਦਿਉ । ਇਹ ਮੇਰਾ ਆਖਰੀ ਪੁਆਇੰਟ ਹੈ । ਅੰਮ੍ਰਿਤਸਰ ਵਿਚ ਪੀ. ਡਬਲਯੂ. ਡੀ. (ਬੀ ਐਂਡ ਆਰ) ਦੇ ਦਫਤਰ ਵਿਚ ਮੁਲਾਜ਼ਮ ਡਿਊਟੀ ਤੇ ਸਨ, ਪੁਲਿਸ ਅੰਦਰ ਗਈ, ਇੰਸਪੈਕਟਰ ਵਿਦਿਆ ਸਾਗਰ ਨਢਾ ਸਾਹਿਬ ਉਸ ਦੇ ਲੀਡਰ ਸਨ । ਦਫਤਰ ਵਿਚ ਮੁਲਾਜ਼ਮਾਂ ਨੂੰ ਪੁਲਿਸ ਨੇ ਘਸੀਟਿਆ, ਮਾਰਿਆ ਕੁਟਿਆ । ਉਥੇ ਲੜਕੀਆਂ ਵੀ ਕੰਮ ਕਰਦੀਆਂ ਹਨ । ਉਨ੍ਹਾਂ ਨੂੰ ਗੰਦੀਆਂ ਤੋਂ ਗੰਦੀਆਂ ਗਾਲ੍ਹਾਂ ਕੱਢੀਆਂ ਗਈਆਂ । ਫਿਰ ਪਕੜ ਕੇ ਪੁਲਿਸ ਚੌਕੀ ਤੇ ਲੈ ਗਏ, ਹਵਾਲਾਤ ਵਿਚ ਸਾਰੀ ਰਾਤ ਰਖਿਆ, ਰੋਟੀ ਨਹੀਂ ਦਿੱਤੀ, ਸੌਣ ਨੂੰ ਕੰਬਲ ਨਹੀਂ ਦਿੱਤੇ । ਬਾਦਲ ਸਾਹਿਬ ਫਰਮਾਉਂਦੇ ਹਨ ਕਿ ਇੰਤਕਾਮੀਆ ਕਾਰਵਾਈ ਨਹੀਂ ਕੀਤੀ । ਜਿਹੜਾ ਜਿਹੜਾ ਐਂਪਲਾਈ ਰੋਟੀ ਮੰਗੇ ਅਗਰ ਉਸ ਨਾਲ ਇਹ ਨਾਰਮਲ ਸਲੂਕ ਹੈ ਤਾਂ ਫਿਰ ਇੰਤਕਾਮੀਆ ਕਾਰਵਾਈ ਤਾਂ ਪਤਾ ਨਹੀਂ ਕੀ ਹੋਵੇਗੀ । ਦਰਅਸਲ ਇਹ ਸਵਾਲ ਹੈ ਇਨ੍ਹਾਂ ਦਾ ਆਪਣੇ ਮੁਲਾਜ਼ਮਾਂ ਵਲ ਵਤੀਰੇ ਦਾ, ਉਨ੍ਹਾਂ ਵਲ ਦਰੁਸਤ ਨੀਤੀ ਅਪਨਾਉਣ ਦਾ । ਇਨ੍ਹਾਂ ਦੇ ਇਕ ਮਹਾਨ ਨੇਤਾ ਹਨ, ਬੜੇ ਵਡੇ ਲੀਡਰ ਹਨ ਵੈਰਾਗੀ ਸਾਹਿਬ । ਉਨ੍ਹਾਂ ਨੇ ਤਕਰੀਰ ਕੀਤੀ ਕਿ ਇਹ ਢਾਈ ਢਾਈ ਫੁਟ ਦੀਆਂ ਮਾਸਟਰਾਨੀਆਂ ਮੰਗਦੀਆਂ ਨੇ 200/- ਰੁਪਿਆ ਤਨਖਾਹ, ਕੱਢੋ ਇਨ੍ਹਾਂ ਨੂੰ, ਇਨ੍ਹਾਂ ਮੁਲਾਜ਼ਮਾਂ ਨੂੰ ਤੂੜੀ ਦੇ ਕੁਪ ਵਿੱਚ ਬੰਦ ਕਰਕੇ ਅੱਗ ਲਾ ਦਿਉ । (ਸ਼ੇਮ, ਸ਼ੇਮ) ਮੈਂ ਪੁਛਦਾ ਹਾਂ ਕੀ ਇਹ ਗੱਲਾਂ ਚੰਗੀਆਂ ਹਨ ? ਕੀ ਕਿਸੇ ਇਨ੍ਹਾਂ ਦੇ ਸਾਥੀ ਨੇ ਉਸ ਨੂੰ ਕੰਨਡੇਮ ਕੀਤਾ ? ਜਾਂ ਬਸ ਇਹੀ ਕਹਿਣਾ ਆਉਂਦਾ ਹੈ ਕਿ ਜਿਹੜਾ ਰੋਟੀ ਮੰਗੇ ਉਸ ਦੀ ਪੁਲਿਟੀਕਲੀ ਮੋਟੀਵੇਟਿਡ ਸਟਰਾਈਕ ਹੁੰਦੀ ਹੈ । ਉਨ੍ਹਾਂ ਦੀਆਂ ਮੰਗਾਂ ਵਾਜਬ ਹਨ । ਠੀਕ ਹੈ ਕਈ ਮੁਲਾਜ਼ਮ ਚੰਗੇ ਵੀ ਹੁੰਦੇ ਹਨ ਮਾੜੇ ਵੀ ਹੁੰਦੇ ਹਨ ਪਰ ਇਸੇ ਤਰ੍ਹਾਂ ਅਫਸਰ ਵੀ ਹੁੰਦੇ ਹਨ । ਮਨਿਸਟਰ ਵੀ ਹੁੰਦੇ ਹਨ । ਅਗਰ ਕੋਈ ਉਪਰ ਬੈਠਾ ਮਨਿਸਟਰ ਜਾਂ ਅਫਸਰ ਛੋਟੇ ਮੁਲਾਜ਼ਮ ਦੇ ਸੰਘੀ ਨੌਂਹ ਦੇ ਕੇ ਆਪਣੀ ਜਾਇਦਾਦ ਬਣਾਉਣ ਲਈ ਜਾਂ ਆਪਣੇ ਰਿਸ਼ਤੇਦਾਰਾਂ ਨੂੰ ਨਾਜਾਇਜ਼ ਫਾਇਦਾ ਪਹੁੰਚਾਣ ਲਈ ਗਲਤ ਕੰਮ ਕਰਵਾਏ ਤਾਂ ਮੁਲਾਜ਼ਮ ਕੀ ਕਰੇ, ਇਸ ਨਾਲ ਵਾਤਾਵਰਨ ਵਿਗੜਦਾ ਹੈ । ਹੋਰ ਇਧਰ ਉਧਰ ਦੀਆਂ ਗੱਲਾਂ ਕਰਨੀਆਂ ਠੀਕ ਨਹੀਂ, ਸਿੱਧੀ ਗੱਲ ਹੈ ਕਿ ਮੁਲਾਜ਼ਮ ਸੈਟਿਸਫਾਈਡ ਨਹੀਂ ਹੈ, ਅਗਰ ਉਸ ਦੀਆਂ ਵਾਜਬ ਮੰਗਾਂ ਮੰਨੀਆਂ ਨਹੀਂ ਜਾਂਦੀਆਂ ਤਾਂ ਐਡਮਨਿਸਟਰੇਸ਼ਨ ਠੀਕ ਤਰ੍ਹਾਂ ਨਹੀਂ ਚਲ ਸਕਦੀ । ਇੰਤਕਾਮੀਆਂ ਕਾਰਵਾਈ ਨੂੰ ਛੱਡੋ, ਮੁਕੱਦਮੇ ਵਾਪਸ ਲਉ, ਪੁਲਿਸ ਜੋ ਕਾਰਵਾਈ ਕਰ ਰਹੀ ਹੈ ਉਸ ਨੂੰ ਬੰਦ ਕਰੋ, ਚੰਗਾ ਵਾਤਾਵਰਨ ਪੈਦਾ ਕਰਨ ਲਈ, ਟਰਮੀਨੇਸ਼ਨ ਆਫ ਸਰਵਸਿਜ਼ ਦੇ ਜੋ ਨੋਟਿਸ ਦਿੱਤੇ ਹਨ ਉਨ੍ਹਾਂ ਨੂੰ ਕੈਂਸਲ ਕਰੋ, ਨਵੇਂ ਹੋਰ ਜਾਰੀ ਨਾ ਕਰੋ, ਸਸਪੈਨਸ਼ਨਾਂ ਖਤਮ ਕਰੋ, ਮੁਲਾਜ਼ਮਾਂ ਨੂੰ ਬੁਲਾਉ, ਉਨ੍ਹਾਂ ਨਾਲ ਗਲਬਾਤ ਕਰੋ । ਅਗਰ ਰੀਸੋਰਸਿਜ਼ ਨਹੀਂ ਹਨ ਤਾਂ

[ਕਾਮਰੇਡ ਸੱਤਪਾਲ ਡਾਂਗ]

ਮੇਰੀ ਰਿਕਵੈਸਟ ਇਹ ਹੈ ਕਿ ਆਪੋਜ਼ੀਸ਼ਨ ਪਾਰਟੀਆਂ ਨੂੰ ਬੁਲਾ ਲਉ, ਅਸੀਂ ਆਪ ਨੂੰ ਦੱਸਾਂਗੇ ਕਿ ਰੀਸੋਰਸਿਜ਼ ਕਿਵੇਂ ਬਣ ਸਕਦੇ ਹਨ ਜਿਨ੍ਹਾਂ ਨਾਲ ਇੰਟਰਿਮ ਰੀਲੀਫ ਦੀ ਮੰਗ ਆਸਾਨੀ ਨਾਲ ਮੰਨੀ ਜਾ ਸਕਦੀ ਹੈ (ਤਾੜੀਆਂ) । ਇਨ੍ਹਾਂ ਸ਼ਬਦਾਂ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਵੋਟ-ਆਨ-ਐਕਾਉਂਟ ਦਾ ਐਪਰੋਪਰੀਏਸ਼ਨ ਬਿਲ ਪੇਸ਼ ਹੈ ਇਹ ਕਾਮਨ ਮੈਨ ਦੇ ਹੱਕ ਵਿੱਚ ਨਹੀਂ ਹੈ, ਇਹ ਵੈਸਟਿਡ ਇੰਟਰੈਸਟਸ ਦੇ ਹੱਕ ਵਿੱਚ ਹੈ ਇਸ ਲਈ ਇਸ ਦਾ ਵਿਰੋਧ ਕਰਦੇ ਹੋਏ ਅਤੇ ਆਪ ਦਾ ਧੰਨਵਾਦ ਕਰਦਾ ਹੋਇਆ ਮੈਂ ਬੈਠਦਾ ਹਾਂ ।

ਸ੍ਰੀ ਗੁਰਦਿਆਲ ਸੈਣੀ (ਜਲੰਧਰ ਉੱਤਰੀ) : ਸਪੀਕਰ ਸਾਹਿਬ, ਫ਼ਾਇਨੈਂਸ ਮਨਿਸਟਰ ਸਾਹਿਬ ਨੇ ਇਹ ਬਜਟ ਪੇਸ਼ ਕੀਤਾ ਹੈ । ਜਿਵੇਂ ਡਾਂਗ ਸਾਹਿਬ ਨੇ ਕਿਹਾ ਹੈ ਇਸ ਗੱਲ ਦਾ ਸਾਰੇ ਪੰਜਾਬ ਵਿੱਚ ਚਰਚਾ ਹੈ ਕਿ ਸਰਕਾਰੀ ਕਰਮਚਾਰੀਆਂ ਨਾਲ ਧੱਕਾ ਹੋ ਰਿਹਾ ਹੈ । ਬਾਦਲ ਸਾਹਿਬ ਦੀ ਸਰਕਾਰ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ ਅਤੇ ਹਾਲਾਤ ਚੰਗੇ ਹਨ । ਮੈਂ ਆਪ ਦੇ ਜ਼ਰੀਏ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ 1967 ਵਿੱਚ ਜੋ ਕਾਂਗਰਸ ਦਾ ਪਲਟਾ ਹੋਇਆ ਉਹ ਸਰਕਾਰੀ ਕਰਮਚਾਰੀਆਂ ਦੀ ਮਿਹਰਬਾਨੀ ਨਾਲ ਹੋਇਆ ਸੀ । ਆਪ ਇਹ ਸੀਟਾਂ ਨਹੀਂ ਸੀ ਲਿਜਾ ਸਕਦੇ ਪਰ ਇਹ ਲੋਕ ਸਾਥੋਂ ਦੁਖੀ ਰਹੇ ਸੋ ਇਨ੍ਹਾਂ ਨੇ ਜਾਇਜ਼ ਨਾਜਾਇਜ਼ ਤੌਰ ਤੇ ਸਾਡੀ ਮੁਖਾਲਫ਼ਤ ਕੀਤੀ ਅਤੇ ਹਸ਼ਰ ਇਹ ਹੋਇਆ ਕਿ ਅੱਜ ਕਾਂਗਰਸ ਇਧਰ ਬੈਠੀ ਹੈ । ਇਸ ਲਈ ਮੈਂ ਇਨ੍ਹਾਂ ਨੂੰ ਰਾਏ ਦੇਣਾ ਚਾਹੁੰਦਾ ਹਾਂ ਕਿ ਮੁਲਾਜ਼ਮਾਂ ਨਾਲ ਬਿਲਕੁਲ ਧੱਕਾ ਨਾ ਕਰੋ । ਹਿੰਦੁਸਤਾਨ ਦੀ ਆਜ਼ਾਦੀ ਲਿਆਉਣ ਵਿੱਚ ਬਹੁਤ ਸਾਰਾ ਕਾਂਗਰਸ ਦਾ ਹੱਥ ਸੀ, ਬਬਰ ਅਕਾਲੀਆਂ ਦਾ ਵੀ ਸੀ ਪਰ ਇਨ੍ਹਾਂ ਅਕਾਲੀਆਂ ਦਾ ਨਹੀਂ ਸੀ, (ਵਿਘਨ) ਕਮਿਊਨਿਸਟ ਵੀ ਸਨ ਪਰ ਮੈਂ ਫਾਇਨੈਂਸ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਵਿੱਚ ਹੱਥ ਕਰਮਚਾਰੀਆਂ ਦਾ ਵੀ ਸੀ । ਅੱਜ ਦੇ ਕਰਮਚਾਰੀ ਇੰਟੈਰਿਮ ਰਲੀਫ ਮੰਗ ਕਰਦੇ ਹਨ ਉਹ ਜਾਇਜ਼ ਮੰਗ ਹੈ । ਗਿਲ ਸਰਕਾਰ ਜੋ ਕਾਂਗਰਸ ਸਪੋਰਟਿਡ ਸੀ ਦੇ ਵੇਲੇ ਕੈਬਨਿਟ ਨੇ ਫ਼ੈਸਲਾ ਕੀਤਾ ਸੀ ਕਿ ਜੋ ਸੈਂਟਰਲ ਗਵਰਨਮੈਂਟ ਆਪਣੇ ਮੁਲਾਜਮਾਂ ਨੂੰ ਰੀਲੀਫ਼ ਦੇਵੇਗੀ ਪੰਜਾਬ ਸਰਕਾਰ ਵੀ ਉਹੀ ਆਪਣੇ ਮੁਲਾਜ਼ਮਾਂ ਨੂੰ ਦੇਵੇਗੀ । ਜਦੋਂ ਸਰਕਾਰੀ ਕਰਮਚਾਰੀਆਂ ਨੇ ਹੜਤਾਲ ਦਾ ਨੋਟਿਸ ਦਿੱਤਾ ਸੀ ਤਾਂ ਆਪ ਜਾਂ ਤਾਂ ਪਹਿਲਾ ਜੋ ਫ਼ੈਸਲਾ ਹੈ ਉਸ ਨੂੰ ਖਤਮ ਕਰਦੇ ਜਾਂ ਉਨ੍ਹਾਂ ਦੀ ਡੀਮਾਂਡ ਨੂੰ ਮੰਨਦੇ । ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ ਕਦੇ ਆਪ ਦੀ ਤੇ ਕਦੇ ਸਾਡੀ ਮਗਰ ਕਾਨੂੰਨ ਨਹੀਂ ਬਦਲਦੇ, ਮੁਆਇਦੇ ਨਹੀਂ ਬਦਲਦੇ । ਆਪ ਨੇ ਜ਼ਿਕਰ ਕੀਤਾ ਹੈ ਨੰਗਲ ਖਾਦ ਫ਼ੈਕਟਰੀ ਬਾਰੇ ਸੈਂਟਰਲ ਸਰਕਾਰ ਨਾਲ ਮੁਆਇਦਾ ਹੋਇਆ ਸੀ । ਉਸੇ ਤਰ੍ਹਾਂ ਗਿਲ ਸਰਕਾਰ ਵੇਲੇ ਸਰਕਾਰ ਦਾ ਅਤੇ ਕਰਮਚਾਰੀਆਂ ਦਾ ਮੁਆਇਦਾ ਹੋਇਆ ਸੀ ਕਿ ਜਿਸ ਤਰ੍ਹਾਂ ਸੈਂਟਰਲ ਗਵਰਨਮੈਂਟ ਆਪਣੇ ਕਰਮਚਾਰੀਆਂ ਨੂੰ ਰੀਲੀਫ਼ ਦੇਵੇਗੀ ਉਸੇ ਤਰ੍ਹਾਂ ਪੰਜਾਬ ਸਰਕਾਰ ਵੀ ਦਿੰਦੀ ਰਹੇਗੀ । ਪਰ ਇਹ ਇਕ ਧੱਕਾ ਹੈ ਅਤੇ ਇਕ ਜ਼ਿਆਦਤੀ ਕਰਮਚਾਰੀਆਂ ਨਾਲ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਤੋਂ ਇਕਲੇ ਇਕਲੇ ਤੋਂ 25 ਹਜ਼ਾਰ ਦੀ ਜਮਾਨਤ ਮੰਗੀ ਜਾ ਰਹੀ ਹੈ ਅਤੇ ਉਸ ਕਰਮਚਾਰੀ ਪਾਸੋਂ ਜਿਸ ਦੀ ਤਨਖ਼ਾਹ ਕੇਵਲ 140 ਰੁਪਏ ਮਹੀਨਾ ਹੈ ਅਤੇ ਫਿਰ ਨਾਲ ਹੀ ਇਹ ਸ਼ਰਤ ਵੀ ਲਗਾ ਦਿੱਤੀ ਗਈ ਹੈ ਕਿ ਕੋਈ ਦੂਜਾ ਕਰਮਚਾਰੀ ਉਨ੍ਹਾਂ ਦੀਆਂ ਜ਼ਮਾਨਤਾਂ ਨਹੀਂ ਦੇ ਸਕਦਾ । ਇਹ ਹਾਲਤ ਕੀਤੀ ਜਾ ਰਹੀ ਹੈ ਜੇਕਰ ਕੋਈ ਰੋਟੀ ਮੰਗੇ ਤਾਂ ਉਸ ਕਰਮਚਾਰੀ ਨਾਲ ਇਸ ਤਰ੍ਹਾਂ ਦਾ ਸਲੂਕ ਇਹ ਸਰਕਾਰ ਕਰ ਰਹੀ ਹੈ । ਇਕ ਦਿਨ ਪਹਿਲਾਂ ਸਾਢੇ ਤਿੰਨ ਵਜੇ ਦੀਆਂ ਨਿਊਜ਼ ਵਿੱਚ ਇਹ ਖ਼ਬਰ ਆ ਜਾਂਦੀ ਹੈ ਕਿ ਸਮਝੌਤਾ ਹੋ ਗਿਆ ਹੈ ਅਤੇ ਹੜਤਾਲ ਬਿਜਲੀ ਬੋਰਡ ਦੇ ਕਰਮਚਾਰੀਆਂ ਨੇ ਵਾਪਿਸ ਲੈ ਲਈ ਹੈ । ਪਰ ਦੂਜੇ ਦਿਨ ਇਸ ਤੋਂ ਸਰਕਾਰ ਮੁਨਕਰ ਹੋ ਜਾਂਦੀ ਹੈ । ਬਾਕੀ ਸਾਹਿਬ ਵੀ ਉਸ ਮਹਿਕਮੇ ਨਾਲ ਸਬੰਧ ਹੈ । ਇਹ ਠੀਕ

ਹੈ ਕਿ ਜਿਨ੍ਹਾਂ ਕਰਮਚਾਰੀਆਂ ਨੇ ਤਾਰਾਂ ਤੇ ਸੰਗਲ ਲੋਹੇ ਦੇ ਸਿੱਟੇ ਜਾਂ ਹੋਰ ਕਿਸੇ ਤਰ੍ਹਾਂ ਕੁਨੈਕਸ਼ਨ ਤੋੜੇ ਉਨ੍ਹਾਂ ਦੇ ਕੰਮ ਦੀ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ ਅਤੇ ਅਸੀਂ ਕਰਦੇ ਹਾਂ ਕਿ ਉਨ੍ਹਾਂ ਨੇ ਇਹ ਕੰਮ ਗਲਤ ਕੀਤਾ ਹੈ ਪਰ ਇਸ ਦਾ ਭਾਵ ਇਹ ਤਾਂ ਨਹੀਂ ਕਿ ਸਾਰਿਆਂ ਨੂੰ ਹੀ ਇਕੋ ਰਸੇ ਬੰਨ੍ਹ ਦਿੱਤਾ ਜਾਵੇ ਬਾਕੀ ਜਿਨ੍ਹਾਂ ਨੇ ਪੁਰਅਮਨ ਹੜਤਾਲ ਕੀਤੀ ਉਨ੍ਹਾਂ ਦਾ ਇਸ ਵਿੱਚ ਕੀ ਕਸੂਰ ਹੈ ? ਉਨ੍ਹਾਂ ਦੀਆਂ ਮੰਗਾਂ ਨੂੰ ਕਿਉਂ ਨਹੀਂ ਮੰਨਿਆ ਜਾ ਰਿਹਾ । ਹਾਲਾਂ ਕਿ ਇਹ ਫੈਸਲਾ ਇਨ੍ਹਾਂ ਆਪ ਹੀ ਕੀਤਾ ਸੀ ਜਿਸ ਦੇ ਕਾਰਨ ਉਨ੍ਹਾਂ ਨੇ ਹੜਤਾਲ ਵਾਪਿਸ ਲਈ ਸੀ ।

ਇਸ ਤੋਂ ਅਗੇ ਮੈਂ ਇਹ ਅਰਜ਼ ਕਰਦਾ ਹਾਂ ਕਿ ਸਰਕਾਰੀ ਸਕੂਲਾਂ ਵਿੱਚ ਜਿਹੜਾ ਟੀਚਿੰਗ ਸਟਾਫ ਹੈ ਅਤੇ ਜਿਹੜਾ ਨਾਨ ਟੀਚਿੰਗ ਸਟਾਫ ਹੈ ਉਨ੍ਹਾਂ ਦੋਹਾਂ ਦਾ ਗਰੇਡ ਇਕ ਹੈ, ਪਰ ਜਿਥੇ ਤਕ ਪਰਾਈਵੇਟ ਸਕੂਲਾਂ ਦਾ ਸਬੰਧ ਹੈ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਵਿੱਚ ਗਰੇਡਾਂ ਦਾ ਫਰਕ ਹੈ ਹਾਲਾਂਕਿ ਜ਼ਿੰਮੇਵਾਰੀ ਇਕੋ ਜਿੰਨੀ ਹੈ । ਫਿਰ ਇਹ ਫਰਕ ਕਿਉਂ ? ਇਸ ਲਈ ਮੈਂ ਇਹ ਕਹਾਂਗਾ ਕਿ ਫਿਨਾਂਸ ਮਨਿਸਟਰ ਸਾਹਿਬ ਇਸ ਗੱਲ ਵਲ ਧਿਆਨ ਦੇਣ ਅਤੇ ਗ੍ਰੇਡ ਇਕੋ ਜਿੰਨੇ ਕਰ ਦੇਣ । ਉਨ੍ਹਾਂ ਨੂੰ ਇਕੋ ਜਿੰਨੇ ਗਰੇਡ ਦਿੱਤੇ ਜਾਣੇ ਚਾਹੀਦੇ ਹਨ ।

ਇਕ ਗੱਲ ਮੈਂ ਟ੍ਰੈਈਯਰੀ ਸੁਪਰਡੈਂਟਸ ਦੇ ਸਬੰਧ ਵਿੱਚ ਕਹਿਣਾ ਚਾਹੁੰਦਾ ਹਾਂ । ਇਨ੍ਹਾਂ ਦੀ ਸਾਰੇ ਪੰਜਾਬ ਵਿੱਚ ਗਿਣਤੀ ਕੁਲ 22 ਜਾਂ 23 ਹੈ ਅਤੇ ਇਨ੍ਹਾਂ ਦੇ ਸਬੰਧ ਵਿੱਚ ਕਮਿਸ਼ਨ ਨੇ ਇਹ ਰਿਪੋਰਟ ਦਿੱਤੀ ਸੀ ਕਿ ਇਨ੍ਹਾਂ ਦੇ ਗਰੇਡ ਠੀਕ ਢੰਗ ਨਾਲ ਬਣਾਏ ਜਾਣੇ ਚਾਹੀਦੇ ਹਨ । ਪਿਛਲੇ ਤੋਂ ਪਿਛਲੇ ਸੈਸ਼ਨ ਵਿੱਚ ਜਦ ਸ੍ਰੀ ਕ੍ਰਿਸ਼ਨ ਲਾਲ ਜੀ ਫਿਨਾਂਸ ਮਨਿਸਟਰ ਸਨ ਤਾਂ ਉਨ੍ਹਾਂ ਨੇ ਇਸ ਹਾਊਸ ਵਿੱਚ ਅਸ਼ੋਰੈਂਸ ਦਿੱਤੀ ਸੀ ਅਤੇ ਕਿਹਾ ਸੀ ਕਿ ਟ੍ਰੈਯਰੀ ਸੁਪਰਡੈਂਟਾਂ ਦੇ ਕਮਿਸ਼ਨ ਵਲੋਂ ਰਿਕੁਮੈਂਡ ਕੀਤੇ ਗਰੇਡ ਜਿੰਨੇ ਦਿੱਤੇ ਜਾਣਗੇ ਪਰ ਅੱਜ ਤਕ ਨਹੀਂ ਦਿੱਤੇ ਗਏ । ਇਸ ਦੇ ਬਾਰੇ ਵਿੱਚ ਫਿਨਾਂਸ ਮਨਿਸਟਰ ਸਾਹਿਬ ਨੂੰ ਧਿਆਨ ਦੇਣਾ ਚਾਹੀਦਾ ਹੈ ।

ਇਥੇ ਹਰ ਸੈਸ਼ਨ ਵਿੱਚ ਵਰਕ ਚਾਰਜ ਸਟਾਫ ਦਾ ਜ਼ਿਕਰ ਕੀਤਾ ਜਾਂਦਾ ਹੈ । ਇਨ੍ਹਾਂ ਨੂੰ 30 ਜਾਂ 35 ਸਾਲ ਹੋ ਗਏ ਹਨ ਸਰਵਿਸ ਕਰਦਿਆਂ ਪਰ ਇਨ੍ਹਾਂ ਨੂੰ ਪਰਮਾਨੈਂਟ ਨਹੀਂ ਕੀਤਾ ਗਿਆ । ਸੰਨ 1964-65 ਵਿੱਚ ਪੀ. ਡਬਲਿਯੂ. ਡੀ. ਮਨਿਸਟਰ ਨੇ ਇਸ ਗੱਲ ਦਾ ਐਲਾਨ ਕੀਤਾ ਸੀ ਕਿ ਵਰਕ-ਚਾਰਜ ਨੂੰ ਹਰ ਸਾਲ ਅਸੀਂ 10% ਜਾਂ 20% ਤਕ ਪਰਮਾਨੈਂਟ ਕਰ ਦਿਆਂਗੇ ਪਰ ਕਿੰਨੇ ਅਫਸੋਸ ਦੀ ਗੱਲ ਹੈ ਕਿ ਸੰਨ 67 ਤੋਂ ਬਾਦ ਇਕ ਵੀ ਵਰਕ-ਚਾਰਜ ਸਟਾਫ ਨੂੰ ਪਕਿਆਂ ਨਹੀਂ ਕੀਤਾ ਗਿਆ । ਇਸ ਸਬੰਧ ਵਿੱਚ ਇਕ ਸਾਲ ਹੋਇਆ ਜਲੰਧਰ ਵਿੱਚ ਭੁਖ ਹੜਤਾਲ ਕੀਤੀ ਗਈ ਸੀ ਅਤੇ ਮਰਨ ਵਰਤ ਵੀ ਰਖਿਆ ਗਿਆ ਸੀ ਅਤੇ ਲੇਬਰ ਮਨਿਸਟਰ ਸਾਹਿਬ ਉਥੇ ਗਏ ਸਨ ਅਤੇ ਇਹ ਮੰਨ ਆਏ ਸਨ ਕਿ ਗ੍ਰੇਡ ਇਕ ਕਰ ਦਿੱਤਾ ਜਾਵੇਗਾ ਜਿਹੜਾ ਕਿ ਕਰ ਦਿੱਤਾ ਗਿਆ ਸੀ, ਪਰ ਇਸ ਸਟਾਫ ਨੂੰ ਪਰਮਾਨੈਂਟ ਨਹੀਂ ਕੀਤਾ ਗਿਆ । ਹਾਲਾਂ ਕਿ ਉਥੇ ਫੈਸਲਾ ਹੋਇਆ ਸੀ ਕਿ 25% ਤਕ ਸਟਾਫ ਨੂੰ ਪਕਿਆਂ ਕਰ ਦਿੱਤਾ ਜਾਵੇਗਾ । ਪਿਛਲੇ ਅਸੈਂਬਲੀ ਸੈਸ਼ਨ ਵਿੱਚ ਪੀ. ਡਬਲਯੂ. ਡੀ. ਦੇ ਵਜ਼ੀਰ ਸਾਹਿਬ ਨੇ ਮੇਰੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਸੀ ਕਿ ਅਸੀਂ 5% ਤਕ ਸਟਾਫ ਨੂੰ ਪੱਕਾ ਕਰ ਦਿਆਂਗੇ ਪਰ 1% ਵੀ ਪਕਿਆਂ ਨਹੀਂ ਕੀਤਾ ਗਿਆ ਇਸ ਤਰ੍ਹਾਂ ਨਾਲ ਸਟਾਫ ਨਾਲ ਇਹ ਧੱਕਾ ਹੋ ਰਿਹਾ ਹੈ । ਇਸ ਪਾਸੇ ਫਿਨਾਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਧਿਆਨ ਦੇਣ ਅਤੇ ਵਰਕ ਚਾਰਜ ਸਟਾਫ ਨੂੰ ਪਰਮਾਨੈਂਟ ਕੀਤਾ ਜਾਵੇ ।

ਮੈਂ ਇਥੇ ਫਿਨਾਂਸ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਜਲੰਧਰ ਲਈ 45 ਲਖ ਰੁਪਏ ਦੀ ਰਕਮ ਨੂੰ ਮਨਜ਼ੂਰ ਕੀਤੀ ਹੈ, ਰੋਡਜ਼ ਲਈ ਅਤੇ ਪਾਣੀ ਦੇ ਨਿਕਾਸ ਲਈ । ਹਾਲਾਂ ਕਿ

[ਕਾਮਰੇਡ ਸਤਪਾਲ ਡਾਂਗ]

15-8-70 ਨੂੰ ਇਨ੍ਹਾਂ ਨੇ ਉਥੇ ਇਹ ਐਲਾਨ ਕੀਤਾ ਸੀ ਕਿ 1 ਕਰੋੜ ਰੁਪਿਆ ਜਲੰਧਰ ਸ਼ਹਿਰ ਦੀ ਬੇਹਬੂਦੀ ਲਈ ਰਖਿਆ ਜਾਵੇਗਾ ਅਤੇ ਇਹ ਵੀ ਕਿਹਾ ਸੀ ਕਿ 50 ਲੱਖ ਗੌਰਮਿੰਟ ਗਰਾਂਟ ਵਜੋਂ ਦੇਵੇਗੀ ਅਤੇ 50 ਲੱਖ ਲੋਨ ਦੀ ਸ਼ਕਲ ਵਿਚ ਦਿਤਾ ਜਾਵੇਗਾ ਪਰ ਇਹ ਨਹੀਂ ਦਿਤਾ ਗਿਆ ਅਤੇ 22 ਲੱਖ ਗਰਾਂਟ ਅਤੇ 23 ਲੱਖ ਲੋਨ ਦਿਤਾ ਗਿਆ ਹੈ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਅਗਲੇ ਸਾਲ ਲਈ ਫਿਨਾਂਸ ਮਨਿਸਟਰ ਸਾਹਿਬ ਐਲਾਨ ਕਰ ਦੇਣ ਕਿਉਂਕਿ ਇਸ ਸ਼ਹਿਰ ਵਿਚ ਕਾਫ਼ੀ ਰੁਪਏ ਦੀ ਲੋੜ ਹੈ। ਸਪੀਕਰ ਸਾਹਿਬ ਵੀ ਇਸ ਜ਼ਿਲ੍ਹੇ ਦੇ ਹਨ ਅਤੇ ਹੋਰ ਵੀ ਮੈਂਬਰ ਹਨ ਇਸ ਲਈ ਸ਼ਹਿਰ ਦੀ ਹਾਲਤ ਨੂੰ ਸੁਧਾਰਨ ਲਈ ਕਾਫ਼ੀ ਰਕਮ ਰਖੀ ਜਾਣੀ ਚਾਹੀਦੀ ਹੈ। ਸ਼ਹਿਰ ਦੀ ਅੱਜ ਕੀ ਹਾਲਤ ਹੈ ਇਸ ਦਾ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਤਿੰਨ ਤਿੰਨ ਫੁਟ ਪਾਣੀ ਫਿਰਦਾ ਰਹਿੰਦਾ ਹੈ ਅਤੇ ਕੋਈ ਆਦਮੀ ਸੜਕਾਂ ਤੋਂ ਲੰਘ ਨਹੀਂ ਸਕਦਾ। ਇੰਡਸਟਰੀਅਲ ਏਰੀਆ ਵਿਚ ਤਾਂ ਇਹ ਹਾਲਤ ਹੈ ਕਿ ਜਦ ਬਾਰਿਸ਼ ਨਾ ਹੋਵੇ ਤਾਂ ਵੀ ਲੰਘਣਾ ਮੁਸ਼ਕਲ ਹੋ ਜਾਂਦਾ ਹੈ ਹੁਣ ਅਗੋਂ ਬਰਸਾਤ ਦਾ ਮੌਸਮ ਆ ਜਾਵੇਗਾ ਤਾਂ ਹੋਰ ਵੀ ਦਿਕਤ ਹੋਵੇਗੀ। ਉਥੇ ਤਿੰਨ ਚਾਰ ਵਜ਼ੀਰ ਸਾਹਿਬਾਨ ਆਪ ਜਾ ਕੇ ਵੇਖ ਆਏ ਹਨ ਸਰਦਾਰ ਤੇਜਾ ਸਿੰਘ ਹੋਰਾਂ ਨੂੰ ਮੈਂ ਮੌਕਾ ਵਿਖਾਇਆ। ਰਿਆਸਤੀ ਸਾਹਿਬ ਨੂੰ ਵਿਖਾਇਆ। ਇਸ ਲਈ ਮੈਂ ਫਿਨਾਂਸ ਮਨਿਸਟਰ ਸਾਹਿਬ ਪਾਸ ਅਰਜ਼ ਕਰਾਂਗਾ ਕਿ ਉਹ ਇਸ ਪਾਸੇ ਧਿਆਨ ਦੇਣ ਅਤੇ ਇੰਡਸਟਰੀਅਲ ਏਰੀਆ ਲਈ ਖ਼ਾਸ ਰਕਮ ਮਖਸੂਸ ਕਰਨ ਤਾਂ ਕਿ ਇਹ ਰਕਮ ਪ੍ਰੀਤ ਨਗਰ ਹੁਸ਼ਿਆਰਪੁਰ ਰੋਡ ਤੇ ਖਰਚ ਕੀਤੀ ਜਾ ਸਕੇ। ਇਹ ਸਾਰੀ ਇੰਡਸਰੀਅਲ ਅਸਟੇਟ ਹੈ ਅਤੇ ਸਾਰਿਆਂ ਤੋਂ ਵੱਧ ਰੈਵੇਨਿਯੂ ਇਸ ਇਲਾਕੇ ਤੋਂ ਆਉਂਦਾ ਹੈ। ਫਿਰ ਇਸ ਇਲਾਕੇ ਤੋਂ ਜਿੰਨਾ ਰੈਵੇਨਿਯੂ ਮਸੂਲ ਦੀ ਸ਼ਕਲ ਵਿਚ ਅਤੇ ਹਾਊਸ ਟੈਕਸ ਅਤੇ ਪਰਾਪਰਟੀ ਟੈਕਸ ਦੀ ਸ਼ਕਲ ਵਿਚ ਵਸੂਲ ਹੁੰਦਾ ਹੈ ਉਸ ਦਾ 5% ਵੀ ਇਸ ਇਲਾਕੇ ਤੇ ਖਰਚ ਨਹੀਂ ਕੀਤਾ ਜਾਂਦਾ। ਇਸ ਇੰਡਸਟਰੀਅਲ ਏਰੀਆ ਵਿਚ ਵਡੀਆਂ ਵਡੀਆਂ ਫੈਕਟਰੀਆਂ ਹਨ ਜਿਹੜੀਆਂ ਲੱਖਾਂ ਕਰੋੜਾਂ ਰੁਪਏ ਦਾ ਮਾਲ ਬਾਹਰ ਭੇਜਦੀਆਂ ਹਨ ਅਤੇ ਗੈਰ ਮੁਲਕਾਂ ਤੋਂ ਲੋਕ ਇਸ ਏਰੀਏ ਵਿਚ ਫੈਕਟਰੀਆਂ ਨੂੰ ਵੇਖਣ ਆਉਂਦੇ ਹਨ ਪਰ ਰਾਹ ਹੀ ਨਹੀਂ ਹੁੰਦਾ ਲੰਘਣ ਦਾ ਇਸ ਲਈ ਸਰਕਾਰ ਇਸ ਪਾਸੇ ਉਚੇਚਾ ਧਿਆਨ ਦੇਵੇ ਅਤੇ ਜ਼ਿਆਦਾ ਰਕਮ ਇਸ ਕੰਮ ਲਈ ਰਖੀ ਜਾਵੇ।

ਇਕ ਅਰਜ਼ ਮੈਂ ਫਿਨਾਂਸ ਮਨਿਸਟਰ ਸਾਹਿਬ ਨੂੰ ਜਲੰਧਰ ਦੇ ਹਸਪਤਾਲ ਦੇ ਬਾਰੇ ਵਿਚ ਕਰਨਾ ਚਾਹੁੰਦਾ ਹਾਂ। ਇਸ ਲਈ 16 ਲਖ ਰੁਪਏ ਦੀ ਰਕਮ ਰਖੀ ਗਈ ਹੈ। ਪਰ ਮੈਂ ਇਹ ਬੇਨਤੀ ਕਰਾਂਗਾ ਕਿ ਇਸ ਹਸਪਤਾਲ ਵਿਚ ਸੰਨ 34 ਤੋਂ ਲੈ ਕੇ ਅੱਜ ਤਕ ਕੋਈ ਐਕਸਟੈਨਸ਼ਨ ਨਹੀਂ ਕੀਤੀ ਗਈ ਜੋ ਸਟਾਫ ਸੰਨ 1934 ਵਿਚ ਸੀ ਉਹੀ ਹੁਣ ਹੈ ਹਾਲਾਂਕਿ ਜਲੰਧਰ ਦੀ ਆਬਾਦੀ ਕਿੰਨੀ ਵਧ ਗਈ ਹੈ। ਇਸ ਪਾਸੇ ਕਦੀ ਗੌਰ ਹੀ ਨਹੀਂ ਕੀਤਾ ਗਿਆ। ਪਿਛਲੇ ਸਾਲ ਮੇਰੇ ਇਕ ਸਵਾਲ ਦੇ ਜਵਾਬ ਵਿਚ ਸਰਕਾਰ ਵਲੋਂ ਇਕ ਰਕਮ 16 ਲੱਖ ਦੀ ਰਖ ਦਿਤੀ ਗਈ ਪਰ ਇਹ ਮੰਗ ਕੀਤੀ ਗਈ ਸੀ ਕਿ ਸਟਾਫ ਨੂੰ ਡਬਲ ਕਰ ਦਿਤਾ ਜਾਵੇ ਪਰ ਡਬਲ ਐਕਸਟੈਨਸ਼ਨ ਨਹੀਂ ਹੋਈ। ਇਨ੍ਹਾਂ ਨੂੰ ਕਿਹਾ ਗਿਆ ਤਾਂ ਵਜ਼ੀਰ ਸਾਹਿਬ ਨੇ ਕਿਹਾ ਕਿ ਮੈਂ ਐਕਸਟੈਨਸ਼ਨ ਲਈ ਨੀਂਹ ਪੱਥਰ ਤਾਂ ਰਖ ਆਇਆ ਸਾਂ ਉਸ ਤੋਂ ਬਾਅਦ ਦਾ ਮੈਨੂੰ ਪਤਾ ਨਹੀਂ ਕੀ ਬਣਿਆ ਹੈ ਜਾਂ ਨਹੀਂ। ਫਿਰ ਇਸੇ ਹੀ ਸਬੰਧ ਵਿਚ ਇਸ ਹਾਊਸ ਵਿਚ ਇਹ ਅਸ਼ੋਰੈਂਸ ਦਿਤੀ ਗਈ ਸੀ ਕਿ ਇਕ 16 ਲੱਖ ਦੀ ਰਕਮ 31 ਮਾਰਚ ਤਕ ਖ਼ਰਚ ਕਰ ਦਿਤੀ ਜਾਵੇਗੀ ਪਰ ਉਥੇ ਹੁਣ ਤੱਕ ਇਕ ਹਜ਼ਾਰ ਵੀ ਨਹੀਂ ਖਰਚ ਕੀਤਾ ਗਿਆ ਅਤੇ ਡਰ ਹੈ ਕਿ ਇਹ ਰੁਪਿਆ ਕਿਸੇ ਹੋਰ ਪਾਸੇ ਵਲ ਡਾਇਵਰਟ ਕਰ ਦਿਤਾ ਗਿਆ ਹੈ (ਵਿਘਨ) ਮੈਂ ਦਾਹਵੇ ਨਾਲ ਕਹਿੰਦਾ ਹਾਂ ਕਿ ਇਹ ਰਕਮ ਕਿਸੇ ਹੋਰ ਸੀਟ ਤੇ ਲਾ ਦਿਤੀ ਗਈ ਹੈ (ਵਿਘਨ) (ਘੰਟੀ)

ਮੈਂ ਤਾਂ ਅਜੇ, ਸਪੀਕਰ ਸਾਹਿਬ, ਸ਼ੁਰੂ ਹੀ ਕੀਤਾ ਹੈ ਅਤੇ ਪਾਰਟੀ ਦਾ ਟਾਈਮ ਹੀ ਹੈ ਅਜੇ ਤਾਂ ਆਪਣੇ ਇਲਾਕੇ ਦੀ ਗੱਲ ਕਰ ਰਿਹਾ ਹਾਂ ਫਿਰ ਆਪਣੀ ਪਾਰਟੀ ਦੀ ਗੱਲ ਕਰਨੀ ਹੈ ਤੇ ਫਿਰ ਅਕਾਲੀ ਪਾਰਟੀ ਦੀ ਗੱਲ ਕਰਨੀ ਹੈ । (ਵਿਘਨ)

ਪਿਛਲੇ ਸੈਸ਼ਨ ਵਿਚ 20 ਲੱਖ ਰੁਪਿਆ ਅਨੰਦਪੁਰ ਸਾਹਿਬ ਅਤੇ ਨੈਨਾਦੇਵੀ ਦੇ ਵਿਕਾਸ ਲਈ ਰਖਿਆ ਗਿਆ । ਇਹ ਠੀਕ ਹੈ ਵਿਕਾਸ ਹੋਣਾ ਚਾਹੀਦਾ ਸੀ । ਇਹ ਸਾਡਾ ਗੁਰਦਵਾਰਾ ਹੈ ਅਤੇ ਅਸੀਂ ਇਸ ਤੇ ਮਾਣ ਕਰਦੇ ਹਾਂ ਪਰ ਇਹ ਰਕਮ ਉਸ ਵੇਲੇ ਰਖੀ ਗਈ ਜਦ ਕਿ ਮੇਰੇ ਜਨ ਸੰਘ ਦੇ ਵੀਰ ਗੌਰਮਿੰਟ ਵਿਚ ਸਨ ਤਾਂ ਇਨ੍ਹਾਂ ਦੀਆਂ ਅੱਖਾਂ ਪੂੰਜਣ ਲਈ ਨੈਨਾਦੇਵੀ ਦਾ ਨਾਂ ਨਾਲ ਜੋੜ ਦਿੱਤਾ ਗਿਆ, ਪਰ ਇਕ ਪੈਸਾ ਵੀ ਖਰਚ ਨਹੀਂ ਕੀਤਾ ਗਿਆ ਨੈਨਾ ਦੇਵੀ ਤੇ । ਇਸੇ ਤਰ੍ਹਾਂ ਮੇਰੇ ਜ਼ਿਲ੍ਹੇ ਜਲੰਧਰ ਵਿਚ ਦੇਵੀ ਤਲਾਬ ਦਾ ਇਕ ਮਹਾਨ ਤੀਰਥ ਹੈ । ਇਸ ਦੇ ਬਾਰੇ ਵਿਚ ਮੈਂ ਅਰਜ਼ ਕਰਾਂ ਕਿ ਇਕ ਅਸੈਂਬਲੀ ਕਵੈਸਚਨ ਕੀਤਾ ਗਿਆ ਸੀ ਅਤੇ ਮੈਂ ਕਿਹਾ ਸੀ ਕਿ ਜਿਥੇ ਅਨੰਦਪੁਰ ਸਾਹਿਬ ਲਈ 25 ਲੱਖ ਰੁਪਏ ਦੀ ਰਕਮ ਰਖੀ ਜਾ ਸਕਦੀ ਹੈ, ਉਥੇ ਇਸ ਮਹਾਨ ਤੀਰਥ ਦੇ ਵਿਕਾਸ ਲਈ ਵੀ ਕੁਝ ਰਕਮ ਰਖੀ ਜਾਵੇ, ਭਾਵੇਂ 2 ਲੱਖ ਹੀ ਰਖ ਦਿਉ । ਪਰ ਇਨ੍ਹਾਂ ਨੇ ਫਲੈਟ ਈ ਇਨਕਾਰ ਕਰ ਦਿਤਾ ਸੀ । ਇਸ ਤਰ੍ਹਾਂ ਦਾ ਵਿਤਕਰਾ ਨਹੀਂ ਕਰਨਾ ਚਾਹੀਦਾ । ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ ।

ਜਿਥੇ ਤਕ ਇੰਡਸਟਰੀ ਦਾ ਸਬੰਧ ਹੈ ਇਸ ਦਾ ਤਾਂ ਬੇੜਾ ਹੀ ਗਰਕ ਹੋਇਆ ਪਿਆ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਿਸੇ ਕਿਸਮ ਦਾ ਇਨਸੈਨਟਿਵ ਨਹੀਂ ਦਿਤਾ ਜਾਂਦਾ । ਅਸੀਂ ਸਰਦਾਰ ਤੇਜਾ ਸਿੰਘ, ਵਜ਼ੀਰ ਸਾਹਿਬ ਨੂੰ ਵੀ ਮਿਲੇ ਸਾਂ । (ਵਿਘਨ)

ਸਿਰਦਾਰ ਕਪੂਰ ਸਿੰਘ : ਸਪੀਕਰ ਸਾਹਿਬ, ਮੈਂ ਬੇਨਤੀ ਕਰ ਗਾ ਕਿ ਸ੍ਰੀ ਅਨੰਦਪੁਰ ਸਾਹਿਬ ਦਾ ਅਤੇ ਨਾਲ ਦੇਵੀ ਦੇ ਅਸਥਾਨ ਦਾ ਇਕੋ ਜਿਹਾ ਗੌਰਵ ਹੈ । ਇਹ ਮਾਨਯੋਗ ਮੈਂਬਰ ਕਿਸੇ ਦਲੀਲ ਨਾਲ ਗੱਲ ਕਰਨ । (ਸ਼ੋਰ)

ਸ੍ਰੀ ਗੁਰਦਿਆਲ ਸੈਣੀ : ਮੈਂ ਸਿਰਦਾਰ ਕਪੂਰ ਸਿਘ ਨੂੰ ਦਸਣਾ ਚਾਹੁੰਦਾ ਹਾਂ ਕਿ ਉਥੇ ਚਿੰਤਪੁਰਨੀ ਦੇ ਮੰਦਰ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਡੇਰੇ ਲਾਏ ਸਨ ।

ਸਿਰਦਾਰ ਕਪੂਰ ਸਿਘ : ਇਹ ਵੱਖਰੀ ਗੱਲ ਹੈ ਮੈਂ ਗੌਰਵ ਦੀ ਗੱਲ ਕਰਦਾ ਹਾਂ ।

ਸ੍ਰੀ ਗੁਰਦਿਆਲ ਸੈਣੀ : ਜਿਥੇ ਜਾ ਕੇ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਨੇ ਡੇਰੇ ਲਾਏ ਹੋਣ ਉਥੇ 2 ਲੱਖ ਦੇਂਦੇ ਡਰ ਲਗਦਾ ਹੈ, ਮੈਂ ਕਹਿੰਦਾ ਹਾਂ ਇਥੇ ਤਾਂ ਇਨ੍ਹਾਂ ਨੂੰ ਖੁਸ਼ ਹੋ ਕੇ 12 ਲੱਖ ਰੁਪਿਆ ਦੇਣਾ ਚਾਹੀਦਾ ਸੀ ।

ਹੁਣ ਮੈਂ ਇੰਡਸਟਰੀ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਇਹ ਇਕ ਅਛੀ ਗਲ ਹੋਈ ਹੈ ਕਿ ਜਲੰਧਰ ਦੀਆਂ ਐਸੋਸੀਏਸ਼ਨਜ਼ ਦੇ ਰਿਪਰੈਜ਼ੈਂਟੇਟਿਵਜ਼ ਡਾਇਰੈਕਟਰ ਇੰਡਸਟਰੀਜ਼ ਨੂੰ ਨਾਲ ਲੈ ਕੇ ਬੰਬੇ ਅਤੇ ਕਲਕੱਤੇ ਗਏ । ਟਾਟਾ ਮਿਲਜ਼ ਅਤੇ ਹੋਰ ਸੂਰਤ ਮਿਲਜ਼ ਦੇ ਮਾਲਕਾਂ ਨੂੰ ਮਿਲੇ ਕਿ ਸਾਨੂੰ ਧਾਗਾ ਪੂਰਾ ਮਿਲਣਾ ਚਾਹੀਦਾ ਹੈ ਤਾਂ ਜੋ ਇੰਡਸਟਰੀ ਦਾ ਕੰਮ ਨਾ ਰੁਕੇ । ਪਰ ਮੈਂ ਅਰਜ਼ ਕਰਾਂ ਕਿ ਡਿਸਟਰੀਬਿਊਸ਼ਨ ਜਿਹੜੀ ਐਸੋਸੀਏਸ਼ਨਜ਼ ਰਾਹੀਂ ਹੁੰਦੀ ਹੈ ਉਹ ਬੜੀ ਗ਼ਲਤ ਹੁੰਦੀ ਹੈ । ਇਕ ਐਸੋਸੀਏਸ਼ਨ ਵਿਚ 13 ਬੰਦੇ ਹਨ ਅਤੇ ਦੂਸਰੀ ਦੇ ਵਿਚ ਸਿਰਫ 4 ਹਨ । ਸਰਕਾਰ ਨੂੰ ਮੈਂਬਰਾਂ ਦੇ ਨੰਬਰ ਦੇ ਹਿਸਾਬ ਦੇ ਨਾਲ ਯੂਨਿਟ ਫਿਕਸ ਕਰ ਕੇ ਫੇਰ ਡਿਸਟਰੀਬੀਊਸ਼ਨ ਕਰਨੀ ਚਾਹੀਦੀ ਹੈ । ਫੇਰ ਐਸੋਸੀਏਸ਼ਨਜ਼ ਦੇ ਵਿਚ ਇਕੋ ਹੀ ਟਰੇਡ ਦੇ ਬੰਦੇ ਹੋਣੇ ਚਾਹੀਦੇ ਹਨ । ਜੇ ਐਗਰੀਕਲਚਰਲ ਦਾ ਆਈਟਮ ਹੈ ਤਾਂ ਉਸ ਦੇ ਵਿਚ ਉਹੀ ਬੰਦੇ ਹੋਣ ਜੋ ਐਗਰੀਕਲਚਰਲ ਆਈਟਮਜ਼ ਦੇ ਨਾਲ ਡੀਲ ਕਰਦੇ ਹਨ । ਇੰਡਸਟਰੀ ਵਾਲੇ ਜੁਦਾ ਐਸੋਸੀਏਸ਼ਨਜ਼ ਬਣਾਉਣ, ਇਨ੍ਹਾਂ

[ਸ੍ਰੀ ਗੁਰਦਿਆਲ ਸੈਣੀ]

ਦੀ ਡੀਮਾਂਡ ਨੂੰ ਜਿਹੜੀਆਂ ਡਿਸਟ੍ਰਿਕਟ ਐਡਵਾਈਜ਼ਰੀ ਕਮੇਟੀਆਂ ਬਣੀਆਂ ਹੋਈਆਂ ਹਨ, ਉਹ ਰਿਕੁਮੈਂਡ ਕਰਨ; ਫੇਰ ਕੋਟੇ ਦਾ ਮਾਲ ਡਿਸਟਰੀਬੀਊਟ ਕੀਤਾ ਜਾਵੇ। ਪਰ ਇਹ ਸਪਲਾਈ ਇਸ ਢੰਗ ਨਾਲ ਹੁੰਦੀ ਹੈ ਕਿ ਕੁਝ ਜ਼ਿਆਦਾ ਲੈ ਜਾਂਦੇ ਹਨ ਅਤੇ ਕੁਝ ਨੂੰ ਬਿਲਕੁਲ ਮਿਲਦਾ ਵੀ ਨਹੀਂ। ਇਹ ਸਿਸਟਮ ਠੀਕ ਕਰਨਾ ਚਾਹੀਦਾ ਹੈ।

ਇਕ ਗੱਲ ਮੈਂ ਹਰੀਜਨਾਂ ਦੇ ਮੁਤਾਲਿਕ ਅਰਜ਼ ਕਰਨੀ ਚਾਹੁੰਦਾ ਹਾਂ। ਉਹ ਇਹ ਹੈ ਕਿ ਏਥੇ ਇਹ ਕਿਹਾ ਗਿਆ ਕਿ ਕਾਂਗਰਸ ਰਾਜ ਏਥੇ 20 ਸਾਲ ਰਿਹਾ ਪਰ ਇਨ੍ਹਾਂ ਨੇ ਹਰੀਜਨਾਂ ਦਾ ਕੀ ਕੀਤਾ ? ਉਨ੍ਹਾਂ ਮੈਂਬਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇ ਕਾਂਗਰਸ ਰਿਜ਼ਰਵੇਸ਼ਨ ਨਾ ਕਰਦੀ ਤਾਂ ਅੱਜ ਵਿਹ ਹਰੀਜਨ ਹਾਊਸ ਵਿਚ ਨਾ ਬੈਠੇ ਹੁੰਦੇ। (ਵਿਘਨ) (ਸ਼ੋਰ)

ਮੈਂ ਉਨ੍ਹਾਂ ਸ਼ੋਰ ਪਾਉਣ ਵਾਲਿਆਂ ਨੂੰ ਕਹਿੰਦਾ ਹਾਂ ਕਾਂਗਰਸ ਨੇ ਜੋ ਕੰਮ ਕੀਤੇ ਹਨ ਉਹ ਤੁਸੀਂ ਸਾਰੀ ਜ਼ਿੰਦਗੀ ਦੇ ਵਿਚ ਨਹੀਂ ਕਰ ਸਕਣੇ। ਇਨ੍ਹਾਂ ਬੈਂਚਾਂ ਤੇ ਜੋ ਹਰੀਜਨਾਂ ਨੂੰ ਬੈਠਣ ਦਾ ਹੱਕ ਦਿਤਾ ਤਾਂ ਉਹ ਕਾਂਗਰਸ ਨੇ ਦਿੱਤਾ ਹੈ।

3 55 P.M. (ਇਸ ਵੇਲੇ ਸ੍ਰੀ ਡਿਪਟੀ ਸਪੀਕਰ ਨੇ ਸਭਾ ਦੀ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਕਾਂਗਰਸ ਪਾਰਟੀ ਨੇ ਰਾਜ ਵਿਚੋਂ ਕੁਰਪਸ਼ਨ ਖ਼ਤਮ ਕੀਤੀ ਸੀ, ਪਰ ਬਾਅਦ ਵਿਚ ਜਿਹੜੀ ਕੁਰਪਸ਼ਨ ਹੋਈ ਹੈ, ਉਹ ਅਜ ਤੁਸੀਂ ਵੇਖ ਹੀ ਰਹੇ ਹੋ (ਸ਼ੋਰ)

ਸ੍ਰੀ ਡਿਪਟੀ ਸਪੀਕਰ : ਮੈਂ ਆਨਰੇਬਲ ਮੈਂਬਰਜ਼ ਅਤੇ ਦੋਹਾਂ ਪਾਰਟੀਆਂ ਦੇ ਵਿਪਸ ਨੂੰ ਰਿਕੁਐਸਟ ਕਰਾਂਗਾ ਕਿ ਮੇਹਰਬਾਨੀ ਕਰ ਕੇ ਆਪੋ ਆਪਣੀਆਂ ਪਾਰਟੀਆਂ ਨੂੰ ਕੰਟਰੋਲ ਕਰੋ ਅਤੇ ਅਮਨ ਦੇ ਨਾਲ ਇਕ ਦੂਸਰੇ ਨੂੰ ਸੁਣੋ। (I would request the hon. Members and party whips of both the parties to control their party members and make them listen to each other attentively. (Noise)

ਸਰਦਾਰ ਸੁਰਜੀਤ ਸਿੰਘ ਅਟਵਾਲ : ਡਿਪਟੀ ਸਪੀਕਰ ਸਾਹਿਬ, ਮੈਂ ਅਗੇ ਵੀ ਅਰਜ਼ ਕੀਤੀ ਸੀ, ਹੁਣ ਫੇਰ ਬੇਨਤੀ ਕਰਦਾ ਹਾਂ ਕਿ ਸਾਡੀ ਪਾਰਟੀ ਦੇ ਵਲੋਂ ਕੋਈ ਇਨਟਰਪਸ਼ਨ ਨਹੀਂ ਹੋਵੇਗੀ (ਵਿਘਨ-ਸ਼ੋਰ) ਜੇਕਰ ਐਸਾ ਹੋਇਆ ਹੈ ਤਾਂ ਮੈਂ ਆਪਣੀ ਪਾਰਟੀ ਵਲੋਂ ਮੁਆਫੀ ਮੰਗਦਾ ਹਾਂ ਅਤੇ ਅਗੋਂ ਲਈ ਯਕੀਨ ਦੁਆਉਂਦਾ ਹਾਂ ਕਿ ਹੁਣ ਤੋਂ ਕੋਈ ਇੰਟਰਪਟ ਨਹੀਂ ਕਰੇਗਾ। ਅਸੀਂ ਇਸ ਚੀਜ਼ ਦੇ ਹਕ ਵਿਚ ਹਾਂ ਕਿ ਇਸ ਹਾਊਸ ਦੀ ਕਾਰਵਾਈ ਪੁਰਅਮਨ ਤਰੀਕੇ ਨਾਲ ਪਰਾਪਰਲੀ ਚਲਣੀ ਚਾਹੀਦੀ ਹੈ। ਮੈਂ ਰੂਲਿੰਗ ਪਾਰਟੀ ਦੇ ਲੀਡਰ ਨੂੰ ਵੀ ਕਹਾਂਗਾ ਕਿ ਉਹ ਵੀ ਆਪਣੇ ਮੈਂਬਰਾਂ ਨੂੰ ਕੰਟਰੋਲ ਕਰਨ, ਤਾਂ ਜੋ ਦੂਸਰੇ ਵੀ ਨਾ ਟੋਕਣ।

ਸ੍ਰੀ ਗੁਰਦਿਆਲ ਸੈਣੀ : ਮੈਂ ਵਾਈਂਡ ਅੱਪ ਹੀ ਕਰਨ ਲਗਾ ਹਾਂ। ਮੈਂ ਅਰਜ਼ ਕਰਾਂ ਕਿ ਇਹ ਸਰਕਾਰ ਸੰਤ ਫਤੇਹ ਸਿੰਘ, ਸੰਤ ਚੰਨਣ ਸਿੰਘ ਅਤੇ ਬਾਦਲ ਸਾਹਿਬ ਤੇ ਡਾਕਟਰ ਭਗਤ ਸਿੰਘ ਦੀ ਸਰਕਾਰ ਹੈ। ਮੈਂ ਉਨ੍ਹਾਂ ਨੂੰ ਪੁਛਦਾ ਹਾਂ ਪਿੰਡਾਂ ਦੇ ਹਰੀਜਨਾਂ ਦੇ ਵਾਸਤੇ ਤਾਂ ਧਰਮਸ਼ਾਲਾਂ ਹਨ, ਜਿਥੇ ਕਿ ਮਕਾਨ ਵੀ ਸਸਤੇ ਹੀ ਮਿਲਦੇ ਹਨ, 30/- ਰੁਪਏ ਵਿਚ ਇਕ ਮਕਾਨ ਅਲਾਟ ਹੋ ਜਾਂਦਾ ਹੈ, ਇਹ ਸਾਰਾ ਕੁਝ ਤਾਂ ਪਿੰਡਾਂ ਦੇ ਵਾਸਤੇ ਹੈ, ਜਿਥੇ ਵੀ ਉਹ ਬੈਠੇ ਹਨ ਰਿਜ਼ਰਵ ਪ੍ਰਾਈਸ ਤੇ ਬਿਠਾ ਦਿਤਾ ਜਾਂਦਾ ਹੈ ਇਹ ਗੱਲ ਕਲ੍ਹ ਸਰਦਾਰ ਤਾਰਾ ਸਿੰਘ ਨੇ ਜਦੋਂ ਆਪਣੀ ਤਕਰੀਰ ਕੀਤੀ ਸੀ ਕਹੀ ਸੀ। ਪਰ ਮੈਂ ਡਾਕਟਰ ਸਾਹਿਬ ਤੋਂ ਇਹ ਪੁਛਦਾ ਹਾਂ ਕਿ ਜਲੰਧਰ ਪਟੇਲ ਚੌਕ ਵਿਚ ਗਾਂਧੀ ਕੈਂਪ ਬਸਤੀ, ਜਿਹੜੀ ਕੋਈ 800 ਘਰਾਂ ਦੀ ਇਕ ਹਰੀਜਨ ਬਸਤੀ ਹੈ ਨੂੰ ਉਜਾੜ ਕੇ ਉਥੇ ਟਰਕਾਂ

ਦਾ ਅੱਡਾ ਕਿਉਂ ਬਣਾਇਆ ਜਾ ਰਿਹਾ ਹੈ ? ਇਹਦੇ ਇਕ ਪਾਸੇ ਹੰਸਰਾਜ ਮਹਿਲਾ ਕਾਲਿਜ ਹੈ, ਸਾਹਮਣੇ ਡੀ. ਏ. ਵੀ. ਕਾਲਿਜ ਹੈ ਜੇ ਏਥੇ ਟਰਕਾਂ ਦਾ ਅੱਡਾ ਬਣਾ ਦਿਤਾ ਤਾਂ ਇਸ ਦੇ ਨਾਲ ਏਥੋਂ ਦੇ ਲੋਕਾਂ ਦਾ ਬਹੁਤ ਹੀ ਜ਼ਿਆਦਾ ਨੁਕਸਾਨ ਹੋਵੇਗਾ। ਇਹ ਹੁਣ ਬਦਮਾਸ਼ਾਂ ਦਾ ਅੱਡਾ ਬਣਦਾ ਜਾ ਰਿਹਾ ਹੈ। ਮੈਂ ਪਿਛਲੇ 5-7 ਦਿਨ ਦਾ ਵਾਕਿਆ ਅਰਜ਼ ਕਰਦਾ ਹਾਂ ਜਦੋਂ ਕਿ ਇਕ ਹਿੰਦੂ ਔਰਤ ਮੰਦਰ ਵਿਚੋਂ ਮਥਾ ਟੇਕ ਕੇ ਆ ਰਹੀ ਸੀ, ਏਥੇ ਟਰੱਕਾਂ ਵਾਲੇ ਗੁੰਡੇ ਇਸ ਨੂੰ ਚੁੱਕ ਕੇ ਆਪਣੇ ਅੱਡੇ ਵਿਚ ਕਿਸੇ ਜਗ੍ਹਾ ਲੈ ਗਏ ਅਤੇ ਉਸ ਨੂੰ 2-4 ਘੰਟੇ ਦੇ ਬਾਅਦ ਛਡਿਆ। ਇਸ ਤਰ੍ਹਾਂ ਦਾ ਅੱਡਾ ਏਥੇ ਬਣਾ ਕੇ ਕੀ ਸਰਕਾਰ ਮਹਿਲਾ ਕਾਲਜ ਨੂੰ ਵੀ ਉਜਾੜਨਾ ਚਾਹੁੰਦੀ ਹੈ ? ਮੈਂ ਸਰਕਾਰ ਨੂੰ ਇਹ ਕਹਾਂਗਾ ਕਿ ਇਥੇ ਟਰਕਾਂ ਦਾ ਅੱਡਾ ਬਨਾਉਣ ਲਈ ਗਰੀਬ ਹਰੀਜਨਾਂ ਨੂੰ ਉਜਾੜਿਆ ਨਾ ਜਾਵੇ, ਜੇ ਇਹ ਕੀਤਾ ਤਾਂ ਇਸ ਦੇ ਨਾਲ ਦੋਵੇਂ ਕਾਲਜਾਂ ਦੇ ਬਚਿਆਂ ਦੀ ਪੜ੍ਹਾਈ ਦਾ ਵੀ ਨੁਕਸਾਨ ਹੋਵੇਗਾ।

Mr. Deputy Speaker : Please resume your seat.

ਸ਼੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਦਸੋ ਕਿ ਮੇਰੀ ਪਾਰਟੀ ਨੂੰ ਤੁਸੀਂ ਕਿਤਨਾ ਟਾਈਮ ਦੇਣਾ ਹੈ ਮੈਂ ਉਸ ਦੇ ਅੰਦਰ ਹੀ ਖ਼ਤਮ ਕਰ ਦੇਵਾਂਗਾ। ਮੈਂ ਤਾਂ ਅਜੇ ਆਪਣੇ ਹਲਕੇ ਦੀਆਂ ਗੱਲਾਂ ਕਹਿਣੀਆਂ ਹਨ, ਫਾਜ਼ਲਕਾ ਅਬੋਹਰ ਦੇ ਇਲਾਕੇ ਬਾਰੇ ਗੱਲਾਂ ਕਰਨੀਆਂ ਹਨ ਕਿ ਇਲਾਕਾ ਦੇਣ ਵਿਚ ਕਿਸ ਕਿਸ ਦਾ ਕਿਵੇਂ ਹਥ ਸੀ।

Mr. Deputy Speaker : Please resume your seat. I shall have to give an order that your speech should not be recorded.

ਸ਼੍ਰੀ ਗੁਰਦਿਆਲ ਸੈਣੀ : * * * * * * * (Loud noise)

Mr. Deputy Speaker : These remarks should not be recorded.

ਮੈਂ ਫੇਰ ਇਕ ਮਿੰਟ ਦੇ ਲਈ ਸਾਰੇ ਹਾਊਸ ਨੂੰ ਬੇਨਤੀ ਕਰਾਂਗਾ ਕਿ ਮੇਰੀ ਅਤੇ ਸਰਦਾਰ ਉਮਰਾਓ ਸਿੰਘ ਹੋਰਾਂ ਦੀ ਗੱਲ ਹੋਈ ਸੀ ਅਤੇ ਇਹ ਫੈਸਲਾ ਹੋਇਆ ਸੀ ਕਿ 15 ਮਿੰਟ ਤੋਂ ਵਧ ਕਿਸੇ ਮੈਂਬਰ ਨੂੰ ਨਹੀਂ ਦੇਣੇ। ਸੈਣੀ ਸਾਹਿਬ ਤੁਸੀਂ ਆਪ ਹੀ 21 ਮਿੰਟ ਲੈ ਲਏ ਇਹ ਮੁਨਾਸਿਬ ਨਹੀਂ ਮੈਨੂੰ ਕੋਈ ਇਤਰਾਜ਼ ਨਹੀਂ ਜੇ ਤੁਸੀਂ ਪਾਬੰਦ ਰਹੋਗੇ ਤਾਂ ਹੀ ਮੈਂ ਰਹਿ ਸਕਦਾ ਹਾਂ। (I may inform the House that during our consultation, Sardar Umrao Singh agreed that no member is to be given more than 15 minutes. Shri Saini has taken 21 minutes which is not proper. I have no objection. We can stick to our programme if the hon. Members abide by it.)

ਜਥੇਦਾਰ ਹਰਦਿੱਤ ਸਿੰਘ ਭੱਠਲ (ਧਨੌਲਾ) : ਇਹ ਜਿਹੜਾ ਤਿੰਨ ਮਹੀਨੇ ਦੇ ਖਰਚ ਦਾ ਬੱਜਟ ਪੇਸ਼ ਕੀਤਾ ਗਿਆ ਹੈ ਮੈਂ ਇਸ ਦੇ ਖਿਲਾਫ ਬੋਲਣ ਲਈ ਖੜਾ ਹੋਇਆ ਹਾਂ। ਮੈਂ ਤਾਂ ਹਮੇਸ਼ਾ ਹੀ ਕਿਸਾਨਾਂ ਦਾ ਪੈਰੋਕਾਰ ਰਿਹਾ ਹਾਂ। ਮੈਂ ਖੁਦ ਕਹੀ ਫੜ ਕੇ ਕਿਸਾਨਾਂ ਦੀ ਤਰ੍ਹਾਂ ਖਾਲਾਂ ਤੇ ਫਿਰਦਾ ਰਿਹਾ ਹਾਂ, ਵਾਹੀ ਕਰਦਾ ਹੋਇਆ ਹਲਾਂ ਮਗਰ ਫਿਰਦਾ ਰਿਹਾ ਹਾਂ। ਮੈਂ ਜਾਣਦਾ ਹਾਂ ਕਿਸਾਨਾਂ ਦੀ ਕਿਵੇਂ ਤਰਕੀ ਹੋਣੀ ਹੈ। ਹੁਣ ਤਕ ਜਿਤਨੀਆਂ ਵੀ ਸਰਕਾਰਾਂ ਆਈਆਂ ਹਨ ਕਿਸੇ ਨੇ ਕਿਸਾਨਾਂ ਦਾ ਭਲਾ ਨਹੀਂ ਕੀਤਾ। ਜਿਤਨਾ ਚਿਰ ਇਹ ਮਸਲਾ ਹਲ ਨਹੀਂ ਹੁੰਦਾ ਮੈਂ ਹੁਣ ਤੱਕ ਲੜਦਾ ਆਇਆ

*Not recorded as ordered by the Chair.

[ਜਥੇਦਾਰ ਹਰਦਿੱਤ ਸਿੰਘ ਭੱਠਲ]

ਹਾਂ ਅਤੇ ਅਗੇ ਨੂੰ ਲੜਦਾ ਹੀ ਚਲਾ ਜਾਵਾਂਗਾ। ਕਿਉਂਕਿ ਇਕ ਕਿਸਾਨ ਹੀ ਅਜਿਹਾ ਹੈ ਜਿਹੜਾ ਕਿ ਸਾਰੀ ਦੁਨੀਆਂ ਨੂੰ ਪਾਲਦਾ ਹੈ। ਤੁਸੀਂ ਸਾਰੇ ਸਿਆਣੇ ਬੈਠੇ ਹੋਏ ਹੋ ਇਸ ਲਈ ਮੈਂ ਬਾਹਲਾ ਲੰਮਾ ਨਹੀਂ ਜਾਂਦਾ ਪਰ ਇਨੀ ਅਰਜ਼ ਜ਼ਰੂਰ ਕਰਦਾ ਹਾਂ ਕਿ ਕਿਸਾਨ ਦਾ ਲੱਕ ਮਹਿੰਗਾਈ ਨਾਲ ਟੁਟ ਰਿਹਾ ਹੈ। ਜਿਹੜਾ ਬਲਦ ਅਗੇ 50 ਰੁਪਏ ਨੂੰ ਆਉਂਦਾ ਸੀ ਹੁਣ ਉਹ 1500 ਰੁਪਏ ਨੂੰ ਆਉਂਦਾ ਹੈ। ਜਿਹੜਾ ਹਲ ਅਗੇ 5 ਰੁਪਏ ਦਾ ਬਣਦਾ ਸੀ ਹੁਣ ਉਹ 50 ਰੁਪਏ ਦਾ ਬਣਦਾ ਹੈ, ਕਹੀ ਜਿਹੜੀ ਕਿ ਅਗੇ ਇਕ ਜਾਂ ਡੇਢ ਰੁਪਏ ਦੀ ਆਉਂਦੀ ਸੀ ਹੁਣ ਉਹ 14-15 ਰੁਪਏ ਦੀ ਆਉਂਦੀ ਹੈ। ਇਸ ਤਰ੍ਹਾਂ ਦਾਤਰੀ ਹੈ, ਇਹ 4-5 ਆਨੇ ਦੀ ਆਉਂਦੀ ਸੀ ਪਰ ਹੁਣ ਇਹ 4-5 ਰੁਪਏ ਦੀ ਆਉਂਦੀ ਹੈ। ਕਿਸਾਨ ਅਗੇ ਰੰਬਾ 6-7 ਆਨੇ ਦਾ ਲੈਂਦਾ ਸੀ ਪਰ ਹੁਣ ਉਹ ਵੀ 5-6 ਰੁਪਏ ਦਾ ਹੋ ਗਿਆ ਹੈ। ਲੱਕੜ ਦਾ ਸੁਹਾਗਾ ਅਗੇ ਇਕ ਰੁਪਏ ਦਾ ਉਹ ਬਣਵਾ ਲੈਂਦਾ ਸੀ ਹੁਣ ਉਹ ਵੀ 50 ਰੁਪਏ ਦਾ ਬਣਦਾ ਹੈ। ਅਗੇ ਰੇਹ ਦੀ ਬੋਰੀ ਉਸ ਨੂੰ ਬਹੁਤ ਸਸਤੀ ਮਿਲਦੀ ਸੀ ਪਰ ਹੁਣ ਉਹ ਵੀ 40-50 ਦੀ ਹੋ ਗਈ ਹੈ। ਟਿਊਬਵੈਲਾਂ ਵਲ ਪਹਿਲਾਂ ਕਿਸਾਨ ਦਾ ਧਿਆਨ ਨਹੀਂ ਸੀ ਪਰ ਹੁਣ ਨਹਿਰੀ ਪਾਣੀ ਦੀ ਤੰਗੀ ਹੋਣ ਕਰ ਕੇ ਅਤੇ ਬਾਰਸ਼ਾਂ ਦੇ ਨਾਂ ਹੋਣ ਦੇ ਕਾਰਣ ਕਿਸਾਨ ਦਾ ਧਿਆਨ ਟਿਊਬਵੈਲਾਂ ਵਲ ਗਿਆ ਹੈ। ਪਰ ਇਸ ਦਾ ਸਾਮਾਨ ਬਹੁਤ ਹੀ ਮਹਿੰਗਾ ਹੈ। ਰੇਹ ਕਿਸਾਨ ਹੁਣ ਗੌਰਮਿੰਟ ਦੇ ਹਿਸਾਬ ਦੇ ਨਾਲ ਪਾ ਦਿੰਦਾ ਹੈ ਅਤੇ ਪਾਣੀ ਲਈ ਬਾਰਸ਼ ਹੁੰਦੀ ਨਹੀਂ ਬਿਜਲੀ ਟਿਊਬਵੈਲਾਂ ਲਈ ਮਿਲਦੀ ਨਹੀਂ ਤਾਂ ਉਹ ਤੇਲ ਵਲ ਜਾਂਦਾ ਹੈ ਅਤੇ ਇੰਜਣ ਲਿਆਉਂਦਾ ਹੈ। ਪਰ ਤੇਲ ਇਕ ਤਾਂ ਮਹਿੰਗਾ ਬਹੁਤ ਹੁੰਦਾ ਹੈ ਦੂਸਰਾ ਉਹ ਤੇਲ ਦੇ ਵਿਚ ਕੋਈ ਅਜਿਹੀਆਂ ਚੀਜ਼ਾਂ ਮਿਲਾ ਦੇਂਦੇ ਹਨ ਜਿਹੜੀਆਂ ਕਿ ਇੰਜਣ ਦਾ ਸਤਿਆਨਾਸ ਕਰ ਦਿੰਦੀਆਂ ਹਨ। ਫਿਰ ਟਰੈਕਟਰ ਦੀ ਗੱਲ ਲੈ ਲਉ। ਪਹਿਲਾਂ ਤਾਂ ਉਸ ਦੀ ਬਲੈਕ ਹੀ ਕਿਸਾਨ ਨੂੰ ਰਗੜ ਦਿੰਦੀ ਹੈ, ਫਿਰ ਜੇ ਉਸ ਦਾ ਕੋਈ ਪੁਰਜ਼ਾ ਟੁਟ ਜਾਵੇ ਤਾਂ ਉਹ ਬਹੁਤ ਹੀ ਮਹਿੰਗਾ ਮਿਲਦਾ ਹੈ। ਜੇ ਇਕ ਟਾਇਰ ਹੀ ਫਟ ਜਾਵੇ ਤਾਂ ਉਹੀ ਛੇ ਮਹੀਨੇ ਦੀ ਕਮਾਈ ਲੈ ਕੇ ਬਹਿ ਜਾਂਦਾ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜਿਸ ਤਰ੍ਹਾਂ ਕਾਰਖਾਨੇਦਾਰਾਂ ਨੂੰ ਉਨ੍ਹਾਂ ਦੇ ਸਾਰੇ ਖਰਚੇ ਕਢ ਕੇ ਨਫ਼ਾ ਦਿਤਾ ਜਾਂਦਾ ਹੈ ਇਸ ਤਰ੍ਹਾਂ ਹੀ ਕਿਸਾਨ ਨੂੰ ਉਸ ਦੇ ਸਾਰੇ ਖਰਚੇ ਕਢ ਕੇ ਨਫ਼ਾ ਦਿਤਾ ਜਾਵੇ ਤਾਂ ਹੀ ਕਿਸਾਨ ਬਚ ਸਕਦਾ ਹੈ। ਫਿਰ, ਡਿਪਟੀ ਸਪੀਕਰ ਸਾਹਿਬ, ਗੰਨੇ ਦੀ ਗੱਲ ਲੈ ਲਉ। ਗੰਨੇ ਤੇ ਕਿਸਾਨ ਦੀ ਬੜੀ ਮਿਹਨਤ ਹੁੰਦੀ ਹੈ, ਬੜਾ ਖਰਚ ਹੁੰਦਾ ਹੈ, ਪਰ ਇਸ ਦੀ ਕੀਮਤ ਰਖੀ ਗਈ ਹੈ 7 ਰੁਪਏ ਕੁਵਿੰਟਲ। ਇਸ ਭਾਅ ਤੇ ਗੰਨਾ ਕਿਸਾਨ ਨੂੰ ਪੁਗਦਾ ਨਹੀਂ। ਡਿਪਟੀ ਸਪੀਕਰ ਸਾਹਿਬ, ਜੇ ਤੁਸੀਂ ਬਾਲਣ ਵਾਲੀਆਂ ਲੱਕੜਾਂ ਦੀ ਵਲ ਦੇਖੋ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਕੀਮਤ ਵੀ 14-15 ਰੁਪਏ ਕੁਵਿੰਟਲ ਹੈ ਪਰ ਜਿਸ ਵਿਚੋਂ ਅੰਮ੍ਰਿਤ ਨਿਕਲਦਾ ਹੈ ਉਸ ਦੀ ਕੀਮਤ ਇਨ੍ਹਾਂ ਨੇ 7 ਰੁਪਏ ਕਵਿੰਟਲ ਰਖੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਜੇ ਕਿਸਾਨ ਦੀ ਹਾਲਤ ਚੰਗੀ ਨਾ ਹੋਈ ਤਾਂ ਦੇਸ਼ ਦੀ ਹਾਲਤ ਚੰਗੀ ਨਹੀਂ ਹੋ ਸਕੇਗੀ। ਫਿਰ, ਡਿਪਟੀ ਸਪੀਕਰ ਸਾਹਿਬ, ਸਾਰੇ ਆਪਣਾ ਭਾਅ ਆਪ ਬੰਨ੍ਹਦੇ ਹਨ ਪਰ ਸਿਰਫ਼ ਕਿਸਾਨ ਦਾ ਅਨਾਜ ਹੈ ਜਿਸ ਦਾ ਭਾਅ ਸਰਕਾਰ ਦਿਲੀ ਵਿਚ ਬੈਠ ਕੇ ਨੀਯਤ ਕਰ ਦਿੰਦੀ ਹੈ ਅਤੇ ਕਿਸਾਨ ਨੂੰ ਪੁਛਿਆ ਤਕ ਨਹੀਂ ਜਾਂਦਾ। ਫਿਰ ਕਿਸਾਨ ਦੇ ਦਾਣਿਆਂ ਨੂੰ ਮੰਡੀ ਦੇ ਵਿਚ ਕੋਈ ਪੁਛਦਾ ਹੀ ਨਹੀਂ। ਉਹ 10-10 ਦਿਨ ਤਕ ਉਥੇ ਬੈਠਾ ਰਹਿੰਦਾ ਹੈ ਅਤੇ ਕਹਿੰਦਾ ਹੈ ਕਿ ਕੋਈ ਵੀ ਮੇਰੇ ਦਾਣੇ ਲੈ ਜਾਉ, ਮੈਨੂੰ ਘਰ ਜਾਣ ਦਿਉ ਪਰ ਉਸ ਦੇ ਨੇੜੇ ਕੋਈ ਨਹੀਂ ਢੁੱਕਦਾ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਕਿਸਾਨ ਦਾ ਸਾਰਾ ਖ਼ਰਚ ਕਢ ਕੇ ਉਸ ਨੂੰ ਨਫ਼ਾ ਦਿਉ। ਕਿਉਂਕਿ ਜੇ ਕਿਸਾਨ ਦੀ ਹਾਲਤ ਚੰਗੀ ਨਾ ਹੋਈ ਤਾਂ ਸਾਰੀ ਦੁਨੀਆ ਦਾ ਸਿਗਨਲ ਡਾਊਨ ਹੋ ਜਾਵੇਗਾ। (ਹਾਸਾ) ਇਸ ਕਿਸਾਨ ਦੇ ਸਿਰ ਤੇ ਹੀ ਸਾਰੇ

ਪਲਦੇ ਹਨ। ਆੜ੍ਹਤੀ ਵੀ ਅਤੇ ਵਪਾਰੀ ਵੀ ਇਸ ਦੇ ਸਿਰ ਤੇ ਪਲਦੇ ਹਨ। ਇਹ ਜੋ ਮੁਲਾਜ਼ਮ ਹਨ ਜਿਨ੍ਹਾਂ ਦੇ ਸਿਰ ਤੇ ਤੁਸੀਂ ਰਾਜ ਕਰਦੇ ਹੋ, ਇਨ੍ਹਾਂ ਨੂੰ ਵੀ ਰੋਟੀ ਕਿਸਾਨ ਹੀ ਦਿੰਦਾ ਹੈ। ਜੇ ਇਨ੍ਹਾਂ ਨੂੰ ਰੋਟੀ ਨਾ ਮਿਲੇ ਤਾਂ ਸਾਰੇ ਭਜ ਜਾਣ ਸਿਰਫ਼ ਮਨਿਸਟਰ ਹੀ ਇਥੇ ਬੈਠੇ ਰਹਿ ਜਾਣ। (ਹਾਸਾ) ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਦਾ ਹਾਂ ਕਿ ਜ਼ਿਲ੍ਹਾ ਸੰਗਰੂਰ ਅਤੇ ਜ਼ਿਲ੍ਹਾ ਬਠਿੰਡਾ ਦੇ ਇਲਾਕਿਆਂ ਵਿਚ ਜ਼ਮੀਨ ਦਾ ਹੇਠਲਾ ਪਾਣੀ ਜ਼ਮੀਨਾਂ ਦੇ ਮੁਆਫ਼ਿਕ ਨਹੀਂ ਆਉਂਦਾ ਇਸ ਲਈ ਉਨ੍ਹਾਂ ਨੂੰ ਨਹਿਰੀ ਪਾਣੀ ਦਿਤਾ ਜਾਵੇ। ਜੇ ਉਨ੍ਹਾਂ ਨੂੰ ਨਹਿਰੀ ਪਾਣੀ ਨਾ ਦਿਤਾ ਗਿਆ ਤਾਂ ਉਹ ਜ਼ਮੀਨ ਬਰਬਾਦ ਹੋ ਜਾਵੇਗੀ ਅਤੇ ਉਥੇ ਦੇ ਲੋਕ ਉਜੜ ਜਾਣਗੇ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਦਿਹਾਤੀ ਮਜ਼ਦੂਰਾਂ ਦੀ ਗੱਲ ਕਰਦਾ ਹਾਂ। ਇਥੇ ਕਈ ਮੈਂਬਰ ਸਾਹਿਬਾਨ ਨੇ ਉਨ੍ਹਾਂ ਦੀਆਂ ਗੱਲਾਂ ਕੀਤੀਆਂ ਹਨ ਪਰ ਕਿਸੇ ਨੇ ਵੀ ਉਨ੍ਹਾਂ ਦੇ ਹਾਲਾਤ ਨੂੰ ਅਖੀਂ ਜਾ ਕੇ ਨਹੀਂ ਦੇਖਿਆ ਕਿ ਉਨ੍ਹਾਂ ਦੇ ਬੱਚਿਆਂ ਨੂੰ ਰੋਟੀ ਮਿਲਦੀ ਹੈ ਜਾਂ ਨਹੀਂ ਮਿਲਦੀ, ਉਨ੍ਹਾਂ ਦੇ ਬੱਚਿਆਂ ਨੂੰ ਕਪੜਾ ਮਿਲਦਾ ਹੈ ਜਾਂ ਨਹੀਂ ਮਿਲਦਾ, ਉਨ੍ਹਾਂ ਦੀ ਪੜ੍ਹਾਈ ਦਾ ਕੋਈ ਇੰਤਜ਼ਾਮ ਹੈ ਜਾਂ ਨਹੀਂ ਜਾਂ ਉਨ੍ਹਾਂ ਨੂੰ ਜੇ ਕੋਈ ਬਿਮਾਰੀ ਹੋ ਜਾਵੇ ਤਾਂ ਕੀ ਉਨ੍ਹਾਂ ਦਾ ਇਲਾਜ ਹੁੰਦਾ ਹੈ ਜਾਂ ਨਹੀਂ ? ਅੱਜ ਵੀ ਉਨ੍ਹਾਂ ਦੀਆਂ ਕੁੜੀਆਂ ਡੱਕੇ ਚੁਗਦੀਆਂ ਫਿਰਦੀਆਂ ਹਨ। ਉਨ੍ਹਾਂ ਦੇ ਨਿਆਣੇ ਗੋਹੇ ਨੂੰ ਇਕੱਠਾ ਕਰਦੇ ਫਿਰਦੇ ਹਨ ਤਾਂ ਕਿ ਉਹ ਆਪ ਡੱਕਿਆਂ ਤੇ ਗੋਹਿਆਂ ਨਾਲ ਰੋਟੀ ਪਕਾ ਸਕਣ। ਇਹ ਕਾਂਗਰਸ ਵਾਲੇ ਵੀ ਅਗੇ ਰਾਜ ਕਰ ਗਏ ਹਨ ਅਤੇ ਡੀਂਗਾਂ ਮਾਰਦੇ ਹਨ ਕਿ ਬੜਾ ਕੁਝ ਕਰ ਦਿਤਾ ਹੈ। ਇਸ ਸਰਕਾਰ ਦੇ ਮਨਿਸਟਰ ਵੀ ਡੀਂਗਾਂ ਮਾਰਦੇ ਹਨ ਕਿ ਅਸੀਂ ਬੜਾ ਕੁਝ ਕਰ ਰਹੇ ਹਾਂ ਪਰ ਦਿਹਾਤੀ ਮਜ਼ਦੂਰ ਦੀ ਹਾਲਤ ਵਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ। ਉਹ ਆਪਣੀ ਦਿਹਾੜੀ 3 ਤੋਂ 4 ਰੁਪਏ ਮੰਗਦਾ ਹੈ ਤਾਂ ਉਨ੍ਹਾਂ ਵਿਚਾਰਿਆਂ ਦਾ ਖੇਤਾਂ ਵਿਚ ਜਾਣ ਤੋਂ ਬਾਈਕਾਟ ਕਰਾ ਦਿਤਾ ਜਾਂਦਾ ਹੈ। ਪਰ, ਡਿਪਟੀ ਸਪੀਕਰ ਸਾਹਿਬ, 3-4 ਰੁਪਏ ਨਾਲ 4-5 ਜੀਆਂ ਦੇ ਟਬਰ ਦਾ ਗੁਜ਼ਾਰਾ ਕਿਸ ਤਰ੍ਹਾਂ ਹੋ ਸਕਦਾ ਹੈ। ਦਿਹਾਤੀ ਮਜ਼ਦੂਰ ਕਿਸਾਨ ਦਾ ਸਾਥੀ ਹੈ। ਵੱਡੇ ਵੱਡੇ ਜੋ ਲੈਂਡ ਲਾਰਡ ਹਨ ਉਨ੍ਹਾਂ ਨੂੰ ਤਾਂ ਮਜ਼ਦੂਰਾਂ ਦੀ ਜ਼ਿਆਦਾ ਲੋੜ ਪੈਂਦੀ ਹੈ ਪਰ ਛੋਟੇ ਕਿਸਾਨ ਨੂੰ ਲੋੜ ਘਟ ਪੈਂਦੀ ਹੈ ਪਰ ਵਡੇ ਵਡੇ ਲੈਂਡ ਲਾਰਡ ਬਾਈਕਾਟ ਵੇਲੇ ਛੋਟੇ ਨੂੰ ਵੀ ਨਾਲ ਮਿਲਾ ਲੈਂਦੇ ਹਨ। ਮੈਂ ਸਮਝਦਾ ਹਾਂ ਕਿ ਜਿਹੜਾ ਸਿਲਸਿਲਾ ਚਲ ਰਿਹਾ ਹੈ ਇਸ ਦੇ ਨਾਲ ਦਿਹਾਤੀ ਮਜ਼ਦੂਰਾਂ ਦਾ ਜ਼ਰੂਰ ਸਤਿਆਨਾਸ ਹੋ ਜਾਵੇਗਾ। ਇਸ ਲਈ ਜਦੋਂ ਤਕ ਇਸ ਦੀ ਹਾਲਤ ਨਹੀਂ ਸੁਧਾਰੀ ਜਾਂਦੀ ਉਤਨੀ ਦੇਰ ਤਕ ਕਿਸਾਨ ਦੀ ਹਾਲਤ ਨਹੀਂ ਸੁਧਰ ਸਕਦੀ ਕਿਉਂਕਿ ਇਹ ਕਿਸਾਨ ਦਾ ਸਾਥੀ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਸਕੂਲਾਂ ਦੇ ਬਾਰੇ ਕੁਝ ਅਰਜ਼ ਕਰਦਾ ਹਾਂ। ਖਾਸ ਤੌਰ ਤੇ ਰਿਆਸਤਾਂ ਦੇ ਵਿਚ ਸਕੂਲ ਨਹੀਂ ਸੀ ਕਿਉਂਕਿ ਜਿਹੜੇ ਰਾਜੇ ਹੁੰਦੇ ਸੀ, ਜਿਨ੍ਹਾਂ ਨੂੰ ਅੱਜ ਵੀ ਅਕਾਲੀ ਪਾਰਟੀ ਨੇ ਇਥੇ ਬਿਠਾ ਰਖਿਆ ਹੈ, ਇਹ ਨਹੀਂ ਸੀ ਚਾਹੁੰਦੇ ਕਿ ਕੋਈ ਸਕੂਲ ਇਨ੍ਹਾਂ ਦੀ ਰਿਆਸਤ ਦੇ ਵਿਚ ਖੁਲ੍ਹੇ ਅਤੇ ਕੋਈ ਵਿਦਿਆ ਪ੍ਰਾਪਤ ਕਰੇ। ਕਿਉਂਕਿ ਇਹ ਜਾਣਦੇ ਸੀ ਕਿ ਜੇ ਇਨ੍ਹਾਂ ਲੋਕਾਂ ਨੇ ਪੜ੍ਹ ਲਿਆ ਤਾਂ ਇਨ੍ਹਾਂ ਨੂੰ ਅਕਲ ਆ ਜਾਵੇਗੀ। ਇਸ ਲਈ ਉਹ ਸਕੂਲ ਨਹੀਂ ਸੀ ਖੋਲ੍ਹਦੇ ਹੁੰਦੇ। ਹੁਣੇ 2,3 ਸਾਲਾਂ ਤੋਂ ਕਾਫ਼ੀ ਕੰਮ ਇਸ ਬਾਰੇ ਹੋਇਆ ਹੈ। ਸਰਦਾਰ ਸੁਰਜੀਤ ਸਿੰਘ ਜੀ ਨੇ ਕਾਫ਼ੀ ਸਕੂਲ ਖੋਲ੍ਹੇ ਹਨ। ਪਰ ਮੈਂ ਸਮਝਦਾ ਹਾਂ ਕਿ ਅਜੇ ਇਨ੍ਹਾਂ ਸਕੂਲਾਂ ਦੀ ਬੜੀ ਲੋੜ ਹੈ। ਮਿਡਲ ਸਕੂਲਾਂ ਅਤੇ ਹਾਈ ਸਕੂਲਾਂ ਦੀ ਲੋੜ ਬਹੁਤ ਜ਼ਿਆਦਾ ਹੈ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਦੂਜਿਆਂ ਇਲਾਕਿਆਂ ਨੂੰ ਛਡ ਕੇ ਪਹਿਲਾਂ ਇਸ ਪਿਛੜੇ ਹੋਏ ਇਲਾਕੇ ਨੂੰ ਸਕੂਲ ਦੇਵੇ।

ਫਿਰ, ਡਿਪਟੀ ਸਪੀਕਰ ਸਾਹਿਬ, ਸਾਡੇ ਮੁੰਡੇ ਪੜ੍ਹ ਲਿਖ ਕੇ ਵਿਹਲੇ ਫਿਰ ਰਹੇ ਹਨ। ਪਹਿਲਾਂ ਤਾਂ ਇਹ ਹੁੰਦਾ ਸੀ ਕਿ ਮੁੰਡੇ ਨੂੰ ਕਿਸੇ ਤਰ੍ਹਾਂ ਪੜ੍ਹਾ ਦਿਉ, ਕਿਧਰੇ ਅੜ ਜਾਵੇਗਾ। ਲੋਕਾਂ ਕੋਲ ਪੜ੍ਹਾਉਣ

[ਜਥੇਦਾਰ ਹਰਦਿੱਤ ਸਿੰਘ ਭੱਠਲ]

ਲਈ ਪੈਸਾ ਨਹੀਂ ਸੀ ਇਸ ਲਈ ਜ਼ਮੀਨ ਗਹਿਣੇ ਪਾ ਕੇ ਜਾਂ ਕਰਜ਼ੇ ਲੈ ਕੇ ਮੁੰਡੇ ਪੜ੍ਹਾਏ, ਪਰ ਜਦੋਂ ਮੁੰਡੇ ਪੜ੍ਹ ਗਏ ਹਨ ਤਾਂ ਕਿਧਰੇ ਥਾਂ ਨਹੀਂ ਮਿਲ ਰਹੀ । ਜੇ ਕਿਧਰੇ 4-5 ਥਾਵਾਂ ਕਲਰਕਾਂ ਦੀਆਂ ਨਿਕਲਦੀਆਂ ਹਨ ਤਾਂ ਉਥੇ 500 ਅਰਜ਼ੀ ਆ ਜਾਂਦੀ ਹੈ; ਜਿਨ੍ਹਾਂ ਵਿਚੋਂ ਜ਼ਿਆਦਾ ਬੀ.ਏ., ਐਮ ਏ. ਹੁੰਦੇ ਹਨ । 4-5 ਤਾਂ ਮਨਿਸਟਰਾਂ ਦੇ ਮੁੰਡੇ ਹੀ ਚੁਣੇ ਜਾਂਦੇ ਹਨ ਬਾਕੀਆਂ ਦਾ ਕੁਝ ਨਹੀਂ ਬਣਦਾ (ਤਾੜੀਆਂ) ਫਿਰ ਜੇ ਕੁਝ ਮੁੰਡੇ ਇਸ ਬਾਰੇ ਕੋਈ ਜਲੂਸ ਆਦਿ ਕਢਦੇ ਹਨ ਤਾਂ ਇਹ ਕਹਿੰਦੇ ਹਨ ਕਿ ਕਮਿਊ-ਨਿਸਟਾਂ ਨੇ ਚੁਕ ਦਿਤਾ ਹੈ । ਜੇ ਕੋਈ ਨੌਜਵਾਨ ਆਪਣੀ ਜਥੇਬੰਦੀ ਬਣਾਉਂਦਾ ਹੈ ਤਾਂ ਇਹ ਨਕਸਲ-ਬਾੜੀਆ ਕਹਿ ਕੇ ਗੋਲੀ ਮਾਰ ਦਿੰਦੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੇ ਪੜ੍ਹੇ ਲਿਖੇ ਮੁੰਡਿਆਂ ਨੂੰ ਸੰਭਾਲਣਾ ਚਾਹੀਦਾ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਮੁਲਾਜ਼ਮਾਂ ਦੇ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ । ਮੈਂ ਸਰਕਾਰ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਕ ਦਰਖਤ ਹੁੰਦਾ ਹੈ ਉਹ ਆਪਣੀਆਂ ਟਾਹਣੀਆਂ ਦੇ ਸਹਾਰੇ ਨਹੀ ਖੜਾ ਹੁੰਦਾ ਸਗੋਂ ਆਪਣੇ ਤਨੇ ਦੇ ਸਹਾਰੇ ਤੇ ਖੜਾ ਹੁੰਦਾ ਹੈ । ਜੇ ਤਨਾ ਮਜ਼ਬੂਤ ਹੋਵੇ ਤਾਂ ਕਿਤਨੀਆਂ ਵੀ ਹਨੇਰੀਆਂ ਆ ਜਾਣ ਦਰਖ਼ਤ ਦਾ ਕੁਝ ਨਹੀਂ ਵਿਗੜਦਾ । ਪਰ ਜੇ ਤਨਾ ਕਮਜ਼ੋਰ ਹੋਵੇ ਤਾਂ ਦਰਖ਼ਤ ਥੋੜ੍ਹੀ ਹੀ ਹਨੇਰੀ ਨਾਲ ਗਿਰ ਜਾਂਦਾ ਹੈ ਤੇ ਫਿਰ ਡਾਹਣੇ ਦੇ ਕੜਾਕੇ ਹੀ ਪੈਂਦੇ ਨਜ਼ਰ ਆਉਂਦੇ ਹਨ । ਤਨਾ ਮਿਟੀ ਦੇ ਵਿਚ ਹੁੰਦਾ ਹੈ, ਜਿਸ ਵਿਚੋਂ ਉਸ ਨੂੰ ਖ਼ੁਰਾਕ ਮਿਲਦੀ ਹੈ । ਜੇ ਮਿਟੀ ਮਜ਼ਬੂਤ ਹੋਵੇਗੀ ਤਾਂ ਤਨਾ ਹਨੇਰੀਆਂ ਅਤੇ ਬੁਲਿਆਂ ਵਿਚ ਨਹੀਂ ਡਿਗੇਗਾ । ਪਰ ਜੇ ਮਿਟੀ ਕਮਜ਼ੋਰ ਹੋਈ ਤਾਂ ਤਨਾ ਡਿਗ ਪਏਗਾ ਭਾਵੇਂ ਮਾੜਾ ਜਿਹਾ ਹੀ ਬੁਲਾ ਆਵੇ । ਇਸ ਤਰੀਕੇ ਨਾਲ, ਡਿਪਟੀ ਸਪੀਕਰ ਸਾਹਿਬ, ਸਰਕਾਰ ਦੇ ਜੋ ਮੁਲਾਜ਼ਮ ਹਨ ਉਹ ਸਰਕਾਰ ਦੇ ਤਨੇ ਹਨ । ਉਨ੍ਹਾਂ ਨੂੰ ਮਜ਼ਬੂਤ ਰੱਖਣਾ ਚਾਹੀਦਾ ਹੈ, ਇਹ ਬਹੁਤ ਜ਼ਰੂਰੀ ਗੱਲ ਹੈ । ਪੰਜਾਬ ਗੌਰਮੈਂਟ ਇਸ ਚੀਜ਼ ਨੂੰ ਮੰਨ ਚੁਕੀ ਹੈ ਕਿ ਜੋ ਸੈਂਟਰਲ ਗੌਰਮੈਂਟ ਦੇਵੇਗੀ ਉਹੀ ਪੰਜਾਬ ਗੌਰਮੈਂਟ ਵੀ ਆਪਣੇ ਮੁਲਾਜ਼ਮਾਂ ਨੂੰ ਦੇਵੇਗੀ । ਜਦ ਇਹ ਚੀਜ਼ ਮੰਨੀ ਹੋਈ ਹੈ ਤਾਂ ਫੇਰ ਇਹ ਕਿਉਂ ਨਹੀਂ ਆਪਣੇ ਮੁਲਾਜ਼ਮਾਂ ਨੂੰ ਦਿੰਦੇ (ਥੰਪਿੰਗ) ਬਜਾਏ ਇਸ ਗੱਲ ਦੇ ਕਿ ਗੁੰਡਾ ਫੌਜਾਂ ਨੂੰ, ਪੁਲਿਸ ਨੂੰ, ਉਨ੍ਹਾਂ ਗਰੀਬ ਮੁਲਾਜ਼ਮਾਂ ਉਤੇ ਡੰਡੇ ਬਰਸਾਉਣ ਨੂੰ ਕਹਿੰਦੇ ਜੋ ਇਨ੍ਹਾਂ ਮੁਲਾਜ਼ਮਾਂ ਦੀਆਂ ਮੰਗਾਂ ਹਨ ਉਹ ਸਰਕਾਰ ਨੂੰ ਪੂਰੀਆਂ ਕਰਨੀਆਂ ਚਾਹੀਦੀਆਂ ਹਨ । ਮਾਸਟਰਾਂ ਨੂੰ ਪੜ੍ਹਾਉਂਦਿਆਂ ਨੂੰ ਕਲਾਸ ਵਿਚੋਂ ਕਢ ਕੇ ਪੁਲਿਸ ਨੇ ਕੁਟਿਆ ਹੈ । ਉਨ੍ਹਾਂ ਵਿਚਾਰਿਆਂ ਨੇ ਕੋਈ ਜ਼ੁਲਮ ਤਾਂ ਨਹੀਂ ਕੀਤਾ ਹੈ । ਇਸੇ ਤਰ੍ਹਾਂ ਨਾਲ ਬਿਜਲੀ ਵਾਲਿਆਂ ਨੂੰ ਪਟਿਆਲੇ ਵਿਚ ਕਲਾਸ ਫੋਰਥ ਦੇ ਐਂਪਲਾਈਜ਼ ਨੂੰ ਕਿਸ ਤਰ੍ਹਾਂ ਬੇ ਰਹਿਮੀ ਨਾਲ ਮਾਰਿਆ ਗਿਆ ਹੈ । ਉਨ੍ਹਾਂ ਦੇ ਜਲੂਸ ਤੇ ਟੀਅਰ ਗੈਸ ਛਡੀ ਗਈ । ਇਨ੍ਹਾਂ ਨਿਹੱਥੇ ਮੁਲਾਜ਼ਮਾਂ ਦੀ ਡੰਡਿਆਂ ਨਾਲ ਕੁਟਾਈ ਕੀਤੀ ਗਈ ਅਤੇ ਪਟਿਆਲੇ ਵਿਚ ਟਰਾਂਸਪੋਰਟ ਦੇ ਮੁਲਜ਼ਮਾਂ ਨੂੰ ਬੁੱਚੜਾਂ ਵਾਂਗ ਕੁਟਿਆ ਗਿਆ ਤੇ ਉਨ੍ਹਾਂ ਤੇ ਟੀਅਰ-ਗੈਸ ਛਡੀ ਗਈ । ਇਸ ਤੋਂ ਇਲਾਵਾ ਚੰਡੀਗੜ੍ਹ ਮਿਤੀ 14-1-71 ਨੂੰ ਮੁਲਾਜ਼ਮਾਂ ਦੇ ਜਲੂਸ ਸਮੇਂ 20 ਸੈਕਟਰ ਵਿਚ ਮੁਲਜ਼ਮਾਂ ਨੂੰ ਮਾਰਿਆ, ਕੁਟਿਆ ਗਿਆ ਅਤੇ ਕਈ ਕਿਸਮ ਦੇ ਝੂਠੇ ਮੁਕਦਮੇ ਬਣਾਏ । ਇਹ ਚੀਜ਼ ਇਨ੍ਹਾਂ ਨੂੰ ਮੰਨਣੀ ਚਾਹੀਦੀ ਹੈ ਕਿ ਮੁਲਾਜ਼ਮਾਂ ਦੇ ਸਿਰ ਤੇ ਹੀ ਗੌਰਮੈਂਟ ਚਲਿਆ ਕਰਦੀ ਹੈ । ਜੇ ਮੁਲਾਜ਼ਮ ਕੰਮ ਹੀ ਨਹੀਂ ਕਰਨਗੇ ਤਾਂ ਇਹ ਵਜ਼ੀਰ ਲੋਕ ਕਿਸ ਕਾਗਜ਼ ਤੇ ਦਸਖ਼ਤ ਕਰਿਆ ਕਰਨਗੇ । ਇਹ ਮਨਿਸਟਰ ਇਥੇ ਆਪਣੇ ਮੁਲਾਜ਼ਮਾਂ ਤੋਂ ਬਗੈਰ, ਜਿਨ੍ਹਾਂ ਨੇ ਸਾਰਾ ਕੰਮ ਕਾਜ ਕਰਨਾ ਹੈ, ਉਨ੍ਹਾਂ ਤੋਂ ਬਗੈਰ ਇਹ ਇਥੇ ਕੀ ਕਰਨਗੇ । ਕੀ ਇਥੇ ਬੈਠੇ ਇਹ ਮੱਖੀਆਂ ਮਾਰਿਆ ਕਰਨਗੇ ? (ਥੰਪਿੰਗ) ਕਿਸ ਕਾਗਜ਼ ਤੇ ਦਸਖ਼ਤ ਕਰਨਗੇ । ਇਕੱਲੀਆਂ ਆਪਣੀਆਂ ਕਾਰਾਂ ਭਜਾਈ ਫਿਰਨਗੇ । ਇਸ ਲਈ , ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ

ਬੇਨਤੀ ਕਰਾਂਗਾ ਕਿ ਜਿੰਨੇ ਵੀ ਕੇਸ ਮੁਲਾਜ਼ਮਾਂ ਦੇ ਖਿਲਾਫ ਹਨ ਉਨ੍ਹਾਂ ਨੂੰ ਵਾਪਸ ਲੈਣਾ ਚਾਹੀਦਾ ਹੈ ਅਤੇ ਚੰਗੇ ਮਹੌਲ ਵਿਚ ਉਨ੍ਹਾਂ ਦੇ ਆਗੂਆਂ ਨੂੰ ਬੁਲਾ ਕੇ ਦਲੀਲ ਨਾਲ ਉਨ੍ਹਾਂ ਨਾਲ ਮਿਲਕੇ ਉਨਾਂ ਦੀਆਂ ਮੰਗਾਂ ਨੂੰ ਮੰਨ ਲੈਣਾ ਚਾਹੀਦਾ ਹੈ। (ਘੰਟੀ) ਮੈਂ, ਡਿਪਟੀ ਸਪੀਕਰ ਸਾਹਿਬ, ਸਿਰਫ ਦੋ ਮਿਨਟ ਹੀ ਬੋਲਣਾ ਹੈ। (ਵਿਘਨ) ਇਹੀ ਹੀ ਨਹੀਂ ਇਨ੍ਹਾਂ ਨੇ ਲੜਕੀਆਂ ਨੂੰ ਵੀ ਫੜ ਕੇ ਜੇਲ੍ਹ ਵਿਚ ਪਾ ਦਿਤਾ ਹੈ। ਅੰਗਰੇਜ਼ਾਂ ਦੇ ਰਾਜ ਵੇਲੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਮੋਗੇ ਵਿਖੇ ਕਿਹਾ ਸੀ ਲੜਕੀਆਂ ਨੂੰ ਜੇਲ੍ਹਾਂ ਵਿਚ ਨਹੀਂ ਭੇਜਣਾ ਚਾਹੀਦਾ ਹੈ (ਵਿਘਨ) ਪਰ ਹੋਇਆ ਕੀ ਇਨ੍ਹਾਂ ਕਾਂਗਰਸ ਦੇ ਰਾਜ ਵਿਚ ਵੀ ਸਾਡੀਆਂ ਲੜਕੀਆਂ ਨੂੰ ਜੇਲ੍ਹਾਂ ਵਿਚ ਭੇਜਿਆ ਗਿਆ ਅਤੇ ਹੁਣ ਵੀ ਇਹ ਗੌਰਮੈਂਟ ਸਕੂਲਾਂ ਦੀਆਂ ਮਾਸਟਰਾਨੀਆਂ ਨੂੰ ਪੜ੍ਹਾਉਂਦੀਆਂ ਨੂੰ ਫੜ ਕੇ, ਜਿਨ੍ਹਾਂ ਨੇ ਹੜਤਾਲ ਕੀਤੀ ਸੀ, ਉਨ੍ਹਾਂ ਨੂੰ ਫੜ ਕੇ ਜੇਲ੍ਹ ਵਿਚ ਦੇ ਦਿਤਾ। ਇਸ ਬਾਰੇ ਸੰਗਰੂਰ ਵਿਖੇ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਦੋ ਦੋ ਵਾਰੀ 107 ਦਫਾ ਲਗੀ ਹੈ। ਦੋ ਦੋ ਵੇਰ ਮੁਅੱਤਲ ਕੀਤਾ ਗਿਆ ਅਤੇ ਦੋ ਦੋ ਵੇਰ ਕੁਰਕੀਆਂ ਕੀਤੀਆਂ ਗਈਆਂ। ਮੈਂ, ਡਿਪਟੀ ਸਪੀਕਰ ਸਾਹਿਬ, ਸਰਕਾਰ ਨੂੰ ਕਹਾਂਗਾ ਕਿ ਇਨ੍ਹਾਂ ਮੁਲਾਜ਼ਮਾਂ ਨਾਲ ਸੁਲਾਹ ਕਰਨੀ ਚਾਹੀਦੀ ਹੈ। ਇਨ੍ਹਾਂ ਦੇ ਲੀਡਰਾਂ ਨੂੰ ਬੁਲਾ ਕੇ ਕੋਈ ਦਲੀਲ ਤੋਂ ਕੰਮ ਲੈਣਾ ਚਾਹੀਦਾ ਹੈ। ਦੂਜੇ ਪਾਸੇ ਪੁਲਿਸ ਦਾ ਅੱਜ ਕਲ੍ਹ ਕੀ ਕੰਮ ਹੈ — ਇਹ ਭਲੇਮਾਨਸ ਨੂੰ ਪਿੰਡ ਅਤੇ ਖੇਤ ਵਿਚ ਆਰਾਮ ਨਾਲ ਨਹੀਂ ਰਹਿਣ ਦਿੰਦੇ। ਸ਼ਰੀਫ ਆਦਮੀ ਲਈ ਪਿੰਡ ਵਿਚ ਰਹਿਣਾ ਅੱਜ ਕਲ੍ਹ ਬਹੁਤ ਮੁਸ਼ਕਿਲ ਹੈ। ਕਤਲ ਤਾਂ ਦੁਸ਼ਮਣੀ ਨਾਲ ਹੁੰਦੇ ਹਨ ਪਰ ਪੁਲਿਸ ਨਕਸਲਬਾੜੀ ਕਹਿ ਕੇ ਕਿਸੇ ਸ਼ਰੀਫ ਆਦਮੀ ਨੂੰ ਫੜ ਲੈਂਦੀ ਹੈ। ਬਾਕੀ ਪੈਸੇ ਵੀ ਚਲਦੇ ਹਨ। ਪੁਲਿਸ ਨੂੰ ਪੈਸੇ ਦੇ ਕੇ ਜਿਸ ਨਾਲ ਦੁਸ਼ਮਣੀ ਹੁੰਦੀ ਹੈ, ਉਸ ਨੂੰ ਮਰਵਾ ਦਿਤਾ ਜਾਂਦਾ ਹੈ ਅਤੇ ਬਾਅਦ ਵਿਚ ਪੁਲਿਸ ਇਹ ਕਹਿੰਦੀ ਹੈ ਕਿ ਇਹ ਨਕਸਲਬਾੜੀ ਸੀ ਅਤੇ ਨਾਹਰਾ ਨਕਸਲਬਾੜੀ ਜ਼ਿੰਦਾਬਾਦ ਕਹਿ ਦੇਂਦੇ ਹਨ। ਇਹ ਠੀਕ ਨਹੀਂ ਹੈ।

Mr. Deputy Speaker : Please take your seat.

ਜਥੇਦਾਰ ਹਰਦਿੱਤ ਸਿੰਘ ਭੱਠਲ : ਐਸ. ਪੀ. ਅਤੇ ਡੀ. ਐਸ. ਪੀ. ਦਾ ਕੀ ਤਰੀਕਾ ਹੈ। ਇਨ੍ਹਾਂ ਨੇ ਥਾਨੇਦਾਰ ਦੀ ਖੁਫੀਆ ਰਪੋਰਟ ਲਿਖਣੀ ਹੁੰਦੀ ਹੈ। ਇਸ ਵਿਚ ਬੜੀ ਕੁਰਪਸ਼ਨ ਚਲਦੀ ਹੈ। ਜੇ ਤਾਂ ਥਾਨੇਦਾਰ ਬੜੇ ਅਫਸਰਾਂ ਦੇ ਕਹਿਣ ਤੇ ਚਲੇ ਜਿਸ ਤਰ੍ਹਾਂ ਉਨ੍ਹਾਂ ਦੀ ਮੰਗ ਹੈ ਉਸ ਨੂੰ ਪੂਰਾ ਕਰੇ ਤਾਂ ਤੇ ਥਾਨੇਦਾਰ ਦੀ ਰਪੋਰਟ ਚੰਗੀ ਤਰ੍ਹਾਂ ਲਿਖੀ ਜਾਂਦੀ ਹੈ ਅਤੇ ਜੇ ਚੰਗੀ ਤਰ੍ਹਾਂ ਨਾ ਚਲੇ ਤਾਂ ਉਹਦੀ ਰਪੋਰਟ ਚੰਗੀ ਨਹੀਂ ਲਿਖੀ ਜਾਂਦੀ ਹੈ। ਇਸ ਤਰ੍ਹਾਂ ਨਾਲ ਰਿਸ਼ਵਤ ਚਲਦੀ ਹੈ। ਉਨ੍ਹਾਂ ਥਾਨੇਦਾਰਾਂ ਤੋਂ ਇਹ ਐਸ. ਪੀ. ਅਤੇ ਡੀ. ਐਸ. ਪੀ. ਆਪਣੇ ਮੁੰਡਿਆਂ ਅਤੇ ਲੜਕੀਆਂ ਦੇ ਵਿਆਹ, ਸ਼ਾਦੀਆਂ ਤੇ ਰੇਡੀਓ, ਕਪੜੇ ਸੀਉਣ ਵਾਲੀਆਂ ਮਸ਼ੀਨਾਂ, ਕੁਰਸੀਆਂ, ਸੋਫੇ ਸੈੱਟ, ਆਦਿ ਇਹੋ ਜਿਹੀਆਂ ਚੀਜ਼ਾਂ ਮੰਗਵਾਉਂਦੇ ਹਨ। ਇਹ ਚੀਜ਼ਾਂ ਥਾਨੇਦਾਰ ਪਿੰਡਾਂ ਵਿਚ ਗ਼ਰੀਬਾਂ ਨੂੰ ਤੰਗ ਕਰ ਕੇ ਪਿੰਡਾਂ ਦੇ ਲੋਕਾਂ ਤੋਂ ਇਹ ਚੀਜ਼ਾਂ ਲਿਆ ਕੇ ਇਨ੍ਹਾਂ ਅਫਸਰਾਂ ਨੂੰ ਦੇਂਦੇ ਹਨ। ਜਿਹੜੀਆਂ ਖੁਫੀਆ ਰਿਪੋਰਟਾਂ ਹੁੰਦੀਆਂ ਹਨ ਉਨ੍ਹਾਂ ਨੂੰ ਹਾਈਕੋਰਟ ਨੇ ਰੱਦ ਕਰ ਦਿੱਤਾ ਹੈ ਕਿ ਇਹ ਕੋਈ ਮਾਇਨੇ ਨਹੀਂ ਰਖਦੀ ਜਿੰਨਾਂ ਚਿਰ ਕੋਈ ਸਾਹਮਣੇ ਇਲਜ਼ਾਮ ਨਾ ਲਾਵੇ। ਜੇ ਕੋਈ ਇਨ੍ਹਾਂ ਦਾ ਰਿਸ਼ਤੇਦਾਰ ਹੁੰਦਾ ਹੈ ਤਾਂ ਉਸ ਦੀ ਵੀ ਰਿਪੋਰਟ ਅੱਛੀ ਲਿਖ ਜਾਂਦੀ ਹੈ। (ਵਿਘਨ) ਜਿੰਨਾ ਚਿਰ ਉਸ ਥਾਨੇਦਾਰ ਦੇ ਏਰੀਏ ਦਾ ਕੰਮ ਨਾ ਦੇਖਿਆ ਜਾਵੇ ਉੱਨਾਂ ਚਿਰ ਇਹ ਖੁਫੀਆ ਰਿਪੋਰਟ ਐਕਸੈਪਟ ਨਹੀਂ ਕਰਨੀ ਚਾਹੀਦੀ। ਇਸ ਕੰਮ ਵਿਚ ਸੁਧਾਰ ਕਰਨ ਦੀ ਲੋੜ ਹੈ। (ਵਿਘਨ) ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੁਲਾਜ਼ਮਾਂ ਨੂੰ, ਮਜ਼ਦੂਰਾਂ ਨੂੰ, ਪਿੰਡਾਂ ਦੇ ਮਜ਼ਦੂਰਾਂ ਨੂੰ ਅਤੇ ਹੋਰ ਪੜ੍ਹੇ ਲਿਖੇ ਮੁੰਡਿਆਂ ਦੀ ਪਰਾਬਲਮਜ਼ ਨੂੰ ਸਰਕਾਰ ਨੂੰ ਦੂਰ ਕਰਨਾ ਚਾਹੀਦਾ ਹੈ। ਮੁਲਾਜ਼ਮਾਂ ਨਾਲ ਇਹੋ ਜਿਹਾ ਵਤੀਰਾ

[ਜਥੇਦਾਰ ਹਰਦਿੱਤ ਸਿੰਘ ਭੱਠਲ]

ਰਖਣਾ ਸਰਕਾਰ ਨੂੰ ਸ਼ੋਭਾ ਨਹੀਂ ਦਿੰਦਾ ਹੈ। ਇਨ੍ਹਾਂ ਲਫਜ਼ਾਂ ਨਾਲ ਮੈਂ, ਡਿਪਟੀ ਸਪੀਕਰ ਸਾਹਿਬ, ਦਾ ਧੰਨਵਾਦ ਕਰਦਿਆ ਹੋਇਆ ਆਪਣੀ ਸੀਟ ਲੈਂਦਾ ਹਾਂ।

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿਤਾ ਹੈ। ਇਹਦੀ ਵਜ੍ਹਾ ਮੈਂ ਇਹ ਸਮਝਦਾ ਹਾਂ ਕਿ ਤੁਸੀਂ ਵੀ ਫੌਜੀ ਹੋ ਅਤੇ ਮੈਂ ਵੀ ਫੌਜੀ ਹਾਂ (ਵਿਘਨ) ਮੈਂ ਸੱਚ ਬੋਲਣ ਦਾ ਆਦੀ ਹਾਂ। ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਦੀ ਬਾਬਤ ਕੁਝ ਗੱਲਾਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। ਦੋ ਹੀ ਮੇਨ ਮਹਿਕਮੇ ਹੁੰਦੇ ਹਨ; ਇਕ ਲਾ ਐਂਡ ਆਰਡਰ ਅਤੇ ਦੂਜਾ ਪੀ. ਡਬਲਿਊ. ਡੀ.। ਡਿਪਟੀ ਸਪੀਕਰ ਸਾਹਿਬ, ਮੈਂ ਅਜ ਤੁਹਾਡੇ ਰਾਹੀਂ ਪੀ. ਡਬਲਿਊ. ਡੀ. ਦੇ ਮਹਿਕਮੇ ਤੇ ਰੋਸ਼ਨੀ ਪਾਵਾਂਗਾ। ਦੋ ਕਰੋੜ ਰੁਪਿਆ ਮਿਲਿਆ ਸੈਂਟਰ ਵਲੋਂ। ਰੋਜ਼ ਅਕਾਲੀ ਮੈਂਬਰ ਜਿਸ ਵੇਲੇ ਪਬਲਕ ਵਿਚ ਸਪੀਚਾਂ ਕਰਦੇ ਹਨ ਜਾਂ ਇਥੇ ਬੋਲਦੇ ਹਨ ਤਾਂ ਇਹ ਕਹਿੰਦੇ ਹਨ ਕਿ ਸੈਂਟਰ, ਕਾਂਗਰਸ ਨੇ ਸਾਨੂੰ ਕੁਝ ਨਹੀਂ ਦਿਤਾ ਹੈ। ਦੋ ਕਰੋੜ ਰੁਪਿਆ ਇਨ੍ਹਾਂ ਸੜਕਾਂ ਨੂੰ ਵਾਈਡਨ ਕਰਨ ਵਾਸਤੇ ਮਿਲਿਆ ਅਤੇ ਜਿਹੜਾ ਲੈਪਸ ਹੋ ਗਿਆ। ਮੈਂ ਪੁਛਦਾ ਹਾਂ ਕਿ ਇਹ ਦੋ ਕਰੋੜ ਰੁਪਿਆ ਕੋਈ ਛੋਟੀ ਜਿਹੀ ਰਕਮ ਤਾਂ ਨਹੀਂ ਸੀ ਇਹ ਲੈਪਸ ਕਿਉਂ ਹੋਇਆ ? ਇਸ ਰੁਪਏ ਨੂੰ ਇਹ ਮਹਿਕਮਾ ਕਿਉਂ ਨਹੀਂ ਯੂਟਾਲਾਈਜ਼ ਕਰ ਸਕਿਆ ? ਇਸ ਉਤੇ ਮਨਿਸਟਰ ਨੂੰ ਇਸ ਹਾਊਸ ਵਿਚ ਖੜਾ ਕਰ ਕੇ ਇੰਪੀਚ ਕਰਨਾ ਚਾਹੀਦਾ ਹੈ। ਜਿਹੜਾ ਅਫਸਰ ਐਟ ਫਾਲਟ ਹੈ, ਉਸ ਨੂੰ ਸਸਪੈਂਡ ਕਰਨਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਕਿਉਂ ਅਫਸਰ ਐਟ ਫਾਲਟ ਵਾਸਤੇ ਮਨਿਸਟਰ ਸਾਹਿਬ ਸਾਫਟ ਕਾਰਨਰ ਸ਼ੋ ਕਰ ਰਹੇ ਹਨ। ਮੈਨੂੰ ਬੜੀ ਖੁਸ਼ੀ ਹੋਈ ਜਦੋਂ ਸਾਡੇ ਮਨਿਸਟਰ ਸਾਹਿਬ ਨੇ ਚੀਫ ਇੰਜਨੀਅਰ ਨੂੰ ਸਸਪੈਂਡ ਕੀਤਾ ਪਰ ਉਸ ਤੋਂ ਬਾਅਦ ਕੀ ਹੋਇਆ ਇਸ ਚੀਜ਼ ਦਾ ਪਤਾ ਅੱਜ ਤਕ ਨਹੀਂ ਲਗ ਸਕਿਆ। ਮਨਿਸਟਰ ਸਾਹਿਬ ਮੌਕੇ ਤੇ ਗਏ ਸੀ ਪਰ ਇਨ੍ਹਾਂ ਨੇ ਉਸ ਕੇਸ ਦਾ ਕੀ ਕੀਤਾ, ਇਸ ਬਾਰੇ ਅੱਜ ਤਕ ਸਾਨੂੰ ਪਤਾ ਨਹੀਂ ਲਗ ਸਕਿਆ। (ਵਿਘਨ) ਅਸੀਂ ਵੀ ਲੱਖਾਂ ਬੰਦਿਆਂ ਦੇ ਨੁਮਾਇੰਦੇ ਬਣ ਕੇ ਇਥੇ ਆਏ ਹਾਂ। ਸਾਨੂੰ ਵੀ ਹਰ ਚੀਜ਼ ਦਾ ਪਤਾ ਲਗਣਾ ਚਾਹੀਦਾ ਹੈ। ਕੀ ਪੀ. ਡਬਲਿਊ. ਡੀ. ਮਨਿਸਟਰ ਸਾਹਿਬ ਨੂੰ ਸਾਡੇ ਤੇ ਐਨੀ ਬੇ ਇਤਬਾਰੀ ਹੋ ਗਈ ਹੈ ਕਿ ਉਹ ਕੋਈ ਚੀਜ਼ ਸਾਨੂੰ ਦੱਸਣਾ ਹੀ ਨਹੀਂ ਚਾਹੁੰਦੇ (ਵਿਘਨ) ਸਟੇਟ ਮਨਿਸਟਰ ਨੇ ਉਸ ਨੂੰ ਸਸਪੈਂਡ ਕੀਤਾ ਪਰ ਅਗੇ ਪਤਾ ਨਹੀਂ ਕੀ ਹੋਇਆ ? ਸਾਡੀ ਸਰਕਾਰ ਕਿੰਨੀ ਇਨਐਫੀਸ਼ੇਂਟ ਹੈ। ਅਸੀਂ ਸਰਕਾਰ ਨੂੰ ਜਗਾਉਣਾ ਚਾਹੁੰਦੇ ਹਾਂ। ਜੇ ਕੋਈ ਮਨਿਸਟਰ ਇਹੋ ਜਿਹੇ ਕੰਮ ਕਰਦਾ ਹੈ ਤਾਂ ਉਸ ਦੇ ਸਾਥੀ ਮਨਿਸਟਰਾਂ ਨੂੰ ਉਸ ਨੂੰ ਪੁਲ ਅਪ ਕਰਨਾ ਚਾਹੀਦਾ ਹੈ। ਕਿਉਂਕਿ ਰਿਸਪਾਂਸੈਬਿਲਟੀ ਤਾਂ ਸਭ ਮਨਿਸਟਰਾਂ ਦੀ ਸਾਂਝੀ ਹੁੰਦੀ ਹੈ। ਇਕ ਬਲੈਕ ਸ਼ੀਪ ਸਾਰਿਆਂ ਨੂੰ ਖਰਾਬ ਕਰਦੀ ਹੈ ਇਸ ਨੂੰ ਦੂਰ ਕਰਨਾ ਚਾਹੀਦਾ ਹੈ।

ਪਾਵਰ ਸ਼ਾਰਟੇਜ ਦੇ ਬਾਰੇ ਵਿਚ ਮੈਂ ਕਹਿੰਦਾ ਹਾਂ ਕਿ ਇਹ ਅਕਾਲੀ ਪਾਰਟੀ ਵਾਲੇ ਰੋਜ਼ ਕਹਿੰਦੇ ਹਨ ਕਿ ਭਾਰਤ ਸਰਕਾਰ ਕੁਝ ਨਹੀਂ ਕਰ ਰਹੀ ਅਤੇ ਸਾਰਾ ਬਲੇਮ ਹਿੰਦ ਦੀ ਸਰਕਾਰ ਨੂੰ ਦੇਂਦੇ ਹਨ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਕਿਉਂ ਨਹੀਂ ਥੀਨ ਡੈਮ ਲਈ ਇਹ ਸਰਕਾਰ ਆਪਣੇ ਸੋਰਸਿਜ਼ ਬਣਾਉਂਦੀ ਅਤੇ ਜੇ ਇਹ ਸਰਕਾਰ ਆਪਣੇ ਸੋਰਸਿਜ਼ ਰੇਜ਼ ਕਰੇ ਇਸ ਕੰਮ ਲਈ ਤਾਂ ਮੈਂ ਯਕੀਨ ਦਲਾਉਂਦਾ ਹਾਂ ਕਿ ਮੈਂ ਇਸ ਲਈ ਦਿਲੀ ਵਿਚ ਭੁਖ ਹੜਤਾਲ ਕਰਾਂਗਾ ਜਿੰਨਾ ਚਿਰ ਕਿ ਭਾਰਤ ਸਰਕਾਰ ਆਪਣਾ ਹਿੱਸਾ ਨ ਹੀਂ ਦਿੰਦੀ (ਥੰਪਿੰਗ)।

ਡਿਪਟੀ ਸਪੀਕਰ ਸਾਹਿਬ, ਅੱਜ ਅਸੀਂ ਲੱਖਾਂ ਕਿ ਸਾਨਾਂ ਦੀਆਂ ਜ਼ਿੰਦਗੀਆਂ ਨਾਲ ਖੇਡਦੇ ਹਾਂ, ਮਜ਼ਦੂਰਾਂ ਦੀਆਂ ਜਾਨਾਂ ਨਾਲ ਖੇਡਦੇ ਹਾਂ.. (ਵਿਘਨ)

ਸਾਥੀ ਰੂਪ ਲਾਲ : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਬੜੇ ਤੈਸ਼ ਵਿਚ ਆਕੇ ਐਲਾਨ ਕਰ ਦਿਤਾ ਕਿ ਮੈਂ ਭੁਖ ਹੜਤਾਲ ਕਰਾਂਗਾ। (ਵਿਘਨ) (ਆਪੋਜ਼ੀਸ਼ਨ ਵੱਲੋਂ ਆਵਾਜ਼ਾਂ-ਇਹ ਕੋਈ ਪੁਆਇੰਟ ਆਫ ਆਰਡਰ ਨਹੀਂ।) ਮੈਂ ਇਨ੍ਹਾਂ ਨੂੰ ਪੁਛਦਾ ਹਾਂ ਕਿ ਇੰਦਰਾ ਗਾਂਧੀ ਦੇ ਸਾਹਮਣੇ ਗੱਲ ਤਾਂ ਕਰ ਨਹੀਂ ਸਕਦੇ ਤਾਂ ਤੁਸੀਂ ਭੁੱਖ ਹੜਤਾਲ ਕਿਵੇਂ ਕਰੋਗੇ (ਹਾਸਾ) ਮੈਂ ਤਾਂ ਤੁਹਾਨੂੰ ਕਹਿੰਦਾ ਹਾਂ ਕਿ ਤੁਸੀਂ ਭੁੱਖ ਹੜਤਾਲ ਕਰੋ ਮੈਂ ਤੁਹਾਡੇ ਨਾਲ ਚਲਾਂਗਾ। (ਤਾੜੀਆਂ)

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਵੱਡੇ ਵੱਡੇ ਆਦ-ਮੀਆਂ, ਜ਼ਿਮੀਂਦਾਰਾਂ ਨੂੰ ਪਾਲਦੀ ਹੈ। ਇਨ੍ਹਾਂ ਨੂੰ ਉਨ੍ਹਾਂ ਲਈ ਸਾਫਟ ਕਾਰਨਰ ਨਹੀਂ ਰਖਣਾ ਚਾਹੀਦਾ। ਇਨ੍ਹਾਂ ਨੂੰ ਗ਼ਰੀਬਾਂ ਦਾ ਖਿਆਲ ਕਰਨਾ ਚਾਹੀਦਾ ਹੈ। ਇਨ੍ਹਾਂ ਨੂੰ ਵੈਲਥ ਟੈਕਸ ਦੀ ਮੁਖਾਲਫਿਤ ਨਹੀਂ ਕਰਨੀ ਚਾਹੀਦੀ। ਮੈਨੂੰ ਵੀ ਵੈਲਥ ਟੈਕਸ ਲੱਗਦਾ ਹੈ। ਮੈਂ ਕਹਿੰਦਾ ਹਾਂ ਕਿ ਇਹ ਲੱਗਣਾ ਚਾਹੀਦਾ ਹੈ। ਸਾਨੂੰ ਰੀਸੋਰਸਿਜ਼ ਰਾਈਜ਼ ਕਰਨੇ ਚਾਹੀਦੇ ਹਨ। ਸਾਨੂੰ ਇਸ ਦੀ ਮੁਖਾਲਫਿਤ ਨਹੀਂ ਕਰਨੀ ਚਾਹੀਦੀ। ਸਾਨੂੰ ਥੀਂ ਡੈਮ ਨੂੰ ਹੱਥ ਵਿਚ ਲੈ ਕੇ ਪਾਵਰ ਨੂੰ ਪੂਰਾ ਕਰਨਾ ਚਾਹੀਦਾ ਹੈ। ਮੈਂ ਫਲੈਟ ਰੇਟ ਦੀ ਗੱਲ ਕਰਦਾ ਹਾਂ। ਇਹ ਇਕ ਵੱਡੀ ਗਲਤੀ ਕੀਤੀ ਗਈ ਹੈ। ਇਥੇ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ 1 ਹਜ਼ਾਰ ਕਿਲੋਵਾਟ ਨਾਲ ਸਾਡੀ ਸਾਰੀ ਬਿਜਲੀ ਦੀ ਸ਼ਾਰਟੇਜ ਹਟ ਜਾਵੇਗੀ। ਮੈਂ ਕਹਿੰਦਾ ਹਾਂ ਕਿ ਜੇ ਇਹ 5 ਹਜ਼ਾਰ ਕਿਲੋਵਾਟ ਹੋਵੇ ਤਾਂ ਵੀ ਇਹ ਕਮੀ ਪੂਰੀ ਨਹੀ ਹੋਵੇਗੀ। ਲੱਖਾਂ ਕਿਸਾਨ ਬਿਜਲੀ ਲਈ ਤਰਸ ਰਹੇ ਹਨ। ਇਸ ਦੀ ਬੜੀ ਸ਼ਾਰਟੇਜ ਹੈ। ਇਸ ਲਈ ਬਿਜਲੀ ਜਿੰਨੀ ਵੀ ਅਵੇਲੇਬਲ ਹੈ, ਉਸ ਨੂੰ ਇਸਤੇਮਾਲ ਕਰਨਾ ਚਾਹੀਦਾ ਹੈ। ਅੱਜ ਅਸੀਂ ਯੂ. ਪੀ. ਤੋਂ ਬਿਜਲੀ ਮੰਗਦੇ ਪਏ ਹਾਂ, ਜਦ ਅਸੀਂ ਇਥੇ ਜਿਹੜਾ ਪਰਬੰਧ ਹੋ ਸਕਦਾ ਹੈ ਨਹੀਂ ਕਰ ਸਕਦੇ ਤਾਂ ਬਾਹਰੋਂ ਵੀ ਸਾਨੂੰ ਕੋਈ ਦੇਣ ਵਾਲਾ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਹੁਣ ਮੈ ਤੁਹਾਡੇ ਰਾਹੀਂ ਆਪਣੇ ਜ਼ਿਲ੍ਹੇ ਦੇ ਕੁਝ ਮਸਲਿਆਂ ਵੱਲ ਇਨ੍ਹਾਂ ਦਾ ਧਿਆਨ ਦੁਆਉਂਦਾ ਹਾਂ। ਡਿਪਟੀ ਸਪੀਕਰ ਸਾਹਿਬ, ਹੁਸ਼ਿਆਰਪੁਰ ਬੈਕਵਰਡ ਜ਼ਿਲ੍ਹਾ ਹੈ। ਇਹ ਉਹ ਜ਼ਿਲ੍ਹਾ ਹੈ ਜਿਸ ਨੇ ਬੱਬਰ ਅਕਾਲੀ ਪੈਦਾ ਕੀਤੇ। ਗੁਰੂ ਗੋਬਿੰਦ ਸਿੰਘ ਨੂੰ ਆਪਣੀ ਪਨਾਹ ਦਿਤੀ। (ਵਿਘਨ) ਉਸ ਜ਼ਿਲ੍ਹੇ ਦੇ ਬਹਾਦਰਾਂ ਨੇ ਸਿੱਖ ਹਿਸਟਰੀ ਲਿਖੀ। ਪਰ ਉਸ ਜ਼ਿਲ੍ਹੇ ਵਾਸਤੇ ਕੁਝ ਨਹੀਂ ਕਰ ਰਹੇ। ਉਥੇ ਨੈਸ਼ਨੇਲਿਸਟ ਵਸਦੇ ਹਨ, ਉਥੇ ਫਿਰਕਾਪ੍ਰੱਸਤ ਨਹੀਂ ਵਸਦੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਉਸ ਜ਼ਿਲ੍ਹੇ ਨੇ 7-7 ਫੁਟੇ ਅਕਾਲੀ ਮੈਂਬਰ ਦਿਤੇ...(ਵਿਘਨ)

ਗਿਆਨੀ ਕੁੰਦਨ ਸਿੰਘ ਪਤੰਗ : ਪੁਆਇੰਟ ਆਫ ਅਰਡਰ, ਸਰ। ਡਿਪਟੀ ਸਪੀਕਰ ਸਾਹਿਬ, ਗੁਰੂ ਗੋਬਿੰਦ ਸਿੰਘ ਬਾਰੇ ਇਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਪਨਾਹ ਦਿਤੀ ਗਈ। ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਵਾਸਤੇ ਇਹ ਕਹਿਣਾ ਫੱਬਦਾ ਨਹੀਂ ਹੈ। ਇਹ ਗਲਤ ਕਹਿ ਰਹੇ ਹਨ।

Mr. Deputy Speaker : Please resume your seat. This is no point of order. (Interruption)

ਡਾਕਟਰ ਅਮੀਰ ਸਿੰਘ ਕਲਕਟ : ਜੇ ਮੈਥੋਂ ਕੋਈ ਗ਼ਲਤ ਗੱਲ ਕਹੀ ਗਈ ਹੈ ਤਾਂ ਮੈਂ ਮੁਆਫੀ ਮੰਗਦਾ ਹਾਂ।

ਸਿਰਦਾਰ ਕਪੂਰ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮੇਰੇ ਮਾਨਯੋਗ ਮੈਂਬਰ ਨੇ ਹੁਣੇ ਹੁਣੇ ਕਿਹਾ ਹੈ ਕਿ ਗੁਰੂ ਗੋਬਿੰਦ ਸਿੰਘ ਨੂੰ ਪਨਾਹ ਦਿਤੀ ਗਈ ਇਹ ਗੱਲ ਉਹ ਉਸ ਗੁਰੂ ਬਾਬਤ, ਜਿਸ ਨੂੰ ਭਾਈ ਨੰਦ ਲਾਲ ਗੋਯਾ ਨੇ "ਪਨਾਹੇ ਦੂ ਜਹਾਨ" ਕਿਹਾ ਹੈ, ਨਾ ਹੀ ਕਹਿਣ ਤਾਂ ਚੰਗਾ ਹੈ।

ਸ੍ਰੀ ਗੁਰਦਿਆਲ ਸੈਣੀ : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ,

[ਸ਼੍ਰੀ ਗੁਰਦਿਆਲ ਸੈਣੀ]
ਡਾਕਟਰ ਅਮੀਰ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਬਾਰੇ ਕਿਹਾ ਹੈ ਕਿ ਉਸ ਧਰਤੀ ਨੇ ਉਨ੍ਹਾਂ ਨੂੰ ਪਨਾਹ ਦਿਤੀ। (ਵਿਘਨ)

(ਇਸ ਸਮੇਂ ਕੁਝ ਮਾਨਯੋਗ ਮੈਂਬਰ ਬੋਲਣ ਲਈ ਖੜੇ ਹੋਏ।)

ਸ੍ਰੀ ਡਿਪਟੀ ਸਪੀਕਰ : ਉਨ੍ਹਾਂ ਨੇ ਲਫ਼ਜ਼ ਵਾਪਿਸ ਲੈ ਲਏ ਹਨ। (The hon. Member has withdrawn his words.)

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ ਕਿ ਸਾਡੇ ਜ਼ਿਲ੍ਹੇ ਨੇ 7-7 ਫੁੱਟ ਲੰਬੇ ਅਕਾਲੀ ਮੈਂਬਰ ਤੁਹਾਨੂੰ ਦਿਤੇ। ਪਰ ਉਨ੍ਹਾਂ ਵਿਚਾਰਿਆਂ ਨੂੰ ਡਿਪਟੀ ਮਨਿਸਟਰੀ ਹੀ ਮਿਲੀ। ਪੰਜਾਬ ਦਾ ਇਕ ਜ਼ਿਲ੍ਹਾ ਹੈ — ਜ਼ਿਲ੍ਹਾ ਕੀ ਉਹ ਜ਼ਿਲ੍ਹੀ ਹੈ ਜਿਸ ਦਾ ਨਾਮ ਕਪੂਰਥਲਾ ਹੈ (ਹਾਸਾ) ਕਪੂਰਥਲਾ ਜ਼ਿਲ੍ਹੀ ਦੇ 3 ਅਕਾਲੀ ਮੈਂਬਰ ਹਨ, ਉਨ੍ਹਾਂ ਤਿੰਨਾਂ ਵਿਚੋਂ 2 ਕੈਬਨਿਟ ਰੈਂਕ ਦੇ ਮਨਿਸਟਰ ਹਨ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਵੀ (ਸਾਡੇ ਆਦਮੀਆਂ ਨੂੰ) ਕੈਬਿਨਿਟ ਰੈਂਕ ਦਿਓ ਤਾਂ ਕਿ ਸਾਡੇ ਬੈਕਵਰਡ ਏਰੀਆ ਦੀ ਕੁਝ ਆਵਾਜ਼ ਹੋਵੇ। (ਤਾੜੀਆਂ) ਜੇ ਤੁਸੀਂ ਹੁਸ਼ਿਆਰਪੁਰ ਐਜੂਕੇਸ਼ਨ ਦੀ ਪਰਸੈ ਟੇਜ ਦੇਖੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਇਸ ਜ਼ਿਲ੍ਹੇ ਵਿਚ ਐਜੂਕੇਟਿਡ ਪੀਪਲ ਸਭ ਤੋਂ ਜ਼ਿਆਦਾ ਹਨ। ਕਿਉਂਕਿ ਇਥੇ ਜ਼ਮੀਨਾਂ ਲੋਕਾਂ ਕੋਲ ਬਹੁਤ ਘੱਟ ਹਨ ਅੌਰ ਜੇ ਲੋਕ ਪੜ੍ਹਨ ਲਿਖਣਗੇ ਨਾਂ ਤਾਂ ਭਾਂਡੇ ਮਾਂਜਣੇ ਪੈਂਦੇ ਹਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਦਾ ਹਾਂ ਕਿ ਜੋ ਵਿਦਿਆ ਦੇ ਮੁਆਮਲੇ ਵਿਚ ਸਾਡੇ ਨਾਲ ਹੋ ਰਿਹਾ ਹੈ। ਇਹ ਬੜੀ ਅਜੀਬ ਕਹਾਣੀ ਹੈ। ਸਾਡੇ ਸਕੂਲਾਂ ਦੀਆਂ ਬਿਲਡਿੰਗਜ਼ ਦੇਖੋ, 15-15 ਸੌ ਬੱਚੇ 5 ਕਮਰਿਆਂ ਵਿਚ ਬੰਦ ਹਨ। ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਬੜੇ ਚੰਗੇ ਹਨ। ਉਨ੍ਹਾਂ ਨੇ ਬਿਲਡਿੰਗਜ਼ ਲਈ ਫ਼ੰਡ ਵੀ ਤਿਆਰ ਕਰ ਦਿਤਾ, ਪਰ ਹੁਣ ਬਿਲਡਿੰਗਜ਼ ਨਹੀਂ ਬਣ ਰਹੀਆਂ। ਪੀ. ਡਬਲਿਊ. ਡੀ ਦਾ ਮਹਿਕਮਾ ਹੀ ਕੁਝ ਨਹੀਂ ਕਰ ਰਿਹਾ। ਡਿਪਟੀ ਸਪੀਕਰ ਸਾਹਿਬ, ਮੈਂ ਗੌਰਮਿੰਟ ਨੂੰ ਸੁਝਾਉ ਦਿਆਂਗਾ ਕਿ ਇਸ ਕੰਮ ਲਈ ਉਨ੍ਹਾਂ ਨੂੰ ਸੈਪਰੇਟ ਡਵੀਜ਼ਨ ਐਜੂਕੇਸ਼ਨਲ ਵਿੰਗ ਬਣਾਉਣਾ ਚਾਹੀਦਾ ਹੈ ਤਾਕਿ ਸਕੂਲਾਂ ਅੌਰ ਐਜੂਕੇਸ਼ਨ ਦੀ ਜੋ ਭੈੜੀ ਹਾਲਤ ਹੈ, ਉਹ ਭੈੜੀ ਹਾਲਤ ਨਾ ਹੋਵੇ। ਟੀਚਰਜ਼, ਮਾਸਟਰਾਂ ਨੂੰ ਐਸ. ਡੀ. ਓ. ਅਤੇ ਐਕਸੀਅਨ ਵੱਲ ਦੌੜਨਾ ਪੈਂਦਾ ਹੈ। ਉਨ੍ਹਾਂ ਨੂੰ ਇੰਟਰਵਿਊ ਲੈਣ ਲਈ ਘੰਟੇ ਬੱਧੀ ਬਾਹਿਰ ਖੜਾ ਰਹਿਣਾ ਪੈਂਦਾ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਦੱਸਾਂ ਕਿ ਹੁਸ਼ਿਆਰਪੁਰ ਵਿਚ ਜਿਹੜਾ ਲਿੰਕ ਰੋਡਜ਼ ਦਾ ਪਰੋਗਰਾਮ ਹੈ, ਉਥੇ ਮੈਂ ਸਮਝਦਾ ਹਾਂ ਕਿ ਸਿਵਾਏ ਇਕ ਡਿਪਟੀ ਵਜ਼ੀਰ ਦੇ ਹਲਕੇ ਦੇ ਹੋਰ ਕੋਈ ਲਿੰਕ ਰੋਡ ਨਹੀਂ ਬਣ ਰਹੀ। ਮੈਂ ਇਹ ਨਹੀਂ ਕਹਿੰਦਾ ਕਿ ਉਨ੍ਹਾਂ ਦੇ ਹਲਕੇ ਵਿਚ ਕਿਉਂ ਬਣਾਈਆਂ ਗਈਆਂ, ਮੈਂ ਕਹਿੰਦਾ ਹਾਂ ਕਿ ਹੋਰ ਹਲਕਿਆਂ ਵਿਚ ਵੀ ਬਣਨੀਆਂ ਚਾਹੀਦੀਆਂ ਹਨ। ਸਾਡੇ ਜ਼ਿਲ੍ਹੇ ਵਿਚ ਇਰੀਗੇਸ਼ਨ ਅੌਰ ਵਾਟਰ ਸਪਲਾਈ ਦੇ ਪ੍ਰੋਗਰਾਮ ਹੋਣੇ ਚਾਹੀਦੇ ਹਨ। ਸਰਦਾਰ ਜਗਦੇਵ ਸਿੰਘ ਸੰਧੂ ਸਾਡੇ ਹਲਕੇ ਵਿਚ ਗਏ। ਉਥੇ ਉਹ ਵਾਟਰ ਸਪਲਾਈ ਸਕੀਮ ਦੀ ਅਨਾਊਂਸਮੈਂਟ ਕਰ ਆਏ ਪਰ ਪਤਾ ਨਹੀਂ ਉਸ ਦੇ ਬਾਅਦ ਉਹ ਭੁੱਲ ਗਏ ਹਨ। ਮੈਂ ਜਦੋਂ ਉਨ੍ਹਾਂ ਨੂੰ ਮਿਲਣ ਗਿਆ ਤਾਂ ਉਹ ਮਿਲਦੇ ਹੀ ਨਹੀਂ। ਪਰ ਇਹ ਕਹਿੰਦੇ ਹਨ ਕਿ ਜ਼ਰੂਰ ਕਰਾਂਗੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਉਹ ਸਰਕਾਰ ਸਰਕਾਰ ਕਹਿਲਾਉਣ ਦੀ ਹੱਕਦਾਰ ਨਹੀਂ ਜਿਹੜੀ ਲੋਕਾਂ ਨੂੰ ਪਾਣੀ ਪੀਣ ਲਈ ਨਾ ਦੇ ਸਕੇ। ਡਿਪਟੀ ਸਪੀਕਰ ਸਾਹਿਬ, ਮੈਂ ਫਿਰ ਇਨ੍ਹਾਂ ਨੂੰ ਚਿਤਾਵਨੀ ਦਿੰਦਾ ਹਾਂ ਕਿ ਜੇ ਇਹੀ ਰਵੱਈਆ ਸਾਡੇ ਕੰਡੀ ਏਰੀਆ ਬਾਰੇ ਇਸ ਸਰਕਾਰ ਦਾ ਰਿਹਾ ਤਾਂ ਜੇ ਕੋਈ ਬਾਊਂਡਰੀ ਕਮਿਸ਼ਨ ਬਣ ਗਿਆ, ਪੰਜਾਬ ਅੱਗੇ ਹੀ ਸੂਬੀ ਹੈ, ਭਾਵ ਛੋਟਾ ਸੂਬਾ ਹੈ, ਇਸ ਤਰ੍ਹਾਂ ਹੋਰ ਵੀ ਛੋਟਾ ਹੋ ਜਾਵੇਗਾ। ਮੈਂ ਡਾਕਟਰ ਭਗਤ ਸਿੰਘ ਦੀ ਤਾਰੀਫ਼ ਕਰਦਾ ਹਾਂ ਜਿਨ੍ਹਾਂ ਨੇ ਨਾਹਰਾ ਲਗਾਇਆ ਸੀ ਕਿ ਛੋਟਾ ਸੂਬਾ ਸਾਨੂੰ ਨਹੀਂ ਚਾਹੀਦਾ। ਉਨ੍ਹਾਂ ਨੇ ਕਿਹਾ ਸੀ

ਕਿ ਹਿਮਾਚਲ ਅਤੇ ਦਿੱਲੀ ਨੂੰ ਮਿਲਾਕੇ ਮਹਾਂ ਸੂਬਾ ਬਣਾਉਣਾ ਚਾਹੀਦਾ ਹੈ । ਉਨ੍ਹਾਂ ਨੇ ਇਕ ਨਾਹਰਾ ਲਾਇਆ ਤਾਂ ਇਹ ਹੁਣ ਉਨ੍ਹਾਂ ਨੂੰ ਪਾਰਲੀਮੈਂਟ ਵੱਲ ਭੇਜਣ ਲਈ ਸਪੋਰਟ ਕਰ ਰਹੇ ਹਨ । ਇਸ ਤਰ੍ਹਾਂ ਇਕ ਸਿਆਣੇ ਆਦਮੀ ਨਾਲ ਧਰੋਹ ਕੀਤਾ ਜਾ ਰਿਹਾ ਹੈ । ਡਾਕਟਰ ਸਾਹਿਬ ਐਸੇ ਵਜ਼ੀਰ ਹਨ ਜਿਨ੍ਹਾਂ ਨੇ ਹਰ ਹਲਕੇ ਨਾਲ ਇਨਸਾਫ਼ ਕੀਤਾ । ਉਨ੍ਹਾਂ ਨੇ ਧਰਮਸ਼ਾਲਾਵਾਂ ਅਕਾਲੀਆਂ ਨੂੰ ਵੀ ਦਿਤੀਆਂ ਅਤੇ ਸਾਨੂੰ ਵੀ ਦਿਤੀਆਂ ਹਨ । (ਵਿਘਨ) ਡਿਪਟੀ ਸਪੀਕਰ ਸਾਹਿਬ, ਸਾਡੇ ਸੜਕਾਂ ਦਾ ਬੁਰਾ ਹਾਲ ਹੈ । ਤਿੰਨ ਤਿੰਨ ਮਹੀਨੇ ਹੈਡਕੁਆਰਟਰ ਤੇ ਕੋਈ ਨਹੀਂ ਪੁੱਜਦਾ । ਉਥੇ ਇਕ ਆਲ ਵੈਦਰ ਟਾਂਡਾ-ਗਰਦੀਵਾਲ ਸੜਕ ਹੈ ਉਸ ਦਾ ਬੁਰਾ ਹਾਲ ਹੈ । ਹੁਸ਼ਿਆਰਪੁਰ ਵਿਚ ਚੋਅ ਬਹੁਤ ਹਨ । ਉਨ੍ਹਾਂ ਸੜਕਾਂ ਦਾ ਐਸਟੀਮੇਟ ਬਣਿਆ ਹੈ, ਸਾਰਾ ਕੰਮ ਤਿਆਰ ਹੈ ਪਰ ਪੀ. ਡਬਲਿਊ. ਡੀ. ਇਸ ਪਾਸੇ ਕੋਈ ਧਿਆਨ ਨਹੀਂ ਦਿੰਦਾ । ਇਸ ਮਹਿਕਮੇ ਦਾ ਜਦ ਤੱਕ ਸਾਡੀ ਸਰਕਾਰ ਸੁਧਾਰ ਨਹੀਂ ਕਰਦੀ ਉਦੋਂ ਤਕ ਕੰਮ ਨਹੀਂ ਹੋ ਸਕਦੇ । ਅਸੀਂ ਇਨ੍ਹਾਂ ਦੀ ਮੁਖਾਲਫਿਤ ਕਰਦੇ ਰਹੇ ਹਾਂ, ਜਿਸ ਤਰ੍ਹਾਂ ਮੈਂ ਹੁਣ ਵੋਟ-ਆਨ-ਅਕਾਊਂਟ ਤੇ ਖੜਾ ਹੋਇਆ ਹਾਂ । ਡਿਪਟੀ ਸਪੀਕਰ ਸਾਹਿਬ, ਮੇਰੀ ਆਪਣੀ ਜ਼ਿੰਦਗੀ ਦਾ ਮਿਸ਼ਨ ਹੈ ਕਿ ਮੈਂ ਪਾਲਿਟਿਕਸ ਵਿਚ ਆ ਕੇ ਕੁਰੱਪਸ਼ਨ ਨੂੰ ਦੂਰ ਕਰਨਾ ਚਾਹੁੰਦਾ ਹਾਂ, ਮੈਂ ਐਂਟੀ-ਕੁਰੱਪਸ਼ਨ ਹਾਂ । ਮੈਂ ਕੁਰੱਪਸ਼ਨ ਦੇ ਖਿਲਾਫ ਜਹਾਦ ਖੜਾ ਕਰਨ ਵਾਸਤੇ ਆਇਆ ਹਾਂ ਨਹੀਂ ਤਾਂ ਮੈਂ ਇਕ ਅੱਛਾ ਡਾਕਟਰ ਹਾਂ । ਮੈਂ ਰੋਜ਼ ਸੌ ਰੁਪਿਆ ਕਮਾ ਲੈਂਦਾ ਹਾਂ । ਮੇਰਾ ਕੋਈ ਦਿਮਾਗ ਨਹੀਂ ਸੀ ਖਰਾਬ ਕਿ ਮੈਂ ਸੌ ਰੁਪਿਆ ਰੋਜ਼ ਦੀ ਆਮਦਨ ਛੱਡ ਕੇ ਇਨ੍ਹਾਂ 35 ਰੁਪਿਆਂ ਪਿਛੇ ਇਥੇ ਆਉਂਦਾ । ਇਹ ਮੇਰਾ ਮਿਸ਼ਨ ਹੈ ਕਿ ਮੈਂ ਪਬਲਿਕ ਲਾਈਫ ਵਿਚ, ਡੈਮੋਕਰੇਸੀ ਵਿਚ, ਇਸ ਕਾਂਗਰਸ ਵਿਚ ਆ ਕੇ ਜੋ ਕਿ ਮਹਾਤਮਾਂ ਗਾਂਧੀ ਜੀ ਦੀ ਦੇਣ ਹੈ, ਲੋਕਾਂ ਦੀ ਸੇਵਾ ਕਰਾਂ ।

ਸਾਥੀ ਰੂਪ ਲਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਕਿਹਾ ਹੈ ਕਿ ਮੈਂ ਬੜਾ ਯੋਗ ਡਾਕਟਰ ਹਾਂ । ਇਹ ਤਾਂ ਉਹ ਗੱਲ ਹੈ 'ਪਿਦਰੇ ਮਨ ਸੁਲਤਾਨ ਬੂਦ' । (ਵਿਘਨ) ਮੇਰਾ ਬਾਪ ਸੁਲਤਾਨ ਸੀ ਇਹ ਕਿਹੜੀ ਗੱਲ ਹੈ । (ਵਿਘਨ)

Mr. Deputy Speaker : Please resume your seat. This is no point of order. **(Interruption)**

ਡਾਕਟਰ ਅਮੀਰ ਸਿੰਘ ਕਲਕਟ : ਯੋਗਤਾ ਕਰ ਕੇ ਹੀ ਮੈਨੂੰ ਲੋਕਾਂ ਨੇ ਚੁਣਿਆ ਹੈ । (ਵਿਘਨ) ਮੇਰਾ ਸਿਰਫ 15 ਹਜ਼ਾਰ ਰੁਪਿਆ ਅਲੈਕਸ਼ਨ ਤੇ ਲਗਿਆ ਹੈ । (ਵਿਘਨ)

ਤੇ, ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਮੈਂ ਇਕ ਕਾਲ ਅਟੈਨਸ਼ੈਨ ਮੋਸ਼ਨ ਦਿਤੀ ਸੀ ਕਿ ਸਾਡੇ ਸੂਬੇ ਦੇ ਜਿਹੜੇ ਅੰਧੇ, ਲੂਲੇ ਔਰ ਲੰਗੜੇ ਹਨ ਉਨ੍ਹਾਂ ਦੇ ਵਾਸਤੇ ਸਰਕਾਰ ਕੋਈ ਸਹੂਲਤਾਂ ਪ੍ਰੋਵਾਈਡ ਕਰੇ । ਪਰ ਇਸ ਗੌਰਮਿੰਟ ਨੇ ਉਨ੍ਹਾਂ ਨੂੰ ਕੋਈ ਸਹੂਲਤਾ ਪ੍ਰੋਵਾਈਡ ਨਹੀਂ ਕੀਤੀਆਂ । ਮੈਂ ਸਮਝਦਾ ਹਾਂ ਕਿ ਉਨ੍ਹਾਂ ਵਿਚਾਰਿਆਂ ਨੂੰ ਜੇ ਹੋਰ ਨਹੀਂ ਤਾਂ ਫ਼ਰੀ ਟਰੈਵਲ ਕਰਨ ਦੀ ਆਗਿਆ ਜ਼ਰੂਰ ਦਿਤੀ ਜਾਵੇ । ਮੈਂ ਡਾਕਟਰ ਭਗਤ ਸਿੰਘ ਹੋਰਾਂ ਦਾ ਧਿਆਨ ਤੁਹਾਡੇ ਰਾਹੀਂ ਇਸ ਪਾਸੇ ਵਲ ਦੁਆਵਾਂਗਾ ਕਿ ਉਹ ਇਸ ਪਾਸੇ ਜ਼ਰੂਰ ਤਵੱਜੋ ਦੇਣ । (ਵਿਘਨ) ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਪਿਛੇ ਜਿਹੇ ਕਿਹਾ ਸੀ ਕਿ ਬਚਿਆਂ ਨੂੰ ਫਰੀ ਟਰੈਵਲ ਕਰਨ ਦੀ ਆਗਿਆ ਹੈ । ਮੈਂ ਦਸਣਾ ਚਾਹੁੰਦਾ ਹਾਂ ਕਿ ਅਸੀਂ ਜਦੋਂ ਬਸ ਵਿਚ ਸਫ਼ਰ ਕਰਦੇ ਹਾਂ ਤਾਂ ਅਸੀਂ ਤਾਂ ਫਰੀ ਟਰੈਵਲ ਕਰਦੇ ਹਾਂ ਪਰ ਜਦੋਂ ਅਸੀਂ ਸਕੂਲਾਂ ਦੇ ਬੱਚਿਆਂ ਵਲ ਵੇਖਦੇ ਹਾਂ, ਜਦੋਂ ਉਹ ਬੱਚੇ ਵਿਚਾਰੇ ਬਸ ਵਿਚ ਚੜ੍ਹ ਜਾਂਦੇ ਹਨ ਤਾਂ ਕਨਡਕਟਰ ਉਨ੍ਹਾਂ ਨਾਲ ਇਨੀ ਬੁਰੀ ਤਰ੍ਹਾਂ ਪੇਸ਼ ਆਉਂਦੇ ਹਨ ਜਿਸ ਦਾ ਵਿਖਿਆਨ ਮੈਂ ਨਹੀਂ ਕਰ ਸਕਦਾ । ਡਿਪਟੀ ਸਪੀਕਰ ਸਾਹਿਬ, ਮੈਂ ਸਰਦਾਰ ਜਗਦੇਵ ਸਿੰਘ ਜੀ ਨੂੰ ਤੁਹਾਡੇ ਰਾਹੀਂ ਬੇਨਤੀ

[ਡਾਕਟਰ ਅਮੀਰ ਸਿੰਘ ਕਲਕਟ]

ਕਰਾਂਗਾ ਕਿ ਉਹ ਇਸ ਪਾਸੇ ਵਲ ਧਿਆਨ ਦੇਣ ।

ਡਿਪਟੀ ਸਪੀਕਰ ਸਾਹਿਬ, ਇਕ ਅਰਜ਼ ਮੈਂ ਕਿਸਾਨਾਂ ਦੇ ਬਾਰੇ ਵਿਚ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਕੀ ਪੁਜ਼ੀਸ਼ਨ ਹੈ । ਮੇਰਾ ਇਲਾਕਾ ਬੜਾ ਗਾਈਜ ਪੈਦਾ ਕਰਨ ਵਾਲਾ ਇਲਾਕਾ ਹੈ ਮਗਰ, ਡਿਪਟੀ ਸਪੀਕਰ ਸਾਹਿਬ ਤਿੰਨ ਤਿੰਨ ਮਹੀਨੇ ਹੋ ਗਏ ਹਨ ਵਿਚਾਰੇ ਕਿਸਾਨਾਂ ਨੂੰ ਗਾਈਜ ਦੇ ਪੈਸੇ ਨਹੀਂ ਦਿਤੇ ਗਏ । ਡਿਪਟੀ ਸਪੀਕਰ ਸਾਹਿਬ, ਇਹ ਇਕ ਬੜੀ ਅਹਿਮ ਗਲ ਹੈ ਜਿਸ ਦੀ ਬਾਬਤ ਪੰਜਾਬ ਸਰਕਾਰ ਜ਼ਰੂਰ ਇਨਕੁਆਇਰੀ ਕਰਾਏ ।

ਡਿਪਟੀ ਸਪੀਕਰ ਸਾਹਿਬ, ਟਾਂਡਾ ਇਕ ਬਹੁਤ ਵਡੀ ਮੰਡੀ ਹੈ । ਮੰਡੀ ਮਨਜ਼ੂਰ ਹੋਈ ਨੂੰ 3 ਸਾਲ ਹੋ ਗਏ ਹਨ । ਸਰਦਾਰ ਜਸਦੇਵ ਸਿੰਘ ਜੀ ਉਥੇ ਆਉਂਦੇ ਹਨ, ਹੁਣ ਆਏ ਤਾਂ ਉਨ੍ਹਾਂ ਨਾਲ ਪਹਿਲਾਂ ਗਲ ਕਰ ਗੇ ਕਿ ਵੋਟਾਂ ਫਿਰ ਮਿਲਣਗੀਆਂ ਪਹਿਲਾਂ ਮੰਡੀ ਦੀ ਗੱਲ ਕਰੋ । (ਵਿਘਨ)

ਫਿਰ, ਡਿਪਟੀ ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਫਾਈਨੈਂਸ ਮਨਿਸਟਰ ਸਾਹਿਬ ਜਲੰਧਰ, ਦੇ ਹਨ ਔਰ ਜਲੰਧਰ ਵਾਸਤੇ ਹੀ ਸੋਚਦੇ ਹਨ । ਬੜੀ ਚੰਗੀ ਗੱਲ ਹੈ ਕਿ ਜਲੰਧਰ ਵਿਚ ਬੜੇ ਚੰਗੇ ਕੰਮ ਹੋ ਰਹੇ ਹਨ ਪਰ ਸਾਡੇ ਪਿੰਡਾਂ ਵਲ ਵੀ ਜ਼ਰਾ ਧਿਆਨ ਦੇਣ । (ਵਿਘਨ)

ਰਾਜ ਮੰਤਰੀ ਮੈਡੀਕਲ ਸਿਖਿਆ : ਡਾਕਟਰ ਸਾਹਿਬ, ਤੁਸੀਂ ਦੋ ਸੌ ਰੁਪਏ ਰੋਜ਼ ਕਮਾਉਂਦੇ ਹੋ, ਇਨਕਮ ਟੈਕਸ ਦਾ ਖਿਆਲ ਕਰਿਓ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਮੈਂ ਕਿਹਾ ਹੈ ਕਿ ਸੌ ਦੋ ਸੌ ਰੁਪਏ ਰੋਜ਼ ਕਮਾਉ ਦਾ ਸੀ । (ਵਿਘਨ) ਹੁਣ ਤਾਂ ਅਸੈਂਬਲੀ ਵਿਚ ਹੀ 35/- ਰੁਪਏ ਮਿਲਦੇ ਹਨ । (ਵਿਘਨ)

ਸਾਥੀ ਰੂਪ ਲਾਲ : ਸ੍ਰੀ ਜਗਜੀਵਨ ਰਾਮ ਨੇ ਨਹੀਂ ਦਿੱਤਾ, ਇਨ੍ਹਾਂ ਦੀ ਕੀ ਗੱਲ ਹੈ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਜੇ ਜਲੰਧਰ ਨੂੰ ਇਨ੍ਹਾਂ ਨੇ ਗਰਾਂਟ ਦਿੱਤੀ ਹੈ ਤਾਂ ਸਾਡੇ ਟਾਂਡੇ ਵਰਗੇ ਮਿਊਨਸੀਪਲ ਕਮੇਟੀ ਨੂੰ ਔਰ ਗੜਦੀਵਾਲੇ ਨੂੰ ਵੀ ਕੁਝ ਨਾ ਕੁਝ ਪੈਸਾ ਦਿਤਾ ਜਾਵੇ ਤਾਂ ਕਿ ਉਹ ਵੀ ਤਰੱਕੀ ਕਰ ਸਕਣ ।

ਫਿਰ, ਡਿਪਟੀ ਸਪੀਕਰ ਸਾਹਿਬ, ਇੰਡਸਟਰੀਜ਼ ਦੀ ਬਾਬਤ ਮੈਂ ਕਹਾਂਗਾ ਕਿ ਵਡੇ ਵਡੇ ਸ਼ਹਿਰਾਂ ਵਿਚ ਜਿਧ ਤਰ੍ਹਾਂ ਸ੍ਰੀ ਗੁਰਦਿਆਲ ਸੈਣੀ ਜੀ ਨੇ ਕਿਹਾ ਹੈ ਕਿ ਇੰਡਸਟਰੀਜ਼ ਹਨ ਪਰ ਉਥੇ ਵਾਟਰ ਸਪਲਾਈ, ਵਾਟਰ ਵਰਕਸ ਦਾ ਅਰੇਂਜਮੈਂਟ ਜੋ ਹੈ ਉਹ ਨਾਕਸ ਹੈ । ਮੈਂ ਸਰਕਾਰ ਨੂੰ ਇਹ ਸੁਝਾਵ ਦਿਆਂਗਾ ਕਿ ਇਹ ਜਿਹੜੀਆਂ ਡਿਫੀਕਲਟੀਜ਼ ਹਨ ਉਨ੍ਹਾਂ ਨੂੰ ਦੂਰ ਕਰੇ ਔਰ ਵਡੀ ਤੇ ਛੋਟੀ ਇੰਡਸਟਰੀਜ਼ ਵਲ ਪੂਰਾ ਪੂਰਾ ਧਿਆਨ ਦੇਵੇ । (ਘੰਟੀ)

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਇਕ ਗਲ ਲਿਆਏ ਬਗੈਰ ਨਹੀਂ ਰਹਿ ਸਕਦਾ ਕਿ ਪਿਛਲੀਆਂ ਸਰਕਾਰਾਂ ਨੇ ਵਡੇ ਵਡੇ ਸ਼ਹਿਰ ਚੰਡੀਗੜ੍ਹ ਵਰਗੇ ਬਣਾਏ । ਇਹ ਬੜਾ ਚੰਗਾ ਕੰਮ ਕੀਤਾ ਹੈ ਪਰ ਮੈਂ ਸਮਝਦਾ ਹਾਂ ਕਿ ਇਸ ਕੰਮ ਨਾਲੋਂ ਵੀ ਜੇਕਰ ਪਿੰਡਾਂ ਵਲ ਧਿਆਨ ਜ਼ਿਆਦਾ ਦਿਤਾ ਜਾਵੇ ਤਾਂ ਬਹੁਤ ਬੇਹਤਰ ਰਹੇਗਾ । ਇਹ ਜਿਹੜੇ ਸਾਡੇ ਸਾਥੀ ਅਕਾਲੀ ਭਰਾ ਉਧਰ ਬੈਠੇ ਹਨ ਅੱਜ ਉਧਰ ਨਾ ਬੈਠੇ ਹੁੰਦੇ ਜੇਕਰ ਪਹਿਲੀਆਂ ਸਰਕਾਰਾਂ ਨੇ ਇਨ੍ਹਾਂ ਕੰਮਾਂ ਵਲ ਧਿਆਨ ਜ਼ਿਆਦਾ ਦਿਤਾ ਹੁੰਦਾ । (ਵਿਘਨ) ਸੋ ਮੈਂ ਹੁਣ ਕਹਾਂਗਾ ਕਿ ਇਨ੍ਹਾਂ ਬਿਲਡਿੰਗਜ਼ ਬਣਾਉਣ ਵਲ ਬਹੁਤਾ ਜ਼ੋਰ ਨਾ ਦਿਤਾ ਜਾਵੇ । ਇਹ ਜਿਹੜੀ ਮਾਡਲ ਵਿਲੇਜ ਸਕੀਮ ਹੈ ਜੇ ਉਸ ਵਲ ਪੂਰੀ ਇਮਾਨਦਾਰੀ ਨਾਲ ਕੰਮ ਕਰੇ ਔਰ ਉਸ ਵਲ ਪੂਰਾ ਧਿਆਨ ਦੇਵੇ ਤਾਂ ਸਾਡੀ ਸਰਕਾਰ ਨੂੰ ਕਾਫੀ ਲਾਭ ਹੋਵੇਗਾ । (ਵਿਘਨ)

ਜੇ ਅਸੀਂ ਮੁਲਾਜ਼ਮਾਂ ਨਾਲ ਇਤਨੀ ਸਖ਼ਤੀ ਕਰ ਸਕਦੇ ਹਾਂ ਤਾਂ ਮੈਂ ਸਮਝਦਾ ਹਾਂ ਕਿ ਜਿਹੜਾ ਪੈਸਾ ਅਸੀਂ ਇਤਨੀਆਂ ਵਡੀਆਂ ਵਡੀਆਂ ਬਿਲਡਿੰਗਾਂ ਬਣਾ ਕੇ ਵੇਸਟ ਕਰ ਰਹੇ ਹਾਂ ਉਸ ਵਲ ਵੀ ਧਿਆਨ ਦੇਣਾ ਚਾਹੀਦਾ ਹੈ। ਮੁਲਾਜ਼ਮਾਂ ਨੂੰ ਸੈਂਟਰਲ ਗਰੇਡ ਦੇ ਮੁਤਾਬਕ ਪੈਸੇ ਦੇਣੇ ਚਾਹੀਦੇ ਹਨ। ਮੈਂ ਸਮਝਦਾ ਹਾਂ ਕਿ ਅੱਜ ਛੋਟੀ ਤੋਂ ਛੋਟੀ ਫੈਮਿਲੀ ਦਾ ਵੀ ਅਗਰ ਬਜਟ ਦੇਖਿਆ ਜਾਵੇ ਤਾਂ ਉਹ ਤਿੰਨ ਚਾਰ ਸੌ ਰੁਪਏ ਤੋਂ ਘਟ ਖਰਚ ਦਾ ਨਹੀਂ ਹੁੰਦਾ ਅੌਰ ਉਨ੍ਹਾਂ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚਲਦਾ ਹੈ। (ਘੰਟੀ)

Mr. Deputy Speaker : Please resume your seat now. (Interruption.)

ਡਾਕਟਰ ਅਮੀਰ ਸਿੰਘ ਕਲਕਟ : ਬਸ ਜੀ ਇਕ ਮਿੰਟ ਵਿਚ ਹੀ ਖ਼ਤਮ ਕਰ ਦਿੰਦਾ ਹਾਂ। (ਵਿਘਨ) ਇਕ ਅਰਜ਼ ਡਿਪਟੀ ਸਪੀਕਰ ਸਾਹਿਬ, ਮੈਂ ਲਾ-ਐਂਡ-ਆਰਡਰ ਦੇ ਮੁਤਅੱਲਕ ਕਰਨੀ ਚਾਹੁੰਦਾ ਹਾਂ। (ਵਿਘਨ) ਮੈਂ ਸਮਝਦਾ ਹਾਂ ਕਿ ਪੁਲਿਸ ਡੀਪਾਰਟਮੈਂਟ ਵਿਚ ਜਿਤਨੀ ਕੁਰੱਪਸ਼ਨ ਹੈ ਉਤਨੀ ਹੋਰ ਕਿਸੇ ਡੀਪਾਰਟਮੈਂਟ ਵਿਚ ਨਹੀਂ। ਜੇ ਕੋਈ ਮੁਲਜ਼ਮ ਹੈ ਤਾਂ ਉਸ ਤੋਂ ਵੀ ਇਹ ਪੈਸੇ ਲੈ ਲੈਂਦੇ ਹਨ ਅੌਰ ਜੋ ਸਿਕਾਇਤ ਕਰਨ ਵਾਲਾ ਹੈ ਉਸ ਤੋਂ ਵੀ ਇਹ ਪੈਸੇ ਲੈ ਲੈਂਦੇ ਹਨ। ਮੈਂ ਸਮਝਦਾ ਹਾਂ ਕਿ ਇਸ ਗਲ ਦਾ ਕੋਈ ਹਲ ਇਨ੍ਹਾਂ ਨੂੰ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਟਾਂਡੇ ਵਿਚ ਦੋ ਮਹੀਨੇ ਦੇ ਅੰਦਰ ਅੰਦਰ 11 ਕਤਲ ਹੋ ਗਏ ਹਨ। ਇਹ ਤਾਂ ਇਨ੍ਹਾਂ ਦੇ ਲਾ-ਐਂਡ-ਆਰਡਰ ਦੀ ਹਾਲਤ ਹੈ। ਇਕ ਐਮ. ਐਲ. ਏ. ਸਾਹਿਬ ਦਾ ਕਤਲ ਹੋਇਆ, ਇਕ ਐਕਸ ਐਮ. ਐਲ. ਏ. ਸਾਹਿਬ ਦਾ ਕਤਲ ਹੋਇਆ, ਇਸੇ ਤਰ੍ਹਾਂ ਇਕ ਸਰਦਾਰ ਸਾਧੂ ਸਿੰਘ, ਸਰਪੰਚ ਹੈ ਉਸ ਦਾ ਕਤਲ ਹੋਇਆ ਪਰ ਹੁਣ ਤਕ ਇਨ੍ਹਾਂ ਬਾਰੇ ਪੁਲਿਸ ਦਾ ਮਹਿਕਮਾ ਪਤਾ ਨਹੀਂ ਕਰ ਸਕਿਆ। ਮੈਂ ਜਲੰਧਰ ਦੀ ਪੁਲਿਸ ਨੂੰ ਇਸ ਗਲ ਤੇ ਵਧਾਈ ਦਿੰਦਾ ਹਾਂ ਕਿ ਉਥੇ ਥਾਣੇਦਾਰ ਨੇ ਇਕ ਹਫਤੇ ਦੇ ਅੰਦਰ ਅੰਦਰ ਇਕ ਕੇਸ ਦਾ ਪਤਾ ਕਰ ਕੇ ਦਸਿਆ। ਇਸੇ ਤਰ੍ਹਾਂ ਹੀ ਮੈਂ ਅਰਜ਼ ਕਰਾਂਗਾ ਕਿ ਜਲੰਧਰ ਦੇ ਜਿਹੜੇ ਪੁਲਿਸ ਕਰਮਚਾਰੀ ਹਨ ਉਨ੍ਹਾਂ ਨੂੰ ਹੁਸ਼ਿਆਰਪੁਰ ਵਿਚ ਲਾਇਆ ਜਾਵੇ ਤਾਂ ਕਿ ਉਹ ਇਨ੍ਹਾਂ ਕੇਸਾਂ ਦਾ ਪਤਾ ਕਰ ਸਕਣ। (ਵਿਘਨ) ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਕਿਰਪਾਲ ਸਿੰਘ : (ਅੰਮ੍ਰਿਤਸਰ) ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਜਟ ਤੇ ਜਿਸ ਤੇ ਮੁਖਤਲਿਫ ਨੁਕਤਾ ਨਜ਼ਰ ਨਾਲ ਕਾਫੀ ਬਹਿਸ ਹੋ ਚੁਕੀ ਹੈ ਇਸ ਦੇ ਵਿਚ ਜਿਹੜੀਆਂ ਖ਼ੂਬਸੂਰਤ ਗਲਾਂ ਹਨ ਉਨ੍ਹਾਂ ਦਾ ਪਹਿਲਾਂ ਜ਼ਿਕਰ ਕਰਨਾ ਚਾਹੁੰਦਾ ਹਾਂ ਅੌਰ ਕੁਝ ਗਲਾਂ ਜਿਹੜੀਆਂ ਗੌਰਮਿੰਟ ਨੂੰ ਚੇਤੇ ਕਰਾਉਣ ਵਾਲੀਆਂ ਹਨ ਉਨ੍ਹ ਦਾ ਜ਼ਿਕਰ ਮੈਂ ਬਾਅਦ ਵਿਚ ਕਰਾਂਗਾ। ਡਿਪਟੀ ਸਪੀਕਰ ਸਾਹਿਬ, ਬਜਟ ਤੇ ਤਕਰੀਰ ਕਰਨ ਲਈ ਇਕ ਪੁਰਾਣਾ ਤਰੀਕਾ ਬਣਿਆ ਹੋਇਆ ਹੈ ਕਿ ਇਸ ਤੇ ਨੁਕਤਾ ਚੀਨੀ ਹੀ ਕਰਨੀ ਹੈ ਭਾਵੇਂ ਬਜਟ ਚੰਗਾ ਹੋਵੇ ਜਾਂ ਮਾੜਾ। ਅਪੋਜ਼ੀਸ਼ਨ ਦਾ ਕੰਮ ਹੀ ਇਹ ਹੁੰਦਾ ਹੈ ਕਿ ਜਿਹੜੀਆਂ ਅੱਛੀਆਂ ਗੱਲਾਂ ਹਨ ਉਨ੍ਹਾਂ ਬਾਰੇ ਕੋਈ ਜ਼ਿਕਰ ਨਾ ਕੀਤਾ ਜਾਵੇ ਅਤੇ ਮਾੜੀਆਂ ਗਲਾਂ ਤੇ ਜ਼ੋਰ ਦਿਤਾ ਜਾਵੇ। ਮੈਂ ਸਮਝਦਾ ਹਾਂ ਕਿ ਇਹ ਤਰੀਕਾ ਦਰੁਸਤ ਨਹੀਂ ਹੈ। ਅੱਛੀ ਅਪੋਜ਼ੀਸ਼ਨ ਉਹ ਹੈ ਜੋ ਚੰਗੀਆਂ ਗੱਲਾਂ ਨੂੰ ਚੰਗਾ ਕਹੇ ਅੌਰ ਮਾੜੀਆਂ ਨੂੰ ਮਾੜਾ ਕਹੇ। ਡਿਪਟੀ ਸਪੀਕਰ ਸਾਹਿਬ, ਬਜਟ ਵਿਚ ਡਾਇਰੈਕਟ ਟੈਕਸਿਜ਼, ਜਿਨ੍ਹਾਂ ਦਾ ਕਿ ਅਵਾਮ ਤੇ ਬੋਝ ਹੋਵੇ, ਇਹ ਨਾ ਦੇਖ ਕੇ ਮੈਨੂੰ ਬੜੀ ਖੁਸ਼ੀ ਹੋਈ ਹੈ। (ਥੰਪਿੰਗ) ਜਿਹੜੇ ਟੈਕਸਿਜ਼ ਆਏ ਹਨ ਉਨ੍ਹਾਂ ਬਾਰੇ ਵਾਕਿਆਈ ਕੁਝ ਇਤਰਾਜ਼ ਹੈ ਲੇਕਿਨ ਡਾਇਰੈਕਟ ਟੈਕਸਿਜ਼ ਵੀ ਗੌਰਮਿੰਟਾਂ ਲਗਾਉਂਦੀਆਂ ਹਨ ਅਤੇ ਇਨਡਾਇਰੈਕਟ ਟੈਕਸਿਜ਼ ਵੀ ਲਗਾਉਂਦੀਆਂ ਹਨ ਜਿਨ੍ਹਾਂ ਦਾ ਆਮ ਤੌਰ ਤੇ ਸਿਧਾ ਅਸਰ ਹੁੰਦਾ ਹੈ ਉਹ ਇਸ ਵਿਚ ਨਾ ਹੋਣ ਕਰ ਕੇ ਮੈਂ ਸਮਝਦਾ ਹਾਂ ਕਿ ਮਨਿਸਟੀਰੀਅਲ ਬੈਂਚਾਂ ਵਾਲੇ ਅੌਰ ਬਜਟ ਬਣਾਉਣ ਵਾਲੇ ਦੋਸਤ ਇਸ ਗਲ ਲਈ ਮੁਬਾਰਕਬਾਦ ਦੇ ਹੱਕਦਾਰ ਹਨ। ਇਸ ਦੇ ਵਿਚ ਹਰੀਜਨਾਂ ਦੀ ਕਾਰਪੋਰੇਸ਼ਨ,

[ਸਰਦਾਰ ਕਿਰਪਾਲ ਸਿੰਘ]

10 ਹਜ਼ਾਰ ਏਕੜ ਜ਼ਮੀਨ ਵੰਡਣ ਦੀ ਗਲ ਔਰ ਇਸ ਦੇ ਨਾਲ ਹੀ ਉਹ ਅੰਕੜੇ ਜਿਹੜੇ ਦਸੇ ਗਏ ਹਨ ਪੰਜਾਬ ਦੀ ਇਤਨੀ ਕੌਮੀ ਆਮਦਨੀ ਵਧੀ ਹੈ । (ਵਿਘਨ) ਇਹ ਵਧੀ ਆਮਦਨੀ ਪਹੁੰਚ ਕਿਥੇ ਗਈ । ਮੇਰੇ ਨਾਲ ਇਹ ਸਾਥੀ ਵੀ ਇਸ ਗਲ ਤੇ ਐਗਰੀ ਕਰਨਗੇ ਕਿ ਇਹ ਆਮਦਨੀ ਜਿਹੜੀ ਹੈ ਇਹ ਗਰੀਬ ਦੇ ਘਰਾਂ ਤਕ ਨਹੀਂ ਪਹੁੰਚੀ । ਇਹ ਤਾਂ ਇਸ ਤਰ੍ਹਾਂ ਹੋਇਆ ਕਿ ਇਕ ਦਿਹਾਤੀ ਕਿਸੇ ਦੁਕਾਨ ਤੇ ਚਲਾ ਗਿਆ ਤਾਂ ਉਹ ਦੁਕਾਨਦਾਰ ਆਪਣੇ ਰੁਪਏ ਗਿਣ ਰਿਹਾ ਸੀ ਤਾਂ ਉਸ ਨੇ ਵੀ ਉਨ੍ਹਾਂ ਰੁਪਿਆਂ ਵਿਚ ਆਪਣਾ ਇਕ ਰੁਪਿਆ ਸੁਟ ਦਿਤਾ ਔਰ ਉਡੀਕਦਾ ਰਿਹਾ ਕਿ ਹੁਣੇ ਹੋਰ ਰੁਪਏ ਆਉਣਗੇ । ਜਦੋਂ ਦੁਕਾਨਦਾਰ ਨੇ ਪੁਛਿਆ ਕਿ ਕੀ ਉਡੀਕਦਾ ਏਂ ਤਾਂ ਉਸ ਨੇ ਕਿਹਾ ਕਿ ਸੁਣਿਆਂ ਏਂ ਕਿ ਰੁਪਿਆਂ ਨੂੰ ਰੁਪਿਆ ਖਿਚਦਾ ਹੈ, ਮੈਂ ਜਿਹੜਾ ਰੁਪਿਆ ਸੁਟਿਆ ਹੈ ਉਹ ਹੁਣ ਉਡੀਕ ਰਿਹਾ ਹਾਂ ਕਿ ਕਿਤਨੇ ਖਿਚ ਕੇ ਲਿਆਏਗਾ । ਤਾਂ ਦੁਕਾਨਦਾਰ ਨੇ ਕਿਹਾ ਕਿ ਜਿਥੇ ਬਹੁਤ ਰੁਪਏ ਹੋਣ ਉਹੀ ਰੁਪਿਆ ਖਿਚ ਸਕਦੇ ਹਨ । ਇਨ੍ਹਾਂ ਬਹੁਤਿਅ ਰੁਪਿਆਂ ਨੇ ਇਹ ਰੁਪਿਆ ਖਿਚ ਲਿਆ । ਇਸ ਵੇਲੇ ਤਕ ਹਾਲਤ ਕੁਝ ਇਸ ਕਿਸਮ ਦੀ ਹੈ ਕਿ ਗਰੀਬ ਦੀ ਜ਼ਬਾਨ ਤੋਂ ਇਹ ਨਿਕਲਦਾ ਹੈ :

"ਮੇਰੀ ਤਾਰੀਕ ਰਾਹੋਂ ਮੇਂ ਅੰਧੇਰਾ ਹੀ ਅੰਧੇਰਾ ਹੈ,
ਮੁਝੇ ਕਿਆ ਉਨ ਚਿਰਾਗੋਂ ਸੇ ਜੋ ਐਵਾਨੋ ਮੇਂ ਜਲਤੇ ਹੈਂ ।

ਜਿਹੜੇ ਮਹਿਲਾਂ ਵਿਚ ਜਲਣ ਵਾਲੇ ਫ਼ਾਨੂਸ ਹਨ, ਉਨ੍ਹਾਂ ਤੋਂ ਗਰੀਬਾਂ ਨੂੰ ਕੋਈ ਜ਼ਿਆਦਾ ਫ਼ਾਇਦਾ ਨਹੀਂ ਪਹੁੰਚਦਾ । ਇਸ ਬਜਟ ਵਿਚ ਜਿਹੜੇ ਫ਼ਿਕਰੇ ਦਰਜ ਕੀਤੇ ਗਏ ਹਨ, ਮੈਂ ਇਹ ਸਮਝਦਾ ਹਾਂ ਕਿ ਇਸ ਦੇ ਵਿਚ ਬਹੁਤ ਜ਼ੋਰ ਇਸ ਗੱਲ ਤੇ ਲਾਇਆ ਗਿਆ ਹੈ ਅਤੇ ਜਿਹੜੀ ਹਰ ਰੋਜ਼ ਇਸ ਹਾਊਸ ਵਿਚ ਡਿਬੇਟ ਹੁੰਦੀ ਹੈ, ਉਸ ਦੇ ਮੁਤਾਬਕ ਸਾਰੀ ਜ਼ਿਮੇਂਵਾਰੀ ਸੈਂਟਰ ਤੇ ਪਾਈ ਗਈ ਹੈ । ਜੇਕਰ ਸਾਡੇ ਆਪਣੇ ਵਿਚ ਕੁਅੱਤ ਹੋਵੇ ਅਤੇ ਅਸੀਂ ਆਪ ਕੁਝ ਕਰ ਕੇ ਵਿਖਾਈਏ ਤਾਂ ਫਿਰ ਅਸੀਂ ਕਿਸੇ ਤੇ ਜ਼ਿਮੇਵਾਰੀ ਸੁਟ ਸਕਦੇ ਹਾਂ । ਅਸੀਂ ਆਪਣੀ ਕੁਅੱਤ ਦੇ ਮੁਤਾਬਕ ਵੀ ਹਾਲ ਤੀਕ ਕੰਮ ਨਹੀਂ ਕਰ ਰਹੇ ਤਾਂ ਅਸੀਂ ਕਿਸੇ ਹੋਰ ਨੂੰ ਆਪਣੀ ਕਮਜ਼ੋਰੀ ਲਈ ਜ਼ਿਮੇਵਾਰ ਠਹਿਰਾਉਣ ਵਾਸਤੇ ਬਹੁਤ ਕੁਝ ਨਹੀਂ ਕਹਿ ਸਕਦੇ ਅਤੇ ਨਾ ਹੀ ਉਸ ਦੀ ਜ਼ਿਮੇਂਵਾਰੀ ਤੋਂ ਅਸੀਂ ਆਪ ਬਚ ਸਕਦੇ ਹਾਂ ।

ਜਿਥੋਂ ਤਕ ਹਿੰਦੁਸਤਾਨ ਦੇ ਢਾਂਚੇ ਦਾ ਤਅੱਲੁਕ ਹੈ, ਬਦਕਿਸਮਤੀ ਨਾਲ ਜੋ ਕੁਝ ਸ਼ੁਰੂ ਹੋ ਰਿਹਾ ਹੈ ਇਸ ਦੇ ਵਿਚ ਜਿਹੜੇ ਸਾਡੇ ਵਡੇ ਲੀਡਰ ਸਨ ਜਿਨ੍ਹਾਂ ਦੀ ਦੇਸ਼ ਵਿਚ ਅਟੁਟ ਸ਼ਰਧਾ ਸੀ ਉਨ੍ਹਾਂ ਨੇ ਸਾਨੂੰ ਬਹੁਤ ਸਾਰੀਆਂ ਪ੍ਰਾਬਲਮਜ਼ ਦਿਤੀਆਂ ਅਤੇ ਸਭ ਤੋਂ ਵੱਧ ਅਨਸਾਲਵਡ ਪ੍ਰਾਬਲਮਜ਼ ਜਿਹੜੀਆਂ ਸਾਨੂੰ ਮਿਲੀਆਂ ਉਹ ਪੰਡਿਤ ਜਵਾਹਰ ਲਾਲ ਨਹਿਰੂ ਜੀ ਤੋਂ ਮਿਲੀਆਂ ।

"ਹਮ ਤੋ ਖ਼ਿਜ਼ਾਂ ਕੇ ਜੌਹਰ ਪਰ ਰੋਤੇ ਰਹੇ,
ਬਾਗ਼ਬਾਂ ਰਾਹੋਂ ਮੇਂ ਕਾਂਟੇ ਬੋ ਗਏ ।"

ਇਨ੍ਹਾਂ ਕਾਂਟਿਆਂ ਨੂੰ ਜਿਨ੍ਹਾਂ ਨੂੰ ਅਸੀਂ ਅਜ ਤਕ ਨਹੀਂ ਕਢ ਸਕੇ, ਇਨ੍ਹਾਂ ਨੇ ਸਾਡੇ ਦੇਸ਼ ਦਾ ਢਾਂਚਾ ਦਰਹਮ-ਬਰਹਮ ਕਰ ਦਿਤਾ ਹੈ । ਸਾਰਾ ਹਿੰਦੁਸਤਾਨ ਨਾਅਰਿਆਂ ਤੇ ਝੂਮ ਰਿਹਾ ਹੈ । ਪੰਜਾਬ ਦੀ ਧਰਤੀ ਵੀ ਨਾਅਰਿਆਂ ਤੇ ਝੂਲ ਰਹੀ ਹੈ । ਅੱਜ ਅਸਾਡੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਨੇ ਸਾਡੇ ਦੇਸ਼ ਨੂੰ ਇਕ ਨਾਅਰਾ ਦਿਤਾ ਹੈ ਨਏ ਸਮਾਜ ਅਤੇ ਨਏ ਸੋਸ਼ਲਇਜ਼ਮ ਦਾ, ਪਰ ਪੰਜਾਬ ਵਿਚ ਕਾਂਗਰਸੀ ਉਸ ਨਾਅਰੇ ਤੋਂ ਜੀਵਨ ਹਾਸਲ ਨਹੀਂ ਕਰਦੇ । ਪੰਜਾਬ ਦੇ ਕਾਂਗਰਸੀ 20 ਸਾਲਾਂ ਦੇ ਪੁਰਾਣੇ ਘਿਸੇ ਹੋਏ ਨਾਅਰੇ, ਜਿਹੜੇ ਕਦੇ ਜਨਸੰਘੀ ਜਾਂ ਅਕਾਲੀ ਲਾਉਂਦੇ ਸਨ ਉਨ੍ਹਾਂ ਨਾਅਰਿਆਂ ਤੇ ਚਲ ਰਹੇ ਹਨ । ਇਹ ਤਾਂ ਉਸ ਮਦਾਰੀ ਅਤੇ ਜਮੂਰੇ ਵਾਂਗਰ ਕਰਦੇ ਹਨ ਜਿਹੜੇ ਸਾਡੇ ਕੂਚਿਆਂ

ਅਤੇ ਬਜ਼ਾਰਾਂ ਵਿਚ ਤਮਾਸ਼ਾ ਕਰਦੇ ਰਹਿੰਦੇ ਹਨ। ਮਦਾਰੀ ਕਹਿੰਦਾ ਹੈ ਕਿ ਮੈਂ ਤਕੜਾ ਹਾਂ ਜਮੂਰਾ ਅਭੀਮਾਨ ਕਰਦਾ ਹੈ ਕਿ ਮੈਂ ਵੱਧ ਹਾਂ ਅਤੇ ਇਸ ਤਰ੍ਹਾਂ ਲੜਾਈ ਸ਼ੁਰੂ ਹੋ ਜਾਂਦੀ ਹੈ। ਇਤਨੇ ਵਿਚ ਇਕ ਹੋਰ ਬਕਰਾ ਆ ਜਾਂਦਾ ਹੈ ਅਤੇ ਉਹ ਚਾਰੇ ਪੈਰ ਇਕਠੇ ਕਰ ਕੇ ਇਕ ਡੁਗਡੁਗੀ ਤੇ ਖੜਾ ਹੋ ਜਾਂਦਾ ਹੈ ਅਤੇ ਮਦਾਰੀ ਕਹਿੰਦਾ ਹੈ ਕਿ ਇਹ ਸਾਰੀ ਲੜਾਈ ਜਿਹੜੀ ਹੋਈ ਜਾਂ ਜਿਹੜਾ ਖੇਲ ਤਮਾਸ਼ਾ ਬਕਰੇ ਦਾ ਹੋਇਆ ਇਹ ਸਾਰਾ ਪੇਟ ਵਾਸਤੇ ਹੈ। ਉਹ ਚਾਦਰ ਵਿਛਾ ਦਿੰਦਾ ਹੈ ਅਤੇ ਦੇਖਣ ਵਾਲੇ ਸ਼ਰਧਾ ਦੇ ਮੁਤਾਬਿਕ ਕੁਝ ਨਾ ਕੁਝ ਦੇ ਦਿੰਦੇ ਹਨ ਅਤੇ ਬਾਦ ਵਿਚ ਜਮੂਰਾ ਤੇ ਮਦਾਰੀ ਵੰਡ ਲੈਂਦੇ ਹਨ ਅਤੇ ਆਪਣੀ ਆਪਣੀ ਥਾਂ ਤੇ ਬੈਠ ਜਾਂਦੇ ਹਨ। ਠੀਕ ਇਸੇ ਤਰ੍ਹਾਂ ਪੰਜਾਬ ਦੀ ਧਰਤੀ ਤੇ ਅੱਜ ਹੋ ਰਿਹਾ ਹੈ। ਕੋਈ ਮਹਾਂ ਪੰਜਾਬ ਦਾ ਨਾਅਰਾ ਲਾਉਂਦਾ ਹੈ ਅਤੇ ਕੋਈ ਪੰਜਾਬ ਸਟੇਟ ਦਾ ਨਾਅਰਾ ਲਾਉਂਦਾ ਹੈ। ਇਸੇ ਤਰ੍ਹਾਂ ਅਕਾਲੀ, ਕਾਂਗਰਸ ਵਾਲੇ ਅਤੇ ਜਨਸੰਘ ਵਾਲੇ ਆਪਸ ਵਿਚ ਘੁਲਦੇ ਰਹਿੰਦੇ ਹਨ ਅਤੇ ਬਾਅਦ ਵਿਚ ਆਪਣੀ ਚਾਦਰ ਵਿਛਾ ਦਿੰਦੇ ਹਨ। ਪਿਛਲੇ ਡੇਢ ਸਾਲ ਵਿਚ ਵੇਖਿਆ ਗਿਆ ਕਿ ਅਕਾਲੀਆਂ ਅਤੇ ਜਨ ਸੰਘੀਆਂ ਨੇ ਵਜ਼ਾਰਤਾਂ ਵਾਸਤੇ ਲੜਾਈ ਲੜੀ ਅਤੇ ਮਦਾਰੀ ਤੇ ਜਮੂਰਾ ਇਕਠੇ ਬੈਠ ਗਏ ਅਤੇ ਵੰਡ ਮਗਰੋਂ ਮਦਾਰੀ ਆਪਣੀ ਥਾਂ ਤੇ ਬੈਠ ਗਿਆ ਅਤੇ ਜਮੂਰਾ ਆਪਣੀ ਥਾਂ ਤੇ ਆ ਬੈਠਾ। ਅੱਜ ਬਲਰਾਮ ਜੀ ਹੁਰੀਂ ਫਿਰ ਹਿੰਦੀ ਦੇ ਪ੍ਰਚਾਰ ਮਗਰ ਪੈ ਗਏ ਅਤੇ ਆਪਣਾ ਕੰਮ ਤੇਜ਼ ਕਰ ਦਿਤਾ। ਮੈਂ ਹਿੰਦੀ ਦਾ ਸਤਿਕਾਰ ਕਰਦਾ ਹਾਂ, ਲੇਕਿਨ ਅੱਜ ਪੰਜਾਬ ਅਗੇ ਹਿੰਦੀ ਜਾਂ ਪੰਜਾਬੀ ਦਾ ਮਸਲਾ ਨਹੀਂ। ਅੱਜ ਜਿਸ ਤਰ੍ਹਾਂ ਹਿੰਦੀ ਦੇ ਪਿਛੇ ਹਿੰਦੂ ਭਜ ਰਹੇ ਹਨ ਅਤੇ ਪੰਜਾਬੀ ਪਿਛੇ ਸਿੱਖ ਭਜ ਰਹੇ ਹਨ ਅਤੇ ਅੱਜ ਹਿੰਦੀ ਅਤੇ ਪੰਜਾਬੀ ਦੇ ਮਸਲੇ ਤੇ ਜਿਸ ਤਰ੍ਹਾਂ ਲੋਕਾਂ ਨੂੰ ਬੇਵਕੂਫ ਬਣਾਇਆ ਜਾ ਰਿਹਾ ਹੈ ਇਹ ਚੀਜ਼ ਨਹੀਂ ਹੋਣੀ ਚਾਹੀਦੀ।

ਇਥੇ ਕੁਰਪਸ਼ਨ ਦੀ ਗਲ ਹੋਈ ਹੈ ਅਤੇ ਇਕ ਦੂਜੇ ਤੇ ਚਾਰਜਿਜ਼ ਲਾਏ ਗਏ ਹਨ। ਉਨ੍ਹਾਂ ਲੋਕਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਇਸ ਸਦਨ ਵਿਚ ਇਸ ਸਭਾ ਵਿਚ ਉਨ੍ਹਾਂ ਤੇ ਚਾਰਜਿਜ਼ ਲਗੇ ਹਨ। ਮੈਂ ਕਹਿੰਦਾ ਹਾਂ ਕਿ ਉਹ ਜਿਊਂਦੇ ਜੀ ਮਰ ਗਏ ਹਨ। ਉਹ ਬੰਦਾ ਕਾਹਦਾ ਹੈ ... (ਵਿਘਨ)। ਮੈਂ ਇਕ ਹਾਸ ਰਸ ਦੀ ਗਲ ਕਰਾਂਗਾ। ਪੰਜਾਬ ਦੀ ਧਰਤੀ ਨੂੰ ਅਜ ਵਾਲੀ ਸਰਕਾਰ ਬਨਿਸਬਤਨ ਜ਼ਿਆਦਾ ਸੂਟ ਕਰਦੀ ਹੈ। ਕੁਰੱਪਸ਼ਨ ਦੇ ਪੁਆਇੰਟ ਆਫ ਵਿਊ ਨਾਲ ਵੀ ਜ਼ਿਆਦਾ ਸੂਟ ਕਰਦੀ ਹੈ। ਮੈਂ ਨਹੀਂ ਕਹਿੰਦਾ ਕਿ ਸਾਰੇ ਕਾਂਗਰਸੀ ਕੁਰਪਸ਼ਨ ਕਰਦੇ ਸਨ ਜਾਂ ਸਾਰੇ ਅਕਾਲੀ ਕੁਰਪੱਸ਼ਨ ਕਰਦੇ ਹਨ। ਕਾਂਗਰਸ ਵਿਚ ਵੀ ਸਰਦਾਰੀ ਲਾਲ ਕਪੂਰ ਅਤੇ ਸ੍ਰੀ ਗਿਆਨ ਚੰਦ ਖਰਬੰਦਾ ਜਿਹੇ ਨੇਕ ਆਦਮੀ ਬੈਠੇ ਹਨ ਅਤੇ ਅਕਾਲੀਆਂ ਵਿਚ ਵੀ ਬੈਠੇ ਹਨ, ਮੈਂ ਨਾਂ ਨਹੀਂ ਲੈਂਦਾ ਕਿਉਂਕਿ ਜਿਸ ਦਾ ਨਾਂ ਰਹਿ ਗਿਆ ਉਹ ਕਹੇਗਾ ਕਿ ਮੇਰਾ ਨਾਮ ਕਿਉਂ ਨਹੀਂ ਲਿਆ। ਚੀਫ ਮਨਿਸਟਰ ਸਾਹਿਬ ਬਹੁਤ ਜ਼ਿਆਦਾ ਨੇਕ ਅਤੇ ਈਮਾਨਦਾਰ ਹਨ, ਡਾਕਟਰ ਸਾਹਿਬ ਬੈਠੇ ਹਨ ਮੇਰੇ ਦੋਸਤ ਜਿਹੜੇ ਐਜੂਕੇਸ਼ਨ ਮਨਿਸਟਰ ਹਨ ਅਤੇ ਹੋਰ ਵੀ ਬਹੁਤ ਸਾਰੇ ਸਜਣ ਬੈਠੇ ਹਨ, ਜਿਨ੍ਹਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਬੜੀ ਇਮਾਨਦਾਰੀ ਅਤੇ ਨੇਕ ਦਿਲੀ ਨਾਲ ਕੰਮ ਕਰ ਰਹੇ ਹਨ (ਵਿਘਨ) ਮਸ਼ਕੂਕ ਚੇਹਰੇ ਵੀ ਬੈਠੇ ਹਨ ਦੋਨਾਂ ਫਰੀਕਾਂ ਵਿਚ (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਂਗਰਸੀਆਂ ਨੂੰ ਤਾਂ ਹਰ ਭਾਅ ਦਾ ਪਤਾ ਲਗ ਗਿਆ ਸੀ ਉਹ ਵੇਖ ਕੇ ਕਹਿ ਦਿੰਦੇ ਸਨ ਕਿ ਇਸ ਕੰਮ ਵਿਚ ਕਿੰਨਾ ਫ਼ਾਇਦਾ ਹੋਣਾ ਹੈ, ਪਰ ਇਹ ਜਿਹੜੇ ਜਥੇਦਾਰ ਹਨ, ਇਨ੍ਹਾਂ ਨੂੰ ਹਾਲੀ ਭਾਅ ਦਾ ਪਤਾ ਨਹੀਂ ਲਗਾ। ਰਿਸ਼ਵਤ ਤਾਂ ਰਹਿਣੀ ਹੀ ਹੈ ਚਾਹੇ ਇਧਰ ਦੇ ਆ ਜਾਣ ਚਾਹੇ ਉਧਰ ਦੇ। ਹਾਲੇ ਇਨ੍ਹਾਂ ਨੂੰ ਭਾਅ ਦਾ ਪਤਾ ਨਹੀਂ ਲਗਾ। ਜੇਕਰ ਇਸ ਨੁਕਤਾ ਨਿਗਾਹ ਤੋਂ ਵੇਖਿਆ ਜਾਵੇ ਤਾਂ ਪੰਜਾਬ ਨੂੰ ਹਾਲੇ ਇਹ ਗੌਰਮਿੰਟ ਸੂਟ ਕਰਦੀ ਹੈ ਕਿਉਂਕਿ ਬਨਿਸਬਤਨ ਕਾਂਗਰਸ ਰਾਜ ਨਾਲੋਂ ਹਾਲੇ ਇਨ੍ਹਾਂ ਵਿਚ ਰਿਸ਼ਵਤ ਘੱਟ ਹੈ। ਕਾਂਗਰਸ ਦੇ

[ਸਰਦਾਰ ਕਿਰਪਾਲ ਸਿੰਘ]

ਰਾਜ ਵਿਚ ਤਾਂ ਬਾਰਡਰਾਂ ਤੋਂ ਸੋਨਾ ਸਮਗਲ ਹੁੰਦਾ ਰਿਹਾ । ਸਭ ਤੋਂ ਪਹਿਲੇ ਉਨ੍ਹਾਂ ਦੇ ਚੀਫ ਮਨਿਸਟਰ ਸਾਹਿਬ ਨੇ ਕਰੋੜਾਂ ਰੁਪਏ ਉਥੋਂ ਕਮਾ ਲਏ ਅਤੇ ਉਨ੍ਹਾਂ ਨੇ ਇਕ ਐਸਾ ਅਨਸਰ ਪੈਦਾ ਕੀਤਾ ਜਿਹੜਾ ਖ਼ਦਰ ਦੇ ਕਪੜੇ ਪਾ ਲੈਂਦਾ ਅਤੇ ਟੋਪੀ ਪਾ ਕੇ ਆ ਗਿਆ ਉਹ ਉਸ ਵੇਲੇ ਚੌਧਰੀ ਬਣ ਗਿਆ ਅਤੇ ਜਦੋਂ ਉਨ੍ਹਾਂ ਤੋਂ ਤਾਕਤ ਖੁਸੀ ਅਤੇ ਇਧਰ ਆ ਗਈ ਉਹ ਇਧਰ ਆ ਬੈਠੇ । ਇਹੀ ਹਾਲਤ ਅੰਗਰੇਜ਼ਾਂ ਦੇ ਟਾਈਮ ਸੀ । ਜਿਹੜੇ ਅੰਗਰੇਜ਼ਾਂ ਦੇ ਪਿਠੂ ਰਹੇ ਆਜ਼ਾਦੀ ਤੋਂ ਬਾਅਦ ਉਨ੍ਹਾਂ ਵਿਚੋਂ ਬਹੁਤ ਸਾਰੇ ਭੇਸ ਵਟਾ ਕੇ ਤਾਕਤ ਵਾਲੇ ਜਥੇ ਨਾਲ ਆ ਮਿਲੇ । ਇਸ ਵਾਸਤੇ ਇਸ ਗਲ ਤੇ ਕੋਈ ਫ਼ਖ਼ਰ ਨਹੀਂ ਕਰ ਸਕਦਾ । ਮੈਂ ਇਸ ਨਤੀਜੇ ਤੇ ਪਹੁੰਚਾ ਹਾਂ ਅਤੇ ਮੇਰੇ ਕਹਿਣ ਦਾ ਭਾਵ ਇਹ ਹੈ ਕਿ ਸਾਨੂੰ ਇਸ ਵਕਤ ਸਾਰਿਆਂ ਨੂੰ ਪੰਜਾਬ ਦੇ ਮਸਲਿਆਂ ਨੂੰ ਤਾਮੀਰੀ ਨੁਕਤਾ ਨਿਗਾਹ ਨਾਲ ਹਲ ਕਰਨਾ ਚਾਹੀਦਾ ਹੈ ਤਾਅਬੀਰੀ ਨੁਕਤਾ ਨਿਗਾਹ ਨਾਲ ਨਹੀਂ ਵਿਚਾਰ ਕਰਨਾ ਚਾਹੀਦਾ ।

ਹੁਣ ਮੈਂ ਥੋੜ੍ਹਾ ਜਿਹਾ ਲਾ-ਐਂਡ ਆਰਡਰ ਦੇ ਮੁਤਅੱਲਕ ਅਰਜ਼ ਕਰਾਂਗਾ । ਜਿਥੋਂ ਤਕ ਲਾ-ਐਂਡ-ਆਰਡਰ ਦੀ ਅੱਜ ਦੀ ਪੋਜੀਸ਼ਨ ਦਾ ਤਅਲੁਕ ਹੈ ਕੋਈ ਬਹੁਤੀ ਚੰਗੀ ਨਹੀਂ ਕਹੀ ਜਾ ਸਕਦੀ । ਪੰਜਾਬ ਦੇ ਅੰਦਰ ਲਾ-ਐਂਡ-ਆਰਡਰ ਦੀ ਜ਼ਿਮੇਂਵਾਰੀ ਪੁਲੀਸ ਦੀ ਹੈ । ਅੰਗਰੇਜ਼ਾਂ ਦੇ ਵਕਤ ਸੁਣਦੇ ਸਾਂ ਕਿ ਡਿਸਟਰਿਕਟ ਦਾ ਪੁਲੀਸ ਕਮਾਂਡਰ ਜਿਹੜਾ ਐਸ. ਪੀ. ਹੁੰਦਾ ਸੀ ਉਹ ਘੋੜੇ ਤੇ ਚੜ੍ਹ ਕੇ ਆਪਣੀਆਂ ਪਿਕਟਾਂ ਨੂੰ ਚੈਕ ਕਰਦਾ ਹੁੰਦਾ ਸੀ ਕਿ ਆਇਆ ਉਹ ਠੀਕ ਤਰ੍ਹਾਂ ਕੰਮ ਕਰ ਰਹੀਆਂ ਹਨ ਜਾਂ ਨਹੀਂ । ਆਇਆ ਆਪਣੀ ਡਿਊਟੀ ਤੇ ਹਰ ਬੰਦਾ ਹਾਜ਼ਰ ਹੈ ਜਾਂ ਨਹੀਂ । ਅਸੀਂ ਹੁਣ ਕਦੇ ਨਹੀਂ ਵੇਖਿਆ ਕਿ ਕੋਈ ਐਸ. ਪੀ. ਇਸ ਤਰ੍ਹਾਂ ਹਾਜ਼ਰੀ ਚੈਕ ਕਰਨ ਜਾਂਦਾ ਹੋਵੇ । ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸਰਪ੍ਰਾਈਜ਼ ਚੈਕਿੰਗ ਕਰ ਕੇ ਵੇਖ ਲਵੋ ਅਤੇ ਹਾਜ਼ਰੀ ਵਾਲੇ ਪੁਲਿਸ ਵਾਲਿਆਂ ਦਾ ਮੈਡੀਕਲ ਮੁਆਇਨਾ ਕਰਾ ਕੇ ਵੇਖ ਲਵੋ, ਤੁਹਾਨੂੰ 10% ਵੀ ਸੂਫ਼ੀ ਨਹੀਂ ਮਿਲਣਗੇ । ਸਾਰੇ ਹੀ ਸ਼ਰਾਬ ਦੇ ਨਸ਼ੇ ਵਿਚ ਮਸਤ ਹੋਏ ਮਿਲਣਗੇ । ਇਸ ਤੋਂ ਇਲਾਵਾ ਤੁਸੀਂ ਉਨ੍ਹਾਂ ਦਾ ਮੁਆਇਨਾ ਕਰਾਉ ਤੁਹਾਨੂੰ ਉਨ੍ਹਾਂ ਵਿਚੋਂ ਘਟੋ ਘਟ 60 : 70% ਅਫ਼ੀਮ ਖਾਣ ਵਾਲੇ ਮਿਲਣਗੇ, ਹਾਲਾਂਕਿ ਅਫ਼ੀਮ ਦੀ ਪਾਬੰਦੀ ਹੈ । ਜਿਹੜੀ ਅਫ਼ੀਮ ਫੜੀ ਜਾਂਦੀ ਹੈ ਉਹ ਸਾਰੀ ਦੀ ਸਾਰੀ ਆਪ ਖਾ ਜਾਂਦੇ ਹਨ ਅਤੇ ਉਸ ਦੀ ਥਾਂ ਤੇ ਗੁੜ ਭੇਜ ਦਿੰਦੇ ਹਨ । ਸਿਰਫ ਇਕ ਪੋਟਲੀ ਰਖ ਲੈਂਦੇ ਹਨ ਉਹ ਵੀ ਲੋਕਾਂ ਨੂੰ ਫਸਾਉਣ ਵਾਸਤੇ । ਤੁਸੀਂ ਉਨ੍ਹਾਂ ਨੂੰ ਕਦੇ ਵੀ ਆਪਣੀ ਚੌਂਕੀ ਤੇ ਹਾਜ਼ਰ ਨਹੀਂ ਵੇਖੋਗੇ । ਉਹ ਸਵੇਰ ਤੋਂ ਲੈ ਕੇ ਸ਼ਾਮ ਤਕ ਉਗਰਾਹੀ ਤੇ ਨਿਕਲੇ ਰਹਿੰਦੇ ਹਨ । ਭਾਵੇਂ ਕੋਈ ਕਨਟੇਬਲ ਹੈ ਜਾਂ ਹੈਡ ਕਾਂਸਟੇਬਲ ਹੈ, ਕੋਈ ਏ. ਐਸ. ਆਈ ਹੈ ਜਾਂ ਐਸ. ਆਈ ਹੈ ਪੁਲੀਸ ਦਾ । ਇਹ ਜਿਹੜਾ ਨਾਸੂਰ ਸਾਡੇ ਪੰਜਾਬ ਦੇ ਸੀਨੇ ਵਿਚ ਚੁਭ ਰਿਹਾ ਹੈ ਇਸ ਨੂੰ ਹਟਾਉਣਾ ਸਾਡੀ ਸਾਰਿਆਂ ਦੀ ਜ਼ਿਮੇਂਵਾਰੀ ਹੈ, ਲੇਕਿਨ ਬਹੁਤ ਜ਼ਿਮੇਵਾਰੀ ਉਨ੍ਹਾਂ ਲੋਕਾਂ ਤੇ ਹੈ ਜਿਹੜੇ ਟਰੈਜ਼ਰੀ ਬੈਂਚਾਂ ਤੇ ਬੈਠੇ ਹਨ । ਇਹ ਜਿਹੜੀਆਂ ਚੋਰੀਆਂ ਜਾਂ ਕਤਲਾਂ ਦੀਆਂ ਵਾਰਦਾਤਾਂ ਹੁੰਦੀਆਂ ਹਨ ਇਨ੍ਹਾਂ ਦੇ ਬਾਰੇ ਜੇ ਪੁਲੀਸ ਨੂੰ ਪੁਛੋ ਤਾਂ ਕਹਿ ਦਿੰਦੇ ਹਨ ਕਿ ਨਫ਼ਰੀ ਘੱਟ ਹੈ, ਇਸ ਲਈ ਹੁੰਦੀਆਂ ਹਨ । ਇਨ੍ਹਾਂ ਨੂੰ ਕੋਈ ਸਾਇਕਲ ਜਾਂ ਹੋਰ ਆਣ ਜਾਣ ਲਈ ਕੰਨਵੇਐਂਸ ਨਹੀਂ ਮਿਲੀ ਹੋਈ; ਇਹ ਜਿਹੜੇ ਥਾਣੇ ਹਨ ਇਹ ਕਿਸੇ ਵਾਇਰਲੈਸ ਆਦਿ ਨਾਲ ਸਬੰਧਤ ਨਹੀਂ ਹਨ । ਉਨ੍ਹਾਂ ਦੀ ਐਫ਼ੀਸ਼ੈਂਸੀ ਕਿਥੋਂ ਆਵੇ ? ਕੋਈ ਕਿਸੇ ਕਿਸਮ ਦਾ ਸਰਪ੍ਰਾਈਜ਼ ਚੈੱਕ ਵੀ ਨਹੀਂ ਹੈ ਉਨ੍ਹਾਂ ਤੇ । ਇਹ ਚੈੱਕ ਵਜ਼ੀਰ ਲੈਵਲ ਤੋਂ ਸ਼ੁਰੂ ਹੋਣਾ ਚਾਹੀਦਾ ਹੈ । ਜਦੋਂ ਇਸ ਤਰ੍ਹਾਂ ਦੇ ਹਾਲਾਤ ਵੇਖਦੇ ਹਾਂ ਤਾਂ ਮਾਯੂਸੀ ਹੁੰਦੀ ਹੈ ਅਤੇ ਅਸੀਂ ਕਹਿ ਸਕਦੇ ਹਾਂ ਕਿ ਇਸ ਖੇਤਰ ਵਿਚ ਇਹ ਸਰਕਾਰ ਫ਼ਖ਼ਰ ਨਹੀਂ ਕਰ ਸਕਦੀ, ਜਿਸ ਤਰ੍ਹਾਂ ਲਾ-ਐਂਡ-ਆਰਡਰ ਦੀ ਡਿਊਟੀ ਨੂੰ ਨਿਭਾਇਆ ਜਾ ਰਿਹਾ ਹੈ ।

ਮੈਂ ਹੁਣ ਐਮਪਲਾਈਜ਼ ਦੇ ਬਾਰੇ ਵਿਚ ਕੁਝ ਅਰਜ਼ ਕਰਾਂਗਾ। ਜਿਥੋਂ ਤਕ ਇਨ੍ਹਾਂ ਐਮਪਲਾਈਜ਼ ਦਾ ਸੁਆਲ ਹੈ ਕਿੰਨੀਆਂ ਹੀ ਐਨਾਮਲੀਜ਼ ਪਈਆਂ ਹੋਈਆਂ ਹਨ ਉਨ੍ਹਾਂ ਦਾ ਕੁਝ ਨਹੀਂ ਕੀਤਾ ਜਾ ਰਿਹਾ।

ਪੰਜਾਬ ਦੇ ਐਮਪਲਾਈਜ਼ ਸੈਟਿਸਫਾਈਡ ਨਹੀਂ ਹਨ। ਬਹੁਤ ਸਾਰੀਆਂ ਕੈਟੇਗਰੀਜ਼ ਵਿਚ ਅਨਾਮਲੀਜ਼ ਪਈਆਂ ਹੋਈਆਂ ਹਨ। ਉਨ੍ਹਾਂ ਨੂੰ ਪੈਸੇ ਦੇਣ ਵਾਸਤੇ ਕੁਝ ਵੀ ਨਹੀਂ ਅਤੇ ਇਧਰੋਂ ਵਜ਼ੀਰਾਂ ਦੀ ਇਕ ਫ਼ੌਜ ਬਣਾ ਲਈ। ਅਗਰ ਵਜ਼ੀਰ ਘੱਟ ਬਣਾ ਲੈਂਦੇ ਤਾਂ ਉਹ ਸ਼ੋਭਾ ਇਨ੍ਹਾਂ ਨੂੰ ਹੀ ਮਿਲਨੀ ਸੀ, ਪਰ ਇਸ ਪਾਰਟੀ ਵਿਚ ਪਾਵਰਲੈਸ ਰਹਿ ਕੇ ਰਹਿਣ ਵਾਲੇ ਲੋਕ ਬਹੁਤ ਘੱਟ ਹਨ। ਅਗਰ ਗਰੀਬ ਮੁਲਾਜ਼ਮ ਇਸ ਗਲ ਦੀ ਪੁਕਾਰ ਕਰਦਾ ਹੈ ਤਾਂ ਉਸ ਦੀ ਗਰਦਨ ਜ਼ਦਨੀ ਕਿਉਂ ਕੀਤੀ ਜਾਂਦੀ ਹੈ। ਜਿਹੜਾ ਆਦਮੀ ਜਿਸ ਕੰਮ ਦੇ ਕਾਬਲ ਹੈ ਉਸ ਨੂੰ ਉਹ ਕੰਮ ਨਹੀਂ ਮਿਲਦਾ। ਮੁਲਾਜ਼ਮ ਨੂੰ ਪੂਰੀ ਤਨਖਾਹ ਨਹੀਂ ਦਿਤੀ ਜਾਂਦੀ।

ਸਕੂਲਾਂ ਦੀ ਹਾਲਤ ਦੇਖ ਲਉ। ਇਹ ਅਦਾਰੇ ਆਉਣ ਵਾਲੀ ਜੈਨਰੇਸ਼ਨ ਨੂੰ ਤਿਆਰ ਕਰਨ ਵਾਲੇ, ਇਨਸਾਨ ਘੜਨ ਵਾਲੇ ਅਦਾਰੇ ਹਨ। ਅਗਰ ਸ਼ਹਿਰਾਂ ਵਿਚ ਪਰੋਵਿੰਸ਼ਲਾਈਜ਼ਡ ਸਕੂਲਾਂ ਦੀ ਹਾਲਤ ਨੂੰ ਵੇਖੀਏ ਤਾਂ ਪਤਾ ਚਲਦਾ ਹੈ ਕਿ ਉਨ੍ਹਾਂ ਦੀ ਹਾਲਤ ਕਿੰਨੀ ਭੈੜੀ ਹੈ। ਉਨ੍ਹਾਂ ਨੂੰ ਪੂਰਾ ਸਾਮਾਨ ਦੇਣਾ ਤਾਂ ਇਕ ਪਾਸੇ ਰਿਹਾ ਉਥੇ ਪਾਣੀ ਪੀਣ ਨੂੰ ਨਲਕਾ ਵੀ ਨਹੀਂ ਹੁੰਦਾ, ਟਟੀਆਂ ਨਹੀਂ, ਸਕੂਲ ਦੀ ਬਿਲਡਿੰਗ ਵੀ ਨਹੀਂ। ਬਚੇ ਆਸਮਾਨ ਦੀ ਛਤ ਹੇਠਾਂ ਪੜ੍ਹਦੇ ਹਨ। ਜਿਹੜੇ ਬੱਚੇ ਬਹੁਤੀਆਂ ਛੁਟੀਆਂ ਲੈਣਾ ਚਾਹੁੰਦੇ ਹਨ ਉਹ ਇਨ੍ਹਾਂ ਸਕੂਲਾਂ ਵਿਚ ਪੜ੍ਹਦੇ ਹਨ ਕਿਉਂਕਿ ਧੁਪ ਹੋਈ ਤਾਂ ਛੁਟੀ, ਇਹ ਇੰਤਜ਼ਾਮ ਸਾਡੇ ਲਈ ਕੋਈ ਫ਼ਖਰ ਕਰਨ ਵਾਲੀ ਗਲ ਨਹੀਂ ਖਾਸ ਕਰ ਕੇ ਸ਼ਹਿਰ ਦੇ ਸਕੂਲਾਂ ਦਾ ਇੰਤਜ਼ਾਮ।

Mr. Deputy Speaker : Please wind up now.

ਸਰਦਾਰ ਕਿਰਪਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਬਿਜਲੀ ਬਾਰੇ ਕਹਿਣੀ ਹੈ। ਇਹ ਕਿਹਾ ਗਿਆ ਹੈ ਕਿ ਇਥੇ ਕਹਿਤ ਦੀ ਹਾਲਤ ਨਹੀਂ ਹੈ। ਪਰ ਇਕ ਮਜ਼ਦੂਰ ਜੋ ਡੇਲੀ ਵੇਜਿਜ਼ ਤੇ ਕੰਮ ਕਰਦਾ ਹੈ, ਜੋ ਬਿਜਲੀ ਬੰਦ ਹੋਣ ਮਗਰੋਂ ਦੋ ਪੈਸੇ ਵੀ ਨਹੀਂ ਕਮਾ ਸਕਦਾ ਉਸ ਦੇ ਲਈ ਤਾਂ ਆਪੇ ਕਹਿਤ ਵਾਲੀ ਹਾਲਤ ਹੋ ਗਈ। ਹੋਰ ਕਹਿਤ ਕਿਸ ਨੂੰ ਕਹਿੰਦੇ ਹਨ? ਉਸ ਦੇ ਪਾਸ ਖਾਣ ਨੂੰ ਕੁਝ ਨਹੀਂ ਉਹ ਤਾਂ ਕਹਿਤ ਦਾ ਸ਼ਿਕਾਰ ਹੋ ਗਿਆ। ਜੋ ਇੰਡਸਟਰੀ ਹੈ, ਜੋ ਲੇਬਰ ਹੈ, ਜੋ ਪਾਵਰ ਫੇਮਿਨ ਦਾ ਸ਼ਿਕਾਰ ਹੋਈ ਹੈ, ਉਸ ਨੂੰ ਕੋਈ ਰੀਲੀਫ ਨਹੀਂ ਦਿਤਾ ਗਿਆ। ਅਗਰ ਮੈਂ ਕਹਾਂ ਕਿ ਇਸ ਗੱਲ ਵਿਚ ਇਹ ਸਰਕਾਰ ਸ਼ਹਿਰੀ ਅਤੇ ਦਿਹਾਤੀ ਦੀ ਤਮੀਜ਼ ਕਰ ਰਹੀ ਹੈ, ਜਟ ਅਤੇ ਗੈਰ ਜਟ ਦੇ ਸਵਾਲ ਨੂੰ ਹਵਾ ਦੇ ਰਹੀ ਹੈ ... (ਗਲਤ, ਗਲਤ ਦੀਆਂ ਆਵਾਜ਼ਾਂ) ਅਤੇ ਇਹ ਜ਼ਾਹਰ ਕਰ ਰਹੀ ਹੈ ਕਿ ਇਥੇ ਜਟ ਰਾਜ ਹੈ ਤਾਂ ਇਹ ਗਲ ਗਲਤ ਨਹੀਂ ਹੋਵੇਗੀ, ਇਹ ਗੱਲ 16 ਆਨੇ ਸੱਚ ਹੈ।

ਫਿਰ ਟੈਕਸਾਂ ਦੀ ਗੱਲ ਹੈ। ਇਸ ਬਾਰੇ ਅਰਜ਼ ਹੈ ਕਿ ਟੈਕਸੇਸ਼ਨ ਦੇ ਢਾਂਚੇ ਨੂੰ ਰੀਵਾਈਜ਼ ਕਰਨ ਦੀ ਲੋੜ ਹੈ ਜੋ ਨਹੀਂ ਕੀਤਾ ਗਿਆ। ਸੇਲਜ਼ ਟੈਕਸ ਬਾਰੇ ਇਕ ਸਾਧਾਰਨ ਜਿਹੀ ਮੰਗ ਸੀ ਕਿ ਇਸ ਨੂੰ ਸੋਰਸ ਤੇ ਲਗਾ ਦਿਤਾ ਜਾਵੇ ਪਰ ਇਸ ਗੱਲ ਵਲ ਧਿਆਨ ਨਹੀਂ ਦਿਤਾ ਗਿਆ। ਕਮੇਟੀਆਂ ਬੈਠੀਆਂ, ਇਨ੍ਹਾਂ ਯਤੀਮ ਖਾਨਿਆਂ ਤੇ ਖਰਚ ਹੁੰਦੇ ਰਹੇ ਪਰ ਕੋਈ ਫ਼ਾਇਦਾ ਨਹੀਂ ਹੋਇਆ।

ਫਿਰ ਸਟੇਟ ਵਲੋਂ ਟਰੈਕਟਰਜ਼ ਖਰੀਦਣ ਦੀ ਗੱਲ ਹੈ। ਇਹ ਕਿਹਾ ਗਿਆ ਕਿ 8000 ਖ਼ਰੀਦ ਰਹੇ ਹਾਂ, ਪਹਿਲਾਂ ਵੀ ਖਰੀਦੇ ਸੀ। ਉਨ੍ਹਾਂ ਬਾਰੇ ਐਗਰੀਕਲਚਰਿਸਟਾਂ ਨੇ ਕਿਹਾ ਕਿ ਇਹ

[ਸਰਦਾਰ ਕਿਰਪਾਲ ਸਿੰਘ]

ਵਾਪਸ ਲੈ ਲਉ, ਸੈਂਟਰਲ ਸਰਕਾਰ ਲੈ ਲਵੇ ਜਾਂ ਮਸ਼ਰਕੀ ਜਰਮਨੀ ਨੂੰ ਕਿਹਾ ਜਾਵੇ ਕਿ ਆਪ ਦਾ ਇਹ ਤੋਹਫ਼ਾ ਵਾਪਸ ਕਰਦੇ ਹਾਂ। ਸਾਡਾ ਪੈਸਾ ਬਿਨਾ ਵਿਆਜ ਹੀ ਵਾਪਸ ਕਰ ਦਿਉ। ਹੋਇਆ ਇਹ ਹੈ ਕਿ ਉਨ੍ਹਾਂ ਤੋਂ ਹਾਰਵੈਸਟਰ ਖਰੀਦੇ ਗਏ ਹਨ। ਅਗਰ ਇਹ ਖਰੀਦਣੇ ਹੀ ਸਨ ਤਾਂ ਪਹਿਲਾਂ ਕਹਿੰਦੇ ਕਿ ਇਹ ਸੌਦਾ ਤਾਂ ਵਾਪਸ ਲਉ, ਮਗਰ ਇਹ ਵੀ ਨਹੀਂ ਕੀਤਾ ਅਤੇ ਹੋਰ ਮਾਲ ਉਨ੍ਹਾਂ ਤੋਂ ਖ਼ਰੀਦ ਲਿਆ ਹੈ। ਜਦ ਤਕ ਉਹ ਇਹ ਟਰੈਕਟਰ ਵਾਪਸ ਨਹੀਂ ਲੈਂਦੇ ਤਦ ਤਕ ਉਨ੍ਹਾਂ ਤੋਂ ਹੋਰ ਮਾਲ ਨਾ ਖਰੀਦਿਆ ਜਾਂਦਾ।

Mr. Deputy Speaker : Please take your seat.

ਸਰਦਾਰ ਕਿਰਪਾਲ ਸਿੰਘ : ਹਦ ਹੋ ਗਈ ਹੈ। (ਵਿਘਨ) ਘੜੀ ਤਾਂ ਜੀ ਪਿਠ ਪਿਛੇ ਲਗੀ ਹੋਈ ਹੈ, ਜੇ ਆਪਦੇ ਸਿਰ ਮੁਬਾਰਕ ਤੇ ਘੜੀ ਲਗੀ ਹੋਵੇ ਤਾਂ ਆਪ ਦਾ ਚਿਹਰਾ ਅਤੇ ਘੜੀ ਦੋਵੇਂ ਨਜ਼ਰ ਆ ਜਾਣ। ਬਹਿਰਹਾਲ, ਸ਼ੁਕਰੀਆ।

Mr. Deputy Speaker : The hon. Member may please take his seat. He has already taken 17 minutes, two minutes more than his time.

ਸ੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ ਉੱਤਰੀ) : ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਜੋ ਰੁਪਿਆ ਲੋਕਾਂ ਕੋਲੋਂ ਲੈਂਦੀ ਹੈ ਟੈਕਸਾਂ ਰਾਹੀਂ ਜਾਂ ਕਿਸੇ ਹੋਰ ਤਰੀਕੇ ਨਾਲ, ਉਸ ਦਾ ਉਨ੍ਹਾਂ ਨੂੰ ਦੁਖ ਨਾ ਹੋਵੇ ਅਗਰ ਉਸ ਤੇ ਲੋਕਾਂ ਨੂੰ ਰੀਟਰਨ ਚੰਗੀ ਹੋਵੇ। ਅਗਰ ਲੋਕਾਂ ਦੀ ਰਾਏ ਨਾਲ ਉਹ ਰੁਪਿਆ ਖਰਚ ਕੀਤਾ ਜਾਵੇ ਤਾਂ ਉਹ ਦੁਖੀ ਨਾ ਹੋਣ। ਸਰਕਾਰ ਨੇ ਰੁਪਿਆ ਤਾਂ ਰੀਅਲਾਈਜ਼ ਕਰਨਾ ਹੀ ਹੁੰਦਾ ਹੈ, ਅਗਰ ਉਸ ਨੂੰ ਸਰਕਾਰ ਲੋਕਾਂ ਦੇ ਫਾਇਦੇ ਵਿਚ ਖਰਚ ਨਹੀਂ ਕਰਦੀ ਤਾਂ ਉਹ ਰੁਪਿਆ ਜ਼ਾਇਆ ਜਾਂਦਾ ਹੈ। ਬਜਟ ਵਿਚ ਕਾਫ਼ੀ ਖ਼ਰਚ ਦਸਿਆ ਗਿਆ ਹੈ ਅਤੇ ਇਹ ਗਲ ਮੁਬਾਰਕ ਦੀ ਜ਼ਾਹਰ ਕੀਤੀ ਗਈ ਹੈ ਕਿ ਕੋਈ ਟੈਕਸ ਨਹੀਂ ਲਾਇਆ ਗਿਆ। ਟੈਕਸ ਲਾਉਣਾ ਜਾਂ ਨਾ ਲਾਉਣਾ ਜੁਦੀ ਗਲ ਹੈ ਪਰ ਜੋ ਲਿਆ ਜਾਵੇ ਉਹ ਕਿਨ੍ਹਾਂ ਗਰੀਬਾਂ ਤੇ ਖਰਚ ਹੋਇਆ ਇਹ ਦੇਖਣ ਵਾਲੀ ਗਲ ਹੈ। ਇਸ ਬਜਟ ਵਿਚ ਕੋਈ ਰੁਪਿਆ ਗਰੀਬਾਂ ਤੇ ਖ਼ਰਚ ਨਹੀਂ ਕੀਤਾ ਜਾ ਰਿਹਾ। ਇਥੇ ਮਕਾਨ ਬਣਾਉਣ ਦੀ ਗਲ ਹੋਈ। ਆਪਨੇ ਸਕੀਮਾਂ ਬਣਾਈਆਂ, ਇੰਪਰੂਵਮੈਂਟ ਟ੍ਰਸਟ ਬਣਾਏ ਪਰ ਉਥੇ ਸਿਰਫ ਅਮੀਰ ਆਦਮੀਆਂ ਨੂੰ ਥਾਂ ਮਿਲੀ ਹੈ, ਗਰੀਬ ਨੂੰ ਨਹੀਂ ਮਿਲੀ। ਆਪ ਨੇ ਗਰੀਬਾਂ ਲਈ ਕੋਈ ਕਲੋਨੀ ਨਹੀਂ ਬਣਾਈ। ਹਰ ਕੋਈ ਸੜਕ ਤੇ ਜਾਂਦਾ ਹੈ, ਗਰੀਬ ਵੀ ਤੇ ਅਮੀਰ ਵੀ। ਗਰੀਬ ਵੀ ਟੈਕਸ ਦਿੰਦੇ ਹਨ। ਪਰ ਸਰਦਾਰ ਬਲਵੰਤ ਸਿੰਘ ਹੋਰਾਂ ਨੇ ਬਜਟ ਵਿਚ ਕਿਤੇ ਨਹੀਂ ਕਿਹਾ ਕਿ ਗਰੀਬਾਂ ਲਈ ਕੋਈ ਕਲੋਨੀ ਬਣਾਈ ਜਾਵੇਗੀ।

ਦੂਜੀ ਗਲ ਇਹ ਕਰਨੀ ਹੈ ਕਿ ਪੰਜਾਬ ਦੀ ਜੋ ਜ਼ਿਆਦਾ ਆਮਦਨੀ ਹੈ ਉਹ ਜ਼ਰਾਇਤ ਤੋਂ ਹੁੰਦੀ ਹੈ। ਇੰਡਸਟਰੀ ਬਹੁਤ ਥੋੜ੍ਹੀ ਹੈ ਇਸ ਲਈ ਬਹੁਤੀ ਆਮਦਨੀ ਨਹੀਂ, ਜ਼ਿਆਦਾ ਜ਼ਰਾਇਤ ਤੋਂ ਹੀ ਹੈ। ਵਡਾ ਜੋ ਕਿਸਾਨ ਹੈ ਉਸ ਪਾਸ ਪੈਸਾ ਹੋਵੇਗਾ ਪਰ ਛੋਟੇ ਕਿਸਾਨ ਦਾ ਗੁਜ਼ਾਰਾ ਨਹੀਂ ਹੁੰਦਾ ਕਿਉਂਕਿ ਉਸ ਨੂੰ ਸਾਲ ਵਿਚੋਂ ਚਾਰ ਮਹੀਨੇ ਹੀ ਕੰਮ ਰਹਿੰਦਾ ਹੈ, 8 ਮਹੀਨੇ ਉਸ ਪਾਸ ਕੰਮ ਨਹੀਂ ਹੁੰਦਾ। ਇਸ ਲਈ ਜਦ ਤਕ ਅਸੀਂ ਉਸ ਲਈ ਛੋਟੀ ਮੋਟੀ ਇੰਡਸਟਰੀ ਲਾ ਕੇ ਕੰਮ ਪੈਦਾ ਨਹੀਂ ਕਰਦੇ, ਉਸਦਾ ਗੁਜ਼ਾਰਾ ਨਹੀਂ ਹੋ ਸਕਦਾ। ਦੂਜੇ ਸੂਬੇ ਵੀ ਜ਼ਰਾਇਤ ਦੀ ਤਰਕੀ ਵਲ ਲਗੇ ਹੋਏ ਹਨ ਅਤੇ ਉਨ੍ਹਾਂ ਦੇ ਸਾਡੇ ਬਰਾਬਰ ਆਉਣ ਤੇ ਸਾਡੀ ਇਹ ਇਕੋ ਇਕ ਵਡੀ ਇੰਡਸਟਰੀ, ਜ਼ਰਾਇਤ, ਦੀ ਤਬਾਹ ਹੋ ਜਾਵੇਗੀ, ਇਸ ਲਈ ਇਸ ਸੂਬੇ ਨੂੰ ਵੀ ਦੂਜੀ ਇੰਡਸਟਰੀ ਵਲ ਜਾਣਾ ਚਾਹੀਦਾ ਹੈ। ਅਸੀਂ ਨਿਰੇ

ਜ਼ਰਾਇਤ ਤੇ ਹੀ ਨਿਰਭਰ ਨਹੀਂ ਰਹਿ ਸਕਦੇ। ਇਸ ਦੇ ਨਾਲ ਹੀ ਬਿਜਲੀ ਦੀ ਗਲ ਵੀ ਜੁੜੀ ਹੋਈ ਹੈ। ਬਿਜਲੀ ਦੀ ਗਲ ਸਾਡੀ ਇਕਾਨੋਮੀ ਲਈ, ਜ਼ਰਾਇਤ ਅਤੇ ਇੰਡਸਟਰੀ ਲਈ ਬਹੁਤ ਵਡੀ ਗੱਲ ਹੈ। ਸਾਡੇ ਪਾਸ ਬੜ ਚੰਗੇ ਚੰਗੇ ਟ੍ਰੇਂਡ ਆਦਮੀ ਹਨ, ਮੈਨੂੰ ਸਮਝ ਨਹੀਂ ਆਈ ਕਿ ਉਨ੍ਹਾਂ ਨੇ ਇਸ ਗੱਲ ਦਾ ਖਿਆਲ ਪਹਿਲਾਂ ਕਿਉਂ ਨਾ ਕੀਤਾ ਕਿ ਭਾਖੜੇ ਵਿਚ ਕਦੇ ਪਾਣੀ ਘਟ ਸਕਦਾ ਹੈ। ਅਸੀਂ ਦੇਖਿਆ ਹੈ ਕਿ ਪਾਣੀ ਦੀ ਕਮੀ ਕਾਫ਼ੀ ਦੇਰ ਤੋਂ ਹੋ ਰਹੀ ਹੈ ਜਿਸ ਕਰ ਕੇ ਬਿਜਲੀ ਘਟੀ ਹੈ, ਪੰਜਾਬ ਦਾ ਨੁਕਸਾਨ ਹੋਇਆ ਹੈ, ਮਜ਼ਦੂਰ ਬੇਕਾਰ ਹੋਇਆ ਹੈ । ਜੈਨਰੇਟਰ ਲਗਾ ਕੇ ਬਿਜਲੀ ਦੀ ਕਮੀ ਪੂਰੀ ਕਰਨ ਦਾ ਖਿਆਲ ਪਹਿਲਾਂ ਕਿਉਂ ਨਾ ਕੀਤਾ ਗਿਆ ? ਪੰਜਾਬੀ ਮੇਹਨਤੀ ਹੈ । ਜਦੋਂ ਦੇਸ਼ ਦੀ ਤਕਸੀਮ ਹੋਈ ਤਾਂ ਇਹ ਲੋਕ ਚੰਗੀਆਂ ਜ਼ਮੀਨਾਂ ਛਡ ਕੇ ਆਏ ਅਤੇ ਇਨ੍ਹਾਂ ਨੂੰ ਨਾਕਾਰਾ, ਬਕੀਆਂ ਹਾਰੀਆਂ ਜ਼ਮੀਨਾਂ ਮਿਲੀਆਂ। ਉਨ੍ਹਾਂ ਨੇ ਜ਼ਮੀਨ ਨੂੰ ਪਾੜ ਕੇ, ਉਸ ਵਿਚ ਆਪਣਾ ਮਨ ਲਾ ਕੇ ਪੰਜਾਬ ਨੂੰ ਪੈਦਾਵਾਰ ਦੇ ਲਿਹਾਜ਼ ਨਾਲ ਡਿਫਿਸਿਟ ਤੋਂ ਸਰਪਲਸ ਸੂਬਾ ਬਣਾ ਦਿਤਾ । ਪਰ ਅਸੀਂ ਕਿਸਾਨ ਦੀ ਚੰਗੀ ਤਰ੍ਹਾਂ ਮਦਦ ਨਹੀਂ ਕਰ ਸਕੇ। ਤੁਸੀਂ ਜੋ ਉਨ੍ਹਾਂ ਨੂੰ ਖਾਦ ਦਿੰਦੇ ਹੋ ਉਸ ਵਿਚ ਵੀ ਮਿਲਾਵਟ ਆ ਗਈ ਹੈ। ਉਹ ਵੀ ਮਿਲਾਵਟ ਵਾਲੀ ਮਿਲਦੀ ਹੈ। ਜਿਹੜੀ ਤਕਾਵੀ ਉਹ ਹਾਸਿਲ ਕਰਦਾ ਹੈ ਉਸ ਵਿਚ ਉਸ ਨੂੰ ਪਟਵਾਰੀ ਨੂੰ ਪੈਸੇ ਦੇਣੇ ਪੈਂਦੇ ਹਨ ਫਿਰ ਨਾਇਬ ਤਸੀਲਦਾਰ ਨੂੰ ਦੇਣੇ ਪੈਂਦੇ ਹਨ ਅਤੇ ਫਿਰ ਕਾਨੂੰਗੋ ਨੂੰ ਦੇਣੇ ਪੈਂਦੇ ਹਨ ਇਹ ਹਾਲਤ ਛੋਟੇ ਕਿਸਾਨ ਦੀ ਹੈ। ਜੇਕਰ ਛੋਟਾ ਕਿਸਾਨ ਕਰਜ਼ਾ ਲੈ ਲੈਂਦਾ ਹੈ ਤਾਂ ਉਸ ਤੋਂ ਉਹ ਉਤਾਰਿਆ ਨਹੀਂ ਜਾਂਦਾ । ਇਸ ਲਈ ਮੈਂ ਅਰਜ਼ ਕਰਾਂਗਾ ਕਿ ਛੋਟੇ ਕਿਸਾਨ ਨੂੰ ਇੰਡਸਟਰੀ ਚਾਹੀਦੀ ਹੈ। ਉਹ ਬਹੁਤ ਮੇਹਨਤ ਕਰਦਾ ਹੈ ਅਤੇ ਕੰਮ ਕਰਨ ਵਾਲਾ ਹੈ। ਉਸ ਨੂੰ ਹਰ ਚੀਜ਼ ਮਿਲਣੀ ਚਾਹੀਦੀ ਹੈ ਇਸ ਲਈ ਇਸ ਪਾਸੇ ਸਰਕਾਰ ਦਾ ਧਿਆਨ ਜਾਣਾ ਚਾਹੀਦਾ ਹੈ।

ਜਿਥੋਂ ਤਕ ਛੋਟੀ ਇੰਡਸਟਰੀ ਦੀ ਗਲ ਹੈ ਉਥੇ ਕੰਮ ਕਰਨ ਵਾਲਾ ਮੇਹਨਤ ਤਾਂ ਕਰ ਸਕਦਾ ਹੈ ਪਰ ਉਸ ਨੂੰ ਮਾਲ ਨਹੀਂ ਮਿਲਦਾ ਅਤੇ ਮਾਲ ਉਸ ਨੂੰ ਬਲੈਕ ਵਿਚ ਲੈਣਾ ਪੈਂਦਾ ਹੈ । ਲੋਹਾ ਉਸ ਨੂੰ ਨਹੀਂ ਦਿਤਾ ਜਾਂਦਾ ਅਤੇ ਬਲੈਕ ਵਿਚ ਲੈ ਕੇ ਫਿਰ ਮਾਰਕਿਟ ਵਿਚ ਕੰਪੀਟ ਕਰਦਾ ਹੈ । ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਪੰਜਾਬ ਵਿਚ ਇਕ ਗਲ ਵੇਖੀ ਹੈ ਕਿ ਲੁਧਿਆਣੇ ਵਿਚ ਹੌਜ਼ਰੀ ਦਾ ਕੰਮ ਕੀਤਾ ਜਾਂਦਾ ਹੈ ਇਹ ਇੰਡਸਟਰੀ ਬਹੁਤ ਪੁਰਾਣੀ ਹੈ ਅਤੇ ਚੰਗੇ ਚੰਗੇ ਕਾਰੀਗਰ ਕੰਮ ਕਰਦੇ ਹਨ ਅਤੇ ਇਹ ਇਕ ਸਾਲ ਵਿਚ 12 ਜਾਂ 13 ਕਰੋੜ ਰੁਪਿਆ ਬਾਹਰਲੇ ਦੇਸ਼ਾਂ ਤੋਂ ਦਰਾਮਦ ਕਰਦੇ ਹਨ ਅਤੇ ਮਾਲ ਬਾਹਰ ਭੇਜਦੇ ਹਨ ਪਰ ਕਿੰਨੇ ਅਫਸੋਸ ਦੀ ਗੱਲ ਹੈ ਕਿ ਜਿਹੜੀਆਂ ਸੂਈਆਂ ਇਨ੍ਹਾਂ ਨੂੰ ਚਾਹੀਦੀਆਂ ਹਨ ਉਹ ਬਲੈਕ ਵਿਚ ਮਿਲਦੀਆਂ ਹਨ। ਜਦ ਦੇਸ਼ ਅਜੇ ਆਜ਼ਾਦ ਨਹੀਂ ਸੀ ਹੋਇਆ ਉਸ ਸਮੇਂ ਦੀਆਂ ਕੀਮਤਾਂ ਤੋਂ ਵੀ ਚਾਰ ਗੁਣਾ ਵਧ ਕੀਮਤ ਤੇ ਇਨ੍ਹਾਂ ਨੂੰ ਇਹ ਸੂਈਆਂ ਸਪਲਾਈ ਕੀਤੀਆਂ ਜਾਂਦੀਆਂ ਹਨ ਇਸ ਤਰ੍ਹਾਂ ਜੇਕਰ ਮਾਲ ਇਨ੍ਹਾਂ ਛੋਟੇ ਇੰਡਸਟਰੀ ਵਾਲਿਆਂ ਨੂੰ ਨਾ ਦਿਤਾ ਜਾਵੇ ਤਾਂ ਇਨ੍ਹਾਂ ਦੀ ਹਾਲਤ ਕੀ ਹੁੰਦੀ ਹੈ ਇਸ ਦਾ ਆਪ ਅੰਦਾਜ਼ਾ ਲਗਾ ਸਕਦੇ ਹੋ। ਛੋਟੀ ਇੰਡਸਟਰੀ ਤਬਾਹ ਹੋ ਰਹੀ ਹੈ । ਜੇਕਰ ਬਿਜਲੀ ਵੀ ਨਾ ਦਿਤੀ ਜਾਵੇ ਤਾਂ ਕਈ ਕਾਰਖਾਨੇ ਬੰਦ ਹੋ ਜਾਣਗੇ ਅਤੇ ਇੰਡਸਟਰੀ ਤਬਾਹ ਹੋ ਜਾਵੇਗੀ । ਇਸ ਪਾਸੇ ਸਰਕਾਰ ਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਅਗੇ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਅਰਜ਼ ਕਰਾਂ ਕਿ ਗੌਰਮਿੰਟਾਂ ਜਿਹੜੀਆਂ ਹੁੰਦੀਆਂ ਹਨ ਉਨ੍ਹਾਂ ਦਾ ਹਿਰਦਾ ਵਸੀਹ ਹੁੰਦਾ ਹੈ ਅਤੇ ਵਿਸ਼ਾਲ ਹਿਰਦੇ ਨਾਲ ਕੰਮ ਕਰਦੀਆਂ ਹਨ ਪਰ

[ਸ੍ਰੀ ਸਰਦਾਰੀ ਲਾਲ ਕਪੂਰ]

ਕਿੰਨੇ ਅਫਸੋਸ ਦੀ ਗੱਲ ਹੈ ਕਿ ਕਰਮਚਾਰੀਆਂ ਦੇ ਕੇਸ ਵਿਚ ਸਰਕਾਰ ਬਦਲੇ ਦੀ ਭਾਵਨਾ ਤੋਂ ਕੰਮ ਲੈ ਰਹੀ ਹੈ ਅਤੇ ਵਿਨਡਿਕਟਿਵ ਹੁੰਦੀ ਜਾ ਰਹੀ ਹੈ। ਕਰਮਚਾਰੀ ਦੇ ਪਾਸ ਕੇਵਲ ਇਕੋ ਹੀ ਹਥਿਆਰ ਹੈ ਆਪਣੀ ਮੰਗ ਨੂੰ ਮਨਵਾਣ ਦਾ ਕਿ ਉਹ ਹੜਤਾਲ ਕਰੇ ਇਹੋ ਹੀ ਉਸ ਦਾ ਅਧਿਕਾਰ ਹੈ ਅਤੇ ਇਹ ਹੀ ਉਸ ਦੇ ਲਈ ਇਕੋ ਇਕ ਤਰੀਕਾ ਕਾਰ ਰਹਿ ਗਿਆ ਹੈ, ਪਰ ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਸਜ਼ਾ ਦੇਣ ਦੀ ਗਲ ਕਰ ਰਹੇ ਹਨ ਇਹ ਨਾ ਮੁਨਾਸਿਬ ਹੈ ਅਤੇ ਗੈਰ ਮੁਨਾਸਿਬ ਤਰੀਕਾ ਕਾਰ ਹੈ। ਉਨ੍ਹਾਂ ਨੂੰ ਕਿਸ ਬੇਰਹਿਮੀ ਨਾਲ ਮਾਰਿਆ ਕੁਟਿਆ ਗਿਆ ਅਤੇ ਪੁਲਿਸ ਦੇ ਥਾਨੇਦਾਰਾਂ ਨੇ ਡੰਡਿਆਂ ਨਾਲ ਮਾਰਿਆ। ਮੈਂ ਇਕ ਖ਼ਾਸ ਗੱਲ ਵਲ ਸਰਦਾਰ ਬਲਵੰਤ ਸਿੰਘ ਹੋਰਾਂ ਅਤੇ ਸਰਦਾਰ ਬਾਸੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿਉਂਕਿ ਮਹਿਕਮਾਂ ਤਾਂ ਬਾਸੀ ਸਾਹਿਬ ਦਾ ਹੈ। ਇਸ ਮਹਿਕਮੇ ਦੇ ਮੁਲਾਜ਼ਮਾਂ ਨੂੰ ਕਿਸ ਤਰ੍ਹਾਂ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਨੂੰ ਪਾਵਰ ਹਾਊਸ ਦੇ ਕੁਆਟਰਾਂ ਵਿਚੋਂ ਜਾ ਕੇ ਫੜਿਆ ਗਿਆ ਅਤੇ ਐਸ. ਈ. ਨਾਲ ਸੀ ਅਤੇ ਜਿਥੇ ਕੋਈ ਮੁਲਾਜ਼ਮ ਗੈਰ ਹਾਜ਼ਰ ਸੀ ਉਥੇ ਪੁਲਿਸ ਨੇ ਉਨ੍ਹਾਂ ਦੀਆਂ ਵਾਈਵਜ਼ ਨੂੰ ਗੁਤੋਂ ਫੜ ਕੇ ਘਸੀਟਿਆ ਅਤੇ ਬਾਹਰ ਸੜਕ ਤੇ ਸਿਟ ਦਿਤਾ (ਸ਼ੇਮ, ਸ਼ੇਮ) ਫਿਰ ਇਕ ਦੇਵੀ ਦੀ ਆਬਾਰਸ਼ਨ ਹੋ ਗਈ ਇਹ ਤਾਂ ਇਕ ਕਤਲ ਦੇ ਬਰਾਬਰ ਹੈ ਅਤੇ ਦੁਨੀਆਂ ਵਿਚ ਕੋਈ ਵੀ ਇਸ ਤਰ੍ਹਾਂ ਦੇ ਕੀਤੇ ਗੁਨਾਹ ਨੂੰ ਮਾਫ਼ ਨਹੀਂ ਕਰ ਸਕਦਾ। ਇਸ ਲਈ ਮੈਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਉਹ ਇਸ ਕੇਸ ਦੀ ਪੜਤਾਲ ਕਰਾਣ ਅਤੇ ਜੇਕਰ ਇਹ ਵਾਕਿਆਤ ਸਚੇ ਹੋਣ ਤਾਂ ਉਸ ਅਫ਼ਸਰ ਨੂੰ ਸਜ਼ਾ ਦੇਣੀ ਚਾਹੀਦੀ ਹੈ ਜਿਸ ਨੇ ਇਸ ਤਰ੍ਹਾਂ ਦਾ ਜ਼ੁਲਮ ਕਰਮਚਾਰੀਆਂ ਤੇ ਕੀਤਾ ਹੈ। ਮੁਲਾਜ਼ਮਾਂ ਨੇ ਕੀ ਮੰਗਿਆ ਹੈ, ਰੋਟੀ ! ਜੇਕਰ ਕੋਈ ਰੋਟੀ ਮੰਗੇ ਤਾਂ ਉਸ ਨੂੰ ਪੱਥਰ ਤਾਂ ਨਾ ਦਿਉ। ਇਹ ਤਰੀਕਾ ਗ਼ਲਤ ਹੈ। ਇਹ ਉਨ੍ਹਾਂ ਦਾ ਅਧਿਕਾਰ ਹੈ ਕਿ ਉਹ ਰੋਟੀ ਦੀ ਮੰਗ ਕਰਨ। ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਉਨ੍ਹਾਂ ਦੇ ਲੀਡਰਾਂ ਨੂੰ ਬੁਲਾ ਕੇ ਉਨ੍ਹਾਂ ਨਾਲ ਗੱਲ ਬਾਤ ਬੈਠ ਕੇ ਕਰ ਲੈਣ। (ਵਿਘਨ)

ਵਿੱਤ ਮੰਤਰੀ : ਕੀ ਨਵੇਂ ਟੈਕਸ ਲਗਾ ਦੇਵਾਂ ?

ਸ੍ਰੀ ਸਰਦਾਰੀ ਲਾਲ ਕਪੂਰ : ਮੇਰੀ ਅਰਜ਼ ਇਹ ਹੈ ਕਿ ਜੇਕਰ ਨਵੇਂ ਟੈਕਸ ਲੋਕਾਂ ਦੀ ਬਹਿਬੂਦੀ ਲਈ ਲਗਣੇ ਹਨ ਤਾਂ ਕੋਈ ਇਤਰਾਜ਼ ਕਿਸੇ ਨੂੰ ਨਹੀਂ ਹੋਵੇਗਾ ਜੇਕਰ ਤੁਸੀਂ ਹਰ ਇਕ ਲਈ ਫਰੀ ਮੈਡੀਕਲ ਏਡ ਦਾ ਪ੍ਰਬੰਧ ਕਰਨਾ ਹੈ ਜਾਂ ਐਜੂਕੇਸ਼ਨ ਨੂੰ ਹਰ ਇਕ ਲਈ ਫਰੀ ਕਰਨਾ ਹੈ ਅਤੇ ਉਨ੍ਹਾਂ ਨੂੰ ਜੀਣ ਦੀ ਆਜ਼ਾਦੀ ਦੇਣੀ ਹੈ ਤਾਂ ਟੈਕਸ ਲਗਾਉ ਪਰ ਇਹ ਨਹੀਂ ਕਿ ਇਨ੍ਹਾਂ ਟੈਕਸਾਂ ਦੇ ਬਦਲੇ ਵਿਚ ਉਨ੍ਹਾਂ ਨੂੰ ਮਿਲੇ ਕੁਝ ਨਾ।

ਇਸ ਤੋਂ ਅਗੇ ਮੈਂ ਅਰਜ਼ ਕਰਦਾ ਹਾਂ ਕਿ ਇਹ ਸਰਕਾਰ ਪੈਸਾ ਇਕਠਾ ਕਰਦੀ ਹੈ ਸ਼ਰਾਬ ਦੇ ਠੇਕਿਆਂ ਤੋਂ। ਇਨ੍ਹਾਂ ਨੇ ਲੋਕਾਂ ਨੂੰ ਸ਼ਰਾਬ ਪਿਲਾ ਪਿਲਾ ਕੇ ਸ਼ਰਾਬੀ ਕਰ ਦਿਤਾ ਹੈ ਅਤੇ ਇਸ ਦੇ ਨਾਲ ਹੀ ਜੁਆਰੀ ਵੀ ਬਣਾ ਦਿਤਾ ਹੈ। (ਵਿਘਨ)

ਵਿੱਤ ਮੰਤਰੀ : ਇਹ ਆਦਤ ਤੁਸਾਂ ਹੀ ਪਾਈ ਹੈ। (ਹਾਸਾ)

ਸ੍ਰੀ ਸਰਦਾਰੀ ਲਾਲ ਕਪੂਰ : ਪਹਿਲਾਂ ਦੜਾ ਹਰਫ ਸੀ ਅਤੇ ਜਿਹੜਾ ਦੜਾ ਕਰਦਾ ਸੀ ਉਹ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਸੀ ਹੁਣ ਵੀ ਕਰਦੇ ਹਨ ਪਰ ਇਨ੍ਹਾਂ ਨੇ ਉਸ ਲਫ਼ਜ਼ ਨੂੰ ਬਦਲ ਕੇ ਡਰਾ ਰਖ ਲਿਆ ਹੈ ਅਤੇ ਇਹ ਡਰਾ ਹੁਣ ਹਰ ਰੋਜ਼ ਕਢਣਾ ਸ਼ੁਰੂ ਕਰ ਦਿਤਾ ਹੈ। ਪਰ ਇਨ੍ਹਾਂ ਨੂੰ ਪਤਾ ਨਹੀਂ ਕਿ ਜਿਹੜੀ ਹਕੂਮਤ ਸ਼ਰਾਬ ਅਤੇ ਜੂਏ ਦੀ ਆਮਦਨ ਤੇ ਜੀਏ ਉਹ ਬਹੁਤਾ ਚਿਰ ਨਹੀਂ ਰਹਿੰਦੀ ਅਤੇ ਬਰਬਾਦ ਹੋ ਜਾਂਦੀ ਹੈ। ਇਹ ਕੋਈ ਤਰੀਕਾ ਕਾਰ ਨਹੀਂ ਕਿ ਇਸ ਤਰ੍ਹਾਂ ਲੋਕਾਂ ਨੂੰ ਸ਼ਰਾਬੀ ਅਤੇ ਜੁਆਰੀ ਬਣਾ ਦਿਤਾ ਜਾਵੇ। ਇਸ ਨਾਲ ਪੰਜਾਬ ਨੂੰ ਤੁਸੀਂ ਬਰਬਾਦ ਕਰ ਦਿਓਗੇ। ਸ਼ਰਾਬ ਪੀਣ ਨਾਲ ਲੋਕਾਂ ਦੇ ਦਿਮਾਗ਼ ਖ਼ਰਾਬ ਹੋ ਜਾਂਦੇ ਹਨ ਅਤੇ ਫਿਰ ਉਹ

ਹੋਰ ਕਈ ਕਿਸਮ ਦੇ ਜੁਰਮ ਕਰਦੇ ਹਨ, ਫਿਰ ਮੁਕਦਮੇ ਚਲਦੇ ਹਨ ਅਤੇ ਇਸ ਤਰ੍ਹਾਂ ਸਟੇਟ ਦਾ ਖ਼ਰਚ ਵੀ ਵੱਧ ਜਾਂਦਾ ਹੈ। ਇਸ ਲਈ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਇਹ ਤਰੀਕਾ ਕਾਰ ਠੀਕ ਨਹੀਂ ਮੈਨੂੰ ਇਕ ਆਦਮੀ ਨੇ ਗੱਲ ਸੁਣਾਈ ਉਹੀ ਮੈਂ ਤੁਹਾਨੂੰ ਦਸ ਦਿੰਦਾ ਹਾਂ ਕਿ ਇਕ ਟਰੱਕ ਜਾ ਰਿਹਾ ਸੀ ਤਾਂ ਟਰੈਫਿਕ ਇਨਸਪੈਕਟਰ ਨੇ ਰੋਕ ਲਿਆ ਅਤੇ ਕਿਹਾ ਕਿ ਇਸ ਦੀਆਂ ਲਾਈਟਾਂ ਨਹੀਂ ਤਾਂ ਉਸ ਕਿਹਾ ਕਿ ਤੂੰ ਤਾਂ ਲਾਈਟਾਂ ਦੀ ਗੱਲ ਕਰ ਰਿਹਾ ਹੈਂ ਇਸ ਦੀਆਂ ਤਾਂ ਬਰੇਕਾਂ ਵੀ ਨਹੀਂ ਜਿਸ ਤਰ੍ਹਾਂ ਇਹ ਸਰਕਾਰ ਬਿਨਾਂ ਬਰੇਕਾਂ ਦੇ ਹੀ ਚਲ ਰਹੀ ਹੈ। (ਹਾਸਾ) ਇਸ ਲਈ ਇਨ੍ਹਾਂ ਦਾ ਇਹ ਤਰੀਕਾਕਾਰ ਠੀਕ ਨਹੀਂ। ਗਰੂਰ ਨਾਲ ਅਤੇ ਹਸਦ ਨਾਲ ਸਰਕਾਰ ਨੂੰ ਨਹੀਂ ਚਲਾਇਆ ਜਾ ਸਕਦਾ।

ਇਸ ਤੋਂ ਅਗੇ ਮੈਂ ਇਕ ਬੇਨਤੀ ਇਨ੍ਹਾਂ ਨੂੰ ਕਰਾਂਗਾ ਕਿ ਅਪੋਜ਼ੀਸ਼ਨ ਵਲੋਂ ਜਿਹੜੀਆਂ ਗੱਲਾਂ ਤਾਮੀਰੀ ਆਉਣ ਉਨ੍ਹਾਂ ਤੇ ਅਮਲ ਕਰਨਾ ਇਨ੍ਹਾਂ ਦਾ ਫਰਜ਼ ਬਣ ਜਾਂਦਾ ਹੈ। ਜਿਹੜੀਆਂ ਗੱਲਾਂ ਦਰੁਸਤ ਨਾ ਹੋਣ ਉਨ੍ਹਾਂ ਤੇ ਭਾਵੇਂ ਅਮਲ ਨਾ ਕਰਨ ਪਰ ਜਿਹੜੀਆਂ ਚੰਗੀਆਂ ਗੱਲਾਂ ਕਹੀਆਂ ਜਾਣ ਉਨ੍ਹਾਂ ਤੇ ਅਮਲ ਕਰਨਾ ਚਾਹੀਦਾ ਹੈ। ਜਿਹੜੇ ਲੋਕ ਪੰਜਾਬ ਵਿਚ ਰਹਿ ਰਹੇ ਹਨ ਉਨ੍ਹਾਂ ਨੂੰ ਜੀਣ ਦੇਣਾ ਚਾਹੀਦਾ ਹੈ ਅਤੇ ਜੇਕਰ ਗੌਰਮਿੰਟ ਮਦਦ ਨਾ ਕਰੇ ਤਾਂ ਇਹ ਗਲ ਮੁਸ਼ਕਲ ਬਣ ਸਕਦੀ ਹੈ। ਇਸ ਲਈ ਅਪੋਜ਼ੀਸ਼ਨ ਦੀ ਗੱਲ ਜਿਹੜੀ ਚੰਗੀ ਹੋਵੇ ਉਸ ਨੂੰ ਮੰਨ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਲੋਕਾਂ ਨੂੰ ਸ਼ਕਤੀ ਮਿਲਦੀ ਹੈ।

ਇਕ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਸਿਵਲ ਹਸਪਤਾਲ ਦੇ ਬਾਰੇ ਵਿਚ ਕਰਨਾ ਚਾਹੁੰਦਾ ਹਾਂ। ਜੇਕਰ ਤੁਹਾਨੂੰ ਕਦੇ ਜਾਣ ਦਾ ਮੌਕਾ ਮਿਲੇ ਤਾਂ ਤੁਸੀਂ ਆਪ ਵੇਖ ਸਕਦੇ ਹੋ ਕਿ ਕੀ ਹਾਲਤ ਹੈ। 326, 327, 302 ਅਤੇ 304 ਦੀਆਂ ਰਿਪੋਰਟਾਂ ਤਿਆਰ ਕਰਨ ਵਿਚ ਹੀ ਉਹ ਲਗੇ ਰਹਿੰਦੇ ਹਨ ਅਤੇ ਲੋਕਾਂ ਦੀ ਭਲਾਈ ਦਾ ਕੋਈ ਸਵਾਲ ਹੀ ਨਹੀਂ ਪੈਦਾ ਹੁੰਦਾ। ਇਕ ਆਦਮੀ ਨੂੰ ਛੁਰਾ ਲਗਿਆ ਤਾਂ ਉਸ ਨੂੰ ਹਸਪਤਾਲ ਵਿਚ ਲਿਜਾਇਆ ਗਿਆ ਪਰ ਕਿੰਨੀ ਬੁਰੀ ਗੱਲ ਹੈ ਕਿ ਸਾਰੀ ਰਾਤ ਕੋਈ ਡਾਕਟਰ ਨਹੀਂ ਆਇਆ ਅਤੇ ਸਵੇਰੇ ਉਸ ਦੀ ਮੌਤ ਹੋ ਗਈ। ਇਹ ਹਾਲਤ ਹੈ ਇਸ ਸਿਵਲ ਹਸਪਤਾਲ ਦੀ। ਇਹ ਹਸਪਤਾਲ ਤਾਂ ਨਹੀਂ ਸਲਾਟਰ ਹਾਊਸ ਬਣ ਕੇ ਰਹਿ ਗਿਆ ਹੈ। ਇਸ ਦਾ ਕੋਈ ਫਾਇਦਾ ਨਹੀਂ। ਜਿਹੜੇ ਦੂਜੇ ਹਸਪਤਾਲ ਹਨ ਉਨ੍ਹਾਂ ਵਿਚ ਕਾਫ਼ੀ ਚੰਗਾ ਇੰਤਜ਼ਾਮ ਹੈ। ਇਸ ਲਈ ਜਿਹੜੀ ਇਸ ਪਾਸੇ ਕੁਰੱਪਸ਼ਨ ਵਧ ਗਈ ਹੈ ਇਸ ਨੂੰ ਰੋਕਣ ਦਾ ਯਤਨ ਕਰਨਾ ਚਾਹੀਦਾ ਹੈ। ਇਸ ਲਈ ਇਕ ਤਰੀਕਾ ਹੈ ਕਿ ਸਿਵਲ ਹਸਪਤਾਲ ਨੂੰ ਵੈਲ ਇਕਵਿਪਡ ਕਰੋ, ਕਾਬਲ ਡਾਕਟਰ ਹੋਣ ਅਤੇ ਪੂਰਾ ਸਟਾਫ ਰਖਿਆ ਜਾਵੇ। ਫਿਰ ਜਿੰਨੀਆਂ ਵੀ ਜ਼ਿਲ੍ਹੇ ਵਿਚ ਡਿਸਪੈਂਸਰੀਆਂ ਹਨ ਉਨ੍ਹਾਂ ਵਿਚ ਡਾਕਟਰ ਨਹੀਂ ਅਤੇ ਨਾ ਹੀ ਸਟਾਫ਼ ਲਗਾਇਆ ਗਿਆ ਹੈ ਪਰ ਡਿਸਪੈਂਸਰੀਆਂ ਖੋਲ੍ਹ ਦਿਤੀਆਂ ਗਈਆਂ ਹਨ। ਜੇਕਰ ਸਟਾਫ਼ ਪੂਰਾ ਹੋਵੇ ਤਾਂ ਲੋਕਾਂ ਨੂੰ ਫ਼ਾਇਦਾ ਪਹੁੰਚਾ ਸਕਦਾ ਹੈ।

ਫਿਰ ਇਸੇ ਹੀ ਸਬੰਧ ਵਿਚ ਇਕ ਹੋਰ ਗਲ ਹੈ ਜਿਸ ਵਲ ਮੈਂ ਸਰਕਾਰ ਦਾ ਧਿਆਨ ਦਿਵਾਣਾ ਚਾਹੁੰਦਾ ਹਾਂ। ਜਿਹੜੇ ਦਵਾਈਆਂ ਵੇਚਦੇ ਹਨ ਉਹ ਕਵੈਕ ਹਨ ਅਤੇ ਲੋਕਾਂ ਦੀਆਂ ਜਾਨਾਂ ਨਾਲ ਖੇਡਦੇ ਹਨ। ਮੋਗੇ ਵਿਚ ਤੁਸੀਂ ਵੇਖਿਆ ਹੀ ਹੈ ਕਿ ਕੀ ਹਾਲ ਹੋਇਆ, ਕਿੰਨੇ ਹੀ ਬੱਚੇ ਮਰ ਗਏ। ਪਰ ਕੋਈ ਇਨਕੁਆਇਰੀ ਪੂਰੀ ਤਰ੍ਹਾਂ ਨਹੀਂ ਕੀਤੀ ਗਈ ਅਤੇ ਫਿਰ ਦਵਾਈ ਨੂੰ ਵਿਕਣ ਤੋਂ ਨਹੀਂ ਰੋਕਿਆ ਗਿਆ ਅਤੇ ਖੁਲ੍ਹੇ ਆਮ ਵਿਕਦੀ ਰਹੀ। ਕਈ ਮਜਮਿਆ ਵਿਚ ਦਵਾਈਆਂ ਵੇਚਦੇ ਹਨ ਪਰ ਕੋਈ ਪਾਬੰਦੀ ਨਹੀਂ ਲਗਾਈ ਗਈ। ਇਸ ਲਈ ਸਰਕਾਰ ਨੂੰ ਕਹਾਂਗਾ ਕਿ ਦਵਾਈਆਂ ਵੇਚਣ ਤੇ ਪਾਬੰਦੀ ਨੂੰ ਕਾਮਯਾਬੀ ਨਾਲ ਲਾਗੂ ਕਰਨ ਤਾਂ ਕਿ ਲੋਕਾਂ ਦੀਆਂ ਜਾਨਾਂ ਨੂੰ ਬਚਾਇਆ ਜਾ ਸਕੇ।

[ਸ੍ਰੀ ਸਰਦਾਰੀ ਲਾਲ ਕਪੂਰ]

ਫਿਰ ਮੈਂ ਇਹ ਅਰਜ਼ ਕਰਦਾ ਹਾਂ ਕਿ ਸ਼ਹਿਰਾਂ ਵਿਚ ਜਿਹੜੀਆਂ ਬਸਾਂ ਚਲਦੀਆਂ ਹਨ ਇਨ੍ਹਾਂ ਵਿਚ ਬਹੁਤ ਭੀੜ ਹੁੰਦੀ ਹੈ। ਲੋਕਾਂ ਦੀਆਂ ਜੇਬਾਂ ਕਟੀਆਂ ਜਾਂਦੀਆਂ ਹਨ ਚੜ੍ਹਨ ਲਗਿਆਂ ਜਾਂ ਉਤਰਨ ਲਗਿਆਂ। ਬੱਸ ਕੰਡਕਟਰ ਜੇਕਰ ਇਮਾਨਦਾਰ ਵੀ ਹੋਵੇ ਤਾਂ ਵੀ ਪੈਸੇ ਵਸੂਲ ਨਹੀਂ ਕਰ ਸਕਦਾ ਜਦ ਤਕ ਉਹ ਪੈਸੇ ਵਸੂਲ ਕਰਨ ਲਈ ਜਾਂਦਾ ਹੈ ਅਗਲਾ ਸਟਾਪ ਆ ਜਾਂਦਾ ਹੈ। ਇਸ ਤਰ੍ਹਾਂ ਗੌਰਮਿੰਟ ਦਾ ਵੀ ਬਹੁਤ ਨੁਕਸਾਨ ਹੁੰਦਾ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸ਼ਹਿਰਾਂ ਵਿਚ ਲੋਕਲ ਬੱਸਾਂ ਜ਼ਿਆਦਾ ਚਲਾਈਆਂ ਜਾਣ ਤਾਂ ਕਿ ਲੋਕਾਂ ਨੂੰ ਆਰਾਮ ਮਿਲੇ ਅਤੇ ਗੌਰਮਿੰਟ ਦੀ ਆਮਦਨ ਵੀ ਜ਼ਿਆਦਾ ਹੋਵੇ।

ਇਕ ਗੱਲ ਮੈਂ ਟ੍ਰਾਂਸਪੋਰਟ ਦੇ ਨੈਸ਼ਨੇਲਾਈਜ਼ ਕਰਨ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਰੂਟਾਂ ਤੇ ਸਰਕਾਰੀ ਬੱਸਾਂ ਚਲਦੀਆਂ ਹਨ ਉਹ ਰਾਹ ਵਿਚ ਖੜੀਆਂ ਹੋ ਜਾਂਦੀਆਂ ਹਨ, ਕੁਝ ਨਾ ਕੁਝ ਟੁਟਿਆ ਹੀ ਰਹਿੰਦਾ ਹੈ। ਇਕ ਵੇਰ ਮੈਂ ਇਕ ਬੱਸ ਵਿਚ ਸਵਾਰ ਹੋਇਆ ਤਾਂ ਹਰ ਸਟਾਪ ਤੇ ਉਹ ਉਸ ਨੂੰ ਚਲਦਾ ਹੀ ਰਖਦਾ ਸੀ। ਮੈਂ ਕਿਹਾ ਕਿ ਇਸ ਇੰਜਨ ਨੂੰ ਬੰਦ ਕਰ ਦੇ; ਕਿਉਂ ਡੀਜ਼ਲ ਦਾ ਨੁਕਸਾਨ ਕਰਦਾ ਹੈਂ? ਤਾਂ ਉਹ ਡਰਾਇਵਰ ਕਹਿਣ ਲਗਾ ਕਿ ਜੇਕਰ ਇਸ ਨੂੰ ਬੰਦ ਕਰ ਦਿਤਾ ਤਾਂ ਫਿਰ ਇਸ ਨੇ ਉਕਾ ਹੀ ਬੰਦ ਹੋ ਜਾਣਾ ਹੈ ਅਤੇ ਚਲਣਾ ਹੀ ਨਹੀਂ। ਮੈਂ ਕਿਹਾ ਕਿ ਜੇਕਰ ਨੁਕਸ ਏ ਤਾਂ ਠੀਕ ਕਰਵਾ ਲੈਣਾ ਸੀ ਤਾਂ ਉਹ ਕਹਿਣ ਲਗਾ ਕਿ ਇਸ ਪਾਸੇ ਕੋਈ ਧਿਆਨ ਹੀ ਨਹੀਂ ਦਿੰਦਾ। ਕਈ ਵੇਰ ਸ਼ਿਕਾਇਤਾਂ ਕਰ ਚੁਕੇ ਹਾਂ ਪਰ ਪਰਵਾਹ ਨਹੀਂ ਕੀਤੀ ਜਾਂਦੀ। ਦੂਜੇ ਪਾਸੇ ਜਿਹੜੀਆਂ ਪ੍ਰਾਈਵੇਟ ਬੱਸਾਂ ਹਨ ਉਹ ਥੋੜ੍ਹੇ ਖਰਚ ਵਿਚ ਮੁਨਾਫਾ ਜ਼ਿਆਦਾ ਕਢਦੀਆਂ ਹਨ। ਇਸ ਲਈ ਇਨ੍ਹਾਂ ਸਰਕਾਰੀ ਬੱਸਾਂ ਨੂੰ ਠੀਕ ਕਰਨਾ ਚਾਹੀਦਾ ਹੈ ਤਾਂ ਕਿ ਆਮਦਨ ਹੋਰ ਵਧ ਜਾਵੇ ਅਤੇ ਸਵਾਰੀਆਂ ਨੂੰ ਵੀ ਫਾਇਦਾ ਹੋਵੇ। ਇਹ ਗੱਲ ਟਰਾਂਸਪੋਰਟ ਦੀ ਬਦਨਾਮੀ ਦਾ ਕਾਰਨ ਬਣਦੀ ਹੈ।

ਇਸ ਦੇ ਨਾਲ ਹੀ ਮੈਂ ਪ੍ਰਾਈਵੇਟ ਸਕੂਲਜ਼ ਅਤੇ ਕਾਲਿਜਿਜ਼ ਦੇ ਮੁਤਅੱਲਕ ਵੀ ਅਰਜ਼ ਕਰਾਂਗਾ ਕਿ ਇਨ੍ਹਾਂ ਦੇ ਟੀਚਰਜ਼ ਨੂੰ ਵੀ ਗਵਰਨਮੈਂਟ ਦੇ ਟੀਚਰਜ਼ ਦੇ ਮੁਤਾਬਿਕ ਤਨਖਾਹਾਂ ਮਿਲਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਇਕੋ ਜਿਹਾ ਕੰਮ ਕਰਨ ਵਾਲੇ ਇਕ ਦੂਸਰੇ ਤੋਂ ਆਪਣੇ ਆਪ ਨੂੰ ਇਨਫੀਰੀਅਰ ਸਮਝਦੇ ਹਨ। ਕੁਆਲੀਫੀਕੇਸ਼ਨ ਵਿਚ ਉਹ ਕਿਸੇ ਤਰ੍ਹਾਂ ਵੀ ਇਕ ਦੂਜੇ ਤੋਂ ਇਨਫੀਰੀਅਰ ਨਹੀਂ ਹੁੰਦੇ। ਇਹ ਖੁਦ ਸਰਕਾਰ ਨੇ ਦੇਖਿਆ ਹੈ ਜਿਤਨੇ ਵੀ ਇਨਸਟੀਚੂਸ਼ਨਜ਼ ਗਵਰਮੈਂਟ ਨੇ ਟੇਕ ਓਵਰ ਕੀਤੇ ਹਨ, ਇਹ ਬੜੇ ਦੁਖ ਦੇ ਨਾਲ ਕਹਿਣਾ ਪੈਂਦਾ ਹੈ ਉਨ੍ਹਾਂ ਦੇ ਗਰੇਡਜ਼ ਅਤੇ ਪੇ ਸਕੇਲਜ਼ ਦੇ ਵਲ ਅਜੇ ਤੱਕ ਸਰਕਾਰ ਨੇ ਕੋਈ ਧਿਆਨ ਨਹੀਂ ਦਿਤਾ। ਮੈਂ ਅਰਜ਼ ਕਰਾਂ ਲੁਧਿਆਣੇ ਦੇ ਵਿਚ ਕਈ ਸਕੂਲ ਬੜੀ ਅਛੀ ਤਰ੍ਹਾਂ ਚਲ ਰਹੇ ਹਨ, ਜਦੋਂ ਉਹ ਬਣੇ ਸੀ ਤਾਂ ਉਨਾਂ ਦੀਆਂ ਬਿਲਡਿੰਗਾਂ ਬੜੀਆਂ ਅਛੀਆਂ ਸੀ, ਪਰ ਅਜ ਉਨ੍ਹਾਂ ਦੀਆਂ ਬਿਲਡਿੰਗਾਂ ਤਬਾਹ ਹੋ ਗਈਆਂ ਹਨ। ਉਨ੍ਹਾਂ ਦੀਆਂ ਛੱਤਾਂ ਗਿਰ ਚੁਕੀਆਂ ਹਨ। ਪਿਛੇ ਜਿਹੇ ਤਿੰਨ ਬੱਚੇ ਛੱਤ ਹੇਠ ਆ ਕੇ ਮਰ ਗਏ। ਇਨ੍ਹਾਂ ਬਿਲਡਿੰਗਾਂ ਦੀ ਮੇਨਟੇਨੈਂਸ ਦਾ ਸਰਕਾਰ ਨੂੰ ਕੋਈ ਤਰੀਕਾਕਾਰ ਅਪਨਾਉਣਾ ਚਾਹੀਦਾ ਹੈ। ਇਕ ਗੱਲ ਮੈਂ ਟੀਚਰਜ਼ ਦੀ ਕਰਨੀ ਹੈ ਉਹ ਇਹ ਕਿ ਗਵਰਨਮੈਂਟ ਟੀਚਰਜ਼ ਦੀਆਂ ਤਨਖਾਹਾਂ ਵਧ ਗਈਆਂ ਹਨ, ਉਨ੍ਹਾਂ ਦਾ ਸਭ ਕੁਝ ਹੋ ਗਿਆ ਹੈ ਪਰ ਬਦਕਿਸਮਤੀ ਦੀ ਗੱਲ ਇਹ ਹੈ ਕਿ ਪਿੰਡਾਂ ਦੇ ਟੀਚਰਜ਼ ਆਮ ਸ਼ਰਾਬ ਪੀਂਦੇ ਹਨ। ਇਸ ਦਾ ਉਨ੍ਹਾਂ ਤੋਂ ਪੜ੍ਹਨ ਵਾਲੇ ਬੱਚਿਆਂ ਦੇ ਇਖਲਾਕ ਤੇ ਅਸਰ ਪੈਂਦਾ ਹੈ। ਜੇ ਉਹ ਪੀਣ ਤਾਂ ਚੋਰੀ ਪੀਣ, ਨਹੀਂ ਤਾਂ ਉਹ ਸ਼ਰਾਬ ਆਮ ਨਾ ਪੀਣ ਉਨ੍ਹਾਂ ਦਾ ਬੱਚਿਆਂ ਦੇ ਇਖਲਾਕ ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਅਵਲ ਤਾਂ ਉਨ੍ਹਾਂ ਨੂੰ ਪੀਣੀ ਹੀ ਨਹੀਂ ਚਾਹੀਦੀ, ਉਹ ਇਸ ਦੇਸ਼ ਦੀ ਬਣ ਰਹੀ ਪਨੀਰੀ ਨੂੰ ਉਸਾਰਨ ਵਾਲੇ ਹਨ।

ਇਕ ਗੱਲ ਏਥੇ ਮੇਰੇ ਮੁਹਤਰਮ ਮੈਂਬਰ ਨੇ ਕਹੀ ਸੀ ਕਿ ਤੁਸੀਂ ਤਾਂ ਵਾਕ ਆਊਟ ਕਰ ਗਏ। ਮੈਨੂੰ ਮਾਣ ਹੈ ਕਿ ਅਸੀਂ ਪੰਜਾਬੀ ਹਾਂ, ਸਾਨੂੰ ਪੰਜਾਬ ਵਿਚ ਰਹਿਣ ਦਾ ਮਾਣ ਹੈ ਪਜਾਬੀ ਬੋਲੀ ਦੇ ਨਾਲ ਸਾਨੂੰ ਪਿਆਰ ਹੈ। ਜਿਤਨੀ ਸਾਨੂੰ ਪੰਜਾਬੀ ਪਿਆਰੀ ਹੈ ਇਸ ਤੋਂ ਜ਼ਿਆਦਾ ਹੋਰ ਕੋਈ ਚੀਜ਼ ਹੋ ਹੀ ਨਹੀਂ ਸਕਦੀ। ਪਰ ਮੈਂ ਇਹ ਕਹਾਂਗਾ ਕਿ ਸਾਨੂੰ ਏਥੇ ਕਿਸੇ ਨੂੰ ਹਿੰਦੂ ਅਤੇ ਕਿਸੇ ਨੂੰ ਸਿਖ ਦੇ ਨਾਉਂ ਨਾਲ ਬੁਲਾਉਣਾ ਨਹੀਂ ਚਾਹੀਦਾ। ਸਾਨੂੰ ਸੋਚਣਾ ਚਾਹੀਦਾ ਹੈ ਕਿ ਅਸੀਂ ਸਾਰੇ ਹੀ ਮਿਤਰ ਹਾਂ, ਪੰਜਾਬ ਵਾਸੀ ਹਾਂ, ਸਾਡੇ ਇਕਠੇ ਰਹਿਣ ਦੇ ਨਾਲ ਹੀ ਇਸ ਦੇਸ਼ ਦਾ ਭਲਾ ਹੋ ਸਕਦਾ ਹੈ; ਸਾਨੂੰ ਹਿੰਦੂ ਸਿੱਖ ਦਾ ਵਿਤਕਰਾ ਨਹੀਂ ਕਰਨਾ ਚਾਹੀਦਾ। ਅਸੀਂ ਤਾਂ ਸਿਰਫ ਇਸੇ ਲਈ ਹੀ ਕਹਿੰਦੇ ਸੀ ਕਿ ਜੇ ਤੁਹਾਨੂੰ ਪੰਜਾਬੀ ਭਾਸ਼ਾ ਦਾ ਇਤਨਾ ਫਿਕਰ ਹੈ ਤਾਂ ਹਿੰਦੀ ਭਾਸ਼ਾ ਦਾ ਕਿਉਂ ਨਹੀਂ। ਜਿਤਨਾ ਮਾਣ ਅਸੀਂ ਪੰਜਾਬੀ ਭਾਸ਼ਾ ਦਾ ਕਰਦੇ ਹਾਂ ਸਾਨੂੰ ਉਤਨਾ ਮਾਣ ਰਾਸ਼ਟਰ ਭਾਸ਼ਾ ਹਿੰਦੀ ਦਾ ਵੀ ਕਰਨਾ ਚਾਹੀਦਾ ਹੈ।

ਇਕ ਗੱਲ ਇਥੇ ਕਹੀ ਗਈ ਸੀ ਕਿ ਜਿਸ ਵੇਲੇ ਕਾਂਗਰਸ ਦੀ ਸਰਕਾਰ ਸੀ ਉਸ ਵੇਲੇ ਕਾਂਗਰਸੀ ਕਾਰਾਂ ਵਿਚ ਜਾ ਕੇ ਬਾਰਡਰ ਤੇ ਸਮਗਲਿੰਗ ਕਰਦੇ ਸਨ। ਸਮਗਲਿੰਗ ਜੋ ਵੀ ਕਰਦਾ ਹੈ ਭਾਵੇਂ ਉਹ ਕਾਂਗਰਸੀ ਹੈ ਜਾਂ ਗ਼ੈਰ ਕਾਂਗਰਸੀ ਉਹ ਕੰਮ ਬੁਰਾ ਹੀ ਕਰਦਾ ਹੈ। ਜਿਹੜਾ ਬੇਈਮਾਨੀ ਕਰਦਾ ਹੈ ਭਾਵੇਂ ਉਹ ਕੋਈ ਵੀ ਕਿਉਂ ਨਾ ਹੋਵੇ ਆਖਿਰ ਉਹ ਬੁਰਾ ਕੰਮ ਕਰਦਾ ਹੈ। ਅਗੇ ਸਮਗਲਿੰਗ ਕਰਨ ਲਈ ਕਾਰਾਂ ਵਿਚ ਫਲੈਗ ਲਾ ਕੇ ਬਾਰਡਰ ਤੇ ਜਾਂਦੇ ਸੀ ਹੁਣ ਬਾਰਡਰ ਤੇ ਅਕਾਲੀ ਕਾਰਾਂ ਤੇ ਝੰਡੀਆਂ ਲਾਈ ਫਿਰਦੇ ਹਨ। ਅਜੇ ਮੈਂ ਉਸ ਸਾਹਿਬ ਦਾ ਨਾਉਂ ਨਹੀਂ ਲੈਣਾ ਜਦੋਂ ਵੇਲਾ ਆਇਆ ਇਹ ਵੀ ਦੱਸ ਦੇਵਾਂਗਾ। (ਹਾਸਾ) ਜਿਹੜਾ ਬੇਈਮਾਨ ਹੈ ਉਹ ਹਰ ਹਾਲਤ ਵਿਚ ਬੇਈਮਾਨ ਹੈ ਭਾਵੇਂ ਕਾਂਗਰਸ ਵਿਚ ਹੈ ਭਾਵੇਂ ਕਿਸੇ ਹੋਰ ਪਾਰਟੀ ਵਿਚ। ਅਕਾਲੀ ਪਾਰਟੀ ਵਿਚ ਵੀ ਇਸ ਤਰ੍ਹਾਂ ਦੇ ਹੋ ਸਕਦੇ ਹਨ। ਜਿਹੜੇ ਵੀ ਚੰਗੇ ਗੁਣਾਂ ਦੇ ਮਾਲਕ ਹਨ ਮੈਂ ਤਾਂ ਉਨ੍ਹਾਂ ਦੀ ਪ੍ਰਸ਼ੰਸਾ ਕਰਦਾ ਹਾਂ। ਜੇ ਅਸੀਂ ਚੰਗੇ ਦੀ ਪ੍ਰਸ਼ੰਸਾ ਕਰੀਏ ਉਹਦੇ ਪੈਰੋਕਾਰ ਹੋਈਏ ਤਾਂ ਇਸ ਤਰ੍ਹਾਂ ਹੋਰ ਵੀ ਸੁਧਰ ਸਕਦੇ ਹਨ। ਪਰ ਜਿਨ੍ਹਾਂ ਦੀ ਮੇਹਰਬਾਨੀ ਨਾਲ ਸਾਰੀ ਜਮਾਤ ਨੂੰ ਨੁਕਸਾਨ ਪੁਜਦਾ ਹੈ ਸਾਨੂੰ ਸਮਾਜ ਤੇ ਇਕ ਕਲੰਕ ਸਮਝ ਕੇ ਇਹ ਦੂਰ ਕਰਨਾ ਚਾਹੀਦਾ ਹੈ।

ਆਖਿਰ ਵਿਚ ਮੈਂ ਇਕ ਗੱਲ ਮੁਲਾਜ਼ਮਾਂ ਦੇ ਮੁਤਾਲਿਕ ਵੀ ਕਰਨੀ ਹੈ। ਮੁਲਾਜ਼ਮ ਹਮੇਸ਼ਾਂ ਸਰਕਾਰ ਦੀ ਇਕ ਤਰ੍ਹਾਂ ਦੀ ਰੀੜ ਦੀ ਹੱਡੀ ਹੁੰਦੇ ਹਨ। ਉਨ੍ਹਾਂ ਨਾਲ ਸਖ਼ਤੀ ਵਾਲਾ ਸਲੂਕ ਅਖਤਿਆਰ ਨਹੀਂ ਕਰਨਾ ਚਾਹੀਦਾ। ਤੁਸੀਂ ਆਰਾਮ ਨਾਲ ਉਨ੍ਹਾਂ ਨੂੰ ਬੁਲਾ ਕੇ ਆਪਣੀ ਕਹੋ ਤੇ ਉਨ੍ਹਾ ਦੀ ਸੁਣੋ। ਆਪਸ ਵਿਚ ਫੈਸਲਾ ਕਰਕੇ ਉਸ ਤੇ ਅਮਲ ਕਰੋ। ਇਸ ਸਰਕਾਰ ਨੂੰ ਇਕ ਭਾਰੀ ਖਤਰਾ ਕਿਸੇ ਵੇਲੇ ਵੀ ਬੰਬ ਸ਼ੈਲ ਦੀ ਤਰ੍ਹਾਂ ਨੁਕਸਾਨਦਾਇਕ ਹੋ ਸਕਦਾ ਹੈ। ਬ੍ਰਿਟਸ਼ ਸਰਕਾਰ ਵੇਲੇ ਇਨ੍ਹਾਂ ਦੀ ਬਦੌਲਤ ਬੜੀਆਂ ਐਜੀਟੇਸ਼ਨਾਂ ਚਲੀਆਂ ਅਤੇ ਕਈ ਥਾਈਂ ਜਦੋਂ ਠੀਕ ਨਹੀਂ ਸਮਝਿਆ ਇਹ ਚੁਪ ਕਰ ਗਏ ਅਤੇ ਜਦੋਂ ਮੌਕਾ ਲਗਿਆ ਇਹ ਭੜਕ ਜਾਂਦੇ ਸੀ ਅਤੇ ਇਨ੍ਹਾਂ ਨੇ ਅੰਗਰੇਜ਼ਾਂ ਨੂੰ ਇਥੋਂ ਕਢ ਕੇ ਦਮ ਲਿਆ। ਤੁਸੀਂ ਵੀ, ਮੈਂ ਬੇਨਤੀ ਕਰਾਂਗਾ ਕਿ ਇਹ ਮੇਰੀ ਇਕ ਛੋਟੀ ਜਿਹੀ ਗੱਲ ਹੈ, ਇਸ ਤੇ ਅਮਲ ਕਰੋ, ਇਨ੍ਹਾਂ ਨਾਲ ਮਿਲ ਮਿਲਾ ਕੇ ਕੋਈ ਫੈਸਲਾ ਕਰੋ ਤਾਂ ਜੋ ਹਮੇਸ਼ਾ ਲਈ ਇਹ ਗਲ ਖ਼ਤਮ ਹੋ ਜਾਏ।

ਸਾਥੀ ਰੂਪ ਲਾਲ (ਮੋਗਾ): ਡਿਪਟੀ ਸਪੀਕਰ ਸਾਹਿਬ, ਮੈਂ ਐਪ੍ਰੋਪਰੀਏਸ਼ਨ ਬਿਲ ਤੇ ਬੋਲਣ ਲਈ ਖੜਾ ਹੋਇਆ ਹਾਂ। ਅਪੋਜ਼ੀਸ਼ਨ ਵਾਲਿਆਂ ਨੂੰ ਚਾਹੀਦਾ ਸੀ ਕਿ ਉਹ ਕੋਈ ਸੁਝਾਉ ਦੇਂਦੇ, ਸਰਕਾਰ ਨੂੰ ਕੋਈ ਬੁਨਿਆਦੀ ਗੱਲਾਂ ਦਸਦੇ ਤਾਂ ਜੋ ਇਸ ਦਾ ਸਰਕਾਰ ਗੌਰ ਕਰ ਕੇ ਲੋਕਾਂ ਦੇ ਲਾਭ ਲਈ ਕੋਈ ਉਸਾਰੂ ਕੰਮ ਕਰਦੀ। ਪਰ ਉਨ੍ਹਾਂ ਵਲੋਂ ਕੋਈ ਸੁਝਾਉ ਨਹੀਂ ਆਇਆ। ਮੈਂ ਅਰਜ਼ ਕਰਾਂ ਕਿ ਹਿੰਦੁਸਤਾਨ ਦੇ ਆਜ਼ਾਦ ਹੋਣ ਤੋਂ ਬਾਅਦ ਜਦੋਂ ਵੀ ਸੂਬਿਆਂ ਵਿਚ ਸਾਡੀਆਂ ਆਜ਼ਾਦ ਹਕੂਮਤਾਂ ਬਣੀਆਂ ਤਾਂ ਸਭ ਤੋਂ ਪਹਿਲਾਂ ਸਵਾਲ ਇਹ ਹੋਇਆ ਕਿ ਆਪਣੀਆਂ ਬੁਨਿਆਦੀ ਜ਼ਰੂਰਤਾਂ

[ਸਾਥੀ ਰੂਪ ਲਾਲ]

ਕਿਵੇਂ ਪੂਰੀਆਂ ਕਰੀਏ । ਕਾਂਗਰਸ ਸਰਕਾਰ ਵਲੋਂ ਜਾਂ ਹੋਰ ਹਕੂਮਤਾਂ ਵੱਲੋ 22-23 ਸਾਲ ਦੇ ਅਰਸੇ ਵਿਚ ਜੋ ਕੁਝ ਵੀ ਹੋਇਆ ਹੈ ਉਹ ਮੈਂ ਨਹੀਂ ਦੁਹਰਾਉਂਦਾ । 22-23 ਸਾਲ ਤੋਂ ਬਾਅਦ ਇਨ੍ਹਾਂ ਸਰਕਾਰਾਂ ਨੇ ਇਹ ਸੋਚ ਕੇ ਕਿ ਹੁਣ ਤੱਕ ਜਿਹੜੀਆਂ ਸਾਡੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਨਹੀਂ ਹੋਈਆਂ । ਕੀ ਕੀਤਾ ਜਾਵੇ ਕਿਵੇਂ ਸਾਡਾ ਸੂਬਾ ਤਰੱਕੀ ਕਰੇ । ਇਹ ਇਕ ਮੰਨੀ ਹੋਈ ਗੱਲ ਹੈ ਕਿ ਪੰਜਾਬ ਹਿੰਦੁਸਤਾਨ ਦਾ ਇਕ ਜ਼ਰਾਇਤੀ ਸੂਬਾ ਹੈ ਸਾਡਾ ਇਹ ਇਕ ਜ਼ਰੀਆ ਹੈ ਕਿ ਏਥੋਂ ਦੀ ਜ਼ਰਾਇਤੀ ਪੈਦਾਵਾਰ ਨੂੰ ਵਧਾਇਆ ਜਾਵੇ । ਇਸ ਦੇ ਲੋਕਾਂ ਦੇ ਭਲੇ ਲਈ ਇਥੋਂ ਵਾਸਤੇ ਸਾਨੂੰ ਜ਼ਰਾਇਤੀ ਢੰਗ ਇਖਤਿਆਰ ਕਰਨੇ ਚਾਹੀਦੇ । ਜਿਥੋਂ ਤੱਕ ਮੈਂ ਸਮਝਦਾ ਹਾਂ ਇਥੋਂ ਦੇ ਕਿਸਾਨ ਦੀ ਤਰੱਕੀ ਜ਼ਰਾਇਤ ਦੀ ਤਰੱਕੀ ਹੈ ਸਾਨੂੰ ਚਾਹੀਦਾ ਹੈ ਕਿ ਅਸੀਂ ਕਿਸਾਨ ਦੀਆਂ ਜ਼ਰੂਰਤਾਂ ਪੂਰੀਆਂ ਕਰੀਏ । ਕਿਸਾਨ ਦੀ ਜ਼ਰੂਰਤ ਹੈ ਕੀ ਉਹਦੇ ਮੰਡੀਆਂ ਤੱਕ ਦਾਣੇ ਪੁਚਾਉਣ ਲਈ ਸੜਕਾਂ ਹੋਣ, ਉਸ ਨੂੰ ਵਾਹੀ ਲਈ ਟਰੈਕਟਰ ਅਤੇ ਨਵੇਂ ਨਵੇਂ ਇੰਪਲੀਮੈਂਟ ਮਿਲਣ, ਉਸ ਨੂੰ ਖਾਦ ਮਿਲੇ, ਉਸ ਨੂੰ ਪਾਣੀ ਮਿਲੇ, ਉਸ ਦੀਆਂ ਸਾਰੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਹੋਣ ।

5 08 (ਇਸ ਵੇਲੇ ਸ੍ਰੀ ਸਪੀਕਰ ਪ੍ਰਧਾਨਗੀ ਦੀ ਕੁਰਸੀ ਤੇ ਬੈਠੇ)

ਜੋ ਵੀ ਵਧ ਤੋਂ ਵਧ ਅਸੀਂ ਕਰ ਸਕਦੇ ਸੀ ਉਹੀ ਅਸੀਂ ਕਰਨਾ ਸ਼ੁਰੂ ਕਰ ਦਿਤਾ । ਕਿਸਾਨ ਦੀ ਸਹੂਲਤ ਲਈ ਕਾਂਗਰਸ ਰਾਜ ਵਿਚ 22-23 ਸਾਲ ਵਿਚ ਜਿਹੜਾ 10 ਮੀਲ ਤੋਂ ਵਧ ਕਦੇ ਟੋਟਾ ਹੀ ਨਹੀਂ ਬਣਿਆਂ ਅਸੀਂ 1967 ਤੋਂ ਲੈ ਕੇ ਸਾਰਾ ਮਸਲਾ ਹੀ ਸੜਕਾਂ ਦਾ ਹੱਲ ਕਰ ਦਿਤਾ । ਇਸੇ ਤਰ੍ਹਾਂ ਗੈਰ ਮੁਲਕਾਂ ਵਿਚ ਜਾ ਕੇ ਅਸੀਂ ਇਸ ਤਰ੍ਹਾਂ ਟਰੈਕਟਰਾਂ ਦਾ ਮਸਲਾ ਹੱਲ ਕੀਤਾ ਕਿ ਅਜ ਕਿਸੇ ਦੇ ਅਧੀਨ ਹੋਣ ਦੀ ਲੋੜ ਨਹੀਂ । ਪਾਣੀ ਦਾ ਮਸਲਾ ਵੀ ਇਕ ਜ਼ਰੂਰੀ ਸੀ । ਇਹ ਵੀ ਹੱਲ ਕੀਤਾ । ਇਸੇ ਤਰ੍ਹਾਂ ਬਿਜਲੀ ਦਾ ਵੀ ਮਸਲਾ ਲਿਆ । ਅਸੀਂ ਆਰਾਮ ਨਾਲ ਉਹ ਗੱਲਾਂ ਤਾਂ ਹੱਲ ਕੀਤੀਆਂ ਜਿਹੜੀਆਂ ਦੇ ਸਾਨੂੰ ਇਖਤਿਆਰਤ ਸਨ ਪਰ ਜਿਹੜੀਆਂ ਕਾਂਗਰਸ ਸਰਕਾਰ ਦੇ ਹੱਥ ਵਿਚ ਸੀ ਸੈਂਟਰ ਦੀ ਸਰਕਾਰ ਦੇ ਅਧੀਨ ਸੀ ਉਨ੍ਹਾਂ ਨੂੰ ਹੱਲ ਕਰਨ ਵਿਚ ਸਾਨੂੰ ਬਹੁਤ ਮੁਸ਼ਕਿਲ ਆਈ । ਇਨ੍ਹਾਂ ਔਕੜਾਂ ਦੇ ਵਿਚ ਬਿਜਲੀ ਦੀ ਸਭ ਤੋਂ ਵਡੀ ਔਕੜ ਸੀ । ਇਸ ਦੇ ਮੁਤਅੱਲਕ ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ । ਪਿਛਲੇ ਸਾਲ ਦੀ ਪੈਦਾਵਾਰ ਦੇ ਵਿਚੋਂ ਅਸੀਂ 25 ਲੱਖ ਟਨ ਸੈਂਟਰ ਦੀ ਸਰਕਾਰ ਨੂੰ ਦਿੱਤਾ । ਫੇਰ ਵੀ ਸਾਡਾ ਬਹੁਤਾ ਨੁਕਸਾਨ ਇਸ ਗੱਲ ਵਿਚ ਹੋ ਗਿਆ ਕਿ ਕਣਕ ਦੀ ਫ਼ਸਲ ਕਟੀ ਗਈ ਜਿਹੜੀ ਕਿ ਥ੍ਰੈਸ਼ਰਾਂ ਰਾਹੀਂ ਕਢਣੀ ਸੀ ਪਰ ਸੈਂਟਰ ਦੀ ਸਰਕਾਰ ਦਾ ਬਿਜਲੀ ਤੇ ਕੰਟਰੋਲ ਸੀ ਉਨ੍ਹਾਂ ਨੇ 12-13 ਦਿਨ ਬਿਜਲੀ ਹੀ ਨਹੀਂ ਦਿੱਤੀ ਜਿਸ ਦਾ ਨਤੀਜਾ ਇਹ ਹੋਇਆ ਕਿ ਇਨ੍ਹਾਂ ਦਿਨਾਂ ਤੋਂ ਬਾਅਦ ਬਾਰਸ਼ ਆ ਗਈ ਅਤੇ ਪੰਜਾਬ ਦੀ 12-13 ਕਰੋੜ ਰੁਪਏ ਦੀ ਫ਼ਸਲ ਦਾ ਨੁਕਸਾਨ ਹੋਇਆ । ਜੇ ਸੈਂਟਰ ਦੀ ਸਰਕਾਰ ਸਾਡੇ ਨਾਲ ਵਿਤਕਰੇ ਤੋਂ ਕੰਮ ਨਾ ਲਵੇ ਤਾਂ ਅਸੀਂ ਕਿਤੇ ਵੱਧ ਤਰੱਕੀ ਕਰ ਸਕਦੇ ਹਾਂ । ਅਸੀਂ ਪਾਣੀ ਦੀ ਕਮੀ ਮਹਿਸੂਸ ਕੀਤੀ ਅਤੇ ਥੀਨਡੈਮ ਬਣਾਉਣਾ ਸ਼ੁਰੂ ਕਰ ਦਿੱਤਾ (ਵਿਘਨ-ਸ਼ੋਰ) ਮੈਂ ਉਸ ਗਲ ਤੇ ਵੀ ਆਉਂਦਾ ਹਾਂ । ਮੈਂ ਕਹਿੰਦਾ ਹਾਂ ਕਿ ਅੱਜ ਉਹ ਲੋਕ ਜਿਹੜੇ ਕਹਿੰਦੇ ਸਨ ਕਿ ਪਾਕਿਸਤਾਨ ਨੂੰ ਉਸ ਦਾ ਹਿੱਸਾ ਕਿਉਂ ਦਿੱਤਾ ਅਤੇ ਭੁੱਖ-ਹੜਤਾਲਾਂ ਕਰਦੇ ਸਨ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ 20 ਸਾਲ ਰਾਜ ਕਰਦੇ ਰਹੇ ਉਨ੍ਹਾਂ ਨੇ ਕਦੇ ਇਹ ਨਾ ਸੋਚਿਆ ਕਿ ਉਨ੍ਹਾਂ ਇਸ ਅਰਸੇ ਵਿਚ ਇਕ ਅਰਬ ਦਾ ਪਾਣੀ ਪਾਕਿਸਤਾਨ ਨੂੰ ਦਿੱਤਾ ਹੈ ।

ਇਸ ਦੇ ਬਦਲੇ ਵਿਚ ਉਹ ਮੰਗਲਾ-ਡੈਮ ਬਣਾ ਕੇ ਆਪਣੇ ਦਰਿਆਵਾਂ ਦੇ ਪਾਣੀ ਨੂੰ ਇਸਤੇਮਾਲ ਕਰ ਰਹੇ ਹਨ । ਪਰ ਥੀਨਡੈਮ ਦੇ ਨਾ ਬਨਾਉਣ ਦੇ ਕਾਰਨ ਸਾਡੇ ਦਰਿਆ ਦਾ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ । ਜੇ ਹੁਣ ਤੋਂ ਉਥੇ ਬੰਨ੍ਹ ਮਾਰਨਾ ਸ਼ੁਰੂ ਕਰੀਏ ਤਾਂ ਵੀ 7 ਸਾਲ ਉਹ ਪਾਣੀ ਪਾਕਿਸਤਾਨ

ਜਾਂਦਾ ਰਹੇਗਾ। ਜਿਹੜੀ ਪਾਰਟੀ ਇਥੇ ਰਾਜ ਕਰਦੀ ਰਹੀ ਹੈ, ਜੇ ਇਸ ਨੂੰ ਕੋਈ ਪਰਖਣ ਵਾਲਾ ਹੋਵੇ ਤਾਂ ਉਨ੍ਹਾਂ ਸਿਆਸਤਦਾਨਾਂ ਨੂੰ ਚੌਕਾਂ ਦੇ ਵਿਚ ਖੜੇ ਕਰ ਕੇ ਕੋੜੇ ਮਾਰੇ (ਵਿਘਨ) (ਥੰਪਿੰਗ) ਮੈਂ ਸਮਝਦਾ ਹਾਂ ਕਿ ਅਸੀਂ ਧਾਰਮਿਕ ਲੋਕ ਹਾਂ ਜਿਸ ਕਰ ਕੇ ਸਮਝਦੇ ਹਾਂ ਕਿ ਇਹ ਰਾਜ ਸਮੇਂ ਦੇ ਹਿਸਾਬ ਦੇ ਨਾਲ ਵੰਡੇ ਹੋਏ ਹਨ। ਕਦੇ ਸਤਯੁਗ ਅਤੇ ਕਦੇ ਕਲਯੁਗ। ਸ੍ਰੀ ਰਾਮ ਚੰਦਰ ਜੀ ਨੇ ਖੁਸਰਿਆਂ ਨੂੰ ਵਰ ਦਿਤਾ ਸੀ ਕਿ ਇੰਨੇ ਸਮੇਂ ਤੋਂ ਇੰਨੇ ਸਮੇਂ ਤਕ ਖੁਸਰਿਆਂ ਦਾ ਰਾਜ ਰਹੇਗਾ। (ਹਾਸਾ) ਇਹ ਉਹ ਰਾਜ ਸੀ। ਇਹ ਇਥੇ ਬੇਈਮਾਨੀ ਕਰਦੇ ਰਹੇ, ਰੁਪਿਆ ਬਣਾਉਂਦੇ ਰਹੇ। ਇਨ੍ਹਾਂ ਦੇ ਇਹ ਚਾਲੇ ਰਹੇ ਅਤੇ ਜਨਤਾ ਨੂੰ ਭਠੀ ਵਿਚ ਸੁਟ ਦਿਤਾ ਸੀ। ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਜਪਾਨ ਅਤੇ ਜਰਮਨੀ ਜੰਗ ਵਿਚ ਤਬਾਹ ਹੋ ਗਏ ਸੀ ਇਥੋਂ ਤਕ ਕਿ ਉਥੋਂ ਦੇ ਮਕਾਨ ਅਤੇ ਜ਼ਮੀਨਾਂ ਆਦਿ ਬੰਬਾਂ ਨਾਲ ਤਬਾਹ ਹੋ ਗਏ ਸੀ। ਹੁਣ ਤਕ ਵੀ ਜਪਾਨ ਵਿਚ ਜੋ ਬੱਚੇ ਪੈਦਾ ਹੁੰਦੇ ਹਨ ਉਹ ਲੂਲੇ ਲੰਗੜੇ ਪੈਦਾ ਹੁੰਦੇ ਹਨ। ਪਰ ਅਜ ਉਹ ਮੁਲਕ ਬਹੁਤ ਤਰੱਕੀ ਕਰ ਗਏ ਹਨ। ਉਨ੍ਹਾਂ ਵਿਚ ਤਬਾਹੀ ਆਇਆਂ 24-25 ਸਾਲ ਹੀ ਹੋਏ ਹਨ ਪਰ ਅਜ ਉਹ ਚੰਨ ਤੇ ਜਾਣ ਦੀਆਂ ਗਲਾਂ ਸੋਚ ਰਹੇ ਹਨ। ਪਰ ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ ਵੀ 24-25 ਸਾਲ ਹੋ ਗਏ ਹਨ, ਪਰ ਇਥੇ ਦਾ ਸਤਿਆਨਾਸ ਇਨ੍ਹਾਂ ਨੇ ਕਰ ਦਿਤਾ ਹੈ। ਜੇ ਪੰਜਾਬੀ ਸੂਬਾ ਬਣਾਇਆ ਹੈ ਤਾਂ ਉਹ ਵੀ ਫਿਰਕੂ ਅਧਾਰ ਤੇ। ਮੈਂ ਸਮਝਦਾ ਹਾਂ ਕਿ ਕਾਂਗਰਸ ਤੋਂ ਵਧ ਕੇ ਫ਼ਿਰਕੂ ਜਮਾਤ ਹੋਰ ਕੋਈ ਹੈ ਨਹੀਂ। ਅਸੀਂ ਐਵੇਂ ਅਕਾਲੀਆਂ ਅਤੇ ਜਨ ਸੰਘੀਆਂ ਨੂੰ ਬਦਨਾਮ ਕਰਦੇ ਹਾਂ। ਕਾਂਗਰਸ ਸਭ ਤੋਂ ਵਧ ਕੇ ਫਿਰਕੂ ਜਮਾਤ ਹੈ। ਇਹ ਜਿਥੇ ਵੀ ਕੋਈ ਉਮੀਦਵਾਰ ਖ਼ੜਾ ਕਰਨਗੇ ਇਹ ਸੋਚ ਕੇ ਕਰਨਗੇ ਕਿ ਇਥੇ ਹਿੰਦੂ ਜ਼ਿਆਦਾ ਹਨ ਇਸ ਲਈ ਕਿਸੇ ਰੋਡੇ ਨੂੰ ਖੜਾ ਕੀਤਾ ਜਾਵੇ, ਇਥੇ ਕੇਸਾਧਾਰੀ ਜ਼ਿਆਦਾ ਹਨ ਇਸ ਲਈ ਇਥੇ ਕਿਸੇ ਸਿੱਖ ਨੂੰ ਖੜਾ ਕੀਤਾ ਜਾਵੇ, ਜੇ ਪੰਜਾਬੀ ਸੂਬਾ ਬਣਾਇਆ ਵੀ ਤਾਂ ਫਿਰਕੂ ਅਧਾਰ ਤੇ। ਇਨ੍ਹਾਂ ਨੇ ਪੰਜਾਬੀ ਸੂਬਾ ਮੰਗਿਆ ਸੀ ਭਾਸ਼ਾ ਦੇ ਅਧਾਰ ਤੇ ਅਤੇ ਉਨ੍ਹਾਂ ਨੇ ਦਿੱਤਾ ਫਿਰਕੂ ਅਧਾਰ ਤੇ। ਇਸ ਤਰ੍ਹਾਂ ਹੀ ਚੰਡੀਗੜ੍ਹ ਦਾ ਝਗੜਾ ਪਿਆ ਤਾਂ ਇਹ ਸੋਚ ਲਿਆ ਕਿ ਇਥੇ ਰੋਡੇ ਜ਼ਿਆਦਾ ਹਨ ਇਸ ਲਈ ਇਹ ਹਰਿਆਣੇ ਨੂੰ ਦੇ ਦਿਉ ਅਤੇ ਇਥੇ ਸਿੱਖ ਜ਼ਿਆਦਾ ਹਨ ਇਸ ਲਈ ਇਹ ਹਿੱਸਾ ਪੰਜਾਬ ਨੂੰ ਦੇ ਦਿਓ। ਇਨ੍ਹਾਂ ਨੇ ਅੰਗਰੇਜ਼ਾਂ ਤੋਂ ਇਕ ਚੀਜ਼ ਲਈ ਹੈ ਕਿ ਪਾੜੋ ਅਤੇ ਰਾਜ ਕਰੋ (ਥੰਪਿੰਗ) ਦੂਸਰਿਆਂ ਸੂਬਿਆਂ ਦੇ ਵਿਚ ਇਹ ਹਿੰਦੂ ਅਤੇ ਮੁਸਲਮਾਨਾਂ ਨੂੰ ਲੜਾਉਂਦੇ ਹਨ ਅਤੇ ਇਥੇ ਪੰਜਾਬ ਵਿਚ ਹਿੰਦੂ ਸਿੱਖਾਂ ਨੂੰ ਲੜਾਉਂਦੇ ਹਨ।

ਸ੍ਰੀ ਸਪੀਕਰ : ਹੁਣ ਵਾਈਂਡ ਅਪ ਕਰ ਦਿਓ। (Please wind up now.)

ਸਾਥੀ ਰੂਪ ਲਾਲ : ਸਪੀਕਰ ਸਾਹਿਬ ਮੈਂ ਅਰਜ਼ ਕਰਦਾ ਹਾਂ ਕਿ ਸਾਡਾ ਸੂਬਾ ਸਾਰੀਆਂ ਗੱਲਾਂ ਦੇ ਵਿਚ ਅਗੇ ਹੈ ਅਤੇ ਇਹ ਹੋਰ ਤਰੱਕੀ ਕਰ ਸਕਦਾ ਹੈ ਜੇ ਇਸ ਕੋਲ ਸੋਰਸ ਹੋਣ। ਮੈਂ ਅਰਜ਼ ਕਰਦਾ ਹਾਂ ਕਿ ਬਨਾਸਪਤੀ ਘਿਓ, ਚੀਨੀ ਅਤੇ ਦਵਾਈਆਂ ਆਦਿ ਤੇ ਐਕਸਾਈਜ਼ ਡਿਊਟੀ ਸੈਂਟਰ ਦੀ ਸਰਕਾਰ ਲੈ ਲੈਂਦੀ ਹੈ ਅਤੇ ਇਨ੍ਹਾਂ ਦੀ ਖਪਤ ਸਾਰੇ ਦੇਸ਼ ਨਾਲੋਂ ਪੰਜਾਬ ਦੇ ਵਿਚ ਜ਼ਿਆਦਾ ਹੁੰਦੀ ਹੈ ਇਸ ਲਈ ਇਹ ਡਿਊਟੀ ਲਾਉਣ ਦਾ ਅਧਿਕਾਰ ਪੰਜਾਬ ਸਰਕਾਰ ਨੂੰ ਮਿਲਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਜੇ ਇਹ ਡਿਊਟੀ ਪੰਜਾਬ ਸਰਕਾਰ ਲਾ ਸਕੇ ਤਾਂ ਜਿਹੜਾ ਮਤਾ ਮੇਰੇ ਇਕ ਵੀਰ ਨੇ ਇਥੇ ਪੇਸ਼ ਕੀਤਾ ਹੈ, ਕਿ ਹਰ ਇਕ ਨੂੰ ਰੋਟੀ, ਕਪੜਾ, ਵਿਦਿਆ ਤੇ ਸਿਹਤ ਪ੍ਰੋਵਾਈਡ ਕੀਤੀ ਜਾਵੇ, ਉਹ ਵੀ ਪੂਰਾ ਹੋ ਸਕਦਾ ਹੈ। ਬੱਸ ਸਪੀਕਰ ਸਾਹਿਬ ਐਨੀ ਗੱਲ ਕਹਿ ਕੇ ਮੈਂ ਬੈਠ ਜਾਂਦਾ ਹਾਂ।

QUESTION OF PRIVILEGE.

Mr. Speaker: I have received a notice of a privilege motion from Sarvshri Umrao Singh, Rattan Singh, Satya Pal Dang and Sardari Lal Kapur which reads thus:—

> "That Shri Sohan Singh Bassi, Minister for Irrigation and Power while speaking on the point of Personal Explanation on 19th January, 1971, made a false and wrong statement in the House about his connections with the firm Excavators India Ltd. as alleged by Captain Rattan Singh in his speech on the same day. Mr. Bassi has, in his life sketch, as published on page 86 of the Who's Who of the Punjab Vidhan Sabha, stated to be a Director of the Excavator India Ltd. Mr. Bassi has deliberately given a wrong statement and thereby misled this House and affected the privileges of the members of the House. Hence this motion."

I may correct the hon. Members who have given notice of this Privilege Motion that Sardar Sohan Singh Bassi gave the personal explanation in question on the 21st January, 1971, and not on 19th January, 1971.

I have gone through the original proforma containing the facts of his biographical sketch which was furnished by the Minister on the 8th October, 1970, to the Vidhan Sabha Secretariat. At serial No. 18 he has mentioned the offices which he held and one of those was Director, Excavators India Ltd. Furthermore, if the biographical sketch as printed at page 86 of the 'Who's Who' were to be read minutely, it would be seen that it is mentioned there that he was Proprietor, Bassi and Co., Partner, Bhatt Bassi and Co., Director, Bassi and Co. (Pvt) Ltd., Calcutta, Director, continental construction (Pvt) Ltd, New Delhi and Director, Excavator India Ltd., New Delhi. In the original proforma, he has clearly mentioned that to quote his own words 'I was ....'. Further I also requested the Minister to clarify the position. He has told me that he resigned from these offices as soon as he assumed the duties of the Minister. It is, therefore, clear that these were offices which he held in the past and not those which he is now holding. Therefore, there is no question of privilege involved. Accordinlgy, I do not give my consent to the question of privilege being raised.

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਹੁਣ ਉਨ੍ਹਾਂ ਦਾ ਕੋਈ ਕੁਨੈਕਸ਼ਨ ਉਸ ਫ਼ਰਮ ਨਾਲ ਨਹੀਂ ਹੈ। ਮੇਰੀ ਅਰਜ਼ ਹੈ ਕਿ ਭਾਵੇਂ ਐਜ਼ ਏ ਡਰੈਕਟਰ ਉਨ੍ਹਾਂ ਦਾ ਕੋਈ ਕੁਨੈਕਸ਼ਨ ਨਹੀਂ ਹੈ ਪਰ ਉਨ੍ਹਾਂ ਦੇ ਸ਼ੇਅਰ ਤਾਂ ਇਨ੍ਹਾਂ ਦੇ ਵਿਚ ਹਨ। ਇਸ ਲਈ ਇਨ੍ਹਾਂ ਦਾ ਕੁਨੈਕਸ਼ਨ ਤਾਂ ਹੈ। ਇਸ ਲਈ ਇਹ ਮੋਸ਼ਨ ਲਿਆਉਂਦੀ ਹੈ।

Minister For Irrigation and Power (Sardar Sohan Singh Bassi) : Sir, I have got no share whatsoever in Excavator, India Ltd.

THE PUNJAB APPROPRIATION (VOTE-ON-ACCOUNT) BILL, 1971 (RESUMPTION OF CONSIDERATION)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਸਦਨ ਦੇ ਮੈਂਬਰਾਂ ਨੂੰ ਬੜੇ ਧਿਆਨ ਦੇ ਨਾਲ ਸੁਣਦਾ ਰਿਹਾ ਹਾਂ। ਕਈ ਮੈਂਬਰ ਸਾਹਿਬਾਨ ਨੇ ਬੜੇ ਕੰਸਟ੍ਰਕਟਿਵ ਸੁਝਾਵ ਦਿਤੇ ਹਨ ਅਤੇ ਕਈਆਂ ਨੇ ਮਹਿਜ਼ ਨੁਕਤਾਚੀਨੀ ਕਰਨ ਦੀ ਖਾਤਰ ਨੁਕਤਾਚੀਨੀ ਕੀਤੀ ਹੈ। ਸਪੀਕਰ ਸਾਹਿਬ ਮੈਂ ਜਿਥੇ ਉਨ੍ਹਾਂ ਵਲੋਂ

ਉਠਾਏ ਗਏ ਪੁਆਇੰਟਸ ਦਾ ਜਵਾਬ ਦਿਆਂਗਾ ਉਥੇ ਸਰਕਾਰ ਦੀ ਪਾਲਿਸੀ ਜੋ ਕਿ ਅਗਲੇ ਮਾਲੀ ਸਾਲ ਦੇ ਸਬੰਧ ਵਿਚ ਹੈ, ਅਰਜ਼ ਕਰਾਂਗਾ ।

ਸਪੀਕਰ ਸਾਹਿਬ, ਇਥੇ ਡਾਂਗ ਸਾਹਿਬ ਨੇ ਬੋਲਦੇ ਹੋਏ ਕਿਹਾ ਕਿ ਇਸ ਬਜਟ ਵਿਚ ਐਕਪਲੋਸਿਵ ਇਨਡਾਇਰੈਕਟ ਟੈਕਸਿਜ਼ ਹਨ । ਉਨ੍ਹਾਂ ਨੇ ਕਿਹਾ ਹੈ ਕਿ ਸਾਰੇ ਬਜਟ ਵਿਚ ਟੋਟਲ ਟੈਕਸਾਂ ਵਿਚ ਹਾਰਡਲੀ 13% ਡਾਇਰੈਕਟ ਟੈਕਸ ਹਨ ਬਾਕੀ ਇਨਡਾਇਰੈਕਟ ਹਨ । ਮੈਨੂੰ ਡਾਂਗ ਸਾਹਿਬ ਦੀ ਇਹ ਗਲ ਸੁਣ ਕੇ ਹੈਰਾਨੀ ਹੋਈ ਹੈ ਕਿ ਬਜਟ ਵਿਚ ਟੈਕਸ ਪ੍ਰਾਪਰਲੀ ਨਹੀਂ ਲਗਾਏ ਗਏ । ਪੁਜ਼ੀਸ਼ਨ ਇਹ ਹੈ ਕਿ ਪਿਛਲੇ ਦੋ ਸਾਲਾਂ ਦੇ ਵਿਚ ਪੰਜਾਬ ਵਿਚ ਡਾਇਰੈਕਟ ਟੈਕਸਾਂ ਨਾਲ 60% ਆਮਦਨ ਹੋਈ ਹੈ ।

ਇਹ ਇਕ ਮੇਜਰ ਸਟੈਪ ਹੈ । ਅਸੀਂ ਇਹ ਫ਼ੈਸਲਾ ਕੀਤਾ ਹੈ ਕਿ ਆਉਣ ਵਾਲੇ ਜ਼ਮਾਨੇ ਵਿਚ ਟੈਕਸਿਜ਼ ਦਾ ਭਾਰ ਉਸ ਤੇ ਪਾਇਆ ਜਾਵੇਗਾ ਜਿਸ ਵਿਚ ਕਿ ਇਹ ਟੈਕਸਿਜ਼ ਦੇਣ ਦੀ ਸ਼ਕਤੀ ਹੈ । ਜਿਹੜੇ ਇਹ ਟੈਕਸ ਨਹੀਂ ਦੇ ਸਕਣਗੇ ਉਨ੍ਹਾਂ ਤੇ ਇਹ ਟੈਕਸ ਬਿਲਕੁਲ ਨਹੀਂ ਲਗਾਏ ਜਾਣਗੇ । ਇਥੇ ਜਿਹੜੇ ਆਰਡੀਨੈਂਸਿਜ਼ ਪੇਸ਼ ਹੋਏ ਸਨ ਉਨ੍ਹਾਂ ਵਿਚ ਵੀ ਉਹ ਟੈਕਸ ਸਨ ਜਿਹੜੇ ਕਿ ਆਦਮੀ ਬਰਦਾਸ਼ਤ ਕਰ ਸਕਦੇ ਸੀ, ਇਹ ਉਨ੍ਹਾਂ ਤੇ ਲਗਾਏ ਗਏ ਸੀ । (ਥਪਿੰਗ) ਮੈਨੂੰ ਖੁਸ਼ੀ ਹੋਈ ਹੈ ਇਥੇ ਜੋ ਸਾਥੀ ਆਪੋਜ਼ੀਸ਼ਨ ਬੈਂਚਿਜ਼ ਤੇ ਬੈਠੇ ਹਨ ਇਨ੍ਹਾਂ ਨੇ ਕਈ ਟੈਕਸਿਜ਼ ਜਿਵੇਂ ਕਿ ਸਿਨੇਮਾ ਸ਼ੋ ਟੈਕਸ, ਵੈਹੀਕਲ ਟੈਕਸ ਅਤੇ ਨੰਗਲ ਫੈਕਟਰੀ ਉਤੇ ਇਲੈਕਟ੍ਰਿਸਿਟੀ ਡਿਊਟੀ, ਇਨ੍ਹਾਂ ਟੈਕਸਿਜ਼ ਨੂੰ ਐਪਰੀਸ਼ੀਏਟ ਕੀਤਾ ਹੈ । ਮੈਂ ਅਰਜ਼ ਕਰ ਦਿਆਂ ਡਾਂਗ ਸਾਹਿਬ ਵਰਗੇ ਸਜਣ ਜਿਹੜੇ ਕਿ ਪਰੋਗਰੈਸਿਵਇਜ਼ਮ ਦਾ ਪਰਚਾਰ ਕਰਦੇ ਹਨ; ਇਨ੍ਹਾਂ ਨੇ ਪਰੋਗਰੈਸਿਵਇਜ਼ਮ ਦਾ ਝੰਡਾ ਆਪਣੇ ਹਥ ਵਿਚ ਫੜਿਆ ਹੋਇਆ ਹੈ, ਇਨ੍ਹਾਂ ਨੂੰ ਜਿਹੜੇ ਅਗਾਂਹ ਵਧੂ ਕੰਮ ਕੀਤੇ ਜਾ ਰਹੇ ਹਨ ਉਨ੍ਹਾਂ ਨੂੰ ਵੈਲਕੰਮ ਕਰਨਾ ਚਾਹੀਦਾ ਸੀ । ਜੇ ਅਜਿਹੇ ਬੰਦੇ ਜਿਹੜੇ ਕਿ ਪਰੋਗਰੈਸਿਵਇਜ਼ਮ ਦਾ ਪਰਚਾਰ ਕਰਦੇ ਹੋਣ ਅਤੇ ਜਦੋਂ ਕੋਈ ਪਰੋਗ-ਰੈਸਿਵਇਜ਼ਮ ਦੀ ਗਲ ਹੋਵੇ ਤਾਂ ਉਹ ਉਸ ਗਲ ਨੂੰ ਵੈਲਕਮ ਨਾ ਕਰਨ ਤਾਂ ਲੋਕਾਂ ਵਿਚ ਇਹ ਚੀਜ਼ ਪੈਦਾ ਹੋ ਜਾਂਦੀ ਹੈ ਕਿ ਇਹ ਬੰਦੇ ਪਰੋਗਰੈਸਿਵ ਨਹੀਂ ਹਨ । ਟੈਕਸਿਜ਼ ਦਾ ਭਾਰ ਉਨ੍ਹਾਂ ਮੋਢਿਆਂ ਤੇ ਪਾਇਆ ਜਾਵੇਗਾ ਜਿਹੜੇ ਮੋਢੇ ਇਸ ਦਾ ਭਾਰ ਸਹਿ ਸਕਦੇ ਹੋਣਗੇ । ਜਿਹੜਾ ਰੁਪਿਆ ਇਨ੍ਹਾਂ ਟੈਕਸਿਜ਼ ਰਾਹੀਂ ਉਗਰਾਹਿਆ ਜਾਵੇਗਾ ਉਹ ਇਸ ਤਰ੍ਹਾਂ ਨਾਲ ਖਰਚ ਕੀਤਾ ਜਾਵੇਗਾ ਕਿ ਜਿਸ ਨਾਲ ਗਰੀਬ ਜਨਤਾ ਦਾ ਭਲਾ ਹੋਵੇ, ਗਰੀਬ ਲੋਕਾਂ ਨੂੰ ਉਸ ਦਾ ਫਾਇਦਾ ਪਹੁੰਚੇ । ਇਸ ਬਜਟ ਸਪੀਚ ਵਿਚ ਮੈਂ ਇਹ ਲਿਆਂਦਾ ਹੈ (ਵਿਘਨ) ਤੁਹਾਨੂੰ ਦਿਖਾਉਣ ਵਾਸਤੇ ਸਫਾ ਚਾਰ ਉਤੇ ਮੈਂ ਪੜ੍ਹਨਾ ਚਾਹੁੰਦਾ ਹਾਂ, ਇਸ ਤੋਂ ਇਹ ਪਤਾ ਲਗੇਗਾ ਕਿ ਜਿਹੜਾ ਰੁਪਿਆ ਉਗਰਾਹਿਆ ਜਾਂਦਾ ਹੈ ਉਹ ਗ਼ਰੀਬ ਜਨਤਾ ਵਾਸਤੇ ਕਿਸ ਤਰ੍ਹਾਂ ਖਰਚ ਕੀਤਾ ਜਾਵੇਗਾ ।

> "...... The constitution of the Scheduled Castes Land Development and Finance Corporation, Rural and Urban Development Boards, Small Farmer's Development Agencies and Adult Education Board are some of these Projects. The Marginal Farmers' and Agricultural Labourers' Scheme is also under active consideration of Government."

ਸਰ ਸਾਡਾ ਫੈਸਲਾ ਇਹ ਹੈ ਕਿ ਜਿੰਨੇ ਪੈਸੇ ਟੈਕਸਿਜ਼ ਰਾਹੀਂ ਇਕੱਠੇ ਹੋਣਗੇ ਉਹ ਇਸ ਢੰਗ ਨਾਲ ਖਰਚ ਕੀਤੇ ਜਾਣਗੇ ਕਿ ਉਸ ਦਾ ਗਰੀਬ ਜਨਤਾ ਨੂੰ ਫਾਇਦਾ ਪਹੁੰਚੇ ।

ਕਈ ਮੈਂਬਰਾਂ ਨੇ ਕਿਹਾ ਹੈ ਕਿ ਇਥੇ ਸ਼ਹਿਰੀ, ਪੇਂਡੂ, ਜਟ ਤੇ ਨਾਨ-ਜਟ ਦਾ ਸਵਾਲ ਪੈਦਾ ਕੀਤਾ ਜਾ ਰਿਹਾ ਹੈ । ਮੈਨੂੰ ਇਹ ਸੁਣ ਕੇ ਦੁਖ ਹੋਇਆ ਹੈ । ਮੈਂ ਦਸਣਾ ਚਾਹੁੰਦਾ ਹਾਂ ਕਿ ਮੌਜੂਦਾ

[ਵਿੱਤ ਮੰਤਰੀ]

ਸਰਕਾਰ ਨੇ ਕੋਸ਼ਿਸ਼ ਕੀਤੀ ਹੈ, ਅਸੀਂ ਇਹ ਫੈਸਲਾ ਕੀਤਾ ਹੈ ਕਿ ਜਿਟੜੀ ਪੁਰਾਣੀ ਸਰਕਾਰ ਦੇ ਜ਼ਮਾਨੇ ਵਿਚ ਇਹ ਫੈਸਲਾ ਹੋਇਆ ਸੀ ਕਿ ਸ਼ਹਿਰੀ ਅਤੇ ਪੇਂਡੂ ਵਿਚ ਫ਼ਰਕ ਪਾਇਆ ਜਾਵੇ ਅਤੇ ਜਟ ਤੇ ਨਾਨ-ਜਟ ਵਿਚ ਫਰਕ ਪਾਇਆ ਜਾਵੇ, ਉਸ ਨੂੰ ਖਤਮ ਕੀਤਾ ਜਾਵੇ। ਪਿਛਲੇ ਵੀਹ, ਬਾਈ ਸਾਲਾਂ ਵਿਚ, ਮੈਂ ਵੀ ਇਨ੍ਹਾਂ ਦੇ ਨਾਲ ਰਿਹਾ ਹਾਂ, ਇਥੇ ਇਹ ਸਿਚੂਏਸ਼ਨ ਸੀ ਕਿ ਜੇ ਸਕੂਲ ਬਨਾਉਣਾ ਹੋਵੇ ਤਾਂ ਪਿੰਡ ਵਾਲੇ ਸਾਰਾ ਖਰਚ ਬਰਦਾਸ਼ਤ ਕਰਦੇ ਸੀ ਪਰ ਜੇ ਸ਼ਹਿਰ ਵਿਚ ਸਕੂਲ ਬਨਾਉਣਾ ਹੋਵੇ ਤਾਂ ਸਾਰਾ ਖਰਚ ਸਰਕਾਰ ਹੀ ਕਰਦੀ ਸੀ। ਪਿੰਡ ਦੇ ਲੋਕ ਜਿਹੜੇ ਵਿਚਾਰੇ ਗਰੀਬ ਸਨ ਝੋਲੀ ਫੈਲਾ ਕੇ ਫੰਡ ਇਕੱਠਾ ਕਰਦੇ ਰਹਿੰਦੇ ਸਨ ਅਤੇ ਸ਼ਹਿਰ ਦੇ ਲੋਕ ਜਿਹੜੇ ਕਿ ਅਮੀਰ ਸਨ ਉਨ੍ਹਾਂ ਨੂੰ ਬੈਠੇ ਬਿਠਾਏ ਹੀ ਸਰਕਾਰ ਦੇ ਖਰਚ ਤੇ ਸਕੂਲ ਬਣ ਜਾਂਦਾ ਸੀ। ਮੇਰੇ ਫਾਜ਼ਲ ਦੋਸਤ ਚਲੇ ਗਏ ਹਨ। ਇਹ ਸਾਡਾ ਫੈਸਲਾ ਹੈ ਕਿ ਜੇ ਪਿੰਡ ਦੇ ਲੋਕਾਂ ਨੂੰ ਫੰਡ ਇਕੱਠਾ ਕਰਨ ਲਈ ਪੈਸੇ ਇਕਠੇ ਕਰਨੇ ਪੈਣਗੇ ਤਾਂ ਸ਼ਹਿਰ ਦੇ ਲੋਕਾਂ ਨੂੰ ਵੀ ਇਸ ਕੰਮ ਲਈ ਪੈਸੇ ਦੇਣੇ ਪੈਣਗੇ ਅਤੇ ਜੇ ਪਿੰਡਾਂ ਵਾਲਿਆਂ ਨੂੰ ਪੈਸੇ ਨਹੀਂ ਦੇਣੇ ਪੈਣਗੇ ਤਾਂ ਸ਼ਹਿਰ ਵਾਲਿਆਂ ਨੂੰ ਵੀ ਕੁਝ ਨਹੀਂ ਦੇਣਾ ਪਵੇਗਾ। ਇਹ ਸਾਡਾ ਫੈਸਲਾ ਹੈ ਅਤੇ ਐਗਜ਼ਿਸਟ ਕਰਦਾ ਹੈ। (ਥੰਪਿੰਗ)

ਪਿੰਡਾਂ ਵਿਚ ਜੋ ਲਿੰਕ ਰੋਡਜ਼ ਬਣਾਉਣੀਆਂ ਹਨ ਤਾਂ ਪਿੰਡ ਵਾਲੇ ਮਿਟੀ ਪਾਉਂਦੇ ਹਨ, ਕੁਝ ਲੇਬਰ ਵਜੋਂ ਮਦਦ ਵੀ ਕਰਦੇ ਹਨ ਅਤੇ ਬਾਕੀ ਕੁਝ ਪੈਸੇ ਵੀ ਦਿੰਦੇ ਹਨ। ਪਰ ਜੇ ਸ਼ਹਿਰਾਂ ਵਿਚ ਰੋਡਜ਼ ਬਣਨੀਆਂ ਹਨ ਤਾਂ ਸਾਰਾ ਖ਼ਰਚ ਸਰਕਾਰ ਹੀ ਕਰਦੀ ਹੈ। ਇਸ ਪਰੋਸੀਜ਼ਰ ਨੂੰ ਵੀ ਅਸੀਂ ਚੇਂਜ ਕਰਨ ਲਗੇ ਹਾਂ। ਜੇ ਪਿੰਡ ਵਿਚ ਲੋਕਾਂ ਨੇ ਮਿੱਟੀ ਪਾਉਣੀ ਹੈ ਜਾਂ ਹੋਰ ਮਦਦ ਦੇਣੀ ਹੈ ਤਾਂ ਸ਼ਹਿਰਾਂ ਵਿਚ ਵੀ ਲੋਕਾਂ ਨੂੰ ਇਸ ਕੰਮ ਲਈ ਪੈਸੇ ਦੇਣੇ ਚਾਹੀਦੇ ਹਨ। (ਥੰਪਿੰਗ) ਅਸੀਂ ਪਿੰਡ ਅਤੇ ਸ਼ਹਿਰ ਦਾ ਵਿਤਕਰਾ ਦੂਰ ਕਰਨਾ ਚਾਹੁੰਦੇ ਹਾਂ। (ਵਿਘਨ)

ਚੌਧਰੀ ਸਤ ਦੇਵ : ਪਿੰਡਾਂ ਵਾਲਿਆਂ ਨੂੰ ਬੜੀਆਂ ਸਹੂਲਤਾਂ ਦੇਣੀਆਂ ਹਨ ਪਰ ਕੁਝ ਸ਼ਹਿਰਾਂ (ਵਿਘਨ) (ਸ਼ੋਰ) ਵਾਲਿਆਂ ਵਾਸਤੇ ਵੀ ਕਰੋ (ਵਿਘ)

ਸ੍ਰੀ ਸਪੀਕਰ : ਚੌਧਰੀ ਸਾਹਿਬ, ਦੂਸਰਿਆਂ ਨੂੰ ਸੁਣਨ ਦਾ ਯਤਨ ਕਰੋ। (*Addressing Chaudhri Satya Dev* : Please try to listen to others.)

ਵਿੱਤ ਮੰਤਰੀ : ਅਸੀਂ ਕਨਸਰਟਿਡ ਐਫਰਟਸ ਕੀਤੀਆਂ ਹਨ। ਪੇਂਡੂ ਅਤੇ ਸ਼ਹਿਰੀ ਦੇ ਦਰਮਿਆਨ ਵਿਤਕਰਾ ਪੈਦਾ ਕੀਤਾ ਗਿਆ ਸੀ ਗਲਤ ਕਿਸਮ ਦੇ ਕਾਨੂੰਨ ਬਣਾ ਕੇ ਪਰ ਮੌਜੂਦਾ ਸਰਕਾਰ ਨੇ ਉਸ ਵਿਤਕਰੇ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ। ਜਿਥੇ ਅਸੀਂ ਪਿੰਡਾਂ ਵਾਲਿਆਂ ਨੂੰ ਸਹੂਲਤਾਂ ਦਿਤੀਆਂ ਹਨ, ਉਥੇ ਅਸੀਂ ਸ਼ਹਿਰਾਂ ਵਾਲਿਆਂ ਨੂੰ ਵੀ ਸਹੂਲਤਾਂ ਦਿਤੀਆਂ ਹਨ। ਸੈਣੀ ਜੀ ਨੇ ਇਸ ਚੀਜ਼ ਦਾ ਜ਼ਿਕਰ ਕੀਤਾ ਸੀ ਕਿ ਸ਼ਹਿਰ ਵਾਲਿਆਂ ਨੂੰ ਸਹੂਲਤਾਂ ਨਹੀਂ ਦਿਤੀਆਂ ਗਈਆਂ ਹਨ। ਮੈਂ ਇਸ ਬਾਰੇ ਦਸਣਾ ਚਾਹੁੰਦਾ ਹਾਂ ਕਿ ਜਲੰਧਰ, ਲੁਧਿਆਣਾ ਅਤੇ ਅੰਮ੍ਰਿਤਸਰ ਦੀਆਂ ਮਿਉਂਸਪਲ ਕਮੇਟੀਆਂ ਅਤੇ ਇੰਪਰੂਵਮੈਂਟ ਟਰਸਟਾਂ ਨੂੰ ਸ਼ਹਿਰਾਂ ਦੀ ਬੇਹਤਰੀ ਲਈ ਅਸੀਂ ਕੰਸਾਲੀਡੇਟਿਡ ਫੰਡ ਵਿਚੋਂ ਪੈਸੇ ਦਿਤੇ ਤਾਂ ਕਿ ਸ਼ਹਿਰਾਂ ਦੀ ਤਰੱਕੀ ਹੋ ਸਕੇ। ਇਸ ਲਈ ਜਿਥੇ ਪਿੰਡਾਂ ਨੂੰ ਸਹੂਲਤਾਂ ਦਿਤੀਆਂ ਹਨ ਉਥੇ ਅਸੀਂ ਸ਼ਹਿਰਾਂ ਨੂੰ ਵੀ ਸਹੂਲਤਾਂ ਦਿਤੀਆਂ ਹਨ।

ਐਜੂਕੇਸ਼ਨ ਦੇ ਬਾਰੇ ਮੇਰੇ ਫਾਜ਼ਲ ਦੋਸਤ ਡਾਂਗ ਸਾਹਿਬ ਨੇ ਕਿਹਾ ਕਿ ਐਜੂਕੇਸ਼ਨ ਦੇ ਵਾਸਤੇ ਬੜਾ ਥੋੜ੍ਹਾ ਰੁਪਿਆ ਰਖਿਆ ਗਿਆ ਹੈ। ਪੁਰਾਣੇ ਜ਼ਮਾਨੇ ਵਿਚ ਜ਼ਿਆਦਾ ਰਖਿਆ ਜਾਂਦਾ ਸੀ ਅਤੇ ਇਸ ਲਈ ਜ਼ਰੂਰਤ ਹੈ ਕਿ ਹੋਰ ਰੁਪਿਆ ਰਖਿਆ ਜਾਵੇ। ਸਪੀਕਰ ਸਾਹਿਬ, 1967-68 ਵਿਚ ਜਿਸ ਵੇਲੇ ਕਿ ਡਾਂਗ ਸਾਹਿਬ ਅਕਾਲੀ ਮਨਿਸਟਰੀ ਵਿਚ ਸਨ, ਉਸ ਵੇਲੇ ਐਜੂਕੇਸ਼ਨ ਲਈ ਬਜਟ 21 ਕਰੋੜ

ਰੁਪਿਆ ਰਖਿਆ ਗਿਆ ਸੀ, ਪਰ ਹੁਣ ਚਾਰ ਸਾਲ ਬਾਅਦ ਐਜੂਕੇਸ਼ਨ ਲਈ ਅਸੀਂ 33 ਕਰੋੜ ਰੁਪਏ ਰਖੇ ਹਨ । (ਥੰਪਿੰਗ) ਚਾਰ ਸਾਲਾਂ ਵਿਚ ਐਜੂਕੇਸ਼ਨ ਦੇ ਬਜਟ ਵਿਚ 52% ਦੀ ਇਨਕਰੀਜ਼ ਦਾ ਹੋ ਜਾਣਾ ਇਹ ਸ਼ਰੋਮਣੀ ਅਕਾਲੀ ਦਲ ਦੀ ਸਰਕਾਰ ਦਾ ਕੰਮ ਹੈ । ਪਿਛਲੇ ਵੀਹ ਬਾਈ ਸਾਲਾਂ ਵਿਚ ਇਹ ਕਾਂਗਰਸ ਦੀ ਸਰਕਾਰ ਲੋਕਾਂ ਨੂੰ ਪਰਾਇਮਰੀ ਐਜੂਕੇਸਨ ਦੇਣ ਲਈ, ਐਲੀਮੈਂਟਰੀ ਐਜੂਕੇਸ਼ਨ ਦੇਣ ਲਈ ਕੁਝ ਨਹੀਂ ਕਰ ਸਕੀ ਪਰ ਇਹ ਮੌਜੂਦਾ ਸਰਕਾਰ ਨੇ ਚਾਰ ਸਾਲਾਂ ਵਿਚ 52% ਇਨਕਰੀਜ਼ ਕਰ ਦਿਤੀ ਹੈ । ਜੇ 25 ਮਿਡਲ ਸਕੂਲਾਂ ਤੋਂ ਹਾਈ ਸਕੂਲ ਬਨਾਉਣੇ ਸਨ ਉਥੇ ਪੈਸੇ ਜ਼ਿਆਦਾ ਮਿਲਣ ਕਾਰਨ ਪਿਛਲੇ ਸਾਲ ਵਿਚ ਇਹ 25 ਦੀ ਬਜਾਏ 146 ਹਾਈ ਸਕੂਲ ਬਣੇ । ਇਸੇ ਤਰ੍ਹਾਂ ਜੇ ਪਰਾਇਮਰੀ ਤੋਂ ਮਿਡਲ ਸਕੂਲ 45 ਬਨਣੇ ਸਨ ਤਾਂ ਰੁਪਿਆ ਜ਼ਿਆਦਾ ਮਿਲਣ ਕਾਰਨ ਇਹ ਪਿਛਲੇ ਸਾਲ 45 ਦੀ ਬਜਾਏ ਪਰਾਇਮਰੀ ਤੋਂ ਮਿਡਲ ਸਕੂਲ 255 ਬਣੇ । ਮੈਂ ਇਹ ਅਸ਼ੋਰੈਂਸ ਦੇਣੀ ਚਾਹੁੰਦਾ ਹਾਂ ਕਿ ਇਹ ਜਿਹੜਾ ਐਜੂਕੇਸ਼ਨ ਵਲ ਟਰੈਂਡ ਪੰਜਾਬ ਸਰਕਾਰ ਨੇ ਸ਼ੋ ਕੀਤਾ ਹੈ, ਸ਼ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਸ਼ੋ ਕੀਤਾ ਹੈ, ਬਾਦਲ ਸਾਹਿਬ ਦੀ ਸਰਕਾਰ ਨੇ ਸ਼ੋ ਕੀਤਾ ਹੈ, ਇਹ ਕੰਟੀਨਿਊ ਹੀ ਕਰਦਾ ਰਹੇਗਾ । ਸਰਦਾਰ ਉਮਰਾਓ ਸਿੰਘ ਨੇ ਇਸ ਚੀਜ਼ ਨੂੰ ਬਾਹਰ ਤਾਂ ਐਪਰੀਸ਼ੀਏਟ ਕੀਤਾ ਹੈ ਪਰ ਮੈਨੂੰ ਹੋਰ ਵੀ ਖੁਸ਼ੀ ਹੁੰਦੀ ਜੇ ਇਹ ਹਾਊਸ ਦੇ ਅੰਦਰ ਇਸ ਚੀਜ਼ ਨੂੰ ਐਪਰੀਸ਼ੀਏਟ ਕਰਦੇ ਅਤੇ ਅਸੀਂ ਵੀ ਸਮਝਦੇ ਕਿ ਅਪੋਜ਼ੀਸ਼ਨ ਦਾ ਕੋਈ ਕੰਸਟ੍ਰਕਟਿਵ ਰੋਲ ਹੈ । ਸਪੀਕਰ ਸਾਹਿਬ, ਇਹ ਬਾਦਲ ਦੀ ਸਰਕਾਰ ਨੇ ਇਹ ਫੈਸਲਾ ਕੀਤਾ ਹੋਇਆ ਹੈ ਅਸੀਂ ਐਜੂਕੇਸ਼ਨ ਵਲ ਇਸੇ ਤਰ੍ਹਾਂ ਹੀ ਕੰਮ ਕਰਦੇ ਰਹਿਣਾ ਹੈ । (ਥੰਪਿੰਗ)

ਇੰਡਸਟ੍ਰੀਜ਼ ਬਾਰੇ ਇਹ ਕਿਹਾ ਗਿਆ ਹੈ ਕਿ ਪੈਸੇ ਘਟ ਰਖੇ ਗਏ ਹਨ । ਪਿਛਲੇ ਸਾਲ ਨਾਲੋਂ ਬਜਟ ਜ਼ਿਆਦਾ ਨਹੀਂ ਰਖਿਆ ਗਿਆ ਹੈ । ਬਜਟ ਸਪੀਚ ਸਰਕਾਰ ਦਾ ਇਕ ਡਾਕੂਮੈਂਟ ਹੁੰਦਾ ਹੈ । ਇਸ ਵਿਚ ਕਈ ਵਾਰੀ ਐਡੀਸ਼ਨਜ਼ ਵੀ ਹੁੰਦੀਆਂ ਹਨ । ਇੰਡਸਟਰੀਜ਼ ਦੀ ਪੁਜ਼ੀਸ਼ਨ ਇਹ ਹੈ ਕਿ 1970-71 ਲਈ ਪਿਛਲੇ ਸਾਲ 2 ਕਰੋੜ 21 ਲਖ ਰੁਪਏ ਰਖੇ ਗਏ ਸੀ ਜਦ ਕਿ ਇਸ ਸਾਲ ਵਿਚ 60 ਲੱਖ ਰੁਪਏ ਦਾ ਹੋਰ ਵਾਧਾ ਕਰ ਦਿਤਾ ਗਿਆ ਹੈ । ਇਹ ਇਸ ਕਰ ਕੇ ਵਧਾਈ ਗਈ ਹੈ ਕਿ ਇੰਡਸਟ੍ਰੀਜ਼ ਵਿਚ ਪੰਜਾਬ ਬਹੁਤ ਪਿਛੇ ਹੈ ਅਤੇ ਪੰਜਾਬ ਇੰਡਸਟ੍ਰੀਜ਼ ਵਿਚ ਅਗੇ ਵਧਣਾ ਚਾਹੀਦਾ ਹੈ ।

ਸਾਡੀ ਇਕਾਨੋਮੀ ਐਗਰੇਰੀਅਨ ਇਕਾਨੋਮੀ ਹੈ । ਜੇ ਫਸਲਾਂ ਫੇਲ੍ਹ ਹੋ ਜਾਣ ਤਾਂ ਸਾਡੀ ਇਕਾਨੋਮੀ ਵੀ ਫੇਲ੍ਹ ਹੋ ਸਕਦੀ ਹੈ । ਜੇ ਸੈਂਟਰ ਦੀ ਸਰਕਾਰ ਅਮਰੀਕਾ ਕੋਲੋਂ ਸਸਤੀ ਕਣਕ ਮੰਗ ਲਵੇ ਤਾਂ ਸਾਡੀ ਇਕਾਨੋਮੀ ਨੂੰ ਖਤਰਾ ਪੈਦਾ ਹੋ ਸਕਦਾ ਹੈ । ਇਹ ਲਾਪ ਸਾਈਡਿਡ ਹੋਣ ਕਰ ਕੇ ਸਾਨੂੰ ਖਤਰਾ ਹੈ ।

ਸਾਡੀ ਇੰਡਸਟਰੀ ਡੀਵੈਲਪ ਹੋਣੀ ਚਾਹੀਦੀ ਹੈ । ਸਾਡਾ ਸੂਬਾ ਤਾਂ ਹੀ ਇਸ ਪਾਸੇ ਤਰੱਕੀ ਕਰ ਸਕਦਾ ਹੈ ਜੇ ਸਾਡੇ ਪਾਸ ਹੈਵੀ ਪਰਾਜੈਕਟਸ ਹੋਣ । ਸਾਡੀ ਪੁਲੀਟੀਕਲ ਪਾਰਟੀਆਂ ਦੀ ਲਗਾਤਾਰ ਕੋਸ਼ਿਸ਼ ਦੇ ਬਾਵਜੂਦ ਵੀ ਦਿੱਲੀ ਦੀ ਸਰਕਾਰ ਦੇ ਸਿਰ ਤੇ ਜੂੰ ਨਹੀਂ ਸਰਕੀ । ਉਨ੍ਹਾਂ ਨੇ ਪੰਜਾਬ ਦੀ ਮੱਦਦ ਕਰਨ ਦਾ ਕੋਈ ਫੈਸਲਾ ਨਹੀਂ ਕੀਤਾ, ਉਹ ਪੰਜਾਬ ਦੀ ਮੱਦਦ ਨਹੀਂ ਕਰ ਰਹੇ । ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਇਸ ਦੀ ਇਕਾਨੋਮੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਇਸ ਦੀ ਪਰ ਕੈਪੀਟਾ ਇਨਕਮ ਜ਼ਿਆਦਾ ਹੈ, ਪਰ ਦਿੱਲੀ ਦੀ ਸਰਕਾਰ ਸਾਨੂੰ ਹੈਵੀ ਪਰਾਜੈਕਟਸ ਨਹੀਂ ਦੇ ਰਹੀ । (ਵਿਘਨ) ਇਹ ਸਿਨੀਅਰੀ ਇੰਡਸਟਰੀ ਡੀਵੈਲਪ ਕਰ ਕੇ ਹੁਣ ਅਸੀਂ ਇੰਡਸਟਰੀ ਦਾ ਪੈਟਰਨ ਚੇਂਜ ਕੀਤਾ ਹੈ, ਵੱਧ ਤੋਂ ਵੱਧ ਇੰਸਟੀਚਿਊਸ਼ਨ ਫਾਈਨੈਂਸਿਜ਼ ਲਿਆਂਦੇ ਹਨ । ਜਿੰਨੀਆਂ ਵੀ ਪੁਰਾਣੀਆਂ ਸਰਕਾਰਾਂ ਸਨ, ਇੰਸਟੀਚਿਊਸ਼ਨਲ ਫਾਈਨੈਂਸ ਤੇ ਧੇਲਾ ਯੂਜ਼ ਨਹੀਂ ਸੀ ਕਰਦੀਆਂ, ਪਰ ਅਸੀਂ ਫੈਸਲਾ ਕੀਤਾ ਹੈ ਕਿ ਇਹ ਯੂਜ਼ ਕੀਤਾ ਜਾਵੇ । ਇੰਡਸਟਰੀਅਲ ਕਾਰਪੋਰੇਸ਼ਨ, ਪੰਜਾਬ ਫਾਈਨੈਂਸ ਕਾਰਪੋਰੇਸ਼ਨ,

[ਵਿੱਤ ਮੰਤਰੀ]

ਇੰਡਸਟਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ ਹੈ, ਜਿਹੜੀਆਂ ਕਿ ਪੈਸੇ ਦੇਣ ਨੂੰ ਤਿਆਰ ਹਨ । ਅਸੀਂ ਇੰਡਸਟਰੀਅਸਲਿਟਸ ਨੂੰ ਗਾਈਡ ਕਰ ਰਹੇ ਹਾਂ ਤਾਂ ਕਿ ਉਨ੍ਹਾਂ ਦੀਆਂ ਜੋ ਫ਼ਾਈਨੈਂਸਿਜ਼ ਦੀਆਂ ਇੰਸਟੀਚਿਊਸ਼ਨਜ਼ ਹਨ, ਉਨ੍ਹਾਂ ਤੋਂ ਵੱਧ ਤੋਂ ਵੱਧ ਫਾਇਦਾ ਉਠਾਇਆ ਜਾਵੇ । ਜਿਥੇ ਪਿਛਲੇ ਸਾਲ 2 ਕਰੋੜ 21 ਲੱਖ ਰੁਪਿਆ ਖ਼ਰਚ ਕੀਤਾ ਉਥੇ ਪੰਜਾਬ ਦੀ ਫਾਈਨੈਂਸ ਕਾਰਪੋਰੇਸ਼ਨ ਨੇ ਸਵਾ 11 ਕਰੋੜ ਰੁਪਿਆ ਵੱਖ ਵੱਖ ਪਾਰਟੀਆਂ ਨੂੰ ਕਰਜ਼ਾ ਦਿਤਾ । ਬਿਜਲੀ ਦੀ ਸ਼ਾਰਟੇਜ ਹੈ, ਸਕੀਮ ਬਣਾਈ ਹੈ ਤਾਂ ਕਿ ਇੰਡਸਟਰੀਅਲਿਸਟਸ ਜੋ ਹਨ, ਦੀਆਂ ਫੈਕਟਰੀਆਂ ਵਿਚ ਜੈਨਰੇਟਿੰਗ ਸੈਟ ਲਗ ਸਕਣ । ਫਿਰ ਉਨ੍ਹਾਂ ਨੇ ਕਿਹਾ ਕਿ ਬਿਜਲੀ ਇਸ ਤਰ੍ਹਾਂ ਬਹੁਤ ਮਹਿੰਗੀ ਪੈਂਦੀ ਹੈ ਤਾਂ ਫਿਰ ਅਸੀਂ ਇੰਡਸਟਰੀਅਲ ਡੀਵੈਲਪਮੈਂਟ ਕਾਰਪੋਰੇਸ਼ਨ ਨੂੰ ਆਰਡਰ ਦਿਤਾ ਕਿ 2 ਕਰੋੜ ਰੁਪਿਆ ਇਨ੍ਹਾਂ ਇੰਡਸਟਰੀਜ਼ ਵਾਸਤੇ ਰੱਖਿਆ ਜਾਵੇ ਜਿਨ੍ਹਾਂ ਨੇ ਜੈਨਰੇਟਿੰਗ ਸੈਟਸ ਲੈਣੇ ਹਨ ਅਤੇ ਜਿੰਨਾ ਉਸ ਤੇ ਸੂਦ ਹੋਵੇਗਾ ਉਹ 3 ਰੁਪਏ ਸੈਂਕੜੇ ਤਕ ਉਸ ਨੂੰ ਸਬਸੇਡਾਈਜ਼ ਕੀਤਾ ਜਾਵੇਗਾ । ਇਸ ਦੇ ਨਾਲ ਸਾਢੇ 52 ਲੱਖ ਰੁਪਏ ਪੰਜਾਬ ਸਰਕਾਰ ਤੋਂ ਲੈ ਕੇ ਜੈਨਰੇਟਿੰਗ ਸੈਟਸ ਲਾਏ ।

ਇਥੇ ਇੰਪਲਾਈਜ਼ ਦਾ ਜ਼ਿਕਰ ਕੀਤਾ ਗਿਆ ਹੈ । ਸਪੀਕਰ ਸਾਹਿਬ, ਮੈਨੂੰ ਇਹ ਦੱਸਣ ਵਿਚ ਦੁੱਖ ਹੁੰਦਾ ਹੈ ਕਿ ਕਿਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਗਈਆਂ । ਇਥੇ ਹਾਊਸ ਵਿਚ ਫਿੱਗਰਜ਼ ਪੇਸ਼ ਕਰ ਕੇ ਇਸ਼ੂ ਨੂੰ ਕਨਫਿਊਜ਼ ਕਰਨ ਦੀ ਕੋਸ਼ਿਸ਼ ਕੀਤੀ ਗਈ । ਮੈਂ ਤਾਂ ਉਨ੍ਹਾਂ ਨੂੰ ਕਿਹਾ ਸੀ ਕਿ ਜੇ ਤੁਹਾਡੇ ਕੋਲ ਕੋਈ ਜੈਨੁਇਨ ਚੀਜ਼ ਹੈ ਤਾਂ ਟੇਬਲ ਤੇ ਰੱਖਣ ਪਰ ਉਨ੍ਹਾਂ ਨੇ ਕਿਹਾ ਕਿ ਸਾਡੇ ਕੋਲ ਤਾਂ ਨੋਟਸ ਹਨ । ਸਪੀਕਰ ਸਾਹਿਬ, ਉਨ੍ਹਾਂ ਨੇ ਵੈਸਟ ਬੰਗਾਲ ਦਾ ਕੇਸ ਕੋਟ ਕੀਤਾ ਹੈ ਜਿਥੇ ਕਿ ਸਾਰੀਆਂ ਪਾਰਟੀਆਂ ਦੀ ਸਾਂਝੀ ਸਰਕਾਰ ਰਹੀ ਹੈ । ਇਨ੍ਹਾਂ ਨੇ ਦੱਸਿਆ ਹੈ ਕਿ ਉਥੇ ਪੰਜਾਬ ਦੇ ਪੀਅਨ ਦੇ ਗਰੇਡ ਨਾਲੋਂ ਗਰੇਡ ਜ਼ਿਆਦਾ ਹੈ । ਪਰ ਵੈਸਟ ਬੰਗਾਲ ਵਿਚ ਪੀਅਨ 135 ਰੁਪਏ ਤੋਂ ਸ਼ੁਰੂ ਹੁੰਦਾ ਹੈ ਅਤੇ ਉਸ ਦੇ ਮੁਕਾਬਲੇ ਵਿਚ ਪੰਜਾਬ ਦਾ ਪੀਅਨ 41 ਰੁਪਏ ਤੋਂ ਸ਼ੁਰੂ ਹੁੰਦਾ ਹੈ । ਸਪੀਕਰ ਸਾਹਿਬ, ਮੈਨੂੰ ਅਫ਼ਸੋਸ ਹੈ ਕਿ ਜਿਹੜੀ ਇਨ੍ਹਾਂ ਨੇ ਇਤਲਾਹ ਦਿੱਤੀ ਹੈ ਉਹ ਗਲਤ ਹੈ । ਪੰਜਾਬ ਸਰਕਾਰ ਨੂੰ ਮੁਲਾਜ਼ਮਾਂ ਨਾਲ ਪੂਰੀ ਹਮਦਰਦੀ ਹੈ । (ਵਿਘਨ) ਮੈਂ ਤਾਂ ਕਹਿੰਦਾ ਹਾਂ ਕਿ ਜੇ ਤੁਹਾਡੇ ਪਾਸ ਕੋਈ ਲੇਟੈਸਟ ਇਨਫਰਮੇਸ਼ਨ ਹੈ ਤਾਂ ਦੱਸੋ, ਮੈਂ ਦੇਖ ਲੈਂਦਾ ਹਾਂ । ਮੈਂ ਦੱਸਦਾ ਹਾਂ ਕਿ ਸਾਨੂੰ ਇੰਪਲਾਈਜ਼ ਨਾਲ ਪੂਰੀ ਹਮਦਰਦੀ ਹੈ । ਅਸੀਂ ਚਾਹੁੰਦੇ ਹਾਂ ਕਿ ਮੁਲਾਜ਼ਮਾਂ ਦਾ ਸਟੈਂਡਰਡ ਆਫ਼ ਲਿਵਿੰਗ ਇੰਪਰੂਵ ਹੋਵੇ ਤਾਕਿ ਉਹ ਐਫੀਸ਼ੈਂਟਲੀ ਕੰਮ ਕਰ ਸਕਣ । ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੇ ਮੁਲਾਜ਼ਮ ਸਿਆਸੀ ਨਾ ਹੋਣ, ਉਹ ਸਿਆਸਤ ਵਿਚ ਨਾ ਪੈਣ । ਸਪੀਕਰ ਸਾਹਿਬ, ਮੈਂ ਦੇਖਿਆ ਹੈ, ਮੇਰੇ ਪਾਸ ਇਸ ਬਾਰੇ ਇਨਫਰਮੇਸ਼ਨ ਹੈ ... ... (ਵਿਘਨ)

ਸਰਦਾਰ ਸਰੂਪ ਸਿੰਘ : ਪੁਆਇੰਟ ਆਫ਼ ਅਰਡਰ, ਸਰ । ਸਪੀਕਰ ਸਾਹਿਬ, ਹੁਣੇ ਹੁਣੇ ਫਾਈਨੈਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਪੰਜਾਬ ਦੇ ਇੰਪਲਾਈਜ਼ ਪੁਲਿਟੀਕਲ ਪਾਰਟੀਜ਼ ਦੇ ਵਿਚ ਨਾ ਆਉਣ, ਸਿਆਸਤ ਵਿਚ ਨਾ ਆਉਣ । ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਵੀ ਬੀ. ਡੀ. ਓ. ਤੋਂ ਹੀ ਪਾਲਿਟਿਕਸ ਵਿਚ ਆਏ ਹਨ, ਹੋਰ ਇਹ ਕਿਥੋਂ ਆਏ ਹਨ ? (ਵਿਘਨ)

ਵਿੱਤ ਮੰਤਰੀ : ਮੈਂ ਅਸਤੀਫਾ ਦੇ ਕੇ ਆਇਆ ਸੀ । ਸਪੀਕਰ ਸਾਹਿਬ, ਪੰਜਾਬ ਸਰਕਾਰ ਕੋਲ ਮੁਕੰਮਲ ਇਨਫਰਮੇਸ਼ਨ ਹੈ ਕਿ ਇਨ੍ਹਾਂ ਦੇ ਕੁਝ ਰਿੰਗ ਲੀਡਰ ਜਿਹੜੇ ਹਨ, ਉਹ ਪੁਲਿਟੀਕਲ ਪਾਰਟੀਆਂ ਦੇ ਦਫ਼ਤਰਾਂ ਵਿਚ ਮੀਟਿੰਗਾਂ ਕਰਦੇ ਹਨ । ਉਥੇ ਉਨ੍ਹਾਂ ਨੂੰ ਇਸ ਤਰ੍ਹਾਂ ਹੜਤਾਲਾਂ ਆਦਿ ਕਰਨਾ ਸਿਖਾਇਆ ਜਾਂਦਾ ਹੈ । (ਵਿਘਨ) ਸਪੀਕਰ ਸਾਹਿਬ, ਜਦ ਇਥੇ ਅਤੇ ਡਿਸਟਰਿਕਟਸ ਵਿਚ

ਮੁਜ਼ਾਹਰੇ ਹੋਏ । ਕਿਸ ਕਿਸਮ ਦੇ ਮੁਜ਼ਾਹਰੇ ਹੋਏ ? ਜਲੂਸ ਨਿਕਲੇ, ਸਲੋਗਨ ਕਿਸ ਤਰ੍ਹਾਂ ਦੇ ਲਗਾਏ ਗਏ । ਸਪੀਕਰ ਸਾਹਿਬ, ਮੈਂ ਤੁਹਾਡੀ ਵਾਕਫੀਅਤ ਲਈ ਇਕ ਸਲੋਗਨ ਦੱਸਦਾ ਹਾਂ ਕਿ "ਤਿੰਨੇ ਬੱਬੇ ਸੰਤ ਦੇ, ਫਿੱਟੇ ਮੂੰਹ ਬਲਵੰਤ ਦੇ ।" 'ਜਥੇਦਾਰਾਂ ਦੀ ਸਰਕਾਰ" "ਮੁਰਦਾਬਾਦ" ਆਦਿ ਦੇ ਨਾਹਰੇ ਲਗਾਏ ਗਏ । ਦੋ ਖੋਤੇ ਅਗੇ ਕਰ ਲਏ ਅਤੇ ਉਤੇ ਫੋਟੋਆਂ ਲਗਾ ਕੇ...(ਵਿਘਨ) ਇਸ ਕਿਸਮ ਦੀਅ ਹਰਕਤਾਂ ਇਨ੍ਹਾਂ ਨੇ ਕੀਤੀਆਂ । ਜਿਸ ਸੂਬੇ ਦੀ ਸਰਵਿਸ ਦਾ ਡਿਸਿਪਲਨ ਇਸ ਤਰ੍ਹਾਂ ਦਾ ਹੋ ਜਾਵੇ, ਤਾਂ ਮੈਂ ਸਮਝਦਾ ਹਾਂ ਕਿ ਸਰਕਾਰ ਇਸ ਨੂੰ ਬਰਦਾਸ਼ਤ ਨਹੀਂ ਕਰ ਸਕਦੀ । ਇਹੀ ਵਜਾਹ ਹੈ ਕਿ...(ਵਿਘਨ)

ਸ੍ਰੀ ਗੁਰਦਿਆਲ ਸੈਣੀ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਹੁਣੇ ਹੁਣੇ ਫਾਈਨੈਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿਉਂਕਿ ਮੁਲਾਜ਼ਮ ਪਾਰਟੀਆਂ ਕੋਲੋਂ ਸਿੱਖਦੇ ਹਨ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸੇ ਕਰਕੇ ਹੀ ਇਹ ਉਨ੍ਹਾਂ ਨੂੰ ਵਿਕਟੇਮਾਈਜ਼ ਕਰ ਰਹੇ ਹਨ, ਉਨ੍ਹਾਂ ਨਾਲ ਧੱਕਾ ਕਰ ਰਹੇ ਹਨ, ਇਹ ਸਭ ਇਲਲੀਗਲ ਹੈ ।

ਵਿੱਤ ਮੰਤਰੀ : ਇਹੀ ਵਜਾਹ ਸੀ ਕਿ ਜਦ ਇਸ ਕਿਸਮ ਦੇ ਇਨ੍ਹਾਂ ਨੇ ਜਲੂਸ ਕਢੇ ਪੰਜਾਬ ਦੀ ਪਾਪੂਲਰ ਸਰਕਾਰ ਦੇ ਖਿਲਾਫ ਤਾਂ ਪੰਜਾਬ ਦੀ ਆਮ ਜਨਤਾ ਇਨ੍ਹਾਂ ਦੇ ਖਿਲਾਫ਼ ਉਠ ਖੜੀ । ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਮੋਗੇ ਵਿਚ ਜੋ ਕੁਝ ਹੋਇਆ । ਉਥੇ ਬਿਜਲੀ ਦੇ ਮੁਲਾਜ਼ਮਾਂ ਨੇ ਕੀ ਕੁਝ ਕੀਤਾ । ਜਨਤਾ ਨੇ ਇਸ ਚੀਜ਼ ਨੂੰ ਬਰਦਾਸ਼ਤ ਨਹੀਂ ਕੀਤਾ । ਕਈ ਥਾਵਾਂ ਤੇ ਸੈਬੋਟੇਜ਼ ਹੋਈ । ਤਾਰਾਂ ਤੇ ਸੰਗਲ ਸੁਟੇ ਗਏ । ਟਿਊਬਵੈਲ ਬੰਦ ਕਰ ਦਿਤੇ ਗਏ, ਜਿਸ ਕਾਰਨ ਕਿਸਾਨ ਦੀ ਫਸਲ ਤਬਾਹ ਹੋ ਗਈ, ਕਣਕਾਂ ਸੁੱਕ ਗਈਆਂ, ਪੰਜਾਬ ਦੀ ਤਰੱਕੀ ਵਿਚ ਰੁਕਾਵਟ ਪਈ । ਇਹੀ ਵਜਾਹ ਸੀ ਕਿ ਇਨ੍ਹਾਂ ਇੰਪਲਾਈਜ਼ ਦੀਆਂ ਹਰਕਤਾਂ ਨੂੰ ਪੰਜਾਬ ਦੀ ਜਨਤਾ ਸਹਾਰ ਨਾ ਸਕੀ, ਉਨ੍ਹਾਂ ਨੂੰ ਮਜ਼ਬੂਰ ਹੋ ਕੇ ਇਨ੍ਹਾਂ ਦੇ ਖਿਲਾਫ ਖੜੇ ਹੋਣਾ ਪਿਆ ਤਾਂ ਜਾ ਕੇ ਇਹ ਐਜੀਟੇਸ਼ਨ ਬੰਦ ਹੋਈ । (ਪ੍ਰਸ਼ੰਸਾ) ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਵੱਲੋਂ ਐਸ਼ੋਰੈਂਸ ਦੇਣਾ ਚਾਹੁੰਦਾ ਹਾਂ ਕਿ ਕੋਈ ਵਿਕਟੇਮਾਈਜ਼ੇਸ਼ਨ ਦੀ ਪਾਲਿਸੀ ਮੁਲਾਜ਼ਮਾਂ ਦੇ ਬਾਰੇ ਨਹੀਂ ਹੋਵੇਗੀ । ਕਿਸੇ ਨੂੰ ਤੰਗ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਕੀਤਾ ਹੈ । (ਵਿਘਨ) ਸਿਰਫ ਇਹੀ ਹੈ ਕਿ ਸੀ. ਐਸ. ਆਰ. ਜੋ ਬਣਿਆ ਹੈ, ਜਿਸ ਦੇ ਉਤੇ ਮੁਲਾਜ਼ਮ ਨੇ ਪਾਬੰਦ ਰਹਿਣਾ ਹੈ, ਜਿਹੜਾ ਕੋਡ ਆਫ ਕੰਡਕਟ ਹੈ, ਉਸ ਦੇ ਮੁਤਾਬਿਕ ਹਰ ਇਕ ਨੂੰ ਟੈਕਲ ਕੀਤਾ ਜਾਵੇਗਾ । ਕੋਈ ਧੱਕਾ ਨਹੀਂ ਕੀਤਾ ਜਾਵੇਗਾ ।

ਸਰਦਾਰ ਸਰੂਪ ਸਿੰਘ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਇੰਪਲਾਈਜ਼ ਦੇ ਨਾਲ ਵਿਕਟੇਮਾਈਜ਼ੇਸ਼ਨ ਦੀ ਪਾਲਸੀ ਨਹੀਂ ਵਰਤੀ ਜਾਵੇਗੀ । ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੇ ਲੀਡਰਾਂ ਅਤੇ ਵਜ਼ੀਰਾਂ ਨੇ ਕਿਹਾ ਕਿ ਮੁਲਾਜ਼ਮਾਂ ਨੂੰ ਖੂਹਿਆਂ ਵਿਚ ਪਾ ਕੇ ਸਾੜਿਆ ਜਾਏ । (ਵਿਘਨ)...

Mr. Speaker : This is no point of order.

ਵਿੱਤ ਮੰਤਰੀ : ਸਪੀਕਰ ਸਾਹਿਬ, ਸੈਣੀ ਸਾਹਿਬ ਨੇ ਹਰੀਜਨਾਂ ਦਾ ਜ਼ਿਕਰ ਕੀਤਾ ਹੈ । ਔਰ ਉਨ੍ਹਾਂ ਨੇ ਖ਼ਾਸ ਅਹਿਮ ਆਪਣਾ ਪੁਆਇੰਟ ਚੁਕਿਆ ਸੀ । ਮੈਂ ਸਮਝਦਾ ਹਾਂ ਕਿ ਇਹ ਬੜਾ ਜ਼ਰੂਰੀ ਪੁਆਇੰਟ ਸੀ । ਉਨ੍ਹਾਂ ਨੇ ਕਿਹਾ ਸੀ ਕਿ ਹਰੀਜਨਾਂ ਨਾਲ ਬੜਾ ਭਾਰੀ ਧੱਕਾ ਹੋਇਆ ਹੈ । ਉਨ੍ਹਾਂ ਨੇ ਸ਼ਹਿਰੀ ਹਰੀਜਨ ਅਤੇ ਪੇਂਡੂ ਹਰੀਜਨ ਦਾ ਸਵਾਲ ਦਸਿਆ ਸੀ । ਕਿਹਾ ਸੀ ਕਿ ਪਿੰਡ ਦੇ ਹਰੀਜਨ ਨੂੰ ਇਵੈਕੂਈ ਪਰਾਪਰਟੀ ਵਿਚੋਂ ਮਕਾਨ ਮਿਲ ਜਾਂਦਾ ਹੈ ਜ਼ਮੀਨ ਵੀ ਮਿਲ ਜਾਂਦੀ ਹੈ ਪਰ ਜਿਹੜਾ ਸ਼ਹਿਰੀ ਹਰੀਜਨ ਹੈ, ਉਸ ਨੂੰ ਮਕਾਨ ਨਹੀਂ ਮਿਲਦਾ ਅਤੇ ਨਾ ਹੀ ਜ਼ਮੀਨ ਉਹ ਲੈ ਸਕਦਾ ਹੈ, ਇਸ ਲਈ ਇਨ੍ਹਾਂ ਦੇ ਦਰਮਿਆਨ ਬੜਾ ਵਿਤਕਰਾ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਵਿਤਕਰਾ ਕਿਸ ਨੇ ਪੈਦਾ ਕੀਤਾ ਹੈ । ਕੀ ਇਹ ਅਕਾਲੀ ਸਰਕਾਰ ਨੇ ਪੈਦਾ ਕੀਤਾ ? ਨਹੀਂ, ਇਹ ਕਾਂਗਰਸ ਸਰਕਾਰ ਨੇ

[ਵਿੱਤ ਮੰਤਰੀ]

ਪੈਦਾ ਕੀਤਾ ਹੈ । (ਥੰਪਿੰਗ) ਜਿਹੜੀ ਪਿੰਡ ਦੀ ਜ਼ਮੀਨ ਹੈ, ਇਵੈਕਿਊ ਪਰਾਪਰਟੀ ਹੈ, ਉਹ ਪੰਜਾਬ ਸਰਕਾਰ ਦੇ ਕੋਲ ਹੈ ਪਰ ਜਿਹੜੀ ਸ਼ਹਿਰਾਂ ਵਿਚ ਇਵੈਕੂਈ ਪਰਾਪਰਟੀ ਹੈ, ਉਹ ਦਿੱਲੀ ਦੀ ਸਰਕਾਰ ਕੋਲ ਹੈ । ਪੰਜਾਬ ਸਰਕਾਰ ਨੇ ਤਾਂ ਜਿਹੜੀ ਪਿੰਡਾਂ ਵਿਚ ਇਵੈਕੂਈ ਪਰਾਪਰਟੀ ਹੈ, ਉਸ ਦਾ ਉਨ੍ਹਾਂ ਨੂੰ ਹੱਕ ਦੇ ਦਿਤਾ ਪਰ ਸ਼ਹਿਰਾਂ ਵਾਲੀ ਦਾ ਦਿੱਲੀ ਦੀ ਸਰਕਾਰ ਨੇ ਨਹੀਂ ਦਿਤਾ । ਅਸੀਂ ਇਸ ਚੀਜ਼ ਨੂੰ ਮੁੱਖ ਰਖ ਕੇ ਕਿ ਪਿਛਲੇ 20-30 ਸਾਲਾਂ ਵਿਚ ਇਨ੍ਹਾਂ ਗਰੀਬਾਂ ਨਾਲ ਜੋ ਧੱਕਾ ਹੋਇਆ ਹੈ, ਉਨ੍ਹਾਂ ਨੂੰ ਪੇਂਡੂ ਹਰੀਜਨਾਂ ਦੇ ਬਰਾਬਰ ਲਿਆਉਣ ਵਾਸਤੇ ਅਸੀਂ ਇਹ ਨੋਟੀਫੀਕੇਸ਼ਨ ਕੀਤਾ ਹੈ, ਜੋ ਕਿ ਮੈਂ ਆਪਦੇ ਸਾਹਮਣੇ ਰਖਦਾ ਹਾਂ ।

ਜਿਸ ਤਰ੍ਹਾਂ ਪਿੰਡਾਂ ਵਿਚ ਗਰੀਬ ਹਰੀਜਨ ਨੂੰ ਮਕਾਨ ਮਿਲ ਜਾਂਦਾ ਹੈ, ਉਹ ਇਵੈਕੂਈ ਪਰਾਪਰਟੀ ਵਿਚੋਂ ਜ਼ਮੀਨ ਸਸਤੇ ਭਾਅ ਤੇ ਖਰੀਦ ਸਕਦਾ ਹੈ ਇਸੇ ਤਰ੍ਹਾਂ ਸ਼ਹਿਰਾਂ ਵਿਚ ਰਹਿਣ ਵਾਲਾ ਜਿਹੜਾ ਗਰੀਬ ਹੈ, ਉਸ ਨੂੰ ਵੀ ਸਹੂਲਤ ਦਿਤੀ ਗਈ । ਇਹ ਫੈਸਲਾ ਕੀਤਾ ਸਰਦਾਰ ਤਾਰਾ ਸਿੰਘ ਨੇ । ਜਿਸ ਜਾਇਦਾਦ ਜਾਂ ਇਵੈਕੂਈ ਪ੍ਰਾਪਰਟੀ ਜੋ ਸ਼ਹਿਰ ਵਿਚ ਹੈ, ਜਿਸ ਦੇ ਉਤੇ ਕਿਸੇ ਗਰੀਬ ਹਰੀਜਨ ਦਾ ਕਬਜ਼ਾ ਹੈ ਉਹ, ਜੋ ਮਾਰਕੀਟ ਕੀਮਤ ਹੈ, ਉਸ ਦੇ 50% ਰਿਆਇਤ ਤੇ ਉਹ ਗਰੀਬ ਹਰੀਜਨ ਨੂੰ ਦਿਤੀ ਜਾਵੇਗੀ । (ਤਾੜੀਆਂ) ਦੂਸਰੇ ਇਹ ਕੀਤਾ ਹੈ ਕਿ ਜੇ ਉਹ ਗਰੀਬ ਹਰੀਜਨ ਪੈਸਾ ਨਹੀਂ ਦੇ ਸਕਦਾ ਤਾਂ 8 ਕਿਸ਼ਤਾਂ ਵਿਚ ਉਸ ਦੇ ਪੈਸੇ ਲਏ ਜਾਣਗੇ । ਤੀਸਰਾ ਇਹ ਫੈਸਲਾ ਹੈ ਕਿ ... ... (ਵਿਘਨ) (ਸ਼ੋਰ)

Mr. Speaker : Order, please order.

ਸਾਥੀ ਰੂਪ ਲਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਸੀਂ ਪਹਿਲਾਂ ਹੀ ਆਰਡਰ ਆਰਡਰ ਕਰ ਦਿਆ ਕਰੋ, ਇਹ ਇਨ੍ਹਾਂ ਦੇ ਵਸ ਦੀ ਗੱਲ ਨਹੀਂ ਇਨ੍ਹਾਂ ਨੂੰ ਬਿਮਾਰੀ ਮਿਰਗੀ ਦੀ ਹੈ । (ਵਿਘਨ) (ਸ਼ੋਰ)

ਡਾਕਟਰ ਸਾਧੂ ਰਾਮ : ਇਸ ਉੱਲੂ ਦੇ ਪੱਠੇ ਨੂੰ ਕੀ ਪਤਾ ਹੈ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਡਾਕਟਰ ਸਾਧੂ ਰਾਮ ਜੀ, ਆਪਣੇ ਇਹ ਲਫਜ਼ ਵਾਪਸ ਲਓ । (ਵਿਘਨ) (ਸ਼ੋਰ) (*Addressing Doctor Sadhu Ram* : Please withdraw you words.) (Interruption) (Noise)

ਡਾਕਟਰ ਸਾਧੂ ਰਾਮ : ਸਪੀਕਰ ਸਾਹਿਬ, ਮੈਂ ਲਫਜ਼ ਵਾਪਸ ਲੈਂਦਾ ਹਾਂ ਪਰ ਤੁਸੀਂ ਦਸੋ ਇਹ ਗਲ ਇਨ੍ਹਾਂ ਨੂੰ ਸਜਦੀ ਹੈ । (ਵਿਘਨ)

ਸ੍ਰੀ ਗੁਰਦਿਆਲ ਸੈਣੀ : ਇਥੇ ਕਿਸੇ ਮੈਂਬਰ ਨੇ ਕਿਹਾ ਸੀ ਕਿ ਕਾਂਗਰਸ ਜਮਾਤ ਖੁਸਰਿਆਂ ਦੀ ਜਮਾਤ ਹੈ । ਉਹ ਲਫਜ਼ ਤਾਂ ਤੁਸੀਂ ਵਾਪਸ ਨਹੀਂ ਕਰਾਏ ਪਰ ਇਹ ਤੁਸੀਂ ਵਾਪਸ ਕਰਵਾ ਦਿਤੇ । (ਵਿਘਨ) ਇਹ ਗਲ ਤਾਂ ਵਾਜਬ ਸੀ । (ਵਿਘਨ)

ਸ੍ਰੀ ਸਪੀਕਰ : ਇਹ ਲਫਜ਼, ਇਹ ਗੱਲ ਤਾਂ ਵਾਜਬ ਸੀ, ਵਾਪਸ ਲਓ । (ਵਿਘਨ) (Please withdraw your words 'Ih GALL TAN WAJAB SEE) (Interruption)

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੈਂ ਤਾਂ ਲਫਜ਼ ਵਾਪਸ ਲੈ ਲੈਂਦਾ ਹਾਂ ਪਰ ਇਨ੍ਹਾਂ ਤੋਂ ਵੀ ਉਹ ਲਫਜ਼ ਵਾਪਸ ਕਰਾਉ । (ਵਿਘਨ) (ਸ਼ੋਰ)

ਚੌਧਰੀ ਤੁਲਸੀ ਰਾਮ ਚੌਹਾਨ : ਇਕ ਪਾਸੇ ਕੁਤਾ ਬੰਨ੍ਹ ਕੇ ਬਿਠਾਇਆ ਹੋਇਆ ਹੈ ਜਿਹੜਾ ਹਰ ਇਕ ਦੀ ਲੱਤ ਨੂੰ ਪੈਂਦਾ ਹੈ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਹ ਲਫਜ਼, ਚੌਹਾਨ ਸਾਹਿਬ, ਤੁਸੀਂ ਵਾਪਸ ਲਓ । (ਵਿਘਨ) (Please withdraw your words) (Interruption)

ਚੌਧਰੀ ਤੁਲਸੀ ਰਾਮ ਚੌਹਾਨ : ਸਪੀਕਰ ਸਾਹਿਬ, ਮੈਂ ਇਹ ਲਫਜ਼ ਵਾਪਸ ਲੈ ਲੈਂਦਾ ਹਾਂ ਪਰ ਇਹ ਸਾਡੀਆਂ ਲੱਤਾਂ ਨੂੰ ਨਾ ਪਵੇ । (ਵਿਘਨ) (ਸ਼ੋਰ)

ਸਾਥੀ ਰੂਪ ਲਾਲ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ । ਸਪੀਕਰ ਸਾਹਿਬ, ਜਿਹੜੇ ਲਫਜ਼ ਇਨ੍ਹਾਂ ਨੇ ਵਰਤੇ ਹਨ ਉਸ ਦੇ ਮੁਤੱਲਕ ਮੈਂ ਕਹਿਣਾ ਚਾਹੁੰਦਾ ਹਾਂ । (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਨ੍ਹਾਂ ਨੇ ਮੈਨੂੰ ਕੁੱਤਾ ਆਖਿਆ ਹੈ, ਮੈਂ ਤਾਂ ਜਨਤਾ ਦਾ ਵਫ਼ਾਦਾਰ ਕੁੱਤਾ ਹਾਂ ਪਰ ਇਹ ਹਲਕੇ ਕੁੱਤੇ ਹਨ । (ਵਿਘਨ) (ਸ਼ੋਰ) (ਹਾਸਾ)

ਸ੍ਰੀ ਸਪੀਕਰ : ਸਾਥੀ ਜੀ ਹਲਕੇ ਕੁੱਤੇ ਦਾ ਲਫ਼ਜ਼ ਵਾਪਸ ਲਓ । (ਵਿਘਨ) (*Addressing Sathi Roop Lal* : Please withdraw your word 'HALKE KUTE' (Interruption)

ਸਾਥੀ ਰੂਪ ਲਾਲ : ਮੈਂ ਇਹ ਲਫਜ਼ ਵਾਪਸ ਲੈਂਦਾ ਹਾਂ ਜੀ । (ਵਿਘਨ)

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਜਿਸ ਤਰ੍ਹਾਂ ਦਾ ਮਾਹੌਲ ਪਹਿਲਾਂ ਹਾਊਸ ਵਿਚ ਚਲ ਰਿਹਾ ਸੀ ਉਹ ਬਹੁਤ ਅੱਛਾ ਮਾਹੌਲ ਸੀ ਔਰ ਸਰਦਾਰ ਬਲਵੰਤ ਸਿੰਘ ਬੋਲ ਰਹੇ ਸਨ । (ਵਿਘਨ) ਜਿਸ ਤਰ੍ਹਾਂ ਦੀਆਂ ਸਾਥੀ ਸਾਹਿਬ ਨੇ ਗੱਲਾਂ ਕਹੀਆਂ ਹਨ ਮੈਂ ਸਮਝਦਾ ਹਾਂ ਕਿ ਹੋਰ ਤਾਂ ਹੋਰ ਇਹ ਇਨ੍ਹਾਂ ਦੀ ਪਾਰਟੀ ਦੇ ਵਿਰੁਧ ਜਾਂਦੀਆਂ ਹਨ । ਇਸ ਤਰ੍ਹਾਂ ਦੀਆਂ ਗੱਲਾਂ ਉਨ੍ਹਾਂ ਨੂੰ ਨਹੀਂ ਸ਼ੋਭਦੀਆਂ । (ਵਿਘਨ)

ਸ੍ਰੀ ਸਪੀਕਰ : ਤੁਸੀਂ, ਕਪੂਰ ਸਾਹਿਬ, ਆਪਣੀ ਪਾਰਟੀ ਦੇ ਡਿਪਟੀ ਲੀਡਰ ਹੋ । ਤੁਹਾਨੂੰ ਚਾਹੀਦਾ ਸੀ ਕਿ ਆਪਣੀ ਪਾਰਟੀ ਦੇ ਮੈਂਬਰ ਸਾਹਿਬਾਨ ਨੂੰ ਇਸ ਤਰ੍ਹਾਂ ਕਰਨ ਤੋਂ ਰੋਕਦੇ । (ਵਿਘਨ) ਜੇ ਇਕ ਪਾਰਟੀ ਗਲਤ ਗਲ ਕਰ ਦਿੰਦੀ ਹੈ ਤਾਂ ਇਹ ਜ਼ਰੂਰੀ ਨਹੀਂ ਦੂਸਰੀ ਪਾਰਟੀ ਨੂੰ ਇਸ ਗੱਲ ਦਾ ਲਾਇਸੰਸ ਮਿਲ ਗਿਆ ਕਿ ਉਹ ਵੀ ਇਸ ਤਰ੍ਹਾਂ ਕਰੇ (ਵਿਘਨ) (*Addressing Shri Sardari Lal Kapur* : Being the Deputy Leader of the Party, it was your duty to check the hon. Members of your party from doing so. (Interruption) If any Member of any Party does a wrong thing, then that does not give licence to others to do the same thing.) (Interruption)

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਪਹਿਲ ਇਨ੍ਹਾਂ ਵਲੋਂ ਹੋਈ । (ਵਿਘਨ) ਬਾਦਲ ਸਾਹਿਬ ਬੈਠੇ ਹਨ ਇਨ੍ਹਾਂ ਨੇ ਇਕ ਵਾਰੀ ਵੀ ਆਪਣੀ ਪਾਰਟੀ ਦੇ ਬੰਦਿਆਂ ਨੂੰ ਨਹੀਂ ਰੋਕਿਆ । (ਵਿਘਨ)

ਵਿੱਤ ਮੰਤਰੀ : ਸਪੀਕਰ ਸਾਹਿਬ, ਤੀਸਰਾ ਫੈਸਲਾ ਇਹ ਕੀਤਾ ਕਿ ਜਿਥੇ ਮੁਸਲਮਾਨਾਂ ਦੀ ਜ਼ਮੀਨ ਦੇ ਉਤੇ ਸ਼ਹਿਰਾਂ ਦੇ ਵਿਚ ਕਿਸੇ ਗਰੀਬ ਹਰੀਜਨ ਨੇ ਕੋਈ ਕੋਠਾ ਪਾਇਆ ਹੋਇਆ ਹੋਵੇ ਔਰ ਉਹ ਕੋਠਾ ਬਗੈਰ ਪੈਸੇ ਲਿਤਿਆਂ ਆਪਣੇ ਪੈਸਿਆਂ ਦਾ ਪਾਇਆ ਹੋਵੇ ਤਾਂ ਇਹ ਫੈਸਲਾ ਕੀਤਾ ਹੈ ਕਿ ਇਹ ਕੋਠਾ ਉਸ ਦੇ ਨਾਮ ਹੀ ਕਰ ਦਿਤਾ ਜਾਵੇ । ਸਪੀਕਰ ਸਾਹਿਬ, ਇਹ ਤੀਸਰਾ ਫੈਸਲਾ

[ਵਿੱਤ ਮੰਤਰੀ]

ਹੈ ਜਿਹੜਾ ਪੰਜਾਬ ਸਰਕਾਰ ਨੇ ਸ਼ਹਿਰ ਦੇ ਗਰੀਬ ਹਰੀਜਨਾਂ ਦੇ ਹਕ ਵਿਚ ਕੀਤਾ। (ਥੰਪਿੰਗ)

ਇਸੇ ਤਰ੍ਹਾਂ, ਸਪੀਕਰ ਸਾਹਿਬ, ਜੇ ਪੰਜਾਬ ਸਰਕਾਰ ਦੇ ਐਨੂਅਲੀ ਪਲੈਨ ਵਿਚ ਦੇਖੀਏ ਤਾਂ ਉਸ ਦੇ ਵਿਚ 33% ਵਾਧਾ ਕੀਤਾ ਹੈ। ਕੇਂਦਰ ਸਰਕਾਰ ਨੂੰ ਇਸ ਗੱਲ ਦਾ, ਸਪੀਕਰ ਸਾਹਿਬ, ਪਤਾ ਹੈ ਕਿ ਪੰਜਾਬ ਵਿਚ ਬਿਜਲੀ ਦੀ ਸ਼ਾਰਟੇਜ ਹੈ। ਪੰਜਾਬ ਸਰਕਾਰ ਨੇ ਕਈ ਵਾਰੀ ਸੈਂਟਰ ਦੀ ਸਰਕਾਰ ਨੂੰ ਕਿਹਾ ਹੈ ਕਿ ਪੰਜਾਬ ਵਿਚ ਬਿਜਲੀ ਦੀ ਬਹੁਤ ਸ਼ਾਰਟੇਜ਼ ਹੈ ਔਰ ਇਸ ਦਾ ਕੋਈ ਹੱਲ ਕੀਤਾ ਜਾਵੇ। ਪਰ ਕੇਂਦਰ ਦੀ ਸਰਕਾਰ ਨੂੰ ਇਸ ਗੱਲ ਦਾ ਪਤਾ ਹੁੰਦੇ ਹੋਏ ਕਿ ਪੰਜਾਬ ਵਿਚ ਬਿਜਲੀ ਦੀ ਬਹੁਤ ਸ਼ਾਰਟੇਜ ਹੈ ਇਸ ਗਲ ਵਲ ਕੋਈ ਧਿਆਨ ਨਹੀਂ ਦਿਤਾ। ਥਰਮਲ ਪਲਾਂਟ ਦੀ ਜਿਹੜੀ ਯੋਜਨਾ ਸੀ ਉਸ ਦੇ ਵਾਸਤੇ ਕੁਝ ਨਹੀਂ ਕੀਤਾ। ਪੰਜਾਬ ਦੀ ਸਰਕਾਰ ਨੇ ਫਿਰ ਇਹ ਦੇਖਦੇ ਹੋਏ ਆਪ 57 ਕਰੋੜ ਰੁਪਿਆ ਖਰਚ ਕਰ ਕੇ ਉਸ ਥਰਮਲ ਪਲਾਂਟ ਨੂੰ ਪੂਰਾ ਕੀਤਾ। (ਵਿਘਨ)

ਸਪੀਕਰ ਸਾਹਿਬ, ਮੈਨੂੰ ਇਹ ਦਸ ਕੇ ਖੁਸ਼ੀ ਹੁੰਦੀ ਹੈ ਕਿ ਅਸੀਂ ਇਸ ਗੱਲ ਦਾ ਫੈਸਲਾ ਕੀਤਾ ਕਿ ਜਿਹੜਾ 293 ਕਰੋੜ ਰੁਪਏ ਦਾ ਪਲੈਨ ਸੀ ਉਸ ਨੂੰ ਵਧਾ ਕੇ 400 ਕਰੋੜ ਰੁਪਏ ਤਕ ਇਸ ਚੌਥੇ ਪਲੈਨ ਵਾਸਤੇ ਲੈ ਜਾਵਾਂਗੇ। ਪਰ ਨਾਲ ਹੀ ਮੈਂ ਇਹ ਅਰਜ਼ ਕਰਾਂਗਾ ਕਿ ਜਿਹੜਾ ਸਾਨੂੰ ਸੈਂਟਰ ਦੀ ਸਰਕਾਰ ਨੇ 101 ਕਰੋੜ ਰੁਪਏ ਦੀ ਅਸਿਸਟੈਂਸ ਦੇਣੀ ਹੈ ਉਸ ਨੂੰ ਵੀ ਉਹ ਪ੍ਰੋਪੋਰਸ਼ਨੇਟਲੀ ਇਸ ਦੇ ਮੁਤਾਬਿਕ ਵਧਾਉਣ।

ਸਪੀਕਰ ਸਾਹਿਬ, ਸਾਡੇ ਸਾਹਮਣੇ ਕੁਝ ਮੁਸ਼ਕਲਾਂ ਵੀ ਹਨ ਜਿਨ੍ਹਾਂ ਕਰ ਕੇ ਕੁਝ ਰੁਕਾਵਟਾਂ ਪੇਸ਼ ਆਉਂਦੀਆਂ ਹਨ। (ਵਿਘਨ) ਗੌਰਮਿੰਟ ਆਫ਼ ਇੰਡੀਆ ਨੇ ਇਨਟਰੈਸਟ ਦਾ ਰੇਟ ਵੀ ਵਧਾ ਦਿਤਾ ਹੈ। ਜਿਹੜੀ ਕਣਕ ਲਈ ਅਸੀਂ ਸਾਢੇ 6 ਪਰਸੈਂਟ ਤੇ ਕਰਜ਼ ਲੈਂਦੇ ਸੀ ਉਨ੍ਹਾਂ ਨੇ ਉਹ ਹੁਣ ਸਾਢੇ 7 ਪਰਸੈਂਟ ਕਰ ਦਿਤਾ ਹੈ, ਬਾਵਜੂਦ ਇਸ ਗੱਲ ਦੇ ਕਿ ਬੈਂਕਾਂ ਦੀ ਨੈਸ਼ਨੇਲਾਈਜ਼ੇਸ਼ਨ ਹੋ ਗਈ ਹੈ। ਇਸ ਤਰ੍ਹਾਂ, ਸਪੀਕਰ ਸਾਹਿਬ, ਹੋਰ ਕਈ ਗੱਲਾਂ ਹਨ ਜਿਸ ਤਰ੍ਹਾਂ ਕਿ ਮਾਨੇਟਰੀਜ਼ ਪਾਲਿਸੀ, ਇਮਪੋਰਟ ਦੀ ਪਾਲਿਸੀ ਜਾਂ ਬੈਂਕਿੰਗ ਪਾਲਿਸੀਜ਼ ਆਦਿ ਇਹੋ ਜਿਹੀਆਂ ਗੱਲਾਂ ਸਾਡੇ ਤਰੱਕੀ ਦੇ ਰਸਤੇ ਵਿਚ ਹਾਇਲ ਹਨ। (ਘੰਟੀ) ਸਪੀਕਰ ਸਾਹਿਬ, ਮੈਂ ਸੁਝਾਵ ਦਿੰਦਾ ਹਾਂ ਕਿ ਸਾਡੇ ਦੇਸ਼ ਵਿਚ ਕਾਫ਼ੀ ਡੀਵੈਲਪਮੈਂਟ ਹੋ ਸਕਦੀ ਹੈ, ਨੈਸ਼ਨਲ ਇਨਟੈਗਰੇਸ਼ਨ ਹੋ ਸਕਦੀ ਹੈ ਜੇ ਗੌਰਮਿੰਟ ਆਫ਼ ਇੰਡੀਆ ਜਦੋਂ ਸਾਰੀਆਂ ਪਾਲਿਸੀਆਂ ਨੂੰ ਫਰੇਮ ਕਰਦੀ ਹੈ ਤਾਂ ਉਹ ਸਟੇਟ ਗੌਰਮਿੰਟਾਂ ਨੂੰ ਵੀ ਇਨਵਾਈਟ ਕਰੇ ਅਤੇ ਉਨ੍ਹਾਂ ਦੀਆਂ ਸਲਾਹਾਂ ਵੀ ਲਈਆਂ ਜਾਣ।

ਫਿਰ, ਸਪੀਕਰ ਸਾਹਿਬ, ਸਾਥੀ ਸਾਹਿਬ ਨੇ ਇਥੇ ਇਕ ਬੜੀ ਅੱਛੀ ਸੁਜੈਸ਼ਨ ਐਕਸਾਈਜ਼ ਡਿਊਟੀ ਬਾਰੇ ਦਿਤੀ ਹੈ। ਅਸੀਂ ਗੌਰਮਿੰਟ ਆਫ ਇੰਡੀਆ ਨੂੰ ਕਹਾਂਗੇ ਕਿ ਜਾਂ ਤਾਂ ਸਾਨੂੰ ਇਸ ਐਕਸਾਈਜ਼ ਡਿਊਟੀ ਦਾ ਜ਼ਿਆਦਾ ਪੈਸਾ ਦੇਣ ਜਾਂ ਸਾਨੂੰ ਇਸ ਗੱਲ ਦੀ ਇਜਾਜ਼ਤ ਦੇਣ ਕਿ ਅਸੀਂ ਐਕਸਾਈਜ਼ ਡਿਊਟੀ ਆਪ ਲਾਈਏ। (ਵਿਘਨ) (ਘੰਟੀ)

ਸਪੀਕਰ ਸਾਹਿਬ, ਇਨ੍ਹਾਂ ਲਫਜ਼ਾਂ ਨਾਲ ਮੈਂ ਉਮੀਦ ਕਰਦਾ ਹਾਂ ਕਿ ਅਪੋਜ਼ੀਸ਼ਨ ਪਾਰਟੀ ਜਿਹੜੀ ਕਿ ਕਾਂਗਰਸ ਪਾਰਟੀ ਹੈ ਔਰ ਜਿਹੜੀ ਆਪਣੇ ਆਪ ਨੂੰ ਬੜੀ ਪ੍ਰੋਗਰੈਸਿਵ ਪਾਰਟੀ ਕਲੇਮ ਕਰਦੀ ਹੈ ਜੇ ਉਹ ਸਹੀ ਤੌਰ ਤੇ ਪੰਜਾਬ ਦੀ ਹਿੱਤੂ ਹੈ ਤਾਂ ਜਿਥੇ ਜਿਥੇ ਪੰਜਾਬ ਦੀਆਂ ਪ੍ਰਾਬਲਮਜ਼ ਹਨ ਉਨ੍ਹਾਂ ਨੂੰ ਦੂਰ ਕਰਨ ਵਾਸਤੇ ਪੰਜਾਬ ਦੇ ਲੋਕਾਂ ਦਾ ਸਾਥ ਦੇਣ ਤਾਂ ਕਿ ਪੰਜਾਬ ਦੇ ਲੋਕ ਖੁਸ਼ਹਾਲ ਹੋ ਸਕਣ। ਇਤਨਾ ਕਹਿ ਕੇ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ।

Mr. Speaker : It is 6.00 P.M. Now I will apply guillotine.

Question is-

That the Punjab Appropriation (Vote-on-Account) Bill be taken into consideration at once.

The motion was carried.

Mr. Speaker : Now the House will proceed to consider the Bill Clause by Clause.

If the House has no objection, I will put all the Clauses together to the vote of the House.

(*Voices : Yes, Yes*)

CLAUSES 2, 3, SCHEDULE AND CLAUSE 1

Mr. Speaker : Question is—

That Clauses 2, 3, Schedule and Clause 1 stand part of the Bill.

The motion was carried.

TITLE

Mr. Speaker : Question is—

That Title be the Title of the Bill.

The motion was carried.

Mr. Speaker : Question is...

That the Punjab Appropriation (Vote-on-Account) Bill be passed.

After ascertaining the votes of the Members present by voices, Mr. Speaker gave an opinion. This opinion was challenged. The bells were sounded. The question was put again and carried by voice vote.

The Motion was declared carried.

Mr. Speaker : The House stands adjourned till 9.00 A.M. on Friday, 29th January, 1971.

6. 03 P. M *The Sabha then adjourned till 9. 00 A. M. on Friday, the 29th January, 1971.)*

APPENDIX

To

PUNJAB VIDHAN SABHA DEBATES,

Dated the 28th January, 1971 (Afternoon Sitting)

Vol. I-No. 10

REPRESENTATION FROM PRESIDENT
PUNJAB DEHATI MAZDOOR SABHA.

*2057. **Comrade Satya Pal Dang** : Will the Chief Minister be pleased to state :

(a) whether the Deputy Commissioner, Sangrur received a letter/ representation dated the 22nd May, 1970 from Shri Bhan Singh Bhaura, President, Punjab Dehati Mazdoor Sabha drawing his attention to the fact that more than 800 bighas of good land in village Bunga and Khanpur, tehsil Malerkotla meant for Harijans was gradually being given to one landlord year after year through benami, if so, a copy of the said letter be placed on the Table of the House;

(b) the action, if any, taken on the said letter and with what result ?

ਸਰਦਾਰ ਆਤਮਾ ਸਿੰਘ (ਮਾਲ ਅਤੇ ਚੱਕਬੰਦੀ ਮੰਤਰੀ) : (ਏ) ਨਹੀਂ ਜੀ।

(ਬੀ) ਸਵਾਲ ਹੀ ਪੈਦਾ ਨਹੀਂ ਹੁੰਦਾ।

Number of cases of thefts of Cars reported during the year 1966 to 1969 (Month-wise)

Year 1969

Name of District	Jan.	Feb.	March	April	May	June	July	Aug	Sep.	Oct.	Nov.	Dec.
Ferozepore	—	—	—	—	—	—	—	—	—	—	—	—
Amritsar	—	—	—	3	1	—	—	1	2	—	1	1
Ludhiana	—	1	—	1	2	—	—	—	—	—	—	—
Jullundur	1	—	2	2	—	—	2	1	—	—	2	4
Gurdaspur'	—	—	—	—	—	—	—	—	—	—	—	1
Hoshiarpur	—	—	—	—	—	—	—	—	—	—	—	—
Kapurthala	—	—	—	—	—	—	—	—	—	—	—	
Patiala	1	—	—	—	—	—	—	1	—	—	—	—
Sangrur	—	—	—	—	—	—	—	—	—	—	—	—
Bhatinda	—	—	1	—	—	—	—	—	—	1	—	—
Ropar	—	1	—	—	—	—	—	—	—	—	—	—
Total .—	2	2	3	6	3	—	2	3	2	1	3	7

(10) III STATEMENT LAID ON THE TABLE IN REPLY TO STARRED QUESTION No. 2350

Number of cases of thefts of Cars reported during the year 1966 to 1969 (Month-wise)

Year 1967

Name of District	Jan.	Feb.	March	April	May	June	July	Aug.	Sept.	Oct.	Nov.	Dec.
Ferozepore	—	—	—	—	—	—	—	—	—	—	1	—
Amritsar	1	—	—	—	—	—	—	—	—	—	—	—
Ludhiana	—	—	—	1	—	—	—	—	—	—	—	—
Jullundur	—	1	1	—	—	—	—	—	—	—	1	—
Gurdaspur	—	—	—	—	—	—	—	—	—	—	—	—
Hoshiarpur	—	—	—	—	—	—	—	—	—	—	—	—
Kapurthala	—	—	—	—	—	—	—	—	—	—	—	—
Patiala	—	—	—	—	—	—	1	—	—	—	1	—
Sangrur	—	—	—	—	—	—	—	—	—	—	—	—
Bhatinda	—	—	—	—	—	—	—	—	—	—	—	—
Ropar	—	—	—	—	—	—	—	—	—	—	—	—
Tatal :—	1	1	1	1	—	—	1	—	—	—	3	—

Number of cases of thefts of Cars reported during the year 1966 to 1969
(Month-wise)

Year 1968

Name of District	Jan.	Feb.	March	April	May	June	July	Aug.	Sept.	Oct.	Nov.	Dec.
Ferozepore	—	—	—	1	—	—	—	—	—	—	—	—
Amritsar	—	—	1	1	—	—	—	—	—	3	1	1
Ludhiana	—	—	—	1	—	—	1	2	—	—	1	—
Jullundur	1	—	—	—	—	—	—	—	1	—	1	—
Gurdaspur	—	—	—	—	—	—	—	—	—	—	—	—
Hoshiarpur	—	—	—	—	—	—	—	—	—	—	—	—
Kapurthala	—	—	—	—	—	—	—	—	—	—	—	—
Patiala	—	—	—	—	—	—	—	—	—	—	—	1
Sangrur	—	—	—	—	—	—	—	—	—	—	—	—
Bhatinda	—	—	—	—	—	—	—	—	—	—	—	—
Ropar	—	—	—	—	—	—	—	—	—	—	—	—
Total :—	1	—	1	3	—	—	1	2	1	3	3	2

Statement laid on the Table in reply to Starred Question No. 2350

Number of cases of thefts of Cars reported during the year 1966 to 1969 (Month wise)

Year 1966

Name of District	Jan.	Feb.	March	April	May	June	July	Aug.	Sept.	Oct.	Nov.	Dec.
Ferozepore	—	—	—	—	—	—	—	—	—	—	—	—
Amritsar	—	—	—	—	—	—	—	—	—	—	—	—
Ludhiana	—	—	—	1	—	1	—	—	—	—	1	1
Jullundur	—	1	—	1	—	—	—	—	—	—	—	—
Gurdaspur	—	—	—	—	—	—	—	—	—	—	—	—
Hoshiarpur	—	—	—	—	—	—	—	—	—	—	—	—
Kapurthala	—	—	—	—	—	—	—	—	—	—	—	—
Patiala	—	—	—	—	—	—	1	—	1	—	—	—
Sangrur	—	—	—	—	—	—	—	—	—	—	—	—
Bhatianda	—	—	—	—	—	—	—	—	—	—	—	—
Ropar	—	—	—	—	—	—	—	—	—	—	—	—
Total	—	1	—	2	—	1	1	—	1	—	1	1

Number of cases of thefts of Motor-cycles reported during the year 1966 to 1969 (Month-wise)

Year 1966

Name of District	Jan.	Feb.	March	April	May	June	July	Aug.	Sept.	Oct.	Nov.	Dec.
Ferozepore	—	—	—	—	—	—	1	—	—	—	—	—
Amritsar	—	—	—	—	—	—	—	—	—	—	1	—
Ludhiana	—	—	—	1	—	—	—	—	—	—	—	—
Jullundur	1	1	—	—	—	—	1	—	1	—	—	—
Gurdaspur	—	—	—	—	—	—	—	—	—	—	—	—
Hoshiarpur	—	—	—	—	—	—	—	—	—	—	—	—
Kapurthala	—	—	—	—	—	—	—	—	—	—	—	—
Patiala	—	—	—	—	—	—	—	—	—	—	—	—
Sangrur	—	—	—	—	—	—	—	—	—	—	—	—
Bhatinda	—	—	—	—	—	—	—	—	—	—	—	—
Ropar	—	—	—	—	—	—	—	—	—	—	—	—
Total :—	1	1	—	1	—	1	2	—	1	—	1	—

Number of cases of thefts of Motor-cycle reported during the year 1966 to 1969 (Month wise)

Year 1967

Name of District	Jan.	Feb.	March	April	May	June	July	Aug.	Sept.	Oct.	Nov.	Dec.
Ferozepore	—	—	—	—	—	—	—	—	1	—	—	1
Amritsar	—	—	1	1	1	—	—	1	1	1	—	—
Ludhiana	—	1	—	1	—	1	—	—	—	—	—	—
Jullundur	—	—	—	—	1	1	—	—	—	1	1	—
Gurdaspur	—	—	—	—	—	—	—	—	—	1	—	—
Hoshiarpur	—	—	—	—	—	—	—	—	—	—	—	—
Kapurthala	—	—	—	—	—	—	—	—	—	—	—	—
Patiala	—	—	—	—	—	1	—	1	1	—	—	—
Sangrur	—	—	—	—	—	—	—	—	—	—	—	—
Bhatianda	—	—	—	—	—	—	—	—	—	—	—	—
Ropar	—	—	—	—	—	—	—	—	—	—	—	—
Total	—	1	1	2	2	3	—	2	3	3	1	1

Number of cases of thefts of Motor-cycles reported during the year 1966 to 1969 (Month-wise)

Year 1968

Name of District	Jan.	Feb.	March	April	May	June	July	Aug	Sep.	Oct.	Nov.	Dec.
Ferozepore	—	—	1	—	—	—	—	—	—	—	—	—
Amritsar	4	—	—	—	1	1	—	1	—	—	—	1
Ludhiana	—	—	—	—	—	—	—	—	—	—	—	—
Jullundur	—	1	—	—	—	—	—	—	—	—	—	—
Gurdaspur	—	—	1	—	—	1	—	—	—	—	—	1
Hoshiarpur	—	—	—	—	—	—	—	—	—	—	—	—
Kapurthala	—	—	—	—	—	—	—	—	—	—	—	—
Patiala	—	—	—	—	1	—	—	—	—	—	—	—
Sangrur	—	—	—	—	—	—	—	—	—	—	—	—
Bhatinda	—	—	—	—	—	—	—	—	—	1	—	—
Ropar	—	—	—	—	—	—	—	—	—	—	—	—
Total .—	4	—	2	—	2	1	—	1	—	1	—	2

Number of cases of thefts of Motor-cycles reported during the year 1966 to 1969 (Month-wise)

Year 1969

Name of District	Jan.	Feb.	March	April	May	June	July	Aug.	Sept.	Oct.	Nov.	Dec.
Ferozepore	1	—	—	—	—	—	1	—	—	—	—	—
Amritsar	—	—	1	—	—	—	1	—	—	1	1	1
Ludhiana	—	1	1	—	—	—	1	—	1	—	—	—
Jullundur	—	—	—	—	1	1	1	1	—	—	2	2
Gurdaspur	—	—	—	1	—	—	—	—	—	—	—	—
Hoshiarpur	—	—	—	—	—	—	—	—	—	—	—	—
Kapurthala	—	—	—	—	—	—	—	—	—	—	—	—
Patiala	—	—	—	—	—	—	—	—	—	—	—	—
Sangrur	—	—	—	—	—	—	—	—	—	—	—	—
Bhatinda	—	—	—	—	—	—	—	—	—	—	—	—
Ropar	—	—	—	—	—	—	—	—	—	—	—	—
Tatal :—	1	1	2	1	1	1	4	1	1	1	3	3

Number of cases of thefts of scooters reported during the year 1966 to 1969 (Month-wise)

Year 1966

Name of District	Jan.	Feb.	March	April	May	June	July	Aug.	Sept.	Oct.	Nov.	Dec.
Ferozepore	—	—	—	—	—	—	—	—	—	1	1	—
Amritsar	—	—	—	—	—	—	1	—	1	—	1	—
Ludhiana	—	—	2	2	—	—	—	1	1	—	4	—
Jullundur	—	—	—	1	—	1	—	—	—	2	1	1
Gurdaspur	—	—	—	—	—	—	—	—	—	—	—	—
Hoshiarpur	—	—	—	—	—	—	—	—	—	—	—	—
Kapurthala	—	—	—	—	—	—	—	—	—	—	—	—
Patiala	—	—	—	—	—	—	—	—	—	—	—	—
Sangrur	—	—	—	—	—	—	—	—	—	—	—	—
Bhatinda	—	—	—	—	—	—	—	—	—	—	—	—
Ropar	—	—	—	—	—	—	—	—	—	—	—	—
Total :—	—	—	2	3	—	1	1	1	2	3	7	1

(10) XI STATEMENT LAID ON THE TABLE IN REPLY TO STARRED QUESTION No. 2350

Number of cases of thefts of scooters reported during the year 1966 to 1969 (Month-wise)

Year 1967

Name of District	Jan.	Feb.	March	April	May	June	July	Aug	Sep.	Oct.	Nov.	Dec.
Ferozepore	1	—	—	—	1	—	—	—	—	—	—	—
Amritsar	—	—	—	1	—	1	—	1	—	—	—	—
Ludhiana	2	—	—	1	—	—	1	1	2	—	—	—
Jullundur	—	1	—	—	—	—	—	—	—	—	—	—
Gurdaspur	—	—	—	—	—	1	—	—	—	—	1	—
Hoshiarpur	—	—	—	—	—	—	—	—	—	—	—	—
Kapurthala	—	—	—	—	—	—	—	—	—	—	—	—
Patiala	—	—	1	—	—	—	2	—	—	—	—	—
Sangrur	—	—	—	—	—	—	—	—	—	—	—	—
Bhatinda	—	—	—	1	—	—	—	—	—	—	—	—
Ropar	—	—	—	—	—	—	—	—	—	—	—	—
Total .—	3	1	1	3	1	2	3	2	2	—	1	—

Number of cases of thefts of scootcrs reported during the year 1966 to 1969
(Month wise)

Year 1968

Name of District	Jan.	Feb.	March	April	May	June	July	Aug.	Sept.	Oct.	Nov.	Dec.
Ferozepore	—	—	—	—	—	—	1	—	—	—	1	—
Amritsar	—	—	1	2	—	—	—	2	2	—	1	2
Ludhiana	1	2	2	2	—	—	1	—	—	—	1	1
Jullundur	—	1	1	1	1	—	—	—	—	1	—	—
Gurdaspur	—	—	—	—	—	—	—	—	—	—	—	—
Hoshiarpur	—	—	—	—	—	—	—	—	—	—	—	—
Kapurthala	—	—	—	—	—	—	—	—	—	—	—	—
Patiala	—	—	—	—	1	1	—	—	—	—	—	—
Sangrur	—	—	—	—	—	—	—	—	—	—	—	—
Bhatianda	—	—	—	—	—	—	—	—	—	—	—	—
Ropar	—	—	—	—	—	—	—	—	—	—	—	—
Total	1	3	4	5	2	1	2	2	2	1	3	3

(10) XIII STATEMENT LAID ON THE TABLE IN REPLY TO STARRED QUESTION No. 2350

Number of cases of thefts of scooters reported during the year 1966 to 1969 (Month-wise)

Year 1969

Name of District	Jan.	Feb.	March	April	May	June	July	Aug.	Sept.	Oct.	Nov.	Dec.
Ferozepore	1	—	—	—	—	—	—	—	—	—	—	—
Amritsar	—	—	—	1	1	1	—	—	—	—	—	2
Ludhiana	—	2	—	1	1	—	1	1	—	4	3	4
Jullundur	2	—	2	1	—	—	—	2	1	—	1	—
Gurdaspur	—	—	—	—	—	—	—	—	—	1	—	—
Hoshiarpur	—	—	—	—	—	—	—	—	—	—	—	—
Kapurthala	—	—	—	—	—	—	—	—	—	—	—	1
Patiala	—	—	—	—	—	—	—	2	—	2	—	—
Sangrur	—	—	—	—	—	—	—	—	—	—	—	—
Bhatinda	—	—	—	—	—	—	—	—	—	—	—	—
Ropar	—	—	—	—	—	—	—	—	—	—	—	—
Tatal :—	3	2	2	3	2	1	1	5	1	7	4	7

Number of cases of thefts of cycles reported during the year 1966 to 1969
(Month-wise)

Year 1966

Name of District	Jan.	Feb.	March	April	May	June	July	Aug.	Sept.	Oct.	Nov.	Dec.
Ferozepore	2	5	4	2	3	3	4	5	7	2	3	3
Amritsar	5	8	7	9	7	13	11	15	14	13	15	14
Ludhiana	17	13	13	17	15	17	6	11	8	8	11	14
Jullundur	7	6	9	8	6	8	6	13	7	6	3	3
Gurdaspur	4	3	1	3	3	2	2	2	2	5	1	—
Hoshiarpur	3	2	4	2	3	2	4	2	4	1	4	4
Kapurthala	2	1	2	—	—	1	1	—	3	2	2	1
Patiala	5	1	1	4	3	3	7	5	10	8	4	7
Sangrur	2	1	3	4	—	2	—	1	5	1	3	1
Bhatinda	4	3	—	—	1	4	4	3	1	3	1	3
Ropar	1	—	1	—	—	—	1	—	1	—	—	1
Total :—	52	43	45	49	41	55	46	57	62	49	47	51

(10) XV STATEMENT LAID ON THE TABLE IN REPLY TO STARRED QUESTION No. 2350

Number of cases of thefts of cycles reported during the year 1966 to 1969
(Month-wise)

Year 1967

Name of District	Jan.	Feb.	March	April	May	June	July	Aug	Sep.	Oct.	Nov.	Dec.
Ferozepore	4	5	6	3	4	2	4	3	3	6	6	8
Amritsar	14	11	12	10	5	7	7	14	9	7	3	—
Ludhiana	12	10	16	14	13	7	9	9	6	8	9	28
Jullundur	1	2	1	3	3	2	4	4	5	2	2	1
Gurdaspur	1	—	2	2	1	3	—	—	1	2	2	4
Hoshiarpur	1	2	6	4	2	4	6	2	2	2	1	10
Kapurthala	1	1	1	1	—	—	—	1	—	7	3	1
Patiala	7	2	5	3	1	4	3	5	7	10	2	5
Sangrur	1	—	1	1	1	3	—	3	1	4	1	2
Bhatinda	2	—	2	1	2	4	4	2	3	6	1	8
Ropar	2	1	2	—	—	2	1	1	—	2	—	4
Total .—	46	34	54	42	32	38	38	44	37	56	30	71

Number of cases of thefts of cycles reported during the year 1966 to 969
(Month wise)

Year 1968

Name of District	Jan.	Feb.	March	April	May	June	July	Aug.	Sept.	Oct.	Nov.	Dec.
Ferozepore	5	6	8	9	1	3	4	7	8	6	6	6
Amritsar	9	11	5	3	1	2	5	11	6	3	1	5
Ludhiana	23	9	7	2	10	6	11	9	9	11	7	12
Jullundur	—	2	2	3	1	2	1	1	—	1	3	6
Gurdaspur	2	1	1	1	—	1	4	1	3	3	—	2
Hoshiarpur	4	8	1	4	3	1	2	4	1	3	3	4
Kapurthala	5	1	2	1	1	—	1	4	1	1	1	7
Patiala	14	3	3	2	8	1	2	2	1	5	3	1
Sangrur	1	1	1	1	3	2	2	1	1	5	1	2
Bhatianda	3	4	1	2	5	1	—	3	2	1	2	3
Ropar	1	1	1	—	—	1	1	—	2	—	1	—
Total	67	47	32	28	33	20	33	43	34	39	28	48

(10) XVII STATEMENT LAID ON THE TABLE IN REPLY TO STARRED QUESTION No. 2350

Number of cases of thefts of cycles reported during the year 1966 to 1969 (Month-wise)

Year 1969

Name of District	Jan.	Feb.	March	April	May	June	July	Aug.	Sept.	Oct.	Nov.	Dec.
Ferozepore	1	2	5	4	4	4	3	7	7	5	2	7
Amritsar	3	3	1	5	4	4	8	3	3	2	5	7
Ludhiana	10	7	11	6	11	5	8	12	5	8	5	6
Jullundur	5	1	2	1	1	4	2	6	5	1	—	2
Gurdaspur	1	1	2	—	—	2	1	—	3	4	—	4
Hoshiarpur	—	4	1	2	3	4	—	—	2	1	—	—
Kapurthala	1	—	1	—	1	2	2	—	9	1	—	—
Patiala	3	3	6	3	1	5	4	9	10	11	8	5
Sangrur	1	—	—	1	3	3	2	2	3	1	1	2
Bhatinda	2	1	2	1	—	3	2	3	3	1	—	—
Ropar	—	1	1	1	—	—	2	1	—	—	—	1
Tatal :—	27	23	32	24	28	36	34	43	50	35	21	34

Published under the authority of the Punjab Vidhan Sabha

Printed by :

SANATAN DHARAM PRESS,

Mani Majra.

(Chandi Garh)

Punjab Vidhan Sabha

DEBATES

29th January, 1971

Vol. I—No. 11

OFFICIAL REPORT

CONTENTS

Friday, the 29th January, 1971

Punjab Vidhan Sabha Secretariat, Chandigarh.

Price : Rs. 9—05 Paise

ਕਾ
re
ਇੰ
till
ex
em
Co
tha
Que
alc
an
ecr
Ret
Reha
ਲਾਕ
ਲਾਣੇ
ਣਦਾ
ਹਿੰਦ
ਖਦਾ
ਰਦਾ
rda
ਤਨ
ਥੀ ਰੂ
ld v

ERRATA

To

Punjab Vidhan Sabha Debates, Dated The 29 th January, 1971.

Vol. I—No. II.

Read	For	Page	Line
ਕਾਮਰੇਡ ਸੱਤ ਪਾਲ ਡਾਂਗ	ਕਾਮਰਡ ਸਤਪਾਲ ਡਾਂਗ	(11) 6	12
remaining	remalning	(11) 13	4
ਇੰਤਜ਼ਾਮ ਹਾਲੇ ਉਨ੍ਹਾਂ	ਇਨਜ਼ਾਮ ਹਾਲੇ ? ਉਨ੍ਹਾਂ	(11) 14	last
till 24. 4. 1970.	tiil 24-4-1 70	(11) 22	21
express	expess	(11) 22	10th from below
employees	empleyees	(11) 25	3
Committees	Commitees	(11) 25	7
that	taht	(11) 26	last
Questions	Qufstions	(11) 27	Heading
calculation	caculation	(11) 32	10
January	Jaunary	(11) 34	Heading
recruitment	recraitment	(11) 38	12th from below
Retrenched	Retranched	(11) 74	8th from below
Rehabilitation	Rehabilition	(11) 80	18
मुलाजमों	सुलाजमों	(11) 95	2
ਫ਼ਲਾਣੇ	ਫ਼ਲਾਵੇ	(11) 127	16
ਬਣਦਾ	ਣਦਾ	(11) 129	3
ਕਹਿੰਦਾ	ਹਿੰਦਾ	(11) 129	7
ਰਖਦਾ	ਰੱਖਦ	(11) 129	8
ਸਿਰਦਾਰ ਕਪੂਰ ਸਿੰਘ	ਸਰਦਾਰ ਕਪੂਰ ਸਿੰਘ	(11) 143	11
Sirdar Kapur Singh	Sardar Kapur Singh	(11) 144	12
ਟੰਡਨ	ਟਡਨ	(11) 147	15th from below
ਸਾਥੀ ਰੂਪ ਲਾਲ	ਸਾਥੀ ਰਪ ਲਾਲ	(v)	3rd from below
Add word "ਨਹੀਂ" after "ਵਿਚ"		(viii)	8

PUNJAB VIDHAN SABHA

Friday, the 29th January, 1971

The Sabha met in the Punjab Vidhan Sabha Hall, Vidhan Bhavan, Sector—1, Chandigarh, at 9 A. M. of the Clock. Mr. Speaker (Sardar Darbara Singh) in the chair.

STARRED QUESTIONS AND ANSWERS

CUT IN ELECTRICITY SUPPLY IMPOSED IN THE STATE

*2083. **Shri Gian Chand Kharbanda** : Will the Minister for Irrigation and power be pleased to state :—

(a) the extent to which cut in regular supply of electricity was imposed by the Punjab State Electricity Board to meet the power crisis in Punjab this year ;

(b) the percentage of cut imposed in the various districts of the State separately since 1. 4. 70 upto date and the reasons for the variations, if any ;

(c) the extent to which cut was imposed by the said Board on the supply made to the Municipal Committee, Amritsar each month during the period from 1. 4. 70 upto date ;

(d) the extent to which cut was imposed by the Municipal Power House, Amritsar on the supply made to the Industry and Public during the said period ;

(e) whether the Government received any protest from the public of Amritsar that the cut imposed in Amritsar was more than the cut imposed in other cities by the Board, if so, the action taken thereon ?

Sardar Sohan Singh Bassi

(a) The statement placed at the Table of the House shows the quantum of power cut applied on Industrial and Agricultural consumers from time to time and the categories of Industrial consumers exempted from the cut.

(b) same as shown in the statement referred to in part 'a' above. It may, however, be added that a uniform power cut was imposed throughout the State except some additional cuts enforced due to bad local loading conditions by certain XENs.

(c) Statement is laid on the Table of the House.

(d) Municipal Committee, Amritsar had imposed the same cuts in Amritsar as were imposed by the Punjab State Electricity Board in other parts of the State.

Minister for Irrigation and Power

(e) yes, A protest was received from the Secretary, Sharomani Gurdwara Parbandhak Committee, Amritsar and was sent to the Board.

[(ੳ) ਸਦਨ ਦੀ ਮੇਜ਼ ਤੇ ਰੱਖੀ ਸੂਚੀ ਉਦਯੋਗਿਕ ਅਤੇ ਖੇਤੀਬਾੜੀ ਗਾਹਕਾਂ ਤੇ ਲਾਈ ਗਈ ਕਟੌਤੀ ਦੀ ਮਾਤਰਾ ਅਤੇ ਉਦਯੋਗਿਕ ਖਪਤਕਾਰਾਂ ਦੀਆਂ ਸ਼੍ਰੇਣੀਆਂ, ਜਿਨ੍ਹਾਂ ਨੂੰ ਕੱਟ ਵਿਚ ਛੋਟ ਦਿੱਤੀ ਹੋਈ ਸੀ, ਦਰਸਾਉਂਦੀ ਹੈ ।

(ਅ) ਉਸੇ ਤਰ੍ਹਾਂ ਹੀ ਜਿਵੇਂ ਕਿ ਉਪਰੋਕਤ 'ੳ' ਵਿਚ ਵਰਨਿਤ ਬਿਆਨ ਵਿਚ ਹੈ । ਪਰ ਇਹ ਦਸਿਆ ਜਾਂਦਾ ਹੈ ਕਿ ਸਥਾਨੀ ਲੋਡ ਜ਼ਿਆਦਾ ਹੋਣ ਕਰਕੇ ਇੰਜਨੀਅਰਾਂ ਦੁਆਰਾ ਲਾਈਆਂ ਗਈਆਂ ਨੂੰ ਛੱਡ ਕੇ ਸਾਰੇ ਰਾਜ ਵਿਚ ਇਕੋ ਜਿਹੀ ਕਟੌਤੀ ਲਾਈ ਗਈ ।

(ੲ) ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਸ) ਮਿਉਂਸਪਲ ਕਮੇਟੀ, ਅੰਮ੍ਰਿਤਸਰ ਨੇ ਆਪਣੇ ਇਲਾਕੇ ਵਿਚ ਬਿਜਲੀ ਦੀ ਉਨੀ ਕੱਟ ਲਾਈ ਸੀ ਜਿੰਨੀ ਬੋਰਡ ਨੇ ਰਾਜ ਦੇ ਦੂਜੇ ਹਿੱਸਿਆਂ ਵਿਚ ਲਾਈ ਸੀ ।

(ਹ) ਜੀ ਹਾਂ । ਸਕੱਤਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਪਾਸੋਂ ਇਕ ਰੋਸ ਪੱਤਰ ਆਇਆ ਸੀ ਜੋ ਕਿ ਬਿਜਲੀ ਬੋਰਡ ਨੂੰ ਭੇਜ ਦਿੱਤਾ ਗਿਆ ਸੀ ।)

STATEMENT (PART A)

	Quantum of power cut applied	
	Industrial	**Rural**
1. 4. 70 to 10. 4. 70	15%	
11. 4. 70 to 30. 6. 70	20%	Supply switched off from 6 A.M. to 7 P.M. for three days in a week.
20. 7. 70 to 25. 7. 70	20%	Supply switched off for 21 hours in 48 hours.
26. 7. 70 to 20. 9. 70	40%	—do—
21. 9. 70 to 30. 9. 70	25%	Supply switched off for 16 hours in 48 hours.
1. 10. 70 to 10. 10. 70	14%	—do—
11. 10. 70 to 9. 12. 70	10%	—do— upto 14. 12. 70
		Retational operation of rural feeders as was inforced prior to enforcement of power cut this year has been re-introduced w.e f. 15. 10. 70.
10. 12. 70 to date		Supply closed from 8. A.M. to 12. A.M. and 1. P.M. to 6. P.M. for all feeders.

The following categories of Industrial consumers has been exempted from power cut w.e.f. 21. 10. 70 to 9. 12. 70 :—

(i) Small power Industrial Consumers (i.e. upto 20 K.W. load)

(ii) Detence/Export oriented industrial consumers provided more than 50% of their production is ear marked for Defence/Export purposes.

(iii) Continuous process industries such as sugar mills, textile mills and factories run on 3 shifts regularly.

(iv) The industrial units engaged in the manufacture of w llen goods had been exempted from power cut for the months of October, Novemb r and December, 1970.

	ਲਾਈ ਗਈ ਕਟੌਤੀ ਦੀ ਮਾਤਰਾ	
	ਉਦਯੋਗਿਕ	ਪੇਂਡੂ
[1. 4. 70 ਤੋਂ 10. 4. 70	15%	ਇਕ ਹਫ਼ਤੇ ਵਿਚ 3 ਦਿਨ 6 ਵਜੇ ਸਵੇਰ ਤੋਂ 7 ਵਜੇ ਸ਼ਾਮ ਤਕ ਸਪਲਾਈ ਬੰਦ ਰਹੀ।
11. 4. 70 ਤੋਂ 30. 6. 70	20%	
20. 7. 70 ਤੋਂ 25. 7. 70	20%	48 ਘੰਟਿਆਂ ਵਿਚ 21 ਘੰਟ ਸਪਲਾਈ ਬੰਦ ਰਹੀ।
26. 7. 70 ਤੋਂ 20. 9. 70	40%	—ਉਪਰੋਕਤ —
21. 9. 70 ਤੋਂ 30. 9. 70	25%	48 ਘੰਟਿਆਂ ਵਿਚ 16 ਘੰਟੇ ਸਪਲਾਈ ਬੰਦ ਰਹੀ।
1. 10. 70 ਤੋਂ 10. 10. 70	14%	—ਉਪਰੋਕਤ—
11. 10. 70 ਤੋਂ 9. 12. 70	10%	ਉਪਰੋਕਤ 14. 10. 70 ਤਕ। ਪੇਂਡੂ ਫੀਲਡਾਂ ਦਾ ਤਰਤੀਬਵਾਰ ਸੰਚਾਲਨ, ਜੋ ਕਿ ਬਿਜਲੀ ਦੀ ਕਟੌਤੀ ਦੇ ਲਾਉਣ ਤੋਂ ਪਹਿਲਾਂ ਜਾਰੀ ਸੀ, ਫੇਰ 15. 10. 70. ਤੋਂ ਦੁਆਰਾ ਲਾ ਦਿਤਾ ਗਿਆ।
10. 12. 70 ਤੋਂ ਹੁਣ ਤਕ	—	8 ਵਜੇ ਸਵੇਰ ਤੋਂ 12 ਵਜੇ ਦੁਪਹਿਰ ਅਤੇ 1 ਵਜੇ ਸ਼ਾਮ ਤੋਂ 6 ਵਜੇ ਸ਼ਾਮ ਸਾਰੇ ਫੀਲਡਾਂ ਲਈ ਸਪਲਾਈ ਬੰਦ ਰਹੀ।

ਹੇਠਲੀ ਪ੍ਰਕਾਰ ਦੇ ਉਦਯੋਗਿਕ ਗਾਹਕਾਂ ਨੂੰ 21. 10. 70 ਤੋਂ 9. 12. 70 ਤਕ ਕਟੌਤੀ ਤੋਂ ਛੋਟ ਦਿੱਤੀ ਗਈ।

(1) ਛੋਟੇ ਬਿਜਲੀ ਉਦਯੋਗਿਕ ਗਾਹਕ (20 ਕੇ. ਡਵਲੀਊ ਤਕ)।

(2) ਮਿਲਟਰੀ ਸੇਵਾਵਾਂ/ਨਿਰਯਾਤ ਆਦਿ ਉਦਯੋਗ ਵਾਸਤੇ ਕਿ ਉਨ੍ਹਾਂ ਦੇ ਉਤਪਾਦਨ ਦਾ 50% ਤੋਂ ਵਧੀਕ ਭਾਗ ਮਿਲਟਰੀ ਸੇਵਾਵਾਂ/ਨਿਰਯਾਤ ਵਾਸਤੇ ਹੋਵੇ।

(3) ਲਗਾਤਾਰ ਕੰਮ ਕਰਨ ਵਾਲੇ ਉਦਯੋਗ, ਜਿਵੇਂ ਕਿ ਖੰਡ, ਕਪੜੇ ਦੀਆਂ ਮਿਲਾਂ ਅਤੇ ਉਹ ਫੈਕਟਰੀਆਂ ਜੋ ਲਗਾਤਾਰ 3 ਸ਼ਿਫਟਾਂ ਲਾਉਂਦੀਆਂ ਹਨ।

(4) ਉਦਯੋਗਿਕ ਇਕਾਈਆਂ ਜੋ ਕਿ ਉਨੀ ਸਾਮਾਨ ਤਿਆਰ ਕਰਦੀਆਂ ਹਨ ਨੂੰ ਬਿਜਲੀ ਦੀ ਕਟੌਤੀ ਤੋਂ ਅਕਤੂਬਰ, ਨਵੰਬਰ ਅਤੇ ਦਸੰਬਰ, 1970 ਦੇ ਮਹੀਨਿਆਂ ਵਿਚ ਛੋਟ ਦਿੱਤੀ ਗਈ।]

(Minister for Irrigation and Power) :

(PART C)

Statement showing the quantum of power cut applied on Municipal Committee, Amritsar on the basis of their highest average consumption for the months of July, August and September, 1969, and their actual consumption during the power cut period.

Period	Average daily Consumption calculated on the basis of actual consumption from July to September, 1969.	Daily Units allowed	Average daily consumption
1. 4. 70 to 30. 6. 70	2,56,000	2,04,454	2,25,000
28. 7. 70 to 19. 8. 70	2,56,000	1,53,400	2,25,000
20. 8. 70 to 20. 9. 70	2,56,000	1,94,300	2,24,000
20. 9. 70 to 30. 9. 70	2,56,000	2,46,000	2,24,000
1. 10. 70 to 9. 12. 70	2,56,000	2,46,000	2,50,000

[ਹੇਠ ਦਿੱਤੀ ਸੂਚੀ ਮਿਊਂਸਪਲ ਕਮੇਟੀ, ਅੰਮ੍ਰਿਤਸਰ ਤੇ ਲਗਾਈ ਗਈ ਕਟੌਤੀ ਦੀ ਮਿਕਦਾਰ ਨੂੰ ਦਰਸਾਉਂਦੀ ਹੈ ਜੋ ਕਿ ਉਨ੍ਹਾਂ ਦੀ ਜੁਲਾਈ, ਅਗਸਤ ਤੇ ਸਤੰਬਰ, 1969 ਦੀ ਉੱਚ ਔਸਤ ਖਪਤ ਦੇ ਆਧਾਰ ਤੇ ਅਤੇ ਉਨ੍ਹਾਂ ਦੀ ਕਟੌਤੀ ਦੇ ਦਿਨਾਂ ਵਿਚ ਅਸਲੀ ਖਪਤ ਦੇ ਆਧਾਰ ਤੇ ਲਗਾਈ ਗਈ :—

ਸਮਾਂ	ਰੋਜ਼ਾਨਾ ਔਸਤ ਖਪਤ ਜੋ ਕਿ ਜੁਲਾਈ ਤੋਂ ਸਤੰਬਰ, 1969 ਦੇ ਸਮੇਂ ਵਿਚ ਅਸਲ ਖਪਤ ਦੇ ਆਧਾਰ ਤੇ ਕੱਟੀ ਗਈ	ਰੋਜ਼ਾਨਾ ਇਕਾਈਆਂ ਦੀ ਇਜਾਜ਼ਤ	ਰੋਜ਼ਾਨਾ ਔਸਤ ਖਪਤ
1. 4. 70 ਤੋਂ 30. 6. 70	2,56,000	2,04,454	2,25,000
28. 7. 70 ਤੋਂ 19. 8. 70	2,56,000	1,53,400	2,25,000
20. 8. 70 ਤੋਂ 20. 9. 70	2,56,000	1,94,300	2,24,000
21. 9. 70 ਤੋਂ 30. 9. 70	2,56,000	2,46,000	2,24,000
1. 10. 70 ਤੋ 9. 12. 70	2,56,000	2,46,000	2,50,000]

ਸ਼੍ਰੀ ਗਿਆਨ ਚੰਦ ਖਰਬੰਦਾ : ਕੀ ਵਜ਼ੀਰ ਸਾਹਿਬ ਇਸ ਗਲ ਦੀ ਇਨਕਵਾਇਰੀ ਕਰਨਗੇ ਕਿ ਅੰਮ੍ਰਿਤਸਰ ਵਿਚ ਦੂਜੇ ਸ਼ਹਿਰਾਂ ਦੇ ਮੁਕਾਬਲੇ ਵਿਚ ਕਟੌਤੀ ਵੱਧ ਕਿਉਂ ਹੋਈ ਹੈ ? ਅੰਮ੍ਰਿਤਸਰ ਮਿਊਨਿਸਪੈਲਿਟੀ ਲਾਇਸੈਂਸੀ ਹੈ ਉਸ ਨੂੰ ਜੋ ਬਿਜਲੀ ਸਪਲਾਈ ਕੀਤੀ ਜਾਂਦੀ ਹੈ ਉਹ 1969 ਦੀ ਕੰਜ਼ਮਪਸ਼ਨ ਦੇ ਹਿਸਾਬ ਨਾਲ ਸਪਲਾਈ ਕੀਤੀ ਜਾਂਦੀ ਹੈ ਜਦ ਕਿ ਹੁਣ 70-71 ਵਿਚ ਸੈਂਕਸ਼ਨਡ ਬਿਜਲੀ ਦੀ ਖਪਤ ਬਹੁਤ ਵੱਧ ਗਈ ਹੈ ਅਤੇ ਉਸ ਦੇ ਨਾਲ ਰੇਲਵੇ ਸਟੇਸ਼ਨ, ਵੀ. ਜੇ.

ਹਸਪਤਾਲ ਵਰਗੇ ਅਸੈਂਸ਼ਲ ਸਰਵਿਸਿਜ਼ ਵਾਲੇ ਅਦਾਰੇ ਵੀ ਲਗੇ ਹੋਏ ਹਨ, ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਕੀ ਇਹ ਇਨਕਵਾਇਰੀ ਕਰਨਗੇ ਅਤੇ ਕਟੌਤੀ ਨੂੰ ਘੱਟ ਕਰਨ ਤੇ ਗੌਰ ਕਰਨਗੇ ?

ਬਿਜਲੀ ਤੇ ਸਿੰਜਾਈ ਮੰਤਰੀ : ਜੋ ਜਵਾਬ ਵਿਚ ਡੀਟੇਲ ਦਿੱਤੀ ਗਈ ਹੈ ਉਸ ਵਿਚ ਦਸਿਆ ਗਿਆ ਹੈ ਕਿ ਆਥੋਰਾਈਜ਼ਡ ਬਿਜਲੀ ਕਿੰਨੀ ਸੀ ਅਤੇ ਅੰਮ੍ਰਿਤਸਰ ਸ਼ਹਿਰ ਨੂੰ ਕਿੰਨੀ ਕਿੰਨੀ ਬਿਜਲੀ ਮਿਲੀ। ਅੰਮ੍ਰਿਤਸਰ ਨੂੰ ਉਸ ਤੋਂ ਵੱਧ ਬਿਜਲੀ ਮਿਲਦੀ ਰਹੀ ਹੈ, ਜਿੰਨੀ ਉਸ ਨੂੰ ਮਿਲਣੀ ਚਾਹੀਦੀ ਸੀ। ਮਿਉਨਿਸਪੈਲਿਟੀ ਜੋ ਗਰਿਡ ਲਾਇਸੈਂਸੀ ਹੈ ਉਸ ਨੂੰ ਘੱਟ ਬਿਜਲੀ ਨਹੀਂ ਮਿਲੀ। ਲੋਕਾਂ ਨੂੰ ਜੋ ਘੱਟ ਮਿਲੀ ਹੈ ਉਸ ਦਾ ਕਾਰਨ ਇਹ ਹੈ ਕਿ ਐਕਸਟੈਨਸ਼ਨ ਕਰਦੇ ਰਹੇ ਹਨ ਜਿਸ ਤੇ ਬੋਰਡ ਦਾ ਕੰਟਰੋਲ ਨਹੀਂ ਹੈ। ਉਹ ਨਵੇਂ ਕੁਨੈਕਸ਼ਨ ਦੇ ਰਹੇ ਹਨ ਜਿਸ ਕਰਕੇ ਬਿਜਲੀ ਘਟੀ ਲਗਦੀ ਹੈ, ਮਗਰ ਉਨ੍ਹਾਂ ਨੇ ਦੂਜੇ ਸ਼ਹਿਰਾਂ ਨਾਲੋਂ ਵੱਧ ਬਿਜਲੀ ਲਈ ਹੈ, ਮੈਂ ਫਿਗਰਜ਼ ਪੜ੍ਹ ਦਿੰਦਾ ਹਾਂ।

ਕਾਮਰੇਡ ਸੱਤਪਾਲ ਡਾਂਗ : ਕੀ ਲੋਕਾਂ ਨੂੰ ਨਵੇਂ ਕੁਨੈਕਸ਼ਨ ਨਹੀਂ ਮਿਲਣੇ ਚਾਹੀਦੇ ?

ਮੰਤਰੀ : ਇਹ ਅੱਜ ਦੀ ਗੱਲ ਨਹੀਂ, ਕਮੁਲੇਟਿਵ ਇਫੈਕਟ ਹੈ।

Today's crisis of power supply in the State is the accumulated effect of the policies pursued by the predecessor Government. Neither it was kept in view that our demand will constantly rise due to the development of economy nor the pressing needs of Agriculture and Industry were taken into consideration. In fact the agreements which were entered into with other States for the supply of power have today become a bottleneck in meeting the needs of the State.

ਸਿਰਦਾਰ ਕਪੂਰ ਸਿੰਘ : ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਜਗਰਾਉਂ ਦੇ ਨੇੜੇ ਪਿੰਡ ਲੋਪੋਕੇ ਲੈਂਹਦੀ ਭੈਨੀ ਦੇ ਗੁਰਦੁਆਰੇ ਨੂੰ ਬਿਜਲੀ ਦਾ ਕੁਨੈਕਸ਼ਨ ਦਿੱਤਾ ਹੋਇਆ ਹੈ ਪਰ ਬਿਜਲੀ ਪਹੁੰਚ ਨਹੀਂ ਰਹੀ ਅਤੇ ਮੰਤਰੀ ਜੀ ਦਾ ਹੁਕਮ ਹੋਣ ਦੇ ਬਾਵਜੂਦ ਬਿਜਲੀ ਦਾ ਪ੍ਰਬੰਧ ਨਹੀਂ ਕੀਤਾ ਜਾ ਰਿਹਾ ? (ਵਿਘਨ)

ਮੰਤਰੀ : ਨੋਟਿਸ ਦੀ ਲੋੜ ਨਹੀਂ। ਉਥੇ ਟਰਾਂਸਫਾਰਮਰ ਆ ਰਿਹਾ ਹੈ, ਉਸ ਦੇ ਲੱਗਣ ਤੇ ਬਿਜਲੀ ਦਿੱਤੀ ਜਾਵੇਗੀ।

ਸਿਰਦਾਰ ਕਪੂਰ ਸਿੰਘ : ਟਰਾਂਸਫਾਰਮਰ ਤਾਂ ਉਥੇ ਪਿਆ ਹੋਇਆ ਹੈ। ਉਹ ਲਗਾ ਦਿਉ।

ਮੰਤਰੀ : ਜਿਹੜਾ ਟਰਾਂਸਫਾਰਮਰ ਕੰਮ ਕਰੇਗਾ ਉਹੀ ਲਗਾਇਆ ਜਾਵੇਗਾ।

ਸਰਦਾਰ ਸੁਰਜੀਤ ਸਿੰਘ ਅਟਵਾਲ : ਕੀ ਇਹ ਠੀਕ ਹੈ ਕਿ ਸਭ ਤੋਂ ਵੱਧ ਕੱਟ ਐਗਰੀਕਲਚਰ ਫਾਰਮਜ਼ ਤੇ ਲਾਇਆ ਗਿਆ ਹੈ ਅਤੇ ਕੀ ਇਹ ਇਸ ਗੱਲ ਤੇ ਗੌਰ ਕਰ ਰਹੇ ਹਨ ਕਿ ਜਿਨ੍ਹਾਂ ਫਾਰਮਰਜ਼ ਨੂੰ ਬਿਜਲੀ ਨਹੀਂ ਮਿਲੀ ਖਾਸ ਕਰ ਉਨ੍ਹਾਂ ਫਾਰਮਰਜ਼ ਦੇ ਕੇਸ ਵਿਚ, ਜਿਨ੍ਹਾਂ ਤੋਂ ਮੰਥਲੀ ਬੇਸਿਜ਼ ਤੇ ਪੈਸੇ ਚਾਰਜ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਉਨ੍ਹਾਂ ਦਿਨਾਂ ਦੇ ਪੈਸੇ ਵਾਪਸ ਕਰ ਦਿਤੇ ਜਾਣਗੇ, ਜਦੋਂ ਕਿ ਬਿਜਲੀ ਬੰਦ ਰਹੀ ?

ਮੰਤਰੀ : ਮੈਂ ਐਲਾਨ ਵੀ ਕੀਤਾ ਸੀ ਕਿ ਜਿਨ੍ਹਾਂ ਦਿਨਾਂ ਵਿਚ ਬਿਜਲੀ ਸਟਰਾਈਕ ਕਰਕੇ ਬੰਦ ਰਹੀ, 5 ਤੋਂ ਲੈ ਕੇ 11 ਤਰੀਕ ਤਕ, ਉਨ੍ਹਾਂ ਦਿਨਾਂ ਦੇ ਚਾਰਜਿਜ਼ ਨਹੀਂ ਲਏ ਜਾਣਗੇ।

चौधरी बलबीर सिंह : कट के इलावा जब बिजली फेल होती है क्या वह इस लिये होती है कि महकमे की नाअहलियत है या जो नया सामान लगाया है वह नाकस और घटिया किस्म का है ?

ਮੰਤਰੀ : ਬਿਜਲੀ ਇਸ ਲਈ ਫੇਲ੍ਹ ਹੁੰਦੀ ਹੈ ਕਿ ਜਿਹੜਾ ਨਵਾਂ ਸਾਮਾਨ ਹੈ ਉਹ ਪੂਰਾ ਨਹੀਂ ਲਾਇਆ ਜਾ ਸਕਿਆ । ਜਦੋਂ ਪੂਰਾ ਲੱਗ ਗਿਆ ਤਾਂ ਇਹ ਹਾਲਤ ਨਹੀਂ ਰਹੇਗੀ ।

ਕਾਮਰੇਡ ਸੱਤ ਪਾਲ ਡਾਂਗ : ਕੀ ਇਹ ਠੀਕ ਹੈ ਕਿ ਬਹੁਤ ਸਾਰੇ ਐਕਸਪਰਟਸ ਦੀ ਰਾਏ ਹੈ ਕਿ ਅਗਰ ਸਰਕਾਰ ਅਤੇ ਗੈਰ ਸਰਕਾਰੀ ਦਫ਼ਤਰਾਂ ਦੇ ਵਿਚ ਜਿਹੜੇ ਹੀਟਰ ਜਲਦੇ ਹਨ ਅਗਰ ਉਹ ਬੰਦ ਕਰ ਦਿਤੇ ਜਾਣ ਤਾਂ ਬਿਜਲੀ ਦੀ ਕਾਫ਼ੀ ਸੇਵਿੰਗ ਹੋ ਸਕਦੀ ਹੈ ?

ਮੰਤਰੀ : ਇਨ੍ਹਾਂ ਨੇ ਜੋ ਇਨਫਰਮੇਸ਼ਨ ਦਿੱਤੀ ਹੈ ਇਸ ਲਈ ਮੈਂ ਇਨ੍ਹਾਂ ਦਾ ਸ਼ੁਕਰ-ਗੁਜ਼ਾਰ ਹਾਂ ਮਗਰ ਹੀਟਰਾਂ ਰਾਹੀਂ ਬਹੁਤ ਥੋੜ੍ਹੀ ਬਿਜਲੀ ਖਰਚ ਹੁੰਦੀ ਹੈ। ਇਹ ਆਟੇ ਵਿਚ ਨਮਕ ਬਰਾਬਰ ਹੈ ।

ਕਾਮਰਡ ਸੱਤ ਪਾਲ ਡਾਂਗ : ਇਹ ਪਤਾ ਕਰ ਲੈਣ ਉਹ ਕਹਿੰਦੇ ਹਨ ਕਿ ਇਸ ਨਾਲ ਬੜੀ ਬਿਜਲੀ ਖਰਚ ਹੁੰਦੀ ਹੈ ।

ਮੰਤਰੀ : ਮੈਂ ਅੱਜ ਹੀ ਬੋਰਡ ਨਾਲ ਮੀਟਿੰਗ ਵਿਚ ਇਹ ਗੱਲ ਕਰਾਂਗਾ ।

चौधरी बलबीर सिंह : जब रैगुलर सप्लाई होती है तो बिजली क्यों फेल होती है ?

ਸ਼੍ਰੀ ਸਪੀਕਰ : ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ। ਅਸਲ ਗੱਲ ਇਹ ਹੈ ਕਿ ਬਿਜਲੀ ਪਿਛੋਂ ਘੱਟ ਆਉਂਦੀ ਹੈ, ਲੋਡ ਬਹੁਤਾ ਹੋਣ ਕਰਕੇ ਵੋਲਟੇਜ ਡਰਾਪ ਬਹੁਤ ਹੋ ਜਾਂਦੀ ਹੈ ਇਸ ਲਈ ਸਬਸ-ਟਾਂਸ਼ਲ ਟ੍ਰਿਪਿੰਗ ਕਰਨੀ ਪੈਂਦੀ ਹੈ । (He has already given the reply. The quantity of power received being in sufficient and load being heavy the voltage drops. Therefore, substantial tripping has to be effected.

चौधरी बलवीर सिंह : इन्होंने जो ताम्बें की बजाए ऐलुमीनियम की तारें लगाई हैं वह लोड नहीं उठा पाती और जल जाती है और नया सामान भी घटिया है जिससे खराबी होती है ।

ਚੌਧਰੀ ਤੁਲਸੀ ਰਾਮ ਚੌਹਾਨ : ਸਪੀਕਰ ਸਾਹਿਬ ਮੈਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹਾਂਗਾ ਕਿ ਇਨ੍ਹਾਂ ਨੇ ਫਰਮਾਇਆ ਹੈ ਕਿ ਨਵੇਂ ਕੁਨੈਕਸ਼ਨ ਦੇਣੇ ਇਨ੍ਹਾਂ ਨੇ ਬੰਦ ਕਰ ਦਿਤੇ ਹਨ ਪਰ ਕੀ ਇਹ ਉਨ੍ਹਾਂ ਇਲਾਕਿਆਂ ਦਾ ਖਿਆਲ ਕਰਨਗੇ ਜਿਨ੍ਹਾਂ ਵਿਚ ਦੋ ਦੋ ਸਾਲ ਤੋਂ ਦਰਖਾਸਤਾਂ ਪੁਰਾਣੀਆਂ ਨਵੇਂ ਕੁਨੈਕਸ਼ਨਾਂ ਲਈ ਪਈਆਂ ਹਨ ਅਤੇ ਉਨ੍ਹਾਂ ਤੇ ਇਹ ਪਾਬੰਦੀ ਨਹੀਂ ਲਗਾਈ ਜਾਵੇਗੀ ?

ਮੰਤਰੀ : ਅਸੀਂ ਬਿਜਲੀ ਤਾਂ ਜ਼ਰੂਰ ਹਰ ਇਲਾਕੇ ਨੂੰ ਦੇਣਾ ਚਾਹੁੰਦੇ ਹਾਂ ਪਰ ਇਸ ਸ਼ਾਰਟੇਜ ਦੇ ਕਾਰਨ ਅਕੂਮੂਲੇਟਿਵ ਇਫੈਕਟ ਇੰਨਾ ਜ਼ਿਆਦਾ ਪੈ ਗਿਆ ਹੈ । ਅਸੀਂ ਹਰ ਮੁਮਕਿਨ ਕੋਸ਼ਿਸ਼ ਕੀਤੀ ਹੈ । ਨੰਗਲ ਫਰਟੇਲਾਇਜ਼ਰ ਫ਼ੈਕਟਰੀ ਦੀ ਬਿਜਲੀ 174 ਤੋਂ 69 ਮੈਗਾਵਾਟ ਤਕ ਕਰ ਦਿਤੀ ਹੈ ਤਾਂ ਕਿਤੇ ਜਿਹੜੀ ਹੁਣ ਬਿਜਲੀ ਮਿਲ ਰਹੀ ਹੈ ਇਹ ਅਵੇਲੇਬਲ ਹੋਈ ਹੈ ਨਹੀਂ ਤਾਂ 60 ਜਾਂ 70% ਕੱਟ ਲਗਾਣੀ ਪੈਣੀ ਸੀ । ਜੇਕਰ ਅਸੀਂ ਹੋਰ ਨਵੇਂ ਕੁਨੈਕਸ਼ਨ ਇਸ ਵੇਲੇ ਦਿਤੇ ਤਾਂ ਬਿਜਲੀ ਦੀ ਸਪਲਾਈ ਵਿਚ ਅਬਤਰੀ ਫੈਲ ਜਾਵੇਗੀ । ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਇਸ ਗੱਲ ਦਾ ਪਹਿਲਾਂ ਕਦੇ ਇਹ ਅੰਦਾਜ਼ਾ ਹੀ ਨਹੀਂ ਸੀ ਲਗਾਇਆ ਗਿਆ ਕਿ ਬਿਜਲੀ ਸਾਨੂੰ ਕਿੰਨੀ ਚਾਹੀਦੀ ਹੈ ਅਤੇ ਇਸ ਪਾਸੇ ਇਨ੍ਹਾਂ

ਨੇ ਸੋਚਿਆ ਹੀ ਨਹੀਂ ਸੀ । ਹੁਣ ਤਾਂ ਇਹ ਹਾਲਤ ਹੈ 'ਇਨਤਹਾ ਤਕ ਭੀ ਸੰਭਲਤਾ ਨਹੀਂ', ਜਬ ਕਿ ਇਬਤਦਾ ਹੀ ਬਿਗੜੀ ਹੂਈ ਹੋ ।

ਸ਼੍ਰੀ ਸਪੀਕਰ : ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਨਿਊਕਲੀਅਰ ਪਾਵਰ ਪਲਾਂਟ ਲਗਾਣ ਦਾ ਯਤਨ ਕਰਨਾ ਚਾਹੀਦਾ ਹੈ ਕਿਉਂਕਿ ਇਹ ਜਿਹੜੇ ਤੁਸੀਂ ਉਪਰਾਲੇ ਕਰ ਰਹੇ ਹੋ ਇਹ ਮਹਿੰਗੇ ਹਨ ਅਤੇ ਤੁਹਾਡਾ ਸਾਥ ਨਹੀਂ ਦੇਣਗੇ ਜਦ ਤਕ ਕਿ ਵਿਸ਼ੇਸ਼ ਪ੍ਰਬੰਧ ਨਾ ਕੀਤੇ ਜਾਣ । (I would like the hon. Minister to take steps for the setting up of a Nuclear Power Plant in the State. The steps which are being taken, are costly and the benefits likely to accrue therefrom will not prove long lasting, so, he must make special arrangements in this direction.)

ਮੰਤਰੀ : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਅਸੀਂ ਜ਼ਿਆਦਾ ਤੋਂ ਜ਼ਿਆਦਾ ਕੋਸ਼ਿਸ਼ ਕਰ ਰਹੇ ਹਾਂ ਅਤੇ ਰਾਊਂਡ ਦੀ ਕਲਾਕ ਕੰਮ ਕਰ ਰਹੇ ਹਾਂ ਤਾਂ ਕਿ ਜਿੰਨੇ ਵੀ ਸਾਡੇ ਪਰਾਜੈਕਟ ਚਲ ਰਹੇ ਹਨ ਉਨ੍ਹਾਂ ਨੂੰ ਐਡਵਾਂਸ ਮੁਕੰਮਲ ਕਰ ਦਿਤਾ ਜਾਵੇ । ਗੁਰੂ ਨਾਨਕ ਥਰਮਲ ਪਲਾਂਟ ਤਿੰਨ ਚਾਰ ਮਹੀਨੇ ਪਹਿਲਾਂ ਮੁਕੰਮਲ ਹੋ ਜਾਵੇ ਇਸੇ ਤਰ੍ਹਾਂ ਯੂ. ਬੀ. ਡੀ. ਸੀ. ਹਾਇਡਲ ਅਤੇ ਸ਼ਨਾਨ ਪ੍ਰਾਜੈਕਟਾਂ ਤੇ ਵੀ ਕੰਮ ਨੂੰ ਐਡਵਾਂਸ ਲਿਆਣ ਦਾ ਯਤਨ ਕਰ ਰਹੇ ਹਾਂ । (ਵਿਘਨ)

ਸ਼੍ਰੀ ਸਪੀਕਰ : ਥਰਮਲ ਪਲਾਂਟ ਨਾਲ ਵੀ ਤੁਹਾਡੀ ਸਮੱਸਿਆ ਹੱਲ ਨਹੀਂ ਹੋਣੀ । ਇਸ ਲਈ ਤੁਸੀਂ 1,000 ਮੈਗਾਵਾਟ ਦੇ ਨਿਊਕਲੀਅਰ ਪਾਵਰ ਪਲਾਂਟ ਲਗਾਣ ਦਾ ਉਪਰਾਲਾ ਕਰੋ । (The state will not be able to tide over the shortage of electricity even with the Thermal Plant. He should take effective steps to get a 1,000 M.W.T. Nuclear Power Plant for the State.)

ਮੰਤਰੀ : ਸਪੀਕਰ ਸਾਹਿਬ, ਇਸ ਦੇ ਬਾਰੇ ਵੀ ਅਸੀਂ ਯਤਨ ਕਰ ਰਹੇ ਹਾਂ ਅਤੇ ਹੋਰ ਵੀ ਜਿੰਨੇ ਯਤਨ ਕਰ ਰਹੇ ਹਾਂ ਅਤੇ ਕੀਤੇ ਹਨ ਇਨ੍ਹਾਂ ਸਾਰਿਆਂ ਨੂੰ ਸਵਾਲ ਦੇ ਜਵਾਬ ਦੇ ਉੱਤਰ ਵਿਚ ਨਹੀਂ ਦਸਿਆ ਜਾ ਸਕਦਾ ਜੇਕਰ ਇਕ ਦੋ ਘੰਟੇ ਟਾਇਮ ਹੋਵੇ ਤਾਂ ਸਾਰੀਆਂ ਚੀਜ਼ਾਂ ਜੋ ਅਸੀਂ ਕਰ ਰਹੇ ਹਾਂ ਉਨ੍ਹਾਂ ਦੀ ਡਿਟੇਲ ਹਾਊਸ ਵਿਚ ਪੇਸ਼ ਕਰ ਸਕਦਾ ਹਾਂ । ਦਿਨ ਭਰ ਰਾਤ ਪਰਾਜੈਕਟਾਂ ਤੇ ਕੰਮ ਹੋ ਰਿਹਾ ਹੈ ਅਤੇ ਤੁਸੀਂ ਮਹਿਸੂਸ ਕੀਤਾ ਹੋਵੇਗਾ ਕਿ ਹਰ ਹੀਲੇ ਇਥੇ ਬਿਜਲੀ ਲਿਆਉਣ ਦਾ ਯਤਨ ਕੀਤਾ ਗਿਆ ਹੈ । ਦੂਜੀਆਂ ਸਟੇਟਾਂ ਤੋਂ ਵੀ ਬਿਜਲੀ ਲਿਆਂਦੀ ਹੈ ਜੇਕਰ ਇਹ ਯਤਨ ਨਾ ਕੀਤੇ ਜਾਂਦੇ ਤਾਂ ਅੱਜ ਜੋ ਹਾਲਤ ਹੈ ਇਹ ਵੀ ਨਾ ਹੁੰਦੀ । (ਪ੍ਰਸ਼ੰਸਾ)

ਸਰਦਾਰ ਗੁਰਬੰਤਾ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਦ ਦੇ ਬੈਂਕਾਂ ਦਾ ਰਾਸ਼ਟਰੀਕਰਨ ਕੀਤਾ ਗਿਆ ਹੈ ਹਰੀਜਨਾਂ ਨੂੰ ਟਿਊਬਵੈੱਲਾਂ ਲਈ ਕਰਜ਼ੇ ਮਿਲਣੇ ਸ਼ੁਰੂ ਹੋਏ ਧਨ ਪਰ ਇਨ੍ਹਾਂ ਨੇ ਉਹ ਗੱਲ ਕੀਤੀ ਕਿ ਜਦ ਨਾਈਆਂ ਦੀ ਵਾਰੀ ਆਈ ਤਾਂ ਪਾਰਛਾ ਟੁਟ ਗਿਆ । ਇਨ੍ਹਾਂ ਨੂੰ ਟਿਊਬਵੈੱਲਾਂ ਲਈ ਕਰਜ਼ਾ ਮਿਲਣਾ ਸ਼ੁਰੂ ਹੋਇਆ ਤਾਂ ਇਨ੍ਹਾਂ ਨੇ ਨਵੇਂ ਕੁਨੈਕਸ਼ਨ ਦੇਣੇ ਹੀ ਬੰਦ ਕਰ ਦਿਤੇ । ਕੀ ਇਸ ਗੱਲ ਤੇ ਸਰਕਾਰ ਵਿਚਾਰ ਕਰੇਗੀ ਕਿ ਜਿਥੇ ਬੈਂਕਾਂ ਵਲੋਂ ਟਿਊਬਵੈੱਲਾਂ ਲਈ ਕਰਜ਼ੇ ਦਿਤੇ ਜਾਣ ਉਨ੍ਹਾਂ ਨੂੰ ਕੁਨੈਕਸ਼ਨ ਦਿਤੇ ਜਾਣ ਜਾਂ ਜਿਵੇਂ ਪੋਲਿਟੀਕਲ ਸਫਰਰਜ਼ ਲਈ ਕੋਟਾ ਮੁਕਰਰ ਹੈ ਇਨ੍ਹਾਂ ਹਰੀਜਨਾਂ ਲਈ ਵੀ ਕੁਨੈਕਸ਼ਨਾਂ ਵਿਚ ਕੋਟਾ ਮੁਕਰਰ ਕਰ ਦਿਤਾ ਜਾਵੇ ? (ਵਿਘਨ)

ਸਿਰਦਾਰ ਕਪੂਰ ਸਿੰਘ : ਅਕਾਲੀਆਂ ਨੂੰ ਵੀ ਨਹੀਂ ਮਿਲੇ । (ਹਾਸਾ)

ਮੰਤਰੀ : ਸਪੀਕਰ ਸਾਹਿਬ, ਮੇਰੀ ਅਰਜ਼ ਤਾਂ ਇਹ ਹੈ ਕਿ ਜਦ ਭਾਖੜਾ ਪਰਾਜੈਕਟ ਤਿਆਰ ਹੋਇਆ ਤਾਂ ਇਨ੍ਹਾਂ ਨੇ ਆਪਣੇ ਰਾਜ ਵਿਚ ਹਰੀਜਨਾਂ ਨੂੰ ਤਾਂ ਸਾਰਿਆਂ ਤੋਂ ਪਹਿਲਾਂ ਕੁਨੈਕਸ਼ਨ ਦਿਤੇ (ਹਾਸਾ) ਇਨ੍ਹਾਂ ਨੂੰ ਸਾਰਿਆਂ ਤੋਂ ਪਹਿਲਾਂ ਬਿਜਲੀ ਦਿਤੀ ਹੈ। (ਵਿਘਨ) (ਇਨ੍ਹਾਂ ਤੇ ਬਿਜਲੀ ਪਈ ਹੈ ਜਾਂ ਦਿਤੀ ਹੈ) (ਹਾਸਾ)।

ਸ੍ਰੀ ਸਪੀਕਰ : ਮੈਂ ਤਾਂ ਬਾਸੀ ਸਾਹਿਬ ਨੂੰ ਕਹਾਂਗਾ ਕਿ ਨਵੇਂ ਕੁਨੈਕਸ਼ਨ ਜਾਰੀ ਰਹਿਣੇ ਚਾਹੀਦੇ ਹਨ ਭਾਵੇਂ ਮੌਜੂਦਾ ਕੁਨੈਕਸ਼ਨਾਂ ਤੇ ਹੋਰ ਕਟ ਲਗਾ ਦਿਉ ਉਸ ਨਾਲ ਕੋਈ ਬਹੁਤਾ ਫਰਕ ਨਹੀਂ ਪੈਣ ਲਗਾ। (I would request the hon. Minister that the practice of giving the new connections should continue. He may apply a little more power cut on the existing connections. That would not make much difference to them.)

ਸਰਦਾਰ ਉਮਰਾਓ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਵਿਚ ਇਸ ਸਮੇਂ 8 ਮੈਂਬਰ ਕੰਮ ਕਰ ਰਹੇ ਹਨ ਜਦ ਕਿ ਕਾਨੂੰਨ ਵਿਚ 7 ਮੈਂਬਰ ਦਿਤੇ ਹੋਏ ਹਨ ਅਤੇ ਕੀ ਇਹ ਇਨ੍ਹਾਂ ਦੀ ਨਾਅਹਿਲੀਅਤ ਨਹੀਂ ਕਿ 4 ਮਹੀਨੇ ਤੋਂ ਬੋਰਡ ਦੀ ਕੋਈ ਮੀਟਿੰਗ ਨਹੀਂ ਹੋਈ ਅਤੇ ਇਸ ਕਾਰਨ ਹੀ ਗੜਬੜ ਮਚੀ ਹੋਈ ਹੈ ?

ਸ੍ਰੀ ਸਪੀਕਰ : ਤੁਸੀਂ ਕੋਈ ਬਿਜਲੀ ਦੀ ਸਿਪਲਾਈ ਬਾਰੇ ਸਵਾਲ ਪੁਛੋ ਇਹ ਤਾਂ ਤੁਸੀਂ ਹੋਰ ਪਾਸੇ ਹੀ ਚਲੇ ਗਏ। (The hon. Member should ask a supplementary with regard to the supply of electricity. He has drifted away from the relevant subject.)

ਸਰਦਾਰ ਉਮਰਾਓ ਸਿੰਘ : ਮੈਂ ਤਾਂ ਇਕ ਅਹਿਮ ਸਵਾਲ ਪੁਛਿਆ ਹੈ ਕਿ ਬੋਰਡ ਦੇ ਇਸ ਵਕਤ 8 ਮੈਂਬਰ ਹਨ ਅਤੇ ਇਨ੍ਹਾਂ ਨੇ ਚਾਰ ਮਹੀਨੇ ਤੋਂ ਕੋਈ ਮੀਟਿੰਗ ਨਹੀਂ ਕੀਤੀ ਅਤੇ ਕੋਈ ਸਕੀਮ ਕਿਵੇਂ ਚਲੇਗੀ ? (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਇਹ ਹਕੀਕਤ ਹੈ ਕਿ ਇਕ ਥਰਮਲ ਪਲਾਂਟ ਤਲਵਾੜੇ ਵਿਚ ਪਿਆ ਹੋਇਆ ਹੈ ਅਤੇ ਉਸ ਨੂੰ ਵਰਤਿਆ ਨਹੀਂ ਜਾ ਰਿਹਾ ਅਤੇ ਇਹ ਕਿਹਾ ਜਾਂਦਾ ਹੈ ਕਿ ਉਸ ਤੋਂ ਬਿਜਲੀ ਮਹਿੰਗੀ ਪੈਂਦੀ ਹੈ ?

ਮੰਤਰੀ : ਨਹੀਂ ਜੀ, ਇਹ ਗਲ ਨਹੀਂ ਉਸ ਨੂੰ ਵਰਤਿਆ ਜਾ ਰਿਹਾ ਹੈ ਅਤੇ 3 ਮੈਗਾਵਾਟ ਬਿਜਲੀ ਉਸ ਤੋਂ ਲੈਂਦੇ ਰਹੇ ਹਾਂ ਅਤੇ ਹੁਣ ਵੀ ਲੈ ਰਹੇ ਹਾਂ।

ਸ੍ਰੀ ਗਿਆਨ ਚੰਦ ਖਰਬੰਦਾ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜਿਤਨੇ ਸੱਨਅਤੀ ਅਦਾਰੇ ਹਨ ਅਤੇ ਆਪਣੇ ਜੈਨਰੇਟਿੰਗ ਸੈਟਸ ਲਗਾਣਾ ਚਾਹੁੰਦੇ ਹਨ, ਕੀ ਲਾਲ ਫੀਤੇ ਦੀ ਦੇਰੀ ਨੂੰ ਦੂਰ ਕਰਕੇ ਉਨ੍ਹਾਂ ਨੂੰ ਜੈਨਰੇਟਰ ਖਰੀਦ ਕਰਨ ਲਈ ਕਰਜ਼ੇ ਛੇਤੀ ਤੋਂ ਛੇਤੀ ਦਿਤੇ ਜਾਣਗੇ ?

ਮੰਤਰੀ : ਇਸ ਦੇ ਸਬੰਧ ਵਿਚ ਕਲ ਹੀ ਸਰਦਾਰ ਬਲਵੰਤ ਸਿੰਘ ਫਿਨਾਂਸ ਮਨਿਸਟਰ ਸਾਹਿਬ ਨੇ ਦਸਿਆ ਸੀ ਕਿ ਇਸ ਲਈ 2 ਕਰੋੜ ਰੁਪਏ ਦੀ ਰਕਮ ਰਖੀ ਗਈ ਹੈ ਅਤੇ $52\frac{1}{2}$ ਲਖ ਦੇ ਕਰਜ਼ੇ ਤਾਂ ਦਿਤੇ ਵੀ ਜਾ ਚੁੱਕੇ ਹਨ ਅਤੇ ਜੋ ਹੋਰ ਲੈਣਾ ਚਾਹੁੰਣ ਦੇ ਆਰ ਮੋਸਟ ਵੈਲਕਮ।

ਡਾਕਟਰ ਅਮੀਰ ਸਿੰਘ ਕਲਕਟ : ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਨੇ ਹਰ ਥਾਂ ਤੇ ਇਕ ਵੇਲੇ ਕਟ ਲਗਾ ਦਿੱਤੀ ਹੈ ਪਰ ਜਿਹੜਾ ਪਛੜਿਆ ਇਲਾਕਾ ਹੁਸ਼ਿਆਪੁਰ ਦਾ

ਹੈ ਅਤੇ ਬਿਜਲੀ ਪਹਿਲਾਂ ਹੀ ਨਹੀਂ ਜਾਂਦੀ ਉਸ ਪਾਸੇ ਇਸ ਕਟ ਨੂੰ ਨਰਮ ਕਰ ਦੇਣਗੇ। ਇਹ ਜਿਹੜੇ ਜੈਨਰੇਟਿੰਗ ਸੈਟ ਦਿਤੇ ਜਾ ਰਹੇ ਹਨ ਕੀ ਇਲਾਕੇ ਦੀ ਅਕਯੂਟ ਸ਼ਾਰਟੇਜ਼ ਆਫ਼ ਇਲੈਕਟ੍ਰਿਸਿਟੀ ਨੂੰ ਸਾਹਮਣੇ ਰਖ ਕੇ ਇਸ ਇਲਾਕੇ ਨੂੰ ਪਰੈਫਰੰਸ ਦਿਤੀ ਜਾਵੇਗੀ ? (ਵਿਘਨ)

ਕਾਮਰੇਡ ਸਤਪਾਲ ਡਾਂਗ : ਮਿਟੀ ਦਾ ਤੇਲ ਬਾਲ ਲਓ। (ਹਾਸਾ)

ਮੰਤਰੀ : ਇਹ ਜੈਨਰੇਟਿੰਗ ਸੈਟ ਹੁਸ਼ਿਆਰ ਪੁਰ ਦੇ ਹਿਸੇ ਵੀ ਆ ਰਹੇ ਹਨ।

ਚੌਧਰੀ ਰਾਮ ਸਿੰਘ : ਕੀ ਵਜ਼ੀਰ ਸਾਹਿਬ [illegible] ਕਿ ਇਹ ਜਿਹੜੀ ਚੋਰੀ ਬਿਜਲੀ ਦੀ 10% ਹੁੰਦੀ ਹੈ, [illegible] ਅਤੇ ਇਸ [illegible] ਨੂੰ ਫੜਨ ਲਈ ਕੋਈ ਸਪੈਸ਼ਲ [illegible]ਮੁਹਿੰਮ ਕੀਤੀ ਜਾਵੇਗੀ ?

ਮੰਤਰੀ : ਇਨ੍ਹਾਂ ਨੂੰ ਪਤਾ ਨਹੀਂ ਕਿਸ ਤਰ੍ਹਾਂ ਪਤਾ ਲਗ ਗਿਆ ਕਿ 10% ਚੋਰੀ ਹੁੰਦੀ ਹੈ ਜੇਕਰ ਇਹ ਵਰਕ ਅਊਟ ਹੋ ਜਾਵੇ ਤਾਂ ਉਸ ਅਨੁਸਾਰ ਮਯੀਅਰਜ਼ ਲਏ ਜਾ ਸਕਦੇ ਹਨ। (ਵਿਘਨ)

ਸ੍ਰੀ ਸਪੀਕਰ : ਚੌਧਰੀ ਸਾਹਿਬ ਤਾਂ ਜਾਣੀ ਜਾਣ ਹਨ (ਹਾਸਾ) (ਵਿਘਨ) (The hon. Member Chaudhri Ram Singh is Omniscient (Laughter) (Interruption)

ਮੰਤਰੀ : ਸ਼ਹਿਰਾਂ ਵਿਚ ਜਿਥੇ ਬਿਜਲੀ ਦੀ ਚੋਰੀ ਕੀਤੀ ਜਾਂਦੀ ਹੈ ਉਸ ਦੇ ਬਾਰੇ ਵਿਚ ਪਹਿਲਾਂ ਹੀ ਮਹਿਕਮੇ ਵਲੋਂ ਕੋਸ਼ਿਸ਼ ਕੀਤੀ ਜਾਂਦੀ ਹੈ। ਪਰ ਚੋਰ ਤਾਂ ਐਨੇ ਹੁਸ਼ਿਆਰ ਹੋ ਗਏ ਹਨ ਕਿ ਉਹ ਮੀਟਰਾਂ ਤੇ ਵੀ ਨਹੀਂ ਆਣ ਦਿੰਦੇ। ਬਹੁਤ ਸਾਰੇ ਕੇਸ ਪਕੜੇ ਵੀ ਹਨ ਅਤੇ ਐਕਸ਼ਨ ਵੀ ਲਿਆ ਗਿਆ ਹੈ। (ਵਿਘਨ)

ਚੌਧਰੀ ਤੁਲਸੀ ਰਾਮ ਚੌਹਾਨ : ਕੀ ਵਜ਼ੀਰ ਸਾਹਿਬ ਦਸਣਗੇ ਕਿ ਤਾਰਾਂ ਤੇ ਸਿਧੀਆਂ ਤਾਰਾਂ ਸਿਟ ਕੇ ਕਈ ਇੰਡਸਟਰੀਆਂ ਵਾਲੇ ਬਿਜਲੀ ਦੀ ਚੋਰੀ ਕਰਦੇ ਹਨ ਅਤੇ ਛਾਪੇ ਵੀ ਮਾਰੇ ਗਏ ਹਨ, ਇਸ ਤਰ੍ਹਾਂ ਲੁਧਿਆਣੇ ਵਿਚ ਹੇਰਾ ਫੇਰੀ ਕੀਤੀ ਜਾਂਦੀ ਹੈ, ਪਰ ਕੇਸਾਂ ਨੂੰ ਦਬਾ ਦਿਤਾ ਜਾਂਦਾ ਹੈ ਕੀ ਇਸ ਦੇ ਬਾਰੇ ਵਿਚ ਕਾਰਵਾਈ ਕੀਤੀ ਜਾਵੇਗੀ ?

ਮੰਤਰੀ : ਭਾਵੇਂ ਕਿਸੇ ਦਾ ਕਿਤਨਾ ਵੀ ਹਿਸਾ ਹੋਵੇ ਸਭ ਤੇ ਹਿਸੇ ਰਹਿੰਦੀ ਕਟ ਪਾਈ ਗਈ ਹੈ। (ਵਿਘਨ)

ਡਾਕਟਰ ਸਾਧੂ ਰਾਮ : ਐਗਰੀਕਲਚਰ ਵਾਲਿਆਂ ਦਾ ਬਿਜਲੀ ਨਾ ਮਿਲਣ ਕਰਕੇ ਸਭ ਤੋਂ ਜ਼ਿਆਦਾ ਨੁਕਸਾਨ ਹੋਇਆ ਹੈ, ਕੀ ਸਰਕਾਰ ਹੁਣ ਉਹਦਾ ਮੁਆਵਜ਼ਾ ਦੇਣ ਨੂੰ ਤਿਆਰ ਹੈ ? ਉਨ੍ਹਾਂ ਤੇ ਕਟ ਲਾਈ ਅਤੇ ਬਿਜਲੀ ਨਹੀਂ ਦਿੱਤੀ ?

ਮੰਤਰੀ : ਇਹ ਤਾਂ ਵੈਗਰੀਜ਼ ਆਫ ਨੇਚਰ ਦਾ ਸਵਾਲ ਹੈ ਜੇ ਇਸ ਕਾਰਨ ਬਿਜਲੀ ਦੇ ਵਿਚ ਕਮੀ ਹੋ ਜਾਵੇ ਤਾਂ ਉਸ ਦੀ ਜ਼ਿਮੇਵਾਰੀ ਸਰਕਾਰ ਕਿਵੇਂ ਲੈ ਸਕਦੀ ਹੈ ?

ਡਾਕਟਰ ਸਾਧੂ ਰਾਮ : ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਨਵੇਂ ਕੁਨੈਕਸ਼ਨ ਦਿੱਤੇ ਗਏ ਹਨ ਉਹ ਦਾ ਕੀ ਕਾਰਨ ਹੈ ?

ਸ੍ਰੀ ਸਪੀਕਰ : ਉਨ੍ਹਾਂ ਨੂੰ ਕੁਨੈਕਸ਼ਨ ਦਿੱਤੇ ਹੋਣਗੇ ਜਿਨ੍ਹਾਂ ਦੀ ਟੈਸਟ ਰਿਪੋਰਟ ਪਹਿਲਾਂ ਹੋ ਚੁਕੀ ਹੋਵੇਗੀ (Connections might have been given to those persons only whose test reports might have been received.)

ਡਾਕਟਰ ਸਾਧੂ ਰਾਮ : ਮੈਂ ਪਿਛਲੇ ਦੋ ਸਾਲ ਦਾ ਰਿਕਾਰਡ ਵਿਖਾ ਸਕਦਾ ਹਾਂ ਕਿ ਕੁਝ ਆਦਮੀਆਂ ਦੀਆਂ ਟੈਸਟ ਰਿਪੋਰਟਾਂ ਆ ਚੁਕੀਆ ਹਨ ਪਰ ਉਨ੍ਹਾਂ ਨੂੰ ਅਜੇ ਤਕ ਕੁਨੈਕਸ਼ਨ ਹੀ ਨਹੀਂ ਮਿਲਿਆ ।

ਮੰਤਰੀ : ਜੇਕਰ ਇਸ ਤਰ੍ਹਾਂ ਦਾ ਕੋਈ ਕੇਸ ਹੈ ਤਾਂ ਉਹ ਮੇਰੇ ਨੋਟਿਸ ਵਿਚ ਲਿਆਉਣ ਮੈਂ ਜ਼ਰੂਰ ਐਕਸ਼ਨ ਲਵਾਂਗਾ ।

ਡਾਕਟਰ ਸਾਧੂ ਰਾਮ : ਚੰਗਾ ਜੀ, ਮੈਂ ਉਨ੍ਹਾਂ ਨੂੰ ਲਿਖ ਕੇ ਭੇਜ ਦੇਵਾਂਗਾ । (ਵਿਘਨ-ਸ਼ੋਰ)

ਸ਼੍ਰੀ ਮਨਮੋਹਨ ਕਾਲੀਆ : ਕੀ ਸ[illegible]ਪਤਾਲਾਂ ਅਤੇ ਹੋਰ ਇਸ ਤਰ੍ਹਾਂ ਦੇ ਅਦਾਰਿਆਂ ਦੇ ਲਈ ਡਾਇਰੈਕਟ ਲਾਈਨਜ਼ ਦੇਣ ਨੂੰ ਤਿਆਰ ਹੈ ਤਾਂ ਜੋ ਉਨ੍ਹਾਂ ਨੂੰ [illegible] ਬਿਜਲੀ ਮਿਲੇ ?

ਮੰਤਰੀ : ਇਹਦੇ ਲਈ ਅਸੀਂ ਕੋਸ਼ਿਸ਼ ਤਾਂ ਕਰਾਂਗੇ ਪਰ ਜਿਥੋਂ ਤੱਕ ਮੈਨੂੰ [illegible] ਮੁਲਕ ਵਿਚ ਕਾਪਰ ਵਾਇਰ ਦੀ ਬਹੁਤ ਕਮੀ ਹੈ ਇਸ ਲਈ ਡਾਇਰੈਕਟ ਲਾਈਨਾਂ ਦੇਣ ਵਿਚ ਮੁਸ਼ਕਲ ਹੈ । ਪਰ ਲਗਾਤਾਰ ਬਿਜਲੀ ਦੇਣ ਲਈ ਅਸੀਂ ਜੈਨਰੇਟਿੰਗ ਸੈਟਸ ਅਸੈਂਸ਼ਲ ਸਰਵਿਸਜ਼ ਦੇ ਲਈ ਲਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ।

ਕਾਮਰੇਡ ਸਤ ਪਾਲ ਡਾਂਗ : ਕੀ ਹਰਜ ਹੈ ਜੇ ਸਰਕਾਰ ਜਿਸ ਤਰ੍ਹਾਂ ਦਾ ਜੈਨਰੇਟਿੰਗ ਸੈਟ ਪਟਿਆਲੇ ਹਸਪਤਾਲ ਵਿਚ ਹੈ ਉਸੇ ਤਰ੍ਹਾਂ ਦਾ ਅੰਮ੍ਰਿਤਸਰ ਵਿਚ ਵੀ ਲਾ ਦੇਵੇ ?

ਮੰਤਰੀ : ਤੁਹਾਡਾ ਸੁਝਾਓ ਤਾਂ ਬੜਾ ਮਾਕੂਲ ਹੈ ।

ਕਾਮਰੇਡ ਕੁਲਵੰਤ ਸਿੰਘ : ਬਿਜਲੀ ਦੀ ਸ਼ਾਰਟੇਜ ਨੂੰ ਪੂਰਾ ਕਰਨ ਲਈ ਕੀ ਸਰਕਾਰ ਜਿਹੜੀਆਂ ਸ਼ੂਗਰ ਫੈਕਟਰੀਆਂ ਦੇ ਵਿਚ ਟਰਬਾਈਨਜ਼ ਲਗੀਆਂ ਹੋਈਆਂ ਹਨ ਅਤੇ ਉਹ ਮਿਲਾਂ ਸਿਰਫ ਗੰਨੇ ਦੇ ਸੀਜ਼ਨ ਵਿਚ ਹੀ ਚਲਦੀਆਂ ਹਨ, ਇਨ੍ਹਾਂ ਟਰਬਾਈਨਜ਼ ਤੋਂ ਬਿਜਲੀ ਹਾਸਲ ਕਰਨ ਦਾ ਕੋਈ ਪਰਬੰਧ ਕਰੇਗੀ ?

ਮੰਤਰੀ : ਮੈਂ ਅਜੇ ਇਸ ਬਾਰੇ ਪੱਕੀ ਤਰ੍ਹਾਂ ਕੁਝ ਕਹਿ ਨਹੀਂ ਸਕਦਾ, ਪਤਾ ਕਰ ਲਵਾਂਗੇ ।

ਸ਼੍ਰੀ ਸਰਦਾਰੀ ਲਾਲ ਕਪੂਰ : ਕੀ ਵਜ਼ੀਰ ਸਾਹਿਬ ਮੇਹਰਬਾਨੀ ਕਰਕੇ ਬਿਜਲੀ ਦੀ ਸ਼ਾਰਟੇਜ ਬਾਰੇ ਕੋਈ ਵਿਚਾਰ ਦੇ ਸਕਣਗੇ ਕਿ ਕਦੋਂ ਤੱਕ ਇਹ ਹਾਲਾਤ ਠੀਕ ਹੋਣਗੇ ?

ਮੰਤਰੀ : ਮੈਂ ਤਾਂ ਚਾਹੁੰਦਾ ਹਾਂ ਕਿ ਇਹ ਹਾਲਾਤ ਛੇਤੀ ਤੋਂ ਛੇਤੀ ਠੀਕ ਹੋਣ । ਜੇ ਕਾਂਗਰਸ ਵਾਲਿਆਂ ਦੀ ਇੰਦਰ ਦੇਵਤਾ ਤੱਕ ਰਸਾਈ ਹੈ ਤਾਂ ਮੇਹਰਬਾਨੀ ਕਰਨ, ਅਤੇ ਹਾਲਾਤ ਠੀਕ ਕਰਨ ਵਿਚ ਸਹਾਈ ਹੋਣ । (ਹਾਸਾ)

ਸਰਦਾਰ ਸੰਤੋਖ ਸਿੰਘ ਰੰਧਾਵਾ : ਕੀ ਵਜ਼ੀਰ ਸਾਹਿਬ ਇਸ ਗਲ ਵਲ ਧਿਆਨ ਦੇਣਗੇ ਕਿ ਕਿਉਂ ਕਿ ਪਿਛਲੇ ਦਿਨਾਂ ਦੇ ਵਿਚ ਬਿਜਲੀ ਦਾ ਬੜਾ ਨਾਕਸ ਪ੍ਰਬੰਧ ਰਿਹਾ ਹੈ । ਬਿਜਲੀ ਮਿਲੀ ਨਹੀਂ ਅਤੇ ਕਿਸਾਨਾਂ ਨੂੰ ਫੇਰ ਵੀ ਫਲੈਟ ਰੇਟ ਦੇਣਾ ਪਿਆ । ਇਹ ਨਾਕਸ ਤਰੀਕੇ ਨੂੰ ਠੀਕ ਕਰਨ ਦੀ ਬਜਾਏ ਸਰਕਾਰ ਦੁਬਾਰਾ ਮੀਟਰ ਸਿਸਟਮ ਚਾਲੂ ਕਰੇਗੀ ਤਾਂ ਜੋ ਕਿਸੇ ਨੂੰ ਵਾਧੂ ਪੈਸੇ ਨਾ ਦੇਣੇ ਪੈਣ, ਜਿਤਨੀ ਬਿਜਲੀ ਮਿਲੇ ਉਤਨੇ ਪੈਸੇ ਦੇਵੇ ?

ਮੰਤਰੀ : ਸਰਕਾਰ ਦੇ ਪਾਸ ਐਸੀ ਕੋਈ ਕੰਪਲੇਂਟ ਨਹੀਂ ਜਿਸ ਕਰਕੇ ਇਹ ਇੰਤਜ਼ਾਮ ਨਾਕਸ ਸਮਝਿਆ ਜਾਵੇ ।

ਸ਼੍ਰੀ ਬਲਰਾਮ ਦਾਸ ਟੰਡਨ : ਕੀ ਵਜ਼ੀਰ ਸਾਹਿਬ ਦਸਣਗੇ ਕਿ ਜੇ ਸਰਕਾਰ ਡੀਜ਼ਲ ਜੈਨ-ਰੇਟਰ ਸੈਟਸ ਜਿਹੜੇ ਵੀ ਲਾਉਣਾ ਚਾਹੁੰਦੀ ਹੈ ਹੋਣ ਸ਼ਹਿਰਾਂ ਨੂੰ ਦੇ ਦੇਵੇ ਤਾਂ ਜੋ ਬਿਜਲੀ ਦੀ ਸ਼ਾਰਟੇਜ ਕੁਝ

ਈਜ਼ ਹੋ ਜਾਵੇ । ਖ਼ਾਸ ਤੌਰ ਤੇ ਹਸਪਤਾਲ ਆਪਰੇਸ਼ਨ ਥੀਏਟਰਜ਼ ਨੂੰ ?

ਮੰਤਰੀ : ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਹਰ ਹਸਪਤਾਲ ਵਿਚ ਐਮਰਜੈਂਸੀ ਲਾਈਟਿੰਗ ਸੈਟਸ ਹੋਣ ।

ਸ਼੍ਰੀ ਮਨਮੋਹਨ ਕਾਲੀਆ : ਮੈਂ ਇਹ ਸਰਕਾਰ ਤੋਂ ਪੁਛਣਾ ਚਾਹੁੰਦਾ ਹਾਂ ਕਿ ਫਲੈਟ ਰੇਟਸ ਦੇ ਮੁਤਾਲਿਕ ਬਹੁਤ ਸਾਰੇ ਕੇਸਿਜ਼ ਅਦਾਲਤਾਂ ਦੇ ਵਿਚ ਗਏ ਹਨ ਕੀ ਉਨ੍ਹਾਂ ਨੂੰ ਸਟੇ ਮਿਲੀ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

Metalling of Kartarpur ... Sarai Road in District Jullundur

***2243 S... Santa Singh :** Will the Minister for Irrigation and P... pleased to state :—

(a) The date on which the work regarding the metalling of Kartarpur Jande Sarai road in District Jullundur was taken in hand this year and the date on which the said work was suspended ;

ਸਰਦਾਰ ਲਛਮਣ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪੰਜਾਬ ਰੋਡਵੇਜ਼ ਦੇ ਅੱਡਿਆਂ ਤੇ ਕੋਈ ਪਿਸ਼ਾਬਗਾਹ ਜਾਂ ਟੱਟੀ ਕਰਨ ਲਈ ਕੋਈ ਪ੍ਰਬੰਧ ਨਹੀਂ ਹੈ, ਜਿਵੇਂ ਕਿ ਫਾਜ਼ਿਲਕਾ, ਜਲਾਲਾਬਾਦ, ਫਿਰੋਜ਼ਪੁਰ, ਤਲਵੰਡੀ, ਮੋਗਾ, ਜਗਰਾਉਂ, ਲੁਧਿਆਣਾ ਅਤੇ ਹੋਰ ਜੋ ਵੀ ਅੱਡੇ ਹਨ ਕਿਸੇ ਕਿਸੇ ਤੇ ਕੋਈ ਇਕ ਅੱਧੀ ਟੱਟੀ ਕਰਨ ਦੀ

ਜਗ੍ਹਾ ਬਣਾਈ ਹੋਈ ਹੈ। ਜਿਥੇ ਸੈਂਕੜੇ ਮੁਸਾਫ਼ਰ ਸਫ਼ਰ ਕਰਦੇ ਹਨ ਉਨ੍ਹਾਂ ਲਈ ਇਹ ਨਾ ਮੁਨਾਸਿਬ ਹੈ। ਇਸ ਵਾਸਤੇ ਸਰਕਾਰ ਦੇ ਵਿਚਾਰ ਵਿਚ ਕੋਈ ਅਜਿਹੀ ਸਕੀਮ ਹੈ ਜੇ ਨਹੀਂ ਤਾਂ ਕੀ ਕਾਰਨ ਹਨ ? ਸੰਬੰਧਤ ਮੰਤਰੀ ਸਦਨ ਵਿਚ ਬਿਆਨ ਦੇਣ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ। ਸੰਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ। (Admitted. The hon. Minister concerned may please make a statement.)

ਸਰਦਾਰ ਮਹਿਤਾਬ ਸਿੰਘ ਢਿਲੋਂ : ਆਨ. ਏ. ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੇਰੀ ਰਿਕੁਐਸਟ ਹੈ ਕਿ ਨਿਰਾ ਇਸ ਦਾ ਬਿਆਨ ਨਾ ਸਾਨੂੰ ਦੁਆਓ। ਇਨ੍ਹਾਂ ਨੂੰ (ਸਰਕਾਰ ਨੂੰ) ਕਹੋ ਕਿ ਉਥੇ ਇਹ ਪਿਸ਼ਾਬ ਗਾਹਾਂ ਜਲਦੀ ਬਣਾਉਣ ਕਿਉਂਕਿ ਇਹ ਜ਼ਰੂਰੀ ਚੀਜ਼ ਹੈ। (ਵਿਘਨ) ਸਪੀਕਰ ਸਾਹਿਬ, ਇਹ ਬੇਟ ਦਾ ਇਲਾਕਾ ਹੈ ਔਰ ਉਥੇ ਲੋਕਾਂ ਨੂੰ ਪਿਸ਼ਾਬ ਵੀ ਜ਼ਿਆਦਾ ਆਉਂਦਾ ਹੈ ਕਿਉਂਕਿ ਉਥੇ ਠੰਢ ਜ਼ਿਆਦਾ ਹੈ। ਇਸ ਕਰਕੇ ਮੇਰੀ ਅਰਜ਼ ਹੈ ਕਿ ਇਹ ਉਥੇ ਪਿਸ਼ਾਬਗਾਹਾਂ ਜ਼ਰੂਰ ਬਣਾ ਦੇਣ, ਨਿਰਾ ਬਿਆਨ ਹੀ ਨਾ ਦੇਣ। (ਵਿਘਨ)

(Serial No. 144)

Comrade Babu Singh Master
Comrade Kulwant Singh : to draw the attention of the Government towards an urgent matter of public importance, namely, the failure of the Government in bettering the sanitation, Roads. Light management etc. of the area in the Municipal Committee, Rampura Phul.

Secondly the Government has not given any grant to the Committee for the benefit of the public. This has created a great resentment and frustration in the public.

The Government may, please be asked to make a statement in the House.

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The hon. Minister concerned may please make a statement in the House.)

Statements in Reply to Call Attention Notices

ਉਪ ਮਾਲ ਮੰਤਰੀ : ਸਪੀਕਰ ਸਾਹਿਬ ਮੈਂ ਤੁਹਾਡੀ ਆਗਿਆ ਨਾਲ ਧਿਆਨ ਦਿਵਾਊ ਮੱਤੇ ਨੰ: 25, 56, 66, 86, 98 ਅਤੇ 101 ਦੇ ਜਵਾਬ ਸਦਨ ਦੀ ਮੇਜ਼ ਤੇ ਰੱਖਦਾ ਹਾਂ।

(Serial No. 25)

Sardar Sarup Singh : to draw the attention of the Government towards an urgent matter of public importance namely, that the State

Government has utterly failed in its duty to give rightful place to Hindi, our National Language, in the matter of getting calenders and diaries for 1971, printed only in the Punjabi Language. The departure from the previous healthy practice of printing the calenders and diaries in Hindi and Punjabi has been ignored this time. This is, therefore, a fit matter to be discussed on the floor of the House, through this Call Attention Notice.

ਸਰਦਾਰ ਸੁਰਜੀਤ ਸਿੰਘ (ਸਿਖਿਆ ਮੰਤਰੀ) : ਇਸ ਧਿਆਨ ਦਿਵਾਊ ਮਤੇ ਦਾ ਮਢਲਾ ਆਧਾਰ ਹੀ ਇਸ ਗਲਤ ਸੋਚਣੀ ਤੇ ਹੈ ਕਿ ਪੰਜਾਬ ਅਜੇ ਵੀ ਦੋ ਭਾਸ਼ੀ ਰਾਜ ਹੈ । ਅਸਲੀਅਤ ਇਹ ਹੈ ਕਿ 1966 ਵਿਚ ਹੋਈ ਪੁਨਰਗਠਨ ਤੋਂ ਬਾਅਦ ਮੌਜੂਦਾ ਪੰਜਾਬ ਨਿਰੋਲ ਇਕ ਭਾਸ਼ਾਈ ਰਾਜ ਬਣ ਗਿਆ ਹੈ ਅਤੇ ਇਸ ਦਾ ਦੋ ਭਾਸ਼ੀ ਪੁਣਾ ਬਿਲਕੁਲ ਖਤਮ ਹੋ ਚੁਕਾ ਹੈ । ਪੁਨਰਗਠਨ ਤੋਂ ਪਹਿਲਾਂ ਵੀ ਇਹ ਸਥਿਤੀ ਭਾਰਤ ਸਰਕਾਰ ਨੇ ਮੰਨੀ ਸੀ ਅਤੇ ਇਸੇ ਕਰਕੇ ਪਹਿਲਾਂ ਸੰਯੁਕਤ ਪੰਜਾਬ ਭਾਸ਼ਾ ਦੇ ਆਧਾਰ ਤੇ ਦੋ ਹਿਸਿਆਂ ਵਿਚ ਵੰਡਿਆਂ ਗਿਆ ਸੀ । ਮੌਜੂਦਾ ਪੁਨਰਸੰਗਿਠਤ ਪੰਜਾਬ ਦੀ ਪੰਜਾਬੀ ਹੀ ਨਿਰੋਲ ਸਰਕਾਰੀ ਭਾਸ਼ਾ ਹੈ ।

ਨਵੰਬਰ 1966 ਵਿਚ ਜਦ ਪੰਜਾਬੀ ਬੋਲਦਾ ਰਾਜ ਹੋਂਦ ਵਿਚ ਆਇਆ ਸੀ ਤਾਂ ਉਦੋਂ ਤੋਂ ਹੀ ਪੰਜਾਬ ਸਰਕਾਰ ਨੇ ਰਾਜ ਦੀ ਸਰਕਾਰੀ ਭਾਸ਼ਾ ਅਤੇ ਭਾਰਤ ਦੀ ਰਾਸ਼ਟਰ ਭਾਸ਼ਾ ਬਾਰੇ ਪ੍ਰਮਾਣਿਕ ਨੀਤੀ ਅਪਣਾਈ ਹੋਈ ਹੈ । ਮੌਜੂਦਾ ਪੁਨਰਸੰਗਿਠਤ ਪੰਜਾਬ ਇਕ ਗ਼ੈਰ ਹਿੰਦੀ ਬੋਲਦਾ ਰਾਜ ਹੈ ਪਰੰਤੂ ਰਾਜ ਸਰਕਾਰ ਨੇ ਰਾਜ ਭਾਸ਼ਾ ਐਕਟ 1967 ਲਾਗੂ ਕਰਨ ਸਮੇਂ ਉਦਾਰਤਾ ਭਰੀ ਨੀਤੀ ਅਪਣਾਈ ਸੀ । ਕਿਸੇ ਵੀ ਗ਼ੈਰ ਹਿੰਦੀ ਬੋਲਦੇ ਰਾਜ ਨੇ ਆਪਣੇ ਰਾਜ ਭਾਸ਼ਾ ਐਕਟ ਵਿਚ ਰਾਸ਼ਟਰੀ ਭਾਸ਼ਾ ਦੇ ਵਿਕਾਸ ਲਈ ਕੋਈ ਉਪਬੰਧ ਨਹੀਂ ਕੀਤਾ ਪਰੰਤੂ ਪੰਜਾਬ ਰਾਜ ਭਾਸ਼ਾ ਐਕਟ 1967 ਦੀ ਧਾਰਾ 8 ਵਿਚ ਇਹ ਉਪਬੰਧ ਕੀਤਾ ਗਿਆ ਹੈ :—

''ਇਸ ਐਕਟ ਦੇ ਉਪਬੰਧਾਂ ਦੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ ਰਾਜ ਸਰਕਾਰ,ਰਾਜ ਵਿਚ ਹਿੰਦੀ ਦੇ ਵਿਕਾਸ ਲਈ ਮੁਨਾਸਬ ਕਦਮ ਚੁਕੇਗੀ ।'' ਇਸ ਤੋਂ ਸਪਸ਼ਟ ਹੈ ਕਿ ਜੋ ਵੀ ਰਿਆਇਤਾਂ ਰਾਜਸੀ ਕਾਰਨਾਂ ਕਰਕੇ ਹਿੰਦੀ ਨੂੰ ਦਿਤੀਆਂ ਜਾਣੀਆਂ ਹਨ ਉਹ ਰਾਜ ਭਾਸ਼ਾ ਐਕਟ 1967 ਦੀ ਸੀਮਾਂ ਦੇ ਅੰਦਰ ਅੰਦਰ ਹੀ ਦਿਤੀਆਂ ਜਾਣੀਆਂ ਹਨ । ਅਸਲੀਅਤ ਇਹ ਹੈ ਕਿ ਅਸੀਂ ਹਿੰਦੀ ਦੇ ਵਿਕਾਸ ਲਈ ਉਚੇਰੇ ਕਦਮ ਚੁਕੇ ਹਨ । ਹਿੰਦੀ ਨੂੰ ਭਾਰਤ ਸਰਕਾਰ, ਹਿੰਦੀ ਬੋਲਦੇ ਰਾਜਾਂ ਅਤੇ ਹੋਰ ਚਾਹਵਾਨ ਗ਼ੈਰ ਹਿੰਦੀ ਬੋਲਦੇ ਰਾਜਾਂ ਨਾਲ ਪੱਤਰ ਵਿਹਾਰ ਦੀ ਭਾਸ਼ਾ ਵਜੋਂ ਅਪਣਾਇਆ ਗਿਆ ਹੈ । ਇਸ ਮੰਤਵ ਲਈ ਸਕੱਤਰੇਤ ਵਿਖੇ ਇਕ ਹਿੰਦੀ ਸੈੱਲ, ਇਕ ਸਹਾਇਕ ਡਾਇਰੈਕਟਰ ਦੇ ਤਹਿਤ ਲੋੜੀਂਦੇ ਤਕਨੀਕੀ ਤੇ ਵਿਦਿਅਕ ਯੋਗਤਾਵਾਂ ਵਾਲੇ ਅਮਲੇ ਨਾਲ ਸਥਾਪਤ ਕੀਤਾ ਹੋਇਆ ਹੈ ਅਤੇ ਇਸ ਸਾਲ ਲਈ ਸਾਲਾਨਾ ਨਾਨ ਪਲਾਨ ਯੋਜਨਾਵਾਂ ਵਿਚ 57,300 ਰੁਪੈ ਦਾ ਉਪਬੰਧ ਹੈ । ਸਰਕਾਰ ਨੇ ਸਿਵਲ ਸਕੱਤਰੇਤ ਦੇ ਅਮਲੇ ਦੀ ਭਾਰਤੀ ਲਈ ਹਿੰਦੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਨਿਪੁੰਨਤਾ ਜ਼ਰੂਰੀ ਕਰਾਰ ਦਿਤੀ ਹੋਈ ਹੈ ।

ਪੰਜਾਬ ਰਾਜ ਭਾਸ਼ਾ ਐਕਟ 1967 ਦੀ ਧਾਰਾ 8 ਦੀ ਪੈਰਵਾਈ ਕਰਦੇ ਹੋਏ ਹਿੰਦੀ ਭਾਸ਼ਾ ਦੇ ਵਿਕਾਸ ਲਈ ਚਾਲੂ ਮਾਲੀ ਸਾਲ ਵਿਚ 1,56,300 ਰੁਪਏ ਦੀ ਰਕਮ ਦਾ ਉਪਬੰਧ ਕੀਤਾ ਹੋਇਆ ਹੈ ।

ਭਾਸ਼ਾ ਵਿਭਾਗ ਦੇ ਵਿਕਾਸ ਭਾਗ (ਹਿੰਦੀ) ਵਿਚ ਇਕ ਸਹਾਇਕ ਡਾਇਰੈਕਟਰ ਅਤੇ 14 ਤਕਨੀਕੀ ਕਰਮਚਾਰੀ ਹਨ । ਹਰ ਸਾਲ ਹਿੰਦੀ ਦੇ ਲੇਖਕਾਂ, ਲਿਖਾਰੀਆਂ, ਸਾਹਿਤਕਾਰਾਂ ਅਤੇ ਪ੍ਰਕਾਸ਼ਕਾਂ

[ਸਿਖਿਆ ਮੰਤਰੀ]

ਨੂੰ ਸਾਲ ਦੀਆਂ ਸਰਬੋਤਮ ਸਾਹਿਤਕ ਕਿਤਾਬਾਂ ਅਤੇ ਵਧੀਆਂ ਪ੍ਰਕਾਸ਼ਨਾਵਾਂ ਲਈ ਇਨਾਮ ਦੇ ਕੇ ਉਤਸ਼ਾਹਤ ਕੀਤਾ ਜਾਂਦਾ ਹੈ। ਰਾਜ ਵਿਚ ਪ੍ਰਾਪਤ ਹਿੰਦੀ ਦੀਆਂ ਦੁਰਲਭ ਪੁਸਤਕਾਂ ਅਤੇ ਕਲਾਸਕੀ ਰਚਨਾਵਾਂ ਦਾ ਟਿਪਣੀ ਸਾਹਿਤ ਸੰਪਾਦਨ ਕੀਤਾ ਜਾਂਦਾ ਹੈ। ਮਹੱਤਵ ਪੂਰਨ ਰਚਨਾਵਾਂ ਦਾ ਹਿੰਦੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਹਿੰਦੀ ਵਿਚ ਅਨੁਵਾਦ ਅਤੇ ਲਿਪੀਅੰਤਰਣ ਕੀਤਾ ਜਾ ਰਿਹਾ ਹੈ। ਰਾਜ ਦੇ ਮੁਥਾਜ ਹਿੰਦੀ ਅਤੇ ਸੰਸਕ੍ਰਿਤ ਦੇ ਲੇਖਕਾਂ ਨੂੰ ਮਾਲੀ ਸਹਾਇਤਾ ਦਿਤੀ ਜਾਂਦੀ ਹੈ। ਕਵੀ ਸੰਮੇਲਨ, ਸਾਹਿਤਕ ਇਕੱਤਰਤਾਵਾਂ ਅਤੇ ਸੈਮੀਨਾਰ ਕੀਤੇ ਜਾਂਦੇ ਹਨ। ਭਾਸ਼ਾ ਵਿਭਾਗ ਨੇ ਹਿੰਦੀ ਦੀਆਂ ਪ੍ਰਮਾਣੀਕ ਡਿਕਸ਼ਨਰੀਆਂ, ਅਨੁਵਾਦ ਅਤੇ ਲਿਪੀ ਅੰਤਰਣ ਸੰਬੰਧੀ 47 ਮਹੱਤਵਪੂਰਨ ਰਚਨਾਵਾਂ ਤਿਆਰ ਕੀਤੀਆਂ ਹਨ। ਹੋਰਨਾਂ ਗੈਰ ਹਿੰਦੀ ਬੋਲਦੇ ਰਾਜਾਂ ਦੇ ਮੁਕਾਬਲੇ ਵਿਚ ਪੰਜਾਬ ਰਾਜ ਦੀ ਇਹ ਇਕ ਲਾਸਾਨੀ ਪ੍ਰਾਪਤੀ ਹੈ ਕਿ ਇਸ ਨੇ ਆਪਣੇ ਰਾਜ ਬੱਜਟ ਵਿਚ ਵਿਸ਼ੇਸ਼ ਉਪਬੰਧ ਕਰਕੇ ਸਰਕਾਰੀ ਪੱਧਰ ਤੇ ਹਿੰਦੀ ਲੇਖਕਾਂ, ਸਾਹਿਤਕਾਰਾਂ, ਵਿਦਵਾਨਾਂ ਅਤੇ ਕਵੀਆਂ ਨੂੰ ਉਤਸ਼ਾਹ ਦਿਤਾ ਹੈ।

ਸਰਕਾਰੀ ਕਲੰਡਰ ਅਤੇ ਡਾਇਰੀਆਂ ਪੁਨਰਗਠਨ ਤੋਂ ਪਹਿਲਾਂ ਕੇਵਲ ਅੰਗਰੇਜ਼ੀ ਵਿਚ ਹੀ ਛਾਪੀਆਂ ਜਾਂਦੀਆਂ ਸਨ। ਪੰਜਾਬ ਰਾਜ ਭਾਸ਼ਾ ਐਕਟ, 1967 ਦੀ ਧਾਰਾ 4 ਅਧੀਨ 9. 2. 1968 ਨੂੰ ਜਾਰੀ ਹੋਈਆਂ ਅਧਿਸੂਚਨਾਂ ਅਨੁਸਾਰ ਪੰਜਾਬੀ ਹੀ ਰਾਜ ਦੀ ਨਿਰੋਲ ਸਰਕਾਰੀ ਭਾਸ਼ਾ ਬਣ ਜਾਣ ਕਰਕੇ, ਸਰਕਾਰੀ ਕਲੰਡਰ ਅਤੇ ਡਾਇਰੀਆਂ ਕੇਵਲ ਪੰਜਾਬੀ ਵਿਚ ਹੀ ਛਪਵਾਈਆਂ ਗਈਆਂ ਹਨ। ਕਲੰਡਰ ਅਤੇ ਡਾਇਰੀਆਂ ਨੂੰ 1968 ਵਿਚ ਗਵਰਨਰੀ ਰਾਜ ਸਮੇਂ ਕੇਵਲ 1969 ਲਈ ਪੰਜਾਬੀ ਤੇ ਹਿੰਦੀ ਵਿਚ ਛਪਵਾਏ ਜਾਣ ਦਾ ਫੈਸਲਾ ਕੀਤਾ ਗਿਆ ਸੀ ਅਤੇ ਇਹ ਕੇਵਲ ਅੰਤਿਮ ਸਮੇਂ ਲਈ ਹੀ ਕੀਤਾ ਗਿਆ ਜਾਪਦਾ ਹੈ। 1970 ਵਿਚ ਇਹ ਫੈਸਲਾ ਪੰਜਾਬੀ ਦੇ ਹੌਲੀ ਹੌਲੀ ਪ੍ਰਚਾਲਣ ਦੇ ਮਨੋਰਥ ਨੂੰ ਮੁੱਖ ਰਖਕੇ ਨਾ ਬਦਲਿਆ ਗਿਆ। ਹੁਣ ਜਦੋਂ 13. 4. 68 ਤੋਂ ਰਾਜ ਵਿਚ ਹਰ ਪੱਧਰ ਤੇ ਪੰਜਾਬੀ ਲਾਗੂ ਹੋ ਚੁਕੀ ਹੈ ਤਾਂ ਸਰਕਾਰੀ ਕਲੰਡਰ ਅਤੇ ਡਾਇਰੀਆਂ ਜੋ ਕਿ ਪ੍ਰਸ਼ਾਸਨ ਦਾ ਹੀ ਅੰਗ ਹਨ ਅਤੇ ਆਮ ਤੌਰ ਤੇ ਪੰਜਾਬ ਦੇ ਲੋਕਾਂ ਅਤੇ ਸਰਕਾਰੀ ਦਫਤਰਾਂ ਦੀ ਵਰਤੋਂ ਵਿਚ ਆਉਂਦੇ ਹਨ, ਨੂੰ ਵੀ ਕੇਵਲ ਸਰਕਾਰੀ ਭਾਸ਼ਾ ਭਾਵ ਪੰਜਾਬੀ ਵਿਚ ਹੀ ਛਪਵਾਇਆ ਗਿਆ ਹੈ।

(Serial No. 56)

1. **Comrade Satya Pal Dang**
2. **Comrade Babu Singh Master**
3. **Comrade Kulwant Singh**

: to draw the attention of the Government towards an urgent matter of public importance, namely serious labour situation exists in Chheharta, Workers of Hindustan Embroidery Mills have not been paid salary for the last 6 months and are now neither being given work nor are retranched. About 100 have been suspended for taking out demonstration to demand wage arrears. About five hundred workers of Punjab Woollen Mills have been on strike for the last seven weeks for implementation of Government Notification regarding wages and existing agreements. Management has hired goondas to harass them and they have been opening fire and even threatening murder. The management of the New India Embroidery Mills has retranched and dismissed number of workers, has given on benami leass 9 out of 18 machines to an officer of the

Mills and got new workers from Faridabad for them. The 300 workers of the Mills are struggling against this attack. There has been no high powered intervention by the Government to settle these disputes.

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : ਇਹ ਠੀਕ ਹੈ ਕਿ ਛੇਹਰਟਾ ਵਿਚ ਹਿੰਦੁਸਤਾਨ ਐਂਬਰਾਇਡਰੀ ਮਿਲਜ਼ ਪੰਜਾਬ ਵੂਲਨ ਮਿਲਜ਼ (ਪੰਜਾਬ ਵੂਲਨ ਟੈਕਸਟਾਈਲਜ਼) ਤੇ ਨਿਊ ਇੰਡੀਆ ਐਂਬਰਾਇਡਰੀ ਮਿਲਜ਼ ਵਿਚ ਪਿਛਲੇ ਕੁਝ ਸਮੇਂ ਤੋਂ ਲੇਬਰ ਟਰੱਬਲ ਹੈ। ਇਨ੍ਹਾਂ ਮਿੱਲਾਂ ਵਿਚ ਟਰੱਬਲ ਦੇ ਕਾਰਨ ਇਹ ਹਨ :—

(1) ਹਿੰਦੁਸਤਾਨ ਐਂਬਰਾਇਡਰੀ ਮਿਲਜ਼

ਇਸ ਮਿੱਲ ਵਿਚ ਝਗੜਾ ਇਹ ਹੈ ਕਿ ਮਾਲਕਾਂ ਨੇ ਕੁਝ ਮਸ਼ੀਨਾਂ ਉਥੋਂ ਚੁੱਕਣ ਦੀ ਕੋਸ਼ਿਸ਼ ਕੀਤੀ ਜਿਸ ਨੂੰ ਕਿ ਕਾਮਿਆਂ ਨੇ ਰੋਕਿਆ ਕਿਉਂਕਿ ਕਾਮਿਆਂ ਨੂੰ ਇਹ ਡਰ ਸੀ ਕਿ ਮਸ਼ੀਨਾਂ ਦੂਜੀ ਥਾਂ ਤੇ ਲੱਗਣਗੀਆਂ। ਇਸ ਵਾਸਤੇ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਜੁਲਾਈ, ਅਗਸਤ ਅਤੇ ਸਤੰਬਰ ਦੀ ਪਹਿਲਾਂ ਤਨਖਾਹ ਦਿੱਤੀ ਜਾਵੇ। ਕਾਮਿਆਂ ਦੇ ਖਿਲਾਫ਼ ਧੱਕਾ ਜ਼ੋਰੀ ਕਰਨ ਦਾ ਵੀ ਇਲਜ਼ਾਮ ਹੈ ਜਿਸ ਦੀ ਬਾਬਤ ਜ਼ਿਲ੍ਹੇ ਦੇ ਅਧਿਕਾਰੀ ਕਾਰਵਾਈ ਕਰ ਰਹੇ ਹਨ।

ਮਿਲ ਮਾਲਕਾਂ ਨੇ ਇਸ ਦੌਰਾਨ ਵਿਚ ਕੁਝ ਕਾਮਿਆਂ ਨੂੰ ਅਕਤੂਬਰ ਦੇ ਮਹੀਨੇ ਵਿਚ ਸਸਪੈਂਡ ਕਰ ਦਿੱਤਾ। ਕਿਉਂਕਿ ਉਨ੍ਹਾਂ ਨੇ ਮਾਲ ਅੰਦਰ ਆਉਣਾ ਜਾਣਾ ਫੈਕਟਰੀ ਵਿਚ ਬੰਦ ਕਰ ਦਿੱਤਾ ਸੀ। ਇਸ ਦੇ ਇਲਾਵਾ ਕਾਮੇਂ ਤਿਆਰ ਮਾਲ ਨੂੰ ਵੀ ਬਾਹਰ ਨਹੀਂ ਸੀ ਜਾਣ ਦਿੰਦੇ। ਮਿਲ ਮਾਲਕਾਂ ਨੂੰ ਕਿਰਤ ਅਧਿਕਾਰੀਆਂ ਨੇ ਕਾਮਿਆਂ ਨੂੰ ਪੇਮੈਂਟ ਕਰਨ ਵਾਸਤੇ ਕਿਹਾ ਅਤੇ ਮਿਲ ਮਾਲਕਾਂ ਨੇ ਮਜਬੂਰੀ ਜ਼ਾਹਿਰ ਕੀਤੀ ਕਿ ਜਿੰਨਾ ਚਿਰ ਤਿਆਰ ਮਾਲ ਬਾਹਰ ਨਹੀਂ ਜਾਣ ਦਿੱਤਾ ਜਾਂਦਾ ਉਨਾ ਚਿਰ ਪੇਮੈਂਟ ਕਰਨੀ ਮੁਸ਼ਕਲ ਹੈ। ਕਾਮਿਆਂ ਦੇ ਦਿਲ ਵਿਚ ਇਹ ਡਰ ਸੀ ਕਿ ਮਿਲ ਮਾਲਕ ਮਸ਼ੀਨਾਂ ਤੇ ਤਿਆਰ ਮਾਲ ਇਸ ਕਰਕੇ ਲਿਜਾ ਰਹੇ ਹਨ ਕਿ ਉਨ੍ਹਾਂ ਦੇ ਦਿਲ ਵਿਚ ਬੇਈਮਾਨੀ ਹੈ। ਕਾਮਿਆਂ ਨੂੰ ਕਿਹਾ ਗਿਆ ਸੀ ਕਿ ਉਹ ਆਪਣੀ ਤਨਖਾਹ ਦੇ ਵਾਸਤੇ ਕੰਪੈਨਸੇਸ਼ਨ ਕਮਿਸ਼ਨਰ ਦੀ ਅਦਾਲਤ ਵਿਚ ਪੇਮੈਂਟ ਆਫ ਵੇਜਿਜ਼ ਐਕਟ ਦੇ ਥੱਲੇ ਦਾਵ੍ਹਾ ਕਰਨ ਪਰ ਉਨ੍ਹਾਂ ਨੇ ਨਹੀਂ ਕੀਤਾ। ਇਸ ਝਗੜੇ ਨੂੰ ਮੁੱਖ ਰੱਖਦੇ ਹੋਏ ਲੇਬਰ ਇਨਸਪੈਕਟਰ, ਅੰਮ੍ਰਿਤਸਰ ਨੂੰ ਹਦਾਇਤ ਕੀਤੀ ਜਾ ਚੁਕੀ ਹੈ ਕਿ ਉਹ ਕੰਪੈਨਸੇਸ਼ਨ ਕਮਿਸ਼ਨਰ ਦੀ ਅਦਾਲਤ ਵਿਚ ਪੇਮੈਂਟ ਆਫ ਵੇਜਿਜ ਐਕਟ ਦੇ ਥੱਲੇ ਕਾਮਿਆਂ ਵਲੋਂ ਦਾਇਰ ਕਰ ਦੇਵੇ।

(2) ਨਿਊ ਇੰਡੀਆ ਐਂਬਰਾਇਡਰੀ ਮਿਲਜ਼

ਇਸ ਮਿਲ ਦੇ ਵਿਚ ਇਹ ਝਗੜਾ ਹੈ ਕਿ ਮਿਲ ਦੇ ਅਧਿਕਾਰੀ ਪਹਿਲਾਂ ਕਾਮਿਆਂ ਨੂੰ ਕਣਕ ਅਲਾਊਂਸ, ਹਾਉਸ ਰੈਂਟ ਅਲਾਊਸ, ਪ੍ਰੋਡਕਸ਼ਨ ਬੋਨਸ, ਪਰੀਮੀਅਮ ਬੋਨਸ ਦਿੰਦੇ ਸਨ। ਹੁਣ ਉਨ੍ਹਾਂ ਨੇ ਇਹ ਕੰਡੀਸ਼ਨਜ਼ ਆਫ ਸਰਵਿਸ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਹੈ। ਇਹ ਬੈਨੀਫਿਟਸ ਜਿਹੜੇ ਕਿ ਇਨ੍ਹਾਂ ਨੂੰ ਦਿਤੇ ਜਾਂਦੇ ਸਨ ਕਿਸੇ ਵੀ ਲੇਬਰ ਲਾਅ ਦੇ ਥੱਲੇ ਐਨਫਾਰੋਸੀਏਬਲ ਨਹੀਂ ਹਨ। ਮਿਲ ਦੇ ਮਾਲਕਾਂ ਨੇ ਇਹ ਕਡੀਸਨਜ਼ ਆਫ ਸਰਵਿਸ ਨੂੰ ਬਦਲਣ ਲਈ ਮਿਲ ਦੀਆਂ ਕੁਝ ਮਸ਼ੀਨਾਂ ਆਪਣੇ ਕਿਸੇ ਅਧਿਕਾਰੀ ਨੂੰ ਠੇਕੇ ਤੇ ਦੇ ਕੇ ਪੱਕੇ ਕਾਮਿਆਂ ਨੂੰ ਕੱਢਣ ਦੀ ਕੋਸ਼ਿਸ਼ ਕੀਤੀ ਹੈ। ਦੂਜੀ ਮੰਗ ਕਾਮਿਆਂ ਦੀ ਇਹ ਹੈ ਕਿ ਉਨ੍ਹਾਂ ਨੂੰ ਇਕ ਮਸ਼ੀਨ ਤੋਂ ਦੂਜੀ ਮਸ਼ੀਨ ਤੇ ਬਦਲਿਆ ਜਾਵੇ ਤਾਂ ਕਿ ਵੇਜਿਜ਼ ਦਾ ਘਾਟਾ ਵਾਧਾ ਪੂਰਾ ਹੁੰਦਾ ਰਹੇ। ਇਸ ਉੱਤੇ ਮਿਲ ਮਾਲਕਾਂ ਦਾ ਇਹ ਇਤਰਾਜ਼ ਹੈ ਕਿ ਇਹ ਉਨ੍ਹਾਂ ਦਾ ਅਧਿਕਾਰ ਹੈ ਕਿ

[ਮੁੱਖ ਮੰਤਰੀ]

ਕਿਸੇ ਕਾਮੇ ਨੂੰ ਜਿਥੇ ਮਰਜ਼ੀ ਲਾਉਣ। ਕਿਰਤ ਵਿਭਾਗ ਵਲੋਂ ਇਨ੍ਹਾਂ ਦਾ ਟਿਕ ਟਿਕਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਹਾਲੀ ਤਕ ਸਫਲਤਾ ਨਹੀਂ ਹੋਈ। ਕੋਸ਼ਿਸ਼ ਜਾਰੀ ਹੈ।

(3) ਪੰਜਾਬ ਵੂਲਨ ਟੈਕਸਟਾਈਲਜ਼ (ਪੰਜਾਬ ਵੂਲਨ ਮਿਲਜ਼)

25. 11. 70 ਤੋਂ ਕਾਮਿਆਂ ਨੇ ਸਟੇਇਨ-ਸਟਰਾਈਕ ਕੀਤੀ ਹੋਈ ਹੈ ਹਾਲਾਂ ਕਿ ਇਸ ਸਟਰਾਈਕ ਦਾ ਕੋਈ ਨੋਟਿਸ ਕਾਮਿਆਂ ਨੇ ਨਹੀਂ ਦਿੱਤਾ। ਕਾਮਿਆਂ ਦੀਆਂ ਮੰਗਾਂ ਇਹ ਹਨ :—

(1) ਜਿਹੜੇ ਟੈਂਪਰੇਰੀ ਕਾਮੇ ਹਨ ਉਨ੍ਹਾਂ ਨੂੰ ਪੱਕਾ ਕੀਤਾ ਨਹੀਂ ਜਾ ਰਿਹਾ ਅਤੇ ਉਹ ਪੱਕਾ ਕਰਨ।

(2) ਮਿਲ ਮਾਲਕ ਅਗੇ ਸਾਲ ਪਿਛੋਂ ਕਾਮਿਆਂ ਨੂੰ ਇੰਨਕਰੀਮੈਂਟ ਦਿੰਦੇ ਸਨ ਜਿਹੜੇ ਕਿ ਉਨ੍ਹਾਂ ਨੇ 1970 ਵਿਚ ਨਹੀਂ ਦਿਤੇ, ਇਹ ਦਿੱਤੇ ਜਾਣ।

(3) ਐਡੀਸ਼ਨਲ ਡੀ. ਏ. ਕੌਂਸਟ ਆਫ ਲਿਵਿੰਗ ਇੰਡੈਕਸ ਨਾਲ ਲਿੰਕ ਕਰਕੇ ਨਹੀਂ ਦਿੱਤਾ, ਇਹ ਦਿੱਤਾ ਜਾਵੇ।

ਇਸ ਤੋਂ ਬਾਅਦ ਕਾਮਿਆਂ ਦੇ ਖਿਲਾਫ਼ ਇਹ ਵੀ ਸ਼ਿਕਾਇਤ ਹੈ ਕਿ ਉਨ੍ਹਾਂ ਨੇ ਧੱਕਾ ਜ਼ੋਰੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਡਿਸਟ੍ਰਿਕਟ ਐਡਮਨਿਸਟਰੇਸ਼ਨ ਨੇ ਸ਼ਰਾਰਤ ਕਰਨ ਵਾਲਿਆਂ ਦੇ ਖਿਲਾਫ਼ ਐਕਸ਼ਨ ਲਿਆ ਹੈ। ਦੂਜੇ ਪਾਸੇ ਮਿਲ ਮਾਲਕ ਇਹ ਕਹਿੰਦੇ ਹਨ ਕਿ ਜਿਹੜੇ ਟੈਂਪਰੇਰੀ ਕਾਮੇ ਲਗਾਤਾਰ ਕੰਮ ਕਰਦੇ ਹਨ ਉਨ੍ਹਾਂ ਨੂੰ ਪੱਕਾ ਕਰ ਦਿਤਾ ਗਿਆ ਹੈ ਅਤੇ ਸਿਰਫ਼ ਸੀਜ਼ਨਲ ਕਾਮਿਆਂ ਨੂੰ ਪੱਕਾ ਨਹੀਂ ਕੀਤਾ ਗਿਆ। ਮਿਲ ਮਾਲਕਾਂ ਨੇ ਇਹ ਵੀ ਕਿਹਾ ਹੈ ਕਿ ਉਹ ਹਰੇਕ ਕਾਮੇ ਨੂੰ ਮਿਨੀਮਮ ਵੇਜਿਜ਼ ਐਕਟ ਦੇ ਥੱਲੇ ਮੁਕੱਰਰਾ ਤਨਖਾਹ ਦੇ ਮੁਤਾਬਿਕ ਪੇਮੈਂਟ ਕਰਨ ਲਈ ਤਿਆਰ ਹਨ। ਮਿਲ ਮਾਲਕ ਉਨ੍ਹਾਂ ਕਾਮਿਆਂ ਨੂੰ ਵਾਪਿਸ ਲੈਣ ਲਈ ਤਿਆਰ ਨਹੀਂ ਜਿਨ੍ਹਾਂ ਨੇ ਕਿ ਧੱਕਾ ਜ਼ੋਰੀ ਕੀਤੀ ਹੈ ਜਾਂ ਜਿਨ੍ਹਾਂ ਦੇ ਖਿਲਾਫ਼ ਕੇਸ ਅਦਾਲਤ ਵਿਚ ਪੈਂਡਿੰਗ ਹਨ। ਕਾਮੇ ਕੰਮ ਕਰਨ ਲਈ ਤਿਆਰ ਨਹੀਂ ਜਿੰਨਾ ਚਿਰ ਮਾਲਕ ਇਹ ਨਹੀਂ ਮੰਨਦੇ ਕਿ ਜਿਹੜੇ ਬੰਦੇ ਕਢੇ ਗਏ ਸਨ ਉਹ ਹਾਜ਼ਰ ਨਹੀਂ ਕੀਤੇ ਜਾਂਦੇ। ਇਸ ਦੇ ਵਿਚ ਉਹ ਬੰਦੇ ਵੀ ਹਨ ਜਿਹੜੇ ਸਿਰਫ਼ ਧੱਕਾ ਜ਼ੋਰੀ ਕਰਨ ਲਈ ਕੱਢੇ ਗਏ ਸਨ ਜਾਂ ਜਿਨ੍ਹਾਂ ਦੇ ਖਿਲਾਫ਼ ਪੁਲੀਸ ਨੇ ਚਲਾਨ ਕੀਤੇ ਹੋਏ ਹਨ। ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਮਾਲਕਾਂ ਤੇ ਕਾਮਿਆਂ ਦੇ ਦਰਮਿਆਨ ਸੁਲਾਹ ਸਫ਼ਾਈ ਕਰਵਾਈ ਜਾਵੇ।

(ਕ੍ਰਮ ਨੰ: 66)

ਚੌਧਰੀ ਬਲਬੀਰ ਸਿੰਘ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਾ ਚਾਹੁੰਦੇ ਹਨ ਅਰਥਾਤ, ਐਸ. ਪੀ. ਰੋਪੜ ਨੇ ਇਕ ਬਿਆਨ ਵਿਚ ਸੈਣੀ ਬਰਾਦਰੀ ਅਤੇ ਹਰੀਜਨਾਂ ਬਾਰੇ ਅਪਮਾਨਜਨਕ ਸ਼ਬਦ ਕਹੇ। ਇਹ ਮਾਮਲਾ ਮੁੱਖ ਮੰਤਰੀ ਦੇ ਧਿਆਨ ਵਿਚ ਵੀ ਲਿਆਂਦਾ ਗਿਆ। ਐਸ. ਪੀ. ਨੇ ਇਸ ਬਾਰੇ ਮੁੱਖ ਮੰਤਰੀ ਨੂੰ ਭਰੋਸਾ ਵੀ ਦਿਵਾਇਆ ਸੀ ਕਿ ਉਹ ਮੁਆਫੀ ਮੰਗ ਲੈਣਗੇ ਪਰ ਇਸ ਬਾਰੇ ਹੁਣ ਤੇਕ ਕੋਈ ਗੱਲ ਨਹੀਂ ਹੋਈ। ਸੈਣੀ ਬਰਾਦਰੀ ਅਤੇ ਹਰੀਜਨਾਂ ਦੇ ਕਈ ਪ੍ਰਤੀਨਿਧ ਮੁੱਖ ਮੰਤਰੀ ਸਾਹਿਬ ਨੂੰ ਮਿਲ ਚੁਕੇ ਹਨ। ਸਰਕਾਰ ਇਸ ਬਾਰੇ ਕਾਰਵਾਈ ਕਰਕੇ ਸਦਨ ਵਿਚ ਬਿਆਨ ਦੇ ਕੇ ਜਨਤਾ ਵਿਚ ਫੈਲੇ ਹੋਏ ਅਸੰਤੋਸ਼ ਨੂੰ ਦੂਰ ਕਰੇ।

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : ਇਹ ਖਬਰ ਜਿਹੜੀ ਕਿ ਸੁਪਰਡੰਟ ਪੁਲਿਸ, ਰੋਪੜ ਵਲੋਂ ਭੇਜੀ ਗਈ ਦੱਸੀ ਜਾਂਦੀ ਹੈ ਮਿਤੀ 14. 6. 1970 ਦੀ ਟ੍ਰਿਬਿਊਨ ਵਿਚ ਛਪੀ ਸੀ ਕਿ ਨਕਸਲਬਾੜੀ ਲਹਿਰ ਦੀਆਂ ਜੜ੍ਹਾਂ ਸੈਣੀਆਂ, ਰਾਮਦਾਸੀਆਂ ਅਛੂਤਾਂ ਵਿਚ ਅਤੇ ਹੋਰ ਪਛੜੀਆਂ ਜਾਤੀਆਂ ਵਿਚ ਬਹੁਤ ਡੂੰਘੀਆਂ ਗਈਆਂ ਹਨ। ਸ੍ਰੀ ਬਲਵੰਤ ਸਿੰਘ ਸੈਣੀ ਜਿਹੜੇ ਕਿ ਰੋਪੜ ਦੇ ਰੀਟਾਇਰਡ ਗੈਰੀਜ਼ਨ ਇੰਜੀਨੀਅਰ ਤੇ ਹੋਰ ਸੈਣੀ ਲੀਡਰਾਂ ਨੇ ਐਸ. ਪੀ. ਰੋਪੜ ਤੇ ਦੋਸ਼ ਲਾਇਆ ਹੈ ਕਿ ਉਸ ਨੇ ਇਹ ਖਬਰ ਛਪਾਈ ਹੈ ਅਤੇ ਬੇਨਤੀ ਕੀਤੀ ਕਿ ਉਹ ਸੈਣੀਆਂ ਅਤੇ ਦੂਜੀਆਂ ਜਾਤੀਆਂ ਦੇ ਵਿਰੁਧ ਆਪਣੇ ਵਿਸ਼ੇਸ਼ ਕਥਨ ਵਾਪਸ ਲੈ ਲਏ ਅਤੇ ਮਾਫੀ ਮੰਗੇ। ਇਹ ਵੀ ਦਸਿਆ ਜਾਂਦਾ ਹੈ ਕਿ ਇਹ ਮਾਮਲਾ 31. 10. 70 ਨੂੰ ਸ੍ਰੀ ਬਲਵੰਤ ਸਿੰਘ ਸੈਣੀ ਅਤੇ ਸ੍ਰੀ ਪ੍ਰਿਥੀ ਸਿੰਘ ਆਜ਼ਾਦ ਨੇ ਮੁੱਖ ਮੰਤਰੀ ਜੀ ਦੇ ਧਿਆਨ ਵਿਚ ਲਿਆਂਦਾ ਸੀ। ਇਸ ਦੇ ਸੰਬੰਧ ਵਿਚ ਪੜਤਾਲ ਕਰਵਾਈ ਗਈ ਪਰ ਐਸ. ਪੀ. ਰੋਪੜ ਨੇ ਪੂਰੀ ਤਰ੍ਹਾਂ ਖੰਡਨ ਕੀਤਾ ਕਿ ਉਸ ਨੇ ਨਾ ਐਸੇ ਵਿਚਾਰ ਪ੍ਰਗਟ ਕੀਤੇ ਸਨ ਅਤੇ ਨਾ ਹੀ ਕਥਿਤ ਦੋਸ਼ ਲਾਏ ਸਨ। ਇਸ ਤੋਂ ਬਾਅਦ ਉਚ ਪੁਲਿਸ ਅਧਿਕਾਰੀਆਂ ਨੇ ਭੀ ਪ੍ਰੈਸ ਰਾਹੀਂ ਇਸ ਦੀ ਤਰਦੀਦ ਕੀਤੀ ਅਤੇ ਇਹ ਡੈਪੂਟੇਸ਼ਨ ਨੂੰ ਯਕੀਨ ਦਿਲਾਇਆ ਕਿ ਇਸ ਖਬਰ ਵਿਚ ਪੁਲਿਸ ਵਾਲਿਆਂ ਦਾ ਕੋਈ ਦਖ਼ਲ ਨਹੀਂ ਹੈ। ਇਸ ਕਾਰਨ ਇਹ ਮਾਮਲਾ ਖਤਮ ਕਰ ਦਿਤਾ ਗਿਆ। ਕਿਉਂਕਿ ਐਸ. ਪੀ. ਨੇ ਕਥਿਤ ਦੋਸ਼ਾਂ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਹੈ। ਇਸ ਲਈ ਹੁਣ ਇਸ ਮਾਮਲੇ ਨੂੰ ਹੋਰ ਵਧਾਣ ਦਾ ਕੋਈ ਲਾਭ ਨਹੀਂ ਹੋਵੇਗਾ। ਮੈਂ ਮਾਨਨੀਏ ਮੈਂਬਰ ਨੂੰ ਯਕੀਨ ਦਿਲਾਂਦਾ ਹਾਂ ਕਿ ਸਰਕਾਰ ਅਤੇ ਇਸ ਦੇ ਅਫਸਰ ਉਪਰੋਕਤ ਦਸੀਆਂ ਜਾਤੀਆਂ ਦੇ ਵਿਰੁੱਧ ਕੋਈ ਭੇਦ-ਭਾਵ ਨਹੀਂ ਰਖਦੇ ਅਤੇ ਉਨ੍ਹਾਂ ਨੂੰ ਹਰ ਤਰਾਂ ਨਾਲ ਸੋਸਾਇਟੀ ਆਦਿ ਦੇ ਵਰਗਾਂ ਦੀ ਤਰ੍ਹਾਂ ਬਰਾਬਰ ਹੀ ਸਮਝਦੇ ਹਨ।

(Serial No. 86)

Sardar Mehtab Singh Dhillon : to draw the attention of the Government towards an urgent matter of public importance, namely, when the Chief Minister visited Muradwala, Tehsil Fazilka, District Ferozepur. I brought to his notice the harrassment caused by Shri Sharma, SHO Police Station, Fazilka, to the residents of Village Kamalwala. But, in revenge, the SHO Shri Sharma blackened the faces of residents of Kamalwala and took them in a procession with a view to insult them. The Chief Minister should make a statement on the floor of the House.

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : ਪੜਤਾਲ ਤੋਂ ਇਹ ਪਰਤੀਤ ਹੋਇਆ ਹੈ ਕਿ ਸ੍ਰੀ ਕਰਤਾਰ ਸਿੰਘ ਨੰਬਰਦਾਰ, ਬੋਗਾ ਸਿੰਘ ਚੌਕੀਦਾਰ, ਪੰਜਾ ਸਿੰਘ ਮੈਂਬਰ ਪੰਚਾਇਤ ਅਤੇ ਸ੍ਰੀ ਮਤੀ ਹਰਨਾਮ ਕੌਰ ਦਾਈ ਦੇ ਬਿਆਨਾਂ ਅਨੁਸਾਰ ਪਿੰਡ ਕਮਾਲਵਾਲਾ ਵਿੱਚ ਪੁਲਿਸ ਨੇ ਛਾਪਾ ਮਾਰ ਕੇ ਦੋਸ਼ੀਆਂ ਮਹਿੰਦਰ ਸਿੰਘ, ਮੇਘ ਸਿੰਘ, ਅਵਤਾਰ ਸਿੰਘ, ਜੋਗਾ ਸਿੰਘ ਅਤੇ ਜੀਤਾ ਸਿੰਘ ਆਦਿ ਕੋਲੋਂ ਸ਼ਰਾਬ ਫੜੀ ਸੀ ਅਤੇ ਮੁਕੱਦਮੇ ਦਰਜ ਕੀਤੇ ਗਏ ਸਨ। ਇਨ੍ਹਾਂ ਵਿਚੋਂ ਕਿਸੇ ਦਾ ਮੂੰਹ ਕਾਲਾ ਨਹੀਂ ਸੀ ਕੀਤਾ ਗਿਆ। ਇਸ ਤੋਂ ਇਲਾਵਾ ਸ੍ਰੀ ਮਤੀ ਗੰਗੋ ਕੌਮ ਰਾਏ ਸਿੱਖ ਨੇ ਧਰਮ ਸਿੰਘ ਦੇ ਵਿਰੁਧ, ਉਸ ਦੀ ਲੜਕੀ ਦਿਆਲੋ ਦੀ ਬੇਇਜ਼ਤੀ ਕਰਨ ਕਰਕੇ ਦਰਖਾਸਤ ਦਿਤੀ ਸੀ ਅਤੇ ਇੱਕ ਹੋਰ ਦਰਖਾਸਤ ਹਰਨਾਮ ਕੌਰ ਦਾਈ ਨੇ, ਕਸ਼ਮੀਰਾ ਸਿੰਘ, ਕੁਲੂ, ਬਘੇਲ ਸਿੰਘ ਅਤੇ ਜੀਤਾ ਸਿੰਘ ਦੇ ਵਿਰੁਧ ਦਿਤੀ ਸੀ ਜਿਸ ਵਿਚ ਉਸ ਨੇ ਉਸ ਦੀਆਂ ਕੁਕੜੀਆਂ ਖਾ ਜਾਣ ਦਾ ਦੋਸ਼ ਲਾਇਆ ਸੀ। ਇਸੀ ਦਿਨ ਐਸ. ਆਈ.

[ਮੁੱਖ ਮੰਤਰੀ]

ਬਲਦੇਵ ਰਾਜ ਭੀ ਇਨ੍ਹਾਂ ਸ਼ਿਕਾਇਤਾਂ ਦੀ ਪੜਤਾਲ ਲਈ ਗਿਆ ਸੀ। ਦੋਨਾਂ ਪ੍ਰਾਰਥਕਾਂ ਸ੍ਰੀ ਮਤੀ ਹਰਨਾਮ ਕੌਰ ਅਤੇ ਸ੍ਰੀ ਮਤੀ ਗੋਗੋ ਨੇ ਪੰਚਾਇਤ ਵਿਚ ਇਹ ਕਿਹਾ ਸੀ ਕਿ ਉਹ ਇਸ ਸੰਬੰਧ ਵਿਚ ਕੋਈ ਮੁਕੱਦਮਾ ਦਰਜ ਨਹੀਂ ਕਰਾਉਣਾ ਚਾਹੁੰਦੀਆਂ ਪਰੰਤੂ ਇਸ ਕੇਸ ਵਿਚ ਪੰਚਾਇਤ ਐਸਾ ਦੰਡ ਲਾਵੇ ਜਿਸ ਨਾਲ ਹੋਰਾਂ ਨੂੰ ਅਗੇ ਵਾਸਤੇ ਸਬਕ ਮਿਲੇ। ਇਸ ਤੇ ਪੰਚਾਇਤ ਨੇ ਦੋਸ਼ੀਆਂ ਜੀਤਾ ਸਿੰਘ, ਬਘੇਲ ਸਿੰਘ, ਕਸ਼ਮੀਰਾ ਅਤੇ ਧਰਮ ਸਿੰਘ ਦਾ ਮੂੰਹ ਕਾਲਾ ਕੀਤਾ। ਜਿਸ ਵਿਚ ਪੁਲਿਸ ਦਾ ਕੋਈ ਹੱਥ ਨਹੀਂ ਦਸਿਆ ਜਾਂਦਾ।

(Serial No. 98)

1. **Giani Zail Singh** :
2. **Shri Tulsi Ram Chauhan** :
3. **Sardar Santokh Singh** :
4. **Shri Gurdial Saini** :

to draw the attention of the Government towards an urgent matter of Public importance, namely, the residents of Barapind in Anandpur Sahib Constituency, who voted for the Congress Candidate during the recent Anandpur Sahib Assembly Constituency bye-election, are being harassed and terrorised and are obstructed in their day-to-day work and business. The Government should make a statement in the House in this regard.

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) : ਪੜਤਾਲ ਤੋਂ ਹਾਲਾਤ ਇਸ ਤਰ੍ਹਾਂ ਪਾਏ ਗਏ ਹਨ ਕਿ ਮਿਤੀ 21-12-70 ਨੂੰ ਹਲਕਾ ਅਨੰਦਪੁਰ ਸਾਹਿਬ ਦੀ ਚੋਣ ਤੋਂ ਪਿਛੋਂ ਗਿਆਨੀ ਜ਼ੈਲ ਸਿੰਘ ਅਤੇ ਸ੍ਰੀ ਸ਼ਿਵ ਸਿੰਘ ਬੇਲਾ ਦੇ ਹਾਮੀ ਬੜਾ ਪਿੰਡ ਵਿਖੇ ਪੁਜੇ ਤੇ ਪੁਜਦਿਆਂ ਹੀ ਦੋਵਾਂ ਧੜਿਆਂ ਨੇ ਇਕ ਦੂਜੇ ਦੇ ਵਿਰੁਧ ਨਾਹਰੇ ਲਗਾਏ। ਕਿਉਂ ਜੋ ਗਿਆਨੀ ਜੀ ਦੇ ਹਮਾਇਤੀਆਂ ਨੇ ਕੁਝ ਭੜਕਾਊ ਨਾਹਰੇ ਲਾਏ ਤਾਂ ਦੂਜੇ ਧੜੇ ਦੇ ਬੰਦੇ ਉਨ੍ਹਾਂ ਦੇ ਪਿਛੇ ਡੰਡੇ ਲੈ ਕੇ ਭੱਜ ਪਏ ਤੇ ਗਾਲ੍ਹਾਂ ਆਦਿ ਕੱਢੀਆਂ। ਇਸ ਦੇ ਪਿਛੋਂ ਦੋਨੋਂ ਧੜੇ ਦੇ ਬੰਦੇ ਆਪਣੇ ਆਪਣੇ ਘਰਾਂ ਨੂੰ ਚਲੇ ਗਏ। ਇਸ ਵਾਕਿਆ ਦਾ ਜਦੋਂ ਉਪੱਦਰੀ ਅੰਸ਼ਦਰਾਂ ਨੂੰ ਪਤਾ ਚਲਿਆ ਤਾਂ ਉਨ੍ਹਾਂ ਨੇ ਇਸ ਨੂੰ ਸਿਆਸੀ ਰੰਗ ਦੇ ਕੇ ਲਾਭ ਉਠਾਉਣਾ ਚਾਹਿਆ। ਪਿੰਡ ਦੇ ਉਕਤ ਪੁਰਸ਼ਾਂ ਦੀ ਰਿਪੋਰਟ ਉਤੇ ਥਾਣਾ ਰੋਪੜ ਵਿਚ 22-12-70 ਨੂੰ ਰਿਪੋਰਟ ਦਰਜ ਕੀਤੀ ਗਈ ਤੇ ਗਿਆਨ ਸਿੰਘ ਅਤੇ ਉਸ ਦੇ ਸਾਥੀਆਂ ਜੋ ਸ੍ਰੀ ਬੇਲਾ ਦੇ ਹਮੈਤੀ ਸਨ ਦੇ ਵਿਰੁਧ 107/151 ਜ਼ਾਬਤਾ ਫੌਜਦਾਰੀ ਦੀ ਕਾਰਵਾਈ ਕਰਕੇ 24-12-70 ਨੂੰ ਪੇਸ਼ ਅਦਾਲਤ ਕੀਤੀ ਗਈ ਕਿਸੇ ਜੁਰਮ ਕਾਬਲ ਦਸਤ ਅੰਦਾਜ਼ੀ ਪੁਲਸ ਦਾ ਹੋਣਾ ਨਹੀਂ ਪਾਇਆ ਗਿਆ। ਪੁਲਸ ਦੀ ਗਸ਼ਤ ਹਰ ਸਮੇਂ ਉਥੇ ਫਿਰਦੀ ਹੈ ਤੇ ਕਿਸੇ ਨੂੰ ਕਿਸੇ ਤਰ੍ਹਾਂ ਦੀ ਤਕਲੀਫ਼ ਜਾਂ ਰੁਕਾਵਟ ਨਹੀਂ ਪਾਈ ਜਾਂਦੀ ਹੈ।

(ਕ੍ਰਮ ਨੰ: 101)

ਸਰਦਾਰ ਕਿਰਪਾਲ ਸਿੰਘ : ਸਰਕਾਰ ਦਾ ਧਿਆਨ ਲੋਕ ਮਹਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ ਅਰਥਾਤ, ਹਿੰਦ ਸਰਕਾਰ ਦਾ ਮਹਿਕਮਾ ਮੁੜ ਵਸਾਊ ਵਿਭਾਗ ਜਲੰਧਰ ਤੋਂ

ਦਿੱਲੀ ਜਾ ਚੁਕਾ ਹੈ। ਪੰਜਾਬੀਆਂ ਦੇ ਉਹ ਕੇਸ ਜਿਨ੍ਹਾਂ ਵਿਚ ਜਾਇਦਾਦਾਂ ਦਾ ਮੁਲ ਤਾਰਿਆ ਜਾ ਚੁਕਾ ਹੈ, ਜਲੰਧਰ ਵਿਚ ਪੰਜਾਬ ਸਰਕਾਰ ਦੇ ਮਹਿਕਮੇ ਨੂੰ ਸਪੁਰਦ ਹੋ ਚੁਕੇ ਹਨ। ਹੋਰ ਬਹੁਤ ਸਾਰੇ ਕਿਸਮਾਂ ਦੇ ਕੇਸ ਹਜ਼ਾਰਾਂ ਦੀ ਤਾਦਾਦ ਵਿਚ ਦਿੱਲੀ ਚਲੇ ਗਏ ਹਨ। ਪੰਜਾਬੀਆਂ ਨੂੰ ਛੋਟੀ ਛੋਟੀ ਗੱਲ ਵਾਸਤੇ ਦਿੱਲੀ ਜਾਣ ਦੀ ਮੁਸੀਬਤ ਅਤੇ ਦਿੱਲੀ ਔਫਿਸ ਦੇ ਖਰਚਿਆਂ ਦਾ ਬੜਾ ਵੱਡਾ ਬੋਝ ਬਰਦਾਸ਼ਤ ਕਰਨਾ ਪੈਂਦਾ ਹੈ। ਪੰਜਾਬ ਸਰਕਾਰ ਨੂੰ ਸਾਰਾ ਕੰਮ ਮਹਿਕਮਾ ਮੁੜ ਵਸਾਉ ਵਿਭਾਗ ਤੋਂ ਛੇਤੀ ਸੰਭਾਲ ਲੈਣਾ ਚਾਹੀਦਾ ਸੀ। ਲੋਕਾਂ ਵਿਚ ਵੱਧ ਰਹੀ ਬੇਚੈਨੀ ਦੂਰ ਕਰਨ ਲਈ ਪੰਜਾਬ ਸਰਕਾਰ ਕਿੰਨੇ ਚਿਰ ਵਿਚ ਮੁਨਾਸਬ ਫੈਸਲਾ ਕਰੇਗੀ, ਇਸ ਬਾਰੇ ਪੋਜ਼ੀਸ਼ਨ ਸਪੱਸ਼ਟ ਕਰੇ ?

ਸਰਦਾਰ ਤਾਰਾ ਸਿੰਘ ਲਾਇਲਪੁਰੀ (ਰਾਜ ਮੰਤਰੀ ਚਕਬੰਦੀ ਤੇ ਪੁਨਰਵਾਸ) : ਮਾਰਚ, 1970 ਵਿਚ ਕੇਂਦਰ ਤੇ ਰਾਜ ਸਰਕਾਰ ਵਿਚਕਾਰ ਹੋਏ ਵਿੱਤੀ ਤੇ ਪ੍ਰਸ਼ਾਸ਼ਨੀ ਪ੍ਰਬੰਧ ਦੇ ਆਧਾਰ ਤੇ ਆਈਆਂ ਸਾਰੀਆਂ ਬਕਾਇਆ ਅਣ-ਨਜਿੱਠੀਆਂ ਸ਼ਹਿਰੀ ਨਿਕਾਸੀ ਜਾਇਦਾਦਾਂ/ਵਾਹਕ ਜ਼ਮੀਨ ਦਾ ਨਿਪਟਾਰਾ ਪੰਜਾਬ ਸਰਕਾਰ ਨੇ ਕਰਨਾ ਹੈ। ਉਹ ਕੇਸ ਜਿਨ੍ਹਾਂ ਵਿਚ ਪੂਰੀ ਅਦਾਇਗੀ ਹੋ ਚੁਕੀ ਹੈ ਜਾਂ ਜਾਇਦਾਦਾਂ ਕਾਬਜ਼ਾਂ ਨੂੰ ਟਰਾਂਸਫਰ ਕਰਨ ਦਾ ਹੁਕਮ ਹੋ ਚੁਕਿਆ ਹੈ, ਭੀ ਪੰਜਾਬ ਸਰਕਾਰ ਨੂੰ ਕੰਨਵੇਅੰਸ ਡੀਡ/ਸੇਲ ਸਰਟੀਫਿਕੇਟ ਜਾਰੀ ਕਰਨ ਲਈ ਟਰਾਂਸਫਰ ਕੀਤੇ ਗਏ ਹਨ ਅਤੇ ਪੰਜਾਬ ਸਰਕਾਰ ਨੇ ਇਹ ਕੰਮ ਸ਼ੁਰੂ ਕਰ ਦਿੱਤਾ ਹੈ। ਕੇਂਦਰੀ ਸਰਕਾਰ ਦੇ ਰਿਜਨਲ ਸੈਟਲਮੈਂਟ ਕਮਿਸ਼ਨਰ ਦਾ ਦਫ਼ਤਰ ਜਿਹੜਾ ਕਿ ਜਲੰਧਰ ਵਿਖੇ ਸੀ, ਉਹ ਨਵੀਂ ਦਿੱਲੀ ਚਲਾ ਗਿਆ ਹੈ। ਕੁਝ ਹੋਰ ਕਿਸਮਾਂ ਦੇ ਕੇਸ ਜਿਵੇਂ ਕਿ ਅਣ-ਨਜਿੱਠੀਆਂ ਇੰਡਸਟਰੀਅਲ/ਕਮਰਸਿਅਲ ਇਸਟੈਬਿਲਸ਼ਮੈਂਟਸ ਕੇਂਦਰੀ ਸਰਕਾਰ ਵਲੋਂ ਵੇਚੀਆਂ ਗਈਆਂ ਸ਼ਹਿਰੀ ਜਾਇਦਾਦਾਂ ਬਾਰੇ ਬਕਾਇਆ ਕਿਸ਼ਤਾਂ ਦੀ ਅਦਾਇਗੀ ਅਤੇ ਉਹ ਕੇਸ ਜਿਨ੍ਹਾਂ ਵਿਚ ਕੇਂਦਰ ਸਰਕਾਰ ਦੇ ਅਫਸਰਾਂ ਵਲੋਂ ਕਾਬਜ਼ਾਂ ਨੂੰ ਜਾਇਦਾਦਾਂ ਟਰਾਂਸਫਰ ਕਰਨ ਦਾ ਪਾਤਰ ਮੰਨਿਆ ਜਾ ਚੁਕਿਆ ਸੀ, ਪਰ ਉਨ੍ਹਾਂ ਨੂੰ ਇਹ ਜਾਇਦਾਦਾਂ ਦੀ ਰਿਜ਼ਰਵ ਕੀਮਤ ਨਹੀਂ ਦੱਸੀ ਗਈ ਸੀ, ਅਜੇ ਤਕ ਰਾਜ ਸਰਕਾਰ ਨੂੰ ਟਰਾਂਸਫਰ ਨਹੀਂ ਕੀਤੇ ਗਏ। ਇਸ ਲਈ, ਇਹ ਕੁਦਰਤੀ ਗੱਲ ਹੈ ਕਿ ਇਨ੍ਹਾਂ ਕੇਸਾਂ ਵਿਚ ਲੋਕਾਂ ਨੂੰ ਕੇਂਦਰ ਸਰਕਾਰ ਦੇ ਪੁਨਰਵਾਸ ਵਿਭਾਗ ਜੋ ਕਿ ਨਵੀਂ ਦਿੱਲੀ ਵਿਖੇ ਹੈ, ਵਿਚ ਜਾਣਾ ਪਵੇਗਾ। ਇਨ੍ਹਾਂ ਲੋਕਾਂ ਦੀਆਂ ਇਹ ਔਕੜਾਂ ਨੂੰ ਮੁੱਖ ਰੱਖਦੇ ਹੋਏ ਰਾਜ ਸਰਕਾਰ ਨੇ ਪਹਿਲਾਂ ਹੀ ਕੇਂਦਰੀ ਸਰਕਾਰ ਨੂੰ ਦੋਨਾਂ ਸਰਕਾਰਾਂ ਦੇ ਪ੍ਰਤਿਨਿਧੀਆਂ ਦੀ ਸਕੱਤਰ ਪੱਧਰ ਤੇ ਮੀਟਿੰਗ ਰੱਖਣ ਬਾਰੇ ਕਿਹਾ ਹੈ। ਇਹ ਵਿਸ਼ਾ ਕੇਂਦਰ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਉਨ੍ਹਾਂ ਨੇ ਵਿੱਤ ਮੰਤਰਾਲਯ ਦੀ ਮੰਜ਼ੂਰੀ ਤੋਂ ਬਾਅਦ ਅੰਤਿਮ ਫੈਸਲਾ ਕਰਨਾ ਹੈ। ਰਾਜ ਸਰਕਾਰ ਤਾਂ ਕੇਵਲ ਉਹ ਕੰਮ ਹੀ ਕਰ ਸਕਦੀ ਹੈ ਜਿਹੜਾ ਕਿ ਕੇਂਦਰ ਸਰਕਾਰ ਨੇ ਟਰਾਂਸਫਰ ਕਰਨਾ ਮੰਨਿਆ ਹੈ। ਫਿਰ ਭੀ ਇਹ ਆਸ ਕੀਤੀ ਜਾਂਦੀ ਹੈ ਕਿ ਕੇਂਦਰ ਸਰਕਾਰ ਬਕਾਇਆ ਅਣ-ਨਜਿੱਠੀਆਂ ਜਾਇਦਾਦਾਂ ਦੇ ਨਿਪਟਾਰੇ ਦਾ ਕੰਮ ਛੇਤੀ ਹੀ ਪੰਜਾਬ ਸਰਕਾਰ ਨੂੰ ਟਰਾਂਸਫਰ ਕਰਨਾ ਮੰਨ ਲਵੇਗੀ ਤਾਕਿ ਲੋਕਾਂ ਨੂੰ ਬਿਨਾ ਵਜ੍ਹਾ ਤਕਲੀਫ ਨਾ ਉਠਾਉਣੀ ਪਵੇ।

(According to the Administrative & Financial Arrangement March, 1970, between the Government of India and the Punjab Government, all the remaining undisposed of urban evacuee properties and urban evacuee agricultural lands are to be disposed of by the Punjab Government, The causes

[ਰਾਜ ਮੰਤਰੀ ਚਕਬੰਦੀ]

in which full payment regarding purchase/transfer of the properties has been made, have also been transfered to the Punjab Government for the issue of Conveyance Deeds/Sale Certificates, and the needful is being done accordingly. The office of the Regional Settlement Commissioner, Government of India, located at Jullundur, has since been shifted to Delhi. Certain categories of cases i. e. undisposed of industrial/commercial establishments; cases relating to recovery of out-standing instalments of urban evacuee properties already sold by the Government of India to individuals and cases where eligibility had been determined but the reserve price had not been communicated to the occupants by the officers of the Government of India, have not been transferrd to the Punjab Government uptil now. It is natural that in such cases, the public will have to deal with the Rehabilitation Department of the Central Government located at New Delhi. Keeping in view the difficulties of the public, the Punjab Government has already asked for the transfer of these items of work at Secretaries' level meeting between the Government of India and the Punjab Government. The matter is under consideration of the Ministry of Rehabilition, Government of Indla, who have to take final decision after getting approval from their associated finance. The Punjab Government could only take up the work which was agreed to be transferrd by the Government of India. However, it is hoped that the Government of India would also agree to transfer the remaining work relating to disposal of properties to the Punjab Government very shortly so that no un-necessery inconvenience is caused to the public.)

Reply to Question on the Statement Re. Call Attention Notice No. 63.

चौधरी बलबीर सिंह :--स्पीकर साहिब, मेरी काल-अटैंशन मोशन नं:० 63 का जो जवाब मुख्य-मन्त्री ने दिया है, मेरा ख्याल है कि यह उन्होंने पढ़ा नही है । एक तरफ़ तो यह जवाब में लिखा है कि किसी किस्म की कोई शिकायत नहीं रही दूसरी तरफ इन्होने आप मान लिया है कि गर्मा गर्मी हुई, गोली भी चली और मामला फेरे गौर है । इस लिए यह जवाब गोल मोल है दूसरे यह भी गलत जवाब दिया है कि सरपंच ओंकार नाथ सजा-याफता नहीं है । उसको क्रिमीनल केस में सजा हो चुकी है । इसलिए आप ही इन्हें कहें कि जवाब ठीक दिया करें (विघ्न)

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਕੇਸ ਵਿਚ ਦੋਨਾਂ ਪਾਰਟੀਆਂ ਨੇ ਐਫ. ਆਈ. ਆਰ. ਲਿਖਾਈ ਸੀ । ਇਹ ਐਸੇ ਮਸਲੇ ਸਨ ਜਿਹੜੇ ਕਿ ਕਾਬਲੇ ਦਸਤਅੰਦਾਜ਼ੀ ਪੁਲੀਸ ਨਹੀਂ ਸਨ ਲੇਕਿਨ ਪੁਲੀਸ ਨੇ ਮਹਿਸੂਸ ਕੀਤਾ ਕਿ ਉਥੇ ਗੜਬੜ ਹੋਈ ਹੈ ਭਾਵੇਂ ਠੀਕ ਤਰ੍ਹਾਂ ਐਫ. ਆਈ. ਆਰ. ਨਹੀਂ ਲਿਖਾਈ ਗਈ ਸੀ ਪਰ ਪੁਲੀਸ ਨੇ ਫਿਰ ਭੀ ਕੇਸ ਰਜਿਸਟਰ ਕਰ ਲਿਆ ਅਤੇ ਤਫ਼ਤੀਸ਼ ਹੋ ਰਹੀ ਹੈ ।

Discussion on Governor's Address
(Resumption)

Mr. Speaker : The House will now resume discussion on the Motion of Thanks on the Governor's Address moved by Sardar Ravi Inder Singh, M.L.A., and seconded by Sardar Shashpal Singh, M. L. A., on the 18th January, 1971. Sardar Sarup Singh, M.L.A. was on his legs when the House adjourned on the 19th January, 1971. He had spoken for two minutes. I call upon him to resume his speech.

ਸਰਦਾਰ ਸਰੂਪ ਸਿੰਘ (ਜਲੰਧਰ ਛਾਉਣੀ) : ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਐਡਰੈਸ ਦੇ ਪੈਰਾ ਨੰਬਰ 3 ਵਿਚ ਕਿਹਾ ਹੈ...(ਵਿਘਨ)

(ਇਸ ਵਕਤ ਮੇਜਰ ਸਾਹਿਬ ਫਲੋਰ ਕਰਾਸ ਕਰਕੇ ਚੀਫ ਮਨਿਸਟਰ ਸਾਹਿਬ ਦੀ ਸੀਟ ਤੇ ਚਲੇ ਗਏ।)

ਸ੍ਰੀ ਸਪੀਕਰ : ਮੇਜਰ ਸਾਹਿਬ, ਤੁਸੀਂ ਤਾਂ ਸੁਪਰ ਚੀਫ ਮਨਿਸਟਰ ਬਣ ਗਏ (ਵਿਘਨ) ਮੁਬਾਰਕਾਂ ਹੋਣ (ਵਿਘਨ) ਪਰ ਇਹ ਸੀਟ ਤਾਂ ਸੁਪਰ ਚੀਫ ਮਨਿਸਟਰ ਸਾਹਿਬ ਦੀ ਹੀ ਹੈ ...(ਵਿਘਨ)

(The hon. Member Major Harinder Singh seems to have become a super Chief Minister (Interruption). I congratulate him (Interruptions) But that seat is for the Super Chief Minister.) (Interruption)

ਸਰਦਾਰ ਸਰੂਪ ਸਿੰਘ : ਸਪੀਕਰ ਸਾਹਿਬ, ਫਲੋਰ ਕਰਾਸਿੰਗ ਹੋਈ ਹੈ...(ਵਿਘਨ)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਇਹ ਫਲੋਰ ਕਰਾਸ ਕਰਕੇ ਗਏ ਹਨ। (ਵਿਘਨ)

ਸ੍ਰੀ ਸਪੀਕਰ : ਇਹ ਫਲੋਰ ਕਰਾਸਿੰਗ ਨਹੀਂ...(ਵਿਘਨ) (It is not a floor crossing. (Interruption)

(ਇਸ ਸਮੇਂ ਮੇਜਰ ਸਾਹਿਬ ਆਪਣੀ ਸੀਟ ਤੇ ਚਲੇ ਗਏ)

ਮੇਜਰ ਹਰਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡਾ ਅਤੇ ਟੰਡਨ ਸਾਹਿਬ ਦਾ ਮਸ਼ਕੂਰ ਹਾਂ ਪਰ ਮੈਂ ਕੋਈ ਫਲੋਰ ਕਰਾਸਿੰਗ ਨਹੀਂ ਕੀਤੀ (ਵਿਘਨ) ਮੈਨੂੰ ਤਾਂ ਇਸ ਤਰ੍ਹਾਂ ਕੋਈ ਨਹੀਂ ਕਹਿ ਸਕਦਾ (ਵਿਘਨ) ਮੈਂ ਤਾਂ ਆਪਣੇ ਹਲਕੇ ਦਾ ਕੰਮ ਕਰਾਉਣ ਲਈ ਗਿਆ ਸਾਂ। ਮੈਂ ਲੰਗੜਾ ਆਦਮੀ ਹਾਂ ਮੈਂ ਕਿਹਾ ਚੀਫ ਮਨਿਸਟਰ ਸਾਹਿਬ ਨੂੰ ਕਸ਼ਟ ਦੇ ਆਵਾਂ (ਵਿਘਨ)

(ਇਸ ਵਕਤ ਮੇਜਰ ਸਾਹਿਬ ਫਿਰ ਚੀਫ ਮਨਿਸਟਰ ਸਾਹਿਬ ਦੀ ਸੀਟ ਤੇ ਚਲੇ ਗਏ)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਫਿਰ ਮੇਜਰ ਸਾਹਿਬ ਫਲੋਰ ਕਰਾਸ ਕਰਕੇ ਉਧਰ ਚਲੇ ਗਏ ਹਨ। (ਵਿਘਨ)

ਸ੍ਰੀ ਸਪੀਕਰ : ਹੁਣ ਤਾਂ ਐਲਾਨ ਕਰਕੇ ਹੀ ਗਏ ਹਨ। (ਵਿਘਨ) (Now the hon. Member has gone to that side after announcing it.)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਮੈਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਕੀ ਇਹ ਇਸ ਤਰੀਕੇ ਨਾਲ ਫਲੋਰ ਕਰਾਸ ਕਰ ਸਕਦੇ ਹਨ ? (ਵਿਘਨ)

ਸ੍ਰੀ ਸਪੀਕਰ : ਟੰਡਨ ਸਾਹਿਬ, ਇਹ ਫਲੋਰ ਕਰਾਸਿੰਗ ਨਹੀਂ...(ਵਿਘਨ) (*Adressing Shri Balram Dass Tandon* : This is not a floor crossing...(Interruptions)

Shri Balram Dass Tandon : This is not the way to go to that seat. This is notpermited (Interrupttions)

ਸ੍ਰੀ ਸਪੀਕਰ : ਟੰਡਨ ਸਾਹਿਬ, ਇੰਨਾ ਸੀਰੀਅਸਲੀ ਨਾ ਲਿਆ ਕਰੋ । (ਵਿਘਨ) (The hon. Member Shri Tandon may not take it so seriously.)

ਸ੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਮੈਂ ਇਸ ਨੂੰ ਸੀਰੀਅਸਲੀ ਨਹੀਂ ਲੈਂਦਾ ਮੈਂ ਤਾਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ । (ਵਿਘਨ)

ਸ੍ਰੀ ਸਪੀਕਰ : ਸਰਦਾਰ ਸਰੂਪ ਸਿੰਘ ਜੀ, 5 ਮਿੰਟਾਂ ਵਿਚ ਹੀ ਖ਼ਤਮ ਕਰ ਦੇਣਾ । . . . (ਵਿਘਨ) (The hon. Member Sardar Sarup Singh may please finish his speech within five minutes.) (Interruptions)

ਸਰਦਾਰ ਸਰੂਪ ਸਿੰਘ : ਸਪੀਕਰ ਸਾਹਿਬ, ਮੈਂ ਤਾਂ 20-25 ਮਿੰਟ ਲਵਾਂਗਾ, ਨਹੀਂ ਤਾਂ ਮੈਂ ਬੋਲਦਾ ਹੀ ਨਹੀਂ . . . (ਵਿਘਨ)

ਸ੍ਰੀ ਸਪੀਕਰ : ਤੁਹਾਡੀ ਪਾਰਟੀ ਨੇ ਪਹਿਲੋਂ ਹੀ 72 ਮਿੰਟ ਲੈ ਲਏ ਹਨ, ਜੇ 20 ਮਿੰਟ ਤੁਸੀਂ ਬੋਲੋਗੇ, ਤਾਂ ਤੁਹਾਡੀ ਪਾਰਟੀ ਦੇ ਹੋਰ ਕਿਸੇ ਮੈਂਬਰ ਨੂੰ ਸਮਾਂ ਬੋਲਣ ਲਈ ਨਹੀਂ ਮਿਲਣਾ...(ਵਿਘਨ) (The party of the hon. Member has already taken 72 minutes and if the hon. Member now speaks for 20 minutes then no other Member of his party shall be permitted to speak. . . . (Interruptions)

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਸਾਡਾ ਤਾਂ ਕੋਈ ਆਦਮੀ ਜ਼ਿਆਦਾ ਨਹੀਂ ਬੋਲਿਆ . . .(ਵਿਘਨ)

ਸ੍ਰੀ ਸਪੀਕਰ : ਸਰਦਾਰ ਗੁਰਬੰਤਾ ਸਿੰਘ ਜੀ ਨੇ 47 ਮਿੰਟ ਲਏ, ਚੌਧਰੀ ਕੇਵਲ ਕ੍ਰਿਸ਼ਨ ਨੇ 23 ਮਿੰਟ ਲਏ ਅਤੇ ਸਰਦਾਰ ਸਰੂਪ ਸਿੰਘ ਨੇ 2 ਮਿੰਟ ਲਏ, ਇਸ ਤਰ੍ਹਾਂ ਤੁਹਾਡੀ ਪਾਰਟੀ 72 ਮਿੰਟ ਬੋਲ ਚੁਕੀ ਹੈ । (Sardar Gurbanta Singh spoke for 47 minutes, Chaudhri Kewal Krishan for 23 minutes and Sardar Sarup Singh for two minutes. Thus his party has already taken 72 minutes.)

ਸਰਦਾਰ ਸੰਤੋਖ ਸਿੰਘ ਰੰਧਾਵਾ : ਸਪੀਕਰ ਸਾਹਿਬ, ਉਸ ਦਿਨ ਦੀ ਤਰ੍ਹਾਂ ਅੱਜ ਵੀ ਇਕ ਘੰਟਾ ਟਾਈਮ ਹੋਰ ਵਧਾ ਦਿਓ (ਵਿਘਨ)

ਸਰਦਾਰ ਸਰੂਪ ਸਿੰਘ : ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਨੰਬਰ ਤ੍ਰਿੰਨ ਦੇ ਵਿਚ ਕਿਹਾ ਹੈ :

"ਮੇਰੀ ਸਰਕਾਰ ਜਨਤਾ ਨੂੰ ਇਕ ਸਵੱਛ ਪ੍ਰਸ਼ਾਸਨ ਦੇਣ ਦੀ ਵੀ ਤੀਬਰ ਇਛਾ ਰਖਦੀ ਹੈ। ਇਸ ਲਈ ਭ੍ਰਿਸ਼ਟਾਚਾਰ ਵਿਰੁਧ ਮੁਹਿੰਮ ਹੋਰ ਤੇਜ਼ ਕੀਤੀ ਗਈ ਹੈ . . . ."

ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਅਕਾਲੀ ਸਰਕਾਰ ਅਤੇ ਸਵੱਛ ਪ੍ਰਸ਼ਾਸਨ ਇਹ ਦੋਨੋਂ ਗਲਾਂ ਮੁਤਜ਼ਾਦ ਹਨ। ਜਿਸ ਸਰਕਾਰ ਦੇ ਵਜ਼ੀਰ ਕੁਰਪਟ ਹੋਣ ਅਤੇ ਕੁਰਪਟ ਅਫ਼ਸਰਾਂ ਨੂੰ ਪ੍ਰੋਟੈਕਟ ਕਰਨ ਉਨ੍ਹਾਂ ਤੋਂ ਸਵੱਛ ਪ੍ਰਸ਼ਾਸਨ ਦੀ ਕੀ ਤੱਵਕੋ ਕੀਤੀ ਜਾ ਸਕਦੀ ਹੈ? 26 ਜਨਵਰੀ ਨੂੰ ਬਾਜੀ ਸਾਹਿਬ ਨੇ ਤਕਰੀਰ ਕਰਦਿਆਂ ਕਿਹਾ ਸੀ ਕਿ ਸਾਡੇ ਵਜ਼ੀਰ ਬਹੁਤ ਕੁਰਪਟ ਹਨ, ਉਨ੍ਹਾਂ ਦੀ ਜਾਂਚ ਕਰਵਾਵਾਂਗੇ। (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਕਿਹਾ ਹੈ ਕਿ ਅਸੀਂ ਕੁਝ ਅਫ਼ਸਰਾਂ ਦੇ ਵਿਰੁਧ ਐਕਸ਼ਨ ਲਿਆ ਹੈ। ਮੈਂ ਤਾਂ ਬਾਦਲ ਸਾਹਿਬ ਨੂੰ ਇੰਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੁਝ ਅਫ਼ਸਰਾਂ ਨੂੰ ਸਸਪੈਂਡ ਕੀਤਾ ਹੋਇਆ ਹੈ ਜਿਹੜੇ ਕੁਝ ਚੰਗੇ ਹਨ ਅਤੇ ਇਨ੍ਹਾਂ ਨੇ ਜਿਹੜੇ ਕੁਰਪਟ ਅਫ਼ਸਰ ਹਨ ਉਨ੍ਹਾਂ ਨੂੰ ਪ੍ਰੋਟੈਕਟ ਕੀਤਾ ਹੈ ਅਤੇ ਤਰਕੀਆਂ ਦੇ ਦਿਤੀਆਂ ਹਨ। ਮੈਂ ਇਸ ਬਾਰੇ ਮਿਸਾਲਾਂ ਦੇ ਸਕਦਾ ਹਾਂ। ਸਪੀਕਰ ਸਾਹਿਬ, ਰੋਪੜ ਵਿਚ ਇਕ ਕੋਆਪ੍ਰੇਟਿਵ ਸੋਸਾਇਟੀ ਹੈ, ਜੰਗਲਾਂ ਦੇ ਬਾਰੇ। ਵਜ਼ੀਰ ਸਾਹਿਬ ਦੇ ਇਸ਼ਾਰੇ ਤੇ ਉਸ ਨੂੰ ਇਕ ਜੰਗਲ 28 ਹਜ਼ਾਰ ਰੁਪਏ ਵਿਚ ਦਿਤਾ ਗਿਆ। ਉਥੇ ਦਾ ਜਿਹੜਾ ਅਫ਼ਸਰ ਏ. ਆਰ. ਮਿਸਟਰ ਡੀ. ਐਸ. ਬਹਿਲ ਹੈ, ਉਸ ਦੇ ਜ਼ਰੀਏ ਹੀ ਇਹ ਕੀਤਾ ਗਿਆ, ਹਾਲਾਂਕਿ ਉਸ ਦੀ ਆਫ਼ਰ 2.28 ਲੱਖ ਆਈ ਹੋਈ ਸੀ। ਮੈਨੂੰ ਨਹੀਂ ਪਤਾ ਕਿ ਉਸ ਵਿਚ ਵਜ਼ੀਰ ਸਾਹਿਬ ਅਤੇ ਆਫ਼ੀਸਰਜ਼ ਨੇ ਕਿੰਨਾ ਗੋਲ ਮਾਲ ਕੀਤਾ, ਲੇਕਿਨ ਇਥੇ ਪ੍ਰੋਟੈਸਟ ਕੀਤਾ ਗਿਆ। ਇਸ ਦੀ ਇਨਕੁਆਇਰੀ ਵਿਜੀਲੈਂਸ ਡਿਪਾਰਟਮੈਂਟ ਪਾਸ ਆ ਗਈ ਹੈ। ਇਸੇ ਅਫ਼ਸਰ ਦੇ ਵਕਤ ਜਦੋਂ ਇਹ ਜਲੰਧਰ ਦੇ ਸੁਪਰ ਬਜ਼ਾਰ ਦਾ ਜਨਰਲ ਮੈਨੇਜਰ ਰਿਹਾ ਤਾਂ 8 ਲਖ 5 ਹਜ਼ਾਰ ਦਾ ਗਬਨ ਹੋਇਆ। ਇਸ ਕੇਸ ਦੀ ਇਨਕੁਆਇਰੀ ਡੀ. ਆਰ. ਸਰਦਾਰ ਗੁਰਚੰਦ ਸਿੰਘ ਅਤੇ ਡੀ. ਆਰ. ਸਰਦਾਰ ਮਹਿੰਦਰ ਸਿੰਘ ਨੇ ਕੀਤੀ। ਉਨ੍ਹਾਂ ਦੀ ਰਿਪੋਰਟ ਸੌ ਸਫੇ ਦੀ ਹੈ ਜੋ ਇਸ ਅਫ਼ਸਰ ਦੇ ਖਿਲਾਫ਼ ਹੈ। ਉਸ ਤੇ ਕਾਰਵਾਈ ਕੀ ਹੋਈ? ਬਜਾਏ ਇਸ ਦੇ ਕਿ ਉਸ ਦੇ ਖਿਲਾਫ਼ ਕੋਈ ਐਕਸ਼ਨ ਲਿਆ ਜਾਂਦਾ ਉਸ ਨੂੰ ਏ. ਆਰ. ਤੋਂ ਡੀ. ਆਰ. ਬਣਾ ਦਿਤਾ ਗਿਆ। ਇਹ ਹੈ ਇਨ੍ਹਾਂ ਦੀ ਸਾਫ਼ ਐਡਮਨਿਸਟਰੇਸ਼ਨ ਦਾ ਨਮੂਨਾ।

ਇਕ ਹੋਰ ਅਰਜ਼ ਕਰਾਂ। ਜਿਹੜਾ ਅਫਸਰ ਕੁਝ ਨੇਕ ਨੀਅਤੀ ਨਾਲ ਕੰਮ ਕਰਦਾ ਹੈ ਉਸ ਦਾ ਹਸ਼ਰ ਇਸ ਸਰਕਾਰ ਵਿਚ ਕੀ ਹੁੰਦਾ ਹੈ? ਮੈਂ ਇਸ ਬਾਰੇ ਇਕ ਮਿਸਾਲ ਪੇਸ਼ ਕਰਦਾ ਹਾਂ। ਅਜ ਤੋਂ ਕੁਝ ਮਹੀਨੇ ਪਹਿਲਾਂ ਸਰਦਾਰ ਨਿਰਮਲ ਸਿੰਘ ਜਲੰਧਰ ਦਾ ਏ. ਆਰ. ਨੀਅਤ ਕੀਤਾ ਗਿਆ। ਉਸ ਗਰੀਬ ਦੀ ਬਦਕਿਸਮਤੀ ਕਿ ਉਸ ਨੇ ਜਲੰਧਰ ਜਾਂਦੇ ਹੀ ਉਸ ਸੋਸਾਇਟੀ ਦੀ ਚੈਕਿੰਗ ਕੀਤੀ, ਜਿਸ ਦਾ ਇਕ ਉਘੇ ਜਥੇਦਾਰ ਦੇ ਨਾਂ 1 ਲਖ 47 ਹਜ਼ਾਰ ਰੁਪਿਆ ਬਕਾਇਆ ਚਲਿਆ ਆਉਂਦਾ ਸੀ। ਉਸ ਏ. ਆਰ. ਨੇ ਆਰਡਰ ਕੀਤੇ ਕਿ ਇਹ ਰੁਪਿਆ ਰਿਕਵਰ ਕੀਤਾ ਜਾਵੇ। ਇਹ ਉਸ ਦੀ ਪਹਿਲੀ ਬਦਕਿਸਮਤੀ ਸੀ। ਦੂਜੀ ਬਦਕਿਸਮਤੀ ਇਹ ਹੋਈ ਕਿ ਉਸ ਨੇ ਆਦਮਪੁਰ ਮਾਰਕਟਿੰਗ ਸੋਸਾਇਟੀ ਦੀ ਚੈਕਿੰਗ ਕੀਤੀ ਅਤੇ

[ਸਰਦਾਰ ਸਰੂਪ ਸਿੰਘ]

3 ਲਖ ਰੁਪਏ ਦਾ ਗਬਨ ਫੜਿਆ । ਉਸ ਦੀ ਤੀਜੀ ਬਦਕਿਸਮਤੀ ਇਹ ਹੋਈ ਕਿ ਉਸ ਨੇ ਜਲੰਧਰ ਮਾਰਕਿਟਿੰਗ ਸੋਸਾਇਟੀ ਦੀ ਚੈਕਿੰਗ ਵਿਚ 80 ਹਜ਼ਾਰ ਬੋਰੀਆਂ ਦਾ ਗਬਨ ਫੜਿਆ । ਚੌਥੀ ਬਦਕਿਸਮਤੀ ਇਹ ਹੋਈ ਕਿ ਉਸ ਨੇ ਜਦੋਂ ਸ਼ਾਹਕੋਟ ਦੀ ਮਾਰਕਿਟਿੰਗ ਸੋਸਾਇਟੀ ਨੂੰ ਚੈਕ ਕੀਤਾ ਤਾਂ ਉਹਦੇ ਵਿਚ ਉਸ ਨੇ 22 ਹਜ਼ਾਰ ਰੁਪਏ ਦਾ ਗਬਨ ਫੜਿਆ । ਉਸ ਗਰੀਬ ਨੂੰ ਇਹ ਪਤਾ ਨਹੀਂ ਸੀ ਕਿ ਇਸ ਸੋਸਾਇਟੀ ਦੇ ਹਿਸੇਦਾਰਾਂ ਦਾ ਸਰਪਰਸਤ ਇਕ ਵਜ਼ੀਰ ਹੈ । ਅਗਰ ਉਸ ਨੂੰ ਇਸ ਗਲ ਦਾ ਪਤਾ ਹੁੰਦਾ ਤਾਂ ਉਹ ਉਸ ਗਲ ਨੂੰ ਨਾ ਫੜਦਾ ਅਤੇ ਉਸ ਦਾ ਜੋ ਹਸ਼ਰ ਹੋਇਆ, ਉਹ ਨਾ ਹੁੰਦਾ । ਡੀ. ਐਸ. ਬੈਂਸ, ਜੋ ਉਥੇ ਡੀ. ਆਰ. ਹੈ, ਉਹ ਇਨ੍ਹਾਂ ਕੇਸਾਂ ਨੂੰ ਹਸ਼ ਅਪ ਕਰਾਉਣਾ ਚਾਹੁੰਦਾ ਸੀ ਪਰ ਹੁਣ ਜਦ ਕਿ ਇਹ ਕੇਸ ਬਾਹਰ ਆ ਗਏ ਤਾਂ ਉਸ ਗਰੀਬ ਏ. ਆਰ. ਦੀ ਸਖਤੀ ਆ ਗਈ । ਉਸ ਜਥੇਦਾਰ ਦੀ ਸਾਜ਼ਸ਼ ਨਾਲ, ਡੀ. ਆਰ. ਦੀ ਸਾਜ਼ਸ਼ ਨਾਲ ਅਤੇ ਵਜ਼ੀਰ ਸਾਹਿਬ ਦੀ ਸਾਜ਼ਸ਼ ਨਾਲ ਉਸ ਨੂੰ 3 ਮਹੀਨਿਆਂ ਵਿਚ ਹੀ ਬਠਿੰਡੇ ਸੁਟ ਦਿਤਾ ਗਿਆ, ਫਿਰ ਇਕ ਮਹੀਨੇ ਮਗਰੋਂ ਚੰਡੀਗੜ੍ਹ ਤਬਦੀਲ ਕਰ ਦਿੱਤਾ ਗਿਆ ਅਤੇ ਹੁਣ ਪਤਾ ਨਹੀਂ ਉਸ ਦਾ ਕੀ ਬਣਦਾ ਹੈ । ਇਹ ਹਾਲ ਹੁੰਦਾ ਹੈ ਇਨ੍ਹਾਂ ਦੇ ਰਾਜ ਵਿਚ ਇਮਾਨਦਾਰ ਅਫ਼ਸਰਾਂ ਦਾ । ਉਸ ਨੂੰ ਇਮਾਨਦਾਰੀ ਦੀ ਸਜ਼ਾ ਦਿਤੀ ਜਾ ਰਹੀ ਹੈ ।

ਹੁਣ, ਸਪੀਕਰ ਸਾਹਿਬ ਮੈਂ ਦਸਣਾ ਚਾਹੁੰਦਾ ਹਾਂ ਕਿ ਸਿਵਲ ਸਪਲਾਈ ਦੇ ਮਹਿਕਮੇ ਵਿਚ ਕਿੰਨੀ ਅੰਨ੍ਹੀ ਪਈ ਹੋਈ ਹੈ । ਪਿਛਲੇ ਸਾਲ ਜਲੰਧਰ ਵਿਚ ਡਿਪੂਆਂ ਨੂੰ ਇਕ ਲੱਖ ਤੋਂ ਵਧ ਬੋਰੀਆਂ ਕਣਕ ਸਪਲਾਈ ਕੀਤੀ ਗਈ । ਪਰ ਇਹ ਉਥੇ ਨਹੀਂ ਵਿਕੀ, ਸਿਧੀ ਟ੍ਰੱਕਾਂ ਵਿਚ ਲਦ ਕੇ ਦਿਲੀ ਚਲੀ ਗਈ । ਜਲੰਧਰ ਵਿਚ ਹਾਹਾਕਾਰ ਮਚ ਗਈ, ਲੋਕਾਂ ਨੇ ਸ਼ਿਕਾਇਤਾਂ ਕੀਤੀਆਂ । ਜਦੋਂ ਉਥੇ ਨਵਾਂ ਇਮਾਨ-ਦਾਰ ਡੀ. ਐਫ. ਸੀ. ਆਇਆ ਤਾਂ ਉਸ ਨੇ ਉਨ੍ਹਾਂ ਸ਼ਿਕਾਇਤਾਂ ਤੇ ਇਨਕੁਆਇਰੀ ਸ਼ੁਰੂ ਕੀਤੀ ਅਤੇ ਡਿਪੂ ਹੋਲਡਰਾਂ ਦੇ ਖਿਲਾਫ਼ ਕੇਸ ਦਰਜ ਕੀਤਾ । ਉਦੋਂ ਹਕੂਮਤ ਅਕਾਲੀ ਅਤੇ ਜਨਸੰਘ ਦੀ ਸੀ ਅਤੇ ਡਿਪੋ ਹੋਲਡਰਾਂ ਵਿਚ ਕੁਝ ਜਥੇਦਾਰ ਅਤੇ ਜਨਸੰਘੀ ਵੀ ਸੀ । ਉਹ ਸਾਰੇ ਚੰਡੀਗੜ੍ਹ ਆਏ ਅਤੇ ਵਜ਼ੀਰ ਸਾਹਿਬ ਨੂੰ ਕਿਹਾ ਕਿ ਅਸੀਂ ਤਾਂ ਸਾਰੇ ਇਮਾਨਦਾਰ ਹਾਂ ਐਵੇਂ ਕਾਂਗਰਸੀਆਂ ਨੇ ਤੰਗ ਕੀਤਾ ਹੋਇਆ ਹੈ, ਸਾਡੀ ਜਾਨ ਬਚਾਓ । ਬਜਾਏ ਉਨ੍ਹਾਂ ਡਿਪੋ ਹੋਲਡਰਾਂ ਤੇ ਐਕਸ਼ਨ ਲੈਣ ਦੇ ਕੇਸ ਨੂੰ ਟਾਲ ਦਿੱਤਾ । ਫਿਰ ਜਦੋਂ ਜਨਸੰਘੀ ਹਕੂਮਤ ਵਿਚੋਂ ਨਿਕਲ ਗਏ ਤਾਂ ਫਿਰ ਉਹੀ ਡਿਪੋ ਹੋਲਡਰ ਜਥੇਦਾਰਾਂ ਨੂੰ ਨਾਲ ਲੈਕੇ ਇਥੇ ਵਜ਼ੀਰ ਸਾਹਿਬ ਸਰਦਾਰ ਗੁਰਮੀਤ ਸਿੰਘ ਹੋਰਾਂ ਪਾਸ ਆਏ ਅਤੇ ਕਹਿਣ ਲਗੇ ਕਿ ਸਾਨੂੰ ਤਾਂ ਜਨਸੰਘੀਆਂ ਨੇ ਦੁਖੀ ਕੀਤਾ ਹੋਇਆ ਹੈ, ਇਨ੍ਹਾਂ ਦੇ ਕਹਿਣ ਤੇ ਐਵੇਂ ਹੀ ਪਰੇਸ਼ਾਨ ਕੀਤਾ ਜਾਂਦਾ ਹੈ । ਪਹਿਲਾਂ ਕਹਿੰਦੇ ਸੀ ਕਾਂਗਰਸੀਆਂ ਨੇ ਤੰਗ ਕੀਤਾ ਹੋਇਆ ਹੈ ਤੇ ਬਾਦ ਵਿਚ ਕਹਿਣ ਲਗ ਪਏ ਕਿ ਜਨਸੰਘੀ ਤੰਗ ਕਰਦੇ ਹਨ । ਵਜ਼ੀਰ ਸਾਹਿਬ ਨੇ ਉਨ੍ਹਾਂ ਨੂੰ ਸਟੇ ਦੇ ਦਿੱਤਾ । ਉਹੀ ਡਿਪੋ ਹੋਲਡਰ ਜਿਨ੍ਹਾਂ ਨੇ ਇਕ ਲਖ ਬੋਰੀਆਂ ਦੀ ਹੇਰਾਫੇਰੀ ਕੀਤੀ ਹੈ ਉਹ ਹਾਲੇ ਵੀ ਉਸੇ ਤਰ੍ਹਾਂ ਦਨਦਨਾ ਰਹੇ ਹਨ, ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਗਿਆ । ਉਸ ਇਮਾਨਦਾਰ ਅਫਸਰ ਨੂੰ ਉਸ ਮਹਿਕਮੇ ਵਿਚੋਂ ਬਦਲ ਦਿਤਾ ।

ਹੁਣ ਮੈਂ ਕੁਝ ਇੰਡਸਟਰੀ ਡਿਪਾਰਟਮੈਂਟ ਵਿਚ ਜੋ ਕੁਰਪਸ਼ਨ ਹੋਈ ਹੈ ਉਸ ਬਾਰੇ ਦਸਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਸਰਦਾਰ ਤੇਜਾ ਸਿੰਘ ਇੰਡਸਟਰੀ ਮਨਿਸਟਰ ਮੇਰੇ ਦੋਸਤ ਹਨ, ਮੇਰਾ

ਦਿਲ ਨਹੀਂ ਕਰਦਾ ਕਿ ਮੈਂ ਕੋਈ ਅਜਿਹੀ ਗੱਲ ਕਰਾਂ ਜਿਸ ਨਾਲ ਉਨ੍ਹਾਂ ਨੂੰ ਦੁਖ ਹੋਵੇ ਪਰ ਲੋਕ ਬੜੇ ਦੁਖੀ ਹਨ, ਉਹ ਕਹਿੰਦੇ ਹਨ ਕਿ ਸਿੱਧੇ ਸੌਦੇ ਹੁੰਦੇ ਹਨ ਇਸ ਲਈ ਨਾ ਚਾਹੁੰਦਾ ਹੋਇਆ ਵੀ ਆਪ ਦੀ ਸੇਵਾ ਵਿਚ ਕੁਝ ਅਰਜ਼ ਕਰਦਾ ਹਾਂ। ਸਪੀਕਰ ਸਾਹਿਬ, ਇਥੇ ਹਾਊਸ ਵਿਚ ਕਲ ਵੀ ਅਤੇ ਪਰਸੋਂ ਵੀ ਬੀ. ਸੀ. ਟਰੇਡਰਜ਼, ਬਟਾਲਾ ਦਾ ਜ਼ਿਕਰ ਆਇਆ ਅਤੇ ਜੋ ਉਸ ਸਿਲਸਿਲੇ ਵਿਚ ਸਪਲੀਮੈਂਟਰੀ ਇਥੇ ਪੁਛੇ ਗਏ ਉਨ੍ਹਾਂ ਨੂੰ ਟਾਲਣ ਦੀ ਕੋਸ਼ਿਸ਼ ਕਰਦੇ ਰਹੇ ਇਹ ਕਹਿ ਕੇ ਕਿ ਇਹ ਸਟੇਟ ਦਾ ਮਾਮਲਾ ਨਹੀਂ ਹੈ, ਇਹ ਸੈਂਟਰਲ ਗੌਰਮਿੰਟ ਦਾ ਮਾਮਲਾ ਹੈ। ਜਿਹੜਾ ਆਦਮੀ ਪਹਿਲਾਂ ਪੈਸਾ ਜਮ੍ਹਾਂ ਕਰਾ ਦਿੰਦਾ ਹੈ ਉਸ ਨੂੰ ਮਾਲ ਮਿਲਦਾ ਹੈ। ਮਗਰ ਗਲ ਇਸ ਤਰ੍ਹਾਂ ਨਹੀਂ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਜੋ ਮਾਲ ਸੈਂਟਰਲ ਗੌਰਮਿੰਟ ਤੋਂ ਮਿਲਦਾ ਹੈ, ਉਹ ਪੰਜਾਬ ਗੌਰਮਿੰਟ ਦੀ ਰਿਕੁਮੈਂਡੇਸ਼ਨ ਤੇ ਮਿਲਦਾ ਹੈ, ਠੀਕ ਹੈ ਮਾਲ ਸੈਂਟਰਲ ਸਰਕਾਰ ਤੋਂ ਮਿਲਦਾ ਹੈ ਪਰ ਉਸ ਦੀ ਸਿਫਾਰਸ਼ ਤਾਂ ਪੰਜਾਬ ਸਰਕਾਰ ਨੇ ਕਰਨੀ ਹੁੰਦੀ ਹੈ। ਇਨ੍ਹਾਂ ਨੇ ਆਗਰਾ ਦੀ ਇਕ ਫਰਮ ਜਿਸ ਦਾ ਇਕ ਫਟਾ ਹੀ ਲਗਿਆ ਹੋਇਆ ਸੀ ਨੂੰ 96 ਲੱਖ ਰੁਪਏ ਦੇ ਮਾਲ ਦੀ ਸਿਫਾਰਸ਼ ਕੀਤੀ, ਅਗਰ ਬਟਾਲੇ ਦੇ ਵਪਾਰੀ ਵਕਤ ਤੇ ਨਾ ਜਾਗਦੇ ਅਤੇ ਹਾਈ ਕੋਰਟ ਤੋਂ ਸਟੇ ਨਾ ਲੈ ਲੈਂਦੇ ਤਾਂ ਇਹ ਕੋਟਾ 96 ਲਖ ਤੋਂ ਵਧ ਜਾਣਾ ਸੀ ਅਤੇ ਇਸ ਵਿਚ 50 ਲਖ ਦਾ ਹੋਰ ਵਾਧਾ ਹ ਜਾਣਾ ਸੀ ਅਤੇ ਪਤਾ ਨਹੀਂ ਉਸ ਵਿਚ ਕਿੰਨਿਆਂ ਦਾ ਹਿਸਾ ਪੈਣਾ ਸੀ।

ਸਿਹਤ ਅਤੇ ਉਦਯੋਗ ਰਾਜ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ। ਜਿਸ ਕੇਸ ਦਾ ਇਹ ਜ਼ਿਕਰ ਕਰ ਰਹੇ ਹਨ ਉਸ ਵਿਚ ਸਟੇ ਆਰਡਰ ਤਾਂ ਮੈਂ ਕੀਤਾ ਸੀ। ਉਹ ਪਾਰਟੀ ਤਾਂ ਹਾਈ ਕੋਰਟ ਵਿਚ ਗਈ ਸੀ ਉਸ ਨੂੰ ਵੈਕੇਟ ਕਰਾਉਣ ਲਈ...(ਵਿਘਨ) ਮੈਂ ਉਸ ਐਸੋਸੀਏਸ਼ਨ ਦੇ ਰਿਪਰੇਜ਼ੈਂਟੇਸ਼ਨ ਤੇ ਸਟੇ ਕੀਤਾ ਸੀ। (ਵਿਘਨ)

चौधरी बलबीर सिंह : आनए प्वायंट आफ आर्डर, सर; क्या किसी मैम्बर की स्पीच के दौरान मिनिस्टर साहिब स्पष्टीकरण दे सकते हैं ?

ਸ੍ਰੀ ਸਪੀਕਰ : ਤੁਸੀਂ ਠੀਕ ਕਹਿੰਦੇ ਹੋ ਚੌਧਰੀ ਸਾਹਿਬ (You are right Chaudhri Sahib.) (interruption)

ਸਰਦਾਰ ਸਰੂਪ ਸਿੰਘ : ਸਪੀਕਰ ਸਾਹਿਬ, ਗਵਰਨਮੈਂਟ ਆਫ ਇੰਡੀਆ ਪਰੋਪੋਜ਼ਡ ਯੂਨਿਟਸ ਨੂੰ ਪੰਜਾਬ ਸਰਕਾਰ ਦੀ ਰਿਕੁਮੈਂਡੇਸ਼ਨ ਤੇ ਈ. ਸੀ. ਲਾਇਸੈਂਸ ਦਿੰਦੀ ਹੈ ਅਤੇ ਇਹ ਰਿਕੁਮੈਂਡੇਸ਼ਨ ਉਨ੍ਹਾਂ ਫਰਮਾਂ ਨੂੰ ਮਿਲਦੀ ਹੈ ਜੋ ਬਾਕਾਇਦਾ ਰਜਿਸਟਰਸ਼ੁਦਾ ਹੋਣ। ਮੈਂ ਆਪ ਨੂੰ ਇਨ੍ਹਾਂ ਦੀ ਕਰਤੂਤ ਦਸਦਾ ਹਾਂ। ਮਨਿਸਟਰ ਸਾਹਿਬ ਨੇ ਇਕ ਇੰਸਪੈਕਟਰ ਜਿਸ ਦਾ ਨਾਂ ਵੀ ਤੇਜੀ ਸਿੰਘ ਹੈ ਅਤੇ ਜੋ ਹੈ ਵੀ ਬਠਿੰਡੇ ਦਾ, ਉਹ ਇਸ ਕੰਮ ਤੇ ਲਾਇਆ ਹੋਇਆ ਹੈ। ਫਰਜ਼ ਤਾਂ ਉਸਦਾ ਇਹ ਬਣਦਾ ਹੈ ਕਿ ਜਿਹੜੀਆਂ ਫੈਕਟਰੀਆਂ ਨਵੀਆਂ ਰਜਿਸਟਰ ਹੋਣ, ਜਿਨ੍ਹਾਂ ਨੂੰ ਇਸ ਮਾਲ ਦੀ ਲੋੜ ਹੋਵੇ ਉਨ੍ਹਾਂ ਦਾ ਨਾਂ ਰਿਕੁਮੈਂਡ ਕਰੇ। ਪਰ ਉਸ ਨੇ ਆਪਣੀ ਫੀਸ ਰਖੀ ਹੋਈ ਹੈ 4,000 ਰੁ: ਅਤੇ ਇਹ ਫੀਸ ਲੈਕੇ 80 ਹਜ਼ਾਰ ਦੀ ਈ. ਸੀ. ਰਿਕੁਮੈਂਡ ਕਰ ਦਿੰਦਾ ਹੈ। ਉਸ ਨੇ ਧਾਂਧਲੀ ਮਚਾਈ ਹੋਈ ਹੈ। ਪਤਾ ਨਹੀਂ ਉਸ ਨੂੰ ਬਠਿੰਡੇ ਤੇ ਜਲੰਧਰ ਕਿਉਂ ਲਿਆਂਦਾ ਗਿਆ ਹੈ।

[ਸਰਦਾਰ ਸਰੂਪ ਸਿੰਘ]

ਫਿਰ ਜਨਾਬ, ਕੁਝ ਮਹਿਕਮਾ ਲਾਟਰੀਜ਼ ਦਾ ਜ਼ਿਕਰ ਕਰਦਾ ਹਾਂ। ਇਸ ਮਹਿਕਮਾ ਦੇ ਡਾਇਰੈਕਟਰ ਦੀ ਬੀਵੀ ਨੇ ਇਕ ਨਾਚ ਕਲਾ ਕੇਂਦਰ ਖੋਲ੍ਹਿਆ ਹੋਇਆ ਹੈ। ਮਹਿਕਮਾ ਪਬਲਿਕ ਰੀਲੇਸ਼ਨਜ਼ ਵਲੋਂ ਉਸ ਨੂੰ 15 ਹਜ਼ਾਰ ਰੁਪਏ ਦੀ ਗਰਾਂਟ ਦਿਤੀ ਗਈ ਹੈ ਅਤੇ ਚੀਫ਼ ਮਿਨਿਸਟਰ ਸਾਹਿਬ ਨੇ ਵੀ ਆਪਣੇ ਡਿਸਕਰੀਸ਼ਨਰੀ ਫੰਡ ਵਿਚੋਂ ਉਸ ਨੂੰ 7,500 ਰੁ: ਦੀ ਗਰਾਂਟ ਦਿਤੀ ਹੈ। ਪਰ ਬਾਵਜੂਦ ਇਨ੍ਹਾਂ ਗਰਾਂਟਾਂ ਦੇ ਜਦੋਂ ਵੀ ਨਾਚ ਕਲਾ ਕੇਂਦਰ ਵਲੋਂ ਕੋਈ ਡਰਾਮਾ ਕੀਤਾ ਜਾਂਦਾ ਹੈ ਤਾਂ ਉਸ ਦਾ ਜੋ ਪਰੋਗਰਾਮ ਛਪਦਾ ਹੈ ਉਸ ਵਿਚ ਲਾਟਰੀਜ਼ ਡਿਪਾਰਟਮੈਂਟ ਵਲੋਂ ਅਤੇ ਪਬਲਿਕ ਰੀਲੇਸ਼ਨਜ਼ ਡਿਪਾਰਟਮੈਂਟ ਵਲੋਂ ਇਕ ਇਕ ਹਜ਼ਾਰ ਰੁਪਿਆ ਐਡਵਰਟਿਜ਼ਮੈਂਟਸ ਲਈ ਦਿੱਤਾ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਇਹ ਬੜੀ ਸਖ਼ਤ ਕਿਸਮ ਦੀ ਕੁੰਬਾ ਪਰਵਰੀ ਹੈ।

ਫਿਰ, ਸਪੀਕਰ ਸਾਹਿਬ, ਮਹਿਕਮਾ ਪਬਲਿਕ ਰੀਲੇਸ਼ਨਜ਼ ਨੇ ਇਕ ਫਿਲਮ ਪਰੋਡਿਊਸਰ ਨੂੰ 13 ਲਖ ਰੁਪਿਆ ਕਰਜ਼ਾ ਦਿਤਾ। ਉਸ ਕੇਸ ਦੀ ਫਾਈਲ ਹੀ ਗੁੰਮ ਹੈ, ਹੁਣ ਰੀਕਵਰੀ ਕਿਥੋਂ ਹੋਣੀ ਹੈ। ਇਸ ਤੋਂ ਇਲਾਵਾ ਆਪ ਨੂੰ ਪਤਾ ਹੋਵੇਗਾ ਇਕ ਇਸ ਮਹਿਕਮਾ ਨੇ ਇਕ ਫਿਲਮ ਪਰੋਡਿਊਸਰ ਦੀ ਜ਼ਮਾਨਤ ਦਿਤੀ ਹੋਈ ਸੀ ਉਸ ਕੇਸ ਵਿਚ ਇਨ੍ਹਾਂ ਨੂੰ 2-3 ਲੱਖ ਰੁਪਿਆ ਸੂਦ ਦਾ ਦੇਣਾ ਪਿਆ ਹੈ। ਇਥੇ ਤਾਂ ਫਾਈਲ ਹੀ ਗੁੰਮ ਹੈ, ਉਸ ਨੂੰ ਲਭ ਲੈਣ ਨਹੀਂ ਤਾਂ ਸੂਦ ਤਾਂ ਕਿਤੇ, ਮੂਲ ਵੀ ਚਲਿਆ ਜਾਵੇਗਾ।

ਫਿਰ, ਸਪੀਕਰ ਸਾਹਿਬ, ਸਾਡੀ ਅਕਾਲੀ ਸਰਕਾਰ ਆਪਣੇ ਆਪ ਨੂੰ ਕਿਸਾਨਾਂ ਦੀ ਬੜੀ ਹਿਤੂ ਕਹਿੰਦੀ ਹੈ। ਇਹ ਜੋ ਮਰਜ਼ੀ ਕਹਿਣ ਪਰ ਮੈਂ ਆਪ ਨੂੰ ਦਸਦਾ ਹਾਂ ਕਿ ਕਿਸ ਤਰ੍ਹਾਂ ਪੰਜਾਬ ਐਗਰੋ-ਇੰਡਸਟਰੀਜ਼ ਕਾਰਪੋਰੇਸ਼ਨ, ਜਿਸ ਨੂੰ ਪੰਜਾਬ ਸਰਕਾਰ ਹੀ ਚਲਾ ਰਹੀ ਹੈ ਅਤੇ ਜਿਸ ਤੇ ਇਸ ਦਾ ਕਰੋੜਹਾਂ ਰੁਪਿਆ ਲਗਿਆ ਹੋਇਆ ਹੈ, ਕਿਸਾਨਾਂ ਨੂੰ ਨਾਕਾਰਾ ਔਜ਼ਾਰ ਸਪਲਾਈ ਕਰਦੀ ਹੈ। ਸਪੀਕਰ ਸਾਹਿਬ, ਟ੍ਰੈਕਟਰਜ਼ ਦੇ ਕੁਝ ਔਜ਼ਾਰ ਬਾਹਰੋਂ ਇਮਪੋਰਟ ਕੀਤੇ ਜਾਂਦੇ ਹਨ ਅਤੇ ਕੁਝ ਲੋਕਲੀ ਖਰੀਦੇ ਜਾਂਦੇ ਹਨ, ਜਿਹੜੇ ਲੋਕਲੀ ਖਰੀਦੇ ਜਾਂਦੇ ਹਨ ਉਹਦੇ ਵਿਚ ਕਿੰਨੀ ਹੇਰਾ ਫੇਰੀ ਹੁੰਦੀ ਹੈ ਉਸਦਾ ਮੇਰੇ ਕੋਲ ਸਪਸ਼ਟ ਸਬੂਤ ਹੈ। ਕੁਝ ਫਰਮਾਂ ਜੋ ਨਾਕਾਰਾ ਅਤੇ ਨਾਕਸ ਮਾਲ ਸਪਲਾਈ ਕਰਦੀਆਂ ਹਨ ਉਨ੍ਹਾਂ ਨੂੰ ਕਿਸਾਨਾਂ ਦੀ ਸ਼ਿਕਾਇਤ ਤੇ ਬਲੈਕ ਲਿਸਟ ਕੀਤਾ ਗਿਆ। ਬਾਵਜੂਦ ਇਸ ਗਲ ਦੇ ਕਿ ਜਿਹੜੀਆਂ ਫਰਮਾਂ ਨੂੰ ਬਲੈਕ ਲਿਸਟ ਕੀਤਾ ਗਿਆ ਹੈ ਮਾਲ ਫਿਰ ਵੀ ਉਨ੍ਹਾਂ ਪਾਸੋਂ ਹੀ ਖਰੀਦ ਕੀਤਾ ਜਾਂਦਾ ਹੈ। ਇਨ੍ਹਾਂ ਫਰਮਾਂ, ਜਿਨ੍ਹਾਂ ਨੂੰ ਬਲੈਕ ਲਿਸਟ ਕੀਤਾ ਗਿਆ ਹੈ ਉਸਦੀ ਇਕ ਫੋਟੋ ਸਟੇਟ ਕਾਪੀ ਮੇਰੇ ਪਾਸ ਹੈ। ਜੇਕਰ ਆਪ ਦੀ ਇਜਾਜ਼ਤ ਹੋਵੇ ਤਾਂ ਮੈਂ ਇਹ ਹਾਊਸ ਦੀ ਮੇਜ਼ ਤੇ ਰਖ ਦਿੰਦਾ ਹਾਂ *(ਵਿਘਨ)

Mr. Speaker : Let me first examine it.

ਸਰਦਾਰ ਸਰੂਪ ਸਿੰਘ : ਇਨ੍ਹਾਂ ਫਰਮਾਂ ਨੂੰ ਬਲੈਕ ਲਿਸਟ ਕਰਨ ਦੇ ਬਾਵਜੂਦ ਮਾਲ ਇਨ੍ਹਾਂ ਤੋਂ ਖਰੀਦਿਆ ਜਾ ਰਿਹਾ ਹੈ ਅਤੇ ਉਹੀ ਨਾਕਸ ਮਾਲ ਕਿਸਾਨਾਂ ਨੂੰ ਦਿਤਾ ਜਾ ਰਿਹਾ ਹੈ। ਬਾਦਲ ਸਾਹਿਬ ਇਸ ਗਲ ਦੀ ਜਾਂਚ ਕਰਵਾ ਲੈਣ।

ਸਪੀਕਰ ਸਾਹਿਬ, ਜਿਹੜਾ ਮਾਲ ਬਾਹਰ ਤੋਂ ਇਮਪੋਰਟ ਕੀਤਾ ਜਾਂਦਾ ਹੈ ਉਨ੍ਹਾਂ ਵਿਚ ਟਰੈਕਟਰ ਟਾਇਰ ਅਤੇ ਡਿਸਕਾਂ ਵੀ ਆਉਂਦੀਆਂ ਹਨ ਅਤੇ ਜਿਹੜੀ ਇਨ੍ਹਾਂ ਦੇ ਆਇਟਮਾਂ ਵਿਚ ਹੇਰਾ ਫੇਰੀ

---

*ਮੇਜ਼ ਤੇ ਨਹੀਂ ਰਖੀ ਗਈ।

ਹੁੰਦੀ ਹੈ ਉਸ ਦਾ ਰੱਬ ਹੀ ਵਾਲੀ ਹੈ। ਆਪ ਤਾਂ ਜਾਣਦੇ ਹੀ ਹੋ ਕਿ ਟਰੈਕਟਰ-ਟਾਇਰ ਕਿੰਨੇ ਜ਼ਰੂਰੀ ਹਨ ਕਿਸਾਨ ਲਈ। ਉਹ ਐਗਰੋ ਇੰਡਸਟਰੀ ਕਾਰਪੋਰੇਸ਼ਨ ਪਾਸ ਜਾਂਦਾ ਹੈ। ਪਰ ਇਹ ਕਾਰਪੋਰੇਸ਼ਨ ਕੀ ਕਰ ਰਹੀ ਹੈ ਇਸ ਦੇ ਬਾਰੇ ਵਿਚ ਮੈਂ ਕੁਝ ਸਬੂਤ ਤੁਹਾਡੇ ਰਾਹੀਂ ਹਾਊਸ ਵਿਚ ਪੇਸ਼ ਕਰਨਾ ਚਾਹੁੰਦਾ ਹਾਂ। ਮੈਂ ਪਿਛਲੀ ਦਫਾ ਵੀ ਇਸ ਹਾਊਸ ਵਿਚ ਕਿਹਾ ਸੀ ਕਿ ਇਸ ਕਾਰਪੋਰੇਸ਼ਨ ਨੇ ਕੁਝ ਆਪਣੇ ਬੰਦਿਆਂ ਦੀਆਂ ਪਰਾਈਵੇਟ ਦੁਕਾਨਾਂ ਖੁਲ੍ਹਵਾਈਆਂ ਹੋਈਆਂ ਹਨ। ਉਨ੍ਹਾਂ ਵਿਚੋਂ ਇਕ ਦਾ ਨਾਮ ਹੈ ਲਾਇਲਪੁਰ ਮੋਟਰ ਸਟੋਰ ਲੁਧਿਆਣਾ ਜੇਕਰ ਕੋਈ ਕਿਸਾਨ ਟਰੈਕਟਰ ਦਾ ਟਾਇਰ ਲੈਣਆਵੇ ਤਾਂ ਉਸਨੂੰ ਜੇਕਰ ਇਕ ਟਾਇਰ ਦੀ ਲੋੜ ਹੋਵੇ ਤਾਂ ਕਾਰਪੋਰੇਸ਼ਨ ਵਾਲੇ ਕਹਿੰਦੇ ਹਨ ਕਿ ਚਾਰ ਟਾਇਰਾਂ ਦਾ ਸੈਟ ਮਿਲੇਗਾ ਦੋ ਅਗਲੇ ਤੇ ਦੋ ਪਿਛਲੇ ਅਤੇ ਜੇ ਇਕ ਲੈਣਾ ਹੈ ਤਾਂ ਚਲਾ ਜਾ ਲਾਇਲਪੁਰ ਮੋਟਰ ਸਟੋਰ ਲੁਧਿਆਣੇ, ਤੈਨੂੰ ਉਥੋਂ ਇਕ ਟਾਇਰ ਮਿਲ ਜਾਵੇਗਾ। ਫਿਰ ਜਿਹੜਾ ਮਾਲ ਲਾਇਲਪੁਰ ਮੋਟਰ ਸਟੋਰ ਨੂੰ ਵੇਚਿਆ ਜਾਂਦਾ ਹੈ ਉਸ ਤੇ ਉਸ ਨੂੰ 15% ਡਿਸਕਾਊਂਟ ਦਿਤਾ ਜਾਂਦਾ ਹੈ। ਪਰ ਕਿਸਾਨ ਨੂੰ ਕਾਰਪੋਰੇਸ਼ਨ ਵਲੋਂ ਜਿਹੜਾ ਮਾਲ ਵੇਚਿਆ ਜਾਵੇ ਉਸ ਤੇ ਇਸ ਨੂੰ ਕੋਈ ਡਿਸਕਾਊਂਟ ਨਹੀਂ ਦਿਤਾ ਜਾਂਦਾ। (ਵਿਘਨ)

ਸ੍ਰੀ ਸਪੀਕਰ : ਤੁਸੀਂ ਕਿੰਨਾ ਡਿਸਕਾਊਂਟ ਦਿੰਦੇ ਹੋ ? (How much discount do you allow ?)

ਸਰਦਾਰ ਸਰੂਪ ਸਿੰਘ : ਸਾਨੂੰ ਤਾਂ 5% ਡਿਸਕਾਊਂਟ ਮਿਲਦਾ ਹੈ।

ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਇਸ ਕਾਰਪੋਰੇਸ਼ਨ ਵਿਚ ਹੋਰ ਕੀ ਹੇਰਾ ਫੇਰੀ ਹੁੰਦੀ ਹੈ। 14 : 28 ਸਾਈਜ਼ ਦਾ ਟਾਇਰ, ਜਿਸ ਦੀ ਸ਼ਾਰਟੇਜ਼ ਆ ਜਾਂਦੀ ਹੈ, ਦੀ ਜੋੜੀ ਦੀ ਕੀਮਤ ਰਿਟੇਲ ਵਿਚ 1282·73 ਰੁ: ਹੈ ਲੇਕਿਨ ਤੁਸੀਂ ਇਸ ਕਾਰਪੋਰੇਸ਼ਨ ਦੇ ਜਾ ਕੇ ਆਪਣੇ ਬਿੱਲ ਵੇਖੋ ਤਾਂ ਇਹ ਕਿਸਾਨਾਂ ਨੂੰ ਟਾਇਰਾਂ ਦੀ ਜੋੜੀ 1473·00 ਰੁਪਏ ਦੀ ਵੇਚਦੇ ਹਨ, ਇਸ ਤਰ੍ਹਾਂ ਇਕ ਟਾਇਰਾਂ ਦੀ ਜੋੜੀ ਪਿਛੇ 191·25 ਰੁਪਏ ਜ਼ਿਆਦਾ ਕਿਸਾਨਾਂ ਤੋਂ ਵਸੂਲ ਕੀਤੇ ਜਾਂਦੇ ਹਨ। ਇਨ੍ਹਾਂ ਦੇ ਇਹ ਬਿੱਲ ਕਟੇ ਹੋਏ ਹਨ ਆਪ ਚੈਕਿੰਗ ਕਰਵਾ ਸਕਦੇ ਹੋ।

ਸਪੀਕਰ ਸਾਹਿਬ, ਜਿਥੇ ਤਕ ਡਿਸਕਾਂ ਦਾ ਸੰਬੰਧ ਹੈ, ਪਿਛਲੇ ਜੂਨ ਵਿਚ ਤਕਰੀਬਨ 19 ਹਜ਼ਾਰ ਡਿਸਕਾਂ ਇਨ੍ਹਾਂ ਨੂੰ ਆਈਆਂ। ਇਨ੍ਹਾਂ ਵਿਚੋਂ ਕੁਝ ਚੀਫ ਮਨਿਸਟਰ ਦੇ ਨਾਮ, ਕੁਝ ਐਗਰੀਕਲਚਰ ਮਨਿਸਟਰ ਦੇ ਨਾਂ ਕੁਝ ਡਿਪਟੀ ਐਗਰੀਕਲਚਰ ਮਨਿਸਟਰ ਦੇ ਨਾਮ ਤੇ ਕੁਝ ਪਾਰਲੀਮੈਂਟਰੀ ਸੈਕਟਰੀ ਦੇ ਨਾਂ ਅਤੇ ਕੁਝ ਡਾਇਰੈਕਟਰਾਂ ਦੇ ਨਾਮ ਤੇ ਅਲਾਟ ਕਰ ਦਿਤੀਆਂ ਗਈਆਂ ਅਤੇ ਪਤਾ ਨਹੀਂ ਇਸ ਕਾਰਪੋਰੇਸ਼ਨ ਨੇ ਆਪ ਵੀ ਕਿਸੇ ਕਿਸਾਨ ਨੂੰ ਕੋਈ ਡਿਸਕ ਸਪਲਾਈ ਕੀਤੀ ਹੈ ਜਾਂ ਨਹੀਂ। ਇਹ ਵੀ ਉਸੇ ਫਰਮ ਰਾਹੀਂ ਲਈਆਂ ਗਈਆਂ ਜਿਸ ਦੀ ਮੈਂ ਫੋਟੋ ਸਟੇਟ ਕਾਪੀ ਆਪ ਨੂੰ ਭੇਜੀ ਹੈ। ਫਿਰ ਇਥੇ ਹੀ ਬਸ ਨਹੀਂ ਇਹ ਡਿਸਕਾਂ ਨਿਊ ਨੈਸ਼ਨਲ ਟਰੈਕਟਰ ਐਂਡ ਇਕਵਿਪਮੈਂਟ ਕਰਨਾਲ ਨੂੰ 60 ਰੁਪਏ ਦੀ ਡਿਸਕ ਨੂੰ 135 ਰੁਪਏ ਦੇ ਹਿਸਾਬ ਨਾਲ ਵੇਚਿਆ ਗਿਆ ਅਤੇ ਇਸ ਤਰ੍ਹਾਂ ਬਲੈਕ ਕੀਤੀ ਗਈ। ਇਹ ਜਿਹੜੀ ਬਲੈਕ ਕੀਤੀ ਗਈ ਇਸ ਨੂੰ ਨੰਗਾ ਕਰਨ ਲਈ ਕੁਝ ਫਰਮਾਂ ਨੇ ਐਫੀਡੈਵਿਟ ਪੰਜਾਬ ਸਰਕਾਰ ਨੂੰ ਪੇਸ਼ ਕੀਤੇ ਹਨ ਇਨ੍ਹਾਂ ਫਰਮਾਂ ਦੇ ਇਹ ਨਾਮ ਹਨ :

[ਸਰਦਾਰ ਸਰੂਪ ਸਿੰਘ]

ਰਤਨ ਐਗਰੀਕਲਚਰ ਕੁਆਪਰੇਟਿਵ ਸੁਸਾਇਟੀ, ਹੁਸ਼ਿਆਰਪੁਰ

ਮੋਹਨ ਆਇਰਨ ਵਰਕਸ, ਹੁਸ਼ਿਆਰਪੁਰ

ਗੁਰਦਿਆਲ ਸਿੰਘ ਆਫ਼ ਗਰਦੀਵਾਲਾ ਜ਼ਿਲ੍ਹਾ ਹੁਸ਼ਿਆਰਪੁਰ

ਇਨ੍ਹਾਂ ਫਰਮਾਂ ਨੇ ਪੰਜਾਬ ਗੌਰਮਿੰਟ ਨੂੰ ਐਫੀਡੇਵਿਟ ਪੇਸ਼ ਕੀਤੇ ਅਤੇ ਇਹ ਦਸਿਆ ਗਿਆ ਹੈ ਕਿ ਇਨ੍ਹਾਂ ਡਿਸਕਾਂ ਵਿਚ, ਜਿਹੜੀਆਂ ਕਿ ਕਾਰਪੋਰੇਸ਼ਨ ਨੂੰ ਆਉਂਦੀਆਂ ਹਨ ਕਿਸ ਤਰ੍ਹਾਂ ਬਲੈਕ ਕੀਤਾ ਜਾਂਦਾ ਹੈ ਅਤੇ ਕਰਨਾਲ ਦੀ ਫਰਮ ਨੂੰ ਬਲੈਕ ਵਿਚ ਵੇਚਿਆ ਗਿਆ। ਇਥੇ ਹੀ ਬਸ ਨਹੀਂ ਹੁਣ ਅਕਤੂਬਰ ਦੇ ਮਹੀਨੇ ਵਿਚ ਤਕਰੀਬਨ 19 ਹਜ਼ਾਰ ਡਿਸਕਾਂ ਆਈਆਂ ਹਨ। ਇਨ੍ਹਾਂ ਵਿਚੋਂ ਕਾਰਪੋਰੇਸ਼ਨ ਨੇ ਇਨ੍ਹਾਂ ਨੂੰ ਫਿਰ ਕੋਟਾ ਅਲਾਟ ਕਰ ਦਿਤਾ ਹੈ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :

ਚੀਫ ਮਨਿਸਟਰ ਨੂੰ 600, ਐਗਰੀਕਲਚਰ ਮਨਿਸਟਰ ਨੂੰ 600,

ਡਿਪਟੀ ਐਗਰੀਕਲਚਰ ਮਨਿਸਟਰ ਨੂੰ 450 ਪਾਰਲੀਮੈਂਟਰੀ ਸੈਕਟਰੀ ਨੂੰ 450।

ਅਤੇ ਡਾਇਰੈਕਟਰਾਂ ਨੂੰ 900 ਤੇ ਜੇਕਰ ਇਕ ਅਧੀ ਕਿਸਾਨ ਨੂੰ ਲੋੜ ਹੋਵੇ ਤਾਂ ਵੀ ਉਹ ਕਾਰਪੋਰੇਸ਼ਨ ਤੋਂ ਲੈ ਸਕਦਾ ਹੈ; ਫਿਰ ਇਨ੍ਹਾਂ ਨੂੰ ਕੋਟਾ ਅਲਾਟ ਕਰਨ ਦੀ ਕੀ ਲੋੜ ਹੈ। ਇਹ ਸਪਸ਼ਟ ਹੈ ਕਿ ਕਿਉਂਕਿ ਇਹ ਮਾਲ 60 ਦੀ ਥਾਂ ਤੇ 135 ਤੋਂ ਬਲੈਕ ਵਿਚ ਵਿਕਦਾ ਹੈ। ਇਸ ਲਈ ਬਾਹਰੋਂ ਬਾਹਰ ਹੀ ਸੌਦੇ ਕਰ ਲਏ ਜਾਂਦੇ ਹਨ।

ਇਸ ਕਾਰਪੋਰੇਸ਼ਨ ਦੇ ਬਾਰੇ ਵਿਚ ਇਸ ਪੰਜਾਬ ਐਗਰੋ-ਇੰਡਸਟਰੀ ਕਾਰਪੋਰੇਸ਼ਨ ਦੇ ਖਿਲਾਫ਼ ਬਹੁਤ ਸਾਰੀਆਂ ਸ਼ਿਕਾਇਤਾਂ ਹਨ ਅਤੇ ਇਹ ਸ਼ਿਕਾਇਤਾਂ ਗੌਰਮਿੰਟ ਆਫ਼ ਇੰਡੀਆ ਨੂੰ ਅਤੇ ਗਵਰਨਰ ਸਾਹਿਬ ਨੂੰ ਭੇਜੀਆਂ ਗਈਆਂ ਹਨ ਅਤੇ ਇਸ ਦੇ ਬਾਰੇ ਵਿਚ ਪਾਰਲੀਮੈਂਟ ਵਿਚ ਵੀ ਸਵਾਲ ਹੋਇਆ ਸੀ ਅਤੇ ਰਾਜ ਸਭਾ ਵਿਚ ਸਵਾਲ ਦਾ ਜਵਾਬ ਦਿੰਦਿਆਂ ਸੰਬੰਧਤ ਵਜ਼ੀਰ ਸਾਹਿਬ ਨੇ ਕਿਹਾ ਸੀ ਕਿ ਉਨ੍ਹਾਂ ਨੇ ਇਹ ਸਾਰੀਆਂ ਸ਼ਿਕਾਇਤਾਂ ਪੰਜਾਬ ਸਰਕਾਰ ਨੂੰ ਭੇਜ ਦਿਤੀਆਂ ਹਨ ਤਾਂਕਿ ਜਾਂਚ ਕਰਵਾਈ ਜਾ ਸਕੇ ਪਰ ਅਜੇ ਤਕ ਕੋਈ ਜਾਂਚ ਨਹੀਂ ਕੀਤੀ ਗਈ। ਫਿਰ ਕਿਸਾਨ ਪੰਚਾਇਤ ਵਲੋਂ ਗਵਰਨਰ ਸਾਹਿਬ ਨੂੰ ਮਿਲੇ ਤਾਂ ਉਨ੍ਹਾਂ ਨੇ ਕਿਹਾ ਕਿ ਪਰਾਇਮਾ ਫੇਸਾਇ ਕੇਸ ਬਣਦਾ ਹੈ; ਇਸ ਕੇਸ ਨੂੰ ਰਜਿਸਟਰ ਕਰਕੇ ਇਨਕੁਆਇਰੀ ਕਰਵਾਈ ਜਾਵੇ ਲੇਕਿਨ ਹੁਣ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਕੁਝ ਨਹੀਂ ਹੋ ਸਕਿਆ। ਜੇਕਰ ਇਸ ਮਹਿਕਮੇ ਦੇ ਇਨਚਾਰਜ ਬਾਜਵਾ ਸਾਹਿਬ ਮੰਨ ਜਾਣ ਅਤੇ ਬਾਦਲ ਸਾਹਿਬ ਹਾਊਸ ਵਿਚ ਇਸ ਗਲ ਦੀ ਇਨਕੁਆਇਰੀ ਕਰਨ ਲਈ ਐਸ਼ੋਰੈਂਸ ਦੇਣ ਤਾਂ ਮੈਂ ਇਹ ਸਾਰੀਆਂ ਸ਼ਿਕਾਇਤਾਂ ਦੀ ਕਾਪੀ ਜਿਸ ਨਾਲ ਐਫੀਡੇਵਿਟ ਵੀ ਲਗੇ ਹੋਏ ਹਨ, ਆਪ ਦੀ ਆਗਿਆ ਨਾਲ ਹਾਊਸ ਦੀ ਮੇਜ਼ ਤੇ ਲੇ ਕਰ ਦਿੰਦਾ ਹਾਂ। (ਵਿਘਨ)

Mr. Speaker : No please.

ਸਰਦਾਰ ਸਰੂਪ ਸਿਘ : ਜਿਥੋਂ ਤਕ ਲਾ ਐਂਡ ਆਰਡਰ ਦੀ ਹਾਲਤ ਹੈ ਇਸ ਦੇ ਸਬੰਧ ਵਿਚ ਮੈਂ ਆਪ ਦਾ ਧਿਆਨ, ਸਪੀਕਰ ਸਾਹਿਬ, ਦਿਵਾਉਣਾ ਚਾਹੁੰਦਾ ਹਾਂ। ਇਸ ਅਕਾਲੀ ਰਾਜ ਵਿਚ ਕਤਲ

ਦੀਆਂ ਵਾਰਦਾਤਾਂ ਦਾ ਤਾਂ ਅੰਤ ਹੀ ਨਹੀਂ। ਕਿਸੇ ਜਾਨਵਰ ਨੂੰ ਮਾਰਨਾ ਮੁਸ਼ਕਿਲ ਹੈ ਪਰ ਇਨਸਾਨ ਨੂੰ ਮਾਰਨਾ ਇਸ ਰਾਜ ਵਿਚ ਇਨ੍ਹਾਂ ਨੇ ਅਸਾਨ ਕਰ ਦਿਤਾ ਹੈ। ਪੋਲਿਟੀਕਲ ਕਤਲ ਕੀਤੇ ਜਾਂਦੇ ਹਨ ਘਰਾਂ ਵਿਚ ਜਾ ਕੇ ਕਤਲ ਕੀਤੇ ਜਾਂਦੇ ਹਨ। ਤੁਰੇ ਜਾਂਦੇ ਸ਼ਰੀਫ਼ ਆਦਮੀਆਂ ਦਾ ਕਤਲ ਕੀਤਾ ਜਾਂਦਾ ਹੈ ਪਰ ਕੋਈ ਪੁਛ ਪੜਤਾਲ ਨਹੀਂ ਕੀਤੀ ਜਾਂਦੀ। ਚੀਫ਼ ਮਨਿਸਟਰ ਸਾਹਿਬ ਨੇ ਇਥੇ ਕੁਝ ਅੰਕੜੇ ਦਸੇ ਸਨ ਕਿ 1967-68 ਨਾਲੋਂ 1969-70 ਵਿਚ ਕਤਲ ਘੱਟ ਹੋਏ ਹਨ ਪਰ 1969-70 ਤੋਂ 1970-71 ਤਕ ਜਿਹੜੇ ਇਨ੍ਹਾਂ ਨੇ ਅੰਕੜੇ ਦਿਤੇ ਹਨ ਇਨ੍ਹਾਂ ਵਿਚ ਕਤਲ ਇਸ ਸਾਲ ਦੇ ਘਟ ਦਸੇ ਹਨ ਪਰ ਅਜੇ ਸਾਲ ਦੇ ਖਤਮ ਹੋਣ ਵਿਚ ਡੇਢ ਮਹੀਨਾ ਰਹਿੰਦਾ ਹੈ ਅਤੇ ਇਹ ਘਾਟਾ ਪੂਰਾ ਹੋ ਜਾਵੇਗਾ। ਇਨ੍ਹਾਂ ਨੇ ਤਾਂ ਹਨੇਰ ਹੀ ਪਾ ਦਿਤਾ ਹੈ। ਇਸ ਤਰ੍ਹਾਂ ਦੀ ਹਨੇਰ ਗਰਦੀ ਦੀ ਕੋਈ ਮਿਸਾਲ ਨਹੀਂ ਮਿਲਦੀ। ਸ਼ਹਿਰਾਂ ਵਿਚ ਦਿਨ ਦਿਹਾੜੇ ਔਰਤਾਂ ਨੂੰ ਚੁਕ ਲਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਬੇਪਤੀ ਕੀਤੀ ਜਾਂਦੀ ਹੈ। ਪਿਛੇ ਜਿਹੇ ਜਲੰਧਰ ਪਟੇਲ ਚੌਕ ਵਿਚ ਗੁਲਾਬ ਦੇਵੀ ਹਸਪਤਾਲ ਦੇ ਡਾਕਟਰ ਦੀ ਬੀਵੀ, ਜੋ ਮੰਦਰ ਤੋਂ ਆ ਰਹੀ ਸੀ, ਗੁੰਡਿਆਂ ਨੇ 6 ਵਜੇ ਚੁਕ ਲਈ ਅਤੇ ਉਸ ਦੀ ਬੇਪਤੀ ਕੀਤੀ ਗਈ। ਇਹ ਵਾਕਿਆ ਕੋਤਵਾਲੀ ਦੇ ਸਾਹਮਣੇ ਹੋਇਆ, ਸਿਰਫ਼ 10 ਗਜ਼ ਦੇ ਫਾਸਲੇ ਤੇ ਅਤੇ ਕੋਈ ਕੋਤਵਾਲੀ ਵਾਲਿਆਂ ਐਕਸ਼ਨ ਨਾ ਲਿਆ। ਕਿਉਂ ਨਹੀਂ ਕੋਤਵਾਲੀ ਦੇ ਅਫਸਰਾਂ ਦੇ ਖਿਲਾਫ ਇਸ ਕੋਤਾਹੀ ਲਈ ਕਾਰਵਾਈ ਹੁਣ ਤਕ ਕੀਤੀ ਗਈ ਕਿ ਇਕ ਔਰਤ ਨਾਲ ਜ਼ਬਰਦਸਤੀ ਕੀਤੀ ਗਈ ਅਤੇ ਉਸ ਦੀ ਬੇਪਤੀ ਕੀਤੀ ਗਈ। ਇਥੇ ਹੀ ਬਸ ਨਹੀਂ 6-12-70 ਨੂੰ ਡਕੋਏ ਦੀ ਲੜਕੀ ਕ੍ਰਿਸ਼ਨਾ ਦੇਵੀ ਸਪੁਤਰੀ ਦੌਲਤ ਰਾਮ ਆਦ-ਧਰਮੀ ਨੂੰ ਇਕ ਅਕਾਲੀ ਨੰਬਰਦਾਰ ਕਰਮ ਸਿੰਘ ਪੁਤ੍ਰ ਨਿਰਮਲ ਸਿੰਘ ਢਿਲਵਾਂ ਦੇ ਰਹਿਣ ਵਾਲੇ ਅਤੇ ਉਸ ਦੀ ਔਰਤ ਅਤੇ ਉਸ ਦੀ ਸਾਲੀ ਅਤੇ ਉਸ ਦੇ ਦੋਸਤਾਂ ਕਿਰਪਾਲ ਸਿੰਘ ਤੇ ਹਰਦਿਆਲ ਸਿੰਘ ਨੇ ਅਗਵਾ ਕਰ ਲਿਆ (ਵਿਘਨ) ਉਹ ਕਾਂਗਰਸੀ ਹੋਣੇ ਹਨ। (ਹਾਸਾ) ਪਹਿਲਾਂ ਤਾਂ ਪਿੰਡ ਦੇ ਸਰਪੰਚ ਨੇ ਜ਼ਬਾਨੀ ਕਿਹਾ ਕਿ ਇਹ ਠੀਕ ਨਹੀਂ ਪਰ ਉਹ ਨਾ ਮੰਨਿਆ (ਵਿਘਨ) ਇਸ ਕੇਸ ਵਿਚ ਅਕਾਲੀ ਵਜ਼ੀਰ ਨੇ ਪ੍ਰੋਟੈਕਸ਼ਨ ਦਿਤੀ ਹੈ ਜੇਕਰ ਇਹ ਕਹਿਣ ਤਾਂ ਇਨ੍ਹਾਂ ਨੂੰ ਉਸ ਵਜ਼ੀਰ ਦਾ ਨਾਮ ਵੀ ਦਸ ਸਕਦਾ ਹਾਂ। ਵਾਰਸਾਂ ਨੇ ਮਿੰਨਤ ਕੀਤੀ ਪਰ ਲੜਕੀ ਵਾਪਿਸ ਨਾ ਕੀਤੀ ਗਈ। ਫਿਰ ਉਹ ਇਸ ਲੜਕੀ ਨੂੰ ਬਠਿੰਡੇ ਲੈ ਗਏ ਅਤੇ 9 ਦਿਨ ਉਥੇ ਰਖੀ ਅਤੇ ਉਸ ਦੀ ਪਤ ਲੁਟੀ ਫਿਰ ਉਸ ਨੂੰ ਜਲੰਧਰ ਆ ਕੇ ਅਵਾਰਾ ਕਰਕੇ ਛੱਡ ਗਏ ਅਤੇ ਕਿਸੇ ਵਜ਼ੀਰ ਪਾਸੋਂ ਪੁਲਿਸ ਨੂੰ ਇਤਲਾਹ ਦੇ ਕੇ ਉਸ ਨੂੰ ਪਕੜਵਾ ਦਿਤਾ। ਇਸ ਲੜਕੀ ਨੇ ਮੈਜਿਸਟ੍ਰੇਟ ਦੇ ਸਾਹਮਣੇ ਜੋ ਬਿਆਨ ਦਿਤਾ ਉਸ ਨੂੰ ਸੁਣ ਕੇ ਕਲੇਜਾ ਹਿਲ ਜਾਂਦਾ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਅਕਾਲੀਆਂ ਨੇ ਬੁਰਛਾ ਗਰਦੀ ਉਸ ਕੁੜੀ ਨਾਲ ਕੀਤੀ। 9/12/70 ਨੂੰ ਥਾਣਾ ਸਦਰ ਵਿਚ ਪਰਚਾ ਦਰਜ ਕਰਵਾਇਆ ਗਿਆ ਅਤੇ ਪੁਲਿਸ ਨੇ ਜ਼ੇਰ ਦਫਾ 363, 366, 376, 506 ਆਈ. ਪੀ. ਸੀ. ਇਹ ਪਰਚਾ ਦਰਜ ਕੀਤਾ। ਅਦਾਲਤ ਵਲੋਂ ਵਰੰਟ ਜਾਰੀ ਕੀਤੇ ਗਏ। ਇਕ ਮਹੀਨਾ ਹੋ ਗਿਆ ਹੈ ਅਜੇ ਤਕ ਕੋਈ ਮੁਲਜ਼ਮ ਨਹੀਂ ਫੜਿਆ ਗਿਆ। ਇਕ ਮੁਲਜ਼ਮ, ਜਿਹੜਾ ਕਿਸੇ ਮੁਕਦਮੇ ਵਿਚ ਜ਼ਮਾਨਤ ਤੇ ਰਿਹਾ ਹੋਇਆ ਸੀ ਗ੍ਰਿਫਤਾਰ ਕੀਤਾ ਗਿਆ ਅਤੇ ਬਾਕੀ ਦੇ ਮੁਲਜ਼ਮ ਇਸੇ ਇਲਾਕੇ ਵਿਚ ਧਾੜਦੇ ਫਿਰ ਰਹੇ ਹਨ ਪਰ ਕੋਈ ਗ੍ਰਿਫ਼ਤਾਰੀ ਅਮਲ ਵਿਚ ਨਹੀਂ ਲਿਆਂਦੀ ਜਾ ਰਹੀ। ਕਿਉਂਕਿ ਇਕ ਇਨ੍ਹਾਂ ਦਾ ਮਨਿਸਟਰ ਗਿਆ ਅਤੇ ਕਹਿ ਆਇਆ ਹੈ ਕਿ ਇਨ੍ਹਾਂ ਨੂੰ ਨਾ ਫੜਿਆ ਜਾਵੇ। ਸਗੋਂ ਇਹ ਮੁਲਜ਼ਮ ਲੜਕੀ ਦੇ ਬਾਪ ਨੂੰ ਹਰ ਰੋਜ਼ ਡਰਾਉਂਦੇ ਧਮਕਾਉਂਦੇ ਹਨ। ਇਸ ਦੀ ਕੋਈ ਪੁਛ ਪੜਤਾਲ ਨਹੀਂ ਕੀਤੀ ਜਾ ਰਹੀ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦਿਨ ਦਿਹਾੜੇ ਲੜਕੀਆਂ ਚੁਕੀਆਂ ਜਾਂਦੀਆਂ ਹਨ ਇਹ ਇਨ੍ਹਾਂ ਦੀ ਲਾ ਐਂਡ ਆਰਡਰ ਦੀ ਹਾਲਤ ਹੈ।

[ਸਰਦਾਰ ਸਰੂਪ ਸਿੰਘ]

ਇਥੇ ਹੀ ਬਸ ਨਹੀਂ ਇਹ ਨਕਸਲਬਾੜੀਆਂ ਨੂੰ ਫੜਦੇ ਹਨ । ਇਹ ਚੰਗੀ ਗਲ ਹੈ, ਫੜਨਾ ਚਾਹੀਦਾ ਹੈ ਪਰ ਇਨ੍ਹਾਂ ਨਕਸਲਬਾੜੀਆਂ ਦੀ ਆੜ ਵਿਚ ਕਿਸ ਤਰ੍ਹਾਂ ਪੁਲਿਸ ਟ੍ਰੇਡ ਯੂਨੀਅਨਾਂ ਦੇ ਲੀਡਰਾਂ ਨਾਲ ਜ਼ਿਆਦਤੀ ਕਰ ਰਹੀ ਹੈ, ਇਸ ਪਾਸੇ ਧਿਆਨ ਨਹੀਂ ਦਿਤਾ ਗਿਆ । ਜਲੰਧਰ ਦੇ ਇਕ ਐਲ. ਆਈ. ਸੀ. ਦੇ ਮੁਲਾਜ਼ਮ ਜੌਹਲ ਨੂੰ ਅਤੇ ਉਸ ਦੇ ਸਾਥੀ ਐਸ. ਐਸ. ਕੂਨਰ ਨੂੰ ਜਦ ਕਿ ਉਹ ਦਫਤਰ ਤੋਂ ਬਾਹਰ ਆ ਰਹੇ ਸਨ 2. 1. 71 ਨੂੰ ਦਿਨ ਦੇ ਡੇਢ ਵਜੇ ਗ੍ਰਿਫਤਾਰ ਕੀਤਾ ਗਿਆ ਅਤੇ ਹਥਕੜੀ ਲਗਾ ਦਿਤੀ ਗਈ । ਫਿਰ ਥਾਣੇ ਲਿਜਾ ਕੇ ਉਨ੍ਹਾਂ ਨੂੰ ਵਖ ਵਖ ਰਖਿਆ ਗਿਆ । ਜੌਹਲ ਨੂੰ ਉਸ ਦੇ ਘਰ ਤਲਾਸ਼ੀ ਕਰਨ ਲਈ ਨਾਲ ਲੈ ਗਏ ਅਤੇ ਉਥੇ ਵੀ ਹਥਕੜੀ ਵਿਚ ਹੀ ਲਿਜਾਇਆ ਗਿਆ ਇਹ ਵੇਖਣ ਲਈ ਕਿ ਮਤੇ ਕੋਈ ਨਕਸਲਬਾੜੀ ਲਿਟ੍ਰੇਚਰ ਮਿਲ ਜਾਵੇ ਪਰ ਕੋਈ ਚੀਜ਼ ਪੁਲਿਸ ਨੂੰ ਨਾ ਮਿਲੀ । ਫਿਰ ਇਸ ਨੂੰ ਸੀ. ਆਈ. ਏ. ਸਟਾਫ ਵਿਚ ਲੈ ਗਏ ਅਤੇ ਇਸ ਨੂੰ ਟਾਰਚਰ ਕਰਦੇ ਰਹੇ । ਫਿਰ ਚੌਕੀ ਨੰ: 4 ਵਿਚ ਲੈ ਗਏ ਅਤੇ ਮੁੜ ਥਾਣਾ ਸਦਰ ਵਿਚ ਲਿਆਂਦਾ ਗਿਆ । 6. 1. 71 ਨੂੰ ਇਲਾਕਾ ਮਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ ਅਤੇ 6 ਦਿਨਾਂ ਦਾ ਹੋਰ ਰਿਮਾਂਡ ਲੈ ਲਿਆ ਅਤੇ ਇਨ੍ਹਾਂ ਦਿਨਾਂ ਵਿਚ ਹਰ ਕਿਸਮ ਦੀ ਸਜ਼ਾ ਇਸ ਨੂੰ ਦਿਤੀ ਗਈ ਅਤੇ ਟਾਰਚਰ ਦਿਤਾ ਗਿਆ । ਫਿਰ ਜਦ ਇਸ ਨੂੰ ਦੁਬਾਰਾ 12. 1. 71 ਨੂੰ ਮਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ ਅਤੇ ਕੋਈ ਸਬੂਤ ਇਸ ਦੇ ਨਕਸਲਬਾੜੀ ਹੋਣ ਦਾ ਨਾਂ ਪੇਸ਼ ਕਰ ਸਕੇ ਤਾਂ ਉਸਦੀ ਜ਼ਮਾਨਤ ਹੋਈ ਪਰ ਫਿਰ ਇਨ੍ਹਾਂ ਨੇ ਉਸ ਨੂੰ ਆਰਮਜ਼ ਐਕਟ ਦੀ ਤੇ ਪੰਜਾਬ ਸਿਕਿਊਰਟੀ ਐਕਟ ਦੀ ਧਾਰਾ 9 ਅਤੇ ਆਈ. ਪੀ. ਸੀ. ਦੀ ਧਾਰਾ 16 ਅਧੀਨ ਫੜ ਲਿਆ । ਇਸ ਦਾ ਕਸੂਰ ਸਿਰਫ ਇੰਨਾ ਸੀ ਕਿ 28. 4. 70 ਨੂੰ ਸ਼੍ਰੀ ਬੀ. ਐਮ. ਗੁਸਾਈਂ ਦਾ ਜਿਹੜਾ ਕਤਲ ਚੌਕੀ ਨੰ: 3 ਦੇ ਸਾਹਮਣੇ ਹੋਇਆ ਸੀ ਅਤੇ ਕਾਤਲਾਂ ਨੂੰ ਨਾ ਪਕੜਨ ਦੇ ਸਬੰਧ ਵਿਚ ਜੌਹਲ ਨੇ ਐਲ. ਆਈ. ਸੀ. ਦੇ ਮੁਲਾਜ਼ਮਾਂ ਵਲੋਂ ਭਾਰੀ ਡਿਮਾਂਸਟਰੇਸ਼ਨ ਕੀਤਾ ਸੀ ਤਾਂ ਦੂਜੇ ਦਿਨ ਕਾਤਲਾਂ ਨੂੰ ਪਕੜਿਆ ਗਿਆ ਸੀ । ਇਸ ਤਰ੍ਹਾਂ ਦੀਆਂ ਜ਼ਿਆਦਤੀਆਂ ਹੋ ਰਹੀਆਂ ਹਨ ।

ਸਪੀਕਰ ਸਾਹਿਬ, ਮੈਂ ਤੁਹਾਨੂੰ ਅਰਜ਼ ਕਰ ਦੇਵਾਂ ਕਿ ਗਵਰਨਰ ਸਾਹਿਬ ਕਹਿੰਦੇ ਹਨ, ਜਿਸ ਤਰ੍ਹਾਂ ਕਿ ਪੈਰਾ ਨੰ: 9 ਵਿਚ ਹੈ, ਕਿ ਨਾਜਾਇਜ਼ ਸ਼ਰਾਬ ਦੀ ਖਪਤ ਨੂੰ ਰੋਕਣ ਵਾਸਤੇ ਬਹੁਤ ਕੋਸ਼ਿਸ਼ ਕੀਤੀ ਗਈ ਹੈ । ਮੈਂ ਕਹਿੰਦਾ ਹਾਂ ਕਿ ਤੁਸੀਂ ਪਿੰਡਾਂ ਵਿਚੋਂ ਜਾਕੇ ਵੇਖੋ ਘਰ ਘਰ ਭੱਠੀਆਂ ਲਗੀਆਂ ਹੋਈਆਂ ਹਨ । ਜੇ ਹੋਰ ਕੁਝ ਨਹੀਂ ਵੇਖਣਾ ਤਾਂ ਵਜ਼ੀਰ ਲਾਇਲਪੁਰੀ ਦੀ ਕਾਰ ਹੁਣੇ ਹੀ ਜਾਕੇ ਵੇਖ ਲਵੋ ਇਸ ਦੀ ਡਿਗੀ ਵਿਚ ਇਕ ਟਿਊਬ ਸ਼ਰਾਬ ਦੀ ਭਰੀ ਪਈ ਹੈ । (ਹਾਸਾ)

ਫੇਰ, ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਪੈਰਾ ਨੰ: 12 ਦੇ ਵਿਚ ਕਿਹਾ ਹੈ ਕਿ 30 ਜੂਨ 1970 ਨੂੰ ਖਤਮ ਵਾਲੇ ਅਰਸੇ ਤਕ ਟਰੈਕਟਰਾਂ ਦੇ ਲਈ 17·89 ਕਰੋੜ ਰੁਪਿਆ ਰਖਿਆ ਗਿਆ ਹੈ, ਪਰ ਮੈਂ ਜਾਣਨਾ ਚਾਹੁੰਦਾ ਹਾਂ ਜਿਹੜਾ ਅਗਲੇ ਸਾਲ 20 ਕਰੋੜ ਰੁਪਿਆ ਰਖਿਆ ਗਿਆ ਹੈ ਕੀ ਉਸ ਦੇ ਮੁਤਲਕ ਇਨ੍ਹਾਂ ਦਾ ਵਾਪਸ ਕਰਨ ਦਾ ਖਿਆਲ ਹੈ, ਜਿਹੜਾ ਇਥੇ ਜ਼ਿਕਰ ਨਹੀਂ ਕੀਤਾ । ਹੁਣ ਐਗਰੀ-ਕਲਚਰ ਇਕ ਤਰ੍ਹਾਂ ਦੀ ਇੰਡਸਟਰੀ ਬਣ ਗਈ ਹੈ, ਕਿਉਂ ਜੋ ਸਾਰਾ ਕੰਮ ਮਸ਼ੀਨਰੀ ਨਾਲ ਹੀ ਹੁੰਦਾ ਹੈ, ਪਰ ਪੰਜਾਬ ਗੌਰਮਿੰਟ ਜਿਹੜਾ ਕਰਜ਼ਾ ਇੰਡਸਟਰੀ ਲਈ ਦਿੰਦੀ ਹੈ ਉਸ ਤੇ ਸੂਦ $3\frac{1}{2}\%$ ਚਾਰਜ ਕਰਦੀ ਹੈ ਪਰ ਜ਼ਿਮੀਂਦਾਰਾਂ ਤੋਂ ਕਰਜ਼ੇ ਦਾ ਸੂਦ 7% ਲਿਆ ਜਾਂਦਾ ਹੈ ।

ਸਪੀਕਰ ਸਾਹਿਬ, ਫੇਰ ਉਨ੍ਹਾਂ ਨੇ ਕਿਹਾ ਹੈ ਕਿ ਮੇਰੀ ਸਰਕਾਰ ਗੰਭੀਰ ਸਮਸਿਆ, ਜਿਹੜੀ ਕਿ ਮਕਾਨ ਉਸਾਰੀ ਦੇ ਲਈ ਹੈ, ਪੂਰਾ ਧਿਆਨ ਦੇ ਰਹੀ ਹੈ । ਮੈਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਦਾ ਹਾਂ ਕਿ ਇਸ ਕੰਮ ਲਈ ਜਿਹੜਾ ਉਨ੍ਹਾਂ ਨੇ 75 ਲੱਖ ਰੁਪਿਆ ਰਖਿਆ ਹੈ, ਇਸਦੇ ਵਿਚੋਂ ਗਰੀਬ ਲੋਕਾਂ ਨੂੰ ਵੀ

ਕੁਝ ਮਿਲੇਗਾ ਜਾਂ ਨਹੀਂ । ਮੈਂ ਸਰਕਾਰ ਤੋਂ ਪੁਛਣਾ ਚਾਹੁੰਦਾ ਹਾਂ ਕਿ ਕਿਤਨੀਆਂ ਹੀ ਸਕੀਮਾਂ ਜਲੰਧਰ ਇਮਪਰੂਵਮੈਂਟ ਟਰਸਟ ਦੀਆਂ ਹਨ; ਪਰ ਕਦੇ ਇਸ ਸਰਕਾਰ ਨੇ ਜਿਨ੍ਹਾਂ ਦੀ ਆਮਦਨ 300/-ਰੁ: ਤੋਂ ਘਟ ਹੈ, ਕਿਸੇ ਨੂੰ ਮਕਾਨ ਬਨਾਉਣ ਦੇ ਵਾਸਤੇ ਕੋਈ ਕਰਜ਼ਾ ਨਹੀਂ ਦਿਤਾ । ਕਰੋੜਾਂ ਰੁਪਿਆ ਅਮੀਰਾਂ ਲਈ ਹੀ ਹੈ ਗਰੀਬ ਬਾਲਮੀਕਾਂ ਲਈ ਕੁਝ ਨਹੀਂ । ਉਨ੍ਹਾਂ ਦੀਆਂ ਜ਼ਨਾਨੀਆਂ ਰੋਟੀ ਕਮਾਉਣ ਲਈ ਦੋ ਦੋ ਮਹੀਨੇ ਦੇ ਰੁਲਦੇ ਬਚੇ ਕੁਛੜਾਂ ਦੇ ਵਿਚ ਚੁਕੀ ਫਿਰਦੀਆਂ ਹਨ ਅਤੇ ਗੰਦ ਸਾਫ ਕਰਦੀਆਂ ਫਿਰਦੀਆਂ ਹਨ, ਉਨ੍ਹਾਂ ਦੇ 10—10 ਬਚੇ ਹਨ ਪਰ ਕੀ ਸਰਕਾਰ ਨੇ ਉਨ੍ਹਾਂ ਦੀ ਬੇਹਤਰੀ ਦੇ ਵਾਸਤੇ ਕਦੇ ਕੋਈ ਬਿਲ ਲਿਆਂਦਾ ? ਅਜੇ ਤੱਕ ਇਸ ਸਰਕਾਰ ਨੇ ਕੋਈ ਠੋਸ ਕਦਮ ਨਹੀਂ ਉਠਾਏ (ਘੰਟੀ ਦੀ ਆਵਾਜ਼) ਬਸ ਜੀ ਖਤਮ ਹੀ ਕਰਦਾ ਹਾਂ, ਇਕ ਗਲ ਟਰਾਂਸਪੋਰਟਰਜ਼ ਦੇ ਬਾਰੇ ਅਰਜ਼ ਕਰ ਦੇਵਾਂ । ਉਹ ਇਹ ਹੈ ਕਿ ਜਦੋਂ 50—50 ਦੇ ਬੇਸਿਜ਼ ਤੇ ਗਡੀਆਂ ਲਈਆਂ ਗਈਆਂ ਸੀ ਤਾਂ ਇਹ ਮੁਆਇਦਾ ਕੀਤਾ ਗਿਆ ਸੀ ਕਿ ਉਨ੍ਹਾਂ ਦੇ ਵਰਕਰਜ਼ ਨੂੰ ਉਸੇ ਗਰੇਡ ਦੇ ਵਿਚ ਐਡਜਸਟ ਕੀਤਾ ਜਾਵੇਗਾ ਜਿਸ ਵਿਚ ਕਿ ਉਹ ਕੰਮ ਕਰਦੇ ਹਨ । 7 ਸਾਲ ਉਸ ਮੁਆਇਦੇ ਹੋਏ ਨੂੰ ਵੀ ਹੋ ਗਏ ਹਨ ਪਰ ਅਜੇ ਕਿਸੇ ਦੀ ਐਡਜਸਟਮੈਂਟ ਨਹੀਂ ਹੋਈ । ਮੈਂ ਸਮਝਦਾ ਹਾਂ ਇਹ ਵਰਕਰਜ਼ ਨਾਲ ਧੋਖਾ ਹੋਇਆ ਹੈ । ਉਨ੍ਹਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ ।

चौधरी बलबीर सिंह (हुशियारपुर) : स्पीकर साहिब...... ।

Mr. Speaker : Please try to finish your speech within 10 minutes.

चौधरी बलबीर सिंह : "वक्त कोताह किस्सा तूल है ।" स्पीकर साहिब, आखिर यह नज़ला हम पर क्यों ? "बर्क गिरती है तो बेचारे मुसलमानों पर ।" (एक माननीय सदस्य : स्पीकर साहिब, जिस का ईमान ही कुफ्र हो वह क्या मुसलमान होगा ?) (हंसी) ।

श्री अध्यक्ष : मगर जिसका ईमान मुस्लिम हो उसकी क्या बात है ?

(But, what about a good Muslim ?)

चौधरी बलबीर सिंह : स्पीकर साहिब, मैं अर्ज़ करूं कि बादल सरकार ने हकूमत संभालते ही हमें यकीन दिलाया था कि हम आपको कलीन ऐडमनिट्रेशन देंगे । ला-ऐंड-आर्डर ठीक करेंगे । मगर आज तक वह भी पुराने ढंग पर ही चलाते आ रहे हैं । कोई फ़र्क नहीं पड़ा । हमारा ख्याल था कि कांग्रेस का राज्य खत्म होने से इस मुल्क में अमन अमान होगा, लोग खुशहाल होंगे । आज भी गरीब आफिश्यल अपनी डिमांडज़ मनवाने के लिये कोशिश कर रहे हैं मगर उनके वर्करों को एक एक कर के कुचला जा रहा है । वह बेचारे आज भी उसी नादर-शाही चक्कर में पिस्ते चले आ रहे हैं । कुरप्ट आफ़िशयलज़ का बोल बाला है । कांग्रेस सरकार अगर खत्म हुई थी तो इस लिये कि वह कुरप्ट आफिश्यलज़ को बचाती थी मगर वह उन को बचाते बचाते खुद खत्म हो गई । इसी तरह मैं मौजूदा सरकार को भी कहता हूं कि अगर आप भी इस तरह की बातें करेंगे आप भी नहीं रह पायेंगे । आप भी खत्म हो जायेंगे । यह जत्थेदारी और यह मिनिस्टरी चल नहीं पायेगी । आप को इस तरफ ध्यान देना होगा । मैंने एक काल अटैनश्न मोशन के ज़रिये सरकार का ध्यान एक केस की तरफ़ दिलाया था कि चंद बदमाश ट्रैक्टर पर शहर में दाखल हुये इन बदमाशों ने गोलियां चलाईं । इन की ज़द

[चौधरी बलवीर सिंह]

में एक आदमी संसार चंद कोहली आ गया और मारा गया । हमने जा कर थाने में रिपोर्ट कराई मगर बदमाश थाने में आकर खाह-मखाह झगड़ा करने लगे । पुलिस वालों ने हमारे आदमी 107/50 में पकड़ लिये और जब्री पहिले केस को खत्म करने के लिये समझौता करवाया। इसके मुताल्लिक मैंने एक ध्यान आकर्षण प्रस्ताव पहले भी दिया था मगर मुख्य मंत्री साहिब ने जवाब दिया कि कोई केस दबाया नहीं गया । इसमें इन को यह इतलाह दी गई कि इसकी इन्क्वायरी की गई थी,मुदई ने वाक्यात को छुपाने की कोशिश की । वहां पर गोली चली जिस का केस भी दर्ज हो गया । मगर इस के बाद कोई कार्यवाही नहीं की गई । वह कहते हैं कि केस को छुपाने की कोई कोशिश नहीं की गई । आप खुद अंदाजा लगायें ला-एंड-आर्डर का जब कि कोई सरकार इस तरह के काम करती हो ?

एक और वाक्या होशियारपुर का मैं आप के नोटिस में लाना चाहता हूं । इस इलाका के एम.एल.ए. डाकटर अमीर सिंह भी जानते हैं । वहां पर एक थानेदार ने एक ए.ऐस.आई. को मारा पीटा,जव यह झगड़ा आई. जी. पुलिस तक गया तो उन्होंने जी.ए. साहिब को इस केस की इन्क्वायरी के लिये कहा । इस ने तमाम वाक्यात की पड़ताल के बाद थानेदार के खिलाफ मुकद्दमा दर्ज करने को कहा मगर थानेदार ने इसके खिलाफ एक फर्जी केस बना दिया । इसके मुताल्लिक पुलिस के तमाम अफसरान को मिला । ऐस. पी.,आई. जी. साहिब को और इसके बाद चीफ-मनिस्टर साहिब को भी मिला कि उस आदमी के खिलाफ झूठा मुकद्दमा दर्ज है । मगर किसी ने भी कोई कार्यवाई नहीं की हालांकि यह मुकद्दमा गिद्दड़बाहा मंडी के एक आदमी को 500 रु० देकर झुठा दर्ज करवाया था । इस ने, कहा कि इसे कत्ल करने की धमकी देता था । कोई प्रासिक्यूशन नहीं हुइ खुद डी. ऐस. पी. के खिलाफ एफीडैविट दिया मगर इस के खिलाफ कोई एक्शन नहीं लिया गया ।

आखिर हालात से मजबूर हो कर जिन्हों ने रिपोर्ट दर्ज करवाई थी उन्हों ने वापस ले ली तो तब जाकर गिदड़बाहा वाला मुकद्दमा वापस हुआ । इससे पता चलता है कि कितनी गड़बड़ पंजाब के अंदर है । फिर एक ऐस. आई. है जिसने थाना ब्यास में हरिजन लड़कियों से खराबी की । इसके विरुद्ध सारी पार्टियों ने आवाज़ उठाई, बड़ा शोर मचा । मुकद्दमा चला और इसी हाऊस में सरकार ने एक सवाल के जवाब में बताया कि उस ऐस. आई. को अदालत ने बरी कर दिया है । अध्यक्ष महोदय, वह बरी क्यों न होता......(विघन) ।

ਸਰਦਾਰ ਗੁਰਦੇਵ ਸਿੰਘ ਬਾਦਲ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਥੇ ਹਰ ਬੋਲਣ ਵਾਲਾ ਹਰੀਜਨਾਂ ਦਾ ਨਾਂ ਲੈ ਕੇ ਹਰੀਜਨਾਂ ਨੂੰ ਬਦਨਾਮ ਕਰਦਾ ਹੈ । ਸਾਡੀਆਂ ਧੀਆਂ ਭੈਣਾਂ ਤਕ ਇਹ ਚਲੇ ਜਾਂਦੇ ਹਨ ਕੀ ਹੋਰ ਕਿਸੇ ਜਾਤੀ ਦੀਆਂ ਲੜਕੀਆਂ ਨਾਲ ਇਸ ਤਰ੍ਹਾਂ ਨਹੀਂ ਹੁੰਦਾ ? ਅਸੀਂ ਸੈਂਕੜੇ ਮਿਸਾਲਾਂ ਦਸ ਸਕਦੇ ਹਾਂ ਕਿ ਫਲਾਣੀ ਥਾਂ ਤੇ ਫਲਾਣੀ ਜਾਤੀ ਦੀ ਲੜਕੀ ਨਾਲ ਇਹ ਹੋਇਆ ਅਤੇ ਫਲਾਣੀ ਥਾਂ ਤੇ ਫਲਾਣੀ ਜਾਤੀ ਦੀ ਲੜਕੀ ਨਾਲ ਇਹ ਹੋਇਆ...

ਚੌਧਰੀ ਬਲਬੀਰ ਸਿੰਘ : ਸਪੀਕਰ ਸਾਹਿਬ, ਇਹ ਕੋਈ ਪੁਆਇੰਟ ਆਫ਼ ਆਰਡਰ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ ਇਨ੍ਹਾਂ ਨੂੰ ਹਰੀਜਨਾਂ ਦੀ ਆੜ ਵਿਚ ਹਰੀਜਨਾਂ ਦੀ ਬਦਨਾਮੀ ਨਹੀਂ ਕਰਨੀ ਚਾਹੀਦੀ ।

ਚੌਧਰੀ ਬਲਬੀਰ ਸਿੰਘ : ਮੇਰੇ ਦੋਸਤ ਸਮਝੇ ਨਹੀਂ । ਮੈਂ ਤਾਂ ਹਰੀਜਨਾਂ ਦੀ ਹਿਮਾਇਤ ਕਰ ਰਿਹਾ ਸੀ ।

ਸ਼੍ਰੀ ਸਪੀਕਰ : ਚੌਧਰੀ ਸਾਹਿਬ ਤੁਹਾਡੇ 2 ਮਿੰਟ ਦਾ ਸਮਾਂ ਹੋਰ ਰਹਿ ਗਿਆ ਹੈ । ਤੁਸੀਂ 2 ਕਹਾਣੀਆਂ ਸੁਣਾ ਕੇ ਹੀ ਆਪਣਾ ਸਮਾਂ ਖਤਮ ਕਰ ਦਿਤਾ ਹੈ । (Only two minutes are left to you. You have used up your time in narrating only two stories.)

चौधरी बलबीर सिंह : अध्यक्ष महोदय, समय तो सब का ही जाता है । लेकिन मैं ने यह कहानियां नहीं सुनाईं वाक्यात बताए हैं । इस से पता चलता है कि सरकार किस ढंग से काम कर रही है । तो सरकार ने बताया कि उस अफ़सर को अदालत ने बरी कर दिया है । वह बरी कैसे न होता क्योंकि पुलिस की सारी ताकत सारा रसूख इस बात पर लग जाता है कि अगर कोई पुलिस अफ़सर फँस जाता है तो उसे कोई सज़ा न हो । जिन्होंने कम्पलेंट की होती है, उनको तंग किया जाता है तथा उनका बाहर निकलना भी मुश्किल कर दिया जाता है । नतीजा यह होता है कि उनको अपनी कम्पलेंट वापस लेनी पड़ जाती है ।

फिर मैं इससे भी संगीन एक वाक्या और आप के सामने रखता हूं । इस वाक्या को 10,15 दिन ही हुए हैं ।

एक पी. सी. एस. रिटायर अफ़सर हैं सरदार गुरदयाल सिंह, उनके लड़के कर्नल नरेन्द्र सिंह की कार चोरी हो गई । पुलिस ने खोज में टाल मटोल की तो उन्होंने अपने सोर्सिज़ से पता लगवाया कि उनकी कार जालन्धर में एक वर्कशाप में खड़ी है । जब वहां पहुंचे तो वह कार लुधियाना में बिक्री के लिए जा चुकी थी । जब पुलिस ने छापा मारा तो वह कार एक डी. एस. पी. के घर खड़ी थी । उसको चुराने वाले अभी तक नहीं पकड़े जा सके तथा उस डी. एस. पी. के खिलाफ़ अभी तक कोई कार्रवाई नहीं की गई । अब उस केस को खत्म करने की कोशिश की जा रही है । इस तरह ज़िम्मेदार पुलिस अफ़सरों का यह हाल है ।

ਸ਼੍ਰੀ ਸਪੀਕਰ : ਚੌਧਰੀ ਸਾਹਿਬ ਹੁਣ ਬੈਠ ਜਾਓ ।(Please resume your seat now.)

ਚੌਧਰੀ ਬਲਬੀਰ ਸਿੰਘ : ਸਪੀਕਰ ਸਾਹਿਬ, ਇਸ ਬਜਟ ਸੈਸ਼ਨ ਵਿਚ ਤੁਸੀਂ ਪਹਿਲੀ ਵਾਰ ਮੈਨੂੰ ਬੋਲਣ ਦਾ ਸਮਾਂ ਦਿਤਾ ਹੈ । ਨਾ ਮੈਂ ਗਵਰਨਰ ਐਡਰੈਸ ਤੇ ਪਹਿਲਾਂ ਬੋਲਿਆਂ ਹਾਂ, ਨਾ ਵੋਟ ਆਨ ਅਕਾਊਂਟ ਤੇ ਅਤੇ ਨਾ ਹੀ ਸੈਪਲੀਮੈਂਟਰੀ ਡਿਮਾਂਡਜ਼ ਤੇ ਹੀ ਬੋਲਣ ਦਾ ਵਕਤ ਮਿਲਿਆ ਹੈ । ਬਿਲਾਂ ਤੇ ਤੁਸੀਂ ਰੋਕ ਨਹੀਂ ਸਕਦੇ ਕਿਉਂਕਿ ਜਿਤਨੇ ਵੀ ਮੈਂਬਰ ਵੀ ਬੋਲਣਾ ਚਾਹੁੰਣ ਉਹ ਬੋਲ ਸਕਦੇ ਹਨ । ਪਰ ਤਿੰਨਾਂ ਹੀ ਮੇਜਰ ਆਈਟਮਾਂ ਤੇ ਮੈਨੂੰ ਬੋਲਣ ਦਾ ਮੌਕਾ ਨਹੀਂ ਮਿਲਿਆ ।

ਸ਼੍ਰੀ ਸਪੀਕਰ : ਇਕ ਮੈਂਬਰ ਦੇ ਹਿਸੇ ਵਿਚ ਜਿਤਨਾ ਸਮਾਂ ਆਉਂਦਾ ਹੈ, ਉਸ ਤੋਂ ਜ਼ਿਆਦਾ ਤੁਹਾਨੂੰ ਦੇ ਦਿਤਾ ਹੈ । (The hon. Member was given more time than his due.)

ਚੌਧਰੀ ਬਲਬੀਰ ਸਿੰਘ : ਫਿਰ ਤਾਂ ਮੈਨੂੰ 1/104 ਹਿਸਾ ਮਿਲਣਾ ਚਾਹੀਦਾ ਹੈ । (ਵਿਘਨ)

ਸ੍ਰੀ ਸਪੀਕਰ : ਸਾਰੇ ਮੈਂਬਰਾਂ ਦਾ ਹਿਸਾ ਇਕੋ ਜਿਹਾ ਹੈ । (All the hon. Members have equal share)

ਚੌਧਰੀ ਬਲਬੀਰ ਸਿੰਘ : ਸਪੀਕਰ ਸਾਹਿਬ, ਇਕ ਮੈਂਬਰ ਦੇ ਵਕਤ ਦਾ ਸਵਾਲ ਨਹੀਂ ਤੁਸੀਂ ਜਿਸ ਢੰਗ ਦੇ ਨਾਲ ਪਾਰਟੀਆਂ ਦੀ ਐਡਜੈਸਮੈਂਟ ਕੀਤੀ ਹੈ, ਉਸ ਦੇ ਹਿਸਾਬ ਨਾਲ ਮੈਨੂੰ ਵਕਤ ਮਿਲਣਾ ਚਾਹੀਦਾ ਹੈ । (ਵਿਘਨ)

ਚੌਧਰੀ ਤੁਲਸੀ ਰਾਮ ਚੌਹਾਨ : ਸਪੀਕਰ ਸਾਹਿਬ ਇਨ੍ਹਾਂ ਦੀ ਪਾਰਟੀ ਦਾ ਤਾਂ ਸਦਾ ਇਕੋ ਹੀ ਆਦਮੀ ਰਹਿਣਾ ਹੈ (ਹਾਸਾ) ਜੇ ਜ਼ਿਆਦਾ ਟਾਈਮ ਲੈਣਾ ਹੈ ਤਾਂ 10-12 ਨੂੰ ਚੁਣ ਕੇ ਆਉਣਾ ਚਾਹੀਦਾ ਹੈ । (ਵਿਘਨ)

ਚੌਧਰੀ ਬਲਬੀਰ ਸਿੰਘ : ਅਜੇ ਤਕ ਇਕ ਹੀ ਆਇਆ ਹੈ ਤਾਂ ਤੁਹਾਡਾ ਦਮ ਬੰਦ ਕਰੀ ਬੈਠਾ ਹੈ, ਜੇ 10-12 ਆ ਗਏ ਤਾਂ ਤੁਹਾਡਾ ਤਾਂ ਦਮ ਹੀ ਨਿਕਲ ਜਾਵੇਗਾ । (ਵਿਘਨ) ਤੁਹਾਡੇ ਤੋਂ ਪਹਿਲਾਂ ਸਰਦਾਰ ਪ੍ਰਤਾਪ ਸਿੰਘ ਵੀ ਅਕਾਲੀਆਂ ਨੂੰ ਕਹਿੰਦਾ ਸੀ ਕਿ ਤੁਸੀਂ ਦੋ ਤਿੰਨ ਹੋ, ਕੀ ਕਰੋਗੇ । ਪਰ ਅਜ ਅਕਾਲੀ ਹੀ ਰਾਜ ਕਰ ਰਹੇ ਹਨ (ਵਿਘਨ)

ਸਰਦਾਰ ਸੰਤੋਖ ਸਿੰਘ ਰੰਧਾਵਾ : ਭਾਵੇਂ ਸਾਰਾ ਪਿੰਡ ਮਰ ਜਾਵੇ ਪਰ ਚੌਧਰੀ ਸਾਹਿਬ ਦੀ ਵਾਰੀ ਨਹੀਂ ਆਉਣੀ (ਵਿਘਨ)

ਚੌਧਰੀ ਬਲਬੀਰ ਸਿੰਘ : ਤੁਸੀ ਤਾਂ ਵਾਰੀ ਲੈਣ ਨੂੰ ਤਿਆਰ ਹੀ ਸੀ । ਜੁਤੀਆਂ ਚਟਦੇ ਫਿਰਦੇ ਸੀ, ਜੇ ਕਾਂਗਰਸ ਅਕਾਲੀ ਸਮਝੌਤਾ ਹੋ ਜਾਂਦਾ ......(ਵਿਘਨ)

ਸ੍ਰੀ ਸਰਦਾਰੀ ਲਾਲ ਕਪੂਰ : ਆਨ ਏ ਪੁਆਇੰਟ ਆਫ਼ ਆਰਡਰ ਸਰ । ਸਪੀਕਰ ਸਾਹਿਬ, ਇਹ ਚੌਧਰੀ ਸਾਹਿਬ ਕਿਧਰ ਦੀ ਗਲ ਕਿਧਰ ਲੈ ਤੁਰੇ ਹਨ । ਇਹ ਕੋਈ ਗੱਲ ਕਰਨ ਦਾ ਤਰੀਕਾ ਹੈ ?

ਚੌਧਰੀ ਬਲਬੀਰ ਸਿੰਘ : ਕਪੂਰ ਸਾਹਿਬ, ਪਹਿਲਾਂ ਆਪਣੇ ਬੰਦਿਆਂ ਨੂੰ ਬੰਨਣ (ਵਿਘਨ) ਉਨ੍ਹਾਂ ਨੂੰ ਪਹਿਲਾਂ ਲਗਾਮਾਂ ਦੇਣ । ਨਹੀਂ ਤਾਂ ਇਹ ਗਲ ਤਾਂ ਤੁਰੀ ਹੀ ਰਹਿਣੀ ਹੈ ।

ਸ੍ਰੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਗਵਰਨਰ ਐਡਰੈਸ ਤੇ ਬੋਲੋ । (Please confine your speech to Governor's Address.)

चौधरी बलबीर सिंह : तो अध्यक्ष महोदय, मैं अर्ज़ कर रहा था कि उस डी. ऐस. पी. के खिलाफ कोई कार्यवाही नहीं की गई तथा उसको सस्पैंड भी नहीं किया गया । अब उस केस को हज़म करने की कोशिश की जा रही है ।

इसी प्रकार का एक और वाक्या हुआ है नवां शहर, जालन्धर रोड पर । एक आदमी अपनी कार में जा रहा था । 2,3 आदमी उसके पास आए और लिफ्ट मांगी कि हस्पताल तक जाना है । उस कार वाले ने उन्हें अन्दर बिठा लिया । आगे जाकर उन्होंने कार वाले को बाहर निकाल दिया तथा खुद कार लेकर भाग गए । वह कार 3 दिन तक जालन्धर में पुलिस इन्सपैक्टर के घर रही । फिर वहां से कहीं ले जाई गई । वह कार अभी तक नहीं मिल सकी ।

अध्यक्ष महोदय, मैं समझता हूं कि अगर किसी एक भी ज़िम्मेदार पुलिस अफ़सर के खिलाफ़ यह कोई सख्त कार्रवाई करें तो यह वाक्यात घट सकते हैं ।

फिर अध्यक्ष महोदय मैं पंजाब के सरकारी मुलाज़मों के बारे में कहना चाहता हूं। सरकार को चाहिए कि अगर वह समझती है कि कुछ मुलाजमों के साथ बे इन्साफ़ी हो रही है तो उसे दूर करने की कोशिश की जानी चाहिए। इसके साथ ही जिन लोगों ने स्ट्राईक में हिस्सा लिया है, उनके खिलाफ़ इन्तक़ामिया कार्यवाही नहीं करनी चाहिए। इसके इलावा कई जगह पर लोकल झगड़े होते हैं। ऐसे लोकल झगड़ों में विक्टेमाईजेशन नहीं होनी चाहिए।

आखिर में मैं चीफ़ मिनिस्टर साहिब को अर्ज़ करूंगा कि वह एडमनिस्ट्रेशन की ओर ज्यादा ध्यान दें।

ਸਰਦਾਰ ਮਹਿੰਦਰ ਸਿੰਘ ਬਬੇਹਾਲੀ (ਗੁਰਦਾਸਪੁਰ) : ਸਪੀਕਰ ਸਾਹਿਬ, ਮੈਂ ਗਵਰਨਰ ਐਡਰਸ ਲਈ ਗਵਰਨਰ ਸਾਹਿਬ ਦਾ ਸ਼ੁਕਰੀਆ ਕਰਨ ਲਈ ਖੜਾ ਹੋਇਆ ਹਾਂ। (ਵਿਘਨ)

ਸਰਦਾਰ ਸਰੂਪ ਸਿੰਘ : ਮਥਾ ਟੇਕਣ ਲਈ ਆਖੋ।

ਸਰਦਾਰ ਮਹਿੰਦਰ ਸਿੰਘ ਬਬੇਹਾਲੀ : ਸਰਦਾਰ ਸਰੂਪ ਸਿੰਘ, ਮੈਂ ਕਿਸੇ ਦੀ ਤਕਰੀਰ ਦੇ ਵਿਚ ਨਹੀਂ ਬੋਲਿਆ। ਮੇਰੀ ਤਕਰੀਰ ਦੇ ਵਿਚ ਜੇ ਕੋਈ ਬੋਲੇਗਾ ਤਾਂ ਮੈਂ ਸਾਰਿਆਂ ਦੀ ਵਾਰੀ ਬੋਲਾਂਗਾ। (ਵਿਘਨ)

ਸਾਥੀ ਰੂਪ ਲਾਲ : ਇਸ ਦਾ ਉਹ ਹਿਸਾਬ ਹੈ ਕਿ ਨਾਂ ਮਿਸ਼ਰੀ ਅਤੇ ਸੁਆਦ ਸੁਆਹ ਵਰਗਾ। ਨਾਂ ਤਾਂ ਇਸ ਦਾ ਹੈ ਸਰੂਪ ਸਿੰਘ...(ਅਗੇ ਸ਼ੋਰ ਕਰਕੇ ਸੁਣਾਈ ਨਹੀਂ ਦਿਤਾ।)

ਸਰਦਾਰ ਮਹਿੰਦਰ ਸਿੰਘ ਬਬੇਹਾਲੀ : ਗਵਰਨਰ ਸਾਹਿਬ ਦੇ ਭਾਸ਼ਨ ਵਿਚ ਤੀਸਰੇ ਪੈਰੇ ਵਿਚ ਲਾਅ ਐਂਡ ਆਰਡਰ ਦਾ ਜ਼ਿਕਰ ਆਉਂਦਾ ਹੈ। ਇਥੇ ਮੇਰੇ ਸਾਹਮਣੇ ਬੈਠੇ ਭਰਾਵਾਂ ਨੇ ਲਾਅ ਐਂਡ ਆਰਡਰ ਬਾਰੇ ਬੜੀਆਂ ਕਹਾਣੀਆਂ ਪਾਈਆਂ ਹਨ ਅਤੇ ਇਸ ਨੂੰ ਇੰਡੀਵੀਜੂਐਲਟੀ ਵਿਚ ਲੈ ਗਏ ਹਨ। ਇਹ ਚੀਜ਼ ਪਰਖਣ ਤੋਂ ਪਹਿਲਾਂ ਸਾਰੇ ਮੁਲਕ ਦੇ ਵਾਯੂਮੰਡਲ ਉਤੇ ਨਿਗਾਹ ਮਾਰਨੀ ਚਾਹੀਦੀ ਹੈ। ਕਿਸੇ ਸੂਬੇ ਦਾ ਲਾਅ ਐਂਡ ਆਰਡਰ ਵੀ ਸਾਰੇ ਮੁਲਕ ਦੇ ਹਾਲਾਤ ਅਨੁਸਾਰ ਉਸ ਤੇ ਡਿਪੈਂਡ ਕਰਦਾ ਹੈ। ਜੇ ਕਿਸੇ ਦਰਖਤ ਦਾ ਇਲਾਜ ਕਰਨਾ ਹੋਵੇ ਤਾਂ ਪਹਿਲਾਂ ਪਤਿਆਂ ਤੇ ਦਵਾਈ ਛਿੜਕਨੀ ਪੈਂਦੀ ਹੈ। ਉਹਦੀਆਂ ਜੜ੍ਹਾਂ ਨੂੰ ਖੋਦ ਕੇ ਇਲਾਜ਼ ਨਹੀਂ ਕੀਤਾ ਜਾਂਦਾ ਹੈ। ਸੈਂਟਰ ਦੀ ਸਰਕਾਰ ਦਾ ਹਾਲ ਦੇਖ ਲਵੋ। ਅੱਜ ਬੰਗਾਲ ਵਿਚ ਕਲਕੱਤੇ ਵਿਚ ਕਿਹੋ ਜਿਹੇ ਹਾਲਾਤ ਹਨ। ਕਿਸ ਤਰ੍ਹਾਂ ਉਥੇ ਬਦ ਅਮਨੀ ਫੈਲੀ ਹੋਈ ਹੈ। ਸਾਡੇ ਪੰਜਾਬ ਵਿਚ ਦੂਜਿਆਂ ਸੂਬਿਆਂ ਨਾਲੋਂ ਹਾਲਾਤ ਬਹੁਤ ਅਛੇ ਹਨ। ਸੈਂਟਰ ਦੀ ਸਰਕਾਰ ਨਾਲੋਂ ਇਥੇ ਦੀ ਸਰਕਾਰ ਦਾ ਲਾਅ ਐਂਡ ਆਰਡਰ ਤੇ ਕੰਟਰੋਲ ਅਛਾ ਹੈ। (ਥੰਪਿੰਗ)

ਹੁਣ ਮੈਂ ਆਪਣੀ ਸਰਕਾਰ ਨੂੰ ਤੁਹਾਡੇ ਰਾਹੀਂ ਕੁਝ ਐਸੇ ਕਰਮਚਾਰੀਆਂ ਵਲ ਲਿਆਉਣਾ ਚਾਹੁੰਦਾ ਹਾਂ ਜਿਹੜੇ ਹਕੂਮਤ ਦੀ ਬਦਅਮਨੀ ਦਾ ਬਾਇਸ ਹਨ। ਕਈ ਕਰਮਚਾਰੀ ਇਸ ਕਰਕੇ ਨੇਕ ਨਾਮੀ ਖਟ ਲੈਂਦੇ ਹਨ ਕਿ ਉਹ ਸ਼ਰਾਬ ਨਹੀਂ ਪੀਂਦੇ ਹਨ, ਮਾਸ ਨਹੀਂ ਖਾਂਦੇ ਹਨ, ਅੰਡਾ ਨਹੀਂ ਖਾਂਦੇ ਹਨ ਲੇਕਿਨ ਉਨ੍ਹਾਂ ਕਰਮਚਾਰੀਆਂ ਦੇ ਕੰਮ ਅਜਿਹੇ ਹਨ ਕਿ ਉਹ ਬੰਦੇ ਖਾ ਜਾਂਦੇ ਹਨ, ਉਨ੍ਹਾਂ ਤੇ ਸਰਕਾਰ ਨੂੰ ਸਖਤ ਐਕਸ਼ਨ ਲੈਣਾ ਚਾਹੀਦਾ ਹੈ। ਇਕ ਵਾਰੀ ਗੁਰਦਾਸਪੁਰ ਦਾ ਇਕ ਬੰਦਾ ਮੇਰੇ ਕੋਲ ਆਇਆ ਕਿ ਉਸ ਨੇ ਉਥੋਂ ਦੇ ਥਾਨੇਦਾਰ ਨੂੰ ਕਿਹਾ ਕਿ ਉਹਦਾ ਭਰਾ ਮਰ ਗਿਆ ਹੈ ਅਤੇ ਉਹ ਕਤਲ 2 ਮਹੀਨੇ ਹੋ ਗਏ ਹਨ ਨਹੀਂ ਲਭਿਆ ਹੈ। ਉਹ ਐਸ. ਪੀ. ਕੋਲ ਗਿਆ ਪਰ ਕੁਝ ਨਹੀਂ ਬਣਿਆ। (ਵਿਘਨ)

[ਸਰਦਾਰ ਮਹਿੰਦਰ ਸਿੰਘ ਬਬੇਹਾਲੀ]

ਇਸ ਤੋਂ ਮੈਂ ਐਸ. ਪੀ. ਨੂੰ ਟੈਲੀਫੂਨ ਕੀਤਾ ਕਿ ਇਸ ਕੇਸ ਬਾਰੇ ਪੜਤਾਲ ਕੀਤੀ ਜਾਵੇ। ਇਸ ਤੇ ਐਸ. ਪੀ. ਨੇ ਉਸ ਬੰਦੇ ਨੂੰ ਕਿਹਾ ਕਿ ਇਹ ਕਤਲ ਤਾਂ ਤੂੰ ਆਪ ਕੀਤਾ ਹੈ ਅਤੇ ਆਪਣੇ ਭਰਾ ਨੂੰ ਕਤਲ ਕਰਕੇ ਫੇਰ ਇਹੋ ਜਹੀਆਂ ਕਾਰਵਾਈਆਂ ਕਰਦਾ ਹੈਂ। ਐਸ. ਪੀ. ਗੁਰਦਾਸਪੁਰ ਨੇ ਇਹ ਗੱਲ ਕਹੀ ਕਿ ਤੈਨੂੰ ਗਰਿਫਤਾਰ ਕੀਤਾ ਜਾਵੇਗਾ ਤੂੰ ਆਪਣੇ ਭਰਾ ਦਾ ਕਾਤਲ ਹੈਂ। ਮੇਰੇ ਜ਼ੋਰ ਦੇਣ ਤੇ ਇਹ ਕੇਸ ਸੀ. ਆਈ. ਏ. ਸਟਾਫ ਨੂੰ ਦਿਤਾ ਗਿਆ ਅਤੇ ਜਿਹੜਾ ਇਸ ਕੇਸ ਵਿਚ ਮੁਲਜ਼ਮ ਸੀ ਉਹ ਗਰਿਫਤਾਰ ਹੋਇਆ। ਇਸੇ ਤਰ੍ਹਾਂ ਕਿਸੇ ਬੰਦੇ ਨੂੰ ਥਾਣੇਦਾਰ ਨੇ ਠੁਡ ਮਾਰਿਆ ਹੋਵੇ ਅਤੇ ਉਹ ਬੰਦਾ ਹਸਪਤਾਲ ਵਿਚ ਮਰ ਜਾਂਦਾ ਹੈ ਅਤੇ ਇਸ ਦੇ ਇਲਜ਼ਾਮ ਵਿਚ ਹੋਰ ਕੋਈ ਮੁਲਜ਼ਮ ਬਣਾ ਕੇ ਫੜ ਲਿਆ ਜਾਂਦਾ ਹੈ। ਸਮੁਚੇ ਤੌਰ ਤੇ ਪੁਲਿਸ ਵਿਚ ਅੱਛੇ ਆਦਮੀ ਵੀ ਹਨ। ਮੈਂ ਇਹ ਨਹੀਂ ਕਹਿੰਦਾ ਹਾਂ, ਪਰ ਇਹੋ ਜਿਹੇ ਕਰਮਚਾਰੀਆਂ ਨੂੰ ਖਿਚਣਾ ਚਾਹੀਦਾ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਹੋ ਜਿਹੇ ਆਦਮੀਆਂ ਨੂੰ ਖਿਚਣਾ ਚਾਹੀਦਾ ਹੈ ਅਤੇ ਇਨ੍ਹਾਂ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਪੁਲਿਸ ਦੇ ਪ੍ਰਬੰਧ ਨੂੰ ਮਾਡਰਨ ਬਨਾਉਣ ਵਾਸਤੇ ਇਹ ਜਿਹੜੇ ਫਲਾਇੰਗ ਸਕੂਐਡ ਬਣਾਏ ਗਏ ਹਨ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿਚ ਇਹ ਕੁਰਪਸ਼ਨ ਨੂੰ ਰੋਕਣ ਦਾ ਇਕ ਦਰੁਸਤ ਕਦਮ ਉਠਾਇਆ ਗਿਆ ਹੈ। ਪਰ ਇਹੋ ਜਿਹੇ ਚੰਗੇ ਕੰਮ ਦੂਸਰੇ ਜ਼ਿਲ੍ਹਿਆਂ ਵਿਚ ਵੀ ਹੋਣੇ ਚਾਹੀਦੇ ਹਨ।

ਗਵਰਨਰ ਐਡਰੈਸ ਦੇ ਸਫਾ 4-5 ਉਤੇ ਪੈਰਾ ਨੰਬਰ 12 ਵਿਚ ਖੇਤੀ-ਬਾੜੀ ਦੇ ਕੰਮਾਂ ਵਾਸਤੇ ਜੋ ਕੁਝ ਲਿਖਿਆ ਹੈ ਇਸ ਵਿਚ ਜਲੰਧਰ, ਲੁਧਿਆਣਾ ਆਦਿ ਸ਼ਹਿਰਾਂ ਦਾ ਨਾਂ ਹੈ ਪਰ ਗੁਰਦਾਸਪੁਰ ਨੂੰ ਬਿਲਕੁਲ ਇਗਨੋਰ ਕੀਤਾ ਗਿਆ ਹੈ। ਇਹ ਗੁਰਦਾਸਪੁਰ ਦਾ ਜ਼ਿਲ੍ਹਾ ਵੀ ਬਾਰਡਰ ਦਾ ਜ਼ਿਲ੍ਹਾ ਹੈ ਪਰ ਇਥੇ ਇੰਡਸਟਰੀਜ਼, ਕਰਜ਼ਿਆਂ ਦੇਣ ਦਾ ਕੰਮ ਆਦਿ ਵਿਚ ਇਸ ਜ਼ਿਲ੍ਹੇ ਨੂੰ ਬਿਲਕੁਲ ਇਗਨੋਰ ਕੀਤਾ ਗਿਆ ਹੈ। ਹੋਰ ਵੀ ਕਈ ਤਰੱਕੀ ਦੇ ਕੰਮ ਹਨ ਜਿਸ ਵਿਚ ਇਸ ਜ਼ਿਲ੍ਹੇ ਨਾਲ ਬੇ-ਇਨਸਾਫੀ ਕੀਤੀ ਜਾਂਦੀ ਹੈ। ਇਸ ਜ਼ਿਲ੍ਹੇ ਨੂੰ ਇਕ ਚੀਜ਼ ਸਭ ਤੋਂ ਪਹਿਲਾਂ ਮਿਲਦੀ ਹੈ। ਜਦੋਂ ਪਾਕਿਸਤਾਨ ਨਾਲ ਲੜਾਈ ਹੋਵੇ ਤਾਂ ਇਸ ਜ਼ਿਲ੍ਹੇ ਨੂੰ ਗੋਲੀ ਦਾ ਪਰਸ਼ਾਦ ਸਭ ਤੋਂ ਪਹਿਲਾਂ ਮਿਲ ਜਾਂਦਾ ਹੈ। ਜਿਸ ਤਰ੍ਹਾਂ ਗੋਲੀ ਖਾਣ ਵਾਸਤੇ ਗੁਰਦਾਸਪੁਰ ਦਾ ਜ਼ਿਲ੍ਹਾ ਅਗੇ ਹੈ ਇਸੇ ਤਰ੍ਹਾਂ ਤਰੱਕੀ ਦੇ ਕੰਮ ਕਰਨ ਵਾਸਤੇ ਵੀ ਸਰਕਾਰ ਨੂੰ ਇਸ ਜ਼ਿਲ੍ਹੇ ਨੂੰ ਸਭ ਤੋਂ ਪਹਿਲਾਂ ਲੈਣਾ ਚਾਹੀਦਾ ਹੈ ਅਤੇ ਹੋਰ ਜ਼ਿਲ੍ਹਿਆਂ ਦੇ ਬਰਾਬਰ ਹਿਸਾ ਦੇਣਾ ਚਾਹੀਦਾ ਹੈ।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸ੍ਰੀ ਸਪੀਕਰ ਦੀ ਕੁਰਸੀ ਸੰਭਾਲੀ)

ਛੋਟੇ ਕਿਸਾਨਾਂ ਨੂੰ ਟਿਊਬਵੈਲ ਲਗਾਉਣ ਬਾਰੇ, ਉਨ੍ਹਾਂ ਨੂੰ ਟਰੈਕਟਰ ਵਾਸਤੇ ਕਰਜ਼ੇ ਦੇਣ ਬਾਰੇ ਹੋਰ ਖੇਤੀਬਾੜੀ ਨੂੰ ਮਾਡਰਨ ਬਣਾਉਣ ਵਾਸਤੇ ਜੋ ਸਾਧਨ ਹਨ ਇਹ ਜ਼ਿਲ੍ਹਾ ਗੁਰਦਾਸਪੁਰ ਦੇ ਲਕਾਂ ਨੂੰ ਵੀ ਮੁਹੱਈਆਂ ਕਰਨੇ ਚਾਹੀਦੇ ਹਨ। ਇਹ ਜਿਹੜੀਆਂ ਵਿਕਾਸ ਏਜੰਸੀਆਂ ਖੋਲ੍ਹੀਆਂ ਗਈਆਂ ਹਨ ਜਾਂ ਕੈਨਿੰਗ ਫੈਕਟਰੀ ਲਾਈ ਜਾ ਰਹੀ ਹੈ, ਇਹ ਸਭ ਗੱਲਾਂ ਬੜੀਆਂ ਅੱਛੀਆਂ ਹਨ ਪਰ ਇਸ ਬਾਰੇ ਵਿਚ ਗੁਰਦਾਸਪੁਰ ਦੇ ਜ਼ਿਲ੍ਹੇ ਨੂੰ ਵੀ ਸਾਹਮਣੇ ਰੱਖਣਾ ਚਾਹੀਦਾ ਹੈ। ਅੰਗੂਰਾਂ ਦੀ ਸ਼ਰਾਬ ਤਿਆਰ ਕਰਨ ਅਤੇ ਅੰਡਿਆਂ ਦਾ ਪਾਊਡਰ ਬਣਾਉਣ ਦਾ ਇਕ ਇਕ ਕਾਰਖਾਨਾ ਲਾਉਣ ਦੀ ਜਿਹੜੀ ਸਕੀਮ ਹੈ, ਇਸ ਬਾਰੇ ਵੀ ਜ਼ਿਲ੍ਹਾ ਗੁਰਦਾਸਪੁਰ ਨੂੰ ਮੁੱਖ ਰੱਖਣਾ ਚਾਹੀਦਾ ਹੈ। ਸ਼ਰਾਬ ਦੀ ਗੱਲ ਕਰਦਿਆਂ ਮੇਰੇ ਭਰਾਵਾਂ ਨੇ ਮੈਂਬਰਜ਼ ਅਤੇ ਮਨਿਸਟਰਜ਼ ਨੂੰ ਤਾਹਨੇ ਦਿਤੇ। ਮੈਂ ਕਹਿੰਦਾ ਹਾਂ ਕਿ :—

"ਕਿਸੀ ਕੇ ਪੀਨੇ ਪੇ ਵਾਅਜ਼ ਕਿਉਂ ਮੂੰਹ ਬਨਾਤਾ ਹੈ
ਅਦਾ ਖਰਾਬ ਸੇ ਆਦਮੀ ਖਰਾਬ ਹੋਤਾ ਹੈ"

ਸਿਰਫ ਸ਼ਰਾਬ ਪੀਣ ਜਾਂ ਅੰਡਾ ਖਾਣ ਨਾਲ ਹਰ ਇਕ ਆਦਮੀ ਖਰਾਬ ਨਹੀਂ ਹੋ ਜਾਂਦਾ ਬਲਕਿ ਆਦਮੀ ਤਾਂ ਮਾੜੇ ਕੰਮ ਕਰਨ ਨਾਲ ਖਰਾਬ ਹੁੰਦਾ ਹੈ ।

ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਖੇਤੀ ਬਾੜੀ ਦੀ ਤਰੱਕੀ ਕਰਨ ਵਾਸਤੇ ਜਿੰਨਾਂ ਰੁਪਿਆ ਇਸ ਦਫਾ ਬਜਟ ਵਿਚ ਪਰੋਵਾਈਡ ਕੀਤਾ ਹੈ ਉਨਾਂ ਅਗੇ ਕਦੇ ਨਹੀਂ ਕੀਤਾ ਗਿਆ । ਇਹਦੇ ਵਿਚ ਇਕ ਫਰਟੇਲਾਈਜ਼ਰ ਗਰੇਨੂਲੇਟਿੰਗ ਪਲਾਂਟ ਲੁਧਿਆਣੇ ਵਿਚ ਸਥਾਪਤ ਕੀਤਾ ਗਿਆ ਹੈ । ਇਹ ਬੜਾ ਅੱਛਾ ਕਦਮ ਹੈ । ਪੰਜਾਬ ਵਿਚ ਉਦਯੋਗ ਵਿਕਾਸ ਕਾਰਪੋਰੇਸ਼ਨ ਬਣਾ ਕੇ ਬੜਾ ਭਾਰੀ ਖਰਚ ਕੀਤਾ ਗਿਆ ਹੈ । ਮੈਂ ਬੇਨਤੀ ਕਰਾਂਗਾ ਕਿ ਇਸ ਵਾਸਤੇ ਜਿਹੜੇ ਪੁਰਜ਼ੇ ਜਾਂ ਹੋਰ ਮਸ਼ੀਨਰੀ ਆਦਿ ਖਰੀਦਣ ਦੀ ਲੋੜ ਹੈ ਉਸ ਵਾਸਤੇ ਹਰਿਆਣੇ ਜਾ ਹੋਰ ਬਾਹਰਲਿਆਂ ਸੂਬਿਆਂ ਨਾਲ ਕੰਟਰੈਕਟ ਨਾ ਕੀਤਾ ਜਾਵੇ ਬਲਕਿ ਪੰਜਾਬ ਵਿਚ ਹੀ ਸਮਾਲ ਸਕੇਲ ਇੰਡਸਟਰੀਜ਼ ਕਾਫੀ ਤਰਕੀ ਕਰ ਗਈ ਹੈ ਅਤੇ ਇਹ ਮਸ਼ੀਨਰੀ ਆਦਿ ਖਰੀਦਣ ਵਾਸਤੇ ਪੰਜਾਬ ਦੇ ਲੋਕਾਂ ਨੂੰ ਹੀ ਤਰਜੀਹ ਦਿਤੀ ਜਾਵੇ । ਇਸੇ ਤਰ੍ਹਾਂ ਢੰਡਾਰੀ, ਰਾਜਪੁਰਾ ਅਤੇ ਮੁਹਾਲੀ ਵਿਖੇ ਉਦਯੋਗ ਵਿਕਾਸ ਕੇਂਦਰਾਂ ਨੂੰ ਉੱਨਤ ਕੀਤਾ ਗਿਆ ਹੈ । ਕੇਂਦਰ ਦੀ ਸਰਕਾਰ ਵੱਡੇ ਪਰਾਜੈਕਟ ਪੰਜਾਬ ਨੂੰ ਦੇਣ ਵਿਚ ਹਿਚਕਚਾਹਟ ਕਰਦੀ ਹੈ ਇਹ ਚੰਗੀ ਗਲ ਨਹੀਂ ਹੈ । ਇਸ ਤਰ੍ਹਾਂ ਨਾਲ ਕੇਂਦਰ ਦੀ ਸਰਕਾਰ ਨੂੰ ਪੰਜਾਬ ਨੂੰ ਇਗਨੋਰ ਨਹੀਂ ਕਰਨਾ ਚਾਹੀਦਾ ਹੈ । ਇਸ ਗਲ ਦਾ ਗਵਰਨਰ ਦੇ ਐਡਰੈਸ ਵਿਚ ਵੀ ਅਫਸੋਸ ਦਾ ਪਰਗਟਾਵਾ ਕੀਤਾ ਗਿਆ ਹੈ । ਇੰਡਸਟਰੀਜ਼ ਦੇ ਸਿਲਸਿਲੇ ਵਿਚ ਵੀ ਗੁਰਦਾਸ-ਪੁਰ ਨੂੰ ਪਿਛੇ ਰਖਿਆ ਗਿਆ ਹੈ ਅਤੇ ਇਸ ਚੀਜ਼ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਸਫ਼ਾ—9 ਤੇ ਪੈਰਾ ਨੰ: 16; ਜ਼ਮੀਨ ਨੂੰ ਪਾਣੀ ਮਿਲਣ ਵਾਸਤੇ ਇਕ ਟਿਊਬਵੈਲ ਕਾਰਪੋਰੇਸ਼ਨ ਕਾਇਮ ਕੀਤੀ ਜਾ ਰਹੀ ਹੈ । ਜਿਥੇ ਟਿਊਬਵੈਲ ਨਹੀਂ ਲਗਦੇ ਉਥੇ ਇਹ ਕਾਰਪੋਰੇਸ਼ਨ ਰਾਹੀਂ ਜ਼ਮੀਨ ਨੂੰ ਪਾਣੀ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ । ਇਸ ਤਰ੍ਹਾਂ ਨਾਲ ਮੁਲਕ ਵਿਚ ਖੁਸ਼ਹਾਲੀ ਲਿਆਂਦੀ ਜਾਵੇਗੀ। ਮੈਂ ਇਸ ਗਲ ਦੀ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ।

ਗੁਰੂ ਨਾਨਕ ਥਰਮਲ ਪਲਾਂਟ ਬਠਿੰਡੇ ਵਿਚ ਲਗਾਇਆ ਹੈ । ਇਥੇ ਲਿੰਕ ਰੋਡਜ਼ ਦਾ ਜ਼ਿਕਰ ਕੀਤਾ ਗਿਆ ਹੈ, ਇਸ ਸਿਲਸਿਲੇ ਵਿਚ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਗੁਰਦਾਸਪੁਰ ਤੋਂ ਚੰਡੀਗੜ੍ਹ ਆਉਣ ਵਿਚ ਸਤ ਘੰਟੇ ਲਗ ਜਾਂਦੇ ਹਨ । ਮੁਕੇਰੀਆਂ, ਸਿਰੀ ਹਰਗੋਬਿੰਦਪੁਰ ਤੇ ਪੁਲ ਬਣਾਇਆ ਜਾਵੇ ਤਾਂ ਕਿ ਚੰਡੀਗੜ੍ਹ ਆਉਣ ਵਿਚ ਐਨੀ ਤਕਲੀਫ ਨਾ ਹੋਵੇ ।

ਸਫ਼ਾ—11 ਤੇ ਪੈਰਾ ਨੰ: 18; ਐਜੂਕੇਸ਼ਨ ਦੇ ਸਿਲਸਿਲੇ ਵਿਚ ਮੈਂ ਅਰਜ਼ ਕਰਾਂ ਕਿ ਐਜੂਕੇਸ਼ਨ ਦੇ ਬਾਰੇ ਵਿਚ ਸਰਕਾਰ ਨੇ ਬਹੁਤ ਅਛਾ ਕੰਮ ਕੀਤਾ ਹੈ ਇਤਨਾਂ ਤਾਂ ਪਿਛਲੇ 20 ਸਾਲਾਂ ਵਿਚ ਕਦੇ ਵੀ ਨਹੀਂ ਹੋਇਆ ਹੈ। ਜਿਹੜਾ ਐਜੂਕੇਸ਼ਨ ਦੇ ਬਾਰੇ ਵਿਚ ਸਕੂਲ ਖੋਲ੍ਹਣ ਬਾਰੇ ਦਸਿਆ ਗਿਆ ਹੈ,ਇਸ ਵਿਚ ਵੀ ਗੁਰਦਾਸਪੁਰ ਦਾ ਜ਼ਿਲ੍ਹਾ ਬਹੁਤ ਪਿਛੇ ਰਖਿਆ ਗਿਆ ਹੈ । ਜਿਹੜੇ ਉਥੇ ਕਾਲਜ ਚਲ ਰਹੇ ਹਨ ਉਹ ਬੜੇ ਗਰੀਬੀ ਦੀ ਹਾਲਤ ਵਿਚ ਚਲ ਰਹੇ ਹਨ । ਜਿਸ ਤਰ੍ਹਾਂ ਜਲੰਧਰ ਅਤੇ ਲੁਧਿਆਣੇ ਦੇ ਜ਼ਿਲ੍ਹਿਆਂ ਵਿਚ ਐਜੂਕੇਸ਼ਨ ਦੀ ਤਰੱਕੀ ਹੋ ਰਹੀ ਹੈ, ਉਸੇ ਤਰ੍ਹਾਂ ਹੀ ਜ਼ਿਲ੍ਹਾ ਗੁਰਦਾਸਪੁਰ ਵਿਚ ਵੀ ਤਰੱਕੀ ਹੋਣੀ ਚਾਹੀਦੀ ਹੈ ।

ਟਰਾਂਸਪੋਰਟ ਦੇ ਸਿਲਸਿਲੇ ਵਿਚ ਮੋਗਾ, ਪਟਿਆਲਾ, ਬਠਿੰਡਾ ਅਤੇ ਮੁਕਤਸਰ, ਆਦਿ ਵਿਖੇ ਬਸ ਸਟੈਂਡ ਬਣਾਉਣ ਦੀ ਸਕੀਮ ਹੈ । ਪੰਜਾਬ ਰੋਡਵੇਜ਼ ਦੇ ਰੂਟਾਂ ਵਿਚ ਵਾਧਾ ਕੀਤਾ ਗਿਆ ਹੈ ਤਾਂ ਕਿ

[ਸਰਦਾਰ ਮਹਿੰਦਰ ਸਿੰਘ ਬਬੇਹਾਲੀ]

ਲੋਕਾਂ ਦੇ ਆਣ ਜਾਣ ਦੇ ਸਾਧਨ ਅਛੇ ਹੋ ਸਕਣ ਇਹ ਬਹੁਤ ਅਛੇ ਕੰਮ ਕੀਤੇ ਗਏ ਹਨ। ਪਰ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਗੁਰਦਾਸਪੁਰ ਤੋਂ ਚੰਡੀਗੜ੍ਹ ਰੂਟ ਤੇ ਹੋਰ ਬਸਾਂ ਪਾਉਣੀਆਂ ਚਾਹੀਦੀਆਂ ਹਨ ਤਾਂ ਕਿ ਲੋਕਾਂ ਨੂੰ ਹੁਣ ਜੋ ਮੁਸ਼ਕਿਲ ਪੇਸ਼ ਆ ਰਹੀ ਹੈ, ਉਹ ਦੂਰ ਹੋ ਸਕੇ। ਗੁਰਦਾਸਪੁਰ ਵਿਚ ਲੋਕਲ ਬਸਾਂ ਚਲਾਉਣ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਜਿਹੜੇ ਸਤ ਅੱਠ ਮੀਲ ਦੇ ਰੇਡਿਅਸ ਵਿਚੋਂ ਬੱਚੇ ਪੜ੍ਹਨ ਆਉਂਦੇ ਹਨ ਉਨ੍ਹਾਂ ਨੂੰ ਸਕੂਲ ਆਉਣ ਜਾਣ ਵਿਚ ਸਹੂਲਤ ਮਿਲੇ। ਇਸੇ ਤਰ੍ਹਾਂ ਜ਼ਿਮੀਂਦਾਰਾਂ ਨੂੰ ਜੋ ਕਚਿਹਿਰੀਆਂ ਵਿਚ ਆਉਣ ਜਾਣ ਦੀ ਤਕਲੀਫ ਹੁੰਦੀ ਹੈ ਉਹ ਵੀ ਹਟ ਸਕੇ। ਗੁਰਦਾਸਪੁਰ, ਬਟਾਲਾ, ਇਨ੍ਹਾਂ ਸਤ, ਅੱਠ ਮੀਲ ਦੇ ਰੇਡਿਅਸ ਵਿਚ ਲੋਕਲ ਬਸਾਂ ਚਲਾਉਣ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

ਮਕਾਨਾਂ ਦੀ ਉਸਾਰੀ ਵਾਸਤੇ 75 ਲੱਖ ਰੁਪਿਆ ਸਰਕਾਰ ਨੇ ਰੱਖਿਆ ਹੈ ਅਤੇ ਅੱਗੇ ਵੀ ਹੋਰ ਰੱਖਦੇ ਹਨ। ਮਕਾਨਾਂ ਦੀ ਉਸਾਰੀ ਵਾਸਤੇ ਜਿਹੜੇ ਕਰਜ਼ੇ ਦਿੰਦੇ ਹੋ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਇਸ ਪਾਸੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਗਰੀਬ ਲੋਕ ਹਰੀਜਨ ਔਰ ਦੂਸਰੇ ਗਰੀਬ ਲੋਕ ਜੋ ਰਹਿੰਦੇ ਹਨ, ਉਨ੍ਹਾਂ ਕੋਲ ਕੋਈ ਜਗ੍ਹਾ ਨਹੀਂ। ਥਾਂ ਨਾ ਹੋਣ ਕਰਕੇ ਉਹ ਬੜੀ ਤੰਗੀ ਵਿਚ ਰਹਿੰਦੇ ਹਨ। ਉਨ੍ਹਾਂ ਨੂੰ ਨੌਕਰੀਆਂ ਦਿਓ, ਵਜ਼ੀਫੇ ਦਿਓ, ਤਰੱਕੀਆਂ ਦਿਓ, ਪਰ ਜਿੰਨਾ ਚਿਰ ਉਨ੍ਹਾਂ ਨੂੰ ਰਿਹਾਇਸ਼ ਲਈ ਥਾਂ ਨਹੀਂ ਦਿਤੀ ਜਾਂਦੀ, ਉਤਨੀ ਦੇਰ ਤੱਕ ਉਨ੍ਹਾਂ ਦੀ ਤਰੱਕੀ ਨਹੀਂ ਹੋ ਸਕਦੀ। ਉਹ ਬੜੀ ਤੰਗੀ ਵਿਚ ਰਹਿੰਦੇ ਹਨ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਸੋਸ਼ਲ ਵੈਲਫੇਅਰ ਦੇ ਰਾਹੀਂ ਜਾਂ ਕਿਸੇ ਹੋਰ ਪਾਸਿਉਂ ਪੈਸੇ ਕੱਢ ਕੇ, ਪਿੰਡਾਂ ਦੀ ਸ਼ਾਮਲਾਟ ਜ਼ਮੀਨ ਐਕੁਆਇਰ ਕਰਕੇ ਜਾਂ ਹੋਰ ਕਿਸੇ ਤਰ੍ਹਾਂ ਜ਼ਮੀਨ ਦੇ ਕੇ ਉਨ੍ਹਾਂ ਨੂੰ ਘਰਾਂ ਲਈ ਥਾਂ ਦਿਤੀ ਜਾਵੇ। ਜਿਥੋਂ ਤਕ ਕਰਜ਼ਿਆਂ ਦੀ ਗੱਲ ਹੈ, ਇਹ ਬੜੀ ਅੱਛੀ ਗੱਲ ਹੈ, ਮਿਲਣੇ ਚਾਹੀਦੇ ਹਨ। ਇਥੇ ਬਹੁਤ ਸਾਰੇ ਮੈਂਬਰਜ਼ ਨੇ ਹਰੀਜਨਾਂ ਨਾਲ ਨਾ-ਮਿਲਵਰਤਨ ਜਾਂ ਉਨ੍ਹਾਂ ਲੋਕਾਂ ਦੇ ਨਾਲ ਲੜਾਈ ਝਗੜੇ ਅਤੇ ਫਸਾਦਾਂ ਦਾ ਹਵਾਲਾ ਦਿਤਾ ਹੈ। ਇਹੀ ਵਜਹ ਹੈ ਕਿ ਉਨ੍ਹਾਂ ਨੂੰ ਪਿੰਡਾਂ ਵਿਚ ਰਹਿਣ ਵਾਸਤੇ ਜਗ੍ਹਾ ਨਹੀਂ ਮਿਲਦੀ ਜਿਸ ਕਰਕੇ ਛੋਟੀਆਂ ਛੋਟੀਆਂ ਗੱਲਾਂ ਤੇ ਝਗੜੇ ਹੁੰਦੇ ਹਨ। ਇਸ ਲਈ ਮੈਂ ਸਰਕਾਰ ਨੂੰ ਪੁਰਜ਼ੋਰ ਸੁਝਾਉ ਦਿਆਂਗਾ ਕਿ ਜ਼ਮੀਨ ਐਕੁਆਇਰ ਕਰਕੇ ਉਨ੍ਹਾਂ ਗਰੀਬਾਂ ਲਈ ਮਕਾਨ ਲਈ ਜਗ੍ਹਾ ਦਿਤੀ ਜਾਵੇ। ਉਨ੍ਹਾਂ ਨੂੰ ਜਗ੍ਹਾ ਜ਼ਰੂਰ ਦੇਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਵਿਕਾਸ ਦਾ ਕੰਮ ਬੜੀ ਤੇਜ਼ੀ ਨਾਲ ਹੋ ਰਿਹਾ ਹੈ। ਵਿਕਾਸ ਬੋਰਡ ਆਨੰਦਪੁਰ ਸਾਹਿਬ, ਮੁਕਤਸਰ ਸਾਹਿਬ, ਅੰਮ੍ਰਿਤਸਰ, ਰਾਮ ਤੀਰਥ, ਲੁਧਿਆਣਾ, ਫਤਹਿਗੜ੍ਹ ਆਦਿ ਬਣੇ ਹਨ। ਇਹ ਬੜੇ ਜ਼ਰੂਰੀ ਹਨ। ਇਹ ਬੜੀ ਜ਼ਰੂਰੀ ਗੱਲ ਹੈ ਕਿ ਇਨ੍ਹਾਂ ਧਾਰਮਿਕ ਸਥਾਨਾਂ ਦੀ ਜ਼ਰੂਰੀ ਤੌਰ ਤੇ ਤਰੱਕੀ ਹੋਣੀ ਚਾਹੀਦੀ ਹੈ, ਇਸ ਗੱਲ ਲਈ ਮੈਂ ਸਰਕਾਰ ਨੂੰ ਮੁਬਾਰਕਬਾਦ ਦਿਆਂਗਾ ਕਿਉਂਕਿ ਇਹ ਸਰਕਾਰ ਨੇ ਇਕ ਬੜਾ ਅੱਛਾ ਕਦਮ ਚੁੱਕਿਆ ਹੈ। ਪਰ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਗੁਰਦਾਸਪੁਰ ਜ਼ਿਲ੍ਹੇ ਦੇ ਇਕ ਪਿੰਡ ਕੱਨੋਵਾਲ ਵਲ ਦਿਵਾਉਣਾ ਚਾਹੁੰਦਾ ਹਾਂ ਜਿਥੇ ਕਿ ਘਲੂ ਘਾਰਾ ਗੁਰਦੁਆਰਾ ਹੈ। ਉਥੇ ਮੁਗਲਾਂ ਦੇ ਰਾਜ ਵਿਚ ਮੁਗਲਾਂ ਨੇ ਸਿੱਖਾਂ ਨੂੰ ਸਾੜਿਆ, ਸਿੱਖਾਂ ਨੂੰ ਬੇਰਹਿਮੀ ਨਾਲ ਮਾਰਿਆ ਗਿਆ। ਉਹ ਬੜਾ ਇਤਿਹਾਸਕ ਗੁਰਦੁਆਰਾ ਹੈ। ਇਤਿਹਾਸਕ ਯਾਦਗਾਰ ਹੈ ਸਿੱਖਾਂ ਦੀ। ਉਸ ਇਤਿਹਾਸਕ ਗੁਰਦੁਆਰੇ ਵਾਸਤੇ ਇਹ ਸਰਕਾਰ ਬਿਲਕੁਲ ਕੁਝ ਵੀ ਕਰਨ ਲਈ ਤਿਆਰ ਨਹੀਂ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਹੋ ਜਿਹੇ ਇਤਿਹਾਸਕ ਗੁਰਦੁਆਰਿਆਂ ਵੱਲ ਧਿਆਨ ਦਿਤਾ ਜਾਵੇ ਅਤੇ ਇਹੋ ਜਿਹੀ ਜਗ੍ਹਾ ਤੇ ਯਾਦਗਾਰ ਜ਼ਰੂਰ ਬਣਾਈ ਜਾਵੇ।

ਮੈਂ ਹੋਰ ਦਸਦਾ ਹਾਂ ਕਿ ਉਥੇ ਇਕ ਪਿੰਡ ਗੁਰਦਾਸਪੁਰ ਵਿਚ ਬੰਦਾ ਬਹਾਦਰ ਨੂੰ ਗਰਿਫਤਾਰ ਕੀਤਾ ਗਿਆ। ਉਸ ਬੰਦਾ ਬਹਾਦਰ ਨੂੰ, ਜਿਸ ਨੂੰ ਕਿ ਗੁਰੂ ਗੋਬਿੰਦ ਸਿੰਘ ਨੇ ਥਾਪਣਾ ਦਿਤੀ ਅਤੇ ਜਿਸ ਨੇ ਕਿ ਮੁਗਲਾਂ ਦੇ ਜ਼ੁਲਮ ਦੇ ਖਿਲਾਫ ਲੜਾਈ ਲੜੀ, ਨੂੰ ਉਥੋਂ ਗਰਿਫਤਾਰ ਕਰਕੇ ਦਿੱਲੀ ਵਿਚ ਲਿਆਂਦਾ ਗਿਆ ਅਤੇ ਉਥੇ ਉਸ ਨੂੰ ਤਸੀਹੇ ਦੇ ਕੇ ਮਾਰਿਆ ਗਿਆ। ਇਸ ਲਈ ਉਥੇ ਬੰਦਾ ਬਹਾਦਰ ਦੀ ਵੀ ਯਾਦਗਾਰ ਬਣਾਉਣੀ ਚਾਹੀਦੀ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਤੁਸੀਂ ਤਾਂ ਮੇਰੇ ਜਿਲ੍ਹੇ ਦੇ ਹੋ, ਮੈਨੂੰ 3-4 ਮਿੰਟ ਹੋਰ ਦੇ ਦਿਓ। (ਹਾਸਾ) ਡਿਪਟੀ ਸਪੀਕਰ ਸਾਹਿਬ, ਇਸ ਗਵਰਨਰ ਭਾਸ਼ਣ ਵਿਚ ਗੰਦੇ ਨਾਲੇ ਠੀਕ ਕਰਨ, ਅੱਛੀਆਂ ਅੱਛੀਆਂ ਸਕੀਮਾਂ ਬਣਾਉਣ, ਸੜਕਾਂ ਦਾ ਸੁਧਾਰ ਕਰਨ ਬਹੁਤ ਸਾਰੀਆਂ ਸਕੀਮਾਂ ਹਨ ਜੋ ਕਿ ਬਹੁਤ ਅੱਛੀਆਂ ਸਕੀਮਾਂ ਹਨ। ਕੀ ਸਰਕਾਰ ਇਹੋ ਜਿਹੀਆਂ ਸਕੀਮਾਂ ਗੁਰਦਾਸਪੁਰ, ਪਠਾਨਕੋਟ, ਬਟਾਲਾ ਅਤੇ ਡੇਹਰਾ ਬਾਬਾ ਨਾਨਕ ਵਿਚ ਨਹੀਂ ਬਣਾ ਸਕਦੀ ? ਮੈਂ ਬੇਨਤੀ ਕਰਾਂਗਾ ਕਿ ਸੁਲਤਾਨਪੁਰ ਲੋਧੀ, ਮੁਕਤਸਰ ਇਤਿਹਾਸਕ ਜਗ੍ਹਾ ਹਨ, ਲੇਕਿਨ ਬਟਾਲਾ ਜਿਥੇ ਗੁਰੂ ਨਾਨਕ ਦੇਵ ਜੀ ਦੀ ਸ਼ਾਦੀ ਹੋਈ ਸੀ, ਅਚਲ ਸਾਹਿਬ ਜਿਥੇ ਕਿ ਗੁਰੂ ਜੀ ਨੇ ਸਿੱਧਾਂ ਨਾਲ ਗੱਲ ਬਾਤ ਕੀਤੀ ਸੀ, ਡੇਰਾ ਬਾਬਾ ਨਾਨਕ ਉਥੇ ਇਕ ਖੂਹ ਹੈ ਜਿਥੇ ਕਿ ਗੁਰੂ ਜੀ ਨੇ ਆਪਣੀ ਜ਼ਿੰਦਗੀ ਦਾ ਹਿੱਸਾ ਗੁਜ਼ਾਰਿਆ। ਇਸ ਲਈ ਮੈਂ ਕਹਿੰਦਾ ਹਾਂ ਕਿ ਡੇਹਰਾ ਬਾਬਾ ਨਾਨਕ, ਅਚਲ ਬਟਾਲਾ ਨੂੰ ਇਗਨੋਰ ਨਹੀਂ ਕਰਨਾ ਚਾਹੀਦਾ। ਮੈਂ ਸਮਝਦਾ ਹਾਂ ਕਿ ਇਨ੍ਹਾਂ ਜਗ੍ਹਾਂ ਵਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਜਦ ਸੁਲਤਾਨਪੁਰ ਲੋਧੀ ਅਤੇ ਆਨੰਦਪੁਰ ਸਾਹਿਬ ਵਿਚ ਬਣਾਏ ਗਏ.....(ਵਿਘਨ)

Mr. Deputy Speaker : Please resume your seat.

ਸਰਦਾਰ ਮਹਿੰਦਰ ਸਿੰਘ ਬਬੇਹਾਲੀ : ਡਿਪਟੀ ਸਪੀਕਰ ਸਾਹਿਬ, ਪੱਕੀਆਂ ਨਾਲੀਆਂ ਪਿੰਡਾਂ ਵਿਚ ਬਣਾਈਆਂ ਗਈਆਂ। (ਘੰਟੀ)

Mr. Deputy Speaker : Please resume your seat.

ਸਰਦਾਰ ਮਹਿੰਦਰ ਸਿੰਘ ਬਬੇਹਾਲੀ : ਜਿਸ ਤਰ੍ਹਾਂ ਹੋਰਨਾਂ ਜ਼ਿਲ੍ਹਿਆਂ, ਜਿਸ ਤਰ੍ਹਾਂ ਅੰਮ੍ਰਿਤਸਰ, ਰਾਜਪੁਰਾ ਆਦਿ ਵਿਚ ਬੱਚਿਆਂ ਦੀ ਹਿਫ਼ਾਜ਼ਤ ਵਾਸਤੇ, ਖੁਰਾਕ ਦੇਣ ਵਾਸਤੇ ਅਤੇ ਗੰਦੀਆਂ ਨਾਲੀਆਂ ਨੂੰ ਠੀਕ ਕਰਨ ਵਾਸਤੇ ਪ੍ਰਬੰਧ ਕੀਤਾ ਗਿਆ ਹੈ। (ਘੰਟੀ) ਮੈਂ ਬੇਨਤੀ ਕਰਾਂਗਾ ਕਿ ਗੁਰਦਾਸ-ਪੁਰ ਵਿਚ ਵੀ ਇਹ ਪ੍ਰਬੰਧ ਕੀਤਾ ਜਾਵੇ।

ਸਰਦਾਰ ਲਛਮਣ ਸਿੰਘ (ਗੁਰੂ ਹਰ ਸਹਾਏ) : ਵੈਸੇ, ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਬਾਰੇ ਅੱਗੇ ਵੀ ਕਾਫੀ ਕੁਝ ਕਿਹਾ ਗਿਆ ਹੈ। ਮੈਂ ਵੀ ਲਾਅ ਐਂਡ ਆਰਡਰ ਦੇ ਬਾਰੇ ਗੱਲ ਦੱਸਦਾ ਹਾਂ ਕਿ ਸਾਡੇ ਇਲਾਕੇ ਦੇ ਵਿਚ ਵੀ ਬੜੀ ਲਾਕਨੂੰਨੀ ਹੈ। ਦੋ ਤਰੀਕ ਨੂੰ ਇਕ ਪਿੰਡ ਵਿਚ ਦੋ ਸਿਪਾਹੀ ਆਏ ਔਰ ਉਨ੍ਹਾਂ ਨੇ ਨਾਜ਼ਾਇਜ਼ ਸ਼ਰਾਬ ਫੜ ਕੇ ਆਪ ਵੀ ਪੀਣੀ ਸ਼ੁਰੂ ਕਰ ਦਿਤੀ। (ਹਾਸਾ) (ਵਿਘਨ) ਨਾਲ ਹੀ ਉਨ੍ਹਾਂ ਆਦਮੀਆਂ ਦੇ ਕੋਲੋਂ ਉਨ੍ਹਾਂ ਨੇ 30 ਰੁਪਏ ਲੈ ਲਏ, ਉਹ ਵਿਚਾਰੇ ਕੁਝ ਵੇਚ ਕੇ ਆਏ ਸਨ। ਇਸ ਤਰ੍ਹਾਂ ਪਿੰਡ ਦੇ 5-7 ਆਦਮੀ ਰਲਾ ਕੇ ਉਹ ਰਾਤ ਸ਼ਰਾਬ ਪੀਂਦੇ ਰਹੇ। ਜਦ ਦਿਨ ਚੜ੍ਹਿਆ ਤਾਂ ਦਿਨ ਵੇਲੇ ਉਹ ਸ਼ਰਾਬੀ ਗਲੀਆਂ ਵਿਚ ਫਿਰਦੇ ਪਏ ਸਨ। ਜਦ ਸਰਪੰਚ ਕੋਲ ਸ਼ਿਕਾਇਤ ਕੀਤੀ ਗਈ ਤਾਂ ਉਸ ਨੇ ਕੋਸ਼ਿਸ਼ ਕੀਤੀ ਕਿ ਗੱਡੇ ਤੇ ਉਨ੍ਹਾਂ ਸ਼ਰਾਬੀਆਂ ਨੂੰ ਪਾ ਕੇ ਹਸਪਤਾਲ ਲਿਜਾਇਆ ਜਾਵੇ ਤਾਕਿ ਉਨ੍ਹਾਂ ਦਾ ਮੁਆਇਨਾ ਕਰਾਕੇ ਉਨ੍ਹਾਂ ਤੇ ਕੁਝ ਐਕਸ਼ਨ ਹੋਵੇ। ਪਰ ਉਨ੍ਹਾਂ ਸ਼ਰਾਬੀਆਂ ਨੂੰ ਪਤਾ ਲੱਗ ਗਿਆ ਕਿ ਇਹ ਕੰਮ ਸਾਡੇ

[ਸਰਦਾਰ ਲਛਮਣ ਸਿੰਘ]

ਨਾਲ ਹੋ ਰਿਹਾ ਹੈ ਤਾਂ ਉਹ ਭੱਜ ਕੇ ਘਰ ਵੜ ਗਏ ਜਿਥੇ ਕਿ ਉਹ ਬੈਠ ਕੇ ਸ਼ਰਾਬ ਪੀਂਦੇ ਰਹੇ ਸਨ । ਪਰ ਉਨ੍ਹਾਂ ਨੇ ਥਾਣੇ ਇਤਲਾਹ ਦਿਤੀ ਕਿ ਪਿੰਡ ਵਾਲਿਆਂ ਨੇ ਸਾਡੇ ਤੇ ਹਮਲਾ ਕਰ ਦਿਤਾ । ਥਾਣੇਦਾਰ ਨੇ 2 ਜੀਪਾਂ ਲਈਆਂ, ਨਾਲ ਸਟਾਫ ਲਿਆ ਅਤੇ ਮੌਕੇ ਤੇ ਆਏ । ਉਹ ਦੋਨਾਂ ਸਿਪਾਹੀਆਂ ਨੂੰ ਲੈ ਗਏ ਪਰ ਉਨ੍ਹਾਂ ਨੇ ਪਿੰਡ ਦੀ ਕੋਈ ਗੱਲ ਨਾ ਸੁਣੀ । ਸਗੋਂ ਉਨ੍ਹਾਂ ਨੇ ਕਿਹਾ ਕਿ ਤੁਸੀਂ ਇਨ੍ਹਾਂ ਨੂੰ ਹਸਪਤਾਲ ਲੈ ਜਾਂਦੇ ਪਰ ਇਸ ਤਰ੍ਹਾਂ ਤੁਸੀਂ ਠੀਕ ਨਹੀਂ ਕੀਤੀ । ਉਨ੍ਹਾਂ ਨੇ 12 ਬੰਦਿਆਂ ਤੇ ਪਰਚਾ ਕਰ ਦਿਤਾ ਅਤੇ ਜੋ ਹਾਜ਼ਰ ਨਹੀਂ ਸਨ ਉਨ੍ਹਾਂ ਦੀਆਂ ਤੀਵੀਆਂ ਬੱਚਿਆਂ ਨੂੰ ਲੈ ਜਾਕੇ ਉਥੇ ਮਾਰਿਆ, ਕੁੱਟਿਆ । (ਸ਼ੇਮ, ਸ਼ੇਮ) । ਫਿਰ ਐਸ. ਐਸ. ਪੀ. ਕੋਲ ਗੱਲ ਗਈ, ਇਨਕੁਆਇਰੀ ਹੋਈ । ਇਨਕੁਆਇਰੀ ਹੋਣ ਤੋਂ ਬਾਅਦ ਉਹ ਗਲਤ ਸਾਬਤ ਹੋਈ । ਪਰਚਾ ਖਾਰਜ ਹੋ ਗਿਆ, ਮਗਰ ਉਸ ਥਾਣੇਦਾਰ ਨੂੰ ਕੋਈ ਸਜ਼ਾ ਨਹੀਂ ਹੋਈ । ਸਿਪਾਹੀਆਂ ਨੂੰ ਕੋਈ ਸਜ਼ਾ ਨਹੀਂ ਹੋਈ । ਜੇ ਉਨ੍ਹਾਂ ਨੂੰ ਸਜ਼ਾ ਹੋ ਜਾਂਦੀ ਤਾਂ ਉਨ੍ਹਾਂ ਨੂੰ ਪਤਾ ਲੱਗ ਜਾਂਦਾ, ਪਰ ਇਸ ਤਰ੍ਹਾਂ ਉਨ੍ਹਾਂ ਦੇ ਹੌਸਲੇ ਹੋਰ ਵੀ ਵਧ ਜਾਂਦੇ ਹਨ । ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਦੀ ਇਕ ਜਲਾਲਾਬਾਦ ਦੀ ਗੱਲ ਹੈ । ਉਥੇ ਇਕ ਪਿੰਡ ਹੈ ਜਨੀਸਰ । ਉਥੋਂ ਦੀ ਇਕ ਲੜਕੀ (ਨਿਕਲ) ਚਲੀ ਗਈ । ਇਸ ਤੇ ਪਿੰਡ ਦੇ ਹਰੀਜਨਾਂ ਨੂੰ ਫੜਕੇ ਥਾਣੇ ਵਿਚ ਰੱਖਕੇ 3-4 ਮਹੀਨੇ ਕੁੱਟਿਆ ਮਾਰਿਆ ਗਿਆ ਉਨ੍ਹਾਂ ਦਾ ਬੁਰਾ ਹਾਲ, ਬਾਂਕੇ ਦਿਹਾੜੇ ਕੀਤੇ ਗਏ । ਪਰ ਅਖੀਰ ਵਿਚ ਉਹ ਸਾਬਤ ਨਾ ਹੋਇਆ, ਉਹ ਨਾ-ਕਸੂਰਵਾਰ ਪਾਏ ਗਏ ।ਮੈਂ ਦੱਸਦਾ ਹਾਂ ਕਿ ਇਸ ਤਰ੍ਹਾਂ ਦਾ ਇਨ੍ਹਾਂ ਦਾ ਲਾਅ ਐਂਡ ਆਰਡਰ ਹੈ । ਮੌਕੇ ਤੇ ਅਫਸਰ ਪਰਵਾਹ ਨਹੀਂ ਕਰਦੇ । ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਗੱਲਾਂ ਨੂੰ ਨੋਟ ਕਰ ਲੈਣ ਅਤੇ ਐਕਸ਼ਨ ਲੈਣ । ਵੈਸੇ ਤਾਂ ਇਨ੍ਹਾਂ ਨੇ ਕਾਫੀ ਸਾਰੇ ਸਕਵੈਡ ਅਤੇ ਹੋਰ ਕਈ ਏਜੰਸੀਆਂ ਇਸ ਕੰਮ ਲਈ ਬਣਾਈਆਂ ਹਨ, ਪਰ ਉਹ ਕਰਦੇ ਕੁਝ ਨਹੀਂ । ਕਸੂਰ ਵਾਰ ਨੂੰ ਫੜ ਕੇ ਜ਼ਰੂਰ ਸਜ਼ਾ ਦੇਣੀ ਚਾਹੀਦੀ ਹੈ ।

ਮੈਂ ਵਿਦਿਆ ਦੇ ਬਾਰੇ ਅਰਜ਼ ਕਰਦਾ ਹਾਂ । ਮੈਂ ਪਿਛਲੇ ਸੈਸ਼ਨ ਵਿਚ ਵੀ ਆਪਣੇ ਹਲਕੇ ਦੇ ਹਾਈ ਸਕੂਲ ਦੇ ਬਾਰੇ ਗੱਲ ਕੀਤੀ ਸੀ । ਇਨਕੁਆਇਰੀ ਵੀ ਹੋਈ, ਅਤੇ ਮੌਕੇ ਤੇ ਤੰਬੂ ਲੱਗੇ ਹੋਏ ਸਾਬਤ ਹੋਏ । 1 ਲੱਖ 25 ਹਜ਼ਾਰ ਰੁਪਿਆ ਵੀ ਸਾਨੂੰ ਕਿਹਾ ਗਿਆ ਸੀ ਕਿ ਦਿਆਂਗੇ ਪਰ ਮਿਲਿਆ ਨਹੀਂ । ਉਸੇ ਤਰ੍ਹਾਂ ਤੰਬੂਆਂ ਵਿਚ ਹੀ ਪੜ੍ਹਾਈ ਚੱਲਦੀ ਹੈ । ਇਥੇ ਕਿਹਾ ਜਾਂਦਾ ਹੈ ਕਿ ਮੁੱਖ ਮੰਤਰੀ ਜੀ ਫਿਰੋਜ਼ਪੁਰ ਦੇ ਹਨ ਅਤੇ ਉਹ ਫਿਰੋਜ਼ਪੁਰ ਬਾਰੇ ਬਹੁਤ ਕੁਝ ਕਰ ਰਹੇ ਹਨ, ਕੁਝ ਹੋ ਸਕਦਾ ਹੈ ਕੁਝ ਹੱਦ ਤੱਕ ਠੀਕ ਹੈ, ਪਰ ਮੈਂ ਕਹਿੰਦਾ ਹਾਂ ਕਿ ਇਹ ਸਭ ਕੁਝ ਗੱਲਾਂ ਵਿਚ ਹੀ ਹੈ, ਮਿਲਦਾ ਮਿਲਾਂਦਾ ਕੁਝ ਨਹੀਂ ਹੈ ।

ਸੜਕਾਂ ਦੇ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਚੀਫ ਮਨਿਸਟਰ ਸਾਹਿਬ ਨੂੰ ਜੇ ਕਦੇ ਮੌਕਾ ਮਿਲੇ ਤਾਂ ਫਿਰੋਜ਼ਪੁਰ ਫਾਜ਼ਿਲਕਾ ਰੋਡ ਜਾ ਕੇ ਵੇਖਣ ਤਾਂ ਪਤਾ ਲਗੇਗਾ ਕਿ ਇਹ 50 ਮੀਲ ਲੰਬੀ ਸੜਕ ਹੈ ਔਰ ਇਸ ਸੜਕ ਦਾ ਬਹੁਤ ਬੁਰਾ ਹਾਲ ਹੈ । (ਵਿਘਨ)

ਦੁਖ ਦਸਣਾ ਤਾਂ ਸਾਡਾ ਹੱਕ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਮੇਰੇ ਇਕ ਸਾਥੀ ਸਰਦਾਰ ਗੁਰਦੇਵ ਸਿੰਘ ਨੇ ਕਿਹਾ ਹੈ ਕਿ ਹਰੀਜਨਾਂ ਦਾ ਨਾਮ ਸਾਰੇ ਲੈਂਦੇ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਕਮਜ਼ੋਰ ਆਦਮੀ ਤੇ ਹਰ ਇਕ ਦਾ ਜ਼ੋਰ ਹੁੰਦਾ ਹੈ ਚਾਹੇ ਕੋਈ ਅਫਸਰ ਹੈ ਜਾਂ ਕੋਈ ਹੋਰ ਹੈ, ਸਾਰਿਆਂ ਦਾ ਉਸ ਤੇ ਜ਼ੋਰ ਹੁੰਦਾ ਹੈ । ਉਨ੍ਹਾਂ ਵਿਚਾਰਿਆਂ ਵਾਸਤੇ ਤਾਂ ਇਕ ਸਿਪਾਹੀ ਹੀ ਨਹੀਂ ਮਾਣ । (ਵਿਘਨ)

ਬਾਕੀ ਡਿਪਟੀ ਸਪੀਕਰ ਸਾਹਿਬ, ਸਾਡੇ ਇਲਾਕੇ ਵਿਚ ਪਾਣੀ ਦੀ ਬੜੀ ਤੰਗੀ ਹੈ । ਨਹਿਰਾਂ ਦਾ ਪਾਣੀ ਨਹੀਂ ਮਿਲਦਾ । ਇਸ ਸਕੀਮ ਵਾਸਤੇ ਕਾਫੀ ਰੁਪਿਆ ਰੱਖਿਆ ਹੋਇਆ ਹੈ ਪਰ ਇਹ ਸਕੀਮ ਪਤਾ

ਨਹੀਂ ਲਾਗੂ ਕਦੋਂ ਹੋਵੇਗੀ । ਮੇਰੀ ਅਰਜ਼ ਹੈ ਕਿ ਜੇ ਉਥੇ ਟਿਊਬਵੈਲ ਵਗੈਰਾ ਲਾ ਕੇ ਹਰੀਕੇ ਪਤਨ ਦਾ ਪਾਣੀ ਪਹੁੰਚਾ ਕੇ ਸਾਨੂੰ ਦਿਤਾ ਜਾਵੇ ਤਾਂ ਬੇਸ਼ੱਕ ਸਾਡੇ ਕੋਲੋਂ ਮਾਲੀਆ ਵੀ ਵੱਧ ਲੈ ਲੈਣ ਤਾਂ ਅਸੀਂ ਇਸ ਗੱਲ ਵਾਸਤੇ ਤਿਆਰ ਹਾਂ । ਇਸ ਲਈ ਮੇਰੀ ਅਰਜ਼ ਹੈ ਕਿ ਜੋ ਉਥੇ ਪਾਣੀ ਦੀ ਘਾਟ ਹੈ ਉਸ ਨੂੰ ਪੂਰਾ ਕਰਨ ਲਈ ਜਲਦੀ ਤੋਂ ਜਲਦੀ ਪ੍ਰਬੰਧ ਕਰਨਾ ਚਾਹੀਦਾ ਹੈ ।

ਬਾਕੀ ਡਿਪਟੀ ਸਪੀਕਰ ਸਾਹਿਬ, ਸਾਡੇ ਅੰਮ੍ਰਿਤਸਰ, ਜਲੰਧਰ ਔਰ ਲੁਧਿਆਣਾ ਦੇ ਬਾਰੇ ਜੋ ਸਕੀਮ ਆਈ ਹੈ ਕਿ ਇਸ ਦੇ ਵਲ ਜ਼ਿਆਦਾ ਖਿਆਲ ਰੱਖਿਆ ਜਾਵੇ ਮੇਰੀ ਅਰਜ਼ ਹੈ ਕਿ ਫਿਰੋਜ਼ਪੁਰ ਦੇ ਜ਼ਿਲ੍ਹੇ ਦਾ ਕੋਈ ਨਾਮ ਨਹੀਂ ਹੈ, ਉਹ ਬਾਰਡਰ ਦਾ ਇਲਾਕਾ ਹੈ ਉਸ ਵੱਲ ਵੀ ਖਿਆਲ ਰੱਖਿਆ ਜਾਵੇ ।

ਬਾਕੀ ਡਿਪਟੀ ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਸੈਲਾਨੀਆਂ ਵਾਸਤੇ ਇਕ ਹੋਟਲ ਬਣਨਾ ਹੈ । ਮੇਰੀ ਅਰਜ਼ ਹੈ ਕਿ ਫਿਰੋਜ਼ਪੁਰ ਦਾ ਬਾਰਡਰ ਕਰਾਸ ਕਰਕੇ ਬਾਹਰਲੇ ਦੇਸ਼ਾਂ ਦੇ ਲੋਕ ਆਉਂਦੇ ਹਨ ਔਰ ਇਥੇ ਕੋਈ ਇਹੋ ਜਿਹਾ ਪ੍ਰਬੰਧ ਨਹੀਂ ਜਿਸ ਤਰ੍ਹਾਂ ਕਿ ਹੁਣ ਅੰਮ੍ਰਿਤਸਰ ਵਿਚ ਕੀਤਾ ਜਾ ਰਿਹਾ ਹੈ । ਜੇ ਫਿਰੋਜ਼ਪੁਰ ਵਿਚ ਕੋਈ ਇਸ ਕਿਸਮ ਦਾ ਇੰਤਜ਼ਾਮ ਹੋ ਜਾਵੇ ਤਾਂ ਜਿਹੜੇ ਲੋਕੀਂ ਬਾਹਰੋਂ ਆਉਂਦੇ ਹਨ ਉਨ੍ਹਾਂ ਨੂੰ ਕੁਝ ਸਹੂਲਤ ਮਿਲ ਸਕੇ । ਇਸ ਗੱਲ ਵੱਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਔਰ ਮੈਨੂੰ ਆਸ ਹੈ ਕਿ ਚੀਫ ਮਨਿਸਟਰ ਸਾਹਿਬ, ਇਸ ਗੱਲ ਵਲ ਧਿਆਨ ਦੇਣਗੇ ।

ਬਾਕੀ ਡਿਪਟੀ ਸਪੀਕਰ ਸਾਹਿਬ, ਗਬਨ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਬਹੁਤ ਗਬਨ ਹੋ ਰਿਹਾ ਹੈ । ਸਾਡੇ ਇਕ ਮਾਰਕਿਟ ਸੋਸਾਇਟੀ ਹੈ ਔਰ ਉਸ ਦਾ ਬਹੁਤ ਬੁਰਾ ਹਾਲ ਹੈ । ਵੈਸੇ ਤਾਂ ਖਾਦ ਵਗੈਰਾ ਦਿਤੀ ਹੈ ਬੜਾ ਚੰਗਾ ਕੰਮ ਕੀਤਾ ਹੈ ਪਰ ਮੇਰੀ ਅਰਜ਼ ਹੈ ਕਿ ਉਥੇ ਲੱਖਾਂ ਰੁਪਿਆਂ ਦਾ ਗਬਨ ਹੋਇਆ ਹੈ ਪਰ ਸਰਕਾਰ ਨੇ ਉਸ ਵੱਲ ਕੋਈ ਖਿਆਲ ਨਹੀਂ ਕੀਤਾ । ਸੋ ਮੈਂ ਬੇਨਤੀ ਕਰਾਂਗਾ ਕਿ ਉਸ ਪਾਸੇ ਵਲ ਵੀ ਧਿਆਨ ਦਿਤਾ ਜਾਵੇ । (ਘੰਟੀ)

ਡਿਪਟੀ ਸਪੀਕਰ ਸਾਹਿਬ, ਧਰਮਸ਼ਾਲਾ ਦੇ ਬਾਰੇ ਇਥੇ ਬੜਾ ਕਿਹਾ ਗਿਆ ਹੈ ਕਿ ਧਰਮਸ਼ਾਲਾਂ ਬਣ ਰਹੀਆਂ ਹਨ ਪਰ ਮੈਂ ਆਪ ਨੂੰ ਦਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਇਕ ਵੀ ਧਰਮਸ਼ਾਲਾ ਨਹੀਂ ਬਣੀ । ਜੇ ਇਹ ਸਾਹਮਣੇ ਬੈਠੇ ਦੋਸਤ ਸਾਡੇ ਹਲਕੇ ਵਲ ਵੀ ਧਿਆਨ ਦੇਣ ਔਰ ਸਾਡਾ ਹਿਸਾ ਦੇਣ ਤਾਂ ਇਸ ਵਿਚ ਕੋਈ ਹਰਜ ਵਾਲੀ ਗੱਲ ਨਹੀਂ । ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਸਾਡੇ ਹਲਕਿਆਂ ਵਲ ਵੀ ਧਿਆਨ ਕਰ ਲਿਆ ਜਾਵੇ ਔਰ ਉਥੇ ਧਰਮਸ਼ਾਲਾ ਵਗੈਰਾ ਬਣਾਈਆਂ ਜਾਣ ਔਰ ਹੋਰ ਸਹੂਲਤਾਂ ਦਿਤੀਆਂ ਜਾਣ । ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ ।

ਸਾਥੀ ਰੂਪ ਲਾਲ (ਮੋਗਾ) : ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਸ਼ੁਕਰੀਆ ਦੇ ਐਡਰੈਸ ਦੇ ਹੱਕ ਵਿਚ ਬੋਲਣ ਲਈ ਖੜਾ ਹੋਇਆ ਹਾਂ । ਕਿਉਂ ਖੜਾ ਹੋਇਆ ਹਾਂ ? ਡਿਪਟੀ ਸਪੀਕਰ ਸਾਹਿਬ, ਜਦੋਂ ਮੈਂ ਚੌਥੀ ਜਮਾਤ ਵਿਚ ਪੜ੍ਹਦਾ ਸੀ ਤਾਂ ਮੈਂ ਇਕ ਨਜ਼ਮ ਪੜ੍ਹੀ ਸੀ ਕਿ

''ਲਬ ਪੇ ਆਈ ਹੈ ਦੁਆ ਬਨ ਕੇ ਤਮੰਨਾ ਮੇਰੀ,
ਜ਼ਿੰਦਗੀ ਹੋ ਸ਼ਮ੍ਹਾ ਕੀ ਸੂਰਤ ਖ਼ੁਦਾਇਆ ਮੇਰੀ;
ਦੀਨ ਦੁਨੀਆ ਕਾ ਮੇਰੇ ਦਮ ਸੇ ਦੂਰ ਅੰਧੇਰਾ ਹੋ ਜਾਏ,
ਹਰ ਜਗਾ ਮੇਰੀ ਚਮਕ ਸੇ ਉਜਾਲਾ ਹੋ ਜਾਏ ।''

[ਸਾਥੀ ਰੂਪ ਲਾਲ]

ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਸਰਕਾਰ ਹੈ ਇਹ ਗਵਰਨਰ ਸਾਹਿਬ ਦੇ ਐਡਰੈਸ ਵਿਚ ਜੋ ਪੰਜਾਬ ਦੇ ਵਿਕਾਸ ਦੀਆਂ ਬਹੁਤ ਸਾਰੀਆਂ ਸਕੀਮਾਂ ਦਸੀਆਂ ਹਨ ਔਰ ਉਸ ਤੇ ਇਹ ਅਮਲ ਕਰ ਰਹੇ ਹਨ। ਇਨ੍ਹਾਂ ਵਿਕਾਸ ਦੀਆਂ ਸਕੀਮਾਂ ਬਾਰੇ ਜਿਹੜਾ ਨਾਹਰਾ, ਬੋਗਸ ਨਾਹਰਾ 20-25 ਸਾਲ ਤੋਂ ਕਾਂਗਰਸ ਵਾਲੇ ਲਾਉਂਦੇ ਰਹੇ ਹਨ ਉਨ੍ਹਾਂ ਕਾਂਗਰਸੀਆਂ ਦੇ ਪਲੇ ਤਾਂ ਬੋਗਸਪੁਣਾ ਹੀ ਰਹਿ ਗਿਆ ਔਰ ਇਸ ਸਰਕਾਰ ਨੇ ਉਨ੍ਹਾਂ ਨੂੰ ਅਸਲੀਅਤ ਵਿਚ ਲਿਆਉਣ ਦਾ ਯਤਨ ਕੀਤਾ। (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਡਿਪਟੀ ਸਪੀਕਰ ਸਾਹਿਬ, ਹੋ ਸਕਦਾ ਹੈ ਕਿਸੇ ਪਾਸੇ ਕੋਈ ਤਰੁਟੀ ਰਹਿ ਜਾਵੇ, ਕੋਈ ਗੱਲ ਕਰਨੀ ਭੁਲ ਜਾਣ ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਇਸ ਦੀ ਬੁਨਿਆਦੀ ਗੱਲ ਜਿਹੜੀ ਭਾਵਨਾ ਹੈ ਔਰ ਇਸ ਭਾਵਨਾ ਨੂੰ ਕਰਤੱਬ ਵਿਚ ਲਿਆਉਣਾ ਹੈ। ਇਹ ਜਿਹੜੀ ਭਾਵਨਾ ਸੀ ਉਹ ਤਾਂ ਉਨ੍ਹਾਂ ਪਾਸ (ਕਾਂਗਰਸ ਵੱਲ ਇਸ਼ਾਰਾ) ਰਹਿ ਗਈ ਔਰ ਕਰਤੱਬ ਇਸ ਸਰਕਾਰ ਨੇ ਕਰ ਦਿਤੇ। (ਥੰਪਿੰਗ, ਸਰਕਾਰੀ ਬੈਂਚਾਂ ਵਲੋਂ) ਡਿਪਟੀ ਸਪੀਕਰ ਸਾਹਿਬ, ਇਹ ਬੁਨਿਆਦੀ ਗੱਲ ਜਿਸ ਤੇ ਪੰਜਾਬ ਨੇ ਤਰੱਕੀ ਕਰਨੀ ਹੈ, ਦੇਸ਼ ਨੇ ਤਰੱਕੀ ਕਰਨੀ ਹੈ ਉਹ ਇਸ ਮੁਲਕ ਦੇ ਕਿਸਾਨ ਦੀ ਤਰੱਕੀ ਹੈ, ਇਸ ਮੁਲਕ ਦੇ ਕਿਸਾਨ ਦੀ ਸੇਵਾ ਹੈ। ਉਸ ਦੇ ਵਾਸਤੇ ਇਸ ਸਰਕਾਰ ਨੇ ਬਹੁਤ ਸਾਰੀਆਂ ਸਕੀਮਾਂ ਦਸ ਕੇ, ਉਨ੍ਹਾਂ ਲਈ ਟਰੈਕਟਰ ਮੰਗਵਾ ਕੇ ਸੜਕਾਂ ਦਾ ਵਿਕਾਸ ਕਰਕੇ ਔਰ ਉਸ ਦੀ ਤਰੱਕੀ ਲਈ ਬਹੁਤ ਸਾਰਾ ਰੁਪਿਆ ਰੱਖ ਕੇ ਉਸ ਨੂੰ ਉਚਾ ਚੁਕਣ ਦੀ ਕੋਸ਼ਿਸ਼ ਕੀਤੀ ਹੈ ਔਰ ਉਸ ਦੀ ਸੇਵਾ ਕੀਤੀ ਹੈ। ਜੇ ਉਸ ਦੇ ਵਿਚ ਕੋਈ ਘਾਟਾ ਪਿਆ ਹੈ ਤਾਂ ਇਸ ਵਜ੍ਹਾ ਕਰਕੇ ਹੈ ਕਿ ਇਹ ਜੋ ਮਰਕਜ਼ੀ ਸਰਕਾਰ ਹੈ, ਕਾਂਗਰਸ ਦੀ ਸਰਕਾਰ ਹੈ ਜਿਸ ਦਾ ਵਿਤਕਰਾ ਹਰ ਜਗ੍ਹਾ ਤੇ ਸਾਡੇ ਤੇ ਚਲਿਆ ਆ ਰਿਹਾ ਹੈ, ਉਸ ਕਰਕੇ ਹੈ। ਮਗਰ ਇਸ ਸਰਕਾਰ ਨੇ ਜਿਤਨੇ ਵੀ ਯਤਨ ਕੀਤੇ ਹਨ ਉਨ੍ਹਾਂ ਤੇ ਉਹ ਪੂਰੇ ਉਤਰਦੇ ਹਨ। (ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਾਫੀ ਚਿਰ ਤੋਂ ਦੋ ਨਾਹਰੇ ਸੁਣਦਾ ਆ ਰਿਹਾ ਹਾਂ। ਇਨ੍ਹਾਂ ਦੋ ਨਾਹਰਿਆਂ ਨੂੰ ਬੜੇ ਪ੍ਰੋਗਰੈਸਿਵ ਨਾਹਰਿਆਂ ਦਾ ਨਾਮ ਇਹ (ਅਪੋਜ਼ੀਸ਼ਨ ਵਲ ਇਸ਼ਾਰਾ ਕਰਦੇ ਹੋਏ) ਦਿੰਦੇ ਹਨ। ਇਨ੍ਹਾਂ ਦੋ ਨਾਹਰਿਆਂ ਵਿਚੋਂ ਇਕ ਤਾਂ ਨਾਹਰਾ ਇਨ੍ਹਾਂ ਦਾ ਇਹ ਹੈ ਕਿ ਬੈਂਕਾਂ ਦੀ ਨੈਸ਼ਨੇਲਾਈਜ਼ੇਸ਼ਨ ਕਰ ਦਿਤੀ, 14 ਬੈਂਕਾਂ ਦੀ ਨੈਸ਼ਨੇਲਾਈਜ਼ੇਸ਼ਨ ਕਰ ਦਿਤੀ। ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ 14 ਬੈਂਕਾਂ ਦੀ ਨੈਸ਼ਨੇਲਾਈਜ਼ੇਸ਼ਨ ਕਰਨ ਤੋਂ ਬਾਅਦ ਇਹ ਜਿਹੜੇ ਬੈਂਕ ਬਾਕੀ ਰਹਿ ਗਏ ਹਨ ਔਰ ਜਿਹੜੇ ਵਡੇ ਸਰਮਾਏ ਵਾਲੇ ਬੈਂਕ ਨੈਸ਼ਨੇਲਾਈਜ਼ ਕਰਨੇ ਸੀ ਉਹ ਕਿਉਂ ਨਹੀਂ ਕੀਤੇ ? ਮੈਂ ਦਸਣਾ ਚਾਹੁੰਦਾ ਹਾਂ ਕਿ ਉਹ ਇਸ ਕਰਕੇ ਨਹੀਂ ਕੀਤੇ ਕਿ ਉਨ੍ਹਾਂ ਨਾਲ ਕਾਂਗਰਸ ਦੇ ਮੁਫਾਦ ਨੂੰ ਸੱਟ ਪੈਂਦੀ ਹੈ। ਫਿਰ ਜਿਹੜੇ ਨੈਸ਼ਨੇਲਾਈਜ਼ ਬੈਂਕ ਕੀਤੇ ਹਨ ਉਨ੍ਹਾਂ ਵਿਚ ਵੀ ਇਹ ਹਾਲਤ ਹੈ ਕਿ ਅੱਜ ਨਾ ਕਿਸਾਨ ਨੂੰ, ਨਾ ਦੁਕਾਨਦਾਰ ਨੂੰ ਅਤੇ ਨਾ ਕਿਸੇ ਹੋਰ ਨੂੰ ਕਰਜ਼ਾ ਮਿਲਦਾ ਹੈ। ਡਿਪਟੀ ਸਪੀਕਰ ਸਾਹਿਬ, ਜਦੋਂ ਇਹ ਬੈਂਕ ਨੈਸ਼ਨੇਲਾਈਜ਼ ਹੋਏ ਤਾਂ ਇਹ ਕਮਿਊਨਿਸਟ ਭਰਾਵਾਂ ਨੇ ਇੰਦਰਾ ਦੇ ਬੜੇ ਗੁਣ ਗਾਏ ਕਿ ਉਸ ਨੇ ਬੈਂਕ ਨੈਸ਼ਨੇਲਾਈਜ਼ ਕਰ ਦਿਤੇ ਪਰ ਜਨਵਰੀ ਵਿਚ ਇਹ ਮੇਰੇ ਨਾਮ ਤੇ ਮੋਗੇ ਵਿਚ ਕਹਿੰਦੇ ਰਹੇ ਕਿ ਬੈਂਕਾਂ ਦਾ ਨਿਜ਼ਾਮ ਚੰਗਾ ਨਹੀਂ। ਮੈਂ ਪੁਛਿਆ ਕਿ ਹੁਣ ਕਿਧਰ ਗਈ ਤੁਹਾਡੀ ਇੰਦਰਾ ਬੀਬੀ ਤਾਂ ਕੋਈ ਜਵਾਬ ਨਾ ਆਇਆ—(ਵਿਘਨ)

ਚੌਧਰੀ ਤੁਲਸੀ ਰਾਮ ਚੌਹਾਨ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਗੁਜ਼ਾਰਿਸ਼ ਕਰਾਂਗਾ ਕਿ ਇਹ ਪ੍ਰਾਈਮ ਮਨਿਸਟਰ ਸਾਹਿਬ ਦਾ ਨਾਮ 2—3 ਦਫਾ ਘੜੀਸ ਰਹੇ ਹਨ ਜਿਹੜੇ ਕਿ ਇਸ ਹਾਊਸ ਦੇ ਮੈਂਬਰ ਨਹੀਂ...(ਵਿਘਨ)

Mr. Deputy Speaker : This is no point of order. (Interruption)

ਸਾਥੀ ਰੂਪ ਲਾਲ : ਮੈਨੂੰ ਨਹੀਂ ਸੀ ਪਤਾ ਕਿ ਇਹ ਪ੍ਰਾਈਮ ਮਨਿਸਟਰ ਸਾਹਿਬ ਦੇ ਭਤੀਜੇ ਹਨ। ਮੈਨੂੰ ਇਸ ਗਲ ਦਾ ਨਹੀਂ ਪਤਾ ਸੀ—(ਵਿਘਨ)

Mr. Deputy Speaker : Sathi Roop Lal, please withdraw your words.

(At this stage Chaudhri Tulsi Ram Chauhan rose to speak.)

Mr. Deputy Speaker : If you speak I would not be able to control him.

ਸਾਥੀ ਰੂਪ ਲਾਲ : ਮੈਂ ਭਤੀਜੇ ਵਾਲਾ ਲਫਜ਼ ਵਾਪਸ ਲੈਂਦਾ ਹਾਂ ਪਰ, ਡਿਪਟੀ ਸਪੀਕਰ ਸਾਹਿਬ, ਮੈਨੂੰ ਸ਼ਕ ਸੀ ਇਸ ਲਈ ਮੈਂ ਕਹਿ ਦਿਤਾ ਜੇ ਮੈਨੂੰ ਸ਼ਕ ਨਾ ਹੁੰਦਾ ਤਾਂ ਮੈਂ ਪਹਿਲਾਂ ਹੀ ਇਹ ਨਾ ਕਹਿੰਦਾ। (ਵਿਘਨ)

ਚੌਧਰੀ ਤੁਲਸੀ ਰਾਮ ਚੌਹਾਨ : ਆਪਣੇ ਆਪ ਨੂੰ ਬੜਾ ਵਫ਼ਾਦਾਰ ਗਿਣਦਾ ਹੈ। (ਵਿਘਨ) ਹੁਣ ਝੋਲੀ ਚੁਕਣ ਲਗ ਪਿਆ ਹੈ। (ਵਿਘਨ) (ਸ਼ੋਰ)

ਸਾਥੀ ਰੂਪ ਲਾਲ : ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਵਫ਼ਾਦਾਰੀ ਦਾ ਤੱਲਕ ਹੈ, ਮੈਂ ਵਫ਼ਾਦਾਰ ਹਾਂ ਆਪਣੇ ਦੇਸ਼ ਦਾ, ਮੈਂ ਵਫ਼ਾਦਾਰ ਹਾਂ ਆਪਣੇ ਪੰਜਾਬ ਦਾ, ਮੈਂ ਵਫ਼ਾਦਾਰ ਹਾਂ ਆਪਣੇ ਹਲਕੇ ਦਾ, ਮੈਂ ਵਫ਼ਾਦਾਰ ਹਾਂ ਜਨਤਾ ਦਾ ਮਗਰ ਮੈਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਵਫ਼ਾਦਾਰੀ ਕਿਥੇ ਗੁਆਚੀ ਹੋਈ ਸੀ ਹੁਣ ਤਕ। (ਵਿਘਨ) ਐਗਰੀਮੈਂਟ ਜ਼ਬਾਨੀ ਹੋਇਆ ਹੈ ਲਿਖ ਕੇ ਨਹੀਂ ਹੋਇਆ। (ਸਰਾਦਰ ਸਰੂਪ ਸਿੰਘ ਵਲੋਂ ਵਿਘਨ) ਮੈਂ ਸਰਦਾਰ ਸਰੂਪ ਸਿੰਘ ਅਗੇ ਵੀ ਤੁਹਾਨੂੰ ਕਈ ਵਾਰੀ ਕਿਹਾ ਹੈ ਕਿ ਨਾਂ ਤਾਂ ਬੜਾ ਸਰੂਪ ਹੈ (ਵਿਘਨ) ਅਖੇ ਨਾਂ ਮੀਆਂ ਦਾ ਮਿਸਰੀ ਖਾਂ ਤੇ ਮੂੰਹ ਵਿਚ ਉਸ ਦੇ ਸੁਆਹ ਵੀ ਨਾ।(ਵਿਘਨ) (ਹਾਸਾ)

ਡਿਪਟੀ ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਸਹੀ ਮਾਹਨਿਆਂ ਵਿਚ ਸੋਸ਼ਲਿਜ਼ਮ ਵਲ ਚਲ ਪਈ ਹੈ। ਜਿਹੜੇ ਟੀਚੇ ਇਨ੍ਹਾਂ ਦੇ (ਅਪੋਜੀਸ਼ਨ ਵਲ ਇਸ਼ਾਰਾ) ਉਕਰੇ ਹੋਏ ਸੀ, ਜਿਹੜੇ ਟੀਚੇ ਉਕਰ ਕੇ ਇਹ ਅਮਲ ਵਿਚ ਨਾ ਲਿਆ ਸਕੀ ਉਹ ਟੀਚੇ ਹੁਣ ਇਹ ਅਕਾਲੀ ਸਰਕਾਰ ਅਮਲ ਵਿਚ ਲਿਆ ਰਹੀ ਹੈ। ਇਥੇ ਅਮਲਾਂ ਨਾਲ ਨਬੇੜੇ ਹੋਣੇ ਹਨ, ਦੋ ਗਲਾਂ ਇਧਰ ਦੀਆਂ ਕਹਿ ਲਈਆਂ ਦੋ ਗਲਾਂ ਉਧਰ ਦੀਆਂ ਕਹਿ ਲਈਆਂ ਇਨ੍ਹਾਂ ਨਾਲ ਗਲ ਨਹੀਂ ਬਣਨੀ। ਡਿਪਟੀ ਸਪੀਕਰ ਸਾਹਿਬ, ਸਹੀ ਮਾਹਨਿਆਂ ਵਿਚ ਜੋ ਗਲ ਅਸੀਂ ਕਰਨੀ ਹੈ ਉਹ ਇਥੇ ਆਉਣੀ ਚਾਹੀਦੀ ਹੈ। ਮੈਂ ਬੈਂਕਾਂ ਦੀ ਨੈਸ਼ਨੇਲਾਈਜ਼ੇਸ਼ਨ ਦੀ ਗਲ ਕੀਤੀ ਸੀ, ਹੁਣ ਮੈਂ ਉਨ੍ਹਾਂ ਦੇ ਇਕ ਹੋਰ ਨਾਹਰੇ ਦੀ ਗਲ ਦਸਦਾ ਹਾਂ। ਇਨ੍ਹਾਂ ਨੇ ਨਾਹਰਾ ਦਿਤਾ ਹਮ ਨੇ ਪ੍ਰਿਵੀ ਪਰਸਿਜ਼ ਬੰਦ ਕਰ ਦੀਏ ਹੈਂ ਜਾਂ ਕਰ ਦਿਆਂਗੇ। ਸ਼ੁਰੂ ਸ਼ੁਰੂ ਵਿਚ ਰਾਜੇ ਮਹਾਰਾਜਿਆਂ ਦਾ ਜਿਹੜਾ ਕੁਲ ਪ੍ਰਿਵੀ ਪਰਸਿਜ਼ ਦਾ ਪੈਸਾ ਬਣਦਾ ਸੀ ਉਹ ਸੀ ਕੋਈ ਸਾਢੇ ਛੇ ਕਰੋੜ। ਹੌਲੀ ਹੌਲੀ 23, 24 ਸਾਲਾਂ ਵਿਚ ਜਿਹੜੇ ਰਾਜੇ ਮਹਾਰਾਜੇ ਮੁਕਦੇ ਗਏ ਉਨ੍ਹਾਂ ਦਾ ਪ੍ਰਿਵੀ ਪਰਸ ਬੰਦ ਹੋ ਗਿਆ ਅਤੇ ਬਾਕੀ ਜਿਹੜਾ ਰਹਿ ਗਿਆ ਉਹ ਕੁਲ ਸਾਢੇ ਚਾਰ ਕਰੋੜ ਬਣਦਾ ਹੈ। ਇੰਦਰਾ ਰਾਣੀ ਨੇ ਕਿਹਾ ਮੈਂ ਦਸਾਂ ਸਾਲਾਂ ਦਾ ਮੁਆਵਜ਼ਾ ਜਿਹੜਾ ਕਿ ਸਾਢੇ ਬਿਤਾਲੀ ਕਰੋੜ ਬਣਦਾ ਹੈ ਉਹ ਦੇ ਕੇ ਬੰਦ ਕਰ ਦਿਆਂਗੀ। ਪਰ ਮੈਂ ਕਿਹਾ ਕਿ ਮੈਂ ਮਹਾਜਨ ਦਾ ਪੁਤਰ ਹਾਂ ਹਿਸਾਬ ਲਾ ਕੇ ਤਾਂ ਦੇਖ 5 ਕਰੋੜ ਰੁਪਏ ਤਾਂ ਇਸ ਦਾ ਸੂਦ ਹੀ ਬਣਦਾ ਹੈ, ਤੂੰ ਕਿਥੋਂ ਦੀ ਤੀਸ ਮਾਰ ਖਾਂ ਬਣੀ ਫਿਰਦੀ ਏਂ, ਇਹ ਕੀ ਕਰ ਰਹੀ ਏਂ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਪਲੇ ਹੁਣ ਕੁਝ ਨਹੀਂ ਰਿਹਾ, ਇਹ ਤਾਂ ਬੋਗਸ ਗਲਾਂ ਕਰਨ ਦੇ ਪਿਛੇ ਤੁਰ ਪਏ ਹਨ। ਇਨ੍ਹਾਂ ਦੀ ਹਾਲਤ ਤਾਂ ਹੁਣ ਤਿੰਨ ਚਾਰ

[ਸਾਥੀ ਰੂਪ ਲਾਲ]

ਦਿਨਾਂ ਤੋਂ ਕੁਝ ਸੁਧਰੀ ਹੈ (ਵਿਘਨ) ਮੈਂ ਇਕ ਛੋਟੀ ਜਿਹੀ ਮਿਸਾਲ ਦਿੰਦਾ ਹਾਂ ਕਿ ਇਕ ਵਾਰ ਘੁਮਿਆਰ ਤੇ ਘੁਮਿਆਰੀ ਲੜ ਪਏ। ਘੁਮਿਆਰੀ ਕਮਲੀ ਨਿਕਲੀ ਅਤੇ ਉਹ ਰੁਸ ਕੇ ਘਰੋਂ ਬਾਹਰ ਚਲੀ ਗਈ ......(ਵਿਘਨ)।

ਸ਼੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਤਾਂ ਘੁਮਿਆਰ ਅਤੇ ਘੁਮਿਆਰੀ ਦਾ ਕੋਈ ਜ਼ਿਕਰ ਨਹੀਂ ਕੀਤਾ (ਵਿਘਨ) ਜੇ ਭੁਲ ਗਏ ਹਨ ਤਾਂ ਸੋਧ ਲੈਣ...(ਵਿਘਨ)।

Mr. Deputy Speaker : This is no point of order.

ਸਰਦਾਰ ਸਰੂਪ ਸਿੰਘ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਘੁਮਿਆਰ ਦੀ ਘੁਮਿਆਰੀ ਰੁਸ ਗਈ, ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਘੁਮਿਆਰੀ ਦਾ ਕੀ ਬਣਿਆਂ, ਉਹ ਤਾਂ ਨਹੀਂ ਰੁਸ ਗਈ। (ਹਾਸਾ)

ਸਾਥੀ ਰੂਪ ਲਾਲ : ਉਹ ਵੀ ਦਸ ਦਿੰਦਾ ਹਾਂ (ਵਿਘਨ) ਜਦੋਂ, ਡਿਪਟੀ ਸਪੀਕਰ ਸਾਹਿਬ, ਹਨ੍ਹੇਰਾ... (ਵਿਘਨ)

ਸਰਦਾਰ ਕਿਰਪਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਸਾਡੇ ਹਾਊਸ ਵਿਚ ਇਕ ਮੈਂਬਰ ਸਾਹਿਬ ਘੁਮਿਆਰ ਹਨ (ਵਿਘਨ) ਇਸ ਤਰ੍ਹਾਂ ਉਨ੍ਹਾਂ ਦੀ ਹਤੱਕ ਹੁੰਦੀ ਹੈ...(ਵਿਘਨ)

ਸਾਥੀ ਰੂਪ ਲਾਲ : ਅੱਛਾ ਜੀ ਮੈਂ ਪ੍ਰਜਾਪਤ ਕਹਿ ਦਿੰਦਾ ਹਾਂ (ਹਾਸਾ) ਡਿਪਟੀ ਸਪੀਕਰ ਸਾਹਿਬ, ਜਦੋਂ ਹਨ੍ਹੇਰਾ ਹੋਣ ਲਗਾ ਤਾਂ ਪ੍ਰਜਾਪਤਨੀ ਨੇ ਕਿਹਾ ਕਿ ਗਲ ਤਾਂ ਕੋਈ ਬਣੀ ਨਾ ਅਤੇ ਗ਼ਲਤੀ ਕੀਤੀ ਬਾਹਰ ਨਹੀਂ ਆਉਣਾ ਸੀ। ਉਸ ਨੇ ਦੇਖਿਆ ਕਿ ਬਾਹਰ ਘੁਮਿਆਰ ਦੀ ਇਕ ਕਾਣੀ ਖੋਤੀ ਖੜੀ ਸੀ (ਹਾਸਾ) ਉਸ ਨੂੰ ਉਹ ਕਹਿਣ ਲੱਗੀ ਕਿ ਤੂੰ ਤਾਂ ਚਲ, ਹਨ੍ਹੇਰਾ ਹੋ ਗਿਆ ਹੈ ਮੈਂ ਆ ਜਾਂਵਾਂਗੀ। ਘੁਮਿਆਰ ਨੇ ਅੰਦਰੋਂ ਕਿਹਾ ਸੌਰੀਏ ਕਿਉਂ ਐਵੇਂ ਕਰਦੀ ਏਂ, ਸਿਧੀ ਤਰ੍ਹਾਂ ਆ ਜਾ। ਇਸ ਤਰ੍ਹਾਂ ਮੈਂ ਇਨ੍ਹਾਂ ਨੂੰ ਮਿਸਾਲ ਦਿਤੀ ਹੈ, ਇਹ ਕਦੇ ਕਹਿੰਦੇ ਹਨ ਕਿ ਐਡਜਸਟਮੈਂਟ ਨਹੀਂ ਹੋ ਸਕੀ ਕਦੀ ਕਹਿੰਦੇ ਹਨ ਇਹ ਨਹੀਂ ਹੋਇਆ, ਉਹ ਨਹੀਂ ਹੋਇਆ (ਵਿਘਨ)

ਸਰਦਾਰ ਸੰਤੋਖ ਸਿੰਘ ਰੰਧਾਵਾ : ਡਿਪਟੀ ਸਪੀਕਰ ਸਾਹਿਬ, ਇਹ ਘੁਮਿਆਰ ਦੀ ਕਾਣੀ ਖੋਤੀ ਦੀ ਗਲ ਨਹੀਂ, ਮੇਰਾ ਖ਼ਿਆਲ ਹੈ ਕਿ ਇਨ੍ਹਾਂ ਦੀ ਆਪਣੀ ਗਲ ਹੈ। (ਵਿਘਨ) ਸਰਦਾਰ ਗੁਰਨਾਮ ਸਿੰਘ ਨੇ ਇਹ ਆਪਣੀ ਕਾਣੀ ਖੋਤੀ ਅਗੇ ਕੀਤੀ ਹੋਈ ਹੈ (ਵਿਘਨ)

ਸਰਦਾਰ ਸਰੂਪ ਸਿੰਘ : ਡਿਪਟੀ ਸਪੀਕਰ ਸਾਹਿਬ, ਇਹ ਆਪ ਹੀ ਕਾਣੀ ਖੋਤੀ ਜਿਡੇ ....। (ਵਿਘਨ)।

ਸਾਥੀ ਰੂਪ ਲਾਲ : ਬਰਾਬਰ ਖੜ੍ਹੇ ਹੋ ਕੇ ਦੇਖੋ ਤਾਂ ਪਤਾ ਲਗ ਜਾਏਗਾ ਕਿ ਕੌਣ ਖੋਤੀ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਕੋਈ ਚੱਜ ਦੀ ਗੱਲ ਸੁਣਨ ਲਈ ਤਿਆਰ ਨਹੀਂ ਹਨ। ਮੈਂ ਅਖ਼ੀਰ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਗਵਰਨਰ ਦੀ ਸਪੀਚ ਨੂੰ ਜੇ ਗੌਰ ਨਾਲ ਪੜ੍ਹਿਆ ਜਾਏ ਤਾਂ ਉਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਸਾਡੀ ਸਰਕਾਰ ਨੇ ਵਿਕਾਸ ਵਾਲੇ ਪਾਸੇ ਪੂਰੀ ਤਵਜੋਹ ਦਿਤੀ ਹੈ ਅਤੇ ਜਿਹੜੀ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਵਡੀ ਗਲ ਕਹੀ ਹੈ, ਉਹ ਇਹ ਹੈ ਕਿ ਜਿਹੜੀ ਸਾਡੇ ਨਾਲ ਜ਼ਿਆਦਤੀ ਕਾਂਗਰਸੀਆਂ ਨੇ ਕੀਤੀ ਯਾਨੀ ਸੈਂਟਰ ਦੀ ਸਰਕਾਰ ਨੇ ਕੀਤੀ ਅਤੇ ਸਾਡੇ ਕੋਲੋਂ

ਫ਼ਾਜ਼ਿਲਕਾ ਅਤੇ ਅਬੋਹਰ ਦੇ ਇਲਾਕੇ ਖੋਹ ਲਏ । ਸਾਡਾ ਹਿੱਸਾ ਵੱਖਰਾ ਕਰ ਦਿਤਾ। ਫਿਰ ਉਨ੍ਹਾਂ ਇਲਾਕਿਆਂ ਬਾਰੇ ਯਕੀਨ ਦਿਲਾਇਆ ਕਿ ਉਹ ਪੰਜਾਬ ਤੋਂ ਬਾਹਰ ਨਹੀਂ ਜਾਣਗੇ । (ਵਿਘਨ) ਜੇ ਸਰਦਾਰ ਗੁਰਨਾਮ ਸਿੰਘ ਨੇ ਜੂਸ ਦਾ ਗਿਲਾਸ ਪਿਲਾਇਆ (ਵਿਘਨ) ਤੁਸੀਂ ਇੰਦਰਾ ਨੂੰ ਪੁਛਿਆ ਤੁਸੀਂ ਕੋਈ ਮਸ਼ਵਰਾ ਦਿਤਾ ਕਿ ਕੀ ਕਰਨ ਲੱਗੀ ਏਂ ? (ਵਿਘਨ) ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜਿਹੜੀ ਸਰਕਾਰ ਨੇ ਇਹ ਯਕੀਨ ਦਿਲਾਇਆ ਕਿ ਉਹ ਇਲਾਕੇ ਨਾ ਹਰਿਆਣਾ ਅਤੇ ਨਾ ਕਿਧਰੇ ਹੋਰ ਜਾਣ ਦਿੱਤੇ ਜਾਣਗੇ, ਇਹ ਸਾਡੇ ਪੰਜਾਬੀ ਬੋਲਦੇ ਇਲਾਕੇ ਹਨ (ਵਿਘਨ) ਮੈਂ ਇਸ ਮਸਲੇ ਤੇ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਅਤੇ ਗਵਰਨਰ ਸਾਹਿਬ ਦੇ ਐਡਰੈਸ ਦੀ ਪ੍ਰੋੜ੍ਹਤਾ ਕਰਦਾ ਹਾਂ ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣ) : ਡਿਪਟੀ ਸਪੀਕਰ ਸਾਹਿਬ, ਮੈਨੂੰ ਟਾਈਮ ਕਿਤਨਾ ਦਿਉਗੇ, ਇਹ ਦੱਸ ਦਿਉ (ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਥੇ ਤਾਂ ਤੁਹਾਡਾ ਟਾਈਮ 4 ਮਿੰਟ ਲਿਖਿਆ ਹੋਇਆ ਹੈ, ਪਰ ਚੂੰਕਿ ਐਸ. ਐਸ. ਪੀ. ਦੇ ਮੈਂਬਰਾਂ ਨੂੰ 7 ਮਿੰਟਾਂ ਦੀ ਥਾਂ 15 ਮਿੰਟ ਮਿਲੇ ਹਨ, ਮੈਂ ਤੁਹਾਨੂੰ 8 ਮਿੰਟ ਦੇ ਦਿਆਂਗਾ । (ਸਰਦਾਰ ਕਿਰਪਾਲ ਸਿੰਘ ਵਲੋਂ ਵਿਘਨ) ਅੱਛਾ ਚਲੋ ਤੁਸੀਂ ਸ਼ੁਰੂ ਤਾਂ ਕਰੋ 10 ਮਿੰਟ ਲੈ ਲੈਣਾ । (The time allotted to you is four minutes according to the chart before me. But in view of the fact that the Members of S.S.P. have been given 15 minutes instead of 7 minutes, I will give you 8 minutes. (*Interruption from Sardar Kirpal Singh*) All right, you please start; you may take 10 minutes)

ਸਰਦਾਰ ਕਿਰਪਾਲ ਸਿੰਘ : ਅਰਜ਼ ਹੈ ਕਿ :

ਬਹਿਕ ਰਹਾ ਹੈ ਕੋਈ ਔਰ ਤਸ਼ ਨਾਕਾਮ ਕੋਈ
ਸਾਕੀ ਤੇਰੇ ਮੈ-ਖਾਨੇ ਮੇ ਇੰਤੇਜ਼ਾਮ ਨਹੀਂ ।

ਮੇਰੇ ਕਹਿਣ ਦਾ ਮਤਲਬ ਹੈ ਕਿ ਜਿਥੋਂ ਤਕ ਤਸੱਲੀ ਦਿਵਾਉਣ ਦਾ ਤਅੱਲੁਕ ਹੈ ਕਿ ਫ਼ਾਜ਼ਲਕਾ ਅਤੇ ਅਬੋਹਰ ਦੇ ਇਲਾਕੇ ਪੰਜਾਬ ਵਿੱਚ ਰਹਿਣਗੇ ਅਤੇ ਜਿਸ ਤਰ੍ਹਾਂ ਗਵਰਨਰ ਸਾਹਿਬ ਦੇ ਐਡਰੈਸ ਤੋਂ ਪ੍ਰਗਟ ਹੁੰਦਾ ਹੈ, ਮੈਂ ਤਾਂ ਕਹਾਂਗਾ ਕਿ ਇਹ ਜਿਹੜੀ ਤਸੱਲੀ ਦੀ ਗੱਲ ਹੈ ਜਿਹੜੇ ਫ਼ਾਜ਼ਲਕਾ ਅਤੇ ਅਬੋਹਰ ਦੇ ਲੋਕ ਹਨ, ਜਿਹੜੇ ਉਧਰ ਜਾਣੇ ਹਨ ਇਹ ਤਸੱਲੀ ਤਾਂ ਉਨ੍ਹਾਂ ਤੋਂ ਪੁਛਣੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਇਸ ਤੋਂ ਕਿੰਨੀ ਤਸੱਲੀ ਮਿਲੀ ਹੈ । ਮੈਂ ਇਸ ਤਸੱਲੀ ਦੇ ਬਾਰੇ ਅਰਜ਼ ਕਰਦਾ ਹਾਂ :

ਤੁਮ ਸ਼ੌਕ ਸੇ ਮਨਾਓ ਜਸ਼ਨੇ ਬਹਾਰ ਦੋਸਤੋ,
ਇਸ ਰੋਸ਼ਨੀ ਮੇਂ ਕੁਛ ਘਰ ਭੀ ਜਲ ਰਹੇ ਹੈਂ ।

ਮੇਰੇ ਕਹਿਣ ਦਾ ਭਾਵ ਹੈ ਕਿ ਇਸ ਮਸਲੇ ਦੀ ਅਗ ਵਿਚ ਕੁਝ ਲੋਕ ਸੜ ਵੀ ਰਹੇ ਹਨ । ਉਨ੍ਹਾਂ ਵਲ ਧਿਆਨ ਦੇਣਾ ਚਾਹੀਦਾ ਹੈ । ਇਹ ਇਕੱਲਾ ਅਕਾਲੀ ਪਾਰਟੀ ਦਾ ਸੁਆਲ ਨਹੀਂ ਹੈ । ਸਾਨੂੰ ਸਾਰਿਆਂ ਨੂੰ ਰਲ ਕੇ ਇਸ ਮਸਲੇ ਨੂੰ ਹਲ ਕਰਨ ਲਈ ਸੋਚਣਾ ਚਾਹੀਦਾ ਹੈ । ਕਾਂਗਰਸ ਅਤੇ ਅਕਾਲੀ ਦੋਨੋ ਵਡੀਆਂ ਪਾਰਟੀਆਂ ਸਨ, ਉਨ੍ਹਾਂ ਨੂੰ ਇਸ ਲਈ ਸਭ ਤੋਂ ਵੱਧ ਉਦੱਮ ਕਰਨੇ ਚਾਹੀਦੇ ਸਨ । ਪਰ ਉਨ੍ਹਾਂ ਨੇ ਹੁਣ ਤਕ ਕੁਝ ਨਹੀਂ ਕੀਤਾ, ਬਲਕਿ ਇਹ ਤਾਂ ਮਸਲੇ ਨੂੰ ਉਲਝਾ ਕੇ ਇਕ ਦੂਜੇ ਤੇ ਦੂਸ਼ਨ

[ਸਰਦਾਰ ਕ੍ਰਿਪਾਲ ਸਿੰਘ]

ਲਾਉਣੇ ਸ਼ੁਰੂ ਹੋ ਗਏ। ਇਸ ਮਸਲੇ ਦੇ ਲਈ ਕਿਸੇ ਨੇ ਕਸ਼ਟ ਵੀ ਸਹੇ ਅਤੇ ਕੁਰਬਾਨੀਆਂ ਵੀ ਦਿਤੀਆਂ, ਪਰ

ਨਾ ਅਹਿਲੇ ਅੰਜਮਨ ਸਮਝੇ ਨਾ ਸ਼ਮੇ ਅੰਜਮਨ ਸਮਝੇ,
ਕਿ ਜਬ ਪਹਿਲੀ ਕਿਰਨ ਫੂਟੀ ਤੋ ਪਰਵਾਨੇ ਪੇ ਕਿਆ ਗੁਜ਼ਰੀ ।

ਇਸ ਮਸਲੇ ਦੇ ਲਈ ਇਕ ਪ੍ਰਵਾਨਾ ਵੀ ਸੜਿਆ ਸੀ ਅਤੇ ਉਹ ਪਰਵਾਨਾ ਸੀ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਜੋ ਇਸ ਵਕਤ ਸਾਡੇ ਵਿਚ ਨਹੀਂ ਹੈ ਅਤੇ ਉਸ ਨੇ ਆਪਣੀ ਅਨਮੋਲ ਜਿੰਦਗੀ ਇਸ ਕੰਮ ਲਈ ਵਾਰ ਦਿਤੀ। ਕਿਸੇ ਨੇ ਕੋਈ ਪ੍ਰਵਾਹ ਨਹੀਂ ਕੀਤੀ ਕਿ ਉਸ ਤੇ ਕੀ ਗੁਜ਼ਰੀ ਸੀ ਜਿਸ ਨੇ 73 ਦਿਨ ਭੁਖੇ ਰਹਿ ਕੇ ਸ਼ਹੀਦੀ ਪ੍ਰਾਪਤ ਕੀਤੀ। ਭੁਖਾ ਰਹਿਣਾ ਕੋਈ ਸੌਖੀ ਗਲ ਨਹੀਂ । ਕੋਈ ਇਕ ਦਿਨ ਵਰਤ ਰਖਦਾ ਹੈ ਤਾਂ ਉਹ ਜੂਸ ਦੇ ਗਿਲਾਸ ਪੀਂਦਾ ਫਿਰਦਾ ਰਹਿੰਦਾ ਹੈ। ਉਹ ਸ਼ਹੀਦ ਹੋ ਗਿਆ ਪਰ ਆਪਣੀ ਪ੍ਰਤਿਗਿਆ ਤੇ ਕਾਇਮ ਰਿਹਾ। ਇਥੇ ਉਹ ਵੀ ਪਾਰਟੀਆਂ ਹਨ, ਜਿਨ੍ਹਾਂ ਦਾ ਮਨ ਹੋਰ ਹੈ ਅਤੇ ਮੁਖ ਹੋਰ ਹੈ। ਜਿਸ ਤਰ੍ਹਾਂ ਜਨਸੰਘ ਹੈ। ਉਹ ਅਗਰ ਅਬੋਹਰ ਵਿਚ ਜਾਂਦੇ ਹਨ ਤਾਂ ਕੁਝ ਹੋਰ ਕਹਿੰਦੇ ਹਨ ਅਤੇ ਜਦੋਂ ਇਥੇ ਆਉਂਦੇ ਹਨ ਤਾਂ ਕੁਝ ਹੋਰ ਹੀ ਕਹਿੰਦੇ ਹਨ (ਵਿਘਨ) ਇਸ ਤਰ੍ਹਾਂ ਇਸ ਮਸਲੇ ਦੇ ਹਲ ਹੋਣ ਤੇ ਬੜੀ ਭਾਰੀ ਸੱਟ ਵਜਦੀ ਹੈ, ਸਾਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਅਤੇ ਸਾਰਿਆਂ ਨੂੰ ਰਲ ਕੇ ਇਸ ਮਸਲੇ ਨੂੰ ਹੱਲ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

ਜਿਥੋਂ ਤਕ ਲਾਅ ਐਂਡ ਆਰਡਰ ਦਾ ਤਅਲੁਕ ਹੈ, ਲਾਅ ਐਂਡ ਆਰਡਰ ਦੀ ਸਿਚੂਏਸ਼ਨ ਖ਼ਰਾਬ ਹੋਣ ਦੇ ਬਾਵਜੂਦ ਹਿੰਦੁਸਤਾਨ ਦੀਆਂ ਬਾਕੀ ਸਟੇਟਾਂ ਦੇ ਮੁਕਾਬਲੇ ਠੀਕ ਹੈ, ਲੇਕਿਨ ਇਹ ਕੋਈ ਦਲੀਲ ਨਹੀਂ। ਅਗਰ ਬਾਕੀਆਂ ਨਾਲੋਂ ਚੰਗਾ ਹੈ ਅਤੇ ਇਸ ਲਈ ਇਸ ਤੇ ਫ਼ਖ਼ਰ ਕੀਤਾ ਜਾਏ, ਇਹ ਫ਼ਖ਼ਰ ਵਾਲੀ ਗਲ ਨਹੀਂ। ਮੈਂ ਕਹਾਂਗਾ ਕਿ ਪੁਲੀਸ ਦੇ ਥਾਣਿਆਂ ਵਿਚ ਜੇ ਕਰ ਨਫ਼ਰੀ ਘੱਟ ਹੈ ਉਥੇ ਪੂਰੀ ਕਰਨੀ ਚਾਹੀਦੀ ਹੈ, ਅਗਰ ਨਫ਼ਰੀ ਘੱਟ ਹੋਣ ਦੀ ਵਜਾ, ਕਰਕੇ ਵਾਰਦਾਤਾਂ ਹੋਣ ਤਾਂ ਇਹ ਕੋਈ ਸ਼ੋਭਾ ਵਾਲੀ ਗਲ ਨਹੀਂ। ਇਸ ਤੋਂ ਇਲਾਵਾ ਮੈਂ ਇਹ ਵੀ ਅਰਜ਼ ਕਰਾਂਗਾ ਕਿ ਪੁਲੀਸ ਦੀ ਆਪਣੀ ਟੈਲੀਫ਼ੋਨ ਐਕਸਚੇਂਜ ਹੋਣੀ ਚਾਹੀਦੀ ਹੈ ਅਤੇ ਸਾਰੇ ਥਾਣੇ ਡਿਸਟਰਿਕਟ ਹੈਡਕੁਆਟਰਜ਼ ਨਾਲ ਬਾਈ ਵਾਇਰਲੈਸ ਕੁਨੈਕਟਿਡ ਹੋਣੇ ਚਾਹੀਦੇ ਹਨ। ਕੁਝ ਪੁਲੀਸ ਦੇ ਅਫ਼ਸਰ ਹਨ ਜਾਂ ਸਿਪਾਹੀ ਹਨ ਉਨ੍ਹਾਂ ਨੂੰ ਕਨਵੇਐਂਸ ਪ੍ਰੋਵਾਈਡ ਕਰਨੀ ਚਾਹੀਦੀ ਹੈ ਤਾਂਕਿ ਉਹ ਆਪਣੀ ਡਿਊਟੀ ਠੀਕ ਤਰ੍ਹਾਂ ਸਰਅੰਜਾਮ ਦੇ ਸਕਣ। ਉਨ੍ਹਾਂ ਦੇ ਰਹਿਣ ਦਾ ਪ੍ਰਬੰਧ ਠੀਕ ਹੋਣਾ ਚਾਹੀਦਾ ਹੈ। ਅਸੀਂ ਥਾਣਿਆਂ ਵਿਚ ਵੇਖਦੇ ਹਾਂ ਕਿ ਉਹ ਆਪਣੇ ਪਰਣੇ ਆਦਿ ਚੁਕੀ ਇਸ਼ਨਾਨ ਵਾਸਤੇ ਕਿਸੇ ਨਲਕੇ ਜਾਂ ਖੂਹ ਦੀ ਤਲਾਸ਼ ਵਿਚ ਫਿਰਦੇ ਹਨ। ਉਨ੍ਹਾਂ ਨੂੰ ਜਿਹੜੀਆਂ ਜਾਇਜ਼ ਅਤੇ ਕੰਮ ਠੀਕ ਤਰ੍ਹਾਂ ਚਲਣ ਲਈ ਸਹੂਲਤਾਂ ਦੀ ਲੋੜ ਹੈ ਉਹ ਮਿਲਣੀਆਂ ਚਾਹੀਦੀਆਂ ਹਨ। (ਵਿਘਨ) ਅਸੀਂ ਵੇਖਦੇ ਹਾਂ ਕਿ ਜਿਸ ਤਰ੍ਹਾਂ ਨਵੇਂ ਢੰਗ ਦੀਆਂ ਚੋਰੀਆਂ ਹੁੰਦੀਆਂ ਹਨ, ਪੁਲੀਸ ਨੂੰ ਉਹ ਚੋਰੀਆਂ ਪਕੜਨ ਲਈ ਨਵੇਂ ਢੰਗ ਦੀਆਂ ਟਰੇਨਿੰਗਜ਼ ਦੇਣੀਆਂ ਚਾਹੀਦੀਆਂ ਹਨ।

ਜਿਥੋਂ ਤਕ ਜ਼ਰਾਇਤੀ ਪੈਦਾਵਾਰ ਤੇ ਫ਼ਖ਼ਰ ਕਰਨ ਵਾਲੀ ਗਲ ਹੈ, ਇਸ ਵਿਚ ਕੁਦਰਤ ਦੀ ਮਿਹਰਬਾਨੀ ਵੀ ਚਾਹੀਦੀ ਹੈ। ਪਰ ਜਿਥੋਂ ਤਕ ਹਾਲਾਤ ਦਾ ਤਕਾਜ਼ਾ ਹੈ, ਟਿਊਬਵੈਲਜ਼ ਅਤੇ ਬਾਕੀ ਪਾਣੀ ਦੀਆਂ ਸਹੂਲਤਾਂ ਦੇਣ ਵਾਸਤੇ ਸਰਕਾਰ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਇਸ ਪਾਸੇ ਵਲ ਧਿਆਨ ਦੇਵੇ। ਪ੍ਰੋਡਿਊਸਰ ਵੀ ਪ੍ਰੋਡਕਸ਼ਨ ਤਾਂ ਹੀ ਵੱਧਾ ਸਕਦਾ ਹੈ ਜੇ ਕਰ ਪ੍ਰੋਡਕਸ਼ਨ ਲਈ ਉਸ ਨੂੰ ਸਾਰੀਆਂ ਸਹੂਲਤਾਂ ਮੁਹਈਆਂ ਹੋਣਗੀਆਂ। ਇਸ ਵਲ ਵਿਚਾਰ ਕਰਨ ਦੀ ਵੀ ਕਾਫ਼ੀ ਜ਼ਰੂਰਤ ਹੈ।

ਡਿਪਟੀ ਸਪੀਕਰ ਸਾਹਿਬ, ਇਥੇ ਲਾਟਰੀਆਂ ਦੀ ਆਮਦਨੀ ਦਾ ਬੜੇ ਫਖਰ ਨਾਲ ਜ਼ਿਕਰ ਕੀਤਾ ਗਿਆ ਹੈ । ਮੈਂ ਕਹਿੰਦਾ ਹਾਂ ਕਿ ਅਗਰ ਇਹ ਸਰਕਾਰ ਦੜੇ ਦਾ ਕੰਮ ਵੀ ਸ਼ੁਰੂ ਕਰ ਲਏ ਤਾਂ ਇਸ ਦੀ ਆਮਦਨ ਵੀ ਵਧ ਸਕਦੀ ਹੈ ਨਾਲ ਹੀ ਨਾਲ ਬਹੁਤ ਸਾਰੇ ਜਰਾਇਮ ਦੀ ਤਾਦਾਦ ਵੀ ਘਟ ਜਾਵੇਗੀ । ਜਿਹੜੇ ਕਿ ਪੁਲਿਸ ਨੇ ਖਾਤੇ ਪੂਰੇ ਕਰਨ ਲਈ ਰਖੇ ਹੋਏ ਹੁੰਦੇ ਹਨ । ਹੁਣ ਤਾਂ ਹਰ ਬੁਰਾਈ ਕਾਨੂੰਨੀ ਬਣਦੀ ਜਾ ਰਹੀ ਹੈ । ਸ਼ਰਾਬ ਦੀ ਆਮਦਨ ਤੇ ਵੀ ਬੜਾ ਜ਼ੋਰ ਦਿਤਾ ਹੈ । ਸ਼ਰਾਬ ਦਾ ਇਕ ਨਵਾਂ ਕਾਰਖਾਨਾ ਵੀ ਖੋਹਲਿਆ ਜਾ ਰਿਹਾ ਹੈ । ਹਾਲਤ ਇਹ ਹੈ :

ਹੈ ਅਬ ਭੀ ਵਕਤ ਜ਼ਾਹਿਦ ਤਰਮੀਮੇ ਜ਼ੋਹਦ ਕਰ ਲੇ
ਸੂਏ ਹਰਮ ਚਲਾ ਹੈ ਅੰਬੋਹੇ ਬਾਦਾ ਖਾਰਾਂ :

ਸ਼ਰਾਬੀਆਂ ਦਾ ਅੰਬੋਹ ਹਰਮ ਵਲ ਨੂੰ ਤੁਰ ਪਿਆ ਹੈ । ਹੋਰ ਜਿਹੜੀਆਂ ਬੁਰਾਈਆਂ ਰਹਿ ਗਈਆਂ ਹਨ ਉਹ ਵੀ ਕਰ ਲਉ । ਅਗਰ ਇਸ ਵਿਦਤ ਨੇ ਕਾਨੂੰਨ ਬਣਨਾ ਹੀ ਹੈ ਤਾਂ ਦੜਾ ਵੀ ਸ਼ੁਰੂ ਕਰ ਲਉ । ਪੁਲੀਸ ਵਲੋਂ ਚਾਲਾਨਾਂ ਦੀ ਗਿਣਤੀ ਜੋ ਮੁੱਖ ਮੰਤਰੀ ਜੀ ਨੇ ਦਸੀ ਹੈ ਕਿ ਘਟੀ ਹੈ, ਹੋਰ ਘਟ ਜਾਵੇਗੀ ।

ਸਪੀਕਰ ਸਾਹਿਬ, ਇਸ ਵਿਚ ਡਰ ਦਸਿਆ ਗਿਆ ਹੈ ਕਿ ਕੇਂਦਰ ਇਸ ਸਟੇਟ ਨਾਲ ਬੇਇਨ-ਸਾਫੀ ਕਰਦਾ ਹੈ । ਇਸ ਵਿਚ ਦੋ ਰਾਏ ਨਹੀਂ ਹੋ ਸਕਦੀਆਂ ਗਲ ਠੀਕ ਹੈ ਪਰ ਜਿਵੇਂ ਸਾਥੀ ਰੂਪ ਲਾਲ ਹੋਰਾਂ ਨੇ ਕਿਹਾ ਸੀ ਕੇਂਦਰ ਦੀ ਬੇਇਨਸਾਫੀ ਦਾ ਰੋਣਾ ਰੋਣ ਦੀ ਲੋੜ ਨਹੀਂ ; ਲੋੜ ਹੈ ਕੁਝ ਕਰਨ ਦੀ ।

ਅਸਰ ਕੁਛ ਖਾਬ ਕਾ ਗੁੰਚੋਂ ਮੇਂ ਬਾਕੀ ਹੈ ਤੋ ਐ ਬੁਲਬੁਲ,
ਨਾ ਵਾਰਾ ਤਲਖ ਤਰ ਮੀਜ਼ਨ ਚ ਜ਼ੋਕੇ ਨਗਮਾ ਕਮਯਾਬੀ ।

ਅਗਰ ਗਲ ਕਰਨ ਦੀ ਜਾਂਚ ਨਹੀਂ ਤਾਂ ਤੇਜ਼ ਫੂਕ ਮਾਰੋ ਕਿ ਉਸ ਨੂੰ ਸਮਝ ਆ ਜਾਵੇ ਕਿ ਇਥੇ ਜੀਦੇ ਜਾਗਦੇ ਲੋਕ ਰਹਿੰਦੇ ਹਨ । ਇਹ ਗਲ ਡਿਪਟੀ ਸਪੀਕਰ ਸਾਹਿਬ, ਇੰਡਸਟਰੀਜ਼ ਡਿਪਾਰਟਮੈਂਟ ਦੀ ਗਲ ਹੋਈ । ਮੈਂ ਇਸ ਸਿਲਸਿਲੇ ਵਿਚ ਹੋਰ ਕੁਝ ਨਾ ਕਹਿ ਕੇ ਇਕ ਡੈਫਿਨਿਟ ਪਰੋਪੋਜ਼ਲ ਦੇਵਾਂਗਾ । ਉਹ ਇਹ ਹੈ ਕਿ ਆਇੰਦਾ ਕਿਸੇ ਵੀ ਫਿਲਮ ਨੂੰ ਭਾਵੇਂ ਉਸ ਦਾ ਕੋਈ ਵੀ ਥੀਮ ਹੋਵੇ, ਸਬਜੈਕਟ ਹੋਵੇ, ਟੈਕਸ ਤੋਂ ਕਨਸੈਸ਼ਨ ਨਾ ਦਿਤੀ ਜਾਵੇ । ਇਹ ਸਿਧੀ ਕਾਰੋਬਾਰੀ ਗਲ ਹੈ । ਕਨਸੈਸ਼ਨ ਦੇਣ ਨਾਲ ਬੜਾ ਨੁਕਸਾਨ ਹੁੰਦਾ ਹੈ ਸਟੇਟ ਦੇ ਰੈਵੇਨਯੂਜ਼ ਨੂੰ । ਜਿਨ੍ਹਾਂ ਨੇ ਫਿਲਮ ਦੇਖਣੀ ਹੈ ਉਨ੍ਹਾਂ ਨੇ ਤਾਂ ਦੇਖਣੀ ਹੀ ਹੈ । ਇੰਡਸਟਰੀ ਮਹਿਕਮੇ ਵਲੋਂ ਜੋ ਲੋਕਾਂ ਵਿਚ ਖਾਸ ਮਾਲ ਦੀ ਤਕਸੀਮ ਹੋ ਰਹੀ ਹੈ ਉਹ ਬੋਗਸ ਲੋਕਾਂ ਨੂੰ ਹੋ ਰਹੀ ਹੈ, ਇਸ ਦਾ ਪਰਬੰਧ ਕਰਨਾ ਚਾਹੀਦਾ ਹੈ ।

ਕੁਝ ਇਰੀਗੇਸ਼ਨ ਬਾਰੇ ਅਰਜ਼ ਕਰਾਂਗਾ । ਕੋਸ਼ਿਸ਼ ਇਹ ਹੈ ਕਿ ਟਾਇਮ ਥੋੜ੍ਹਾ ਹੋਣ ਕਰਕੇ ਕਿਸੇ ਗਲ ਬਾਰੇ ਜ਼ਿਆਦਾ ਨਾ ਕਹਾਂ । ਜੋ ਇਰੀਗੇਸ਼ਨ ਦੇ ਓਵਰਸੀਅਰ ਹਨ ਉਹ ਹੁਣ ਵੀ 1941 ਦੇ ਕਾਨੂੰਨ ਦੇ ਤਹਿਤ ਚਲ ਰਹੇ ਹਨ । ਇਰੀਗੇਸ਼ਨ ਦੇ ਜੋ ਐਸ. ਡੀ. ਓ. ਹਨ ਉਹ ਹਾਲੇ ਵੀ ਐਸ. ਡੀ. ਓ. ਹੀ ਚਲੇ ਆ ਰਹੇ ਹਨ ਜਦ ਕਿ ਦੂਜੇ ਪਾਸਿਆਂ ਦੇ ਐਸ. ਡੀ. ਓ. ਐਕਸ. ਈ. ਐਨ. ਹੋ ਚੁਕੇ ਹਨ । ਇਸ ਲਈ ਹਰ ਇਕ ਲਈ ਇਕ ਟਾਈਮ ਸਕੇਲ ਹੋਣਾ ਚਾਹੀਦਾ ਹੈ ਤਾਂ ਕਿ ਹਰ ਇਕ ਨੂੰ ਕੁਝ ਤਾਂ ਆਸ ਰਹੇ ।

ਕੁਝ ਸ਼ਹਿਰਾਂ ਬਾਰੇ ਅਰਜ਼ ਕਰਾਂਗਾ । ਉਨ੍ਹਾਂ ਨਾਲ ਵਿਤਕਰਾ ਹੋ ਰਿਹਾ ਹੈ ਐਕਸੇਸ਼ਨ ਦੇ ਸਿਲ-ਸਿਲੇ ਵਿਚ, ਸਕੂਲਾਂ ਦੇ ਸਿਲਸਿਲੇ ਵਿਚ ਵੀ । ਸ਼ਹਿਰੀ ਹਰੀਜਨਾਂ ਲਈ ਕੋਈ ਧਰਮਸ਼ਾਲਾ ਨਹੀਂ ਬਣਾਈ

[ਸਰਦਾਰ ਕਿਰਪਾਲ ਸਿੰਘ]

ਗਈ, ਅਗਰ ਕੋਈ ਇਕ ਅਧ ਬਣਾਈ ਵੀ ਗਈ ਹੋਵੇਗੀ ਤਾਂ ਉਹ ਵੀ ਨਮੂਨੇ ਵਜੋਂ ਦਿਖਾਉਣ ਲਈ।

ਮਜ਼ਦੂਰਾਂ ਦੀ ਹਾਲਤ ਬਾਰੇ ਇਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਸਹੂਲਤਾਂ ਦੇ ਰਹੇ ਹਾਂ। ਉਨ੍ਹਾਂ ਦੀ ਜੋ ਮਦਦ ਕਰਨ ਦਾ ਪਰੋਸੀਜਰ ਹੈ ਉਹ ਬਹੁਤ ਲੰਬਾ ਹੈ, ਇਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਸਹੂਲਤਾਂ ਦੇਣ ਲਈ ਕਾਨੂੰਨ ਬਣਾ ਰਹੇ ਹਾਂ।

ਜਾਨ ਦੇ ਦੀ ਮਰੀਜ਼ੇ ਉਲਫਤ ਨੇ
ਹਾਥ ਈਸਾ ਕਾ ਨਬਜ਼ ਪਰ ਹੀ ਰਹਾ।

ਇਹ ਦੇਖਦੇ ਹੀ ਰਹਿ ਜਾਂਦੇ ਹਨ, ਉਹ ਖਤਮ ਹੋ ਜਾਂਦੇ ਹਨ। ਹਸਪਤਾਲਾਂ ਦੀ ਹਾਲਤ ਭੈੜੀ ਹੈ। ਉਥੇ ਜਿੰਨੇ ਸਰਜਨ, ਡਾਕਟਰ ਜਾਂ ਨਰਸਿਜ਼ ਸੈਂਕਸ਼ਨਡ ਹੁੰਦੇ ਹਨ ਉਨ੍ਹਾਂ ਨਾਲੋਂ ਅਧੇ ਵੀ ਮੌਜੂਦ ਨਹੀਂ ਹੁੰਦੇ। 500 ਮਰੀਜ਼ ਹੁੰਦੇ ਹਨ ਪਰ ਦਵਾਈ ਕਿਸੇ ਨੂੰ ਵੀ ਨਹੀਂ ਮਿਲਦੀ।

ਫਿਰ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦਾ ਨਾਂ ਆਇਆ। ਇਹ ਕਿਸਾਨਾਂ ਲਈ ਰਹਿਮਤ ਦੀ ਬਜਾਏ ਜ਼ਹਿਮਤ ਬਣ ਗਈ ਹੈ। ਇਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਇਸ ਨੂੰ ਉਨ੍ਹਾਂ ਲਈ ਰਹਿਮਤ ਕਿਸ ਤਰ੍ਹਾਂ ਬਣਾਇਆ ਜਾਵੇ।......

Mr. Deputy Speaker : Please take your seat.

ਸਰਦਾਰ ਕਿਰਪਾਲ ਸਿੰਘ : ਅਗਰ ਦੋ ਚਾਰ ਮਿੰਟ ਦੇ ਦਿੰਦੇ ਤਾਂ ਮੈਂ ਪੁਆਇੰਟ ਹੀ ਕਹਿ ਲੈਂਦਾ...।

ਸ਼੍ਰੀ ਡਿਪਟੀ ਸਪੀਕਰ : ਆਪ ਦੀ ਬੜੀ ਮਿਹਰਬਾਨੀ। (Thank you very much.)

ਸਰਦਾਰ ਪਰਤਾਪ ਸਿੰਘ ਕਾਦੀਆਂ (ਕੁਮਕਲਾਂ) : ਡਿਪਟੀ ਸਪੀਕਰ ਸਾਹਿਬ, ਇਹ ਜੋ ਮਤਾ ਹਾਊਸ ਦੇ ਸਾਹਮਣੇ ਪੇਸ਼ ਹੈ ਮੈਂ ਉਸ ਦੀ ਤਾਈਦ ਕਰਨ ਲਈ ਖੜਾ ਹੋਇਆ ਹਾਂ। ਮਾਸਟਰ ਗੁਰਬੰਤਾ ਸਿੰਘ ਜੀ ਨੇ ਆਪਣੀ ਸਪੀਚ ਵਿਚ ਕੁਝ ਇਕ ਗਲਾਂ ਕਹੀਆਂ ਜਿਨ੍ਹਾਂ ਦਾ ਤਲੱਕ ਪੰਜਾਬ ਸਰਕਾਰ ਨਾਲ ਹੈ। ਇਨ੍ਹਾਂ ਨੇ ਕਿਹਾ ਕਿ ਕਣਕ ਦਾ ਬੀਜ ਗਲਤ ਕਿਸਮ ਦਾ ਤਕਸੀਮ ਕੀਤਾ ਗਿਆ, ਖਾਦ ਦੀ ਤਕਸੀਮ ਵੀ ਗਲਤ ਹੁੰਦੀ ਰਹੀ ਹੈ। ਇਸੇ ਤਰ੍ਹਾਂ ਦੀਆਂ ਗਲਾਂ ਇਨ੍ਹਾਂ ਨੇ ਕੀਤੀਆਂ। ਮੈਂ ਆਨਰੇਬਲ ਮੈਂਬਰ ਨੂੰ ਦਸਣਾ ਚਾਹੁੰਦਾ ਹਾਂ ਕਿ ਜਦੋਂ ਇਹ ਇਥੇ ਹਕੂਮਤ ਕਰਦੇ ਰਹੇ ਤਾਂ ਐਗਰੀਕਲਚਰਲ ਪਰੋਡਕਸ਼ਨ ਇਕ ਸਾਰ ਹੀ ਰਹੀ ਜਾਂ ਅਗਰ ਵਧੀ ਵੀ ਤਾਂ 3—4 ਪੁਆਇੰਟ ਹੀ ਵਧੀ। ਪਰ ਸ਼ਰੋਮਣੀ ਅਕਾਲੀ ਦਲ ਦੀ ਸਰਕਾਰ ਦੇ ਸਮੇਂ ਵਿਚ ਇਹ 1966—67 ਵਿਚ ਜਿਥੇ ਸਿਰਫ 3 ਲੱਖ ਟਨ ਇਕੱਠੀ ਕੀਤੀ ਸੀ, 1969—70 ਵਿਚ 18·70 ਲਖ ਟਨ ਇਕੱਠੀ ਕੀਤੀ। 1970—71 ਵਿਚ 23·62 ਲਖ ਟਨ ਇਕਠੀ ਕੀਤੀ ਗਈ ਹੈ। ਅਗਲੇ ਸਾਲ 26 ਲਖ ਟਨ ਖਰੀਦਣ ਦਾ ਟੀਚਾ ਹੈ। ਅਗਰ ਬੀਜ ਖਰਾਬ ਹੁੰਦਾ ਅਤੇ ਖਾਦ ਨਾਕਸ ਹੁੰਦੀ ਤਾਂ ਇਸ ਤਰ੍ਹਾਂ ਪੈਦਾਵਾਰ ਨਾ ਵਧਦੀ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਸਿਰਫ ਨੁਕਤਾ ਚੀਨੀ ਕਰਨ ਲਈ ਹੀ ਇਹ ਗਲ ਕਹੀ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਅਸੀਂ ਜੋ ਕੁਝ ਕਰਨਾ ਸੀ ਕਰ ਲਿਆ ਹੈ। ਇਸ ਵਿਚ ਹੋਰ ਵੀ ਤੇਜ਼ੀ ਲਿਆਈ ਜਾਣੀ ਚਾਹੀਦੀ ਹੈ ਅਤੇ ਇਕਾਨੋਮੀ ਦੀ ਗਰੋਥ ਰੇਟ ਨੂੰ ਦੂਜੇ ਦੇਸ਼ਾਂ ਦੇ ਬਰਾਬਰ ਕਰਨ ਦੀ ਲੋੜ ਹੈ। ਅਸੀਂ ਆਪਣੇ ਕਿਸਾਨਾਂ ਨੂੰ ਟਰੈਕਟਰ ਦੇ ਸਕੀਏ, ਚੀਪ ਫਰਟੇਲਾਈਜ਼ਰ ਦੇ ਸਕੀਏ, ਇਰੀਗੇਸ਼ਨ ਅਤੇ ਇਲੈਕਟ੍ਰਿਸਿਟੀ ਦੇ ਸਕੀਏ, ਸਸਤਾ ਡੀਜ਼ਲ ਦੇ ਸਕੀਏ, ਇਨ੍ਹਾਂ ਸਾਰੀਆਂ ਗਲਾਂ ਬਾਰੇ ਆਸ ਹੈ ਕਿ ਇਹ ਆਪਣੀ ਪਾਰਟੀ ਦੀ ਸੈਂਟਰਲ ਸਰਕਾਰ ਤੇ ਪੂਰਾ ਜ਼ੋਰ ਪਾਉਣਗੇ। ਇਸ ਤਰ੍ਹਾਂ ਕਰਨ ਨਾਲ ਪੈਦਾਵਾਰ ਹੋਰ ਵੀ ਵਧਾਈ ਜਾ ਸਕਦੀ ਹੈ।

ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਅਸਲ ਹਿੰਦੁਸਤਾਨ ਪਿੰਡਾਂ ਵਿਚ ਵਸਦਾ ਹੈ । 80% ਆਬਾਦੀ ਪਿੰਡਾਂ ਵਿਚ ਵਸਦੀ ਹੈ ਇਸ ਲਈ ਜਦ ਤਕ ਪਿੰਡਾਂ ਦੀ ਤਰੱਕੀ ਨਹੀਂ ਹੁੰਦੀ ਹਿੰਦੁਸਤਾਨ ਦੀ ਤਰੱਕੀ ਨਹੀਂ ਹੋ ਸਕਦੀ । ਇਸ ਦੇ ਲਈ ਜ਼ਰੂਰੀ ਹੈ ਕਿ ਪਿੰਡਾਂ ਨੂੰ ਸ਼ਹਿਰਾਂ ਵਿਚ ਪਹੁੰਚਣ ਦੇ ਵਧ ਤੋਂ ਵਧ ਸਾਧਨ ਮੁਹੱਈਆ ਕੀਤੇ ਜਾਣ । ਮੈਂ ਆਪ ਨੂੰ ਦਸਦਾ ਹਾਂ ਕਿ 1947 ਤੋਂ ਲੈ ਕੇ 1967 ਤਕ ਸਿਰਫ 145 ਮੀਲ ਲੰਮੀਆਂ ਲਿੰਕ ਰੋਡਜ਼ ਬਣਾਈਆਂ ਗਈਆਂ । ਯਾਨੀ 7 ਮੀਲ ਫੀ ਸਾਲ । ਮਗਰ ਇਸ ਸਰਕਾਰ ਦੀ ਐਫੀਸ਼ੈਂਸੀ ਦੇਖੋ ਕਿ 1971—72 ਲਈ ਇਸ ਕੰਮ ਤੇ ਖਰਚ 6 ਕਰੋੜ ਰਖਿਆ ਹੈ । ਫਿਰ ਮੈਂ ਗਵਰਨਰ ਐਡਰੈਸ ਦੀ ਤਾਰੀਫ ਨਾ ਕਰਾਂ ਤਾਂ ਕੀ ਕਰਾਂ ।

ਇਕ ਗਲ ਮੈਂ ਇਹ ਕਰਨੀ ਹੈ ਕਿ ਜਿਸ ਦਿਨ ਗਵਰਨਰ ਸਾਹਿਬ ਦਾ ਐਡਰੈਸ ਹੋਇਆ ਸੀ ਤਾਂ ਸਾਡੇ ਕਾਂਗਰਸੀ ਦੋਸਤਾਂ ਨੇ ਵਾਕ ਆਊਟ ਕੀਤਾ ਸੀ । ਵਾਕ ਆਊਟ ਦੀ ਵਜ੍ਹਾ ਕੁਝ ਲੀਡਰਾਂ ਨੇ ਇਹ ਦਸੀ ਸੀ ਕਿ ਕੁਝ ਕਰਮਚਾਰੀਆਂ ਨਾਲ ਸਰਕਾਰ ਵਲੋਂ ਜ਼ਿਆਦਤੀ ਹੋਈ ਹੈ । ਮਾਸਟਰ ਗੁਰਬੰਤਾ ਸਿੰਘ ਜੀ ਨੇ ਜੋ ਸਪੀਚ ਦਿਤੀ ਉਹ ਮੈਂ ਧਿਆਨ ਨਾਲ ਸੁਣੀ ਇਹ ਦੇਖਣ ਲਈ ਕਿ ਹੁਣ ਇਹ ਕੀ ਵਜ੍ਹਾ ਦਸਦੇ ਹਨ ਤਾਂ ਜੋ ਪਤਾ ਲਗ ਸਕੇ ਕਿ ਠੀਕ ਵਜ੍ਹਾ ਕੀ ਹੈ । ਇਨ੍ਹਾਂ ਨੇ ਕਿਹਾ ਕਿ ਅਸੀਂ ਵਾਕ ਆਊਟ ਕੀਤਾ ਸੀ ਪਰ ਅਗਰ ਪਾਰਟੀ ਇਨ ਪਾਵਰ ਆਪੋਜ਼ੀਸ਼ਨ ਨੂੰ ਕਰਸ ਕਰੇ ਤਾਂ ਅਸੀਂ ਵਾਕ ਆਊਟ ਕਿਉਂ ਨਾ ਕਰੀਏ । ਤਾਂ ਗਲ ਸਮਝ ਆਈ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਜੋ ਗਲ ਕਹੀ ਸੀ ਉਹ ਠੀਕ ਨਹੀਂ ਸੀ । ਉਹ ਤਾਂ ਸਿਰਫ ਕਰਮਚਾਰੀਆਂ ਨੂੰ ਮਿਸਗਾਈਡ ਕਰਨ ਲਈ ਹੀ ਕਹੀ ਗਈ ਸੀ । ਉਨ੍ਹਾਂ ਨਾਲ ਹਮਦਰਦੀ ਵਾਲੀ ਗਲ ਨਹੀਂ ਸੀ । ਦੂਜੀ ਗਲ ਮੇਰੇ ਮਨ ਵਿਚ ਇਹ ਆਈ । ਕਿਸੇ ਵਕਤ ਪੰਜਾਬ ਕਾਂਗਰਸ ਪਾਰਟੀ ਦੇ ਪਰਧਾਨ, ਜੋ ਲੈਜਿਸਲੇਚਰ ਪਾਰਟੀ ਦੇ ਮੈਂਬਰ ਵੀ ਹਨ, ਉਨ੍ਹਾਂ ਨੇ ਕਿਹਾ ਸੀ ਕਿ ਜਿਸ ਦਿਨ ਅਸੰਬਲੀ ਦਾ ਸੈਸ਼ਨ ਬੈਠੇਗਾ ਅਸੀਂ ਅਕਾਲੀਆਂ ਦੀ ਸਰਕਾਰ ਉਸੇ ਦਿਨ ਤੋੜ ਦਿਆਂਗੇ । ਜਦੋਂ ਇਨ੍ਹਾਂ ਨੇ ਵਾਕ ਆਊਟ ਕੀਤਾ ਤਾਂ ਮੇਰੇ ਮਨ ਵਿਚ ਉਹ ਗਲ ਵੀ ਆਈ । ਇਨ੍ਹਾਂ ਨੇ ਅਖਬਾਰਾਂ ਰਾਹੀਂ ਆਪਣੀਆਂ ਗਲਾਂ ਨਾਲ ਮੁਲਾਜ਼ਮਾਂ ਨਾਲ ਬੜੀ ਹਮਦਰਦੀ ਵੀ ਜ਼ਾਹਰ ਕਰ ਦਿਤੀ ਵਾਕ ਆਊਟ ਵੀ ਕਰ ਦਿਤਾ, ਜੋ ਗੌਰਮਿੰਟ ਤੋੜਨ ਵਾਲੀ ਗਲ ਸੀ ਉਹ ਕਹੀ ਨਹੀਂ । ਅਗਰ ਕਹਿ ਦਿੰਦੇ ਕਿ ਜੋ ਸਪੋਰਟ ਦਿਤੀ ਹੈ ਉਹ ਵੀ ਵਿਦਡਰਾ ਕੀਤੀ ਤਾਂ ਇਹ ਗਲ ਕੁਝ ਠੀਕ ਲਗ ਸਕਦੀ ਸੀ ।

ਤੀਜੀ ਚੀਜ਼ ਇਨ੍ਹਾਂ ਨੇ ਹਰੀਜਨਾਂ ਦੇ ਬਾਰੇ ਵਿਚ ਕਾਂਗਰਸ ਵਲੋਂ ਕਹੀ ਹੈ ਅਤੇ ਕਲ੍ਹ ਵੀ ਕਿਹਾ ਗਿਆ ਸੀ । ਜਿਵੇਂ ਕਿ ਮੈਂ ਪਹਿਲਾਂ ਵੀ ਦਸਿਆ ਹੈ ਪਿੰਡਾਂ ਵਿਚ ਕਈ ਤਰ੍ਹਾਂ ਦੇ ਕਿੱਤੇ ਸਨ । ਖੇਤੀ ਹੀ ਕੋਈ ਕਿੱਤਾ ਨਹੀਂ ਸੀ ਅਤੇ ਪਿੰਡਾਂ ਵਾਲੇ ਸੈਲਫ ਸਫੀਸ਼ੈਂਟ ਸਨ । ਖੇਤੀ ਕਰਦੇ ਸਨ ਅਤੇ ਉਨ੍ਹਾਂ ਦੀਆਂ ਜ਼ਰੂਰਿਆਤ ਦੀ ਹਰ ਇਕ ਚੀਜ਼ ਪਿੰਡ ਵਿਚ ਹੀ ਮਿਲ ਜਾਂਦੀ ਸੀ ਅਤੇ ਬਣਦੀਆਂ ਸਨ ਪਰ ਕਾਂਗਰਸ ਸਰਕਾਰ ਨੇ ਆਪਣੇ ਰਾਜ ਵਿਚ ਉਨ੍ਹਾਂ ਨੂੰ ਜ਼ਮੀਨ ਵਿਖਾ ਕੇ ਇਹ ਸਾਰੇ ਕਿੱਤੇ ਉਨ੍ਹਾਂ ਪਾਸੋਂ ਖੋਹ ਲਏ । ਫਿਰ ਇਥੇ ਹੀ ਬਸ ਨਹੀਂ ਜਿਹੜੀ ਜ਼ਮੀਨ ਕਸਟੋਡੀਅਨ ਪਾਸ 1947 ਵਿਚ ਆਈ ਸੀ ਉਹ 1950 ਤਕ ਸਰਦਾਰ ਮਹਿਤਾਬ ਸਿੰਘ ਹੋਰਾਂ ਨੂੰ ਪਤਾ ਹੈ ਵੰਡ ਦਿਤੀ ਗਈ ਪਰ ਇਸ ਤੋਂ ਬਾਅਦ 1966-67 ਤਕ ਕਾਂਗਰਸ ਨੇ ਆਪਣੇ 20 ਸਾਲ ਦੇ ਰਾਜ ਵਿਚ ਉਨ੍ਹਾਂ ਨੂੰ ਕੋਈ ਜ਼ਮੀਨ ਅਲਾਟ ਨਹੀਂ ਕੀਤੀ ਅਤੇ ਸਿਰਫ ਲਿਪ ਸਿਮਪਥੀ ਸ਼ੋ ਕਰ ਦਿਤੀ ਅਤੇ ਡਿਵਾਈਡ ਐਂਡ ਰੂਲ ਦੀ ਪਾਲਿਸੀ ਤੇ ਚਲਦੇ ਰਹੇ ।

ਫਿਰ ਇਥੇ ਛੂਆ ਛਾਤ ਦਾ ਜ਼ਿਕਰ ਕੀਤਾ ਗਿਆ । ਅਸਲ ਵਿਚ ਕਾਂਗਰਸ ਵਾਲਿਆਂ ਇਹ ਰੁਖ ਬਣਾ ਲਿਆ ਕਿ ਜਿਹੜੀ ਗੱਲ ਕੋਈ ਚੰਗੀ ਹੋਵੇ ਉਸ ਦਾ ਕਰੈਡਿਟ ਆਪ ਲੈ ਜਾਣ ਭਾਵੇਂ ਕਿਸੇ ਤਰ੍ਹਾਂ

[ਸਰਦਾਰ ਪਰਤਾਪ ਸਿੰਘ ਕਾਦੀਆਂ]

ਵੀ ਹੋਵੋ । ਇਨ੍ਹਾਂ ਨੇ ਛੂਆ ਛਾਤ ਦੂਰ ਕਰਨ ਦਾ ਕਰੈਡਿਟ ਲੈਣਾ ਚਾਹਿਆ ਪਰ ਇਨ੍ਹਾਂ ਦੇ ਯਤਨਾਂ ਨਾਲ ਛੂਆ ਛਾਤ ਖਤਮ ਨਹੀਂ ਹੋਈ । ਗੁਰੂ ਨਾਨਕ ਦੇਵ ਜੀ ਦਾ ਜਿਹੜਾ ਵੀ ਨਾਮ ਲੇਵਾ ਹੈ ਅਤੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਲੇਵਾ ਕਹਿਲਾਂਦਾ ਹੈ, ਉਹ ਕਦੇ ਵੀ ਛੂਆ ਛਾਤ ਕਰ ਨਹੀਂ ਸਕਦਾ । ਇਸੀ ਲਈ ਇਨ੍ਹਾਂ ਨੂੰ ਇਸ ਗੱਲ ਦਾ ਕਰੈਡਿਟ ਨਹੀਂ ਜਾ ਸਕਦਾ ਕਿਉਂਕਿ ਪੰਜਾਬ ਵਿਚ ਜਿਥੇ ਕਿ ਗੁਰੂ ਨਾਨਕ ਦੇਵ ਜੀ ਹੋਏ ਛੂਆ ਛਾਤ ਦਾ ਮਸਲਾ ਹੈ ਹੀ ਨਹੀਂ । ਇਹ ਮਸਲਾ ਤਾਂ ਕਿਤੇ ਉਸ ਇਲਾਕੇ ਵਿਚ ਸੀ ਜਿਥੇ ਕਿ ਮਨੂ ਸਿਮ੍ਰਤੀ ਦੇ ਚੇਲੇ ਬੈਠੇ ਹੋਏ ਸਨ ਇਸ ਵਿਚ ਵੀ ਇਨ੍ਹਾਂ ਨੇ ਆਪਣੀ ਉਹੀ ਪਾਲਿਸੀ ਰੱਖੀ ਡਿਵਾਈਡ ਐਂਡ ਰੂਲ ਦੀ ਅਤੇ ਕਰੈਡਿਟ ਆਪ ਲੈਣਾ ਚਾਹਿਆ । ਹਾਲਾਂ ਕਿ ਮੇਰੀ ਸਰਕਾਰ ਨੇ ਧਰਮਸ਼ਾਲਾ ਲਈ ਪੈਸੇ ਰਖੇ ਹਨ ਅਤੇ ਬਣਾਈਆਂ ਹਨ ਜਿਥੇ ਕਿ ਗਰੀਬ ਇਕੱਠੇ ਹੋ ਕੇ ਬੈਠ ਸਕਣ ਅਤੇ ਆਪਣੇ ਮਾਮਲਿਆਂ ਬਾਰੇ ਵਿਚਾਰ ਕਰ ਸਕਣ । ਇਸ ਲਈ ਮੈਂ ਇਸ ਸਰਕਾਰ ਨੂੰ ਵਧਾਈ ਦਿੰਦਾ ਹਾਂ । (ਪ੍ਰਸ਼ੰਸਾ)

ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕਾਂਗਰਸ ਦੀ ਸਰਕਾਰ ਨੇ ਆਪਣੇ ਰਾਜ ਵਿਚ ਪਿੰਡਾਂ ਵਿਚੋਂ ਕਿੱਤੇ ਕੱਢ ਕੇ ਸ਼ਹਿਰਾਂ ਵਿਚ ਲਿਜਾਣ ਦਾ ਯਤਨ ਕੀਤਾ ਅਤੇ ਪਿੰਡਾਂ ਦੀ ਐਕਾਨੋਮੀ ਨੂੰ ਤਬਾਹ ਕੀਤਾ ਹੁਣ ਇਸ ਅਕਾਲੀ ਸਰਕਾਰ ਨੇ ਕਿੱਤਿਆਂ ਨੂੰ ਵਾਪਸ ਪਿੰਡਾਂ ਵਿਚ ਲਿਜਾਣ ਲਈ ਇਕ ਹਰੀਜਨ ਵੈਲਫੇਅਰ ਕਾਰਪੋਰੇਸ਼ਨ ਕਾਇਮ ਕੀਤੀ ਹੈ ਜਿਸ ਲਈ 5 ਕਰੋੜ ਰੁਪਏ ਦੀ ਰਕਮ ਰਖੀ ਗਈ ਹੈ ਮੈਂ ਸਮਝਦਾ ਹਾਂ ਕਿ ਜਿਹੜੀ ਬੁਰਾਈ ਇਨ੍ਹਾਂ ਨੇ ਸ਼ੁਰੂ ਕੀਤੀ ਸੀ ਉਸ ਨੂੰ ਇਹ ਕਾਰਪੋਰੇਸ਼ਨ ਧੋ ਦੇਵੇਗੀ ਅਤੇ ਉਸ ਨੂੰ ਠੀਕ ਕਰਨ ਵਾਸਤੇ ਇਹ ਕਾਰਪੋਰੇਸ਼ਨ ਸੈਟ ਅਪ ਕੀਤੀ ਗਈ ਹੈ । ਇਸ ਗੌਰਮਿੰਟ ਦਾ ਇਹ ਇਕ ਸ਼ਲਾਘਾ ਯੋਗ ਕਦਮ ਹੈ । ਜਿਸ ਦਾ ਜ਼ਿਕਰ ਗਵਰਨਰ ਸਾਹਿਬ ਦੇ ਐਡਰੈਸ ਵਿਚ ਹੈ ਇਸ ਲਈ ਵਧਾਈ ਦਿਤੀ ਜਾਣੀ ਚਾਹੀਦੀ ਹੈ ।

ਪਿੰਡਾਂ ਵਿਚ ਪ੍ਰੈਸ ਨੇ ਜਾਂ ਪੋਲਿਟੀਕਲ ਪਾਰਟੀਆਂ ਨੇ ਕਰਨਾ ਤਾਂ ਕੁਝ ਨਹੀਂ ਹੁੰਦਾ ਪਰ ਹਰੀਜਨਾਂ ਦਾ ਨਾਮ ਲੈ ਕੇ ਕਰੈਡਿਟ ਲੈਣਾ ਚਾਹੁੰਦੇ ਹਨ ਅਤੇ ਕਦੇ ਕੋਈ ਗੱਲ ਉਨ੍ਹਾਂ ਨੂੰ ਕਹਿ ਦਿਤੀ । ਕਾਂਗਰਸ ਵਾਲੇ ਵੀ ਆਪਣੇ ਰਾਜ ਵਿਚ ਇਸੇ ਤਰ੍ਹਾਂ ਕਰਦੇ ਸਨ ਕਿ ਪਹਿਲਾਂ ਤਾਂ ਗੱਲਾਂ ਕਹਿ ਕੇ ਉਨ੍ਹਾਂ ਨੂੰ ਤੰਗ ਕਰ ਦਿਤਾ ਫਿਰ ਆਪ ਉਸ ਦੇ ਬਾਰੇ ਵਿਚ ਕਰੈਡਿਟ ਲੈ ਲਿਆ ਪਰ ਜਿਹੜਾ ਗੁਰੂ ਨਾਨਕ ਦੇਵ ਜੀ ਦਾ ਨਾਮ ਲੇਵਾ ਹੈ ਉਹ ਕਦੇ ਵੀ ਇਸ ਤਰ੍ਹਾਂ ਨਹੀਂ ਕਰ ਸਕਦਾ । ਅਕਾਲੀ ਪਾਰਟੀ ਵਲੋਂ ਕਦੇ ਕੋਈ ਗੱਲ ਇਸ ਤਰ੍ਹਾਂ ਦੀ ਨਹੀਂ ਕੀਤੀ ਗਈ ਸਗੋਂ ਸਹੀ ਅਰਥਾਂ ਵਿਚ ਹਰੀਜਨਾਂ ਦੀ ਭਲਾਈ ਦੇ ਕੰਮ ਕੀਤੇ ਜਾ ਰਹੇ ਹਨ ਅਤੇ ਅਮਲੀ ਸ਼ਕਲ ਦਿਤੀ ਜਾ ਰਹੀ ਹੈ । (ਵਿਘਨ)

ਸਰਦਾਰ ਸਰੂਪ ਸਿੰਘ : ਇਥੇ ਗੁਰੂ ਨਾਨਕ ਦਾ ਨਾਂ ਕੌਣ ਲੈਂਦਾ ਹੈ ਇਥੇ ਤਾਂ ਸਾਰੇ ਸੰਤਾਂ ਦਾ ਨਾਂ ਹੀ ਲੈਂਦੇ ਹਨ । (ਹਾਸਾ)

ਸਰਦਾਰ ਮਹਿਤਾਬ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਹ ਕਾਦੀਆਂ ਸਾਹਿਬ ਕਹਿੰਦੇ ਹਨ ਕਿ ਇਹ ਛੂਆ ਛਾਤ ਨਹੀਂ ਕਰਦੇ ਹਰੀਜਨਾਂ ਨਾਲ ਕੀ ਇਹ ਦਸ ਸਕਦੇ ਹਨ ਕਿ ਇਹ ਸਾਡੇ ਨਾਲ ਅਤੇ ਅਸਾਡੇ ਹਲਕਿਆਂ ਨਾਲ ਛੂਆ ਛਾਤ ਨਹੀਂ ਕਰਦੇ ? (ਹਾਸਾ)

Mr. Deputy Speaker : This is no point of order.

ਸਰਦਾਰ ਪਰਤਾਪ ਸਿੰਘ ਕਾਦੀਆਂ : ਇਥੇ ਮਾਸਟਰ ਗੁਰਬੰਤਾ ਸਿੰਘ ਹੋਰਾਂ ਨੇ ਇਹ ਗੱਲ ਕਹੀ ਕਿ ਮੁਲਕ ਵੱਡਾ ਹੋਣਾ ਚਾਹੀਦਾ ਹੈ, ਸੂਬਾ ਵੱਡਾ ਹੋਣਾ ਚਾਹੀਦਾ ਹੈ। ਪੰਜਾਬ ਛੋਟਾ ਹੋ ਕੇ ਰਹਿ ਗਿਆ ਹੈ, ਕਾਂਗਰਸ ਪਾਰਟੀ ਨੇ ਇਸ ਲਈ ਜਦੋਜਹਿਦ ਕੀਤੀ ਸੀ ਪਰ ਮੈਂ ਇਨ੍ਹਾਂ ਤੋਂ ਆਪ ਦੀ ਰਾਹੀਂ ਪੁਛਦਾ ਹਾਂ ਕਿ ਜਦੋਂ ਇਥੇ ਬਦੇਸ਼ੀ ਰਾਜ ਦੀ ਤਾਕਤ ਸੀ ਤਾਂ ਹਰ ਇਕ ਨੇ ਆਪਣੇ ਆਪਣੇ ਵਿੱਤ ਅਨੁਸਾਰ ਜਦੋਜਹਿਦ ਵਿਚ ਹਿੱਸਾ ਪਾਇਆ ਅਤੇ ਉਨ੍ਹਾਂ ਨੂੰ ਇਸ ਦੇਸ਼ ਵਿਚੋਂ ਕੱਢਣ ਦਾ ਯਤਨ ਕੀਤਾ ਗਿਆ। ਪਰ ਕਾਂਗਰਸ ਪਾਰਟੀ ਨੇ ਅਪ-ਟੂ-ਨੇਸ਼ਨ ਥਿਊਰੀ ਨੂੰ ਮੰਨਿਆ ਅਤੇ ਉਹ ਦੇਸ਼ ਛੱਡ ਗਏ। ਇਨ੍ਹਾਂ ਨੂੰ ਇਹ ਡਰ ਸੀ ਕਿ ਕਿਤੇ ਆਜ਼ਾਦੀ ਦੋ ਸਾਲ ਲੇਟ ਨਾ ਹੋ ਜਾਵੇ ਅਤੇ ਇਨ੍ਹਾਂ ਨੇ ਇਸੇ ਹੀ ਥਿਊਰੀ ਤੇ ਅਮਲ ਕਰਦਿਆਂ ਪਾਕਿਸਤਾਨ ਬਣਾਉਣਾ ਮੰਨ ਲਿਆ। (ਵਿਘਨ) (ਝੰਡਾ ਕਿਸ ਪਾੜਿਆ ਸੀ) (ਵਿਘਨ) ਅਤੇ ਅੱਜ ਇਹ ਗੱਲਾਂ ਕਰਦੇ ਹਨ ਸੂਬੇ ਨੂੰ ਵੱਡਾ ਕਰਨ ਦੀਆਂ। ਇਨ੍ਹਾਂ ਸ਼ਬਦਾਂ ਨਾਲ ਮੈਂ ਆਸ ਕਰਦਾ ਹਾਂ ਕਿ ਸਾਰੇ ਹਾਊਸ ਵਲੋਂ ਗਵਰਨਰ ਸਾਹਿਬ ਲਈ ਧੰਨਵਾਦ ਦਾ ਮਤਾ ਪਾਸ ਕੀਤਾ ਜਾਵੇਗਾ।

ਸਰਦਾਰ ਬੇਅੰਤ ਸਿੰਘ (ਪਾਇਲ) : ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਵਲੋਂ ਇਸ ਹਾਊਸ ਨੂੰ ਦਿਤੇ ਐਡਰੈਸ ਲਈ ਧੰਨਵਾਦ ਦੇ ਮਤੇ ਤੇ ਅਸਾਡੇ ਕਾਂਗਰਸੀ ਭਰਾਵਾਂ ਨੇ ਬਹਿਸ ਸ਼ੁਰੂ ਕੀਤੀ ਹੈ ਪਰ ਇਨ੍ਹਾਂ ਨੇ ਆਪ ਹੀ ਜਦ ਕਿ ਉਹ ਐਡਰੈਸ ਦੇਣ ਲਗੇ ਤਾਂ ਵਾਕ ਆਊਟ ਕਰਕੇ ਇਕ ਕੌਹੜੀ ਗੱਲ ਕੀਤੀ। ਗਵਰਨਰ ਸਾਹਿਬ ਦੇ ਐਡਰੈਸ ਵਿਚ ਛੋਟੀਆਂ ਜ਼ਾਤੀਆਂ ਨੂੰ ਉੱਚਾ ਚੁਕਣ ਲਈ ਕਾਫੀ ਗੱਲਾਂ ਕਹੀਆਂ ਗਈਆਂ ਹਨ ਅਤੇ ਅਵਾਮ ਦੇ ਮੁਫਾਦ ਦੀਆਂ ਗੱਲਾਂ ਕਹੀਆਂ ਗਈਆਂ ਹਨ। ਇਸ ਲਈ ਇਨ੍ਹਾਂ ਨੂੰ ਤਾਂ ਮੁਤਫਿਕਾ ਤੌਰ ਤੇ ਧੰਨਵਾਦ ਦੇ ਮਤੇ ਨੂੰ ਪਾਸ ਕਰਨਾ ਚਾਹੀਦਾ ਸੀ ਪਰ ਇਨ੍ਹਾਂ ਨੇ ਇਤਰਾਜ਼ ਕੀਤੇ ਹਨ। ਉਨ੍ਹਾਂ ਦਾ ਮੈਂ ਜ਼ਿਕਰ ਕਰਾਂਗਾ।

ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਐਗਰੀਕਲਚਰ ਅਤੇ ਇੰਡਸਟਰੀ ਦੋਵੇਂ ਚੀਜ਼ਾਂ ਲਿੰਕਡ ਹਨ। ਸਾਡੇ ਸੂਬੇ ਦੀ ਅਕਾਨੌਮੀ ਐਗਰੀਕਲਚਰ ਤੇ ਡਿਪੈਂਡੈਂਟ ਹੈ ਪਰ ਕਾਂਗਰਸ ਸਰਕਾਰ ਨੇ ਆਪਣੇ 23 ਸਾਲ ਦੇ ਰਾਜ ਵਿਚ ਇਸ ਪਾਸੇ ਕੋਈ ਧਿਆਨ ਨਹੀਂ ਦਿਤਾ ਅਤੇ ਸੈਂਟਰ ਤੋਂ, ਜਿਥੋਂ ਕਿ ਇਨ੍ਹਾਂ ਦੀ ਹੁਣ ਵੀ ਸਰਕਾਰ ਮੌਜੂਦ ਹੈ, ਕੋਈ ਹੈਵੀ ਇੰਡਸਟਰੀ ਇਸ ਪਾਸੇ ਪੰਜਾਬ ਵਿਚ ਨਹੀਂ ਲਿਆਂਦੀ। ਸੈਂਟਰ ਦੀ ਸਰਕਾਰ ਨੇ ਸਾਰੀ ਇੰਡਸਟਰੀ ਚੁਕ ਕੇ ਸਾਊਥ ਨੂੰ ਦੇ ਦਿਤੀ ਅਤੇ ਅਸਾਨੂੰ ਇਕ ਵੀ ਨਹੀਂ ਦਿਤੀ। ਡਿਪਟੀ ਸਪੀਕਰ ਸਾਹਿਬ, ਤੁਸੀਂ ਬੰਬਈ ਜਾ ਕੇ ਵੇਖੋ ਵੈਨ ਇੰਡਸਟਰੀ ਉਥੇ ਦਿਤੀ ਗਈ ਅਤੇ ਫੈਕਟਰੀ ਲਗਾਈ ਗਈ ਹੈ ਜਿਥੇ ਕਿ ਹਜ਼ਾਰਾਂ ਮਜ਼ਦੂਰ ਕੰਮ ਕਰਦੇ ਹਨ ਅਤੇ ਉਥੇ ਇਨ੍ਹਾਂ ਨੇ ਮਜ਼ਦੂਰਾਂ ਦਾ ਸਟੈਂਡਰਡ ਆਫ ਲਿਵਿੰਗ ਉੱਚਾ ਚੁਕਣ ਦਾ ਯਤਨ ਕੀਤਾ ਹੈ ਪਰ ਉਨਾ ਨਹੀਂ ਹੋ ਸਕਿਆ ਜਿਨਾ ਕਿ ਪੰਜਾਬ ਵਿਚ ਹੋ ਸਕਦਾ ਸੀ। ਇਸੇ ਤਰ੍ਹਾਂ ਬੰਗਲੌਰ ਵਿਚ ਜਾ ਕੇ ਵੇਖਿਆ ਕਿ ਬਹੁਤ ਸਾਰੀ ਪਬਲਿਕ ਸੈਕਟਰ ਵਿਚ ਇੰਡਸਟਰੀ ਕਾਇਮ ਕੀਤੀ ਗਈ ਹੈ ਤਾਂਕਿ ਉਥੇ ਦੇ ਲੋਕਾਂ ਦਾ ਸਟੈਂਡਰਡ ਆਫ ਲਿਵਿੰਗ ਉਚਾ ਹੋ ਸਕੇ ਪਰ ਇਹ ਕਹਿੰਦਿਆਂ ਸ਼ਰਮ ਆਉਂਦੀ ਹੈ ਕਿ ਅਜੇ ਵੀ ਉਥੇ ਦੇ ਬਹੁਤ ਸਾਰੇ ਲੋਕ ਨੰਗੇ ਫਿਰਦੇ ਹਨ, ਜੋ ਕੁਝ ਸਰਕਾਰ ਕਰਨਾ ਚਾਹੁੰਦੀ ਸੀ ਉਥੇ ਨਹੀਂ ਕਰ ਸਕੀ। ਇਸ ਦੇ ਕੀ ਕਾਰਨ ਹਨ। ਹੈਵੀ ਇੰਡਸਟਰੀ ਦੇਣ ਦੇ ਬਾਵਜੂਦ ਵੀ ਇਹ ਗੱਲ ਹੋਈ ਹੈ। ਇਸ ਦਾ ਕਾਰਨ ਇਹ ਹੈ ਕਿ ਉਥੇ ਦਾ ਮਜ਼ਦੂਰ ਉਤਸ਼ਾਹੀ ਨਹੀਂ ਅਤੇ ਉਸ ਵਿਚ ਤਾਕਤ ਨਹੀਂ ਪਰ ਇਥੇ ਪੰਜਾਬ ਵਿਚ ਜਿਥੇ ਕਿ ਮਜਦੂਰ ਮੰਗ ਕਰਦਾ ਹੈ ਕੰਮ ਦੀ ਇਥੇ ਇਨ੍ਹਾਂ ਵਿਚ ਬੇਪਨਾਹ ਤਾਕਤ ਅਤੇ ਉਤਸ਼ਾਹ ਹੈ। ਇਥੇ ਹੈਵੀ ਇੰਡਸਟਰੀ ਨਹੀਂ ਦਿਤੀ ਗਈ ਕਿਉਂਕਿ ਇਸ ਕਰਕੇ ਕਿ ਇਥੇ ਦੀ ਮੌਜੂਦਾ ਸਰਕਾਰ ਦੇ ਬਾਰੇ ਵਿਚ

[ਸਰਦਾਰ ਬੇਅੰਤ ਸਿੰਘ]

ਉਹ ਇਹ ਸਮਝਦੇ ਹਨ ਕਿ ਕਾਂਗਰਸ ਦੀ ਨਹੀਂ ਅਤੇ ਸੈਂਟਰ ਬਰਖਿਲਾਫ ਹੈ ਅਤੇ ਚਲ ਰਹੀ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਹੈਵੀ ਇੰਡਸਟਰੀ ਪੰਜਾਬ ਨੂੰ ਦਿਤੀ ਜਾਣੀ ਚਾਹੀਦੀ ਹੈ। ਇਸ ਬਾਰੇ ਮੈਂ ਕਾਂਗਰਸ ਵੀਰਾਂ ਨੂੰ ਕਹਾਂਗਾ ਕਿ ਇਹ ਜਾ ਕੇ ਸੈਂਟਰ ਵਿਚ ਇੰਦਰਾ ਨੂੰ ਕਹਿਣ ਕਿ ਉਹ ਹੈਵੀ ਇੰਡਸਟਰੀ ਪੰਜਾਬ ਨੂੰ ਦੇਵੇ। ਕਿਉਂਕਿ ਇੰਡਸਟਰੀ ਅਤੇ ਐਗਰੀਕਲਚਰ ਦਾ ਆਪਸ ਵਿਚ ਲਿੰਕ ਹੈ। ਐਗਰੀਕਲਚਰ ਡਿਪੈਂਡੈਂਟ ਅਕਾਨੌਮੀ ਕਦ ਤਕ ਚਲ ਸਕਦੀ ਹੈ। ਇਹ ਕਿਸੇ ਸਮੇਂ ਹੋ ਸਕਦੀ ਹੈ। ਫਿਰ ਕਿਸਾਨ ਬਾਰਸ਼ਾਂ ਤੇ ਨਿਰਭਰ ਕਰਦਾ ਹੈ ਜੇਕਰ ਬਾਰਸ਼ ਨਾ ਹੋਵੇ ਤਾਂ ਖੇਤੀ ਦਾ ਨੁਕਸਾਨ ਹੋ ਜਾਂਦਾ ਹੈ ਅਤੇ ਇਹ ਐਗਰੀਕਲਚਰ ਬੇਸਿਡ ਇਕਾਨੌਮੀ ਫੇਲ੍ਹ ਹੋ ਸਕਦੀ ਹੈ। ਇਸ ਲਈ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਜਿਥੇ ਤਕ ਬਿਜਲੀ ਦਾ ਪ੍ਰੋਗਰਾਮ ਹੈ ਭਾਖੜਾ ਮੈਨੇਜਮੈਂਟ ਬੋਰਡ ਨੇ ਪੰਜਾਬ ਨਾਲ ਜ਼ਿਆਦਤੀ ਕੀਤੀ ਹੈ। ਉਸ ਦੇ ਚੇਅਰਮੈਨ ਰਾਓ ਸਾਹਿਬ ਆਪਣੀ ਮਰਜ਼ੀ ਨਾਲ ਬਿਜਲੀ ਦਿੰਦੇ ਹਨ ਤੇ ਇਹ ਜਿਹੜਾ ਪੰਜਾਬ ਦਾ ਇੰਨਾ ਐਮਬੀਸ਼ਸ ਪ੍ਰੋਗਰਾਮ ਸੀ ਇਹ ਪੂਰਾ ਨਹੀਂ ਹੋ ਸਕਦਾ ਇਸ ਪਾਸੇ ਖਾਸ ਧਿਆਨ ਦੇਣ ਦੀ ਲੋੜ ਹੈ। ਇਹ ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਪੰਜਾਬ ਸਰਕਾਰ ਨੇ ਕਿਸ ਤਰੀਕੇ ਨਾਲ ਸਤਪੁੜਾ ਕੋਟਾ ਅਤੇ ਇੰਦਰ ਪ੍ਰਸਤ ਪਰਾਜੈਕਟਾਂ ਪਾਸੋਂ ਬਿਜਲੀ ਲਈ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਬਿਜਲੀ ਜਦ ਤਕ ਨਹੀਂ ਹੋਵੇਗੀ ਤਦ ਤਕ ਸਾਡੀ ਨਾ ਤਾਂ ਇਨਡਸਟਰੀ ਚਲ ਸਕਦੀ ਹੈ ਤੇ ਨਾ ਹੀ ਐਗਰੀਕਲਚਰ ਚਲ ਸਕਦੀ ਹੈ। ਇਸ ਲਈ ਮੈਂ ਪ੍ਰੋਪੋਜ਼ ਕਰਦਾ ਹਾਂ ਕਿ ਇਕ ਨੈਸ਼ਨਲ ਗਰਿਡ ਹੋਣਾ ਚਾਹੀਦਾ ਹੈ ਅਤੇ ਇਕ ਪੂਲ ਬਣਾਉਣਾ ਚਾਹੀਦਾ ਹੈ ਤਾਂ ਕਿ ਜਿਹੜੇ ਸੂਬੇ ਅਗੇ ਵਧਣਾ ਚਾਹੁੰਦੇ ਹਨ ਉਨ੍ਹਾਂ ਨੂੰ ਜ਼ਿਆਦਾ ਬਿਜਲੀ ਦਿਤੀ ਜਾਵੇ ਅਤੇ ਜਿਥੇ ਸਾਊਥ ਵਿਚ ਪਹਿਲਾਂ ਹੀ ਨੈਚਰਲ ਰਿਸੋਰਸਿਜ਼ ਹਨ ਅਤੇ ਜਿਥੇ ਬਿਜਲੀ ਦੀ ਲੋੜ, ਘਟ ਹੈ ਉਥੇ ਘਟ ਦਿਤੀ ਜਾਵੇ। ਬਿਜਲੀ ਦੀ ਸਾਨੂੰ ਲੋੜ ਜ਼ਿਆਦਾ ਹੈ ਇਸ ਲਈ ਇਸ ਪੂਲ ਵਿਚੋਂ ਅਸਾਨੂੰ ਬਿਜਲੀ ਵਧ ਦਿਤੀ ਜਾਵੇ। ਐਗਰੀਕਲਚਰ ਦਾ ਸੰਬੰਧ ਇੰਡਸਟਰੀ ਨਾਲ ਹੈ ਅਤੇ ਅਸਾਡੀ 80% ਵਸੋਂ ਐਗਰੀਕਲਚਰ ਤੇ ਡਿਪੈਂਡ ਕਰਦੀ ਹੈ ਇਸ ਲਈ ਇਸ ਦੇ ਲਿੰਕ ਇੰਡਸਟਰੀ ਨੂੰ ਵੀ ਉਤਸ਼ਾਹ ਦੇਣਾ ਚਾਹੀਦਾ ਹੈ। ਦੁਧ ਦੇ ਬਾਰੇ ਵਿਚ ਵੀ ਇਸ ਸਰਕਾਰ ਨੇ ਕਾਫ਼ੀ ਚੰਗਾ ਕੰਮ ਕੀਤਾ ਹੈ ਅਤੇ ਐਨੀਮਲ ਹਸਬੰਡਰੀ ਦੇ ਮਹਿਕਮੇ ਨੇ ਕਾਫੀ ਕੰਮ ਕੀਤਾ ਹੈ। ਲੁਧਿਆਣਾ ਵਿਚ ਮਿਲਕ ਪਲਾਂਟ ਕਾਇਮ ਕੀਤਾ ਗਿਆ ਹੈ ਅਤੇ ਸੈਂਟਰ ਕਾਇਮ ਕਰ ਦਿਤੇ ਗਏ ਹਨ ਜਿਥੇ ਕਿ ਦੁਧ ਇਕੱਠਾ ਕੀਤਾ ਜਾ ਰਿਹਾ ਹੈ। ਜੇਕਰ ਇੰਡਸਟਰੀ ਨੂੰ ਉਤਸ਼ਾਹ ਦੇਵਾਂਗੇ ਤਾਂ ਘਰ ਘਰ ਵਿਚ ਕਰੀਮੀ ਲਗ ਸਕਦੀਆਂ ਹਨ ਅਤੇ ਮੱਖਣ ਤਿਆਰ ਕੀਤਾ ਜਾ ਸਕਦਾ ਹੈ ਅਤੇ ਬਾਕੀ ਚੀਜ਼ਾਂ ਵੀ ਤਿਆਰ ਹੋ ਸਕਦੀਆਂ ਹਨ ਅਤੇ ਜਿਨ੍ਹਾਂ ਪਾਸ ਤਿੰਨ ਤਿੰਨ ਜਾ ਚਾਰ ਚਾਰ ਕਿਲੇ ਜ਼ਮੀਨ ਹੈ ਉਨ੍ਹਾਂ ਦਾ ਨਿਰਭਰ ਜਿਥੇ ਐਗਰੀਕਲਚਰ ਤੇ ਹੈ ਉਹ ਮੱਝਾਂ ਰੱਖ ਕੇ ਇਸ ਇੰਡਸਟਰੀ ਰਾਹੀਂ ਪ੍ਰਫੁਲਤ ਹੋ ਸਕਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਐਗਰੀਕਲਚਰ ਦੇ ਬਾਰੇ ਕੁੱਝ ਅਰਜ਼ ਕਰਨਾ ਚਾਹੁੰਦਾ ਹਾਂ, ਉਹ ਇਹ ਕਿ ਖਾਦਾਂ ਦੇ ਰੇਟਸ ਤੇ ਸੈਂਟਰਲ ਗੌਰਮਿੰਟ ਦਾ ਕੰਟਰੋਲ ਹੈ। ਇਥੇ ਪਾਵਰ ਦੀ ਗਲ ਸਰਦਾਰ ਸਰੂਪ ਸਿੰਘ ਹੋਰਾਂ ਨੇ ਛੇੜੀ ਸੀ; ਮੈਂ ਕਹਿੰਦਾ ਹਾਂ ਸੈਂਟਰਲ ਗੌਰ ਮਿੰਟ ਜਦੋਂ ਫਰਟੀਲਾਈਜ਼ਰ ਤੱਕ ਦੇ ਰੇਟ ਤੇ ਖੁਦ ਕੰਟਰੋਲ ਕਰਦੀ ਹੈ ਤਾਂ ਜ਼ਿਮੀਦਾਰ ਨੂੰ ਫਸਲ ਦੀ ਪੈਦਾਵਾਰ ਦੀ ਵੀ ਰੀਨੀਊਮਰੇਟਵ ਪ੍ਰਾਈਸ ਹੀ ਮਿਲਣੀ ਚਾਹੀਦੀ ਸੀ। ਪਰ ਸਰਕਾਰ 76/-ਰੁਪਏ ਤੋਂ ਵਧ ਦੇ ਭਾਅ ਵੇਚਣ ਦੀ ਇਜਾਜ਼ਤ ਨਹੀਂ ਦੇਂਦੀ।

ਇਥੇ ਇਹ ਵੀ ਕਿਹਾ ਗਿਆ ਕਿ ਪੰਜਾਬ ਦੇ ਜਟ ਕੈਪੀਟੇਲਿਸਟ ਹੋ ਗਏ ਹਨ, ਮੈਂ ਕਹਿੰਦਾ ਹਾਂ ਕਿ ਜ਼ਿਮੀਦਾਰਾਂ ਦਾ ਜੇ ਖਰਚ ਲਾਇਆ ਜਾਵੇ ਤਾਂ ਉਸ ਨੂੰ ਆਮਦਨ ਨਹੀਂ ਸਗੋਂ ਘਾਟਾ ਪੈਂਦਾ ਹੈ। ਉਸਦਾ ਘਾਟਾ ਪੂਰਾ ਕਰਨਾ ਚਾਹੀਦਾ ਹੈ। ਗਵਰਨਰ ਸਾਹਿਬ ਨੇ ਇਸ ਐਡਰੈਸ ਦੇ ਵਿਚ ਕਿਹਾ ਹੈ ਕਿ ਅਸੀਂ ਇਸ ਗਲ ਵਲ ਧਿਆਨ ਦੇਵਾਂਗੇ ਕਿ ਕਿਸਾਨ ਨੂੰ ਉਸ ਦੀ ਪੈਦਾਵਾਰ ਦੀ ਰੀਨੀਊਮਰੇਟਿਵ ਪ੍ਰਾਈਸ ਮਿਲੇ। ਇਹ ਇਕ ਨਿਹਾਇਤ ਹੀ ਚੰਗੀ ਗਲ ਹੈ।

ਇਥੇ ਪੰਜਾਬ ਦੇ ਵਿਚ ਲਾ ਐਂਡ ਆਰਡਰ ਦੇ ਖਰਾਬ ਦੀ ਗਲ ਵੀ ਕੀਤੀ ਗਈ ਹੈ। ਪਰ ਮੈਂ ਉਨ੍ਹਾਂ ਦੋਸਤਾਂ ਦਾ ਧਿਆਨ ਬੰਗਾਲ ਦੇ ਹਾਦਸਿਆਂ ਵਲ ਦਵਾਉਂਦਾ ਹਾਂ। ਉਥੇ ਯਾਦਵਪੁਰ ਯੂਨੀਵਰਸਟੀ ਦਾ ਵਾਈਸ ਚਾਂਸਲਰ ਮਾਰਿਆ ਗਿਆ ਰੋਜ਼ ਉਥੇ ਕਤਲ ਦਿਨ ਦਿਹਾੜੇ ਹੁੰਦੇ ਹਨ, ਪੀ. ਐਸ. ਪੀ. ਦੇ ਵਰਕਰਜ਼ ਤਕ ਮਾਰੇ ਗਏ ਹਨ, ਮੈਂ ਸਮਝਦਾ ਹਾਂ ਉਨ੍ਹਾਂ ਦੇ ਮੁਕਾਬਲੇ ਵਿਚ ਏਥੇ ਕੋਈ ਵੀ ਐਸੀ ਗਲ ਨਹੀਂ ਹੈ। ਨੈਕਸੇਲਾਈਟਿਡ ਮਾਈਂਡ ਵੀ ਓਦੋਂ ਹੀ ਲੋਕੀਂ ਹੁੰਦੇ ਹਨ ਜਦੋਂ ਛੋਟੇ ਤਬਕੇ ਦੇ ਲੋਕਾਂ ਵਿਚ, ਸਟੂਡੈਂਟਸ ਦੇ ਵਿਚ ਜਾਂ ਐਂਪਲਾਈਜ਼ ਦੇ ਵਿਚ ਇਸ ਤਰ੍ਹਾਂ ਦੇ ਪਰਚਾਰ ਕੀਤੇ ਜਾਂਦੇ ਹਨ। ਇਨ੍ਹਾਂ ਵਿਚ ਕਿਸੇ ਸੋਸਾਈਟੀ ਨੂੰ ਵੀ ਕੋਈ ਪਰਚਾਰ ਨਹੀਂ ਕਰਨਾ ਚਾਹੀਦਾ। ਜਿਹੜੇ ਇਸ ਤਰ੍ਹਾਂ ਦੀਆਂ ਖੁਦ ਗੱਲਾਂ ਕਰਦੇ ਹਨ ਅਤੇ ਏਥੇ ਆ ਕੇ ਕਹਿੰਦੇ ਕੁਝ ਹਨ, ਉਨ੍ਹਾਂ ਦੀਆਂ ਇਕ ਹਾਸੋ ਹੀਣੀ ਜੇਹੀਆਂ ਗੱਲਾਂ ਲੱਗਦੀਆਂ ਹਨ। ਮੈਂ ਉਨ੍ਹਾਂ ਨੂੰ ਆਪਣੇ ਪੰਜਾਬ ਦੀ ਮਿਸਾਲ ਦੇਂਦਾ ਹਾਂ ਕਿ ਸਮਰਾਲੇ 50-60 ਸਟੂਡੈਂਟਸ ਨੇ ਰਲ ਕੇ ਇਕ ਬਸ ਰੋਕ ਲਈ ਉਥੇ ਸਵਾਰੀਆਂ ਦਾ ਸਮਾਨ ਉਪਰੋਂ ਲਾਹ ਕੇ ਜ਼ਮੀਨ ਤੇ ਰੱਖ ਦਿੱਤਾ। ਉਨ੍ਹਾਂ ਵਿਚੋਂ ਇਕ ਸਟੂਡੈਂਟ ਡਰਾਈਵਿੰਗ ਜਾਣਦਾ ਸੀ ਉਹ ਚਲਾ ਕੇ 6 ਮੀਲ ਅੱਗੇ ਤੱਕ ਲੈ ਗਿਆ। ਉਹ ਜਾਲਣ ਵਾਲੇ ਸੀ ਕਿ ਏਧਰ ਪੁਲੀਸ ਨੂੰ ਖਬਰ ਮਿਲੀ ਉਹ ਜੀਪਾਂ ਕਾਰਾਂ ਲੈਕੇ ਪਿਛੇ ਦੌੜੇ ਅਤੇ ਮੌਕੇ ਤੇ ਪੁਜ ਕੇ ਬਸ ਛੁੜਾ ਲਈ, ਜਿਹੜੀ ਕਿ ਜਲਣੋਂ ਬਚ ਗਈ, ਇਹ ਕਹਿੰਦੇ ਹਨ ਕਿ ਏਥੇ ਦੀ ਪੁਲਿਸ ਇੰਤਜ਼ਾਮ ਨਹੀਂ ਕਰਦੀ ਅਤੇ ਏਥੇ ਦਾ ਲਾ ਐਂਡ ਆਰਡਰ ਚੰਗਾ ਨਹੀਂ। ਜੇਕਰ ਦੂਸਰੀਆਂ ਸਟੇਟਸ ਦਾ ਇਸ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਏਥੋਂ ਦਾ ਇੰਤਜ਼ਾਮ ਉਨ੍ਹਾਂ ਨਾਲੋਂ ਕਿਤੇ ਚੰਗਾ ਹੈ। ਸਾਡੇ ਇਸ ਸਪਾਹੀ ਦਾ ਸਟੇਟਸ ਵੀ ਵੇਖੋ, ਮੈਂ ਮਦਰਾਸ ਵਿਚ ਵੇਖਿਆ ਹੈ, ਉਥੇ -/8/- ਤੱਕ ਰਿਸ਼ਵਤ ਲੈ ਲੈਂਦੇ ਹਨ, ਸਬ ਇਨਸਪੈਕਟਰਾਂ ਤੱਕ ਨੰਗੇ ਪੈਰੀਂ ਫਿਰਦੇ ਹਨ। ਮੈਂ ਚੀਫ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਹਰ ਥਾਣੇ ਵਿਚ ਜੀਪਾਂ ਪ੍ਰੋਵਾਈਡ ਹੋਣੀਆਂ ਚਾਹੀਦੀਆਂ ਹਨ, ਇਨਸਪੈਕਟਰ ਦੇ ਰੈਂਕ ਤੱਕ ਕਨਵੇਐਂਸ ਮਿਲਣੀ ਜ਼ਰੂਰੀ ਹੋਵੇ, ਜਿਹੜੇ ਗਜ਼ਟਿਡ ਰੈਂਕ ਦੇ ਹੋਣ ਉਨ੍ਹਾਂ ਲਈ ਪ੍ਰਾਈਵੇਟਲੀ ਵੈਹੀਕਲ ਰੱਖਣੀ ਲਾਜ਼ਮੀ ਹੋਵੇ, ਤਾਂ ਜੋ ਜਿਥੇ ਵੀ ਕੋਈ ਵਾਰਦਾਤ ਦੀ ਖਬਰ ਮਿਲੇ ਇਹ ਫੌਰਨ ਉਥੇ ਪਹੁੰਚ ਸਕਣ।

ਇਥੇ ਇਕ ਗੱਲ ਚੱਲੀ ਸੀ ਇਮਪਲਾਈਜ਼ ਦੇ ਮੁਤਾਲਿਕ, ਮੈਂ ਕਹਾਂਗਾ ਕਿ ਹਿੰਦੁਸਤਾਨ ਦੀ ਪ੍ਰਾਈਮ ਮਨਿਸਟਰ ਜੇ ਸੋਸ਼ਲਿਸਟਿਕ ਪੈਟਰਨ ਦੀ ਹਾਮੀ ਹੈ ਤਾਂ ਉਹ ਪਹਿਲਾਂ ਇਹ ਸੁਧਾਰ ਆਪਣੇ ਘਰ ਵਿਚ ਲਿਆਵੇ। ਉਨ੍ਹਾਂ ਦੇ ਘਰ ਵਿਚ ਕੰਮ ਕਰਨ ਵਾਲਾ ਨੌਕਰ ਬਦਰੀ ਪ੍ਰਸ਼ਾਦ ਜਿਸਨੂੰ 80 ਰੁਪਏ ਤਨਖਾਹ ਮਿਲਦੀ ਹੈ, ਉਸ ਦੇ ਤਿੰਨ ਬੱਚੇ ਹਨ ਅਤੇ ਇਕ ਬੀਵੀ ਹੈ। ਉਸ ਨੂੰ ਇਸ ਗੱਲ ਦੀ ਸ਼ਰਮ ਆਉਣੀ ਚਾਹੀਦੀ ਹੈ ਕਿ ਆਪਣੇ ਨੌਕਰ ਲਈ ਉਹ ਕੀ ਕਰਦੀ ਹੈ। ਸਾਡੇ ਇਕ ਘਟੀਆ ਇੰਪਲਾਈ ਦੀ ਤਨਖ਼ਾਹ ਜਿਵੇਂ ਕਿ ਇਕ ਚਪੜਾਸੀ, ਉਹ 140 ਰੁਪਏ ਲੈਂਦਾ ਹੈ ਅਤੇ ਪ੍ਰਧਾਨ ਮੰਤਰੀ ਦੇ ਨੌਕਰ ਨਾਲੋਂ ਚੰਗੀ ਤਰ੍ਹਾਂ ਰਹਿ ਸਕਦਾ ਹੈ।

Mr. Deputy Speaker : Please resume your seat now.

Extension of the time of the Sitting

ਸਰਦਾਰ ਉਮਰਾਓ ਸਿੰਘ : ਡਿਪਟੀ ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਪਰਸੋਂ ਰਾਤ ਗਵਰਮੈਂਟ ਨੇ ਬਿਲ ਪਾਸ ਕਰਉਣੇ ਸੀ ਤਾਂ ਇਹ ਸਾਢੇ ਦਸ ਵਜੇ ਤੱਕ ਬੈਠੇ ਰਹੇ । ਪਰ ਗਵਰਨਰ ਦੇ ਐਡਰੇਸ ਤੇ 4 ਦਿਨ ਦੀ ਬਜਾਏ 3 ਦਿਨ ਹੀ ਡਿਸਕਸ਼ਨ ਰਖਵਾਈ । ਇਸ ਪਾਸੇ ਅਜੇ ਵੀ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣਾ ਚਾਹੁੰਦੇ ਹਨ, ਅਜ ਨਾ ਕੋਈ ਸੈਕੰਡ ਸਿਟਿੰਗ ਹੈ, ਚੀਫ ਮਨਿਸਟਰ ਸਾਹਿਬ ਨੇ ਵੀ ਅਜੇ ਜਵਾਬ ਦੇਣਾ ਹੈ, ਇਸ ਲਈ ਹਾਊਸ ਦਾ ਵਕਤ 2 ਘੰਟੇ ਹੋਰ ਵਧਾ ਦਿੱਤਾ ਜਾਵੇ । ਮੈਂ ਸਮਝਦਾ ਹਾਂ ਇਸ ਤੇ ਕਿਸੇ ਨੂੰ ਵੀ ਕੋਈ ਇਤਰਾਜ਼ ਨਹੀਂ ਹੋ ਸਕਦਾ, ਜਦੋਂ ਅਸੀਂ ਰਾਤ ਦੇ 10 ਵਜੇ ਤੱਕ ਬੈਠ ਸਕਦੇ ਹਾਂ 2 ਘੰਟੇ ਜੇ ਹੋਰ ਲੱਗ ਜਾਣ ਤਾਂ ਕੀ ਫਰਕ ਪੈ ਸਕਦਾ ਹੈ ।

ਸ਼੍ਰੀ ਸਰਦਾਰੀ ਲਾਲ ਕਪੂਰ : ਡਿਪਟੀ ਸਪੀਕਰ ਸਾਹਿਬ, ਅਸੀਂ ਮੂਵ ਕਰਦੇ ਹਾਂ ਕਿ ਹਾਊਸ ਦਾ ਟਾਈਮ ਦੋ ਘੰਟੇ ਹੋਰ ਵਧਾ ਦਿੱਤਾ ਜਾਵੇ ।

ਸ਼੍ਰੀ ਡਿਪਟੀ ਸਪੀਕਰ : ਮੇਰਾ ਕੰਮ ਹੀ ਹਾਊਸ ਦੀ ਕੰਨਸੈਂਸ ਲੈਣਾ ਹੈ । ਜੇ ਹਾਊਸ ਦੀ ਇਹੋ ਰਾਏ ਹੋਵੇਗੀ ਤਾਂ ਜ਼ਰੂਰ ਵਧਾ ਦੇਵਾਂਗੇ । (It is my duty to take the consensus of the House. If the House desires the time will be extended.)

ਸਾਥੀ ਰੂਪ ਲਾਲ : ਡਿਪਟੀ ਸਪੀਕਰ ਸਾਹਿਬ, ਮੇਰੇ ਮੁਅਜ਼ਜ਼ ਦੋਸਤ ਨੇ ਰਿਕੁਐਸਟ ਕੀਤੀ ਹੈ ਕਿ ਟਾਈਮ ਵਧਾਇਆ ਜਾਵੇ । ਇਨ੍ਹਾਂ ਨੇ ਤਾਂ ਕੀਰਨੇ ਹੀ ਪਾਉਣੇ ਹਨ ਹੋਰ ਕੀ ਕਰਨਾ ਹੈ, ਫੇਰ ਕੀ ਲੋੜ ਹੈ ਹਾਊਸ ਦਾ ਟਾਈਮ ਖਰਾਬ ਕਰਨ ਦੀ । (ਹਾਸਾ)

ਮੁੱਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਜੇ ਤੁਸੀਂ ਵਧ ਤੋਂ ਵਧ ਇਕ ਘੰਟੇ ਲਈ ਵਧਾ ਦੇਓ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ।

Mr. Deputy Speaker : The House is extended up to 1-30 pm.

Discussion on Governor's Address (Resumption)

ਖੇਤੀ ਬਾੜੀ ਮੰਤਰੀ : ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਇਹ ਜਿਹੜਾ ਭਾਸ਼ਣ ਪੜ੍ਹਿਆ ਹੈ, ਇਹ ਸਾਰਿਆਂ ਨੂੰ ਹੀ ਪਤਾ ਹੈ ਕਿ ਇਸ ਵਿਚ ਸਰਕਾਰ ਦੇ ਜਿਹੜੇ ਪਿਛਲੇ ਸਾਲ ਦੇ ਕੀਤੇ ਕੰਮ ਅਤੇ ਆਉਣ ਵਾਲੇ ਸਾਲ ਲਈ ਕੁਝ ਉੱਨਤੀ ਦੀਆਂ ਸਕੀਮਾਂ ਦਾ ਜ਼ਿਕਰ ਹੋਇਆ ਕਰਦਾ ਹੈ । ਇਸ ਵਿਚ ਉਹ ਸਾਰੀਆਂ ਤਜਵੀਜ਼ਾਂ ਦਰਜ ਹਨ ਜਿਨ੍ਹਾਂ ਰਾਹੀਂ ਕਿ ਸਟੇਟ ਨੇ ਤਰੱਕੀ ਕਰਨੀ ਹੁੰਦੀ ਹੈ । ਇਸ ਵਿਚ ਇਹ ਗੱਲ ਅਛੀ ਤਰ੍ਹਾਂ ਨਾਲ ਦੱਸੀ ਗਈ ਹੈ ਕਿ ਪੰਜਾਬ ਪ੍ਰਦੇਸ਼ ਇਕ ਖੇਤੀ ਬਾੜੀ ਦਾ ਕੰਮ ਕਰਨ ਵਾਲੀ ਸਟੇਟ ਹੈ । ਇਥੇ ਸਾਰੇ ਹਿੰਦੁਸਤਾਨ ਨਾਲੋਂ ਅਨਾਜ ਜ਼ਿਆਦਾ ਹੁੰਦਾ ਹੈ । ਜੋ ਅੰਕੜੇ ਇਸ

ਵਿਚ ਦਿੱਤੇ ਗਏ ਹਨ ਉਸ ਦੇ ਹਿਸਾਬ ਨਾਲ ਪੰਜਾਬ ਸਾਰੇ ਹਿੰਦੁਸਤਾਨ ਦਾ ਅੰਨ ਦਾਤਾ ਸੂਬਾ ਬਣਿਆ ਹੋਇਆ ਹੈ । ਇਹ ਗੱਲ ਬਿਲਕੁਲ ਹੀ ਸਪੱਸ਼ਟ ਹੈ ਕਿ ਜਿਤਨਾ ਅਨਾਜ ਹਿੰਦੁਸਤਾਨ ਨੂੰ ਚਾਹੀਦਾ ਹੈ ਉਹ 37 ਲੱਖ ਟਨ ਹੈ ਅਤੇ ਇਕੱਲਾ ਪੰਜਾਬ 26 ਲੱਖ ਟਨ ਸਪਲਾਈ ਕਰਦਾ ਹੈ।

(ਇਸ ਸਮੇਂ ਸ਼੍ਰੀ ਸਪੀਕਰ ਨੇ ਕੁਰਸੀ ਸੰਭਾਲੀ)

ਜਿਸ ਤਰ੍ਹਾਂ ਦੀਆਂ ਕ੍ਰਿਸ਼ੀ ਵਿਭਾਗ ਦੀਆਂ ਸਕੀਮਾਂ ਰਖੀਆਂ ਹੋਈਆਂ ਹਨ ਉਸ ਦੇ ਆਧਾਰ ਤੇ ਸਾਡਾ ਖਿਆਲ ਹੈ ਕਿ ਅਸੀਂ ਅਗੇ ਨਾਲੋਂ ਵੀ 2 ਲੱਖ ਟਨ ਵਧ ਅਨਾਜ ਦੇਵਾਂਗੇ। ਸਾਡਾ ਇਹ ਵੀ ਖਿਆਲ ਹੈ ਕਿ ਆਉਣ ਵਾਲੇ ਕੁਝ ਸਾਲਾਂ ਤਕ ਇਕੱਲਾ ਪੰਜਾਬ ਹੀ ਸਾਰੇ ਦਾ ਸਾਰੇ ਭੰਡਾਰ ਹਿੰਦੁਸਤਾਨ ਦੀ ਲੋੜ ਦਾ ਪੂਰਾ ਕਰੇਗਾ ।

ਇਥੇ ਪਹਿਲਾਂ ਬੋਲਣ ਵਾਲਿਆਂ ਨੇ ਕੁਝ ਗੱਲਾਂ ਪੰਜਾਬ ਸਰਕਾਰ ਦੇ ਖਿਲਾਫ਼ ਕਹੀਆਂ ਹਨ ਜਿਹੜੀਆਂ ਕਿ ਮੁਨਾਸਿਬ ਨਹੀਂ । ਕੁਝ ਗੱਲਾਂ ਤਾਂ ਇਸ ਸਰਕਾਰ ਨੂੰ ਬਦਨਾਮ ਕਰਨ ਲਈ ਅਤੇ ਕੁਝ ਸਿਰਫ਼ ਕਹਿਣ ਦੀ ਖਾਤਰ ਹੀ ਕਹੀਆਂ ਗਈਆਂ ਹਨ । ਜਨਾਬ ਮੈਂ ਤੁਹਾਡੇ ਰਾਹੀਂ ਇਹ ਦਸਣਾ ਚਾਹੁੰਦਾ ਹਾਂ ਕਿ ਕੁਝ ਗੱਲਾਂ ਵਿਚ ਪੰਜਾਬ ਸਰਕਾਰ ਦੀਆਂ ਨੀਤੀਆਂ ਬੜੀਆਂ ਸਪਸ਼ਟ ਹਨ ਅਤੇ ਲਗ ਪਗ ਸਾਰੀਆਂ ਗੱਲਾਂ ਵਿਚ ਕੁਝ ਐਸੇ ਕਦਮ ਇਸ ਸਰਕਾਰ ਵਲੋਂ ਉਠਾਏ ਗਏ ਹਨ ਕਿ ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਦਾ ਵਾਤਾਵਰਣ ਅੱਗੇ ਨਾਲੋਂ ਕਾਫ਼ੀ ਸੁਧਰ ਗਿਆ ਹੈ ।

ਪਹਿਲੀ ਗੱਲ ਤਾਂ, ਸਪੀਕਰ ਸਾਹਿਬ, ਇਹ ਹੈ ਕਿ ਪਿੰਡਾਂ ਦੇ ਜੋ ਰਹਿਣ ਵਾਲੇ ਹਨ ਉਨ੍ਹਾਂ ਦੀ ਹਾਲਤ ਸੁਧਾਰਣ ਦਾ ਜੋ ਯਤਨ ਇਹ ਅਕਾਲੀ ਸਰਕਾਰ ਕਰ ਰਹੀ ਹੈ, ਇਹ ਬਹੁਤ ਹੀ ਸਰਾਹਨਾਯੋਗ ਹੈ । ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਦੇ ਵਿਚ ਦਸਿਆ ਹੈ ਕਿ ਕਈ ਪਿੰਡ ਐਸੇ ਹਨ ਜਿਨ੍ਹਾਂ ਤਕ ਕੋਈ ਰਸਤਾ ਨਹੀਂ ਜਾਂਦਾ। ਇਸ ਸਰਕਾਰ ਨੇ ਪਕੀਆਂ ਲਿੰਕ ਰੋਡਜ਼ ਬਣਾ ਕੇ ਅਜਿਹੇ ਪਿੰਡਾਂ ਨੂੰ ਵੱਡੀਆਂ ਸੜਕਾਂ ਨਾਲ ਜੋੜਨ ਦਾ ਪ੍ਰੋਗਰਾਮ ਬਣਾਇਆ ਹੀ ਨਹੀਂ ਸਗੋਂ ਉਸ ਤੇ ਅਮਲ ਵੀ ਕਰਨਾ ਸ਼ੁਰੂ ਕਰ ਦਿਤਾ ਹੈ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਸ ਹਾਊਸ ਨੂੰ ਇਹ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਛੇਤੀ ਤੋਂ ਛੇਤੀ ਹੀ ਹਰ ਇਕ ਪਿੰਡ ਨੂੰ ਲਿੰਕ ਰੋਡ ਦੇ ਰਾਹੀਂ ਵਡੀਆਂ ਸੜਕਾਂ ਦੇ ਨਾਲ ਜੋੜ ਦਿੱਤਾ ਜਾਵੇਗਾ ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਨੂੰ ਇਹ ਦਸ ਕੇ ਖੁਸ਼ੀ ਹੁੰਦੀ ਹੈ ਕਿ ਜਿਥੇ ਸੜਕਾਂ ਬਣਾਉਣ ਦਾ ਕੰਮ ਪੀ. ਡਬਲਿਊ.ਡੀ. ਨੇ ਆਪਣੇ ਹੱਥ ਵਿਚ ਲਿਆ ਹੋਇਆ ਹੈ, ਉਥੇ ਮਾਰਕੀਟ ਕਮੇਟੀਆਂ ਵੀ ਇਸ ਕੰਮ ਵਿਚ ਹੱਥ ਵਟਾ ਰਹੀਆਂ ਹਨ । ਮਾਰਕੀਟ ਕਮੇਟੀਆਂ ਨੇ ਆਪਣੇ ਗਿਰਹ ਤੋਂ ਪੈਸਾ ਖਰਚ ਕਰਕੇ ਰੋਡਜ਼ ਬਣਾਉਣ ਦਾ ਕੇਵਲ ਪ੍ਰੋਗਰਾਮ ਬਣਾਇਆ ਹੀ ਨਹੀਂ ਸਗੋਂ ਅਮਲ ਵੀ ਸ਼ੁਰੂ ਕਰ ਦਿੱਤਾ ਹੈ ।

ਫਿਰ ਸਪੀਕਰ ਸਾਹਿਬ, ਇਹ ਗੱਲ ਇਥੇ ਪਹਿਲਾਂ ਵੀ ਦਸੀ ਜਾ ਚੁਕੀ ਹੈ, ਪਰ ਮੈਂ ਇਸ ਨੂੰ ਫਿਰ ਚੰਗੀ ਤਰ੍ਹਾਂ ਦੱਸ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਬਹੁਤ ਸਹੂਲਤਾਂ ਦੇ ਰਹੀ ਹੈ ।

[ਖੇਤੀਬਾੜੀ ਮੰਤਰੀ]

ਟਿਊਬਵੈਲ ਲਗਾਉਣ ਦਾ ਪ੍ਰੋਗਰਾਮ ਬਣਾਇਆ ਗਿਆ ਹੈ । ਇਸ ਦੇ ਲਈ ਇਕ ਟਿਊਬਵੈਲ ਕਾਰਪੋਰੇਸ਼ਨ ਵੀ ਬਣਾਈ ਗਈ ਹੈ ਅਤੇ ਇਸ ਦੇ ਨਾਲ ਹੀ ਮੇਰੇ ਡਿਪਾਰਟਮੈਂਟ ਵਿਚ ਵੀ ਇਕ ਟਿਊਬਵੈਲ ਯੂਨਿਟ ਹੈ। ਇਸ ਯੂਨਿਟ ਦਾ ਇਹ ਕੰਮ ਹੈ ਕਿ ਉਹ ਕਿਸਾਨਾਂ ਨੂੰ ਟਿਊਬਵੈਲ ਬੋਰ ਕਰਕੇ ਦਿੰਦਾ ਹੈ । ਜੇ ਉਹ ਬੋਰ ਕਾਮਯਾਬ ਹੋ ਜਾਵੇ ਤਾਂ ਕਿਸਾਨਾਂ ਤੋਂ ਪੈਸੇ ਲੈ ਲਏ ਜਾਂਦੇ ਹਨ ਅਤੇ ਜੇ ਬੋਰ ਕਾਮਯਾਬ ਨਾ ਹੋਵੇ ਤਾਂ ਉਸ ਦਾ ਸਾਰਾ ਖਰਚਾ ਸਰਕਾਰ ਸਹਾਰਦੀ ਹੈ । ਇਸ ਤਰ੍ਹਾਂ ਦੀਆਂ ਸਹੂਲਤਾਂ ਪੰਜਾਬ ਸਰਕਾਰ ਕਿਸਾਨਾਂ ਨੂੰ ਦੇ ਰਹੀ ਹੈ । ਡੀਪ ਬੋਰ ਅਤੇ ਥੋੜੇ ਖਰਚੇ ਵਾਲੇ ਦੋਨੋਂ ਕਿਸਮ ਦੇ ਬੋਰ ਇਥੇ ਕੀਤੇ ਜਾ ਰਹੇ ਹਨ ।

ਫਿਰ, ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਦੇ ਵਿਚ ਕਿਹਾ ਹੈ ਕਿ ਹਿੰਦੀ ਦੀ ਤਰੱਕੀ ਲਈ 2 ਲੱਖ 13 ਹਜਾਰ ਰੁਪਿਆ ਰੱਖਿਆ ਗਿਆ ਹੈ । ਸਪੀਕਰ ਸਾਹਿਬ, ਮੈਨੂੰ ਇਹ ਗੱਲ ਇਸ ਲਈ ਕਹਿਣੀ ਪਈ ਕਿਉਂਕਿ ਇਥੇ ਮੇਰੀ ਸਰਕਾਰ ਦੇ ਬਾਰੇ ਵਿਚ ਇਹ ਕਿਹਾ ਗਿਆ ਹੈ ਕਿ ਇਹ ਹਿੰਦੀ ਵਿਰੋਧੀ ਸਰਕਾਰ ਹੈ। ਇਹ ਇਲਜ਼ਾਮ ਇਤਨਾ ਗਲਤ ਹੈ ਕਿ ਇਸ ਦੀ ਮਿਸਾਲ ਨਹੀਂ ਮਿਲਦੀ। ਸਪੀਕਰ ਸਾਹਿਬ, ਆਪ ਜਾਣਦੇ ਹੋ ਕਿ ਇਸ ਹਿੰਦੁਸਤਾਨ ਵਿਚ ਮੁਖਤਲਿਫ ਬੋਲੀਆਂ ਬੋਲੀਆਂ ਜਾਂਦੀਆਂ ਹਨ । ਗੁਜਰਾਤੀ, ਮਰਾਠੀ, ਤੈਲਗੂ, ਪੰਜਾਬੀ, ਹਿੰਦੀ ਔਰ ਰਾਜਸਥਾਨੀ ਅਤੇ ਹੋਰ ਕਈ ਬੋਲੀਆਂ ਬੋਲੀਆਂ ਜਾਂਦੀਆਂ ਹਨ । ਜਿਨ੍ਹਾਂ ਦੇ ਆਧਾਰ ਤੇ ਸੂਬੇ ਬਣੇ ਹੋਏ ਹਨ । ਇਸੇ ਤਰ੍ਹਾਂ ਪੰਜਾਬੀ ਬੋਲੀ ਦੇ ਆਧਾਰ ਤੇ ਪੰਜਾਬੀ ਸੂਬਾ ਬਣਿਆ ਹੋਇਆ ਹੈ ਅਤੇ ਇਥੇ ਦੀ ਸਰਕਾਰੀ ਭਾਸ਼ਾ ਪੰਜਾਬੀ ਬਣਾਈ ਗਈ ਹੈ । ਇਥੇ ਹਿੰਦੀ ਵਾਸਤੇ ਵੀ ਭਾਰੀ ਸਹੂਲਤਾਂ ਰੱਖੀਆਂ ਗਈਆਂ ਹਨ । ਸਪੀਕਰ ਸਾਹਿਬ, ਹੋਰ ਕਿਸੇ ਵੀ ਨਾਨ-ਹਿੰਦੀ ਸਟੇਟ ਨੇ ਸੈਂਟਰ ਦੀ ਸਰਕਾਰ ਦਾ ਬਣਾਇਆ ਹੋਇਆ ਤਿੰਨ-ਭਾਸ਼ਾਈ ਫਾਰਮੂਲਾ ਲਾਗੂ ਨਹੀਂ ਕੀਤਾ । ਪਰ ਪੰਜਾਬ ਵਿਚ ਸਾਰੇ ਸਰਕਾਰੀ ਸਕੂਲਾਂ ਵਾਸਤੇ ਜ਼ਰੂਰੀ ਹੈ ਕਿ ਉਹ ਚੌਥੀ ਜਮਾਤ ਤੋਂ ਹਿੰਦੀ ਪੜ੍ਹਾਉਣ ਇਸ ਤਰ੍ਹਾਂ, ਹਰ ਇਕ ਬੱਚੇ ਨੂੰ ਚੌਥੀ ਤੋਂ ਲੈ ਕੇ ਹਿੰਦੀ ਜ਼ਰੂਰ ਪੜ੍ਹਨੀ ਪੈਂਦੀ ਹੈ । ਫਿਰ ਭਾਵੇਂ ਉਹ ਮੈਟਰਿਕ ਤਕ ਜਾਂ ਐਮ. ਏ. ਤਕ ਹਿੰਦੀ ਪੜ੍ਹੇ ਉਸ ਨੂੰ ਕੋਈ ਰੋਕ ਨਹੀਂ ਹੈ ।

ਸਰਦਾਰ ਉਮਰਾਓ ਸਿੰਘ : ਤੁਸੀਂ ਆਪਣੇ ਮਹਿਕਮੇ ਦੀਆਂ ਗੱਲਾਂ ਕਰੋ, ਇਧਰ ਕਿਧਰ ਪੈ ਗਏ ਹੋ ।

ਖੇਤੀਬਾੜੀ ਮੰਤਰੀ : ਇਹ ਗੱਲਾਂ ਵੀ ਕਰਨੀਆਂ ਪੈਂਦੀਆਂ ਹਨ । ਫਿਰ, ਸਪੀਕਰ ਸਾਹਿਬ, ਇਥੇ ਜਿਹੜੇ ਪ੍ਰਾਈਵੇਟ ਸਕੂਲ ਹਨ, ਜਿਨ੍ਹਾਂ ਦੇ ਖਰਚ ਦਾ 95% ਹਿੱਸਾ ਸਰਕਾਰ ਦੇਂਦੀ ਹੈ । ਉਨ੍ਹਾਂ ਵਿਚ ਮੀਡੀਅਮ ਦੀ ਆਜ਼ਾਦੀ ਹੈ ਕਿ ਭਾਵੇਂ ਕੋਈ ਪੰਜਾਬੀ ਵਿਚ ਪੜ੍ਹੇ ਜਾਂ ਹਿੰਦੀ ਵਿਚ ਪੜ੍ਹੇ । ਭਾਵੇਂ ਪਹਿਲੀ ਤੋਂ ਹਿੰਦੀ ਪੜ੍ਹੇ ਜਾਂ ਪੰਜਵੀਂ ਤੋਂ ਪੜ੍ਹੇ । ਇਸ ਤਰ੍ਹਾਂ ਜਿਹੜਾ 2 ਲੱਖ 13 ਹਜ਼ਾਰ ਰੁਪਿਆ ਇਸ ਸਰਕਾਰ ਨੇ ਹਿੰਦੀ ਦੀ ਤਰੱਕੀ ਲਈ ਰੱਖਿਆ ਹੈ ਇਹ ਇਸ ਦੇ ਹਿੰਦੀ ਵਿਚ ਕਿਤਾਬਾਂ ਆਦਿ ਦੇ ਤਰਜਮੇ ਆਦਿ ਲਈ ਹੈ । ਇਥੇ ਕਈ ਕਹਿੰਦੇ ਹਨ ਕਿ ਕਲੰਡਰਾਂ ਤੇ ਹਿੰਦੀ ਨਹੀਂ ਛਾਪੀ, ਜਾਂ ਬੋਰਡਾਂ ਤੇ ਹਿੰਦੀ ਨਹੀਂ ਲਿਖੀ, ਇਹ ਸਾਰੀਆਂ ਗੱਲਾਂ ਸਿਰਫ ਪਰਚਾਰ ਲਈ ਹੀ ਕਹੀਆਂ ਜਾਂਦੀਆਂ ਹਨ ਅਤੇ ਇਸ ਸਰਕਾਰ ਨੂੰ ਬਦਨਾਮ ਕਰਨ ਲਈ ਹੀ ਕਹੀਆਂ ਜਾਂਦੀਆਂ ਹਨ । ਅਕਾਲੀ ਸਰਕਾਰ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਮੰਨਦੀ ਹੀ ਨਹੀਂ ਸਗੋਂ ਅਮਲੀ ਤੌਰ ਤੇ ਇਸ ਤੇ ਅਮਲ ਕਰ ਰਹੀ ਹੈ । ਇਹ ਗੱਲ ਇਸ ਸਰਕਾਰ ਦੀ ਕਾਰਵਾਈ ਤੋਂ ਸਾਬਤ ਹੋ ਜਾਂਦੀ ਹੈ ।

ਫਿਰ, ਸਪੀਕਰ ਸਾਹਿਬ, ਇਥੇ ਇਕ ਹੋਰ ਗੱਲ ਕਹੀ ਗਈ ਹੈ ਕਿ ਇਥੇ ਸਾਰੀਆਂ ਨੌਕਰੀਆਂ ਸਿਰਫ ਇਕ ਧਰਮ ਦੇ ਮੁੰਡਿਆਂ ਲਈ ਰਾਖਵੀਆਂ ਰੱਖੀਆਂ ਗਈਆਂ ਹਨ। ਸਪੀਕਰ ਸਾਹਿਬ, ਪਿਛਲੇ ਸਾਲ ਵਿਚ ਸਾਡੀਆਂ ਕਮੇਟੀਆਂ ਨੇ ਜਿਹੜੀ ਸਰਕਾਰੀ ਮੁਲਾਜ਼ਮਾਂ ਦੀ ਭਰਤੀ ਕੀਤੀ ਹੈ, ਜੇ ਤੁਸੀਂ ਇਸ ਦੀਆਂ ਲਿਸਟਾਂ ਦੇਖੋ ਤਾਂ ਪਤਾ ਲੱਗੇਗਾ ਕਿ ਕਿਸੇ ਦਾ ਵੀ ਇਸ ਕਰਕੇ ਲਿਹਾਜ਼ ਨਹੀਂ ਕੀਤਾ ਗਿਆ ਕਿ ਉਹ ਹਿੰਦੂ ਹੈ ਜਾਂ ਸਿੱਖ ਹੈ। ਹਰੀਜਨਾਂ ਦੀਆਂ ਸੀਟਾ ਰਾਖਵੀਆਂ ਹੁੰਦੀਆਂ ਹਨ, ਇਸ ਲਈ ਹਰੀਜਨਾਂ ਦੀ ਗੱਲ ਵੱਖਰੀ ਹੈ। ਇਸ ਲਈ ਇਹ ਕਹਿਣਾ ਕਿ ਸਿੱਖ ਮੁੰਡਿਆਂ ਲਈ ਨੌਕਰੀਆਂ ਰਾਖਵੀਆਂ ਰੱਖ ਲਈਆਂ ਗਈਆਂ ਹਨ ਇਹ ਬਿਲਕੁਲ ਹੀ ਗਲਤ ਗੱਲ ਹੈ। ਪਿਛਲੇ ਸਾਲ ਵਿਚ ਕਿਤਨੇ ਹੀ ਮਾਸਟਰ ਰਖੇ ਗਏ ਹਨ, ਉਨ੍ਹਾਂ ਦੀਆਂ ਲਿਸਟਾਂ ਕਢ ਕੇ ਦੇਖ ਲਓ। ਕਿਧਰੇ ਵੀ ਕੋਈ ਵਿਤਕਰਾ ਤੁਹਾਨੂੰ ਨਹੀਂ ਦਿਸੇਗਾ। ਫਿਰ ਸਪੀਕਰ ਸਾਹਿਬ, ਪਿਛਲੇ ਸਾਲ ਵਿਚ 300 ਓਵਰਸੀਅਰ ਰੱਖੇ ਗਏ ਕੁਦਰਤੀ ਗੱਲ ਹੈ ਕਿ ਇਸ ਵਿਚ ਵੈਲਿਡ ਕੈਂਡੀਡੇਟਸ ਵਿਚ ਜ਼ਿਆਦਾ ਹਿੰਦੂ ਹਨ। ਸਿੱਖ ਘੱਟ ਹਨ। ਇਸ ਲਈ ਅਸੀਂ ਕੋਈ ਸੀਟਾਂ ਹਿੰਦੂਆਂ ਸਿੱਖਾਂ ਲਈ ਰਿਜ਼ਰਵ ਨਹੀਂ ਕੀਤੀਆਂ ਹੋਈਆਂ। ਕਿਸੇ ਦੇ ਨਾਲ ਕੋਈ ਵਿਤਕਰਾ ਨਹੀਂ ਹੋ ਰਿਹਾ। (ਵਿਘਨ) ਤੁਸੀਂ ਤਾਂ ਨਾ ਬੋਲੋ। (ਵਿਘਨ) ਛਜ ਤਾਂ ਬੋਲੇ ਛਾਣਨੀ ਕੀ ਬੋਲੇ (ਵਿਘਨ)

ਚੌਧਰੀ ਜਗਤ ਰਾਮ : ਇਹ ਸਾਡੇ ਵਿਚੋਂ ਉਧਰ ਗਏ ਹਨ ਇਨ੍ਹਾਂ ਤਾਂ ਮੁੜ ਕੇ ਆਉਣਾ ਹੀ ਨਹੀਂ।

ਸ਼੍ਰੀ ਸਪੀਕਰ : ਨਵਾਂ ਮੋਮਿਨ ਹਮੇਸ਼ਾਂ...(ਹਾਸਾ) (The new 'convert' always...)

ਖੇਤੀ ਬਾੜੀ ਮੰਤਰੀ : ਸਪੀਕਰ ਸਾਹਿਬ, ਮੋਮਨ ਭਾਵੇਂ ਨਵਾਂ ਹੋਵੇ ਭਾਵੇਂ ਪੁਰਾਣਾ ਪਰ ਇਕ ਗੱਲ ਸਾਫ਼ ਹੈ ਕਿ ਪੰਜਾਬ ਦਾ ਮੌਹੌਲ...

(ਇਸ ਵੇਲੇ ਕਈ ਮਾਨਯੋਗ ਮੈਂਬਰ ਖੜੇ ਹੋ ਕੇ ਬੋਲ ਰਹੇ ਸੀ ਜਿਸ ਕਰਕੇ ਕੁਝ ਸੁਣਾਈ ਨਹੀਂ ਦਿੱਤਾ।)

ਸਰਦਾਰ ਸਰੂਪ ਸਿੰਘ : ਸਪੀਕਰ ਸਾਹਿਬ ਨਵਾਂ ਮੋਮਿਨ ਨਾ ਆਖੋ ਨਵਾਂ ਕਾਫ਼ਰ ਆਖੋ (ਹਾਸਾ) (ਵਿਘਨ)

ਖੇਤੀ ਬਾੜੀ ਮੰਤਰੀ : ਇਹ ਵੀ ਬਣਨ ਨੂੰ ਫਿਰਦੇ ਸਨ......(ਵਿਘਨ)

ਚੌਧਰੀ ਤੁਲਸੀ ਰਾਮ ਚੌਹਾਨ : ਆਨ ਏ ਪੁਆਇੰਟ ਆਫ ਆਰਡਰ, ਸਰ।

ਸ਼੍ਰੀ ਸਪੀਕਰ : ਤੁਸਾਂ ਪੁਆਇੰਟ ਆਫ ਆਰਡਰ ਤਾਂ ਕਰਨਾ ਨਹੀਂ ਐਵੇਂ ਮਖੌਲ ਕਰੋਗੇ। (I do not think the hon. Member has any point of order to raise; he will simply make a remark in a lighter vein.)

ਚੌਧਰੀ ਤੁਲਸੀ ਰਾਮ ਚੌਹਾਨ : ਸਪੀਕਰ ਸਾਹਿਬ, ਜੇ ਠੀਕ ਨਾ ਹੋਇਆ ਤਾਂ ਤੁਸੀਂ ਰਦ ਕਰ ਦੇਣਾ। ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਬੋਲਦੇ ਹੋਏ ਕਿਹਾ ਹੈ ਕਿ ਹਿੰਦੂ ਸਿਖ ਦਾ ਕੋਈ ਵਿਤਕਰਾ ਨਹੀਂ ਹੈ ਮੈਂ ਇਨ੍ਹਾਂ ਤੋਂ ਪੁਛਦਾ ਹਾਂ ਕਿ ਫਿਰ ਕਿਉਂ ਕੇਸ਼ਪ ਚੰਦਰ ਨੂੰ ਚੀਫ਼ ਸੈਕਟਰੀ ਦੇ ਔਹਦੇ ਤੋਂ ਹਟਾ ਦਿਤਾ ਸੀ ? (ਵਿਘਨ)

ਖੇਤੀ ਬਾੜੀ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੌਹਾਨ ਸਾਹਿਬ ਨੂੰ ਪੁਛਦਾ ਹਾਂ ਕਿ ਕੀ ਇਹ ਪੰਜਾਬ ਵਿਚ ਹਿੰਦੂ ਅਤੇ ਸਿਖਾਂ ਵਿਚ ਨੌਕਰੀਆਂ ਦਾ ਕੋਟਾ ਫਿਕਸ ਕਰਨਾ ਚਾਹੁੰਦੇ ਹਨ । (ਵਿਘਨ) ਇਹ ਨਹੀਂ ਹੋ ਸਕਦਾ । ਇਹ ਗੌਰਮਿੰਟ ਨੇ ਦੇਖਣਾ ਹੈ ਕਿ ਕਿਸ ਅਫ਼ਸਰ ਨੂੰ ਕਿਥੇ ਲਾਉਣਾ ਹੈ ਇਸ ਵਿਚ ਕਿਸੇ ਦੇ ਵਿਤਕਰੇ ਦਾ ਸਵਾਲ ਨਹੀਂ ਹੈ । (ਥੰਪਿੰਗ) ਸੀਟਾਂ ਦੀ ਰਿਜ਼ਰਵੇਸ਼ਨ ਨਹੀਂ ਹੋਣ ਦਿਤੀ ਜਾਵੇਗੀ । (ਇਸ ਵੇਲੇ ਆਪੋਜ਼ੀਸ਼ਨ ਦੇ ਬੈਚਾਂ ਵਲੋਂ ਵਿਘਨ ਪਾਇਆ ਜਾ ਰਿਹਾ ਸੀ ।)

ਸ੍ਰੀ ਸਪੀਕਰ : ਟਾਈਮ ਜ਼ਾਇਆ ਕੀਤਾ ਜਾ ਰਿਹਾ ਹੈ, ਇਹ ਕਾਂਗਰਸ ਪਾਰਟੀ ਦੇ ਟਾਈਮ ਵਿਚੋਂ ਕਟ ਲਿਆ ਜਾਵੇਗਾ । (ਵਿਘਨ) (The time is being wasted. It will be deducted out of the time allotted to the Congress Party.)

ਕਈ ਮੈਂਬਰ ਸਾਹਿਬਾਨ : ਨਹੀਂ ਜੀ, ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ।

ਖੇਤੀ ਬਾੜੀ ਮੰਤਰੀ : ਮੈਂ ਅਰਜ਼ ਕਰ ਰਿਹਾ ਸੀ ਕਿ (ਵਿਘਨ)

ਸ੍ਰੀ ਸਰਦਾਰੀ ਲਾਲ ਕਪੂਰ : ਇਹ ਚੌਧਰੀ ਸਾਹਿਬ ਚੰਗਾ ਜਵਾਬ ਦੇ ਰਹੇ ਹਨ (ਵਿਘਨ) ਜਾਂ ਤਾਂ ਇਹ ਸਮਝਦੇ ਹਨ ਕਿ ਪਾਰਟੀ ਵਿਚ ਐਜ਼ ਹਿੰਦੂ ਇਕਲੇ ਹੋਣ ਦੇ ਨਾਤੇ ਇਹ ਆਪਣੇ ਆਪ ਨੂੰ ਜ਼ਾਹਰ ਕਰਨਾ ਚਾਹੁੰਦੇ ਹਨ (ਵਿਘਨ)

ਸ੍ਰੀ ਸਪੀਕਰ : ਤੁਹਾਨੂੰ ਉਨ੍ਹਾਂ ਦੇ ਹਿੰਦੂ ਹੋਣ ਤੇ ਸ਼ਕ ਹੈ । (ਸ਼ੋਰ) (ਵਿਘਨ) (Does the hon. Member doubt Chaudhri Radha Kishan being a Hindu ?)

ਸਾਥੀ ਰੂਪ ਲਾਲ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਸੈਕੂਲਿਰਜ਼ਮ ਦੇ ਦਾਵੇਦਾਰ (ਵਿਘਨ) (ਸ਼ੋਰ) ਫਿਰਕਾਪਰਸਤੀ ਦਾ ਦਾਵਾ ਕਰ ਰਹੇ ਹਨ (ਵਿਘਨ) ਇਹ ਤਾਂ 'ਜੱਗੇ' ਹਨ ਜਿਵੇਂ ਕਿ :

"ਜੱਗਾ ਜੰਮਿਆਂ ਤਾਂ ਮਿਲਣ ਵਧਾਈਆਂ ਵਡਾ ਹੋ ਕੇ ਡਾਕੇ ਮਾਰਦਾ"

ਇਨ੍ਹਾਂ ਦਾ ਤਾਂ 'ਜੱਗੇ' ਵਾਲਾ ਹਾਲ ਹੈ । (ਵਿਘਨ)

ਖੇਤੀ ਬਾੜੀ ਮੰਤਰੀ : ਤੁਸੀਂ ਇਹ ਗਲ ਨਹੀਂ ਜਾਣਦੇ ਹੋ । ਪੰਜਾਬ ਵਿਚ ਹਿੰਦੂ ਸਿਖ ਏਕਤਾ ਅਤੇ ਹਿੰਦੀ ਬਾਰੇ ਸਾਰੇ ਸਵਾਲ ਹਲ ਹੋ ਚੁਕੇ ਹਨ । ਜਨਤਾ ਵਿਚ ਹਿੰਦੂ ਸਿਖ ਦਾ ਕੋਈ ਸਵਾਲ ਨਹੀਂ ਹੈ । ਇਹ ਚੀਜ਼ ਇਥੇ ਇਹ ਪੈਦਾ ਕਰਕੇ ਮਹੌਲ ਨੂੰ ਖਰਾਬ ਕਰਨਾ ਚਾਹੁੰਦੇ ਹਨ । ਕਪੂਰ ਸਾਹਿਬ ਨੂੰ ਇਸ ਤਰ੍ਹਾਂ ਦਾ ਕਿਉਂ ਖਿਆਲ ਆ ਗਿਆ, ਇਸ ਤਰ੍ਹਾਂ ਦੀ ਗਲ ਤਾਂ ਇਥੇ ਹੈ ਹੀ ਨਹੀਂ । (ਵਿਘਨ)

ਚੌਧਰੀ ਕੇਵਲ ਕ੍ਰਿਸ਼ਨ : ਆਨ ਏ ਪੁਆਇੰਟ ਆਫ ਆਰਡਰ, ਸਰ । ਇਨ੍ਹਾਂ ਨੇ ਹਿੰਦੀ ਦੇ ਬਾਰੇ ਵਿਚ ਬੜੀ ਵਕਾਲਤ ਕੀਤੀ ਹੈ । (ਵਿਘਨ)

ਸ੍ਰੀ ਸਪੀਕਰ : ਤੁਸੀਂ ਜੇ ਇਨ੍ਹਾਂ ਤੇ ਟੀਕਾ ਟਿਪਣੀ ਕਰਨੀ ਹੈ ਤਾਂ ਉਹ ਨਹੀਂ ਕਰ ਸਕਦੇ । (The hon. Member is not permitted to comment on the speech being made by the Agriculture Minister.)

ਖੇਤੀ ਬਾੜੀ ਮੰਤਰੀ : ਸਾਡੀ ਸਰਕਾਰ ਦੇ ਦਿਲ ਵਿਚ ਹਿੰਦੂ-ਸਿਖ ਦੇ ਬਾਰੇ ਵਿਚ ਕੋਈ ਵਿਤਕਰਾ ਨਹੀਂ ਹੈ । ਹਿੰਦੀ ਲਈ ਕੋਈ ਦੁਸ਼ਮਣੀ ਨਹੀਂ ਹੈ । ਇਹ ਇਸ ਨੂੰ ਪੁਲੀਟੀਕਲ ਮਕਸਦ ਲਈ ਉਭਾਰ ਰਹੇ ਹਨ । ਇਸ ਸਰਕਾਰ ਨੇ ਜੋ ਆਉਣ ਵਾਲੇ ਸਮੇਂ ਵਿਚ ਪਰੋਗਰਾਮ ਬਣਾਏ ਹਨ ਉਹ ਪੰਜਾਬ ਨੂੰ ਅਗੇ ਲਿਜਾਣ ਦੇ ਸਾਧਨ ਹਨ । ਸਪੀਕਰ ਸਾਹਿਬ, ਜਿਹੜਾ ਬਿਜਲੀ ਦੇ ਬਾਰੇ ਇਥੇ ਜ਼ਿਕਰ ਆਇਆ ਹੈ ਇਹ ਠੀਕ ਹੈ ਕਿ ਬਿਜਲੀ ਪੰਜਾਬ ਵਿਚ ਘਟ ਹੈ । ਇਸ ਬਾਰੇ ਵਿਚ ਮੈਂ ਅਰਜ਼ ਕਰਾਂਗਾ, ਕਪੂਰ ਸਾਹਿਬ ਨੂੰ ਅਰਜ਼ ਕਰਾਂਗਾ, ਕਿ ਥੀਨ ਡੈਮ ਬਨਾਉਣ ਵਿਚ ਇਹ ਸਾਡੀ ਮਦਦ ਕਰਨ । ਜੇ ਇਹ ਡੈਮ ਬਣ ਜਾਵੇ ਤਾਂ ਅਸੀਂ ਇਸ ਬਿਜਲੀ ਦੇ ਸੰਕਟ ਤੇ ਕਾਬੂ ਪਾ ਲਵਾਂਗੇ । ਗਵਰਨਰ ਦੇ ਐਡਰਸ ਵਿਚ ਜਿਹੜਾ ਇਹ ਲਿਖਿਆ ਗਿਆ ਹੈ ਕਿ ਭਾਸ਼ਾਈ ਕਮਿਸ਼ਨ ਬਣਾਕੇ ਜਿਹੜੇ ਪੰਜਾਬੀ ਬੋਲਦੇ ਇਲਾਕੇ ਇਸ ਵੇਲੇ ਪੰਜਾਬ ਤੋਂ ਬਾਹਰ ਹਨ ਉਨ੍ਹਾਂ ਨੂੰ ਪੰਜਾਬ ਵਿਚ ਦਿਤਾ ਜਾਵੇ, ਇਹ ਇਕ ਬੜੀ ਵਾਜਬ ਗਲ ਕੀਤੀ ਗਈ ਹੈ । (ਵਿਘਨ) (ਸ਼ੋਰ)

Mr. Speaker : No interruption please.

ਖੇਤੀ ਬਾੜੀ ਮੰਤਰੀ : ਸਪੀਕਰ ਸਾਹਿਬ ਗਵਰਨਰ ਸਾਹਿਬ ਦੇ ਐਡਰਸ ਵਿਚ ਜਿਹੜਾ ਕਿਹਾ ਗਿਆ ਹੈ ਕਿ ਭਾਸ਼ਾਈ ਕਮਿਸ਼ਨ ਬਣਾਕੇ ਜਿਹੜੇ ਪੰਜਾਬੀ ਸਪੀਕਿੰਗ ਏਰੀਅਜ਼ ਬਾਹਰ ਰਹਿ ਗਏ ਹਨ ਉਨ੍ਹਾਂ ਨੂੰ ਵੀ ਪੰਜਾਬ ਵਿਚ ਮਿਲਾਇਆ ਜਾਵੇ, ਇਹ ਬੜੀ ਅਛੀ ਗਲ ਕੀਤੀ ਗਈ ਹੈ । ਇਸ ਤੇ ਮੈਂ ਗਵਰਨਰ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ । (ਥੰਪਿੰਗ)

ਸਰਦਾਰ ਉਮਰਾਓ ਸਿੰਘ : ਜੋ ਕੁਝ ਸਾਡੇ ਮੈਂਬਰਾਂ ਨੇ ਪੁਛਿਆ ਹੈ ਉਸਦੇ ਬਾਰੇ ਤਾਂ ਦਸਿਆ ਨਹੀਂ ਗਿਆ ਹੈ ।

ਖੇਤੀ ਬਾੜੀ ਮੰਤਰੀ : ਕੋਈ ਕੁਐਸਚਨ ਰਿਹਾ ਹੈ ਜਾਂ ਨਹੀਂ ਪਰ ਮੈਂ ਇਨ੍ਹਾਂ ਦੀ ਵਾਕਫੀਅਤ ਵਾਸਤੇ ਕਹਿ ਦਿੰਦਾ ਹਾਂ (ਵਿਘਨ)

Sardar Umrao Singh : Mr. Speaker, I would like to know whether he is a Minister for Hindu Affairs ? He is Minister for Agriculture and he should have told something to the House about Agriculture.

ਖੇਤੀ ਬਾੜੀ ਮੰਤਰੀ : ਐਗਰੋ-ਇੰਡਸਟਰੀਜ਼ ਦੇ ਬਾਰੇ ਵਿਚ ਮੈਂ ਜ਼ਿਕਰ ਕਰਾਂ (ਵਿਘਨ) ਅਸੀਂ ਹੁਣ ਇਹ ਫੈਸਲਾ ਕੀਤਾ ਹੈ ਕਿ ਜਿਹੜੇ ਡਿਸਕਸ ਦੀ ਵੰਡ ਕਰਨੀ ਹੈ ਉਹਦਾ ਕੁਝ ਕੋਟਾ ਕਾਰਖਾਨੇਦਾਰਾਂ ਨੂੰ ਜਿਸ ਨੇ ਕਿ ਇਹ ਬਨਾਉਣੀਆਂ ਹਨ, ਬਾਕੀ ਦਾ ਜ਼ਿਮੀਂਦਾਰਾਂ ਵਿਚ ਵੰਡਿਆ ਜਾਵੇ । ਪੁਰਾਣੇ ਤਵੇ ਜ਼ਿਮੀਂਦਾਰ ਲਿਆ ਦੇਣ ਅਤੇ ਅਸੀਂ ਨਵੇਂ ਉਨ੍ਹਾਂ ਨੂੰ ਦੇ ਦਿਆਂਗੇ । (ਵਿਘਨ) ਕੰਪੀਟੈਂਟ ਅਥਾਰਿਟੀ ਇਸ ਦੀ ਵੰਡ ਕਰੇਗੀ ।

ਕਾਮਰੇਡ ਕੁਲਵੰਤ ਸਿੰਘ (ਆਦਮਪੁਰ) : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਗਵਰਨਰ ਸਾਹਿਬ ਦੇ ਭਾਸ਼ਣ ਵਲ ਦਿਵਾਉਂਦਾ ਹਾਂ । ਪਹਿਲਾਂ ਮੈਂ ਖੇਤੀ ਬਾੜੀ ਬਾਰੇ ਦਸਾਂਗਾ । ਇਸ ਐਡਰਸ ਵਿਚ ਖੇਤੀ ਬਾੜੀ ਬਾਰੇ ਬਹੁਤ ਕੁਝ ਦਸਿਆ ਗਿਆ ਹੈ । ਇਸ ਵਿਚ ਦਸਿਆ

[ਕਾਮਰੇਡ ਕੁਲਵੰਤ ਸਿੰਘ]

ਹੈ ਕਿ ਖੇਤੀ ਵਿਚ ਬੜੀ ਤਰਕੀ ਕੀਤੀ ਹੈ । ਕਣਕ ਦੇ ਬਾਰੇ ਵਿਚ ਦਸਿਆ ਗਿਆ ਹੈ ਕਿ ਇਸਦੀ ਬੜੀ ਪੈਦਾਵਾਰ ਹੋਈ ਹੈ । ਮੈਂ ਅਰਜ਼ ਕਰਾਂ ਕਿ ਐਗਰੀਕਲਚਰ ਯੂਨੀਵਰਸਿਟੀ ਦੇ ਮਾਹਰਾਂ ਦਾ ਖਿਆਲ ਹੈ ਕਿ ਜਿੰਨੇ ਬੀਜ ਦਿਤੇ ਗਏ ਸੀ ਉਸ ਹਿਸਾਬ ਨਾਲ ਪੈਦਾਵਾਰ ਪਿਛਲੇ ਸਾਲ ਨਾਲੋਂ ਘਟੀ ਹੈ ਅਤੇ ਵਧੀ ਨਹੀਂ ਹੈ ।

ਇਸ ਤਰ੍ਹਾਂ ਝੋਨੇ ਦੇ ਬਾਰੇ ਸਰਕਾਰ ਨੇ ਦਸਿਆ ਹੈ ਕਿ ਇਹ ਪੈਦਾਵਾਰ ਵਧੀ ਹੈ । ਜਿਥੇ ਕਣਕ ਦਾ ਪਰਬੰਧ ਮੰਡੀਆਂ ਵਿਚ ਕੀਤਾ ਸੀ ਉਥੇ ਝੋਨੇ ਦਾ ਪਰਬੰਧ ਨਹੀਂ ਕੀਤਾ ਗਿਆ ਹੈ । ਪਿਛਲੇ ਸਾਲ ਝੋਨਾ ਪਹਿਲਾਂ ਪਹਿਲਾਂ 55 ਰੁਪਏ ਕੁਇੰਟਲ ਮੰਡੀਆਂ ਵਿਚ ਵਿਕਿਆ ਸੀ ਪਰ ਦੋ ਚਾਰ ਦਿਨ ਬਾਅਦ ਇਹ 50 ਰੁਪਏ ਕੁਇੰਟਲ ਵਿਕਦਾ ਰਿਹਾ । ਇਸ ਵਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਜੇ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਜਿਹੜਾ ਇਸ ਫਸਲ ਵਿਚ ਮਾੜਾ ਮੋਟਾ ਵਾਧਾ ਹੋਇਆ ਹੈ, ਉਹ ਰੁਝਾਨ ਨਹੀਂ ਰਹੇਗਾ ।

ਅਗਲੀ ਗਲ ਜਿਹੜੀ ਮੈਂ ਸਰਕਾਰ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਗੰਨੇ ਦੀ ਪੈਦਾਵਾਰ ਵਿਚ ਪੰਜਾਬ ਵਿਚ ਘਾਟਾ ਆ ਰਿਹਾ ਹੈ । ਜੇ ਇਸ ਵਲ ਸਰਕਾਰ ਨੇ ਧਿਆਨ ਨਾਂ ਦਿਤਾ ਤਾਂ ਇਹਦੀ ਪੈਦਾਵਾਰ ਹੋਰ ਵੀ ਘਟ ਜਾਵੇਗੀ । ਕਲ ਵੀ ਮੈਂ ਦਸਿਆ ਸੀ ਕਿ ਪੰਜਾਬ ਵਿਚ ਇਸ ਵੇਲੇ ਪਰ ਏਕੜ ਯੀਲਡ ਗੰਨੇ ਦੀ ਸਾਰੇ ਹਿੰਦੁਸਤਾਨ ਨਾਲੋਂ ਘਟ ਹੈ । ਇਸ ਵੇਲੇ ਜਿਹੜੀਆਂ ਮਿਲਾਂ ਚਲ ਰਹੀਆਂ ਹਨ ਉਹ ਤਿੰਨ ਮਹੀਨਿਆਂ ਤੋਂ ਜ਼ਿਆਦਾ ਨਹੀਂ ਚਲ ਸਕਦੀਆਂ । ਸਰਕਾਰ ਜੋ ਸਭ ਤੋਂ ਜ਼ਿਆਦਾ ਟੈਕਸ ਉਗਰਾਹ ਰਹੀ ਹੈ ਉਹ ਸ਼ਰਾਬ ਤੋਂ ਐਕਸਾਈਜ਼ ਡਿਊਟੀ ਕਰਕੇ ਹੈ । ਸ਼ਰਾਬ ਬਣਨ ਵਿਚ ਸ਼ੀਰੇ ਦਾ ਮੇਜਰ ਰੋਲ ਹੈ । ਜੇ ਇਸ ਸਾਲ ਮਿਲਾਂ ਤਿੰਨ ਮਹੀਨੇ ਚਲੀਆਂ ਹਨ ਤਾਂ ਅਗਲੇ ਸਾਲ ਵਿਚ ਇਹ ਸਿਰਫ ਇਕ ਮਹੀਨਾ ਹੀ ਚਲਣਗੀਆਂ । ਗਿੱਲ ਸਰਕਾਰ ਦੇ ਵੇਲੇ ਇਸ ਚੀਜ਼ ਦਾ ਰਿਕਾਰਡ ਹੈ ਸਾਰੇ ਹਿੰਦੁਸਤਾਨ ਵਿਚ ਕਿ ਉਸ ਵੇਲੇ ਇਹ 175 ਰੁਪਏ ਕੁਇੰਟਲ ਦੇ ਹਿਸਾਬ ਨਾਲ ਖਰੀਦਿਆ ਗਿਆ । ਉਸ ਵੇਲੇ ਮਜਬੂਰੀ ਸੀ । ਇਸ ਦੀ ਘਾਟ ਕਰਕੇ ਸਾਰੀਆਂ ਫੈਕਟਰੀਆਂ ਚਲਣੀਆਂ ਬੰਦ ਹੋ ਗਈਆਂ ਸਨ । ਇਸ ਲਈ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਗੰਨੇ ਦੀ ਕਿਤੇ ਕਮੀ ਨਾ ਆ ਜਾਵੇ । ਜਲੰਧਰ ਵਿਚ ਜਿਹੜਾ ਇਸ ਲਈ ਕੇਂਦਰ ਖੁਲਿਆ ਹੋਇਆ ਹੈ ਉਸ ਵਿਚ ਕੋਈ ਨਵੀਂ ਵਰਾਇਟੀ ਨਹੀਂ ਲਿਆਂਦੀ ਗਈ ਹੈ । ਉਥੇ ਜੋ 46 ਵਰਾਇਟੀ ਆਈ ਹੈ ਪਰ ਇਹ ਵੀ ਬੜੀ ਪੁਰਾਣੀ ਹੈ । ਸਪੀਕਰ ਸਾਹਿਬ, ਸਰਕਾਰ ਨੂੰ ਇਸ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ । ਇਸ ਸਾਲ ਗੰਨੇ ਦੀ ਫਸਲ ਕੋਈ ਅਛੀ ਨਹੀਂ ਹੋਈ ਹੈ । ਜਿੰਨਾ ਵੀ ਕਮਾਦ ਪੰਜਾਬ ਵਿਚ ਆ ਰਿਹਾ ਹੈ ਜੇ ਉਹ ਬੀਜ ਦੇ ਤੌਰ ਤੇ ਰਖ ਲਿਆ ਜਾਵੇ ਤਾਂ ਵੀ ਗੰਨੇ ਦੀ ਪੈਦਾਵਾਰ ਘਟ ਜਾਵੇਗੀ ਇਹ ਫੇਰ ਮੁੜ ਚਾਰ ਸਾਲਾਂ ਵਿਚ ਵਧ ਹੁੰਦੀ ਹੈ । ਸਰਕਾਰ ਨੂੰ ਇਸ ਤੋਂ ਐਕਸਾਇਜ਼ ਦੇ ਟੈਕਸ ਦੇ ਪੈਸੇ ਵੀ ਮਿਲਦੇ ਹਨ । ਇਸ ਲਈ ਮੈਂ ਸਪੀਕਰ ਸਾਹਿਬ ਤੁਹਾਡੇ ਰਾਹੀਂ ਅਰਜ਼ ਕਰਾਂਗਾ ਕਿ ਸਰਕਾਰ ਨੂੰ ਗੰਨੇ ਦੀ ਪੈਦਾਵਾਰ ਵਧ ਕਰਨ ਵਿਚ ਖਾਸ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ । ਡਿਸਟਿਲਰੀਜ਼ ਵਿਚ ਵੀ ਸ਼ੀਰੇ ਦੀ ਸ਼ਾਰਟੇਜ ਰਹਿੰਦੀ ਹੈ । ਇਸ ਦਫਾ ਇਹ ਸ਼ੀਰਾ 45/-ਰੁਪਏ ਕੁਇੰਟਲ ਖਰੀਦਿਆ ਹੈ ਅਤੇ ਪੰਜਾਬ ਸਰਕਾਰ ਨੇ ਅਗੇ ਮਿਲਾਂ ਵਾਲਿਆਂ ਤੋਂ 67/- ਰੁਪਏ ਕੁਇੰਟਲ ਦੇ ਹਿਸਾਬ ਨਾਲ ਖਰੀਦਿਆ ਹੈ । ਕੀ ਇਸ ਤਰ੍ਹਾਂ ਕਰਨ ਨਾਲ ਇਸ ਦੀ ਪੈਦਾਵਾਰ ਵਿਚ ਵਾਧੇ ਦਾ ਕੋਈ ਸਕੋਪ ਹੈ ? ਭੋਗਪੁਰ ਮਿਲ ਵਿਚ 15/- ਰੁਪਏ ਕੁਇੰਟਲ ਮੁਲ ਵਧ ਸੀ, ਪਰ ਉਥੇ ਪੰਜਾਬ ਸਰਕਾਰ ਨੇ ਇਸ ਤਰ੍ਹਾਂ ਕਰਨ ਦੀ ਇਜਾਜ਼ਤ ਨਹੀਂ ਦਿਤੀ । (ਵਿਘਨ) ਅਜ ਤਕ ਉਥੇ

ਗੰਨੇ ਵਾਲੇ ਦੀ ਪੇਮੈਂਟ ਪਈ ਹੈ । ਇਸ ਤਰਫ ਵੀ ਧਿਆਨ ਦਿਤਾ ਜਾਣਾ ਚਾਹੀਦਾ ਹੈ । ਗੰਨੇ ਵਾਲਿਆਂ ਨੂੰ ਗੰਨੇ ਦੇ ਭਾ ਠੀਕ ਤੌਰ ਤੇ ਮਿਲਣੇ ਚਾਹੀਦੇ ਹਨ । ਕੇਂਦਰ ਵਿਚ ਚੰਗੀਆਂ ਵਰਾਇਟੀਆਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ । ਜੇ ਇਸ ਵਲ ਧਿਆਨ ਨਾ ਦਿਤਾ ਗਿਆ ਤਾਂ ਇਸਦੀ ਪੈਦਾਵਾਰ ਵਿਚ ਬੜਾ ਘਾਟਾ ਆਏਗਾ ਜੋ ਕਿ ਆਉਣ ਵਾਲੇ ਸਮੇਂ ਵਿਚ ਪੂਰਾ ਨਹੀਂ ਹੋ ਸਕੇਗਾ ।

ਸਰਕਾਰ ਕਹਿ ਰਹੀ ਹੈ ਕਿ ਪਸ਼ੂ ਪਾਲਣ ਦੇ ਸਿਲਸਿਲੇ ਵਿਚ ਇਥੇ ਚਿਟਾ ਰੈਵੋਲਿਊਸ਼ਨ ਲਿਆਉਣਾ ਹੈ । ਪਰ, ਸਪੀਕਰ ਸਾਹਬ, ਇਹ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਦਸ ਦਿਆਂ ਕਿ ਇਹ ਤਦ ਹੀ ਹੋ ਸਕਦਾ ਹੈ ਜੇਕਰ ਪੰਜਾਬ ਸਰਕਾਰ ਪਸ਼ੂ ਪਾਲਣ ਵਲ ਆਪਣਾ ਉਚੇਚਾ ਧਿਆਨ ਦੇਵੇਗੀ । ਸਪੀਕਰ ਸਾਹਿਬ, ਮੈਂ ਕੋਈ ਆਪਣੇ ਕੋਲੋਂ ਨਹੀਂ ਦੱਸ ਰਿਹਾ । ਬਾਦਲ ਸਾਹਿਬ ਨੇ ਵੱਛੀਆਂ ਲਿਆਂਦੀਆਂ ਸਨ, ਉਹ ਇਲਾਜ ਖੁਣੋਂ ਦੋ ਤਿੰਨ ਮਰ ਗਈਆਂ ਹਨ । ਇਹ ਤਾਂ ਕਹਿੰਦੇ ਸਨ ਕਿ ਅਸੀਂ ਚਿੱਟਾ ਰੈਵੋਲਿਊਸ਼ਨ ਲਿਆਉਣਾ ਹੈ । ਮੈਂ ਦੱਸਦਾ ਹਾਂ ਕਿ ਸਪੀਕਰ ਸਾਹਿਬ, ਅੱਜ ਵੀ ਜੇ ਕਿਸੇ ਪਸ਼ੂ ਨੂੰ ਹਲਕਾ ਕੁੱਤਾ ਕੱਟ ਜਾਏ ਤਾਂ ਉਸ ਦੇ ਵਾਸਤੇ ਵੀ ਟੀਕੇ ਹਿਸਾਰ ਤੋਂ ਮੰਗਾਏ ਜਾਂਦੇ ਹਨ ਔਰ ਪੰਜਾਬ ਦੇ ਹਸਪਤਾਲਾਂ ਵਿਚ ਟੀਕੇ ਹੀ ਨਹੀਂ ਮਿਲਦੇ । ਹਿਸਾਰ ਵਾਲੇ 5-7 ਰੁਪਏ ਮਹਿੰਗੇ ਹੀ ਮਿਲਦੇ ਹਨ । ਇਸ ਲਈ ਪਸ਼ੂ ਪਾਲਣ ਵੱਲ ਧਿਆਨ ਦੇਣਾ ਚਾਹੀਦਾ ਹੈ । ਹਲਕੇ ਹੋਏ ਕੁੱਤੇ ਦੇ ਕੱਟੇ ਹੋਏ ਪਸ਼ੂ ਵਾਸਤੇ ਵੀ ਪੰਜਾਬ ਵਿਚ ਟੀਕਿਆਂ ਦਾ ਸੈਂਟਰ ਬਣਾਇਆ ਜਾਵੇ । ਮੈਂ ਦੱਸਦਾ ਹਾਂ ਕਿ ਪਸ਼ੂ ਪਾਲਣ ਦਾ ਮਹਿਕਮਾ ਐਨਾ ਘਟੀਆ ਹੈ ਕਿ ਜਿਹੜਾ ਮਲ ਮੂਤਰ ਆਦਿ ਟੈਸਟ ਕਰਨ ਵਾਸਤੇ ਜਿਹੜੀ ਲੈਬਾਰਟਰੀ ਹੈ, ਉਹ ਵੀ ਠੀਕ ਨਹੀਂ । ਗਵਰਨਰ ਸਾਹਿਬ ਦੇ ਭਾਸ਼ਣ ਵਿਚ ਦੱਸਿਆ ਗਿਆ ਹੈ ਕਿ ਅਸੀਂ ਬੜਾ ਉਚੇਚਾ ਧਿਆਨ ਇਸ ਪਾਸੇ ਵਲ ਦੇ ਰਹੇ ਹਾਂ । ਪਰ ਮੈਂ ਕਹਿੰਦਾ ਹਾਂ ਕਿ ਜੇ ਪਸ਼ੂ ਪਾਲਣ ਦੇ ਮਹਿਕਮੇ ਵਿਚ ਚਿੱਟਾ ਰੈਵੋਲਿਊਸ਼ਨ ਲਿਆਉਣਾ ਹੈ ਤਾਂ ਉਸ ਦੇ ਵਿਚ ਪਸ਼ੂਆਂ ਦੀ ਖੁਰਾਕ ਵਿਚ ਸ਼ੀਰਾ ਬਹੁਤ ਜ਼ਰੂਰੀ ਹੈ, ਖੁਰਾਕ ਵਿਚ ਸ਼ੀਰੇ ਦਾ ਜੋ ਕਿ ਮੇਜਰ ਹਿੱਸਾ ਹੋਣਾ ਚਾਹੀਦਾ ਹੈ, ਨਹੀਂ ਪਾਇਆ ਜਾਂਦਾ । ਸ਼ੀਰਾ ਨਾ ਪਾਉਣ ਨਾਲ ਪਸ਼ੂਆਂ ਦੀ ਖੁਰਾਕ ਅੱਛੀ ਨਹੀਂ ਬਣ ਸਕਦੀ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਦੁੱਧ ਘਟ ਸਕਦਾ ਹੈ । ਇਸ ਲਈ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਾਂਗਾ ਕਿ ਪੰਜਾਬ ਦੇ ਵਿਚ ਪਸ਼ੂਆਂ ਦੀ ਖੁਰਾਕ ਬਣਾਉਣ ਵਾਲਾ ਕੋਈ ਕਾਰਖਾਨਾ ਨਹੀ ਬਣਿਆ, ਇਹ ਬਣਨਾ ਚਾਹੀਦਾ ਹੈ । ਜਦ ਇੰਡਸਟਰੀ ਨੇ ਤਰੱਕੀ ਕਰਨੀ ਹੈ ਤਾਂ ਉਥੇ ਇਸ ਪਾਸੇ ਵੀ ਉਚੇਚਾ ਧਿਆਨ ਦੇਣਾ ਪਵੇਗਾ ਤਾਂ ਕਿ ਪਸ਼ੂਆਂ ਦੀ ਖੁਰਾਕ ਬਣੀ ਬਣਾਈ ਮਿਲ ਸਕੇ । ਤਦ ਹੀ ਸ਼ੂ ਦੁੱਧ ਜ਼ਿਆਦਾ ਦੇ ਸਕਦੇ ਹਨ ਨਹੀਂ ਤਾਂ ਦੁੱਧ ਘੱਟ ਦੇਣਗੇ ਅਤੇ ਪਸ਼ੂ ਪਾਲਣ ਦਾ ਪ੍ਰੋਗਰਾਮ ਪਿੱਛੇ ਰਹਿ ਜਾਵੇਗਾ । ਇਸ ਪਾਸੇ ਸਰਕਾਰ ਦਾ ਧਿਆਨ ਜ਼ਰੂਰ ਜਾਣਾ ਚਾਹੀਦਾ ਹੈ । ਸਪੀਕਰ ਸਾਹਿਬ, ਮੈਨੂੰ ਪਤਾ ਹੈ ਤੁਸੀਂ ਮੇਰੇ ਵੱਲ ਵੇਖ ਰਹੇ ਹੋ, ਮੈਂ ਹੋਰ ਜ਼ਿਆਦਾ ਟਾਈਮ ਨਹੀਂ ਲਵਾਂਗਾ । ਸਪੀਕਰ ਸਾਹਿਬ ਪੰਜਾਬ ਸਰਕਾਰ ਆਪਣੇ ਆਪ ਨੂੰ ਬੜਾ ਅੱਛਾ ਇੰਪਲਾਇਰ ਸਮਝਦੀ ਹੈ । ਇਥੇ ਫਾਈਨੈਂਸ ਮਨਿਸਟਰ ਸਾਹਿਬ ਬੜੇ ਦਾਅਵੇ ਨਾਲ ਕਹਿੰਦੇ ਸਨ ਕਿ ਮੈਨੂੰ ਦੱਸੋ ਕਿ ਕਿਥੇ ਗਰੇਡ ਜ਼ਿਆਦਾ ਹਨ । ਖੈਰ ਮੈਂ ਇਸ ਪਾਸੇ ਵੱਲ ਨਹੀਂ ਜਾਣਾ ਚਾਹੁੰਦਾ । ਲੇਕਿਨ ਮੈਂ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦ ਬਾਦਲ ਸਾਹਿਬ ਨੇ ਐਸ਼ੋਰੈਂਸ ਦਿੱਤੀ ਹੈ ਕਿ ਅਸੀਂ ਕੋਈ ਵੀ ਮੁਲਾਜ਼ਮਾਂ ਦੇ ਉਤੇ ਕਿਸੇ ਕਿਸਮ ਦਾ ਵਾਧਾ ਨਹੀਂ ਕਰ ਰਹੇ, ਕੋਈ ਜ਼ਬਰ ਨਹੀਂ ਕਰ ਰਹੇ, ਸਰਕਾਰ ਦੇ ਮੁਲਾਜ਼ਮ ਅੱਜ ਵੀ ਮੁਜ਼ਾਹਰੇ ਕਰ ਰਹੇ ਹਨ, ਜਲੂਸ ਕੱਢ ਰਹੇ ਹਨ ਅਤੇ ਜਲਸੇ ਕਰ ਰਹੇ ਹਨ ਕਿਉਂਕਿ ਪੰਜਾਬ ਸਰਕਾਰ ਪੁਰਾਣੇ ਵਾਤਾਵਰਣ ਨੂੰ ਕਾਇਮ ਕਰੇ ਅਤੇ ਸਾਡੀ ਇੰਟੈਰਮ

ਕਾਮਰੇਡ ਕੁਲਵੰਤ ਸਿੰਘ :

ਰੀਲੀਫ ਬਾਰੇ ਗੱਲ ਸੁਣੇ । ਪਰ ਇਹ ਸਰਕਾਰ ਕੁਝ ਵੀ ਕਰਨ ਨੂੰ ਤਿਆਰ ਨਹੀਂ । ਇਥੇ ਹਾਊਸ ਵਿਚ ਐਸ਼ੋਰੈਂਸ ਦੇਣੀਆਂ ਕਿ ਅਸੀਂ ਮੁਲਾਜ਼ਮਾਂ ਨੂੰ ਕੁਝ ਨਹੀਂ ਕਹਾਂਗੇ ਲੇਕਿਨ ਉਸਦੇ ਬਾਅਦ ਮੁਕੱਦਮੇ ਚਲਾਉਣਾ, ਉਨ੍ਹਾਂ ਦੀਆਂ ਜ਼ਮਾਨਤਾਂ ਨਾ ਹੋਣ ਦੇਣਾ ਅਤੇ ਬਹੁਤ ਸਾਰੇ ਪੈਸੇ ਲੈ ਕੇ ਜ਼ਮਾਨਤ ਹੋਣ ਦੇਣੀ, ਪਰ ਇਥੇ ਕਹਿੰਦੇ ਹਨ ਕਿ ਕੁਝ ਨਹੀਂ ਹੋ ਰਿਹਾ । ਦੂਸਰੇ ਪਾਸੇ ਮੁਲਾਜ਼ਮ ਦੁਬਾਰਾ ਇਸ ਪਾਸੇ ਨੂੰ ਤੁਰਦੇ ਪਏ ਹਨ । ਇਥੇ, ਸਪੀਕਰ ਸਾਹਿਬ, ਹੜਤਾਲ ਹੋਈ, ਹੜਤਾਲਾਂ ਹੋ ਸਕਦੀਆਂ ਹਨ, ਮੈਂ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਭਾਵੇਂ ਬਦਲ ਜਾਵੇ, ਲੇਕਿਨ ਪੰਜਾਬ ਸਰਕਾਰ ਇਸ ਭੁਲੇਖੇ ਵਿਚ ਨਾ ਰਹੇ ਕਿ ਹੜਤਾਲਾਂ ਅੱਗੇ ਨੂੰ ਨਹੀਂ ਹੋਣਗੀਆਂ । ਇਹ ਇਨ੍ਹਾਂ ਨੂੰ ਭੁਲੇਖਾ ਮਨ ਵਿਚੋਂ ਕੱਢ ਦੇਣਾ ਚਾਹੀਦਾ ਹੈ ਕਿ ਹੜਤਾਲਾਂ ਖਤਮ ਹੋ ਜਾਣਗੀਆਂ । ਇਹ ਤਾਂ ਹੁੰਦੀਆਂ ਹੀ ਰਹੀਆਂ ਹਨ ਅਤੇ ਹੁੰਦੀਆਂ ਹੀ ਰਹਿਣਗੀਆਂ । ਅੱਗੇ ਵੀ ਕਈ ਜ਼ਬਰੀ ਸਰਕਾਰਾਂ ਆਈਆਂ ਹਨ । (ਵਿਘਨ) ਹੜਤਾਲ ਕਿਸੇ ਦਾ ਬੁਨਿਆਦੀ ਹੱਕ ਹੈ, ਇਸ ਨੂੰ ਵਿਧਾਨ ਵਿਚੋਂ ਕੱਢਿਆਂ ਨਹੀਂ ਜਾ ਸਕਦਾ । ਜੇ ਕੱਢਿਆ ਜਾਵੇ ਤਾਂ ਠੀਕ ਨਹੀਂ । ਇਹ ਹੜਤਾਲਾਂ ਨਹੀਂ ਰੁਕ ਸਕਦੀਆਂ । (ਵਿਘਨ) ਇਸ ਲਈ ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਸਰਕਾਰ ਇਸ ਪਾਸੇ ਉਚੇਚਾ ਧਿਆਨ ਦੇਕੇ ਇਸ ਵਾਤਾਵਰਣ ਨੂੰ ਠੀਕ ਕਰੇ । ਹਰ ਪੱਖ ਤੋਂ ਘਾਟਾ ਪੈ ਰਿਹਾ ਹੈ, ਇਸ ਨੂੰ ਠੀਕ ਕਰੇ । ਜੋ ਰੁਕਾਵਟਾਂ ਹਨ, ਉਨ੍ਹਾਂ ਨੂੰ ਖਤਮ ਕਰੇ ਅਤੇ ਚੰਗਾ ਵਾਤਾਵਰਣ ਪੈਦਾ ਕਰੇ । ਇਸ ਦੇ ਨਾਲ ਹੀ ਪੰਜਾਬ ਦਾ ਭਲਾ ਹੋਵੇਗਾ । ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਪਿੰਡਾਂ ਦੇ ਵਿਚ ਹਰੀਜਨਾਂ ਲਈ ਜਿਹੜੀਆਂ ਧਰਮਸ਼ਾਲਾਂ ਬਣਾਈਆਂ, ਗੁਰਦੁਆਰੇ ਬਣਾਏ, ਇਹ ਸਰਕਾਰ ਦਾ ਬੜਾ ਅੱਛਾ ਕਦਮ ਹੈ । ਕਿਉਂਕਿ ਇਹ ਉਨ੍ਹਾਂ ਲੋਕਾਂ ਦੀ ਪੁਰਾਣੀ ਮੰਗ ਸੀ । ਲੇਕਿਨ, ਸਪੀਕਰ ਸਾਹਿਬ, ਮੈਂ ਇਹ ਵੀ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਧਰਮਸ਼ਾਲਾਂ ਲਈ ਪੈਸੇ ਮਿਲੇ ਸਨ, ਉਨ੍ਹਾਂ ਬਾਰੇ ਮੈਂ ਦੱਸਦਾ ਹਾਂ ਕਿ ਇਕ ਪਿੰਡ ਡੋਡ ਹੈ, ਉਥੋਂ ਦੇ ਇਕ ਆਦਮੀ ਨੇ ਦੱਸਿਆ ਕਿ ਮੈਂ ਉਸ ਪਿੰਡ ਦਾ ਜ਼ਿਮੇਂਵਾਰ ਹਾਂ । ਉਹ 2 ਹਜ਼ਾਰ ਰੁਪਿਆ ਲੈ ਗਿਆ ਧਰਮਸ਼ਾਲਾ ਵਾਸਤੇ, ਪਰ ਉਸ 2 ਹਜ਼ਾਰ ਰੁਪਏ ਵਿਚੋਂ 2 ਸੌ ਰੁਪਏ ਦੀਆਂ ਇੱਟਾਂ ਲੈ ਆਂਦੀਆਂ ਔਰ ਬਾਕੀ ਦਾ 18 ਸੌ ਰੁਪਿਆ ਵਰਤਿਆ ਹੀ ਨਹੀਂ ਗਿਆ । ਇਸ ਦੀ ਇਨਕੁਆਇਰੀ ਹੋਈ, ਉਹ ਸਾਬਤ ਹੋ ਗਿਆ, ਲੇਕਿਨ ਉਸ ਆਦਮੀ ਦੇ ਉਤੇ ਕੋਈ ਐਕਸ਼ਨ ਨਹੀਂ ਲਿਆ ਜਾ ਰਿਹਾ । ਉਹ ਇਸ ਕਰਕੇ ਐਕਸ਼ਨ ਨਹੀਂ ਲਿਆ ਜਾ ਰਿਹਾ ਕਿਉਂਕਿ ਉਹ ਜਥੇਦਾਰ ਕਰਤਾਰ ਸਿੰਘ ਹੈ, ਜੋ ਕਿ ਗੁਰਦੁਆਰਾ ਪਰਬੰਧਕ ਕਮੇਟੀ ਦਾ ਮੈਂਬਰ ਹੈ । (ਸ਼ੇਮ, ਸ਼ੇਮ) ਇਸ ਲਈ ਅਜਿਹੇ ਆਦਮੀਆ ਤੇ ਐਕਸ਼ਨ ਲੈ ਕੇ ਸਜ਼ਾ ਦੇਣੀ ਚਾਹੀਦੀ ਹੈ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਇਹੋ ਜਿਹੀਆਂ ਜਿਹੜੀਆਂ ਰਸਤੇ ਵਿਚ ਰੁਕਾਵਟਾਂ ਪਾਈਆਂ ਜਾਂਦੀਆਂ ਹਨ, ਇਨ੍ਹਾਂ ਨੂੰ ਵਿਚੋਂ ਜ਼ਰੂਰ ਕੱਢਿਆ ਜਾਵੇ ਤਾਂ ਹੀ ਇਹ ਮਾੜਾ ਮੋਟਾ ਕੰਮ ਚਲ ਸਕਦਾ ਹੈ । ਇਤਨੇ ਲਫਜ਼ ਕਹਿੰਦਾ ਹੋਇਆ ਮੈਂ ਬੈਠਦਾ ਹਾਂ ।

(ਇਸ ਸਮੇਂ ਚੌਧਰੀ ਜਗਤ ਰਾਮ ਬੋਲਣ ਲਈ ਖੜੇ ਹੋਏ ।)

(ਸ੍ਰੀ ਸਪੀਕਰ ਨੇ ਮੁੱਖ ਮੰਤਰੀ ਨੂੰ ਬੋਲਣ ਵਾਸਤੇ ਕਾਲ ਅਪਾਨ ਕਰ ਲਿਆ ।) (ਵਿਘਨ) (ਸ਼ੋਰ)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਤੁਹਾਡੇ ਤੋਂ ਪਹਿਲੇ ਜਦ ਸ੍ਰੀ ਡਿਪਟੀ ਸਪੀਕਰ ਚੇਅਰ ਤੇ ਸਨ ਤਾਂ ਅਸੀਂ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਸਾਨੂੰ ਦੋ ਘੰਟੇ ਹੋਰ ਟਾਈਮ ਦਿਤਾ ਜਾਵੇ ਪਰ ਉਨ੍ਹਾਂ ਨੇ ਅੱਧਾ ਘੰਟਾ ਹੋਰ ਟਾਈਮ ਦੇਣਾ ਸਾਨੂੰ ਮੰਨ ਲਿਆ ਸੀ । (ਵਿਘਨ)

ਸ੍ਰੀ ਸਪੀਕਰ : ਅੱਧਾ ਪੌਣਾ ਘੰਟਾ ਮੁੱਖ ਮੰਤਰੀ ਨੇ ਵੀ ਬੋਲਣਾ ਹੈ । ਫਿਰ ਵੋਟਿੰਗ ਵੀ ਹੋਣੀ ਹੈ ਅਤੇ ਇਸ ਤਰ੍ਹਾਂ ਹਾਊਸ ਡੇਢ ਵਜੇ ਉਠੇਗਾ । (ਵਿਘਨ) (ਸ਼ੋਰ) (The hon. Chief

Minister needs half an hour to three quarters of an hour to speak. Thereafter the voting is to take place. In this way the House will rise at 1. 30 P.M.)

(Interruption and Noise)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਡਿਪਟੀ ਸਪੀਕਰ ਸਾਹਿਬ ਨੇ ਸਾਨੂੰ ਅੱਧਾ ਘੰਟਾ ਦਿਤਾ ਹੋਇਆ ਹੈ । (ਵਿਘਨ) ਫਿਰ ਉਨ੍ਹਾਂ ਦੀ ਐਸ਼ੋਰੈਂਸ ਕਿਥੇ ਗਈ ? (ਵਿਘਨ) (ਸ਼ੋਰ)

ਸ੍ਰੀ ਸਪੀਕਰ : ਬਹੁਤ ਜ਼ਿਆਦਾ ਸਮਾਂ ਤੁਹਾਨੂੰ ਦਿਤਾ ਗਿਆ ਹੈ । (ਵਿਘਨ) ਤੁਹਾਡੀ ਪਾਰਟੀ ਦੇ ਮੈਂਬਰ ਇਸ ਵੇਲੇ ਅੱਧੇ ਦੇ ਬਰਾਬਰ ਬੋਲੇ ਹਨ । (ਵਿਘਨ) ਸਰਦਾਰ ਗੁਰਬਤਾ ਸਿੰਘ 40 ਮਿੰਟ ਬੋਲੇ ਹਨ । (ਆਪੋਜ਼ੀਸ਼ਨ ਵੱਲੋਂ ਆਵਾਜ਼ਾਂ : ਨਹੀਂ ਜੀ, ਨਹੀਂ) ਸਰੂਪ ਸਿੰਘ 27 ਮਿੰਟ, ਲਛਮਨ ਸਿੰਘ 16 ਮਿੰਟ ਬੋਲੇ ਹਨ.........(ਵਿਘਨ) (A lot of time has already been given to your party. Half of the total time devoted to this debate was taken up by the members of your party. Sardar Gurbanta Singh took 40 minutes, while Sardar Sarup Singh and Sardar Lachhman Singh have taken 27 and 16 minutes respectively.) (Interruption.)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਸ: ਲਛਮਨ ਸਿੰਘ ਤਾਂ ਸਾਰੇ 5 ਮਿੰਟ ਹੀ ਬੋਲੇ ਹਨ । (ਵਿਘਨ) (ਸ਼ੋਰ) ਚੌਧਰੀ ਜਗਤ ਰਾਮ ਨੂੰ 5—7 ਮਿੰਟ ਜ਼ਰੂਰ ਦੇ ਦਿਓ । (ਵਿਘਨ) (ਸ਼ੋਰ) ।

ਸ੍ਰੀ ਸਪੀਕਰ : ਹਾਊਸ ਨੇ ਫੈਸਲਾ ਕੀਤਾ ਹੈ ਕਿ ਇਹ ਡੇਢ ਵਜੇ ਐਡਜਰਨ ਹੋਵੇਗਾ । ਮੁੱਖ ਮੰਤਰੀ ਨੇ ਵੀ ਬੋਲਣਾ ਹੈ । (ਵਿਘਨ) ਮੈਂ ਉਨ੍ਹਾਂ ਨੂੰ ਬੋਲਣ ਲਈ ਕਾਲ ਅਪਾਨ ਕਰ ਲਿਆ ਹੈ । (ਵਿਘਨ) (ਸ਼ੋਰ) (The House is to adjonrn at 1. 30 P. M. as per its decision. The Chief Minister has to give reply to the debate (Interruption) I have already called upon him to do so.) (Interruption and Noise) ।

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਡਿਪਟੀ ਸਪੀਕਰ ਸਾਹਿਬ, ਨੇ ਐਸ਼ੋਰੈਂਸ ਦਿਤੀ ਸੀ ਸਾਡੀ ਪਾਰਟੀ ਨੂੰ ਟਾਈਮ ਦੇਣ ਦੀ, ਅਤੇ ਉਨ੍ਹਾਂ ਨੇ ਟਾਈਮ ਦਿਤਾ ਸੀ । (ਵਿਘਨ) (ਸ਼ੋਰ ਪੰਜ ਸੱਤ ਮਿੰਟ ਦੀ ਗੱਲ ਹੈ, ਚੌਧਰੀ ਸਾਹਿਬ ਨੂੰ ਜ਼ਰੂਰ ਦੇ ਦਿਓ । (ਵਿਘਨ)

ਸ੍ਰੀ ਸਪੀਕਰ : ਅਗਰ ਤੁਸੀਂ ਡਵੀਜ਼ਨ ਕਲੇਮ ਕਰੋ ਤਾਂ ਉਸ ਦੇ ਲਈ ਵੀ ਟਾਈਮ ਚਾਹੀਦਾ ਹੈ । (In case you claim the division, that too will take some time ?)

ਸਰਦਾਰ ਉਮਰਾਓ ਸਿੰਘ : ਅਸੀਂ ਡਵੀਜ਼ਨ ਕਲੇਮ ਨਹੀਂ ਕਰਾਂਗੇ । (ਵਿਘਨ) ਅਸੀਂ ਜ਼ਿਆਦਾ ਟਾਈਮ ਨਹੀਂ ਲਵਾਂਗੇ ।

ਸ੍ਰੀ ਸਰਦਾਰੀ ਲਾਲ ਕਪੂਰ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਅਸੀਂ ਡਿਪਟੀ ਸਪੀਕਰ ਸਾਹਿਬ ਨੂੰ ਬੇਨਤੀ ਕੀਤੀ ਸੀ ਕਿ ਸਾਨੂੰ ਦੋ ਘੰਟੇ ਟਾਈਮ ਦਿਤਾ ਜਾਵੇ ਪਰ ਉਨ੍ਹਾਂ ਨੇ ਕਿਹਾ ਸੀ ਕਿ ਤੁਹਾਡੀ ਪਾਰਟੀ ਨੂੰ ਅੱਧਾ ਘੰਟਾ ਦਿਤਾ ਜਾਵੇਗਾ । (ਵਿਘਨ) (ਸ਼ੋਰ) ।

ਸ਼੍ਰੀ ਸਪੀਕਰ : ਉਨ੍ਹਾਂ ਨੇ ਤੁਹਾਡੀ ਪਾਰਟੀ ਵਾਸਤੇ ਟਾਈਮ ਨਹੀਂ ਦਿਤਾ ਹੋਣਾ, ਸਾਰੇ ਹਾਊਸ ਵਾਸਤੇ ਹੋਣਾ ਹੈ । (ਵਿਘਨ) (That time must have been meant for the whole House and not your party alone.) (Interruption.)

ਸ਼੍ਰੀ ਸਰਦਾਰੀ ਲਾਲ ਕਪੂਰ : ਉਨ੍ਹਾਂ ਨੇ ਕਿਹਾ ਸੀ ਕਿ ਤੁਹਾਡੀ ਪਾਰਟੀ ਨੂੰ ਅੱਧਾ ਘੰਟਾ ਦਿਤਾ ਜਾਵੇਗਾ । (ਵਿਘਨ) (ਸ਼ੋਰ) ਤੁਸੀਂ ਅੱਧਾ ਘੰਟਾ ਹੋਰ ਵਧਾ ਦਿਉ । (ਵਿਘਨ)

ਸਰਦਾਰ ਉਮਰਾਓ ਸਿੰਘ : ਅਸੀਂ ਦੋ ਘੰਟੇ ਦੀ ਮੰਗ ਕੀਤੀ ਸੀ ਪਰ ਡਿਪਟੀ ਸਪੀਕਰ ਸਾਹਿਬ ਨੇ ਸਾਡੀ ਪਾਰਟੀ ਨੂੰ ਅੱਧਾ ਘੰਟਾ ਦਿਤਾ ਸੀ । (ਵਿਘਨ) ਪਰ ਤੁਸੀਂ ਹੁਣ ਅੱਧੇ ਘੰਟੇ ਦੀ ਬਜਾਏ 5—7 ਮਿੰਟ ਵੀ ਦੇਣ ਲਈ ਤਿਆਰ ਨਹੀਂ । (ਵਿਘਨ)

ਸ਼੍ਰੀ ਸਪੀਕਰ : ਤੁਹਾਡੀ ਪਾਰਟੀ ਨੂੰ ਟਾਈਮ ਬਹੁਤ ਮਿਲ ਚੁੱਕਾ ਹੈ । (ਵਿਘਨ) ਹੋਰ ਕੋਈ ਪਾਰਟੀ ਐਨਾ ਨਹੀਂ ਬੋਲੀ । (ਵਿਘਨ) (ਸ਼ੋਰ) (Your party has already got more time than any other party. (Interruption and Noise)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਅਸੀਂ ਡਿਪਟੀ ਸਪੀਕਰ ਸਾਹਿਬ ਨੂੰ ਰਿਕੁਐਸਟ ਕੀਤੀ ਸੀ ਕਿ ਟਾਇਮ ਐਕਸਟੈਂਡ ਕਰ ਦਿਓ ਔਰ ਚੀਫ ਮਨਿਸਟਰ ਸਾਹਿਬ ਨੇ ਐਗਰੀ ਕੀਤਾ ਸੀ ਕਿ ਇਕ ਘੰਟਾ ਹਾਊਸ ਐਕਸਟੈਂਡ ਕਰ ਦਿਓ, ਇਕ ਘੰਟਾ ਹਾਊਸ ਐਕਸਟੈਂਡ ਹੋ ਗਿਆ ਫਿਰ ਡਿਪਟੀ ਸਪੀਕਰ ਸਾਹਿਬ ਨੇ ਸਾਨੂੰ ਪੁਛਿਆ ਕਿ ਤੁਹਾਨੂੰ ਕਿਤਨਾ ਟਾਈਮ ਚਾਹੀਦਾ ਹੈ, ਅਸੀਂ ਕਿਹਾ ਕਿ ਸਾਨੂੰ ਅੱਧਾ ਘੰਟਾ ਚਾਹੀਦਾ ਹੈ । (ਵਿਘਨ)

ਸ਼੍ਰੀ ਸਪੀਕਰ : ਅੱਧੇ ਤੋਂ ਜ਼ਿਆਦਾ ਟਾਈਮ ਲਈ ਤੁਹਾਡੇ ਬੈਂਚਿਜ਼ ਦੇ ਮੈਂਬਰ ਸਾਹਿਬਾਨ ਬੋਲੇ ਹਨ ਔਰ ਫਿਰ ਤੁਸੀਂ ਜੇ ਕੋਈ ਗਿਲਾ ਕਰੋ ਤਾਂ ਇਹ ਬਿਲਕੁਲ ਗਲਤ ਗਿਲਾ ਹੈ । (ਵਿਘਨ) (More than half the time has been taken by the hon. Members of the Congress Party, and if they still complain then it is not reasonable.) (Interruption).

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਜੇ ਗਲਤ ਗਿਲਾ ਹੁੰਦਾ ਤਾਂ ਅਸੀਂ ਕਦੇ ਵੀ ਇਹ ਰਿਕੁਐਸਟ ਨਾ ਕਰਦੇ । (ਵਿਘਨ) ਇਹ ਹਾਊਸ ਦਾ ਡੀਸੀਜ਼ਨ ਹੋਇਆ ਹੈ ਔਰ ਇਸ ਦੇ ਬਾਵਜੂਦ ਤੁਸੀਂ ਕਹੋ ਕਿ...(ਵਿਘਨ) ।

ਸ਼੍ਰੀ ਸਪੀਕਰ : ਮੈਂ ਜੋ ਡਿਸੀਜ਼ਨ ਹੋਇਆ ਹੈ ਉਸ ਦਾ ਪਾਬੰਦ ਹਾਂ, ਉਸ ਦੇ ਮੁਤਾਬਕ ਹਾਊਸ ਡੇਢ ਵਜੇ ਤਕ ਚਲੇਗਾ । (ਵਿਘਨ) (I will abide by the decision of the House according to which the House shall continue till 1. 30 P. M.) (Interruption)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਤੁਸੀਂ ਪ੍ਰੋਸੀਡਿੰਗਜ਼ ਮੰਗਵਾ ਕੇ ਦੇਖ ਲਓ ਕਿ ਕੀ ਫੈਸਲਾ ਹੋਇਆ ਹੈ । ਡਿਪਟੀ ਸਪੀਕਰ ਸਾਹਿਬ ਨੇ ਜੋ ਰੂਲਿੰਗ ਦਿਤੀ ਹੈ ਉਹ ਤੁਸੀਂ ਮੰਗਵਾ ਕੇ ਦੇਖ ਲਓ । (ਵਿਘਨ)

ਸ਼੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ । (ਵਿਘਨ) (ਸ਼ੋਰ) ਚੌਧਰੀ ਜਗਤ ਰਾਮ ਜੀ ਪੰਜ ਮਿੰਟ ਵਿਚ ਹੀ ਆਪਣੀ ਸਪੀਚ ਖ਼ਤਮ ਕਰ ਦੇਣਾ । (ਵਿਘਨ) (ਸ਼ੋਰ) ।

(Please resume your seat. (Interruption) (Noise) The hon. Member Chaudhri Jagat Ram may please speak for five minutes only.) (Interruption) (Noise)

ਚੌਧਰੀ ਜਗਤ ਰਾਮ : (ਬੰਗਾ) ਸਪੀਕਰ ਸਾਹਿਬ, ਇਹ ਜਿਹੜਾ ਗਵਰਨਰ ਸਾਹਿਬ ਦਾ ਐਡਰੈਸ ਹੈ ਮੈਂ ਇਸ ਦੀ ਮੁਖਾਲਫਤ ਕਰਨ ਲਈ ਖੜਾ ਹੋਇਆ ਹਾਂ । (ਵਿਘਨ) ਸਪੀਕਰ ਸਾਹਿਬ, ਇਹ ਜਿਹੜਾ ਇਤਨਾ ਰੌਲਾ ਪਿਆ ਹੈ ਸ਼ਾਇਦ ਇਸ ਕਰਕੇ ਪਿਆ ਹੈ ਔਰ ਉਨ੍ਹਾਂ ਨੂੰ ਵੀ ਇਸ ਗਲ ਦਾ ਪਤਾ ਹੈ ਕਈ ਮੇਰੇ ਵੀਰਾਂ ਨੂੰ ਇਸ ਗਲ ਦਾ ਪਤਾ ਨਹੀਂ ਉਨ੍ਹਾਂ ਨੂੰ ਮੈਂ ਤੁਹਾਡੇ ਰਾਹੀਂ ਦਸਣਾ ਚਾਹੁੰਦਾ ਹਾਂ ਕਿ ਸੰਤ ਚੰਨਣ ਸਿੰਘ...(ਵਿਘਨ) ਸਪੀਕਰ ਸਾਹਿਬ, ਅਕਾਲ ਤਖਤ ਤੋਂ 5 ਲੱਖ ਰੁਪਿਆ ਚੋਰੀ ਹੋਇਆ ।

ਇਹ ਗਲ ਸੇਵਾਦਾਰ ਨੂੰ ਪਤਾ ਸੀ ਔਰ ਕੇਸ ਰਜਿਸਟਰ ਨਹੀਂ ਕਰਾਇਆ ਪਰ ਫਿਰ ਸੀ, ਆਈ. ਡੀ. ਇਨਕੁਆਇਰੀ ਕਰ ਰਹੀ ਹੈ । ਇਸ ਤਰ੍ਹਾਂ ਦੀਆਂ ਗਲਾਂ ਹਨ । "ਚੋਰ ਦੀ ਮਾਂ ਕੋਠੀ ਵਿਚ ਮੂੰਹ" ਇਹ ਕਹਿੰਦੇ ਹਨ ਕਿ ਘਰ ਦੀ ਘਰ ਵਿਚ ਹੀ ਗਲ ਰਹਿ ਜਾਏ ਬਾਹਰ ਨਾ ਪਤਾ ਲਗੇ । (ਵਿਘਨ) ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੈਸ ਤੇ ਅੱਜ ਇਨ੍ਹਾਂ ਨੂੰ ਵਧਾਈ ਦਿੰਦਾ ਜੇ ਕਿਧਰੇ ਗਵਰਨਰ ਸਾਹਿਬ ਇਹ ਵੀ ਕਹਿ ਦਿੰਦੇ ਕਿ ਇਹ ਜਿਹੜਾ ਐਡਰਸ ਹੈ ਇਹ ਬੜਾ ਭੈੜਾ ਹੈ ਪਰ ਉਨ੍ਹਾਂ ਨੇ ਇਸ ਤਰ੍ਹਾਂ ਨਹੀਂ ਕਿਹਾ । ਸਪੀਕਰ ਸਾਹਿਬ, ਇਹ ਹੁਣ ਕਹਿੰਦੇ ਹਨ ਕਿ ਜਿਹੜੀਆਂ ਪਹਿਲੀਆਂ ਸਰਕਾਰਾਂ ਸਨ ਉਹ ਬੜੀਆਂ ਭੈੜੀਆਂ ਸਨ ਔਰ ਆਪਣੇ ਆਪ ਨੂੰ ਬੜਾ ਵਫਾਦਾਰ ਸਮਝ ਕੇ ਸਾਨੂੰ ਕਹਿੰਦੇ ਹਨ ਕਿ ਆਓ ਇੰਦਰਾ ਜੀ ਕੋਲ ਚਲੀਏ ਔਰ ਕਹੀਏ ਕਿ ਸਾਨੂੰ ਬਿਜਲੀ ਨਹੀਂ ਮਿਲਦੀ, ਇੰਡਸਟਰੀ ਨਹੀਂ ਮਿਲਦੀ ਇਹ ਚੀਜ਼ ਨਹੀਂ ਮਿਲਦੀ ਉਹ ਚੀਜ਼ ਨਹੀਂ ਮਿਲਦੀ । ਪਰ ਸਪੀਕਰ ਸਾਹਿਬ, ਜਿਸ ਵੇਲੇ ਇਨ੍ਹਾਂ ਨੂੰ ਆਪਣੀ ਜਾਨ ਬਚਾਉਣ ਦੀ ਸੀ । (ਵਿਘਨ) ਜਦੋਂ ਇਹ ਗਲ ਸੀ ਤਾਂ ਉਸ ਵੇਲੇ ਇੰਦਰਾ ਜੀ ਦੇ ਪੈਰਾਂ ਤੇ ਸਿਰ ਸੁਟਦੇ ਸੀ ਤਾਂ ਕਿ ਇਹ ਬਿਜਲੀ ਵਾਸਤੇ, ਇੰਡਸਟਰੀਜ਼ ਵਾਸਤੇ ਜਾਂ ਹੋਰ ਚੀਜ਼ਾਂ ਵਾਸਤੇ ਉਨ੍ਹਾਂ ਦੇ ਪੈਰਾਂ ਵਿਚ ਸਿਰ ਨਹੀਂ ਸੁਟ ਸਕਦੇ ? ਹੁਣ ਇਹ ਸਾਨੂੰ ਕਹਿੰਦੇ ਹਨ ਕਿ ਸਾਡੇ ਨਾਲ ਚਲੋ, ਸਾਡੇ ਨਾਲ ਚਲੋ । ਮੈਂ ਕਹਿੰਦਾ ਹਾਂ ਕਿ ਅਸੀਂ ਵੀ ਚਲਾਂਗੇ ਔਰ ਜੋ ਕੁਝ ਪੰਜਾਬ ਦੇ ਭਲੇ ਵਾਸਤੇ ਹੋਵੇਗਾ ਉਹ ਕਰਾਂਗੇ । (ਵਿਘਨ) ਸਪੀਕਰ ਸਾਹਿਬ, ਕੁਝ ਬੰਦੇ ਕਾਂਗਰਸ ਵਿਚੋਂ ਡੀਫੈਕਟ ਕਰਕੇ ਉਸ ਪਾਰਟੀ ਵਿਚ ਜਾ (ਵਿਘਨ) ਰਲੇ । ਮੈਂ ਅੱਜ ਗਵਰਨਰ ਸਾਹਿਬ ਦੇ ਐਡਰਸ ਤੇ ਮੁਬਾਰਕਬਾਦ ਦਿੰਦਾ ਜੇ ਕਿਧਰੇ ਇਸ ਵਿਚ ਜ਼ਿਕਰ ਹੁੰਦਾ ਕਿ ਇਹ ਜਿਹੜੇ ਡਿਫੈਕਟ ਹੋਏ ਹਨ ਇਹ ਬੜੀ ਮਾੜੀ ਗਲ ਹੋਈ ਹੈ ਪਰ ਉਨ੍ਹਾਂ ਨੇ ਇਸ ਬਾਰੇ ਇਕ ਗਲ ਵੀ ਨਹੀਂ ਕਹੀ । (ਵਿਘਨ) (ਸ਼ੋਰ) ।

ਹੁਣ ਸਪੀਕਰ ਸਾਹਿਬ ਮੈਂ ਹਰੀਜਨਾਂ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ । ਇਹ ਕਹਿੰਦੇ ਹਨ ਕਿ ਅਸੀਂ ਹਰੀਜਨਾਂ ਲਈ ਬਹੁਤ ਕੁਝ ਕਰ ਦਿਤਾ ਹੈ । ਫਿਰ ਕਹਿੰਦੇ ਹਨ ਕਿ ਹਰੀਜਨਾਂ ਦਾ ਜਿਹੜਾ ਟੈਕਸ ਹੈ ਉਹ ਅਸੀਂ ਮਾਫ ਕਰ ਦਿਤਾ ਹੈ । ਇਹ ਟੈਕਸ ਕੀ ਹੈ ਚੌਕੀਦਾਰਾ ਟੈਕਸ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਟੈਕਸ ਹੈ ਕਿਤਨਾ । ਬਸ ਇਹ ਟੈਕਸ ਦੀ ਛੋਟ ਦੇ ਕੇ ਇਹ ਬੜੇ ਦਾਵੇ ਕਰਦੇ ਹਨ ਕਿ ਹਰੀਜਨਾਂ ਲਈ ਪਤਾ ਨਹੀਂ ਕੀ ਕਰ ਦਿਤਾ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਗਲ ਦਸਣਾ ਚਾਹੁੰਦਾ ਹਾਂ ਕਿ ਇਹ ਹਰੀਜਨ ਹੀ ਸਨ ਜਿਨ੍ਹਾਂ ਨੇ ਦੇਸ਼ ਦੇ ਲਈ ਇਤਨਾ ਕੁਝ ਕੀਤਾ । (ਵਿਘਨ) ਨੌਵੀਂ ਪਾਤਸ਼ਾਹੀ ਨੇ ਜਦੋਂ ਸ਼ਹੀਦੀ ਦਿਤੀ, ਜਦੋਂ ਉਨ੍ਹਾਂ ਨੇ ਆਪਣਾ ਸੀਸ ਦਿਤਾ ਤਾਂ ਉਨ੍ਹਾਂ ਦਾ ਸੀਸ ਕਿਸ ਨੇ ਲਿਆਂਦਾ । ਉਹ ਇਕ ਹਰੀਜਨ ਹੀ ਸੀ ਜਿਸ ਨੇ ਕਿ ਨੌਵੀਂ ਪਾਤਸ਼ਾਹੀ ਦਾ ਸੀਸ ਲਿਆਂਦਾ । ਫਿਰ ਮੈਂ ਦਸਣਾ ਚਾਹੁੰਦਾ ਹਾਂ ਕਿ ਦਸਵੇਂ ਪਾਤਸ਼ਾਹ ਚਮਕੌਰ ਸਾਹਿਬ ਦੀ ਗੜ੍ਹੀ ਵਿਚ ਰਹੇ ਉਥੇ ਜੋ ਹਰੀਜਨਾਂ ਨੇ

ਚੌਧਰੀ ਜਗਤ ਰਾਮ

ਆਪਣੀ ਬਹਾਦਰੀ ਦਾ ਸਬੂਤ ਦਿਤਾ ਉਹ ਤੁਹਾਨੂੰ ਸਭ ਨੂੰ ਪਤਾ ਹੀ ਹੈ । (ਵਿਘਨ) ਉਸ ਵੇਲੇ ਅਸੀਂ ਹੀ ਸਭ ਕੁਝ ਕੀਤਾ ਸੀ । ਮੈਂ ਕਹਿੰਦਾ ਹਾਂ ਕਿ ਜੇ ਦੇਸ਼ ਭਗਤੀ ਸਿਖਣੀ ਹੈ ਤਾਂ ਸਾਡੇ ਕੋਲੋਂ ਸਿਖੋ ਜੇ ਚੋਰ ਭਗਤੀ ਸਿਖਣੀ ਹੈ ਤਾਂ ਇਨ੍ਹਾਂ ਸਾਹਮਣੇ ਬੈਠੇ ਭਰਾਵਾਂ ਤੋਂ ਸਿਖੋ । (ਵਿਘਨ)

ਇਹ ਸਰਕਾਰ ਸ਼ਰੋਮਣੀ ਅਕਾਲੀ ਦਲ ਦਾ ਬੜਾ ਦਾਵਾ ਕਰਦੀ ਹੈ । ਇਹ ਪੰਜਾਬੀਆਂ ਦੀ ਸਰਕਾਰ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਕੋਈ ਹਿੰਦੂ ਟਿਕਟ ਦੇਣ ਲਈ ਨਹੀਂ ਲਭਿਆ । ਇਹ ਇਕ ਹਿੰਦੂ ਮਨਿਸਟਰ ਬਣਾ ਦਿਤਾ ਸ੍ਰੀ ਰਾਧਾ ਕ੍ਰਿਸ਼ਨ ਪਰ ਉਹ ਵੀ ਕਿਸ ਤਰ੍ਹਾਂ ਲਿਆ ਇਨ੍ਹਾਂ ਨੇ ਚੋਰੀ ਦੇ ਰਸਤੇ ਵਿਚੋਂ ਸਾਥੋਂ ਇਹ ਲੈ ਗਏ । ਦਸਵੇਂ ਪਾਤਸ਼ਾਹ ਨੇ ਕੁਰਬਾਨੀ ਦਿਤੀ, ਉਨ੍ਹਾਂ ਨੇ ਆਪਣੇ ਬਚਿਆਂ ਨੂੰ ਸ਼ਹੀਦ ਕਰਵਾਇਆ ਔਰ ਦੋ ਬਚਿਆਂ ਨੂੰ ਨੀਹਾਂ ਵਿਚ ਚਿਣਵਾਇਆ ਕਿਸ ਦੀ ਖਾਤਰ ਇਹ ਸਭ ਕੁਝ ਕੀਤਾ । ਪਰ ਇਨ੍ਹਾਂ ਦਾ ਹਾਲ ਦੇਖ ਲਓ । ਇਹ ਬੜੇ ਦਾਵੇ ਕਰਦੇ ਹਨ ਕਿ ਅਸੀਂ ਗੁਰੂਆਂ ਦੇ ਪਾਏ ਪੂਰਨਿਆਂ ਤੇ ਚਲਦੇ ਹਾਂ । ਇਹ ਗੁਰੂ ਨਾਨਕ ਦਾ ਨਾਮ ਲੈਂਦੇ ਹਨ ਕਿ ਅਸੀਂ ਉਨ੍ਹਾਂ ਦੇ ਅਸੂਲਾਂ ਤੇ ਚਲਦੇ ਹਾਂ । ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਗੁਰੂ ਨਾਨਕ ਨੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਖਾਧੀ ਸੀ ਔਰ ਮਲਕ ਭਾਗੋ ਨੂੰ ਠੁਕਰਾਇਆ ਸੀ । ਉਨ੍ਹਾਂ ਨੇ ਗਰੀਬਾਂ ਨੂੰ ਮਾਣ ਦਿਤਾ ਸੀ, ਉਨ੍ਹਾਂ ਨੂੰ ਉਚਾ ਚੁਕਿਆ ਸੀ ਪਰ ਇਨ੍ਹਾਂ ਵਲ ਦੇਖ ਲਓ ਕਿ ਇਹ ਗਰੀਬਾਂ ਦਾ ਕੀ ਹਾਲ ਕਰ ਰਹੇ ਹਨ । (ਵਿਘਨ)

ਸਪੀਕਰ ਸਾਹਿਬ, ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਇਕ ਅਫ਼ਸਰ ਨੂੰ ਬਠਿੰਡੇ ਤੋਂ ਬਦਲ ਕੇ ਜਲੰਧਰ ਲਾਇਆ ਗਿਆ ਔਰ ਉਸ ਦੇ ਲਈ 50 ਹਜ਼ਾਰ ਰੁਪਿਆ ਲਿਆ ਗਿਆ ।

ਇਹ ਇਕ ਸੀਨੀਅਰ ਮਨਿਸਟਰ ਨੇ ਲਿਆ । ਮੈਂ ਉਨ੍ਹਾਂ ਦਾ ਇਸ ਹਾਊਸ ਵਿਚ ਨਾਮ ਨਹੀਂ ਲੈਣਾ ਚਾਹੁੰਦਾ । ਜੇ ਸਪੀਕਰ ਸਾਹਿਬ, ਤੁਸੀਂ ਜੁਡੀਸ਼ਲ ਇਨਕੁਆਇਰੀ ਮੰਨਣ ਲਈ ਤਿਆਰ ਹੋਵੇ ਤਾਂ ਮੈਂ ਇਸ ਦੇ ਸਬੂਤ ਪੇਸ਼ ਕਰ ਸਕਦਾ ਹਾਂ । (ਵਿਘਨ) ਜੇ ਤੁਸੀਂ ਮੈਨੂੰ ਆਗਿਆ ਦਿਉ ਤਾਂ ਮੈਂ ਨਾਮ ਵੀ ਦਸ ਸਕਦਾ ਹਾਂ । (ਵਿਘਨ) ਸਪੀਕਰ ਸਾਹਿਬ, ਫਿਰ ਤੁਸੀਂ ਦੇਖੋ ਕਿ ਸਾਡੇ ਵਜ਼ੀਰ ਖਜ਼ਾਨਾ ਦੇ ਬਾਹਰਲੇ ਦੇਸ਼ਾਂ ਵਿਚ ਕਿਤਨਾ ਰੁਪਿਆ ਜਮ੍ਹਾ ਹੈ । ਜਦੋਂ ਇਹ ਬੀ. ਡੀ. ਓ ਹੁੰਦੇ ਸੀ ਤਾਂ ਉਸ ਵੇਲੇ ਕੀ ਸੀ ਔਰ ਹੁਣ ਇਸ ਵੇਲੇ ਕੀ ਹਨ । ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਗਲ੍ਹਾਂ ਦਾ ਪਤਾ ਕਰਾਓ......(ਵਿਘਨ)

ਵਿੱਤ ਮੰਤਰੀ : (ਬੈਠੇ ਬੈਠੇ) ਐਵੇਂ ਬਕਵਾਸ ਨਾ ਕਰ......(ਵਿਘਨ) (ਸ਼ੋਰ)

ਚੌਧਰੀ ਜਗਤ ਰਾਮ : ਇਹ ਬਕਵਾਸ ਲਫਜ਼ ਵਾਪਸ ਲਉ । (ਵਿਘਨ) ਸਪੀਕਰ ਸਾਹਿਬ, ਇਹ ਬਕਵਾਸ ਲਫਜ਼ ਇਨ੍ਹਾਂ ਤੋਂ ਵਾਪਸ ਕਰਾਉ ਜੀ । (ਵਿਘਨ)

ਸ੍ਰੀ ਸਪੀਕਰ : ਸਰਦਾਰ ਬਲਵੰਤ ਸਿੰਘ ਜੀ ਇਹ ਲਫਜ਼ ਵਾਪਸ ਲਉ......(ਵਿਘਨ) *Addressing the hon. Finance Minister* : Please withdraw your words.) (Interruption).

ਵਿੱਤ ਮੰਤਰੀ : ਸਪੀਕਰ ਸਾਹਿਬ, ਜੇ ਇਹ ਵਾਧੂ ਗਲਾਂ ਕਰਨਗੇ ਤਾਂ ਇਸ ਨੂੰ ਬਕਵਾਸ ਹੀ ਕਹਾਂਗੇ । ਵੈਸੇ ਇਹ ਸ਼ਬਦ ਮੈਂ ਵਾਪਸ ਲੈਂਦਾ ਹਾਂ । (ਵਿਘਨ)

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਹਰੀਜਨਾਂ ਦਾ ਟੈਕਸ ਮਾਫ ਕਰਕੇ ਅਸੀਂ ਬਹੁਤ ਕੁਝ ਕਰ ਦਿਤਾ ਹੈ । (ਘੰਟੀ)

ਸ਼੍ਰੀ ਸਪੀਕਰ : ਤੁਹਾਡੇ ਪੰਜ ਮਿੰਟ ਹੋ ਗਏ ਹਨ । (ਵਿਘਨ) (Your time is over please.) (Interruption)

ਚੌਧਰੀ ਜਗਤ ਰਾਮ : ਬਸ ਜੀ ਦੋ ਮਿੰਟ ਵਿਚ ਹੀ ਖਤਮ ਕਰ ਦਿੰਦਾ ਹਾਂ । (ਵਿਘਨ) ਸਪੀਕਰ ਸਾਹਿਬ, ਜਿਹੜੀ ਇੰਡਸਟਰੀ ਛੋਟੀ ਹਰੀਜਨਾਂ ਦੀ ਸੀ ਉਹ ਇਨ੍ਹਾਂ ਨੇ ਖਤਮ ਕਰ ਦਿਤੀ । ਉਹ ਵਿਚਾਰੇ ਛੋਟੀ ਇੰਡਸਟਰੀ ਰਾਹੀਂ ਖਦਰ ਵਗੈਰਾ ਬੁਣਦੇ ਸੀ ਪਰ ਇਹ ਤਾਂ ਹੁਣ ਖਦਰ ਪਾਉਂਦੇ ਹੀ ਨਹੀ । ਕਿਸ ਤਰ੍ਹਾਂ ਟਾਈਆਂ ਲਾ ਲਾ ਕੇ ਇਥੇ ਆਉਂਦੇ ਹਨ ।

ਸ਼੍ਰੀ ਸਪੀਕਰ : ਟਾਈਆਂ ਲਾਉਣਾ ਕੋਈ ਮਾੜੀ ਗਲ ਤਾਂ ਨਹੀਂ । (ਵਿਘਨ) (To wear 'Ties' is not improper)

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਖਦਰ ਦਾ ਕਪੜਾ 15-15 ਰੁਪਏ ਗਜ਼ ਦਾ ਵੀ ਹੈ ਉਹ ਖਰੀਦ ਕੇ ਪਾਉਣ ਪਰ ਇਹ ਖਰੀਦਣ ਕਿਸ ਤਰ੍ਹਾਂ । ਇਹ ਜਿਹੜਾ ਚੋਰੀ ਦਾ ਰੁਪਿਆ ਹੈ, ਹੇਰਾ ਫੇਰੀ ਦਾ ਰੁਪਿਆ ਹੈ ਕਿਸ ਤਰ੍ਹਾਂ ਖਰਚਣ ।

ਸਪੀਕਰ ਸਾਹਿਬ, ਮੈਂ ਤੁਹਾਨੂੰ ਸਿਰਫ ਇਤਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੇ ਹਰੀਜਨ ਹਨ, ਉਹ ਇਸ ਰਾਜ ਤੋਂ ਬੜੇ ਦੁਖੀ ਹਨ । ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਤੁਹਾਡੇ ਨਜ਼ਦੀਕੀ ਪਿੰਡ ਵਿਚ ਇਕ ਹਰੀਜਨ ਦੀ ਕੁਆਰੀ ਕੁੜੀ ਕਿਡਨੈਪ ਕਰਕੇ ਲੈ ਗਏ ਫਿਰ 15 ਦਿਨਾਂ ਬਾਦ ਕਿਸ ਤਰ੍ਹਾਂ ਛੱਡ ਗਏ ਉਹ ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ । ਇਹ ਜਥੇਦਾਰ ਪੁਲੀਸ ਦੇ ਨਾਲ ਮਿਲ ਕੇ ਉਸ ਨੂੰ ਆਵਾਰਾ ਕਰਕੇ ਛੱਡ ਗਏ । ਕੁੜੀ ਨੇ ਬਿਆਨ ਦਿੱਤਾ ਕਿ ਫਲਾਵੇ ਲੋਕ ਸਨ ਜਿਹੜੇ ਮੈਨੂੰ ਲੈ ਗਏ ਸੀ । ਜਿਹੜੇ ਫੜੇ ਗਏ ਉਹ ਜਥੇਦਾਰ ਸਨ (ਵਿਘਨ) ਸਪੀਕਰ ਸਾਹਿਬ ਮੈਂ ਤੁਹਾਡਾ ਸ਼ੁਕਰ ਗੁਜ਼ਾਰ ਹਾਂ ਜਿਹੜਾ ਤੁਸੀਂ ਮੈਨੂੰ ਟਾਈਮ ਦਿੱਤਾ ਹੈ । ਇਹ ਗੁਰੂ ਨਾਨਕ ਦੀ ਗੱਲ ਕਰਦੇ ਹਨ । ਇਹ ਸਜਣ ਠੱਗ ਹਨ (ਵਿਘਨ) ਇਨ੍ਹਾਂ ਨੇ ਸਾਨੂੰ ਤਾਂ ਮਾਰ ਹੀ ਦਿੱਤਾ ਹੈ । ਇਨ੍ਹਾਂ ਨੇ ਇਕ ਰਾਜਪੁਰੇ ਚੌਕੀ ਬਿਠਾ ਦਿੱਤੀ ਅਤੇ ਇਕ ਹੁਸ਼ਿਆਰਪੁਰ ਅਤੇ ਇਕ ਰਾਜਸਥਾਨ ਪੁਲੀਸ ਦੀ ਚੌਕੀ ਬਿਠ ਦਿੱਤੀ (ਵਿਘਨ) ਮੈਂ ਇਨ੍ਹਾਂ ਨੂੰ ਦਾਵੇ ਨਾਲ ਕਹਿੰਦਾ ਹਾਂ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਇਨ੍ਹਾਂ ਨੂੰ ਕਦੇ ਵੀ ਮਾਫ ਨਹੀਂ ਕਰਨਗੀਆਂ ।

ਸ਼੍ਰੀ ਸਪੀਕਰ : ਚੂੰਕਿ ਸੀ. ਐਮ. ਸਾਹਿਬ ਦੇ ਬੋਲਣ ਲਈ ਸਮਾਂ ਥੋੜਾ ਰਹਿ ਗਿਆ ਹੈ, ਇਸ ਲਈ ਹਾਊਸ ਦਾ ਸਮਾਂ ਅੱਧਾ ਘੰਟਾ ਹੋਰ ਵਧਾ ਦਿੱਤਾ ਜਾਂਦਾ ਹੈ । (Very short time has been left for the Chief Minister to give a reply to the debate. Hence the time of the sitting of the House is extended by half an hour)

ਸ਼੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਜੇ ਕਰ ਹਾਊਸ ਦਾ ਅੱਧਾ ਘੰਟਾ ਸਮਾਂ ਹੋਰ ਵਧਾਇਆ ਹੈ ਤਾਂ ਜਿਹੜੇ ਸਾਡੇ ਦੋ ਮੈਂਬਰਾਂ ਦੇ ਨਾਉਂ ਨਾਲ ਤੁਹਾਨੂੰ ਦਿੱਤੇ ਹੋਏ ਹਨ, ਉਨ੍ਹਾਂ ਨੂੰ ਵੀ ਮਿਹਰਬਾਨੀ ਕਰਕੇ 5:5 ਮਿੰਟ ਬੋਲਣ ਲਈ ਦੇ ਦਿਤੇ ਜਾਣ ।

Mr. Speaker : Please resume your seat.

ਮੁੱਖ ਮੰਤਰੀ : ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ 15 ਤਾਰੀਖ ਨੂੰ ਇਸ ਹਾਊਸ ਦੇ ਆਨਰੇਬਲ ਮੈਂਬਰ ਸਾਹਿਬ ਨੂੰ ਐਡਰੈਸ ਕੀਤਾ ਅਤੇ ਇਸ ਐਡਰੈਸ ਵਿਚ ਉਨ੍ਹਾਂ ਨੇ ਮੌਜੂਦਾ ਪੰਜਾਬ ਦੀ ਬੜੇ ਸੁਚੱਜੇ ਢੰਗ ਨਾਲ ਤਸਵੀਰ ਖਿਚੀ । ਪਰ ਮੈਨੂੰ ਬੜਾ ਅਫਸੋਸ ਤੇ ਦੁਖ ਹੋਇਆ ਕਿਉਂਕਿ ਮੈਨੂੰ ਕਦੇ ਆਸ

ਮੁੱਖ ਮੰਤਰੀ

ਨਹੀਂ ਸੀ ਕਿ ਜਿਥੇ ਮੇਜਰ ਹਰਿੰਦਰ ਸਿੰਘ ਵਰਗੇ ਪੁਰਾਣੇ ਅਤੇ ਬਜ਼ੁਰਗ ਅਤੇ ਸੰਜੀਦਾ ਪਾਰਲੀਆ-ਮੈਂਟੇਰੀਅਨ ਬੈਠੇ ਹੋਣ, ਗਵਰਨਰ ਸਾਹਿਬ ਐਡਰੈਸ ਵਾਸਤੇ ਆਉਣ ਅਤੇ ਇਹ ਵਾਕ ਆਊਟ ਕਰਨ। ਗਵਰਨਰ ਸਾਹਿਬ ਸਾਡੇ ਕੰਸਟੀਚਿਊਸ਼ਨਲ ਹੈਡ ਹਨ ਅਤੇ ਸਾਡਾ ਫਰਜ਼ ਹੈ ਉਨ੍ਹਾਂ ਦੀ ਰਿਸਪੈਕਟ ਕਰਨਾ। ਮੈਂ ਸਮਝਦਾ ਹਾਂ ਕਿ ਇਹ ਜਿਹੜਾ ਇਨ੍ਹਾਂ ਨੇ ਵਾਕ-ਆਊਟ ਕੀਤਾ ਹੈ ਇਹ ਗਵਰਨਰ ਸਾਹਿਬ ਦੀ ਡਿਸ-ਰਿਸਪੈਕਟ ਦੇ ਬਰਾਬਰ ਹੈ (ਟਰੈਜ਼ਰੀ ਬੈਂਚਾਂ ਵਲੋਂ ਸ਼ੇਮ, ਸ਼ੇਮ)

ਸਪੀਕਰ ਸਾਹਿਬ, ਇਸ ਵਾਕ-ਆਊਟ ਵਿਚ ਇਨ੍ਹਾਂ ਨੇ ਇਕ ਚੀਜ਼ ਜ਼ਾਹਰ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਦੀ ਮੁਲਾਜ਼ਮਾਂ ਨਾਲ ਹਮਦਰਦੀ ਹੈ। ਮੈਂ ਸਮਝਦਾ ਹਾਂ ਕਿ ਇਹ ਪੁਲੀਟੀਕਲ ਸਟੰਟ ਹੈ, ਇਸ ਤੋਂ ਵੱਧ ਹੋਰ ਕੋਈ ਚੀਜ਼ ਨਹੀਂ।

ਸਪੀਕਰ ਸਾਹਿਬ, ਜਿਥੋਂ ਤਕ ਮੁਲਾਜ਼ਮਾਂ ਦਾ ਤੁਅਲਕ ਹੈ, ਮੈਂ ਉਨ੍ਹਾਂ ਨੂੰ ਆਪਣੇ ਪਰੀਵਾਰ ਦਾ ਮੈਂਬਰ ਸਮਝਦਾ ਹਾਂ ਅਤੇ ਉਨ੍ਹਾਂ ਦੀ ਜੋ ਦੁਖ ਤਕਲੀਫ ਹੈ, ਉਸ ਨੂੰ ਮੈਂ ਆਪਣੀ ਦੁਖ ਤਕਲੀਫ ਸਮਝਦਾ ਹਾਂ (ਟਰੈਜ਼ਰੀ ਬੈਂਚਾਂ ਵਲੋਂ ਥੰਪਿੰਗ)

(ਇਸ ਵਕਤ ਕਾਂਗਰਸ ਬੈਂਚਾਂ ਵਲੋਂ ਨਾਅਰੇ ਲਗਾਏ ਗਏ ਅਤੇ ਇਤਨਾਂ ਸ਼ੋਰ ਸੀ ਕਿ ਕੁਝ ਨਾ ਸੁਣਿਆ ਗਿਆ। ਸ਼੍ਰੀ ਜੁਗਿੰਦਰ ਪਾਲ ਪਾਂਡੇ ਨੇ ਕੁਝ ਕਹਿਣ ਦਾ ਯਤਨ ਕੀਤਾ)

ਸ਼੍ਰੀ ਸਪੀਕਰ : ਜੋ ਕੁਝ ਇਹ ਮੈਂਬਰ ਸਾਹਿਬ ਚੇਅਰ ਦੀ ਆਗਿਆ ਤੋਂ ਬਿਨਾਂ ਬੋਲ ਰਹੇ ਹਨ ਰਿਕਾਰਡ ਨਾ ਕੀਤਾ ਜਾਏ। (Whatever the hon. Members are speaking with out the permission of the Chair should not be recorded)

ਸ਼੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਹੁਣੇ ਚੀਫ ਮਨਿਸਟਰ ਸਾਹਿਬ ਨੇ ਫ਼ਰਮਾਇਆ ਹੈ ਕਿ ਅਸੀਂ ਗਵਰਨਰ ਸਾਹਿਬ ਦੀ ਬੇਇਜ਼ਤੀ ਕੀਤੀ ਹੈ (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਇਹੋ ਜਿਹਾ ਕੋਈ ਮਨਸ਼ਾ ਨਹੀਂ ਸੀ ਅਤੇ ਨਾ ਹੀ ਕੋਈ ਮਕਸਦ ਸੀ (ਵਿਘਨ)।

Mr. Speaker : This is no point of order.

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਤੋਂ ਅੱਗੇ ਇਥੇ ਫ਼ਾਜ਼ਿਲਕਾ, ਅਬੋਹਰ ਅਤੇ ਚੰਡੀਗੜ੍ਹ ਦਾ ਜ਼ਿਕਰ ਆਇਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਇਹ ਲੜਾਈ ਲੜੀ ਗਈ ਸੀ ਤਾਂ ਉਸ ਵੇਲੇ ਪੰਜਾਬ ਦੀ ਜਨਤਾ ਦੇ ਸਾਮ੍ਹਣੇ ਇਕ ਚੰਡੀਗੜ੍ਹ ਦਾ ਮਸਲਾ ਸੀ ਕਿ ਚੰਡੀਗੜ੍ਹ ਅਸੀਂ ਲੈਣਾ ਹੈ। ਸਪੀਕਰ ਸਾਹਿਬ, ਚੰਡੀਗੜ੍ਹ ਸਾਡਾ ਸੀ ਅਸੀਂ ਲਿਆ ਹੈ ਅਤੇ ਸਾਡਾ ਹੀ ਰਹੇਗਾ (ਟਰੈਜ਼ਰੀ ਬੈਂਚਾਂ ਵਲੋਂ ਥਪਿੰਗ) ਲੇਕਿਨ ਸਪੀਕਰ ਸਾਹਿਬ, ਮੈਨੂੰ ਬੜਾ ਅਫਸੋਸ ਹੁੰਦਾ ਹੈ ਕਿ ਚੰਡੀਗੜ੍ਹ ਦੇ ਫੈਸਲੇ ਦੇ ਨਾਲ ਇਕ ਹੋਰ ਕਚਾ-ਮਚਾ ਫੈਸਲਾ ਕਰ ਦਿੱਤਾ ਹੈ ਜਿਸ ਦੇ ਨਾਲ ਸਾਡੇ ਪੰਜਾਬੀ ਬੋਲਦੇ ਇਲਾਕੇ ਖੋਹਣ ਦਾ ਯਤਨ ਕੀਤਾ ਗਿਆ ਹੈ। ਜਿਥੋਂ ਤਕ ਫ਼ਾਜ਼ਲਕਾ ਦਾ ਸੁਆਲ ਹੈ ਮੈਂ ਉਥੇ ਦਾ ਰਹਿਣ ਵਾਲਾ ਹਾਂ, ਉਥੋਂ ਦੇ ਹਰ ਪਿੰਡ ਨੂੰ ਜਾਣਦਾ ਹਾਂ, ਉਸ ਇਲਾਕੇ ਦੀ ਬੋਲੀ ਪੰਜਾਬੀ ਹੈ। ਸਪੀਕਰ ਸਾਹਿਬ, ਇਹ ਜੋ ਫੈਸਲਾ ਹੋਇਆ ਹੈ, ਮੈਂ ਸਮਝਦਾ ਹਾਂ ਕਿ ਇਹ ਫ਼ਿਰਕੇਦਾਰਾਨਾ ਆਧਾਰ ਤੇ ਹੋਇਆ ਹੈ। (ਵਿਘਨ) ਨਹੀਂ ਤਾਂ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦਾ ਫ਼ੈਸਲਾ ਕਦੇ ਹੋ ਹੀ ਨਹੀਂ ਸੀ ਸਕਦਾ। ਮੈਂ ਫ਼ਾਜ਼ਿਲਕਾ ਦੇ ਇਲਾਕੇ ਵਿਚ ਕਾਫ਼ੀ ਜਾਂਦਾ ਰਹਿੰਦਾ ਹਾਂ ਅਤੇ ਹੁਣ ਵੀ ਮੈਂ ਸੈਸ਼ਨ ਦੇ ਦੌਰਾਨ ਉਥੇ ਗਿਆ ਸੀ। ਉਥੇ ਦੀ ਜਨਤਾ ਵਿਚ ਬੜੀ ਘਬਰਾਹਟ ਹੈ ਉਹ ਪੰਜਾਬ ਵਿਚ ਰਹਿਣਾ ਚਾਹੁੰਦੇ ਹਨ, ਐਕਨੌਮਿਕ ਪੁਆਇੰਟ ਆਫ ਵਿਊ ਨਾਲ ਵੀ ਅਤੇ ਐਡਮਨਿਸਟਰੇਸ਼ਨ ਪੁਆਇੰਟ ਆਫ ਵਿਊ ਨਾਲ ਵੀ

ਉਹ ਲੋਕ ਪੰਜਾਬ ਦੇ ਨਾਲ ਰਹਿਣਾ ਚਾਹੁੰਦੇ ਹਨ ਅਤੇ ਉਹ ਇਲਾਕੇ ਪੰਜਾਬ ਦੇ ਨਾਲ ਹੀ ਰਖਣ ਚਾਹੀਦੇ ਹਨ। ਮੈਂ ਸਾਰੇ ਸਦਨ ਨੂੰ ਬੇਨਤੀ ਕਰਾਂਗਾ ਕਿ ਬਜਾਏ ਅਸੀਂ ਕੋਈ ਹੋਰ ਨੁਕਤਾ ਚੀ ਨੀਕਰੀਏ, ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਸਾਰੇ ਰਲ ਕੇ ਆਵਾਜ਼ ਉਠਾਈਏ ਅਤੇ ਇਹ ਜੋ ਸੈਂਟਰ ਨੇ ਫ਼ੈਸਲਾ ਕੀਤਾ ਹੈ। ਇਸ ਨੂੰ ਬਦਲਾਉਣ ਦੀ ਕੋਸ਼ਿਸ਼ ਕਰੀਏ। (ਵਿਘਨ)

ਸਪੀਕਰ ਸਾਹਿਬ, ਇਥੇ ਲਾਅ ਐਂਡ ਆਰਡਰ ਦਾ ਮਸਲਾ ਲਿਆਂਦਾ ਗਿਆ। (ਵਿਘਨ) ਸਾਡੇ ਸਾਮ੍ਹਣੇ ਬੈਠੇ ਆਨਰੇਬਲ ਮੈਂਬਰ ਸਾਹਿਬਾਨ ਨੇ ਬੜੀਆਂ ਵੱਧਾ ਚੜ੍ਹਾ ਕੇ ਗੱਲਾਂ ਕੀਤੀਆਂ ਹਨ ਜਿਹੜੀਆਂ ਵਿਚ ਕੋਈ ਸਚਾਈ ਨਹੀਂ ਸੀ। ਮੈਂ ਕਹਿੰਦਾ ਹਾਂ ਕਿ ਇਹੋ ਜਿਹੀ ਗੱਲ ਪਹਿਲਾਂ ਫ਼ੈਕਟਸ ਐਂਡ ਫ਼ਿਗਰਜ਼ ਨੂੰ ਸਾਮ੍ਹਣੇ ਰਖ ਕੇ ਕਹਿਣੀ ਚਾਹੀਦੀ ਹੈ। ਇਸ ਸਬੰਧੀ ਫ਼ੈਕਟਸ ਐਂਡ ਫ਼ਿਗਰਜ਼ ਹਾਊਸ ਦੇ ਸਾਮ੍ਹਣੇ ਰੱਖਦ ਹਾਂ ਜਿਹੜੇ ਦਸਣਗੇ ਕਿ ਲਾਅ ਐਂਡ ਆਰਡਰ ਦੀ ਹਾਲਤ ਅੱਗੇ ਨਾਲੋਂ ਅੱਛੀ ਰਹੀ ਹੈ :

ਮਰਡਰ ਦੇ ਕੇਸਿਜ਼

1970 ਵਿਚ 573

1969 ਵਿਚ 576

ਮਰਡਰ ਦੇ ਕੇਸਿਜ਼ ਇਸ ਸਾਲ ਪਿਛਲੇ ਸਾਲ ਨਾਲੋਂ ਘੱਟ ਹੋਏ ਹਨ।

ਕਿਡਨੈਪਿੰਗ ਦੇ ਕੇਸਿਜ਼

1970 ਵਿਚ 302

1969 ਵਿਚ 313

1968 ਵਿਚ 318

1967 ਵਿਚ 316

ਇਨ੍ਹਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਪਿਛਲੇ ਚਾਰ ਸਾਲਾਂ ਨਾਲੋਂ ਇਸ ਸਾਲ ਜੁਰਮ ਦੇ ਕੇਸਿਜ਼ ਵੀ ਘੱਟ ਹੋਏ ਹਨ।

ਰੇਪ ਦੇ ਕੇਸਿਜ਼

1970 ਵਿਚ 107

1969 ਵਿਚ 111

1968 ਵਿਚ 112

1967 ਵਿਚ 107

ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜਿਹੜੇ ਕਰਾਈਮ ਅਗੇਨਸਟ ਪਰਸਨਜ਼ ਹੋਏ ਹਨ ਉਹ ਪਿਛਲੇ ਸਾਲਾਂ ਨਾਲੋਂ ਬਹੁਤ ਘੱਟ ਹੋਏ ਹਨ। ਇਸ ਤੋਂ ਇਲਾਵਾ ਜੇ ਕਰ ਫ਼ਿਗਰਜ਼ ਨੂੰ ਮੁੱਖ ਰਖਿਆ ਜਾਵੇ ਤਾਂ ਇਸ ਸਾਲ ਕਰਾਈਮਜ਼ ਅਗੇਨਸਟ ਪ੍ਰਾਪਰਟੀ ਵੀ ਘੱਟ ਹੋਏ ਹਨ।

ਡਕਾਇਤੀ ਦਾ ਇਸ ਸਾਲ ਕੋਈ ਵੀ ਕੇਸ ਨਹੀਂ ਹੋਇਆ ਜਦੋਂ ਕਿ ਪਿਛਲੇ ਸਾਲਾਂ ਵਿਚ ਡਕਾਇਤੀ ਦੇ ਕੇਸ ਹੁੰਦੇ ਰਹੇ ਹਨ।

[ਮੁੱਖ ਮੰਤਰੀ]

ਬਰਗਲਰੀ ਦੇ ਕੇਸਿਜ਼

1970 ਵਿਚ 1441
1969 ਵਿਚ 1627
1968 ਵਿਚ 1668
1967 ਵਿਚ 1800
1966 ਵਿਚ 1549

ਮੇਰੇ ਕਹਿਣ ਦਾ ਭਾਵ ਹੈ ਕਿ ਪਿਛਲੇ ਪੰਜਾਂ ਸਾਲਾਂ ਦੀਆਂ ਫ਼ਿਗਰਜ਼ ਵੇਖਣ ਤੋਂ ਪਤਾ ਲਗਦਾ ਹੈ ਕਿ ਬਰਗਲਰੀ ਦੇ ਕੇਸਿਜ਼ ਵੀ ਇਸ ਸਾਲ ਘੱਟ ਹੋਏ ਹਨ ।

ਚੋਰੀ ਦੇ ਕੇਸਿਜ਼

1970 ਵਿਚ 2899
1969 ਵਿਚ 3064
1968 ਵਿਚ 3148
1967 ਵਿਚ 3531

ਮੇਰੇ ਕਹਿਣ ਦਾ ਭਾਵ ਇਹ ਹੈ ਕਿ ਚੋਰੀ ਦੇ ਕੇਸਾਂ ਵਿਚ ਵੀ ਬੜੀ ਭਾਰੀ ਕਮੀ ਹੋਈ ਹੈ । ਇਸੇ ਤਰ੍ਹਾਂ ਹੀ ਸਰਕਾਰ ਨੇ ਐਕਸਾਈਜ਼ ਐਕਟ, ਓਪੀਅਮ ਐਕਟ ਤੇ ਆਰਮਜ਼ ਐਕਟ ਦੇ ਸਿਲਸਲੇ ਵਿਚ ਬੜੇ ਸਖ਼ਤ ਕਦਮ ਚੁਕੇ ਹਨ ਅਤੇ ਕੋਸ਼ਿਸ਼ ਕਰਕੇ ਪਿਛਲੇ ਸਾਲਾਂ ਨਾਲੋਂ ਐਤਕੀ ਜ਼ਿਆਦਾ ਮੁਜਰਮ ਫੜੇ ਹਨ ਅਤੇ ਇਨ੍ਹਾਂ ਅਪਰਾਧਾਂ ਨੂੰ ਸਖ਼ਤੀ ਨਾਲ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਹੈ ।

ਸਪੀਕਰ ਸਾਹਿਬ, ਇਥੇ ਕੁਰੱਪਸ਼ਨ ਦੀ ਬੜੀ ਗਲ ਕੀਤੀ ਗਈ ਹੈ । ਮੈਂ ਇਨ੍ਹਾਂ ਸਾਥੀਆਂ ਨੂੰ ਕਹਾਂਗਾ ਕਿ ਅੰਗਰੇਜ਼ਾਂ ਤੋਂ ਮਗਰੋਂ ਕਾਂਗਰਸ ਦਾ ਰਾਜ ਆਇਆ ਅਤੇ 22 ਸਾਲ ਤਕ (ਇਸ ਸੂਬੇ ਵਿਚ ਅਤੇ ਦੂਜਿਆਂ ਸੂਬਿਆਂ ਵਿਚ ਰਿਹਾ, ਸੈਂਟਰ ਵਿਚ ਹਾਲੇ ਤਕ ਇਨ੍ਹਾਂ ਦਾ ਰਾਜ ਹੈ । ਮੈਂ ਸਮਝਦਾ ਹਾਂ ਕਿ ਕੁਰਪਸ਼ਨ ਦੀ ਕਰਾਨਿਕ ਬੀਮਾਰੀ ਇਨ੍ਹਾਂ ਦੀ ਪਾਰਟੀ ਨੇ ਛਡੀ ਹੈ (ਵਿਘਨ) ਇਸ ਲਈ ਇਹ ਜ਼ਿਮੇਵਾਰ ਹਨ । ਪਰ ਇਸ ਦਾ ਇਲਾਜ ਕਰਨਾ ਚਾਹੀਦਾ ਹੈ ਅਤੇ ਕਰ ਰਹੇ ਹਾਂ ਪਰ ਇਹ ਤਾਂ ਤਪਦਿਕ ਹੈ ਅਤੇ ਇਹੋ ਜਿਹੀਆਂ ਕਰਾਨਿਕ ਬੀਮਾਰੀਆਂ ਦਾ ਇਲਾਜ ਹੌਲੀ ਹੌਲੀ ਹੀ ਹੋ ਸਕਦਾ ਹੈ । ਇਸ ਤਰ੍ਹਾਂ ਦੀਆਂ ਬੀਮਾਰੀਆਂ ਦੇ ਇਲਾਜ ਲਈ ਸਾਡੇ ਪਾਸ ਸਪੈਸ਼ਲਿਸਟ ਡਾਕਟਰ ਹਨ (ਵਿਘਨ) ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਇਸ ਦੀਆਂ ਫਿਗਰਜ਼ ਦਸਦਾ ਹਾਂ । ਜਿਸ ਤੋਂ ਇਹ ਸਿਧ ਹੁੰਦਾ ਹੈ ਕਿ ਇਸ ਸਾਲ ਇਸ ਲਾਅਨਤ ਨੂੰ ਖਤਮ ਕਰਨ ਦੇ ਬਹੁਤ ਉਪਰਾਲੇ ਕੀਤੇ ਗਏ ਹਨ । ਇਸ ਸਾਲ 176 ਕੇਸ ਪਕੜੇ ਗਏ । ਪਿਛਲੇ ਸਾਲ 114 ਸਨ, ਉਸ ਤੋਂ ਪਿਛਲੇ ਸਾਲ 144 ਅਤੇ 1967 ਵਿਚ 92 ਕੇਸ ਪਕੜੇ ਗਏ । ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਕੁਰਪਸ਼ਨ ਨੂੰ ਖ਼ਤਮ ਕਰਨ ਲਈ ਕਾਫੀ ਕਦਮ ਚੁਕੇ ਗਏ ਹਨ । (ਵਿਘਨ) ਡਾਂਗ ਸਾਹਿਬ ਇਸ ਵੇਲੇ ਨਜ਼ਰ ਨਹੀਂ ਆਉਂਦੇ । ਉਨ੍ਹਾਂ ਨੇ ਕਿਹਾ ਹੈ ਕਿ ਇਨ੍ਹਾਂ ਦੇ ਪਾਰਟੀ ਵਰਕਰਜ਼ ਨੂੰ 107/151 ਦੇ ਤਹਿਤ ਫੜਿਆ ਗਿਆ । (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਦੀ ਗੁਲ

ਤਾਂ ਉਲਟਾ ਚੋਰ ਕੋਤਵਾਲ ਕੋ ਡਾਂਟੇ ਵਾਲੀ ਹੈ । ਲੈਂਡ ਗਰੈਬ ਦੀ ਜੋ ਮੂਵਮੈਂਟ ਹੈ ਉਹ ਬੀਮਾਰੀ ਤਾਂ ਇਨ੍ਹਾਂ ਨੇ ਸ਼ੁਰੂ ਕੀਤੀ ਹੈ । ਇਨ੍ਹਾਂ ਦੀ ਪਾਰਟੀ ਨੇ ਇਸ ਲਾ ਕਾਨੂੰਨੀ ਨੂੰ ਵਧਾਇਆ ਹੈ । ਇਹ ਡੈਮੋਕਰੈਟਿਕ ਧੁਰਾ ਹੈ ਅਤੇ ਇਥੇ ਸਾਰੇ ਫੈਸਲੇ ਡੈਮੋਕਰੇਟਿਕ ਤਰੀਕਿਆਂ ਨਾਲ ਹੀ ਕੀਤੇ ਜਾਣੇ ਚਾਹੀਦੇ ਹਨ । ਇਹ ਗਲਾਂ ਕਿਸੇ ਡੈਮੋਕਰੇਸੀ ਵਿਚ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ । ਇਹੋ ਜਿਹੇ ਗੈਰ ਵਿਧਾਨਕ ਤਰੀਕੇ ਕਿਸੇ ਨੂੰ ਇਸਤੇਮਾਲ ਕਰਨ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ । 107/151 ਦਾ ਇਸਤੇਮਾਲ ਅਮਨ ਕਾਇਮ ਰਖਣ ਲਈ ਜ਼ਰੂਰੀ ਸੀ । ਜੇਕਰ ਅਗੋਂ ਵੀ ਕੋਈ ਇਸ ਤਰ੍ਹਾਂ ਅਮਨ ਭੰਗ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸ ਦੇ ਖ਼ਿਲਾਫ ਸਖਤ ਕਦਮ ਚੁਕੇ ਜਾਣਗੇ । ਬਾਕੀ ਜਿਥੋਂ ਤਕ ਗਰੀਬੀ ਦੂਰ ਕਰਨ ਦੀ ਗਲ ਹੈ ਇਸ ਨੂੰ ਦੂਰ ਕਰਨ ਲਈ ਕਨਸਟੀਚਿਊਸ਼ਨਲ ਤੌਰ ਤੇ ਕਦਮ ਚੁਕੇ ਜਾ ਰਹੇ ਹਨ । ਅਸੀਂ ਸਾਰੇ ਸਹਿਮਤ ਹਾਂ ਕਿ ਅਮੀਰ ਅਤੇ ਗਰੀਬ ਦੇ ਫਰਕ ਨੂੰ ਘਟ ਕਰਨ ਤੇ ਵਧ ਤੋਂ ਵਧ ਯਤਨ ਕੀਤੇ ਜਾਣੇ ਚਾਹੀਦੇ ਹਨ । (ਵਿਘਨ)

ਮਾਸਟਰ ਗੁਰਬੰਤਾ ਸਿੰਘ ਜੀ ਨੇ ਜ਼ਿਕਰ ਕੀਤਾ ਕਿ ਕਰਤਾਰਪੁਰ ਵਿਚ ਹਰੀਜਨਾਂ ਦੇ ਨਾਲ ਭਾਰੀ ਧੱਕਾ ਕੀਤਾ ਗਿਆ । ਮੈਂ ਮਾਸਟਰ ਜੀ ਦੀ ਪੂਰੀ ਇਜ਼ਤ ਕਰਦਾ ਹਾਂ । ਇਹ ਮੇਰੇ ਪਾਸ ਆਏ ਅਤੇ ਇਨ੍ਹਾਂ ਦੇ ਕਹਿਣ ਦੇ ਨਾਲ ਹੀ ਮੈਂ ਇਕ ਐਸ. ਪੀ. ਨੂੰ ਸਪੈਸ਼ਲੀ ਸਾਰੇ ਮਾਮਲੇ ਦੀ ਛਾਣ ਬੀਣ ਲਈ ਭੇਜਿਆ । ਉਸ ਨੇ ਰਿਪੋਰਟ ਕੀਤੀ ਕਿ ਲੋਕਲ ਪੁਲਿਸ ਦਾ ਕਸੂਰ ਹੈ । ਇਸ ਤੇ ਮੈਂ ਫੌਰਨ ਉਹ ਸਾਰਾ ਪੁਲਿਸ ਦਾ ਸਟਾਫ ਬਦਲ ਦਿਤਾ । ਹੁਣ ਉਨ੍ਹਾਂ ਦੇ ਖਿਲਾਫ ਡਿਪਾਰਟਮੈਂਟਲ ਇਨਕਵਾਇਰੀ ਕਰਵਾਈ ਜਾ ਰਹੀ ਹੈ। ਉਸ ਤੋਂ ਮਗਰੋਂ ਮਾਸਟਰ ਜੀ ਫਿਰ ਆਏ ਕਿ ਜੋ ਐਕਸ਼ਨ ਲਿਆ ਹੈ ਉਹ ਠੀਕ ਹੈ ਪਰ ਮੇਰਾ ਭਾਵ ਹਾਲੇ ਪੂਰਾ ਨਹੀਂ ਹੋਇਆ ਕਿਉਂਕਿ ਇਸ ਮਾਮਲੇ ਵਿਚ ਕਿਸੇ ਵਡੇ ਅਫਸਰ ਦਾ ਹਥ ਹੈ । ਇਨ੍ਹਾਂ ਦੀ ਸਹਿਮਤੀ ਨਾਲ ਉਸੇ ਵੇਲੇ ਮੈਂ ਕੇਸ ਵਿਜੀਲੈਂਸ ਡਿਪਾਰਟਮੈਂਟ ਨੂੰ ਦੇ ਦਿਤਾ । ਉਥੇ ਚੌਕਸੀ ਵਿਭਾਗ ਦਾ ਅਫਸਰ ਗਿਆ, ਇਨ੍ਹਾਂ ਨੂੰ ਵੀ ਮਿਲਿਆ ਪਰ ਇਹ ਸਬੂਤ ਨਹੀਂ ਦੇ ਸਕੇ ਕਿ ਕਿਸੇ ਅਫਸਰ ਦਾ ਇਸ ਵਿਚ ਹਥ ਹੈ । ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜਦੋਂ ਵੀ ਕੋਈ ਆਨਰੇਬਲ ਮੈਂਬਰ ਮੇਰੇ ਪਾਸ ਕੋਈ ਗਲ ਕਰਦਾ ਹੈ ਤਾਂ ਮੈਂ ਫੌਰਨ ਇਨਕਵਾਇਰੀ ਕਰਵਾਉਂਦਾ ਹਾਂ । ਮੈਂ ਇਕ ਐਸ. ਪੀ. ਅਤੇ ਫਲਾਇੰਗ ਸਕਵੈਡ ਇਸੇ ਗਲ ਲਈ ਰਖਿਆ ਹੋਇਆ ਹੈ । ਅਗਰ ਕੋਈ ਮੈਂਬਰ ਜਾਂ ਕੋਈ ਹੋਰ ਵੀ ਵਿਅਕਤੀ ਕੋਈ ਕੇਸ ਮੇਰੇ ਨੋਟਿਸ ਵਿਚ ਲਿਆਉਂਦਾ ਹੈ ਅਤੇ ਮੈਂ ਮਹਿਸੂਸ ਕਰਾਂ ਕਿ ਪੜਤਾਲ ਛੇਤੀ ਹੋਣੀ ਚਾਹੀਦੀ ਹੈ ਤਾਂ ਉਹ ਫੌਰਨ ਮੌਕੇ ਤੇ ਪਹੁੰਚ ਕੇ ਉਸ ਦੀ ਇਨਕਵਾਇਰੀ ਕਰਦੀ ਹੈ । ਅਗਰ ਪੁਲਿਸ ਦਾ ਇਸ ਵਿਚ ਕਸੂਰ ਹੋਵੇ ਤਾਂ ਉਸਦੇ ਖਿਲਾਫ ਵੀ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ ।

ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੁਰਪਸ਼ਨ ਨਾਲ ਡੀਲ ਕਰਨ ਲਈ ਵਿਜੀਲੈਂਸ ਡਿਪਾਰਟਮੈਂਟ ਨੂੰ ਹੋਰ ਵੀ ਮਜ਼ਬੂਤ ਕੀਤਾ ਗਿਆ ਹੈ । ਪਹਿਲਾਂ ਹਰ ਜ਼ਿਲ੍ਹੇ ਵਿਚ ਸਿਰਫ ਸਕੈਲਟਨ ਸਟਾਫ ਹੁੰਦਾ ਸੀ, ਸਟਾਫ ਘੱਟ ਹੁੰਦਾ ਸੀ ਮਗਰ ਹੁਣ ਹਰ ਜ਼ਿਲ੍ਹੇ ਵਿਚ ਘਟੋ ਘੱਟ ਇਕ ਡੀ. ਐਸ. ਪੀ. ਲਗਾਇਆ ਗਿਆ ਹੈ ਅਤੇ ਕਿਤੇ ਕਿਤੇ ਐਸ. ਪੀ. ਵੀ ਲਗਾਏ ਗਏ ਹਨ । ਇਹੀ ਗਲ ਨਹੀਂ ਕਿ ਉਨ੍ਹਾਂ ਪਾਸ ਸ਼ਿਕਾਇਤ ਹੋਵੇ ਤਾਂ ਹੀ ਉਨ੍ਹਾਂ ਨੇ ਇਨਕਵਾਇਰੀ ਕਰਨੀ ਹੁੰਦੀ ਹੈ । ਸਗੋਂ ਹੁਣ ਉਨ੍ਹਾਂ ਦੀ ਡਿਊਟੀ ਹੈ ਕਿ ਉਨ੍ਹਾਂ ਨੇ ਆਪਣੀ ਇੰਟੈਲੀਜੈਂਸ ਦੇ ਜ਼ਰੀਏ ਕੁਰੱਪਸ਼ਨ ਅਤੇ ਰਿਸ਼ਵਤ ਦੇ ਕੇਸ ਫੜਨੇ ਵੀ ਹਨ । ਇਸ ਤਰ੍ਹਾਂ ਸਟਾਫ ਵਧਾ ਕੇ ਵਿਜੀਲੈਂਸ ਡਿਪਾਰਟਮੈਂਟ ਨੂੰ ਮਜ਼ਬੂਤ ਕੀਤਾ ਗਿਆ ਹੈ । ਇਸ ਨਾਲ ਆਸ ਹੈ ਕੁਰੱਪਸ਼ਨ ਜ਼ਰੂਰ ਘਟੇਗੀ । (ਵਿਘਨ) ਸਪੀਕਰ ਸਾਹਿਬ, ਪਿਛਲੇ ਸਾਲ 5 ਗਜ਼ਟਿਡ ਅਫਸਰ ਪਕੜੇ ਗਏ ਸਨ, 31 ਦੂਜੇ ਸਰਕਾਰੀ ਮੁਲਾਜ਼ਮ ਫੜੇ ਸਨ । ਇਨ੍ਹਾਂ ਨੂੰ 6 ਮਹੀਨੇ ਤੋਂ ਲੈਕੇ ਦੋ ਸਾਲ ਤਕ ਕੈਦਾਂ ਹੋਈਆਂ ਹਨ । ਇਸ ਤੋਂ ਅਲਾਵਾ 26 ਮੁਲਾਜ਼ਮਾਂ ਦੇ ਖਿਲਾਫ ਕੇਸ ਚਲ ਰਹੇ ਹਨ ।

[ਮੁੱਖ ਮੰਤਰੀ]

ਸਪੀਕਰ ਸਾਹਿਬ, ਆਪ ਨੂੰ ਪਤਾ ਹੈ ਕਿ ਵਡੇ ਸ਼ਹਿਰਾਂ ਵਿਚ ਆਬਾਦੀ ਬਹੁਤ ਵਧ ਗਈ ਹੈ। ਇਸ ਗਲ ਨੂੰ ਦੇਖਦੇ ਹੋਏ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣੇ ਬਾਰੇ ਫੈਸਲਾ ਹੋਇਆ ਹੈ ਕਿ ਉਥੇ ਮੋਬਾਈਲ ਸਕਵੈਡ ਰਖੇ ਜਾਣ। ਉਨ੍ਹਾਂ ਦਾ ਇਕ ਸੈਂਟਰ ਹੋਇਆ ਕਰੇਗਾ ਜਿਵੇਂ ਕਿ ਬਾਹਰਲੇ ਮੁਲਕਾਂ ਵਿਚ ਹੁੰਦਾ ਹੈ। ਇਸ ਤਰ੍ਹਾਂ ਦਾ ਪਰਬੰਧ ਕਰਨ ਵਾਲੀ ਪੰਜਾਬ ਦੀ ਪਹਿਲੀ ਸਰਕਾਰ ਹੋਵੇਗੀ (ਤਾੜੀਆਂ) ਆਸ ਹੈ ਕਿ ਇਸ ਨਾਲ ਜੋ ਵਡੇ ਸ਼ਹਿਰਾਂ ਵਿਚ ਕਰਾਈਮ ਹੁੰਦਾ ਹੈ ਉਸ ਨੂੰ ਨਿਪਟਾਉਣ ਵਿਚ ਚੰਗਾ ਅਸਰ ਪਵੇਗਾ।

ਸਪੀਕਰ ਸਾਹਿਬ, ਮੈਨੂੰ ਇਸ ਗਲ ਦਾ ਅਫਸੋਸ ਹੈ ਕਿ ਕੁਝ ਮੈਂਬਰਾਂ ਨੇ ਇਥੇ ਸੰਤ ਚੰਨਣ ਸਿੰਘ ਹੋਰਾਂ ਦੇ ਇਲਾਜ ਬਾਰੇ ਇਤਰਾਜ਼ ਕੀਤਾ ਹੈ। ਉਨ੍ਹਾਂ ਦੇ ਇਸ ਇਤਰਾਜ਼ ਨੂੰ ਸੁਣ ਕੇ ਮੈਨੂੰ ਇਉਂ ਲਗਾ ਕਿ ਅਸੀਂ ਹਯੂਮੈਨਿਟੇਰੀਅਨ ਗਰਾਊਂਡਜ਼ ਨੂੰ ਬਿਲਕੁਲ ਭੁਲ ਗਏ ਹਾਂ। ਅਸੀਂ ਇਕ ਦੂਸਰੇ ਦੇ ਖਿਲਾਫ ਪੁਲਿਟੀਕਲੀ ਹੋ ਸਕਦੇ ਹਾਂ ਪਰ ਇਸ ਗੱਲ ਤੋਂ ਕਿਸੇ ਨੂੰ ਇਨਕਾਰ ਨਹੀਂ ਹੋ ਸਕਦਾ ਕਿ ਸੰਤ ਜੀ ਪੰਜਾਬ ਦੀ ਇਕ ਉਘੀ ਸ਼ਖਸੀਅਤ ਹਨ। ਅਗਰ ਉਨ੍ਹਾਂ ਦੇ ਇਲਾਜ ਲਈ ਕੋਈ ਡਾਕਟਰ ਆਪਣੇ ਤੌਰ ਤੇ ਛੁਟੀ ਲੈ ਕੇ ਚਲਾ ਗਿਆ ਤਾਂ ਇਸ ਗਲ ਦਾ ਹਾਊਸ ਵਿਚ ਜ਼ਿਕਰ ਕਰਨ ਦੀ ਲੋੜ ਨਹੀਂ ਸੀ। ਸਪੀਕਰ ਸਾਹਿਬ, ਮੈਂ ਸ੍ਰੀ ਜਗਜੀਵਨ ਰਾਮ ਜੀ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੂੰ ਜਦੋਂ ਪਤਾ ਲਗਾ ਕਿ ਸੰਤ ਚੰਨਣ ਸਿੰਘ ਹੋਰੀ ਬੀਮਾਰ ਹਨ ਅਤੇ ਉਨ੍ਹਾਂ ਦਾ ਗੰਗਾ ਨਗਰ ਤੋਂ ਅੰਮ੍ਰਿਤਸਰ ਲਈ ਇਲਾਜ ਲਈ ਜਾਣਾ ਜ਼ਰੂਰੀ ਹੈ, ਤਾਂ ਉਨ੍ਹਾਂ ਨੇ ਟੈਲੀਫੂਨ ਤੇ ਕਿਹਾ ਕਿ ਅਗਰ ਅਸੀਂ ਸੰਤ ਹੋਰਾਂ ਨੂੰ ਗੰਗਾ ਨਗਰ ਤੋਂ ਅੰਮ੍ਰਿਤਸਰ ਲੈ ਜਾਣਾ ਜ਼ਰੂਰੀ ਸਮਝਦੇ ਹਾਂ ਤਾਂ ਉਹ ਹਵਾਈ ਜਹਾਜ਼ ਦੇ ਸਕਦੇ ਹਨ। ਚੁਨਾਂਚਿ ਉਨ੍ਹਾਂ ਨੇ ਮਿਲਟਰੀ ਦਾ ਇਕ ਹੈਲੀਕਾਪਟਰ ਭੇਜਿਆ (ਤਾੜੀਆਂ) ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ।

ਸਪੀਕਰ ਸਾਹਿਬ, ਇਥੇ ਕੁਝ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦਾ ਵੀ ਜ਼ਿਕਰ ਕੀਤਾ ਗਿਆ। ਕੁਝ ਤਵੀਆਂ ਦੀ ਵੰਡ ਬਾਰੇ ਕਿਹਾ ਗਿਆ। ਇਸ ਬਾਰੇ ਮੈਨੂੰ ਚੀਫ ਮਨਿਸਟਰ ਦੇ ਕੋਟੇ ਬਾਰੇ ਕੁਝ ਪਤਾ ਨਹੀਂ ਹੈ। ਮੈਨੂੰ ਤਵੀਆਂ ਦੀ ਵੰਡ ਵਿਚ ਕੋਈ ਦਿਲਚਸਪੀ ਵੀ ਨਹੀਂ ਹੈ। ਅਗਰ ਇਸ ਗੱਲ ਬਾਰੇ ਇਸ ਕਾਰਪੋਰੇਸ਼ਨ ਨੇ ਫੈਸਲਾ ਕੀਤਾ ਹੈ ਕਿ ਕੋਈ ਮਨਿਸਟਰ ਜਾਂ ਚੀਫ ਮਨਿਸਟਰ ਜਾਂ ਸਰਕਾਰ ਵਲੋਂ ਕੋਈ ਇਨ੍ਹਾਂ ਦੀ ਵੰਡ ਕਰੇ ਤਾਂ ਮੈਂ ਅਰਜ਼ ਕਰਾਂ ਕਿ ਅਸੀਂ ਸਰਕਾਰ ਵਲੋਂ ਇਨ੍ਹਾਂ ਦੀ ਵੰਡ ਕਰਨ ਲਈ ਤਿਆਰ ਨਹੀਂ ਹਾਂ। ਮੈਂ ਹੁਕਮ ਕਰ ਦਿਆਂਗਾ ਕਿ ਕਾਰਪੋਰੇਸ਼ਨ ਆਪਣੇ ਰੂਲਜ਼ ਆਦਿ ਦੇ ਮੁਤਾਬਿਕ ਇਸ ਦਾ ਪਰਬੰਧ ਕਰੇ। ਜਿਥੋਂ ਤਕ ਇਸ ਕਾਰਪੋਰੇਸ਼ਨ ਦੇ ਕੰਮ ਦਾ ਸਬੰਧ ਹੈ ਇਸ ਨੇ ਪੰਜਾਬ ਦੀ ਕਾਫੀ ਸੇਵਾ ਕੀਤੀ ਹੈ ਅਤੇ ਐਗਰੀਕਲਚਰ ਦੀ ਤਰੱਕੀ ਲਈ ਬੜਾ ਅਹਿਮ ਪਾਰਟ ਪਲੇ ਕੀਤਾ ਹੈ। ਬਾਕੀ ਜੇ ਕਿਸੇ ਨੂੰ ਕੋਈ ਸ਼ਿਕਾਇਤ ਹੈ ਜਿਵੇਂ ਕਿ ਸਾਹਮਣੇ ਬੈਠੇ ਜਲੰਧਰ ਦੇ ਇਕ ਦੋਸਤ ਨੇ ਐਲੀਗੇਸ਼ਨਜ਼ ਲਾਈਆਂ ਹਨ ਤਾਂ ਉਹ ਮੈਨੂੰ ਦਸ ਦੇਣ, ਮੈਂ ਇਕ ਇਕ ਗੱਲ ਦੀ ਇਨਕੁਆਇਰੀ ਕਰਵਾਵਾਂਗਾ ਅਤੇ ਇਸ ਗੱਲ ਦਾ ਯਕੀਨ ਦਿਵਾਉਂਦਾ ਹਾਂ ਕਿ ਭਾਵੇਂ ਕਿਸੇ ਵੀ ਵਡੇ ਤੋਂ ਵਡੇ ਅਫਸਰ ਦੇ ਖਿਲਾਫ ਕਮਪਲੇਂਟ ਹੋਵੇਗੀ, ਉਸ ਦੀ ਇਨਕੁਆਇਰੀ ਕਰਵਾਈ ਜਾਵੇਗੀ।

ਇਥੇ, ਸਪੀਕਰ ਸਾਹਿਬ, ਚੌਧਰੀ ਬਲਬੀਰ ਸਿੰਘ ਹੋਰੀ ਬੋਲੇ, ਇਸ ਵੇਲੇ ਇਥੇ ਬੈਠੇ ਨਹੀਂ ਹਨ। ਮੇਰਾ ਖਿਆਲ ਸੀ ਕਿ ਉਹ ਕੁਝ ਚੰਗੀਆਂ ਸੁਜੈਸ਼ਨਜ਼ ਦੇਣਗੇ। ਉਨ੍ਹਾਂ ਨੇ 15 ਮਿੰਟ ਲਗਾਏ ਪਰ ਉਹ ਕਾਰਾਂ ਦੀਆਂ ਚੋਰੀਆਂ ਦੇ ਸਿਲਸਿਲੇ ਵਿਚ ਹੀ ਘੁੰਮਦੇ ਰਹੇ। ਮੈਂ ਸਮਝਦਾ ਹਾਂ ਕਿ ਇਹ ਇਕ ਸੋਸ਼ਲਿਸਟ ਆਦਮੀ ਹਨ, ਇਨ੍ਹਾਂ ਨੂੰ ਕਾਰਾਂ ਦੀਆਂ ਚੋਰੀਆਂ ਦਾ ਕੀ ਫਿਕਰ ਹੈ, ਇਨ੍ਹਾਂ ਨੂੰ ਤਾਂ ਸਾਈਕਲਾਂ ਦੀਆਂ ਚੋਰੀਆਂ ਦਾ ਫਿਕਰ ਕਰਨਾ ਚਾਹੀਦਾ ਹੈ। (ਹਾਸਾ)

ਸਰਦਾਰ ਕਿਰਪਾਲ ਸਿੰਘ ਹੋਰਾਂ ਨੇ ਕੁਝ ਸੁਝਾਓ ਦਿਤੇ ਹਨ, ਇਨ੍ਹਾਂ ਦੇ ਸਾਰੇ ਸੁਝਾਓ ਮੈਂ ਨੋਟ ਕਰ ਲਏ ਹਨ, ਇਹ ਕਾਫੀ ਚੰਗੇ ਹਨ ਮੈਂ ਇਨ੍ਹਾਂ ਤੇ ਵਿਚਾਰ ਕਰਾਂਗਾ ।

ਫਿਰ ਸਪੀਕਰ ਸਾਹਿਬ, ਇਥੇ ਕਰਮਚਾਰੀਆਂ ਦੇ ਸੰਬੰਧ ਵਿਚ ਕਾਫੀ ਕੁਝ ਕਿਹਾ ਗਿਆ ਹੈ । ਸਪੀਕਰ ਸਾਹਿਬ, ਅਸੀਂ ਇਮਪਲਾਈਜ਼ ਦੇ ਮਸਲਿਆਂ ਵਲ ਪੂਰਾ ਪੂਰਾ ਧਿਆਨ ਦਿਤਾ ਹੈ ਅਤੇ ਉਨ੍ਹਾਂ ਲਈ ਵਧ ਤੋਂ ਵਧ ਜੋ ਕੁਝ ਹੋ ਸਕਦਾ ਹੈ ਕਰਨ ਦਾ ਯਤਨ ਕੀਤਾ ਹੈ । ਇਸ ਬਾਰੇ ਮੈਂ ਆਪ ਦੇ ਜ਼ਰੀਏ ਹਾਊਸ ਦੇ ਸਾਹਮਣੇ ਕੁਝ ਫੈਕਟਸ ਰਖਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਇਸ ਵਕਤ ਪੰਜਾਬ ਵਿਚ 1 ਲਖ 75 ਹਜ਼ਾਰ ਸਰਕਾਰੀ ਮੁਲਾਜ਼ਮ ਹਨ ਜੋ ਸਾਰੀ ਸਟੇਟ ਦੀ ਪਾਪੂਲੇਸ਼ਨ ਦਾ 2% ਦੇ ਕਰੀਬ ਬਣਦੇ ਹਨ । ਮੈਂ ਅਰਜ਼ ਕਰਾਂ ਕਿ ਪੰਜਾਬ ਸਰਕਾਰ ਦਾ ਜੋ ਕੁਲ ਬਜਟ ਹੈ ਉਸ ਦਾ 44% ਭਾਗ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਤੇ ਲਗਦਾ ਹੈ । ਸਪੀਕਰ ਸਾਹਿਬ, ਜੋ ਪੰਜਾਬ ਦੇ ਗਰੇਡਜ਼ ਵਗੈਰਾ ਹਨ, ਇਸ ਬਾਰੇ ਅਖਬਾਰਾਂ ਰਾਹੀਂ ਅਤੇ ਦੂਜੇ ਤਰੀਕਿਆਂ ਨਾਲ ਸਰਕਾਰ ਨੇ ਫੈਕਟਸ ਦਸੇ ਹਨ । ਪੰਜਾਬ ਦੇ ਇਮਪਲਾਈਜ਼ ਦੇ ਗਰੇਡ ਸਾਰੇ ਹਿੰਦੋਸਤਾਨ ਦੇ ਦੂਜਿਆਂ ਸੂਬਿਆਂ ਨਾਲੋਂ ਵਧ ਹਨ ਅਤੇ ਕੁਝ ਕੇਸਿਜ਼ ਵਿਚ ਸਾਡੇ ਗਰੇਡ ਸੈਂਟਰਲ ਗਰੇਡਜ਼ ਨਾਲੋਂ ਵੀ ਵਧ ਹਨ । ਇਸ ਤੋਂ ਇਲਾਵਾ 'ਸਪੀਕਰ ਸਾਹਿਬ, ਪਿਛਲੇ ਕੁਝ ਸਾਲਾਂ ਵਿਚ 30 ਕਰੋੜ ਰੁਪਿਆ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਨੂੰ ਵਖ ਵਖ ਮੌਕਿਆਂ ਤੇ ਵਾਧੇ ਦੇ ਤੌਰ ਤੇ ਦਿਤਾ ਗਿਆ ਹੈ । (ਤਾੜੀਆਂ) ਇਸ ਨਾਲ ਪੰਜਾਬ ਦੇ ਬਜਟ ਤੇ 30 ਕਰੋੜ ਰੁਪਏ ਸਾਲਾਨਾ ਦਾ ਬੋਝ ਪਿਆ ਹੈ । ਸਪੀਕਰ ਸਾਹਿਬ, ਟਾਈਮ ਥੋੜ੍ਹਾ ਹੈ ਇਸ ਲਈ ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਸਿਰਫ ਦੋ ਚਾਰ ਕੈਟੇਗਰੀਜ਼ ਬਾਰੇ ਹੀ ਦਸਾਂਗਾ ।

ਜਿਥੇ ਤਕ ਪੀਅਨਜ਼ ਦੀ ਤਨਖਾਹ ਦਾ ਸਬੰਧ ਹੈ ਇਨ੍ਹਾਂ ਦੀ ਮਿਨੀਮਮ ਅਤੇ ਮੈਕਸੀਮਮ ਤਨਖਾਹ 60/-ਤੋਂ 65/-ਰੁਪਏ ਸੰਨ 1968 ਵਿਚ ਸੀ ਜਿਹੜਾ ਕਿ ਵਧਾ ਕੇ ਹੁਣ 144/-ਤੋਂ 150/-ਤਕ ਕਰ ਦਿਤੀ ਗਈ ਹੈ । (ਵਿਘਨ) ।

ਕਾਮਰੇਡ] ਬਾਬੂ ਸਿੰਘ ਮਾਸਟਰ : ਮੈਂ ਆਪ ਦੀ ਰਾਹੀਂ ਚੀਫ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਦ ਦੀ ਇਨ੍ਹਾਂ ਦੀ ਮਨਿਸਟਰੀ ਬਣੀ ਹੈ ਇਨ੍ਹਾਂ ਨੇ ਕਿੰਨੇ ਕਰੋੜ ਰੀਲੀਫ ਮੁਲਾਜ਼ਮਾ ਦੀਆਂ ਤਨਖਾਹਾਂ ਵਿਚ ਦਿਤਾ ਹੈ ?

Mr. Speaker : This is no Point of Order.

ਮੁੱਖ ਮੰਤਰੀ : ਇਨ੍ਹਾਂ ਦੀਆਂ ਤਨਖਾਹਾਂ ਜਿਹੜੀਆਂ ਕਿ ਪਹਿਲਾਂ 60/-ਤੋਂ 65/-ਰੁਪਏ ਤਕ ਸਨ ਵਧਾ ਕੇ ਹੁਣ 141 ਰੁਪਏ ਤੋਂ 166 ਰੁਪਏ ਤਕ ਕਰ ਦਿਤੀਆਂ ਗਈਆਂ ਹਨ ਇਹ ਆਪ ਹੀ ਦੇਖ ਸਕਦੇ ਹਨ ਕਿ ਕਿੰਨੀਆਂ ਵਧਾਈਆਂ ਗਈਆਂ ਹਨ । ਇਸੇ ਤਰ੍ਹਾਂ ਕਲਰਕਾਂ ਦੀਆਂ ਤਨਖਾਹਾਂ ਹਨ ਜਿਹੜੀ ਪਹਿਲਾਂ ਮਿਨੀਮਮ ਤੋਂ ਮੈਕਸੀਮਮ 60/-ਤੋਂ 100/-ਰੁਪਏ ਤਕ ਸੀ ਹੁਣ 208/-ਤੋਂ 396/-ਰੁਪਏ ਤਕ ਕਰ ਦਿਤੀ ਗਈ ਹੈ । ਕਈ ਕੈਟੇਗਰੀਆਂ ਵਿਚ ਦੁਗਣੀ ਕਰ ਦਿਤੀ ਗਈ ਹੈ । ਮੇਰੇ ਪਾਸ ਵਕਤ ਨਹੀਂ, ਨਹੀਂ ਤਾਂ ਮੇਰੇ ਪਾਸ ਹੋਰ ਵੀ ਡਿਟੇਲਜ਼ ਹਨ ਕਿ ਕਿੰਨਾ ਰੀਲੀਫ ਸਰਕਾਰੀ ਮੁਲਾਜ਼ਮਾਂ ਨੂੰ ਪਿਛਲੇ ਸਾਲਾਂ ਵਿਚ ਦਿਤਾ ਗਿਆ ਹੈ ।

ਸਪੀਕਰ ਸਾਹਿਬ, ਜਿਥੇ ਤਕ ਇਨਟੈਰਿਮ ਰੀਲੀਫ ਦਾ ਸਬੰਧ ਹੈ ਇਸ ਦੇ ਬਾਰੇ ਵਿਚ ਕਦੇ ਵੀ ਪੰਜਾਬ ਸਰਕਾਰ ਨੇ ਕਮਿਟ ਨਹੀਂ ਸੀ ਕੀਤਾ ਕਿ ਇਹ ਸੈਂਟਰ ਦੇ ਨਾਲ ਹੀ ਵਧਾ ਦਿਆ ਕਰੇਗੀ । ਉਹ

[ਮੁੱਖ ਮੰਤਰੀ]

ਗਲ ਡੀ. ਏ. ਦੇ ਬਾਰੇ ਵਿਚ ਸੀ। ਇਹ ਡੀ. ਏ. ਅਤੇ ਇਨਟੈਰਿਮ ਰੀਲੀਫ ਨੂੰ ਇਕੋ ਤਰ੍ਹਾਂ ਹੀ ਸਮਝਦੇ ਹਨ ਪਰ ਇਨ੍ਹਾਂ ਦੋਹਾਂ ਵਿਚ ਬਹੁਤ ਫਰਕ ਹੈ। ਪੰਜਾਬ ਵਿਚ ਪੇ ਕਮਿਸ਼ਨ ਨੇ ਅਜੇ ਥੋੜ੍ਹਾ ਚਿਰ ਹੋਇਆ ਕਿ ਤਨਖਾਹਾਂ ਰਿਵਾਈਜ਼ ਕੀਤੀਆਂ ਹਨ ਪਰ ਸੈਂਟਰ ਵਿਚ ਤਨਖਾਹਾਂ 1958 ਤੋਂ ਲੈ ਕੇ ਹੁਣ ਤਕ ਰਿਵਾਈਜ਼ ਨਹੀਂ ਸੀ ਕੀਤੀਆਂ ਗਈਆਂ। ਫਿਰ ਇਸ ਰੀਲੀਫ਼ ਬਾਰੇ ਸਰਕਾਰ ਨੇ ਸਾਰਾ ਵਰਕ ਆਊਟ ਕੀਤਾ ਹੈ ਕਿ ਇਸ ਤੇ 6 ਕਰੋੜ ਰੁਪਿਆ ਖਰਚ ਆਉਂਦਾ ਹੈ ਅਤੇ ਮੈਂ ਸਮਝਦਾ ਹਾਂ ਕਿ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸਮੁੱਚੇ ਤੌਰ ਤੇ ਪੰਜਾਬ ਦੀ ਤਰੱਕੀ ਵਲ ਧਿਆਨ ਦੇਈਏ। ਅਸਾਨੂੰ ਇਹ ਨਿਸ਼ਾਨਾ ਸਾਹਮਣੇ ਰਖਣਾ ਚਾਹੀਦਾ ਹੈ ਕਿ ਅਸਾਡੇ ਪਿੰਡਾਂ ਦੀ ਤਰੱਕੀ ਹੋਵੇ ਅਸਾਡੇ ਸ਼ਹਿਰਾਂ ਦੀ ਤਰਕੀ ਹੋਵੇ ਅਤੇ ਜੇਕਰ ਸਰਕਾਰ ਤਰੱਕੀ ਵਲ ਧਿਆਨ ਨਾ ਦੇਵੇ ਤਾਂ ਇਹ ਕਿਹਾ ਜਾਵੇਗਾ ਕਿ ਅਕਾਲੀ ਸਰਕਾਰ ਕੁਝ ਨਹੀਂ ਕਰ ਰਹੀ। ਬਜਟ ਦਾ ਅਗੇ ਹੀ ਕਾਫੀ ਖਰਚ ਤਨਖਾਹਾਂ ਤੇ ਕੀਤਾ ਜਾ ਰਿਹਾ ਹੈ ਅਤੇ ਇਹ ਜਿਹੜਾ ਨਵਾਂ 6 ਕਰੋੜ ਦੇ ਖਰਚ ਕਰਨ ਦੇ ਬਾਰੇ ਮੰਗ ਕੀਤੀ ਗਈ ਹੈ ਜੇਕਰ ਇਸ ਨੂੰ ਸੂਬੇ ਦੀ ਡਿਵੈਲਪਮੈਂਟ ਤੇ ਖਰਚ ਕੀਤਾ ਜਾਵੇ ਤਾਂ ਇਸ ਰਕਮ ਨਾਲ ਤਿੰਨ ਹਜ਼ਾਰ ਪਿੰਡਾਂ ਨੂੰ ਬਿਜਲੀ ਦਿਤੀ ਜਾ ਸਕਦੀ ਹੈ ਅਤੇ ਜੇਕਰ 6 ਕਰੋੜ ਦੀ ਖਾਦ ਪਿੰਡਾਂ ਨੂੰ ਦਿਤੀ ਜਾਵੇ ਤਾਂ ਫਾਇਦਾ 30 ਕਰੋੜ ਦਾ ਹੁੰਦਾ ਹੈ। ਇਸ ਕਰਕੇ ਕੈਬੀਨਟ ਨੇ ਇਹ ਫੈਸਲਾ ਕੀਤਾ ਹੈ ਕਿ ਇਨਟੈਰਿਮ ਰੀਲੀਫ ਨਹੀਂ ਦਿਤਾ ਜਾ ਸਕਦਾ। ਮੁਲਾਜ਼ਮਾਂ ਦੀ ਇਹ ਮੰਗ ਅਨਜਸਟੀਫਾਈਡ ਹੈ।

ਬਾਕੀ ਜਿਥੇ ਤਕ ਮੁਲਾਜ਼ਮਾਂ ਦਾ ਸੰਬਧ ਹੈ ਸਰਕਾਰ ਉਨ੍ਹਾਂ ਵਲ ਕੋਈ ਵਿੰਡਿਕਟਿਵ ਨਹੀਂ ਅਤੇ ਕੋਈ ਹਰਾਸਮੈਂਟ ਨਹੀਂ ਕੀਤੀ ਜਾ ਰਹੀ ਹੈ। ਅਸਾਡੀ ਇਨ੍ਹਾਂ ਨਾਲ ਪੂਰੀ ਹਮਦਰਦੀ ਹੈ ਅਤੇ ਸਰਕਾਰ ਦਾ ਐਟੀਚਿਊਡ ਸਿਮਪੈਥੈਟਿਕ ਹੈ। ਪਰ ਸਰਕਾਰ ਇਹ ਬਰਦਾਸ਼ਤ ਨਹੀਂ ਕਰ ਸਕਦੀ ਕਿ ਸਰਵਿਸਾਂ ਵਿਚ ਇਨਡਿਸਿਪਲਨ ਵਧੇ। ਇਸ ਲਈ ਮੈਂ ਆਪ ਦੀ ਰਾਹੀਂ, ਸਪੀਕਰ ਸਾਹਿਬ, ਸਾਰੀਆਂ ਪਾਰਟੀਆਂ ਨੂੰ ਬੇਨਤੀ ਕਰਾਂਗਾ ਕਿ ਉਹ ਆਪਣਾ ਧਿਆਨ ਡਿਵੈਲਪਮੈਂਟ ਵਲ ਵਧੇਰੇ ਦੇਣ ਤਾਂ ਕਿ ਸੂਬੇ ਦੀ ਤਰੱਕੀ ਹੋ ਸਕੇ। ਅਤੇ ਮੁਲਾਜ਼ਮਾਂ ਦੀਆਂ ਪਾਰਟੀਆਂ ਨਾ ਬਨਾਉਣ ਅਤੇ ਇਨ੍ਹਾਂ ਇਮਪਲਾਈਜ਼ ਨੂੰ ਪੋਲਿਟੀਕਲ ਲਾਈਨਜ਼ ਤੇ ਨਾ ਚਲਾਣ ਦਾ ਯਤਨ ਕਰਨ, ਨਹੀਂ ਤਾਂ ਦੇਸ਼ ਦਾ ਜੋ ਹਸ਼ਰ ਹੋਵੇਗਾ ਇਸ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਮੁਲਜ਼ਮਾਂ ਦੀ ਐਜੀਟੇਸ਼ਨ ਦੇ ਦੌਰਾਨ ਆਪ ਨੂੰ ਪਤਾ ਹੀ ਹੈ ਕਿ ਕਿਸ ਕਿਸਮ ਦੇ ਨਾਹਰੇ ਲਗਾਏ ਜਾਂਦੇ ਰਹੇ, ਜਿਹੜੇ ਕਿ ਚੰਗੇ ਅਤੇ ਜ਼ੇਬ ਨਹੀਂ ਸਨ ਦਿੰਦੇ। ਸ਼ਾਇਦ ਸਰਦਾਰ ਬਲਵੰਤ ਸਿੰਘ ਹੋਰਾਂ ਹਾਊਸ ਵਿਚ ਕਲ ਉਨ੍ਹਾਂ ਦੇ ਬਾਰੇ ਦਸਿਆ ਹੋਵੇ ਅਤੇ ਇਕ ਦੋ ਨਾਹਰੇ ਸੁਣਾਏ ਵੀ ਹੋਣ। ਇਕ ਵਡਾ ਨਾਹਰਾ ਇਹ ਲਗਾਇਆ ਜਾਂਦਾ ਰਿਹਾ ਕਿ 'ਤਿੰਨੇ ਬਬੇ ਸੰਤ ਦੇ ਫਿਟੇ ਮੂੰਹ ਬਲਵੰਤ ਦੇ' (ਹਾਸਾ) (ਵਿਘਨ) (ਇਕ ਆਵਾਜ਼ : ਕੋਲ ਬਹਿ ਕੇ ਹੀ ਇਨ੍ਹਾਂ ਨੂੰ ਝਾੜਨ ਲਗ ਪਏ ਹੋ (ਹਾਸਾ) ਅਸਾਨੂੰ ਸਰਦਾਰ ਬਲਵੰਤ ਸਿੰਘ ਨਾਲ ਹਮਦਰਦੀ ਹੈ) (ਵਿਘਨ) (ਸ਼ੋਰ)।

Mr. Speaker : Order please.

ਮੁੱਖ ਮੰਤਰੀ : ਇਥੇ ਹਰੀਜਨ ਵੈਲਫੇਅਰ ਦੇ ਸਿਲਸਿਲ ਵਿਚ ਨੁਕਤਾਚੀਨੀ ਕੀਤੀ ਗਈ। ਹਰੀਜਨ ਵੈਲਫੇਅਰ ਦੇ ਬਾਰੇ ਵਿਚ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਸਾਰੇ ਦੇਸ਼ ਵਿਚ ਪਹਿਲਾ ਰਾਜ ਹੈ ਜਿਥੇ ਸਰਕਾਰੀ ਤੌਰ ਤੇ ਹਰੀਜਨਾਂ ਲਈ ਧਰਮਸ਼ਾਲਾ ਬਣਾਈਆਂ ਗਈਆਂ ਹਨ। ਇਨ੍ਹਾਂ ਕਾਂਗਰਸ ਵਾਲੇ ਵੀਰਾਂ ਨੇ ਪਿਛਲੇ 20 ਜਾਂ 22 ਸਾਲ ਦੇ ਰਾਜ ਵਿਚ ਇਹ ਗੱਲ ਨਹੀਂ ਸੀ ਕੀਤੀ। (ਪ੍ਰਸ਼ੰਸਾ) ਹਰੀਜਨਾਂ ਦਾ ਸੁਧਾਰ ਇਸ ਸਰਕਾਰ ਵਲੋਂ ਹੀ ਕੀਤਾ ਜਾ ਰਿਹਾ ਹੈ ਅੱਜ ਮਨਿਸਟਰੀ ਵਿਚ ਪੰਜ

ਮਨਿਸਟਰ ਹਰੀਜਨਾਂ ਦੇ ਸ਼ਾਮਿਲ ਹਨ । ਇਕ ਹਜ਼ਾਰ ਦੇ ਕਰੀਬ ਧਰਮਸ਼ਾਲਾਂ ਬਣਾ ਦਿਤੀਆਂ ਗਈਆਂ ਹਨ । 1 ਕਰੋੜ 25 ਲੱਖ ਰੁਪਿਆ ਹਰੀਜਨ ਬੱਚਿਆਂ ਦੀ ਐਜੂਕੇਸ਼ਨ ਤੇ ਖਰਚ ਕੀਤਾ ਜਾ ਰਿਹਾ ਹੈ । ਹੁਣੇ ਹੁਣੇ ਹੀ ਅਸੀਂ ਇਨ੍ਹਾਂ ਤੇ ਚੌਕੀਦਾਰਾ ਟੈਕਸ ਜਿਹੜਾ ਲਗਦਾ ਸੀ ਮਾਫ ਕੀਤਾ ਹੈ ਅਤੇ ਇਨ੍ਹਾਂ ਨੂੰ ਇਸ ਟੈਕਸ ਤੋਂ ਐਗਜ਼ੈਂਪਸ਼ਨ ਦਿਤੀ ਹੈ ਅਤੇ ਸਾਰਿਆਂ ਤੋਂ ਵੱਡਾ ਕਦਮ, ਇਨ੍ਹਾਂ ਲਈ ਕਾਰਪੋਰੇਸ਼ਨ ਕਾਇਮ ਕੀਤੀ ਗਈ ਹੈ । ਇਹ ਕਦਮ ਚੁਕਣ ਲਈ ਸਿਰਫ ਅਸਾਡੇ ਰਾਜ ਨੂੰ ਹੀ ਮਾਣ ਹੈ ਹੋਰ ਕਿਸੇ ਵੀ ਸੂਬੇ ਵਿਚ ਇਸ ਨੂੰ ਕਾਇਮ ਨਹੀਂ ਕੀਤਾ ਗਿਆ ਅਤੇ ਇਸ ਕਾਰਪੋਰੇਸ਼ਨ ਨਾਲ ਸਹੀ ਮਾਅਨਿਆਂ ਵਿਚ ਮਾਲੀ ਸਹਾਇਤਾ ਹਰੀਜਨਾਂ ਨੂੰ ਮਿਲੇਗੀ ਤਾਕਿ ਉਹ ਆਪਣੀ ਮਾਲੀ ਹਾਲਤ ਨੂੰ ਸੁਧਾਰ ਸਕਣ । ਇਹ ਇਕ ਕਾਫੀ ਵੱਡਾ ਕਦਮ ਹੈ ਜਿਹੜਾ ਕਿ ਇਸ ਸਰਕਾਰ ਨੇ ਚੁਕਿਆ ਹੈ । (ਪ੍ਰਸ਼ੰਸਾ)

ਮਾਡਲ ਵਿਲੇਜ ਸਕੀਮ ਦੇ ਬਾਰੇ ਵਿਚ ਇਹ ਕਹਾਂਗਾ ਕਿ ਇਸ ਨੂੰ ਇਸ ਲਈ ਹੀ ਚਲਾਇਆ ਗਿਆ ਹੈ ਤਾਂ ਕਿ ਪਿੰਡਾਂ ਦੀ ਨੁਹਾਰ ਨੂੰ ਬਦਲ ਦਿਤਾ ਜਾਵੇ । ਮੈਨੂੰ ਪਤਾ ਹੈ ਕਿ ਪਿਛਲੀ ਸਰਕਾਰ ਕੀ ਕੁਝ ਕਰਦੀ ਰਹੀ ਹੈ ਉਨ੍ਹਾਂ ਨੇ ਪਿੰਡਾਂ ਦੀ ਡਿਵੈਲਪਮੈਂਟ ਵਲ ਸਰਕਾਰ ਦੇ ਖਜ਼ਾਨੇ ਦਾ ਮੂੰਹ ਨਹੀਂ ਮੋੜਿਆ ਇਸ ਸਰਕਾਰ ਨੇ ਆਪਣਾ ਧਿਆਨ ਦਿਤਾ ਹੈ । ਸਰਦਾਰ ਉਮਰਾਓ ਸਿੰਘ ਹੋਰਾਂ ਇਸ ਦੇ ਬਾਰੇ ਵਿਚ ਕਿਹਾ ਹੈ । ਮੈਂ ਇਨ੍ਹਾਂ ਪਾਸ ਆਪ ਦੇ ਰਾਹੀਂ ਫੈਕਟਸ ਅਤੇ ਫਿਗਰਜ਼ ਪੇਸ਼ ਕਰਦਾ ਹਾਂ । ਕਮਿਊਨਿਟੀ ਡਿਵੈਲਪਮੈਂਟ ਦਾ ਮਹਿਕਮਾ ਅਤੇ ਇਹ ਪਿੰਡ ਸੁਧਾਰ ਦੀ ਮੂਵਮੈਂਟ ਸੰਨ 1952-53 ਵਿਚ ਸ਼ੁਰੂ ਕੀਤੀ ਗਈ । ਇਹ ਮੂਵਮੈਂਟ ਚਲਾਈ ਇਸ ਲਈ ਗਈ ਸੀ ਕਿ ਪਿੰਡਾਂ ਦੀ ਡਿਵੈਲਪਮੈਂਟ ਕੀਤੀ ਜਾਵੇ ਪਰ ਕੋਈ ਵੀ ਮੂਵਮੈਂਟ ਨਹੀ ਚਲਦੀ ਜਦ ਤਕ ਕਿ ਉਸ ਨੂੰ ਪੈਸਾ ਨਾ ਦਿਤਾ ਜਾਵੇ ਅਤੇ ਨਾ ਹੀ ਅਗੇ ਵਧ ਸਕਦੀ ਹੈ ਪਰ ਇਨ੍ਹਾਂ ਨੇ ਸੰਨ 1952-53 ਤੋਂ ਲੈ ਕੇ ਸੰਨ 1966 ਤਕ ਜੋ ਮੈਂ ਅੰਕੜੇ ਇਕੱਠੇ ਕੀਤੇ ਹਨ ਉਨ੍ਹਾਂ ਅਨੁਸਾਰ ਕੁਲ 4 ਕਰੋੜ 93 ਲੱਖ 27 ਹਜ਼ਾਰ 300 ਰੁਪਏ ਖਰਚ ਕੀਤੇ ਹਨ । ਸਿਰਫ ਇਨ੍ਹਾਂ ਹੀ ਖਰਚ ਪਿੰਡਾਂ ਦੀ ਡਿਵੈਲਪਮੈਂਟ ਲਈ ਇਨ੍ਹਾਂ ਸਾਲਾਂ ਵਿਚ ਕੀਤਾ ਗਿਆ ਹੈ । ਪਰ ਇਸ ਅਸਾਡੀ ਸਰਕਾਰ ਵਲੋਂ ਪਿਛਲੇ ਦੋ ਸਾਲਾਂ ਵਿਚ 10 ਕਰੋੜ ਰੁਪਿਆ ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਖਰਚ ਕੀਤਾ ਗਿਆ ਹੈ (ਪ੍ਰਸ਼ੰਸਾ) ਇਸ ਖਰਚ ਨੂੰ ਐਨੇ ਥੋੜ੍ਹੇ ਅਰਸੇ ਵਿਚ ਦੁਗਣਾ ਕਰ ਦਿਤਾ ਗਿਆ ਹੈ ।

ਇਥੇ ਐਗਰੀਕਲਚਰ ਦੀ ਗੱਲ ਕੀਤੀ ਗਈ ਹੈ । ਪੰਜਾਬ ਇਕ ਐਗਰੀਕਲਚਰਲ ਸਟੇਟ ਹੈ ਅਤੇ ਮੈਨੂੰ ਇਹ ਦੱਸਣ ਵਿਚ ਮਾਣ ਹੈ ਕਿ ਇਸ ਪੱਖ ਵਿਚ ਵੀ ਅਸੀਂ ਤਰੱਕੀ ਕੀਤੀ ਹੈ । ਆਪ ਵੇਖ ਸਕਦੇ ਹੋ ਕਿ ਇਹ ਤਰੱਕੀ ਕਦ ਤੋਂ ਹੋਈ ਹੈ । ਇਹ ਉਸ ਸਮੇਂ ਤੋਂ ਹੋਈ ਹੈ ਜਦ ਕਿ ਪੰਜਾਬ ਦੀ ਸਰਕਾਰ ਤੋਂ ਕਾਂਗਰਸ ਦਾ ਛਾਯਾ ਹਟ ਗਿਆ ਹੈ (ਹਾਸਾ) ਸਪੀਕਰ ਸਾਹਿਬ, ਸੰਨ 1967-68 ਵਿਚ 33 ਲੱਖ ਟਨ ਕਣਕ ਪੈਦਾ ਕੀਤੀ ਗਈ ਪਰ ਅਗਲੇ ਹੀ ਸਾਲ ਵਿਚ ਇਹ ਵੱਧ ਕੇ 46·50 ਲਖ ਟਨ ਹੋ ਗਈ । ਇਸ ਤਰ੍ਹਾਂ ਕੇਵਲ ਇਕ ਸਾਲ ਵਿਚ ਹੀ 40% ਕਣਕ ਵੱਧ ਪੈਦਾ ਕੀਤੀ ਗਈ । ਇਸੇ ਤਰ੍ਹਾਂ ਹੀ ਜਿਹੜੀ ਕੇਵਲ ਕਣਕ ਮੰਡੀਆਂ ਵਿਚ ਆਈ ਉਹ ਸੰਨ 1967-68 ਵਿਚ 8·5 ਲੱਖ ਟਨ ਸੀ ਪਰ 1968-69 ਵਿਚ ਇਹ ਦੁਗਣੀ ਹੋ ਗਈ ਅਤੇ 16·6 ਲਖ ਟਨ ਮੰਡੀ ਵਿਚ ਲਿਆਂਦੀ ਗਈ । ਇਸ ਤੋਂ ਅਗਲੇ ਸਾਲ 1969-70 ਵਿਚ ਇਹ ਵੱਧ ਕੇ 10 ਲਖ ਟਨ ਦਾ ਹੋਰ ਵਾਧਾ ਹੋਇਆ ਤੇ 1970-71 ਵਿਚ ਲਗਭਗ 26 ਲਖ ਟਨ ਕਣਕ ਮੰਡੀਆਂ ਵਿਚ ਆਈ ਹੈ । (ਪ੍ਰਸ਼ੰਸਾ) ਇਸੇ ਤਰ੍ਹਾਂ ਚੌਲਾਂ ਦੀ ਪੈਦਾਵਾਰ 4 ਲਖ ਟਨ ਤੋਂ ਵੱਧ ਕੇ 5·50 ਲੱਖ ਟਨ ਹੋ ਗਈ ਇਸ ਦਾ ਕੀ ਕਾਰਨ ਸੀ ? ਇਸ ਦਾ ਕਾਰਨ ਇਹ ਸੀ ਕਿ ਅਕਾਲੀ ਵਜ਼ਾਰਤ ਨੇ ਇਹ ਸਮਝਿਆ ਕਿ ਖੇਤੀ ਨੂੰ ਵਧਾਣ ਦੇ ਕੀ ਸਾਧਨ ਹਨ ਅਤੇ ਕਿਹੜੇ ਵਰਤਣੇ ਚਾਹੀਦੇ ਹਨ । ਮੈਨੂੰ

[ਮੁੱਖ ਮੰਤਰੀ]

ਮੁਆਫ ਕੀਤਾ ਜਾਵੇ ਜੇਕਰ ਮੈਂ ਇਕ ਗੱਲ ਕਹਿ ਦੇਵਾਂ । ਮੈਂ ਉਸ ਨੂੰ ਕਹੇ ਬਿਨਾਂ ਨਹੀਂ ਰਹਿ ਸਕਦਾ। ਮਾਸਟਰ ਗੁਰਬੰਤਾ ਸਿੰਘ ਜੀ ਮੈਨੂੰ ਮਾਫ ਕਰਨਗੇ ਇਹ ਆਪ ਕਈ ਸਾਲ ਐਗਰੀਕਲਚਰ ਦੇ ਵਜ਼ੀਰ ਰਹੇ ਹਨ । ਇਕ ਵੇਰ ਇਹ ਮੁਕਤਸਰ ਦੇ ਇਲਾਕੇ ਵਿਚ ਗਏ ਅਤੇ ਇਨ੍ਹਾਂ ਦੇ ਨਾਲ ਦੌਰੇ ਤੇ ਡਿਪਟੀ ਡਾਇਰੈਕਟਰ, ਐਗਰੀਕਲਚਰ ਵੀ ਸੀ ਤਾਂ ਰਾਹ ਵਿਚ ਖਰਬੂਜ਼ਿਆ ਦੇ ਖੇਤ ਨੂੰ ਵੇਖਿਆ ਤਾਂ ਮਾਸਟਰ ਜੀ ਫੁਰਮਾਣ ਲਗੇ ਕਿ ਨਰਮਾ ਤਾਂ ਬੜਾ ਚੰਗਾ ਹੈ (ਹਾਸਾ) (ਵਿਘਨ)

ਮੈਂ ਤਾਂ ਪਹਿਲਾਂ ਹੀ ਇਨ੍ਹਾਂ ਪਾਸੋਂ ਮਾਫੀ ਮੰਗ ਲਈ ਸੀ । ਮੈਂ ਤਾਂ, ਸਪੀਕਰ ਸਾਹਿਬ, ਇਹ ਕਹਾਂਗਾ ਕਿ ਮੈਂ ਅਜੇ ਵੀ ਇਸ ਗੱਲ ਤੋਂ ਸੰਤੁਸ਼ਟ ਨਹੀਂ, ਮੈਂ ਚਾਹੁੰਦਾ ਹਾਂ ਕਿ ਇਸ ਪੱਖ ਵਿਚ ਹੋਰ ਤਰੱਕੀ ਕੀਤੀ ਜਾਵੇ । ਇਹ ਪੰਜਾਬ ਸਰਕਾਰ ਨੂੰ ਹੀ ਮਾਣ ਹੈ ਕਿ ਇਸ ਨੇ ਐਗਰੀਕਲਚਰ ਦੀ ਪ੍ਰੋਡਕਸ਼ਨ ਨੂੰ ਦੁਗਣਾ ਕਰਨ ਦਾ ਮਨ ਬਣਾਇਆ ਹੈ । ਅਗਲੇ ਤਿੰਨ ਸਾਲਾਂ ਵਿਚ ਇਸ ਸੂਬੇ ਦੀ ਐਗਰੀਕਲਚਰ ਪ੍ਰੋਡਕਸ਼ਨ ਨੂੰ ਦੁਗਣਾ ਕਰ ਦਿਤਾ ਜਾਵੇਗਾ । ਇਹ ਅਸੀਂ ਕਿਸ ਤਰ੍ਹਾਂ ਕਰਨਾ ਹੈ ਇਹ ਮੈਂ ਦੱਸਣਾ ਚਾਹੁੰਦਾ ਹਾਂ । ਇਹ ਪ੍ਰੋਗਰਾਮ ਬਣਾਇਆ ਹੈ ਕਿ ਅਗਲੇ ਤਿੰਨ ਸਾਲਾਂ ਵਿਚ ਹਰ ਸਾਲ ਤਿੰਨ ਲੱਖ ਟਨ ਖਾਦ ਹੋਰ ਦਿਤਾ ਜਾਵੇ ਅਤੇ ਤਿੰਨ ਸਾਲਾਂ ਵਿਚ ਇਸ ਨੂੰ ਵਧਾ ਕੇ 9 ਲਖ ਟਨ ਕਰ ਦਿਤਾ ਜਾਵੇਗਾ । ਇਸ ਦੇ ਪ੍ਰਬੰਧ ਕਰਨ ਨਾਲ ਜਿਹੜਾ ਐਗਰੀਕਲਚਰ ਯੂਨੀਵਰਸਿਟੀ ਦਾ ਨਤੀਜਾ ਹੈ ਉਹ ਇਹ ਹੈ ਕਿ ਇਸ ਨਾਲ 30 ਲੱਖ ਟਨ ਅਨਾਜ ਹੋਰ ਵੱਧ ਜਾਏਗਾ । ਫਿਰ ਇਸ ਦੇ ਨਾਲ ਹੀ ਇਕ ਪੱਖ ਹੋਰ ਹੈ । ਸਾਡੀ ਐਗਰੀ-ਕਲਚਰ ਪ੍ਰੋਡਕਸ਼ਨ ਵਧਾਉਣ ਲਈ ਮਕੈਨੀਕਲ ਕਲਟੀਵੇਸ਼ਨ ਜ਼ਰੂਰੀ ਹੈ । ਇਸ ਲਈ ਅਸੀਂ 8 ਹਜ਼ਾਰ ਟਰੈਕਟਰ ਵਰਲਡ ਬੈਂਕ ਦੇ ਰਾਹੀਂ ਮੰਗਵਾਏ ਹਨ । ਜਦ ਮੈਂ ਇਹ ਸਕੀਮ ਸੈਂਟਰ ਪਾਸ ਲੈ ਕੇ ਗਿਆ ਤਾਂ ਉਹ ਬੜੇ ਖੁਸ਼ ਹੋਏ ਅਤੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਪਹਿਲੀ ਸਟੇਟ ਹੈ ਜਿਸ ਨੇ ਇਸ ਤਰ੍ਹਾਂ ਦੀ ਸਕੀਮ ਤਿਆਰ ਕਰ ਕੇ ਲਿਆਂਦੀ ਹੈ । (ਪ੍ਰਸ਼ੰਸਾ)

ਇਸ ਦੇ ਨਾਲ ਹੀ ਕੁਝ ਬਲਾਕਾਂ ਵਿਚ ਕਸਟਮ ਸਰਵਿਸ ਚਾਲੂ ਕਰ ਦਿਤੀ ਗਈ ਹੈ । ਇਹ ਸਕੀਮ ਇਸ ਤਰ੍ਹਾਂ ਹੈ ਕਿ ਹਰ ਬਲਾਕ ਵਿਚ 10 ਟਰੈਕਟਰ ਛੱਡੇ ਜਾਣਗੇ ਅਤੇ ਛੋਟੇ ਕਿਸਾਨ ਜਿਨ੍ਹਾਂ ਪਾਸ ਟਰੈਕਟਰ ਲੈਣ ਦੀ ਸਮਰਥਾ ਨਹੀਂ ਉਨ੍ਹਾਂ ਨੂੰ ਟਰੈਕਟਰ ਕਰਾਏ ਤੇ ਦਿਤੇ ਜਾਣਗੇ ਅਤੇ ਇਸ ਕਸਟਮ ਸਰਵਿਸ ਨਾਲ ਖੇਤੀ ਕੀਤੀ ਜਾਵੇਗੀ ।

ਇਸ ਦੇ ਨਾਲ ਹੀ ਹਾਰਵੈਸਟਿੰਗ ਕੰਬਾਇਨ ਪਿਛਲੇ ਸਾਲ ਜਿਥੇ 10 ਸਨ ਹੁਣ ਵਧਾ ਕੇ 100 ਕਰ ਦਿਤੇ ਜਾਣਗੇ ।

ਸਪੀਕਰ ਸਾਹਿਬ, ਪੰਜਾਬ ਵਿਚ ਜਿਹੜੇ 25-25 ਏਕੜ ਦੇ ਸੀਡ ਫਾਰਮ ਬਣਾਏ ਗਏ ਸਨ ਇਹ ਕਾਂਗਰਸ ਦੀ ਸਰਕਾਰ ਤੋਂ ਜਿਹੜੀ ਕਿ ਸੈਂਟਰ ਵਿਚ ਹੈ, ਇਕ ਬੜੀ ਭਾਰੀ ਗਲਤੀ ਹੋਈ ਹੈ । ਸ਼ਾਇਦ ਕੋਈ ਉਸ ਵੇਲੇ ਉਥੇ ਬੰਗਾਲੀ ਅਫਸਰ ਸੀ ਜਿਹੜਾ ਸਾਰੀ ਚੀਜ਼ ਨੂੰ ਸਮਝਦਾ ਨਹੀਂ ਸੀ । ਨਹੀਂ ਤਾਂ 25-25 ਏਕੜ ਦੇ ਫਾਰਮ ਬਣਾਉਣ ਦਾ ਕੋਈ ਸਵਾਲ ਹੀ ਨਹੀਂ । ਇਨ੍ਹਾਂ ਛੋਟੇ ਛੋਟੇ ਸੀਡ ਫਾਰਮਾਂ ਦੇ ਨਾਲ ਸਾਡਾ ਮਸਲਾ ਹੱਲ ਨਹੀਂ ਹੁੰਦਾ । ਅਸੀਂ ਇਹ ਸਕੀਮ ਬਣਾਈ ਹੈ ਕਿ ਇਹ ਫਾਰਮ ਆਕਸ਼ਨ ਕਰ ਦਿਤੇ ਜਾਣ ਅਤੇ ਇਨ੍ਹਾਂ ਦੀ ਥਾਂ ਤੇ ਦੋ-ਚਾਰ ਚੰਗੇ ਵੱਡੇ ਫਾਰਮ ਬਣਾਏ ਜਾਣ ਜਿਹੜੇ ਇਸ ਸਟੇਟ ਦੀਆਂ ਸੀਡਜ਼ ਦੀਆਂ ਰਿਕੁਆਇਰਮੈਂਟਸ ਪੂਰੀਆਂ ਕਰਨ । (ਤਾੜੀਆਂ) ਅਸੀਂ ਯੂਨੀਵਰਸਿਟੀ ਵਾਲਿਆਂ

ਨੂੰ ਕਹਾਂਗੇ ਕਿ ਉਹ ਏਥੇ ਚੰਗੇ ਤੋਂ ਚੰਗੇ ਸੀਡ ਪੈਦਾ ਕਰਨ ਅਤੇ ਪੰਜਾਬ ਨੂੰ ਸਪਲਾਈ ਕਰਨ ਤਾਂ ਜੋ ਪੈਦਾਵਾਰ ਵਿਚ ਵਾਧਾ ਹੋਵੇ।

ਅਸੀਂ ਇਹ ਵੀ ਸੋਚਿਆ ਹੈ ਕਿ ਜ਼ਿਮੀਂਦਾਰਾਂ ਨੂੰ ਇਰੀਗੇਸ਼ਨ ਦੀਆਂ ਪੂਰੀਆਂ ਫੈਸਿਲਿਟੀਜ਼ ਮਿਲਣੀਆਂ ਚਾਹੀਦੀਆਂ ਹਨ ਤਾਂ ਜੋ ਫ਼ਸਲ ਵੱਧ ਹੋਵੇ। ਜਿਥੇ ਕੋਈ ਖਾਮੀਆਂ ਹਨ ਅਸੀਂ ਉਨ੍ਹਾਂ ਨੂੰ ਵੀ ਇਮਪਰੂਵ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਸ ਵੇਲੇ ਭਾਖੜਾ ਡੈਮ ਬਣਿਆ ਸੀ ਤਾਂ ਲੋਕਾਂ ਨੂੰ ਇਹ ਖਿਆਲ ਸੀ ਕਿ ਹੁਣ ਪੰਜਾਬ ਦੇ ਚਪੇ ਚਪੇ ਜ਼ਮੀਨ ਨੂੰ ਪਾਣੀ ਮਿਲੇਗਾ ਅਤੇ ਪੰਜਾਬ ਦੀ ਇਕ ਇਕ ਝੌਂਪੜੀ ਬਿਜਲੀ ਦੇ ਨਾਲ ਜਗਮਗਾ ਉਠੇਗੀ। ਪਰ ਉਸ ਵੇਲੇ ਪਾਣੀ ਤੇ ਬਿਜਲੀ ਬਾਹਰਲੇ ਰਾਜ ਵਿਚ ਵੰਡ ਦਿਤਾ ਗਿਆ। ਅੱਜ ਅਸੀਂ ਮਹਿਸੂਸ ਕਰਦੇ ਹਾਂ ਕਿ ਪਾਣੀ ਅਤੇ ਬਿਜਲੀ ਦੀ ਸਾਡੇ ਪਾਸ ਕਮੀ ਹੈ। ਇਸ ਲਈ ਪੰਜਾਬ ਸਰਕਾਰ ਵਲੋਂ ਇਰੀਗੇਸ਼ਨ ਦੇ ਲਈ 3-4 ਡੈਫ਼ਿਨਿਟ ਕੰਮ ਕੀਤੇ ਗਏ ਹਨ। ਇਕ ਤਾਂ ਇਹ ਕਿ ਟੇਲਜ਼ ਤੱਕ ਜਾਂਦਿਆਂ ਪਾਣੀ 25% ਸੋਕੇ ਵਿਚ ਜ਼ਾਇਆ ਹੋ ਜਾਂਦਾ ਹੈ, ਅਸੀਂ ਇਨ੍ਹਾਂ ਸੂਇਆਂ ਅਤੇ ਕੱਸੀਆਂ ਨੂੰ ਪੱਕਾ ਕਰਨ ਵਾਸਤੇ 2 ਕਰੋੜ ਰੁਪਿਆ ਰਖਿਆ ਹੈ। (ਤਾੜੀਆਂ) ਆਸ ਹੈ ਕਿ ਇਸ ਨਾਲ ਕਿਸਾਨਾਂ ਨੂੰ ਪਾਣੀ ਕਾਫ਼ੀ ਵਧ ਮਿਲ ਸਕੇਗਾ। ਅਸੀਂ ਇਹ ਵੀ ਕੋਸ਼ਿਸ਼ ਕਰ ਰਹੇ ਹਾਂ ਕਿ ਜਿਹੜੇ ਖੇਤਾਂ ਵਿਚ ਖਾਲ ਜਾਂਦੇ ਹਨ ਲੋਕ ਉਨ੍ਹਾਂ ਨੂੰ ਵੀ ਪਰਾਈਵੇਟਲੀ ਕਰ ਲੈਣ ਤਾਕਿ ਪਾਣੀ ਦਾ ਮਸਲਾ ਹੱਲ ਹੋ ਸਕੇ। ਦੂਸਰੇ ਪਾਣੀ ਦੀ ਕਮੀ ਦੂਰ ਕਰਨ ਵਾਸਤੇ ਟਿਊਬਵੈੱਲ ਕਾਰਪੋਰੇਸ਼ਨ ਬਣਾਈ ਗਈ ਹੈ। ਜਿਹੜੇ ਲੋਕ ਖੂਹਾਂ ਨਾਲ ਸੈਰਾਬ ਕਰਦੇ ਹਨ ਉਹ ਮਿਲ ਕੇ ਟਿਊਬਵੈੱਲ ਲਾਉਣ, ਸਰਕਾਰ ਉਨ੍ਹਾਂ ਦੀ ਸਹਾਇਤਾ ਕਰੇਗੀ। ਇਸ ਨਾਲ ਵੀ ਕਾਫ਼ੀ ਪਾਣੀ ਦੀ ਕਿਲਤ ਦੂਰ ਹੋਵੇਗੀ। ਜਿਹੜੀਆਂ ਜ਼ਮੀਨਾਂ ਨਹਿਰੀ ਪਾਣੀ ਦੇ ਨਾਲ ਸੈਰਾਬ ਹੁੰਦੀਆਂ ਹਨ ਉਨ੍ਹਾਂ ਨੂੰ ਵੱਧ ਤੋਂ ਵੱਧ ਪਾਣੀ ਦੀ ਸਪਲਾਈ ਟੇਲ ਤਕ ਪਹੁੰਚਦੀ ਕੀਤੀ ਜਾਵੇਗੀ ਤਾਂ ਜੋ ਕਿਸਾਨ ਨੂੰ ਪੂਰਾ ਪਾਣੀ ਮਿਲ ਸਕੇ। ਜਿਥੇ ਜ਼ਮੀਨ ਸਹੀ ਹੈ ਤੇ ਵਕਤ ਸਿਰ ਪਾਣੀ ਮਿਲਦਾ ਹੈ ਤੇ ਬੀਜ ਅੱਛਾ ਹੋਵੇ ਤਾਂ ਕੋਈ ਵਜ੍ਹਾ ਨਹੀਂ ਕਿ ਖੇਤੀਬਾੜੀ ਦੀ ਪੈਦਾਵਾਰ ਵਿਚ ਵਾਧਾ ਨਾ ਹੋਵੇ। ਸਾਡਾ ਇਹੋ ਵਿਸ਼ਵਾਸ ਹੈ ਕਿ ਉਪਰ ਦਸੇ ਤਰੀਕਿਆਂ ਨਾਲ ਵੱਧ ਤੋਂ ਵੱਧ ਪੈਦਾਵਾਰ ਹੋਵੇਗੀ।

ਸਪੀਕਰ ਸਾਹਿਬ, ਜ਼ਰਾਇਤੀ ਅਤੇ ਸਨਅਤੀ ਪੈਦਾਵਾਰ ਦਾ ਵਾਧਾ, ਸੜਕਾਂ, ਜ਼ਿਆਦਾ ਬਿਜਲੀ ਸਪਲਾਈ ਅਤੇ ਸਿੰਚਾਈ ਦੀਆਂ ਸਹੂਲਤਾਂ ਤੇ ਨਿਰਭਰ ਹੈ। ਅਸੀਂ ਇਨ੍ਹਾਂ ਕੰਮਾਂ ਲਈ 1971-72 ਵਿਚ 68 ਕਰੋੜ ਦੀ ਪਲੈਨ ਵਿਚੋਂ 41 ਕਰੋੜ ਰੁਪਏ ਰਖੇ ਹਨ। ਯਾਨੀ ਇਸ ਬਾਰੇ ਅਸੀਂ ਸਾਰੇ ਬਜਟ ਦਾ ਇਨ੍ਹਾਂ ਕੰਮਾਂ ਲਈ 60% ਰਖਿਆ ਹੈ ਜਦੋਂ ਕਿ ਦੂਸਰੀਆਂ ਸਟੇਟਸ ਦੇ ਵਿਚ ਔਸਤ 22% ਤੋਂ ਵੱਧ ਨਹੀਂ ਹੈ। ਮੈਂ ਅਰਜ਼ ਕਰਾਂ ਕਿ ਰੋਡਜ਼ ਤੇ ਕਾਫ਼ੀ ਚਰਚਾ ਹੋਈ। ਅੱਜ ਇਕ ਇਕ ਮੀਲ ਦੀ ਸੜਕ ਦੇ ਸਿਲਸਲੇ ਦੇ ਵਿਚ ਵੀ ਕੁਝ ਕਿਹਾ ਗਿਆ। ਮੈਂ ਹਾਊਸ ਦੀ ਵਾਕਫ਼ੀਅਤ ਲਈ ਅਰਜ਼ ਕਰਾਂ ਕਿ ਸੜਕਾਂ ਦੇ ਸੰਬੰਧ ਵਿਚ ਸਮੁਚੇ ਪੰਜਾਬ ਦੇ ਵਿਚ ਅਸੀਂ ਪਲੈਨ ਬਣਾਇਆ ਹੈ। ਹਰ ਡੀ. ਸੀ. ਆਪਣੇ ਹਲਕੇ ਦੇ ਐਕਸੀ.ਐਨ. ਨਾਲ ਮਿਲ ਕੇ ਪਲੈਨਜ਼ ਬਣਾਉਣ ਕਿ ਕਿਹੜੇ ਕਿਹੜੇ ਪਿੰਡਾਂ ਨੂੰ ਸ਼ਹਿਰਾਂ ਨਾਲ ਜਾਂ ਵੱਡੀਆਂ ਸੜਕਾਂ ਨਾਲ ਕਿਵੇਂ ਕਿਵੇਂ ਮਿਲਾਇਆ ਜਾਵੇ। (ਤਾੜੀਆਂ) ਮੈਂ ਇਹ ਗੱਲ ਹਾਊਸ ਨੂੰ ਯਕੀਨ ਦੇ ਨਾਲ ਦਸਣਾ ਚਾਹੁੰਦਾ ਹਾਂ ਕਿ ਅਗਲੇ 2 ਸਾਲ ਦੇ ਵਿਚ ਇਕ ਪਿੰਡ ਵੀ ਨਹੀਂ ਰਹਿਣ ਦਿਤਾ ਜਾਵੇਗਾ ਜਿਥੋਂ ਕਿ ਅਪਰੋਚ ਰੋਡ ਨਾ ਨਿਕਲਦੀ ਹੋਵੇ। (ਤਾੜੀਆਂ)

[ਮੁੱਖ ਮੰਤਰੀ]

ਮੈਂ ਹਾਊਸ ਅੱਗੇ ਅਰਜ਼ ਕਰਾਂ ਕਿ ਇਹ ਕੇਵਲ ਕਹਿਣ ਦੀਆਂ ਗੱਲਾਂ ਨਹੀਂ। ਇਹ ਅੰਕੜਿਆਂ ਦੀਆਂ ਗੱਲਾਂ ਹਨ। ਇਸ ਸੂਬੇ ਦੀਆਂ ਪਿਛਲੀਆਂ ਤਿੰਨ ਪੰਜ ਸਾਲਾ ਪਲੈਨਜ਼ ਦੇ ਵਿਚ ਹੁਣ ਵਾਲੇ ਪੰਜਾਬ ਰਾਜ ਵਿਚ ਸਾਰਾ ਹੀ 17 ਕਰੋੜ ਰੁਪਿਆ ਸੜਕਾਂ ਤੇ ਖਰਚ ਕੀਤਾ ਗਿਆ ਹੈ। ਪੰਦਰਾਂ ਸਾਲ ਵਿਚ ਇਹ ਖਰਚ ਕੀਤਾ ਹੈ ਪਰ ਅਸੀਂ ਇਨ੍ਹਾਂ ਇਕ ਦੋ ਸਾਲਾਂ ਦੇ ਵਿਚ ਹੀ 15 ਕਰੋੜ ਤਕ ਸੜਕਾਂ ਦਾ ਖਰਚ ਲੈ ਜਾਣਾ ਹੈ। (ਤਾੜੀਆਂ) ਤੁਸੀਂ ਆਪ ਅੰਦਾਜ਼ਾ ਲਗਾਉ ਕਿ 15 ਸਾਲ ਵਿਚ 17 ਕਰੋੜ ਅਤੇ ਕਿਥੇ ਇਕ ਸਾਲ ਵਿਚ 10 ਕਰੋੜ। ਹੁਣ ਤੁਸੀਂ ਆਪ ਹੀ ਵੇਖ ਲਓ ਕਿ ਕਿਹੜੀ ਸਰਕਾਰ ਨੇ ਚੰਗਾ ਕੰਮ ਕੀਤਾ ਹੈ।

ਜਿਥੋਂ ਤਕ ਬਿਜਲੀ ਦੀ ਕਮੀ ਦਾ ਸਵਾਲ ਹੈ ਏਥੇ ਬਾਸੀ ਸਾਹਿਬ ਨੇ ਦਸਿਆ ਕਿ ਅਸੀਂ ਇਹ ਕਮੀ ਦੂਰ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਸੈਂਟਰ ਦੀ ਸਰਕਾਰ ਤੋਂ ਇਕ ਨਿਊਕਲੀਅਰ ਪਲਾਂਟ ਲੈਣ ਦੀ ਕੋਸ਼ਿਸ਼ ਵਿਚ ਹਾਂ ਤਾਂ ਜੋ ਬਿਜਲੀ ਦੀ ਕਮੀ ਦੂਰ ਹੋ ਸਕੇ। ਮੈਨੂੰ ਆਸ ਹੈ ਕਿ ਸਾਰਾ ਹਾਊਸ ਸਾਡੇ ਨਾਲ ਇਸ ਕੰਮ ਵਿਚ ਸਹਿਯੋਗ ਦੇਵੇਗਾ।

ਅੰਤ ਵਿਚ ਗਵਰਨਰ ਸਾਹਿਬ ਦੇ ਇਸ ਐਡਰੈਸ ਦਾ ਮੈਂ ਧੰਨਵਾਦ ਕਰਦਾ ਹੋਇਆ ਕਹਾਂਗਾ ਕਿ ਸਰਦਾਰ ਰਵੀਇੰਦਰ ਸਿੰਘ ਨੇ ਇਹ ਜੋ ਮੋਸ਼ਨ ਲਿਆਂਦੀ ਹੈ ਅਤੇ ਸਰਦਾਰ ਸ਼ਸ਼ਪਾਲ ਸਿੰਘ ਨੇ ਇਸ ਦੀ ਤਾਈਦ ਕੀਤੀ ਹੈ, ਮੈਂ ਸਮਝਦਾ ਹਾਂ ਕਿ ਹਾਊਸ ਨੂੰ ਇਹ ਸਰਬਸੰਮਤੀ ਨਾਲ ਪਾਸ ਕਰਨੀ ਚਾਹੀਦੀ ਹੈ।

PERSONAL EXPLANATION

ਸਰਦਾਰ ਗੁਰਬੰਤਾ ਸਿੰਘ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ। ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਆਪਣੀ ਸਪੀਚ ਵਿਚ ਮੇਰਾ ਤਿੰਨ ਵਾਰ ਨਾਉਂ ਲਿਆ, ਇਕ ਤਾਂ ਇਹ ਕਿ ਇਕ ਥਾਣੇਦਾਰ ਨੇ ਬਦਲੇ ਦੀ ਭਾਵਨਾ ਨਾਲ ਇਕ ਪਿੰਡ ਦੇ 18 ਹਰੀਜਨਾਂ ਨੂੰ ਉਜਾੜ ਦਿੱਤਾ। ਮੈਂ ਇਸ ਬਾਰੇ ਚੀਫ ਮਨਿਸਟਰ ਸਾਹਿਬ ਨੂੰ ਕਿਹਾ ਕਿ ਮੇਹਰਬਾਨੀ ਕਰੋ ਕਿ ਇਸ ਨੂੰ ਬਦਲ ਦਿਓ। ਅਸੀਂ ਤਿਨ ਮੈਂਬਰ ਗਏ ਸੀ ਪਰ ਇਨ੍ਹਾਂ ਨੇ ਸਾਡੀ ਕੋਈ ਗੱਲ ਨਹੀਂ ਸੁਣੀ ਅਤੇ ਇਹ ਕਹਿ ਕੇ ਟਾਲ ਦਿੱਤਾ ਕਿ ਮੈਂ ਪਤਾ ਕਰਾਂਗਾ। ਦੂਸਰੀ ਵਾਰ ਫੇਰ ਇਨ੍ਹਾਂ ਨੂੰ ਯਾਦ ਕਰਾਇਆ ਪਰ ਫੇਰ ਇਨ੍ਹਾਂ ਨੇ ਕੋਈ ਗੱਲ ਨਹੀਂ ਸੁਣੀ।

ਸ੍ਰੀ ਸਪੀਕਰ : ਮਾਸਟਰ ਜੀ ਇਕ ਪਰਸਨਲ ਅਕਸਪਲੇਨੇਸ਼ਨ ਦਾ ਕੋਈ ਮਹਿਦੂਦ ਸਕੋਪ ਹੁੰਦਾ ਹੈ। ਤੁਸੀਂ ਲੈਕਚਰ ਨਹੀਂ ਦੇ ਸਕਦੇ। (Personal explanation has a limited scope and a speech can not be delivered through it.)

ਸਰਦਾਰ ਗੁਰਬੰਤਾ ਸਿੰਘ : ਅੱਛਾ ਜੀ ਮੈਂ ਛੇਤੀ ਹੀ ਮੁਕਾਉਂਦਾ ਹਾਂ । ਦੂਸਰੀ ਵਾਰ ਇਨ੍ਹਾਂ ਨੇ ਕਿਹਾ ਕਿ ਮਾਸਟਰ ਗੁਰਬੰਤਾ ਸਿੰਘ ਨੇ ਖਰਬੂਜ਼ਿਆਂ ਦੀਆਂ ਵੇਲਾਂ ਨੂੰ ਨਰਮੇ ਦੇ ਪੇੜੇ ਦਸਿਆ । ਮੈਂ ਉਨ੍ਹਾਂ ਨੂੰ ਦਸਾਂ ਕਿ ਮੈਂ ਹੱਥ ਨਾਲ ਖੇਤੀ ਕਰਕੇ ਗੁਜ਼ਾਰਾ ਕਰਨ ਵਾਲਾ ਆਦਮੀ ਹਾਂ, ਮੈਨੂੰ ਸਾਰਾ ਪਤਾ ਹੈ । ਪਰ ਮੈਂ ਇਨ੍ਹਾਂ ਦੀ ਗੱਲ ਦਸਾਂ ਕਿ ਮੈਨੂੰ ਸਰਦਾਰ ਪਰਤਾਪ ਸਿੰਘ ਕੈਰੋਂ ਨੇ ਇਨ੍ਹਾਂ ਚੀਫ ਮਨਿਸਟਰ ਸਾਹਿਬ ਦੀ ਇਨਕੁਆਇਰੀ ਕਰਕੇ 200 ਏਕੜ ਜ਼ਮੀਨ ਕੁਰਕ ਕਰਨ ਲਈ ਭੇਜਿਆ ਸੀ, ਪਰ ਮੈਂ ਫੇਰ ਆ ਕੇ ਕਹਿ ਦਿਤਾ ਇਹ ਕੀ ਲੋੜ ਹੈ ਇਹ ਦੋ ਲਖ ਦੀ ਜਾਇਦਾਦ ਦੀਆਂ 20 ਜੀਪਾਂ ਖਰੀਦ ਲੈਣਗੇ ।

ਤੀਸਰੀ ਗੱਲ ਚੀਫ ਮਨਿਸਟਰ ਸਾਹਿਬ ਨੇ ਸੜਕ ਦੇ ਸਿਲਸਲੇ ਵਿਚ ਮੈਨੂੰ ਕਹੀ । ਮੈਨੂੰ ਕਿਸੇ ਹੋਰ ਦਾ ਤਾਂ ਪਤਾ ਨਹੀਂ ਇਤਨਾ ਮੈਂ ਜ਼ਰੂਰ ਕਹਾਂਗਾ ਕਿ ਜਿਹੜੀ ਸੜਕ ਗਿੱਲ ਸਾਹਿਬ ਨੇ ਸ਼ੁਰੂ ਕੀਤੀ ਸੀ ਉਹ ਸਾਰੀ ਖਰਾਬ ਹੋ ਗਈ । ਉਥੇ ਇਕ ਵੀ ਸੜਕ ਨਹੀਂ ਬਣੀ ਹੋਈ । ਉਥੇ ਮੀਟਿੰਗ ਕਰਕੇ ਐਮ. ਐਲ. ਏਜ਼ ਦੀ ਇਹ ਜ਼ਰੂਰ ਚਲੇ ਆਏ, ਉਥੇ ਹੀ ਰੋੜੀ ਪਈ ਹੈ ਉਥੇ ਹੀ ਇੱਟਾਂ ਪਈਆਂ ਹਨ, ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਜ਼ਰਾ ਧਿਆਨ ਦੇਣ ਕਿ ਉਨ੍ਹਾਂ ਦੇ ਕਹਿਣ ਵਿਚ ਕਿਥੋਂ ਤੱਕ ਸਚਾਈ ਹੈ ।

Mr. Speaker : Please resume your seat now. (Interruption)

DISCUSSION ON GOVERNOR'S ADDRESS (RESUMPTION)

Mr. Speaker : Question is :

That an Address be presented to the Governor in the following terms :—

"That the Members of this House assembled in this Session are deeply grateful to the Governor for the Address which he has been pleased to deliver to the House on the 15th January, 1971."

After ascertaining the votes of the Members present by voices, Mr. Speaker gave an opinion. This opinion was challenged. The bells were sounded. The question was put again and carried by voice vote.

The motion was carried.

Motion Regarding Adjournment of the House *sine die.*

Chief Minister (Sardar Parkash Singh Badal) : Sir, I beg to move :—

That the House do now adjourn ***sine-die.***

Mr. Speaker : Motion moved.

That the House do now adjourn ***sine-die*** .

(At this stage, many hon. Members rose to speak. There were interruptions and noise in the House.)

Sardar Umrao Singh : This is no stage for this motion. (Noise and interruptions in the House).

Points of Order

ਸਰਦਾਰ ਉਮਰਾਓ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਗੁਜ਼ਾਰਿਸ਼ ਇਹ ਹੈ ਕਿ ਮੈਂ ਤੁਹਾਡਾ ਧਿਆਨ ਰੂਲਜ਼ ਆਫ਼ ਪ੍ਰੋਸੀਜਰ ਦੇ ਚੈਪਟਰ 7 ਦੇ ਰੂਲ 37 ਵੱਲ ਦਿਵਾਉਣਾ ਚਾਹੁੰਦਾ ਹਾਂ ।

ਸ਼੍ਰੀ ਮਨਮੋਹਨ ਕਾਲੀਆ : ਪਹਿਲਾਂ ਇਹ ਦਸ ਦਿਓ ਕਿ ਤੁਹਾਡੀ ਕੁਆਪ੍ਰੇਸ਼ਨ ਖਤਮ ਹੋ ਗਈ ਹੈ ਕਿ ਨਹੀਂ । (ਹਾਸਾ)

ਅਵਾਜ਼ਾਂ : ਖਤਮ ਹੋ ਗਈ ਹੈ ।

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਰੂਲ 60 ਵਿਚ ਲਿਖਿਆ ਹੈ ਕਿ ਕੋਈ ਮੋਸ਼ਨ ਵੀ ਤੁਹਾਡੀ ਕਨਸੈਂਟ ਤੋਂ ਬਿਨਾਂ ਹਾਊਸ ਵਿਚ ਨਹੀਂ ਪੁਟ ਹੋ ਸਕਦੀ । ਇਹ ਮੋਸ਼ਨ ਵਿਚ ਅਸੀਂ ਤੁਹਾਡੀ ਕਨਸੈਂਟ ਨਹੀਂ ਪਰਜ਼ਿਊਮ ਕਰਦੇ ਕਿਉਂਕਿ ਤੁਸੀਂ ਕਿਸੇ ਮੋਸ਼ਨ ਦੀ ਕਨਸੈਂਟ ਉਸ ਡਿਸੀਜ਼ਨ ਦੇ ਵਿਰੁਧ ਨਹੀਂ ਦੇ ਸਕਦੇ ਜੋ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦਾ ਹੈ ਅਤੇ ਇਸ ਹਾਊਸ ਨੇ ਉਸ ਦੀ ਪ੍ਰਵਾਨਗੀ ਦਿੱਤੀ ਹੈ । ਸਪੀਕਰ ਸਾਹਿਬ, ਉਸ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੇ ਚੇਅਰਮੈਨ ਤੁਸੀਂ ਆਪ ਸੀ । ਉਸ ਵਿਚ ਸਰਦਾਰ ਬਲਵੰਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਆਪ ਇਹ ਚੀਜ਼ ਮੰਨ ਕੇ ਆਏ ਸੀ ਕਿ 30 ਤਰੀਕ ਨੂੰ ਇਹ ਬਿਜ਼ਨੈਸ ਹਾਊਸ ਵਿਚ ਆਵੇਗਾ । ਪਹਿਲਾਂ ਇਸ ਨੂੰ 25 ਤਰੀਕ ਨੂੰ ਐਡਜੈਸਟ ਕਰਨ ਦੀ ਕੋਸ਼ਿਸ਼ ਸੀ ਪਰ ਇਨ੍ਹਾਂ ਦੀ ਐਸ਼ੋਰੈਂਸ ਤੇ ਇਹ 30 ਤਰੀਕ ਵਾਸਤੇ ਐਡਜਸਟ ਹੋਇਆ ਸੀ ।

ਸ਼੍ਰੀ ਸਪੀਕਰ : ਇਹ ਇਕ ਬੜੀ ਸਾਧਾਰਣ ਜਿਹੀ ਗੱਲ ਹੈ । ਚੀਫ਼ ਮਨਿਸਟਰ ਸਾਹਿਬ ਮੇਰੇ ਨੋਟਿਸ ਵਿਚ ਇਹ ਮੋਸ਼ਨ ਲਿਆਏ ਸੀ ਤਾਂ ਮੈਂ ਉਨ੍ਹਾਂ ਨੂੰ ਕਿਹਾ ਹੈ ਕਿ ਉਹ ਮੋਸ਼ਨ ਹਾਊਸ ਵਿਚ ਪੁਟ ਕਰ ਦੇਣ । ਜਿਸ ਤਰ੍ਹਾਂ ਹਾਊਸ ਦਾ ਫ਼ੈਸਲਾ ਹੋਵੇਗਾ, ਉਸ ਤਰ੍ਹਾਂ ਕਰ ਲਿਆ ਜਾਵੇਗਾ । (This is a simple matter. The Chief Minister brought this motion to my notice. I told him to move the motion in the House and that action would be taken in accordance with the wishes of the House.)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਤਾਂ ਮੋਸ਼ਨ ਆਈ ਨਹੀਂ । (ਵਿਘਨ) (ਸ਼ੋਰ) ਤੁਸੀਂ ਉਸ ਨੂੰ ਐਡਮਿਟ ਨਹੀਂ ਕੀਤਾ । (ਵਿਘਨ)

ਸ਼੍ਰੀ ਸਪੀਕਰ : ਉਨ੍ਹਾਂ ਨੇ ਮੈਨੂੰ ਕਨਸਲਟ ਕਰ ਲਿਆ ਸੀ । (ਵਿਘਨ) (The Chief Minister did consult me. (Interruption)

ਸਰਦਾਰ ਉਮਰਾਓ ਸਿੰਘ : ਕੀ ਤੁਸੀਂ ਉਨ੍ਹਾਂ ਦੇ ਨਾਲ ਐਗਰੀ ਕਰ ਗਏ ਸੀ ? (ਵਿਘਨ)

ਸ਼੍ਰੀ ਸਪੀਕਰ : ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਹਾਊਸ ਵਿਚ ਮੋਸ਼ਨ ਲੈ ਆਉਣ ਤਾਂ ਜਿਸ ਤਰ੍ਹਾਂ ਹਾਊਸ ਦੀ ਮਰਜ਼ੀ ਹੋਵੇਗੀ ਉਸ ਤਰ੍ਹਾਂ ਕਰ ਲਿਆ ਜਾਵੇਗਾ । ਸੋ ਮੋਸ਼ਨ ਹੁਣ ਹਾਊਸ ਦੇ ਸਾਹਮਣੇ

ਹੈ । (ਵਿਘਨ) (ਸ਼ੋਰ) (I told him to move the motion in the House. The action would be taken in accordance with the wishes of the House. So the motion is now before the House.) (Interruption) (Noise)

ਸਰਦਾਰ ਉਮਰਾਓ ਸਿੰਘ : ਇਹ ਜੋ ਸਾਈਨੇ-ਡਾਈ ਪਹਿਲਾਂ ਲੈ ਆਏ ਹਨ That means that the Speaker has given his consent for the moving of the motion.

ਸ਼੍ਰੀ ਸਪੀਕਰ : ਕਨਸੈਂਟ ਤਾਂ ਇਸ ਵਿਚ ਰਿਕੁਆਇਰਡ ਹੀ ਨਹੀਂ । (ਵਿਘਨ) (Consent of the Speaker is not required to move this motion in the House)

Sardar Umrao Singh : Every motion in the House has to be moved with the prior consent of the Speaker. This is the general principle in respect of motions.

ਸ਼੍ਰੀ ਸਪੀਕਰ : ਬੜੀ ਸਧਾਰਣ ਜਿਹੀ ਗੱਲ ਹੈ ਕਿ ਇਕ ਮੋਸ਼ਨ ਚੀਫ ਮਨਿਸਟਰ ਸਾਹਿਬ ਹਾਊਸ ਦੇ ਵਿਚ ਲੈ ਕੇ ਆਏ ਹਨ । ਇਹ ਵੈਲਿਡ ਹੈ ਅਤੇ ਹਾਊਸ ਦੇ ਸਾਹਮਣੇ ਹੈ...(ਵਿਘਨ) (It is a simple matter. The Chief Minister has moved a motion in the House. This is a valid motion and it is before the House...) (Interruption)

ਸਰਦਾਰ ਉਮਰਾਓ ਸਿੰਘ : ਇਹ ਰੂਲਜ਼ ਦੇ ਵਿਰੁਧ ਹਾਊਸ ਵਿਚ ਆਈ ਹੈ । ਤੁਹਾਡਾ ਫਰਜ਼ ਬਣਦਾ ਸੀ ਕਿ ਜਦੋਂ ਇਹ ਮੋਸ਼ਨ ਤੁਹਾਡੇ ਨੋਟਿਸ ਵਿਚ ਆਈ ਹੈ ਉਸ ਵੇਲੇ ਹੀ ਤੁਸੀਂ ਇਸ ਨੂੰ ਹਾਊਸ ਦੇ ਸਾਹਮਣੇ ਲਿਆਉਂਦੇ । ਫਿਰ ਇਸ ਦੇ ਵਾਸਤੇ ਰੂਲਜ਼ ਦੇ ਮੁਤਾਬਿਕ ਪ੍ਰਾਪਰਲੀ ਨੋਟਿਸ ਮਿਲਣਾ ਚਾਹੀਦਾ ਸੀ । ਇਸ ਮੋਸ਼ਨ ਵਿਚ, ਜੋ ਹਾਊਸ ਵਿਚ ਚੀਫ ਮਨਿਸਟਰ ਸਾਹਿਬ ਨੇ ਪੇਸ਼ ਕੀਤੀ ਹੈ, ਰੂਲਜ਼ ਤੋਂ ਐਗਜ਼ੈਂਪਸ਼ਨ ਦੀ ਕੋਈ ਗੱਲ ਨਹੀਂ ਕੀਤੀ ਗਈ ਅਤੇ ਨਾ ਹੀ ਤੁਸੀਂ ਕੋਈ ਐਗਜ਼ੈਂਪਸ਼ਨ ਦਿੱਤੀ ਹੈ । ਰੂਲਜ਼ ਦੇ ਮੁਤਾਬਿਕ ਤਾਂ ਅੱਜ ਹੀ ਮੋਸ਼ਨ 24 ਘੰਟੇ ਪਹਿਲਾਂ ਹਾਊਸ ਦੇ ਨੋਟਿਸ ਵਿਚ ਆਉਣੀ ਚਾਹੀਦੀ ਸੀ । ਪਰ ਇਥੇ ਜੇ 24 ਘੰਟੇ ਨਹੀਂ ਤਾਂ 10 ਘੰਟੇ ਹੀ ਸਹੀ, 5 ਘੰਟੇ ਹੀ ਸਹੀ, ਇਕ ਘੰਟਾ ਹੀ ਸਹੀ, ਪਹਿਲਾਂ ਹਾਊਸ ਦੇ ਨੋਟਿਸ ਵਿਚ ਇਹ ਮੋਸ਼ਨ ਆਉਣੀ ਚਾਹੀਦੀ ਸੀ । ਪਰ ਇਥੇ ਤਾਂ ਇਕ ਦਮ ਚੀਫ ਮਨਿਸਟਰ ਸਾਹਿਬ ਨੇ ਉਠ ਕੇ ਕਹਿ ਦਿੱਤਾ ਕਿ ਹਾਊਸ ਸਾਈਨੇ-ਡਾਈ ਐਡਜਰਨ ਕਰ ਦਿੱਤਾ ਜਾਵੇ ! (ਵਿਘਨ) ਤੁਸੀਂ ਕਹਿੰਦੇ ਹੋ ਕਿ ਤੁਹਾਡੇ ਨੋਟਿਸ ਵਿਚ ਆਇਆ ਸੀ ਤਾਂ ਤੁਹਾਨੂੰ ਉਸਨੂੰ ਹਾਊਸ ਦੇ ਨੋਟਿਸ ਵਿਚ ਲਿਆਉਣਾ ਚਾਹੀਦਾ ਸੀ । ਸਪੀਕਰ ਸਾਹਿਬ, ਤੁਸੀਂ ਹੀ ਇਸ ਹਾਊਸ ਦੀ ਡਿਗਨਿਟੀ ਅਤੇ ਇਸ ਦੇ ਰੂਲਜ਼ ਦੀ ਪ੍ਰੋਟੈਕਸ਼ਨ ਕਰਨੀ ਹੈ । ਜੇ ਅਜਿਹੀ ਮੋਸ਼ਨ ਇਥੇ ਆਉਣੀ ਸੀ ਤਾਂ ਬਿਜ਼ਨਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਬੁਲਾ ਲੈਂਦੇ ਅਤੇ ਉਸ ਤੋਂ ਮੰਜ਼ੂਰੀ ਲੈ ਕੇ ਇਸ ਨੂੰ ਹਾਊਸ ਵਿਚ ਲਿਆਉਂਦੇ ਤਾਂ ਇਹ ਰੂਲਜ਼ ਦੇ ਮੁਤਾਬਿਕ ਹੁੰਦਾ । ਅਜਿਹੀ ਕੋਈ ਮੋਸ਼ਨ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਕੁਮੈਂਡੇਸ਼ਨ ਤੋਂ ਬਿਨ ਨਹੀਂ ਆ ਸਕਦੀ । ਇਸ ਦੇ ਬਾਰੇ ਵਿਚ ਰੂਲ 37,38 ਤੇ 39 ਬੜੇ ਕਲੀਅਰ ਹਨ ਕਿ ਜੇ ਟਾਈਮ ਦੇ ਸ਼ਡਿਊਲਡ ਵਿਚ ਕੋਈ ਵੇਰੀਏਸ਼ਨ ਹੋਣੀ ਹੈ ਤਾਂ ਉਹ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਰਿਕੁਮੈਂਡੇਸ਼ਨ

[ਸਰਦਾਰ ਉਮਰਾਓ ਸਿੰਘ]

ਨਾਲ ਹੀ ਹੋ ਸਕਦੀ ਹੈ । ਜਦੋਂ ਬਿਜ਼ਨਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਹਾਊਸ ਵਿਚ ਆ ਗਈ ਅਤੇ ਹਾਊਸ ਨੇ ਐਕਸੈਪਟ ਕਰ ਲਈ ਤਾਂ ਉਹ ਆਰਡਰ ਆਫ਼ ਦੀ ਹਾਊਸ ਹੋ ਜਾਂਦਾ ਹੈ । ਉਸ ਨੂੰ ਤੁਸੀਂ ਵੀ ਚੇਂਜ ਨਹੀਂ ਕਰ ਸਕਦੇ । (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਮੋਸ਼ਨ ਲਿਆਉਣ ਦੀਆਂ ਸ਼ਰਟਨ ਰਿਕਵਾਇਰਮੈਂਟਸ ਹਨ । ਜੋ ਪੂਰੀਆਂ ਕਰ ਲਈਆਂ ਗਈਆਂ ਹਨ । ਜਿਥੋਂ ਤਕ ਬਿਜ਼ਨਿਸ ਐਡਵਾਇਜ਼ਰੀ ਕਮੇਟੀ ਦਾ ਸਵਾਲ ਹੈ ਕਈ ਵਾਰ ਤੁਹਾਡੀਆਂ ਮੋਸ਼ਨਾਂ ਵੀ ਉਸ ਤੋਂ ਬਗੈਰ ਹੀ ਆ ਜਾਂਦੀਆਂ ਹਨ । ਅਜ ਹੀ ਤੁਹਾਡੀ ਇਕ ਪ੍ਰਿਵਿਲਜ ਮੋਸ਼ਨ ਆਈ ਸੀ । **(Certain requirements have to be fulfilled before a motion is moved in the House. Those have been complied with. Sometimes your motions too come without reference to the Business Advisory Committee. Even today a Privilege Motion was received from you.)**

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਇਹ ਮੋਸ਼ਨ ਜੋ ਚੀਫ਼ ਮਨਿਸਟਰ ਸਾਹਿਬ ਨੇ ਪੁਟ ਕੀਤੀ ਹੈ ਇਹ ਪਹਿਲਾਂ ਬਿਜ਼ਨਿਸ ਐਡਵਾਇਜ਼ਰੀ ਕਮੇਟੀ ਕੋਲ ਜਾਣੀ ਚਾਹੀਦੀ ਸੀ ਅਤੇ ਮੈਂਬਰਾਂ ਨੂੰ ਵੀ ਪਹਿਲਾਂ ਸਰਕੂਲੇਟ ਹੋਣੀ ਚਾਹੀਦੀ ਸੀ ਜਾਂ ਉਨ੍ਹਾਂ ਦੇ ਨੋਟਿਸ ਵਿਚ ਉਸ ਵਕਤ ਲਿਆਉਣੀ ਚਾਹੀਦੀ ਸੀ ਜਦੋਂ ਕਿ ਉਹ ਤੁਹਾਡੇ ਨੋਟਿਸ ਵਿਚ ਆਈ ਸੀ । ਇਸ ਸੰਬੰਧ ਵਿਚ ਮੈਂ ਰੂਲ 37 ਪੜ੍ਹਦਾ ਹਾਂ :

"As soon as may be after the report has been made to the House a motion may be moved by a member of the Committee designated by the Speaker "that this House agrees with the allocation of time proposed by the Committee in regard to such and such Bill or Bills or other Government business," and if such a motion is accepted by the House, it shall take effect as if it were an order of the House :"

ਹੁਣ, ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਉਸ ਆਰਡਰ ਨੂੰ ਚੇਂਜ ਕਰਨ ਦੀ ਨਾ ਤਾਂ ਲੀਡਰ ਆਫ਼ ਦੀ ਹਾਊਸ ਨੂੰ ਅਥਾਰਿਟੀ ਹੈ ਅਤੇ ਨਾ ਹੀ ਤੁਹਾਨੂੰ ਹੈ (ਵਿਘਨ) ਹੁਣ ਇਹ ਰੂਲ 39 ਕਹਿੰਦੇ ਹਨ, ਮੈਂ ਤੁਹਾਨੂੰ ਪੜ੍ਹ ਦਿੰਦਾ ਹਾਂ । (ਵਿਘਨ)

ਸ਼੍ਰੀ ਸਪੀਕਰ : ਨਾ ਹਾਊਸ ਨੂੰ ਹੈ ? (Has the House also no authority to change it ?)

ਸਰਦਾਰ ਉਮਰਾਓ ਸਿੰਘ : ਅਗਰ ਬਿਜ਼ਨਸ ਐਡਵਾਇਜ਼ਰੀ ਕਮੇਟੀ ਰਿਕੁਮੈਂਡ ਕਰਕੇ ਭੇਜੇ । (ਵਿਘਨ) ਹਾਊਸ ਵੀ ਕੰਪੀਟੈਂਟ ਨਹੀਂ ਹੈ ਸੂਓ ਮੋਟੋ ਕਰਨ ਦਾ । ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲੀਡਰ ਆਫ਼ ਦੀ ਹਾਊਸ ਰਿਪੋਰਟ ਕਰੇ ਕਿ ਮੈਂ ਕਨਸੈਂਸਿਜ਼ ਲੈ ਲਈ ਹੈ । ਸਾਨੂੰ ਤਾਂ ਕਿਸੇ ਨੂੰ ਪੁਛਿਆ ਤਕ ਨਹੀਂ ਗਿਆ ਹੈ । (ਵਿਘਨ) ਸਾਡੇ ਕਿਸੇ ਮੈਂਬਰ ਨੂੰ ਨਹੀਂ ਪੁਛਿਆ ਗਿਆ ਹੈ । ਮੇਰੀ ਗੁਜ਼ਾਰਿਸ਼ ਇਹ ਹੈ ਕਿ ਜਿੰਨੀ ਦੇਰ ਤਕ ਇਹ ਮਸਲਾ ਬਿਜ਼ਨਸ ਐਡਵਾਇਜ਼ਰੀ ਕਮੇਟੀ ਵਿਚ ਨਹੀਂ

ਆਉਂਦਾ (ਵਿਘਨ) ਚੀਫ ਮਨਿਸਟਰ ਸਾਹਿਬ ਨੂੰ, ਇਸ ਤੋਂ ਇਲਾਵਾ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਲ ਦੇ ਦੋ ਮਸਲੇ ਬੜੇ ਇਨੱਸੈਂਟ ਹਨ। ਬਿਜਲੀ ਦੇ ਬਾਰੇ ਅਤੇ ਐਪਲਾਈਜ਼ ਦੇ ਬਾਰੇ, ਸੀ. ਐਮ. ਸਾਹਿਬ ਨੇ ਅਤੇ ਬਾਸੀ ਸਾਹਿਬ ਨੇ ਕਲ ਜਵਾਬ ਦੇਣਾ ਸੀ (ਵਿਘਨ) ਇਹ ਦੋਵੇਂ ਹੀ ਬੜੇ ਬਰਨਿੰਗ ਕੁਐਸਚਿਨਜ਼ ਹਨ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਗੌਰਮਿੰਟ ਨੂੰ ਇਹ ਬੇਨਤੀ ਕਰਾਂਗਾ ਕਿ ਪਬਲਿਕ ਵਿਚ ਇਸ ਬਾਰੇ ਗੌਰਮੈਂਟ ਦੀ ਬੜੀ ਔਕਵਰਡ ਪੁਜ਼ੀਸ਼ਨ ਬਣ ਜਾਵੇਗੀ। ਲੋਕ ਅਤੇ ਆਪੋਜ਼ੀਸ਼ਨ ਵਾਲੇ ਇਹ ਕਹਿ ਸਕਣਗੇ ਕਿ ਗੌਰਮੈਂਟ ਕੋਲ ਇਨਾਂ ਦੋਵਾਂ ਮਸਲਿਆਂ ਦਾ, ਐਂਪਲਾਈਜ਼ ਅਤੇ ਬਿਜਲੀ ਬਾਰੇ ਕੋਈ ਜਵਾਬ ਨਹੀਂ ਹੈ। (ਥੰਪਿੰਗ) ਗੌਰਮੈਂਟ ਇਸ ਨੂੰ ਫੇਸ ਨਹੀਂ ਕਰਨਾ ਚਾਹੁੰਦੀ ਹੈ। ਇਹ ਗਲ ਲੋਕਾਂ ਵਿਚ ਆ ਜਾਏਗੀ ਅਤੇ ਗੌਰਮੈਂਟ ਦੀ ਪੁਜ਼ੀਸ਼ਨ ਖਰਾਬ ਹੋਵੇਗੀ। ਅਗਰ ਗੌਰਮੈਂਟ ਕੋਲ ਇਨ੍ਹਾਂ ਦੋਵਾਂ ਗਲਾਂ ਦਾ ਜਵਾਬ ਹੈ ਤਾਂ ਉਹ ਜੋ ਪਰੋਗਰਾਮ ਅਗੇ ਹੀ ਬਣਿਆ ਹੋਇਆ ਹੈ, ਉਸ ਨੂੰ ਐਕਸੈਪਟ ਕਰ ਲੈਣ। (ਵਿਘਨ) (ਸ਼ੋਰ)

ਸਰਦਾਰ ਕਪੂਰ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸਰਦਾਰ ਗੁਰਨਾਮ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ।

Mr. Speaker : Sardar Gurnam Singh.

ਸਰਦਾਰ ਗੁਰਨਾਮ ਸਿੰਘ : ਜਿਤਨੇ ਆਨਰੇਬਲ ਮੈਂਬਰ ਬੋਲੇ ਹਨ, ਉਹ ਸਾਰਾ ਇਰ-ਰੇਲੇਵੇਂਟ ਹੈ। ਇਨ੍ਹਾਂ ਨੇ ਜੋ ਰੂਲ 37 ਕੋਟ ਕੀਤਾ ਹੈ (ਵਿਘਨ) ਇਨ੍ਹਾਂ ਦੀ ਕੋਸ਼ਿਸ਼ ਸੀ ਕਿ ਗੌਰਮਿੰਟ ਤੋੜੀ ਜਾਵੇ। (ਸ਼ੇਮ) (ਸ਼ੇਮ) (ਵਿਘਨ) (ਸ਼ੋਰ)

ਇਕ ਆਵਾਜ਼ : ਇਹ ਇਸ ਕਰਕੇ ਕਹਿ ਰਹੇ ਹਨ ਕਿਉਂਕਿ ਇਹ ਟੁਟਣ ਨੂੰ ਤਿਆਰ ਹੈ। (ਸ਼ੋਰ) (ਵਿਘਨ)

ਇਕ ਹੋਰ ਆਵਾਜ਼ : ਇਹ ਤੁਹਾਡੇ ਸਾਥੀ ਤੋੜ ਰਹੇ ਹਨ। (ਸ਼ੋਰ) (ਵਿਘਨ)

Mr. Speaker : Order, order please,

ਸਰਦਾਰ ਗੁਰਨਾਮ ਸਿੰਘ : ਸਪੀਕਰ ਸਾਹਿਬ, ਜਿਹੜਾ ਰੂਲ 37 ਸਰਦਾਰ ਉਮਰਾਓ ਸਿੰਘ ਨੇ ਕੋਟ ਕੀਤਾ ਹੈ ਇਹ ਉਸ ਸਟੇਜ ਤੇ ਅਪਲਾਈ ਕਰਦਾ ਹੈ ਜਿਸ ਵੇਲੇ ਬਿਜ਼ਨਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਆਉਂਦੀ ਹੈ। (ਵਿਘਨ) ਕੋਈ ਐਸਾ ਪਰੋਸੀਜਰ ਨਹੀਂ ਕਿ ਹਾਊਸ ਆਪਣੇ ਡਿਸੀਜ਼ਨ ਨੂੰ ਅਲਟਰ ਨਹੀਂ ਕਰ ਸਕਦਾ। ਹਾਊਸ ਨੂੰ ਹਮੇਸ਼ਾਂ ਅਖਤਿਆਰ ਹੈ ਕਿ ਉਹ ਆਪਣਾ ਫੈਸਲਾ (ਵਿਘਨ) ਇਹ ਜਿਹੜਾ ਇਨ੍ਹਾਂ ਰੂਲ ਨੰ: 37 ਕੋਟ ਕੀਤਾ ਹੈ ਇਹਦੇ ਅਨੁਸਾਰ ਤਾਂ ਮੈਂਬਰ 5 ਮਿੰਟ ਤੋਂ ਵਧ ਬੋਲ ਹੀ ਨਹੀਂ ਸਕਦਾ ਹੈ। ਮੈਂ ਰੂਲ ਨੰ: 37 ਪੜ੍ਹਦਾ ਹਾਂ :

Second Proviso to Rule 37 reads—

"Provided further that not more than half-an-hour shall be allotted for the discussion of the motion and no member shall speak for more than five minutes on such a motion."

ਸਰਦਾਰ ਉਮਰਾਓ ਸਿੰਘ : × × × × × (ਸ਼ੋਰ) (ਵਿਘਨ)

ਸ਼੍ਰੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਬੋਲ ਰਹੇ ਹਨ, ਉਹ ਪਾਰਟ ਆਫ਼ ਦੀ ਪ੍ਰੋਸੀਡਿੰਗਜ਼ ਨਹੀਂ ਬਣੇਗਾ। (Whatever the hon Member is saying without the permission of the Chair, that will not form part of the proceedings).

ਸਰਦਾਰ ਗੁਰਨਾਮ ਸਿੰਘ . ਇਹ ਰੂਲ 37 ਇਥੇ ਐਪਲੀਕੇਬਲ ਨਹੀਂ ਹੈ (ਵਿਘਨ) ਇਹ ਰੂਲ ਤਾਂ ਉਸ ਵੇਲੇ ਆਉਂਦਾ ਹੈ ਜਦੋਂ ਕਿ ਬਿਜ਼ਨਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਆਵੇ (ਵਿਘਨ) ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਹਾਊਸ ਸੁਪਰੀਮ ਹੈ ਜੇ ਕੋਈ ਡਿਸੀਜ਼ਨ ਹਾਊਸ ਦਾ ਪਹਿਲਾ ਹੋਇਆ ਹੋਵੇ ਤਾਂ ਉਸ ਨੂੰ ਵੀ ਹਾਊਸ ਤਬਦੀਲ ਕਰਨ ਵਿਚ ਹੱਕ ਬਜਾਨਬ ਹੈ। (ਥੰਪਿੰਗ) ਇਹ ਫੋਕੇ ਰੀਜ਼ਨ ਹਨ ਕਿ ਇਹ ਮੂਵ ਨਹੀਂ ਹੋ ਸਕਦੀ ਹੈ। ਹਾਊਸ ਡਿਸੀਜ਼ਨ ਦੇ ਸਕਦਾ ਹੈ। ਇਹ ਜ਼ਰੂਰੀ ਨਹੀਂ ਕਿ ਮੁੜਕੇ ਬਿਜ਼ਨਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਆਵੇ ਤਾਂ ਉਸ ਤੇ ਫੈਸਲਾ ਦਿਤਾ ਜਾਵੇ। ਕੋਈ ਐਸਾ ਰੂਲ ਨਹੀਂ ਕੋਟ ਕੀਤਾ ਇਨ੍ਹਾਂ ਨੇ।

Sardar Kapur Singh : Mr. Speaker, Sir, I support the observations made by my hon. friend Sardar Gurnam Singh. The whole point of the discussion that is going on in this House is whether the Leader of the House is competent to move a motion for adjournment of the House *sine-die*. My hon. friend Sardar Umrao Singh has made reliance on Rule 37 which is wholly in applicable to the facts of this case. The Leader of the House is quite competent to move a motion provided he gets your consent before hand. That is only a pre-condition and that pre-condition has been fulfilled. Now it is for the House to decide and nobody can take exception to it.

Comrade Satya Pal Dang : Mr. Speaker, I quite agree with the observations of Sardar Gurnam Singh about Rule 37. But, Sir, I would like to draw your attention to Rule 16, which reads—

"Subject to the provisions of the Constitution and these Rules the Assembly may be adjourned from time to time by its own order."

It is not only subject to the provision of the Constitution but also to the specific Rules which may be there in these Rules of Procedure.

Further it has been stated—

"Provided that a motion for adjournment of the Assembly to a day or sine die shall not be made except in consultation with Speaker."

Now you say that you have been consulted and this provision has been complied with. But I draw your attention to Rules 38 and 39. After the report of the Business Advisory Committee, under Rule 37, has been adopted in this House then Rules 38 and 39 would apply. Rule 38 reads—

× Expunged as ordered by the Chair.

"At the appointed hour, in accordance with the allocation of Time Order........."

The programme recommended by the Business Advisory Committee and approved by the House becomes Time Order.

Now, Sir, I will read out Rule 39—

> "No variation in the Allocation of Time Order shall be made except on the request of the Leader of the House who shall notify orally to the House that there is general agreement for such variation, and such variation shall be enforced by the Speaker after taking the sense of the House."

Now, Mr. Speaker, under Rule 37 this House has approved a certain Time Order. According to that Time Order two hours each have been allotted for discussing the situation arising out of—(i) the demand of Government servants for the grant of interim relief and (ii) shortage of electricity in the State-on the 30th January, 1971

Now if you want to make any variation in that Time Order, that has to be made in accordance with Rule 39. The Leader of the House should have told us that there is general agreement that variation should be made in the Time Order. He cannot make this oral announcement unless he had prior to that consulted the Leaders of the various parties. If there is general agreement about the variation in Time Order and the Leader of the House announces it, then you can confirm it by bringing it before the House. Therefore, my submission, Mr. Speaker, is that this *Sine Die* Motion which has been put before you to-day in this House violates Rule 39, and rule 16 is subject to rule 39. Unless the provisions laid down in rule 39 are observed, this Motion cannot be brought before the House. That has not been done in this case.

My second submission is on moral grounds.

ਸ਼੍ਰੀ ਸਪੀਕਰ : ਡਾਂਗ ਸਾਹਿਬ, ਟਾਈਮ ਆਰਡਰ ਦੇ ਬਾਰੇ ਤੁਸੀਂ ਪੜ੍ਹਿਆ ਹੈ, ਕੀ ਅਜ ਦੇ ਟਾਈਮ ਆਰਡਰ ਦੇ ਵਿਚ ਚੇਂਜ ਹੈ ? (*Addressing Comrade Satya Pal Dang* : The hon. Member has referred to the Time Order. Has any alteration been made in the Time Order to-day ?)

Comrade Satya Pal Dang : It is not Time Order for to-day Rule 39 has to be read with rule 37. It is Time Order as approved by this House on the recommendations of the Business Advisory Committee.

My second submission is that there was uproar in the House on the question of employees and on the question of electricity. Every time

[Comrade Satya Pal Dang]

you have been telling us that there are two hours allotted for this purpose. So we have not spoken on these two issues, because we were given assurances in this House that two hours will be allotted for this purpose. Do you want us to go from this House to-day with this conviction that here is a Govt. whose words cannot be relied upon; here is a Govt. whose words are nothing more than waste paper. I would like to know if Mr. Speaker wants to encourage such things. It is morally not good on the part of the Govt. to go back from their words. (Interruption)

ਸਪੀਕਰ ਸਾਹਿਬ, ਸਰਦਾਰ ਗੁਰਨਾਮ ਸਿੰਘ ਕਹਿੰਦੇ ਹਨ ਕਿ ਅੱਜ ਇਹ ਗੌਰਮਿੰਟ ਤੋੜਨਾ ਚਾਹੁੰਦੇ ਹਨ (ਵਿਘਨ) ਮੈਂ ਕਹਿੰਦਾ ਹਾਂ ਕਿ ਅਸੀਂ ਤਾਂ ਉਡੀਕਦੇ ਪਏ ਹਾਂ ਕਿ ਸਰਦਾਰ ਗੁਰਨਾਮ ਸਿੰਘ ਨੇ ਹੀ ਤੋੜਨੀ ਹੈ, ਇਹ ਕਦੋਂ ਤੋੜਦੇ ਹਨ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਹਾਊਸ ਅੱਧੇ ਘੰਟੇ ਲਈ ਹੋਰ ਐਕਸਟੈਂਡ ਕੀਤਾ ਜਾਂਦਾ ਹੈ। (ਵਿਘਨ)
(The House is extended for half an hour more.) (Interruption)

ਸ੍ਰੀ ਬਲਰਾਮ ਦਾਸ ਟੰਡਨ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ ਤੁਸੀਂ ਹੁਣੇ ਸਰਦਾਰ ਉਮਰਾਓ ਸਿੰਘ ਨੂੰ ਦੱਸਿਆ ਹੈ ਕਿ ਤੁਹਾਡੀ ਕਨਸਲਟੇਸ਼ਨ ਦੇ ਨਾਲ ਇਹ ਸਾਈਨੇ ਡਾਈ ਦੀ ਮੋਸ਼ਨ ਮੂਵ ਹੋਈ ਹੈ। (ਵਿਘਨ) ਸਪੀਕਰ ਸਾਹਿਬ, ਕੋਈ ਵੀ ਮੋਸ਼ਨ ਆਦਿ ਤੁਹਾਡੀ ਕਨਸੈਂਟ ਜਾਂ ਤੁਹਾਡੇ ਐਗਰੀ ਕੀਤੇ ਬਗੈਰ ਇਸ ਹਾਊਸ ਵਿਚ ਮੂਵ ਨਹੀਂ ਹੋ ਸਕਦੀ। ਮੈਂ, ਸਪੀਕਰ ਸਾਹਿਬ, ਤੁਹਾਡੇ ਕੋਲੋਂ ਸਪੈਸੀਫੀਕਲੀ ਇਹ ਜਾਣਨਾ ਚਾਹੁੰਦਾ ਹਾਂ ਕਿ ਆਇਆ ਇਸ ਹਾਊਸ ਵਿਚ ਤੁਸੀਂ ਇਹ ਮੋਸ਼ਨ ਮੂਵ ਕਰਨ ਦੀ ਇਜ਼ਾਜਤ ਦਿੱਤੀ ? (ਵਿਘਨ)

ਸ੍ਰੀ ਸਪੀਕਰ : ਤੁਸੀਂ ਪਹਿਲੇ ਪੂਰਾ ਕਹਿ ਲਵੋ। (ਵਿਘਨ) (Please finish your arguments first.) (Interruption.)

ਸ੍ਰੀ ਬਲਰਾਮ ਦਾਸ ਟੰਡਨ : ਪਹਿਲੇ ਤੁਸੀਂ ਇਹ ਦਸ ਦਿਓ ਕਿ ਕੀ ਇਹ ਤੁਹਾਡੀ ਇਜ਼ਾਜਤ ਦੇ ਨਾਲ ਮੂਵ ਹੋਈ ? (ਵਿਘਨ) ਫਿਰ ਮੈਂ ਕਹਾਂਗਾ।

ਸ੍ਰੀ ਸਪੀਕਰ : ਇਹ ਤਾਂ ਬੜੀ ਸਪੱਸ਼ਟ ਗੱਲ ਹੈ। (It is quite clear.)]

PRIVILEGE MOTION

Shri Balram Dass Tandon : Sir, I want to move a Privilege Motion. (Interruption.) ਜਿਹੜੀ ਕਿ ਇਸ ਹਾਊਸ ਦੇ 272 ਰੂਲ ਦੇ ਥੱਲੇ ਆਉਂਦੀ ਹੈ। (ਵਿਘਨ) ਸਪੀਕਰ ਸਾਹਿਬ, ਤੁਸੀਂ ਬਿਜ਼ਨਸ ਐਡਵਾਇਜ਼ਰੀ ਕਮੇਟੀ ਦੇ ਚੇਅਰਮੈਨ ਹੋ, ਜਿਹੜੀ ਕਿ ਹਾਊਸ ਵਾਸਤੇ ਆਪਣਾ ਬਿਜ਼ਨਸ ਔਰ ਉਸ ਦੇ ਟਾਈਮ ਟੇਬਲ ਬਾਰੇ ਸਭ ਕੁਝ ਡਿਸਾਈਡ ਕਰਦੀ ਹੈ। (ਵਿਘਨ) ਔਰ ਉਸ ਦੇ ਮੁਤਾਬਿਕ ਹੀ ਇਹ ਹਾਊਸ ਦਾ ਡਿਸੀਜ਼ਨ ਹੈ ਕਿ ਹਾਊਸ ਕੱਲ ਵਾਸਤੇ ਵੀ ਬੈਠੇਗਾ। (ਵਿਘਨ) ਔਰ ਦੋ ਮੋਸ਼ਨਜ਼ ਡਿਸਕੱਸ ਕਰਾਂਗੇ। ਅਗਰ ਤੁਹਾਡੀ ਇਜ਼ਾਜਤ ਦੇ ਨਾਲ ਇਹ ਸਾਈਨੇ ਡਾਈ

ਦੀ ਮੋਸ਼ਨ ਮੂਵ ਹੋਈ ਹੈ ਤਾਂ ਇਸ ਦਾ ਮਤਲਬ ਇਹ ਹੈ ਕਿ (ਵਿਘਨ) (ਸ਼ੋਰ) ਜਿਹੜਾ ਬਿਜ਼ਨਸ ਐਡਵਾਇਜ਼ਰੀ ਕਮੇਟੀ ਵਿਚ ਡਿਸੀਜ਼ਨ ਲਿਆ, ਉਹ ਤੁਹਾਡੇ ਤੇ ਵੀ ਬਾਈਂਡਿੰਗ ਹੈ, ਉਹ ਮੈਂਬਰਜ਼ ਤੇ ਵੀ ਬਾਈਂਡਿੰਗ ਹੈ ਔਰ ਤੁਸੀਂ ਮੈਂਬਰਜ਼ ਤੇ ਬਾਈਂਡਿੰਗ ਕਰਾਉਣਾ ਹੈ, ਉਸ ਦੀ ਇਸ ਤਰ੍ਹਾਂ ਉਲੰਘਣਾ ਹੈ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਮੈਂ ਉਸ ਡਿਸੀਜ਼ਨ ਨੂੰ ਬਦਲਦਾ ਨਹੀਂ। (ਵਿਘਨ) ਮੈਂ ਤਾਂ ਇਹ ਹਾਊਸ ਦੇ ਸਾਹਮਣੇ ਪੇਸ਼ ਕਰਨ ਦੀ ਆਗਿਆ ਦਿੱਤੀ ਹੈ। (ਵਿਘਨ) (ਸ਼ੋਰ) (I have not changed that decision. (Interruption) I have merely allowed the motion to be moved in the House.) (Interruption and Noise.)

ਸ਼੍ਰੀ ਬਲਰਾਮ ਦਾਸ ਟੰਡਨ : ਮੈਂ ਤੁਹਾਨੂੰ ਪੁੱਛਿਆ ਸੀ ਕਿ ਕੀ ਇਹ ਸਾਈਨੇ ਡਾਈ ਦੀ ਮੋਸ਼ਨ ਤੁਹਾਡੀ ਇਜ਼ਾਜਤ ਦੇ ਨਾਲ ਮੂਵ ਹੋਈ, ਤੁਸੀਂ ਕਿਹਾ ਸੀ ਕਿ ਹਾਂ ਮੇਰੀ ਇਜ਼ਾਜਤ ਦੇ ਨਾਲ ਹੋਈ। (ਵਿਘਨ) ਸਪੀਕਰ ਸਾਹਿਬ, ਸੁਣੋ ਤਾਂ ਸਹੀ। ਅਗਰ ਇਹ ਤੁਹਾਡੀ ਇਜ਼ਾਜਤ ਦੇ ਨਾਲ ਮੂਵ ਹੋਈ ਤਾਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਹਾਊਸ ਦੀ ਪਰਿਵਲਿਜ ਦੀ ਰਿਸਪੈਕਟ ਕੌਣ ਕਰੇਗਾ ? (ਆਪੋਜ਼ੀਸ਼ਨ ਵੱਲੋਂ ਤਾੜੀਆਂ) (ਵਿਘਨ)

Mr. Speaker : Please resume your seat. (Interruption)

ਸ਼੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣ ਲਓ...(ਵਿਘਨ)

Minister of State for Excise and Taxation. : Mr. Speaker, There is a stranger in the House. (ਵਿਘਨ) ਇਕ ਬੀਬੀ ਚੁੰਨੀ ਲੈ ਕੇ ਬੋਲ ਰਹੀ ਹੈ, ਟੰਡਨ ਜੀ ਤਾਂ ਬੋਲ ਹੀ ਨਹੀਂ ਰਹੇ। (ਹਾਸਾ) (ਵਿਘਨ)

ਸ਼੍ਰੀ ਬਲਰਾਮ ਦਾਸ ਟੰਡਨ : ਸਪੀਕਰ ਸਾਹਿਬ, ਮੇਰੀ ਪਰਿਵਲਿਜ ਮੋਸ਼ਨ ਜਿਹੜੀ ਸੀ ...(ਵਿਘਨ)

ਸ਼੍ਰੀ ਸਪੀਕਰ : ਤੁਹਾਡੀ ਪਰਿਵਲਿਜ ਮੋਸ਼ਨ ਬਾਰੇ ਰੂਲਿੰਗ ਦਿਆਂਗਾ। (ਵਿਘਨ) (ਸ਼ੋਰ) (I will give my ruling about your Privilege Motion.) (Interruption and Noise.)

ਸ਼੍ਰੀ ਬਲਰਾਮ ਦਾਸ ਟੰਡਨ : ਤੁਸੀਂ ਸਾਈਨੇ ਡਾਈ ਦੀ ਮੋਸ਼ਨ ਮੂਵ ਕਰਨ ਦੀ ਇਜ਼ਾਜ਼ਤ ਦੇ ਕੇ ਹਾਊਸ ਦੀ ਹੱਤਕ ਕੀਤੀ ਹੈ। (ਵਿਘਨ) (ਸ਼ੋਰ) ਤੁਸੀਂ ਹੀ ਇਸ ਗੱਲ ਦੀ ਇਜਾਜ਼ਤ ਦਿੱਤੀ। (ਸ਼ੋਰ) ਇਸ ਕਰਕੇ ਮੈਨੂੰ ਪਰਿਵਲਿਜ ਮੋਸ਼ਨ ਮੂਵ ਕਰਨ ਦੀ ਇਜਾਜ਼ਤ ਦਿੱਤੀ ਜਾਵੇ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਤੁਹਾਡੀ ਪਰਿਵਲਿਜ ਮੋਸ਼ਨ ਬੜੀ ਫੈਂਟਾਸਟਿਕ ਹੈ। (ਵਿਘਨ)(ਸ਼ੋਰ) (Your Privilege Motion is quite fantastic.) (Interruption) (Noise.) There is no question of privilege involved in it. It is ruled out of order.

WALK OUT

ਸ਼੍ਰੀ ਬਲਰਾਮ ਦਾਸ ਟੰਡਨ : ਇਸ ਤੁਹਾਡੀ ਰੂਲਿੰਗ ਦੇ ਅਗੇਂਸਟ ਅਸੀਂ ਐਜ਼ ਏ ਪਰੋਟੈਸਟ ਵਾਕ ਆਊਟ ਕਰਦੇ ਹਾਂ। (ਇਸ ਸਮੇਂ ਹਾਊਸ ਵਿਚ ਕਾਫ਼ੀ ਸ਼ੋਰ ਸੀ।)

(ਇਸ ਸਮੇਂ ਜਨਸੰਘ ਪਾਰਟੀ ਦੇ ਸਾਰੇ ਮੈਂਬਰ ਸਾਹਿਬਾਨ ਹਾਊਸ ਵਿਚੋਂ ਉਠ ਕੇ ਬਾਹਰ ਚਲੇ ਗਏ ।)

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਮੈਂ ਇਥੇ ਪੁਆਇੰਟ ਰੇਜ਼ ਕੀਤਾ ਸੀ ਕਿ ਇਹ ਜਿਹੜੀ ਮੋਸ਼ਨ ਸਾਈਨੇ-ਡਾਈ ਦੀ ਆਈ ਹੈ, ਇਸ ਦੀ ਸਰਕੂਲੇਸ਼ਨ ਹੋਣੀ ਚਾਹੀਦੀ ਹੈ । ਤੁਸੀਂ ਉਸ ਦਾ ਕੋਈ ਜਵਾਬ ਨਹੀਂ ਦਿੱਤਾ (ਵਿਘਨ)

ਵਿੱਤ ਮੰਤਰੀ : ਮੈਂ ਇਸ ਦਾ ਜਵਾਬ ਦਿੰਦਾ ਹਾਂ (ਵਿਘਨ) (ਸ਼ੋਰ)

ਸਰਦਾਰ ਉਮਰਾਓ ਸਿੰਘ : ਤੂੰ ਕੌਣ ਹੁੰਦਾ ਹੈਂ ਜਵਾਬ ਦੇਣ ਵਾਲਾ । ਸਪੀਕਰ ਸਾਹਿਬ ਜਵਾਬ ਦੇਣਗੇ (ਵਿਘਨ) (ਸ਼ੋਰ)

Mr. Speaker : He is also speaking on the same point which is under discussion.

Sardar Umrao Singh : I want your ruling on my point of order.

Mr. Speaker : He is on a point of order. Please resume your seat.

ਸਰਦਾਰ ਉਮਰਾਓ ਸਿੰਘ : ਸਪੀਕਰ ਸਾਹਿਬ, ਤੁਸੀਂ ਸਾਨੂੰ ਕੋਈ ਜਸਟਿਸ ਨਹੀਂ ਦੇ ਰਹੇ । (ਵਿਘਨ) ਅਸੀਂ ਤੁਹਾਡੇ ਕੋਲੋਂ ਜਸਟਿਸ ਮੰਗਦੇ ਹਾਂ । (ਵਿਘਨ) (ਸ਼ੋਰ)

ਸ਼੍ਰੀ ਸਰਦਾਰੀ ਲਾਲ ਕਪੂਰ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਇਕ ਬੇਨਤੀ ਕਰਦਾ ਹਾਂ ਕਿ ਇਸ ਹਾਊਸ ਨੂੰ ਕੱਲ ਲਈ ਵੀ ਚੱਲਣਾ ਚਾਹੁੰਦਾ ਹੈ । (ਵਿਘਨ) (ਸ਼ੋਰ) ਅਗਰ ਤੁਸੀਂ ਕੱਲ ਨੂੰ ਚਲਾਉਣਾ ਠੀਕ ਨਹੀਂ ਸਮਝਦੇ ਤਾਂ ਅਸੀਂ ਚਲਦੇ ਹਾਂ । We withdraw from this House.

(ਇਸ ਸਮੇਂ ਕਾਂਗਰਸ ਪਾਰਟੀ ਦੇ ਸਾਰੇ ਮੈਂਬਰ ਸਾਹਿਬਾਨ ਹਾਊਸ ਵਿਚੋਂ ਉਠ ਕੇ ਬਾਹਰ ਚਲੇ ਗਏ ।)

MOTION RE : ADJOURNMENT OF THE HOUSE *sine-die*

ਸ਼੍ਰੀ ਸਪੀਕਰ : ਹਾਊਸ ਠੀਕ ਢੰਗ ਨਾਲ ਚਲ ਰਿਹਾ ਹੈ । ਰੂਲਜ਼ ਨੂੰ ਭੰਗ ਕਰਨ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ । (ਸਰਕਾਰੀ ਬੈਂਚਾਂ ਵਲੋਂ ਤਾੜੀਆਂ) (The House is proceeding in accordance with the rules. The rules will not be allowed to be violated.) (Thumping from the Treasury Benches)

ਕਾਮਰੇਡ ਸੱਤ ਪਾਲ ਡਾਂਗ : * * * * (ਵਿਘਨ) (ਸ਼ੋਰ)

Mr. Speaker : Whatever is being said without the permission of the Chair should not form part of the proceedings.

(Noise in the House)

In 1966, a similar motion was moved verbally in this very House.

---

* Expunged as ordered by the Chair.

There is no bar to the House rescinding or changing its decision.

(Interruptions and Noise in the House)

(ਇਸ ਵਕਤ ਸਪੀਕਰ ਸਾਹਿਬ ਖੜੇ ਹੋ ਕੇ ਰੂਲਿੰਗ ਦੇ ਰਹੇ ਸਨ ਅਤੇ ਹਾਊਸ ਵਿਚ ਬਹੁਤ ਜ਼ਿਆਦਾ ਸ਼ੋਰ ਸੀ। × × × (ਬਹੁਤ ਸ਼ੋਰ)

ਸ਼੍ਰੀ ਸਪੀਕਰ : ਜੋ ਕੁਝ ਵੀ ਵਿਦਆਊਟ ਦੀ ਪਰਮਿਸ਼ਨ ਆਫ਼ ਦੀ ਚੇਅਰ ਕਿਹਾ ਜਾ ਰਿਹਾ ਹੈ ਉਹ ਰਿਕਾਰਡ ਨਾ ਕੀਤਾ ਜਾਵੇ। (ਸ਼ੋਰ) (ਬਹੁਤ ਸ਼ੋਰ) (Whatever is being said by the hon. Members without the permission of the Chair should not be recorded.)

(Loud Noise)

The previous decision was taken by the House and the decision now too is to be taken by the House. (Interruptions and Noise in the House.) There is no power vested in me to prevent the Leader of the House from moving the motion. If the House so desires, it can reject the motion for the adjournment of the House *sine die.*

(Interruptions and uproar in the House)

Mr. Speaker : Question is—

That the House do now adjourn. *sine die.*

The motion was carried.

(Noise in the House)

Mr. Speaker : The House stands adjourned *sine die*

2.04 P.M. (*The Sabha then adjourned sine die*)

× Not recorded as ordered by the Chair.

APPENDIX
TO
Punjab Vidhan Sabha Debates
Vol. I No. II, Datedtha 29th January, 1971

STARRED QUESTIONS AND ANSWERS

Inclusion of Certain Areas of District Hoshiarpur in Gurdaspur District.

*2365. **Chaudhri Kewal Krishan** : Will the Minister for Revenue and Consolidation of Holdings be pleased to state :—

(a) whether it is a fact that certain areas of district Hoshiarpur situated on the right bank of the river Beas have been included in District Gurdaspur so that the people of the areas may not have to cross the river for coming to, police station, tehsil and district headquarters ;

(b) if the reply to part (a) above be in the affirmative, the details of the said area alongwith names of villages falling in it ;

(c) whether it is also a fact that the area of village Miani Mallahan situated on the left bank of river Beas towards Hoshiarpur District has also been included in District Gurdaspur ;

(d) whether certain Lambardars of Miani Mallahan and some other people made a representation on 1.10.1970 to the Deputy Commissioner, Hoshiarpur and the Revenue Minister, Punjab against the wrongful inclusion of certain areas contiguous to District Hoshiarpur into Gurdaspur District,

(e) if the reply to part (d) above be in the affirmative, the action taken by the Government thereon so far ?

Sardar Atma Singh : (a) Yes.

(b) A statement is laid on the Table of the House.

(c) Village Miani Mallahan is included in the 29 villages transferred to District Gurdaspur. Total area of this Becharag village is 41 acres. Out of it 2/5 area has been eroded by the river and the remaining 3/5 area is situated on the Hoshiarpur side. The right holders reside in other villages of Hoshiarpur District.

(d) Yes.

(e) It is under consideration.

[(ੳ) ਹਾਂ ਜੀ ।

(ਅ) ਸਟੇਟਮੈਂਟ ਸਦਨ ਦੇ ਅੱਗੇ ਰੱਖੀ ਜਾਂਦੀ ਹੈ ।

(ੲ) ਪਿੰਡ ਮਿਆਣੀ ਮਲਾਹਾਂ, ਜ਼ਿਲ੍ਹਾ ਗੁਰਦਾਸਪੁਰ ਵਿਚ ਟ੍ਰਾਂਸਫਰ ਕੀਤੇ 29 ਪਿੰਡਾਂ ਵਿਚ

ਸ਼ਾਮਲ ਹੈ । ਇਸ ਬੇਚਰਾਗ ਪਿੰਡ ਦਾ ਕੁਲ ਰਕਬਾ 41 ਏਕੜ ਹੈ, ਜਿਸ ਵਿਚੋਂ 2/5 ਰਕਬਾ ਦਰਿਆ ਬੁਰਦ ਹੈ ਅਤੇ ਬਾਕੀ 3/5 ਰਕਬਾ ਹੁਸ਼ਿਆਰਪੁਰ ਵੱਲ ਹੈ । ਮਾਲਕ ਹੁਸ਼ਿਆਰਪੁਰ ਜ਼ਿਲ੍ਹੇ ਦੇ ਦੂਜੇ ਪਿੰਡਾਂ ਵਿਚ ਰਹਿੰਦੇ ਹਨ ।

(ਸ) ਹਾਂ ਜੀ ।

(ਹ) ਇਹ ਵਿਚਾਰ ਅਧੀਨ ਹੈ ।]

ਸਟੇਟਮੈਂਟ

ਦਸੂਹਾ ਤਹਿਸੀਲ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਪਿੰਡ ਜੋ ਗੁਰਦਾਸਪੁਰ ਜ਼ਿਲ੍ਹੇ ਵਿਚ ਸ਼ਾਮਲ ਕੀਤੇ ਗਏ ਹਨ

ਲੜੀ ਨੰ:	ਪਿੰਡ ਦਾ ਨਾਂ (ਹਦਬਸਤ ਨੰ:)	ਪਟਵਾਰ ਸਰਕਲ	ਕਾਨੂੰਨਗੋਈ ਸਰਕਲ	ਰਕਬਾ	ਆਬਾਦੀ
ਸਬ ਤਹਿਸੀਲ ਮੁਕੇਰੀਆਂ, ਤਹਿਸੀਲ ਦਸੂਹਾ					
1.	ਬੇਲਾ ਮਜਤਗੜ੍ਹ (408)	ਹਰਸਾਮਾਨਸਰ	ਮੁਕੇਰੀਆਂ	274	—
2.	ਚੀਚਨ ਛੌੜੀਆਂ (414)	ਹਲੇਰ ਜਨਾਰਧਨ	,,	1396	196
3.	ਖੇੜਾ (415)	,,	,,	211	—
4.	ਦਲੇਲਪੁਰਾ (416)	,,	,,	497	—
5.	ਭੈਣੀ ਮਲਵਾਂ (429)	ਜਾਹਿਦਪੁਰ	,,	70	—
6.	ਮਿਆਨੀ ਮਲਾਹਾਂ (430)	,,	,,	41	—
7.	ਮੌਡ ਸੰਰਾ (436)	ਮਹਿੰਦੀਪੁਰ	,,	334	—
8.	ਮੁਗਲਾ (439)	ਚਕਵਾਲ	,,	158	—
9.	ਬੂੜੇ (441)	,,	,,	336	—
10.	ਕਸਾਣਾ (442)	,,	,,	301	—
ਤਹਿਸੀਲ ਦਸੂਹਾ					
11.	ਸਾਲਾਪੁਰ (443)	ਕੁਟਲੀ ਗੁਜਰਾਂ	ਦਸੂਹਾ	414	101
12.	ਬਿਧਪੁਰ (444)	,,	,,	267	—
13.	ਆਲਮਾ (445)	,,	,,	847	242
14.	ਕੋਟਲੀ ਗੁਜਰਾਂ (446)	ਕੋਟਲੀ ਗੁਜਰਾਂ	,,	294	246
15.	ਅਵਾਣਾ (449)	,,	,,	21	—
16.	ਬਾਗੜੀਆਂ (450)	,,	,,	885	—
17.	ਖਾਨਿਆਂ (448)	ਬਧਾਇਆ	,,	330	—
18.	ਮਿੱਥਾ (451)	,,	,,	82	—
19.	ਮੋਚਪੁਰ (452)	,,	,,	108	—
20.	ਅਬਾ (453)	ਬਧਾਇਆ	ਦਸੂਹਾ	151	—
21.	ਮੁਲਾਂ ਵਾਲ (456)	ਕਲਾਵਾਲ	ਮਿਆਨੀ	596	454
22.	ਪਸਵਾਲ (465)	,,	,,	517	79
23.	ਫਤੂ ਬਰਕਤ (471)	,,	,,	1086	256
24.	ਨੂਨ (472)	,,	,,	797	190
25.	ਬੁਧਾਵਾਲ (473)	ਖਵਾਜਾਬੈਸ	,,	119	—
26.	ਫੁਲਰਾ (483)	,,	,,	1060	—
27.	ਖਵਾਜਾ ਬੈਂਸ (484)	ਖਵਾਜਾਬੈਂਸ	,,	579	—
28.	ਮੁਨੈਨ (474)	ਗਲਾਵਾਲ	ਦਸੂਹਾ	407	—
29.	ਜ਼ਾਹਿਦਪੁਰ (482)	,,	,,	293	—

[STATEMENT

Villages Transferred from Tehsil Dasuya (Hoshiarpur) to District Gurdashpur.

Sr. No.	Name of Village	H.B.No.	Patwar Circle	Kanungo Circle	Area	Population
1	2	3	4	5	6	7
Sub Tehsil Mukerian, Tehsil Dasuya						
1.	Bela Mastgarh	(408)	Harsamansar	Mukerian	274	—
2.	Chechian Chhaurian	(414)	Haler Janar-Dhan	,,	1396	196
3.	Khera	(415)	,,	,,	211	—
4.	Dalelpur	(416)	,,	,,	496	—
5.	Bhaini Milwan	(429)	Zahidpur	,,	70	—
6.	Miani Malahan	(430)	,,	,,	41	—
7.	Moth Sarian	(436)	Mahandipur	,,	334	—
8.	Mugla	(439)	Chakwal	,,	158	—
9.	Bore	(441)	,,	,,	336	—
10.	Kasana	(442)	,,	,,	301	—
Tehsil Dasuya.						
11.	Salahpur	(443)	Kothi Gujjran	Dasuya	414	101
12.	Bissopur	(444)	,,	,,	267	—
13.	Alman	(445)	,,	,,	847	242
14.	Kothi Gujjran	(446)	Kothi Gujjran	Dasuya	294	246
15.	Awana	(449)	,,	,,	121	—
16.	Bagrian	(450)	,,	,,	885	—
17.	Khanian	(448)	Badhaya	,,	330	—

Sr. No.	Name of Village	H. B. No.	Patwar Circle	Kanungo Circle	Area	Population
18.	Mitha	(451)	Badhaya	Dasuya	82	—
19.	Machpur	(452)	,,	,,	108	—
20.	Abha	(453)	,,	,,	151	—
21.	Mullanwall	(456)	Kalawal	Miani	596	454
22.	Paswal	(465)	,,	,,	517	89
23.	Fatubarkat	(471)	,,	,,	1086	256
24.	Noon	(472)	,,	,,	797	190
25.	Budhawala	(473)	Khawaja Bains	,,	119	—
26.	Phulra	(483)	,,	,,	1060	—
27.	Khawaja Bains	(484)	,,	,,	579	—
28.	Munan	(473)	Galawal	Dasuya	407	—
29.	Zahidpur	(482)	,,	,,	293	—]

UNSTARRED QUESTION AND ANSWER

Accidents involving workers/employees

866. Comrade Satya Pal Dang : Will the Chief Minister be pleased to state :

(a) the total number of fatal and non-fatal accidents (involving workers/employees) that took place in various factories in the State during the years 1966, 1967, 1968, 1969 and 1970 year wise separately ;

(b) the number of accidents that took place in various establishments registered under the Punjab Shops and Commercial Establish ments Act, 1958 during the years 1966, 1967, 1968, 1969 and 1970 and a similar statement as mentioned in part (a) above be laid on the Table of the House ;

(c) the total number of prosecutions launched during each of the above mentioned years in connection with these accidents and the total number of cases in which convictions took place year-wise ;

(d) the details of the punishments awarded in each case ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸੂਚਨਾ ਹੇਠ ਦਿਤੀ ਜਾਂਦੀ ਹੈ :

ਲਪੇਟ ਵਿਚ ਮਾਰੂ ਗੈਰ ਮਾਰੂ ਆਉਣ ਵਾਲੇ ਕਾਮਿਆਂ ਦੀ ਗਿਣਤੀ

(ਏ) **ਸਾਲ ਹਾਦਸੇ**

1966	19	2239	2258
1967	7	1611	1618
1968	16	1914	1930
1969	23	2365	2388
1970	13	1951	1964 (ਆਰਜ਼ੀ)

(ਬੀ) ਨਿਲ

(ਸੀ) **ਸਾਲ ਦਾਇਰ ਦੋਸ਼ੀ ਸਿੱਧ ਕੀਤੇ ਗਏ ਕੇਸਾਂ ਦੀ ਚਲਾਨਾਂ ਦੀ ਗਿਣਤੀ**

1966	1	—
1967	9	6
1968	4	—
1969	5	1
1970	16	6

ਸਾਲ ਜਿਹੜੀ ਸਜ਼ਾ ਦਿਤੀ

1966	ਨਿਲ
1967	ਕੁਲ 9 ਕੇਸਾਂ ਵਿਚੋਂ 1 ਕੇਸ ਕੋਰਟ ਦੁਆਰਾ ਛਡਿਆ ਗਿਆ ਅਤੇ 5 ਕੇਸਾਂ ਵਿਚ 20 ਰੁਪਏ ਪ੍ਰਤੀ ਕੇਸ ਜੁਰਮਾਨਾ ਹੋਇਆ ।
1968	ਨਿਲ
1969	ਕੁਲ 5 ਕੇਸਾਂ ਵਿਚੋਂ 1 ਕੇਸ ਦਾ ਨਿਪਟਾਰਾ ਹੋਇਆ ਅਤੇ 30 ਰੁਪਏ ਜੁਰਮਾਨਾ ਹੋਇਆ ।
1970	ਕੁਲ 16 ਕੇਸਾਂ ਵਿਚੋਂ 5 ਕੇਸਾਂ ਦਾ ਨਿਪਟਾਰਾ ਹੋਇਆ । ਇਨ੍ਹਾਂ ਕੇਸਾਂ ਵਿਚ 20, 25, 30, 60, 100 ਅਤੇ 200 ਰੁਪਏ ਪ੍ਰਤੀ ਕੇਸ ਜੁਰਮਾਨਾ ਹੋਇਆ ।

ਨਿਯਮ 73 ਅਧੀਨ ਧਿਆਨ ਦਿਵਾਉ ਮਤਿਆਂ ਦੇ ਸਰਕਾਰੀ ਉੱਤਰ
(ਕ੍ਰਮ ਨੰ: 133)

ਸਾਥੀ ਰਪ ਲਾਲ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ ਕਿ ਐਸ. ਡੀ. ਓ. ਮੋਗਾ ਅਤੇ ਉਸ ਦੇ ਕਲਰਕ ਅਬਿਨਾਸ਼ ਚੰਦਰ ਨੇ ਛੱਬੀ ਹਜ਼ਾਰ ਰੁਪਏ ਦਾ ਸਰਕਾਰ ਦੇ ਖ਼ਜ਼ਾਨੇ ਵਿਚੋਂ ਗਬਨ ਕਰ ਲਿਆ । ਜਦੋਂ ਛੇ ਮਹੀਨੇ

ਪਿਛੋਂ ਇਸ ਗੱਲ ਦਾ ਪਤਾ ਲਗਾ ਤਾਂ ਐਸ. ਡੀ. ਓ. ਸੂਰਤ ਸਿੰਘ ਗਰੇਵਾਲ ਅਤੇ ਅਬਿਨਾਸ਼ ਚੰਦਰ ਨੇ ਤਿੰਨ ਵਾਰ ਕਰਕੇ ਰੁਪਿਆ ਜਮ੍ਹਾ ਕਰਵਾ ਦਿਤਾ। ਇਸ ਗੱਲ ਦੀ ਸ਼ਿਕਾਇਤ ਮੈਂ ਸਰਕਾਰ ਨੂੰ ਕੀਤੀ ਪਰ ਕੋਈ ਐਕਸ਼ਨ ਨਾ ਲਿਆ ਗਿਆ। ਫਿਰ ਸਿਟੀ ਪੁਲਿਸ ਮੋਗਾ ਵਿਚ ਰਪਟ ਦਰਜ ਕਰਵਾਈ ਕਿ ਐਸ. ਡੀ. ਓ. ਮੋਗਾ ਅਤੇ ਕਲਰਕ ਉਤੇ ਪਰਚਾ ਦਰਜ ਕੀਤਾ ਜਾਵੇ ਪਰ ਕੋਈ ਐਕਸ਼ਨ ਨਾ ਹੋਇਆ ਸਰਕਾਰ ਦੇ ਰੁਪਏ ਦੀ ਸ਼ਰੇਆਮ ਹੇਰਾ ਫ਼ੇਰੀ ਹੋਈ। ਸਰਕਾਰ ਨੇ ਸਿਰਫ ਐਸ. ਡੀ. ਓ. ਨੂੰ ਬਚਾਉਣ ਲਈ ਕੋਈ ਕਾਰਵਾਈ ਨਹੀਂ ਕੀਤੀ। ਇਸ ਨਾਲ ਲੋਕਾਂ ਵਿਚ ਬੇਚੈਨੀ ਹੈ। ਚੀਫ ਮਨਿਸਟਰ ਸਾਹਿਬ ਹਾਊਸ ਵਿਚ ਬਿਆਨ ਦੇਣ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਇਹ ਧਿਆਨ ਦਿਵਾਊ ਨੋਟਿਸ ਮੁਕੱਦਮਾ ਨੰ: 236 ਮਿਤੀ 20. 11. 70 ਅਧੀਨ ਧਾਰਾ 409/420/467 ਆਈ.ਪੀ.ਸੀ. ਥਾਣਾ ਸਿਟੀ ਮੋਗਾ ਨਾਲ ਸੰਬੰਧ ਰਖਦਾ ਹੈ ਜੋ ਕਿ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੀ ਲਿਖਤ ਤੇ ਦਰਜ ਹੋਇਆ। ਤਫ਼ਤੀਸ਼ ਤੋਂ ਪਾਇਆ ਗਿਆ ਹੈ ਕਿ ਅਬਿਨਾਸ਼ ਚੰਦਰ ਗੋਇਲ, ਬਿਲ ਕਲਰਕ, ਦਫ਼ਤਰ ਐਸ.ਡੀ.ਓ. (ਸਿਵਲ) ਮੋਗਾ ਨੇ ਬੋਗਸ ਬਿਲ ਤਿਆਰ ਕਰਕੇ ਸ੍ਰੀ ਸੂਰਤ ਸਿੰਘ ਐਸ. ਡੀ. ਓ. (ਸਿਵਲ) ਮੋਗਾ ਦੇ ਦਸਖਤ ਕਰਾਕੇ ਸਰਕਾਰੀ ਖਜ਼ਾਨੇ ਵਿਚੋਂ ਪਾਸ ਕਰਾਏ ਤੇ ਫਿਰ ਐਸ. ਡੀ. ਓ. (ਸਿਵਲ) ਮੋਗਾ ਨੇ ਰਕਮ ਵਸੂਲ ਕਰਨੀ ਲਿਖੀ ਅਤੇ ਅਬਿਨਾਸ਼ ਚੰਦਰ ਕਲਰਕ ਨੂੰ ਬੈਂਕ ਵਿਚੋਂ ਬੋਗਸ ਬਿਲ ਦੀ ਰਕਮ ਹਾਸਲ ਕਰਨ ਦੀ ਅਥਾਰਟੀ ਦਿਤੀ ਜਿਸ ਤੇ ਬਿਲ ਕਲਰਕ ਰਕਮ ਹਾਸਲ ਕਰਦਾ ਰਿਹਾ। ਅਬਿਨਾਸ਼ ਚੰਦਰ ਨੇ ਇਸ ਤਰ੍ਹਾਂ 10 ਵਖੋ ਵਖ ਬਿਲਾਂ ਰਾਹੀਂ 1969 ਅਤੇ 1970 ਵਿਚ ਸਰਕਾਰੀ ਖ਼ਜ਼ਾਨੇ ਵਿਚੋਂ 25388 ਰੁ: ਕਢਵਾਏ ਅਤੇ ਇਹ ਰਕਮ ਨਾ ਤਾਂ ਕਿਸੇ ਨੂੰ ਤਕਸੀਮ ਕੀਤੀ ਤੇ ਨਾ ਹੀ ਕਿਸੇ ਕੈਸ਼ ਰਜਿਸਟਰ ਵਿਚ ਕੋਈ ਇੰਦਰਾਜ਼ ਕੀਤਾ। ਇਹ ਗੱਲ ਮਹੀਨਾ ਜੁਲਾਈ, 1970 ਵਿਚ ਨੋਟਿਸ ਵਿਚ ਆਈ। ਫਿਰ ਇਹ ਸਾਰੀ ਰਕਮ ਅਬਿਨਾਸ਼ ਚੰਦਰ ਕਲਰਕ ਨੇ ਫਾਰਮ ਚਲਾਨ ਐਸ. ਡੀ. ਓ. (ਸਿਵਲ) ਮੋਗਾ ਵਲੋਂ ਬਣਾਕੇ ਖ਼ਜ਼ਾਨੇ ਵਿਚ ਦਾਖਲ ਕਰਾ ਦਿਤੀ ਉਕਤ ਮੁਕੱਦਮਾ ਜੇਰ ਤਫ਼ਤੀਸ਼ ਹੈ।

ਇਹ ਗਲ ਠੀਕ ਹੈ ਕਿ ਸਾਥੀ ਸਾਹਿਬ ਨੇ ਦਰਖ਼ਾਸਤ ਦਿਤੀ ਅਤੇ ਥਾਣੇ ਵਿਚ ਰਿਪੋਰਟ ਲਿਖਵਾਈ ਸੀ ਜਿਸ ਦੀ ਪੜਤਾਲ ਪਿਛੋਂ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਨੇ ਉਕਤ ਮੁਕੱਦਮਾ ਦਰਜ ਕਰਨ ਦਾ ਹੁਕਮ ਦਿਤਾ। ਲੋਕਾਂ ਵਿਚ ਕਿਸੇ ਕਿਸਮ ਦੀ ਬੇਚੈਨੀ ਨਹੀਂ ਜਿਵੇਂ ਕਿ ਧਿਆਨ ਦਿਵਾਊ ਨੋਟਿਸ ਵਿਚ ਕਿਹਾ ਗਿਆ ਹੈ।

(ਕ੍ਰਮ ਨੰ: 137)

ਚੌਧਰੀ ਕੇਵਲ ਕ੍ਰਿਸ਼ਨ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, 21 ਜਨਵਰੀ ਦੀ ਰਾਤ ਨੂੰ ਕਾਰ ਵਿਚ ਸਵਾਰ ਡਾਕੂਆਂ ਦੀ ਇਕ ਟੋਲੀ ਨੇ ਮੀਰਥੱਲ, ਮੁਕੇਰੀਆਂ, ਦਸੂਹਾ ਅਤੇ ਟਾਂਡਾ ਦੇ ਪਟਰੋਲ ਪੰਪਾਂ ਤੇ ਡਾਕੇ ਮਾਰੇ। ਪਟਰੋਲ ਪੰਪਾਂ ਦੇ ਮਾਲਕਾਂ ਅਤੇ ਕਰਮਚਾਰੀਆਂ ਨੇ ਤੁਰੰਤ ਆਪਣੇ ਵਲੋਂ ਪੁਲਸ ਦੇ ਅਫ਼ਸਰਾਂ ਨੂੰ ਇਸ ਦੀ ਸੂਚਨਾ ਦਿਤੀ। ਇਹ ਸਾਰੇ ਪਟਰੋਲ ਪੰਪ ਜੀ. ਟੀ. ਰੋਡ ਤੇ ਹਨ ਅਤੇ ਥਾਣੇ ਵੀ ਜੀ. ਟੀ. ਰੋਡ ਦੇ ਨੇੜੇ-ਤੇੜੇ ਹਨ ਪਰ ਪੁਲਸ ਦੀ ਲਾਪਰਵਾਹੀ, ਨਾਲਾਇਕੀ ਅਤੇ ਸੁਸਤੀ ਅਤੇ ਆਪਣੇ ਕਰਤੱਵ ਦੀ ਤੁਰੰਤ ਪਾਲਨਾ ਨਾ ਕਰਨ ਕਾਰਨ ਇਹ ਸਭ ਕੁਝ ਹੋਇਆ। ਜੇ ਕਰ ਪੁਲਸ ਥਾਣਿਆਂ ਵਿਚ ਲਗੇ ਟੈਲੀਫੋਨ ਹੀ ਇਸਤੇਮਾਲ ਕਰਦੀ ਜਾਂ ਕਿਸੀ ਜੀਪ ਜਾਂ ਜੀ. ਟੀ. ਰੋਡ ਤੇ ਦਿਨ ਰਾਤ ਚਲਣ ਵਾਲੇ ਟਰੱਕਾਂ ਤੇ ਡਾਕੂਆਂ ਦਾ ਪਿਛਾ ਕੀਤਾ ਜਾਂਦਾ ਤਾਂ ਡਾਕੂ ਪਕੜੇ ਜਾਣੇ ਸਨ ਅਤੇ ਹੋਰਨਾਂ ਜਗਾਂ ਤੇ ਪਏ ਡਾਕੇ ਰੁਕ ਜਾਂਦੇ। ਪੁਲਿਸ ਦੀ ਇਸ

ਲਾਪਰਵਾਹੀ ਨਾਲ ਲੋਕ ਆਪਣੇ ਆਪ ਨੂੰ ਗੈਰ-ਮਹਿਫੂਜ਼ ਅਤੇ ਖਤਰੇ ਵਿਚ ਸਮਝਦੇ ਹਨ। ਸਰਕਾਰ ਪੁਲਸ ਦੇ ਅਜਿਹੇ ਵਰਤਾਵ ਦੇ ਸੰਬੰਧ ਵਿਚ ਸਦਨ ਵਿਚ ਬਿਆਨ ਦੇ ਕੇ ਆਪਣੀ ਨੀਤੀ ਸਪਸ਼ਟ ਕਰੇ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਮਿਤੀ 19/20-1-71 ਦੀ ਦਰਮਿਆਨੀ ਰਾਤ ਨੂੰ ਕਰੀਬ 2 ਵਜੇ ਮੁਕੇਰੀਆਂ ਦੇ ਪਟਰੌਲ ਪੰਪ ਤੇ ਚਾਰ ਵਿਅਕਤੀਆਂ ਨੇ ਜਿਹੜੇ ਕਿ ਕਾਰ ਵਿਚ ਸਨ, ਛਾਪਾ ਮਾਰਿਆ ਅਤੇ 300 ਰੁਪਏ ਨਕਦ, ਇਕ ਘੜੀ ਅਤੇ ਇਕ ਕੰਬਲ ਲੈ ਕੇ ਉਸੇ ਕਾਰ ਵਿਚ ਦੌੜ ਗਏ। ਇਸ ਸੰਬੰਧ ਵਿਚ ਥਾਣਾ ਮੁਕੇਰੀਆਂ ਵਿਚ ਅਧੀਨ ਧਾਰਾ 382 ਆਈ. ਪੀ. ਸੀ. ਉਸੇ ਰਾਤ 3-05 ਵਜੇ ਮੁਕਦਮਾ ਦਰਜ ਕੀਤਾ ਗਿਆ ਅਤੇ ਟਾਂਡਾ, ਸਦਰ ਜਲੰਧਰ, ਦਸੂਹਾ ਅਤੇ ਕਰਤਾਰਪੁਰ ਦੇ ਥਾਣਿਆਂ ਨੂੰ ਟੈਲੀਫੂਨ ਰਾਹੀਂ ਇਸ ਵਾਕੇ ਦੀ ਇਤਲਾਹ ਦੇਣ ਲਈ ਅਤੇ ਦੋਸ਼ੀਆਂ ਨੂੰ ਫੜਨ ਲਈ ਫੌਰਨ ਕਾਲਾਂ ਬੁਕ ਕੀਤੀਆਂ ਗਈਆਂ ਪਰ ਥਾਣਾ ਦਸੂਹਾ ਦਾ ਟੈਲੀਫੋਨ ਖਰਾਬ ਨਿਕਲਿਆ ਅਤੇ ਕਰਤਾਰ ਪੁਰ, ਟਾਂਡਾ ਤੇ ਸਦਰ ਜਲੰਧਰ ਦੇ ਥਾਣਿਆਂ ਵਾਸਤੇ ਕਾਲਾਂ ਨਹੀਂ ਮਿਲ ਸਕੀਆਂ। ਉਸੇ ਸਮੇਂ ਆਵਾਜਾਈ ਲਈ ਕੋਈ ਬੱਸ ਜਾਂ ਟਰੱਕ ਮੌਜੂਦ ਨਹੀਂ ਸੀ ਅਤੇ ਨਾ ਹੀ ਥਾਣੇ ਵਿਚ ਕੋਈ ਜੀਪ ਸੀ ਜਿਸ ਤੇ ਪੁਲਿਸ ਦੋਸ਼ੀਆਂ ਦਾ ਪਿਛਾ ਕਰ ਸਕਦੀ।

2. ਉਸੇ ਰਾਤ ਕਰੀਬ ਦੋ ਵਜੇ ਦਸੂਹੇ ਦੇ ਪਟਰੌਲ ਪੰਪ ਤੇ ਵੀ ਪੰਜਾਂ ਦੋਸ਼ੀਆਂ ਨੇ ਛਾਪਾ ਮਾਰਿਆ ਅਤੇ 200 ਰੁਪਏ ਨਕਦ, 14 ਮੋਬਿਲਆਇਲ ਦੇ ਛੋਟੇ ਡੱਬੇ, ਇਕ ਮਫਲਰ ਅਤੇ ਇਕ ਕੰਬਲ ਲੈ ਕੇ ਦੌੜ ਗਏ। ਇਸ ਬਾਰੇ ਪੁਲਿਸ ਨੂੰ 5 ਵਜੇ ਰਾਤ ਇਤਲਾਹ ਮਿਲੀ ਅਤੇ ਥਾਣਾ ਦਸੂਹਾ ਵਿਚ ਅ: ਧ: 382 ਆਈ. ਪੀ. ਸੀ. ਮੁਕੱਦਮਾ ਦਰਜ ਕੀਤਾ ਗਿਆ।

3. ਟਾਂਡੇ ਦੇ ਪਟਰੋਲ ਪਪ ਤੇ ਕੋਈ ਚੀਜ਼ ਚੋਰੀ ਨਹੀਂ ਕੀਤੀ ਗਈ ਹੈ ਜਿਵੇਂ ਕਿ ਧਿਆਨ ਦਿਵਾਊ ਨੋਟਿਸ ਵਿਚ ਕਿਹਾ ਗਿਆ ਹੈ।

4. ਉਸੇ ਰਾਤ ਨੂੰ ਇਕ ਵਾਕਿਆ ਪਟਰੋਲ ਪੰਪ ਜੋ ਕਿ ਪਿੰਡ ਗਵਾਲ ਪਿੰਡ ਜਲੰਧਰ-ਪਠਾਨਕੋਟ ਸੜਕ ਉਤੇ ਮੀਰਥਲ ਰੇਲਵੇ ਸਟੇਸ਼ਨ ਦੇ ਨੇੜੇ ਵਾਕਿਆ ਹੈ ਤੇ ਹੋਇਆ। ਪਟਰੌਲ ਪੰਪ ਦਾ ਸੇਲਜ਼ਮੈਨ ਦੇਸ ਰਾਜ, ਚੌਕੀਦਾਰ ਅਰਜਨ ਸਿੰਘ ਤੇ ਡਰਾਇਵਰ ਖੁਸ਼ਹਾਲ ਚੰਦ ਪਟਰੌਲ ਪੰਪ ਦੇ ਕਮਰੇ ਅੰਦਰ ਸੁਤੇ ਹੋਏ ਸਨ। ਕਰੀਬ 1-30 ਵਜੇ ਰਾਤ ਕਿਸੇ ਅਨਜਾਣੇ ਆਦਮੀ ਨੇ ਪਟਰੌਲ ਪੰਪ ਦੇ ਦਰਵਾਜ਼ੇ ਤੇ ਦਸਤਕ ਦਿੱਤੀ ਜਿਸ ਤੇ ਸ਼੍ਰੀ ਅਰਜਨ ਸਿੰਘ ਚੌਕੀਦਾਰ ਨੇ ਦਰਵਾਜ਼ਾ ਖੋਲ੍ਹਿਆ ਤੇ ਦੇਖਿਆ ਕਿ ਇਕ ਆਦਮੀ ਆਪਣੀ ਕਾਰ ਵਾਸਤੇ ਪਟਰੌਲ ਲੈਣ ਵਾਸਤੇ ਖੜਾ ਹੈ। ਚੌਕੀਦਾਰ ਨੇ ਉਸ ਦੇ ਕਹਿਣ ਤੇ 20 ਲੀਟਰ ਪਟਰੌਲ ਕਾਰ ਵਿਚ ਪਾ ਦਿੱਤਾ ਅਤੇ ਪਟਰੌਲ ਦੀ ਕੀਮਤ ਵਜੋਂ 24 ਰੁਪਏ ਮੰਗੇ। ਇਸ ਤੇ ਕਾਰ ਵਿਚ ਬੈਠੇ ਚਾਰ ਬੰਦਿਆਂ ਵਿਚੋਂ ਇਕ ਨੇ 100 ਰੁਪਏ ਦਾ ਕਰੰਸੀ ਨੋਟ ਦਿਖਾਇਆ ਅਤੇ ਬਕਾਇਆ ਮੰਗਿਆ। ਜਦੋਂ ਸ਼੍ਰੀ ਦੇਸ ਰਾਜ ਸੇਲਜ਼ਮੈਨ ਸੇਫ ਵਿਚੋਂ ਬਕਾਇਆ ਵਾਪਸ ਕਰਨ ਵਾਸਤੇ ਨੋਟ ਕੱਢ ਰਿਹਾ ਸੀ ਤਾਂ ਇਕ ਦੋਸ਼ੀ ਨੇ ਉਸ ਨੂੰ ਝਪਟਾ ਮਾਰਿਆ ਅਤੇ ਬਾਕੀ ਤਿੰਨਾਂ ਨੇ 150 ਰੁਪਏ, ਇਕ ਘੜੀ (ਟਾਇਟਸ), ਇਕ ਜਰਸੀ, 5 ਡੱਬੇ ਮੋਬਲੈਲ (ਕੀਮਤ 95 ਰੁਪਏ), ਦੋ ਫੈਨ ਬੈਲਟ, ਇਕ ਟਾਰਚ ਅਤੇ ਇਕ ਟੋਪੀ ਚੁਕ ਲਈ ਅਤੇ ਬਿਜਲੀ ਬੁਝਾ ਕੇ ਸਾਰੇ ਦੋਸ਼ੀ ਪਟਰੌਲ ਪੰਪ ਦੇ ਕਰਮਚਾਰੀਆਂ ਨੂੰ ਕਮਰੇ ਅੰਦਰ ਬੰਦ ਕਰਕੇ ਦੌੜ ਗਏ। ਕੁਝ ਸਮੇਂ ਬਾਅਦ ਪਟਰੌਲ ਪੰਪ ਦਾ ਦਰਵਾਜ਼ਾ ਮਜ਼ਦੂਰਾਂ ਨੇ ਖੋਲ੍ਹਿਆ ਤੇ ਦੇਸ ਰਾਜ ਤੇ ਉਸ ਦੇ ਸਾਥੀਆਂ ਨੂੰ ਬਾਹਰ ਕੱਢਿਆ। ਇਸ ਤੋਂ ਉਪਰੰਤ ਸ਼੍ਰੀ ਦੇਸ ਰਾਜ ਨੇ

ਥਾਣਾ ਸਦਰ ਪਠਾਨਕੋਟ ਜਾ ਕੇ ਰਿਪੋਰਟ ਦਰਜ ਕਰਾਈ । ਜਿਸ ਤੇ ਮੁਕੱਦਮਾ ਨੰ: 8 ਮਿਤੀ 20-1-71 ਅ: ਧ: 382 ਆਈ. ਪੀ. ਸੀ. ਥਾਣਾ ਸਦਰ ਪਠਾਨਕੋਟ ਦਰਜ ਕੀਤਾ ਗਿਆ ।

5. ਇਨ੍ਹਾਂ ਸਾਰੇ ਵਾਕਿਆਤ ਤੋਂ ਇਹ ਸਪਸ਼ਟ ਹੈ ਕਿ ਪੁਲਿਸ ਨੂੰ ਜਿਸ ਸਮੇਂ ਇਨ੍ਹਾਂ ਵਾਕਿਆਤ ਬਾਰੇ ਰਿਪੋਰਟ ਮਿਲੀ ਉਨ੍ਹਾਂ ਨੇ ਇਸ ਸੰਬੰਧ ਵਿਚ ਹਰ ਮੁਮਕਿਨ ਕਾਰਵਾਈ ਕੀਤੀ ਪਰ ਉਸ ਸਮੇਂ ਟੈਲੀਫੋਨ ਕੁਨੈਕਸ਼ਨ ਨਾਂ ਮਿਲਣ ਕਰਕੇ ਅਤੇ ਸਵਾਰੀ ਦਾ ਕੋਈ ਪ੍ਰਬੰਧ ਨਾ ਹੋਣ ਕਰਕੇ ਦੋਸ਼ੀਆਂ ਦਾ ਪਿਛਾ ਕਰਨਾ ਅਸੰਭਵ ਹੋ ਗਿਆ । ਇਸ ਸੰਬੰਧ ਵਿਚ ਪੁਲਸ ਵਲੋਂ ਕਿਸੇ ਕਿਸਮ ਦੀ ਕੁਤਾਈ ਨਹੀਂ ਹੋਈ ਹੈ । ਜੋ ਕੋਈ ਦੇਰੀ ਹੋਈ ਹੈ ਉਹ ਜਾਂ ਤਾਂ ਰਿਪੋਰਟ ਪੁਜਣ ਵਿਚ ਹੋਈ ਹੈ ਜਾਂ ਪੁਲਿਸ ਕੋਲ ਕੋਈ ਆਵਾਜਾਈ ਦਾ ਸਾਧਨ ਨਾ ਹੋਣ ਕਰਕੇ । ਲੋਕ ਆਪਣੇ ਆਪ ਨੂੰ ਕਿਸੇ ਕਿਸਮ ਦਾ ਗੈਰ-ਮਹਿਫੂਜ਼ ਅਤੇ ਖਤਰੇ ਵਿਚ ਸਮਝਦੇ ਹਨ । ਦੋਸ਼ੀਆਂ ਨੂੰ ਪਕੜਨ ਲਈ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾ ਰਹੀ ਹੈ ।

(ਕ੍ਰਮ ਨੰ: 139)

ਕਾਮਰੇਡ ਕਲਵੰਤ ਸਿੰਘ
ਕਾਮਰੇਡ ਸੱਤ ਪਾਲ ਡਾਂਗ } : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ ਜ਼ਿਲ੍ਹਾ ਜਲੰਧਰ ਵਿਚ ਆਦਮਪੁਰ ਹਵਾਈ ਅਡੇ ਵਿਚ ਪਿੰਡ ਹਰੀਪੁਰ, ਕੰਕਲਾ, ਖੁਰਦਪੁਰ, ਡਰੋਲੀ, ਕਠਾਰ ਮਾਣਕੋ ਵਗੈਰਾ ਦੀ ਤਕਰੀਬਨ 5000 ਏਕੜ ਜ਼ਮੀਨ ਆਈ ਹੋਈ ਹੈ ਤੇ ਤਕਰੀਬਨ 15 ਸਾਲ ਹੋ ਚੁਕੇ ਹਨ ਅਜ ਤਕ ਨਾ ਮੁਆਵਜ਼ਾ ਦਿਤਾ ਗਿਆ ਹੈ ਨਾ ਹੀ ਸਾਲਾਨਾ ਹਾਲਾ ਦਿਤਾ ਜਾ ਰਿਹਾ ਹੈ । ਇਸ ਦੇ ਉਲਟ ਸਰਕਾਰੀ ਮਾਮਲਾ ਵੀ ਜ਼ਮੀਨ ਦੇ ਮਾਲਕ ਦੇ ਰਹੇ ਹਨ ਜਿਸ ਕਰਕੇ ਸਰਕਾਰ ਨੂੰ ਹਾਊਸ ਵਿਚ ਬਿਆਨ ਦੇਣ ਲਈ ਕਿਹਾ ਜਾਵੇ ਤਾਕਿ ਲੋਕਾਂ ਦੀ ਬੇਚੈਨੀ ਦੂਰ ਕੀਤੀ ਜਾਵੇ ।

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਵਾਈ ਅੱਡਾ ਆਦਮਪੁਰ ਅਤੇ ਹਰੀਪੁਰ ਰਾਇਫ਼ਲ ਰੇਂਜ ਲਈ ਜੋ ਰਕਬਾ ਅਧਿਪ੍ਰਾਪਤ ਕੀਤਾ ਹੋਇਆ ਹੈ ਉਸ ਦੀ ਸਕੀਮ ਬਾਰੇ ਸੂਚੀ ਨਾਲ ਸ਼ਾਮਲ ਕਰ ਦਿਤੀ ਗਈ ਹੈ ਜਿਸ ਤੋਂ ਇਹ ਪਰਤੱਖ ਹੁੰਦਾ ਹੈ ਕਿ ਆਦਮਪੁਰ ਅਤੇ ਹਰੀਪੁਰ ਰਾਈਫਲ ਰੇਂਜ ਲਈ 5000 ਏਕੜ ਭੋਂ ਅਧਿਪ੍ਰਾਪਤ ਨਹੀਂ ਸਗੋਂ 2524 ਏਕੜ ਪ੍ਰਾਪਤ ਕੀਤੀ ਹੈ । ਜਿਸ ਵਿਚੋਂ 1325 ਏਕੜ ਭੋਂ ਆਦਮਪੁਰ ਹਵਾਈ ਅੱਡਾ ਲਈ ਅਧਿਪ੍ਰਾਪਤ ਕੀਤੀ ਗਈ ਸੀ ਉਹ ਪ੍ਰਾਪਤ ਕਰ ਲਿਤੀ ਗਈ ਹੈ ਅਤੇ ਇਸ ਦਾ ਪੂਰਾ ਤੇ ਅੰਤਮ ਮੁਆਵਜ਼ਾ 31-3-1971 ਤਕ ਦੇ ਦਿਤਾ ਜਾਵੇਗਾ । 1192 ਏਕੜ ਰਕਬਾ ਆਉਂਦੇ ਸਾਲ 1971-72 ਵਿਚ ਪ੍ਰਾਪਤ ਹੋ ਕੇ ਮਾਲਕਾਂ ਨੂੰ ਮੁਆਵਜ਼ਾ ਦੇ ਦਿਤਾ ਜਾਵੇਗਾ ਜਿਸ ਤੋਂ ਬਾਅਦ 7 ਏਕੜ ਰਕਬਾ ਬਾਕੀ ਅਧਿਪ੍ਰਾਪਤ ਰਹਿ ਜਾਵੇਗਾ ਕਿਉਂਕਿ ਇਸ ਦੀ ਪਰਬੰਧਕੀ ਮੰਨਜ਼ੂਰੀ ਅਜੇ ਤਕ ਨਹੀਂ ਪਹੁੰਚੀ । ਇਸ ਸਕੀਮ ਦਾ ਹਵਾਲਾ ਨਾਲ ਨੱਥੀ ਸੂਚੀ ਦੇ ਲੜੀ ਨੰ: 11 ਤੇ ਹੈ ।

2. ਜਿਥੋਂ ਤਕ ਹਾਲਾ ਦਾ ਵਾਸਤਾ ਹੈ ਨਾਲ ਨੱਥੀ ਸੂਚੀ ਦੀਂ ਲੜੀ ਨੰ: 1 ਤੋਂ 9 ਤਕ ਮਾਲਕਾਂ ਨੂੰ ਮਿਤੀ 15-6-1970 ਤਕ ਦਿਤਾ ਜਾ ਚੁਕਾ ਹੈ । ਆਰ. ਏ. ਆਈ. ਪੀ. ਰੂਲਜ਼, 1953 ਦੀ ਧਾਰਾ 9 ਦੀ ਸਬ ਧਾਰਾ 2 ਦੇ ਅਨੁਸਾਰ ਵਾਹੀਯੋਗ ਅਧਿਪ੍ਰਾਪਤ ਕੀਤੀ ਭੋਂ ਦਾ ਲਗਾਨ (ਹਾਲਾ) ਸਾਲਾਨਾ ਦਿਤਾ ਜਾਣਾ ਹੈ ਜਿਹੜਾ ਕਿ ਅਗੇਤਰਾ ਹੋਵੇ । ਸਕੀਮ ਜਿਸ ਦਾ ਹਵਾਲਾ ਸੂਚੀ ਦੀ ਲੜੀ ਨੰ: 10 ਵਿਚ ਦਿਤਾ ਗਿਆ ਹੈ ਉਸ ਭੋਂ ਬਾਰੇ ਮਾਲਕਾਂ ਨੂੰ 80% ਲਗਾਨ ਮਿਤੀ 15-6-1970 ਤਕ ਭੀ ਦਿਤਾ ਜਾ ਚੁਕਾ ਹੈ ਬਾਕੀ 20% ਭੀ ਮਿਲਟਰੀ ਇਸਟੇਟਸ ਅਫਸਰ ਜਲੰਧਰ ਸਰਕਲ ਵਲੋਂ ਮੁਆਵਜ਼ਾ ਦੇਣ ਬਾਰੇ ਰਿਪੋਰਟ ਆਉਣ ਤੇ ਦੇ ਦਿਤਾ ਜਾਵੇਗਾ । 20% ਮੁਆਵਜ਼ਾ (ਹਾਲਾ) ਮਿਲਟਰੀ ਇਸਟੇਟਸ

ਅਫਸਰ ਦੀ ਰਿਪੋਰਟ ਅਨੁਸਾਰ ਅਧਿਪ੍ਰਾਪਤ ਭੋਂ ਉਤੇ ਮਾਲਕਾਂ ਦੇ ਨਜ਼ਾਇਜ਼ ਕਬਜ਼ਾ ਹੋਣ ਦੇ ਕਾਰਨ ਰੋਕੀ ਹੋਈ ਹੈ ।

ਲੜੀ ਨੰ:	ਸਕੀਮ ਦਾ ਨਾਂ	ਰਕਬਾ ਏਕੜਾਂ ਵਿਚ	ਪਿੰਡ ਦਾ ਨਾਂ ਜੋ ਕਿ ਸਕੀਮ ਵਿਚ ਹਨ	ਜਿਸ ਸਾਲ ਰੈਕੋਜਿਸ਼ਨ ਕੀਤੀ ਗਈ	ਲਗਾਨ ਦੀ ਅਦਾਇਗੀ	ਮੌਜੂਦਾ ਹਾਲਤ
1.	ਬਲਾਟਸ ਪੈਨਸ਼ ਹਵਾਈ ਅੱਡਾ ਆਦਮਪੁਰ	1035 ਏਕੜ	ਕੋਠਾਰ, ਮਸਾਣਿਆਂ, ਦਿਆਨਤਪੁਰ ਅਤੇ ਚੋਖਿਆਰਾ ਡਰੋਲੀ ਕਲਾਂ, ਡਮੋਡਾ, ਕਠੋਂਡਲਾ ਅਤੇ ਮਾਨਕੋ	1966	ਰਬੀ ਲਗਾਨ 1970 ਤਕ	ਅਸੈਸਮੈਂਟ ਮੁਆਵਜ਼ਾ ਆਰਜ਼ੀ ਸੈਂਟਰਲ ਗੌਰਮਿੰਟ ਨੂੰ ਮੰਜੂਰੀ ਲਈ ਭੇਜੀ ਗਈ ਹੈ ਅਤੇ ਮੰਜੂਰੀ ਦਾ ਇੰਤਜਾਰ ਹੈ।
2.	ਡਬਲ ਸਕਉਰਿਟੀ ਫੇਸਿੰਗ ਸਿਵਲ ਪਾਕੇਟ, ਹਵਾਈ ਅੱਡਾ ਆਦਮਪੁਰ	282 ਏਕੜ	ਮਾਨਕੋ, ਫਤੇਹਪੁਰ ਚੋਮੇ, ਕਦੋਲਾ ਅਤੇ ਖੁਰਦਪੁਰ	1967	ਉਪਰੋਕਤ	ਫਾਰਮ 'ਜੇ' ਛਪ ਚੁਕੇ ਹਨ ਅਤੇ ਅਸੈਸਮੈਂਟ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਮਾਲੀ ਮੁਆਵਜ਼ੇ ਦੀ ਅਦਾਇਗੀ ਇਸ ਸਾਲ ਦੇ ਅੰਦਰ ਅੰਦਰ ਕੀਤੀ ਜਾਵੇਗੀ।
3.	ਡਬਲ ਸਕਉਰਟੀ ਫੇਸਿੰਗ ਹਵਾਈ ਅੱਡਾ ਆਦਮਪੁਰ	8	ਕਦੋਲਾ, ਡਮੁਡਾ ਅਤੇ ਡਰੋਲੀ ਕਲਾਂ	1967	ਉਪਰੋਕਤ	ਫਾਰਮ 'ਜੇ' ਗਜ਼ਟ ਵਿਚ ਛਪ ਚੁਕੇ ਹਨ ਇਸ ਸਾਲ ਅਸੈਸਮੈਂਟ ਰਿਪੋਰਟ ਤਿਆਰ ਕਰਕੇ ਮੁਆਵਜ਼ੇ ਦੀ ਅਦਾਇਗੀ ਇਸ ਮਾਲੀ ਸਾਲ ਦੇ ਅੰਦਰ ਅੰਦਰ ਕੀਤੀ ਜਾਵੇਗੀ ।
4.	ਟ੍ਰਵਲਮੈਨ ਹੈਂਗਰ ਹਵਾਈ ਅੱਡਾ ਆਦਮਪੁਰ	16	ਕਦੋਲਾ	1964	ਉਪਰੋਕਤ	ਡੀਫੈਂਸ ਵਿਭਾਗ ਵਲੋਂ ਐਡਮਨਿਸ-ਟਰੇਸ਼ਨ ਮੰਜੂਰੀ ਭੋਂ

ਲੜੀ ਨੰ:	ਸਕੀਮ ਦਾ ਨਾਂ	ਰਕਬਾ ਏਕੜਾਂ ਵਿਚ	ਪਿੰਡ ਦਾ ਨਾਂ ਜੋ ਕਿ ਸਕੀਮ ਵਿਚ ਹਨ	ਜਿਸ ਸਾਲ ਰੈਕੇਜਿਸ਼ਨ ਕੀਤੀ ਗਈ	ਲਗਾਨ ਦੀ ਅਦਾਇਗੀ	ਮੌਜੂਦਾ ਹਾਲਤ
						ਪ੍ਰਾਪਤੀ ਆ ਚੁਕੀ ਹੈ ਅਤੇ ਭੋਂ ਪ੍ਰਾਪਤੀ ਦੀ ਕਾਰਵਾਈ ਸੰਨ 1971-72 ਵਿਚ ਪੂਰੀ ਹੋ ਚੁਕੀ ਹੈ ।
5.	17 ਸਿੰਗਲ ਕਵਾਟਰ ਹਵਾਈ ਅੱਡਾ ਆਦਮਪੁਰ	1	ਚੋਮੇ	1965	ਉਪਰੋਕਤ	ਉਪਰੋਕਤ
6.	ਅਪਰੋਚ ਰੋਡ ਟੂ ਏਅਰ ਫੀਲਡ ਆਦਮਪੁਰ	4	ਕਦੋਲਾ, ਚੋਮੇ ਅਤੇ ਮਾਨਕੋ	1964	ਉਪਰੋਕਤ	ਉਪਰੋਕਤ
7.	ਅਡੀਸ਼ਨਲ ਏਅਰ ਕਰਾਫਟ ਹਵਾਈ ਅੱਡਾ ਆਦਮਪੁਰ	12	ਕਦੋਲਾ ਅਤੇ ਚੋਮੇ	1965	ਉਪਰੋਕਤ	ਉਪਰੋਕਤ
8.	33 ਕੇ. ਵੀ. ਅਲੈਕਟ੍ਰਿਕ ਹਾਊਸ	1	ਖੁਰਦਪੁਰ	1966	ਉਪਰੋਕਤ	ਉਪਰੋਕਤ
9.	ਬੰਬਡਮਪ ਵਗੈਰਾ ਨੰ: 1 ਅਤੇ 2					
	(ੳ) ਸੰਬਡਮਪ ਨੰ: 1	19	ਕਢਿਆਣਾ	1967	ਉਪਰੋਕਤ	ਉਪਰੋਕਤ
	(ਅ) ਸੰਬਡਮਪ ਨੰ: 2	18	ਚੋਮੇ	1967	ਉਪਰੋਕਤ	ਉਪਰੋਕਤ
	(ੲ) ਅਪਰੋਚ ਰੋਡ ਬੰਬਡਮਪ ਨੰ: 1	4	ਖੁਰਦਪੁਰ,ਕਢਿਆਣਾ	1967	ਉਪਰੋਕਤ	ਉਪਰੋਕਤ
	(ਸ) ਅਪਰੋਚ ਰੋਡ ਟੂ ਬੰਬਡਮਪ ਨੰ: 2	6	ਚੋਮੇ	1969-70	ਉਪਰੋਕਤ	ਉਪਰੋਕਤ
	(ਹ) ਡਰੇਨ ਬੰਬਡਮਪ ਨੰ: 1	3	ਕਢਿਆਣਾ	1971	ਉਪਰੋਕਤ	ਲਗਾਨ ਦੀ ਫ਼ਸਲ ਅਜੇ ਵਾਜਬ (due) ਨਹੀਂ ।

ਲੜੀ ਨ:	ਸਕੀਮ ਦਾ ਨਾਂ	ਰਕਬਾ ਏਕੜਾਂ ਵਿਚ	ਪਿੰਡ ਦਾ ਨਾਂ ਜੋ ਕਿ ਸਕੀਮ ਵਿਚ ਹਨ	ਜਿਸ ਸਾਲ ਰੈਕੋਜਿਸ਼ਨ ਕੀਤੀ ਗਈ	ਲਗਾਨ ਦੀ ਅਦਾਇਗੀ	ਮੌਜੂਦਾ ਹਾਲਤ
10.	ਹਰੀਪੁਰ ਰਾਇਫ਼ਲ ਰੇਂਜਿਜ	1108	ਹਰੀਪੁਰ, ਡਢੋਰ, ਡਰੋਲੀ ਖੁਰਦ, ਡਮੁੰਡਾ ਖਿਚੀਪੁਰ, ਜੰਡੂਸਿੰਘਾ		ਲਗਾਨ ਰਬੀ 1970 80%	
			ਕਪੂਰ ਪਿੰਡ ਅਤੇ ਨਰੰਗਪੁਰ	1964	ਬਕਾਇਆ 20 % ਝਗੜੇ ਵਾਲਾ ਹੈ ਜਿਸ ਬਾਰੇ ਮਿਲਟਰੀ ਵਾਲਿਆਂ ਨਾਲ ਲਿਖਤ ਪੜਤ ਕੀਤੀ ਜਾ ਰਹੀ ਹੈ।	ਤੋਂ ਪ੍ਰਾਪਤੀ ਦੀ 681 ਏਕੜ ਦੀ ਮੰਜ਼ੂਰੀ ਆ ਚੁਕੀ ਹੈ ਅਤੇ ਬਾਕੀ ਰਕਬਾ ਡੀ-ਰੈਕੋਜੀਸ਼ਨ ਕਰਨ ਦੇ ਬਾਰੇ ਕਾਰਵਾਈ ਕੀਤੀ ਜਾ ਰਹੀ ਹੈ।
11.	ਮਾਰਕਟ ਬੀਕਣ ਆਦਮਪੁਰ	7	ਖੁਰਦਪੁਰ, ਨਾਜਕਾ, ਕਢਿਆਣਾ	1970	15-6-1971 ਨੂੰ ਵਾਜਬ ਹੋਵੇਗਾ।	ਕੇਂਦਰੀ ਸਰਕਾਰ ਪਾਸੋਂ ਪ੍ਰਾਪਤੀ (acquire) ਕਰਨ ਦੀ ਅਜੇ ਤਕ ਮਨਜ਼ੂਰੀ ਨਹੀਂ ਆਈ।

ਸਹੀ/—
ਵਾਸਤੇ ਡਿਪਟੀ ਕਮਿਸ਼ਨਰ ਜਲੰਧਰ

(ਕ੍ਰਮ ਨੰ: 143)

ਸਰਦਾਰ ਲਛਮਣ ਸਿੰਘ : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਣਗੇ, ਅਰਥਾਤ, ਪੰਜਾਬ ਰੋਡਵੇਜ਼ ਦੇ ਅੱਡਿਆਂ ਤੇ ਕੋਈ ਪਿਸ਼ਾਬਗਾਹ ਜਾਂ ਟੱਟੀ ਕਰਨ ਲਈ ਕੋਈ ਪ੍ਰਬੰਧ ਨਹੀਂ ਹੈ, ਜਿਵੇਂ ਕਿ ਫਾਜ਼ਿਲਕਾ, ਜਲਾਲਾਬਾਦ, ਫਿਰੋਜ਼ਪੁਰ, ਤਲਵੰਡੀ, ਮੋਗਾ, ਜਗਰਾਉਂ, ਲੁਧਿਆਣਾ ਅਤੇ ਹੋਰ ਜੋ ਵੀ ਅੱਡੇ ਹਨ ਕਿਸੇ ਕਿਸੇ ਤੇ ਕੋਈ ਇਕ ਅੱਧੀ ਟੱਟੀ ਕਰਨ ਦੀ ਜਗ੍ਹਾ ਬਣਾਈ ਹੋਈ ਹੈ। ਜਿਥੇ ਸੈਂਕੜੇ ਮੁਸਾਫ਼ਰ ਸਫ਼ਰ ਕਰਦੇ ਹਨ ਉਨ੍ਹਾਂ ਲਈ ਇਹ ਨਾ ਮੁਨਾਸਿਬ ਹੈ। ਇਸ ਵਾਸਤੇ ਸਰਕਾਰ ਦੇ ਵਿਚਾਰ ਵਿਚ ਕੋਈ ਅਜਿਹੀ ਸਕੀਮ ਹੈ ਜੇ ਨਹੀਂ ਤਾਂ ਕੀ ਕਾਰਨ ਹਨ। ਸੰਬੰਧਤ ਮੰਤਰੀ ਸਦਨ ਵਿਚ ਬਿਆਨ ਦੇਣ।

Sardar Parkash Singh Badal : The provisions for latrines and toilet facilities etc. separately for both sexes already exists at most of the Bus Stands. Similar facilities in adequate measure shall be provided at other Bus Stands which are under construction or where construction shall be undertaken. later. It may be added that Government have already authorised incurring of expenditure departmentally upto Rs. 10,000/— for each Bus Stand on provision of toilet facilities, where-ever such facilities do not exist.

Regarding Jagraon Bus Stand General Manager, Punjab Roadways Ludhiana has already been asked to provide such facilities at the earliest.

[ਬਹੁਤ ਸਾਰੇ ਬੱਸ ਸਟੈਂਡਾਂ ਤੇ ਮੁਸਾਫ਼ਰਾਂ ਦੀ ਸਹੂਲਤ ਹਿਤ ਜ਼ਨਾਨਾ ਅਤੇ ਮਰਦਾਨਾ ਟੱਟੀਆਂ ਪਿਸ਼ਾਬਗਾਹ ਆਦਿ ਦਾ ਅੱਡ ਅੱਡ ਪ੍ਰਬੰਧ ਪਹਿਲਾਂ ਹੀ ਕੀਤਾ ਹੋਇਆ ਹੈ। ਦੂਜੇ ਉਸਾਰੀ ਅਧੀਨ ਬੱਸ ਸਟੈਂਡਾਂ ਜਾਂ ਜਿਨ੍ਹਾਂ ਥਾਵਾਂ ਤੇ ਬਾਅਦ ਵਿਚ ਬੱਸ ਸਟੈਂਡ ਬਣਾਉਣ ਦਾ ਵਿਚਾਰ ਹੈ, ਤੇ ਅਜਿਹੀਆਂ ਯੋਗ ਸਹੂਲਤਾਂ ਦਾ ਵੀ ਪ੍ਰਬੰਧ ਕੀਤਾ ਜਾਵੇਗਾ। ਇਥੇ ਇਹ ਲਿਖਣ ਯੋਗ ਹੈ ਕਿ ਇਸ ਸੰਬੰਧ ਵਿਚ ਸਰਕਾਰ ਨੇ 10,000/- ਰੁਪਏ ਪ੍ਰਤੀ ਬੱਸ ਸਟੈਂਡ ਦੇ ਦਰ ਨਾਲ ਮਹਿਕਮਾਨਾ ਤੌਰ ਤੇ ਟੱਟੀਆਂ, ਪਿਸ਼ਾਬਗਾਹ ਆਦਿ ਦੇ ਪ੍ਰਬੰਧ ਲਈ ਮਨਜ਼ੂਰੀ ਦਿਤੀ ਹੋਈ ਹੈ।

ਜਨਰਲ ਮੈਨੇਜਰ, ਪੰਜਾਬ ਰੋਡਵੇਜ਼, ਲੁਧਿਆਣਾ ਨੂੰ ਜਗਰਾਉਂ ਬੱਸ ਸਟੈਂਡ ਵਿਅਹੀਆਂ ਜਿਖੇ ਸਹੂਲਤਾਂ ਦਾ ਪ੍ਰਬੰਧ ਕਰਨ ਲਈ ਪਹਿਲਾਂ ਹੀ ਲਿਖ ਦਿਤਾ ਗਿਆ ਹੈ।]

(Serial No. 144)

1. Comrade Babu Singh Master
2. Comrade Kulwant Singh } to draw the attention of the Government towards an urgent matter of public importance, namely the failure of the Government in bettering the sanitation, roads, light management etc. of the area in the Municipal Committee, Rampura Phul

Secondly the Government has not given any grant to the Commilttee for the benefit of the public. This has created a great resentment and frustration in the public.

The Government may please be asked to make a statement in the House.

Sardar Parkash Singh Badal: A sum of Rs. 20,000/- was given as grant-in-aid to the Municipal Committee, Rampura Phul during the year 1969-70 for providing civic amenities i. e. improvement of sanitation, repair of roads and street light arrangements etc. It is upto the Municipal Committee concerned to utilise the funds for the purpose these are granted.

The details of the loans granted to the Municipal Committee, Rampura Phul on different occasions are given below—

(i) Rs. 2,00,000/ L. I. C. Loans in January, 19[illegible]4 for water supply scheme.

(ii) Rs. 1,50,000/- Government Loans in September, 1967 for water supply scheme

(iii) Rs. 2,00,000/- L. I. C. Loans in January, 1969 for water supply scheme.

(iv) Rs. 40,000/- Government Loan for water supply scheme, in March, 1969

(v) Rs. 1,00,000/- Government Loan in the year 1969-70 for water supply scheme and sewerage.

All the above Loans were given to the Committee for providing amenities to the public.

————

Published under the authority of the Punjab Vidhan Sabha.
Printed by : Ess Tee Printers, Jullundur City.